ਆਤਮ ਮਾਰਗ ਪਬਲੀਕੇਸ਼ਨ

# ਸੇਵਾ ਸਿਮਰਨ ਜੁਗਤੀਆਂ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ

ਗੁਰਦੁਆਰਾ ਈਸ਼ਰ ਪ੍ਰਕਾਸ ਰਤਵਾੜਾ ਸਾਹਿਬ ਨੇੜੇ ਚੰਡੀਗੜ੍ਹ, ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਅੱਜ ਦੇ ਸਮੇਂ ਦੇ ਅੰਦਰ ਉਨ੍ਹਾਂ ਦੇ ਜੀਵਨ ਸਾਥੀ ਪਰਮ ਪੂਜਯ ਸਤਿਕਾਰਯੋਗ ਬੀਜੀ ਸੇਵਾ ਸਿਮਰਨ ਦਾ ਕੁੰਭ ਚਲ ਰਿਹਾ ਹੈ, ਲਗਾਤਾਰ ਗੁਰਬਾਣੀ ਦੇ ਅਖੰਡ ਜਾਪ ਹੋ ਰਹੇ ਹਨ, ਕਾਰਸੇਵਾ ਰਾਹੀਂ ਸਕੂਲਾਂ, ਕਾਲਜਾਂ, ਹਸਪਤਾਲਾਂ, ਸਰੋਵਰਾਂ ਦੀ ਉਸਾਰੀ ਹੋ ਰਹੀ ਹੈ। ਪ੍ਰਤੱਖ ਨੂੰ ਪ੍ਰਮਾਣ ਦੇਣ ਦੀ ਲੋੜ ਨਹੀਂ ਹੈ, ਸਤਿਕਾਰਯੋਗ ਬੀਜੀ ਮਹਾਂਪੁਰਸ਼ਾਂ ਦੀ ਸਰੀਰਕ ਗੈਰਹਾਜ਼ਰੀ ਦੇ ਵਿਚ ਸੰਗਤਾਂ ਨੂੰ ਆਪਣਾ ਆਸ਼ੀਰਵਾਦ ਬਖਸ਼ਿਸ਼ ਕਰ ਰਹੇ ਹਨ। ਸਮੇਂ -ਸਮੇਂ ਸੰਸਾਰ ਸੁਪ੍ਰਸਿੱਧ ਨਾਮਵਰ ਹਸਤੀਆਂ, ਸਤਿਕਾਰਯੋਗ ਬੀਜੀ ਤੋਂ ਆਸ਼ੀਰਵਾਦ ਪ੍ਰਾਪਤ ਕਰਕੇ ਆਪਣੇ-ਆਪਣੇ ਆਪ ਨੂੰ ਵਡਭਾਗੀ ਬਣਾ ਰਹੀਆਂ ਹਨ, ਸਮੇਂ-ਸਮੇਂ ਦੇਸ਼ ਦੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੇ ਪਰਿਵਾਰਕ ਮੈਂਬਰ ਮਹਾਂਪੁਰਸ਼ਾਂ ਦੀ ਆਸ਼ੀਰਵਾਦ ਪ੍ਰਾਪਤ ਕਰਦੇ ਰਹੇ ਹਨ। ਹੁਣ ਵੀ ਉਚੇਚੇ ਤੌਰ ਦੇ ਉਪਰ ਉਨ੍ਹਾਂ ਦੀ ਧਰਮ ਸੁਪਤਨੀ ਬੀਬੀ ਗੁਰਸ਼ਰਨ ਕੌਰ ਸਤਿਕਾਰਯੋਗ ਬੀਜੀ ਤੋਂ ਆਸ਼ੀਰਵਾਦ ਪ੍ਰਾਪਤ ਕਰਕੇ ਗਏ ਹਨ। ਪ੍ਰਤੱਖ ਨੂੰ ਪ੍ਰਮਾਣ ਦੇਣ ਦੀ ਕੋਈ ਲੋੜ ਨਹੀਂ ਹੋਇਆ ਕਰਦੀ। ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਮਹਾਨ ਦੀ ਕਰਮ ਭੂਮੀ ਉਪਰ ਸੇਵਾ ਤੇ ਸਿਮਰਨ ਦਾ ਕੁੰਭ ਲੱਗਿਆ ਹੋਇਆ ਹੈ, ਗੁਰਬਾਣੀ ਦੇ ਪ੍ਰਚਾਰ ਹਿਤ ਅਜੋਕੇ ਸਮੇਂ ਦੇ ਅੰਦਰ ਮੀਡੀਏ ਦੀ ਪੂਰੀ-ਪੂਰੀ ਵਰਤੋਂ ਕੀਤੀ ਜਾ ਰਹੀ ਹੈ। ਸਤਿਕਾਰਯੋਗ ਬੀਜੀ ਨੇ ਵਿਸਾਖੀ 1995 ਨੂੰ ਆਪਣੇ ਹਸਤ ਕਮਲਾਂ ਦੁਆਰਾ ਆਤਮ ਮਾਰਗ ਰੂਹਾਨੀ ਮੈਗਜ਼ੀਨ ਰੀਲੀਜ਼ ਕੀਤਾ ਸੀ। ਥੋੜ੍ਹੇ ਸਮੇਂ ਦੇ ਵਿਚ ਹੀ ਹਿੰਦੀ, ਅੰਗਰੇਜ਼ੀ ਦੇ ਵਿਚ ਛਪਣਾ ਸ਼ੁਰੂ ਹੋਇਆ, ਜਿਸਦੇ ਹਜ਼ਾਰਾਂ ਹੀ ਲਾਈਫ ਮੈਂਬਰ ਬਣੇ, ਹੋਰ ਅਨੇਕਾਂ ਹੀ ਪੁਸਤਕਾਂ ਜਗਿਆਸੂਆਂ ਦੀ ਜਗਿਆਸਾ ਪੂਰੀ ਕਰ ਰਹੀਆਂ ਹਨ। ਰਤਵਾੜਾ ਸਾਹਿਬ ਟਰੱਸਟ ਨਾਲ ਸਬੰਧਤ ਅਨੇਕਾਂ ਹੀ ਸਕੂਲ ਕਾਲਜ ਜਿਥੇ ਦੁਨਿਆਵੀ ਵਿਦਿਆ ਦੇ ਰਹੇ ਹਨ ਉਥੇ ਨਾਲ ਹੀ ਰੂਹਾਨੀਅਤ ਦੀ ਸੇਧ ਦੇ ਕੇ ਬੱਚਿਆਂ ਦੇ ਉਜਵਲ ਭਵਿੱਖ ਬਣਾ ਰਹੇ ਹਨ। ਸਤਿਕਾਰਯੋਗ ਬੀਜੀ ਨੇ ਪੌਣੀ ਸਦੀ ਮਹਾਂਪੁਰਸ਼ਾਂ ਦਾ ਸਾਥ ਨਿਭਾਇਆ ਹੈ। ਆਪ ਜੀ ਦੇ ਸਤਿਕਾਰਯੋਗ ਸੱਚਖੰਡਵਾਸੀ ਪਿਤਾ ਸ੍ਰੀ ਮਾਨ ਸੰਤ ਹੀਰਾ ਸਿੰਘ ਜੀ ਦਾਉਦਪੁਰ ਵਾਲਿਆਂ ਦਾ ਜੀਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਰੰਗਲੇ ਸੱਜਣ ਵਿਚ ਅੰਕਿਤ ਕੀਤਾ ਹੈ। ਆਪ ਜੀ ਨੂੰ ਰੂਹਾਨੀਅਤ ਦੀ ਸੇਧ ਵਿਰਾਸਤ ਵਿਚ ਪਰਿਵਾਰ ਤੋਂ ਪ੍ਰਾਪਤ ਹੋਈ ਹੈ। ਹੁਣ ਵੀ ਆਪ ਜੀ ਐਨੀ ਲੰਮੇਰੀ ਉਮਰ ਦੇ ਵਿਚ ਰਤਵਾੜਾ ਸਾਹਿਬ ਸਤਿਸੰਗ ਸਮਾਗਮਾਂ ਉਪਰ ਹਰ ਐਤਵਾਰ, ਪੂਰਨਮਾਸ਼ੀ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ ਹਨ। ਹਰ ਪੂਰਨਮਾਸ਼ੀ ਨੂੰ ਰਤਵਾੜਾ ਸਾਹਿਬ ਖੰਡੇ ਬਾਟੇ ਦੇ ਅੰਮ੍ਰਿਤ ਤਿਆਰ ਕੀਤੇ ਜਾਂਦੇ ਹਨ। ਸੰਗਤਾਂ ਮਹਾਂਪੁਰਸ਼ਾਂ ਦੇ ਪਿਆਰ ਵਿਚ ਗੁਰੂ ਦਰਬਾਰ ਦੀਆਂ ਹਾਜ਼ਰੀਆਂ ਭਰ ਕੇ ਖੁਸ਼ੀਆਂ ਪ੍ਰਾਪਤ ਕਰ ਰਹੀਆਂ ਹਨ। ਅੱਜ ਰਤਵਾੜਾ ਸਾਹਿਬ ਦੀ ਕਰਮ ਭੂਮੀ ਉਪਰ ਅਨੇਕਾਂ ਹੀ ਪਰਉਪਕਾਰ ਦੇ ਕਾਰਜ ਹੋ ਰਹੇ ਹਨ। ਮਹਾਨ ਪਵਿੱਤਰ ਪਾਵਨ ਸਰੋਵਰ ਦੀ ਕਾਰਸੇਵਾ ਸਤਿਕਾਰਯੋਗ ਬੀਜੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਈ ਗਈ ਹੈ। ਹਸਪਤਾਲ ਦੀ ਸੇਵਾ ਚਲਦੀ ਹੈ, ਹੋਰ ਵੀ ਅਨੇਕਾਂ ਹੀ ਪਰਉਪਕਾਰੀ ਕਾਰਜ ਹੋ ਰਹੇ ਹਨ, ਥੋੜ੍ਹੇ ਸਮੇਂ ਦੇ ਵਿਚ ਰਤਵਾੜਾ ਸਾਹਿਬ ਯੂਨੀਵਰਸਿਟੀ ਬਣਨ ਜਾ ਰਹੀ ਹੈ, ਗੁਰਬਾਣੀ ਦੇ ਪ੍ਰਚਾਰ ਹਿਤ ਆਤਮ ਮਾਰਗ ਚੈਨਲ ਦੀ ਸ਼ੁਰੂਆਤ ਕੀਤੀ ਗਈ ਹੈ। ਟਾਈਮ ਟੀਵੀ ਚੈਨਲ ਉਪਰ ਹਰ ਰੋਜ਼ ਮਹਾਂਪੁਰਸ਼ਾਂ ਦੇ ਪ੍ਰਵਚਨ ਸ਼ਾਮ ਦੇ ਛੇ ਵਜੇ ਰਿਲੇਅ ਕੀਤੇ ਜਾ ਰਹੇ ਹਨ। ਸਾਰੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਵਲੋਂ ਜੋ ਪਰਉਪਕਾਰੀ ਕਾਰਜ ਸਤਿਕਾਰਯੋਗ ਬੀਜੀ ਦੀ ਰਹਿਨੁਮਾਈ ਹੇਠ ਹੋ ਰਹੇ ਹਨ ਇਨ੍ਹਾਂ ਪਰਉਪਕਾਰੀ ਕਾਰਜਾਂ ਤੋਂ ਵੱਧ ਤੋਂ ਵੱਧ ਲਾਹਾ ਪ੍ਰਾਪਤ ਕੀਤਾ ਜਾ ਸਕੇ। ਅੰਤਰਰਾਸ਼ਟਰੀ ਪ੍ਰਸਿੱਧੀ ਵਾਲਾ ਸਾਲਾਨਾ ਸਮਾਗਮ ਹਰ ਸਾਲ ਹੀ ਪਰਮ ਪੂਜਯ ਬੀਜੀ ਦੇ ਆਸ਼ੀਰਵਾਦ ਨਾਲ 28 ਤੋਂ 31 ਅਕਤੂਬਰ ਤੱਕ ਰਤਵਾੜਾ ਸਾਹਿਬ ਮਨਾਇਆ ਜਾਂਦਾ ਹੈ। 31 ਅਕਤੂਬਰ 2001 ਨੂੰ ਮਹਾਂਪੁਰਸ਼ਾਂ ਨੇ ਆਪਣੇ ਪੰਜ ਭੂਤਕ ਸਰੀਰਕ ਚੌਲੇ ਦਾ ਪ੍ਰਤਿਆਗ ਕੀਤਾ ਸੀ। ਇਸ ਕਰਕੇ ਸਮਾਗਮ ਨੂੰ ਬਰਸੀ ਸਮਾਗਮ ਦੇ ਰੂਪ ਵਿਚ ਦੇਸਾਂ, ਵਿਦੇਸ਼ਾਂ ਤੋਂ ਸੰਗਤਾਂ ਆ ਕੇ ਮਨਾਉਂਦੀਆਂ ਹਨ। ਸਾਰੀਆਂ ਸੰਗਤਾਂ ਦੀ ਅਰਦਾਸ ਹੈ ਕਿ ਸਤਿਕਾਰਯੋਗ ਬੀਜੀ ਨੂੰ ਪ੍ਰਮਾਤਮਾ ਦੇਹਅਰੋਗਤਾ, ਲੰਮੀ ਉਮਰ ਦੀ ਬਖਸ਼ਿਸ਼ ਕਰਨ ਤਾਂ ਜੋ ਆਉਣ ਵਾਲੇ ਸਮੇਂ ਦੇ ਵਿਚ ਵੀ ਸੰਗਤਾਂ ਉਨ੍ਹਾਂ ਦੀ ਆਸ਼ੀਰਵਾਦ ਪ੍ਰਾਪਤ ਕਰਕੇ ਨਾਮਬਾਣੀ ਨਾਲ ਜੁੜਦੀਆਂ ਰਹਿਣ।

# ਤਤਕਰਾ


| ਲੜੀ ਨੰ. | ਸਿਰਲੇਖ | ਪੰਨਾ ਨੰ. |
|---|---|---|
| 1. | ਜੀਵਨ-ਮਨੋਰਥ | 4 |
| 2. | ਸ੍ਰੀ ਗੁਰੂ ਨਾਨਕ ਦੇਵ ਜੀ | 24 |
| 3. | ਜੈਸਾ ਸੰਗ ਤੈਸਾ ਰੰਗ | 45 |
| 4. | ਅਮਰ ਸ਼ਹੀਦ | 67 |
| 5. | ਅਬ ਮੈ ਅਪਨੀ ਕਥਾ ਬਖਾਨੋ | 80 |
| 6. | ਤਿਨਿ ਤਿਆਗੀ ਮਾਇਆ.. | 97 |
| 7. | ਸੰਸਾ ਇਹੁ ਸੰਸਾਰੁ ਹੈ | 117 |
| 8. | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 135 |
| 9. | ਵਿਸਾਖੀ | 159 |
| 10. | ਗੁਰ ਕੀ ਪ੍ਰਤੀਤ | 217 |
| 11. | ਗੁਰੂ ਅਰਜਨ ਦੇਵ ਜੀ | 232 |
| 12. | ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ | 248 |
| 13. | ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ | 261 |
| 14. | ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ | 278 |
| 15. | ਕੁੰਜੀ ਗੁਰ ਸਉਪਾਈ | 296 |
| 16. | ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ | 317 |
| 17. | ਦੋਸ ਕਰੰਮਾ ਆਪਣਿਆ | 340 |
| 18 | ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ | 359 |
| 19. | ਮਾਨੁਖ ਤਨ ਦਾ ਪ੍ਰਯੋਜਨ (ਤਿੰਨ ਭਾਗ) | 382 |

# ਦੋ ਸ਼ਬਦ

ਧੰਨ ਧੰਨ ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਜੀ ਦੁਆਰਾ ਸਥਾਪਿਤ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਅੱਜ ਦੇ ਸਮੇਂ ਦੇ ਅੰਦਰ ਚੇਅਰਪਰਸਨ ਪਰਮ ਪੂਜਯ ਸਤਿਕਾਰਯੋਗ ਬੀਜੀ ਸੇਵਾ ਸਿਮਰਨ ਦਾ ਕੁੰਭ ਚਲਾ ਰਹੇ ਹਨ, ਲਗਾਤਾਰ ਗੁਰਬਾਣੀ ਦੇ ਅਖੰਡ ਜਾਪ ਹੋ ਰਹੇ ਹਨ, ਕਾਰਸੇਵਾ ਰਾਹੀਂ ਸਕੂਲਾਂ, ਕਾਲਜਾਂ, ਹਸਪਤਾਲਾਂ, ਸਰੋਵਰਾਂ ਦੀ ਉਸਾਰੀ ਹੋ ਰਹੀ ਹੈ। ਪ੍ਰਤੱਖ ਨੂੰ ਪ੍ਰਮਾਣ ਦੇਣ ਦੀ ਲੋੜ ਨਹੀਂ ਹੈ, ਸਤਿਕਾਰਯੋਗ ਬੀਜੀ ਮਹਾਂਪੁਰਸ਼ਾਂ ਦੀ ਸਰੀਰਕ ਗੈਰਹਾਜ਼ਰੀ ਦੇ ਵਿਚ ਸੰਗਤਾਂ ਨੂੰ ਆਪਣਾ ਆਸ਼ੀਰਵਾਦ ਬਖਸ਼ਿਸ਼ ਕਰ ਰਹੇ ਹਨ। ਸਮੇਂ -ਸਮੇਂ ਸੰਸਾਰ ਸੁਪ੍ਰਸਿੱਧ ਨਾਮਵਰ ਹਸਤੀਆਂ, ਸਤਿਕਾਰਯੋਗ ਬੀਜੀ ਤੋਂ ਆਸ਼ੀਰਵਾਦ ਪ੍ਰਾਪਤ ਕਰਕੇ ਆਪਣੇ-ਆਪਣੇ ਆਪ ਨੂੰ ਵਡਭਾਗੀ ਬਣਾ ਰਹੀਆਂ ਹਨ, ਸਮੇਂ-ਸਮੇਂ ਦੇਸ਼ ਦੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੇ ਪਰਿਵਾਰਕ ਮੈਂਬਰ ਮਹਾਂਪੁਰਸ਼ਾਂ ਦੀ ਆਸ਼ੀਰਵਾਦ ਪ੍ਰਾਪਤ ਕਰਦੇ ਰਹੇ ਹਨ। ਹੁਣ ਵੀ ਉਚੇਚੇ ਤੌਰ ਦੇ ਉਪਰ ਉਨ੍ਹਾਂ ਦੀ ਧਰਮ ਸੁਪਤਨੀ ਬੀਬੀ ਗੁਰਸ਼ਰਨ ਕੌਰ ਸਤਿਕਾਰਯੋਗ ਬੀਜੀ ਤੋਂ ਆਸ਼ੀਰਵਾਦ ਪ੍ਰਾਪਤ ਕਰਕੇ ਗਏ ਹਨ। ਪ੍ਰਤੱਖ ਨੂੰ ਪ੍ਰਮਾਣ ਦੇਣ ਦੀ ਕੋਈ ਲੋੜ ਨਹੀਂ ਹੋਇਆ ਕਰਦੀ। ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਮਹਾਨ ਕਰਮ ਭੂਮੀ ਉਪਰ ਸੇਵਾ ਤੇ ਸਿਮਰਨ ਦਾ ਕੁੰਭ ਲੱਗਿਆ ਹੋਇਆ ਹੈ, ਗੁਰਬਾਣੀ ਦੇ ਪ੍ਰਚਾਰ ਹਿਤ ਅਜੋਕੇ ਸਮੇਂ ਦੇ ਅੰਦਰ ਮੀਡੀਏ ਦੀ ਪੂਰੀ-ਪੂਰੀ ਵਰਤੋਂ ਕੀਤੀ ਜਾ ਰਹੀ ਹੈ। ਸਤਿਕਾਰਯੋਗ ਬੀਜੀ ਨੇ ਵਿਸਾਖੀ 1995 ਨੂੰ ਆਪਣੇ ਹਸਤ ਕਮਲਾਂ ਦੁਆਰਾ, 'ਆਤਮ ਮਾਰਗ' ਰੂਹਾਨੀ ਮੈਗਜ਼ੀਨ ਰੀਲੀਜ਼ ਕੀਤਾ ਸੀ। ਥੋੜ੍ਹੇ ਸਮੇਂ ਦੇ ਵਿਚ ਹੀ ਹਿੰਦੀ, ਅੰਗਰੇਜ਼ੀ ਦੇ ਵਿਚ ਛਪਣਾ ਸ਼ੁਰੂ ਹੋਇਆ, ਜਿਸਦੇ ਹਜ਼ਾਰਾਂ ਹੀ ਲਾਈਫ ਮੈਂਬਰ ਬਣੇ, ਹੋਰ ਅਨੇਕਾਂ ਹੀ ਪੁਸਤਕਾਂ ਜਗਿਆਸੂਆਂ ਦੀ ਜਗਿਆਸਾ ਪੂਰੀ ਕਰ ਰਹੀਆਂ ਹਨ। ਰਤਵਾੜਾ ਸਾਹਿਬ ਟਰੱਸਟ ਨਾਲ ਸਬੰਧਤ ਅਨੇਕਾਂ ਹੀ ਸਕੂਲ ਕਾਲਜ ਜਿਥੇ ਦੁਨਿਆਵੀ ਵਿਦਿਆ ਦੇ ਰਹੇ ਹਨ ਉਥੇ ਨਾਲ ਹੀ ਰੂਹਾਨੀਅਤ ਦੀ ਸੇਧ ਦੇ ਕੇ ਬੱਚਿਆਂ ਦੇ ਉਜਵਲ ਭਵਿੱਖ ਬਣਾ ਰਹੇ ਹਨ। ਸਤਿਕਾਰਯੋਗ ਬੀਜੀ ਨੇ ਪੌਣੀ ਸਦੀ ਮਹਾਂਪੁਰਸ਼ਾਂ ਦਾ ਸਾਥ ਨਿਭਾਇਆ ਹੈ। ਆਪ ਜੀ ਦੇ ਸਤਿਕਾਰਯੋਗ ਸੱਚਖੰਡਵਾਸੀ ਪਿਤਾ ਸ੍ਰੀ ਮਾਨ ਸੰਤ ਹੀਰਾ ਸਿੰਘ ਜੀ ਦਾਉਦਪੁਰ ਵਾਲਿਆਂ ਦਾ ਜੀਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਰੰਗਲੇ ਸੱਜਣ ਵਿਚ ਅੰਕਿਤ ਕੀਤਾ ਹੈ। ਆਪ ਜੀ ਨੂੰ ਰੂਹਾਨੀਅਤ ਦੀ ਸੇਧ ਵਿਰਾਸਤ ਵਿਚ ਪਰਿਵਾਰ ਤੋਂ ਪ੍ਰਾਪਤ ਹੋਈ ਹੈ। ਹੁਣ ਵੀ ਆਪ ਜੀ ਐਨੀ ਲੰਮੇਰੀ ਉਮਰ ਦੇ ਵਿਚ ਰਤਵਾੜਾ ਸਾਹਿਬ ਸਤਿਸੰਗ ਸਮਾਗਮਾਂ ਉਪਰ ਹਰ ਐਤਵਾਰ, ਪੂਰਨਮਾਸ਼ੀ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ ਹਨ। ਹਰ ਪੂਰਨਮਾਸ਼ੀ ਨੂੰ ਰਤਵਾੜਾ ਸਾਹਿਬ ਖੰਡੇ ਬਾਟੇ ਦੇ ਅੰਮ੍ਰਿਤ ਤਿਆਰ ਕੀਤੇ ਜਾਂਦੇ ਹਨ। ਸੰਗਤਾਂ ਮਹਾਂਪੁਰਸ਼ਾਂ ਦੇ ਪਿਆਰ ਵਿਚ ਗੁਰੂ ਦਰਬਾਰ ਦੀਆਂ ਹਾਜ਼ਰੀਆਂ ਭਰ ਕੇ ਖੁਸ਼ੀਆਂ ਪ੍ਰਾਪਤ ਕਰ ਰਹੀਆਂ ਹਨ। ਅੱਜ ਰਤਵਾੜਾ ਸਾਹਿਬ ਦੀ ਕਰਮ ਭੂਮੀ ਉਪਰ ਅਨੇਕਾਂ ਹੀ ਪਰਉਪਕਾਰ ਦੇ ਕਾਰਜ ਹੋ ਰਹੇ ਹਨ। ਮਹਾਨ ਪਵਿੱਤਰ ਪਾਵਨ ਸਰੋਵਰ ਦੀ ਕਾਰਸੇਵਾ ਸਤਿਕਾਰਯੋਗ ਬੀਜੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਈ ਗਈ ਹੈ।

ਟਰੱਸਟ ਰਤਵਾੜਾ ਸਾਹਿਬ ਵਲੋਂ ਕੁਦਰਤੀ ਆਫਤਾਂ ਸਮੇਂ ਕੀਤੀ ਬੇਮਿਸਾਲ ਸੇਵਾ ਆਪਣੀ ਮਿਸਾਲ ਆਪ ਹੈ। ਹੁਣ ਵੀ ਜਦੋਂ ਤਾਮਿਲਨਾਡੂ ਵਿਚ ਦਸੰਬਰ 2004 ਨੂੰ ਸੁਨਾਮੀ ਲਹਿਰਾਂ ਨੇ ਨੁਕਸਾਨ ਕੀਤਾ ਤਾਂ ਪਰਮ ਪੂਜਯ ਬੀਜੀ ਦੀ ਆਸ਼ੀਰਵਾਦ ਨਾਲ ਪੰਜਾਬ ਤੋਂ ਅਨੇਕਾਂ ਹੀ ਵਲੰਟੀਅਰਾਂ ਨੇ ਰਾਹਤ ਸਮੱਗਰੀ ਦੇ ਟਰੱਕ ਲਿਜਾ ਕੇ ਮਹਾਨ ਸੇਵਾ ਕੀਤੀ ਹੈ। ਭੁਚਾਲ, ਹੜ੍ਹਾਂ ਵਿਚ ਸਤਿਕਾਰਯੋਗ ਬੀਜੀ ਦੀ ਪ੍ਰੇਰਨਾ ਨਾਲ ਕਸ਼ਮੀਰ ਅਤੇ ਦੱਖਣੀ ਭਾਰਤ ਵਿਚ ਸੇਵਾ ਕੀਤੀ ਗਈ।

ਹੋਰ ਵੀ ਅਨੇਕਾਂ ਹੀ ਪਰਉਪਕਾਰੀ ਕਾਰਜ ਹੋ ਰਹੇ ਹਨ, ਥੋੜ੍ਹੇ ਸਮੇਂ ਦੇ ਵਿਚ ਰਤਵਾੜਾ ਸਾਹਿਬ ਯੂਨੀਵਰਸਿਟੀ ਬਣਨ ਜਾ ਰਹੀ ਹੈ, ਗੁਰਬਾਣੀ ਦੇ ਪ੍ਰਚਾਰ ਹਿਤ ਆਤਮ ਮਾਰਗ ਚੈਨਲ ਦੀ ਸ਼ੁਰੂਆਤ ਕੀਤੀ ਗਈ ਹੈ। ਟਾਈਮ ਟੀਵੀ ਚੈਨਲ ਉਪਰ ਹਰ ਰੋਜ਼ ਮਹਾਂਪੁਰਸ਼ਾਂ ਦੇ ਪ੍ਰਵਚਨ ਸ਼ਾਮ ਦੇ 6.15 ਤੋਂ 6.45 ਵਜੇ ਰਿਲੇਅ ਕੀਤੇ ਜਾ ਰਹੇ ਹਨ। ਸਾਰੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਵਲੋਂ ਜੋ ਪਰਉਪਕਾਰੀ ਕਾਰਜ ਸਤਿਕਾਰਯੋਗ ਬੀਜੀ ਦੀ ਰਹਿਨੁਮਾਈ ਹੇਠ ਹੋ ਰਹੇ ਹਨ ਇਨ੍ਹਾਂ ਪਰਉਪਕਾਰੀ ਕਾਰਜਾਂ ਤੋਂ ਵੱਧ ਤੋਂ ਵੱਧ ਲਾਹਾ ਪ੍ਰਾਪਤ ਕਰਨ ਦੀ ਖੇਚਲ ਕਰੋ ਜੀ। ਅੰਤਰਰਾਸ਼ਟਰੀ ਪ੍ਰਸਿੱਧੀ ਵਾਲਾ ਸਾਲਾਨਾ ਸਮਾਗਮ ਹਰ ਸਾਲ ਹੀ ਪਰਮ ਪੂਜਯ ਬੀਜੀ ਦੇ ਆਸ਼ੀਰਵਾਦ ਨਾਲ 28 ਤੋਂ 31 ਅਕਤੂਬਰ ਤੱਕ ਰਤਵਾੜਾ ਸਾਹਿਬ ਮਨਾਇਆ ਜਾਂਦਾ ਹੈ। 31 ਅਕਤੂਬਰ 2001 ਨੂੰ ਮਹਾਂਪੁਰਸ਼ਾਂ ਨੇ ਆਪਣੇ ਪੰਜ ਭੂਤਕ ਸਰੀਰਕ ਚੋਲੇ ਦਾ ਪ੍ਰਤਿਆਗ ਕੀਤਾ ਸੀ। ਇਸ ਕਰਕੇ ਸਮਾਗਮ ਨੂੰ ਬਰਸੀ ਸਮਾਗਮ ਦੇ ਰੂਪ ਵਿਚ ਦੇਸਾਂ, ਵਿਦੇਸ਼ਾਂ ਤੋਂ ਸੰਗਤਾਂ ਆ ਕੇ ਮਨਾਉਂਦੀਆਂ ਹਨ। ਸਾਰੀਆਂ ਸੰਗਤਾਂ ਦੀ ਅਰਦਾਸ ਹੈ ਕਿ ਸਤਿਕਾਰਯੋਗ ਬੀਜੀ ਨੂੰ ਪ੍ਰਮਾਤਮਾ ਦੇਹਅਰੋਗਤਾ, ਲੰਮੀ ਉਮਰ ਦੀ ਬਖਸ਼ਿਸ਼ ਕਰਨ ਤਾਂ ਜੋ ਆਉਣ ਵਾਲੇ ਸਮੇਂ ਦੇ ਵਿਚ ਵੀ ਸੰਗਤਾਂ ਉਨ੍ਹਾਂ ਦੀ ਆਸ਼ੀਰਵਾਦ ਪ੍ਰਾਪਤ ਕਰਕੇ ਨਾਮਬਾਣੀ ਨਾਲ ਜੁੜਦੀਆਂ ਰਹਿਣ। ਇਸੇ ਦਿਹਾੜੇ ਉਪਰ ਛੇਵੀਂ ਬਰਸੀ ਸਮਾਗਮ ਸਮੇਂ ਪਿਆਰੇ ਦੇ ਪਿਆਰ ਅੰਦਰ ਪਰਮ ਪੂਜਯ ਸਤਿਕਾਰਯੋਗ ਬੀਜੀ ਵਲੋਂ ਇਹ ਪੁਸਤਕ ਨਾਮ ਜਪਣ ਵਾਲੇ ਜਗਿਆਸੂਆਂ ਨੂੰ ਪਿਆਰ ਸਹਿਤ ਭੇਟ ਕੀਤੀ ਜਾ ਰਹੀ ਹੈ। ਇਸ ਪੁਸਤਕ ਦੇ ਅੰਦਰ ਪ੍ਰਕਾਸ਼ਿਤ ਗੁਰਮਤਿ ਸਿਧਾਂਤ ਦਾ ਇਕ ਵੀ ਬਚਨ ਨੂੰ ਆਪਣੀ ਜ਼ਿੰਦਗੀ ਦੇ ਅੰਦਰ ਅਮਲੀ ਜਾਮਾ ਪਹਿਨਾਅ ਕੇ ਜ਼ਰੂਰ ਹੀ ਜੀਵਨ ਦੀ ਰੌਂ ਰੁਮਕੇਗੀ। ਪਿਆਰੇ ਦਾ ਪਿਆਰਾ ਗੁਰੂ-ਅਸਥਾਨ ਸ਼ਿਵਾਲਿਕ ਪਹਾੜੀਆਂ ਦੇ ਸਾਮ੍ਹਣੇ ਚੰਡੀਗੜ੍ਹ ਦੇ ਨੇੜੇ ਹਰ ਇਕ ਜਗਿਆਸੂ ਰਾਹੀਂ ਪਾਂਧੀਆਂ ਨੂੰ ਖਿੱਚ ਪਾਉਂਦਾ ਹੈ। ਇਸ ਲਈ ਕਿਸੇ ਸਮੇਂ ਆਪ ਜੀ ਨੇ ਜ਼ਰੂਰ ਹੀ ਇਸ ਪਵਿੱਤਰ ਪਾਵਨ ਅਸਥਾਨ ਦੇ ਦਰਸ਼ਨ ਕਰਨ ਦੀ ਕ੍ਰਿਪਾਲਤਾ ਕਰਨੀ ਜੀ।

ਧੰਨਵਾਦ ਸਹਿਤ।

ਦਾਸਨ ਦਾਸ

ਹਰਪਾਲ ਸਿੰਘ, ਰਤਵਾੜਾ ਸਾਹਿਬ

# ਜੀਵਨ-ਮਨੋਰਥ

ਸ਼ਾਨ – ..................................................

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ – 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ।।*
*ਅੰਗ – 289*

*ਧਾਰਨਾ – ਤੂੰ ਹੀ, ਤੂੰ ਹੀ ਮੋਹੇ ਨਾ – 2*

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਊਠੇ,*
*ਨਿਆਰੇ ਨਿਆਰੇ ਹੋਇ ਕੈ, ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ, ਅਨੇਕ ਧੂਰ ਪੂਰਤ ਹੈ,*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ, ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ, ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥*
*ਅਕਾਲ ਉਸਤਤਿ*

*ਗੁਰਹਿ ਦਿਖਾਇਓ ਲੋਇਨਾ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ॥*
*ਤੂੰਹੀ ਤੂੰਹੀ ਮੋਹਿਨਾ॥*
*ਕਾਰਨ ਕਰਨਾ ਧਾਰਨ ਧਰਨਾ॥*
*ਏਕੈ ਏਕੈ ਸੋਹਿਨਾ॥*
*ਸੰਤਨ ਪਰਸਨ ਬਲਿਹਾਰੀ ਦਰਸਨ॥*
*ਨਾਨਕ ਸੁਖਿ ਸੁਖਿ ਸੋਇਨਾ॥ ਅੰਗ – 407*

*ਧਾਰਨਾ – ਤੈਨੂੰ ਸਾਰੀਆਂ ਘਟਾਂ ਦੇ ਵਿਚ ਦੇਖ ਲਾਂ,*
*ਐਸੇ ਨੈਣ ਦੇ ਦੇ ਮਾਲਕਾ।*

*ਧਾਰਨਾ – ਆਏ ਪ੍ਰਵਾਨ ਨੇ,*
*ਰਸੀਏ ਜੋ ਆਤਮ ਰਸ ਦੇ।*

ਸਾਧਸੰਗਤ ਜੀ! ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ ਤੇ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਸੰਸਾਰ ਤੇ ਬੇਅੰਤ 84 ਤੁਰੀ ਫਿਰਦੀ ਹੈ, 83 ਲੱਖ 99 ਹਜ਼ਾਰ 999 ਜੂਨਾਂ ਤਾਂ 84 ਵਿਚ ਹੈਗੀਆਂ ਹੀ ਹੈਗੀਆਂ, ਪਰ ਮਨੁੱਖ ਦੇ ਵਿਚ ਕੁਛ ਕੈਟਾਗਿਰੀਆਂ ਐਸੀਆਂ ਨੇ, ਕੁਛ ਐਸੇ ਵਰਗ ਨੇ ਜੋ 84 ਦੇ ਵਿਚ ਘੁੰਮ ਰਹੇ ਨੇ। ਚਾਰ ਕਿਸਮ ਦੇ ਮਨੁੱਖ ਸੰਸਾਰ 'ਚ ਹੋਇਆ ਕਰਦੇ ਨੇ। ਪਹਿਲੇ ਮਨੁੱਖ ਉਹ ਹੁੰਦੇ ਨੇ ਜਿਨ੍ਹਾਂ ਤੇ ਕੋਈ ਵੀ ਬਾਣੀ ਦਾ ਅਸਰ ਨਹੀਂ ਹੁੰਦਾ, ਨਾ ਰੱਬ ਨੂੰ ਮੰਨਦੇ ਨੇ। ਨਾ ਉਨ੍ਹਾਂ ਵਿਚ ਕੋਈ ਲਗਨ ਹੁੰਦੀ ਹੈ, ਕੇਵਲ ਭੋਗਾਂ ਦੇ ਵਾਸਤੇ ਜੀਉਂਦੇ ਨੇ, ਖਾਣ ਵਾਸਤੇ ਉਹ ਜੀਉਂਦੇ ਨੇ, ਜੀਉਣ ਵਾਸਤੇ ਨਹੀਂ ਉਹ ਖਾਂਦੇ। ਉਨ੍ਹਾਂ ਨੂੰ ਕਿਸੇ ਗੱਲ ਦੀ ਸੋਝੀ ਨਹੀਂ ਹੋਇਆ ਕਰਦੀ। ਮਹਾਰਾਜ ਕਹਿੰਦੇ, ਐਸੇ ਜੋ ਬੰਦੇ ਨੇ ਉਨ੍ਹਾਂ ਦਾ ਤਾਂ ਸੰਸਾਰ ਤੇ ਆਉਣ ਦਾ ਕੋਈ ਫਾਇਦਾ ਨਹੀਂ ਹੈ। ਸਵਾਲ ਕਰਦੇ ਨੇ ਕਿ ਕੀ ਕਰਨ ਆਇਆ ਸੀ ਫੇਰ ਤੂੰ, ਇਹਦੇ ਨਾਲੋਂ ਤਾਂ ਤੂੰ ਪਸ਼ੂ ਬਣ ਜਾਂਦਾ, ਪਾਪ ਤਾਂ ਨਹੀਂ ਨਾ ਕਰਦਾ ਸੀ? ਸੋ ਇਨ੍ਹਾਂ ਨੂੰ ਪਾਮਰ ਕਿਹਾ ਜਾਂਦਾ ਹੈ। ਦੂਸਰੇ ਉਹ ਨੇ ਜਿਹੜੇ ਇਨ੍ਹਾਂ ਨਾਲੋਂ ਤਾਂ ਚੰਗੇ ਨੇ, ਪਰ ਉਨ੍ਹਾਂ ਦੀ ਬਿਰਤੀ ਹਰ ਵਕਤ ਭੋਗਾਂ ਵਿਚ ਰਹਿੰਦੀ ਹੈ। ਕਿਸੇ ਨੂੰ ਪੁੱਤਰ ਪ੍ਰਾਪਤੀ ਦਾ ਹਰ ਵਕਤ ਫਿਕਰ ਲੱਗਿਆ ਰਹਿੰਦਾ ਹੈ, ਕੋਈ ਪੈਸੇ ਵਿਚ ਬਿਰਤੀ ਰੱਖਦਾ ਹੈ, ਕੋਈ ਮੱਝਾਂ ਗਾਈਆਂ 'ਚ ਬਿਰਤੀ ਰੱਖਦਾ ਹੈ। ਕੋਈ ਅਹੁਦਿਆਂ 'ਚ ਰੱਖਦਾ ਹੈ, ਕੋਈ ਕਿਸੇ ਚੀਜ਼ 'ਚ, ਕੋਈ ਕਿਸੇ ਚੀਜ਼ 'ਚ, ਕੋਈ ਵਪਾਰ 'ਚ, ਹਰ ਵਕਤ ਚਿੰਤਨ ਕਰਦਾ ਰਹਿੰਦਾ ਹੈ, ਸੋਚਦਾ ਰਹਿੰਦਾ ਹੈ ਕਿ ਮੇਰਾ ਐਉਂ ਹੋ ਜਾਵੇ, ਏਸ ਤਰ੍ਹਾਂ ਪੈਸਾ ਵਧ ਜਾਵੇ। ਉਹ ਪਹਿਲਿਆਂ ਨਾਲੋਂ ਚੰਗੇ ਨੇ, ਲੇਕਿਨ ਉਹ ਵੀ ਕਿਸੇ ਕੰਮ ਦੇ ਬੰਦੇ ਨਹੀਂ। ਉਨ੍ਹਾਂ ਨੂੰ ਵਿਸ਼ਈ ਕਹਿੰਦੇ ਨੇ – ਵਿਸ਼ਿਆਂ 'ਚ ਬਿਰਤੀ ਰੱਖਣ ਵਾਲੇ। ਅਨੇਕਾਂ ਵਿਸ਼ੇ ਨੇ ਸੰਸਾਰ ਦੇ ਅੰਦਰ। ਪੰਜ ਵਿਸ਼ੇ ਪ੍ਰਧਾਨ ਨੇ – ਸ਼ਬਦ, ਸਪਰਸ਼, ਰੂਪ, ਰਸ ਤੇ ਗੰਧ। ਇਨ੍ਹਾਂ ਪੰਜਾਂ ਦੇ ਨਾਲ ਜੋ ਚਿੰਬੜਿਆ ਹੋਇਆ ਹੈ, ਬਿਰਤੀ ਜਿਹਦੀ ਇਨ੍ਹਾਂ ਪੰਜਾਂ 'ਚ ਘੁੰਮਦੀ ਹੈ ਤੇ ਪ੍ਰਕ੍ਰਿਤੀ ਦੀ ਪ੍ਰਾਪਤੀ ਦੀ ਯੋਜਨਾ ਜਿਹਦੇ ਮਨ ਵਿਚ ਰਹਿੰਦੀ ਹੈ, ਉਨ੍ਹਾਂ ਨੂੰ ਵਿਸ਼ਈ ਕਹਿੰਦੇ। ਇਨ੍ਹਾਂ ਨੂੰ ਵਿਸ਼ਈ ਕਹਿੰਦੇ ਨੇ। ਤੀਸਰੇ ਉਹ ਹੁੰਦੇ ਨੇ ਜਿਨ੍ਹਾਂ ਨੂੰ ਸੰਸਾਰ ਤੇ ਆ ਕੇ ਸਤਿਸੰਗ ਦੀ ਪ੍ਰਾਪਤੀ ਹੁੰਦੀ ਹੈ, ਪੂਰਨ ਮਹਾਂਪੁਰਸ਼ਾਂ ਦੇ ਬਚਨਾਂ ਦੀ ਪ੍ਰਾਪਤੀ ਹੁੰਦੀ ਹੈ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਉਤੇ ਅਕੀਦਾ ਬੱਝਦਾ ਹੈ, ਵਿਸ਼ਵਾਸ਼ ਆਉਂਦਾ ਹੈ, ਗੁਰੂ ਨੂੰ ਪ੍ਰਤੱਖ ਜੋਤੀ ਸਰੂਪ ਸਮਝ ਕੇ ਮੰਨਦੇ ਨੇ ਤੇ ਫੇਰ ਇਨ੍ਹਾਂ ਦੇ ਬਚਨਾਂ ਦੀ ਕਮਾਈ ਕਰਨੀ ਲੋਚਦੇ ਨੇ। ਆਪਣੇ ਜੀਵਨ ਨੂੰ ਸਫਲ ਕਰਨਾ ਲੋਚਦੇ ਨ, ਉਹ ਜਿਹੜਾ ਵਰਗ ਹੈ ਇਹਨੂੰ ਜਗਿਆਸੂ ਕਿਹਾ ਜਾਂਦਾ ਹੈ। ਇਹ ਰੂਹਾਨੀ ਸਕੂਲ ਦੇ ਵਿਚ ਦਾਖਲਾ ਲੈਣ ਦੇ ਅਧਿਕਾਰੀ ਹੋਇਆ ਕਰਦੇ ਨੇ। ਚੌਥੇ ਉਹ ਹੋਇਆ ਕਰਦੇ ਨੇ ਜਿਹੜੀਆਂ ਮੁਕਤ ਆਤਮਾਵਾਂ ਸੰਸਾਰ ਵਿਚ ਆਉਂਦੀਆਂ ਨੇ। ਵਾਹਿਗੁਰੂ ਵਲੋਂ ਭੇਜੇ ਹੋਏ ਆਉਂਦੇ ਨੇ ਤੇ ਇਥੇ ਆ ਕੇ ਆਪਣਾ ਜੀਵਨ ਨਾਟਕ ਸੰਸਾਰ ਦੇ ਮੰਚ ਦੇ ਉਤੇ ਕਰਕੇ, ਉਨ੍ਹਾਂ ਨੂੰ ਦੁਖਾਂ ਸੁਖਾਂ ਵਿਚ ਸਮਾਨ ਰਹਿ ਕੇ, ਉਚੀਆਂ

ਨੀਵੀਆਂ ਅਵਸਥਾ 'ਚੋਂ, ਵਿਸ਼ੇ ਭੋਗਾਂ ਤੋਂ ਬਿਰਤੀ ਨੂੰ ਨਿਰਲੇਪ ਰੱਖ ਕੇ ਉਹ ਸੰਸਾਰ ਤੋਂ ਜਾਂਦੇ ਨੇ ਤੇ ਉਹ ਮੁਕਤ ਆਤਮਾਵਾਂ, ਜਿਨ੍ਹਾਂ ਨੂੰ ਮੁਕਤ ਪੁਰਸ਼ ਕਿਹਾ ਜਾਂਦਾ ਹੈ। ਇਨ੍ਹਾਂ ਦਾ ਆਉਣਾ ਸੰਸਾਰ ਤੇ ਪ੍ਰਵਾਨ ਹੋਇਆ ਕਰਦਾ ਹੈ। ਕਿਉਂਕਿ ਆਤਮ ਰਸ ਦੇ ਵਿਚ ਬਿਰਤੀ ਰਹਿੰਦੀ ਹੈ ਇਨ੍ਹਾਂ ਦੀ। ਆਤਮ ਰਸ ਨੂੰ ਜਾਣਦੇ ਨੇ ਇਹ। ਬਾਕੀਆਂ ਨੂੰ ਤਾਂ ਪਤਾ ਹੀ ਨਹੀਂ ਕਿ ਆਤਮ ਰਸ ਕੀ ਹੁੰਦਾ ਹੈ। ਮਹਾਰਾਜ ਕਹਿੰਦੇ –

***ਆਤਮ ਰਸੁ ਜਿਹ ਜਾਨਿਆ***
***ਹਰਿ ਰੰਗ ਸਹਜੇ ਮਾਣੁ॥***
***ਨਾਨਕ ਧਨਿ ਧਨਿ ਧੰਨਿ ਜਨ***
***ਆਏ ਤੇ ਪਰਵਾਣੁ॥ ਅੰਗ – 252***

ਹਰੀ ਦਾ ਪਿਆਰ ਜਿਹੜੇ ਸਹਿਜ ਵਿਚ ਮਾਣਦੇ ਨੇ ਤੇ ਆਤਮਾ ਦੇ ਰਸ ਦਾ ਜਿਸਨੂੰ ਗਿਆਨ ਹੋ ਗਿਆ।

***ਨਾਨਕ ਧਨਿ ਧਨਿ ਧੰਨਿ ਜਨ***
***ਆਏ ਤੇ ਪਰਵਾਣੁ॥ ਅੰਗ – 252***

ਉਹ ਪ੍ਰਵਾਨ ਕੀਤੇ ਗਏ ਨੇ ਇਥੇ ਵੀ ਤੇ ਦਰਗਾਹ ਵਿਚ ਵੀ। ਪਦਵੀ ਕਿੱਡੀ ਦੱਸੀ ਹੈ ਆਤਮ ਰਸੀਆਂ ਦੀ। ਗੁਰੂ ਦਸ਼ਮੇਸ਼ ਪਿਤਾ ਨੂੰ ਪੁੱਛਿਆ ਕਿ ਪਾਤਸ਼ਾਹ! ਤੁਸੀਂ ਖਾਲਸੇ ਦਾ ਆਦਰਸ਼ ਸੰਸਾਰ ਦੇ ਅੰਦਰ, ਮਨੁੱਖ ਦੇ ਵਿਚ ਪ੍ਰਗਟ ਕੀਤਾ ਹੈ ਤੇ ਅਸੀਂ ਖਾਲਸਾ ਕਿਸਨੂੰ ਜਾਣੀਏ ?ਸਾਨੂੰ ਕੀ ਨਿਸ਼ਾਨੀ ਹੈ ਕਿ ਇਹ ਖਾਲਸਾ ਹੈ? ਕਿਉਂਕਿ ਪਦਵੀਆਂ ਨੇ ਤਿੰਨ। ਮਹਾਰਾਜ ਕਹਿੰਦੇ, ਜਿਸਦੇ ਅੰਦਰੋਂ ਪੂਰਨ ਜੋਤ ਜਗ ਕੇ ਪੰਜੇ ਭਰਮਾਂ ਦਾ ਨਾਸ਼ ਹੋ ਗਿਆ ਹੋਵੇ–

***ਪੂਰਨ ਜੋਤ ਜਗੈ ਘਟ ਮੈ***
***ਤਬ ਖ਼ਾਲਸ ਤਾਹਿ ਨਖਾਲਸ ਜਾਨੈ॥***

ਫੇਰ ਇਹ ਇਹ ਖਾਲਸ ਹੋਇਆ ਕਰਦਾ ਹੈ। ਦੂਸਰੀ ਉਹਦੀ ਨਿਸ਼ਾਨੀ ਹੈ ਕਿ ਉਹਨੂੰ ਆਤਮਾ ਦਾ ਰਸ ਪ੍ਰਾਪਤ ਹੁੰਦਾ ਹੈ।

***ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ।***

ਜਿਸਨੂੰ ਅਸੀਂ ਖਾਲਸਾ ਕਿਹਾ ਹੈ, ਉਹ ਬ੍ਰਹਮਗਿਆਨੀ ਹੈ। ਆਤਮ ਗਿਆਨੀ ਹੈ। ਉਹਦੀ ਪਦਵੀ ਪੁਛਦੇ ਓਂ? ਪਦਵੀ ਉਹਦੀ ਹੈ –

***ਪ੍ਰਭ ਮਹਿ ਮੋ ਮਹਿ ਤਾਸ ਮਹਿ, ਰੰਚਕ ਨਾਹਨ ਭੇਵ।***

ਮੇਰੇ ਵਿਚ ਤੇ ਓਸ ਵਿਚ ਅਤੇ ਵਾਹਿਗੁਰੂ ਵਿਚ ਕੋਈ ਭੇਤ ਨਹੀਂ ਹੈ।

***ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥***
***ਅੰਗ – 397***

ਉਹ ਤਾਂ ਨਿਰੋਲ ਹੋ ਗਏ, ਜੋਤੀ ਪ੍ਰਗਟ ਹੋ ਗਈ। ਉਸ ਜੋਤੀ ਵਿਚ ਤੇ ਪਰਮੇਸ਼ਰ ਦੀ ਜੋਤੀ ਵਿਚ ਕੋਈ ਭੇਤ ਨਹੀਂ ਹੋਇਆ ਕਰਦਾ। ਸਮੁੰਦਰ ਦਾ ਪਾਣੀ ਹੋਵੇ, ਸਮੁੰਦਰ ਦੇ ਵਿਚੋਂ ਇਕ ਬਰਤਨ ਭਰ ਲਈਏ, ਉਸ ਦੋਹਾਂ ਪਾਣੀਆਂ ਦਾ ਕੋਈ ਭੇਦ ਨਹੀਂ ਹੋਇਆ ਕਰਦਾ। ਸੋ ਇਸ ਕਰਕੇ ਉਸਨੂੰ ਅਸੀਂ ਖਾਲਸਾ ਕਿਹਾ ਹੈ ਤੇ ਉਹ ਦੇਖਦਾ ਕੀ ਹੈ? ਕਹਿੰਦੇ, ਉਹਦੇ ਨੇਤਰ ਖੁਲ੍ਹ ਜਾਂਦੇ ਨੇ। ਉਹਦੇ ਨੇਤਰ ਫੇਰ ਸਾਰੀਆਂ ਘਟਾਂ ਦੇ ਵਿਚ ਪ੍ਰਮੇਸ਼ਰ ਨੂੰ ਦੇਖਦੇ ਨੇ।

***ਮਨਿ ਸਾਚਾ ਮੁਖਿ ਸਾਚਾ ਸੋਇ॥***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥***
***ਅੰਗ – 272***

ਇਹ ਹਰੇਕ ਘਟ ਦੇ ਵਿਚ ਪ੍ਰਮੇਸ਼ਰ ਨਜ਼ਰ ਆਉਂਦਾ ਹੈ, ਪ੍ਰਮੇਸ਼ਰ ਤੋਂ ਵਿਛੜਿਆ ਹੋਇਆ, ਟੁੱਟਿਆ ਹੋਇਆ ਕੋਈ ਨਜ਼ਰ ਨਹੀਂ ਆਉਂਦਾ। ਸੋ ਇਸ ਤਰ੍ਹਾਂ ਦੇ ਨਾਲ ਇਹ ਤਾਂ ਹੈਗੇ ਪ੍ਰਵਾਨ। ਜਿਨ੍ਹਾਂ ਨੂੰ ਪ੍ਰਮੇਸ਼ਰ ਦੇ ਨਾਲ ਪਿਆਰ ਨਹੀਂ ਹੋਇਆ, ਰੰਗ ਨਹੀਂ ਪ੍ਰਾਪਤ ਹੋਇਆ। ਫੋਕਾ ਹੀ ਤੁਰਿਆ ਫਿਰਦਾ ਹੈ, ਰੱਬ ਦੀ ਖਿੱਚ ਨਹੀਂ ਪੈਂਦੀ ਹਿਰਦੇ ਦੇ ਅੰਦਰ, ਦਰਸ਼ਨ ਦੀ ਲੋਚਾ ਨਹੀਂ ਜਾਗਦੀ। ਕਿਉਂਕਿ ਵਾਹਿਗੁਰੂ ਤਾਂ ਨਿਰਾ ਹੀ ਪਿਆਰ ਸਰੂਪ ਹੈ –

***ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥***
***ਜਾਪੁ ਸਾਹਿਬ***

ਜਿੰਨਾ ਚਿਰ ਇਹ ਵਿਸ਼ਵਾਸ਼ ਪੈਦਾ ਨਹੀਂ ਹੁੰਦਾ। ਉਨਾਂ ਚਿਰ ਕਰਮ ਧਰਮ ਜਿਹੜੇ ਨੇ ਉਹ ਬਹੁਤ ਨੀਵੇਂ ਪੱਧਰ ਤੇ ਰਹਿੰਦੇ ਨੇ, ਉਚੇ ਪੱਧਰ ਤੇ ਨਹੀਂ ਰਹਿੰਦੇ। ਛੋਟੀ ਤਾਕਤ ਹੋਇਆ ਕਰਦੀ ਹੈ, ਉਨ੍ਹਾਂ ਦੀ। ਫਲ ਤਾਂ ਹੁੰਦਾ ਹੈ ਲੇਕਿਨ ਓਨਾਂ ਨਹੀਂ ਹੁੰਦਾ। ਸੋ ਮਹਾਰਾਜ ਕਹਿੰਦੇ ਜਿਹਨੂੰ ਪਿਆਰ ਹੀ ਨਹੀਂ ਲੱਗਿਆ ਪ੍ਰਮੇਸ਼ਰ ਦੇ ਨਾਲ, ਉਹਦਾ ਸੰਸਾਰ ਤੇ ਆਉਣਾ ਕਿਸੇ ਕੰਮ ਦਾ ਨਹੀਂ ਹੈ। 83 ਲੱਖ, 99 ਹਜ਼ਾਰ, 999 ਜੂਨਾਂ ਤਾਂ ਲੰਘ ਆਇਆ ਤੇ ਜਦੋਂ ਆਗਿਆ ਨਾ ਅਖੀਰ, ਉਸ ਵੇਲੇ ਪਿਆਰ ਪ੍ਰਮੇਸ਼ਰ ਦੇ ਨਾਲ ਲੱਗਣ ਦੀ ਬਿਜਾਏ, ਪ੍ਰਕ੍ਰਿਤਕ ਵਸਤੂਆਂ ਦੇ ਨਾਲ ਪਿਆਰ ਲਗ ਗਿਆ, ਚਾਹੇ ਪੁੱਤਰ ਨੇ, ਧੀਆਂ ਨੇ, ਚਾਹੇ ਕੋਈ ਕੋਠੀਆਂ ਨੇ, ਚਾਹੇ ਵਪਾਰ ਹੈ, ਚਾਹੇ ਕੋਈ ਕੋਈ ਹੋਰ ਚੀਜ਼ ਹੈ, ਚਾਹੇ ਪੈਸਾ ਟਕਾ ਹੈ, ਉਹਦੇ ਨਾਲ ਬਿਰਤੀ ਇਹਦੀ ਪਰਚ ਗਈ। ਆਇਆ ਤਾਂ ਸੀ ਪ੍ਰਮੇਸ਼ਰ ਦੇ ਨਾਲ ਪਿਆਰ ਕਰਨ ਵਾਸਤੇ, ਮਹਾਰਾਜ ਕਹਿੰਦੇ ਜਦੋਂ ਪੈਦਾ ਹੋਇਆ –

***ਗਰਭ ਕੁੰਟ ਮਹਿ ਉਰਧ ਤਪ ਕਰਤੇ॥***
***ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥ ਅੰਗ – 251***

ਮਹਾਰਾਜ ਨੇ ਉਸ ਵੇਲੇ ਥੋੜ੍ਹੇ ਜਿਹੇ ਸਮੇਂ ਦੇ ਅੰਦਰ, ਇਕ ਕ੍ਰਿਸ਼ਮਾ ਦਿਖਾਇਆ ਇਸ ਜੀਵ ਨੂੰ। ਉਹ ਕ੍ਰਿਸ਼ਮਾ ਇਹ ਸੀ ਕਿ ਇਹਦੀ ਸੁਰਤੀ ਸੁਖਮਨਾ ਨਾੜੀ 'ਚ ਚਲੀ ਗਈ। ਈੜਾ, ਪਿੰਗਲਾ, ਸੁਖਮਨਾ ਤਿੰਨ ਨਾੜੀਆਂ ਹੁੰਦੀਆਂ ਨੇ ਰੀੜ੍ਹ ਦੀ ਹੱਡੀ ਦੇ ਨਾਲ। ਮਾਂ ਦੇ ਪੇਟ ਵਿਚ ਪ੍ਰਮੇਸ਼ਰ ਨੇ ਬਖਸ਼ਿਸ਼ ਕਰੀ ਕਿ ਮਾਇਆ ਹਟਾ ਲਈ ਤੇ ਇਹਦੀ ਜਿਹੜੀ ਸੁਰਤੀ ਸੀ ਉਹ ਸੁਖਮਨਾ ਨਾੜੀ ਵਿਚ ਦਾਖਲ ਹੋ ਗਈ ਤੇ ਦਸਵੇਂ ਦੁਆਰ 'ਚ ਪਹੁੰਚ ਗਈ। ਉਥੇ ਜਾ ਕੇ ਇਹਨੂੰ ਸੌ ਜਨਮ ਦਾ ਗਿਆਨ ਹੋ ਗਿਆ। ਦਸਵੇਂ ਦੁਆਰ ਦੇ ਅੰਦਰ। ਦਿਨ ਰਾਤ ਉਥੇ ਅਨਹਦ ਦੀ ਧੁਨ ਗੂੰਜਦੀ ਰਹਿੰਦੀ ਹੈ।

***ਘਰਿ ਮਹਿ ਘਰੁ ਦੇਖਾਇ ਦੇਇ***
***ਸੋ ਸਤਿਗੁਰੁ ਪੁਰਖੁ ਸੁਜਾਣੁ॥***
***ਪੰਚ ਸਬਦ ਧੁਨਿਕਾਰ ਧੁਨਿ ਤਹ***
***ਬਾਜੈ ਸਬਦੁ ਨੀਸਾਣੁ॥***
***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥***
***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥***
***ਅੰਗ - 1291***

ਸੱਚੇ ਦਾ ਤਖਤ ਇਥੋਂ ਹੀ ਨਜ਼ਰ ਆਉਂਦਾ ਹੈ ਜਿਵੇਂ ਕਿ ਮਹਾਰਾਜ ਨੇ ਕਿਹਾ ਹੈ -

***ਇਹੁ ਜਗੁ ਸਚੈ ਕੀ ਹੈ ਕੋਠੜੀ***
***ਸਚੇ ਕਾ ਵਿਚਿ ਵਾਸੁ॥ ਅੰਗ - 463***

ਇਹ ਸੰਸਾਰ ਵਿਚ ਹਰੇਕ ਅੰਦਰ ਰਹਿੰਦਾ ਹੈ। ਉਹ ਸਥਾਨ ਹੈ ਜੋ ਮਾਤਾ ਦਾ ਗਰਭ ਵਿਚ ਜੀਵ ਨੂੰ ਪ੍ਰਾਪਤ ਹੁੰਦਾ ਹੈ ਤੇ ਉਹਨੂੰ ਉਹ ਧੁਨ ਸੁਣਦੀ ਹੈ। ਧੁਨ ਦੇ ਆਸਰੇ ਉਹ ਤਪ ਕਰਦਾ ਹੈ, ਪੁੱਠਾ ਲਟਕਦਾ ਹੈ। ਇਕ ਵੀ ਸੁਆਸ ਇਹਦਾ ਬਿਰਥਾ ਨਹੀਂ ਸੀ ਜਾਂਦਾ ਨਾਮ ਧੁਨ ਤੋਂ ਬਗੈਰ। ਸ਼ਬਦ ਗੂੰਜਦਾ ਸੀ ਇਹਦੇ ਅੰਦਰ। ਉਹ ਸ਼ਬਦ ਜਿਹੜਾ ਨਿਰੰਕਾਰ ਨੇ ਕਿਹਾ ਹੈ -

***ਪ੍ਰਥਮ ਓਅੰਕਾਰ ਤਿਨ ਕਹਾ***
***ਸੋ ਧੁਨ ਪੁਰ ਜਗਤ ਮੋ ਰਹਾ।***

ਉਹ ਧੁਨ ਸਾਰੇ ਸੰਸਾਰ ਦੇ ਅੰਦਰ ਸ਼ਬਦ ਬ੍ਰਹਮ ਹੋ ਕੇ ਫੈਲੀ ਹੋਈ। ਉਸੇ ਨੂੰ ਬ੍ਰਹਮ ਕਹਿੰਦੇ ਨੇ, ਉਸੇ ਦੇ ਜਾਨਣ ਵਾਲੇ ਨੂੰ ਬ੍ਰਹਮਗਿਆਨੀ ਕਹਿੰਦੇ ਨੇ। ਉਸ ਧੁਨ ਦੇ ਆਸਰੇ ਮਾਤਾ ਦੇ ਪੇਟ ਵਿਚ ਇਹ ਜਲਦਾ ਨਹੀਂ ਸੀ, ਰੱਖਿਆ ਉਸ ਅੱਗ ਦੇ ਵਿਚ ਸੀ। ਲੇਕਿਨ ਜਦੋਂ ਸੰਸਾਰ 'ਚ ਆਇਆ, ਫੇਰ ਕੀ ਹੋਇਆ? ਮਹਾਰਾਜ ਕਹਿੰਦੇ -

***ਲਿਵ ਛੁੜਕੀ ਲਗੀ ਤ੍ਰਿਸਨਾ***
***ਮਾਇਆ ਅਮਰੁ ਵਰਤਾਇਆ॥ ਅੰਗ - 921***

ਮਾਇਆ ਦਾ ਅਸਰ ਪੈ ਗਿਆ, ਕਿਉਂਕਿ ਇਥੇ ਰਾਜ ਮਾਇਆ ਦਾ ਹੈ, ਜਿਥੇ ਅਸੀਂ ਕਹਿੰਦੇ ਹਾਂ ਕਿ ਅਸੀਂ ਸਿਆਣੇ ਹਾਂ। ਸਾਇਕੋਲੋਜਿਸਟ ਕਹਿੰਦੇ ਨੇ ਕਿ ਤਿੰਨ ਮਨ ਹੁੰਦੇ ਨੇ, ਇਕ ਜਾਗ੍ਰਤ ਮਨ ਹੈ, ਇਕ ਅਰਧ ਜਾਗ੍ਰਤ ਹੈ ਤੇ ਇਕ ਅਚੇਤ ਮਨ ਹੈ। ਲੇਕਿਨ ਬੰਦਗੀ ਕਰਨ ਵਾਲੇ ਨਹੀਂ ਮੰਨਦੇ ਏਸ ਗੱਲ ਨੂੰ। ਕਿਉਂਕਿ ਉਨ੍ਹਾਂ ਦਾ ਅਨੁਭਵ ਵੱਖਰਾ ਹੈ। ਇਹ ਹੈਗੀ ਅਕਲ ਦੀ ਗੱਲ। ਠੀਕ ਹੈ ਇਹ ਵੀ, ਲੇਕਿਨ ਜੋ ਅਨੁਭਵੀ ਮਹਾਂਪੁਰਸ਼ ਨੇ, ਜਿਨ੍ਹਾਂ ਦੀ ਬਿਰਤੀ ਉਨਮਨੀ ਅਵਸਥਾ 'ਚ ਪਹੁੰਚੀ ਹੋਈ ਹੈ। ਉਹ ਕਹਿੰਦੇ ਨਹੀਂ, ਜਿਹੜੇ ਨੂੰ ਤੁਸੀਂ ਜਾਗ੍ਰਤ ਕਹਿੰਦੇ ਹੋ ਨਾ, ਇਹ ਤਾਂ ਹੈਗਾ ਸੁੱਤਾ ਹੋਇਆ ਮਨ, ਜਿਹਨੂੰ ਹੋਸ਼ ਹੀ ਨਹੀਂ ਹੈ। ਇਸ ਗੱਲ ਦੇ ਉਤੇ ਅਸੀਂ ਬੜੇ ਹੈਰਾਨ ਹੁੰਦੇ ਹਾਂ ਕਿ ਹੋਸ਼ ਸਾਨੂੰ ਨਹੀਂ ਹੈ? ਮਹਾਰਾਜ ਕਹਿੰਦੇ, ਸੁੱਤੇ ਬੰਦੇ ਨੂੰ ਹੋਸ਼ ਹੁੰਦੀਓ ਨਹੀਂ ਹੈ। ਕੋਈ ਦੱਸ ਦਿਓ ਕਿ ਜੀ, ਮੈਨੂੰ ਹੋਸ਼ ਸੀ, ਜਦ ਮੈਂ ਸੁੱਤਾ ਪਿਆ ਸੀ। ਮੈਨੂੰ ਹੋਸ਼ ਰਹਿੰਦੀ ਹੈ, ਮੈਨੂੰ ਪਤਾ ਲਗਦਾ ਰਹਿੰਦਾ ਹੈ ਕਿ ਹੁਣ ਘੜੀ ਦੇ ਵਿਚ ਕਿੰਨੇ ਵਜ ਗਏ। ਇਕ ਮਹਾਂਪੁਰਸ਼ ਨੇ ਹੋਰ ਕਿਸੇ ਨੂੰ ਨਹੀਂ ਹੋਸ਼ ਹੋਇਆ ਕਰਦੀ। ਉਹ ਬੇਹੋਸ਼ੀ ਦੀ ਜ਼ਿੰਦਗੀ ਹੈ, ਜਿਸਨੂੰ ਮਹਾਰਾਜ ਕਹਿੰਦੇ ਨੇ ਕਿ ਹਉਮੈ ਦੀ ਸੁਰਤ ਹੈ ਤੈਨੂੰ -

***ਭੋਲਿਆ ਹਉਮੈ ਸੁਰਤਿ ਵਿਸਾਰਿ॥ ਅੰਗ - 1168***

ਇਹਨੂੰ ਤਾਂ ਰੂਹਾਨੀਅਤ ਵਾਲੇ ਕਹਿੰਦੇ ਨੇ ਕਿ ਸੁੱਤਾ ਹੋਇਆ ਬੰਦਾ ਹੈ। ਅਚੇਤ ਮਨ ਹੈ, ਦੂਸਰਾ ਜਿਹੜਾ ਵਿਚਕਾਰਲਾ ਹੈ, ਉਹ ਇਹ ਵੀ ਮੰਨਦੇ ਨੇ ਕਿ ਅਰਧ ਚੇਤਨ ਹੈ, ਨਾ ਉਹ ਸੁੱਤਾ ਹੈ ਨਾ ਜਾਗਦਾ ਹੈ। ਵਿਚਾਲੇ-ਵਿਚਾਲੇ ਹੈ, ਅਜੇ ਸਮਾਧੀ 'ਚ ਲੀਨ ਨਹੀਂ ਹੋਇਆ, ਹੇਠਾਂ-ਹੇਠਾਂ ਤੁਰਿਆ ਫਿਰਦਾ ਹੈ। ਜਿਹਨੂੰ ਇਹ ਕਹਿੰਦੇ ਨੇ ਅਚੇਤ ਮਨ ਇਹ ਉਨਮਨ ਦੀ ਅਵਸਥਾ ਹੁੰਦੀ ਹੈ। ਉਹ ਬਿਲਕੁਲ ਪੂਰੀ ਤਰ੍ਹਾਂ ਜਾਗਦਾ ਹੈ ਤੇ ਉਹਦੀ ਜਾਗ ਕੀ ਹੁੰਦੀ ਹੈ, ਉਹਨੂੰ ਆਪਣਾ ਆਪ ਭੁੱਲ ਜਾਂਦਾ ਹੈ, ਭੁੱਲ ਕੇ ਪ੍ਰਮੇਸ਼ਰ ਹਰ ਥਾਂ ਦੇ ਉਤੇ ਦੇਖਦਾ ਹੈ, ਪੂਰਨ ਗਿਆਨ ਵਿਚ ਹੋਇਆ ਕਰਦਾ ਹੈ। ਗਾੜ੍ਹੀ ਨੀਂਦ ਵਿਚ ਇਹ ਫਰਕ ਹੈ, ਗਾੜ੍ਹੀ ਨੀਂਦ ਵਿਚ ਅਗਿਆਨ ਹੋਇਆ ਕਰਦਾ ਹੈ। ਜਿਹਨੂੰ ਸਖੋਪਤੀ ਦੀ ਨੀਂਦ ਕਹਿੰਦੇ ਨੇ, ਉਹਦੇ 'ਚ ਸੁਰਤ ਨਹੀਂ ਹੁੰਦੀ, ਬਾਅਦ ਵਿਚ ਜਿਹੜੀ ਦੇਖਣ ਵਾਲੀ ਸ਼ਕਤੀ ਹੈ ਉਹਨੂੰ ਪਤਾ ਹੁੰਦਾ ਹੈ ਕਿ ਇਹ ਅੱਜ ਬਹੁਤ ਘੂਕ ਨੀਂਦ ਨਾਲ ਸੁੱਤਾ ਹੈ। ਉਹ ਆਤਮਾ ਹੋਇਆ ਕਰਦੀ ਹੈ। ਇਹ ਜਦੋਂ ਆਤਮਾ ਦੇ ਵਿਚ ਲੀਨ ਹੁੰਦਾ ਹੈ, ਉਸ ਵੇਲੇ ਸਾਰੀ ਸੁਰਤ ਹੋਇਆ ਕਰਦੀ ਹੈ, ਸ਼ਕਤੀ ਕਿੰਨੀ ਹੁੰਦੀ ਹੈ ਕਿ ਦੱਸੀ ਨਹੀਂ ਜਾ ਸਕਦੀ, ਐਨੀ ਸ਼ਕਤੀ ਹੁੰਦੀ ਹੈ ਉਹਦੇ ਅੰਦਰ। ਸੋ ਇਹ ਚੀਜ਼ ਦੀ ਪ੍ਰਾਪਤੀ ਵਾਸਤੇ ਮਨੁੱਖ ਸੰਸਾਰ 'ਚ ਆਇਆ ਹੈ ਤੇ ਇਹ ਭੁੱਲ ਗਿਆ। ਮਾਇਆ ਨੇ ਆਪਣਾ ਅਸਰ ਪਾ ਦਿਤਾ, ਤ੍ਰਿਸ਼ਨਾ ਦਾ ਰੋਗ ਲਗ ਗਿਆ ਤੇ ਉਹ ਜਿਹੜੀ ਲਿਵ ਲੱਗੀ ਹੋਈ ਸੀ ਮਾਂ ਦੇ ਪੇਟ 'ਚ ਉਹ ਭੁੱਲ ਗਈ। ਬੱਚਾ ਸਵਾ ਮਹੀਨੇ ਤੱਕ

ਉਸਨੂੰ ਯਾਦ ਰੱਖਦਾ ਹੈ, ਬਾਰ-ਬਾਰ ਉਸਨੂੰ ਉਹ ਧੁਨ ਪੈਦਾ ਹੁੰਦੀ ਹੈ, ਉਹ ਫੇਰ ਜਦੋਂ ਆਉਂਦੀ ਹੈ, ਬਾਹਵਾਂ ਵੀ ਹਿਲਾਉਂਦਾ ਹੈ, ਲੱਤਾਂ ਵੀ ਹਿਲਾਉਂਦਾ ਹੈ, ਹਸਦਾ ਵੀ ਹੈ। ਕਿਉਂਕਿ ਅੰਦਰ ਸ਼ਬਦ ਪ੍ਰਗਟ ਹੋ ਗਿਆ। ਜਦੋਂ ਸ਼ਬਦ ਵਿਸਰਦਾ ਹੈ, ਫੇਰ ਚੀਕਾਂ ਮਾਰਦਾ ਹੈ, ਰੋਂਦਾ ਹੈ, ਡਰਦਾ ਹੈ ਬੱਚਾ। ਕਿਉਂਕਿ ਸ਼ਬਦ ਭੁੱਲ ਗਿਆ ਇਸਨੂੰ। ਉਸ ਸ਼ਬਦ ਦੇ ਆਸਰੇ ਜੀਉਂਦਾ ਹੈ ਉਹ।

***ਉਰਝਿ ਪਰੇ ਜੋ ਛੋਡਿ ਛਡਾਨਾ॥***
***ਦੇਵਨਹਾਰੁ ਮਨਹਿ ਬਿਸਰਾਨਾ॥ ਅੰਗ - 251***

ਸੋ ਮਹਾਰਾਜ ਕਹਿੰਦੇ ਜੇ ਮੁੜ ਕੇ ਸੁਰਤ ਨਹੀਂ ਨਾ ਕਰੀ, ਤਾਂ ਕਹਿੰਦੇ ਉਹਦਾ ਸੰਸਾਰ ਦੇ ਉਤੇ ਕੋਈ ਬਹੁਤਾ ਲੇਖੇ ਵਿਚ ਨਹੀਂ ਹੈ। ਮਹਾਰਾਜ ਤਾਂ ਝਿੜਕ ਮਾਰਦੇ ਨੇ ਕਿ ਭਾਈ, ਤੂੰ ਆਹ ਗੱਲ ਤਾਂ ਸਮਝਿਆ ਨਹੀਂ। ਉਵੇਂ ਸਿਆਣਾ ਬਣਿਆ ਫਿਰਦਾ ਹੈ, ਪੀ.ਐਚ.ਡੀ ਕਰ ਲਈ, ਸਪੈਸ਼ਲਿਸਟ ਹੋ ਗਿਆ, ਦੁਨੀਆਂ ਨੂੰ ਮੱਤਾਂ ਦਿੰਦਾ ਹੈਂ, ਉਪਦੇਸ਼ ਦਿੰਦਾ ਹੈਂ ਵੱਡੇ ਵੱਡੇ, ਪਰ ਜੇ ਤੈਨੂੰ ਏਸ ਚੀਜ਼ ਦੀ ਪ੍ਰਾਪਤੀ ਨਹੀਂ ਹੋਈ, ਤੇਰੀ ਸੁਰਤ ਨਹੀਂ ਜਾਗੀ, ਉਨਮਨ ਦਸ਼ਾ ਤੇਰੇ ਤੇ ਨਹੀਂ ਤਾਰੀ ਹੋਈ, ਆਤਮ ਗਿਆਨ ਤੈਨੂੰ ਨਹੀਂ ਹੋਇਆ ਤਾਂ ਤੈਨੂੰ ਅਸੀਂ ਕੀ ਕਹੀਏ? ਕਿ ਤੇਰਾ ਆਉਣਾ ਸਫਲ ਹੈ? ਨਾ ਮਹਾਰਾਜ ਤਾਂ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਜਿਹਨੂੰ ਲੱਗਿਆ ਨਾ***
***ਪਿਆਰ ਨਾਲ ਹਰੀ ਦੇ,***
***ਧ੍ਰਿਗ ਉਹਦਾ ਆਉਣਾ ਜਗ ਤੇ।***

ਕਿੱਡੀ ਵੱਡੀ ਬਾਤ ਮਹਾਰਾਜ ਨੇ ਸਾਨੂੰ ਕਹਿ ਦਿਤੀ। ਸਾਰੇ ਹੀ ਆ ਜਾਂਦੇ ਹਾਂ ਆਪਾਂ ਇਹਦੇ ਵਿਚ, ਕੋਈ ਵਿਰਲਾ ਹੈ ਜਿਹਨੂੰ ਪਿਆਰ ਰਹਿੰਦਾ ਹੈ ਵਾਹਿਗੁਰੂ ਦਾ। ਕਿਉਂਕਿ ਮਹਾਰਾਜ ਨੇ ਜੀਵਨ ਪ੍ਰਵਾਨ ਨਹੀਂ ਕਰਿਆ।

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥ ਅੰਗ - 142***

ਨਾ ਕਹੋ ਬਾਕੀਆਂ ਨੂੰ ਕਿ ਜੀਉਂਦੇ ਓਂ। ਕੀ ਕਹੀਏ? ਮਹਾਰਾਜ ਕਹਿੰਦੇ, ਸਾਰੇ ਮੁਰਦੇ ਨੇ, ਜੀਉਂਦਾ ਨਹੀਂ ਹੈ, ਕੋਈ। ਜੀਉਂਦਾ ਉਹ ਹੈ ਜਿਹਦੇ ਅੰਦਰ ਪ੍ਰਮੇਸ਼ਰ ਦੇ ਨਾਮ ਦੀ ਕਰੰਟ ਚਲਦੀ ਹੈ, ਸਬਦ ਚਲ ਰਿਹਾ ਹੈ। ਜੇ ਜੀਉਂਦਾ ਹੈ ਫੇਰ ਮਹਾਰਾਜ ਉਹ ਕਿਹੋ ਜਿਹਾ ਹੈ? ਮਹਾਰਾਜ ਕਹਿੰਦੇ-

***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮ ਜੇਤਾ ਕਿਛੁ ਖਾਇ॥ ਅੰਗ - 142***

ਜਿੰਨਾ ਖਾਂਦਾ ਹੈ, ਹਰਾਮ ਖਾ ਰਿਹਾ ਹੈ, ਪਤਿ ਲਹਿ ਰਹੀ ਹੈ।

***ਖਾਂਦਿਆ ਖਾਂਦਿਆ ਮੁਹੁ ਘਠਾ***
***ਪੈਨੰਦਿਆ ਸਭੁ ਅੰਗੁ॥***
***ਨਾਨਕ ਧ੍ਰਿਗੁ ਤਿਨਾ ਦਾ ਜੀਵਿਆ***
***ਜਿਨ ਸਚਿ ਨ ਲਗੋ ਰੰਗੁ॥ ਅੰਗ - 523***

ਖਾਂਦਿਆਂ ਖਾਂਦਿਆਂ ਦੰਦ ਭੀ ਘਸ ਗਏ, ਕੰਨ ਵੀ ਸੁਣਨ ਤੋਂ ਰਹਿ ਗਏ, ਨੇਤਰ ਵੀ ਦੇਖਣ ਤੋਂ ਰਹਿ ਗਏ, ਹੱਥ ਪੈਰ ਵੀ ਕੰਬਣ ਲੱਗ ਗਏ।

ਇਹ ਤਾਂ ਹੋਣਾ ਹੀ ਹੈ ਸਾਧਸੰਗਤ ਜੀ! ਕਿਉਂਕਿ ਅਸੀਂ ਭੋਗਾਂ ਨੂੰ ਨਹੀਂ ਭੋਗਦੇ, ਭੋਗ ਸਾਨੂੰ ਭੋਗ ਜਾਂਦੇ ਨੇ। ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ -

***ਨਾਨਕ ਧ੍ਰਿਗੁ ਤਿਨਾ ਦਾ ਜੀਵਿਆ***
***ਜਿਨ ਸਚਿ ਨ ਲਗੋ ਰੰਗੁ॥ ਅੰਗ - 523***

ਧ੍ਰਿਗ ਹੈ ਜੀਉਣਾ ਉਨ੍ਹਾਂ ਦਾ, ਜਿਨ੍ਹਾਂ ਦਾ ਵਾਹਿਗੁਰੂ ਨਾਲ ਪਿਆਰ ਨਹੀਂ ਪਿਆ। ਜੇ ਤਾਂ ਪੈ ਗਿਆ ਪੈ ਗਿਆ ਫੇਰ ਤਾਂ ਉਹਨੇ ਸਭ ਕੁਛ ਖੱਟ ਲਿਆ ਸੰਸਾਰ ਤੇ ਆ ਕੇ। ਚਾਹੇ ਉਹਦੇ ਕੋਲ ਇਕ ਦਮੜੀ ਨਹੀਂ ਹੈ। ਪਾਟੇ ਹੋਏ ਕਪੜੇ ਪਹਿਨਦਾ ਹੈ, ਚਾਹੇ ਝੌਂਪੜੀ 'ਚ ਰਹਿੰਦਾ ਹੈ। ਲੇਕਿਨ ਉਹਨੇ ਜੀਵਨ ਦਾ ਲਕਸ਼ ਪ੍ਰਾਪਤ ਕਰ ਲਿਆ। ਆਹੀ ਸਾਡੇ 'ਚ ਫਰਕ ਹੈ ਅਸੀਂ ਸਮਝ ਨਹੀਂ ਸਕਦੇ ਇਸ ਗੱਲ ਨੂੰ। ਅਸੀਂ ਆਦਮੀ ਦੀ ਕਦਰ ਕੀਮਤ ਉਹਦੇ ਅਹੁਦੇ ਨਾਲ ਪਾਉਂਦੇ ਹਾਂ, ਉਹਦੇ ਸੋਹਣੇ ਕੱਪੜਿਆਂ ਨਾਲ, ਸੋਹਣੇ ਰੂਪ ਨਾਲ ਪਾਉਂਦੇ ਹਾਂ। ਮਹਾਰਾਜ ਕਹਿੰਦੇ, ਰੂਪ ਦਾ ਗੁਮਾਨ ਕਰਦਾ ਹੈਂ -

***ਕਪੜੁ ਰੂਪੁ ਸੁਹਾਵਣਾ***
***ਛਡਿ ਦੁਨੀਆ ਅੰਦਰਿ ਜਾਵਣਾ॥***
***ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥***
***ਹੁਕਮ ਕੀਏ ਮਨਿ ਭਾਵਦੇ***
***ਰਾਹਿ ਭੀੜੈ ਅਗੈ ਜਾਵਣਾ॥***
***ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥***
***ਕਰਿ ਅਉਗਣ ਪਛੋਤਾਵਣਾ॥ ਅੰਗ - 471***

ਤੂੰ ਜੋ ਕੁਛ ਕਰਿਆ ਹੈ, ਉਹਦੇ ਨਾਲ ਤੇਰੀ ਕੀਮਤ ਪੈਣੀ ਹੈ। ਕੱਪੜਿਆਂ ਦੇ ਨਾਲ ਤਾਂ ਨਹੀਂ ਦਰਗਾਹ ਦੇ ਵਿਚ ਧੋਖਾ ਦੇ ਸਕਦਾ। ਸੋਹਣੇ ਰੂਪ ਨਾਲ ਤੂੰ ਧੋਖਾ ਨਹੀਂ ਦੇ ਸਕਦਾ। ਆਹ ਗੱਲਾਂ ਪ੍ਰਮੇਸ਼ਰ ਨਹੀਂ ਗਿਣਿਆਂ ਕਰਦਾ। ਸੋ ਇਸ ਕਰਕੇ ਪਾਟੇ ਹੋਏ ਕਪੜੇ ਹੋਣ-

***ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥***
***ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥***
***ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥***
***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥***
***ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥***
***ਅੰਗ - 707***

ਕਿੱਡੀ ਵੱਡੀ ਪਦਵੀ ਦੇ ਦਿਤੀ ਮਹਾਰਾਜ ਨੇ, ਬਾਦਸ਼ਾਹਾਂ ਦਾ ਵੀ ਬਾਦਸ਼ਾਹ ਹੈ। ਸੱਚਾ ਪਾਤਸ਼ਾਹ ਹੈ। ਪਾਟੇ ਹੋਏ ਕਪੜਿਆਂ ਵਾਲੇ ਨੂੰ ਪਾਤਸ਼ਾਹ ਦੀ ਪਦਵੀ ਦੇ ਦਿਤੀ, ਸ੍ਰਿਸ਼ਟੀ ਦਾ ਰਾਜਾ ਕਹਿ ਦਿਤਾ, ਧਰਤੀ ਦਾ ਨਹੀਂ ਕਿਹਾ, ਸ੍ਰਿਸ਼ਟੀ ਦਾ ਕਿਹਾ ਹੈ। ਕਿਉਂਕਿ ਇਥੇ ਵੀ ਉਹਦਾ ਹੁਕਮ ਚਲਦਾ ਹੈ, ਦਰਗਾਹ ਵਿਚ ਵੀ ਚਲਦਾ ਹੈ। ਮਹਾਰਾਜ ਕਹਿੰਦੇ, ਜਿਹਦਾ ਦਰਗਾਹ 'ਚ ਹੁਕਮ ਚਲਦਾ ਹੈ –

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥***

***ਅੰਗ – 186***

ਜਿਹਦਾ ਦਰਗਾਹ 'ਚ ਹੁਕਮ ਮੰਨਦਾ ਹੈ ਧਰਮਰਾਜ, ਬ੍ਰਹਮਾ ਮੰਨਦਾ ਹੈ, ਸ਼ਿਵ ਜੀ ਮੰਨਦਾ ਹੈ, ਵਿਸ਼ਨੂੰ ਜੀ ਜਿਹਦਾ ਹੁਕਮ ਮੰਨਦੇ ਨੇ, 33 ਕਰੋੜ ਦੇਵਤਾ ਜਿਹਦੇ ਹੁਕਮ ਅੱਗੇ ਚਲਦੇ ਨੇ, ਪਾਣੀ ਹੁਕਮ ਮੰਨਦਾ ਹੈ ਜਿਹਦਾ, ਦਰਿਆ ਨੂੰ ਕਹਿ ਦੇ ਕਿ ਮੈਂ ਲੰਘਣਾ ਹੈ, ਠਹਿਰ ਜਾ। ਐਸੀਆਂ ਬੇਅੰਤ ਮਿਸਾਲਾਂ ਨੇ, ਬੇਅੰਤ ਬੇਪਰਵਾਹ ਮਹਾਂਪੁਰਸ਼ ਨੇ ਜਦ ਦਰਿਆ ਨੂੰ ਕਹਿ ਦਿਤਾ ਕਿ ਅਸੀਂ ਲੰਘਣਾ ਹੈ, ਠਹਿਰ ਜਾ। ਅੱਗ ਨੂੰ ਕਹਿ ਦਿਤਾ ਕਿ ਸੇਕ ਨਾ ਦੇਈਂ ਅਸੀਂ ਵਿਚ ਦੀ ਲੰਘਣਾ ਹੈ। ਤੱਤਾ ਥੰਮ ਹੈ ਨੇੜੇ ਕੋਈ ਜਾ ਨਹੀਂ ਸਕਦਾ ਤੇ ਪ੍ਰਹਿਲਾਦ ਨੂੰ ਉਹ ਅੱਗ ਸੇਕ ਨਹੀਂ ਦੇ ਰਹੀ। ਮਾਇਆ ਨੇ ਸੁਭਾਅ ਬਦਲ ਦਿਤਾ ਕਿਉਂਕਿ ਉਹਦਾ ਹੁਕਮ ਚਲਦਾ ਹੈ, ਸਾਰੇ ਤੱਤਾਂ ਤੇ ਹੁਕਮ ਚਲਦਾ ਹੈ। ਕਹਿੰਦੇ ਉਹ ਬਾਦਸ਼ਾਹ ਹੈ ਅਸਲੀ। ਉਹਦੀ ਤਾਂ ਧੂੜੀ ਵੀ ਲੈ ਕੇ ਸਾਡਾ ਉਧਾਰ ਹੋ ਜਾਏਗਾ। ਸੋ ਏਸ ਕਰਕੇ ਜਿੰਨਾ ਚਿਰ ਅਸੀਂ ਇਹ ਬਾਤ ਨਹੀਂ ਸਮਝਦੇ, ਜ਼ਹਿਨ ਨਸ਼ੀਨ ਨਹੀਂ ਕਰਦੇ। ਇਹਦੀ ਇਕ ਮੰਜ਼ਲ ਤਾਂ ਅਸੀਂ ਤਹਿ ਕਰ ਲਈ ਕਿ ਅਸੀਂ ਸਤਿਸੰਗ 'ਚ ਆਉਂਦੇ ਹਾਂ, ਬੜੇ ਪਿਆਰ ਨਾਲ ਦੂਰ ਦਰਾਜ ਤੋਂ ਆਉਂਦੇ ਹਾਂ, ਬਹੁਤ ਸਾਰੇ ਆਸ਼ੇ ਲੈ ਕੇ ਆਉਂਦੇ ਹਾਂ ਤੇ ਇਥੇ ਸੋਝੀ ਮਿਲਦੀ ਹੈ, ਇਥੇ ਮਨ ਮਾਂਜਿਆ ਜਾਂਦਾ ਹੈ, ਜਦੋਂ ਮਨ ਮਾਂਜ ਹੋ ਜਾਵੇ, ਲਿਸ਼ਕ ਜਾਵੇ, ਫੇਰ ਨਾਮ ਦਾ ਨਿਵਾਸ ਹੋਇਆ ਕਰਦਾ ਹੈ। ਨਾਮ ਦਾ ਨਿਵਾਸ ਹੋ ਗਿਆ, ਅਸੀਂ ਸਭ ਕੁਛ ਖੱਟ ਲਿਆ। ਚਾਹੇ ਦੁਨੀਆਂ ਦੀ ਕੋਈ ਚੀਜ਼ ਸਾਡੇ ਕੋਲ ਨਹੀਂ, ਲੇਕਿਨ ਅਸੀਂ ਜੇਤੂ ਹੋ ਕੇ ਸੰਸਾਰ ਤੋਂ ਜਾਵਾਂਗੇ। ਹੁੰਦਾ ਕੀ ਹੈ ਕਿ ਇਹ ਚੀਜ਼ਾਂ ਨੂੰ ਛੱਡ ਕੇ ਕੌਡੀ ਕੌਡੀ ਦੀਆਂ ਚੀਜ਼ਾਂ ਦੇ ਉਤੇ ਡੋਲਦਾ ਹੈ। ਜੇ ਕੋਈ ਹੰਸ ਆ ਜਾਵੇ, ਜਿਸਦੀ ਖੁਰਾਕ ਮੋਤੀ ਹੈ ਤੇ ਉਹ ਮੋਤੀਆਂ ਨੂੰ ਛੱਡ ਕੇ ਕਿਸੇ ਡੁਬਲੀ 'ਚ ਜਾ ਕੇ ਬਹਿ ਜਾਵੇ, ਜਿਥੇ ਮਰੇ ਹੋਏ ਡੰਗਰ ਨੇ ਤੇ ਧੂਅ-ਧੂਅ ਕੇ ਗਿਲਝਾਂ ਵਾਂਗੂੰ ਮਾਸ ਖਾਵੇ ਤਾਂ ਸਾਰੀਆਂ ਦੁਨੀਆਂ ਹੀ ਨਿਰਾਸ਼ ਹੋ ਜਾਏਗੀ ਕਿ ਆਹ ਕੀ ਹੋ ਗਿਆ ਇਸ ਹੰਸ ਨੂੰ? ਸਾਰੇ ਸੋਚਾਂਗੇ ਨਾ ਕਿ ਆਹ ਕੀ ਹੋਇਆ ਕਿੱਡਾ ਮਾੜਾ ਹੋ ਗਿਆ ਇਹ ਜਾਨਵਰ?ਇਹਦੀ ਖੁਰਾਕ ਤਾਂ ਮੋਤੀ ਸੀ?ਮਹਾਰਾਜ ਕਹਿੰਦੇ ਤੂੰ ਉਹਨੂੰ ਕੀ ਕਹਿੰਦਾ ਹੈਂ ਤੇਰਾ ਵੀ ਇਹੀ ਹਾਲ ਹੈ?

***ਧਾਰਨਾ – ਹੰਸ ਮੋਤੀ ਚੁਗਣ ਨੂੰ ਆਇਆ,***
***ਆ ਕੇ ਬਹਿ ਗਿਆ ਕਰੰਗਾਂ ਤੇ।***

***ਸਉ ਓਲਾਮੇ ਦਿਨੈ ਕੇ ਰਾਤੀ ਮਿਲਨਿ ਸਹੰਸ॥***

***ਅੰਗ – 790***

ਸੌ ਉਲ੍ਹਾਮੇ ਦਿਨ 'ਚ ਤੈਨੂੰ ਗੁਰਬਾਣੀ ਦਿੰਦੀ ਹੈ, ਸਤਿਪੁਰਸ਼ ਦਿੰਦੇ ਨੇ, ਵੇਦ ਬਾਣੀ ਦਿੰਦੀ ਹੈ ਕਿ ਤੂੰ ਆਇਆ ਕੀ ਕਰਨ ਸੀ ਤੇ ਕਰ ਕੀ ਰਿਹਾ ਹੈਂ? ਹਜਾਰਾਂ ਹੀ ਉਲ੍ਹਾਮੇ ਰਾਤ ਨੂੰ ਮਿਲਦੇ ਨੇ, ਕਿਉਂ ਮਿਲਦੇ ਨੇ? ਕਿਉਂਕਿ –

***ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ॥***

***ਅੰਗ – 790***

ਕਰੰਗਾਂ ਤੇ ਆ ਕੇ ਬਹਿ ਗਿਆ। ਜਿਨ੍ਹਾਂ ਦੇ ਨੇਤਰ ਖੁਲ੍ਹੇ ਨੇ ਉਹਨਾਂ ਨੂੰ ਪਤਾ ਹੈ ਕਿ ਇਹ ਕਰੰਗ ਚੂੰਡਦਾ ਹੈ, ਕਿਤੇ ਈਰਖਾ ਦੇ, ਕਿਤੇ ਚੁਗਲੀਆਂ ਦੇ, ਕਿਤੇ ਈਰਖਾ ਦੇ, ਕਿਤੇ ਵਿਸ਼ਿਆਂ ਦੇ, ਕਿਤੇ ਕਾਮ ਦੇ, ਕਿਤੇ ਕ੍ਰੋਧ ਦੇ, ਕਿਤੇ ਲੋਭ ਦੇ, ਮੋਹ ਦੇ, ਰਾਜ ਦੇ, ਰੂਪ, ਜਾਤ, ਜੋਬਨ, ਸ਼ਬਦ, ਸਪਰਸ਼, ਰੂਪ, ਰਸ, ਗੰਧ। ਸਾਰੇ ਕਰੰਗ ਨੇ। ਇਨ੍ਹਾਂ ਦੇ ਉਤੇ ਘੁੰਮਦਾ ਹੈ ਮਨ, ਦਿਨ ਰਾਤ ਘੁੰਮਦਾ ਹੈ। ਫੇਰ ਉਲਾਂਭੇ ਮਿਲਣੇ ਹੀ ਨੇ, ਕਹਿੰਦੇ ਕੀ ਫਾਇਦਾ ਇਸ ਜੀਵਨ ਦਾ–

***ਫਿਟੁ ਇਵੇਹਾ ਜੀਵਿਆ***
***ਜਿਤੁ ਖਾਇ ਵਧਾਇਆ ਪੇਟੁ॥ ਅੰਗ – 790***

ਖਾ-ਖਾ ਕੇ ਮੋਟਾ ਹੋ ਗਿਆ। ਕਹਿੰਦੇ ਕੁਇੰਟਲ ਵਜ਼ਨ ਹੋ ਗਿਆ। ਛੇ ਫੁੱਟ ਮੈਂ ਉਚਾ ਹੋ ਗਿਆ। ਕਹਿੰਦੇ ਸੁਆਹ ਹੈ ਤੇਰਾ ਜੀਣਾ। ਕਿਸ ਕੰਮ ਦਾ ਹੈ ਜੀਣਾ।

***ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ॥***

***ਅੰਗ – 790***

ਜਿੰਨੇ ਪਿਆਰ ਕਰਨ ਵਾਲੇ ਨੇ, ਸੱਚੇ ਨਾਮ ਤੋਂ ਬਗੈਰ ਸਭ ਦੁਸ਼ਮਣ ਹੋ ਜਾਂਦੇ ਨੇ। ਸੋ ਇਸ ਕਰਕੇ ਮਹਾਰਾਜ ਕਹਿੰਦੇ ਪ੍ਰੇਮੀਆਂ! ਬਾਣੀ ਦੀ ਵਿਚਾ ਰ ਕਰ। ਜਦੋਂ ਤੂੰ ਬਾਣੀ ਦੀ ਵਿਚਾਰ ਕਰਕੇ ਮੰਨੇਗਾ, ਫੇਰ ਤੈਨੂੰ ਸਤਿਸੰਗ 'ਚ ਆਉਣਾ ਦਾ ਪੂਰਾ-ਪੂਰਾ ਫਲ ਪ੍ਰਾਪਤ ਹੋਏਗਾ। ਜਿਹੜਾ ਸੁਣਦਾ ਹੈ, ਸੁਣ ਕੇ ਮਨ ਵਿਚ ਮੰਨਦਾ ਹੈ, ਮੰਨਣ ਤੋਂ ਬਾਅਦ ਫੇਰ ਕਮਾਈ ਕਰਦਾ ਹੈ, ਫੇਰ ਜਦੋਂ ਚੀਜ਼ ਪ੍ਰਗਟ ਹੋ ਜਾਂਦੀ ਹੈ, ਕਮਾਈ ਕਰਦੇ, ਜਿਹਨੂੰ ਅਭਿਆਸ ਕਹਿੰਦੇ ਨੇ, ਫੇਰ ਬਾਣੀ ਦਾ ਫਲ ਪ੍ਰਾਪਤ ਹੁੰਦਾ ਹੈ।

***ਕਈ ਕੋਟਿਕ ਜਗ ਫਲਾ ਸੁਣ ਗਾਵਨਹਾਰੇ ਰਾਮ॥***
***ਅੰਗ - 546***

ਲੇਕਿਨ ਜਿਹੜਾ ਪ੍ਰਮੇਸ਼ਰ ਦਾ ਪਿਆਰ ਹੈ, ਨਾਮ ਦਾ ਪਿਆਰਾ ਹੈ, ਉਹ ਕੋਈ ਚੀਜ਼ ਨਹੀਂ ਮੰਗਦਾ ਕਿਉਂਕਿ ਇਹ ਬੰਧਨ ਨੇ ਸਾਰੇ। ਹੱਥਕੜੀਆਂ ਦੋਵੇਂ ਮਾੜੀਆਂ ਨੇ, ਚਾਹੇ ਸੋਨੇ ਦੀ ਹੱਥਕੜੀ ਹੈ, ਚਾਹੇ ਲੋਹੇ ਦੀ। ਜੇ ਨਰਕਾਂ ਨੂੰ ਜਾਂਦੇ ਹਾਂ ਤਾਂ ਵੀ ਬੰਨ੍ਹੇ ਹੋਏ ਹਾਂ, ਜੇ ਸਵਰਗ ਨੂੰ ਜਾਂਦੇ ਹਾਂ, ਉਹ ਵੀ ਟਾਈਮ ਕੱਟ ਕੇ ਫੇਰ ਇਥੇ ਹੀ ਆਉਣਾ ਪੈਂਦਾ ਹੈ, ਚਾਹੇ ਦੱਸ ਹਜ਼ਾਰ ਸਾਲ ਬਾਅਦ ਆਈਏ, ਚਾਹੇ ਪੰਜਾਹ ਹਜ਼ਾਰ ਸਾਲ ਬਾਅਦ ਆਈਏ, ਚਾਹੇ ਲੱਖ ਸਾਲ ਬਾਅਦ ਆਈਏ, ਛੁਟਕਾਰਾ ਤਾਂ ਹੋਇਆ ਨਾ ਨਾ, ਉਹ ਸੋਨੇ ਦੀ ਬੇੜੀ ਹੈ। ਸੋ ਜਿਨ੍ਹਾਂ ਨੂੰ ਬੰਦਗੀ ਨਾਲ ਪਿਆਰ ਪੈ ਗਿਆ, ਆਤਮ ਗਿਆਨ ਹੋ ਗਿਆ, ਉਹ ਨੂੰ ਕੋਈ ਨਹੀਂ ਬੰਨ੍ਹਦਾ। ਸੰਤਾਂ ਨੂੰ ਪੁਛਿਆ ਕਿ ਜਿਹੜੇ ਤੁਸੀਂ ਨੇਕ ਕੰਮ ਕਰਦੇ ਹੋਂ, ਉਹ ਫੇਰ ਕਿੱਥੇ ਜਾਂਦੇ ਨੇ, ਕਰਮ ਤਾਂ ਸਭ ਨੂੰ ਭੋਗਣੇ ਪੈਂਦੇ ਨੇ। ਮਾੜਾ ਕੰਮ ਵੀ ਕੋਈ ਨਾ ਕੋਈ ਹੋ ਹੀ ਜਾਂਦਾ ਹੈ। ਕੋਈ ਪੈਰ ਥੱਲੇ ਆ ਕੇ ਮਰ ਗਿਆ, ਕੋਈ ਵੈਸੇ ਗੱਲ ਹੋ ਗਈ। ਉਹ ਕਹਿੰਦੇ, ਦੇਖੋ ਬਈ ਪ੍ਰੇਮੀਓ! ਪ੍ਰਮੇਸ਼ਰ ਨੇ ਦੋ ਪਹਿਰੇਦਾਰ ਲਾਏ ਹੋਏ ਨੇ ਜਿਹੜੇ ਹਰ ਵਕਤ ਸੰਤਾਂ ਨੂੰ ਸੁੱਚਾ ਰੱਖਦੇ ਨੇ। ਕਹਿੰਦੇ ਨਜ਼ਰ ਤਾਂ ਆਉਂਦੇ ਨਹੀਂ ਪਹਿਰੇਦਾਰ, ਤੁਸੀਂ ਇਕੱਲੇ ਹੀ ਘੁੰਮਦੇ ਹੋਂ ?ਗੜਵਾ ਵੀ ਤੁਹਾਡੇ ਹੱਥ 'ਚ ਹੁੰਦਾ ਹੈ, ਚਿੱਪੀ ਵੀ ਤੁਹਾਡੇ ਹੱਥ ਵਿਚ ਹੁੰਦੀ ਹੈ? ਤੁਹਾਡੇ ਨਾਲ ਕਿਹੜਾ ਪਹਿਰੇਦਾਰ ਹੈ? ਸੰਤਾਂ ਨਾਲ ਹਰੇਕ ਨਾਲ ਤਾਂ ਪਹਿਰੇਦਾਰ ਨਹੀਂ ਹੁੰਦਾ? ਕਹਿੰਦੇ ਨਹੀਂ ਹਰੇਕ ਨਾਲ ਪਹਿਰੇਦਾਰ ਹੁੰਦਾ ਹੈ? ਸਾਰੇ ਸੰਤਾਂ ਨਾਲ ਪਹਿਰੇਦਾਰ ਲੱਗੇ ਹੋਏ ਨੇ ਦੋ। ਇਕ ਉਹ ਨੇ ਜਿਹੜੇ ਉਨ੍ਹਾਂ ਦੇ ਸ਼ੁੱਭ ਕਰਮਾਂ ਨੂੰ ਲਈ ਜਾਂਦੇ ਨੇ। ਇਕ ਉਹ ਨੇ ਜਿਹੜੇ ਉਨ੍ਹਾਂ ਦੇ ਮਾੜੇ ਕਰਮਾਂ ਨੂੰ ਲਈ ਜਾਂਦੇ ਨੇ ਤੇ ਸੰਤ ਦੋਹਾਂ ਤੋਂ ਨਿਰਲੇਪ ਰਹਿੰਦੇ ਨੇ। ਕਹਿੰਦੇ ਉਹ ਕੌਣ ਹੋਏ? ਮਹਾਰਾਜ ਕਹਿੰਦੇ, ਜਿਹੜੇ ਸੇਵਾ ਕਰਦੇ ਨੇ, ਉਪਮਾ ਕਰਦੇ ਨੇ, ਉਹ ਸਾਰੇ ਸੰਤਾਂ ਦੇ ਪੁੰਨਾਂ ਨੂੰ ਲੈ ਜਾਂਦੇ ਨੇ, ਕਿਉਂਕਿ ਸੰਤਾਂ ਕੋਲ ਵਾਧੂ ਚੀਜ਼ ਪਈ ਹੈ, ਉਹ ਦੇ ਦਿੰਦੇ ਨੇ ਕਿ ਆਹ ਪੁੰਨਾਂ ਦਾ ਫਲ ਕਿਹਨੂੰ ਦੇਈਏ ?ਕਿਉਂਕਿ ਸੰਤਾਂ ਨੂੰ ਲੋੜ ਨਹੀਂ ਹੈ, ਸੰਤ ਸਵਰਗ ਵਿਚ ਨਹੀਂ ਜਾਇਆ ਕਰਦੇ। ਸੰਤਾਂ ਦਾ ਤਾਂ ਦੇਸ਼ ਹੀ ਹੋਰ ਹੈ। ਸੁਰਗ ਵਿਚ ਜਾਂਦੇ ਨੇ -

***ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥***
***ਅੰਗ - 1414***

ਸਵਰਗ ਦੀ ਲੋੜ ਨਹੀਂ ਹੈ ਸੰਤਾਂ ਨੂੰ।

***ਕਵਨੁ ਨਰਕੁ ਕਿਆ ਸੁਰਗੁ ਬਿਚਾਰਾ***
***ਸੰਤਨ ਦੋਊ ਰਾਦੇ॥***
***ਹਮ ਕਾਹੂ ਕੀ ਕਾਣਿ ਨ ਕਢਤੇ***
***ਅਪਨੇ ਗੁਰ ਪਰਸਾਦੇ॥ ਅੰਗ - 969***

ਸੰਤ ਤਾਂ ਕਹਿੰਦੇ ਨੇ, ਪ੍ਰਮੇਸ਼ਰ ਦੀ ਕ੍ਰਿਪਾ ਦੇ ਨਾਲ ਨਰਕ ਸੁਰਗ ਗਲ 'ਚੋਂ ਉਤਰ ਗਏ। ਹੁਣ ਤਾਂ ਅਸੀਂ ਜਿਹਨੂੰ ਸੋ ਘਰ ਕਹਿੰਦੇ ਨੇ, ਨਿਜ ਘਰ ਕਹਿੰਦੇ, ਥਿਰ ਘਰ ਕਹਿੰਦੇ ਨੇ, ਉਹ ਸਾਡੇ ਥਾਂ ਹੈ। ਜਿਹੜੀ ਸਾਡੇ ਕੋਲ ਵਾਧੂ ਚੀਜ਼ ਹੈ ਉਹ ਅਸੀਂ ਵੰਡ ਦਿੰਦੇ ਹਾਂ। ਸੰਤ ਕਿੰਨਾ ਪੁੰਨ ਕਰਦੇ ਨੇ, ਦਿਨ ਰਾਤ ਉਨ੍ਹਾਂ ਦੇ ਕਰਮ ਪੁੰਨ ਦੇ ਹੁੰਦੇ ਨੇ। ਪਰ ਉਹ ਬਿਲਕੁਲ ਨਹੀਂ ਨੇੜੇ ਲੱਗਣ ਦਿੰਦੇ ਪੁੰਨਾਂ ਨੂੰ। ਵਾਧੂ ਬਾਹਰ ਰੱਖ ਦਿੰਦੇ ਨੇ ਕਿ ਜਿਹੜੇ ਸੇਵਾ ਕਰਨ ਵਾਲੇ ਨੇ, ਪਿਆਰ ਕਰਨ ਵਾਲੇ ਨੇ, ਇਹ ਲਈ ਜਾਣ, ਜਿੰਨਾ ਇਨ੍ਹਾਂ ਦਾ ਜੀਅ ਕਰਦਾ ਹੈ। ਸੋ ਅਸਲੀ ਚੀਜ਼ ਜਿਹੜੀ ਹੈ ਸੋ ਉਹ ਇਨ੍ਹਾਂ ਪੁੰਨਾਂ ਤੋਂ ਉਪਰ ਹੈ। ਸੋ ਮਹਾਰਾਜ ਫੁਰਮਾਨ ਕਹਿੰਦੇ ਨੇ ਕਿ ਤੁਸੀਂ ਗੁਰੂ ਗ੍ਰੰਥ ਸਾਹਿਬ ਦੀ ਵਿਚਾਰ ਕਰੋ ਭਾਈ, ਬਾਣੀ ਨੂੰ ਮੰਨਣਾ ਸ਼ੁਰੂ ਕਰੋ। ਪਹਿਲਾਂ ਸੁਣੋ, ਫੇਰ ਮੰਨੋ। ਸੁਣਨਾ ਕੀ ਹੈ -

***ਧਾਰਨਾ - ਜਿਹੜਾ ਮਾਤਾ ਦੇ ਉਦਰ ਵਿਚ ਪਾਲਦੈ,***
***ਉਹਨੂੰ ਕਿਉਂ ਵਿਸਾਰੇ ਬੰਦਿਆ।***

***ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ***
***ਸੋ ਕਿਉ ਮਨਹੁ ਵਿਸਾਰੀਐ॥ ਅੰਗ - 920***

ਸਵਾਲ ਪੁਛਦੇ ਨੇ ਮਹਾਰਾਜ? ਬੜੇ ਪਿਆਰ ਦੇ ਨਾਲ ਪੁਛਦੇ ਨੇ। ਮਹਾਰਾਜ ਕਹਿੰਦੇ ਕਿਉਂ ਉਹਨੂੰ ਵਿਸਾਰਦਾ ਹੈ?

***ਮਨਹੁ ਕਿਉ ਵਿਸਾਰੀਐ ਏਵਡੁ ਦਾਤਾ***
***ਜਿ ਅਗਨਿ ਮਹਿ ਆਹਾਰੁ ਪਹੁਚਾਵਏ॥***
***ਅੰਗ - 920***

ਹੋਰ ਤਾਂ ਕੋਈ ਪਹੁੰਚਾ ਹੀ ਨਹੀਂ ਸੀ ਸਕਦਾ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ, ਗੱਲ ਮਨ ਵਸਾ ਲੈ, ਉਹਨੂੰ ਭੁੱਲ ਨਾ ਤੂੰ ਪ੍ਰੇਮੀਆਂ!

***ਜਿਹ ਪ੍ਰਸਾਦਿ ਰੰਗ ਰਸ ਭੋਗ॥***
***ਨਾਨਕ ਸਦਾ ਧਿਆਈਐ ਧਿਆਵਨ ਜੋਗੁ॥***
***ਅੰਗ - 269***

ਕਿਉਂਕਿ ਉਹ ਧਿਆਵਨ ਜੋਗ ਹੈ। ਹੋਰ ਕੋਈ ਚੀਜ਼ ਧਿਆਵਨ ਜੋਗ ਨਹੀਂ ਹੈ, ਨਾ ਕੋਈ ਪੈਸਾ, ਨਾ ਕੋਈ ਪੁੱਤਰ ਨਾ ਧੀ, ਨਾ ਕੋਈ ਰਿਸ਼ਤੇਦਾਰ। ਕੋਈ ਚੀਜ਼ ਧਿਆਨ ਵਿਚ ਲਿਆਉਣ ਯੋਗ ਨਹੀਂ, ਜੇ ਧਿਆਨ ਵਿਚ ਲਿਆਉਣੀ ਹੈ ਤਾਂ ਉਸ ਪ੍ਰਮੇਸ਼ਰ ਨੂੰ ਲਿਆ। ਜੇ ਧਿਆਨ ਵਿਚ ਆ ਗਿਆ ਤਾਂ ਫੇਰ ਕੀ ਫਰਕ ਪਏਗਾ ?ਮਹਾਰਾਜ ਕਹਿੰਦੇ -

***ਏਕ ਚਿਤ ਜਿਹ ਏਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ।***

ਇਕ ਛਿਨ, ਅੱਖ ਝਮਕਣ ਜਿੰਨਾ ਚਿਰ। ਕਾਲ ਦੀ ਫਾਸੀ ਜਿਹੜੀ ਹੈ ਗਲ ਵਿਚ ਪਈ ਹੋਈ, ਉਹ ਕੱਟ ਜਾਏਗੀ। ਫੇਰ ਉਹਨੂੰ ਕਿਉਂ ਨਾ ਧਿਆਵੇ, ਜਿਸ ਦੀ ਕ੍ਰਿਪਾ ਦੇ ਨਾਲ ਤੂੰ ਬੇਅੰਤ ਚੀਜ਼ਾਂ ਦੇ ਅਨੰਦ ਲੈਂਦਾ ਹੈ, ਸੁਆਦ ਲੈਂਦਾ ਹੈਂ, ਐਉਂ ਨਹੀਂ ਕਿ ਸਵੇਰੇ ਸਵੇਰੇ ਹੀ ਧਿਆ ਲਓ।

ਇਕ ਵਾਰੀ ਇਕ ਮਹਾਂਪੁਰਸ਼ ਸੀਗੇ। ਨਮਾਜ਼ ਪੜ੍ਹਦੇ ਸੀ ਉਹ। ਕਹਿਣ ਲੱਗੇ, ਨਾਸਤਕ, ਨਾਸਤਕ। ਜਿੰਨੇ ਨਮਾਜ਼ ਪੜ੍ਹਨ ਵਾਲੇ ਸੀ ਸਾਰੇ ਨਾਸਤਕ। ਆਪ ਵੀ ਮੁਸਲਮਾਨ ਸੀ, ਜਿਹੜੇ ਨਮਾਜ਼ ਨਹੀਂ ਪੜ੍ਹਦੇ ਕਹਿੰਦੇ ਆਸਤਕ। ਬੜੀ ਅਜੀਬ ਗੱਲ ਕਹਿ ਦਿਤੀ। ਬਾਦਸ਼ਾਹ ਦੇ ਪੇਸ਼ੀ ਹੋ ਗਈ। ਬਾਦਸ਼ਾਹ ਕਹਿੰਦਾ, ਤੁਸੀਂ ਕੁਫਰ ਦੀ ਗੱਲ ਕਰਦੇ ਓਂ। ਕਹਿੰਦੇ, ਅਸੀਂ ਕੁਫਰ ਦੀ ਗੱਲ ਨਹੀਂ ਕਰਦੇ, ਅਸੀਂ ਗੱਲ ਸਤਿ ਦੀ ਕਰਦੇ ਹਾਂ।

ਕਹਿੰਦਾ ਕਿਸ ਤਰ੍ਹਾਂ ?

ਮਹਾਂਪੁਰਸ਼ਾਂ ਨੇ ਕਿਹਾ, ਤੁਹਾਡੇ ਕਿੰਨੇ ਲੜਕੇ ਨੇ ?

ਕਹਿੰਦੇ, ਮੇਰੇ ਦੋ ਲੜਕੇ ਨੇ।

ਕਹਿੰਦੇ, ਕਿੱਥੇ ਨੇ ?

ਕਹਿੰਦਾ, ਇਕ ਤਾਂ ਪ੍ਰਦੇਸ ਗਿਆ ਹੋਇਆ ਹੈ, ਬਹੁਤ ਦੇਰ ਤੋਂ। ਦੂਜਾ ਮੇਰੇ ਸਾਮ੍ਹਣੇ ਖੇਲ੍ਹਦਾ ਫਿਰਦਾ ਹੈ।

ਮਹਾਤਮਾ ਨੇ ਪੁਛਿਆ, ਕਿ ਐਉਂ ਦੱਸ ਕਿ ਜਿਹੜਾ ਪਰਦੇਸ ਗਿਆ ਹੈ, ਉਹਨੂੰ ਕਿੰਨੀ ਵਾਰੀ ਤੂੰ ਦਿਨ ਵਿਚ ਯਾਦ ਕਰਦਾ ਹੈਂ ?

ਕਹਿੰਦਾ, ਸੰਤ ਜੀ ਕਈ ਵਾਰੀ ਤਾਂ ਹਫਤਾ ਭਰ ਯਾਦ ਨਹੀਂ ਆਉਂਦਾ। ਕਈ ਵਾਰੀ ਮਹੀਨਾ ਨਹੀਂ ਯਾਦ ਆਉਂਦਾ। ਕਿਤੇ ਕਿਤੇ ਯਾਦ ਆਉਂਦਾ ਹੈ।

ਕਹਿੰਦੇ ਜਿਹੜਾ ਆਹ ਨੇੜੇ ਫਿਰਦਾ ਹੈ, ਇਹਨੂੰ ਕਿੰਨਾ ਕੁ ਯਾਦ ਕਰਦਾ ਹੈਂ ?

ਰਾਜੇ ਨੇ ਕਿਹਾ, ਕਿ ਜੇ ਇਹ ਤਾਂ ਅੱਖਾਂ ਤੋਂ ਓਹਲੇ ਹੋ ਜਾਵੇ ਨਾ, ਤਾਂ ਜਾਨ ਨਿਕਲਣ ਵਾਲੀ ਹੋ ਜਾਂਦੀ ਹੈ। ਇਹ ਸਦਾ ਧਿਆਨ ਵਿਚ ਰਹਿੰਦਾ ਹੈ ਮੇਰੇ। ਖੇਲ੍ਹਦਾ, ਆਉਂਦਾ ਜਾਂਦਾ, ਫਿਰਦਾ ਇਥੇ, ਲਾਡ ਚਾਅ ਮਲ੍ਹਾਰ ਕਰਦਾ ਮੇਰੀ ਨਿਗ੍ਹਾ 'ਚ ਰਹਿੰਦਾ ਹੈ।

ਫੇਰ ਕਹਿੰਦੇ ਜਿਹੜੇ ਪੰਜ ਵਾਰੀ ਨਮਾਜ਼ ਪੜ੍ਹਦੇ ਨੇ, ਪੰਜ ਵਾਰੀ ਰੱਬ ਨੂੰ ਯਾਦ ਕਰਦੇ ਨੇ। ਜਿਹੜੇ ਨਮਾਜ਼ ਨਹੀਂ ਪੜ੍ਹਦੇ, ਹਰ ਵਕਤ ਯਾਦ ਰਖਦੇ ਨੇ ? ਉਹ ਰੱਬ ਨੂੰ ਪ੍ਰਵਾਨ ਹੋਏ ਕਿ ਪੰਜ ਵਾਰੀ ਵਾਲੇ ਹੋਏ।

ਸੋ ਮਹਾਰਾਜ ਕਹਿੰਦੇ, ਐਉਂ ਨਾ ਖਹਿੜਾ ਛੁਡਾਓ ਕਿ ਜੀ ਅਸੀਂ ਅੰਮ੍ਰਿਤ ਵੇਲੇ ਘੰਟਾ ਨਾਮ ਜਪ ਲਿਆ। ਐਸ ਤਰ੍ਹਾਂ ਨਾਲ ਆਪਣਾ ਪੈਂਡਾ ਛੁਡਾਓ। ਕਹਿੰਦੇ ਇਹ ਤਾਂ -

***ਜਿਹ ਪ੍ਰਸਾਦਿ ਰੰਗ ਰਸ ਭੋਗ॥***
***ਨਾਨਕ ਸਦਾ ਧਿਆਈਐ ਧਿਆਵਨ ਜੋਗੁ॥***

***ਅੰਗ - 269***

ਦਿਨ ਵੀ ਰਾਤ ਵੀ, ਕੰਮ ਕਰਦਾ ਵੀ। ਕਿਉਂਕਿ ਉਹ ਧਿਆਨ ਵਿਚ ਰੱਖਣ ਦੇ ਯੋਗ ਹੈ, ਹੋਰ ਕੋਈ ਚੀਜ਼ ਨਹੀਂ ਹੈ। ਕਿਸੇ ਬੰਦੇ ਦੇ ਲੱਖ ਰੁਪਿਆ ਜੇਬ ਵਿਚ ਪਾਇਆ ਹੋਵੇ, ਮੇਲੇ ਵਿਚ ਜਾਂਦਾ ਹੋਵੇ। ਉਹ ਮੇਲਾ ਦੇਖੀ ਜਾਵੇ, ਕੁਛ ਦੇਖੀ ਜਾਵੇ। ਉਹ ਹੱਥ ਰੁਪਈਏ ਤੇ ਰਹੇਗਾ ਕਿ ਕਿਤੇ ਜੇਬ ਨਾ ਕੱਟੀ ਜਾਵੇ, ਕੱਢ ਨਾ ਲਏ ਕੋਈ ਪੈਸੇ। ਕਿਉਂਕਿ ਉਹਦੇ ਧਿਆਨ ਵਿਚ ਉਹ ਚੀਜ਼ ਵਸੀ ਹੋਈ ਹੈ, ਉਹਨੂੰ ਯਾਦ ਹੀ ਰੱਖੇਗਾ। ਉਹਦਾ ਸਾਰਾ ਸਮਾਂ ਉਸ ਧਨ ਨੂੰ ਯਾਦ ਰੱਖਣ ਵਿਚ ਲੰਘ ਜਾਏਗਾ। ਜੇ ਭੁੱਲ ਜਾਵੇ, ਕਿਤੇ ਪਾਣੀ ਦਾ ਗਿਲਾਸ ਪੀਤਾ, ਕਹੇ ਮੇਰੇ ਕੋਲ ਤਾਂ ਪੈਸੇ ਹੀ ਨਹੀਂ, ਨਾਲ ਦੇ ਤੋਂ ਮੰਗੇ। ਉਹ ਕਹੇਗਾ ਤੇਰੇ ਕੋਲ ਤਾਂ ਲੱਖ ਰੁਪਿਆ ਸੀ। ਕਹਿੰਦਾ ਮੈਂ ਤਾਂ ਭੁੱਲ ਗਿਆ ਸੀ।

ਸੋ ਵਾਹਿਗੁਰੂ ਜੀ ਜੋ ਨੇ ਉਹ ਸਦਾ ਧਿਆਵਣ ਯੋਗ ਨੇ। ਕਿਉਂਕਿ ਉਹਨੇ ਸਾਡੇ ਉਤੇ ਬਹੁਤ ਕ੍ਰਿਪਾ ਕੀਤੀ ਹੋਈ ਹੈ। ਮਹਾਰਾਜ ਏਸ ਤਰ੍ਹਾਂ ਫੁਰਮਾਨ ਕਰਦੇ ਨੇ-

***ਧਾਰਨਾ - ਜਿਹਦੀ ਕ੍ਰਿਪਾ ਨਾਲ ਮਾਨਸ ਦੇਹੀ***
***ਮਿਲਦੀ ਹੈ,***
***ਉਹਨੂੰ ਕਾਹਨੂੰ ਭੁੱਲਿਐਂ ਬੰਦਿਆ।***

***ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ॥***
***ਲਿਵ ਲਾਵਹੁ ਤਿਸੁ ਰਾਮ ਸਨੇਹੀ॥***
***ਜਿਹ ਪ੍ਰਸਾਦਿ ਤੇਰਾ ਓਲਾ ਰਹਤ॥***
***ਮਨ ਸੁਖੁ ਪਾਵਹਿ ਹਰਿ ਹਰਿ ਜਸੁ ਕਹਤ॥***
***ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ॥***
***ਮਨ ਸਰਨੀ ਪਰੁ ਠਾਕੁਰ ਪ੍ਰਭ ਤਾਕੈ॥***

***ਅੰਗ - 270***

ਬਾਰ-ਬਾਰ ਮਹਾਰਾਜ ਯਾਦ ਕਰਾਉਂਦੇ ਨੇ ਭੁੱਲੇ ਹੋਏ ਬੰਦੇ ਨੂੰ ਕਿ ਜੇ ਤੂੰ ਆਹ ਗੱਲ ਨਹੀਂ ਮੰਨਦਾ ਤਾਂ ਆਹ ਮੰਨ ਲੈ। ਉਹ ਜਿਹੜਾ ਪਿਆਰ ਕਰਨ ਵਾਲਾ ਰਾਮ ਹੈ ਨਾ ਉਹਦੇ ਨਾਲ ਲਿਵ ਲਾ ਲੈ। ਬੇਅੰਤ ਤੂੰ ਮਾੜੇ ਕੰਮ ਕਰੇ ਨੇ, ਤੇਰਾ ਪੜਦਾ ਰੱਖਦਾ ਹੈ ਉਹ। ਪੜਦਾ ਰੱਖਣ ਵਾਲੇ ਨੂੰ ਵੀ ਤੂੰ ਭੁੱਲ ਗਿਆ। ਹਰੀ ਦਾ ਜਸ ਕਰਕੇ ਤੈਨੂੰ ਸੁੱਖ ਦੀ ਪ੍ਰਾਪਤੀ ਹੋਵੇਗੀ, ਬੇਅੰਤ ਕਮਜ਼ੋਰੀਆਂ ਆਦਮੀ ਵਿਚ ਨੇ ਜਿਹੜੀਆਂ, ਸੰਸਾਰ ਤੇ ਪ੍ਰਗਟ ਨਹੀਂ ਹੁੰਦੀਆਂ, ਨਾਲ ਹੀ ਲੈ ਜਾਂਦਾ ਹੈ। ਉਥੇ ਤਾਂ

ਪ੍ਰਗਟ ਹੋ ਜਾਂਦੀਆਂ ਨੇ ਕਿ ਉਥੇ ਨਗਨ ਜਾਂਦਾ ਹੈ-

***ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥***
***ਕਰਿ ਅਉਗਣ ਪਛੋਤਾਵਣਾ॥ ਅੰਗ - 471***

ਠੱਪੇ ਲੱਗੇ ਹੁੰਦੇ ਨੇ ਮਾੜੇ ਕੰਮਾਂ ਦੇ, ਜੋ ਨਾਲ ਲੈ ਕੇ ਜਾਂਦਾ ਹੈ। ਫੇਰ ਆਪੇ ਹੀ ਸ਼ਰਮਿੰਦਾ ਹੁੰਦਾ ਹੈ, ਦੇਖ-ਦੇਖ ਕੇ। ਲੇਕਿਨ ਇਥੇ ਤਾਂ ਪ੍ਰਮੇਸ਼ਰ ਨੇ ਢਕ ਦਿਤੇ ਨਾ। ਮਹਾਰਾਜ ਕਹਿੰਦੇ ਉਹਦੀ ਸ਼ਰਨੀ ਪੈ ਜਾ। ਕਿੰਨਾ ਹੀ ਸਮਝਾ ਲਓ, ਜਿਸ ਨੇ ਨਹੀਂ ਸਮਝਣਾ, ਨਹੀਂ ਸਮਝਣਾ। ਉਹ ਤਾਂ ਆਉਂਦਾ ਹੀ ਨਹੀਂ ਏਸ ਪਾਸੇ। ਉਨ੍ਹਾਂ ਨੂੰ ਮਹਾਰਾਜ ਨੇ, ਜਿਹੜੇ ਵਾਹਿਗੁਰੂ 'ਚ ਵਿਸ਼ਵਾਸ਼ ਨਹੀਂ ਰੱਖਦੇ। ਉਹ ਬੇਮੁਖ ਪੁਰਸ਼ ਨੇ, ਉਨ੍ਹਾਂ ਦਾ ਮੁਖ ਪ੍ਰਮੇਸ਼ਰ ਵਲ ਨਹੀਂ ਹੈ। ਪਿੱਠ ਹੈ ਪ੍ਰਮੇਸ਼ਰ ਵਲ। ਉਨ੍ਹਾਂ ਨੂੰ ਨਾਸਤਕ ਵੀ ਕਿਹਾ ਜਾਂਦਾ ਹੈ, ਕਾਫਰ ਵੀ ਕਿਹਾ ਜਾਂਦਾ ਹੈ, ਬੇਅੰਤ ਅੱਖਰ ਨੇ। ਕਿਉਂਕਿ ਉਹ ਰੱਬ ਦੀ ਹਸਤੀ 'ਚ ਯਕੀਨ ਨਹੀਂ ਕਰਦੇ। ਉਨ੍ਹਾਂ ਨੂੰ ਤਾਂ ਮਹਾਰਾਜ ਨੇ ਕਿਹਾ ਹੈ ਕਿ ਉਹ ਤਾਂ ਅੰਨ੍ਹੇ ਨੇ। ਪਰ ਉਨ੍ਹਾਂ ਦਾ ਵਾਹ ਜਦੋਂ ਪ੍ਰਮੇਸ਼ਰ ਦੇ ਪਿਆਰਿਆਂ ਨਾਲ ਪੈ ਜਾਵੇ, ਫੇਰ ਮੁਸ਼ਕਲ ਹੁੰਦਾ ਹੈ। ਦੋਹਾਂ ਨੂੰ ਇਕੱਠੇ ਰਹਿਣਾ ਪੈ ਜਾਵੇ, ਉਹਦਾ ਨਿਸ਼ਚਾ ਹੋਰ, ਉਹਦਾ ਹੋਰ।

ਗੁਰ ਇਤਿਹਾਸ ਵਿਚ ਇਕ ਐਸਾ ਜ਼ਿਕਰ ਆਉਂਦਾ ਹੈ ਕਿ ਇਕ ਪੱਟੀ ਦਾ ਹਾਕਮ ਜੋ ਸੀ। ਜਿਸਦਾ ਨਾਮ ਦੁਨੀਚੰਦ ਸੀ। ਉਹ ਹਾਕਮ ਵੀ ਸੀ ਤੇ ਨਾਲ ਉਹ ਵਪਾਰ ਵੀ ਕਰਦਾ ਸੀ। ਵਣ-ਵਿਆਜ ਦਾ ਕੰਮ ਕਰਦਾ ਸੀ। ਦੂਹਰਾ ਪੈਸਾ ਕਮਾਉਂਦਾ ਸੀ ਤੇ ਬੇਈਮਾਨ ਬਹੁਤ ਸੀ। ਪੰਜ ਰੁਪਏ ਦੇ ਕੇ ਪੰਜਾਹ ਵਸੂਲਿਆ ਕਰਦਾ ਸੀ। ਪੰਜਾਹ ਦੇ ਕੇ ਪੰਜ ਸੌ ਵਸੂਲਿਆ ਕਰਦਾ ਸੀ। ਹਕੂਮਤ ਹੱਥ ਵਿਚ ਸੀ ਤੇ ਜਬਰਦਸਤੀ ਵਸੂਲਿਆ ਕਰਦਾ ਸੀ। ਇਸੇ ਹੀ ਘਰ ਦੇ ਵਿਚ ਇਕ ਪ੍ਰਮੇਸ਼ਰ ਦੀ ਬੱਚੀ ਪੈਦਾ ਹੋ ਗਈ ਜਿਵੇਂ ਕਲਰ ਵਿਚ ਕਦੇ ਕਮਲ ਨਹੀਂ ਪੈਦਾ ਹੁੰਦੇ। ਲੇਕਿਨ ਏਸ ਘਰ ਦੇ ਵਿਚ ਐਸਾ ਵਾਹਿਗੁਰੂ ਦਾ ਕਰਿਸ਼ਮਾ ਹੋਇਆ ਕਿ ਇਕ ਲੜਕੀ ਪੈਦਾ ਹੋਈ, ਜਿਸਦਾ ਨਾਮ ਇਨ੍ਹਾਂ ਨੇ ਰਜਨੀ ਰੱਖਿਆ। ਬਚਪਨ ਤੋਂ ਹੀ ਇਹਦਾ ਵਾਹਿਗੁਰੂ ਵਲ ਖਿਆਲ ਸੀ। ਬੀਬੀਆਂ ਇਸਨੂੰ ਮਿਲਦੀਆਂ ਸੀ, ਗੁਰੂ ਮਹਾਰਾਜ ਦੀ ਸਿੱਖੀ ਜਿਨ੍ਹਾਂ ਨੇ ਧਾਰਨ ਕੀਤੀ ਹੋਈ ਸੀ ਤੇ ਉਹ ਇਸ ਬੱਚੀ ਨੂੰ ਲਾਡ-ਲਾਡ ਵਿਚ ਹੀ ਪ੍ਰਮੇਸ਼ਰ ਦੀ ਗੱਲ ਸੁਣਾ ਜਾਂਦੀਆਂ ਸੀ। ਇਹਦਾ ਨਿਹਚਾ ਬੱਝ ਗਿਆ। ਲੇਕਿਨ ਇਹਦਾ ਜਿਹੜਾ ਪਿਤਾ ਸੀ, ਉਹ ਲਭ ਦੇ ਵਿਚ, ਲੋਭ ਦੇ ਵਿਚ, ਹੰਕਾਰ ਦੇ ਵਿਚ, ਹਰ ਵਕਤ ਰਹਿੰਦਾ ਸੀ। ਜੇ ਉਸ ਨੂੰ ਕਿਸੇ ਮਹਾਂਪੁਰਸ਼ ਨੇ ਪ੍ਰਮੇਸ਼ਰ ਦੀ ਗੱਲ ਕਰਨੀ ਜਾਂ ਕਿਸੇ ਨੇ ਕਰਨੀ ਤਾਂ ਇਸ ਨੇ ਕਹਿਣਾ ਕਿ ਇਹਨੂੰ ਕੱਢ ਦਿਓ। ਮੈਂ ਨਹੀਂ ਇਹੋ ਜਿਹੀਆਂ ਗੱਲਾਂ ਸੁਣਨਾ ਚਾਹੁੰਦਾ। ਜੇ ਕਿਸੇ ਨੌਕਰ ਨੇ ਕਹਿ ਦੇਣਾ ਕਿ ਮਹਾਰਾਜ ਦੀ ਕ੍ਰਿਪਾ ਹੈ ਜੀ, ਉਸੇ ਵੇਲੇ ਨੌਕਰੀ ਤੋਂ ਖਾਰਜ ਕਰ ਦੇਣਾ। ਯਾਨਿ ਪੂਰਾ ਦੂਸਰਾ ਹਰਣਾਖਸ ਸੀ ਉਹ। ਰੱਬ ਦੇ ਵਿਚ ਯਕੀਨ ਨਾ ਹੋਣਾ, ਇਹ ਗੱਲ ਵੱਖਰੀ ਹੈ, ਪਰ ਜਿਨ੍ਹਾਂ ਦਾ ਯਕੀਨ ਹੈ ਉਨ੍ਹਾਂ ਨਾਲ ਵੈਰ ਕਰਨਾ, ਹੱਦ ਪਾਰ ਕਰ ਜਾਣੀ ਨੌਕਰੀਆਂ ਤੋਂ ਕੱਢ ਦੇਣਾ, ਜ਼ਮੀਨਾਂ ਖੋਹ ਲੈਣੀਆਂ। ਉਹ ਬੰਦਾ ਤਾਂ ਬਹੁਤ ਹੀ ਮਾੜਾ ਹੈ। ਐਸ ਤਰ੍ਹਾਂ ਫੁਰਮਾਨ ਹੈ-

***ਧਾਰਨਾ - ਜਿਸੁ ਲਭ ਲੋਭ ਅਹੰਕਾਰ,***
***ਮਨਮੁਖ ਮੂਲੋਂ ਭੁੱਲਿਆ।***

ਮਹਾਰਾਜ ਫੁਰਮਾਨ ਕਰਦੇ ਨੇ ਕਿ ਮਨ ਦੇ ਪਿੱਛੇ ਜੋ ਲੱਗਣ ਵਾਲਾ ਬੰਦਾ ਹੈ। ਮਹਾਰਾਜ ਕਹਿੰਦੇ ਉਹ ਮੁੱਢ ਤੋਂ ਹੀ ਭੁੱਲਿਆ ਹੋਇਆ ਹੈ। ਜੜ੍ਹ ਤੋਂ ਭੁੱਲਿਆ ਹੋਇਆ ਹੈ, ਉਹਦਾ ਜੀਵਨ ਇਸ ਕਰਕੇ ਦੂਸਰੇ ਨਾਲੋਂ ਵੱਖਰਾ ਹੋਇਆ ਕਰਦਾ ਹੈ। ਉਹਨੂੰ ਸੁੱਖ ਦੀ ਪ੍ਰਾਪਤੀ ਨਹੀਂ ਹੁੰਦੀ।

***ਮਨਮੁਖਿ ਆਵੈ ਮਨਮੁਖਿ ਜਾਵੈ॥***
***ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥***
***ਜਿਤਨੇ ਨਰਕ ਸੇ ਮਨਮੁਖਿ ਭੋਗੈ***
***ਗੁਰਮੁਖਿ ਲੇਪੁ ਨ ਮਾਸਾ ਹੇ॥ ਅੰਗ - 1073***

18 ਨਰਕ ਕਹਿੰਦੇ ਨੇ, ਕਈ 82 ਕਹਿੰਦੇ ਨੇ, ਮਹਾਰਾਜ ਕਹਿੰਦੇ ਗਿਣਤੀ 'ਚ ਨਾ ਪਓ, ਜਿੰਨੇ ਨਰਕ ਨੇ ਇਹਨੂੰ ਸਾਰੇ ਭੋਗਣੇ ਪੈਣੇ ਨੇ, ਮਨ ਦੇ ਪਿਛੇ ਲੱਗਣ ਵਾਲੇ ਨੂੰ। ਗੁਰੂ ਨੂੰ ਕੋਈ ਲੇਪ ਨਹੀਂ ਹੈ।

ਜ਼ਿੰਦਗੀ ਸਾਰੀ ਉਹਦੀ ਝਗੜਿਆਂ 'ਚ ਗੁਜ਼ਰ ਜਾਂਦੀ ਹੈ। ਨਾ ਬਾਹਰਲੇ ਸ਼ਬਦ ਦੀ ਵਿਚਾਰ ਕਰਦਾ, ਨਾ ਅੰਦਰਲੇ ਦੀ ਕਰਦਾ ਹੈ। ਅੰਦਰਲਾ ਸ਼ਬਦ ਤਾਂ ਉਹਨੂੰ ਪ੍ਰਾਪਤ ਹੀ ਨਹੀਂ ਨਾ ਹੁੰਦਾ। ਸੁਣ ਤਾਂ ਲੈਂਦਾ ਹੈ ਕੰਨਾਂ ਨਾਲ, ਮਨਮੁਖ ਵੀ ਸੁਣਦਾ ਹੈ, ਬੇਮੁਖ ਵੀ ਸੁਣਦਾ ਹੈ। ਮਹਾਰਾਜ ਕਹਿੰਦੇ ਪਰ ਉਹਦੀ ਵਿਚਾਰ ਨਹੀਂ ਕਰਦਾ, ਇਕ ਵਿਚਾਰ ਸੁਣੀ ਹੈ ਉਹਨੇ। ਜਦ ਵਿਚਾਰ ਨਹੀਂ ਕਰੀ, ਫੇਰ ਉਹਦਾ ਫਾਇਦਾ ਕੋਈ ਨਹੀਂ। ਸ਼ਬਦ ਹੋਇਆ ਕਿ ਫਲਾਣੇ ਥਾਉਂ ਤੇ ਦੱਸ ਲੱਖ ਰੁਪਿਆ ਪਿਆ ਹੈ। ਇਕ ਨੇ ਵਿਚਾਰ ਕਰ ਲਈ ਕਿ ਉਹ ਥਾਂ ਕਿੱਥੇ ਕੁ ਹੈ ਦੱਸੋ? ਨਾਲ ਦੇ ਨੇ ਦੱਸ ਦਿਤਾ ਫਲਾਣੇ ਥਾਂ ਤੇ ਹੈ। ਉਹਨੇ ਵਿਚਾਰ ਕਰ ਲਈ ਤੇ ਤੁਰ ਗਿਆ ਤੇ ਚੀਜ਼ ਦੀ ਪ੍ਰਾਪਤੀ ਹੋ ਗਈ। ਇਕ ਨੇ ਸੁਣ ਲਿਆ, ਸੁਣ ਕੇ ਵਿਚਾਰ ਨਹੀਂ ਕੀਤੀ, ਉਹਦਾ ਸੁਣਿਆ ਹੋਇਆ ਕਿਸੇ ਕੰਮ ਨਾ ਆਇਆ। ਮਹਾਰਾਜ ਕਹਿੰਦੇ, ਜਿਹੜਾ ਮਨ ਦੇ ਪਿੱਛੇ ਲਗਦਾ ਹੈ, ਇਹ ਸ਼ਬਦ ਦੀ ਵਿਚਾਰ ਨਹੀਂ ਕਰਦਾ। ਕਿਉਂ ਨਹੀਂ ਵਿਚਾਰ ਕਰਦਾ, ਮਹਾਰਾਜ ਕਹਿੰਦੇ, ਵਾਹਿਗੁਰੂ ਨੇ ਉਹਦੀ ਬੁੱਧੀ ਖੋਹ ਲਈ।

*ਝਗੜਾ ਕਰਦਿਆ ਅਨਦਿਨੁ ਗੁਜਰੈ*
*ਸਬਦਿ ਨ ਕਰਹਿ ਵੀਚਾਰੁ॥*
*ਸੁਧਿ ਮਤਿ ਕਰਤੈ ਸਭਿ ਹਿਰਿ ਲਈ*
*ਬੋਲਨਿ ਸਭੁ ਵਿਕਾਰੁ॥*
*ਦਿਤੈ ਕਿਤੈ ਨ ਸੰਤੋਖੀਅਹਿ*
*ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ॥*
*ਨਾਨਕ ਮਨਮੁਖਾ ਨਾਲੋ ਤੁਟੀ ਭਲੀ*
*ਜਿਨ ਮਾਇਆ ਮੋਹੁ ਪਿਆਰੁ॥* ***ਅੰਗ – 316***

ਜਿੰਨਾ ਬੋਲਦਾ ਹੈ ਸਭ ਬੇਕਾਰ ਹੋ ਗਿਆ, ਕਿਸੇ ਲੇਖੇ 'ਚ ਨਹੀਂ ਆਉਂਦਾ। ਵਾਹਿਗੁਰੂ ਬੇਅੰਤ ਚੀਜ਼ਾਂ ਦਿੰਦਾ ਹੈ, ਉਹਦਾ ਲਿਹਾਜ਼ ਕੋਈ ਨਹੀਂ ਕਰਦਾ। ਵਾਹਿਗੁਰੂ ਦ੍ਵੈਤ ਕਿਸੇ ਨਾਲ ਕਰਦਾ ਹੀ ਨਹੀਂ। ਮਨਮੁਖ ਦੇ ਘਰ ਵੀ ਪੁੱਤਰ ਨੇ, ਬੇਮੁਖ ਦੇ ਵੀ ਨੇ। ਉਹਦੇ ਵੀ ਦੌਲਤ ਹੋ ਜਾਂਦੀ ਹੈ, ਉਹਦੇ ਵੀ, ਉਹਨੂੰ ਸੋਹਣਾ ਸਰੀਰ ਮਿਲ ਜਾਂਦਾ ਹੈ, ਤੇ ਦੂਸਰੇ ਨੂੰ ਵੀ। ਇਕ ਤਾਂ ਉਹ ਨੇ ਜਿਨ੍ਹਾਂ ਦੇ ਮਨ ਵਿਚ ਸੰਤੋਖ ਆ ਜਾਂਦਾ ਹੈ। ਵਾਹਿਗੁਰੂ ਦਾ ਸ਼ੁਕਰ ਕਰਦੇ ਨੇ, ਇਕ ਉਹ ਨੇ ਜਿਨ੍ਹਾਂ ਦੇ ਮਨ ਵਿਚ ਸੰਤੋਖ ਹੀ ਨਹੀਂ ਆਉਂਦਾ। ਅੱਗੇ ਹੀ ਅੱਗੇ ਵਧਦਾ ਹੈ, ਮਹਾਰਾਜ ਕਹਿੰਦੇ ਜਿਹੜਾ ਮਨਮੁਖ ਹੁੰਦਾ ਹੈ।

ਉਹਦੇ ਮਨ ਵਿਚ ਸੰਤੋਖ ਨਹੀਂ ਆਉਂਦਾ। ਐਸੇ ਪ੍ਰੇਮੀਆਂ ਨਾਲ ਕੀ ਕਰਿਆ ਜਾਵੇ? ਮਹਾਰਾਜ ਕਹਿੰਦੇ ਦੇਖੋ, ਪ੍ਰੇਮੀਓ! ਸੰਗਤ ਅਸਰ ਕਰਦੀ ਹੈ।

*ਕਬੀਰ ਮਨੁ ਪੰਖੀ ਭਇਓ*
*ਉਡਿ ਉਡਿ ਦਹ ਦਿਸ ਜਾਇ॥*
*ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥*
***ਅੰਗ – 1369***

ਜਿਹੋ ਜਿਹੀ ਸੰਗਤ ਕਰੇਗਾ ਆਦਮੀ, ਉਹੋ ਜਿਹਾ ਫਲ ਪ੍ਰਾਪਤ ਹੋਵੇਗਾ। ਜੂਆ ਖੇਲ੍ਹਣ ਵਾਲਿਆ ਕੋਲ ਬੈਠੇਗਾ, ਜੂਆ ਖੇਲੇਗਾ। ਅਫੀਮ ਖਾਣ ਵਾਲੇ ਕੋਲ ਬੈਠੇਗਾ, ਅਫੀਮ ਖਾਏਗਾ। ਸ਼ਰਾਬ ਪੀਣ ਵਾਲਿਆਂ ਕੋਲ ਬੈਠੇਗਾ, ਸ਼ਰਾਬ ਪੀਣ ਲਗ ਜਾਏਗਾ। ਬੇਈਮਾਨਾਂ ਕੋਲ ਬੈਠ ਗਿਆ, ਬੇਈਮਾਨੀ ਸਿੱਖ ਜਾਏਗਾ। ਜੈਸੀ ਸੰਗਤ ਕਰਦਾ ਹੈ, ਵੈਸਾ ਹੀ ਫਲ ਉਹਨੂੰ ਪ੍ਰਾਪਤ ਹੁੰਦਾ ਹੈ। ਸੋ ਮਹਾਰਾਜ ਕਹਿੰਦੇ ਇਨ੍ਹਾਂ ਦੀ ਸੰਗਤ ਛੱਡ ਦਿਓ ਕਿਉਂਕਿ ਐਸੀ ਸੰਗਤ ਨਰਕਾਂ 'ਚ ਲੈ ਜਾਂਦੀ ਹੈ। ਜੇ ਸੰਗਤ ਕਰਨੀ ਹੈ ਤਾਂ ਸਾਧੂ ਦੀ ਸੰਗਤ ਕਰ। ਇਥੇ ਵੀ ਭਲਾ ਤੇ ਦਰਗਾਹ ਵਿਚ ਜਾ ਕੇ ਵੀ ਤੇਰਾ ਸਮਾਂ ਲੇਖੇ ਵਿਚ ਪਵੇਗਾ। ਮਨਮੁਖ ਦੀ ਜੇ ਸੰਗਤ ਕਰੇਂਗਾ ਤਾਂ ਜਿਵੇਂ ਚੌਲ ਦੀ ਸੰਗਤ ਉਹਨੇ ਛਿਲਕੇ ਨੇ ਕਰੀ, ਹੁਣ ਉਹਦੇ ਉਤੇ ਮਉਲੇ ਪੈਂਦੇ ਨੇ, ਚੌਲ ਅੰਦਰ ਸੁਰਖਸ਼ਿਤ ਰਹਿੰਦਾ ਹੈ। ਉਹ ਟੁੱਟ ਜਾਂਦਾ ਹੈ, ਚੌਲ ਨਿਕਲ ਜਾਂਦਾ ਹੈ। ਸੋ ਇਸ ਤਰ੍ਹਾਂ ਜੋ ਮਾੜੀ ਸੰਗਤ ਹੈ –

*ਕਬੀਰ ਸਾਕਤ ਸੰਗੁ ਨ ਕੀਜੀਐ*
*ਦੂਰਹਿ ਜਾਈਐ ਭਾਗਿ॥*
*ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥*
***ਅੰਗ – 1371***

ਪਹਿਲਾਂ-ਪਹਿਲਾਂ ਅੰਮ੍ਰਿਤ ਛਕਾਉਣਾ ਅਸੀਂ, ਪੱਕੇ ਕਰਨਾ। ਕਿਉਂਕਿ ਥੋੜ੍ਹੇ ਹੀ ਸੀਗੇ ਜਦ। ਥੋੜ੍ਹੇ ਦਿਨਾਂ ਬਾਅਦ ਦੇਖਣਾ ਕਿ ਔਹ ਬੰਦਾ ਵੀ ਗਿਰ ਗਿਆ, ਉਹ ਵੀ ਗਿਰ ਗਿਆ। ਇਕ ਆਇਆ ਮੇਰੇ ਕੋਲ, ਮੈਂ ਕਿਹਾ ਕੀ ਗੱਲ ਹੋ ਗਈ, ਤੂੰ ਸ਼ਰਾਬ ਪੀ ਲਈ ਮੈਂ ਸੁਣਿਐਂ? ਕਹਿੰਦਾ ਜੀ, ਮੈਂ ਵਿਆਹ ਚਲਿਆ ਗਿਆ। ਮੈਂ ਰੋਕ ਦਿੰਦਾ ਹੁੰਦਾ, ਕਿ ਵਿਆਹ ਵਗੈਰਾ ਨਾ ਜਾਈਂ, ਪੱਕ ਲੈ ਪਹਿਲਾਂ। ਬਾਣੀ ਪੜ੍ਹਨ ਲਗ ਜਾਹ, ਆਹ ਜਿਹੜਾ ਨਾਮ ਮਿਲਿਆ ਹੈ ਨਾ ਇਹਨੂੰ ਪਕਾ ਲੈ। ਭਰੋਸਾ ਕਰ ਲੈ। ਪਤਾ ਹੀ ਨਹੀਂ ਸੀ ਇਲਾਕਿਆਂ 'ਚ ਕਿ ਗੁਰੂ ਦਾ ਭਜਨ ਕੀ ਹੁੰਦਾ ਹੈ, ਸਿੱਖੀ ਕੀ ਹੁੰਦੀ ਹੈ, ਮੱਥੇ ਟੇਕਣੇ ਨੇ ਚਾਹੇ ਇੱਟਾਂ ਨੂੰ ਟਿਕਾ ਲਓ, ਦਰਖਤਾਂ ਨੂੰ ਟਿਕਾ ਲਓ। ਇਨ੍ਹਾਂ ਨੇ ਮੱਥਾ ਹੀ ਟੇਕਣਾ ਹੈ।

ਸੋ ਕਹਿੰਦਾ ਜੀ ਮੈਨੂੰ ਇਕ ਵਿਆਹ ਵਿਚ ਅੰਮ੍ਰਿਤਧਾਰੀ ਸਿੰਘ ਮਿਲ ਗਿਆ। ਕਹਿਣ ਲੱਗਿਆ, ਮੈਨੂੰ ਬੜੀ ਖੁਸ਼ੀ ਹੋਈ ਕਿ ਅਸੀਂ ਦੋ ਹੋ ਗਏ। ਬੀਬੀਆਂ ਨੇ ਆ ਕੇ ਕਹਿਣਾ ਕਿ ਸਾਡੇ ਪਿੰਡ ਤਾਂ ਕਿਸੇ ਨੇ ਅੰਮ੍ਰਿਤ ਨਹੀਂ ਛਕਿਆ, ਅਸੀਂ ਤਾਂ ਬੜੀਆਂ ਔਖੀਆਂ ਹੋ ਗਈਆਂ, ਸਾਨੂੰ ਤਾਂ ਲੋਕੀ ਤਾਅਨੇ ਦਿੰਦੇ ਨੇ। ਬੇਅੰਤ ਸਾਡੇ ਨਾਉਂ ਤੇ ਕਨਾਉਂ ਰੱਖਣੇ ਸ਼ੁਰੂ ਹੋ ਗਏ। ਮੈਂ ਕਿਹਾ ਥੋੜ੍ਹੇ ਦਿਨ ਤੁਸੀਂ ਸੰਗਤ ਕਰੋ ਇਸ (ਰੋਪੜ) ਇਲਾਕੇ ਵਿਚ ਸਿੱਖੀ ਹੀ ਸਿੱਖੀ ਹੋ ਜਾਏਗੀ। ਹੌਲੀ ਹੌਲੀ ਇਥੇ ਸਾਰੇ ਸਿੱਖੀ ਹੋ ਗਈ।

ਸੋ ਕਹਿਣ ਲੱਗਿਆ ਕਿ, ਮੈਂ ਅੰਮ੍ਰਿਤਧਾਰੀ ਸਿੰਘ ਨੂੰ ਦੇਖ ਕੇ ਬੜਾ ਖੁਸ਼ ਹੋਇਆ। ਆਥਣੇ ਮੈਂ ਉਹਦੇ ਨਾਲ ਹੀ ਹੋ ਲਿਆ। ਗੱਲਾਂ ਕਰਨ ਲੱਗ ਗਿਆ। ਬਾਹਰ ਲੈ ਗਿਆ ਮੈਨੂੰ, ਅੱਗੇ ਹੀ ਅੱਗੇ ਤੁਰੀ ਗਿਆ, ਜਦੋਂ ਅਸੀਂ ਇਕੱਲੇ ਹੋ ਗਏ, ਜਿਥੇ ਕੋਈ ਦੇਖੇ ਨਾ, ਬੋਤਲ ਕੱਢ ਲਈ ਉਹਨੇ ਸ਼ਰਾਬ ਦੀ। ਭਾਂਡਾ ਕੋਲ ਸੀ ਉਹਦੇ ਮੈਨੂੰ ਕਹਿੰਦਾ ਲੈ ਤੂੰ ਪੀ ਲੈ। ਮੈਂ ਕਿਹਾ ਸਾਨੂੰ ਤਾਂ ਬਹੁਤ ਸਖਤੀ ਕਰੀ ਹੋਈ ਹੈ। ਕਹਿੰਦਾ, ਤੂੰ ਤਾਂ ਕੱਲ੍ਹ ਦਾ ਸਿੱਖ ਹੈਂ। ਅਸੀਂ ਤਾਂ ਜਮਾਂਦਰੂ ਸਿੱਖ ਹਾਂ। ਜੇ ਸਾਨੂੰ ਨਹੀਂ ਸਿੱਖੀ ਨੇ ਕੁਛ ਕਿਹਾ, ਤੈਨੂੰ ਕੀ ਕਹਿ ਦਏਗੀ? ਮੈਂ ਕਿਹਾ ਮੈਂ ਤਾਂ ਨਵਾਂ ਨਵਾਂ ਹਾਂ, ਇਹ ਤਾਂ ਪੁਰਾਣਾ ਹੈ ਇਹ ਤਾਂ ਪੱਕਾ ਸਿੱਖ ਹੈ। ਉਹਨੇ ਪੀ ਲਈ ਤੇ ਮੈਂ ਵੀ ਪੀ ਲਈ। ਅੱਗੇ ਆਏ ਤਾਂ ਇਨ੍ਹਾਂ ਪਿੰਡਾਂ 'ਚ ਰਿਵਾਜ ਹੋ ਗਿਆ ਸੀ ਕਿ ਰੋਟੀ ਲੈਣੀ ਹੈ ਅਸੀਂ ਮਾਸ ਦੀ, ਸੁਨੇਹਾ ਭੇਜ ਦਿੰਦੇ ਸੀ। ਉਹ ਪ੍ਰੇਮੀ ਕਹਿਣ ਲੱਗਿਆ ਮੈਨੂੰ ਕਿ ਮਾਸ ਖਾਏਂਗਾ?

ਮੈਂ ਕਿਹਾ ਸਾਨੂੰ ਤਾਂ ਕਿਹਾ ਹੈ ਕਿ ਖਾਇਓ ਨਾ, ਕਹਿੰਦਾ ਲੈ ਮਾਸ ਖਾਏ ਬਿਨਾਂ ਸਿੱਖੀ ਕਾਹਦੀ ਹੈ। ਸਿੱਖਾਂ ਦਾ ਕੰਮ ਹੀ ਮਾਸ ਖਾਣਾ ਹੈ। ਸਿੱਖੀ ਤਾਂ ਕਹਿੰਦਾ ਪੂਰੀ ਹੀ ਤਾਂ ਹੁੰਦੀ ਹੈ ਜੇ ਮਾਸ ਖਾਵੇ। ਸਿੱਖ ਕਹਿੰਦਾ, ਸਿੰਘ ਕਹਿੰਦੇ ਨੇ, ਸ਼ੇਰ ਕਹਿੰਦੇ ਨੇ। ਸ਼ੇਰ ਕੀ ਕਰਦਾ ਹੁੰਦਾ ਹੈ। ਖਾਂਦਾ ਹੈ ਨਾ ਮਾਸ?

ਕਹਿੰਦਾ ਹਾਂ।

ਕਹਿੰਦਾ ਘਾਹ ਖਾਂਦਾ ਹੈ ਕਿਤੇ ਸੇਰ? ਕਹਿੰਦਾ ਸ਼ੇਰ ਤਾਂ ਮਾਸ ਹੀ ਖਾਂਦਾ ਹੈਨਾ।

ਸੋ ਮੈਨੂੰ ਉਹਨੇ ਮਾਸ ਖਾਣ ਵੀ ਲਾ ਲਿਆ।

ਐਸੀ ਜੋ ਸੰਗਤ ਹੈ ਗਿਰਾ ਦਿੰਦੀ ਹੈ ਬੰਦੇ ਨੂੰ। ਕਿਉਂਕਿ ਬਾਹਰੋਂ ਤਾਂ ਸਿੰਘ ਨਜ਼ਰ ਆਉਂਦਾ ਹੈ, ਲੇਕਿਨ ਹੈ ਮਨਮੁਖ, ਮਨ ਦੀ ਗੱਲ ਕਰ ਰਿਹਾ ਹੈ। ਮਨਮੁਖ ਤੋਂ ਵੀ ਅੱਗੇ ਹੈ ਬੇਮੁਖ ਹੈ। ਭੇਖ ਨਾਲ ਨਹੀਂ ਸਿੱਖੀ ਹੋਇਆ ਕਰਦੀ, ਸਿੱਖੀ ਹੁੰਦੀ ਹੈ, ਪਿਆਰ ਦੇ ਨਾਲ ਜਿਹੜਾ ਜੁੜਿਆ ਹੋਵੇ ਗੁਰੂ ਦੇ। ਗੁਰੂ ਦੇ ਬਚਨ ਕਮਾਉਣ ਵਾਲੇ।

ਮਹਾਰਾਜ ਕਹਿੰਦੇ ਫੇਰ ਭਾਈ ਗੁਰਮੁਖੋ! ਸਾਡਾ ਬਚਨ ਯਾਦ ਰੱਖੋ –

***ਨਾਨਕ ਮਨਮੁਖਾ ਨਾਲੋ ਤੁਟੀ ਭਲੀ***
***ਜਿਨ ਮਾਇਆ ਮੋਹ ਪਿਆਰੁ॥ ਅੰਗ – 316***

ਕਿਉਂਕਿ ਉਨ੍ਹਾਂ ਦਾ ਪਿਆਰ ਮਾਇਆ ਨਾਲ ਹੈ ਤੇ ਗੁਰਮੁਖ ਦਾ ਪਿਆਰ ਵਾਹਿਗੁਰੂ ਨਾਲ ਹੈ। ਦੋਹਾਂ ਦਾ ਪਿਆਰ ਇਕ ਕਿਵੇਂ ਹੋ ਜਾਏਗਾ? ਸੋ ਮਨਮੁਖ ਨੂੰ ਕੁਛ ਪਤਾ ਨਹੀਂ ਹੈ, ਨਾਮ ਦੀ ਸੋਝੀ ਨਹੀਂ ਹੈ। ਬਾਂਦਰ ਦੇ ਗਲ ਵਿਚ ਕਰੋੜ ਰੁਪਏ ਦਾ ਰਤਨ ਪਾ ਦਿਓ, ਮਾਲਾ ਪਾ ਦਿਓ। ਉਹ ਕੀ ਕਰੇਗਾ, ਹੱਥ ਨਾਲ ਤੋੜ ਕੇ, ਵੱਟਾ ਲੈ ਲੈਂਦਾ ਹੈ ਬਾਂਦਰ, ਭੰਨਣਾ ਸ਼ੁਰੂ ਕਰ ਦਿੰਦਾ ਹੈ। ਭੰਨੀ ਜਾਂਦਾ ਹੈ, ਭੰਨੀ ਜਾਂਦਾ ਹੈ, ਕੋਈ ਚੀਜ਼ ਦੇ ਦਿਓ, ਕੱਪੜਾ ਦੇ ਦਿਓ, ਕਪੜੇ ਪਾੜ ਦਿੰਦਾ ਹੈ। ਕਿਉਂਕਿ ਬਾਂਦਰ ਨੂੰ ਸਮਝ ਨਹੀਂ ਹੈ।

ਸਾਡੀ ਗੱਡੀ ਦਾ ਐਕਸੀਡੈਂਟ ਹੋ ਗਿਆ, ਅਸੀਂ ਰਸਤੇ 'ਚ ਖੜ੍ਹਾ ਦਿਤੀ। ਸੀਟਾਂ ਸਾਬਤ ਸੀ ਉਹਦੀਆਂ। ਬਾਂਦਰਾਂ ਨੇ ਵੜ ਕੇ ਵਿਚ ਸਾਰੀਆਂ ਹੀ ਸੀਟਾਂ ਪਾੜ ਦਿਤੀਆਂ। ਲੀਰ-ਲੀਰ ਕਰ ਦਿਤੀਆਂ। ਕਿਉਂਕਿ ਉਹਨੂੰ ਗਿਆਨ ਨਹੀਂ ਹੈ ਸਾਧਸੰਗਤ ਜੀ। ਏਸੇ ਤਰ੍ਹਾਂ ਕੜਛੀ ਨਹੀਂ ਜਾਣਦੀ, ਛੱਤੀ ਪ੍ਰਕਾਰ ਦੇ ਭੋਜਨਾਂ ਵਿਚ ਫੇਰੀ ਜਾਓ, ਕੜਛੀ ਨੂੰ ਕੋਈ ਸਵਾਦ ਨਹੀਂ ਆਉਂਦਾ। ਕਵਲ ਫੁੱਲ ਹੁੰਦੇ ਨੇ, ਕਵਲਾਂ ਨੂੰ ਦੇਖ-ਦੇਖ ਕੇ ਆਦਮੀ ਦਾ ਮਨ ਪ੍ਰਸੰਨ ਹੁੰਦਾ ਹੈ। ਫੁੱਲ ਐਨਾ ਸੋਹਣਾ ਹੈ ਕਿ ਆਦਮੀ ਦਾ ਜੀਅ ਲਗਦਾ ਹੈ ਉਹਨੂੰ ਦੇਖ ਕੇ। ਲੇਕਿਨ ਡੱਡੂ ਉਥੇ ਹੀ ਰਹਿੰਦਾ ਹੈ, ਕਵਲ ਦੀ ਸੁਗੰਧੀ ਭੌਰਾ ਲੈਂਦਾ ਹੈ, ਡੱਡੂ ਚਿਕੜ ਖਾਂਦਾ ਹੈ, ਜੜ੍ਹਾਂ ਖਾਂਦਾ ਹੈ ਜਾ ਕੇ। ਏਸੇ ਤਰ੍ਹਾਂ ਮਿਰਗ ਦੀ ਨਾਭ ਦੇ ਵਿਚ ਕਸਤੂਰੀ ਹੁੰਦੀ ਹੈ, ਸ਼ੌਂਕ ਵਾਲੇ ਬੰਦੇ ਇਹਨੂੰ ਲੈ ਆਉਂਦੇ ਨੇ, ਲਿਆ ਕੇ ਬੇਅੰਤ ਸੁਗੰਧੀਆਂ ਬਣਾ ਲੈਂਦੇ ਨੇ, ਹਰੇਕ ਸੁਗੰਧੀ 'ਚ ਪੈਂਦੀ ਹੈ। ਲੇਕਿਨ ਮਿਰਗ ਨੂੰ ਨਹੀਂ ਪਤਾ ਲਗਦਾ। ਉਹ ਹੈਰਾਨ ਹੋਇਆ ਫਿਰੀ ਜਾਂਦਾ ਹੈ। ਜੋ ਦੁੱਧ ਵੇਚਣ ਵਾਲੇ ਪੁਰਸ਼ ਉਹ ਦੁੱਧ ਵੇਚ ਦਿੰਦੇ ਨੇ, ਦੁੱਧ ਪੀਣ ਦੀ ਥਾਂ ਤੇ, ਲਿਆਂਦੇ ਕੀ ਨੇ ਖਲ, ਵੜੇਵੇ ਲੈ ਆਉਂਦੇ ਨੇ। ਏਸੇ ਤਰ੍ਹਾਂ ਮਹਾਰਾਜ ਕਹਿੰਦੇ ਜਿਹੜਾ ਬੇਮੁਖ ਪੁਰਸ਼ ਹੈ, ਉਹ ਜੜ੍ਹ ਤੋਂ ਹੀ ਭੁੱਲਿਆ ਹੋਇਆ ਹੈ, ਮੂਲ ਤੋਂ ਹੀ ਭੁੱਲਿਆ ਹੋਇਆ ਹੈ। ਨਤੀਜਾ ਕੀ ਹੁੰਦਾ ਹੈ ਕਿ ਉਹ ਜਮਾਂ ਦੇ ਜਾ ਕੇ ਡੰਡੇ ਖਾਂਦਾ ਹੈ।

***ਕਬੀਰ ਜਮ ਕਾ ਠੇਂਗਾ ਬੁਰਾ ਹੈ***
***ਓਹੁ ਨਹੀ ਸਹਿਆ ਜਾਇ॥***
***ਏਕੁ ਜੁ ਸਾਧੂ ਮੋੁਹਿ ਮਿਲਿਓ***
***ਤਿਨਿ ਲੀਆ ਅੰਚਲਿ ਲਾਇ॥ ਅੰਗ – 1368***

ਉਹ ਸਹਿ ਨਹੀਂ ਹੁੰਦਾ। ਏਸ ਤਰ੍ਹਾਂ ਫੁਰਮਾਨ ਹੈ –

***ਧਾਰਨਾ – ਦੁੱਖ ਜਮਾਂ ਵਾਲਾ ਸਹਿਣਾ ਹੋ ਜਾਊ ਔਖਾ,***
***ਬੇਮੁਖ ਹੋ ਕੇ ਭੁੱਲਿਐਂ ਰਾਮ ਨੂੰ।***

ਜਿਸ ਤਰ੍ਹਾਂ ਬਾਂਦਰ ਨੂੰ ਚੀਜ਼ ਦੀ ਕੀਮਤ ਦਾ ਨਹੀਂ ਪਤਾ ਹੁੰਦਾ, ਕੜਛੀ ਨੂੰ ਸਵਾਦ ਨਹੀਂ ਆਉਂਦਾ, ਡੱਡੂ ਚਿੱਕੜ ਦੇ ਵਿਚ ਵਾਸ ਰਖਦਾ ਹੈ ਤੇ ਕਮਲ ਨਾਲ ਉਸਦਾ ਕੋਈ ਵਾਸਤਾ ਨਹੀਂ ਹੁੰਦਾ, ਮਿਰਗ ਨੂੰ ਕਸਤੂਰੀ ਦਾ ਨਹੀਂ ਪਤਾ ਹੁੰਦਾ ਨਾਭੀ ਦੇ ਅੰਦਰ; ਏਸੇ ਤਰ੍ਹਾਂ ਜਿਹੜਾ ਬੇਮੁਖ ਪੁਰਸ਼ ਹੈ ਉਹ ਜੜ੍ਹ ਤੋਂ ਹੀ ਭੁੱਲਿਆ ਹੋਇਆ ਹੈ। ਖੁੰਝ ਗਿਆ। ਨਤੀਜਾ ਕੀ ਹੁੰਦਾ ਹੈ, ਜਮਾਂ ਦਾ ਦੁੱਖ ਉਸਨੂੰ ਸਹਿਣਾ ਪੈਂਦਾ ਹੈ ਤੇ ਇਥੇ ਵੀ ਉਸਨੂੰ ਸੁੱਖ ਨਹੀਂ ਹੁੰਦਾ। ਦਰਗਾਹ ਦੇ ਵਿਚ ਜਾ ਕੇ ਵੀ ਉਸਨੂੰ ਸੁੱਖ ਨਹੀਂ ਹੁੰਦਾ। ਐਸਾ ਫੁਰਮਾਨ ਹੈ –

***ਧਾਰਨਾ – ਸ਼ਰਮਿੰਦਾ ਹੋਵੇਂਗਾ ਗਾਫਲਾ,***
***ਵਿਚ ਦਰਗਾਹ ਦੇ ਜਾ ਕੇ।***

ਭਾਈ ਗੁਰਦਾਸ ਜੀ ਫੁਰਮਾਨ ਕਰਦੇ ਨੇ ਕਿ ਜੋ ਮਨਮੁਖ ਤੇ ਬੇਮੁਖ ਹੈ, ਆਪ ਤਾਂ ਕੁਛ ਜਾਣਦਾ ਨਹੀਂ, ਲੋਕਾਂ ਨੂੰ ਸਿਖਿਆ ਦਿੰਦਾ ਫਿਰਦਾ ਹੈ ਤੇ ਪ੍ਰਮੇਸ਼ਰ ਰੂਪ ਕੰਤ ਕੋਈ ਗੱਲ ਨਹੀਂ ਉਹਦੀ ਪੁਛਦਾ ਤੇ ਕਹਿੰਦਾ ਮੈਂ ਸੁਹਾਗਣ ਹਾਂ।

***ਗਲੀ ਹਉ ਸੋਹਾਗਣਿ ਭੈਣੇ***
***ਕੰਤੁ ਨ ਕਬਹੂੰ ਮੈ ਮਿਲਿਆ॥ ਅੰਗ – 433***

***ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥***
***ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ॥***

***ਦੇਨਿ ਦੁਆਈ ਸੇ ਮਰਿ ਜਿਨ ਕਉ ਦੇਨਿ ਸਿ ਜਾਹਿ॥***
***ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ॥***
***ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ॥***
***ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ॥***
***ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ॥***
***ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ॥***

***ਅੰਗ - 1286***

ਇਥੇ ਵੀ ਸ਼ਰਮਿੰਦਾ ਤੇ ਦਰਗਾਹ ਵਿਚ ਵੀ ਸ਼ਰਮਿੰਦਾ ਹੁੰਦਾ ਹੈ ਬੇਮੁਖ ਪੁਰਖ। ਐਸਾ ਜੀਵਨ ਦਾ ਨਕਸ਼ਾ, ਬਿਲਕੁਲ ਹੂ-ਬ-ਹੂ ਦੁਨੀਚੰਦ ਨਾਲ ਮਿਲਦਾ ਸੀ। ਉਸ ਦਾ ਸੁਭਾਅ ਐਸਾ ਕਰੂਰ ਸੀ, ਐਸੀ ਉਹਨੂੰ ਚਿੜ ਸੀ ਕਿ ਕਿਸੇ ਨੇ ਰੱਬ ਦੀ ਗੱਲ ਕਰਨੀ, ਜੇ ਕਿਸੇ ਨੇ ਕਹਿ ਦਿਤਾ ਕਿ ਭਗਵਾਨ ਦੀ ਕ੍ਰਿਪਾ ਹੈ, ਕਿਉਂਕਿ ਨੌਕਰ ਵੀ ਸੀ ਉਹਦੇ, ਚੇਲੇ ਵੀ ਸੀ ਬਹੁਤ ਸਾਰੇ, ਹਾਕਮ ਸੀਗਾ। ਪੁੱਛਦਾ ਹੀ ਰਹਿੰਦਾ ਸੀ, ਜਿਹਨੇ ਤਾਂ ਕਹਿ ਦਿਤਾ ਕਿ ਮਹਾਰਾਜ ਤੇਰੀ ਹੀ ਕ੍ਰਿਪਾ ਹੈ, ਮਾਈ ਬਾਪ ਹੋ ਤੁਸੀਂ, ਤੁਹਾਡੇ ਆਸਰੇ ਅਸੀਂ ਜੀਉਂਦੇ ਹਾਂ, ਉਹਦੇ ਉਤੇ ਤਾਂ ਰਹਿੰਦਾ ਸੀ ਖੁਸ਼। ਜੇ ਕਿਸੇ ਨੇ ਕਹਿ ਦੇਣਾ ਕਿ ਭਗਵਾਨ ਦੀ ਕ੍ਰਿਪਾ ਹੈ, ਉਹਦੇ ਮਗਰ ਪੈ ਜਾਂਦਾ ਸੀ, ਹਦ ਦਰਜੇ ਦਾ ਜਿੱਦੀ ਸੀ। ਦੂਸਰਾ ਸੀ ਅਭਿਮਾਨੀ, ਤੀਸਰਾ ਸੀ ਨਾਸਤਕ। ਜੋ ਗੱਲ ਮੂੰਹ 'ਚੋਂ ਕੱਢ ਦਿਤੀ ਉਹਨੂੰ ਪੂਰਾ ਕਰਾਉਣਾ ਚਾਹੁੰਦਾ ਸੀ।

ਨਿਰਦਈ ਐਨਾ ਸੀ ਕਿ ਇਕ ਬਹੁਤ ਗਰੀਬ ਬੀਬੀ ਸੀ, ਉਹ ਕੱਤਣਾ ਕੱਤ ਕੇ ਗੁਜ਼ਾਰਾ ਕਰਿਆ ਕਰਦੀ ਸੀ। ਉਨ੍ਹਾਂ ਦਿਨਾਂ ਦਾ ਇਕ ਰੁਪਿਆ ਨੌ ਮਣ ਛੋਲਿਆਂ ਦੇ ਬਰਾਬਰ ਹੁੰਦਾ ਸੀ ਅੱਜ ਦੇ ਦਿਆਂ, ਯਾਨਿ ਚਾਰ ਕੁਇੰਟਲ ਲਾ ਲਓ। ਚਾਰ ਕੁਇੰਟਲ ਦੇ ਬਰਾਬਰ ਇਕ ਰੁਪਿਆ ਹੁੰਦਾ। ਕਈ ਹਜ਼ਾਰ ਹੋ ਗਿਆ। ਉਸ ਬੀਬੀ ਨੇ ਪੰਜ ਰੁਪਏ ਉਧਾਰੇ ਲੈ ਲਏ ਉਸ ਤੋਂ। ਕੁਛ ਸਮੇਂ ਬਾਅਦ ਉਸ ਬੀਬੀ ਨੇ ਕਿਵੇਂ ਨਾ ਕਿਵੇਂ ਕਰਕੇ ਉਹਨੂੰ ਮੋੜ ਦਿਤੇ। ਉਸ ਨੇ ਮੋੜਿਆ ਹੋਇਆ ਲਿਖਿਆ ਨਹੀਂ ਹੈ ਤੇ ਉਹਦੇ ਮਗਰ ਪੈ ਗਿਆ ਕਿ ਇਹਨੇ ਮੇਰੇ ਪੰਜ ਰੁਪਏ ਨਹੀਂ ਦਿਤੇ।

ਰਜਨੀ ਬੱਚੀ ਕੋਲ ਬੈਠੀ ਸੀ, ਉਹ ਕਹਿਣ ਲੱਗੀ ਕਿ ਪਿਤਾ ਜੀ ਤੂੰ ਏਸ ਗਰੀਬ ਨੂੰ ਕਿਉਂ ਮਾਰਦਾ ਹੈਂ? ਕਹਿੰਦਾ ਤੈਨੂੰ ਇਹੋ ਜਿਹੇ ਖਿਆਲ ਕਿੱਥੋਂ ਆ ਗਏ, ਗਰੀਬ ਤੇ ਅਮੀਰ ਦੇ ਮਾਰਨ ਦੇ? ਖਾਂਦੀ ਕਿੱਥੋਂ ਹੈਂ ਤੂੰ? ਐਨਾ ਤੁਹਾਨੂੰ ਐਸ਼ ਕਰਾਉਂਦਾ ਹਾਂ ਇਨ੍ਹਾਂ ਗੱਲਾਂ ਨਾਲ ਹੀ ਕਰਾਉਂਦਾ ਹਾਂ, ਜੇ ਮੈਂ ਰਿਸ਼ਵਤਾਂ ਨਾ ਲਵਾਂ, ਧੋਖੇ ਨਾ ਦੇਵਾਂ, ਫਰੇਬ ਨਾ ਕਰਾਂ, ਤੁਸੀਂ ਤਾਂ ਭੁੱਖੇ ਮਰ ਜਾਓਂਗੇ ਸਾਰੇ।

ਕਹਿਣ ਲੱਗੀ, ਪਿਤਾ ਜੀ! ਇਨ੍ਹਾਂ ਮਾੜੇ ਕੰਮਾਂ ਦਾ ਲੇਖਾ ਦੇਣਾ ਪੈਂਦਾ ਹੈ। ਔਖਾ ਹੋ ਜਾਣਾ, ਦਰਗਾਹ ਦੇ ਵਿਚ ਲੇਖੇ ਹੋਣੇ ਨੇ।

ਕਹਿਣ ਲੱਗਿਆ, ਕੁੜੀਏ! ਤੈਨੂੰ ਇਹੋ ਜਿਹੀ ਮਤ ਕਿਹਨੇ ਦੇ ਦਿਤੀ। ਕਹਿਣ ਲੱਗੀ ਗੁਰੂ ਦੀ ਬਾਣੀ ਪੜ੍ਹਦੀ ਹਾਂ, ਗੁਰੂ ਰਾਮਦਾਸ ਮਹਾਰਾਜ ਜੀ ਦੀ ਬਾਣੀ ਪੜ੍ਹਦੀ ਹਾਂ, ਮਹਾਂਪੁਰਸ਼ਾਂ ਦੀ ਬਾਣੀ ਪੜ੍ਹਦੀ ਹਾਂ ਤੇ ਚੰਗੇ ਲੋਕ ਜੀਉਂਦੇ ਜਾਗਦੇ ਲੋਕ, ਜਿਨ੍ਹਾਂ ਨੂੰ ਪ੍ਰਵਾਨ ਕੀਤਾ ਗਿਆ ਹੈ, ਉਹ ਮਿਲਦੇ ਨੇ ਤੇ ਮੈਂ ਉਨ੍ਹਾਂ ਦੇ ਬਚਨ ਸੁਣਦੀ ਹਾਂ, ਉਹ ਐਸੇ ਬਚਨ ਕਰਦੇ ਨੇ।

***ਧਾਰਨਾ - ਜਿੰਦੇ ਰੋਵੇਂਗੀ ਤੇ ਰੋ ਰੋ ਪਛਤਾਵੇਂਗੀ,***
***ਫੇਰ ਤੇਰਾ ਕੋਈ ਨਾ ਬਣੇ।***

***ਆਪੀਨੈ ਭੋਗ ਭੋਗਿ ਕੈ***
***ਹੋਇ ਭਸਮੜਿ ਭਉਰੁ ਸਿਧਾਇਆ॥***
***ਵਡਾ ਹੋਆ ਦੁਨੀਦਾਰੁ***
***ਗਲਿ ਸੰਗਲੁ ਘਤਿ ਚਲਾਇਆ॥***
***ਅਗੈ ਕਰਣੀ ਕੀਰਤਿ ਵਾਚੀਐ***
***ਬਹਿ ਲੇਖਾ ਕਰਿ ਸਮਝਾਇਆ॥***
***ਥਾਉ ਨ ਹੋਵੀ ਪਉਦੀਈ***
***ਹੁਣਿ ਸੁਣੀਐ ਕਿਆ ਰੂਆਇਆ॥***
***ਮਨਿ ਅੰਧੈ ਜਨਮੁ ਗਵਾਇਆ॥ ਅੰਗ - 464***

***ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥***
***ਸੁਤ ਦਾਰਾ ਪਹਿ ਆਨਿ ਲੁਟਾਵੈ॥***
***ਮਨ ਮੇਰੇ ਭੂਲੇ ਕਪਟੁ ਨ ਕੀਜੈ***
***ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥***

***ਅੰਗ - 656***

ਪਿਤਾ ਜੀ! ਦਰਗਾਹ ਹੈ ਉਸ ਦਰਗਾਹ ਦੇ ਵਿਚ ਲੇਖੇ ਪੱਤੇ ਦੇਣੇ ਪੈਂਦੇ ਨੇ। ਇਹ ਗਰੀਬਣੀ ਹੈ, ਪੰਜ ਰੁਪਏ ਇਸਨੇ ਮੇਰੇ ਸਾਹਮਣੇ ਮੋੜੇ ਨੇ। ਕਹਿੰਦਾ, ਤੂੰ ਕਿਉਂ ਇਹੋ ਜਿਹੀ ਗੱਲ ਕਰਦੀ ਐਂ? ਮੈਂ ਤਾਂ ਲੈਣੇ ਨੇ।

ਇਸੇ ਬੱਚੀ ਨੇ ਆਪਣੇ ਬਚਾਏ ਹੋਏ ਪੈਸਿਆਂ 'ਚੋਂ ਉਸ ਮਾਈ ਨੂੰ ਪੈਸੇ ਦੇ ਦਿਤੇ, ਕਹਿੰਦੀ ਤੂੰ ਐਉਂ ਕਰ ਇਹ ਪੈਸੇ ਇਹਨੂੰ ਦੇ ਦੇ। ਐਸੀ ਨਰਮ ਦਿਲ ਸੀ ਬੀਬੀ ਰਜਨੀ। ਗੁਰੂ ਨੂੰ ਮੰਨਣ ਵਾਲੀ ਸੀ ਬਚਪਨ ਤੋਂ ਹੀ, ਭਰੋਸੇ ਵਾਲੀ ਸੀ। ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਜਾਣਦੀ ਸੀ।

ਸੋ ਏਸ ਤਰ੍ਹਾਂ ਦੇ ਨਾਲ ਇਕ ਦਿਨ ਉਸ ਨੇ ਸਹਿਜ-ਸੁਭਾਅ, ਸਾਰੀਆਂ ਹੀ ਭੈਣਾਂ, ਚਾਰ ਭੈਣਾਂ ਇਹਦੀਆਂ ਵਿਆਹੀਆਂ ਹੋਈਆਂ ਸੀ, ਸੱਤ ਸੀ ਇਹ, ਇਹ ਸੱਤਵੇਂ ਥਾਉਂ ਸੀ। ਨੌਕਰ ਚਾਕਰ ਸਾਰੇ ਇਕੱਠੇ ਕਰ ਲਏ। ਕਹਿਣ ਲੱਗਿਆ, ਕਿ ਕਿਉਂ ਬਈ, ਤੂੰ ਕਿਹਦਾ ਦਿੱਤਾ ਖਾਂਦਾ ਹੈਂ। ਕਹਿੰਦਾ ਹਜ਼ੂਰ ਅਸੀਂ ਤੁਹਾਡਾ ਦਿੱਤਾ

ਖਾਂਦੇ ਹਾਂ, ਹੋਰ ਕਿਹਦਾ ਖਾਂਦੇ ਹਾਂ।

ਕਹਿੰਦਾ, "ਸ਼ਾਬਾਸ਼।"

ਸਾਰਿਆਂ ਨੂੰ ਪੁੱਛਦਾ ਹੈ ਵਾਰੀ-ਵਾਰੀ। ਅਖੀਰ ਘਰਵਾਲੀ ਦੀ ਵਾਰੀ ਆਈ, ਕਹਿੰਦਾ ਜਿਹੜੇ ਤੂੰ ਵਧੀਆ ਕਪੜੇ ਲੀੜੇ ਪਹਿਨਦੀ ਹੈ, ਖਾਂਦੀ ਹੈ, ਕਿਹਦਾ ਦਿੱਤਾ ਖਾਂਦੀ ਹੈਂ?

ਕਹਿਣ ਲੱਗੀ, ਇਹ ਵੀ ਕੋਈ ਪੁੱਛਣ ਵਾਲੀ ਗੱਲ ਹੈ। ਤੁਹਾਡਾ ਹੀ ਦਿੱਤਾ ਖਾਂਦੇ ਹਾਂ। ਉਸ ਤੋਂ ਬਾਅਦ ਲੜਕੀਆਂ ਨੂੰ ਪੁੱਛਿਆ, ਜਵਾਈ ਵੀ ਆਏ ਹੋਏ ਸੀ, ਉਨ੍ਹਾਂ ਨੂੰ ਪੁੱਛਣ ਲਗ ਗਿਆ ਕਿ ਤੁਸੀਂ ਦੱਸੋ, ਐਨਾ ਮੈਂ ਦਹੇਜ ਦਿਤਾ ਹੈ, ਫੇਰ ਹਰ ਵਕਤ ਪੈਸੇ ਦਿੰਦਾ ਰਹਿੰਦਾ ਹਾਂ, ਕੱਪੜੇ ਭੇਜਦਾ ਰਹਿੰਦਾ ਹਾਂ। ਤੁਸੀਂ ਕਿਹਦਾ ਦਿੱਤਾ ਖਾਂਦੇ ਓਂ?

ਕਹਿੰਦੇ, ਪਿਤਾ ਜੀ! ਅਸੀਂ ਤੁਹਾਡਾ ਦਿਤਾ ਖਾਂਦੇ ਹਾਂ।

ਪੁੱਛਦੇ-ਪੁੱਛਦੇ ਰਜਨੀ ਦੀ ਵਾਰੀ ਆ ਗਈ। ਰਜਨੀ ਸੋਚੀ ਜਾਂਦੀ ਹੈ ਕਿ ਸਾਰੇ ਝੂਠ ਬੋਲਦੇ ਨੇ ਜਾਂ ਅਗਿਆਨੀ ਨੇ, ਜਾਂ ਇਨ੍ਹਾਂ ਨੂੰ ਪਤਾ ਨਹੀਂ ਹੈ। ਤਾਂ ਉਸ ਵੇਲੇ ਇਸਨੂੰ ਪੁੱਛਿਆ, ਕਹਿੰਦੇ, ਤੂੰ ਦੱਸ ਰਜਨੀ ਕੀਹਦਾ ਦਿੱਤਾ ਖਾਂਦੀ ਹੈਂ।

ਚੁੱਪ ਕਰ ਗਈ, ਕੋਈ ਜਵਾਬ ਨਹੀਂ ਦਿੱਤਾ। ਫੇਰ ਪੁਛਿਆ, ਕਹਿੰਦਾ, ਜਵਾਬ ਨਹੀਂ ਦਿੰਦੀ ਤੂੰ।

ਤੇਰੇ ਨਾਲ ਤਾਂ ਮੈਂ ਬਹੁਤਾ ਲਾਡ ਕਰਦਾ ਹਾਂ, ਇਹ ਤਾਂ ਵਿਆਹੀਆਂ ਗਈਆਂ, ਵੱਡੀਆਂ ਨੇ। ਤੂੰ ਮੇਰੀ ਗੱਲ ਦਾ ਜਵਾਬ ਕਿਉਂ ਨਹੀਂ ਦਿੰਦੀ?

ਜਦੋਂ ਗੱਲ ਕਰਦੀ ਹੈਂ ਉਲਟੀ ਕਰਦੀ ਹੈਂ। ਮੈਨੂੰ ਐਉਂ ਲਗਦਾ ਹੈ ਕਿ ਤੇਰੇ ਮਨ ਵਿਚ ਹੁਣ ਵੀ ਕੋਈ ਉਲਟੀ ਗੱਲ ਘੁੰਮ ਰਹੀ ਹੈ। ਮਾਂ ਨੇ ਕਿਹਾ ਬੇਟੀ, ਤੂੰ ਦੱਸ ਦੇ ਕੀਹਦਾ ਦਿਤਾ ਖਾਂਦੀ ਹੈਂ, ਬੋਲਦੀ ਕਿਉਂ ਨਹੀਂ?

ਕਹਿੰਦੀ ਮਾਂ ਜੀ! ਜੇ ਮੈਂ ਸੱਚੀ ਗੱਲ ਕਹਿੰਦੀ ਹਾਂ ਤਾਂ ਭਾਂਬੜ ਮਚ ਜਾਏਗਾ ਇਥੇ। ਝੂਠ ਮੈਂ ਬੋਲ ਨਹੀਂ ਸਕਦੀ।

ਕਹਿਣ ਲੱਗੀ, ਫੇਰ ਦੱਸਦੀ ਕਿਉਂ ਨਹੀਂ?

ਰਜਨੀ ਨੇ ਕਿਹਾ, ਪਿਤਾ ਜੀ ਨੇ ਸੁਣਨਾ ਨਹੀਂ ਹੈ?

ਕਹਿੰਦਾ ਕਿਉਂ ਨਹੀਂ ਸੁਣਨਾ, ਦੱਸ ਤੂੰ ਕਿਹਦਾ ਦਿੱਤਾ ਖਾਂਦੀ ਹੈਂ?

ਕਹਿਣ ਲੱਗੀ ਪਿਤਾ ਜੀ! ਮੈਂ ਵਿਚਾਰ ਨਾਲ ਗੱਲ ਕਰਨੀ ਹੈ ਤੁਹਾਡੇ ਨਾਲ। ਜਦੋਂ ਮੈਂ ਮਾਂ ਦੇ ਪੇਟ ਵਿਚ ਸੀ, ਉਹਦੇ ਕੌਣ ਬਚਾਉਂਦਾ ਸੀ ਮੈਨੂੰ? ਤੁਸੀਂ ਬਚਾਉਂਦੇ ਸੀ? ਕੌਣ ਸੀ ਉਥੇ, ਜੋ ਮੈਨੂੰ ਖਾਣਾ ਪਹੁੰਚਾਉਂਦਾ, ਮੈਨੂੰ ਪਾਲਿਆ ਹੈ ਜਿਸਨੇ? ਤੁਹਾਨੂੰ ਕੌਣ ਦਿੰਦਾ ਹੈ, ਤੁਹਾਨੂੰ ਸੋਹਣਾ ਸਰੀਰ ਕੀਹਨੇ ਦਿੱਤਾ ਹੈ? ਇਹ ਰਾਜ ਭਾਗ ਕੀਹਨੇ ਦਿੱਤਾ ਹੈ।

ਕਹਿੰਦਾ ਤੂੰ ਤਾਂ ਕਮਲੀ ਹੈ, ਰਾਜ ਭਾਗ ਕੀਹਨੇ ਦੇਣਾ ਹੈ, ਮੈਂ ਆਪਣੀ ਅਕਲ ਨਾਲ ਲਿਆ? ਆਪਣੇ ਬਲ ਨਾਲ ਲੈ ਲਿਆ ਸਭ ਕੁਝ, ਮੈਨੂੰ ਦੇਣ ਵਾਲਾ ਕੋਈ ਨਹੀਂ ਹੈ।

ਕਹਿੰਦੀ, ਨਾ ਪਿਤਾ ਜੀ! ਪ੍ਰਮੇਸ਼ਰ ਦਿੰਦਾ ਹੈ, ਜੇ ਅਧਰੰਗ ਕਰ ਦੇਵੇ ਫੇਰ ਤੁਸੀਂ ਕੀ ਕਰੋਂਗੇ?

ਕਹਿੰਦਾ ਮੈਨੂੰ ਅਧਰੰਗ ਕਿਉਂ ਹੋ ਜਾਏਗਾ। ਹੋ ਹੀ ਨਹੀਂ ਸਕਦਾ।

ਕਹਿਣ ਲੱਗੀ, ਨਾ ਉਹਦੇ ਤਾਂ ਬਹੁਤ ਲੰਮੇ ਹੱਥ ਨੇ, ਕੋਈ ਬਿਮਾਰੀ ਲਾ ਦੇਵੇ, ਕੋਈ ਗਲੀਮ ਚੜ੍ਹ ਕੇ ਆ ਜਾਵੇ ਤੇ ਤੁਹਾਨੂੰ ਕੱਢ ਦੇਵੇ ਇਥੋਂ ਫੇਰ?

ਕਹਿੰਦਾ, ਮੈਨੂੰ ਕੌਣ ਕੱਢ ਸਕਦਾ ਹੈ, ਕਿਸੇ ਦੀ ਤਾਕਤ ਹੈ ਜਿਹੜਾ ਮੈਨੂੰ ਕੱਢ ਦੇਵੇ? ਉਲਟੀਆਂ ਗੱਲਾਂ ਕਰਦਾ ਹੈ।

ਕਹਿਣ ਲੱਗੀ, ਪਿਤਾ ਜੀ! ਜੇ ਮੇਰੇ ਤੋਂ ਪੁੱਛਦੇ ਓਂ, ਤਾਂ ਮੇਰਾ ਮਾਲਕ ਦਿੰਦਾ ਹੈ ਮੈਨੂੰ ਖਾਣ ਵਾਸਤੇ, ਜਿਹਨੇ ਮੈਨੂੰ ਪੈਦਾ ਕਰਿਆ ਹੈ। ਮੇਰਾ ਮਾਲਕ ਉਹ ਹੈ, ਜਿਹਨੇ ਮੈਨੂੰ ਅੱਗ ਵਿਚ ਵੀ ਖਾਣ ਨੂੰ ਦਿਤਾ। ਐਸ ਤਰ੍ਹਾਂ ਫੁਰਮਾਨ ਹੈ-

***ਧਾਰਨਾ - ਦੇਹ ਆਹਾਰ, ਅਗਨ ਮਹਿ ਰਾਖੈ,***
***ਐਸਾ ਖਸਮ ਹਮਾਰਾ ਜੀ।***

ਕਹਿਣ ਲੱਗੀ, ਜਿਹੜਾ ਸਾਰਿਆਂ ਨੂੰ ਰੋਜ਼ੀ ਦਿੰਦਾ ਹੈ, ਮੈਂ ਉਹਦਾ ਦਿਤਾ ਖਾਂਦੀ ਹਾਂ।

***ਰੇ ਚਿਤ ਚੇਤਸਿ ਕੀ ਨ ਦਯਾਲ***
***ਦਮੋਦਰ ਬਿਬਹਿ ਨ ਜਾਨਸਿ ਕੋਈ॥***
***ਜੇ ਧਾਵਹਿ ਬ੍ਰਹਮੰਡ ਖੰਡ ਕਉ***
***ਕਰਤਾ ਕਰੈ ਸੁ ਹੋਈ॥***
***ਜਨਨੀ ਕੇਰ ਉਦਰ ਉਦਕ ਮਹਿ***
***ਪਿੰਡੁ ਕੀਆ ਦਸ ਦੁਆਰਾ॥***
***ਦੇਇ ਅਹਾਰ ਅਗਨਿ ਮਹਿ ਰਾਖੈ***
***ਐਸਾ ਖਸਮੁ ਹਮਾਰਾ॥ ਅੰਗ - 488***

ਪਿਤਾ ਜੀ, ਉਹ ਮੇਰਾ ਮਾਲਕ ਦਿੰਦਾ ਹੈ, ਸਾਰਿਆਂ ਨੂੰ ਰੋਜ਼ੀ।

ਕਿਉਂ ਡਰਦਾ ਹੈਂ? ਉਹ ਤਾਂ ਰੋਜ਼ੀ ਦੇਣ ਵਾਲਾ ਹੈ ਸਾਰਿਆਂ ਨੂੰ।

***ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥***
***ਜਲ ਮਹਿ ਜੰਤ ਉਪਾਇਨੁ ਤਿਨਾ ਭਿ ਰੋਜੀ ਦੇਇ॥***
***ਓਥੈ ਹਟ ਨ ਚਲਈ ਨਾ ਕੋ ਕਿਰਸ ਕਰੇਇ॥***
***ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ॥***
***ਜੀਆ ਕਾ ਆਹਾਰ ਜੀਆ ਖਾਣਾ ਏਹੁ ਕਰੇਇ॥***
***ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ॥***
***ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ॥***
***ਅੰਗ - 955***

ਦੁਨੀਚੰਦ ਲੜਕੀ ਦੀ ਇਹ ਗੱਲ ਸੁਣ ਕੇ ਨਰਾਜ਼ ਹੋ ਗਿਆ। ਕਹਿਣ ਲੱਗਿਆ ਕਿ ਇਹਦੇ ਲਈ ਲੰਗੜਾ ਲੂਲਾ ਬੰਦਾ ਲੱਭੋ, ਮੈਂ ਇਸ ਦੀ ਉਸ ਨਾਲ ਸ਼ਾਦੀ ਕਰਕੇ, ਇਸਨੂੰ ਅੱਜ ਹੀ ਰਾਜ ਵਿਚੋਂ ਕੱਢ ਦੇਣਾ ਹੈ।

ਸਾਰਾ ਸ਼ਹਿਰ ਕੰਬ ਗਿਆ ਕਿ ਇਹ ਜ਼ਿੱਦੀ ਬੰਦਾ ਹੈ, ਇਹਨੇ ਹਟਣਾ ਤਾਂ ਹੈ ਨਹੀਂ ਤੇ ਹੁਣ ਹੋਏਗਾ ਕੀ ਤੇ ਕਹਿੰਦਾ ਅੱਜ ਹੀ ਭਾਲ ਕੇ ਲਿਆਓ। ਅੱਜ ਹੀ ਮੈਂ ਇਹਦੇ ਫੇਰੇ ਦੇਣੇ ਨੇ, ਤੇ ਕੱਲ੍ਹ ਨੂੰ ਮੈਂ ਇਹਨੂੰ ਆਪਣੇ ਰਾਜ ਵਿਚੋਂ ਕੱਢ ਦੇਣਾ ਹੈ।

ਹੁਕਮ ਦੀ ਤਮੀਲ ਕੀਤੀ ਗਈ। ਕਿ ਲੂਲਾ ਬੰਦਾ, ਜਿਸਦੇ ਨਾ ਪੈਰ ਚਲਦੇ ਨੇ, ਨਾ ਹੱਥ ਚਲਦੇ ਨੇ, ਸਾਰੇ ਸਰੀਰ ਦੇ ਵਿਚੋਂ ਦੁਰਗੰਧ ਆ ਰਹੀ ਹੈ, ਕੋਈ ਨੇੜੇ ਨਹੀਂ ਲਗਦਾ। ਕਪੜੇ 'ਚ ਵਲੇਟ ਕੇ ਟੋਕਰੇ 'ਚ ਪਾ ਕੇ, ਚੁਕਾ ਲਿਆਏ। ਲਿਆ ਕੇ ਅੱਗੇ ਰੱਖ ਦਿਤਾ, ਕਹਿਣ ਲੱਗਿਆ, ਰਜਨੀ, ਹੁਣ ਦੱਸ ਤੂੰ ਕੀ ਕਰੇਂਗੀ? ਤੇਰਾ ਰੱਬ ਤੈਨੂੰ ਰੋਟੀ ਕਿਥੋਂ ਦਏਗਾ, ਇਹ ਮੈਂ ਦੇਖਣਾ ਚਾਹੁੰਦਾ ਹਾਂ। ਇਹਦੇ ਨਾਲ ਤੇਰਾ ਮੈਂ ਵਿਆਹ ਕਰ ਦੇਣਾ ਹੈ। ਸੋ ਉਸ ਵੇਲੇ ਸਾਵਧਾਨ ਹੋਈ, ਅੰਤਰ ਧਿਆਨ ਹੋਈ, ਫੇਰੇ ਸ਼ੁਰੂ ਹੋ ਗਏ, ਪੰਡਤ ਬੁਲਾ ਲਿਆ। ਹੁਣ ਇਹਦਾ ਕੋਈ ਚਾਰਾ ਨਹੀਂ ਸੰਸਾਰ ਦੇ ਅੰਦਰ, ਕੋਈ ਬੰਦਾ ਨਹੀਂ ਐਸਾ ਜਿਹੜਾ ਇਹਦੀ ਮਦਦ ਕਰ ਸਕੇ। ਉਸ ਵੇਲੇ ਅੰਤਰ ਧਿਆਨ ਹੋ ਕੇ ਅਰਦਾਸ ਕਰਦੀ ਹੈ -

***ਧਾਰਨਾ - ਤੇਰਿਆਂ ਚਰਨਾਂ ਬਾਝੋਂ***
***ਹੋਰ ਆਸਰਾ ਨਾ ਕੋਈ।***
***ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥***
***ਕਿਉ ਨ ਮਰੀਜੈ ਰੋਇ***
***ਜਾ ਲਗੁ ਚਿਤਿ ਨ ਆਵਹੀ॥ ਅੰਗ - 792***

ਅਰਦਾਸ ਕਰਦੀ ਹੈ, ਹੇ ਪ੍ਰਭੂ! ਹੁਣ ਮੈਨੂੰ ਬਲ ਦੇਹ। ਮੈਂ ਸੱਚ ਬੋਲਿਆ ਹੈ, ਸੱਚ ਦੇ ਉਤੇ ਟੇਕ ਰੱਖੀ ਹੈ, ਮੇਰੀ ਸਹਾਇਤਾ ਕਰ। ਉਸ ਵੇਲੇ ਪਿਤਾ ਕਹਿਣ ਲੱਗਿਆ, ਰਜਨੀ! ਹੁਣ ਦੱਸ ਕਿ ਕੀਹਦਾ ਦਿੱਤਾ ਖਾਂਦੀ ਹੈਂ?

ਆਹ ਲੂਲਾ ਤੇ ਕੋਹੜੀ ਬੰਦਾ ਤੈਨੂੰ ਕਮਾ ਕੇ ਖਿਲਾਇਆ ਕਰੇਗਾ? ਮੈਂ ਇਸ ਦੇ ਨਾਲ ਤੈਨੂੰ ਵਿਆਹ ਦੇਣਾ ਹੈ।

ਕਹਿਣ ਲੱਗੀ, ਪਿਤਾ ਜੀ! ਤੁਸੀਂ ਕੁਛ ਨਹੀਂ ਕਰ ਰਹੇ, ਇਹ ਤਾਂ ਸਾਰਾ ਜਿੰਨਾ ਵੀ ਖੇਲ੍ਹ ਹੋ ਰਿਹਾ ਹੈ, ਇਹ ਮੇਰੇ ਭਾਗਾਂ ਦਾ ਖੇਲ੍ਹ ਹੋ ਰਿਹਾ, ਤੇ ਪ੍ਰਮੇਸ਼ਰ ਦੇ ਹੁਕਮ ਵਿਚ ਹੋ ਰਿਹਾ ਹੈ। ਉਹਦੇ ਹੁਕਮ ਦੇ ਵਿਚ ਹੀ ਸਾਰੀ ਸ੍ਰਿਸ਼ਟੀ ਸਾਜੀ ਗਈ ਹੈ। ਉਹਦੇ ਹੁਕਮ ਦੇ ਵਿਚ ਹੀ ਸਾਰੀ ਸ੍ਰਿਸ਼ਟੀ ਢਾਹ ਹੁੰਦੀ ਹੈ। ਹੁਕਮ ਦੇ ਨਾਲ ਹੀ ਮੇਲ ਮਿਲਾਉਂਦਾ ਹੈ, ਹੁਕਮ ਦੇ ਨਾਲ ਹੀ ਵਿਛੋੜਾ ਕਰਦਾ ਹੈ, ਜੇ ਮੇਰਾ ਸੰਜੋਗ ਇਸਦੇ ਨਾਲ ਹੀ ਲਿਖਿਆ ਹੋਇਆ ਹੈ - ਪ੍ਰਮੇਸ਼ਰ ਨੇ, ਫੇਰ ਮੈਨੂੰ ਮਨਜ਼ੂਰ ਹੈ, ਮੈਨੂੰ ਤੁਹਾਡੇ ਉਤੇ ਕੋਈ ਰੰਜ ਨਹੀਂ। ਮੈਨੂੰ ਕੋਈ ਗੁੱਸਾ ਨਹੀਂ ਤੁਹਾਡੇ ਉਤੇ। ਠੀਕ ਹੈ, ਕਿਉਂਕਿ ਗੁਰੂ ਮਹਾਰਾਜ ਐਸਾ ਫੁਰਮਾਨ ਕਰਦੇ ਨੇ -

***ਧਾਰਨਾ - ਹੁਕਮੈ ਸਾਜੈ, ਹੁਕਮੈ ਢਾਹੈ,***
***ਹੁਕਮੈ ਮੇਲ ਮਿਲਾਇੰਦਾ।***
***ਹੈ ਭੀ ਸਾਚਾ ਹੋਸੀ ਸੋਈ॥***
***ਆਪੇ ਸਾਜੇ ਅਵਰੁ ਨ ਕੋਈ॥ ਅੰਗ - 1060***

ਪਹਿਲਾਂ ਵੀ ਉਹ ਹੈਗਾ ਤੇ ਹੁਣ ਵੀ ਉਹ ਹੈਗਾ, ਸਾਜਣਾ ਤੇ ਢਾਹ ਦੇਣਾ ਉਹਦਾ ਹੀ ਕੰਮ ਹੈ।

***ਸਭਨਾ ਸਾਰ ਕਰੇ ਸੁਖਦਾਤਾ***
***ਆਪੇ ਰਿਜਕੁ ਪਹੁਚਾਇਦਾ॥ ਅੰਗ - 1060***

ਇਕ ਛੋਟਾ ਜਿਹਾ ਮੱਛਰ ਵੀ ਉਹਦੇ ਧਿਆਨ ਤੋਂ ਬਾਹਰ ਨਹੀਂ। ਸਾਰਿਆਂ ਦੀ ਸਾਰ ਕਰਦਾ ਹੈ। ਆਪਣੇ ਆਪ ਹੀ ਉਹਨੇ ਪ੍ਰਬੰਧ ਕਰਨਾ ਹੈ ਰਿਜਕ ਪੁਚਾਉਣ ਦਾ।

***ਅਗਮ ਅਗੋਚਰੁ ਅਲਖ ਅਪਾਰਾ॥***
***ਕੋਇ ਨ ਜਾਣੈ ਤੇਰਾ ਪਰਵਾਰਾ॥***
***ਆਪਣਾ ਆਪੁ ਪਛਾਣਹਿ***
***ਆਪੇ ਗੁਰਮਤੀ ਆਪਿ ਬੁਝਾਇਦਾ॥***
***ਪਾਤਾਲ ਪੁਰੀਆ ਲੋਅ ਆਕਾਰਾ॥***
***ਤਿਸੁ ਵਿਚਿ ਵਰਤੈ ਹੁਕਮੁ ਕਰਾਰਾ॥***
***ਹੁਕਮੇ ਸਾਜੇ ਹੁਕਮੇ ਢਾਹੇ ਹੁਕਮੇ ਮੇਲਿ ਮਿਲਾਇਦਾ॥***
***ਅੰਗ - 1060***

ਕਹਿਣ ਲੱਗੀ, ਪਿਤਾ ਜੀ! ਮੈਂ ਤੁਹਾਨੂੰ ਦੋਸ਼ ਨਹੀਂ ਕੋਈ ਵੀ ਦਿੰਦੀ। ਲੇਕਿਨ ਮੈਂ ਝੂਠ ਨਹੀਂ ਬੋਲ ਸਕਦੀ। ਇਹ ਤਾਂ ਸਭ ਕੁਝ ਹੁਕਮ ਵਿਚ ਹੋ ਰਿਹਾ ਹੈ।

***ਸਭੁ ਕਿਛੁ ਹੁਕਮੇ ਆਵਦਾ***
***ਸਭੁ ਕਿਛੁ ਹੁਕਮੇ ਜਾਇ॥***

***ਜੇ ਕੋ ਮੂਰਖ ਆਪਹੁ ਜਾਣੈ ਅੰਧਾ ਅੰਧੁ ਕਮਾਇ॥***
***ਅੰਗ - 556***

ਕਿੱਡੀ ਵੱਡੀ ਗੱਲ ਮਹਾਰਾਜ ਨੇ ਕਹਿ ਦਿਤੀ। ਕਹਿੰਦੇ ਸਭ ਕੁਛ ਹੁਕਮ ਵਿਚ ਆਉਂਦਾ ਹੈ, ਹੁਕਮ ਵਿਚ ਜਾਂਦਾ ਹੈ, ਜੇ ਕੋਈ ਕਹੇ ਮੈਂ ਕਰਦਾ ਹਾਂ, ਕਹਿੰਦੇ ਉਹ ਤਾਂ ਅੰਨ੍ਹਾ ਪੁਰਸ਼ ਹੈ, ਅੰਨ੍ਹਾ ਪੁਰਸ਼ ਜੋ ਹੈ ਉਹ ਤਾਂ ਅੰਧੇਰ ਕਮਾ ਰਿਹਾ ਹੈ।

***ਨਾਨਕ ਹੁਕਮੁ ਕੋ ਗੁਰਮੁਖਿ ਬੁਝੈ***
***ਜਿਸ ਨੋ ਕਿਰਪਾ ਕਰੇ ਰਜਾਇ॥ ਅੰਗ - 556***

ਸੋ ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਲੇਖ ਨਾ ਮਿਟਦੇ ਨੇ,***
***ਪਿਆਰੇ ਲਿਖੇ ਧੁਰ ਦਰਗਾਹੋਂ।***
***ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥***
***ਆਪੇ ਕਾਰਣੁ ਜਿਨਿ ਕੀਆ ਕਰਿ ਕਿਰਪਾ ਪਗੁ ਧਾਰਿ॥***
***ਅੰਗ - 937***

ਕਹਿਣ ਲੱਗੀ, ਪਿਤਾ ਜੀ, ਜੇ ਮੇਰੇ ਮਸਤਕ ਵਿਚ ਮੇਰਾ ਸੰਯੋਗ ਇਹੀ ਹੈ ਤਾਂ ਮੈਨੂੰ ਪ੍ਰਵਾਨ ਹੈ, ਇਹ ਮੇਰਾ ਭਗਵਾਨ ਹੈ, ਕਿਉਂਕਿ ਲੇਖ ਟਲਿਆ ਨਹੀਂ ਕਰਦਾ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਐਸਾ ਜ਼ਿਕਰ ਆਉਂਦਾ ਹੈ ਕਿ ਇਕ ਰਾਜਾ ਜੋ ਅਰਜਨ ਦਾ ਪੋਤਰਾ ਸੀ, ਇਨ੍ਹਾਂ ਦਾ ਲੜਕਾ ਅਭਿਮਨਿਊ ਤਾਂ ਸ਼ਹੀਦ ਹੋ ਗਿਆ ਸੀ, ਉਹਦਾ ਲੜਕਾ ਪ੍ਰੀਛਤ ਸੀ, ਪ੍ਰੀਛਤ ਦਾ ਲੜਕਾ ਜਨਮੇਜਾ ਸੀ। ਜਨਮੇਜੇ ਦੇ ਕੋਲ ਇਨ੍ਹਾਂ ਦਾ ਦਾਦਾ ਪੜਦਾਦਾ ਵਿਆਸ ਜੀ ਮਿਲਣ ਵਾਸਤੇ ਆਏ। ਉਥੇ ਕਥਾ ਕਰਦੇ ਨੇ, ਇਹਨੇ ਕਿੰਤੂ ਕੀਤੀ। ਕਹਿਣ ਲੱਗਿਆ ਮਹਾਂਪੁਰਸ਼ੋ! ਤੁਸੀਂ ਇਹ ਕਥਾ ਕਰਦੇ ਹੋਂ ਕਿ ਭੀਸ਼ਮ ਪਿਤਾਮਾ ਬਹੁਤ ਵੱਡਾ ਵਿਦਵਾਨ ਸੀ, ਬਹੁਤ ਵੱਡਾ ਯੋਗੀ ਸੀ ਤੇ ਦਰੋਣਾਚਾਰੀਆ ਜਿਹੜਾ ਸੀ ਉਹ ਵੀ ਬੜੇ ਅਸੂਲਾਂ ਦਾ ਬੰਦਾ ਸੀ। ਕ੍ਰਿਸ਼ਨ ਮਹਾਰਾਜ ਵੀ ਤੁਸੀਂ ਕਹਿੰਦੇ ਹੋ ਕਿ ਭਗਵਾਨ ਸੀ ਉਹ, ਦੁਆਪਰ ਯੁੱਗ ਦੇ ਅਵਤਾਰ; ਤੇ ਤੁਸੀਂ ਤਾਂ ਵੇਦ ਵਿਆਸ ਕਹਾਉਂਦੇ ਹੀ ਹੋ, ਤ੍ਰਿਕਾਲ ਦਰਸ਼ੀ ਓਂ, ਤਿੰਨਾਂ ਸਮਿਆਂ ਦੀ ਤੁਹਾਨੂੰ ਸੋਝੀ ਹੈ, ਪਿਛੇ ਜੋ ਬੀਤ ਚੁੱਕਿਆ ਉਹਦਾ ਪਤਾ ਹੈ, ਹੁਣ ਵੀ ਸਮਾਂ ਬੀਤ ਰਿਹਾ ਹੈ ਉਹਦਾ ਵੀ ਪਤਾ ਹੈ, ਜੋ ਅੱਗੇ ਨੂੰ ਆਉਣਾ ਹੈ ਉਹਦਾ ਵੀ ਪਤਾ ਹੈ। ਪਰ ਮੈਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਤੁਸੀਂ ਲੜਾਈ ਕਿਉਂ ਹੋਣ ਦਿਤੀ ਮਹਾਂਭਾਰਤ ਦੀ? 45 ਲੱਖ ਬੰਦਾ 18 ਦਿਨ ਵਿਚ ਮਰ ਗਿਆ। ਬੰਦਾ ਵੀ ਉਹ ਜਿਹੜਾ **top** ਦਾ ਸੀ, ਜਵਾਨੀ ਸਾਰੀ ਹਿੰਦੋਸਤਾਨ ਦੀ ਉਸਨੇ ਖਤਮ ਕਰ ਦਿਤੀ। ਕੋਈ ਬੰਦਾ ਸਮਝਾਉਣ ਵਾਲਾ ਨਹੀਂ ਸੀ? ਕਹਿਣ ਲੱਗੇ ਜਨਮੇਜਾ! ਉਹ ਗੱਲ ਤਾਂ ਵਖਰੀ ਰਹੀ ਕਿ ਕਿਸੇ ਨੂੰ ਸਮਝਾਇਆ ਕਿ ਨਹੀਂ ਪਰ ਸਾਡੇ ਸਮਝਾਉਣ ਦੇ ਬਾਵਜੂਦ ਗੱਲ ਨੇ ਇਵੇਂ ਜਿਵੇਂ ਹੋਣਾ ਸੀ, ਸੋ ਨਹੀਂ ਟਲ ਸਕਿਆ। ਕ੍ਰਿਸ਼ਨ ਮਹਾਰਾਜ ਨੇ ਬਥੇਰਾ ਸਮਝਾਇਆ। ਬਿਦਰ ਦੇ ਘਰ ਸਫ ਦੇ ਉਤੇ ਆ ਕੇ ਸੁੱਤੇ, ਉਹ ਆਏ ਹੀ ਸੀ ਇਨ੍ਹਾਂ ਨੂੰ ਸਮਝਾਉਣ ਵਾਸਤੇ ਪਰ ਗੱਲ ਸਾਰੇ ਹੀ ਜਾਣਦੇ ਸੀ, ਕੋਈ ਬੰਦਾ ਐਸਾ ਨਹੀਂ ਸੀ ਜਿਹੜਾ ਨਹੀਂ ਜਾਣਦਾ ਸੀ, ਇਹ ਵੀ ਪਤਾ ਸੀ ਕਿ ਬੜਾ ਭਾਰੀ ਵਿਨਾਸ਼ ਹੋਣਾ ਹੈ, ਦੋ ਸ਼ਕਤੀਆਂ ਨੇ ਭਿੜਨਾ ਹੈ ਜੋ ਬਰਾਬਰ ਦੀਆਂ ਨੇ। ਇਥੇ ਤਾਂ ਬਚਣਾ ਹੀ ਕਿਸੇ ਨੇ ਨਹੀਂ ਕਿਉਂਕਿ ਸਾਰਿਆਂ ਕੋਲ ਅਸਤਰ ਸੀਗੇ, ਉਨ੍ਹਾਂ ਕੋਲ ਵੀ ਬੜੇ ਅਸਤਰ ਸੀ, ਇਨ੍ਹਾਂ ਕੋਲ ਵੀ ਬੜੇ ਅਸਤਰ ਸੀ। ਲੇਕਿਨ ਇਹ ਹੋਣਾ ਹੀ ਸੀ, ਸੋ ਹੋ ਗਿਆ।

ਕਹਿੰਦਾ, ਆਹ ਤਾਂ ਗੱਲ ਪਿਛੋਂ ਕਹੀ ਜਾਂਦੀ ਹੈ ਕਿ ਹੋ ਗਿਆ, ਹੋਣਾ ਹੀ ਸੀ। ਜੇ ਆਦਮੀ ਨਾ ਹੋਣ ਦੇਵੇ?

ਕਹਿੰਦੇ, ਤੇਰੇ ਵਿਚ ਤਾਕਤ ਹੈ ਨਾ ਹੋਣ ਦੇਣ ਦੀ?

ਕਹਿੰਦਾ, ਹਾਂ, ਮੈਨੂੰ ਪਤਾ ਹੋਵੇ ਕਿ ਆਹ ਗੱਲ ਹੋਣੀ ਹੈ, ਮੈਂ ਨਹੀਂ ਹੋਣ ਦੇਵੇਂਗਾ।

ਕਹਿੰਦੇ, ਤੇਰੇ ਨਾਲ ਜੋ ਬੀਤੀ ਹੈ ਨਾ ਉਹ ਅਸੀਂ ਦੱਸ ਦਿੰਦੇ ਹਾਂ।

ਕਹਿੰਦਾ, ਦੱਸੋ?

ਲਿਖ ਲੈ ਕਹਿੰਦੇ, ਲਿਖਾਰੀ ਬੁਲਾ ਲੈ, ਕਹਿਣ ਲੱਗੇ ਤੂੰ ਇਕ ਅਪੱਛਰਾ ਲੈ ਕੇ ਆਏਂਗਾ। ਉਸ ਤੋਂ ਵੀ ਪਹਿਲਾਂ ਦਾ ਦੱਸ ਦਿਤਾ ਕਿ ਇਕ ਘੋੜੀ ਖਰੀਦੇਗਾ, ਉਸ ਘੋੜੀ ਤੇ ਚੜ੍ਹ ਕੇ ਤੂੰ ਦੱਖਣ ਦਿਸ਼ਾ ਵਲ ਨੂੰ ਜਾਏਂਗਾ, ਉਥੇ ਤੈਨੂੰ ਇਕ ਬਹੁਤ ਸੁੰਦਰ ਇਸਤਰੀ ਮਿਲੇਗੀ, ਜਿਹਦਾ ਜਾਤ ਵਰਨ ਕੋਈ ਜਾਣਦਾ ਨਹੀਂ ਹੋਏਗਾ। ਉਸਨੂੰ ਤੂੰ ਮਹਿਲਾਂ ਵਿਚ ਲੈ ਆਏਂਗਾ ਤੇ ਉਸ ਦੇ ਇਸ਼ਾਰਿਆਂ ਤੇ ਨਚਣਾ ਸ਼ੁਰੂ ਕਰ ਦੇਵੇਂਗਾ। ਜਿਵੇਂ ਗੁੱਡੀ ਅਸਮਾਨ ਵਿਚ ਤੁਣਕੇ ਨਾਲ ਚਲਦੀ ਹੈ, ਐਉਂ ਚਲੇਂਗਾ ਉਸਦੇ ਇਸ਼ਾਰਿਆਂ ਤੇ ਤੂੰ। ਉਹਦਾ ਕਿਹਾ ਮੰਨੇਂਗਾ। ਤੇਰੀ ਬਦਨਾਮੀ ਹੋ ਜਾਣੀ ਹੈ, ਉਸ ਨੂੰ ਦੂਰ ਕਰਨ ਵਾਸਤੇ ਤੂੰ ਇਕ ਯੱਗ ਕਰੇਂਗਾ। ਉਸ ਯੱਗ ਦੇ ਵਿਚ ਤੂੰ 18 ਗੋਤਾਂ ਦੇ ਬ੍ਰਾਹਮਣਾਂ ਨੂੰ ਬੁਲਾਏਂਗਾ। ਉਨ੍ਹਾਂ ਬੱਚਿਆਂ ਦਾ ਕੋਈ ਕਸੂਰ ਨਹੀਂ ਹੋਏਗਾ, ਉਹ ਆਪਣੀ ਗੱਲ ਤੇ ਹਸਦੇ ਹੋਣਗੇ, ਤੂੰ ਉਨ੍ਹਾਂ ਦਾ ਗੱਲ ਵੱਢ ਦਏਂਗਾ ਤੇ ਤੈਨੂੰ ਕੋਹੜ ਹੋ ਜਾਏਗਾ। ਦੁਖੀ ਹੋਏਂਗਾ, ਕੋਈ ਦਵਾਈ ਨਹੀਂ ਲੱਗਣੀ। ਉਸ ਤੋਂ ਬਾਅਦ ਤੂੰ ਮੇਰੇ ਕੋਲ ਆਏਂਗਾ ਮੈਂ ਤੈਨੂੰ ਭਾਗਵਤ ਦੀ ਕਥਾ, ਵਾਹਿਗੁਰੂ ਦਾ ਜਸ ਸੁਣਾਵਾਂਗਾ। ਉਹਦੇ ਵਿਚ ਜਦੋਂ ਮੈਂ ਸਾਖੀ ਸੁਣਾਵਾਂਗਾ ਕਿ ਭੀਮ ਨੇ ਆਪਣੀ ਸ਼ਕਤੀ ਵਰਤ ਕੇ ਮੰਤਰ ਦੇ ਬਲ

ਨਾਲ ਹਾਥੀ ਸਪੇਸ ਵਿਚ ਮਾਰੇ ਜਿਹੜੇ ਹੁਣ ਤਕ ਘੁੰਮਦੇ ਫਿਰਦੇ ਨੇ, ਉਥੇ ਨੂੰ ਅਸ਼ਰਧਕ ਹੋ ਜਾਏਂਗਾ, ਉਥੇ ਤੂੰ ਨਾਂਹ ਕਹੇਂਗਾ, ਨਾਂਹ ਕਹਿਣ ਦੇ ਨਾਲ ਤੇਰੇ ਨੱਕ ਤੇ ਕੋਹੜ ਰਹਿ ਜਾਏਗਾ, ਉਹਦੇ ਨਾਲ ਤੂੰ ਮਰੇਂਗਾ। ਜਾਹ ਲਾ ਲੈ ਜ਼ੋਰ।

ਕਹਿੰਦਾ ਲੈ ਇਹ ਵੀ ਗੱਲ ਹੈ ਕੋਈ, ਮੈਂ ਹੋਣ ਹੀ ਨਹੀਂ ਦੇਣਾ।

ਵਿਆਸ ਜੀ ਨੇ ਕਿਹਾ, ਵਰਤਣੀ ਹੈ ਭਾਵੀ, ਕਿਸੇ ਤੋਂ ਟਲੀ ਨਹੀਂ ਹੈ, ਵੱਡੇ-ਵੱਡੇ ਜ਼ੋਰ ਲਾ ਕੇ ਚਲੇ ਗਏ।

ਰਾਜਾ ਜਨਕ ਬੀਰ-ਯਾਤਰਾ ਕਰਦੇ ਤੁਰੇ ਜਾ ਰਹੇ ਨੇ, ਅੱਗੇ ਕੀ ਦੇਖਦੇ ਨੇ ਇਕ ਔਰਤ ਮਰੀ ਪਈ ਹੈ ਜਵਾਨ, ਉਹਦਾ ਲੜਕਾ ਛੇ ਮਹੀਨੇ ਦਾ, ਕਦੇ ਇਧਰਲਾ ਥਣ ਚੁੰਘਦਾ ਹੈ, ਕਦੇ ਏਧਰਲਾ। ਉਸ ਬੱਚੇ ਨੂੰ ਨਹੀਂ ਕੁਛ ਪਤਾ। ਲੋਕ ਬਹੁਤ ਉਦਾਸ ਖੜ੍ਹੇ ਨੇ। ਰਾਜਾ ਜਨਕ ਵੀ ਵਿਚ ਖੜ੍ਹਾ ਦੇਖ ਰਿਹਾ ਹੈ ਤੇ ਇਕ ਲੜਕੀ ਆਈ, ਉਹਦੇ ਸਿਰ ਦੇ ਉਤੇ ਘੜਾ ਚੁਕਿਆ ਹੋਇਆ ਹੈ ਗਾਗਰ, ਉਹ ਪਹਿਲਾਂ ਖੜ੍ਹੀ ਫੇਰ ਹੱਸੀ ਉਚੀ-ਉਚੀ। ਰਾਜੇ ਜਨਕ ਨੇ ਕਿਹਾ ਕਿ ਇਹ ਕਿਉਂ ਹੱਸਦੀ ਹੈ। ਪਿੱਛੇ ਹੋ ਲਿਆ ਉਹਦੇ, ਪਾਣੀ ਲੈਣ ਜਾ ਰਹੀ ਹੈ। ਕਹਿਣ ਲੱਗਿਆ, ਪੁੱਤਰੀ! ਮੈਂ ਰਾਜਾ ਜਨਕ, ਬੀਰ ਯਾਤਰਾ ਕਰ ਰਿਹਾ ਹਾਂ। ਤੇਰੇ ਹਾਸੇ ਨੇ ਮੇਰੇ ਮਨ ਵਿਚ ਸੰਦੇਹ ਪੈਦਾ ਕਰ ਦਿਤਾ। ਜਾਂ ਤਾਂ ਤੂੰ ਬਹੁਤ ਕਠੋਰ ਕਿਸਮ ਦੀ ਔਰਤ ਹੈਂ ਕੋਈ, ਜਾਂ ਇਹਦੇ ਵਿਚ ਕੋਈ ਬੜਾ ਭਾਰੀ ਰਹੱਸ ਹੈ, ਇਹ ਮੈਨੂੰ ਦੱਸ?

ਉਹ ਕਹਿਣ ਲੱਗੀ ਕੀ ਲੋੜ ਹੈ, ਪ੍ਰਗਟ ਕਰਨ ਦੀ ਕਿ ਮੋਟੀ ਗੱਲ ਐਨੀ ਹੀ ਹੈ ਕਿ ਰਾਜਨ! ਇਹ ਐਵੇਂ ਜਿਵੇਂ ਇਥੇ ਆਹੀ ਗੱਲ ਹੋਣੀ ਸੀ।

ਕਹਿੰਦੇ, ਇਹ ਕੀ ਜਵਾਬ ਹੋਇਆ?

ਕਹਿੰਦੀ, ਤੂੰ ਮੈਨੂੰ ਬੁਲਾ ਨਾ, ਗੱਲ ਆਹੀ ਹੋਣੀ ਸੀ। ਕਹਿੰਦੀ, ਤੈਨੂੰ ਕਿਉਂ ਨਾ ਬੁਲਾਵਾਂ? ਕਹਿਣ ਲੱਗੀ, ਮੇਰੀ ਹੁਣ ਥੋੜ੍ਹੀ ਦੇਰ ਨੂੰ ਮੌਤ ਆਉਣ ਵਾਲੀ ਹੈ, ਕਾਲ ਆਉਣ ਵਾਲਾ ਹੈ, ਮੈਂ ਇਸ਼ਨਾਨ ਕਰਨਾ ਹੈ, ਤੇ ਗਾਗਰ ਭਰ ਕੇ ਲਿਜਾਣੀ ਹੈ, ਘਰ ਵਾਲੇ ਦਾ ਇਸ਼ਨਾਨ ਕਰਾਉਣਾ ਹੈ, ਤੇ ਉਸ ਤੋਂ ਬਾਅਦ ਮੇਰੀ ਮੌਤ ਹੋ ਜਾਣੀ ਹੈ।

ਕਹਿੰਦਾ ਕਿਵੇਂ ਹੋਣੀ ਹੈ? ਕਹਿੰਦੀ ਉਸਨੇ ਕੋਈ ਚੀਜ਼ ਮੰਗਣੀ ਹੈ, ਮਿੱਠਾ ਵਗੈਰਾ। ਮੈਂ ਲੈਣ ਜਾਣਾ ਹੈ ਤੇ ਮੇਰੇ ਉਤੇ ਛੱਤ ਗਿਰ ਪੈਣੀ ਹੈ ਤੇ ਮੈਂ ਮਰ ਜਾਣਾ ਹੈ। ਕਹਿੰਦਾ ਜੇ ਮੈਂ ਤੈਨੂੰ ਜਾਣ ਹੀ ਨਾ ਦੇਵਾਂ। ਗ੍ਰਿਫਤਾਰ ਕਰ ਲਵਾਂ।

ਰਾਜਨ! ਇਹ ਗੱਲ ਹੈ ਨਹੀਂ, ਤੂੰ ਕਰ ਨਹੀਂ ਸਕਦਾ ਮੈਨੂੰ ਗ੍ਰਿਫਤਾਰ ਕਿਉਂਕਿ ਭਗਵਾਨ ਦੀ ਮਰਜ਼ੀ ਹੋਰ ਤਰ੍ਹਾਂ ਹੈ। ਸਾਲਾਹਾਂ ਕਰਦਾ ਹੀ ਰਹਿ ਜਾਏਂਗਾ, ਪਰ ਕਰ ਨਹੀਂ ਸਕੇਂਗਾ।

ਮਨ ਵਿਚ ਖਿਆਲ ਪੈਦਾ ਹੋ ਗਿਆ ਕਿ ਇਹ ਸੱਚ ਕਹਿੰਦੀ ਹੈ ਕਿ ਝੂਠ ਕਹਿੰਦੀ ਹੈ।

ਬੀਬੀ ਨੇ ਇਸ਼ਨਾਨ ਕਰਿਆ, ਗਾਗਰ ਭਰੀ, ਜਦੋਂ ਫੇਰ ਤੁਰੀ, ਕਹਿਣ ਲੱਗਿਆ ਕਿਸੇ ਹੋਰ ਤੇ ਵੀ ਭਾਵੀ ਵਰਤਣੀ ਹੈ, ਕਹਿੰਦੀ ਰਾਵਣ ਤੇ ਵਰਤਣੀ ਹੈ। ਰਾਵਣ ਦੀ ਲੜਕੀ ਨੇ ਚੰਡਾਲ ਦੇ ਘਰ ਵਿਆਹ ਕਰਾਉਣਾ ਹੈ, ਜਿਹੜਾ ਉਨ੍ਹਾਂ ਦੇ ਘਰ ਦੀ ਸਫਾਈ ਕਰਦਾ ਹੈ। ਜਾਹ, ਉਹਨੂੰ ਕਹਿ ਦੇ ਟਾਲ ਲਵੇ। ਮੇਰੇ ਪਿਛੇ ਨਾ ਪੈ। ਮੈਨੂੰ ਹੁਣ ਭਜਨ ਕਰਨ ਦੇ, ਮੇਰਾ ਟਾਈਮ ਥੋੜ੍ਹਾ ਜਿਹਾ ਰਹਿ ਗਿਆ। ਹੁਣ ਨਾ ਬੁਲਾਈਂ ਮੈਨੂੰ।

ਰਾਜਾ ਪਿਛੇ-ਪਿਛੇ ਹੋ ਲਿਆ, ਲੜਕੀ ਅੱਗੇ-ਅੱਗੇ ਹੋ ਲਈ। ਘਰ ਗਈ ਪਤੀ ਦਾ ਇਸ਼ਨਾਨ ਕਰਾਇਆ। ਦੁੱਧ ਲਿਆਂਦਾ, ਜਦੋਂ ਉਹਨੇ ਕਿਹਾ ਮਿੱਠਾ ਥੋੜ੍ਹਾ ਹੈ ਹੋਰ ਲਿਆ, ਅੰਦਰ ਗਈ ਉਤੇ ਛੱਤ ਗਿਰ ਗਈ, ਮਰ ਗਈ ਵਿਚਾਰੀ।

ਬੜਾ ਅਫਸੋਸ ਹੋਇਆ ਕਿ ਸੱਚ ਇਹ ਤਾਂ ਜਿਹੜੀ ਗੱਲ ਹੋਣੀ ਹੁੰਦੀ ਹੈ ਹੋ ਕੇ ਹੀ ਰਹਿੰਦੀ ਹੈ। ਰਾਵਣ ਦੇ ਪਾਸ ਚਲਿਆ ਗਿਆ, ਰਾਵਣ ਨੇ ਪੁਛਿਆ ਕਿ ਰਾਜਨ! ਕਿਸ ਤਰ੍ਹਾਂ ਦੇ ਨਾਲ ਤੁਸੀਂ ਆਏ ਓਂ। ਕਹਿੰਦੇ ਆਹ ਗੱਲ ਹੋਈ, ਤੇ ਮੈਨੂੰ ਉਸ ਲੜਕੀ ਨੇ ਆਹ ਗੱਲ ਕਹੀ ਹੈ। ਤੇਰੀ ਲੜਕੀ ਨੇ ਤੇਰੇ ਘਰ ਦੇ ਵਿਚ ਜੋ ਚੰਡਾਲ ਜਾਤੀ ਦਾ ਤੇਰਾ ਨੌਕਰ ਹੈ, ਉਹਦੇ ਲੜਕੇ ਨਾਲ ਉਹਨੇ ਵਿਆਹ ਕਰਾਉਣਾ ਹੈ। ਕਹਿੰਦਾ ਇਹ ਹੋ ਹੀ ਨਹੀਂ ਸਕਦਾ। ਮੈਂ ਬ੍ਰਾਹਮਣ ਉੱਚ ਜਾਤੀ ਦਾ ਤੇ ਮੈਂ ਉਹਦੇ ਨਾਲ ਕਿਵੇਂ ਆਪਣੀ ਲੜਕੀ ਦੀ ਸ਼ਾਦੀ ਕਰ ਦੇਵਾਂਗਾ। ਉਸੇ ਵੇਲੇ ਰਾਵਣ ਨੇ ਬ੍ਰਹਮਾ ਦਾ ਅਵਾਹਨ ਕਰਿਆ।

ਪੁਛਿਆ, ਮੇਰੇ ਕਿਹੜੀ ਓਲਾਦ ਆ ਰਹੀ ਹੈ?

ਕਹਿੰਦੇ, ਲੜਕੀ ਆ ਰਹੀ ਹੈ।

ਕਹਿਣ ਲੱਗਿਆ, ਓਹਦੀ ਸ਼ਾਦੀ?

ਕਹਿੰਦੇ, ਸ਼ਾਦੀ ਤਾਂ ਤੇਰੇ ਨੌਕਰ ਦੇ ਲੜਕੇ ਨਾਲ ਹੋਣੀ ਹੈ।

ਕਹਿਣ ਲੱਗਿਆ, ਇਹ ਲੇਖ ਕੱਟ ਦਿਓ।

ਬ੍ਰਹਮਾ ਨੇ ਕਿਹਾ ਕਿ ਮੇਰੇ ਵਿਚ ਤਾਂ ਤਾਕਤ ਨਹੀਂ ਹੈ ਕੱਟਣ ਦੀ, ਇਹ ਤਾਂ ਜਿਹੜਾ ਮਾਲਕ ਹੈ ਉਹ

ਹੀ ਕੱਟ ਸਕਦਾ ਹੈ। ਜਾਂ ਤੂੰ ਬਿਹੁ ਮਾਤਾ ਨੂੰ ਕਹਿ ਦੇਈਂ, ਜਦੋਂ ਲਿਖਣ ਆਏਗੀ ਓਦਣ ਗੱਲ ਕਰ ਲਈਂ। ਕਿਉਂਕਿ ਇਹ ਸੰਜੋਗ ਤੇ ਵਿਜੋਗ ਦਾ ਮਸਲਾ ਹੈ। ਇਹ ਸਾਡੇ ਹੱਥ ਵਿਚ ਨਹੀਂ ਹੈ। ਇਹ ਤਾਂ ਧੁਰ ਦੀਆਂ ਹੀ ਗੱਲਾਂ ਨੇ।

***ਧਾਰਨਾ – ਸੰਜੋਗ ਵਿਜੋਗ ਧੁਰੋਂ ਹੀ ਹੋਇਆ।***

ਕਹਿਣ ਲੱਗੇ, ਰਾਜਨ! ਇਹ ਸੰਜੋਗ ਤੇ ਵਿਜੋਗ ਦੀ ਜੋ ਕਲਮ ਚਲਦੀ ਹੈ।

***ਜੈਸੀ ਕਲਮ ਵੁੜੀ ਹੈ ਮਸਤਕਿ***
***ਤੈਸੀ ਜੀਅੜੇ ਪਾਸਿ॥***
***ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ***
***ਹੁਕਮਿ ਪਇਆ ਗਰਭਾਸਿ॥*** ***ਅੰਗ – 75***

ਸਭ ਜੀਵਾਂ ਦੇ ਮੱਥੇ ਦੇ ਵਿਚ ਜੋ ਲਿਖਿਆ ਗਿਆ ਹੈ, ਉਹ ਨਾਲ ਲੈ ਕੇ ਪੈਦਾ ਹੁੰਦੇ ਨੇ। ਮੈਂ ਨਹੀਂ ਲਿਖਦਾ, ਮੈਂ ਪੈਦਾ ਜ਼ਰੂਰ ਕਰਦਾ ਹਾਂ।

ਇਹ ਤਾਂ ਹੁਕਮ ਦੀ ਖੇਡ ਚਲ ਰਹੀ ਹੈ, ਸਾਡੀ ਸਮਝ ਤੋਂ ਉਚੀ ਚੀਜ਼ ਹੈ।

ਅਖੀਰ ਲੜਕੀ ਪੈਦਾ ਹੁੰਦੀ ਹੈ, ਬਿਹੁ ਮਾਤਾ ਆ ਗਈ ਲੇਖ ਲਿਖਣ। ਕਹਿਣ ਲੱਗਿਆ, ਕੀ ਲਿਖਣ ਜਾ ਰਹੀ ਹੈਂ। ਕਹਿੰਦੀ, ਇਹ ਤਾਂ ਮੈਨੂੰ ਪਤਾ ਨਹੀਂ।

ਕਹਿਣ ਲੱਗਿਆ, ਚੰਗਾ ਲਿਖ ਕੇ ਮੈਨੂੰ ਦੱਸੀਂ, ਕਲਮ ਰੱਖ ਦਿਤੀ ਮੱਥੇ ਤੇ, ਲੇਖ ਲਿਖੇ ਗਏ। ਕਹਿੰਦਾ ਹੁਣ ਦੱਸ, ਪੜ੍ਹ ਆਈ।

ਕਹਿੰਦੀ ਹਾਂ ਪੜ੍ਹ ਆਈ।

ਕਹਿੰਦੀ, ਬੜੀ ਭਾਗਸ਼ਾਲੀ ਲੜਕੀ ਹੋਏਗੀ। ਰਾਜੇ ਨਾਲ ਵਿਆਹ ਕਰਾਏਗੀ।

ਕਹਿਣ ਲੱਗਿਆ, ਕੌਣ ਹੈ ਉਹ ਰਾਜਾ।

ਕਹਿੰਦੀ, ਤੇਰੇ ਘਰ ਦਾ ਚੰਡਾਲ ਦਾ ਲੜਕਾ।

ਕਹਿੰਦਾ, ਮੈਂ ਨਹੀਂ ਇਹ ਗੱਲ ਹੋਣ ਦੇਣੀ।

ਕਹਿੰਦੀ, ਅਸੀਂ ਤਾਂ ਦੱਸ ਦਿਤਾ, ਹੋਣ ਦੇਹ ਨਾ ਹੋਣ ਦੇ।

ਉਸੇ ਵੇਲੇ ਲੜਕੇ ਨੂੰ ਬੁਲਾ ਲਿਆ, ਜਲਾਦਾਂ ਨੂੰ ਕਹਿ ਦਿਤਾ ਕਿ ਇਹਦੇ ਇੰਚ-ਇੰਚ ਦੇ ਟੁਕੜੇ ਕਰਕੇ ਸਮੁੰਦਰ ਵਿਚ ਸੁੱਟ ਦਿਓ, ਮੱਛੀਆਂ ਨੂੰ ਖਿਲਾ ਦਿਓ।

ਵਜ਼ੀਰ ਕਹਿਣ ਲੱਗਿਆ, ਮਹਾਰਾਜ! ਅੱਜ ਤੱਕ ਤਾਂ ਇਹ ਗੱਲ ਹੋਈ ਨਹੀਂ ਹੈ। ਇਹ ਗੱਲ ਤੁਸੀਂ ਨਜ਼ਾਇਜ਼ ਕਰ ਰਹੇ ਹੋਂ। ਸਾਰਾ ਰਾਜ ਵਿਗੜ ਜਾਏਗਾ। ਇਹ ਗੱਲ ਨਾ ਕਰੋ।

ਅਖੀਰ ਫੈਸਲਾ ਹੋਇਆ ਕਿ ਇਹਨੂੰ ਲੜਕੇ ਨੂੰ ਚੁੱਕ ਕੇ ਜੰਗਲ ਵਿਚ ਸੁੱਟ ਦਿਓ। ਨਿਰਜਨ ਬਨ ਵਿਚ ਸੁੱਟ ਆਏ, ਸੰਜੋਗ ਨਾਲ ਉਥੇ ਕੋਈ ਮਹਾਤਮਾ ਆ ਗਏ। ਮਹਾਤਮਾ ਚੁੱਕ ਕੇ ਆਪਣੇ ਆਸ਼ਰਮ ਵਿਚ ਲੈ ਆਏ। ਪਾਲਿਆ, 18 ਸਾਲ ਦਾ ਹੋ ਗਿਆ, ਚੌਦਾਂ ਵਿਦਿਆ ਪੜ੍ਹਾਈਆਂ। ਮਹਾਤਮਾ ਕਹਿਣ ਲੱਗੇ, ਬੇਟਾ! ਤੇਰੀ ਕਿਸਮਤ ਵਿਚ ਰਾਜ ਲਿਖਿਆ ਹੋਇਆ। ਜਹਾਜ਼ ਲੈ ਜਾ ਤੇ ਕਿਸੇ ਟਾਪੂ ਵਿਚ ਜਾਹ।

ਜਹਾਜ਼ ਲੈ ਕੇ ਜਾਂਦੈ, ਇਕ ਟਾਪੂ 'ਚ ਗਿਆ। ਉਥੇ ਦਾ ਰਾਜਾ ਮਰ ਗਿਆ। ਉਥੇ ਦਾ ਰਾਜਾ ਮਰ ਗਿਆ, ਪਰਜਾ ਨੇ ਫੈਸਲਾ ਕਰਿਆ, ਜੋ ਅੱਜ ਪਹਿਲਾਂ ਆਏਗਾ ਦਰਵਾਜ਼ੇ ਦੇ ਅੱਗੇ, ਉਹਨੂੰ ਰਾਜ ਤਖਤ ਤੇ ਬਿਠਾਵਾਂਗਾ। ਸਭ ਤੋਂ ਪਹਿਲਾਂ ਇਹ ਆਇਆ ਤਾਂ ਤਖਤ ਤੇ ਬਿਠਾ ਦਿਤਾ। ਪੜ੍ਹਿਆ ਲਿਖਿਆ ਸੀ, ਬਹੁਤ ਵਧੀਆ ਰਾਜ ਕੀਤਾ। ਦੂਰ-ਦੂਰ ਤਕ ਮਸ਼ਹੂਰੀ ਫੈਲ ਗਈ। ਖਬਰਾਂ ਪਹੁੰਚ ਗਈਆਂ ਕਿ ਇਕ ਰਾਜਕੁਮਾਰ ਐਸਾ ਹੈ ਕਿ ਉਸ ਨੇ ਰਾਜ ਦਾ ਹੁਲੀਆ ਹੀ ਬਦਲ ਦਿਤਾ। ਲੋਕਾਂ ਦੀ ਭੁੱਖ ਦੂਰ ਕਰ ਦਿਤੀ, ਦੁੱਖ ਦੂਰ ਕਰ ਦਿਤੇ, ਰੋਗ ਦੂਰ ਕਰ ਦਿਤੇ, ਮੁਕੱਦਮੇ ਦੂਰ ਕਰ ਦਿਤੇ, ਝਗੜੇ ਝਾਟੇ ਸਭ ਖਤਮ ਕਰ ਦਿਤੇ। ਰਾਜ 'ਚ ਸ਼ਾਂਤੀ ਐਨੀ ਹੋਈ ਹੈ ਕਿ ਬੈਕੁੰਠ ਬਣ ਗਿਆ। ਉਡਦੀ-ਉਡਦੀ ਗੱਲ ਰਾਵਣ ਦੀ ਲੜਕੀ ਕੋਲ ਵੀ ਪਹੁੰਚ ਗਈ। ਮਨ ਵਿਚ ਫੈਸਲਾ ਕਰ ਲਿਆ ਕਿ ਮੈਂ ਜੇ ਵਿਆਹ ਕਰਾਵਾਂਗੀ ਤਾਂ ਇਹਦੇ ਨਾਲ ਕਰਾਵਾਂਗੀ।

ਜਵਾਨ ਹੋ ਗਈ, ਰਾਵਣ ਨੇ ਭੇਜੇ ਬ੍ਰਾਹਮਣ ਵਗੈਰਾ ਕਿ ਜਾਓ ਕੋਈ ਵਰ ਦੇਖੋ। ਨਿਗ੍ਹਾ ਉਹਦੇ ਉਤੇ ਹੀ ਟਿਕੀ ਆ ਕੇ। ਆ ਕੇ ਕਿਹਾ ਕਿ ਰਾਜਨ! ਫਲਾਣੇ ਟਾਪੂ ਦਾ ਜੋ ਰਾਜਕੁਮਾਰ ਉਹ ਸਾਨੂੰ ਲੱਗਿਆ ਹੈ ਕਿ ਤੇਰੀ ਲੜਕੀ ਦੇ ਕਾਬਲ ਹੈ। ਉਹਦੇ ਨਾਲ ਸੰਯੋਗ ਹੋਣਾ ਚਾਹੀਦਾ ਹੈ। ਸੰਯੋਗ ਹੋ ਗਿਆ, ਲੜਕੀ ਨੂੰ ਪੁੱਛਿਆ ਤਾਂ ਲੜਕੀ ਨੇ ਕਿਹਾ ਕਿ ਮੈਂ ਤਾਂ ਪਹਿਲਾਂ ਹੀ ਉਹਨੂੰ ਪਤੀ ਚੁਣ ਲਿਆ ਹੈ।

ਜਦੋਂ ਵਿਆਹ ਹੋ ਗਿਆ, ਸਭ ਕੁਛ ਹੋ ਗਿਆ, ਲਾਵਾਂ ਪੜ੍ਹੀਆਂ ਗਈਆਂ, ਲੜਕੀ ਨੂੰ ਵਿਦਾ ਕਰਨ ਲੱਗਿਆ, ਉਸ ਵੇਲੇ ਰਾਵਣ ਨੇ ਬ੍ਰਹਮਾ ਦਾ ਅਵਾਹਨ ਕਰਕੇ ਪੁਛਿਆ, ਕਿ ਤੂੰ ਕਹਿੰਦਾ ਸੀ ਲੇਖ ਨਹੀਂ ਬਦਲ ਹੁੰਦੇ, ਦੇਖ ਲੈ ਮੈਂ ਬਦਲ ਦਿਤੇ।

ਕਹਿੰਦੇ, ਰਾਜਨ! ਕੋਈ ਨਿਸ਼ਾਨੀ ਰੱਖੀ ਸੀ, ਜਦੋਂ ਜੰਗਲ ਵਿਚ ਸੁੱਟਿਆ ਸੀ।

ਕਹਿੰਦਾ, ਮੈਂ ਚਾਰ ਉਂਗਲੀਆਂ ਪੈਰ ਦੀਆਂ ਕਟਵਾਈਆਂ ਸੀ।

ਕਹਿੰਦੇ, ਜੁਰਾਬ ਖੁਲ੍ਹਾ ਕੇ ਦੇਖ, ਜਦੋਂ ਜੁਰਾਬ ਖੁਲ੍ਹਾ ਕੇ ਦੇਖਿਆ, ਚਾਰੋਂ ਉਂਗਲੀਆਂ ਕੱਟੀਆਂ ਹੋਈਆਂ।

ਕਹਿੰਦੇ, ਬਿਧਨਾ ਹੈ ਪ੍ਰਮੇਸ਼ਰ ਦੀ, ਇਹ ਨਹੀਂ ਟਲ ਸਕਦੀ।

ਸੋ ਇਸ ਤਰ੍ਹਾਂ ਦੇ ਨਾਲ, ਜਨਮੇਜਾ ਕਹਿਣ ਲੱਗਿਆ ਕਿ ਮੈਂ ਬਦਲ ਦੇਵਾਂਗਾ। ਵਿਆਸ ਜੀ ਕਹਿੰਦੇ, ਠੀਕ ਹੈ, ਹੁਣ ਬਦਲ ਲੈ।

ਘੋੜੇ ਖਰੀਦਣ ਤੋਂ ਬੰਦ ਹੋ ਗਿਆ। ਚਾਰ ਸਾਲ ਲੰਘ ਗਏ। ਸੈਨਾਪਤੀ ਨੇ ਕਿਹਾ, ਕਿ ਰਾਜਨ! ਜੇ ਘੋੜੇ ਹੀ ਨਾ ਹੋਏ, ਲੜਾਈ ਕਿਸ ਤੇ ਲੜੋਂਗੇ? ਘੋੜੇ ਖਰੀਦੋ। ਘੋੜੀ ਨਾ ਖਰੀਦੋ।

ਘੋੜੇ ਖਰੀਦ ਲਏ ਗਏ। ਲੇਕਿਨ ਥੋੜ੍ਹੀ ਦੇਰ ਬਾਅਦ ਇਕ ਐਨੀ ਸੁੰਦਰ ਘੋੜੀ ਆ ਗਈ, ਜਿਹੜੀ ਛੱਡਣ ਨੂੰ ਜੀਅ ਨਾ ਕਰੇ। ਰਾਜੇ ਨੇ ਵੀ ਦੇਖੀ। ਫੈਸਲਾ ਇਹ ਹੋਇਆ ਕਿ ਘੋੜੀ ਅਸਤਬਲ 'ਚ ਬੰਨ੍ਹ ਲਓ, ਚੜ੍ਹੋ ਇਹਦੇ ਉਤੇ ਕੋਈ ਨਾ।

ਘੋੜੀ ਖਰੀਦ ਲਈ, ਕਈ ਮਹੀਨੇ 'ਚ ਘੋੜੀ ਮਾੜੀ ਹੁੰਦੀ ਜਾਂਦੀ ਹੈ। ਉਸ ਵੇਲੇ ਸਾਰਿਆਂ ਨੇ ਬੇਨਤੀ ਕਰੀ ਕਿ ਮਹਾਰਾਜ, ਤੁਸੀਂ ਦੱਖਣ ਦਿਸ਼ਾ ਨਹੀਂ ਨਾ ਜਾਣਾ ਹੈ ਨਾ? ਤਿੰਨ ਦਿਸ਼ਾ ਤਾਂ ਖੁਲ੍ਹੀਆਂ ਨੇ, ਘੋੜੀ ਤੇ ਚੜ੍ਹਿਆ ਕਰੋ, ਤੁਹਾਡੇ ਬਗੈਰ ਕੋਈ ਚੜ੍ਹ ਨਹੀਂ ਸਕਦਾ।

ਇਸੇ ਤਰ੍ਹਾਂ ਹੋਇਆ, ਇਕ ਦਿਨ ਘੋੜੀ ਲੈ ਕੇ ਚਲਿਆ ਗਿਆ। ਇਹਨੂੰ ਦਿਸ਼ਾ ਭਰਮ ਹੋ ਗਿਆ। ਦਿਸ਼ਾ ਭਰਮ ਹੁੰਦਾ ਹੈ ਕਿ ਆਦਮੀ ਭੁੱਲ ਜਾਂਦਾ ਹੈ ਕਿ ਆਦਮੀ ਕਿੱਥੇ ਤੁਰਿਆ ਫਿਰਦਾ ਹੈ। ਜਗ੍ਹਾ ਦੇਖੀ ਹੋਈ ਆਪੇ ਹੀ ਭੁੱਲ ਜਾਂਦਾ ਹੈ।

ਸੋ ਦਿਸ਼ਾ ਭਰਮ ਹੋਇਆ, ਦੱਖਣ ਨੂੰ ਚੱਲ ਪਿਆ। ਅੱਗੇ ਪਾਣੀ ਦੀ ਪਿਆਸ ਲੱਗੀ, ਇਕ ਝੌਂਪੜੀ ਦੇ ਵਿਚ ਚਲਿਆ, ਉਥੇ ਐਨੀ ਸੁੰਦਰ ਲੜਕੀ, ਦੇਖਦੀ ਸਾਰ ਪਿਆਸ ਬੁਝ ਗਈ, ਨਾਲ ਲੈ ਆਇਆ, ਲਿਆ ਕੇ ਵਿਆਹ ਕਰ ਲਿਆ। ਪਰਜਾ ਨੂੰ ਜਦੋਂ ਪਤਾ ਲੱਗਿਆ, ਪਰਜਾ ਨੇ ਵਿਦਰੋਹ ਕਰ ਦਿਤਾ ਕਿ ਇਹਦੀ ਜਾਤ ਦਾ ਨਹੀਂ ਕੁਛ ਪਤਾ, ਕਿਸ ਕੁਲ ਦੀ ਲੜਕੀ ਇਹ ਲੈ ਆਇਆ। ਅਖੀਰ ਇਹ ਫੈਸਲਾ ਹੋਇਆ ਕਿ ਯੱਗ ਕੀਤਾ ਜਾਵੇ ਰਾਜਸੂ ਯੱਗ, ਰਾਜਸੂ ਯੱਗ ਕਰਨ ਦੀਆਂ ਤਿਆਰੀਆਂ ਕਰ ਲਈਆਂ। ਘੋੜਾ ਛੱਡ ਦਿਤਾ ਗਿਆ। ਅਖੀਰ ਯੱਗ ਕੀਤਾ, ਲੇਕਿਨ ਕੋਈ ਬ੍ਰਾਹਮਣ ਇਹਦਾ ਨਿਉਂਦਾ ਨਾ ਮੰਨੇ ਕਿ ਇਹਦੇ ਘਰ ਦੇ ਅੰਦਰ ਜਿਹੜੀ ਰਾਣੀ ਹੈ ਉਹਦੀ ਕੁਲ ਜਾਤ ਦਾ ਨਹੀਂ ਪਤਾ। ਇਹਨੇ ਵਿਦਿਆਰਥੀ ਬੁਲਾ ਲਏ। ਬੁਲਾ ਕੇ ਜਿਸ ਵਕਤ ਪ੍ਰਸ਼ਾਦੇ ਵਗੈਰਾ ਤਿਆਰ ਕਰੇ, ਪਰਜਾ ਬੇਅੰਤ ਆ ਗਈ ਪ੍ਰਸ਼ਾਦੇ ਛਕਣ। ਉਸ ਵੇਲੇ ਲੰਗਰ ਚਲਦਾ ਹੈ, ਤਾਂ ਇਕ ਬੱਚੇ ਨੇ ਕਿਹਾ, ਰਾਣੀਆਂ ਕਿੰਨੀਆਂ ਕੁ ਨੇ ਇਸਦੇ? ਇਕ ਕਹਿਣ ਲੱਗਿਆ, ਰਾਣੀ ਤਾਂ ਇਕ ਹੈ ਕਪੜੇ ਬਦਲ ਕੇ ਆਉਂਦੀ ਹੈ?

ਕਹਿੰਦੇ, ਸਾਨੂੰ ਕਿਵੇਂ ਪਤਾ ਲੱਗੇ?

ਦੂਸਰੇ ਨੇ ਕਿਹਾ, ਹੁਣ ਆਉਣ ਦੇ।

ਜਦੋਂ ਨੇੜੇ ਆਈ, ਉਹਨੇ ਨਹੁੰ ਤੇ ਧਰ ਕੇ ਚੌਲ ਮਾਰਿਆ। ਪੈਰ ਨੂੰ ਲਗ ਗਿਆ।

ਉਹ ਛੇਤੀ 'ਚ ਗਈ ਤੇ ਜਾ ਕੇ ਦੂਜੀ ਸਾੜੀ ਬਦਲ ਲਈ, ਵਸਤਰ ਦੂਸਰੇ ਪਾ ਲਏ ਤੇ ਫੇਰ ਆ ਗਈ। ਦੂਰੋਂ ਹੀ ਬੱਚਿਆਂ ਨੇ ਦੇਖ ਲਿਆ ਕਿ ਉਹਦੇ ਤਾਂ ਪੈਰ ਦੇ ਉਤੇ ਚੌਲ ਦਾ ਦਾਣਾ ਉਵੇਂ ਹੀ ਲੱਗਿਆ ਹੋਇਆ ਹੈ। ਐਨੇ ਨੂੰ ਉਹ ਬੱਚੇ ਹੱਸ ਪਏ ਆ ਗੱਲ ਦੇਖ ਕੇ, ਉਧਰੋਂ ਹਵਾ ਦਾ ਐਡਾ ਵੱਡਾ ਬੁਲਾ ਆਇਆ ਤੇ ਇਹਦੀ ਸਾੜੀ ਉਚੀ ਹੋ ਗਈ। ਹਵਾ 'ਚ ਉਡਣ ਲਗ ਗਈ। ਜਦੋਂ ਜਨਮੇਜੇ ਨੇ ਦੇਖਿਆ ਕਿ ਇਹ ਮੇਰੀ ਰਾਣੀ ਨੂੰ ਦੇਖ ਕੇ ਹੱਸੇ ਨੇ ਤੇ ਕ੍ਰੋਧ ਦੇ ਨਾਲ ਲਾਲਾ ਪੀਲਾ ਹੋ ਗਿਆ। ਉਸੇ ਵੇਲੇ ਚੁੱਕ-ਚੁੱਕ ਕੇ ਕੜਾਹਿਆਂ 'ਚ ਸੁੱਟ ਦਿਤੇ ਬੱਚੇ, ਕਿਸੇ ਦਾ ਸਿਰ ਵੱਢ ਦਿਤਾ, ਕਿਸੇ ਨੂੰ ਭੱਠ ਵਿਚ ਸੁੱਟ ਦਿਤਾ। ਉਸ ਵੇਲੇ ਇਸਨੂੰ ਕੋਹੜ ਹੋ ਗਿਆ। ਮਹਾਰਾਜ ਕਹਿੰਦੇ ਨੇ, ਹੁਣ ਕਰ ਸਕਿਆ ਕੁਛ?

***ਰਾਜਾ ਜਨਮੇਜਾ ਦੇ ਮਤੀ***
***ਬਰਜਿ ਬਿਆਸਿ ਪੜਾਇਆ॥***
***ਤਿਨਿ ਕਰਿ ਜਗ ਅਠਾਰਹ ਘਾਏ***
***ਕਿਰਤੁ ਨ ਚਲੈ ਚਲਾਇਆ॥ ਅੰਗ - 1344***

ਰੋਕ ਰੋਕ ਕੇ, ਦੱਸ ਦੱਸ ਕੇ ਪੜ੍ਹਾਇਆ।

ਕਹਿੰਦੇ ਕਿ ਲੇਖ ਮਿਟਾ ਸਕਿਆ ਇਹ? ਅਖੀਰ ਵੇਦ ਵਿਆਸ ਨੂੰ ਬੁਲਾਇਆ। ਵਿਆਸ ਜੀ ਨੇ ਕਿਹਾ ਕਿ ਮੈਂ ਹੁਣ ਭਾਗਵਤ ਦੀ ਕਥਾ ਕਰਨ ਲੱਗਿਆ ਹਾਂ, ਨਾਂਹ ਨਾ ਕਹੀਂ, ਸਾਰੀ ਸੁਣ ਲਈ, ਜਦੋਂ ਭੀਮ ਦਾ ਪ੍ਰਸੰਗ ਆਇਆ, ਅੰਦਰੋਂ ਨਾ ਮੰਨਿਆ। ਨੱਕ ਹਿਲਾ ਦਿਤਾ। ਕਹਿੰਦੇ ਕੀ ਗੱਲ? ਕਹਿੰਦਾ ਮੈਂ ਤੁਹਾਡੇ ਕਹੇ ਤੇ ਤਾਂ ਮੰਨ ਲੈਂਦਾ, ਪਰ ਬੰਦਾ ਕੌਣ ਹੈ ਤਾਕਤਵਰ ਜਿਹੜਾ ਹਾਥੀਆਂ ਨੂੰ ਚੁੱਕ ਕੇ ਸਪੇਸ ਵਿਚ ਭੇਜ ਦੇਵੇ। ਤੇ ਤੁਸੀਂ ਕਹਿੰਦੇ ਓਂ ਹੁਣ ਤੱਕ ਘੁੰਮਦੇ ਫਿਰਦੇ ਨੇ। ਦੀਸਦੇ ਤਾਂ ਹੈਂ ਨਹੀਂ ਘੁੰਮਦੇ। ਕਹਿੰਦੇ ਰਾਜਨ! ਉਪਰ ਨੇ ਸੌ ਮੀਲ ਤੇ। ਕਹਿੰਦੇ, ਲੈ ਤੇਰਾ ਭਰਮ ਦੂਰ ਕਰ ਦਿੰਦੇ ਹਾਂ। ਯੋਗ ਬਲ ਦੇ ਨਾਲ ਸਾਰੇ ਹੀ ਹਾਥੀ ਥੱਲੇ ਸੁੱਟ ਲਏ, ਕਰੰਗ ਹੀ ਕਰੰਗ ਫਿਰਦੇ ਨੇ। ਕਹਿੰਦੇ ਹੁਣ ਦੱਸ? ਕਹਿੰਦਾ ਹਾਂ।

ਕਹਿੰਦੇ, ਹੁਣ ਫੇਰ ਤੇਰੀ ਮੌਤ ਆ ਗਈ। ਉਸ ਦੇ ਨਾਲ ਮਰਿਆ।

ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ -

***ਲਿਖਿਆ ਮੇਟਿ ਨ ਸਕੀਐ***
***ਜੋ ਧੁਰਿ ਲਿਖਿਆ ਕਰਤਾਰਿ॥ ਅੰਗ - 89***

ਸੋ ਕਹਿਣ ਲੱਗੀ ਰਜਨੀ ਕਿ ਪਿਤਾ ਜੀ! ਮੇਰੇ ਲੇਖਾਂ 'ਚ ਇਹੀ ਗੱਲ ਹੈ, ਕਿਉਂਕਿ ਸੰਸਾਰ ਦੇ ਅੰਦਰ ਸਾਰਿਆਂ ਦੇ ਸਿਰ ਤੇ ਲੇਖ ਨੇ। ਇਕ ਵਾਹਿਗੁਰੂ ਹੈ ਜਿਸ ਦੇ ਸਿਰ ਤੇ ਲੇਖ ਨਹੀਂ ਹੈ। ਐਸਾ ਫੁਰਮਾਨ ਹੈ -

***ਧਾਰਨਾ – ਸਾਰੇ ਜੀਆਂ ਦੇ ਸਿਰ ਲੇਖ,***
***ਲੇਖੇ ਬਿਨਾਂ ਕੋਈ ਨਾ।***
***ਸਰਬ ਜੀਆ ਸਿਰਿ ਲੇਖੁ ਧੁਰਾਹੂ***
***ਬਿਨੁ ਲੇਖੈ ਨਹੀ ਕੋਈ ਜੀਉ॥***
***ਆਪਿ ਅਲੇਖੁ ਕੁਦਰਤਿ ਕਰਿ ਦੇਖੈ***
***ਹੁਕਮਿ ਚਲਾਏ ਸੋਈ ਜੀਉ॥ ਅੰਗ – 598***

ਸੋ ਕਹਿਣ ਲੱਗੀ, ਪਿਤਾ ਜੀ! ਮੇਰੇ ਲੇਖਾਂ ਵਿਚ, ਜੇ ਇਹੀ ਮੈਨੂੰ ਭਗਵਾਨ ਮਿਲਣਾ ਹੈ ਤਾਂ ਮੈਨੂੰ ਪ੍ਰਵਾਨ ਹੈ।

ਲਾਵਾਂ ਦੇ ਦਿਤੀਆਂ ਗਈਆਂ, ਤੇ ਨਾਲ ਹੁਕਮ ਕਰ ਦਿਤਾ ਪੁਲਿਸ ਨੂੰ ਕਿ ਅੱਜ ਸੂਰਜ ਛਿਪਦੇ-ਛਿਪਦੇ ਤੋਂ ਪਹਿਲਾਂ-ਪਹਿਲਾਂ ਇਹਨੂੰ ਮੇਰੇ ਰਾਜ ਵਿਚੋਂ ਬਾਹਰ ਕੱਢ ਦੇਵੇਂਗਾ। ਫੇਰ ਮੈਂ ਦੇਖਾਂਗਾ ਕਿ ਕੀ ਕਰਦੀ ਹੈ। ਹੁਕਮ ਦੀ ਤਾਮੀਲ ਹੋਈ ਤੇ ਆਪਣੇ ਕੋਹੜੇ ਪਤੀ ਨੂੰ, ਜੋ ਤੁਰ ਨਹੀਂ ਸਕਦਾ, ਉਸਨੂੰ ਟੋਕਰੇ ਵਿਚ ਚੁੱਕੀਂ ਜਾਂਦੀ ਹੈ। ਮਨ ਵਿਚ ਕੋਈ ਗਮੀ ਨਹੀਂ ਹੈ, ਵਾਹਿਗੁਰੂ ਦੇ ਹੁਕਮ ਵਿਚ ਪ੍ਰਸੰਨ ਹੈ, ਅੱਗੇ ਰਾਜ ਤੋਂ ਬਾਹਰ ਕੱਢ ਦਿਤੀ। ਉਸਦਾ ਪਤੀ ਰੋ ਰਿਹਾ ਹੈ, ਕਹਿੰਦਾ ਰਜਨੀ! ਮੈਂ ਕੋਹੜਾ ਤੂੰ ਇਹ ਕੀ ਕੰਮ ਕਰਿਆ। ਕਿੰਨਾ ਮਾੜਾ ਕੰਮ ਕਰਿਆ, ਮੈਂ ਤਾਂ ਧੁਰ ਦਰਗਾਹ ਤੋਂ ਫਿਟਕਾਰਿਆ ਹੋਇਆ ਹਾਂ, ਤੂੰ ਮੈਨੂੰ ਭਗਵਾਨ ਮੰਨ ਕੇ ਟੋਕਰਾ ਚੁੱਕ ਤੁਰ ਪਈ ਤੇ ਰੋਟੀ ਦਾ ਪ੍ਰਬੰਧ, ਤੂੰ ਇਸਤ੍ਰੀ ਧਨ ਹੈਂ, ਤੇਰੀ ਰਾਖੀ ਕੌਣ ਕਰੇਗਾ। ਬੜਾ ਮਾੜਾ ਕੰਮ ਹੋਇਆ। ਤੇਰੇ ਪਿਤਾ ਨੇ ਬਹੁਤ ਮਾੜੀ ਗੱਲ ਕਰੀ। ਤੈਨੂੰ ਬਹੁਤ ਸਜ਼ਾ ਦਿਤੀ। ਸਾਰੇ ਲੋਕ ਇਹੀ ਗੱਲ ਕਹਿੰਦੇ ਨੇ, ਜਿਹੜਾ ਵੀ ਮਿਲਦਾ ਹੈ, ਜਿਹਨੂੰ ਵੀ ਪਤਾ ਲਗਦਾ ਹੈ, ਆਹੀ ਗੱਲ ਕਹਿੰਦੇ ਨੇ।

ਉਹ ਕਹਿਣ ਲੱਗੀ, ਦੇਖੋ ਸਵਾਮੀ! ਦੋਸ਼ ਨਾ ਕਿਸੇ ਨੂੰ ਦਿਓ। ਕਿਸੇ ਨੂੰ ਦੋਸ਼ ਦੇਣ ਦਾ ਫਾਇਦਾ ਨਹੀਂ ਹੈ। ਮੇਰੀ ਜੋ ਪਰਾਲਬਧ ਸੀ, ਜੋ ਮੇਰੇ ਲੇਖ ਸੀ, ਮੈਂ ਤਾਂ ਨਹੀਂ ਕਹਿੰਦੀ ਕਿ ਤੁਸੀਂ ਕੋਹੜੀ ਓਂ। ਤੁਹਾਨੂੰ ਕਿਸੇ ਸਮਾਜ ਨੇ ਫਿਟਕਾਰਿਆ ਹੋਇਆ ਹੈ, ਮੇਰੇ ਤਾਂ ਤੁਸੀਂ ਪਤੀ ਪਰਮੇਸ਼ਰ ਹੋਂ, ਮੇਰੇ ਭਗਵਾਨ ਹੋਂ, ਮੈਂ ਤੁਹਾਨੂੰ ਪਿਆਰ ਕਰਦੀ ਹਾਂ। ਦੋਸ਼ ਨਾ ਕਿਸੇ ਨੂੰ ਦੇਵੋ।

***ਧਾਰਨਾ – ਪਿਆਰੇ ਦੋਸ਼ ਨਾ ਕਿਸੇ ਨੂੰ ਦੇਵੀਂ,***
***ਦੋਸ਼ ਤੇਰੇ ਕਰਮਾਂ ਦਾ।***
***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ***
***ਦੋਸੁ ਨ ਦੀਜੈ ਅਵਰ ਜਨਾ॥ ਅੰਗ – 433***

ਕਹਿਣ ਲੱਗੀ, ਸਵਾਮੀ ਜੀ! ਮੇਰੇ ਪਿਤਾ ਨੂੰ ਕਾਹਦਾ ਦੋਸ਼ ਹੈ, ਉਹ ਤਾਂ ਮੇਰੀ ਜੋ ਹੋਣੀ ਸੀ, ਮੇਰੀ ਵਿਧਨਾ ਸੀ ਉਹਦੇ ਮੁਤਾਬਿਕ ਹੋ ਗਿਆ ਤੇ ਮੈਂ ਬੜੀ ਪ੍ਰਸੰਨ ਹਾਂ ਤੁਸੀਂ ਕਿਉਂ ਫਿਕਰ ਕਰਦੇ ਓਂ। ਰੋਜ਼ੀ ਤਾਂ ਪ੍ਰਮੇਸ਼ਰ ਨੇ ਦੇਣੀ ਹੈ, ਰਾਖੀ ਵੀ ਉਹਨੇ ਕਰਨੀ ਹੈ, ਉਹ ਆਪ ਜ਼ਿੰਮੇਵਾਰ ਹੈ।

***ਰੋਗਨ ਤੇ ਅਰ ਸੋਗਨ ਤੇ***
***ਜਲ ਜੋਗਨ ਤੇ ਬਹੁ ਭਾਂਤਿ ਬਚਾਵੈ।***
***ਸਤ੍ਰੂ ਅਨੇਕ ਚਲਾਵਤ ਘਾਵ***
***ਤਊ ਤਨ ਏਕ ਨ ਲਾਗਨ ਪਾਵੈ॥***
***ਰਾਖਤ ਹੈ ਅਪਨੋ ਕਰ ਦੈ ਕਰਿ***
***ਪਾਪ ਸੰਬੂਹ ਨ ਭੇਟਨ ਪਾਵੈ॥***
***ਔਰ ਕੀ ਬਾਤ ਕਹਾ ਕਹ ਤੋਂ ਸੁ***
***ਪਟ ਪੇਟ ਹੀ ਕੇ ਬੀਚ ਬਚਾਵੈ॥***

ਮੇਰੀ ਰਾਖੀ ਦੀ ਚਿੰਤਾ ਕਰਦੇ ਓਂ, ਉਹ ਮੇਰਾ ਪ੍ਰਮੇਸ਼ਰ ਮੇਰੇ ਨਾਲ ਹੈ। ਜਿਧਰ ਮੈਂ ਜਾਂਦੀ ਹਾਂ ਉਹ ਮੇਰੇ ਨਾਲ ਰਹਿੰਦਾ ਹੈ, ਉਹ ਮੇਰੀ ਰਾਖੀ ਕਰੇਗਾ। ਸਿਦਕ ਪੂਰਾ ਹੈ, ਇਕ ਪ੍ਰਤੀਸ਼ਤ ਸਿਦਕ ਨਹੀਂ ਡੋਲਿਆ। ਨਾ ਪ੍ਰਮੇਸ਼ਰ ਤੋਂ ਭਰੋਸਾ ਹਟਿਆ, ਨਾ ਕਿਸੇ ਨੂੰ ਮਾੜਾ ਕਿਹਾ। ਨਾ ਕਿਸੇ ਨੂੰ ਦੋਸ਼ ਦਿਤਾ। ਹੌਲੀ-ਹੌਲੀ ਐਸੀ ਪ੍ਰੇਰਨਾ ਹੋਈ ਕਿ ਮਨ ਵਿਚ ਖਿਆਲ ਆਇਆ, ਪ੍ਰਭੂ ਨੇ ਪਰੇਰ ਕੇ ਰਾਮਦਾਸ ਚੱਕ ਵੱਲ ਨੂੰ ਮੋੜਾ ਮੋੜ ਦਿਤਾ। ਖਿਆਲ ਆ ਗਿਆ ਕਿ ਗੁਰੂ ਘਰ ਚੱਲੀਏ ਹੁਣ। ਉਥੇ ਮੈਂ ਲੰਗਰ ਵਿਚ ਸੇਵਾ ਕਰਾਂਗੀ, ਝਾੜੂ ਦੇਵਾਂਗੀ, ਜਲ ਢੋਵਾਂਗੀ। ਪਹਿਲਾਂ ਇਸਨੂੰ ਪ੍ਰਸ਼ਾਦਾ ਛਕਾਇਆ ਕਰਾਂਗੀ ਤੇ ਫੇਰ ਮੈਂ ਆਪ ਛਕਾਂਗੀ। ਕਿਉਂਕਿ ਉਹ ਆਪ ਪ੍ਰਸ਼ਾਦ ਨਹੀਂ ਸੀ ਛਕ ਸਕਦਾ। ਆਪ ਖਲਾਉਣਾ ਪੈਂਦਾ ਸੀ ਇਹਨੂੰ। ਸੋ ਕੋਈ ਗਿਲਾਨੀ ਨਹੀਂ ਕਰੀ ਹੈ, ਪ੍ਰਮੇਸ਼ਰ ਦਾ ਸਰੂਪ ਸਮਝ ਕੇ ਸਿਰ ਤੇ ਚੁੱਕੀਂ ਆਉਂਦੀ ਹੈ, ਮੰਜ਼ਲ ਦਰ ਮੰਜ਼ਲ ਜਾਂਦੀ-ਜਾਂਦੀ, ਉਸ ਸਰੋਵਰ ਤੇ ਜਿਸਦਾ ਅਜੇ ਟੱਕ ਨਹੀਂ ਸੀ ਲੱਗਿਆ ਤੇ ਪਾਣੀ ਨੀਵਾਂ ਹੋ ਗਿਆ ਸੀ, ਗੁਰੂ ਤੀਸਰੇ ਪਾਤਸ਼ਾਹ ਮਹਾਰਾਜ ਨੇ ਛਪਰੀ ਪੁਟਵਾਈ ਸੀ, ਉਸ ਤੋਂ ਬਾਅਦ ਟਾਈਮ ਨਾ ਮਿਲਿਆ, ਗੁਰੂ ਰਾਮਦਾਸ ਜੀ ਮਹਾਰਾਜ ਨੂੰ ਕਿਹਾ ਕਿ ਤੁਸੀਂ ਪ੍ਰਗਟ ਕਰੋ। ਉਨ੍ਹਾਂ ਨੇ ਜਾ ਕੇ ਸੰਤੋਖਸਰ ਦਾ ਸਰੋਵਰ ਚਿਣਵਾਇਆ। ਲੇਕਿਨ ਅਜੇ ਅੰਮ੍ਰਿਤਸਰ ਦੇ ਸਰੋਵਰ ਦਾ ਕੁਛ ਥਾਉ ਪਤਾ ਨਹੀਂ ਸੀ ਲੱਗਿਆ। ਉਥੇ ਜਾ ਕੇ ਇਹਨੇ ਦੁਖਭੰਜਨੀ ਬੇਰੀ ਦੇ ਕੋਲ ਟੋਕਰਾ ਰੱਖ ਦਿਤਾ ਕਿ ਨਾਲ ਕਿਹਾ ਕਿ ਹੁਣ ਮੈਂ ਜਾਵਾਂ ਤੇ ਕੁਛ ਸੇਵਾ ਕਰਾਂਗੀ ਤੇ ਉਸ ਤੋਂ ਬਾਅਦ ਮੈਂ ਪ੍ਰਸ਼ਾਦਾ ਲੈ ਕੇ ਆਉਂਦੀ ਹਾਂ, ਇਜਾਜ਼ਤ ਲਈ, ਇਜਾਜ਼ਤ ਲੈ ਕੇ ਤੁਰ ਜਾਂਦੀ ਹੈ।

ਇਧਰਲੇ ਪਾਸੇ ਇਹ ਕੀ ਦੇਖਦਾ ਹੈ ਕਿ ਕੁਛ ਕਾਉਂ ਨੇੜੇ ਆਉਂਦੇ ਨੇ ਨਾਹੁੰਦੇ ਨੇ ਤੇ ਹੈਰਾਨ ਹੁੰਦਾ ਕਿ ਇਹ ਟੁੱਭੀ ਮਾਰਦੇ ਨੇ, ਕਾਲੇ ਕਾਉਂ ਚਿੱਟੇ ਹੋ ਕੇ ਕਿਵੇਂ ਨਿਕਲ ਜਾਂਦੇ ਨੇ। ਅੱਖਾਂ ਮਲੀਆਂ ਕਿ ਸ਼ਾਇਦ ਮੈਨੂੰ ਨੀਂਦ ਨਾ ਆਉਂਦੀ ਹੋਵੇ, ਕੋਈ ਸੁਪਨਾ ਨਾ ਹੋਵੇ, ਚੰਗੀ ਤਰ੍ਹਾਂ ਸਾਵਧਾਨ ਹੋਇਆ। ਅੱਖਾਂ ਖੋਲ੍ਹੀਆਂ ਫੇਰ ਦੇਖਿਆ, ਫੇਰ ਕਾਉਂ ਵੜਿਆ, ਫੇਰ ਚਿੱਟਾ ਹੋ ਗਿਆ। ਮਨ 'ਚ ਖਿਆਲ ਆ ਗਿਆ ਕਿ ਇਹ ਜਲ ਕੋਈ ਸ਼ਕਤੀ ਵਾਲਾ ਹੈ। ਨਾਲ ਦੀ ਨਾਲ ਖਿਆਲ ਆ ਗਿਆ ਕਿ ਸ਼ਾਇਦ ਮੇਰੇ ਪਾਪਾਂ ਦਾ ਹੁਣ ਖਾਤਮਾ ਨਾ ਹੋਣਾ ਹੋਵੇ,

ਮੇਰੇ ਦੁਖਾਂ ਦਾ ਖਾਤਮਾ ਨਾ ਹੋਣਾ ਹੋਵੇ, ਇਹ ਕੋਈ ਪ੍ਰਮੇਸ਼ਰ ਨੇ ਹੀ ਖੇਲ੍ਹ ਕੀਤੀ ਹੋਵੇ।

ਕਿਉਂਕਿ ਜਿਸ ਵਾਹਿਗੁਰੂ ਦੇ ਉਤੇ ਭਰੋਸਾ ਕੀਤਾ ਜਾਵੇ, ਉਹ ਕੋਈ ਮਾੜਾ ਧੀੜਾ ਤਾਂ ਹੈ ਨਹੀਂ ਸਾਧਸੰਗਤ ਜੀ! ਜੇ ਮਾੜਾ ਹੈ ਤਾਂ ਸਾਡਾ ਵਿਸ਼ਵਾਸ਼ ਕਮਜ਼ੋਰ ਹੈ। ਵਾਹਿਗੁਰੂ ਕਮਜ਼ੋਰ ਨਹੀਂ ਹੈ। ਉਹ ਤਾਂ ਜਿਹੜਾ ਉਹਦਾ ਬਣ ਜਾਂਦਾ ਹੈ, ਉਹਦਾ ਰਾਖਾ ਬਣ ਜਾਂਦਾ ਹੈ। ਮਾਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਆਦਿ ਜੁਗਾਦਿ ਭਗਤਨ ਕਾ ਰਾਖਾ***
***ਉਸਤਤਿ ਕਰ ਕਰ ਜੀਵਾਂ ਜੀ।***

***ਆਦਿ ਜੁਗਾਦਿ ਭਗਤਨ ਕਾ ਰਾਖਾ***
***ਉਸਤਤਿ ਕਰਿ ਕਰਿ ਜੀਵਾ॥***
***ਨਾਨਕ ਨਾਮੁ ਰਹਾ ਰਸ ਮੀਠਾ***
***ਅਨਦਿਨੁ ਮਨਿ ਤਨਿ ਪੀਵਾ॥ ਅੰਗ - 778***

ਵਾਹਿਗੁਰੂ ਸਮਰਥ, ਆਪਣੇ ਪਿਆਰਿਆਂ ਨੂੰ ਕਦੇ ਦੁੱਖ ਵਿਚ ਨਹੀਂ ਪੈਣ ਦਿੰਦਾ। ਆਦਿ ਜੁਗਾਦਿ ਤੋਂ ਚਾਹੇ ਪ੍ਰਹਿਲਾਦ ਜੀ ਨੇ, ਚਾਹੇ ਨਾਮਦੇਵ ਜੀ ਨੇ, ਚਾਹੇ ਧਰੂ ਹੈ, ਜਿੰਨੇ ਵੀ ਪ੍ਰਮੇਸ਼ਰ ਦੇ ਪਿਆਰ ਕਰਨ ਵਾਲੇ ਅੱਜ ਤਕ ਸੰਸਾਰ 'ਚ ਹੋਏ ਨੇ, ਹੁਣ ਵੀ ਪਿਆਰ ਕਰਦੇ ਨੇ, ਉਨ੍ਹਾਂ ਦਾ ਰਾਖਾ ਬਣ ਜਾਂਦਾ ਹੈ ਵਾਹਿਗੁਰੂ।

ਸੋ ਐਸਾ ਕੌਤਕ ਰਚਾ ਦਿਤਾ, ਮਨ ਵਿਚ ਪ੍ਰੇਰਨਾ ਕਰ ਦਿਤੀ। ਖਿਆਲ ਆਇਆ ਕਿ ਇਹ ਜੇ ਇਸ ਤਰ੍ਹਾਂ ਨਾਲ ਚਿੱਟੇ ਹੋ ਕੇ ਨਿਕਲਦੇ ਨੇ, ਸ਼ਕਤੀ ਵਾਲਾ ਜਲ ਹੈ ਕੋਈ। ਫੇਰ ਖਿਆਲ ਆਇਆ ਕਿ ਕਿਤੇ ਮੈਂ ਡੁੱਬ ਨਾ ਜਾਵਾਂ, ਪਾਣੀ ਡੂੰਘਾ ਨਾ ਹੋਵੇ। ਹਿੰਮਤ ਕੀਤੀ ਕਿ ਮੈਂ ਫੜ ਲੈਂਦਾ ਹਾਂ ਕੋਈ ਚੀਜ਼। ਕੋਲ ਹੀ ਬੇਰੀ ਦਾ ਦਰਖਤ ਸੀ, ਜੜ੍ਹ ਬਾਹਰ ਨਿਕਲੀ ਹੋਈ ਸੀ। ਉਹਦੇ ਵਿਚ ਕਹਿਣ ਲੱਗਿਆ ਕਿ ਮੈਂ ਬਾਂਹ ਪਾ ਲਵਾਂਗਾ। ਜੇ ਮੈਂ ਚੜ੍ਹਾਈ ਕਰ ਗਿਆ ਤਾਂ ਚੰਗਾ ਖਹਿੜਾ ਛੁਟੇਗਾ, ਉਹ ਵਿਚਾਰੀ ਗਰੀਬਣੀ ਤੰਗ ਹੁੰਦੀ ਹੈ, ਕਿਥੇ ਮੈਨੂੰ ਸਾਰੀ ਜ਼ਿੰਦਗੀ ਚੁਕੀਂ ਫਿਰੇਗੀ। ਰੁੜ੍ਹਿਆ, ਰੁੜ੍ਹਦਾ-ਰੁੜ੍ਹਦਾ ਪਾਣੀ ਦੇ ਕੰਢੇ ਚਲਿਆ ਗਿਆ। ਫੇਰ ਝਿਜਕ ਆਈ ਕਿ ਡੁੱਬ ਨਾ ਜਾਵਾਂ ਕਿਉਂਕਿ ਮਰਨ ਤੋਂ ਤਾਂ ਸਾਰੇ ਹੀ ਡਰਦੇ ਨੇ। ਹੌਂਸਲਾ ਕੀਤਾ, ਬਾਂਹ ਫਸਾ ਲਈ ਉਹਦੇ ਵਿਚ, ਤੇ ਪਾਣੀ ਦੇ ਵਿਚ ਚਲਿਆ ਗਿਆ, ਦੇਖਿਆ ਪਾਣੀ ਬਹੁਤਾ ਡੂੰਘਾ ਨਹੀਂ ਹੈ। ਟੁੱਭੀਆਂ ਲਾਉਣ ਲਗ ਗਿਆ, ਲੇਕਿਨ ਹੱਥ ਦੇ ਨਾਲ ਉਹ ਫੜ ਰੱਖੀ। ਉਸ ਤੋਂ ਬਾਅਦ ਚੰਗੀ ਤਰ੍ਹਾਂ ਟੁੱਭੀਆਂ ਲਾਉਂਦਾ ਹੈ, ਹੱਥ ਖੁਲ੍ਹ ਗਏ, ਬਾਂਹ ਖੁਲ੍ਹ ਗਈ। ਮਲਣਾ ਸ਼ੁਰੂ ਕਰ ਦਿਤਾ। ਹੈਰਾਨ ਹੋ ਗਿਆ ਕਿ ਸਰੀਰ ਦੀ ਬਿਮਾਰੀ ਕਿੱਥੇ ਚਲੀ ਗਈ। ਬਿਮਾਰੀ ਤਾਂ ਰਹੀ ਨਹੀਂ ਹੈ। ਬਾਹਰ ਨਿਕਲ ਆਇਆ। ਨੌਜਵਾਨ ਹੈ ਬੜਾ, ਜਿਹੜੇ ਕਪੜੇ ਰੱਖੇ ਹੋਏ ਸੀ ਉਸਨੇ, ਨਵੇਂ ਦੂਜੀ ਵਾਰੀ ਪਹਿਨਾਉਣ ਵਾਸਤੇ, ਪਹਿਲੇ ਪਾੜ ਕੇ ਪਰ੍ਹੇ ਮਾਰੇ ਤੇ ਹੋਰ ਵਧੀਆ ਕਪੜੇ ਪਾ ਲਏ ਤੇ ਬੜੇ ਆਰਾਮ ਦੇ ਨਾਲ ਬੈਠਾ ਹੈ।

ਕਿਉਂਕਿ ਵਾਹਿਗੁਰੂ ਜੀ ਪਿਆਰ ਕਰਦੇ ਨੇ ਸਾਧਸੰਗਤ ਜੀ! ਵਾਹਿਗੁਰੂ ਪਿਆਰ ਹੈ। ਐਵੇਂ ਸੁੰਨ ਮੁੰਨ ਨਹੀਂ ਹੈ ਵਾਹਿਗੁਰੂ।

***ਧਾਰਨਾ - ਕਰਦਾ ਪਿਆਰ ਹੈ,***
***ਭਗਤਾਂ ਨੂੰ ਆਪ ਹਰਿ ਜੀ।***

ਆਪਣੀ ਵਡਿਆਈ ਵੀ ਆਪੇ ਹੀ ਦਿਖਾਉਂਦਾ ਹੈ, ਆਪੇ ਹੀ ਭਗਤੀ ਕਰਾਉਂਦਾ ਹੈ।

ਸਰੀਰ ਕੁੰਦਨ ਵਰਗਾ ਹੋ ਗਿਆ, ਬਹੁਤ ਸੋਹਣਾ ਜਵਾਨ ਨਿਕਲ ਆਇਆ। ਖੁਸ਼ ਹੋ ਰਿਹਾ ਹੈ ਕਿ ਰਜਨੀ ਦੇ ਸਿਦਕ ਨੂੰ ਫਲ ਲਗ ਗਿਆ। ਉਧਰੋਂ ਰਜਨੀ ਪ੍ਰਸ਼ਾਦਾ ਲੰਗਰ 'ਚ ਲੈਂਦੀ ਹੈ ਤੇ ਵਰਤਾਵੇ ਜਿਹੜੇ ਹਨ ਉਹ ਕਹਿਣ ਲੱਗੇ, ਬੀਬਾ! ਬੈਠ ਕੇ ਛਕ ਲੈ, ਇਥੇ ਛਕ ਲੈ।

ਉਹ ਕਹਿਣ ਲੱਗੀ ਬਾਬਾ ਜੀ! ਮੈਂ ਪ੍ਰਸ਼ਾਦਾ ਪਹਿਲਾਂ ਨਹੀਂ ਛਕਣਾ, ਮੇਰਾ ਪਤੀ ਜਿਹੜਾ ਹੈ ਉਹ ਪਿੰਗਲਾ ਹੈ, ਉਹ ਆ ਨਹੀਂ ਸਕਦਾ, ਮੈਂ ਉਹਨੂੰ ਖਿਲਾਵਾਂਗੀ ਤਾਂ ਖਾਏਗਾ। ਫੇਰ ਉਹ ਰੋਗੀ ਹੈ, ਸੋ ਇਸ ਕਰਕੇ ਮੈਨੂੰ ਆਗਿਆ ਦੇਵੋ ਕਿ ਮੈਂ ਪ੍ਰਸ਼ਾਦਾ ਜਾ ਕੇ ਲੈ ਆਵਾਂ।

ਸੋ ਆਗਿਆ ਲੈ ਲਈ ਤੇ ਜਦੋਂ ਪ੍ਰਸ਼ਾਦੇ ਲੈ ਕੇ ਉਥੇ ਪਹੁੰਚਦੀ ਹੈ। ਹੈਰਾਨ ਹੋ ਗਈ ਕਿ ਉਹ ਕਿੱਧਰ ਚਲਿਆ ਗਿਆ, ਟੋਕਰਾ ਮੂੰਧਾ ਮਾਰਿਆ ਹੋਇਆ ਹੈ, ਤੇ ਇਹ ਤਾਂ ਨੌਜਵਾਨ ਬੈਠਾ ਹੈ ਇਥੇ। ਦੇਖ ਕੇ ਪੁੱਛਣ ਲੱਗੀ ਕਿ ਮੇਰਾ ਪਤੀ ਕਿੱਥੇ ਹੈ? ਕਹਿਣ ਲੱਗਿਆ, ਮੈਂ ਹੀ ਹਾਂ ਤੇਰਾ ਪਤੀ, ਬੜੀ ਨਰਾਜ਼ ਹੋਈ ਕਿ ਆਹ ਗੱਲ ਨੂੰ ਆਪਣੀ ਜ਼ੁਬਾਨ ਤੋਂ ਕਹਿ ਕਿਵੇਂ ਦਿੱਤੀ। ਮੈਂ ਸਤੀ ਹਾਂ। ਕਹਿਣ ਲੱਗਿਆ ਕਿ ਦੇਖੀਂ ਰਜਨੀ ਕੋਈ ਕੁਬੋਲ ਨਾ ਬੋਲ ਦੇਈਂ। ਸੱਚਮੁੱਚ ਮੈਂ ਤੇਰਾ ਪਤੀ ਹਾਂ, ਤੇਰਾ ਬਚਨ ਆਲ੍ਹਾ ਨਹੀਂ ਜਾਣਾ, ਕੋਈ ਬਚਨ ਨਾ ਮੈਨੂੰ ਕਰ ਦੇਈਂ। ਕਿਉਂਕਿ ਤੂੰ ਉਨ੍ਹਾਂ ਸਤੀਆਂ ਵਰਗੀ ਸਤੀ ਹੈਂ ਜਿਸ ਤਰ੍ਹਾਂ ਦੀ ਸੀਤਾ ਸਤੀ ਹੋਈ। ਤੂੰ ਕਲਜੁਗ ਦੇ ਅੰਦਰ ਸਤੀ ਪ੍ਰਗਟ ਹੋਈ ਹੈਂ, ਤੇਰੇ ਸਿਦਕ ਨੂੰ ਫਲ ਲੱਗਿਆ ਹੈ। ਇਥੇ ਕਾਉਂ ਆਉਂਦੇ ਸੀ, ਟੁੱਭੀ ਲਾਉਂਦੇ ਸੀ ਚਿੱਟੇ ਹੋ ਜਾਂਦੇ ਸੀ। ਮੈਂ ਵੀ ਦੇਖਿਆ ਕਿ ਸ਼ਾਇਦ ਇਥੇ ਕੋਈ ਅਸਰ ਹੈ ਜੜ੍ਹੀਆਂ ਬੂਟੀਆਂ ਦਾ, ਮੈਂ ਇਸ਼ਨਾਨ ਕਰਿਆ ਤੇ ਮੈਂ ਉਸ ਨਾਲ ਐਸਾ ਹੋ ਗਿਆ। ਆਪਾਂ ਫਲਾਣੇ ਥਾਉਂ ਗਏ, ਆਪਾਂ ਫਲਾਣੇ ਥਾਉਂ ਗਏ।

ਕਹਿਣ ਲੱਗੀ, ਇਹ ਗੱਲਾਂ ਤਾਂ ਤੂੰ ਸੁਣ ਲਈਆਂ ਹੋਣੀਆਂ, ਉਸ ਤੋਂ ਪੁੱਛ ਲਈਆਂ ਹੋਣੀਆਂ।

ਦੱਸ ਮੇਰਾ ਪਤੀ ਕਿੱਥੇ ਹੈ?

ਝਗੜਾ ਵਧ ਗਿਆ। ਐਨੇ ਨੂੰ ਇਕ ਗੁਰਸਿੱਖ ਲੰਗਰ ਨੂੰ ਲੱਕੜਾਂ ਲਈ ਜਾਂਦਾ ਹੈ। ਝਗੜਾ ਦੇਖ ਕੇ ਖੜ੍ਹਾ ਹੋ ਗਿਆ। ਕਹਿੰਦੇ, ਬੀਬਾ ਕੀ ਗੱਲ ਹੈ? ਸਾਰੀ ਗੱਲ ਦੱਸੀ। ਕਹਿੰਦੇ, ਚਲੋ, ਸਮਰੱਥ ਸਤਿਗੁਰੂ ਗੁਰੂ ਰਾਮਦਾਸ ਜੀ ਮਹਾਰਾਜ ਹਾਜ਼ਰ ਨਾਜ਼ਰ ਨੇ, ਅਗਮ ਨਿਗਮ ਭੂਤ ਭਵਿਖਤ ਵਰਤਮਾਨ ਸਭ ਕੁਝ ਜਾਣਦੇ ਨੇ। ਉਹ ਨਿਰਣਾ ਕਰਨਗੇ। ਦਰਬਾਰ ਵਿਚ ਹਾਜ਼ਰ ਹੁੰਦੇ ਨੇ, ਦੀਵਾਨ ਲੱਗਿਆ ਹੋਇਆ ਹੈ। ਜਾ ਕੇ ਬੀਬੀ ਤੇ ਪਤੀ ਉਸਦਾ ਦੋਵੇਂ ਬੈਠ ਜਾਂਦੇ ਨੇ। ਸਿੱਖ ਨੇ ਅਰਜ਼ ਕਰੀ ਪਾਤਸ਼ਾਹ! ਆਹ ਮਾਮਲਾ ਹੈ ਤੇ ਇਸਦੀ ਸਾਨੂੰ ਤਾਂ ਸਮਝ ਨਹੀਂ ਆਉਂਦੀ। ਆਪ ਕ੍ਰਿਪਾ ਕਰਕੇ ਨਿਰਣਾ ਕਰੋ। ਮਹਾਰਾਜ ਜੀ ਸਾਰਾ ਬਿਆਨ ਉਹਦਾ ਵੀ ਸੁਣਿਆ ਤੇ ਉਹਦਾ ਵੀ ਸੁਣਿਆ ਤੇ ਅਖੀਰ ਆਪ ਨੇ ਐਸਾ ਫੁਰਮਾਇਆ –

***ਧਾਰਨਾ – ਸੁਣ ਲਈ ਅਰਦਾਸ ਜੀ,***
***ਹੋ ਗਿਆ ਦਇਆਲਾ ਪਿਆਰਾ।***

***ਅਰਦਾਸਿ ਸੁਣੀ ਦਾਤਾਰਿ ਪ੍ਰਭਿ ਹੋਇ ਕਿਰਪਾਲ॥***
***ਰਾਖਿ ਲੀਆ ਅਪਨਾ ਸੇਵਕੋ ਮੁਖਿ ਨਿੰਦਕ ਛਾਰੁ॥***
***ਤੁਝਹਿ ਨ ਜੋਹੈ ਕੋ ਮੀਤ ਜਨ ਤੂੰ ਗੁਰ ਕਾ ਦਾਸ॥***
***ਪਾਰਬ੍ਰਹਮਿ ਤੂ ਰਾਖਿਆ ਦੇ ਅਪਨੇ ਹਾਥ॥***
***ਜੀਅਨ ਕਾ ਦਾਤਾ ਏਕੁ ਹੈ ਬੀਆ ਨਹੀ ਹੋਰੁ॥***
***ਨਾਨਕ ਕੀ ਬੇਨੰਤੀਆ ਮੈ ਤੇਰਾ ਜੋਰੁ॥***

***ਅੰਗ – 818***

ਬੇਟਾ! ਤੇਰੇ ਸਿਦਕ ਨੂੰ ਫਲ ਲੱਗਿਆ, ਪਤੀਵਰਤਾ ਧਰਮ ਨੂੰ ਫਲ ਲੱਗਿਆ ਹੈ, ਤੇ ਦੂਸਰਾ ਸੰਸਾਰ ਦੇ ਉਧਾਰ ਵਾਸਤੇ ਇਕ ਮਹਾਨ ਤੀਰਥ ਪ੍ਰਗਟ ਹੋਇਆ ਹੈ। ਇਥੇ ਕਾਉਂ ਨਾਹਤੇ ਨੇ, ਨਹਾ ਕੇ ਚਿੱਟੇ ਹੋਏ ਨੇ, ਇਥੇ ਮਲੀਨ ਬੁੱਧੀ ਬੰਦੇ ਆ ਕੇ ਜਦੋਂ ਅੰਮ੍ਰਿਤ ਸਰੋਵਰ ਦੇ ਵਿਚ ਬਾਣੀ ਦੇ ਨਾਲ ਜੁੜਨਗੇ, ਬਾਣੀ ਨੂੰ ਮੰਨਣਗੇ, ਬਾਣੀ ਨੂੰ ਕਮਾਉਣਗੇ ਉਸ ਵੇਲੇ ਉਹ ਵੀ ਕਾਉਂ ਹੰਸ ਹੋ ਜਾਣਗੇ।

***ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ***
***ਕਊਆ ਹੰਸੁ ਹੋਹੈ॥***
***ਨਾਨਕ ਧਨੁ ਧੰਨੁ ਵਡੇ ਵਡਭਾਗੀ***
***ਜਿਨ ਗੁਰਮਤਿ ਨਾਮ ਰਿਦੈ ਮਲੁ ਧੋਹੈ॥***

***ਅੰਗ – 493***

ਜਿਨ੍ਹੇ ਗੁਰਮਤਿ ਨਾਮ ਦੀ ਕਮਾਈ ਕਰਕੇ, ਬਾਣੀ ਦੀ ਕਮਾਈ ਕਰਕੇ, ਆਪਣੇ ਅੰਦਰਲੀ ਮੈਲ ਲਾਹ ਲਈ, ਕਹਿੰਦੇ ਉਹ ਪਉਣ ਰੂਪੀ ਮਨੁੱਖ ਇਸ ਸਥਾਨ ਤੇ ਆ ਕੇ ਹੰਸ ਬਣਿਆ ਕਰਨਗੇ। ਬੇਅੰਤ ਮਹਾਤਮਾ ਇਥੇ ਰਿਹਾ ਕਰਨਗੇ। ਕਲਜੁਗ ਦੇ ਵਿਚ ਮਹਾਨ ਤੀਰਥ ਪ੍ਰਗਟ ਕਰਨ ਦਾ ਸਾਧਨ ਤੈਨੂੰ ਪ੍ਰਮੇਸ਼ਰ ਨੇ ਬਣਾਇਆ ਹੈ। ਜਿਥੇ ਇਸ ਤੀਰਥ ਦੀ ਵਡੱਤਣ ਹੋਇਆ ਕਰੇਗੀ, ਮਹਿਮਾ ਹੋਇਆ ਕਰੇਗੀ, ਉਥੇ ਨਾਲ ਤੇਰੇ ਸਿਦਕ ਦੀ ਗੱਲ ਚੱਲੇਗੀ।

ਸੋ ਇਸ ਤਰ੍ਹਾਂ ਦਾ ਪਾਰਬ੍ਰਹਮ ਪ੍ਰਮੇਸ਼ਰ ਵਾਹਿਗੁਰੂ, ਉਸ ਨੂੰ ਭੁੱਲ ਜਾਣਾ ਕਿੱਡੀ ਵੱਡੀ ਗੱਲ ਹੈ। ਨਾਲ ਮਹਾਰਾਜ ਨੇ ਬਚਨ ਕੀਤਾ ਕਿ ਬੀਬਾ! ਜਿਹਦੇ ਨਾਲ ਤੇਰੀ ਸ਼ਾਦੀ ਹੋਈ ਹੈ ਇਹ ਤਾਂ ਮਹਾਨ ਵੱਡਾ ਸੇਠ ਹੈ, ਦੇਖੋ ਨਾ ਕਿੰਨਾ ਸੁੰਦਰ ਸੇਠ। ਇਥੇ ਹੀ ਰਹਿਣਾ ਸ਼ੁਰੂ ਕਰ ਦਿਤਾ ਦੋਨਾਂ ਨੇ। ਹੁਕਮ ਦੇ ਨਾਲ, ਵਪਾਰ ਦੇ ਵਿਚ ਕਿ ਨਵਾਂ ਸ਼ਹਿਰ ਵਸ ਰਿਹਾ ਹੈ, ਤੁਸੀਂ ਵੀ ਵਪਾਰ ਕਰੋ। ਐਨਾ ਵੱਡਾ ਵਪਾਰੀ ਹੋਇਆ ਕਿ ਧੁੰਮਾਂ ਪੈ ਗਈਆਂ।

ਓਧਰ ਦੁਨੀਚੰਦ ਦੇ ਉਤੇ ਐਸੀ ਬਿਪਤਾ ਆਈ ਕਿ ਸਭ ਕੁਛ ਹੱਥੋਂ ਜਾਂਦਾ ਰਿਹਾ। ਪੈਸੇ-ਪੈਸੇ ਦਾ ਮੁਹਤਾਜ ਹੋ ਗਿਆ। ਅਖੀਰ ਖਿਆਲ ਆਇਆ ਕਿ ਮੈਂ ਆਪਣੀ ਲੜਕੀ ਦੇ ਨਾਲ ਧੱਕਾ ਕਰਿਆ, ਜ਼ੁਲਮ ਕਰਿਆ, ਮੈਂ ਉਸ ਤੋਂ ਜਾ ਕੇ ਮਾਫੀ ਮੰਗਾਂ। ਰੱਬ ਚੇਤੇ ਆਇਆ। ਦੁੱਖ ਵਿਚ ਯਾਦ ਆਉਂਦਾ ਹੈ ਰੱਬ, ਸੁੱਖ ਵਿਚ ਭੁੱਲ ਜਾਂਦਾ ਹੈ ਉਹ।

ਸੋ ਉਥੇ ਟੋਲ੍ਹਦਾ-ਟੋਲ੍ਹਦਾ ਆਉਂਦਾ ਹੈ, ਪਤਾ ਕਰਿਆ। ਪਤਾ ਲੱਗਿਆ ਕਿ ਉਹ ਤਾਂ ਸ਼ਹਿਰ ਦੇ ਸਭ ਤੋਂ ਵੱਡੇ ਸੇਠ ਨੇ। ਚਲਿਆ ਗਿਆ, ਲੜਕੀ ਨੇ ਪਿਤਾ ਤੋਂ ਵੱਧ ਦਰਜੇ ਪਿਆਰ ਕਰਿਆ, ਕੋਈ ਉਲਾਂਭਾ ਨਹੀਂ ਦਿਤਾ। ਕਹਿੰਦੀ ਕੋਈ ਨਹੀਂ ਪਿਤਾ ਜੀ! ਇਹ ਵੀ ਹੋਣਾ ਹੀ ਸੀ। ਚੰਗਾ ਹੋ ਗਿਆ ਹੁਣ ਤੁਸੀਂ ਪ੍ਰਮੇਸ਼ਰ ਵਲ ਆ ਗਏ। ਕੋਈ ਗੱਲ ਨਹੀਂ ਜੇ ਰਾਜ ਭਾਗ ਜਾਂਦਾ ਰਿਹਾ, ਕੀ ਫਰਕ ਪੈ ਗਿਆ। ਕ੍ਰਿਪਾ ਹੋਈ ਮਹਾਰਾਜ ਦੀ, ਮੁੜ ਕੇ ਫੇਰ ਅਮੀਰੀ ਆ ਗਈ। ਇਹ ਜਾਇਦਾਦ ਵੀ ਤੇ ਉਹ ਜਾਇਦਾਦ ਵੀ ਸਾਰੀ ਰਜਨੀ ਨੂੰ ਦਿਤੀ।

ਸੋ ਇਹ ਪਾਰਬ੍ਰਹਮ ਪ੍ਰਮੇਸ਼ਰ ਨੂੰ ਯਾਦ ਕਰਨ ਦਾ ਫਲ ਤੇ ਸਤੀ ਦੇ ਸਿਦਕ ਦਾ ਫਲ ਆਪਾਂ ਸਾਰਿਆਂ ਨੇ, ਪਿਆਰ ਦੇ ਨਾਲ ਸੁਣਿਆ ਹੈ ਤੇ ਗੁਰਬਾਣੀ ਦੀ ਰੋਸ਼ਨੀ ਦੇ ਵਿਚ ਸਾਰੀ ਵਿਚਾਰ ਕੀਤੀ। ਸੋ ਸਾਧਸੰਗਤ ਜੀ! ਜਿਸ ਕੰਮ ਲਈ ਆਪਾਂ ਸੰਸਾਰ ਤੇ ਆਏ ਹਾਂ ਉਹ ਕੰਮ ਨਾ ਭੁੱਲੋ। ਜਿੰਨੀ ਛੇਤੀ ਪ੍ਰਭੂ ਦੇ ਨਾਲ ਚਿੱਤ ਲਗ ਜਾਵੇ, ਓਨਾ ਹੀ ਚੰਗਾ ਹੈ।

ਅਨੰਦ ਸਾਹਿਬ

ਗੁਰ ਸਤੋਤਰ

ਅਰਦਾਸਿ

# ਗੁਰੂ ਨਾਨਕ ਦੇਵ ਜੀ

*ਈਂਧਨ ਤੇ ਬੈਸੰਤਰੁ ਭਾਗੈ॥*
*ਮਾਟੀ ਕਉ ਜਲੁ ਦਹ ਦਿਸ ਤਿਆਗੈ॥*
*ਊਪਰਿ ਚਰਨ ਤਲੈ ਆਕਾਸੁ॥*
*ਘਟ ਮਹਿ ਸਿੰਧੁ ਕੀਓ ਪਰਗਾਸੁ॥*
*ਐਸਾ ਸੰਮ੍ਰਥੁ ਹਰਿ ਜੀਉ ਆਪਿ॥*
*ਨਿਮਖ ਨ ਬਿਸਰੈ ਜੀਅ ਭਗਤਨ ਕੈ*
*ਆਠ ਪਹਰ ਮਨ ਤਾ ਕਉ ਜਾਪਿ॥*
*ਪ੍ਰਥਮੇ ਮਾਖਨੁ ਪਾਛੈ ਦੂਧੁ॥*
*ਮੈਲੂ ਕੀਨੋ ਸਾਬੁਨੁ ਸੂਧੁ॥*
*ਭੈ ਤੇ ਨਿਰਭਉ ਡਰਤਾ ਫਿਰੈ॥*
*ਹੋਂਦੀ ਕਉ ਅਣਹੋਂਦੀ ਹਿਰੈ॥*
*ਦੇਹੀ ਗੁਪਤ ਬਿਦੇਹੀ ਦੀਸੈ॥*
*ਸਗਲੇ ਸਾਜਿ ਕਰਤ ਜਗਦੀਸੈ॥*
*ਠਗਣਹਾਰ ਅਣਠਗਦਾ ਠਾਗੈ॥*
*ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ॥*
*ਸੰਤ ਸਭਾ ਮਿਲਿ ਕਰਹੁ ਬਖਿਆਣ॥*
*ਸਿੰਮ੍ਰਿਤਿ ਸਾਸਤ ਬੇਦ ਪੁਰਾਣ॥*
*ਬ੍ਰਹਮ ਬੀਚਾਰੁ ਬੀਚਾਰੇ ਸੋਇ॥*
*ਨਾਨਕ ਤਾ ਕੀ ਪਰਮ ਗਤਿ ਹੋਇ॥ ਅੰਗ - 900*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ, ਕਾਰੋਬਾਰ ਸੰਕੋਚਦੇ ਹੋਏ ਆਪ, ਗੁਰੂ ਦਰਬਾਰ 'ਚ ਪਹੁੰਚੇ ਓਂ, ਹਰੀ ਦਾ ਜਸ ਕਰ ਰਹੇ ਓਂ, ਜੋ ਸਾਰੇ ਸਾਧਨਾਂ ਦੇ ਅੰਦਰ ਕਲਜੁਗ ਤੋਂ ਸ਼੍ਰੋਮਣੀ ਸਾਧਨ ਹੈ, ਇਹਦੇ ਮੁਕਾਬਲੇ ਤੇ ਕੋਈ ਜਪ, ਕੋਈ ਤਪ, ਕੋਈ ਤੀਰਥ ਯਾਤਰਾ, ਕੋਈ ਸਾਧਨ ਪਹੁੰਚ ਨਹੀਂ ਸਕਦਾ। ਏਸ ਗੱਲ ਦੀ ਆਪਾਂ ਵੀਚਾਰ ਕਰਨੀ ਹੈ। ਸੋ ਸ਼ਬਦ ਆਪ ਨੇ ਸੁਣਿਆ ਹੈ, ਵੀਚਾਰ ਬਹੁਤ ਗਹਿਰੀ ਹੈ ਇਸਦੀ, ਮਹਾਰਾਜ ਕਹਿੰਦੇ ਜੇ ਇਸਦੀ ਵੀਚਾਰ ਕੋਈ ਕਰ ਲਵੇ ਨਾ -

*ਬ੍ਰਹਮ ਬੀਚਾਰੁ ਬੀਚਾਰੇ ਸੋਇ॥*
*ਨਾਨਕ ਤਾ ਕੀ ਪਰਮ ਗਤਿ ਹੋਇ॥ ਅੰਗ - 900*

ਅਸੀਂ ਸਾਰੇ ਆਪਣੀ ਪਰਮਗਤੀ ਚਾਹੁੰਦੇ ਹਾਂ, ਆਹ ਸੰਸਾਰ 'ਚ ਤਾਂ ਅਸੀਂ ਰਹਿਣਾ ਨਹੀਂ ਹੈ, ਇਹਦੇ ਵਿਚ ਤਾਂ ਅਸੀਂ ਥੋੜ੍ਹੀ ਦੇਰ ਵਾਸਤੇ ਆਏ ਹਾਂ, ਪਰ ਇਥੇ ਚਿੱਤ ਲਾ ਕੇ ਬੈਠ ਜਾਂਦੇ ਹਾਂ ਕਿ ਅਸੀਂ ਇਥੋਂ ਜਾਣਾ ਨਹੀਂ, ਇਹ ਸਾਡੇ ਥੋੜ੍ਹੀ ਦੇਰ ਠਹਿਰਨ ਦਾ ਥਾਂ ਹੈ, ਇਥੇ ਕੁਛ ਕਰਨ ਵਾਸਤੇ ਅਸੀਂ ਸੰਸਾਰ ਤੇ ਆਉਂਦੇ ਹਾਂ, ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਜੇ ਤੁਸੀਂ ਪਰਮਗਤੀ ਚਾਹੁੰਦੇ ਓਂ, ਜਿਥੇ ਤੁਸੀਂ ਜਾਣਾ ਹੈ ਸਰੀਰ ਛੱਡਣ ਤੋਂ ਬਾਅਦ, ਤਾਂ ਤੁਸੀਂ ਬ੍ਰਹਮ ਦੀ ਵੀਚਾਰ ਕਰੋ, ਸਾਡੇ ਵਾਸਤੇ ਇਹ ਚੀਜ਼ ਐਨੀਓ ਔਖੀ ਹੈ, ਜਿੰਨੀ ਕੋਈ ਸਾਡੇ ਸਾਮ੍ਹਣੇ ਆ ਕੇ ਅਰਬੀ ਵਿਚ ਗੱਲਾਂ ਕਰਨ ਲੱਗ ਜਾਵੇ, ਉਹ ਅਰਬੀ ਜ਼ੁਬਾਨ ਬੋਲਦਾ ਹੈ, ਸਾਡੀ ਸਮਝ ਵਿਚ ਨਹੀਂ ਆਉਂਦੀ, ਜਿਹਨੂੰ ਬ੍ਰਹਮ ਵੀਚਾਰ ਕਹਿੰਦੇ ਨੇ, ਇਹ ਹੈ ਬਿਲਕੁਲ ਪੰਜਾਬੀ, ਲੇਕਿਨ ਹੈ ਇਸ ਤਰ੍ਹਾਂ ਜਿਵੇਂ ਕੋਈ ਫੌਰਨ ਦੀ ਬੋਲੀ ਜਾ ਰਹੀ ਹੈ, ਜਿਹਦੇ ਨਾਲ ਸਾਡਾ ਵਾਹ ਅਜੇ ਤਕ ਨਹੀਂ ਪਿਆ, ਨਾ ਸਾਨੂੰ ਇਹਦਾ ਪਤਾ ਲਗਦਾ ਹੈ, ਨਾ ਪਤਾ ਲਗਣ ਦੇ ਨਾਲ ਸਾਡੀ ਗਤੀ ਨਹੀਂ ਹੁੰਦੀ, ਜਿੰਨਾ ਚਿਰ ਅਸੀਂ ਗੱਲ ਨਹੀਂ ਸਮਝਦੇ ਓਨੀ ਦੇਰ ਤਕ ਅਸੀਂ ਚੜ੍ਹਾਈ ਨਹੀਂ ਕਰ ਸਕਦੇ, ਕਿਸੇ ਕਿਨਾਰੇ ਤੇ ਪਹੁੰਚ ਨਹੀਂ ਸਕਦੇ, ਸੋ ਮਹਾਰਾਜ ਜੀ ਦਾ ਫੁਰਮਾਨ ਹੈ ਇਹਨੂੰ ਵੀਚਾਰੋ। ਮਹਾਰਾਜ ਕਹਿੰਦੇ ਈਂਧਨ ਜਿਹੜਾ ਹੈ ਇਸ ਤੋਂ ਕਦੇ ਅੱਗ ਨੱਠਿਆ ਨਹੀਂ ਕਰਦੀ ਕਦੇ ਵੀ ਤੇ ਅੱਗ ਇਸ ਨੂੰ ਜਾਲ ਦਿਆ ਕਰਦੀ ਹੈ, ਜਿਥੇ ਈਂਧਨ ਆ ਜਾਵੇ, ਤੁਸੀਂ ਦੱਸੋ ਦਿਓ ਕਦੇ ਨਹੀਂ ਦੌੜਦੀ, ਅਜੇ ਈਂਧਨ ਤਾਂ ਦੌੜਦਾ ਹੈ ਅੱਗ ਤੋਂ ਕਿ ਕਿਤੇ ਮੈਂ ਜਲ ਨਾ ਜਾਵਾਂ। ਅੱਗ ਨਹੀਂ ਦੌੜਦੀ, ਉਲਟੀ ਗੱਲ ਹੋ ਗਈ। ਜੇ ਮਿੱਟੀ ਹੋਵੇ, ਪਾਣੀ ਉਹਦੇ ਵਿਚ ਰਸ ਜਾਇਆ ਕਰਦਾ ਹੈ ਅਤੇ ਮਿੱਟੀ ਨੂੰ ਵਿਚ ਹੀ ਘੋਲ ਲੈਂਦਾ ਹੈ ਆਪਣੇ। ਲੇਕਿਨ ਕਦੇ ਇਹ ਨਹੀਂ ਦੇਖਿਆ ਕਿ ਮਿੱਟੀ ਤੋਂ ਪਾਣੀ ਦੌੜ ਜਾਵੇ, ਦੂਰ ਚਲਿਆ ਜਾਵੇ। ਹੇਠਾਂ ਆਕਾਸ਼ ਨਹੀਂ ਕਦੇ ਹੁੰਦਾ, ਪੈਰ ਉਪਰ ਨਹੀਂ ਕਦੇ ਹੋਇਆ ਕਰਦੇ। ਘੜੇ ਵਿਚ ਸਮੁੰਦਰ ਕਦੇ ਬੰਦ ਨਹੀਂ ਹੁੰਦਾ। ਹੁਣ ਚਾਰ ਗੱਲਾਂ ਮਹਾਰਾਜ ਨੇ ਕਹਿ ਦਿਤੀਆਂ, ਜਿਨ੍ਹਾਂ ਦੀ ਬਿਰਤੀ ਜਗਿਆਸੂ ਹੈ, ਖੋਜ ਵਾਲੇ ਪੁਰਸ਼ ਨੇ ਸੰਗਤ ਵਿਚ ਆਏ ਹੋਏ, ਉਹ ਓ, ਅ ਨੂੰ ਛੱਡ ਕੇ ਉਪਰਲੀ ਗੱਲ ਸਮਝਣ ਦਾ ਯਤਨ ਕਰੋ। ਇਹਨੂੰ ਹਿਰਦੇ 'ਚ ਵਸਾਓ। ਮਹਾਰਾਜ ਕਹਿੰਦੇ ਦੇਖੋ, ਅੱਗ ਜਾਲ ਦਿੰਦੀ ਹੈ, ਲੇਕਿਨ ਸਾਰੀ ਬਨਸਪਤੀ ਦੇ ਵਿਚ ਫੇਰ ਅੱਗ ਪਈ ਹੈ, ਉਹਨੂੰ ਜਾਲ ਨਹੀਂ ਰਹੀ। ਹਰੇਕ ਦਰਖਤ ਦੇ ਅੰਦਰ ਅੱਗ ਹੈ, ਧਰਤੀ ਤਿੰਨ ਹਿੱਸੇ ਹੈ ਸਮੁੰਦਰ ਤੋਂ ਘੱਟ, ਤਿੰਨ ਹਿੱਸੇ ਸਮੁੰਦਰ ਹੈ, ਚੌਥਾ ਹਿੱਸਾ ਧਰਤੀ ਹੈ। ਯਾਨਿ ਤਿੰਨ ਗੁਣਾਂ ਜ਼ਿਆਦਾ ਹੈ ਸਮੁੰਦਰ। ਸਮੁੰਦਰ ਧਰਤੀ ਨੂੰ ਖੋਰ ਨਹੀਂ ਰਿਹਾ ਤੇ ਇਸ ਤੋਂ ਦੂਰ ਰਹਿੰਦਾ ਹੈ।

*ਊਪਰਿ ਚਰਨ ਤਲੈ ਆਕਾਸੁ॥ ਅੰਗ - 900*

ਚਰਨ ਉਪਰ ਹੈ ਤੇ ਆਕਾਸ਼ ਥੱਲੇ ਹੈ, ਦਰਖਤ ਦੀ ਜੜ੍ਹ ਥੱਲੇ ਹੈ, ਬਾਕੀ ਸਾਰਾ ਫੈਲਾਓ ਉਤੇ ਹੈ -

*ਘਟ ਮਹਿ ਸਿੰਧੁ ਕੀਓ ਪਰਗਾਸੁ॥ ਅੰਗ - 900*

ਘੜੇ ਦੇ ਵਿਚੋਂ ਸਮੁੰਦਰ ਦਾ ਪ੍ਰਕਾਸ਼ ਹੋਇਆ। ਹੁਣ ਇਹਦੇ ਵਿਚੋਂ ਗੱਲ ਸਮਝੋ, ਮਹਾਰਾਜ ਨੇ ਬਚਨ ਕੀ ਕਹਿ ਦਿਤਾ, ਬਚਨ ਇਹ ਕਿਹਾ ਹੈ ਕਿ ਜਿਵੇਂ ਬੈਸੰਤਰ ਹੈ ਨਾ, ਦਰਖਤਾਂ ਦੇ ਅੰਦਰ, ਐਸੇ ਤਰ੍ਹਾਂ ਵਾਹਿਗੁਰੂ ਤੁਹਾਡੇ ਹਰੇਕ ਦੇ

ਅੰਦਰ ਹੈ। ਨਿਹਚੇ ਨਾਲ ਇਹ ਗੱਲ ਅੰਦਰ ਵਸਾਓ ਕਿ ਮੇਰੇ ਅੰਦਰ ਵਾਹਿਗੁਰੂ ਦੀ ਜੋਤ ਹੈ, ਜਦੋਂ ਤਕ ਉਹ ਜੋਤ ਪ੍ਰਗਟ ਨਹੀਂ ਹੁੰਦੀ, ਮੇਰਾ ਕੁਛ ਬਣਦਾ ਨਹੀਂ ਹੈ, ਜਦੋਂ ਜੋਤ ਅੰਦਰ ਪ੍ਰਗਟ ਹੋ ਗਈ ਫੇਰ ਬਾਹਰ ਵੀ ਦਿਸਣ ਲਗ ਜਾਏਗੀ। ਇਸੇ ਤਰ੍ਹਾਂ ਦੇ ਨਾਲ ਜੜ੍ਹ ਜੋ ਪ੍ਰਮੇਸ਼ਰ ਸਾਰਿਆਂ ਦੀ ਹੈ, ਆਦਿ ਹੈ, ਉਹਦਾ ਸਾਰੇ ਫੈਲਾਓ ਹੈ, ਫੈਲਾਓ ਅਸੀਂ ਸਾਰੇ ਦੇਖੀ ਜਾਂਦੇ ਹਾਂ, ਜੜ੍ਹ ਵਾਲਾ ਸਾਡਾ ਧਿਆਨ ਨਹੀਂ ਜਾਂਦਾ। ਜਿਹੜਾ ਵਾਹਿਗੁਰੂ ਜੀ ਸਮੁੰਦਰ ਰੂਪ ਹੈ, ਆਹ ਸਾਡੇ ਸਰੀਰ ਦੇ ਵਿਚ ਪਰੀਪੂਰਨ ਹੈ, ਐਉਂ ਨਹੀਂ ਕਿ ਵਾਹਿਗੁਰੂ ਥੋੜ੍ਹਾ ਜਿਹਾ ਹੈ।

ਇਕ ਮਿਸਾਲ ਨਾਲ ਸਮਝ ਆ ਜਾਏਗਾ, ਸੂਰਜ ਧਰਤੀ ਤੋਂ ਹਜ਼ਾਰਾਂ ਗੁਣਾਂ ਵੱਡਾ ਹੈ, ਇਕ ਸ਼ੀਸ਼ਾ ਲੈ ਲਓ ਤੁਸੀਂ ਚਾਰ ਉਂਗਲ ਦਾ, ਧਰਤੀ ਦੇ ਮੁਕਾਮ ਤੇ ਇਹ ਖਰਬਾਂ ਗੁਣਾਂ ਛੋਟਾ ਹੈ, ਇਹਦੇ ਟੁਕੜੇ ਕਰ ਦਿਓ ਨਿੱਕੇ-ਨਿੱਕੇ। ਟੁੱਕੜੇ ਕਰਕੇ ਧੁੱਪ ਵਿਚ ਸੁੱਟ ਦਿਓ, ਫੇਰ ਟੁੱਕੜਾ ਚੁੱਕ ਕੇ ਦੇਖੋ, ਫੇਰ ਉਹਦੇ ਵਿਚ ਪੂਰਾ ਹੀ ਸੂਰਜ ਨਜ਼ਰ ਆਉਂਦਾ ਹੈ। ਜਿਹੜਾ ਧਰਤੀ ਤੋਂ ਹੀ ਹਜ਼ਾਰਾਂ ਗੁਣਾਂ ਵੱਡਾ ਹੈ, ਲੱਖਾਂ ਗੁਣਾਂ ਵੱਡਾ ਹੈ। ਉਹ ਇਕ ਸ਼ੀਸ਼ੇ ਦੇ ਟੁੱਕੜੇ 'ਚ ਪੂਰੇ ਦਾ ਪੂਰਾ ਨਜ਼ਰ ਆਉਂਦਾ ਹੈ। ਐਸੇ ਤਰ੍ਹਾਂ ਦੇ ਨਾਲ ਹਰ ਬੰਦੇ ਦੇ ਅੰਦਰ ਵਾਹਿਗੁਰੂ ਪੂਰੀ ਤਰ੍ਹਾਂ ਦੇ ਨਾਲ ਸਮਾਇਆ ਹੋਇਆ ਹੈ। ਐਹੋ ਜਿਹਾ ਸਮਰਥ ਹੈ ਜਿਹਦੀ ਖੇਲ੍ਹ ਨੂੰ ਜਾਣਿਆ ਨਹੀਂ ਜਾਂਦਾ।

***ਨਿਮਖ ਨ ਬਿਸਰੈ ਜੀਅ ਭਗਤਨ ਕੈ....॥***
***ਅੰਗ - 900***

ਜਿਹੜੇ ਬੰਦਗੀ ਕਰਨ ਵਾਲੇ ਨੇ, ਪਿਆਰ ਕਰਨ ਵਾਲੇ ਨੇ, ਕਦੇ ਝਮਕੇ ਜਿੰਨਾ ਚਿਰ ਵੀ ਪ੍ਰਮੇਸ਼ਰ ਨਹੀਂ ਉਨ੍ਹਾਂ ਨੂੰ ਭੁੱਲਦਾ।

***ਆਠ ਪਹਰ ਮਨ ਤਾ ਕਉ ਜਾਪਿ॥ ਅੰਗ - 900***

ਮਹਾਰਾਜ ਸਾਨੂੰ ਕਹਿ ਰਹੇ ਨੇ, ਪਿਆਰਿਓ! ਤੁਸੀਂ ਵੀ ਅੱਠੇ ਪਹਿਰ ਉਹਦਾ ਨਾਮ ਜਪੋ।

***ਪ੍ਰਥਮੇ ਮਾਖਨੁ ਪਾਛੈ ਦੂਧੁ॥ ਅੰਗ - 900***

ਦੁੱਧ ਹਮੇਸ਼ਾਂ ਪਿੱਛੋਂ ਆਉਂਦਾ ਹੈ, ਮੱਖਣ ਪਹਿਲਾਂ ਆਉਂਦਾ ਹੈ। ਲੇਕਿਨ ਦੁੱਧ ਦਾ ਜਿਹੜਾ ਸਾਰ ਹੈ, ਤੱਤ ਹੈ ਉਹ ਮੱਖਣ ਹੈ। ਆਹ ਸਾਰੀ ਸ੍ਰਿਸ਼ਟੀ ਦਾ ਜਿਹੜਾ ਤੱਤ ਹੈ ਇਹ ਵਾਹਿਗੁਰੂ ਹੈ। ਜਿਹਨੂੰ ਪਰਮ ਤੱਤ ਕਹਿੰਦੇ ਨੇ, ਉਹ ਤੱਤ ਪਹਿਲਾਂ ਹੈ, ਸ੍ਰਿਸ਼ਟੀ ਦਾ ਪਸਾਰਾ ਪਿੱਛੋਂ ਹੈ। ਜਿਹੜਾ ਲਹੂ ਸੀ ਮਾਂ ਦਾ, ਉਹਨੂੰ ਸ਼ੁੱਧ ਕਰਕੇ, ਬੱਚੇ ਦੇ ਪੀਣ ਵਾਸਤੇ ਦੁੱਧ ਬਣਾ ਦਿਤਾ।

***ਭੈ ਤੇ ਨਿਰਭਉ ਡਰਤਾ ਫਿਰੈ॥***
***ਹੋਦੀ ਕਉ ਅਨਹੋਦੀ ਹਿਰੈ॥ ਅੰਗ - 900***

ਸਾਡਾ ਜਿਹੜਾ ਸਰੂਪ ਹੈ, ਜਿਹੜਾ ਮੈਂ ਹੈ, ਤੁਸੀਂ ਵੀ ਕਹੋਂ ਆਪਣੇ ਆਪ ਨੂੰ ਮੈਂ, ਅਸੀਂ ਨਿਰਭਉ ਹਾਂ। ਕਿਉਂਕਿ ਸਾਨੂੰ ਨਾ ਕੋਈ ਤਲਵਾਰ ਵੱਢ ਸਕਦੀ ਹੈ, ਨਾ ਪਾਣੀ ਡੋਬ ਸਕਦਾ ਹੈ, ਨਾ ਅੱਗ ਜਾਲ ਸਕਦੀ ਹੈ। ਨਾ ਹਵਾ ਉਡਾ ਸਕਦੀ ਹੈ, ਨਾ ਜਮਦੂਤ ਸਾਨੂੰ ਮਾਰ ਸਕਦਾ ਹੈ, ਪ੍ਰਕ੍ਰਿਤੀ ਦਾ ਹਰ ਛਿਨ ਦੇ ਵਿਚ ਵਿਕਾਸ ਹੁੰਦਾ ਹੈ, ਵਿਨਾਸ਼ ਹੁੰਦਾ ਹੈ, ਇਹ ਭੈ ਤੋਂ ਜਿਹੜਾ ਨਿਰਭਉ ਹੈ, ਜਿਹੜਾ ਜੀਵ ਹੈ ਉਹ ਡਰਦਾ ਫਿਰਦਾ ਹੈ। ਜੀਵ ਤਾਂ ਹੈਗਾ ਅਸਲੀ ਮਾਇਆ ਹੈ ਨਹੀਂ। ਮਾਇਆ ਤਾਂ ਇਕ ਭੁਲੇਖਾ ਹੈ, ਇਹ ਅਣਹੁੰਦੀ ਚੀਜ਼ ਹੈ, ਜਿਵੇਂ ਵੇਲ ਹੁੰਦੀ ਹੈ, ਅਮਰਵੇਲ। ਦਰਖਤ ਤਾਂ ਅਸਲੀ ਚੀਜ਼ ਹੈ, ਅਮਰਵੇਲ ਉਤੇ ਐਵੇਂ ਹੀ ਪਈ ਹੋਈ ਹੈ। ਐਸ ਤਰ੍ਹਾਂ ਇਸ ਮਾਇਆ ਨੇ ਜੀਵ ਨੂੰ ਠੱਗ ਲਿਆ।

***ਦੇਹੀ ਗੁਪਤ ਬਿਦੇਹੀ ਦੀਸੈ॥ ਅੰਗ - 900***

ਜਿਹੜਾ ਤਾਂ ਅਸਲੀ, ਦੇਹੀ ਵਾਲਾ ਜੀਵ ਆਤਮਾ, ਉਹ ਤਾਂ ਗੁਪਤ ਵਸਦਾ ਹੈ, ਜਿਹੜੀ ਮਾਇਆ ਹੈ, ਜਿਹਦਾ ਵਜੂਦ ਕੋਈ ਨਹੀਂ, ਉਹ ਦਿਸਦੀ ਹੈ।

***ਸਗਲੇ ਸਾਜਿ ਕਰਤ ਜਗਦੀਸੈ॥ ਅੰਗ - 900***

ਵਾਹਿਗੁਰੂ ਜੀ ਨੇ ਐਸਾ ਕੌਤਕ ਰਚ ਦਿਤਾ, ਜਿਹਨੇ ਠੱਗਣਾ ਹੀ ਨਹੀਂ ਸੀਗਾ, ਮਾਇਆ ਜਿਹਦਾ ਵਜੂਦ ਹੀ ਨਹੀਂ ਹੈ, ਉਹ ਅਸਲੀ ਜੀਵ ਨੂੰ ਠੱਗ ਕੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਨਿੰਦਿਆ, ਚੁਗਲੀ, ਹਉਮੈ 'ਚ ਪਾ ਕੇ ਇਹ ਨੂੰ ਭਰਮਾ ਦਿੰਦੀ ਹੈ। ਜਿੰਨਾ ਚਿਰ ਜੀਵ ਆਤਮਾ ਨੂੰ ਆਤਮ ਤੱਤ ਦਾ ਗਿਆਨ ਨਹੀਂ ਹੁੰਦਾ, ਓਨੀਂ ਦੇਰ ਤੱਕ ਇਹ ਬਾਰ-ਬਾਰ ਜੰਮਦਾ ਰਹਿੰਦਾ ਹੈ, ਮਰਦਾ ਰਹਿੰਦਾ ਹੈ। ਅੱਗੇ ਆਵਾਜ਼ ਹੈ ਕਿ -

***ਸੰਤ ਸਭਾ ਮਿਲਿ ਕਰਹੁ ਬਖਿਆਣ॥***
***ਸਿੰਮ੍ਰਿਤਿ ਸਾਸਤ ਬੇਦ ਪੁਰਾਣ॥ ਅੰਗ - 900***

ਤੁਸੀਂ ਵੀਚਾਰ ਕਰੋ, ਸੰਤਾਂ ਦੀ ਸਭਾ 'ਚ ਆ ਕੇ, ਇਸ ਗੱਲ ਦੀ। ਸਾਰੀਆਂ ਸਿਮ੍ਰਿਤੀਆਂ, ਵੇਦਾਂ, ਪੁਰਾਣਾਂ, ਦੇ ਵਿਚ ਤੱਤ ਵਾਹਿਗੁਰੂ ਹੈ।

***ਬ੍ਰਹਮ ਬੀਚਾਰੁ ਬੀਚਾਰੇ ਸੋਇ॥***
***ਨਾਨਕ ਤਾ ਕੀ ਪਰਮ ਗਤਿ ਹੋਇ॥ ਅੰਗ - 900***

ਜਿਹੜਾ ਇਸ ਗੱਲ ਨੂੰ ਵੀਚਾਰ ਲੈਂਦਾ ਹੈ, ਕੋਈ ਬੰਦਾ। ਮਹਾਰਾਜ ਕਹਿੰਦੇ ਨੇ ਕੋਈ। ਸਾਰੇ ਨਹੀਂ ਵੀਚਾਰਦੇ ਇਸ ਗੱਲ ਨੂੰ। ਸਾਰੇ ਤਾਂ ਅਸੀਂ ਰੁੜ੍ਹੇ ਜਾਂਦੇ ਹਾਂ ਮਾਇਆ ਦੇ ਅੰਦਰ। 'ਕੋਈ' ਜਿਹਨੇ ਵੀਚਾਰ ਲਿਆ ਉਹਦੀ ਪਰਮਗਤੀ ਹੋ ਜਾਏਗੀ।

ਐਸੇ ਵਿਚਾਰ ਸੰਗਤਾਂ ਬੜੀ ਵਿਆਖਿਆ ਦੇ ਨਾਲ, ਗੁਰੂ ਨਾਨਕ ਪਾਤਸ਼ਾਹ ਦੇ ਪਵਿੱਤਰ ਮੁਖਾਰਬਿੰਦ ਤੋਂ ਸਰਵਣ ਕਰ ਰਹੀਆਂ ਨੇ, ਕਰਤਾਰਪੁਰ ਦੇ ਅੰਦਰ।

ਉਸੇ ਦੀਵਾਨ ਦੇ ਵਿਚ ਦੋ ਪ੍ਰੇਮੀ, ਜਿਹੜੇ ਉਤਮ ਕਿਸਮ ਦੇ ਜਗਿਆਸੂ ਸੀ, ਜਿਨ੍ਹਾਂ ਦੇ ਅੰਦਰ ਖੋਜ ਸੀ। ਜਿਨ੍ਹਾਂ ਨੇ ਕੋਈ ਰਸਤਾ ਲੱਭਣਾ ਸੀ। ਉਹ ਵੀ ਆ ਕੇ ਬੈਠੇ ਹੋਏ ਸੀ, ਗੱਲ੍ਹ ਤਾਂ ਉਨ੍ਹਾਂ ਨੇ ਸੁਣ ਲਈ ਸਾਰੀ ਕਿ ਵਾਹਿਗੁਰੂ ਸਾਡੇ ਅੰਦਰ ਹੈ। ਨਾਲ ਵੀਚਾਰ ਵੀ ਕਰਦੇ ਨੇ ਕਿ ਹਾਂ, ਜੀਵ ਆਤਮਾ ਠੱਗਿਆ ਗਿਆ ਤੇ ਦੁਨੀਆਂ ਨੂੰ ਸਤਿ ਮੰਨ ਲਿਆ ਤੇ ਸਤਿ ਵਾਹਿਗੁਰੂ ਨੂੰ ਅੱਖਾਂ ਤੋਂ ਓਹਲੇ ਕਰ ਲਿਆ ਤੇ ਇਹਦਾ ਇਲਾਜ ਕੀ ਕਰਿਆ ਜਾਵੇ?

ਜਦੋਂ ਦੀਵਾਨ ਦੀ ਸਮਾਪਤੀ ਹੋਈ ਉਸ ਵੇਲੇ ਦੋਵੇਂ ਪ੍ਰੇਮੀ ਉਠੇ ਤੇ ਇਕ ਦਾ ਨਾਮ ਤਾਂ ਭਾਈ ਮਾਲੋ ਸੀ, ਇਕ ਦਾ ਨਾਮ ਭਾਈ ਮਾਂਗੋ ਸੀ।

ਜਗਿਆਸੂ ਉਤਮ ਕਿਸਮ ਦੇ ਸੀ, ਬੜੇ ਥਾਵਾਂ ਤੇ ਫਿਰ ਚੁੱਕੇ ਸੀ, ਬੜੇ ਔਖੇ ਸਾਧਨ ਕਰ ਚੁੱਕੇ ਸੀ, ਕਿੰਨੇ-ਕਿੰਨੇ ਦਿਨ ਪ੍ਰਸ਼ਾਦਾ ਨਾ ਛਕਣਾ, ਕਿੰਨੇ-ਕਿੰਨੇ ਦਿਨ ਜਾਗਦੇ ਰਹਿਣਾ, ਕਿੰਨੇ-ਕਿੰਨੇ ਦਿਨ ਪਾਣੀ ਵਿਚ ਖੜ੍ਹੇ ਰਹਿਣਾ। ਤਕਲੀਫ ਵੀ ਸਹਿਣੀ, ਹੋਰ ਅਨੇਕਾਂ ਕਿਸਮ ਦੇ ਸਾਧਨ ਕਰ ਚੁੱਕੇ ਸੀ ਆਪਣੇ ਆਪ। ਲੇਕਿਨ ਨਾ ਮਨ ਸ਼ਾਂਤ ਹੋਇਆ, ਨਾ ਕਿਸੇ ਕਿਨਾਰੇ ਤੇ ਪਹੁੰਚੇ, ਈਮਾਨਦਾਰ ਸੀਗੇ। ਕਈ ਬੰਦੇ ਤਾਂ ਪ੍ਰਾਪਤੀ ਹੋਵੇ ਨਾ ਹੋਵੇ ਕਹਿੰਦੇ ਨੇ ਸਾਨੂੰ ਮਿਲ ਗਿਆ ਸਭ ਕੁੱਛ। ਮਹਾਰਾਜ ਕਹਿੰਦੇ, ਜਿਹੜਾ ਇਹ ਕਹਿੰਦਾ ਹੈ ਨਾ ਮੈਂ ਜਾਣ ਲਿਆ। ਕਹਿੰਦੇ ਉਹ ਮੂਰਖ ਬੰਦਾ ਹੈ, ਕਹਿੰਦੇ ਸਾਰੇ ਨੇ, ਪਰ ਜਿਹੜਾ ਇਹ ਕਹਿੰਦਾ ਹੈ, ਅਣਜਾਣ ਬੰਦਾ ਹੈ ਉਹ, ਵਾਹਿਗੁਰੂ ਜਾਨਣ ਵਾਲੀ ਚੀਜ਼ ਨਹੀਂ ਹੈ। ਜਾਨਣ ਵਾਲਾ ਹੋਰ ਹੁੰਦਾ ਹੈ, ਚੀਜ਼ ਜਾਨਣ ਵਾਲੀ ਹੋਰ ਹੁੰਦੀ ਹੈ। ਮਹਾਰਾਜ ਕਹਿੰਦੇ ਉਹ ਮੂਰਖ ਹੈ। ਕਿਉਂਕਿ ਗੱਲ ਦਾ ਪਤਾ ਲੱਗਿਆ ਨਹੀਂ ਹੈ, ਐਵੇਂ ਹੀ ਕਹਿੰਦਾ ਹੈ। ਸੋ ਇਹ ਈਮਾਨਦਾਰੀ ਨਾਲ ਕਹਿੰਦੇ ਸੀ ਕਿ ਸਾਨੂੰ ਨਹੀਂ ਕੁਛ ਪਤਾ ਲੱਗਿਆ, ਤਪ ਵੀ ਕਰਦੇ ਹਾਂ, ਭਜਨ ਵੀ ਕਰਦੇ ਹਾਂ, ਵਰਤ ਵੀ ਰਖਦੇ ਹਾਂ, ਚੰਦਰੈਣ ਵਰਤ ਵੀ ਰਖਦੇ ਹਾਂ, ਹੋਰ ਵਰਤ ਵੀ ਰਖਦੇ ਹਾਂ, ਤੀਰਥ ਯਾਤਰਾ ਵੀ ਕਰਦੇ ਹਾਂ, ਤੀਰਥਾਂ ਤੇ ਬੜੀ-ਬੜੀ ਦੇਰ ਰਹਿ ਆਏ ਹਾਂ ਤੇ ਪਵਿੱਤਰ ਦਰਿਆਵਾਂ ਦਾ ਜਲ ਪੀਂਦੇ ਰਹੇ ਹਾਂ, ਤੇ ਅੰਦਰ ਤਾਂ ਸਾਡੇ ਭੌਰਾ ਜਿੰਨਾ ਵੀ ਫਰਕ ਨਹੀਂ ਪਿਆ। ਇਹਦਾ ਮਤਲਬ ਹੈ ਸਾਡੀਆਂ ਤਾਰਾਂ ਸਹੀ ਨਹੀਂ ਹਨ, ਨੰਬਰ ਗਲਤ ਹੈ, ਜਿਹੜਾ ਅਸੀਂ ਘੁੰਮਾਈ ਜਾਂਦੇ ਹਾਂ। ਨਹੀਂ ਤਾਂ ਸਹੀ ਨੰਬਰ ਜੇ ਟੈਲੀਫੋਨ ਦਾ ਘੁੰਮਾਓ, ਕੋਈ ਨਾ ਕੋਈ ਘੰਟੀ ਵਜ ਜਾਂਦੀ ਹੈ, ਬੰਦਾ ਬੋਲ ਪੈਂਦਾ ਹੈ। ਸੋ ਕਿਤੇ ਗਲਤੀ ਹੈ।

ਇਹ ਗੁਰੂ ਨਾਨਕ ਪਾਤਸ਼ਾਹ ਦੇ ਦੀਵਾਨ ਵਿਚ ਆ ਗਏ। ਜਦੋਂ ਸਿੱਖੀ ਦਾ ਨਵਾਂ-ਨਵਾਂ ਪ੍ਰਕਾਸ਼ ਹੋਇਆ ਸੀ, ਬੜੀਆਂ ਧਾਰਨਾਵਾਂ, ਮਨ ਦੀਆਂ ਮਤਾਂ ਸੀਗੀਆਂ ਬੰਦਿਆਂ ਦੀਆਂ, ਕਿਉਂਕਿ ਅਨੇਕਾਂ ਸਾਧੂ ਸੰਤਾਂ ਨੂੰ ਮਿਲਦੇ ਸੀ, ਅਨੇਕਾਂ ਦਾ ਅਸਰ ਬੰਦਾ ਲੈਂਦਾ ਸੀ। ਗੁਰੂ ਨਾਨਕ ਪ੍ਰਕਾਸ਼ ਰੂਪ ਹੋ ਕੇ ਸੰਸਾਰ ਦੇ ਵਿਚ ਪ੍ਰਗਟੇ। ਸਤਿ ਦਾ ਰਾਹ ਦਰਸਾਉਣ ਵਾਸਤੇ।

ਇਨ੍ਹਾਂ ਨੇ ਵੀ ਉਡਦੀ-ਉਡਦੀ ਗੱਲ ਸੁਣ ਲਈ ਕਿ ਐਸ ਵੇਲੇ ਜੇ ਕੋਈ ਲੰਘਾ ਸਕਦਾ ਹੈ ਤਾਂ ਕਰਤਾਰਪੁਰ ਵਿਚ ਬੈਠੇ ਗੁਰੂ ਨਾਨਕ ਪਾਤਸ਼ਾਹ ਨੇ, ਜਿਹੜੇ ਨਿਰੋਲ ਸਤਿ ਦਾ ਉਪਦੇਸ਼ ਦੇ ਕੇ, ਜੀਵ ਨੂੰ, ਜੀਵ ਬਿਰਤੀ ਵਿਚੋਂ ਕੱਢ ਕੇ ਈਸ਼ਵਰ ਬਿਰਤੀ ਦੇ ਵਿਚ ਰਲਾ ਦਿੰਦੇ ਨੇ।

ਸਵਾਲ ਕਰਦੇ ਨੇ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਵਿਚ। ਕਿਹੋ ਜਿਹਾ ਵਚਿੱਤਰ ਨਜ਼ਾਰਾ ਹੋਣਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਆਪ ਤਖਤ ਦੇ ਉਤੇ ਬਿਰਾਜਮਾਨ ਨੇ, ਬੇਅੰਤ ਸੰਗਤ ਬੈਠੀ ਹੈ ਤੇ ਆਪ ਦੇ ਮੁਖਾਰਬਿੰਦ ਤੋਂ ਬਚਨ ਹੋ ਰਹੇ ਨੇ, ਉਸ ਵੇਲੇ ਦੋ ਜਗਿਆਸੂ ਉਠ ਕੇ ਬੇਨਤੀ ਕਰਦੇ ਨੇ, ਹੇ ਪ੍ਰਭੂ! ਕ੍ਰਿਪਾ ਕਰਕੇ ਇਹ ਤਾਂ ਦੱਸੋ?

***ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ***
***ਦਰਾ ਭੀਤਰਿ ਦਰੁ ਕਵਨੁ ਲਹੈ॥ ਅੰਗ - 877***

ਜਿਸ ਥਾਂ ਦੇ ਉਤੇ, ਜਿਸ ਦਰਵਾਜ਼ੇ ਦੇ ਉਤੇ ਵਾਹਿਗੁਰੂ ਵਸਦਾ ਹੈ, ਉਸ ਦਰ ਨੂੰ ਕੀ ਕਹਿੰਦੇ ਨੇ, ਕੀ ਉਹਦਾ ਨਾਮ ਹੈ? ਕੀ ਉਸ ਨੂੰ ਕਿਹਾ ਜਾਵੇ?

***ਜਿਸੁ ਦਰ ਕਾਰਣਿ ਫਿਰਾ ਉਦਾਸੀ***
***ਸੋ ਦਰੁ ਕੋਈ ਆਇ ਕਹੈ॥***
***ਕਿਨ ਬਿਧਿ ਸਾਗਰੁ ਤਰੀਐ॥***
***ਜੀਵਤਿਆ ਨਹ ਮਰੀਐ॥***
***ਦੁਖੁ ਦਰਵਾਜਾ ਰੋਹੁ ਰਖਵਾਲਾ***
***ਆਸਾ ਅੰਦੇਸਾ ਦੁਇ ਪਟ ਜੜੇ॥***
***ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ***
***ਸਤ ਕੈ ਆਸਣਿ ਪੁਰਖੁ ਰਹੈ॥***
***ਕਿੰਤੇ ਨਾਮਾ ਅੰਤੁ ਨ ਜਾਣਿਆ***
***ਤੁਮ ਸਰਿ ਨਾਹੀ ਅਵਰੁ ਹਰੇ॥***
***ਊਚਾ ਨਹੀ ਕਹਣਾ ਮਨ ਮਹਿ ਰਹਣਾ***
***ਆਪੇ ਜਾਣੈ ਆਪਿ ਕਰੇ॥***
***ਜਬ ਆਸਾ ਅੰਦੇਸਾ ਤਬ ਹੀ***
***ਕਿਉ ਕਰਿ ਏਕੁ ਕਹੈ॥***
***ਆਸਾ ਭੀਤਰਿ ਰਹੈ ਨਿਰਾਸਾ***
***ਤਉ ਨਾਨਕ ਏਕੁ ਮਿਲੈ॥***
***ਇਨ ਬਿਧਿ ਸਾਗਰੁ ਤਰੀਐ॥***
***ਜੀਵਤਿਆ ਇਉ ਮਰੀਐ॥ ਅੰਗ - 877***

ਬੇਅੰਤ ਦਰ ਨੇ, ਉਨ੍ਹਾਂ ਵਿਚੋਂ ਜੋ ਪ੍ਰਮੇਸ਼ਰ ਦਾ ਦਰ ਹੈ ਉਹ ਕਿਸ ਤਰ੍ਹਾਂ ਨਾਲ ਲਿਆ ਜਾਵੇ? ਕਿਹੜਾ ਸਾਧਨ ਕਰਿਆ ਜਾਵੇ? ਕਿਹੜਾ ਮਹਾਤਮਾ ਮਿਲੇ ਜਿਹੜਾ ਇਨ੍ਹਾਂ ਦਰਾਂ ਦੇ ਵਿਚੋਂ ਸਾਨੂੰ ਪ੍ਰਮੇਸ਼ਰ ਦਾ ਦਰ ਦੱਸ ਦੇਵੇ? ਮਹਾਰਾਜ ਕਹਿਣ ਲੱਗੇ, ਦੇਖੋ ਪ੍ਰੇਮੀਓ! ਇਹ ਦਰ ਜਿਹੜੇ ਤੁਸੀਂ ਕਹਿੰਦੇ ਓਂ, ਇਨ੍ਹਾਂ ਸਾਰੇ ਦਰਾਂ ਦੇ ਵਿਚੋਂ ਹੀ ਵਾਹਿਗੁਰੂ ਦਾ ਦਰ ਹੈ। ਸਾਰੇ ਸਾਧਨਾਂ ਦੇ ਵਿਚੇ ਹੀ ਵਾਹਿਗੁਰੂ ਦਾ ਸਾਧਨ ਹੈ। ਸਾਰੇ ਮਹਾਤਮਾ ਦੇ ਵਿਚੇ ਵਾਹਿਗੁਰੂ ਨੂੰ ਮਨਾਉਣ ਵਾਲਾ ਮਹਾਤਮਾ ਹੋਇਆ ਕਰਦਾ ਹੈ।

ਕਹਿਣ ਲੱਗੇ, ਕਿਸ ਤਰ੍ਹਾਂ ਨਾਲ ਇਹ ਸਾਗਰ ਤਰੀਏ? ਮਹਾਰਾਜ ਨੇ ਕਿਹਾ ਕਿ ਜੀਉਂਦੇ ਮਰ ਜਾਓ ਭਾਈ, ਜੀਉਂਦੇ ਤੋਂ ਤਾਂ ਤਰਿਆ ਨਹੀਂ ਜਾਣਾ। ਜਦੋਂ ਆਦਮੀ ਪੁੱਠੀ ਤਾਰੀ ਤਰਦਾ ਹੈ, ਜਿਹਨੂੰ ਆਉਂਦੀ ਹੈ ਤਾਰੀ ਤਰਨੀ ਉਹ ਸਾਰਾ ਸਰੀਰ ਢਿੱਲਾ ਛੱਡ ਕੇ ਪਾਣੀ ਦੇ ਉਤੇ ਪੈ ਜਾਂਦਾ ਹੈ, ਮੁਰਦਾ ਬਣ ਜਾਂਦਾ ਹੈ, ਉਸਨੂੰ ਪਾਣੀ ਨਹੀਂ ਡੋਬਿਆ ਕਰਦਾ।

ਕਹਿੰਦੇ, ਪਾਤਸ਼ਾਹ! ਜੀਉਂਦੇ ਮਰ ਨਹੀਂ ਹੁੰਦਾ?

ਬਹੁਤ ਔਖਾ ਹੈ ਜੀਉਂਦੇ ਮਰਨਾ, ਗੱਲ ਕਹਿਣੀ ਸੁਖਾਲੀ ਹੈ। ਪਰ ਜੀਉਂਦੇ ਮਰਨਾ ਕੋਈ ਖੇਡ ਹੈ ਤੇ ਤੂੰ ਇਹ ਕਹਿੰਦਾ ਹੈਂ ਕਿ –

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਅੰਗ – 1102***

ਤੁਸੀਂ ਇਹ ਕਹਿੰਦੇ ਓਂ ਕਿ ਪਹਿਲਾਂ ਮਰਨਾ ਕਬੂਲ ਲੈ, ਇਹ ਕਬੂਲਣਾ ਹੀ ਸਾਨੂੰ ਔਖਾ ਹੈ, ਅਸੀਂ ਕਬੂਲ ਨਹੀਂ ਸਕਦੇ ਕਿਉਂਕਿ ਸਾਨੂੰ ਪਤਾ ਨਹੀਂ ਕਿ ਮਰਨਾ ਕੀ ਹੁੰਦਾ ਹੈ। ਮਰੇ ਬਗੈਰ ਇਹ ਤਰ ਨਹੀਂ ਹੁੰਦਾ। ਸੋ ਉਸ ਵੇਲੇ ਮਹਾਰਾਜ ਜੀ ਦਇਆ ਦੇ ਘਰ ਵਿਚ ਆਏ ਤੇ ਕਹਿਣ ਲੱਗੇ, ਪ੍ਰੇਮੀਓਂ! ਜਿਸ ਦਰਵਾਜ਼ੇ ਦੀ ਤੁਸੀਂ ਗੱਲ ਪੁੱਛਣ ਲੱਗੇ ਓਂ, ਉਹ ਤੁਹਾਨੂੰ ਦੱਸ ਦਿੰਦੇ ਹਾਂ, ਜਿਥੇ ਤੁਸੀਂ ਪ੍ਰਮੇਸ਼ਰ ਦੇ ਨਾਲ ਭਵਜਲ ਪਾਰ ਤਰਨਾ ਹੈ, ਉਹਦਾ ਵੀ ਤੁਹਾਨੂੰ ਦੱਸ ਦਿੰਦੇ ਹਾਂ ਕਿ ਉਹ ਬਹੁਤ ਗਹਿਰੀ ਖਾਈ ਹੈ। ਉਹ ਜੀਉਂਦੇ-ਜੀਉਂਦੇ ਨਹੀਂ ਤਰੀ ਜਾਂਦੀ।

ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ ਕਿ ਵਾਹਿਗੁਰੂ ਤੇ ਸਾਡੇ ਵਿਚਾਲੇ ਜਿਹਨੂੰ ਭਵਜਲ ਕਹਿੰਦੇ ਨੇ, ਉਹ ਤ੍ਰਿਗੁਣ ਮਾਇਆ ਦਾ ਛੱਲਾਂ ਮਾਰਦਾ ਸਮੁੰਦਰ ਹੈ। ਕੋਈ ਬੰਦਾ ਇਹਦੇ ਵਿਚੋਂ ਜੀਉਂਦਾ-ਜੀਉਂਦਾ ਤਾਂ ਲੰਘ ਨਹੀਂ ਸਕਦਾ ਤੇ ਮਰਿਆ ਹੋਇਆ ਲੰਘ ਜਾਂਦਾ ਹੈ। ਮਰੀ ਹੋਈ ਚੀਜ਼ ਰੱਖ ਦਿਓ, ਪਾਣੀ ਡੋਬਦਾ ਹੀ ਨਹੀਂ, ਉਪਰ ਤਰੀ ਜਾਂਦਾ ਹੈ। ਇਸੇ ਤਰ੍ਹਾਂ ਜਿਹਨੂੰ ਆਪਣੇ ਆਪ ਨੂੰ ਮਾਰ ਲਿਆ, ਉਹ ਤਾਂ ਲੰਘ ਜਾਂਦਾ ਹੈ। ਜਿਹੜਾ ਮੈਂ ਵਿਚ ਹੈ, ਮੈਂ ਜੀਉਂਦਾ ਹਾਂ, ਉਹ ਨਹੀਂ ਲੰਘ ਸਕਦਾ। ਕਿਉਂਕਿ ਮਾਇਆ ਬਹੁਤ ਗਹਿਰੀ ਖਾਈ ਹੈ, ਇਹਦੇ ਵਿਚੋਂ ਲੰਘਿਆ ਨਹੀਂ ਜਾਂਦਾ।

ਇਕ ਵਾਰੀ ਕ੍ਰਿਸ਼ਨ ਮਹਾਰਾਜ ਬਚਨ ਕਰਦੇ ਨੇ ਕਹਿਣ ਲੱਗੇ, ਅਰਜਨ, ਮੇਰੀ ਜੋ ਤ੍ਰਿਗੁਣ ਮਾਇਆ ਹੈ, ਸੰਸਾਰ ਦੇ ਉਤੇ, ਉਹ ਅ-ਤਰ ਹੈ, ਨਾ ਤਰਨ ਵਾਲੀ ਹੈ, ਸਾਰੇ ਸੰਸਾਰ ਨੇ ਉਸਨੂੰ ਭੁਲਾਇਆ ਹੋਇਆ ਹੈ, ਮੈਂ ਨਿਰੰਕਾਰ ਸਾਰਿਆਂ ਦੇ ਹਿਰਦੇ ਵਿਚ ਰਹਿੰਦਾ ਹਾਂ, ਸਾਰੇ ਕੰਮ ਮੈਂ ਕਰਦਾ ਹਾਂ। ਮੈਂ ਹੀ ਇਸ ਜੀਵ ਨੂੰ ਸ਼ਕਤੀ ਦਿੰਦਾ ਹਾਂ ਅੱਖਾਂ 'ਚੋਂ ਦੇਖਣ ਦੀ, ਕੰਨਾਂ 'ਚੋਂ ਸੁਣਨ ਦੀ, ਜ਼ੁਬਾਨ 'ਚੋਂ ਬੋਲਣ ਦੀ, ਲੇਕਿਨ ਮੈਨੂੰ ਇਹ ਭੁੱਲਿਆ ਰਹਿੰਦਾ ਹੈ, ਜਿਹੜੀ ਅਣਹੋਂਦੀ ਚੀਜ਼ ਮਾਇਆ ਹੈ, ਉਹਨੂੰ ਯਾਦ ਰੱਖਦਾ ਹੈ।

ਅਰਜਨ ਕਹਿਣ ਲੱਗਿਆ ਕਿ ਮਹਾਰਾਜ! ਮੈਂ ਮਾਇਆ-ਮਾਇਆ ਸੁਣਦਾ ਤਾਂ ਹਾਂ ਕ੍ਰਿਪਾ ਕਰਕੇ ਮੈਨੂੰ ਦਰਸ਼ਨ ਤਾਂ ਕਰਾਓ ਇਹਦੇ ਇਹ ਹੈ ਕੀ ਚੀਜ਼?

ਕਹਿੰਦੇ, ਅਰਜਨ! ਇਹ ਤ੍ਰਿਗੁਣ ਮਾਇਆ ਜਿਹੜੀ ਹੈ, ਇਹਦੇ ਵਿਚ ਸਾਰਾ ਸੰਸਾਰ ਭੁੱਲ ਜਾਂਦਾ ਹੈ, ਕੋਈ ਨਹੀਂ ਰਹਿੰਦਾ ਜਿਹੜਾ ਨਾ ਭੁੱਲੇ। ਬਾਰ-ਬਾਰ ਕਿਹਾ, ਦੂਜੇ ਦਿਨ ਵੀ ਇਸਨੇ ਬੇਨਤੀ ਕਰੀ ਕਿ ਮਹਾਰਾਜ! ਮੈਨੂੰ ਮਾਇਆ ਤਾਂ ਦਿਖਾਓ ਕਿ ਕੀ ਹੁੰਦੀ ਹੈ? ਕਹਿੰਦੇ, ਅਰਜਨ! ਤੂੰ ਆਪਣੇ ਆਪ ਨੂੰ ਭੁੱਲ ਜਾਏਂਗਾ, ਕਹਿੰਦਾ ਆਹ ਵੀ ਗੱਲ ਕਦੇ ਹੋ ਸਕਦੀ ਹੈ ਕਿ ਮੈਂ ਆਪਣੇ ਆਪ ਨੂੰ ਭੁੱਲ ਜਾਵਾਂ। ਕਹਿੰਦੇ ਹਾਂ, ਮੇਰੀ ਮਾਇਆ ਦਾ ਵਜੂਦ ਕੋਈ ਨਹੀਂ, ਲੇਕਿਨ ਸੱਚਮੁੱਚ ਲਗਦੀ ਹੈ। ਸੱਚੀ ਲਗਦੀ ਹੈ ਤੇ ਹੈ ਕੋਈ ਚੀਜ਼ ਨਹੀਂ ਹੈ।

ਹੈ ਤਾਂ ਸਾਧਸੰਗਤ ਜੀ! ਸਾਰੇ ਨਿਰੰਕਾਰ ਵਾਹਿਗੁਰੂ ਹੀ, ਇਸ ਤੋਂ ਬਗੈਰ ਹੋਰ ਕੁਛ ਨਾ ਹੋਇਆ, ਨਾ ਹੋਣਾ, ਨਾ ਹੈ ਸੀ, ਆਹ ਤਾਂ ਹੈਗੀ ਅਸਲੀ ਗੱਲ।

***ਏਹੁ ਵਿਸੁ ਸੰਸਾਰੁ ਤੁਮ ਦੇਖਦੇ***
***ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥***
***ਅੰਗ – 922***

ਲੇਕਿਨ ਸਾਨੂੰ ਨਾ ਇਹ ਹਰੀ ਦਾ ਰੂਪ ਨਜ਼ਰ ਆਉਂਦਾ ਹੈ, ਨਾ ਗੁਰੂ ਦਾ ਸ਼ਬਦ ਸਾਡੇ ਹਿਰਦੇ ਵਿਚ ਕਾਟ ਕਰਦਾ ਹੈ। ਕਿਉਂਕਿ ਸਾਨੂੰ ਮੂਰਛਤ ਕਰ ਦਿਤਾ ਮਾਇਆ ਨੇ, ਭੁਲਾ ਦਿਤਾ। ਐਨਾ ਭੁੱਲ ਗਏ ਅਸੀਂ, ਆਪਣੇ ਆਪ ਨੂੰ ਭੁੱਲ ਗਏ। ਕ੍ਰਿਸ਼ਨ ਮਹਾਰਾਜ ਕਹਿੰਦੇ, ਅਰਜਨ! ਤੂੰ ਤਾਂ ਤੂੰ, ਜਿਹੜੇ ਵੱਡੇ ਦੇਵੀ ਦੇਵਤੇ ਬ੍ਰਹਮਾ, ਵਿਸ਼ਨੂੰ, ਮਹੇਸ਼ ਇਹ ਸਭ ਭੁੱਲੇ ਹੋਏ ਨੇ, ਮਾਇਆ ਐਨੀ ਪ੍ਰਬਲ ਹੈ।

ਅਰਜਨ ਕਹਿਣ ਲੱਗਿਆ, ਮਹਾਰਾਜ ਮੈਨੂੰ ਦਿਖਾ ਦਿਓ।

ਕਹਿੰਦੇ, ਕੀ ਕਰੇਂਗਾ ਤੂੰ ਆਪਣੇ ਆਪ ਨੂੰ ਭੁੱਲ ਜਾਏਂਗਾ, ਮੈਨੂੰ ਵੀ ਭੁੱਲ ਜਾਏਂਗਾ।

ਕਹਿੰਦਾ, ਨਹੀਂ ਭੁੱਲਦਾ।

ਕਹਿੰਦੇ, ਚੰਗਾ, ਦਾਤਨ ਕਰਨੀ ਹੈ, ਜਾਹ ਪਾਣੀ ਲਿਆ।

ਕੋਲ ਹੀ ਸਰੋਵਰ ਸੀ, ਇਕ ਪੈਰ ਜਾ ਕੇ ਇਹਨੇ ਪਉੜੀ ਤੇ ਰੱਖ ਲਿਆ ਹੇਠਲੀ ਤੇ, ਗੜਵੀ ਲੈ ਕੇ ਜਦੋਂ ਪਾਣੀ ਵਿਚ ਡਬੋਣ ਲੱਗਿਆ ਉਸ ਤੋਂ ਪਹਿਲਾਂ-ਪਹਿਲਾਂ ਇਸ ਤੇ ਮਾਇਆ ਪੈ ਗਈ।

ਸੀਨ ਬਦਲ ਗਿਆ, 300 ਸਾਲ ਅੱਗੇ ਸਮਾਂ ਕਰ ਦਿਤਾ। ਜੰਗਲ ਬਣ ਗਿਆ ਭਿਆਨਕ, ਜਾਨਵਰ ਫਿਰ ਰਹੇ, ਚੀਤੇ ਫਿਰ ਰਹੇ ਨੇ, ਵੱਡੀਆਂ-ਵੱਡੀਆਂ ਸਰਾਲਾਂ, ਸੱਪ ਫਿਰਦੇ ਨੇ। ਹਾਥੀ ਫਿਰਦੇ ਨੇ, ਹੋਰ ਜੰਗਲੀ ਜਾਨਵਰ ਬੇਅੰਤ ਫਿਰ ਰਹੇ ਨੇ। ਦੇਖ ਕੇ ਡਰ ਗਿਆ, ਆਵਾਜ਼ ਦਿੰਦਾ ਹੈ ਕਿ ਮਹਾਰਾਜ ਤੁਸੀਂ ਕਿੱਥੇ ਚਲੇ ਗਏ। ਸੁੱਝਦਾ ਹੀ ਨਹੀਂ ਕਿ ਮੈਂ ਕਿੱਥੇ ਆ ਗਿਆ, ਕੁੱਛ ਯਾਦ ਨਹੀਂ ਆਉਂਦਾ, ਭੁੱਲ ਗਿਆ ਸਭ। ਰਾਤ ਪੈ ਗਈ, ਦਰਖਤਾਂ ਤੇ ਚੜ੍ਹ ਕੇ ਰਾਤ ਕੱਟਦਾ ਹੈ, ਦੂਜਾ ਦਿਨ ਹੋ ਗਿਆ, ਟੋਲ੍ਹਦਾ ਫਿਰਦਾ ਹੈ, ਹਾਕਾਂ ਮਾਰਦਾ ਹੈ, ਰੋਈ ਜਾਂਦਾ ਹੈ ਉਚੀ-ਉਚੀ, ਫੇਰ ਕੁੱਛ ਨਹੀਂ ਲੱਭਿਆ, ਫੇਰ ਦਰਖਤ ਤੇ ਰਾਤ ਕੱਟੀ। ਉਥੇ ਨਾ ਕੁੱਛ ਖਾਣ ਨੂੰ, ਨਾ ਪੀਣ ਨੂੰ ਬੁਰਾ ਹਾਲ ਹੋ ਗਿਆ।

ਚੌਥੇ ਦਿਨ ਜੰਗਲ ਤੋਂ ਬਾਹਰ ਨਿਕਲਿਆ। ਉਥੇ ਕੀ ਦੇਖਦਾ ਹੈ, ਕੋਈ ਪ੍ਰੇਮੀ ਨੇ, ਕੰਮ ਕਰ ਰਹੇ ਨੇ, ਉਥੇ ਜਾ ਕੇ ਪੁੱਛਣ ਲੱਗਿਆ, ਕਿ ਕ੍ਰਿਸ਼ਨ ਮਹਾਰਾਜ ਨਹੀਂ ਦੇਖੇ, ਉਹ ਸਾਰੇ ਇਹਦੇ ਮੂੰਹ ਵਲ ਦੇਖਣ ਲਗ ਗਏ। ਕਹਿੰਦਾ, ਕੀ ਦੇਖਦੇ ਓਂ ਸਾਰੇ? ਮੈਨੂੰ ਦਸਦੇ ਕਿਉਂ ਨਹੀਂ? ਤੇ ਮੈਂ ਅਰਜਨ ਹਾਂ। ਉਹ ਹੋਰ ਹੱਸਣ ਲਗ ਗਏ, ਤਾੜੀ ਮਾਰ ਕੇ। ਬਲ ਇਹਦਾ ਕੋਈ ਚੱਲੇ ਨਾ। ਉਹ ਕਹਿੰਦੇ, ਤੂੰ ਕਿਸੇ ਪਾਗਲਖਾਨੇ 'ਚੋਂ ਤਾਂ ਨਹੀਂ ਨੱਠ ਕੇ ਆਇਆ? ਕ੍ਰਿਸ਼ਨ ਨੂੰ ਹੋਏ ਨੂੰ ਤਾਂ 300 ਸਾਲ ਹੋ ਗਏ। ਅਰਜਨ ਨੂੰ ਹੋਏ ਨੂੰ 300 ਸਾਲ ਹੋ ਗਏ। ਉਹ ਰਾਜ ਆਪਣੇ ਪੋਤੇ ਪ੍ਰੀਸ਼ਦ ਨੂੰ ਦੇਣ ਤੋਂ ਬਾਅਦ, ਉਹ ਪਹਾੜਾਂ ਵਿਚ ਜਾ ਕੇ ਬਰਫ ਵਿਚ ਗਲ ਗਏ। ਤੂੰ ਅਰਜਨ ਕਿਧਰੋਂ ਬਚ ਕੇ ਆ ਗਿਆ? ਬੜੀ ਜਿੱਦ ਕਰਦਾ ਹੈ ਕਿ ਮੈਂ ਅਰਜਨ ਹਾਂ, ਮੇਰੇ ਕੋਲ ਹੁਣੇ ਕ੍ਰਿਸ਼ਨ ਖੜ੍ਹੇ ਸੀ ਤੇ ਅੱਜ ਚਾਰ ਦਿਨ ਹੋ ਗਏ ਮੈਨੂੰ ਵਿਛੜੇ ਨੂੰ। ਤੁਸੀਂ ਤਿੰਨ ਸੌ ਸਾਲ ਕਹਿੰਦੇ ਓਂ? ਕਹਿੰਦੇ ਜੇ ਸਾਡਾ ਯਕੀਨ ਨਹੀਂ ਆਉਂਦਾ ਤਾਂ ਭਾਈ, ਤਾਂ ਸ਼ਹਿਰ ਚੱਲ। ਇਹ ਰਾਜਾ ਕ੍ਰਿਸ਼ਨ ਭਗਤ ਹੈ, ਤੇ ਮਹਾਂਭਾਰਤ ਦੀ ਇਹਨੇ ਕਥਾ ਕਰਾਈ ਹੋਈ ਹੈ, ਮੰਦਰ ਵਿਚ। ਉਥੇ ਚੱਲ।

ਉਥੇ ਲਿਜਾ ਕੇ ਬਿਠਾ ਦਿਤਾ, ਉਥੇ ਗੱਲ ਆ ਰਹੀ ਹੈ ਕਿ ਮਹਾਂਭਾਰਤ ਦਾ ਯੁੱਧ ਇਸ ਤਰ੍ਹਾਂ ਨਾਲ ਜਿੱਤਿਆ। ਰਾਜਸੂ ਯੱਗ ਕਰਿਆ, ਉਸ ਤੋਂ ਬਾਅਦ ਰਾਜ ਆਪਣੇ ਪੋਤੇ ਨੂੰ ਦੇ ਕੇ, ਪ੍ਰੀਸ਼ਦ ਨੂੰ ਦੇ ਕੇ, ਉਹ ਪਹਾੜਾਂ ਵਿਚ ਚਲੇ ਗਏ। ਸਾਰੀ ਕਥਾ ਰੋਜ਼ ਹੀ ਸੁਣਿਆ ਕਰੇ। ਕਹਿੰਦਾ, ਹੈਂ, ਕਥਾ ਮੇਰੀ ਹੈ, ਇਹ ਗੱਲ ਕੀ ਹੋ ਗਈ? ਮੈਂ ਸੁੱਤਾ ਹਾਂ ਕਿ ਜਾਗਦਾ ਹਾਂ, ਕੀ ਮੈਨੂੰ ਸੁਪਨਾ ਆ ਰਿਹਾ ਹੈ? ਪੁੱਛਿਆ, ਉਥੇ ਕਹਿੰਦਾ ਮੈਂ ਜਾਗਦਾ ਹਾਂ? ਉਹ ਕਹਿੰਦੇ, ਤੇਰਾ ਤਾਂ ਦਿਮਾਗ ਹਿੱਲਿਆ ਹੋਇਆ ਹੈ।

ਇਕ ਤੂੰ ਕ੍ਰਿਸ਼ਨ-ਕ੍ਰਿਸ਼ਨ ਕਰੀ ਜਾਂਦਾ ਹੈ, ਇਕ ਤੂੰ ਆਪਣੇ ਆਪ ਨੂੰ ਅਰਜਨ ਕਹੀ ਜਾਂਦਾ ਹੈਂ। ਦੇਖ, ਹੁਣ ਤਾਂ ਤੂੰ ਕਹਿ ਦਿਤਾ, ਉਹ ਕ੍ਰਿਸ਼ਨ ਭਗਤ ਹੈ, ਉਹ ਤੈਨੂੰ ਸਜ਼ਾ ਦੇ ਦਏਗਾ, ਤੈਨੂੰ ਕਾਲ ਕੋਠੜੀ 'ਚ ਬੰਦ ਕਰ ਦਏਗਾ। ਤੂੰ ਅੱਜ ਤੋਂ ਆਪਣਾ ਨਾਮ ਪਰਦੇਸੀ ਰੱਖ ਲੈ, ਜੇ ਹੋਰ ਕੋਈ ਨਹੀਂ ਆਉਂਦਾ। ਕਹਿੰਦਾ, ਚੰਗਾ ਮੈਨੂੰ ਪਰਦੇਸੀ ਕਹਿ ਦਿਆ ਕਰੋ, ਆਪਣਾ ਨਾਮ ਵੀ ਭੁੱਲ ਗਿਆ। ਉਸ ਤੋਂ ਬਾਅਦ ਕਥਾ ਸੁਣਦਾ ਹੈ, ਉਥੇ ਪਰਦੇਸੀ ਬਣ ਕੇ ਰਹਿੰਦਾ ਹੈ, ਰਾਜੇ ਨੇ ਦੇਖਿਆ ਕਿ ਤੀਰ ਅੰਦਾਜ਼ੀ ਦਾ ਬੜਾ ਮਾਹਰ ਹੈ, ਆਪਣੀਆਂ ਫੌਜਾਂ ਦਾ ਕਮਾਂਡਰ ਬਣਾ ਦਿਤਾ। ਆਪਣੀ ਲੜਕੀ ਦੀ ਸ਼ਾਦੀ ਕਰ ਦਿਤੀ ਤੇ ਉਸ ਵੇਲੇ ਸਾਰੇ ਕਰਮ ਧਰਮ ਭੁੱਲ ਗਿਆ, ਸਾਰਾ ਦਿਨ ਭੋਗਾਂ ਦੇ ਵਿਚ ਮਸਤ ਰਹਿੰਦਾ ਹੈ, ਜਿਹੜੀਆਂ ਚੀਜ਼ਾਂ ਨਹੀਂ ਖਾਣੀਆਂ ਸੀ, ਉਹ ਖਾਣੀਆਂ ਸ਼ੁਰੂ ਕਰ ਦਿਤੀਆਂ। ਜਿਹੜੇ ਕੰਮ ਨਹੀਂ ਕਰਨੇ ਸੀ, ਉਹ ਸਾਰੇ ਕਰਨ ਲਗ ਗਿਆ, ਭਜਨ ਬੰਦਗੀ ਸਭ ਕੁਛ ਛੱਡ ਦਿਤਾ। ਪੱਕਾ ਨਾਸਤਕ ਹੋ ਗਿਆ। ਜੇ ਕੋਈ ਕ੍ਰਿਸ਼ਨ ਦਾ ਨਾਉਂ ਲੈ ਲਵੇ, ਉਹਨੇ ਤਿਊੜੀ ਵੱਟ ਲੈਣੀ। ਕਹਿੰਦਾ ਮੇਰੇ ਕੋਲ ਕ੍ਰਿਸ਼ਨ ਦਾ ਨਾਉਂ ਨਾ ਲਿਓ। ਕੀ ਸੀਗਾ ਕ੍ਰਿਸ਼ਨ, 16 ਹਜ਼ਾਰ 108 ਰਾਣੀਆਂ ਸੀ ਉਹਦੇ, ਉਹਦਾ ਨਾਉਂ ਲੈਂਦਾ ਹੈਂ ਤੂੰ ਮੇਰੇ ਕੋਲ। ਨਿੰਦਿਆ ਕਰਨੀ ਸ਼ੁਰੂ ਕਰ ਦਿਤੀ। ਬਿਲਕੁਲ ਬੇਮੁਖ ਹੋ ਗਿਆ। ਬੜਾ ਸਮਾਂ ਲੰਘਣ ਤੋਂ ਬਾਅਦ, ਹਰ ਵਕਤ ਆਪਣੇ ਪਤਨੀ ਨਾਲ ਪਿਆਰ ਕਰਦਾ ਹੈ, ਡਿਊਟੀਆਂ ਵੀ ਘੱਟ ਦਿੰਦਾ ਹੈ, ਨਸ਼ਿਆਂ ਦੇ ਵਿਚ ਪ੍ਰਵਿਰਤ ਹੋ ਗਿਆ, ਰਾਜੇ ਨੇ ਕਈ ਵਾਰੀ ਤਾੜਨਾ ਕਰੀ ਕਿ ਤੂੰ ਇਹ ਮਾੜੇ ਕੰਮ ਕਰਦਾ ਹੈਂ, ਠੀਕ ਨਹੀਂ ਹੈਗਾ, ਤੂੰ ਭਗਤੀ ਨਹੀਂ ਕਰਦਾ, ਤੂੰ ਨਾਸਤਕ ਪੁਰਸ਼ ਹੈਂ। ਲੇਕਿਨ ਉਹਦੀ ਕਲਾ ਦੇਖ ਕੇ ਉਸਨੂੰ ਬਿਠਾਇਆ ਹੋਇਆ ਸੀ ਤੇ ਇਕ ਦਿਨ ਉਹਦੀ ਘਰਵਾਲੀ ਚੜ੍ਹਾਈ ਕਰ ਗਈ। ਕਹਿਣ ਲੱਗਿਆ, ਮੈਂ ਇਹਦਾ ਸਸਕਾਰ ਨਹੀਂ ਹੋਣ ਦੇਣਾ, ਮੈਂ ਨਾਲ ਹੀ ਜਲ ਜਾਣਾ ਹੈ ਇਹਦੇ।

ਬਥੇਰਾ ਸਮਝਾਉਂਦੇ ਨੇ, ਕਹਿੰਦਾ ਮੈਂ ਫੈਸਲਾ ਕਰ ਲਿਆ, ਪ੍ਰਤਗਿਆ ਕਰ ਲਈ, ਹੁਣ ਤਾਂ ਮੈਂ ਇਹਦੇ ਨਾਲ ਜਾਣਾ ਹੈ, ਉਸ ਤੋਂ ਬਾਅਦ ਚਿਖਾ ਦੇ ਉਤੇ ਲੈ ਕੇ ਉਸਦੀ ਘਰਵਾਲੀ ਨੂੰ, ਉਤੇ ਬੈਠ ਗਿਆ, ਸਾਰੇ ਸਮਝਾਉਂਦੇ ਨੇ ਕਿ ਇਹ ਗੱਲ ਤਾਂ ਕਦੇ ਹੋਈ ਨਹੀਂ, ਇਸਤਰੀ ਦੇ ਨਾਲ ਕਦੇ ਉਹਦਾ ਪਤੀ ਤਾਂ ਜਲਿਆ ਹੀ ਨਹੀਂ ਹੈ। ਲੇਕਿਨ ਸਮਝਦਾ ਨਹੀਂ ਹੈ, ਕ੍ਰਿਸ਼ਨ ਮਹਾਰਾਜ ਨੇ ਉਧੋ ਨੂੰ ਭੇਜਿਆ, ਜਾਹ ਤੂੰ ਦੱਸ, ਇਹਨੂੰ ਯਾਦ ਕਰਾ ਕਿ ਤੂੰ ਕ੍ਰਿਸ਼ਨ ਹੈਂ। ਉਹ ਆ ਗਿਆ, ਕਹਿੰਦਾ ਤੂੰ ਮੈਨੂੰ ਪਛਾਣਦਾ ਹੈਂ, ਕਹਿੰਦਾ ਨਹੀਂ ਮੈਂ ਨਹੀਂ ਪਛਾਣਦਾ ਤੈਨੂੰ? ਉਸ ਨੇ ਕਿਹਾ ਕਿ ਮੈਂ ਊਧੋ ਹਾਂ।

ਕਹਿਣ ਲੱਗਿਆ, ਉਹ ਜਿਹੜਾ ਕ੍ਰਿਸ਼ਨ ਵੇਲੇ ਹੋਇਐ, ਤੂੰ ਪਾਗਲਖਾਨੇ 'ਚੋਂ ਆਇਆ ਹੈਂ? 300 ਸਾਲ ਹੋ ਗਏ ਊਧੋ ਨੂੰ ਤਾਂ ਮਰੇ ਨੂੰ। ਤੂੰ ਕਿੱਥੋਂ ਆ ਗਿਆ?

ਬਥੇਰਾ ਸਮਝਾਉਂਦਾ ਹੈ ਪਰ ਸਮਝਦਾ ਨਹੀਂ, ਕਹਿੰਦਾ ਮੇਰੇ ਕੋਲ ਨਾਉਂ ਨਾ ਲਈਂ ਕ੍ਰਿਸ਼ਨ ਦਾ। ਬਿਲਕੁਲ ਨਾ ਨਾਉਂ ਲਈ, ਨਾ ਅਰਜਨ ਦਾ ਨਾ ਕ੍ਰਿਸ਼ਨ ਦਾ। ਮੈਂ ਅਰਜਨ ਹੈ ਹੀ ਨਹੀਂ।

ਊਧੋ ਕ੍ਰਿਸ਼ਨ ਮਹਾਰਾਜ ਕੋਲ ਜਾ ਕੇ ਕਹਿਣ ਲੱਗਿਆ, ਮਹਾਰਾਜ! ਉਹ ਤਾਂ ਸਭ ਕੁਛ ਭੁੱਲ ਗਿਆ, ਉਹ ਤਾਂ ਮੈਨੂੰ ਵੀ ਨਹੀਂ ਪਛਾਣਦਾ। ਮੈਂ ਬਹੁਤ ਸਮਝਾਇਆ ਪਰ ਉਹ ਮੰਨਦਾ ਹੀ ਨਹੀਂ। ਮੈਂ ਕਿਹਾ ਕਿ ਤੂੰ ਕ੍ਰਿਸ਼ਨ ਜੀ ਦਾ ਧਨੁਸ਼ਧਾਰੀ ਅਰਜਨ ਹੈਂ, ਤੂੰ ਕਿਹਾ ਸੀ ਕਿ ਮੇਰੇ ਤੇ ਮਾਇਆ ਪਾ ਦਿਓ, ਇਹ ਮਾਇਆ ਹੈ। ਪਰ ਉਹ ਤਾਂ ਮੰਨਦਾ ਹੀ ਨਹੀਂ।

ਐਨੇ ਨੂੰ ਕ੍ਰਿਸ਼ਨ ਮਹਾਰਾਜ ਆਪ ਚਲੇ ਗਏ, ਸਮਝਾਉਂਦੇ ਨੇ ਉਸਨੂੰ। ਲੇਕਿਨ ਸਮਝਦਾ ਨਹੀਂ, ਕਹਿੰਦਾ ਕ੍ਰਿਸ਼ਨ ਤਾਂ ਨਕਲੀ ਆ ਗਿਆ ਇਹ, ਪਾਗਲਖਾਨੇ 'ਚੋਂ ਉਠ ਕੇ ਕੋਈ, ਕ੍ਰਿਸ਼ਨ ਨੂੰ ਤਾਂ 300 ਸਾਲ ਹੋ ਗਏ। ਉਹ ਤਾਂ ਇਸ ਤਰ੍ਹਾਂ ਦੇ ਨਾਲ ਜਾ ਕੇ ਪ੍ਰਭਾਵ ਸ਼ੇਤਰ 'ਚ ਜਾ ਕੇ ਬਹਿ ਗਿਆ ਸੀ ਤੇ ਬੱਧਕ ਨੇ ਬਾਣ ਮਾਰਿਆ ਸੀ, ਉਹ ਤਾਂ ਕਦੋਂ ਦਾ ਚੜ੍ਹਾਈ ਕਰ ਗਿਆ ਸੀ। ਤੂੰ ਕਿਧਰੋਂ ਆ ਗਿਆ ਉਹਦਾ ਰੂਪ ਬਣਾ ਕੇ?

ਸੋ ਬੜਾ ਵਿਵਾਦ ਕਰਿਆ ਤੇ ਕਹਿਣ ਲੱਗਿਆ ਕਿ ਮੈਂ ਤਾਂ ਨਾਲ ਹੀ ਮਰਨਾ ਹੈ ਆਪਣੀ ਪਤਨੀ ਦੇ। ਪੰਡਤ ਕਹਿਣ ਲੱਗਿਆ ਕਿ ਜੇ ਤੂੰ ਨਹੀਂ ਹਟਦਾ ਤਾਂ ਜਾ ਕੇ ਪਹਿਲਾਂ ਇਸ਼ਨਾਨ ਤਾਂ ਕਰ ਆ। ਤੂੰ ਅੱਗ 'ਚ ਜਲਣਾ ਹੈ, ਸ਼ੁੱਧ ਹੋ ਕੇ ਆ।

ਜਦੋਂ ਉਥੇ ਜਾਂਦਾ ਹੈ, ਤਾਂ ਕ੍ਰਿਸ਼ਨ ਮਹਾਰਾਜ ਨਾਲ ਹੀ ਜਾਂਦੇ ਨੇ, ਕਹਿੰਦੇ ਅਰਜਨ! ਤੂੰ ਅਜੇ ਵੀ ਸਮਝ ਜਾ, ਮੈਂ ਹੀ ਤੇਰੇ ਤੇ ਮਾਇਆ ਪਾਈ ਹੋਈ ਹੈ, ਤੂੰ ਮੈਨੂੰ ਕਿਹਾ ਸੀ ਕਿ ਮੇਰੇ ਤੇ ਮਾਇਆ ਪਾ ਕੇ ਦਿਖਾਓ। ਮੈਂ ਤੈਨੂੰ ਕਿਹਾ ਸੀ ਕਿ ਮੇਰੀ ਮਾਇਆ ਐਨੀ ਪ੍ਰਬਲ ਹੈ ਤਰੀ ਨਹੀਂ ਜਾਂਦੀ। ਇਹਦੇ ਵਿਚ ਤੂੰ ਤਾਂ ਤੂੰ, ਸਾਰੇ ਦੇਵੀ ਦੇਵਤੇ ਭੁੱਲੀਂ ਬੈਠੇ ਨੇ, ਸਾਰਾ ਸੰਸਾਰ ਭੁੱਲਿਆ ਬੈਠਾ ਹੈ। ਅਣਹੋਂਦੀ ਚੀਜ਼ ਜਿਹੜੀ ਹੈ, ਉਹਨੂੰ ਹੋਈ ਹੋਈ ਸਮਝਦਾ ਹੈ। ਮੈਂ ਤੇਰੇ ਤੇ ਮਾਇਆ ਪਾਈ ਹੈ ਤੂੰ ਹੋਸ਼ ਵਿਚ ਆ। ਪਰ ਮੰਨਦਾ ਹੀ ਨਹੀਂ ਗੱਲ।

ਅਖੀਰ ਕ੍ਰਿਸ਼ਨ ਮਹਾਰਾਜ ਨੇ ਹਲਕਾ ਜਿਹਾ ਥੱਪੜ ਮਾਰਿਆ ਮੂੰਹ ਤੇ ਮਾਇਆ ਲਾਹ ਲਈ। ਮਾਇਆ ਲਾਹੀ ਤਾਂ ਕੀ ਦੇਖਦਾ ਹੈ ਕਿ ਨਾ ਉਥੇ ਕੋਈ ਰਾਜਾ, ਨਾ ਚਿਖਾ, ਨਾ ਕੋਈ ਲੋਕ। ਰੱਥ ਖੜ੍ਹਾ ਹੈ ਕ੍ਰਿਸ਼ਨ ਮਹਾਰਾਜ ਦਾ ਤੇ ਇਹਨੇ ਇਕ ਪੈਰ ਤਲਾਬ ਵਿਚ ਰੱਖਿਆ ਹੋਇਆ ਹੈ ਤੇ ਗੜਵੀ ਹੱਥ ਵਿਚ ਹੈ। ਕ੍ਰਿਸ਼ਨ ਕਹਿਣ ਲੱਗੇ, ਅਰਜਨ! ਮੈਂ ਦਾਤਣ ਕਰਨੀ ਹੈ, ਤੂੰ ਦੇਰ ਕਰ ਦਿਤੀ ਪਾਣੀ ਲਈ, ਕੀ ਸੋਚੀ ਜਾਂਦਾ ਹੈਂ?

ਪਾਣੀ ਲੈ ਆਇਆ, ਲੇਕਿਨ ਰੋ ਰਿਹਾ ਹੈ। ਮਹਾਰਾਜ ਕਹਿੰਦੇ, ਰੋਂਦਾ ਕਿਉਂ ਹੈ? ਕਹਿੰਦਾ, ਮੇਰੀ ਇਸਤਰੀ ਕਿੱਥੇ ਗਈ? ਮੇਰੇ ਬੱਚੇ ਕਿੱਥੇ ਗਏ?

ਉਹ ਕਹਿੰਦੇ ਅਰਜਨ! ਤੂੰ ਹੋਸ਼ ਵਿਚ, ਜਾਗ।

ਇਹ ਜਾਗ ਨਹੀਂ ਆਇਆ ਕਰਦੀ ਸਾਧਸੰਗਤ ਜੀ! ਸਾਨੂੰ ਵੀ ਨਹੀਂ ਆਉਂਦਾ। ਇਹ ਜਾਗ ਓਦੋਂ ਆਉਂਦੀ ਹੈ-

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ॥ ਅੰਗ - 204***

ਅਸੀਂ ਵੀ ਸੁੱਤੇ ਪਏ ਹਾਂ, ਸਾਰਾ ਸੰਸਾਰ ਸੁੱਤਾ ਪਿਆ ਹੈ। ਵੱਡੇ-ਵੱਡੇ ਰਾਜੇ, ਵੱਡੇ-ਵੱਡੇ ਵਿਦਵਾਨ, ਕਥਾਕਾਰ, ਕੀਰਤਨ ਕਰਨ ਵਾਲੇ, ਸੁਣਨ ਵਾਲੇ ਸਭ ਸੁੱਤੇ ਪਏ ਨੇ।

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ***
***ਸੁਤਿਆ ਰੈਣਿ ਵਿਹਾਣੀ॥ ਅੰਗ - 920***

ਕਹਿੰਦੇ, ਇਕ ਦੋ ਚਾਰ ਨਹੀਂ ਸੁੱਤੇ, ਸਾਰਾ ਸੰਸਾਰ ਸੌਂ ਗਿਆ। ਸੁੱਤਾ ਹੋਇਆ ਕਿੰਨਾ ਭੁੱਲ ਗਿਆ, ਵਾਹਿਗੁਰੂ ਹਰ ਵਕਤ ਇਹਦੇ ਨਾਲ ਰਹਿੰਦਾ ਹੈ -

***ਜਹ ਜਹ ਪੇਖਉ ਤਹ ਹਜੂਰਿ***
***ਦੂਰਿ ਕਤਹੁ ਨ ਜਾਈ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥***
***ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥***
***ਬਿਨਸਿ ਜਾਇ ਜੋ ਨਿਮਖ ਮਹਿ***
***ਸੋ ਅਲਪ ਸੁਖੁ ਭਨੀਐ॥***

***ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥***
***ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥***

***ਅੰਗ - 677***

ਕਿਸੇ ਦੇ ਯਾਦ ਰਹਿੰਦਾ ਹੈ ਪ੍ਰਮੇਸ਼ਰ? ਕੋਈ ਬੰਦਾ ਕਹੇ ਕਿ ਹਾਂ ਮੇਰੇ ਹਰ ਵਕਤ ਵਾਹਿਗੁਰੂ ਯਾਦ ਰਹਿੰਦਾ ਹੈ ਤੇ ਮੈਨੂੰ ਐਉਂ ਲਗਦਾ ਹੈ ਕਿ ਮੇਰੇ ਨਾਲ ਹੀ ਤੁਰਦਾ ਫਿਰਦਾ ਹੈ, ਮੇਰੇ ਨਾਲ ਹੀ ਪ੍ਰਸ਼ਾਦੇ ਛਕਦਾ ਹੈ, ਮੇਰਾ ਨਾਲ ਸੌਂਦਾ ਮੇਰੇ ਨਾਲ ਹੀ ਜਾਗਦਾ ਹੈ। ਮੇਰੇ ਨਾਲ ਹੀ ਹੈ ਹਰ ਵਕਤ। ਭੂਤ ਨੂੰ ਤਾਂ ਅਸੀਂ ਮੰਨ ਲਵਾਂਗੇ, ਕਿ ਉਹਦਾ ਸਾਇਆ ਮੇਰੇ ਤੇ ਰਹਿੰਦਾ ਹੈ, ਪਰ ਵਾਹਿਗੁਰੂ ਨੂੰ ਨਹੀਂ ਮੰਨਦੇ।

ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਅਰਜਨ! ਮੈਂ ਤੇਰੇ ਤੇ ਮਾਇਆ ਪਾਈ ਹੈ। ਹੋਸ਼ ਵਿਚ ਆ। ਬੜੀ ਮੁਸ਼ਕਲ ਦੇ ਨਾਲ ਹੋਸ਼ ਵਿਚ ਲਿਆਂਦਾ। ਕਹਿਣ ਲੱਗਿਆ, ਹੇ ਪ੍ਰਭੂ! ਐਡੀ ਮਾਇਆ ਤੇਰੀ, ਮੈਂ ਤਾਂ ਬਿਲਕੁਲ ਹੀ ਭੁੱਲ ਗਿਆ ਸੀ 100%। ਕਹਿੰਦੇ ਤੂੰ ਨਹੀਂ ਭੁੱਲਿਆ, ਸਾਰਾ ਸੰਸਾਰ ਭੁੱਲਿਆ ਬੈਠਾ ਹੈ। ਹੈਗਾ ਇਹ ਜੀਵ ਆਤਮਾ ਪਰ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦਾ ਜੀਵ ਮੰਨੀ ਜਾਂਦਾ ਹੈ। ਸਰੀਰ ਦੀ ਮੈਂ ਨੂੰ ਮੈਂ ਕਹੀ ਜਾਂਦਾ ਹੈ, ਜਦੋਂ ਮੈਂ ਕਹਿੰਦਾ ਹੈ, ਸਰੀਰ ਨੂੰ ਕਹਿੰਦਾ ਹੈ।

ਸੋ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਭਾਈ ਮਾਲੋ ਤੇ ਮਾਂਗੋ, ਇਹ ਜਿਹੜੀ ਮੈਂ ਇਹ ਮਰਨਾ ਕਬੂਲ ਕਰਨਾ ਪੈਣਾ ਹੈ, ਕਿਉਂਕਿ ਜਿੰਨਾ ਚਿਰ ਇਹ ਮੈਂ ਤੁਹਾਡੀ ਹੈਗੀ, ਤੁਸੀਂ ਇਕ ਗਲਤ ਜਾਗ ਦੇ ਵਿਚ ਆਏ ਬੈਠੇ ਓਂ। ਸੋ ਇਸ ਤਰ੍ਹਾਂ ਨਾਲ ਇਹ ਜਿਸ ਤਰ੍ਹਾਂ ਤੁਸੀਂ ਕਬੂਲਦੇ ਨਹੀਂ ਹੋਂ, ਓਨਾ ਚਿਰ ਅੱਗੇ ਨਹੀਂ ਚੱਲ ਸਕਦੇ। ਜਿੰਨਾ ਚਿਰ ਤੱਕ ਮਰਦੇ ਨਹੀਂ ਓਂ ਓਨਾ ਚਿਰ ਤੱਕ ਤਰਿਆ ਨਹੀਂ ਜਾਂਦਾ। ਮਰਿਆ ਹੋਇਆ ਕਰਦਾ ਹੈ, ਜੀਉਂਦਾ ਤਰ ਨਹੀਂ ਸਕਦਾ। ਇਹ ਹਉਮੈ ਜਿਹੜੀ ਹੈ ਇਹ ਜੰਮਣ ਮਰਨ ਦੇ ਚੱਕਰ ਵਿਚ ਪਾ ਕੇ ਰੱਖਦੀ ਹੈ।

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥***

***ਅੰਗ - 466***

ਸੋ ਜਿਸ ਦਰ ਦੀ ਗੱਲ ਤੁਸੀਂ ਕਰੀ ਹੈ -

***ਜਿਸੁ ਦਰ ਕਾਰਣਿ ਫਿਰਾ ਉਦਾਸੀ***
***ਸੋ ਦਰੁ ਕੋਈ ਆਇ ਕਹੈ॥ ਅੰਗ - 877***

ਕਹਿੰਦੇ ਦਰਵਾਜ਼ਾ ਜਿਹੜਾ ਹੈ ਵੱਡਾ ਡਾਟ। ਉਹ ਦੁਖਾਂ ਦਾ ਹੈ। ਉਹਦਾ ਨਾਉਂ ਦੁਖ ਦਰਵਾਜਾ। ਕਹਿੰਦੇ ਜਿਹੜਾ ਵਾਹਿਗੁਰੂ ਦਾ ਦਰਵਾਜ਼ਾ ਹੈ ਇਹਨੂੰ ਦੁੱਖ ਦਰਵਾਜ਼ਾ ਕਹਿੰਦੇ ਨੇ। ਇਹਦੇ ਪਹਿਰੇ ਤੇ ਉਤੇ ਕ੍ਰੋਧ ਬੈਠਾ ਹੈ, 'ਰੋਹ ਰਖਵਾਲਾ'। ਤੇ ਇਹਦੇ ਜਿਹੜੇ ਦਰਵਾਜ਼ੇ ਦੇ ਪੱਟ ਨੇ, ਉਹ ਆਸਾ ਤੇ ਅੰਦੇਸਾ ਦੇ ਨੇ। ਉਸ ਤੋਂ ਅੱਗੇ ਕੀ ਹੈ? ਮਾਇਆ ਜਲ ਖਾਹੀ। ਐਨੀ ਡੂੰਘੀ ਹੈ, ਵਿਸ਼ਿਆਂ ਵਿਕਾਰਾਂ ਦੀ ਭਰੀ ਹੋਈ। ਭੋਗਾਂ ਦੀ ਭਰੀ ਹੋਈ। 'ਪਾਣੀ ਕਰਿ ਬਾਂਧਿਆ' ਵਿਸ਼ਿਆਂ ਵਿਕਾਰਾਂ ਦੇ ਪਾਣੀ ਰੂਪ, ਤ੍ਰਿਸ਼ਨਾ ਵਗੈਰਾ ਦੇ ਵਿਚ ਘਰ ਬੰਨ੍ਹਿਆ ਹੋਇਆ ਹੈ। 'ਸਤਿ ਕੇ ਆਸਨ ਪੁਰਖਿ ਰਹੇ।' ਇਨ੍ਹਾਂ ਤੋਂ ਨਿਰਲੇਪ ਅੰਦਰਲੇ ਪਾਸੇ ਵਾਹਿਗੁਰੂ ਰਹਿੰਦਾ ਹੈ। ਇਹਦੇ ਤੱਕ ਪਹੁੰਚੋ।

ਜਿੰਨਾ ਚਿਰ ਤੁਸੀਂ ਦੁਖ ਨੂੰ ਸੁੱਖ ਕਰਕੇ ਨਹੀਂ ਮੰਨਦੇ, ਓਨੀਂ ਦੇਰ ਤੱਕ ਦੁਖ ਨੂੰ ਦੁੱਖ ਕਹਿੰਦੇ ਓ, ਦੁੱਖ ਨਾਲ ਤੁਹਾਡਾ ਸਮਝੌਤਾ ਨਹੀਂ ਹੋ ਸਕਦਾ। 'ਸਗਲੇ ਦੂਖ ਪਾਣੀ ਕਰਿ ਪੀਵਾ।' ਜਦੋਂ ਬਿਰਤੀ ਐਸੀ ਆ ਜਾਏਗੀ ਫੇਰ -

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ***
***ਦੁਖਿ ਭੀ ਤੁਝੈ ਧਿਆਈ॥***
***ਜੇ ਭੁਖ ਦੇਹਿ ਤ ਇਤ ਹੀ ਰਾਜਾ***
***ਦੁਖ ਵਿਚਿ ਸੂਖ ਮਨਾਈ॥ ਅੰਗ - 757***

ਜਦੋਂ ਤੱਕ ਤੁਸੀਂ ਇਸ ਗੱਲ ਨੂੰ ਮੰਨਦੇ ਨਹੀਂ ਓ, 'ਕੇਤਿਆ ਦੂਖਿ ਭੂਖ ਸਦ ਮਾਰ ਏਹ ਭੀ ਦਾਤ ਤੇਰੀ ਦਾਤਾਰ।' ਦੁੱਖ ਵੀ ਪ੍ਰਮੇਸ਼ਰ ਦੀ ਦਾਤ ਹੁੰਦੀ ਹੈ -

***ਦੂਖ ਦਾਰੂ ਸੁਖ ਰੋਗਿ ਭਇਆ***
***ਜਾ ਸੁਖੁ ਤਾਮਿ ਨ ਹੋਈ॥***

ਦੁਨੀਆਂ ਦੇ ਅੰਦਰ ਸਾਰੇ ਲੋਕ, ਜੋ ਵੀ ਹਨ, ਸਾਰੇ ਚਾਹੇ ਜੀਵ ਨੇ, ਚਾਹੇ ਜੰਤੂ ਨੇ, ਚਾਹੇ ਮਨੁੱਖ ਨੇ, ਚਾਹੇ ਪਸ਼ੂ ਨੇ, ਚਾਹੇ ਪੰਛੀ ਨੇ, ਸਾਰੇ ਸੁੱਖ ਚਾਹੁੰਦੇ ਨੇ, ਦੁੱਖ ਕੋਈ ਨਹੀਂ ਚਾਹੁੰਦਾ। ਲੇਕਿਨ ਫੇਰ ਦੁੱਖ ਆ ਜਾਂਦਾ ਹੈ, ਬਿਨਾਂ ਮੰਗੇ ਹੀ ਆ ਜਾਂਦਾ ਹੈ।

ਇਕ ਵਾਰੀ ਦੁੱਖ ਨੂੰ ਕਿਸੇ ਨੇ ਸਵਾਲ ਕੀਤਾ ਕਿ ਤੂੰ ਬਿਨ ਬੁਲਾਇਆ ਮਹਿਮਾਨ ਹੈਂ। ਤੈਨੂੰ ਕੋਈ ਨਹੀਂ ਦੁਨੀਆਂ ਵਿਚ ਚਾਹੁੰਦਾ ਪਰ ਫੇਰ ਵੀ ਤੂੰ ਆ ਜਾਂਦਾ ਹੈਂ? ਬੜਾ ਢੀਠ ਹੈਂ। ਤੇਰਾ ਫਾਇਦਾ ਕੀ ਹੈ ਸੰਸਾਰ ਦੇ ਅੰਦਰ। ਸਭ ਚੀਜ਼ਾਂ ਦਾ ਫਾਇਦਾ ਹੈ, ਦੁਖ ਦਾ ਵੀ ਕੋਈ ਫਾਇਦਾ ਹੈ? ਉਹ ਕਹਿਣ ਲੱਗਾ ਪ੍ਰੇਮੀਆ! ਜੇ ਮੈਂ ਨਾ ਹੋਵਾਂ, ਸੁਖ ਹੋਵੇ ਹੀ ਨਾ। ਸੁੱਖ ਨੂੰ ਮੈਂ ਹੀ ਜਨਮ ਦਿੰਦਾ ਹਾਂ। ਕਿਸਾਨ ਖੇਤੀ ਕਰਦਾ ਹੈ, ਦਿਨ ਰਾਤ ਮਿਹਨਤ ਕਰਦਾ ਹੈ। ਧਾਨਾਂ ਦੇ ਖੇਤ ਨੇ, ਸੱਪ ਸਰਰ-ਸਰਰ ਕਰਦੇ ਫਿਰਦੇ ਨੇ, ਪਾਣੀ ਦਿਸਦਾ ਨਹੀਂ ਹੈ ਰਾਤਾਂ ਨੂੰ ਟੋਅ-ਟੋਅ ਕੇ ਪਾਣੀ ਲਾਉਂਦਾ ਹੈ, ਜਦੋਂ ਫਸਲ ਪੱਕ ਜਾਂਦੀ ਹੈ, ਧਾਨ ਆ ਜਾਂਦੇ ਨੇ, ਘਰ ਵਿਚ ਚੌਲ ਆ ਗਏ, ਪੈਸਾ ਫੇਰ ਜੇਬ ਵਿਚ ਪੈ ਜਾਂਦਾ ਹੈ, ਫੇਰ ਖੁਸ਼ੀਆਂ ਆ ਜਾਂਦੀਆਂ ਨੇ। ਜੇ ਉਹ ਨਾ ਦੁੱਖ ਕੱਟਦਾ, ਫੇਰ ਉਹਦੇ ਕੋਲ ਫਸਲ ਕਿੱਥੋਂ ਆਉਂਦੀ। ਬੱਚਾ ਪੜ੍ਹਦਾ ਹੈ, ਸਭ ਸੌਂ

ਜਾਂਦੇ ਨੇ, ਇਕੱਲਾ ਬੈਠਾ ਪੜ੍ਹੀ ਜਾਂਦਾ ਹੈ, ਇਮਤਿਹਾਨ ਦਿੰਦਾ ਹੈ, ਜਦੋਂ ਪਾਸ ਹੋ ਜਾਂਦਾ ਹੈ, ਵੱਡਾ ਆਫੀਸਰ ਲਗ ਜਾਂਦਾ ਹੈ, ਕਿਵੇਂ ਲਗ ਗਿਆ ਕਿਉਂਕਿ ਮੈਂ ਉਹਦਾ ਸਾਥ ਦੇ ਰਿਹਾ ਸੀ। ਬਾਕੀ ਸਭ ਸੁੱਤੇ ਪਏ ਰਹਿੰਦੇ ਸੀ, ਉਹਨੂੰ ਮੈਂ ਜਗਾ ਕੇ ਰਖਦਾ ਸੀ।

ਕਹਿਣ ਲੱਗਿਆ, ਜੇ ਮੈਂ ਨਾ ਹੋਵਾਂ ਨਾ ਕੋਈ ਸਾਧੂ ਹੋਵੇ, ਨਾ ਸੰਤ ਹੋਵੇ।

ਗੁਰੂ ਦਸਵੇਂ ਪਾਤਸ਼ਾਹ ਨੂੰ ਪੁਛਿਆ ਕਿ ਮਹਾਰਾਜ ਜੇ ਸਿੱਖ ਤੁਹਾਡਾ ਦਾਤਾਂ ਲੈ ਕੇ, ਬਖਸ਼ਿਸ਼ਾਂ ਲੈ ਕੇ ਫੇਰ ਭੁੱਲ ਜਾਵੇ। ਫੇਰ ਵੀ ਇਲਾਜ ਹੈ ਉਹਨੂੰ ਵਾਪਸ ਬੁਲਾਉਣ ਦਾ ਕੋਈ?

ਮਹਾਰਾਜ ਕਹਿੰਦੇ ਫੇਰ ਅਸੀਂ ਦੁੱਖ ਦੀ ਜੰਜੀਰ ਪਾਇਆ ਕਰਦੇ ਹਾਂ। ਹੱਥਕੜੀ ਭੇਜ ਦਿੰਦੇ ਹਾਂ ਦੁੱਖਾਂ ਦੀ, ਜਦੋਂ ਦੁੱਖ ਦੀ ਜੰਜੀਰ ਹੱਥ ਵਿਚ ਪੈ ਗਈ ਫੇਰ ਖਿੱਚ ਲੈਂਦੇ ਹੁੰਦੇ ਹਾਂ ਅਸੀਂ, ਇਹ ਉਹਨੂੰ ਸਾਡੇ ਵੱਲ ਲਿਆਉਣ ਵਾਸਤੇ ਦੁੱਖ ਸਾਡੀ ਹੱਥਕੜੀ ਹੈ।

ਸੋ ਦੁੱਖ ਨਾਲ ਜਦੋਂ ਸਮਝੌਤਾ ਕਰਦਾ ਹੈ, ਅੰਮ੍ਰਿਤ ਵੇਲੇ ਜਾਗਦਾ ਹੈ, ਬੰਦਗੀ ਕਰਦਾ ਹੈ, ਪਾਠ ਕਰਦਾ ਹੈ, ਸੇਵਾ ਕਰਦਾ ਹੈ। ਕਿੰਨਾ ਔਖਾ ਹੈ ਜੇਠ ਹਾੜ੍ਹ ਦੇ ਮਹੀਨੇ ਲੋਹ ਤਪਦੀ ਹੋਵੇ, ਪ੍ਰਸ਼ਾਦੇ ਬੀਬੀਆਂ ਲਾਹ ਰਹੀਆਂ ਹੋਣ, ਭਾਈ ਲਾਹ ਰਹੇ ਹੋਣ, ਸਬਜ਼ੀਆਂ ਬਣਾ ਰਹੇ ਹੋਣ। ਕਿੰਨਾ ਸੇਕ ਪੈ ਰਿਹਾ ਹੁੰਦਾ ਹੈ? ਲੇਕਿਨ ਉਹ ਜਿਹੜਾ ਦੁੱਖ ਹੈ ਸੁਖ ਨੂੰ ਜਨਮ ਦੇ ਰਿਹਾ ਹੁੰਦਾ ਹੈ। ਪ੍ਰਮੇਸ਼ਰ ਵਲ ਨੂੰ ਲਿਜਾ ਰਿਹਾ ਹੈ ਉਨ੍ਹਾਂ ਨੂੰ, ਪੈਰ ਪੈਰ ਤੇ ਵਿਘਨਾਂ ਦਾ ਨਾਸ਼ ਕਰ ਰਿਹਾ ਹੈ। ਸੋ ਦੁੱਖ ਦੇ ਨਾਲ ਸਮਝੌਤਾ ਕੀਤਾ ਹੋਇਆ ਹੈ, ਨਹੀਂ ਤਾਂ ਕੌਣ ਬਹਿੰਦਾ ਤਪਦੀਆਂ ਤਵੀਆਂ ਦੇ ਨੇੜੇ।

ਦੁੱਖ ਨਾਲ ਜਦੋਂ ਸਮਝੌਤਾ ਕਰ ਲੈਂਦਾ ਹੈ, ਦੁੱਖ ਨੂੰ ਚੰਗਾ ਸਮਝਣ ਲਗ ਜਾਂਦਾ ਹੈ -

***ਕੇਤਿਆ ਦੂਖ ਭੂਖ ਸਦ ਮਾਰ॥***
***ਏਹਿ ਭਿ ਦਾਤਿ ਤੇਰੀ ਦਾਤਾਰ॥ ਅੰਗ - 5***

ਫੇਰ ਇਹ ਦਰਵਾਜ਼ੇ ਦੇ ਉਤੇ ਖੜ੍ਹਾ ਹੋ ਜਾਂਦਾ ਹੈ। ਦੁੱਖ ਇਹਨੂੰ ਨਠਾਉਂਦਾ ਨਹੀਂ ਹੈ ਕਿ ਇਹ ਤਾਂ ਮੈਨੂੰ ਚੰਗਾ ਸਮਝਦਾ ਹੈ। ਰਖਵਾਲਾ ਕਹਿੰਦੇ ਹੈਗਾ 'ਰੋਹ'। ਕ੍ਰੋਧ ਰਖਵਾਲਾ ਹੈ। ਕ੍ਰੋਧ ਅੰਨੇ ਕਰ ਦਿੰਦਾ ਹੈ ਅੱਖਾਂ ਵਾਲਿਆਂ ਨੂੰ। ਦਿਸਦਾ ਹੀ ਨਹੀਂ ਕੁਛ ਬੰਦੇ ਨੂੰ ਤੇ ਬੋਲਾ ਕਰ ਦਿੰਦਾ ਹੈ ਕੰਨਾਂ ਵਾਲੇ ਨੂੰ।

ਕ੍ਰੋਧ ਨਾਲ ਵੀ ਸਮਝੌਤਾ ਕਰਨਾ ਪੈਂਦਾ ਹੈ ਕਿ ਆਹ ਤਾਂ ਤੂੰ ਛੱਡ ਦੇ ਮੈਂ ਤੈਨੂੰ ਮਾਰਦਾ ਨਹੀਂ ਹਾਂ, ਮੇਰਾ ਤੂੰ ਸਾਥ ਦੇਹ। ਜਿਸ ਦਿਨ ਮੈਂ ਨਿਤਨੇਮ ਨਾ ਕਰਿਆ ਓਦਣ ਕ੍ਰੋਧ ਵਿਚ ਆਉਣੈ ਕਿ ਉਸ ਦਿਨ ਪ੍ਰਸ਼ਾਦਾ ਨਹੀਂ ਛਕਣਾ। ਅੱਜ ਮੈਂ ਨਿਤਨੇਮ ਨਹੀਂ ਕਰਿਆ, ਅੱਜ ਮੈਂ ਮਨ ਨੂੰ ਸਜ਼ਾ ਦੇਣੀ ਹੈ। ਐਸਾ ਕ੍ਰੋਧ ਤੇਰੀ ਹਸਤੀ ਨਹੀਂ ਮਿਟਾਉਂਦਾ ਤੈਨੂੰ ਸਹੀ ਪਾਸੇ ਲਾਉਂਦਾ ਹੈ।

ਇਕ ਮਹਾਤਮਾ ਕਿਸੇ ਪ੍ਰੇਮੀ ਦੇ ਘਰ ਠਹਿਰੇ ਹੋਏ ਨੇ, ਸਰਦੀ ਦਾ ਮਹੀਨਾ ਹੈ, ਰਾਤ ਨੂੰ ਉਹਨੇ ਦੇਖਿਆ ਕਿ ਇਹ ਸੌਂਦੇ ਤਾਂ ਘੱਟ ਹੀ ਨੇ, ਫਟਾ-ਫਟ ਉਠ ਕੇ ਬਹਿ ਜਾਂਦੇ ਨੇ, ਨਾਂਹ ਲੈਂਦੇ ਨੇ, ਤੇ ਮਨ ਵਿਚ ਆਇਆ ਕਿ ਇਨ੍ਹਾਂ ਨੂੰ ਪਾਲਾ ਲਗਦਾ ਰਹਿੰਦਾ ਹੈ, ਤਾਂ ਉਠਦੇ ਨੇ। ਉਹਨੇ ਇਕ ਵਧੀਆ ਰੇਸ਼ਮ ਦੀ ਰਜਾਈ ਬਣਾ ਕੇ ਸੰਤਾਂ ਨੂੰ ਲਿਆ ਕੇ ਦੇ ਦਿਤੀ। ਕਹਿਣ ਲੱਗਾ, ਲਓ ਮਹਾਰਾਜ! ਤੁਸੀਂ ਅੱਜ ਏਸ ਰਜਾਈ ਵਿਚ ਪੈਣਾ। ਮਹਾਤਮਾ ਰਜਾਈ ਵਿਚ ਪੈ ਗਏ, ਹੁਣ ਰਜਾਈ ਦਾ ਨਿੱਘ ਆ ਗਿਆ, ਉਠਣ ਨੂੰ ਜੀਅ ਨਾ ਕਰਿਆ, ਦਿਨ ਚੜ੍ਹ ਗਿਆ। ਮਹਾਤਮਾ ਨੇ ਮਨ ਨਾਲ ਲੜਨਾ ਸ਼ੁਰੂ ਕਰ ਦਿਤਾ, ਕ੍ਰੋਧ ਆ ਗਿਆ ਉਨ੍ਹਾਂ ਨੂੰ ਹੱਦ ਤੋਂ ਜ਼ਿਆਦਾ, ਕਹਿੰਦੇ ਅੱਜ ਤੈਨੂੰ ਮੈਂ ਸਜ਼ਾ ਦੇ ਕੇ ਛੱਡੂ। ਕਹਿਣ ਲੱਗਿਆ, ਪ੍ਰੇਮੀਆ! ਨਾਹੁੰਣ ਨੂੰ ਕੋਈ ਥਾਉਂ ਹੈ? ਕਹਿਣ ਲੱਗੇ, ਮਹਾਰਾਜ ਆਹ ਹੈ ਤਾਂ ਪਾਣੀ। ਕਹਿਣ ਲੱਗੇ, ਖੁਲ੍ਹਾ ਪਾਣੀ ਚਾਹੀਦਾ ਹੈ। ਜਿਹਦੇ ਵਿਚ ਮੈਂ ਬਹਿ ਸਕਾਂ।

ਕਹਿੰਦਾ ਜੀ, ਓਹ ਤਾਂ ਆਹ ਟੋਭਾ ਹੀ ਹੈ। ਹੈ ਤਾਂ ਸੁੱਚਾ ਪਰ ਹੈ ਟੋਭਾ। ਕੰਡਾ ਪੱਕਾ ਹੈ ਉਰਲਾ। ਕਹਿੰਦੇ, ਚਲ, ਉਥੇ ਚੱਲੀਏ।

ਰਜਾਈ ਲੈ ਕੇ ਚਲੇ ਗਏ ਤੇ ਪਾਣੀ ਵਿਚ ਵੜ ਗਏ ਰਜਾਈ ਸਮੇਤ। ਉਹ ਪ੍ਰੇਮੀ ਕਹਿਣ ਲੱਗਿਆ, ਮਹਾਰਾਜ! ਰਜਾਈ ਮੈਨੂੰ ਫੜਾ ਦਿਓ। ਕਹਿੰਦੇ, ਰਜਾਈ ਦਾ ਹੀ ਤਾਂ ਸਾਰਾ ਝਗੜਾ ਹੈ। ਪਾਣੀ 'ਚ ਬਹਿ ਗਏ, ਸਣੇ ਰਜਾਈ, ਨਾਲੇ ਕਹੀ ਜਾਏ ਹੁਣ ਦੱਸ? ਕਹਿੰਦੇ, ਤੈਨੂੰ ਸਿਆਲ-ਸਿਆਲ ਨਾ ਸਜ਼ਾ ਦਿਤੀ ਤਾਂ ਕਹੀਂ। ਕ੍ਰੋਧ ਕਰਿਆ ਉਸ ਨੇ ਜ਼ਬਰਦਸਤ, ਕਰਿਆ ਕਿਸ ਉਪਰ, ਮਨ ਉਪਰ। ਸਾਰਾ ਸਿਆਲ ਠੁਰ-ਠੁਰ ਕਰਦਾ ਰਿਹਾ ਕਰੇ, ਨਾਲੇ ਦੰਦ ਵੱਜਿਆ ਕਰਨ, ਨਾਲ ਕਹੇ ਆ ਗਿਆ ਸੁਆਦ ਫੇਰ ਰਜਾਈ ਦਾ। ਰਜਾਈ ਰਾਤ ਨੂੰ ਗਿੱਲੀ ਤੇ ਦਿਨੇ ਵੀ ਗਿੱਲੀ, ਲੈ ਕੇ ਰੱਖਣੀ।

ਸੋ ਕ੍ਰੋਧ ਨੂੰ ਕਹੋ ਕਿ ਮੈਂ ਤੈਨੂੰ ਮਾਰਦਾ ਨਹੀਂ ਹਾਂ, ਮੈਂ ਤੇਰਾ ਸਾਥੀ ਹੋ ਜਾਵਾਂਗਾ। ਸੋ ਮਾੜਾ ਕੰਮ ਕਰਿਆ ਆਪੇ ਹੀ ਸਜ਼ਾ ਦੇ ਦਿੰਦੇ ਹਾਂ ਆਪਣੇ ਆਪ ਨੂੰ। ਐਸਾ ਕ੍ਰੋਧ ਜਿਹੜਾ ਹੈ ਉਹ ਕੰਮ ਦਿੰਦਾ ਹੈ, ਉਹ ਦਰਵਾਜ਼ਾ ਖੋਲ੍ਹ ਦਿੰਦਾ ਹੈ। ਜਦੋਂ ਰਖਵਾਲਾ ਹੀ ਆਪਣਾ ਬਣ ਗਿਆ, ਫੇਰ ਜਿਹੜੇ ਦੋ ਦਰਵਾਜ਼ੇ ਜਿਹੜੇ ਨੇ, ਉਨ੍ਹਾਂ ਦੇ ਨੇੜੇ ਆ ਗਿਆ। 'ਆਸ ਅੰਦੇਸਾ ਦੋਇ ਪਟ ਜੜੇ'।

ਆਸਾਵਾਂ ਜਿਨ੍ਹਾਂ ਨੂੰ ਵਾਸ਼ਨਾਵਾਂ ਕਹਿੰਦੇ ਨੇ, ਅੰਦੇਸਾ ਹੁੰਦਾ ਹੈ ਫਿਕਰ। ਕਿ ਆਹ ਐਉਂ ਨਾ ਹੋ ਜਾਵੇ, ਐਉਂ ਨਾ ਹੋ ਜਾਵੇ। ਇਹਦੇ ਨਾਲ ਕੀ ਹੁੰਦਾ ਹੈ, ਆਦਮੀ ਹੁਕਮ ਦੇ ਵਿਚ ਨਹੀਂ ਚਲ ਸਕਦਾ। ਅੰਦੇਸੇ ਵਿਚ ਪੈ ਕੇ। ਆਸਾ ਵੀ ਹੁਕਮ ਤੋਂ ਬਾਹਰ ਰਖਦਾ ਹੈ, ਅੰਦੇਸਾ ਵੀ ਹੁਕਮ ਤੋਂ ਬਾਹਰ ਰਖਦਾ ਹੈ। ਆਦਮੀ ਦਾ ਦਿਮਾਗ ਕੰਮ ਕਰਦਾ ਹੈ ਕਿ ਜੇ ਮੈਂ ਐਉਂ ਕਰ ਲਿਆ ਤਾਂ ਆਹ ਹੋ ਜਾਏਗਾ। ਮੈਂ ਕਰਿਆ ਇਹ ਕੰਮ, ਮੈਂ ਫਲਾਨਾ ਬੰਦਾ ਠੀਕ ਕਰਿਆ। ਫਲਾਨੀ ਗੱਲ ਮੈਂ ਕਰੀ ਹੈ, ਮਹਾਰਾਜ ਕਹਿੰਦੇ, ਤੂੰ ਕੀ ਕਰ ਸਕਦਾ ਹੈਂ ਭਾਈ। 'ਇਸ ਕੇ ਹਾਥ ਹੋਇ ਤਾ ਸਭ ਕੁਛ ਲੇਇ।'

ਇਹ ਤਾਂ ਪ੍ਰਮੇਸ਼ਰ ਦਾ ਹੁਕਮ ਚੱਲ ਰਿਹਾ ਹੈ। 'ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ।' ਸਭ ਕੁੱਛ ਪ੍ਰਮੇਸ਼ਰ ਦੇ ਪ੍ਰਬੰਧ ਵਿਚ ਹੋ ਰਿਹਾ ਹੈ। ਤੂੰ ਆਸਾ ਤੇ ਅੰਦੇਸਾ ਕਿਹੜੀ ਗੱਲ ਦਾ ਕਰਦਾ ਹੈਂ? ਜਿੰਨਾ ਚਿਰ ਹੁਕਮ ਨਹੀਂ ਬੁੱਝਦਾ, ਓਨੀਂ ਦੇਰ ਤੱਕ ਆਸਾ ਤੇ ਅੰਦੇਸਾ ਨੂੰ ਪਾਰ ਨਹੀਂ ਕਰ ਸਕਦਾ। ਆਸਾਵਾਂ ਬਣੀਆਂ ਰਹਿਣਗੀਆਂ ਪਰ ਅਸਲੀ ਗੱਲ ਹੁਕਮ ਦੀ ਹੈ।

ਮਹਾਰਾਜ ਕਹਿੰਦੇ, ਸਾਰੇ ਸੰਸਾਰ ਤੇ ਪ੍ਰਮੇਸ਼ਰ ਦਾ ਹੁਕਮ ਚਲ ਰਿਹਾ ਹੈ। ਇਸ ਦੀਆਂ ਆਸਾ, ਅੰਦੇਸੇ ਤੇ ਸਾਰੇ ਡਰ ਫਜ਼ੂਲ ਨੇ। ਜਦੋਂ ਹੁਕਮ ਵਿਚ ਆ ਜਾਏਗਾ, ਫੇਰ ਇਹ ਦਰਵਾਜ਼ੇ ਦੋਵੇਂ ਖੁਲ੍ਹ ਜਾਣਗੇ, ਆਸਾ ਤੇ ਅੰਦੇਸਾ ਦੇ।

ਹੁਣ ਅੱਗੇ ਕੀ ਰਹਿ ਗਿਆ, "ਮਾਇਆ ਜਲ ਖਾਹੀ ਪਾਣੀ ਕਰਿ ਬਾਂਧਿਆ" ਵਿਸ਼ੇ ਵਿਕਾਰਾਂ ਦੀ ਖਾਹੀ ਆ ਗਈ, ਬੜੀ ਔਖੀ ਹੈ ਵਿਸ਼ੇ ਵਿਕਾਰਾਂ ਦੀ ਖਾਹੀ ਤਰਨੀ। ਸਭ ਕੁੱਛ ਜਾਣਦੇ ਹਾਂ ਅਸੀਂ ਕਿ ਮਾੜੀਆਂ ਚੀਜ਼ਾਂ ਦਾ ਅਸਰ ਮਾੜਾ ਹੁੰਦਾ ਹੈ। ਲੇਕਿਨ ਫੇਰ ਵੀ –

***ਕਬੀਰ ਮਨੁ ਜਾਨੈ ਸਭ ਬਾਤ***
***ਜਾਨਤ ਹੀ ਅਉਗਨੁ ਕਰੈ॥***
***ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥***

***ਅੰਗ – 1376***

ਪਰ ਜਾਣ ਬੁੱਝ ਕੇ ਖੂਹ ਵਿਚ ਗਿਰਦਾ ਹੈ। ਜਾਣਦਾ ਸਭ ਕੁੱਛ ਹੈ ਸ਼ਰਾਬ ਪੀਣ ਵਾਲਾ ਕਿ ਮੇਰਾ ਸਰੀਰ ਖਰਾਬ ਹੋ ਜਾਏਗਾ। ਮੈਨੂੰ ਗਾਲ੍ਹਾਂ ਪੈਂਦੀਆਂ ਨੇ, ਬੱਚੇ ਮੈਨੂੰ ਚੰਗਾ ਨਹੀਂ ਸਮਝਦੇ, ਮੇਰੀ ਇਜ਼ਤ ਦਿਨੋ ਦਿਨ ਘਟਦੀ ਜਾਂਦੀ ਹੈ, ਬੁਢਾਪੇ 'ਚ ਜਾ ਕੇ ਮੇਰੇ ਸੈਲਾਂ 'ਚ ਸ਼ਰਾਬ ਪੈ ਜਾਣੀ ਹੈ, ਮੇਰੇ ਹੱਥ ਪੈਰ ਵੀ ਕੰਬਣਗੇ, ਸਰੀਰ ਦੇ ਵਿਚ ਨੁਕਸ ਪੈ ਜਾਏਗਾ। ਜੇ ਕਿਤੇ ਇਹਦਾ ਬੀਜ ਅੰਦਰ ਰਹਿ ਗਿਆ, ਮੈਨੂੰ ਕੈਂਸਰ ਵੀ ਹੋ ਸਕਦਾ ਤੇ ਮੈਂ ਰੜਾਅ-ਰੜਾਅ ਕੇ ਜਾਨ ਦੇਵਾਂਗਾ। ਸਭ ਜਾਣਦਾ ਹੈ, ਲੇਕਿਨ ਜਦੋਂ ਬੋਤਲ ਸਾਮ੍ਹਣੇ ਆ ਜਾਂਦੀ ਹੈ ਫੇਰ ਕਹਿੰਦਾ ਹੈ ਮੈਨੂੰ ਕੁਛ ਨਹੀਂ ਪਤਾ।

ਇਕ ਦਿਨ ਪੀ ਲਈ ਤਾਂ ਸਜ਼ਾ ਦੇ ਦੇ ਮਨ ਨੂੰ ਕਿ ਮੈਂ ਚਾਰ ਦਿਨ ਰੋਟੀ ਨਹੀਂ ਖਾਣੀ, ਦੇਖ ਫੇਰ ਦੂਜੀ ਵਾਰੀ ਪੀਂਦਾ ਹੈਂ ਕਿ ਨਹੀਂ। ਕਰ ਲੈ, ਕਿ ਮੈਂ ਪੁੱਠਾ ਲਟਕ ਜਾਣਾ ਹੈ। ਦੋ ਘੰਟੇ ਤੈਨੂੰ ਪੁੱਠਾ ਲਟਕ ਕੇ ਸਜ਼ਾ ਦੇਵਾਂਗਾ। ਫੇਰ ਦੇਖ ਤਾਂ ਦੁਬਾਰਾ ਪੀ ਲਏਂਗਾ ਜਾਂ ਨਹੀਂ ਪੀਵੇਂਗਾ। ਸਜ਼ਾ ਦੇ ਕੇ ਤਾਂ ਦੇਖ ਆਪਣੇ ਆਪ ਨੂੰ।

ਸੋ ਇਹ ਵਿਸ਼ੇ ਵਿਕਾਰਾਂ ਦੀ ਖਾਹੀ ਤਰਨੀ ਬਹੁਤ ਔਖੀ ਹੈ। ਜਦੋਂ ਤਕ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ, 'ਪਾਣੀ ਕਰਿ ਬਾਂਧਿਆ' ਵਾਸ਼ਨਾਵਾਂ ਦਾ ਪਾਣੀ। ਉਹਨੂੰ ਤਰਨਾ ਔਖਾ ਹੈ, ਜੇ ਇਹਨੂੰ ਤਰ ਜਾਵੇ, 'ਸਤਿ ਕੇ ਆਸਣ ਪੁਰਖ ਰਹੇ' ਫੇਰ ਸਤਿ ਕੇ ਆਸਣ ਵਾਹਿਗੁਰੂ ਦਾ ਨਿਵਾਸ ਹੈ।

ਸੋ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਭਾਈ! ਨਾਮ ਜਪਿਆ ਕਰੋ। ਕਹਿਣ ਲੱਗੇ, ਮਹਾਰਾਜ ਨਾਮ ਤਾਂ ਬੇਅੰਤ ਨੇ?

ਕਹਿੰਦੇ, ਨਾਮ ਤਾਂ ਠੀਕ ਹੈ ਸਾਰੇ ਪ੍ਰਮੇਸ਼ਰ ਦੇ ਨੇ। ਲੇਕਿਨ ਰੌਲਾ ਨਹੀਂ ਪਾਉਣਾ ਕਿ ਮੈਂ ਐਨਾ ਭਜਨ ਕਰਦਾ ਹਾਂ, ਮੈਂ ਐਨਾ ਪਾਠ ਕਰਦਾ ਹਾਂ, ਮੈਂ 25 ਪਾਠ ਜਪੁਜੀ ਸਾਹਿਬ ਦੇ ਰੋਜ਼ ਕਰਦਾ ਹਾਂ, ਮੈਂ 100 ਰੋਜ਼ ਕਰਦਾਂ। ਕਹਿੰਦੇ, ਨਾ ਪ੍ਰੇਮੀਆ! ਜੇ ਕੁਛ ਲੱਭ ਗਿਆ, ਉਚਾ ਨਹੀਂ ਕਹਿਣਾ ਮਨ ਮਹਿ ਰਹਿਣਾ, ਆਪੇ ਜਾਣੇ ਆਪ।'

ਜਿੰਨਾ ਚਿਰ ਆਸਾ ਤੇ ਅੰਦੇਸਾ ਦੇ ਵਿਚ ਹੈ, ਕਿਵੇਂ ਕਹਿ ਸਕਦਾ ਹੈ ਕਿ ਵਾਹਿਗੁਰੂ ਇੱਕੋ ਹੀ ਹੈ ਸਾਰੇ। ਜਦੋਂ ਆਸਾਵਾਂ ਛੱਡ ਕੇ ਹੁਕਮ ਵਿਚ ਆ ਜਾਏਗਾ, ਉਸ ਵੇਲੇ ਵਾਹਿਗੁਰੂ ਦਾ ਮਿਲਾਪ ਹੋਏਗਾ।

ਗੋਰਖਨਾਥ ਨੇ ਪੁਛਿਆ, ਹੇ ਗੁਰੂ ਨਾਨਕ! ਇਹ ਦੁਨੀਆਂ ਦਾ ਜਿਹੜੀ ਦੁਨੀਆਂ ਦੇ ਵਿਚ ਝੂਠ ਦੀ ਕੰਧ ਬਣੀ ਹੋਈ ਹੈ ਇਹ ਕਿਵੇਂ ਢਹੇ? 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ?" ਕਿਵੇਂ ਸੱਚ ਦੇ ਨਾਲ ਮਿਲ ਕੇ ਸਚਿਆਰ ਹੋਈਏ, ਕਿਵੇਂ ਇਹ ਝੂਠ ਦੀ ਜਿਹੜੀ ਕੰਧ ਬਣੀ ਹੋਈ ਹੈ, ਇਹ ਟੁਟਦੀ ਕਿਵੇਂ ਹੈ?

ਮਹਾਰਾਜ ਕਹਿਣ ਲੱਗੇ, ਇਹਦਾ ਇਲਾਜ ਇਕੋ ਹੀ ਹੈ?

***ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥***

***ਅੰਗ – 1***

ਕਹਿਣ ਲੱਗੇ, ਗੋਰਖਨਾਥ! ਇਹ ਸਾਰਾ ਸੰਸਾਰ ਹੁਕਮ ਵਿਚ ਚਲ ਰਿਹਾ ਹੈ। ਇਹਦੇ ਨਾਲ ਸੁਰ ਰਲਾ ਦੇ, ਫੇਰ ਹਉਮੈ ਦੀ ਕੰਧ ਟੁੱਟ ਜਾਂਦੀ ਹੈ ਤੇ ਸਚਿਆਰੇ ਹੋ ਜਾਈਦਾ ਹੈ।

ਸੋ ਇਸ ਤਰ੍ਹਾਂ ਨਾਲ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ ਕੰਮ ਕਰੇ ਸਾਰੇ, ਜਿੰਨੇ ਵੀ ਕਰ ਸਕਦਾ ਹੈ। ਲੇਕਿਨ ਆਸਾ ਦੇ ਵਿਚ ਨਿਰਾਸਾ ਰਹੇ, ਜੋ ਕੁਛ ਹੋਣਾ ਹੈ ਹੋ ਜਾਣਾ ਹੈ, ਓਹੀ ਪ੍ਰਵਾਨ ਹੈ।

***ਆਸਾ ਭੀਤਰਿ ਰਹੈ ਨਿਰਾਸਾ***
***ਤਉ ਨਾਨਕ ਏਕੁ ਮਿਲੈ॥***
***ਇਨ ਬਿਧਿ ਸਾਗਰੁ ਤਰੀਐ॥***
***ਜੀਵਤਿਆ ਇਉ ਮਰੀਐ॥ ਅੰਗ - 877***

ਕਹਿੰਦੇ ਇਸ ਤਰ੍ਹਾਂ ਵਾਹਿਗੁਰੂ ਨੂੰ ਮਿਲੀਦਾ ਹੈ, ਆਹ ਗੱਲਾਂ ਜਿਹੜੀਆਂ ਅਸੀਂ ਤੁਹਾਨੂੰ ਦੱਸੀਆਂ ਨੇ ਇਨ੍ਹਾਂ ਦੇ ਨਾਲ ਫੇਰ ਸਾਗਰ ਤਰਿਆ ਜਾਂਦਾ ਹੈ। ਫੇਰ ਜੀਉਂਦੇ ਐਉਂ ਮਰ ਹੋਇਆ ਕਰਦਾ ਹੈ।

ਉਸ ਵੇਲੇ ਬੇਨਤੀ ਕੀਤੀ ਪਾਤਸ਼ਾਹ! ਆਪ ਨੇ ਬਹੁਤ ਵੱਡਾ ਉਪਦੇਸ਼ ਦਿਤਾ। ਪਰ ਸਾਡੇ ਵਿਚ ਤਾਕਤ ਨਹੀਂ, ਕੋਈ ਤਰੀਕਾ ਹੋਰ ਦੱਸੋ, ਸੁਖਾਲਾ ਜਿਹੜੇ ਤੁਹਾਡੇ ਬਚਨ ਨੇ ਇਨ੍ਹਾਂ ਨੂੰ ਕਮਾਉਣ ਜੋਗੀ ਤਾਕਤ ਹਾਸਲ ਕਰੀਏ। ਕਿਉਂਕਿ ਸਾਡੇ ਤਾਕਤ ਨਹੀਂ ਹੈ ਕਿ ਅਸੀਂ ਸਮਝ ਲਈਏ ਕਿ ਵਾਹਿਗੁਰੂ ਸਾਰੇ ਪਰੀਪੂਰਨ ਹੈ।

ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ, ਪ੍ਰੇਮੀਓ! ਤੁਸੀਂ ਤਪ ਕਰਿਆ ਕਰੋ। ਬੇੜਾ ਬੰਨੋ ਜਪ ਤਪ ਦਾ।

ਕਹਿੰਦੇ ਇਹਦੇ ਨਾਲ ਬਹੁਤ ਛੇਤੀ ਲੰਘ ਜਾਂਦਾ ਹੈ। ਨਾ ਛੱਲਾਂ ਦਿੰਦੇ ਸਰੋਵਰ ਦਾ ਵਾਹ ਪੈਂਦਾ ਹੈ ਤੇ ਨਾ ਕੋਈ ਮਾਇਆ ਦੇ ਉਛਾਰਿਆਂ ਦਾ ਕਤਰਾ ਆਉਣਾ ਹੈ। ਐਹੋ ਜਿਹਾ ਸੁਖਾਲਾ ਰਸਤਾ ਤੁਹਾਨੂੰ ਦੱਸ ਦਿਤਾ।

ਕਹਿੰਦੇ, ਸੱਚੇ ਪਾਤਸ਼ਾਹ! ਤਪ ਤਾਂ ਅਸੀਂ ਕਰਦੇ ਰਹੇ ਹਾਂ ਬਹੁਤ। ਧੁੱਪੇ ਬੈਠ-ਬੈਠ ਕੇ ਨਾਮ ਜਪਿਆ ਹੈ, ਪਾਲੇ ਦੇ ਵਿਚ ਬੈਠ-ਬੈਠ ਕੇ ਨਾਮ ਜਪਿਆ ਹੈ। ਨਾਮ ਤਾਂ ਨਹੀਂ ਜਪਿਆ, ਮੰਤਰ ਦਾ ਜਾਪ ਕਰਦੇ ਰਹੇ ਹਾਂ। ਪਰ ਮਹਾਰਾਜ ਸਾਨੂੰ ਕੋਈ ਫਰਕ ਨਹੀਂ ਪਿਆ। ਮਹਾਰਾਜ ਕਹਿੰਦੇ, ਦੇਖੋ, ਪ੍ਰੇਮੀਓ! ਤੁਸੀਂ ਰਾਜਸੀ ਤੇ ਸਾਂਤਕੀ ਤਪ ਕਰਿਆ ਕਰੋ।

ਕਹਿੰਦੇ, ਸੱਚੇ ਪਾਤਸ਼ਾਹ! ਸਾਨੂੰ ਤਾਂ ਭੇਤ ਹੀ ਨਹੀਂ ਹੈ ਕਿ ਸਾਂਤਕੀ ਤਪ ਕੀ ਹੁੰਦਾ ਹੈ ਤੇ ਰਾਜਸੀ ਕੀ ਹੁੰਦਾ ਹੈ। ਕ੍ਰਿਪਾ ਕਰੋ, ਆਪ ਜੀ ਹੀ ਇਕ ਗੱਲ ਤੇ ਪ੍ਰਕਾਸ਼ ਪਾਓ ਤਾਂ ਕਿ ਸਾਨੂੰ ਰਾਹ ਲੱਭ ਜਾਵੇ।

ਉਸ ਵੇਲੇ ਮਹਾਰਾਜ ਕਹਿਣ ਲੱਗੇ, ਦੇਖੋ! ਸੰਸਾਰ ਦੇ ਅੰਦਰ ਲੋਕ ਮਾਨਤਾ ਚਾਹੁੰਦੇ ਨੇ, ਹਰ ਬੰਦੇ ਦੇ ਮਨ ਵਿਚ ਖਿਆਲ ਆਉਂਦਾ ਹੈ, ਮੈਨੂੰ ਸੰਸਾਰ ਮੰਨਣ ਲਗ ਜਾਵੇ, ਮੇਰੀ ਵਾਹਵਾ-ਵਾਹਵਾ ਹੋਵੇ, ਉਹਦੇ ਵਾਸਤੇ ਬੜੇ ਦਿਖਾਵੇ ਕਰਦਾ ਹੈ, ਬੜੇ ਔਖੇ ਕੰਮ ਕਰਦਾ ਹੈ, ਧੂਣੀਆਂ ਤਾਪਦਾ ਹੈ, ਚਾਰ ਧੂਣੀਆਂ ਲਾਈਆਂ ਹੋਈਆਂ ਨੇ, ਧਰਤੀ ਤਪ ਰਹੀ ਹੈ, ਉੱਤੋਂ ਸੂਰਜ ਤਪ ਰਿਹਾ ਹੈ, ਬਾਹਰ ਬੈਠਾ ਹੈ, ਲਹੂ ਸੁੱਕ ਰਿਹਾ ਹੈ ਸਾਰਾ, ਸਰੀਰ ਸੁੱਕ ਕੇ ਪਿੰਜਰ ਬਣ ਰਿਹਾ ਹੈ। ਇਹ ਭਾਈ! ਤਾਮਸੀ ਤਪ ਹੈ।

ਦੂਸਰਾ ਹੁੰਦਾ ਹੈ, ਜਲ ਧਾਰੇ। ਬਹਿ ਜਾਣਾ ਪੋਹ ਦੇ ਮਹੀਨੇ ਤੇ ਉਪਰ ਇਕ ਚਾਟੀ ਰੱਖ ਲੈਣੀ ਘੋੜੀ ਬਣਾ ਕੇ, ਉਹਦੇ ਵਿਚ 100 ਘੜਾ ਰਾਤ ਦਾ ਠਰਿਆ ਹੋਇਆ ਪਾਈ ਜਾਣਾ, ਅੰਗੂਠੇ ਜਿੰਨੀ ਗਲੀ ਕਰਕੇ ਸਿਰ ਵਿਚ ਪਾਣੀ ਦੀ ਧਾਰ ਪਈ ਜਾਣੀ, ਤਾਂ ਸੁੰਨ ਹੋ ਜਾਂਦਾ ਹੈ ਬੰਦਾ, ਉਸ ਤੋਂ ਬਾਅਦ ਉਹਨੂੰ ਚੁੱਕ ਲੈਂਦੇ ਨੇ। ਇਹਦੇ ਨਾਲ ਸ਼ਕਤੀਆਂ ਤਾਂ ਆ ਜਾਂਦੀਆਂ ਨੇ, ਰਿੱਧੀਆਂ ਸਿੱਧੀਆਂ, ਪਰ ਇਹਦੇ ਵਿਚ ਆਦਮੀ ਫਸ ਕੇ ਰਹਿ ਜਾਂਦਾ ਹੈ, ਅੱਗੇ ਰੱਬ ਵਲ ਨਹੀਂ ਜਾਂਦਾ। ਬੱਸ ਲੋਕਾਂ ਦੀ ਵਾਹਵਾ-ਵਾਹਵਾ ਮਿਲ ਜਾਂਦੀ ਹੈ।

ਕਈ ਨੇ ਪੁੱਠਾ ਲਟਕ ਪੈਂਦੇ ਨੇ। ਦੋ-ਦੋ ਮਹੀਨੇ ਪੁੱਠਾ ਲਟਕ ਕੇ ਰਹਿੰਦੇ ਨੇ, ਰਾਤ ਨੂੰ ਲਾਹ ਦਿੰਦੇ ਨੇ, ਦਿਨ ਵਿਚ ਫੇਰ ਲਟਕਾ ਦਿੰਦੇ ਨੇ। ਕਈ ਉਪਰ ਨੂੰ ਬਾਹਵਾਂ ਕਰ ਲੈਂਦੇ ਨੇ, ਕਈ ਇਕ ਪੈਰ ਦੇ ਭਾਰ ਖੜ੍ਹੇ ਰਹਿੰਦੇ ਨੇ। ਕਈ ਕੰਦ-ਮੂਲ ਹੀ ਖਾਂਦੇ ਨੇ, ਅੰਨ੍ਹ ਨੂੰ ਮੂੰਹ ਨਹੀਂ ਲਾਉਂਦੇ। ਕਈ ਭ੍ਰਮਣ ਕਰਦੇ ਨੇ, ਸਾਰੇ ਭਾਰਤ ਵਰਸ਼ ਦਾ। ਕਈ ਚੰਦਰਾਇਣੀ ਵਰਤ ਰਖਦੇ ਨੇ, ਚੰਦ ਦੇ ਨਾਲ ਖਾਣਾ ਘਟਾਉਂਦੇ ਜਾਂਦੇ ਨੇ। ਪਹਿਲੇ ਇਕ ਬੁਰਕੀ ਘਟਾਉਂਦੇ ਨੇ, ਦੋ ਨੂੰ ਦੋ, ਤਿੰਨ ਨੂੰ ਤਿੰਨ ਬੁਰਕੀਆਂ, ਇਸ ਤਰ੍ਹਾਂ ਕਰਦੇ-ਕਰਦੇ 15ਵੇਂ ਦਿਨ ਥੱਲੇ ਚਲੇ ਜਾਂਦੇ ਨੇ, ਫੇਰ ਇਕ-ਇਕ ਦਿਨ ਵਧਾਉਣ ਲਗ ਜਾਂਦੇ ਨੇ। ਇਸ ਨੂੰ ਚੰਦਰਾਇਣ ਵਰਤ ਕਹਿੰਦੇ ਨੇ। ਇਸੇ ਤਰ੍ਹਾਂ ਨਾਲ ਹੋਰ ਅਨੇਕਾਂ ਸਾਧਨ ਕਰਦੇ ਨੇ।

ਮਹਾਰਾਜ ਕਹਿੰਦੇ, ਦੇਖੋ ਪ੍ਰੇਮੀਓ! ਇਨ੍ਹਾਂ ਦੀ ਖੇਚਲ ਤਾਂ ਹੈਗੀ ਬਹੁਤੀ, ਪਰ ਫਲ ਬਿਲਕੁਲ ਹੀ ਥੋੜ੍ਹਾ ਹੈ ਤੇ ਕਈਆਂ ਨੂੰ ਇਹ ਵਹਿਮ ਹੁੰਦਾ ਹੈ ਕਿ ਤੀਰਥ ਦੇ ਕੰਢੇ ਜਾ ਕੇ ਵਸ ਜਾਈਏ ਤੇ ਉਹਦਾ ਹੀ ਪਾਣੀ ਪੀਈਏ ਤੇ ਓਹਦਾ ਹੀ ਇਸ਼ਨਾਨ ਕਰੀਏ। ਇਹਦੇ ਨਾਲ ਤਾਂ ਭਾਈ! ਗੱਲ ਨਹੀਂ ਬਣਦੀ।

ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਇਸ ਤਰ੍ਹਾਂ ਦੇ ਨਾਲ ਸੰਸਾਰ ਭੁੱਲ-ਭਲਾਈਆਂ 'ਚ ਪੈ ਕੇ ਤਾਮਸੀ ਤਪ ਕਰ ਰਿਹਾ ਹੈ, ਗਲਤ ਧਾਰਨਾਵਾਂ ਨੇ ਤੇ ਨਾਮ ਤੋਂ ਬਗੈਰ ਕੋਈ ਗੱਲ ਬਣਿਆ ਨਹੀਂ ਕਰਦੀ। ਬਾਕੀ ਇਹ ਜਿਹੜਾ ਜਪ ਤਪ ਇਹਦੀ ਵੀ ਜੁਗਤ ਹੁੰਦੀ ਹੈ, ਜੇ ਜੁਗਤ ਨਾ ਆਵੇ, ਓਨੀ ਦੇਰ ਤਕ ਇਹ ਫਲ ਨਹੀਂ ਦਿਆ ਕਰਦੇ।

ਜੇ ਅੰਦਰ ਨਾਮ ਨਹੀਂ ਵਸਿਆ ਇਹ ਵੀ ਫਲ ਨਹੀਂ ਦਿਆ ਕਰਦਾ।

***ਕਿਆ ਜਪੁ ਕਿਆ ਤਪੁ ਸੰਜਮੋ***
***ਕਿਆ ਬਰਤੁ ਕਿਆ ਇਸਨਾਨੁ॥***
***ਜਬ ਲਗੁ ਜੁਗਤਿ ਨ ਜਾਨੀਐ***
***ਭਾਉ ਭਗਤਿ ਭਗਵਾਨ॥ ਅੰਗ - 337***

ਜੁਗਤੀ ਜਾਨਣ ਦੀ ਜ਼ਰੂਰਤ ਹੋਇਆ ਕਰਦੀ ਹੈ। ਸੋ ਨਾਮ ਤੋਂ ਬਗੈਰ ਕੋਈ ਚੀਜ਼ ਥਾਉਂ ਨਹੀਂ ਪਿਆ ਕਰਦੀ।

***ਲਿਖਿ ਲਿਖਿ ਪੜਿਆ॥ ਤੇਤਾ ਕੜਿਆ॥***
***ਬਹੁ ਤੀਰਥ ਭਵਿਆ॥ ਤੇਤੋ ਲਵਿਆ॥***
***ਅੰਗ - 467***

ਕਹਿਣ ਲੱਗੇ ਮਹਾਰਾਜ, ਕਿ ਭਾਈ! ਆਹ ਕਰਮ ਜਿਹੜੇ ਅਸੀਂ ਦੱਸੇ ਨੇ, ਇਹ ਜੇ ਕਰਮ ਕਰੀ ਜਾਵੇ। ਇਹ ਸਾਰੇ ਤਾਮਸੀ ਕਰ ਨੇ, ਨਾਮ ਤੋਂ ਬਗੈਰ ਕੁੱਛ ਲੇਖੇ 'ਚ ਨਹੀਂ ਪਿਆ ਕਰਦਾ। ਸੋ ਇਸ ਕਰਕੇ ਤੁਸੀਂ ਇਸ ਨੂੰ ਛੱਡ ਕੇ ਰਾਜਸੀ ਤੇ ਸਾਂਤਕੀ ਤਪ ਕਰੋ। ਉਸ ਵੇਲੇ ਦੋਹਾਂ ਨੇ ਬੇਨਤੀ ਕੀਤੀ, ਠੀਕ ਹੈ ਪਾਤਸ਼ਾਹ! ਸਾਡਾ ਮਨ ਮੰਨ ਗਿਆ ਇਸ ਗੱਲ ਦੇ ਉਤੇ, ਅਸੀਂ ਵੀ ਬੜੇ ਭੁਲੇਖੇ ਵਿਚ ਸੀ ਕਿ ਜਿਹੜੇ ਜ਼ਿਆਦਾ ਤਪਸਿਆ ਕਰਦੇ ਨੇ ਕਿ ਬੜੇ ਵੱਡੇ ਸੰਤ ਨੇ, ਉਹ ਤਾਂ ਧੁੱਪੇ ਹੀ ਬੈਠਾ ਰਹਿੰਦਾ, ਜੁੱਤੀ ਨਹੀਂ ਕਦੇ ਪਾਉਂਦੇ, ਉਪਰ ਕਪੜਾ ਹੀ ਨਹੀਂ ਲੈਂਦੇ। ਮਹਾਰਾਜ ਕਹਿੰਦੇ ਨੇ ਨਾ ਸੰਤ ਤਾਂ ਉਹ ਨੇ -

***ਜਿਨਾ ਸਾਸਿ ਗਿਰਾਸਿ ਨ ਵਿਸਰੈ***
***ਹਰਿ ਨਾਮਾਂ ਮਨਿ ਮੰਤੁ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥***
***ਅੰਗ - 319***

ਉਸ ਵੇਲੇ ਦੋਹਾਂ ਨੇ ਬੇਨਤੀ ਕਰੀ ਕਿ ਪਾਤਸ਼ਾਹ! ਸਾਨੂੰ ਰਾਜਸੀ ਤਪ ਦੀ ਜੁਗਤ ਦੱਸੋ। ਉਸ ਵੇਲੇ ਮਹਾਰਾਜ ਨੇ ਕਿਹਾ -

***ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥***
***ਮਨ ਹੀ ਮਨ ਸਿਉ ਕਹੈ ਕਬੀਰਾ***
***ਮਨ ਸਾ ਮਿਲਿਆ ਨ ਕੋਈ॥ ਅੰਗ - 342***

ਕਹਿੰਦੇ ਜਿਹੜਾ ਮਨ ਨੂੰ ਸਿਧਾਉਣਾ ਹੈ ਨਾ, ਇਸ ਸਾਰੇ ਨੂੰ ਰਾਜਸੀ ਤਪ ਕਹਿੰਦੇ ਨੇ। ਪੰਜੇ ਗਿਆਨ ਇੰਦਰੀਆਂ, ਪੰਜੇ ਕਰਮ ਇੰਦਰੀਆਂ, ਮਨ, ਚਿੱਤ, ਬੁੱਧ ਇਨ੍ਹਾਂ ਨੂੰ ਇਕ ਥਾਂ ਦੇ ਉਤੇ ਕੇਂਦਰਤ ਕਰਨਾ, ਇਕਾਗਰ ਕਰਨਾ। ਹਰੀ ਦਾ ਜਸ ਹੋ ਰਿਹਾ ਹੋਵੇ, ਕਥਾ ਤੇ ਕੀਰਤਨ ਦੋਵੇਂ ਹੋ ਰਹੇ ਹੋਣ। ਇਨ੍ਹਾਂ ਦੋਹਾਂ ਦੇ ਵਿਚ ਮਨ ਨੂੰ ਇਕਾਗਰ ਕਰਕੇ ਧਰਨਾ ਕਰਨਾ ਤੇ ਗੱਲ ਸਮਝਣੀ, ਸਮਝ ਕੇ ਹਿਰਦੇ ਵਿਚ ਧਾਰਨ ਕਰਨੀ ਤੇ ਗੁਰੂ ਦੀ ਆਗਿਆ ਸਤਿ ਸਤਿ ਕਰਕੇ ਮੰਨਣੀ।

***ਸੇਵਕ ਸਿਖ ਪੂਜਣ ਸਭਿ ਆਵਹਿ***
***ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥***
***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ***
***ਜਿਨ ਸਤਿਗੁਰ ਕੀ ਆਗਿਆ***
***ਸਤਿ ਸਤਿ ਕਰਿ ਮਾਨੀ॥ ਅੰਗ - 669***

ਜਿਹਨੇ ਸਤਿ ਸਤਿ ਕਰਕੇ ਮੰਨੀ ਉਹਨੂੰ ਫਲ ਕਿੰਨਾ ਹੈ-

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***
***ਅੰਗ - ੫੪੬***

ਕਈ ਕਰੋੜ ਜਗਾਂ ਦਾ ਫਲ ਸਹਿਜ ਸੁਭਾਅ ਹਰੀ ਦੀ ਸੰਗਤ 'ਚ ਆ ਕੇ ਮਿਲ ਜਾਇਗਾ। ਸੋ ਮਹਾਰਾਜ ਰੁਚੀ ਰੱਖ ਕੇ ਵਾਹਿਗੁਰੂ ਦੇ ਗੁਣਾਂ ਨੂੰ ਗਾਉਣਾ ਤੇ ਉਨ੍ਹਾਂ ਦੀ ਕਥਾ ਸਰਵਣ ਕਰਨੀ। ਰੋਜ਼ ਮਿਲ ਕੇ ਪ੍ਰਮੇਸ਼ਰ ਦੇ ਪਿਆਰਿਆਂ ਦੇ ਨਾਲ ਰਲ ਕੇ ਸਤਿਸੰਗ ਕਰਨੀ।

ਹੁਣ ਪ੍ਰੇਮੀਓਂ! ਆਪੇ ਦੇਖ ਲਓ, ਤਾਮਸੀ ਤੇ ਰਾਜਸੀ ਤਪ ਵਿਚ ਕਿੰਨਾ ਫਰਕ ਹੈ। ਤਾਮਸੀ ਤਪ ਵਿਚ ਕਿੰਨੀ ਖੇਚਲ ਹੈ, ਫਲ ਥੋੜ੍ਹਾ ਹੈ। ਜਿਹੜਾ ਰਾਜਸੀ ਤਪ ਇਹਦੇ ਵਿਚ ਖੇਚਲ ਬਿਲਕੁਲ ਹੀ ਥੋੜ੍ਹੀ ਹੈ, ਫਲ ਹਜ਼ਾਰਾਂ ਗੁਣਾਂ ਜ਼ਿਆਦਾ ਹੈ।

ਉਸ ਵੇਲੇ ਦੋਹਾਂ ਨੇ ਬੇਨਤੀ ਕੀਤੀ ਕਿ ਪਾਤਸ਼ਾਹ! ਆਪ ਕ੍ਰਿਪਾ ਕਰਕੇ ਸਾਡੀ ਬੇਨਤੀ ਨੂੰ ਸਰਵਣ ਕਰੋ, ਸਾਡੇ ਦੋਹਾਂ ਦੇ ਮਨ 'ਚ ਹੋ ਗਿਆ ਸ਼ੰਕਾ, ਅਸੀਂ ਦੂਰ ਤੋਂ ਆਏ ਹਾਂ ਜਗਿਆਸਾ ਧਾਰ ਕੇ ਤੇ ਜੇ ਸਾਡਾ ਸ਼ੰਕਾ ਨਵਿਰਤ ਨਾ ਹੋਇਆ ਤਾਂ ਤੁਹਾਡਾ ਬਚਨ ਸਾਡੇ ਅੰਦਰ ਨਹੀਂ ਜਾਣਾ।

ਮਹਾਰਾਜ ਕਹਿੰਦੇ ਦੱਸੋ, ਸ਼ੰਕਾ ਤਾਂ ਦੱਸਣਾ ਚਾਹੀਦਾ ਹੈ?

ਕਿਉਂਕਿ ਸ਼ੰਕਾ ਤਾਂ ਦੱਸਣ ਹੀ ਹੈ, ਬੰਦੇ ਅੰਦਰ ਵੈਰਾਗ ਹੋਣਾ ਚਾਹੀਦਾ ਹੈ, ਵਿਵੇਕ ਹੋਣਾ ਚਾਹੀਦਾ ਹੈ, ਖਟਸਮਤੀ, ਮੋਖਸ਼ ਇੱਛਾ ਚਾਰ ਚੀਜ਼ਾਂ ਜਗਿਆਸੂ 'ਚ ਹੋਣੀਆਂ ਚਾਹੀਦੀਆਂ ਹਨ। ਵੈਰਾਗ ਹੋਵੇ ਪਹਿਲਾਂ ਮਾਇਆ ਨਾਲ। ਮਾਇਆ ਸਤਿ ਹੈ ਤੇ ਵਾਹਿਗੁਰੂ ਨਾਲ ਮਿਲਣਾ ਹੈ। ਚਾਰ ਦਿਨ ਦਾ ਚਮਤਕਾਰਾ ਹੈ ਲੰਘ ਜਾਣਾ ਹੈ। ਦੂਸਰਾ ਵਿਵੇਕ ਹੋਣਾ ਚਾਹੀਦਾ ਹੈ, ਵਿਵੇਕ ਹੁੰਦਾ ਹੈ, ਵਾਹਿਗੁਰੂ ਸਤਿ ਹੈ ਤੇ ਜਿੰਨਾ ਦ੍ਰਿਸ਼ਟਮਾਨ ਹੈ ਇਹ ਸਭ ਬਦਲਣ ਵਾਲਾ ਹੈ, ਇਹ ਥਿਰ ਨਹੀਂ ਰਹਿੰਦਾ, ਇਹਨੇ ਚਲੇ ਹੀ ਜਾਣਾ ਹੈ, ਇਸ ਗੱਲ ਦਾ ਪੱਕਾ ਨਿਹਚਾ ਹੋਵੇ, ਇਹਨੂੰ ਵਿਵੇਕ ਕਹਿੰਦੇ ਨੇ। ਤੀਸਰਾ ਹੋਇਆ ਕਰਦਾ ਹੈ ਖਟਸਮਤੀ।

***ਸਮ ਦਮ ਸ਼ਰਧਾ ਤੀਸਰੀ ਸਮਾਧਾਨ ਉਪਰਾਮ***
***ਛਟੀ ਤਤਿਕਸ਼ਾ ਜਾਨੀਐ ਭਿੰਨ ਭਿੰਨ ਇਹ ਨਾਮ।***

ਕਹਿੰਦੇ ਸਮ ਹੁੰਦਾ ਹੈ, ਸਰੀਰ ਦੇ ਨਾਲ ਕੋਈ

ਵੀ ਬੁਰਾ ਕੰਮ ਨਾ ਕਰਨਾ, ਮਨ ਦੇ ਵਿਚ ਸਾਰੇ ਗੁਣ ਧਾਰਨ ਕਰਨੇ, ਔਗੁਣ ਸਾਰੇ ਕੱਢ ਦੇਣੇ। ਜਿਸ ਤਰ੍ਹਾਂ ਦੇ ਨਾਲ ਧੀਰਜ ਹੈ, ਖਿਮਾ ਹੈ, ਸ਼ਾਂਤੀ ਹੈ, ਦਇਆ ਹੈ, ਅਹਿੰਸਾ ਹੈ, ਸਤਿ ਹੈ, ਸੰਤੋਖ ਹੈ, ਬ੍ਰਹਮਚਰੀਆ ਹੈ, ਮਿੱਠਾ ਬੋਲਣਾ ਹੈ, ਤਪ ਹੈ, ਦਾਨ ਹੈ, ਇਹ ਸਾਰੀਆਂ ਚੀਜ਼ਾਂ ਸਮ ਦਮ ਇਹ 20 ਹੁੰਦੀਆਂ ਨੇ।

ਤੀਸਰੀ ਹੁੰਦੀ ਹੈ ਸ਼ਰਧਾ। ਸਮਾਧਾਨ ਕਰਾ ਲੈਣਾ, ਅਗਰ ਕੋਈ ਸ਼ੰਕਾ ਪੈ ਗਿਆ। ਗੁਰੂ ਦੇ ਬਚਨਾਂ ਨੂੰ ਜਾਨਣ ਦਾ ਯਤਨ ਕਰਨਾ ਕਿ ਮਹਾਰਾਜ ਕੀ ਕਹਿੰਦੇ ਨੇ, ਆਪਣਾ ਖਰੜ ਗਿਆਨ ਨਹੀਂ ਲਾਉਣਾ। ਸੋ ਮਹਾਰਾਜ ਕਹਿੰਦੇ ਨੇ, ਸਮਾਧਾਨ ਤੇ ਉਪਰਾਮ। ਸਭ ਕਾਸੇ ਤੋਂ ਉਪਰਾਮ ਰਹਿਣਾ। ਫੇਰ ਤਤਿਕਸ਼ਾ ਹੈ ਸੇਵਾ ਕਰਨੀ। ਨਾਉਂ ਵੱਖਰੇ-ਵੱਖਰੇ ਕਰਕੇ ਦੱਸੇ ਨੇ ਇਹਨੂੰ ਖਟਸਮਤੀ ਕਹਿੰਦੇ ਨੇ।

ਫੇਰ ਹੁੰਦੀ ਹੈ, ਮੋਖਸ ਇੱਛਾ, ਪੱਕਾ ਇਰਾਦਾ ਕਰ ਲੈਣਾ ਕਿ ਮੈਂ ਇਸੇ ਜਨਮ ਦੇ ਅੰਦਰ ਪ੍ਰਮੇਸ਼ਰ ਨੂੰ ਮਿਲਣਾ। ਇਹ ਚਾਰ ਤਾਂ ਹੁੰਦੇ ਨੇ, ਬੈਰੰਗ ਸਾਧਨ। ਚਾਰ ਹੁੰਦੇ ਨੇ, ਅੰਤਰੰਗ, ਸੁਣਨਾ। ਜਿਵੇਂ ਤੁਸੀਂ ਸੁਣ ਰਹੇ ਓਂ, ਫੇਰ ਹੁੰਦਾ ਹੈ ਅੰਤਰੰਗ ਇਹਨੂੰ 100% ਮੰਨਣਾ। ਫੇਰ ਇਹਦਾ ਤਜਰਬਾ ਕਰਨਾ, ਦੇਖਣਾ, ਇਹਨੂੰ ਨਧਿਆਸਣ ਕਰਨਾ, ਫੇਰ ਇਹਦੀ ਪ੍ਰਾਪਤੀ ਹੁੰਦੀ ਹੈ, ਮਤਲਬ ਆਪਣੇ ਸਰੂਪ ਨੂੰ ਜਾਨਣਾ। ਮਹਾਰਾਜ ਕਹਿੰਦੇ, ਭਾਈ! ਇਹ ਜਿਹੜੇ ਸਾਧਨ ਨੇ ਇਹ ਬਹੁਤ ਫਲ ਦਿੰਦੇ ਨੇ।

ਕਹਿਣ ਲੱਗੇ, ਮਹਾਰਾਜ ਸਾਡੇ ਮਨ ਵਿਚ ਹੋ ਗਿਆ ਸੰਸਾ। ਰਿਸ਼ੀ ਮੁਨੀ ਜਿੰਨੇ ਅਸੀਂ ਸੁਣੇ ਨੇ ਵੱਡੇ-ਵੱਡੇ, ਵਿਸ਼ਵਾਮਿਤਰ ਸੁਣਿਆ ਹੈ, 58 ਹਜ਼ਾਰ ਸਾਲ ਤਪਸਿਆ ਕਰਦਾ ਰਿਹਾ। ਸਾਰੰਗੀ ਰਿਸ਼ੀ ਸੁਣਿਆ ਹੈ 88 ਹਜ਼ਾਰ ਸਾਲ ਤਪਸਿਆ ਕਰੀ।

ਮਹਾਰਾਜ ਕਹਿੰਦੇ ਫੇਰ ਭਾਈ! ਉਨ੍ਹਾਂ ਦਾ ਕ੍ਰੋਧ ਤਾਂ ਮਰਿਆ ਨਾ?

ਵਿਸ਼ਵਾਮਿਤਰ ਨੇ ਵਸ਼ਿਸ਼ਟ ਜੀ ਦਾ ਸੌ ਪੁੱਤਰ ਮਾਰ ਦਿਤਾ ਸੀ, ਸਿਰਫ ਏਸ ਗੱਲ ਦੇ ਉਤੇ ਕਿ ਜਦੋਂ ਉਹ ਸ਼ਸ਼ਤਰਧਾਰੀ ਹੋ ਕੇ ਆਉਂਦਾ ਸੀ, ਉਹਨੂੰ ਰਾਜਰਿਖੀ ਕਹਿ ਦਿੰਦੇ ਸੀ। ਇਕ ਦਿਨ ਵੈਸੇ ਹੀ ਆ ਗਿਆ, ਉਸ ਦਿਨ ਵਸ਼ਿਸ਼ਟ ਜੀ ਨੇ ਕਿਹਾ ਆਓ! ਬ੍ਰਹਮ ਰਿਖੀ। ਕਹਿੰਦਾ, ਜੇ ਇਹ ਗੱਲ ਤੁਸੀਂ ਪਹਿਲਾਂ ਹੀ ਕਹਿ ਦਿੰਦੇ, ਮੈਂ ਤੁਹਾਡਾ ਸੌ ਪੁੱਤਰ ਤਾਂ ਨਾ ਮਾਰਦਾ ਨਾ।

ਕਿੰਨਾ ਕ੍ਰੋਧ ਸੀ, ਇਕ ਮਾੜੀ ਜਿਹੀ ਗੱਲ ਇਕ ਪੁੱਤਰ ਰੋਜ਼ ਮਾਰਦਾ ਰਿਹਾ, ਸੌ ਮਾਰ ਦਿਤੇ। ਦਰਵਾਸ਼ਾ ਰਿਸ਼ੀ ਸੀ, ਤਪ ਕਰਿਆ, ਸਰਾਫ ਹੀ ਦਿਤੇ ਉਸਨੇ। ਮਹਾਰਾਜ ਕਹਿੰਦੇ ਮਨ ਤਾਂ ਸ਼ਾਂਤ ਨਾ, ਨਾ ਹੋਇਆ ਫੇਰ ਤਪ ਦੇ ਨਾਲ?

ਕਹਿੰਦੇ ਸੱਚੇ ਪਾਤਸ਼ਾਹ! ਜਿਹੜੇ ਪ੍ਰਵਾਨ ਪੁਰਸ਼ ਨੇ, ਲੋਕ ਆਦਰ ਕਰਦੇ ਨੇ ਜਿਨ੍ਹਾਂ ਦਾ, ਬਾਬੇ ਫਰੀਦ ਨੂੰ ਹੀ ਲੈ ਲਓ, ਉਨ੍ਹਾਂ ਨੇ ਕਿੱਡੀ ਤਪਸਿਆ ਕਰੀ, ਅਸੀਂ ਬਾਰੇ ਇਸ ਤਰ੍ਹਾਂ ਸਰਵਣ ਕਰਿਆ ਹੈ -

***ਫਰੀਦਾ ਤਨੁ ਸੁਕਾ ਪਿੰਜਰੁ ਥੀਆ***
***ਤਲੀਆਂ ਖੂੰਡਹਿ ਕਾਗ॥***
***ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥***
***ਅੰਗ - 1382***

ਕਹਿੰਦੇ, ਪਾਤਸ਼ਾਹ! ਨੌਜਵਾਨ ਫਰੀਦ, ਸੋਹਣੇ ਸੁੰਦਰ ਸਰੀਰ ਵਾਲਾ, ਜਦੋਂ ਪ੍ਰਮੇਸ਼ਰ ਨੂੰ ਟੋਲ੍ਹਣ ਲੱਗਿਆ ਉਸ ਵੇਲੇ ਕਿੰਨਾ ਭਿਆਨਕ ਤਪ ਕਰਿਆ ਉਸਨੇ ਕਿ ਸੁੱਕ ਕੇ ਕੇਵਲ ਹੱਡੀਆਂ ਦੀ ਮੁੱਠੀ ਰਹਿ ਗਿਆ। ਵਜ਼ਨ ਕਿੰਨਾ ਕੁ ਰਹਿ ਗਿਆ, ਕੁੱਛ ਸੇਰਾਂ ਕੁ ਤੇ ਆ ਗਿਆ। ਫੇਰ ਇਸ ਤੋਂ ਵੀ ਜ਼ਿਆਦਾ ਤਪ ਕਰਿਆ, ਛੇ ਮਹੀਨੇ ਹੋ ਗਏ, ਖੂਹ ਵਿਚ ਲਟਕਦੇ ਨੂੰ। ਤਪ ਐਨਾ ਕਰਦਾ ਸੀ, ਕਾਂਵਾਂ ਨੇ ਆਉਣਾ ਠੂੰਗਾਂ ਮਾਰਨੀਆਂ, ਤਲੀਆਂ ਦਾ ਮਾਸ ਖਾ ਗਏ। ਅਖੀਰ ਇਥੇ ਤੱਕ ਨੌਬਤ ਪਹੁੰਚ ਗਈ ਉਸਦੀ ਕਿ ਮੁਰਦਾ ਹੈ ਇਹ ਚੱਲੋ ਚੰਗੀ ਤਰ੍ਹਾਂ ਨਿਰਣਾ ਕਰੀਏ ਪਹਿਲਾਂ ਜਾ ਕੇ ਅੱਖ ਤੇ ਮਾਰੀਏ। ਜਦੋਂ ਅੱਖ ਦੇ ਉਤੇ ਠੂੰਗ ਮਾਰਨ ਲੱਗੇ ਉਸ ਵੇਲੇ ਬਾਬੇ ਫਰੀਦ ਨੇ ਧੀਮੀ ਆਵਾਜ਼ ਵਿਚ ਕਾਂ ਨਾਲ ਗੱਲ ਕਰੀ।

***ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ॥***
***ਏ ਦੁਇ ਨੈਨਾ ਮਤਿ ਛੁਹਉ***
***ਪਿਰ ਦੇਖਨ ਕੀ ਆਸ॥ ਅੰਗ - 1382***

ਸੱਚੇ ਪਾਤਸ਼ਾਹ! ਐਡੇ ਵੱਡੇ-ਵੱਡੇ ਉੱਘਰ ਤਪ ਕੀਤੇ ਨੇ। ਐਸਾ ਅਸੀਂ ਸੰਗਤ ਵਿਚ ਸੁਣਿਆ ਹੈ ਕਿ ਉਸ ਨੇ ਬੇਨਤੀ ਕਰੀ ਕਿ ਮੇਰੀਆਂ ਅੱਖਾਂ ਨਾ ਛੇੜੋ। ਸੱਚੇ ਪਾਤਸ਼ਾਹ! ਐਡੇ ਵੱਡੇ-ਵੱਡੇ ਤਪਾਂ ਦਾ ਵੀ ਫਲ ਘੱਟ ਹੋਇਆ ਹੈ?

ਇਹ ਜਿਹੜੇ ਤਪ ਨੇ ਭਾਈ! ਇਹ ਪ੍ਰਮੇਸ਼ਰ ਤਕ ਨਹੀਂ ਪਹੁੰਚਾ ਸਕਦੇ ਇਹ ਤਮੋਗੁਣੀ ਤਪ ਨੇ।

ਕਹਿੰਦੇ, ਫੇਰ ਮਹਾਰਾਜ! ਤਪ ਕਿਵੇਂ ਘੱਟ ਹੋਇਆ?

ਕਹਿੰਦੇ, ਲਓ ਤੁਹਾਨੂੰ ਸਮਝਾਉਂਦੇ ਹਾਂ। ਇਕ ਹੈ ਲੱਕੜਹਾਰਾ, ਉਹ ਲੱਕੜੀਆਂ ਜੰਗਲ ਵਿਚੋਂ ਵੱਢਦਾ ਹੈ, ਜੰਗਲ ਦਾ ਠੇਕਾ ਲੈ ਲਿਆ ਪਹਾੜ ਦੇ ਉਤੇ, ਸਵਾਰੀ ਕੋਈ ਜਾਂਦੀ ਨਹੀਂ ਉਥੇ। ਪਗਡੰਡੀਆਂ ਦੇ ਉਤੇ ਜਾ ਕੇ ਲੱਕੜੀਆਂ ਵੱਢਦਾ ਹੈ, ਲੱਕੜੀਆਂ ਨੂੰ ਮੋਢਿਆਂ ਤੇ ਚੁਕਾ-ਚੁਕਾ ਕੇ,

ਰੋੜ੍ਹ-ਰੋੜ੍ਹ ਕੇ ਪਹਾੜ ਦੀਆਂ ਚੋਟੀਆਂ ਤੋਂ ਲਿਆਉਂਦਾ ਹੈ ਤੇ ਉਥੋਂ ਪਾਣੀ ਦਾ ਆਸਰਾ ਲੈ ਕੇ ਮੈਦਾਨ ਵਿਚ ਲਿਆਉਂਦਾ ਹੈ। ਮੈਦਾਨ 'ਚ ਆ ਕੇ, ਪਾਣੀ ਵਿਚੋਂ ਕੱਢਦਾ ਹੈ, ਕੱਢ ਕੇ, ਫੇਰ ਗੱਡੀਆਂ 'ਚ ਲੱਦਦਾ ਹੈ, ਫੇਰ ਸ਼ਹਿਰ ਵਿਚ ਲਿਆਉਂਦਾ ਹੈ, ਫੇਰ ਸ਼ਹਿਰ ਵਿਚ ਲਿਆ ਕੇ ਵੇਚਦਾ ਹੈ। ਉਹਦੀ ਖੇਚਲ ਹੱਦ ਤੋਂ ਜ਼ਿਆਦਾ ਹੈ, ਮੁਨਾਫਾ ਬਹੁਤ ਘੱਟ ਹੈ। ਇਹਦੇ ਮੁਕਾਬਲੇ ਤੇ ਇਕ ਬੰਦਾ ਕੱਪੜੇ ਦਾ ਵਪਾਰ ਕਰਦਾ ਹੈ, ਨਾਲ-ਨਾਲ ਦੀ ਲਿਆਉਂਦਾ ਹੈ ਆਰਾਮ ਦੇ ਨਾਲ, ਬੈਠ ਕੇ ਵੇਚੀ ਜਾਂਦਾ ਹੈ, ਬੇਅੰਤ ਮੁਨਾਫਾ ਕੱਢ ਲੈਂਦਾ ਹੈ। ਲੱਕੜੀਆਂ ਵਾਲਾ ਉਥੇ ਹੀ ਰਹਿ ਜਾਂਦਾ ਹੈ, ਤੂੜੀ ਦਾ ਵਪਾਰੀ ਉਥੇ ਹੀ ਰਹਿ ਜਾਂਦਾ ਹੈ, ਮੱਝਾਂ ਗਾਈਆਂ ਦਾ ਵਪਾਰੀ ਉਥੇ ਹੀ ਰਹਿ ਜਾਂਦਾ ਹੈ ਪਰ ਖੇਚਲ ਹੱਦ ਤੋਂ ਜ਼ਿਆਦਾ ਹੈ। ਪਰ ਜਿਹੜਾ ਕਪੜੇ ਵਾਲਾ ਹੈ, ਉਹ ਮਾੜਾ ਜਿਹਾ ਹੀ ਕੰਮ ਕਰਦਾ ਹੈ, ਕੱਪੜਾ ਵੇਚੀ ਜਾਂਦਾ ਹੈ, ਰਾਸ਼ਨ ਵੇਚੀ ਜਾਂਦਾ ਹੈ, ਉਹਦੇ ਨਾਲ ਐਨਾ ਮੁਨਾਫਾ ਹੁੰਦਾ ਹੈ। ਇਸੇ ਤਰ੍ਹਾਂ ਇਕ ਵੱਡੇ ਸ਼ਹਿਰ ਦੇ ਵਿਚ ਜੌਹਰੀ ਹੈ, ਉਹ ਹੀਰੇ ਜਵਾਹਰਾਤ ਦਾ ਕੰਮ ਕਰਦਾ ਹੈ, ਇਕ ਹੀਰਾ ਵਿਕ ਜਾਵੇ ਉਸਦਾ ਦੋ ਮਹੀਨੇ ਬਾਅਦ, ਹਜ਼ਾਰਾਂ ਰੁਪਏ ਉਸਨੂੰ ਮੁਨਾਫਾ ਹੋਇਆ ਕਰਦਾ ਹੈ, ਉਹ ਕਿਤੇ ਦੁਕਾਨ ਤੇ ਨਹੀਂ ਬਹਿੰਦਾ, ਆਪਣੇ ਘਰ ਰਹਿੰਦਾ ਹੈ, ਟੈਲੀਫੋਨਾਂ ਤੇ ਗੱਲਾਂ ਹੁੰਦੀਆਂ ਨੇ, ਟਾਈਮ ਸੱਟ ਕਰਕੇ, ਮਿਲ ਜਾਂਦੇ ਨੇ। ਜੇ ਦੋ ਹੀਰੇ ਵੀ ਵਿਕ ਜਾਣ, ਕਹਿੰਦੇ ਸਾਲਾਂ ਦੀ ਰੋਟੀ ਕਮਾ ਲੈਂਦਾ ਹੈ। ਖੇਚਲ ਕਿੰਨੀ ਘੱਟ ਤੇ ਫਲ ਕਿੰਨਾ ਜ਼ਿਆਦਾ। ਇਸੇ ਤਰ੍ਹਾਂ ਨਾਲ ਜਿਹੜਾ ਰਾਜਸੀ ਤਪ ਹੈ ਉਹ ਤਾਮਸੀ ਤਪ ਨਾਲੋਂ ਬੇਅੰਤ ਫਲ ਦੇਣ ਵਾਲਾ ਹੋਇਆ ਕਰਦਾ ਹੈ। ਉਹਦੇ ਵਿਚ ਆਪਣੇ ਆਪ ਦੀ ਖੋਜ ਕਰਨੀ ਪੈਂਦੀ ਹੈ। ਮਨ ਦੀ ਵੀ ਖੋਜ ਕਰਨੀ ਪੈਂਦੀ ਹੈ, ਇੰਦਰੀਆਂ ਦੇ ਉਤੇ ਵੀ ਪਹਿਰਾ ਦੇਣਾ ਪੈਂਦਾ ਹੈ। ਇਹੀ ਗੱਲ ਬਾਬੇ ਫਰੀਦ ਨੂੰ ਫੁਰਮਾਨ ਹੋਈ ਸੀ -

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ***
***ਵਣਿ ਕੰਡਾ ਮੋੜੇਹਿ॥***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥***
***ਅੰਗ - 1378***

ਕਹਿਣ ਲੱਗੇ ਪਿਆਰਿਓ ਤਾਮਸੀ ਤਪ ਬਾਰੇ ਤੁਹਾਨੂੰ ਦੱਸ ਦਿਤਾ, ਰਾਜਸੀ ਤੇ ਜੋ ਸਾਂਤਕੀ ਤਪ ਨੇ ਉਹ ਆਪਣੀਆਂ ਇੰਦਰੀਆਂ ਨੂੰ ਟਿਕਾਉਣਾ ਤੇ ਆਪਣੇ ਮਨ ਦੀ ਖੋਜ ਕਰਨੀ। ਅੱਖਾਂ ਨੂੰ ਕਾਬੂ ਕਰਨਾ -

***ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ॥***
***ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ॥***
***ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥***
***ਹਰਿਹਾਂ ਜਬ ਬਿਸਰੈ ਗੋਬਿਦ ਰਾਇ***
***ਦਿਨੋ ਦਿਨੁ ਘਟੀਐ॥ ਅੰਗ - 1362***

ਜਿਹੜੇ ਸਾਧ ਸੰਗਤ ਦੇ ਦਰਸ਼ਨ ਨਹੀਂ ਕਰਦੇ ਨੈਣ ਉਨ੍ਹਾਂ ਬੰਦ ਕਰਾ ਦਿਓ।

ਇਕ ਮਿਸਾਲ ਨਾਲ ਦੱਸਦੇ ਹਾਂ ਕਿ ਇਕ ਮਹਾਤਮਾ ਦੇ ਕੋਲ ਕੋਈ ਜਗਿਆਸੂ ਆਇਆ। ਕਹਿਣ ਲੱਗਿਆ, ਮੈਂ ਪ੍ਰਮੇਸ਼ਰ ਨੂੰ ਮਿਲਣਾ ਚਾਹੁੰਦਾ ਹਾਂ। ਮਹਾਤਮਾ ਨੇ ਕਿਹਾ, ਪੁਰਾਣਾ ਥੇਹ ਖੋਜ ਲੈ, ਇਹਦੇ ਵਿਚੋਂ ਜਿਹੜੀਆਂ ਚੀਜ਼ਾਂ ਇਹਦੇ ਵਿਚੋਂ ਤੇਰਾ ਸਾਥ ਦੇਣ ਲਈ ਹੋਣਗੀਆਂ ਉਹ ਪੱਕ ਲਈਂ, ਬਾਕੀਆਂ ਨੂੰ ਸੁੱਟ ਦੇਵੀਂ। ਉਸਨੇ ਖੋਜਣਾ ਸ਼ੁਰੂ ਕਰ ਦਿਤਾ, ਸਾਰਿਆਂ ਨਾਲੋਂ ਪਹਿਲਾਂ ਸਰੀਰ ਦੀ ਖੋਜ ਕਰੀ। ਨੇਤਰਾਂ ਦਾ ਦਰਵਾਜ਼ਾ ਦੇਖਿਆ। ਨੇਤਰਾਂ ਦੇ ਵਿਚ ਇਕ ਇਸਤਰੀ ਨਿਕਲੀ ਜਿਸਦਾ ਨਾਮ ਲੱਜਾ ਸੀ। ਬਹੁਤ ਸੁੰਦਰ ਇਸਤਰੀ, ਇਹਨੇ ਨਮਸਕਾਰ ਕਰੀ ਖੋਜ ਕਰਨ ਵਾਲੇ। ਇਹਨੇ ਪੁਛਿਆ ਕਿ ਤੂੰ ਕੌਣ ਹੈਂ ਬੀਬੀ। ਕਹਿਣ ਲੱਗੀ, ਮੇਰਾ ਨਾਮ ਹੈ ਲੱਜਾ ਤੇ ਮੈਂ ਨੇਤਰਾਂ ਦੇ ਵਿਚ ਵਸਦੀ ਹਾਂ। ਜੇ ਮੈਂ ਨਾ ਨੇਤਰਾਂ ਵਿਚ ਵਸਾਂ ਤਾਂ ਨੇਤਰ ਗਲਤ ਹੋ ਜਾਂਦੇ ਨੇ ਤੇ ਮੇਰਾ ਵੈਰੀ ਹੈਗਾ ਕਾਮ। ਤੂੰ ਮੇਰੀ ਮਦਦ ਕਰੇ, ਮੇਰੇ ਨਾਲ ਲੱਜਾ ਦੇ ਨਾਲ ਰਲ ਕੇ ਕਾਮ ਨੂੰ ਜਿੱਤ ਲੈ, ਗੁਰਬਾਣੀ ਦੀ ਮਦਦ ਲੈ ਇਹਦੇ ਵਾਸਤੇ, ਸ਼ੁੱਭ ਖਿਆਲਾਂ ਦੀ ਮਦਦ ਲੈ। ਬੇਗਾਨੇ ਰੂਪ ਦੇਖਦੇ ਨੇ ਕਹਿੰਦੇ ਉਹ ਧਿਰਕਾਰਯੋਗ ਨੈਣ ਨੇ। ਲੱਜਾ ਕਹਿਣ ਲੱਗੀ ਤੂੰ ਆਸਰਾ ਲੈ ਬਾਣੀ ਦਾ, ਗੁਰੂਆਂ ਦਾ ਲੈ ਤੇ ਮੇਰੇ ਨਾਲ ਰਲ ਤੇ ਕਾਮ ਵੈਰੀ ਦੇ ਉਤੇ ਆਪਾਂ ਫਤਹਿ ਪਾਈਏ।

ਜਗਿਆਸੂ ਨੇ ਇਸੇ ਤਰ੍ਹਾਂ ਕੀਤਾ, ਬਾਣੀ ਦਾ ਓਟ ਆਸਰਾ ਲਿਆ, ਤੇ ਫੇਰ ਚੱਲ ਪਿਆ। ਅੱਗੇ ਆ ਗਿਆ ਦਰਵਾਜ਼ਾ ਮੁੱਖ ਦਾ, ਉਹਦੇ ਵਿਚੋਂ ਦਇਆ ਨਿਕਲ ਆਈ, ਜੀਭ ਤੋਂ।

ਪੁਛਿਆ, ਤੂੰ ਕੌਣ ਹੈਂ?

ਕਹਿਣ ਲੱਗੀ ਮੈਂ ਦਇਆ।

ਪੁਛਿਆ ਕਿ ਇਥੇ ਦੁਸ਼ਮਣ ਵੀ ਹੈ ਕੋਈ?

ਕਹਿਣ ਲੱਗੀ, ਹਾਂ ਕ੍ਰੋਧ ਹੈ ਦੁਸ਼ਮਣ?

ਕਿਵੇਂ ਮਾਰਿਆ ਜਾਵੇਗਾ ਕ੍ਰੋਧ?

ਕਹਿਣ ਲੱਗੀ, ਖਿਮਾ ਦਾ ਆਸਰਾ ਲੈਣਾ ਪਵੇਗਾ ਤੈਨੂੰ, ਜੇ ਖਿਮਾ ਆ ਜਾਵੇ ਤਾਂ ਕ੍ਰੋਧ ਮਰ ਜਾਂਦਾ ਹੈ।

ਮਹਾਰਾਜਾ ਰਣਜੀਤ ਸਿੰਘ ਚਲੇ ਜਾ ਰਹੇ ਨੇ, ਅਚਾਨਕ ਇਕ ਵਾੜ ਦੇ ਓਹਲੇ ਛੋਟੇ-ਛੋਟੇ ਬੱਚੇ ਨੇ, ਕੋਈ ਦੱਸ ਸਾਲ ਦਾ, ਕੋਈ ਪੰਜ ਸਾਲ ਦਾ, ਕੋਈ ਛੇ ਸਾਲ, ਇਕ ਬੇਰੀ ਹੈ ਉਚੀ, ਉਹਨੂੰ ਇੱਟਾਂ ਮਾਰ-ਮਾਰ ਕੇ ਬੇਰ ਝਾੜਨ ਦਾ ਯਤਨ ਕਰ ਰਹੇ ਨੇ, ਇਕ ਬੱਚੇ ਨੇ ਜ਼ੋਰ ਨਾਲ ਇੱਟ ਮਾਰੀ, ਬੇਰੀ 'ਚ ਲੱਗੀ ਨਾ, ਉਪਰ ਚਲੀ ਗਈ ਉਤੋਂ ਦੀ ਮਹਾਰਾਜਾ ਦੇ ਮੋਢੇ ਤੇ ਲੱਗੀ। ਬੜਾ ਦਰਦ ਹੋਈ।

ਉਸ ਵੇਲੇ ਮਹਾਰਾਜ ਰਣਜੀਤ ਸਿੰਘ ਨੇ ਕਿਹਾ ਕਿ ਕੌਣ ਹੈ ਬੰਦਾ, ਜਿਹਨੇ ਇੱਟ ਮਾਰੀ ਹੈ ਮੇਰੇ? ਜਾਓ ਪਕੜ ਕੇ ਲਿਆਓ।

ਅੰਗਰਖਸ਼ਕ ਉਸੇ ਵਕਤ ਗਏ ਤੇ ਜਾ ਕੇ ਬੱਚਿਆਂ ਦੇ ਤਮਾਚੇ ਮਾਰੇ ਤੇ ਬਾਹਵਾਂ ਮਰੋੜ ਲਈਆਂ ਫੜ ਕੇ ਲੈ ਆਏ।

ਮਹਾਰਾਜੇ ਨੇ ਕਿਹਾ, ਬੱਚਿਆਂ ਨੂੰ ਕੀ ਕਹਿੰਦੇ ਓਂ ਤੁਸੀਂ? ਇਨ੍ਹਾਂ ਨੇ ਕਿਤੇ ਜਾਣ ਕੇ ਇੱਟ ਮਾਰੀ ਹੈ ਮੇਰੀ ਤੁਸੀਂ ਐਉਂ ਬਾਹਵਾਂ ਮਰੋੜੀ ਲਿਆਏ ਓਂ?

ਉਸ ਵੇਲੇ ਬੜੇ ਪਿਆਰ ਦੇ ਵਿਚ ਆ ਕੇ ਕਹਿੰਦੇ ਬੇਟਾ, ਤੁਸੀਂ ਮੇਰੀ ਇੱਟ ਕਿਉਂ ਮਾਰੀ ਹੈ? ਮੈਂ ਤਾਂ ਤੁਹਾਡਾ ਕੁਛ ਵਿਗਾੜਿਆ ਨਹੀਂ ਸੀ।

ਹੁਣ ਦੇਖੋ ਸਾਧਸੰਗਤ ਜੀ! ਕ੍ਰੋਧ ਜਿੱਤਿਆ ਜਾ ਰਿਹਾ ਹੈ। ਜਦੋਂ ਕ੍ਰੋਧ ਆ ਜਾਂਦਾ ਹੈ ਕਹਿੰਦੇ ਨੇ ਮਾਰੋ, ਗਲ ਵੱਢ ਦਿਓ ਇਹਦਾ। ਅੱਗੇ ਵਾਸਤੇ ਨਾ ਕੋਈ ਕਰੇ।

ਬੱਚੇ ਨੇ ਕਿਹਾ ਕਿ ਜੀ ਅਸੀਂ ਤੁਹਾਡੇ ਨਹੀਂ ਮਾਰੀ ਇੱਟ।

ਮਹਾਰਾਜੇ ਨੇ ਕਿਹਾ, ਤੁਸੀਂ ਡਰੋ ਨਾ, ਸਹੀ-ਸਹੀ ਗੱਲ ਕਰੋ।

ਕਹਿਣ ਲੱਗੇ, ਅਸੀਂ ਤਾਂ ਬੇਰ ਝਾੜਦੇ ਸੀ, ਬੇਰੀ ਦੇ ਇੱਟ ਮਾਰਦੇ ਸੀ, ਉਹ ਆ ਕੇ ਤੁਹਾਡੇ ਲਗ ਗਈ। ਸਾਨੂੰ ਨਹੀਂ ਸੀ ਪਤਾ ਤੁਸੀਂ ਤੁਰੇ ਜਾ ਰਹੇ ਓਂ।

ਉਸ ਵੇਲੇ ਦਇਆ ਮਹਾਰਾਜਾ ਦਇਆ ਵਿਚ ਆ ਗਿਆ, ਖਿਮਾ ਵਿਚ ਆ ਗਿਆ। ਮੁਨਸ਼ੀ ਬੁਲਾ ਲਿਆ, ਪ੍ਰਾਈਵੇਟ ਸੈਕਟਰੀ। ਦੋ ਪਿੰਡਾਂ ਜੀ ਜਗੀਰ ਇਨ੍ਹਾਂ ਮੁੰਡਿਆਂ ਨੂੰ ਲਿਖ ਦਿਓ। ਇਹ ਬੇਰੀ ਦੇ ਇੱਟ ਮਾਰ ਦੇ ਸੀ ਬੇਰੀ ਬੇਰ ਦਿੰਦੀ ਹੈ, ਦੱਸੋ ਰਾਜੇ ਨੂੰ ਵੀ ਕੀ ਦੇਣਾ ਚਾਹੀਦਾ ਹੈ, ਰਾਜੇ ਨੂੰ ਵੀ ਤਾਂ ਕੁੱਛ ਦੇਣਾ ਚਾਹੀਦਾ ਹੈ ਨਾ।

ਕਿੱਡੀ ਖਿਮਾ ਸੀ, ਕਿਵੇਂ ਕ੍ਰੋਧ ਨੂੰ ਮਾਰ ਦਿਤਾ।

ਸੋ ਇਹ ਖਿਮਾ ਵੱਡੀ ਚੀਜ਼ ਹੈ। ਸੋ ਇਸ ਤੋਂ ਬਾਅਦ ਅੱਗੇ ਚੱਲੇ, ਅੱਗੇ ਆ ਗਿਆ ਦਰਵਾਜ਼ਾ, ਉਹਦੇ ਵਿਚੋਂ ਨਿਕਲੀ ਕੀਰਤੀ, ਜਸ ਆ ਗਿਆ। ਕਹਿਣ ਲੱਗੀ ਮੇਰਾ ਵੈਰੀ ਲੋਭ ਹੈ। ਜਦੋਂ ਲੋਭ ਦੇ ਵਿਚ ਆ ਕੇ ਅਸੀਂ ਕਿਸੇ ਤੋਂ ਮੰਗ ਲਿਆ ਤਾਂ ਇਜ਼ਤ ਸਾਡੀ ਜਾਂਦੀ ਰਹਿੰਦੀ ਹੈ।

ਇਕ ਸੁਥਰਾ ਸੀ, ਚੰਗਾ ਪੈਸਾ ਸੀ ਉਸ ਕੋਲ। ਉਹਦੇ ਉਤੇ ਡਾਕੀਆਂ ਨੇ ਹਮਲਾ ਕਰ ਦਿਤਾ ਤੇ ਸਾਰਾ ਡੇਰਾ ਲੁੱਟ ਲਿਆ। ਸਭ ਕਪੜੇ ਲੈ ਗਏ। ਜਦੋਂ ਕਪੜੇ ਲੈ ਕੇ ਚਲੇ ਗਏ, ਉਸ ਵੇਲੇ ਸੁਥਰਾ ਨੱਚਣ ਲੱਗ ਗਿਆ, ਇਕੱਲੀ ਕੁਪੀਨ ਰਹਿ ਗਈ ਉਸ ਕੋਲ। ਛਾਲਾਂ ਮਾਰਦਾ ਹੈ। ਡਾਕੂ ਕਹਿਣ ਲੱਗਿਆ ਤੈਨੂੰ ਕਿਹੜੀ ਖ਼ੁਸ਼ੀ ਚੜ੍ਹ ਗਈ? ਤੇਰਾ ਸਭ ਕੁਛ ਜਾਂਦਾ ਰਿਹਾ। ਕਹਿਣ ਲੱਗਿਆ ਮੇਰਾ ਕੁਛ ਨਹੀਂ ਗਿਆ। ਉਸ ਨੇ ਪੁਛਿਆ, ਕਿਉਂ? ਕਹਿੰਦਾ, ਜੇ ਤੁਸੀਂ ਕੁਪੀਨ ਵੀ ਲੈ ਜਾਂਦੇ ਮੈਂ ਨੰਗਾ ਹੀ ਰਹਿ ਜਾਣਾ ਸੀ। ਤੇੜ ਜੋਗਾ ਤਾਂ ਤੁਸੀਂ ਛੱਡ ਦਿਤਾ ਨਾ। ਐਨਾ ਹੀ ਬਹੁਤ ਹੈ ਆਪਾਂ ਨੂੰ।

ਡਾਕੂਆਂ ਨੇ ਸੋਚਿਆ ਇਹ ਤਾਂ ਬੜਾ ਸੰਤੋਖੀ ਪੁਰਸ਼ ਹੈ। ਡਾਕੂਆਂ ਦੇ ਮਨ ਵਿਚ ਦਇਆ ਆ ਗਈ, ਸਾਰਾ ਮਾਲ ਮੋੜ ਕੇ ਸੁਥਰੇ ਨੂੰ ਕਹਿਣ ਲੱਗੇ, ਸਾਨੂੰ ਆਪਣੇ ਚੇਲੇ ਬਣਾ ਲੈ। ਸੋ ਲੋਭ ਨਹੀਂ ਕੀਤਾ ਉਸਨੇ।

ਇਵੇਂ ਜਿਵੇਂ ਇਕ ਸਮਦਰਸ਼ੀ ਬੱਚਾ ਸੀ, ਸੰਤੋਖ ਦੇ ਵਿਚ ਰਹਿਣ ਵਾਲਾ। ਉਹਨੂੰ ਇਕ ਸੇਠ ਨੇ ਗੋਦ ਲੈ ਲਿਆ। ਉਹਨੂੰ ਬਹੁਤ ਸੋਹਣਾ ਖਾਣਾ ਦੇਵੇ, ਬਹੁਤ ਸੋਹਣਾ ਰਹਿਣ ਵਾਸਤੇ ਦੇਵੇ। ਉਹਨੂੰ ਇਕ ਦਿਨ ਪੁੱਛਣ ਲੱਗਿਆ ਕਿ ਤੂੰ ਐਉਂ ਦੱਸ ਜਦੋਂ ਤੂੰ ਪਹਿਲਾਂ ਸੀਗਾ, ਰੁਲਦਾ-ਖੁਲਦਾ, ਜਦ ਚੰਗਾ ਸੀ ਕਿ ਹੁਣ ਚੰਗਾ ਹੈਂ? ਉਹ ਕਹਿਣ ਲੱਗਿਆ, ਉਸ ਵੇਲੇ ਵੀ ਚੰਗਾ ਸੀ, ਹੁਣ ਵੀ ਚੰਗਾ ਹਾਂ। ਕਹਿੰਦਾ ਕਿਉਂ?

ਬੱਚੇ ਨੇ ਕਿਹਾ, ਜਦ ਵੀ ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ ਸੀ, ਹੁਣ ਵੀ ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ।

ਉਸਨੇ ਉਹ ਬੱਚਾ ਕਿਸੇ ਸੇਠਾਣੀ ਨੂੰ ਵੇਚ ਦਿਤਾ। ਉਹ ਬੜੀ ਖੁਸ਼ ਹੋਈ, ਬੜਾ ਸੋਹਣਾ ਪਾਲਿਆ, ਬੜਾ ਵਧੀਆ ਰੱਖਿਆ। ਇਕ ਦਿਨ ਪੁੱਛਣ ਲੱਗੀ, ਬੇਟਾ ਐਉਂ ਦੱਸ, ਜਦ ਬਹੁਤ ਸੁਖੀ ਸੀ ਕਿ ਮੇਰੇ ਘਰ ਆ ਕੇ ਸੁਖੀ ਹੈਂ? ਉਹ ਕਹਿਣ ਲੱਗਿਆ, ਮੈਂ ਤਾਂ ਇਥੇ ਵੀ ਸੁਖੀ ਸੀ, ਉਥੇ ਵੀ ਸੁਖੀ ਹਾਂ। ਮੈਨੂੰ ਤਾਂ ਫਰਕ ਨਹੀਂ ਪੈਂਦਾ ਕੋਈ ਵੀ। ਕਹਿਣ ਲੱਗੀ, ਤੂੰ ਤਾਂ ਬੜਾ ਖਰਾਬ ਹੈਂ? ਉਸ ਤੋਂ ਬਾਅਦ ਉਹਨੇ ਇਕ ਰਾਜੇ ਨੂੰ ਵੇਚ ਦਿਤਾ। ਰਾਜੇ ਨੇ ਫੇਰ ਉਸਨੂੰ ਪੁਛਿਆ, ਕਹਿਣ ਲੱਗਿਆ, ਤੂੰ ਜਦ ਸੁਖੀ ਸੀ ਕਿ ਹੁਣ ਸੁਖੀ ਹੈਂ? ਕਹਿਣ ਲੱਗਿਆ, ਮਹਾਰਾਜ! ਜਦੋਂ ਮੇਰੇ ਕੁਛ ਨਹੀਂ ਸੀ, ਰੁਲਦਾ ਫਿਰਦਾ ਸੀ, ਜਦ ਵੀ ਸੁਖੀ ਸੀ, ਜਦੋਂ ਸੇਠ ਤੇ ਫੇਰ ਸੇਠਾਣੀ ਕੋਲ ਰਿਹਾ ਜਦ ਵੀ ਸੁਖੀ ਸੀ। ਹੁਣ ਵੀ ਸੁਖੀ ਹਾਂ।

ਕਹਿੰਦੇ, ਕੀ ਗੱਲ?

ਕਹਿੰਦਾ, ਮੈਨੂੰ ਲੋੜ ਹੀ ਨਹੀਂ ਕਿਸੇ ਚੀਜ਼ ਦੀ। ਕਿਹਦੇ ਕੋਲ ਸੰਤੋਖ ਦਾ ਧਨ ਹੈ, ਉਹਦੇ ਕੋਲ ਹਾਥੀਆਂ ਦਾ, ਘੋੜਿਆਂ ਦਾ, ਕਾਰਾਂ ਦਾ ਧਨ, ਪੈਸੇ ਦਾ, ਰਤਨਾਂ ਦਾ, ਧਰਤੀ ਦਾ ਧਨ ਜਿਹੜਾ ਹੈ, ਤਿੰਨਾਂ ਲੋਕਾਂ ਦਾ ਰਾਜਾ ਜਿਹੜਾ ਹੈ ਉਹ ਕੰਗਾਲ ਹੈ, ਕਿਉਂਕਿ ਸੰਤੋਖ

ਵਸਦਾ ਹੈ ਉਸ ਵਿਚ। ਸੰਤੋਖ ਦੇ ਨਾਲ ਲੋਭ ਦਾ ਨਾਸ਼ ਹੁੰਦਾ ਹੈ। ਇਸੇ ਤਰ੍ਹਾਂ ਦਾ ਨਾਲ ਫੇਰ ਧੀਰਜ ਆ ਗਿਆ। ਧੀਰਜ ਨੇ ਮੋਹ ਨੂੰ ਜਿੱਤ ਲਿਆ।

ਕੋਈ ਹੁੰਦਾ ਹੈ ਸਾਧਸੰਗਤ ਜੀ! ਧੀਰਜੀ ਬੰਦਾ। ਧੀਰਜੀ ਬੰਦੇ ਦੋ ਹੀ ਦੇਖੇ ਨੇ। ਇਕ ਵਾਰੀ ਸਵਾਲ ਚੱਲਿਆ, ਸਾਧੂਆਂ 'ਚ। ਆਸਾਮ ਦੇ ਵਿਚ ਇੱਕਠੇ ਹੋਏ-ਹੋਏ ਸੀ ਸਾਰੇ ਸਾਧੂ, ਨਾਗੇ ਸੀ, ਸੰਨਿਆਸੀ ਸੀ। ਉਥੇ ਚੱਲਿਆ ਕਿ ਕੋਈ ਸੰਤ ਹੈਗਾ ਜਿਹੜਾ ਸ਼ਾਂਤੀ ਔਰ ਧੀਰਜ ਦੇ ਵਿਚ ਰਹਿੰਦਾ ਹੋਵੇ। ਨਾਗਾ ਸਾਧੂ ਕਹਿਣ ਲੱਗਿਆ, ਮੈਂ ਇਕ ਨਾਗਾ ਸਾਧੂ ਦੇਖਿਆ ਹੈ। ਉਹ ਹਰਖੋਵਾਲ ਰਹਿੰਦਾ ਹੈ, ਉਸ ਦਾ ਨਾਲ ਬਾਬਾ ਜਵਾਲਾ ਸਿੰਘ ਹੈ। ਉਹ ਸੰਨਿਆਸੀ ਕਹਿਣ ਲੱਗਿਆ ਬਿਲਕੁਲ ਗਲਤ? ਅੱਜ ਕਲਜੁਗ ਦੇ ਜ਼ਮਾਨੇ 'ਚ ਨਾ ਕੋਈ ਸ਼ਾਂਤੀ ਵਾਲਾ ਤੇ ਨਾ ਕੋਈ ਧੀਰਜ ਵਾਲਾ। ਕਹਿੰਦਾ ਦੇਖ ਲੈ, ਤੂੰ ਜਾ ਕੇ। ਕਹਿੰਦਾ ਠੀਕ ਹੈ, ਮੈਂ ਨਿਰਨਾ ਕਰਕੇ, ਸੰਤਾਂ ਨੂੰ ਆ ਕੇ ਇਥੇ ਹੀ ਨਿਰਨਾ ਕਰਕੇ ਦੱਸਾਂਗਾ।

ਹੁਸ਼ਿਆਰਪੁਰ ਉਤਰ ਗਿਆ ਆ ਕੇ ਗੱਡੀ ਚੜ੍ਹ ਕੇ। ਹਰਖੋਵਾਲ ਪਹੁੰਚ ਕੇ ਪੁੱਛਣ ਲਗ ਗਿਆ ਕਿ ਇਥੇ ਕਿੱਥੇ ਨੇ ਸੰਤ ਜਵਾਲਾ ਸਿੰਘ? ਦੱਸਿਆ ਕਿ ਉਥੇ ਅੰਬਾਂ ਦੀ ਝੜੀ ਹੈ, ਉਥੇ ਹੈ ਉਨ੍ਹਾਂ ਦਾ ਆਸ਼ਰਮ। ਉਥੇ ਪਹੁੰਚ ਕੇ ਜਦੋਂ ਪੁਛਿਆ ਤਾਂ ਉਹ ਕਹਿੰਦੇ, ਬਾਬਾ ਜੀ ਤਾਂ ਬਾਹਰ ਨੂੰ ਗਏ ਹੋਏ ਨੇ।

ਕਿੱਥੇ ਹੋਣੇ ਨੇ?

ਕਹਿੰਦੇ, ਕਿਤੇ ਆਰਾਮ ਕਰਦੇ ਹੋਣੇ ਨੇ ਦਰਖਤ ਥੱਲੇ।

ਟੋਲ੍ਹਦਾ-ਟੋਲ੍ਹਦਾ ਅੱਗੇ ਚਲਾ ਗਿਆ, ਓਥੇ ਇਕ ਸੇਵਾਦਾਰ ਮਿਲਿਆ, ਕਹਿੰਦਾ ਕਿਉਂ ਬਈ ਬਾਬਾ ਕਿੱਧਰ ਹੈ? ਉਸ ਨੇ ਕਿਹਾ, ਜੀ ਉਹ ਪਏ ਨੇ।

ਕਹਿੰਦਾ ਪੱਕੀ ਤਰ੍ਹਾਂ ਕਹਿੰਦਾ ਹੈਂ ਕਹਿੰਦਾ ਹਾਂ।

ਉਹ ਖਾਕੀ ਚਾਦਰੇ ਵਾਲਾ। ਅੰਦਰੋਂ ਡਰੇ ਵੀ ਕਿ ਕੋਈ ਹੋਰ ਹੀ ਨਾ ਹੋਵੇ, ਕਿਤੇ ਮੈਨੂੰ ਕੁੱਟਣ ਹੀ ਨਾ ਲਗ ਜਾਵੇ ਮੈਂ ਗੱਲ ਕਰਨੀ ਹੈ ਹੋਰ ਤਰ੍ਹਾਂ।

ਕੋਲ ਚਲਿਆ ਗਿਆ, ਆਰਾਮ ਕਰ ਰਹੇ ਨੇ, ਮੂੰਹ ਢਕਿਆ ਹੋਇਆ ਹੈ। ਇਹਨੇ ਜਾ ਕੇ ਛਾਤੀ ਦੇ ਉਤੇ ਜੁੱਤੀ ਦੇ ਸਣੇ ਪੈਰ ਰੱਖ ਦਿਤਾ।

ਬਾਬਾ ਜੀ ਨੇ ਹੌਲੀ ਦੇ ਕੇ ਹੱਥ ਬਾਹਰ ਕੱਢੇ, ਚਰਨ ਘੁੱਟਣ ਲੱਗ ਗਏ। ਕਹਿਣ ਲੱਗੇ, ਧੰਨ ਭਾਈ, ਧੰਨ ਭਾਈ, ਚਰਨਾਂ ਦੀ ਛੋਹ ਦੇ ਕੇ ਮੈਨੂੰ ਪਵਿੱਤਰ ਕਰ ਦਿਤਾ। ਇਹਨੇ ਚਰਨ ਛੁਡਾ ਕੇ ਠੇਡਾ ਮਾਰਿਆ। ਠੇਡਾ ਮਾਰਿਆ ਤਾਂ ਬਾਬਾ ਜੀ ਉਠ ਕੇ ਬੈਠ ਗਏ। ਜਦੋਂ ਦੇਖਿਆ ਕਿ ਸਾਧੂ ਖੜ੍ਹਾ ਹੈ, ਨਮਸਕਾਰ ਕਰਨ ਲੱਗ ਗਏ। ਕਹਿਣ ਲੱਗੇ, ਤੁਸੀਂ ਵਾਕ-ਏ ਹੀ ਮੇਰੀ ਭੁੱਲ ਦੀ ਸਜ਼ਾ ਦਿਤੀ ਹੈ, ਤੁਸੀਂ ਐਡੀ ਦੂਰੋਂ ਮਹਾਂਪੁਰਸ਼ ਆਏ ਤੇ ਮੈਂ ਪਿਆ-ਪਿਆ ਹੀ ਗੱਲਾਂ ਕਰ ਰਿਹਾਂ। ਬਖਸ਼ੋ ਮਹਾਰਾਜ ਮੈਨੂੰ ਬਖਸ਼ੋ।

ਜਦੋਂ ਐਨੀ ਗੱਲ ਕਹੀ, ਰੋਣ ਲੱਗ ਗਿਆ ਸੰਨਿਆਸੀ। ਧਾਹਾਂ ਮਾਰਨ ਲਗ ਗਿਆ। ਕਹਿਣ ਲੱਗਿਆ, ਸਿਰਫ ਮੈਂ ਤੈਨੂੰ ਦੇਖਿਆ ਇਕ ਧੀਰਜੀ ਬੰਦੇ ਨੂੰ, ਸ਼ਾਂਤੀ ਵਾਲੇ ਨੂੰ। ਨਹੀਂ ਤਾਂ ਨਾਮ ਸ਼ਾਂਤੀ ਪ੍ਰਕਾਸ਼ ਹੁਏਗਾ, ਹੁੰਦਾ ਅਗਨ ਪ੍ਰਕਾਸ਼ ਹੈ।

ਸੋ ਵਿਰਲੇ-ਵਿਰਲੇ ਨੇ, ਬਾਬਾ ਅਜੀਤ ਸਿੰਘ ਜੀ ਨਥਲਪੁਰ ਵਾਲੇ, ਇਹ ਮੁਰਿੰਡੇ ਨੂੰ ਜਾ ਰਹੇ ਸੀ, ਆਹ ਰੰਗੀਆਂ ਦੇ ਕੋਲੋਂ ਲੰਘੇ, ਉਥੇ ਲਾਭ ਸਿੰਘ ਹੁੰਦਾ, ਉਹ ਭੂਤ ਕੱਢਦਾ ਹੁੰਦਾ ਸੀ। ਬਾਬਾ ਜੀ ਨੇ ਕਿਹਾ, ਲਾਭ ਸਿੰਘਾ! ਕਾਹਨੂੰ ਉਲਟੇ ਚੱਕਰਾਂ 'ਚ ਪੈ ਗਿਆ। ਉਥੇ ਬੀਬੀਆਂ, ਭਾਈ ਬੈਠੇ ਸੀ, ਉਹਨੂੰ ਸਮਝਿਆ ਮੇਰੀ ਬੇਇਜ਼ਤੀ ਕਰ ਦਿਤੀ ਉਠਿਆ ਤੇ ਕਹਿਣ ਲੱਗਿਆ ਓਏ! ਤੈਨੂੰ ਕੀਹਨੇ ਕਿਹਾ ਹੈ ਇਥੇ ਆਉਣ ਨੂੰ? ਬਾਬਾ ਜੀ ਦਾ ਨਾਲ ਕੰਬਲ ਖੋਹ ਲਿਆ ਨਾਲ ਧੱਕੇ ਮਾਰ ਦਿਤੇ। ਕਈ ਪ੍ਰੇਮੀ ਬੈਠੇ ਸੀ, ਉਹ ਬੜੇ ਨਰਾਜ਼ ਹੋਏ, ਉਨ੍ਹਾਂ ਨੇ ਗੱਲ ਬਾਹਰ ਫੈਲਾ ਦਿਤੀ। ਬਾਬਾ ਜੀ ਨੇ ਦੇਖ ਲਿਆ ਕਿ ਇਹਨੂੰ ਕੁੱਟਣਗੇ ਆ ਕੇ। ਉਹ ਰੇਲ ਦੀ ਪਟੜੀ ਤੇ ਹੀ ਬੈਠ ਗਏ। ਇਧਰਲੇ ਪਾਸੇ ਜਦੋਂ ਸਿੰਘਾਂ ਨੂੰ ਪਤਾ ਲੱਗਿਆ, ਆਹ ਸ. ਜੁਗਿੰਦਰ ਸਿੰਘ ਓਨਾਂ ਸਾਰਿਆਂ ਨੂੰ, ਇਹ ਆ ਗਏ ਕਿ ਪੁਛੀਏ ਕਿ ਬਾਬੇ ਨੂੰ ਧੱਕੇ ਕਿਉਂ ਮਾਰੇ?

ਬਾਬਾ ਜੀ ਰਾਹ ਵਿਚ ਹੀ ਬੈਠੇ ਸੀ ਕਹਿਣ ਲੱਗੇ, ਸਾਉ! ਉਰੇ ਆਓ, ਉਰੇ ਕਿਧਰ ਨੂੰ ਜਾਂਦੇ ਹੋਂ ਤੁਸੀਂ ਡਾਂਗਾਂ ਚੁੱਕੀਂ? ਕਹਿਣ ਲੱਗੇ, ਬਾਬਾ ਜੀ ਤੁਹਾਡਾ ਬੜਾ ਨਿਰਾਦਰ ਕਰਿਆ ਇਹਨੇ।

ਕਹਿੰਦੇ, ਬਹਿ ਜਾਓ, ਬਹਿ ਜਾਓ। ਸਾਰੇ ਬਿਠਾਲ ਲਏ, ਕਹਿੰਦੇ ਦੇਖੋ, ਸਿਆਣਾ ਬੰਦਾ ਐਉਂ ਸੋਚਦਾ ਹੁੰਦਾ ਹੈ ਕਿ ਕਸੂਰ ਕੀਹਦਾ ਹੈ? ਕਸੂਰ ਤਾਂ ਮੇਰਾ ਸੀ, ਉਹ ਭੂਤ ਕੱਢਦਾ ਸੀ, ਮੈਨੂੰ ਕੀ ਲੋੜ ਸੀ ਉਹਦੇ ਕੋਲ ਜਾਣ ਦੀ। ਮੈਂ ਜਾ ਕੇ ਉਹਨੂੰ ਉਪਦੇਸ਼ ਦਿਤਾ, ਉਹਨੇ ਭਾਈ, ਫੇਰ ਮੇਰਾ ਕੰਬਲ ਲਾਹੁਣਾ ਹੀ ਸੀ। ਤਾਂ ਕੀ ਫਰਕ ਪੈ ਗਿਆ ਕਿ ਕੰਬਲ ਲਾਹ ਲਿਆ, ਮੇਰੇ ਕੋਲ ਹੋਇਆ ਕਿ ਉਹਦੇ ਕੋਲ ਹੋਇਆ ਕੀ ਫਰਕ ਹੈ।

ਸੋ ਧੀਰਜ ਤੇ ਸ਼ਾਂਤੀ ਦੋ ਵੱਡੇ ਗੁਣ ਨੇ ਜਿਹੜੇ ਹਰ ਕਿਸੇ ਵਿਚ ਨਹੀਂ ਹੁੰਦੇ।

***ਬ੍ਰਹਮ ਗਿਆਨੀ ਕੈ ਧੀਰਜੁ ਏਕ॥***
***ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥***

***ਅੰਗ - 272***

ਸੋ ਇਸ ਤੋਂ ਬਾਅਦ ਸ਼ਾਂਤੀ ਆਉਂਦੀ ਹੈ ਕਹਿਣ ਲੱਗੀ, ਮੇਰਾ ਵੈਰੀ ਅਹੰਕਾਰ ਹੈ। ਮੈਂ ਹਿਰਦੇ ਵਿਚ ਰਹਿੰਦੀ ਹਾਂ ਤੇ ਮੇਰੇ ਨਾਲ ਜੇ ਕੋਈ ਪਿਆਰ ਕਰੇ ਮੈਂ ਆਤਮ ਗਿਆਨ ਕਰਾ ਦਿੰਦੀ ਹਾਂ। ਸ਼ਾਂਤੀ ਤੇ ਧੀਰਜ ਰੱਖ ਲਈਆਂ ਬਾਕੀ ਉਹਨੇ ਛੱਡ ਦਿਤੀਆਂ। ਇਹਦੇ ਨਾਲ ਬ੍ਰਹਮਗਿਆਨ ਦੇ ਵਿਚ ਪ੍ਰਵੇਸ਼ ਕਰਕੇ, ਉਹ ਜੀਵਨ ਮੁਕਤ ਹੋ ਗਿਆ।

ਸੋ ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਆਪਣੇ ਆਪ ਦੀ ਖੋਜ ਕਰੋ। ਮਨ ਦੇ ਵਿਚ ਵਾਸ਼ਨਾਵਾਂ ਰਹਿੰਦੀਆਂ ਨੇ, ਇਨ੍ਹਾਂ ਤੇ ਪਾਓ ਕਾਬੂ। ਪਹਿਲੀ ਧਨ ਵਾਸ਼ਨਾ ਹੈ। ਧਨ ਵਾਸ਼ਨਾ ਵਿਚ ਲੱਗਿਆ ਹੋਇਆ ਬੰਦਾ, ਹਰ ਵਕਤ ਮਾਇਆ ਦਾ ਧਿਆਨ ਰੱਖਦਾ ਹੈ। ਕਹਿੰਦੇ, ਨਤੀਜਾ ਕੀ ਹੁੰਦਾ? ਬਹੁਤ ਭਿਆਨਕ। ਸੱਪ ਬਣ ਜਾਂਦੇ ਨੇ।

***ਅੰਤਿ ਕਾਲਿ ਜੋ ਲਛਮੀ ਸਿਮਰੈ***
***ਸੀ ਚਿੰਤਾ ਮਹਿ ਜੇ ਮਰੈ॥***
***ਸਰਪ ਜੋਨਿ ਵਲਿ ਵਲਿ ਅਉਤਰੈ॥ ਅੰਗ – 526***

ਇਕ ਵਾਰੀ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਊਨੇ ਵਾਲੇ, ਅੰਮ੍ਰਿਤਸਰ ਆਏ, ਆਪ ਦਾ ਦੀਵਾਨ ਲੱਗਿਆ ਹੋਇਆ ਹੈ, ਕੀਰਤਨ ਹੋ ਰਿਹਾ ਹੈ, ਆਪ ਬਚਨ ਸੁਣਾ ਰਹੇ ਨੇ। ਕੀ ਦੇਖਦੇ ਨੇ ਕਿ ਇਕ ਮਹਿਲ ਸੀ ਫਟਿਆ ਹੋਇਆ, ਉਹਦੇ ਵਿਚੋਂ ਇਕ ਵੱਡਾ ਕਾਲਾ ਨਾਗ ਨਿਕਲਿਆ। ਬਾਬਾ ਜੀ ਵਲ ਨੂੰ ਆਈ ਜਾਵੇ। ਕਹਿਣ ਲੱਗੇ, ਮਾਰਿਓ ਨਾ ਭਾਈ। ਫੇਰ ਨਠਾ ਦੇਣ ਫੇਰ ਆ ਜਾਵੇ, ਫੇਰ ਨਠਾਉਣ ਉਹ ਫੇਰ ਆ ਜਾਵੇ।

ਬਾਬਾ ਜੀ ਕਹਿੰਦੇ ਆ ਜਾਣ ਦਿਓ, ਸਾਮ੍ਹਣੇ ਆ ਗਿਆ, ਜਿਥੇ ਬਾਬਾ ਜੀ ਬੈਠੇ ਸੀ, ਉਥੇ ਆ ਕੇ ਫਣ ਫੈਲਾ ਕੇ ਖੜ੍ਹ ਗਿਆ। ਬਾਬਾ ਜੀ ਕਹਿੰਦੇ, ਆਹ ਜਿਹੜਾ ਸਾਡਾ ਗੜਵਾ ਹੈ ਨਾ ਜਿਹੜਾ ਅਸੀਂ ਨਾਮ ਜਪਣ ਵਾਲੇ ਕੋਲ ਰੱਖਦੇ ਹਾਂ, ਇਹਦੇ 'ਚੋਂ ਜਲ ਦਾ ਛਿੱਟਾ ਮਾਰੋ, ਇਹਦੇ ਉਤੇ। ਚੂਲੀ ਭਰੀ ਛਿੱਟਾ ਮਾਰ ਦਿਤਾ, ਉਥੇ ਹੀ ਗਿਰ ਗਿਆ, ਗਿਰ ਕੇ ਕੀ ਹੋਇਆ ਧੂੰਆਂ ਜਿਹਾ ਨਿਕਲ ਆਇਆ ਵਿਚੋਂ, ਨਮਸਕਾਰਾਂ ਕਰੀ ਜਾਂਦਾ ਹੈ ਬਾਬਾ ਜੀ ਨੂੰ। ਪਰ ਕਿਸੇ ਨੂੰ ਦਿਸਦਾ ਨਹੀਂ ਸਵਾਇ ਬਾਬਾ ਜੀ ਤੋਂ। ਕਹਿਣ ਲੱਗੇ, ਬਾਬਾ ਜੀ ਇਹ ਕੀ ਕੌਤਕ ਵਰਤਿਆ। ਪਾਣੀ ਪਾਉਣ ਤੇ ਹੀ ਸੱਪ ਮਰ ਗਿਆ। ਇਹ ਤੁਹਾਡੇ ਵਲ ਨੂੰ ਬਾਰ-ਬਾਰ ਕਿਉਂ ਆਉਂਦਾ ਸੀ?

ਕਹਿੰਦੇ, ਭਾਈ ਪ੍ਰੇਮੀਓਂ। ਇਹ ਦਰਬਾਰ ਸਾਹਿਬ ਦਾ ਗ੍ਰੰਥੀ ਸੀਗਾ, ਪੁਜਾਰੀ ਸੀ। ਹਰ ਵਕਤ ਪੈਸੇ ਵਿਚ ਧਿਆਨ ਰਖਦਾ ਸੀ, ਐਧਰੋ ਵੀ ਮਿਲ ਜਾਏ, ਓਧਰੋਂ ਵੀ ਮਿਲ ਜਾਏ। ਕਹਿ-ਕਹਿ ਕੇ ਪੈਸੇ ਇੱਕਠੇ ਕਰਦਾ ਸੀ, ਹੁਣ ਪੈਸਾ ਹੋ ਗਿਆ ਸੀ ਬਹੁਤਾ, ਜਦੋਂ ਮਰਿਆ ਤਾਂ ਧਿਆਨ ਆ ਗਿਆ ਕਿ ਉਥੇ ਦੱਬਿਆ ਹੋਇਆ ਹੈ, ਉਥੇ ਦਬਿਆ ਹੋਇਆ ਹੈ, ਹੁਣ ਫੇਰ ਸੱਪ ਬਣ ਕੇ ਦੁਖੀ ਹੋ ਗਿਆ। ਕੁਛ ਥੋੜ੍ਹਾ ਜਿਹਾ ਗਿਆਨ ਰਹਿ ਗਿਆ ਪਿਛਲੇ ਜਨਮ ਦਾ। ਇਸ ਕਰਕੇ ਸਤਿਸੰਗ ਦਾ ਆਸਰਾ ਲੈ ਕੇ ਚਾਹੁੰਦਾ ਸੀ ਕਿ ਮੇਰੀ ਖਲਾਸੀ ਹੋ ਜਾਏ। ਸੋ ਇਹਦੀ ਖਲਾਸੀ ਹੋ ਗਈ।

ਇਸੇ ਤਰ੍ਹਾਂ ਦੇ ਨਾਲ ਆਦਮੀ ਅੰਦਰ ਵਾਸ਼ਨਾ ਹੁੰਦੀ ਹੈ ਕਿ ਮੇਰੀ ਪ੍ਰਾਪਰਟੀ ਬਣ ਜਾਵੇ, ਮੇਰੀਆਂ ਕੋਠੀਆਂ ਬਣ ਜਾਣ, ਮੇਰਾ ਆਹ ਜਾਏ, ਔਹ ਬਣ ਜਾਏ। ਮਹਾਰਾਜ ਕਹਿੰਦੇ ਇਹ ਵਾਸ਼ਨਾ ਵੀ ਬੜੀ ਦੁਖਦਾਇਕ ਹੈ।

ਜਿਨ੍ਹਾਂ ਦਾ ਪ੍ਰਾਪਰਟੀ ਦੇ ਵਿਚ ਸਾਰੀ ਜ਼ਿੰਦਗੀ ਧਿਆਨ ਰਹਿੰਦਾ ਹੈ ਕਿ ਮੈਂ ਆਹ ਜ਼ਮੀਨ ਬਣਾ ਲਵਾਂ, ਔਹ ਬਣਾ ਲਵਾਂ। ਔਹ ਵੀ ਕੋਠੀ ਲੈ ਲਵਾਂ, ਔਹ ਸ਼ਹਿਰ ਵਿਚ ਵੀ ਲੈ ਲਵਾਂ। ਜਦੋਂ ਜਾਂਦਾ ਹੈ, ਕੁਦਰਤੀ ਤੌਰ ਤੇ ਉਹਦਾ ਧਿਆਨ ਉਨ੍ਹਾਂ ਵਿਚ ਰਹਿ ਜਾਂਦਾ ਹੈ, ਤੇ ਮਰਨ ਤੋਂ ਬਾਅਦ ਭੂਤ ਬਣ ਕੇ ਉਨ੍ਹਾਂ ਵਿਚ ਰਹਿਣਾ ਸ਼ੁਰੂ ਕਰ ਦਿੰਦਾ ਹੈ।

ਇਕ ਵਾਰੀ ਇਕ ਮਹਾਤਮਾ ਹਜ਼ੂਰ ਸਾਹਿਬ ਨੂੰ ਜਾਂਦੇ ਨੇ, ਨਿਰਮਲੇ ਸੰਤ ਨੇ, ਜਾਂਦੇ-ਜਾਂਦੇ ਜਦੋਂ ਜੈਪੁਰ ਪਹੁੰਚਦੇ ਨੇ, ਉਥੇ ਪੁਛਿਆ ਕਿ ਇਥੇ ਕੋਈ ਸੰਤਾਂ ਸਾਧਾਂ ਦੇ ਰਹਿਣ ਵਾਸਤੇ ਥਾਉਂ ਵੀ ਹੈ ਭਾਈ?

ਉਥੇ ਸ਼ਰਾਰਤੀ ਮੁੰਡੇ ਬੈਠੇ ਸੀ, ਕਹਿਣ ਲੱਗੇ, ਸਪੈਸ਼ਲ ਥਾਉਂ ਹੈ ਸੰਤਾਂ ਵਾਸਤੇ।

ਕਹਿੰਦੇ, ਕਿਹੜਾ?

ਕਹਿੰਦੇ, ਨਾ ਕਿਸੇ ਨੂੰ ਪੁੱਛਣਾ ਪੈਂਦਾ ਹੈ, ਨਾ ਗਿਣਨਾ ਪੈਂਦਾ ਹੈ, ਔਹ ਦੇਖੋ ਕੋਠੀ ਬਾਗ ਦੇ ਵਿਚ।

ਕਹਿੰਦੇ, ਕਿ ਪੁਛਣਾ ਨਹੀਂ ਕਿਸੇ ਨੂੰ ਕੁਛ?

ਕਹਿੰਦੇ ਨਾ ਬਾਬਾ ਜੀ! ਅਸੀਂ ਆਹੀ ਦੱਸਣ ਵਾਸਤੇ ਇਥੇ ਬਹਿੰਦੇ ਹੁੰਦੇ ਹਾਂ ਕਿ ਜੇ ਕੋਈ ਸਾਧੂ ਸੰਤ ਇਥੇ ਆਵੇ, ਅਸੀਂ ਦੱਸ ਦੇਈਏ ਕਿ ਇਥੇ ਜਾਓ, ਕੋਠੀ ਸਾਫ ਕਰ ਲਓ ਤੇ ਉਹਦੇ ਵਿਚ ਰਿਹਾਇਸ਼ ਕਰੋ।

ਸੰਤ ਚਲੇ ਗਏ, ਵਿਚਾਰ ਕਰਦੇ ਜਾਂਦੇ ਨੇ ਕਿ ਐਉਂ ਤਾਂ ਕੋਈ ਮਕਾਨ ਸੁੰਨਾ ਨਹੀਂ ਛੱਡਦਾ ਹੁੰਦਾ, ਕੋਈ ਨਾ ਕੋਈ ਭੇਤ ਇਸ ਗੱਲ ਦੇ ਵਿਚ। ਰੋਜ਼ ਫਿਰਦੇ ਸੀ, ਨਿੱਤ ਭ੍ਰਮਣ ਕਰਦੇ ਸੀ। ਤੇ ਅਖੀਰ ਕਹਿਣ ਲੱਗੇ ਕਿ ਦੇਖਦੇ ਹਾਂ, ਜੋ ਕੁਛ ਹੋਏਗਾ। ਜਾ ਕੇ ਸਾਧੂਆਂ ਨੂੰ ਕਹੋ

ਕਿ ਪਹਿਲਾਂ ਸਫਾਈ ਕਰੋ, ਚੰਗੀ ਤਰ੍ਹਾਂ। 20-22 ਕਮਰਿਆਂ ਦੀ ਕੋਠੀ। ਕਿਹਾ ਕਿ ਕਮਰੇ ਛਾਂਟ ਲਓ, ਆਰਾਮ ਨਾਲ ਰਹੋ, ਫੇਰ ਸਾਡੇ ਕੋਲ ਆ ਜਾਇਓ ਸਾਰੇ। ਪ੍ਰਸ਼ਾਦ ਪਾਣੀ ਤਿਆਰ ਕਰ ਲਓ ਤੇ ਛਕ ਲਓ। ਉਸ ਤੋਂ ਬਾਅਦ ਜਦੋਂ ਮਹਾਂਪੁਰਸ਼ਾਂ ਕੋਲ ਗਏ, ਸੂਰਜ ਛੁਪ ਗਿਆ।

ਕਹਿਣ ਲੱਗੇ, ਰਹਿਰਾਸ ਸਾਹਿਬ ਦਾ ਧਿਆਨ ਨਾਲ ਪਾਠ ਕਰਨਾ ਹੈ। ਫੇਰ ਪ੍ਰਸ਼ਾਦਾ ਛਕ ਕੇ, ਸਿਮਰਨ ਕਰਨਾ ਹੈ, ਉਸ ਤੋਂ ਬਾਅਦ ਕੀਰਤਨ ਸੋਹਿਲਾ ਪੜ੍ਹਨਾ ਹੈ ਤੇ ਸਾਵਧਾਨੀ ਨਾਲ ਪੈਣਾ ਹੈ।

ਉਹ ਕਹਿਣ ਲੱਗੇ ਕਿ ਮਹਾਰਾਜ! ਕੋਈ ਗੱਲ ਹੈ?

ਕਹਿੰਦੇ ਹਾਂ, ਗੱਲ ਦਾ ਪਤਾ ਲੱਗ ਜਾਏਗਾ।

ਉਸ ਵੇਲੇ ਸਾਰੇ ਇਸੇ ਤਰ੍ਹਾਂ ਕਰਕੇ ਬਿਰਾਜ ਗਏ ਤੇ ਮਹਾਂਪੁਰਸ਼ ਬੈਠੇ ਨੇ। ਗਿਆਰ੍ਹਾਂ ਵੱਜ ਗਏ ਰਾਤ ਦੇ। ਐਨੇ ਨੂੰ ਕੀ ਦੇਖਦੇ ਨੇ ਕਿ ਇਕ ਬਹੁਤ ਹੀ ਵਿਕਰਾਲ ਰੂਹ ਉਸੇ ਕੋਠੀ ਦੇ ਕਮਰਿਆਂ ਵਿਚੋਂ ਨਿਕਲੀ ਤੇ ਸੰਤਾਂ ਦੇ ਕੋਲ ਕੰਬਦੀ-ਕੰਬਦੀ ਆ ਗਈ, ਦੂਰ ਹੀ ਬਹਿ ਗਿਆ।

ਮਹਾਤਮਾ ਕਹਿਣ ਲੱਗੇ ਕਿ ਤੂੰ ਕੌਣ ਹੈ?

ਕਹਿਣ ਲੱਗਿਆ ਕਿ ਮਹਾਰਾਜ! ਮੈਂ ਇਸ ਕੋਠੀ ਦਾ ਮਾਲਕ, ਵੱਡਾ ਸੇਠ ਹਾਂ।

ਕਹਿੰਦੇ, ਕੀ ਗੱਲ, ਤੂੰ ਇਥੇ ਰਹਿੰਦਾ ਹੈਂ?

ਕਹਿੰਦਾ, ਮੇਰੀ ਵਿਥਿਆ ਸੁਣੋ। ਮੈਂ ਇਥੇ ਰਹਿੰਦਾ ਸੀ, ਵੱਡਾ ਪਰਿਵਾਰ ਸੀ ਮੇਰਾ, ਮੈਂ ਕੋਠੀ ਉਸ ਹਿਸਾਬ ਨਾਲ ਬਣਾਈ ਕਿ ਮੇਰਾ ਸਾਰਾ ਪਰਿਵਾਰ ਰਹੇ। ਮੈਂ ਮਰ ਗਿਆ, ਮੇਰਾ ਧਿਆਨ ਕੋਠੀ ਵਿਚ ਰਹਿ ਗਿਆ, ਮੈਂ ਪ੍ਰੇਤ ਬਣ ਗਿਆ। ਦੁਖੀ ਮੈਂ ਬਹੁਤ ਹਾਂ ਮਹਾਂਪੁਰਸ਼ੋ! ਮੇਰੀ ਗਤੀ ਨਾ ਹੋਈ, ਮੈਂ ਆਪਣਾ ਸਾਰਾ ਹੀ ਪਰਿਵਾਰ ਮਾਰ ਦਿਤਾ, ਜਿੰਨੇ ਬੱਚੇ ਸੀ ਸਭ ਮਾਰ ਦਿਤੇ, ਕੋਈ ਨਹੀਂ ਰਿਹਾ, ਖਾਲੀ ਹੋ ਗਈ ਕੋਠੀ। ਉਸ ਤੋਂ ਬਾਅਦ ਏਸ ਕੋਠੀ ਵਿਚ ਪਸ਼ੂ ਆ ਗਿਆ ਪਸ਼ੂ ਮਰ ਗਿਆ, ਕੋਈ ਪੰਛੀ ਉਡ ਕੇ ਮਰ ਗਿਆ ਉਹ ਮਰ ਗਿਆ। ਮੇਰੀ ਬਿਰਤੀ ਕਰੂਰ ਸੀ। ਜੇ ਕੋਈ ਸਾਧੂ ਮਹਾਤਮਾ, ਕੋਈ ਠਹਿਰਨ ਵਾਲਾ ਆ ਗਿਆ ਰਾਤ ਨੂੰ, ਮੈਂ ਮੰਜੇ ਮੂਧੇ ਮਾਰ ਦਿੰਦਾ ਸੀ, ਜਾਂ ਮੈਂ ਮਾਰ ਦਿੰਦਾ ਸੀ ਉਹਨੂੰ। ਉਹ ਮੁੰਡੇ ਉਥੇ ਬੈਠੇ ਨੇ ਜਿਨ੍ਹਾਂ ਨੇ ਤੁਹਾਨੂੰ ਭੇਜਿਆ ਹੈ। ਕਹਿੰਦਾ ਉਹ ਚੀਕਾਂ ਮਾਰਦਾ ਹੁੰਦਾ ਇਥੋਂ ਨੱਠਦਾ ਹੁੰਦਾ, ਉਹ ਤਮਾਸ਼ੇ ਦੇਖਦੇ ਹੁੰਦੇ। ਕਹਿੰਦੇ ਸੀ ਕਿ ਆਹ ਕੋਠੀ ਵਿਚ ਰਹਿ ਭਾਈ, ਨੱਠਿਆ ਕਿਉਂ ਆਉਂਦਾ ਹੈਂ?

ਤੁਹਾਡੇ ਨਾਲ ਉਨ੍ਹਾਂ ਮੁੰਡਿਆਂ ਨੇ ਮਸਕਰੀ ਕਰੀ ਸੀ। ਪਰ ਤੁਸੀਂ ਜਪ ਤਪ ਵਾਲੇ ਓਂ, ਕੋਈ ਐਸੀ ਕਲਾਮ ਪੜ੍ਹੀ ਹੈ, ਮੇਰਾ ਬਲ ਨਹੀਂ ਚਲ ਰਿਹਾ ਕਿਸੇ ਦੇ ਉਤੇ।

ਕੀਰਤਨ ਸੋਹਿਲਾ ਜੋ ਪੜ੍ਹ ਕੇ ਪੈ ਗਏ, ਬਲ ਕੀ ਚੱਲਣਾ ਸੀ ਫੇਰ। ਕਿਲ੍ਹਾ ਹੋ ਗਿਆ।

ਉਸ ਵੇਲੇ ਕਹਿਣ ਲੱਗਿਆ ਕਿ ਮੈਂ ਸਾਰਾ ਬਲ ਲਾ ਕੇ, ਹਾਰ ਕੇ ਤੁਹਾਡੇ ਚਰਨੀਂ ਆਇਆ ਹਾਂ। ਮੇਰਾ ਉਧਾਰ ਕਰੋ, ਮੈਂ ਬੜਾ ਦੁਖੀ ਹਾਂ।

ਮਹਾਂਪੁਰਸ਼ਾਂ ਕਹਿਣ ਲੱਗੇ ਕਿ ਅਖੰਡਪਾਠ ਕਰਨਾ ਪੈਣਾ ਹੈ, ਕਿਉਂਕਿ ਗੁਰੂ ਦੀ ਬਾਣੀ ਦੇ ਵਿਚ ਅਥਾਹ ਬਲ ਹੈ। ਜੇ ਸ਼ੁੱਧ ਅਖੰਡਪਾਠ ਕੀਤਾ ਜਾਵੇ। ਇਹਦੇ ਵਿਚ ਵੀ ਫਰਕ ਹੋਇਆ ਕਰਦਾ ਹੈ, ਸ਼ੁੱਧ ਤੇ ਅਸ਼ੁੱਧ ਵਿਚ।

ਗਲਤ ਪਾਠੀ ਹੋਵੇ, ਨਿਤਨੇਮੀ ਨਾ ਹੋਵੇ, ਨਿੰਦਿਆ ਕਰਨ ਵਾਲਾ ਹੋਵੇ, ਚੁਗਲੀਆਂ ਕਰਨ ਵਾਲਾ ਹੋਵੇ, ਈਰਖਾ ਵਾਲਾ ਹੋਵੇ। ਉਹਦੇ ਅੰਦਰ ਲਿਵ ਨਾ ਲੱਗਣ ਕਰਕੇ, ਪਾਠ ਦਾ ਫਲ ਘਟ ਹੋਇਆ ਕਰਦਾ ਹੈ। ਬਾਣੀ ਚਾਰਜ ਨਹੀਂ ਹੁੰਦੀ। ਜਿਵੇਂ ਬੈਟਰੀ ਤਾਂ ਹੈਗੀ ਪਰ ਚਾਰਜ ਕਰੇ ਤੇ ਕਰੰਟ ਦਿੰਦੀ ਹੈ। ਇਵੇਂ ਜਿਵੇਂ ਸਾਡੇ ਮੁੱਖ ਤੇ ਹਿਰਦੇ ਦੇ ਨਾਲ ਰਲ ਕੇ ਬਾਣੀ ਕਰੰਟ ਦਿੰਦੀ ਹੈ। ਸੰਤਾਂ ਵਿਚ ਸ਼ਕਤੀਆਂ ਕਿਉਂ ਹੁੰਦੀਆਂ ਨੇ, ਕਿਉਂਕਿ ਉਹ ਬਾਣੀ ਸਾਕਾਰ ਕਰ ਲੈਂਦੇ ਨੇ।

ਸੋ ਸੰਤ ਕਹਿਣ ਲੱਗੇ ਕਿ ਅਸੀਂ ਅਖੰਡਪਾਠ ਕਰਾ ਦਿੰਦੇ ਹਾਂ। ਪਰ ਮਾਇਆ ਸਾਡੇ ਕੋਲ ਹੈ ਨਹੀਂ ਪ੍ਰੇਮੀਆਂ! ਕਹਿੰਦਾ ਮਾਇਆ? ਮਾਇਆ ਤਾਂ ਕੋਈ ਦੇਹਲੀ ਪੁੱਟ ਲਓ, ਮਾਇਆ ਹੀ ਮਾਇਆ ਹੈ। ਇਕ ਦੇਹਲੀ ਪੁੱਟੀ ਪੰਜ ਸੌ ਰੁਪਿਆ ਨਿਕਲ ਆਇਆ।

ਸੰਤ ਕਹਿਣ ਲੱਗੇ ਕਿ ਅਸੀਂ ਤੇਰਾ ਅਖੰਡਪਾਠ ਕਰਾਵਾਂਗੇ, ਦੇਗ ਰਖਾਂਗੇ, ਜੇ ਤਾਂ ਤੂੰ ਚੁੱਕ ਕੇ ਲੈ ਗਿਆ, ਤਾਂ ਤਾਂ ਸਮਝ ਲਵਾਂਗੇ ਕਿ ਤੇਰੀ ਗਤੀ ਹੋ ਗਈ, ਜੇ ਨਾ ਲੈ ਕੇ ਗਿਆ, ਫੇਰ ਅਸੀਂ ਇਕ ਦਿਨ ਠਹਿਰਾਂਗੇ, ਗੱਲ ਦੱਸ ਦੇਵੀਂ।

ਇਸੇ ਤਰ੍ਹਾਂ ਕੀਤਾ ਗਿਆ। ਪਾਠ ਤੋਂ ਬਾਅਦ ਪ੍ਰਸ਼ਾਦ ਰੱਖਿਆ, ਕੌਲੀ ਵਿਚ ਪਾ ਕੇ। ਇੰਤਜ਼ਾਰ ਕਰਦੇ ਰਹੇ, ਪ੍ਰਸ਼ਾਦ ਗਿਆ ਨਾ।

ਰਾਤ ਨੂੰ ਫੇਰ ਆ ਗਿਆ, ਲੇਕਿਨ ਸੋਹਿਣਾ ਹੋਇਆ ਹੋਇਆ। ਕਹਿੰਦੇ, ਪ੍ਰੇਮੀਆਂ! ਤੇਰਾ ਕੁੱਛ ਬਣਿਆ? ਕਹਿੰਦਾ, ਮੇਰਾ ਰੂਪ ਤਾਂ ਹੋ ਗਿਆ ਠੀਕ ਪਾਠ ਦੇ ਨਾਲ। ਦੁੱਖ ਵੀ ਮੇਰਾ ਸਾਰਾ ਕੱਟ ਗਿਆ। ਲੇਕਿਨ ਮੇਰੀ ਗਤੀ ਨਹੀਂ ਹੋਈ।

ਕਹਿੰਦੇ, ਕਿਉਂ?

ਕਹਿਣ ਲੱਗਿਆ, 12-2 ਜਿਹੜਾ ਪਾਠੀ ਸੀ, ਉਹ ਅਸ਼ੁੱਧ ਸੀ ਉਸ ਵੇਲੇ, ਇਸ਼ਨਾਨ ਨਹੀਂ ਸੀ ਉਹਨੇ ਕਰਿਆ। ਬੁਲਾ ਕੇ ਪੁੱਛਿਆ, ਕਹਿੰਦਾ, ਹਾਂ ਜੀ ਭੁੱਲ ਹੋ ਗਈ।

ਕਹਿੰਦੇ, ਤੂੰ ਬੜਾ ਮਾੜਾ ਕੰਮ ਕਰਿਆ।

ਹੁਣ ਫੇਰ?

ਕਹਿਣ ਲੱਗਿਆ, ਮਹਾਰਾਜ! ਹੋਰ ਦੇਹਲੀ ਪੁੱਟ ਲਓ, ਓਥੋਂ ਮਾਇਆ ਕੱਢ ਲਓ। ਦੇਹਲੀ ਪੁੱਟੀ, ਮਾਇਆ ਕੱਢ ਲਈ, ਉਸ ਤੋਂ ਬਾਅਦ ਅਖੰਡਪਾਠ ਜਦੋਂ ਕਰਿਆ, ਪ੍ਰਸ਼ਾਦ ਲੈ ਗਿਆ ਤੇ ਗਤੀ ਹੋ ਗਈ।

ਸੋ ਮਤਲਬ ਇਹ ਹੈ ਕਿ ਵਾਸ਼ਨਾ ਜਿਹੜੀ ਹੈ ਜਾਇਦਾਦ ਦੀ ਉਹ ਆਦਮੀ ਨੂੰ ਪ੍ਰੇਤ ਬਣਾ ਦਿੰਦੀ ਹੈ।

ਸੋ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਪ੍ਰੇਮੀਓ! ਤੁਸੀਂ ਬਾਕੀ ਤਪ ਕਰ ਲਓਂਗੇ, ਮਾਇਆ ਨੂੰ ਕਿਵੇਂ ਮਾਰੋਂਗੇ? ਵਾਸ਼ਨਾ ਤਾਂ ਜਦੋਂ ਅੰਦਰ ਖੋਜ ਕਰੋਂਗੇ, ਹੁਕਮ ਵਿਚ ਜਾਓਂਗੇ, ਫੇਰ ਵਾਸ਼ਨਾਵਾਂ ਮਰਦੀਆਂ ਨੇ।

ਸੋ ਤੁਸੀਂ ਜਿਹੜਾ ਤਾਮਸੀ ਤਪ ਕਰਦੇ ਰਹੇ ਇਹਨੇ ਫਲ ਨਹੀਂ ਦਿਤਾ। ਤੁਸੀਂ ਰਾਜਸੀ ਤੇ ਸਾਂਤਕੀ ਤਪ ਕਰੋ। ਤਾਮਸੀ ਤਪ ਨਾਲ ਗਿਆਨ ਨਹੀਂ ਪ੍ਰਾਪਤ ਹੋਇਆ ਕਰਦਾ। ਜਦੋਂ ਰਾਜਸੀ ਤੇ ਸਾਂਤਕੀ ਤਪ ਕਰੋਂਗੇ, ਉਸ ਵੇਲੇ ਜਦੋਂ ਕੀਰਤਨ ਕਰੋਂਗੇ, ਕਥਾ ਕਰੋਂਗੇ, ਬਾਣੀ ਪੜ੍ਹੋਂਗੇ, ਬਾਣੀ ਸੁਣੋਂਗੇ, ਫੇਰ ਤੁਹਾਡੇ ਅੰਦਰ ਗੁਰੂ ਦਾ ਸਰੂਪ ਦ੍ਰਿੜ੍ਹ ਹੋ ਕੇ ਗੁਰੂ ਨਾਲ ਪਿਆਰ ਪੈ ਜਾਵੇਗਾ, ਗੁਰੂ ਦਾ ਸਰੂਪ ਤੁਹਾਡੇ ਅੰਦਰ ਦ੍ਰਿੜ੍ਹ ਹੋ ਕੇ ਪ੍ਰਕਾਸ਼ ਪੈਦਾ ਕਰ ਦੇਵੇਗਾ।

***ਗੁਰ ਕੀ ਮੂਰਤਿ ਮਨ ਮਹਿ ਧਿਆਨੁ॥***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥***

***ਅੰਗ - 864***

ਸੋ ਬੈਰੰਗ ਉਪਾਸ਼ਨਾ ਹੁੰਦੀ ਹੈ। ਇਕ ਅੰਤਰੰਗ ਉਪਾਸਨਾ ਹੁੰਦੀ ਹੈ। ਅੰਤਰੰਗ ਉਪਾਸਨਾ ਜਦੋਂ ਤੁਹਾਡੀ ਸਿੱਧ ਹੋ ਜਾਵੇਗੀ, ਉਸ ਵੇਲੇ ਤੁਸੀਂ ਵਿਵੇਕ ਮੰਡਲ 'ਚ ਦਾਖਲ ਹੋ ਜਾਵੋਂਗੇ, ਗਿਆਨ ਦੇ ਮੰਡਲ ਵਿਚ ਦਾਖਲ ਹੋ ਜਾਵੋਂਗੇ। ਸੋ ਇਹਦੀ ਸਹਾਇਤਾ ਕਰਨ ਵਾਲਾ, ਇਥੇ ਪਹੁੰਚਾਉਣ ਵਾਲਾ, ਜੋ ਸੁਪਰੀਮ ਸਾਧਨ ਹੈ ਜਿਹਨੂੰ ਸਾਂਤਕੀ ਤਪ ਕਹਿੰਦੇ ਨੇ। ਉਹ ਕੀਰਤਨ ਹੋਇਆ ਕਰਦਾ ਹੈ, ਹਰੀ ਦਾ ਜਸ, ਨਿਰਬਾਣ ਕੀਰਤਨ ਜੋ ਕਰਦਾ ਹੈ, ਉਹਦੇ ਨਾਲ ਇਹ ਉਪਾਸਨਾ ਦ੍ਰਿੜ੍ਹ ਹੋ ਜਾਇਆ ਕਰਦੀ ਹੈ ਤੇ ਵਿਵੇਕ ਬਿਰਤੀ 'ਚ ਦਾਖਲਾ ਮਿਲ ਜਾਇਆ ਕਰਦਾ ਹੈ। ਕਿਉਂਕਿ ਚਿੱਤ ਦੀ ਇਕਾਗਰਤਾ ਹੋ ਜਾਇਆ ਕਰਦੀ ਹੈ। ਤਿੰਨ ਘੰਟੇ ਕੀਰਤਨ ਕਰਦਾ ਹੈ, ਤਿੰਨ ਘੰਟੇ ਦੀ ਸਮਾਧੀ ਲਗ ਗਈ ਤੇ ਫਲ ਉਸਨੂੰ ਬੇਅੰਤ ਪ੍ਰਾਪਤ ਹੋ ਰਿਹਾ ਹੈ।

ਸੋ ਕਲਜੁਗ ਵਿਚ ਜੋ ਸਭ ਤੋਂ ਉਤਮ ਸਾਧਨ ਹੈ ਉਹ ਹਰੀ ਦਾ ਜਸ ਕਰਨਾ ਹੀ ਹੈ।

***ਕਲਜੁਗ ਮਹਿ ਕੀਰਤਨੁ ਪਰਧਾਨਾ॥***
***ਗੁਰਮੁਖਿ ਜਪੀਐ ਲਾਇ ਧਿਆਨਾ॥***

***ਅੰਗ - 1076***

ਜਦੋਂ ਗੁਰੂ ਦੀ ਬਾਣੀ ਨੂੰ ਧਿਆਨ ਦੇ ਨਾਲ, ਹਰੀ ਦੇ ਜਸ ਨੂੰ ਗਾਵੋਂਗੇ ਤੇ ਹਿਰਦੇ ਵਿਚ ਧਾਰਨ ਕਰੋਂਗੇ ਤੇ ਬਾਣੀ ਨੂੰ ਮੰਨੋਂਗੇ, ਆਪ ਭੀ ਤਰ ਜਾਓਂਗੇ ਤੇ ਸਾਰੀ ਕੁਲ ਨੂੰ ਵੀ ਤਾਰ ਦੇਵੋਂਗੇ। ਫੁਰਮਾਨ ਹੈ -

***ਮੀਠੇ ਹਰਿ ਗੁਣ ਗਾਉ ਜਿੰਦੂ ਤੂੰ***
***ਮੀਠੇ ਹਰਿ ਗੁਣ ਗਾਉ॥***
***ਸਚੇ ਸੇਤੀ ਰਤਿਆ ਮਿਲਿਆ ਨਿਥਾਵੇ ਥਾਉ॥***

***ਅੰਗ - 218***

ਜਦੋਂ ਗੁਣ ਗਾਉਂਦੇ ਪ੍ਰਮੇਸ਼ਰ ਦੇ ਨਾਲ ਰੱਤੇ ਜਾਵਾਂਗੇ, ਪਿਆਰ ਪੈ ਜਾਏਗਾ, ਫੇਰ ਦਰਗਾਹ ਵਿਚ ਥਾਉਂ ਮਿਲ ਜਾਵੇਗਾ।

ਸੋ ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਪ੍ਰੇਮੀਓ! ਹਰ ਬੰਦੇ ਨੂੰ ਹਉਮੈ ਦੀ ਜ਼ਹਿਰ ਚੜ੍ਹੀ ਹੋਈ, ਇਹਦਾ ਇਲਾਜ ਕੋਈ ਨਹੀਂ। ਇਕ ਤਾਂ ਜ਼ਹਿਰ ਚੜ੍ਹ ਜਾਂਦੀ ਹੈ, ਮਿਹਦੇ ਵਿਚ ਹੁੰਦੀ ਹੈ, ਡਾਕਟਰ ਕੱਢ ਦਿੰਦੇ ਨੇ ਉਲਟੀਆਂ ਕਰਾ ਕੇ, ਧੋ ਕੇ ਸਾਫ ਕਰਦੇ ਦਿੰਦੇ ਨੇ ਮਿਹਦੇ ਨੂੰ। ਇਕ ਜ਼ਹਿਰ ਉਹ ਹੁੰਦੀ ਹੈ ਜਿਹੜੀ ਖ਼ੂਨ ਵਿਚ ਰਲ ਜਾਂਦੀ ਹੈ ਤੇ ਰਗ-ਰਗ ਦੇ ਵਿਚ ਪਹੁੰਚ ਜਾਂਦੀ ਹੈ। ਉਹ ਜ਼ਹਿਰ ਨਹੀਂ ਹਟਿਆ ਕਰਦੀ, ਉਸ ਜ਼ਹਿਰ ਨੂੰ ਫੈਲੀ ਹੋਈ ਜ਼ਹਿਰ ਕਹਿੰਦੇ ਨੇ। ਉਹਦਾ ਕੋਈ ਤਰੀਕਾ ਨਹੀਂ ਹੈ। ਉਹ ਤਾਂ ਨਾ ਦਾਨ ਦਿਤੇ, ਨਾ ਤੀਰਥ ਯਾਤਰਾ ਨਾਲ, ਨਾ ਕੋਈ ਹੋਰ ਸਾਧਨ ਕਰਨ ਨਾਲ। ਕਿਸੇ ਤਰੀਕੇ ਨਾਲ ਵੀ ਉਸ ਜ਼ਹਿਰ ਦਾ ਆਦਮੀ ਤੋਂ ਛੁਟਕਾਰਾ ਨਹੀਂ ਹੁੰਦਾ ਤੇ ਮਹਾਰਾਜ ਕਹਿਣ ਲੱਗੇ, ਇਕ ਇਲਾਜ ਹੈ ਕਿ ਜਿਹੜੀ ਹਉਮੈ ਦੀ ਵਿਹੁ ਫੈਲੀ ਹੋਈ ਹੈ, ਉਹਦਾ ਇਲਾਜ ਹਰੀ ਦਾ ਨਾਮ ਹੈ ਭਾਈ, ਹਰੀ ਦਾ ਜਸ ਕਰਨਾ।

***ਗੁਨ ਗਾਵਤ ਤੇਰੀ ਉਤਰਸਿ ਮੈਲੁ॥***
***ਬਿਨਸਿ ਜਾਇ ਹਉਮੈ ਬਿਖੁ ਫੈਲੁ॥ ਅੰਗ - 289***

ਜਿਹੜੀ ਵਿਹੁ ਫੈਲੀ ਪਈ ਹੈ ਨਾ ਸਾਰੇ ਸਰੀਰ ਵਿਚ, ਰੋਮ-ਰੋਮ ਵਿਚ, ਉਹ ਵਿਹੁ ਹਰੀ ਦਾ ਜਸ ਗਾ ਕੇ ਉਤਰ ਜਾਂਦੀ ਹੈ।

***ਸਰਬ ਬੈਕੁੰਠ ਮੁਕਤਿ ਮੋਖ ਪਾਏ॥***
***ਏਕ ਨਿਮਖ ਹਰਿ ਕੇ ਗੁਨ ਗਾਏ॥ ਅੰਗ - 290***

ਅੱਖ ਦੇ ਝਮਕੇ ਜਿੰਨੇ ਚਿਰ ਵੀ ਚਿੱਤ ਲਗ ਜਾਏ, ਸਾਰੇ ਬੈਕੁੰਠ ਤੇ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਇਸ ਕਰਕੇ ਪ੍ਰੇਮੀਓ! ਤੁਹਾਨੂੰ ਤਾਂ ਅਸੀਂ ਦੱਸਿਆ ਹੈ ਕਿ ਸਾਂਤਕੀ ਤਪ ਦਾ ਫਲ ਬੇਅੰਤ ਹੈ। ਤਾਮਸੀ ਤਪ ਦਾ ਫਲ ਹੈ ਨਹੀਂ।

ਸੋ ਤੁਸੀਂ ਕਥਾ, ਕੀਰਤਨ ਤੇ ਸਤਿਸੰਗ ਤਿੰਨ ਚੀਜ਼ ਜ਼ਰੂਰੀ ਨੇ ਜਿਹਨੇ ਪਾਰ ਲੰਘਣਾ ਹੈ।

***ਸਤਸੰਗਤਿ ਕੈਸੀ ਜਾਣੀਐ॥***
***ਜਿਥੈ ਏਕੋ ਨਾਮੁ ਵਖਾਣੀਐ॥ ਅੰਗ - 72***

ਜਿਥੇ ਨਾਮ ਦੀ ਗੱਲ ਹੋਵੇ ਉਹ ਸੰਗਤ ਹੈ, ਜਿਥੇ ਊਟ-ਪਟਾਂਗ ਗੱਲਾਂ ਹੋਣ ਉਹ ਸਤਿਸੰਗ ਨਹੀਂ ਹੋਇਆ ਕਰਦੀ। ਲੇਕਿਨ ਉਹ ਭਾਗਾਂ ਵਾਲਿਆਂ ਤੋਂ ਬਗੈਰ ਮਿਲਦੀ ਨਹੀਂ।

***ਹਰਿ ਕੀਰਤਿ ਸਾਧਸੰਗਤਿ ਹੈ***
***ਸਿਰਿ ਕਰਮਨ ਕੈ ਕਰਮਾ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ॥ ਅੰਗ - 642***

ਸਾਰੇ ਕਰਮਾਂ ਦਾ ਸ਼੍ਰੋਮਣੀ ਕਰਮ ਜੋ ਮਹਾਰਾਜ ਨੇ ਦੱਸਿਆ ਕਿ ਹਰੀ ਦਾ ਕੀਰਤਨ ਕਰਨਾ ਤੇ ਸੰਤਾਂ ਦੀ ਸੰਗਤ ਕਰਨੀ। ਮਿਲਦੀ ਉਹਨੂੰ ਹੈ ਜਿਹਦੇ ਮੱਥੇ ਦੇ ਵਿਚ ਲੇਖ ਲਿਖਿਆ ਹੋਵੇ, ਦੂਸਰੇ ਨੂੰ ਪ੍ਰਾਪਤ ਨਹੀਂ ਹੋਇਆ ਕਰਦੀ, ਦੂਜਾ ਕੋਲੋਂ ਹੀ ਲੰਘ ਜਾਂਦਾ ਹੈ।

ਸੋ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਪ੍ਰੇਮੀਓਂ! ਆਹ ਜਿਹੜਾ ਅਸੀਂ ਤੁਹਾਨੂੰ ਦੱਸਿਆ ਹੈ ਇਹਦੇ ਨਾਲ ਕੀ ਹੋਏਗਾ, ਜਦੋਂ ਤੁਸੀਂ ਕੀਰਤਨ ਕਰੋਂਗੇ, ਕਥਾ ਕਰੋਂਗੇ, ਸੁਣੋਗੇ, ਉਸ ਵੇਲੇ ਤੁਹਾਡਾ ਪਿਆਰ ਪ੍ਰਮੇਸ਼ਰ ਨਾਲ ਕੁਦਰਤੀ ਤੌਰ ਤੇ ਲੱਗੇਗਾ।

ਜਦੋਂ ਰਾਜੇ ਪ੍ਰੀਸ਼ਦ ਨੂੰ ਸੱਪ ਨੇ ਡੰਗਿਆ, ਸਰਾਪ ਦਿਤਾ ਰਿਸ਼ੀ ਨੇ। ਉਸ ਵੇਲੇ ਨਾਲ ਦੀ ਨਾਲ ਰਿਸ਼ੀ ਨੇ ਦੱਸ ਦਿਤਾ ਕਿ ਉਹਨੂੰ ਦੱਸ ਆਓ ਭਾਈ ਕਿ ਉਹਦੀ ਗਤੀ ਨਹੀਂ ਹੋਣੀ ਤੇ ਸੁਕਦੇਵ ਮੁਨੀ ਨੂੰ ਬੁਲਾ ਲਏ ਤੇ ਭਾਗਵਤ ਦੀ ਕਥਾ ਸਰਵਣ ਕਰੇ। ਤਾਂ ਉਹਦੀ ਮੁਕਤੀ ਹੋਏਗੀ, ਨਹੀਂ ਤਾਂ ਮੁਕਤੀ ਨਹੀਂ ਹੋ ਸਕਦੀ।

ਸੋ ਸੁਕਦੇਵ ਮੁਨੀ ਆ ਗਿਆ, ਬੁਲਾਇਆ ਗਿਆ। ਅੱਠ ਦਿਨ ਦੇ ਅੰਦਰ-ਅੰਦਰ ਸੱਪ ਲੜਨਾ ਸੀ ਉਹਦੇ, ਕਾਰਨ ਇਹ ਸੀ ਕਿ ਰਿਸ਼ੀ ਸਮਾਧੀ ਵਿਚ ਬੈਠਾ ਸੀ। ਇਹ ਤਾਜ ਲਾ ਕੇ ਚਲਿਆ ਗਿਆ, ਉਹਦੇ ਵਿਚ ਕਲਜੁਗ ਪ੍ਰਵੇਸ਼ ਕਰ ਗਿਆ। ਕਲਜੁਗ ਨੇ ਬਚਨ ਲਿਆ ਹੋਇਆ ਸੀ ਕਿ ਮੈਂ ਸੋਨੇ ਵਿਚ ਰਹਿਣਾ ਹੈ, ਸੋਨੇ ਵਿਚ ਰਹਿਣ ਕਰਕੇ, ਬੁੱਧੀ ਭ੍ਰਿਸ਼ਟ ਕਰ ਦਿਤੀ।

ਹੁਣ ਸਾਡੇ ਤਾਂ ਸਾਧਸੰਗਤ ਜੀ! ਸਾਰੇ ਸਰੀਰਾਂ ਵਿਚ ਹੀ ਕਲਜੁਗ ਵਸਦਾ ਹੈ, ਸਾਡੀ ਬੁੱਧੀ ਕਿੱਥੋਂ ਨਿਰਮਲ ਹੋ ਜਾਏਗੀ। ਉਲਟੀਆਂ ਗੱਲਾਂ ਕਰਦੇ ਹਾਂ ਅਸੀਂ।

ਸੋ ਉਸ ਵੇਲੇ ਉਹਨੇ ਕਿਹਾ ਕਿ ਅੱਠ ਦਿਨਾਂ ਵਿਚ ਮਰ ਜਾਏਗਾ। ਉਹਨੇ ਸ਼ੀਸ਼ੇ ਦਾ ਘਰ ਬਣਾ ਲਿਆ। ਅਰਜਨ ਦਾ ਪੋਤਾ ਸੀ ਉਹ ਤੇ ਬਾਹਰ ਪਹਿਰੇ ਲਾ ਦਿਤੇ ਕਿ ਅੰਦਰ ਕੋਈ ਕੀੜੀ ਵੀ ਨਾ ਆਉਣ ਦਿਤੀ ਜਾਵੇ। ਐਸਾ ਮਹਿਲ ਬਣਾਇਆ।

ਮਹਾਂਪੁਰਸ਼ਾਂ ਨੇ ਸੁਨੇਹਾ ਭੇਜ ਦਿਤਾ ਕਿ ਸੱਪ ਉਹਨੂੰ ਜ਼ਰੂਰ ਲੜ ਜਾਣਾ ਹੈ, ਉਹਦੀ ਗਤੀ ਨਹੀਂ ਹੋਣੀ। ਬੜੇ ਯਤਨ ਕਰੇ ਉਸ ਰਾਜੇ ਨੇ। ਪਰ ਜਦੋਂ ਆਗਿਆ ਹੋਈ ਅਕਾਲ ਪੁਰਖ ਦੀ, ਕੀੜੀ ਬਣ ਕੇ ਸਾਹ ਖਿੱਚ ਲਿਆ। ਕਥਾ ਸੁਣਦਾ ਹੈ, ਤਿੰਨ ਦਿਨ ਹੋ ਗਏ ਕਥਾ ਸੁਣਦੇ ਨੂੰ।

ਸੁਕਦੇਵ ਮੁਨੀ ਨੇ ਕਿਹਾ ਕਿ ਰਾਜਨ! ਤੇਰਾ ਮਨ ਲਗ ਗਿਆ ਕਥਾ 'ਚ?

ਕਹਿੰਦਾ, ਨਾ।

ਕਹਿੰਦਾ, ਕਿੱਥੇ ਹੈ?

ਕਹਿੰਦਾ, ਮੇਰਾ ਮਨ ਰਾਜ ਵਿਚ ਘੁੰਮਦਾ ਹੈ। ਸਹੀ ਬੰਦਾ ਸੀ, ਸਾਰੀ ਗੱਲ ਸਹੀ ਦੱਸ ਦਿਤੀ। ਕਿ ਮੈਨੂੰ ਤਾਂ ਐਉਂ ਹੁੰਦਾ ਹੈ ਕਿ ਮੈਂ ਹੁਣ ਚਲੇ ਜਾਣਾ ਹੈ, ਰਾਣੀਆਂ ਕੀ ਕਰਨਗੀਆਂ, ਰਾਜ ਕੌਣ ਕਰੇਗਾ, ਔਹ ਵਜ਼ੀਰ ਖਰਾਬ, ਫਲਾਣਾ ਜਰਨੈਲ ਖਰਾਬ ਹੈ।

ਸੁਕਦੇਵ ਮੁਨੀ ਨੇ ਕਿਹਾ ਇਹ ਤਾਂ ਗੱਲ ਗਲਤ ਹੈ ਤੂੰ ਮਨ ਇਕਾਗਰ ਕਰ। ਚੌਥਾ ਦਿਨ ਫੇਰ ਹੋ ਗਿਆ। ਚੌਥੇ ਦਿਨ ਕਹਿਣ ਲੱਗੇ, ਰਾਜਨ! ਤੂੰ ਬੜੇ ਇਨਸਾਫ ਵਾਲਾ ਹੈਂ, ਮੈਂ ਤੇਰੇ ਤੋਂ ਇਨਸਾਫ ਕਰਾਉਣਾ ਚਾਹੁੰਦਾ ਹਾਂ। ਤੂੰ ਫੈਸਲਾ ਦੇਹ।

ਕਹਿੰਦੇ ਇਕ ਰਾਜਾ ਸੀ, ਜੰਗਲ ਵਿਚ ਚਲਿਆ ਗਿਆ, ਘੁੰਮਦੇ-ਘੁੰਮਦੇ ਨੂੰ ਰਾਤ ਪੈ ਗਈ, ਉਸ ਰਾਜ ਵਿਚ ਬਰਫ ਬਹੁਤ ਪੈਂਦੀ ਸੀ। ਇਹ ਕੋਲ ਕਪੜਾ ਕੋਈ ਨਹੀਂ ਸੀ ਤੇ ਜਦੋਂ ਇਹਨੇ ਦੇਖਿਆ ਕਿ ਰਾਤ ਪੈ ਗਈ, ਰਾਹ ਭੁੱਲ ਗਿਆ, ਕਿਸੇ ਪਾਸੇ ਨੂੰ ਰਸਤਾ ਨਾ ਆਵੇ, ਅਖੀਰ ਫਿਕਰ ਪੈ ਗਿਆ ਕਿ ਹੁਣ ਤਾਂ ਬਰਫ ਸ਼ੁਰੂ ਹੋ ਜਾਣੀ ਹੈ, ਮੈਂ ਤਾਂ ਜੰਮ ਕੇ ਮਰ ਜਾਣਾ ਹੈ ਬਰਫ ਵਿਚ। ਉਸ ਤੋਂ ਬਾਅਦ ਇਹਨੂੰ ਇਕ ਦੀਵਾ ਮਚਦਾ ਦਿਸਿਆ ਤੇ ਉਥੇ ਚਲਿਆ ਗਿਆ। ਉਥੇ ਜਾ ਕੇ ਕਹਿਣ ਲੱਗਿਆ ਕਿ ਮੈਂ ਰਾਜਾ ਹਾਂ, ਮੈਂ ਰਾਤ ਕੱਟਣੀ ਹੈ, ਮੈਂ ਥਾਂ ਦੇਹ।

ਉਸ ਆਦਮੀ ਨੇ ਕਿਹਾ ਕਿ ਥਾਂ ਤਾਂ ਮੇਰੇ ਕੋਲ ਹੈ ਨਹੀਂ, ਇਹਦੇ ਵਿਚ ਮੈਂ ਤੇ ਮੇਰੇ ਘਰਵਾਲੀ ਤੇ ਬੱਚੇ ਨੇ। ਦੂਸਰਾ ਮੈਂ ਜਾਤ ਦਾ ਚੰਡਾਲ ਹਾਂ, ਤੂੰ ਹੈਂ ਕਸ਼ਤਰੀ। ਵੈਸੇ ਹੀ ਨਹੀਂ ਬਣਦਾ ਕਿ ਤੇਰਾ ਮੇਰੇ ਘਰ ਵਿਚ ਰਹਿਣਾ। ਮੈਂ ਦੋਸ਼ੀ ਹੋਵਾਂਗਾ ਤੈਨੂੰ ਰੱਖਿਆ ਤੇ ਤੂੰ ਵੀ ਦੋਸ਼ੀ ਹੋਵੇਂਗਾ। ਰਾਜਾ ਕਹਿਣ ਲੱਗਿਆ ਕਿ ਇਸ ਵਕਤ ਮੈਨੂੰ ਮੇਰੀ ਜਾਨ ਦਾ ਫਿਕਰ ਪਿਆ ਹੋਇਆ ਹੈ, ਤੂੰ ਮੈਨੂੰ ਜਗ੍ਹਾ ਦੇਹ। ਕਹਿਣ ਲੱਗਿਆ, ਮੇਰੇ ਕੋਲ ਇਕ ਜਗ੍ਹਾ ਹੈ ਜੇ ਤਾਂ ਉਥੇ ਰਹਿ ਸਕਦਾ ਹੈਂ ਤਾਂ ਰਹਿ ਲੈ।

ਉਥੇ ਲੈ ਗਿਆ, ਜਿਥੇ ਮਰੇ ਹੋਏ ਡੰਗਰਾਂ ਦੀਆਂ ਖੱਲਾਂ ਲਾਹੁੰਦਾ ਹੁੰਦਾ ਸੀ। ਆਲੇ-ਦੁਆਲੇ ਹੱਡ ਹੀ ਹੱਡ ਪਏ ਨੇ, ਬਦਬੂ ਮਾਰ ਰਹੀ ਹੈ। ਮੂੰਹ ਤੇ ਕੱਪੜਾ ਲਿਆ ਹੋਇਆ ਹੈ ਰਾਜੇ ਨੇ।

ਕਹਿੰਦਾ, ਆਹ ਜਗ੍ਹਾ ਹੈ।

ਕਹਿੰਦਾ, ਘੋੜਾ।

ਉਸ ਨੇ ਕਿਹਾ, ਘੋੜਾ ਵੀ ਅੰਦਰ ਵੀ ਵੜ ਜਾਏਗਾ। ਨਾਲ ਸ਼ਰਤ ਲਾ ਦਿਤੀ ਕਿ ਸੂਰਜ ਦੀ ਜੋ ਪਹਿਲੀ ਕਿਰਨ ਹੈ ਉਸਦੇ ਨਿਕਲਦੇ ਹੀ ਤੂੰ ਇਥੋਂ ਚਲੇ ਜਾਣਾ ਹੈ।

ਉਸ ਵੇਲੇ ਪਹਿਲਾਂ ਤਾਂ ਰਾਜੇ ਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ। ਬੇਅੰਤ ਬਦਬੂ ਮਾਰਦੀ ਹੈ। ਉਥੇ ਘੋੜੇ ਨੇ ਲਿੱਦ ਕਰ ਦਿਤੀ, ਪੇਸ਼ਾਬ ਕਰ ਦਿਤਾ, ਹੋਰ ਮੁਸਕ ਵਧ ਗਿਆ। ਪਰ ਉਥੇ ਹੀ ਪਿਆ ਰਿਹਾ। ਜਦੋਂ ਪਿਛਲੀ ਰਾਤ ਆਈ, ਨੀਂਦ ਨੇ ਪਾਇਆ ਜ਼ੋਰ, ਨੀਂਦ ਆ ਗਈ, ਉਠਿਆ ਨਾ।

ਚੰਡਾਲ ਨੇ ਕਿਹਾ ਰਾਜਨ! ਸੂਰਜ ਚੜ੍ਹ ਗਿਆ, ਹੁਣ ਤੂੰ ਮੇਰੀ ਝੌਂਪੜੀ ਖਾਲੀ ਕਰ ਦੇ।

ਕਹਿੰਦਾ, ਅਜੇ ਮੈਨੂੰ ਸੌਂ ਲੈਣ ਦੇ ਮੈਂ ਜਾਣਾ ਨਹੀਂ।

ਚੰਡਾਲ ਨੇ ਕਿਹਾ ਕਿ ਤੂੰ ਮੇਰੇ ਨਾਲ ਵਾਅਦਾ ਕੀਤਾ ਸੀ ਤੇ ਹੁਣ ਤੂੰ ਜਾਂਦਾ ਕਿਉਂ ਨਹੀਂ।

ਸੋ ਪ੍ਰੀਸ਼ਤ ਇਹ ਦੱਸ ਕਿ ਰਾਜੇ ਨੂੰ ਚਲੇ ਜਾਣਾ ਚਾਹੀਦਾ ਸੀ ਕਿ ਨਹੀਂ ਜਾਣਾ ਚਾਹੀਦਾ ਸੀ।

ਰਾਜਾ ਪ੍ਰੀਸ਼ਤ ਕਹਿਣ ਲੱਗਿਆ, ਇਹੋ ਜਿਹੇ ਗੰਦੇ ਥਾਉਂ ਰਹਿ ਕੇ, ਰਾਜੇ ਨੂੰ ਤਾਂ ਉਸੇ ਵਕਤ ਚਲੇ ਜਾਣਾ ਚਾਹੀਦਾ ਸੀ।

ਕਹਿਣ ਲੱਗੇ, ਫੇਰ ਰਾਜਾ ਗਲਤ ਹੋਇਆ ਨਾ?

ਕਹਿੰਦਾ, ਹਾਂ ਰਾਜਾ ਗਲਤ ਹੋਇਆ।

ਫੇਰ ਸੁਕਦੇਵ ਮੁਨੀ ਨੇ ਕਿਹਾ ਤੂੰ ਮੈਨੂੰ ਦੱਸ ਕਿ ਤੂੰ ਸਰੀਰ ਤਾਂ ਹੈ ਨਹੀਂ, ਜੀਵ ਆਤਮਾ ਹੈਂ, ਆਹ ਕਾਹਦੇ ਵਿਚ ਬੈਠਾ ਹੈਂ?

***ਬਿਸਟਾ ਅਸਤ ਰਕਤੁ ਪਰੇਟੇ ਚਾਮ॥***
***ਇਸੁ ਊਪਰਿ ਲੇ ਰਾਖਿਓ ਗੁਮਾਨ॥ ਅੰਗ - 374***

ਆਹ ਸਰੀਰ ਦੇ ਵਿਚ ਕੀ ਪਿਆ ਹੈ, ਵਿਸ਼ਟਾ ਪਿਆ ਹੈ, ਪਿਸ਼ਾਬ ਪਿਆ ਹੈ, ਮੈਲ ਪਈ ਹੈ। ਅੱਖਾਂ 'ਚ ਮੈਲ, ਕੰਨਾਂ ਵਿਚ ਮੈਲ, ਸਾਰਾ ਸਰੀਰ ਮੈਲਾ ਹੈ। ਵਿਚੇ ਹੱਡੀਆਂ ਨੇ ਵਿਚੇ ਮਾਸ ਹੈ, ਤੂੰ ਇਹਦੇ ਵਿਚ ਟਿਕਿਆ ਬੈਠਾ ਹੈਂ? ਤੇਰਾ ਜੀਅ ਨਹੀਂ ਕਰਦਾ ਇਹਦੇ ਵਿਚੋਂ ਜਾਣ ਨੂੰ?

ਤੂੰ ਦੱਸ ਤੂੰ ਗਲਤ ਹੈਂ ਕਿ ਠੀਕ ਹੈਂ?

ਸਮਝ ਆ ਗਈ ਕਹਿਣ ਲੱਗਿਆ ਕਿ ਮਹਾਰਾਜ ਮੈਂ ਬਿਲਕੁਲ ਗਲਤ ਹਾਂ, ਮੈਨੂੰ ਨਹੀਂ ਸੀ ਪਤਾ ਕਿ ਮੈਂ ਇੰਨੇ ਗੰਦਮੰਦ ਦੇ ਥੈਲੇ ਵਿਚ ਰਹਿ ਰਿਹਾ ਹਾਂ। ਅੱਜ ਮੈਨੂੰ ਪਤਾ ਲੱਗਿਆ ਹੈ।

ਉਸ ਵੇਲੇ ਉਸ ਨੇ ਕਥਾ ਕਰੀ, ਤਿੰਨ ਦਿਨ ਬਾਕੀ ਰਹਿ ਗਏ ਸੀ। ਐਸਾ ਦਸਦੇ ਨੇ ਕਿ ਜਦੋਂ ਭੋਗ ਪਿਆ, ਪ੍ਰਸ਼ਾਦ ਦੇ ਤੌਰ ਤੇ ਫੁੱਲ ਮੰਗਾ ਲਏ, ਫੁੱਲਾਂ ਦੇ ਵਿਚ ਇੱਛਿਆਧਾਰੀ ਨਾਗ ਕੀੜੀ ਦਾ ਰੂਪ ਧਾਰ ਕੇ ਵੜ ਗਿਆ। ਜਦੋਂ ਉਹਨੇ ਪ੍ਰਸ਼ਾਦ ਲੈ ਕੇ ਮੱਥੇ ਨਾਲ ਲਾਇਆ, ਉਹਨੇ ਕੀੜੀ ਰੂਪ ਦੇ ਨਾਲ ਡੰਗ ਮਾਰਿਆ, ਜਿਹਦੇ ਨਾਲ ਰਾਜਾ ਪ੍ਰੀਸ਼ਦ ਮਰ ਗਿਆ। ਲੇਕਿਨ ਉਹਨੇ ਕਥਾ ਸੁਣ ਲਈ ਸੀ। ਕਥਾ ਸੁਣਨ ਦੇ ਨਾਲ ਉਹਦੀ ਮੁਕਤੀ ਹੋ ਗਈ।

ਸੋ ਮਹਾਰਾਜ ਕਹਿੰਦੇ ਨੇ ਕਿ -

***ਸੁਣਿ ਹਰਿ ਕਥਾ ਉਤਾਰੀ ਮੈਲੁ॥***
***ਮਹਾ ਪੁਨੀਤ ਭਏ ਸੁਖ ਸੈਲੁ॥***
***ਵਡੈ ਭਾਗਿ ਪਾਇਆ ਸਾਧਸੰਗੁ॥***
***ਪਾਰਬ੍ਰਹਮ ਸਿਉ ਲਾਗੋ ਰੰਗੁ॥ ਅੰਗ - 178***

ਸੋ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਦੇਖੋ! ਪ੍ਰੇਮੀਓ! ਹੁਣ ਤੁਸੀਂ ਐਉਂ ਕਰੋ, ਤੁਹਾਨੂੰ ਰਾਜਸੀ ਤੇ ਸਾਂਤਕੀ ਤਪ ਕਰਨਾ ਹੈ, ਹਰੀ ਦਾ ਜਸ ਕਰਨਾ, ਕਥਾ ਕਰਨੀ ਹੈ। ਇਕੱਲਾ ਜਿਹੜਾ ਕੀਰਤਨ ਹੈ, ਉਹ ਛਾਛੜੇ ਦਾ ਮੀਂਹ ਹੁੰਦਾ ਹੈ। ਉਹ ਰੋੜ੍ਹ ਕੇ ਤਾਂ ਲੈ ਜਾਂਦਾ ਹੈ ਸਭ ਕਾਸੇ ਨੂੰ ਪਰ ਗਿੱਲ ਨਹੀਂ ਛੱਡਦਾ। ਜਿਹੜਾ ਮੀਂਹ ਪੈ ਗਿਆ, ਫੇਰ ਚੁੱਪ ਕਰ ਗਿਆ, ਹਲਕੀ ਦਾ ਪੈ ਗਿਆ, ਫੇਰ ਚੁੱਪ ਕਰ ਗਿਆ, ਫੇਰ ਇਕ ਬਾਛੜ ਜਿਹੀ ਆ ਗਈ, ਫੇਰ ਚੁੱਪ ਕਰ ਗਿਆ, ਕਹਿੰਦੇ ਇਹਦੇ ਨਾਲ ਡੂੰਘਿਆਈ ਜਿਹੜੀ ਹੈ ਉਹ ਪਾਣੀ ਹਾਂਡੇ ਚਲੀ ਜਾਂਦੀ ਹੈ, ਤੇ ਪਾਣੀ ਉਤੇ ਆ ਜਾਂਦਾ ਹੈ, ਖੂਹਾਂ ਦਾ, ਟਿਊਬਵੈਲਾਂ ਦਾ ਪਾਣੀ ਉਤੇ ਆ ਜਾਂਦਾ ਹੈ। ਇਸ ਕਰਕੇ ਕੀਰਤਨ ਦੇ ਨਾਲ ਜਿੱਥੇ ਕਥਾ ਹੈ, ਉਥੇ ਜਗਿਆਸੂ ਦੇ ਹਿਰਦੇ ਤੱਕ ਗੱਲ ਜਾ ਪਹੁੰਚਦੀ ਹੈ ਤੇ ਉਹਦਾ ਮਨ ਹਰੀ

ਦੇ ਜਸ ਵਲ, ਪ੍ਰਮੇਸ਼ਰ ਵਲ ਹੋ ਜਾਇਆ ਕਰਦਾ ਹੈ। ਇਸ ਕਰਕੇ ਤੁਹਾਨੂੰ ਅਸੀਂ ਸਾਂਤਕੀ ਤਪ ਦੱਸਿਆ ਹੈ ਤੇ ਸਾਂਤਕੀ ਤਪ ਕਰੋ।

ਉਸ ਵੇਲੇ ਭਾਈ ਮਾਲੋ ਤੇ ਭਾਈ ਮਾਂਗੋ ਨੇ ਬੇਨਤੀ ਕਰੀ ਕਿ ਮਹਾਰਾਜ ਸਾਡੇ ਤੇ ਕ੍ਰਿਪਾ ਕਰੋ। ਗੁਰੂ ਨਾਨਕ ਪਾਤਸ਼ਾਹ ਨੇ ਦੋਹਾਂ ਨੂੰ ਸਾਮ੍ਹਣੇ ਬਿਠਾ ਲਿਆ, ਕਹਿਣ ਲੱਗੇ, ਕਹੋ ਵਾਹਿਗੁਰੂ, ਕਹੋ ਵਾਹਿਗੁਰੂ, ਕਹੋ ਵਾਹਿਗੁਰੂ। ਤਿੰਨ ਵਾਰੀ ਵਾਹਿਗੁਰੂ ਕਹਾ ਦਿਤਾ। ਵਾਹਿਗੁਰੂ ਕਹਿਣ ਦੀ ਦੇਰ ਸੀ, ਪੈਰਾਂ ਦੇ ਅੰਗੂਠੇ ਤੋਂ ਲੈ ਕੇ ਸਿਰ ਦੀ ਚੋਟੀ ਤੱਕ ਝਰਨਾਟਾਂ ਚਲਣੀਆਂ ਸ਼ੁਰੂ ਹੋ ਗਈਆਂ।

ਗੁਰੂ ਨਾਨਕ ਦੇ ਮੁੱਖ ਤੋਂ ਵਾਹਿਗੁਰੂ ਕਿਹਾ ਹੋਇਆ ਕੋਈ ਸਹਿ ਸਕਦਾ ਸੀ। ਕਮਾਇਆ ਹੋਇਆ ਨਾਮ ਸਹਿ ਨਹੀਂ ਹੋਇਆ ਕਰਦਾ ਹੁੰਦਾ।

ਗੁਰੂ ਨਾਨਕ ਪਾਤਸ਼ਾਹ ਨੇ ਜਦੋਂ 'ਨਾਮ' ਉਚਾਰਨ ਕਰਿਆ ਬਗਦਾਦ ਦੇ ਵਿਚ। ਵੱਟੇ ਲੈ ਕੇ ਮਾਰਨ ਆ ਰਹੇ ਨੇ, ਪੀਰ ਦਸਤਗੀਰ ਕਹਿੰਦਾ ਇਹਨੂੰ ਮਾਰ ਦਿਓ। ਕਿਉਂ ਇਹ ਕਹਿੰਦਾ ਹੈ ਕਿ 'ਪਾਤਾਲ ਪਾਤਾਲ ਲਖ ਆਗਾਸਾ ਆਗਾਸ', ਨਾਲੇ ਵਜਾਉਂਦਾ ਹੈ ਸਰੋਦ, ਕੀਰਤਨ ਕਰਦਾ ਹੈ। ਮਾਰੋ ਇਸਨੂੰ।

ਵੱਟੇ ਲੈ ਕੇ ਜਦੋਂ ਉਲ੍ਹਾਰ ਕੇ ਲੱਗੇ ਮਾਰਨ, ਮਹਾਰਾਜ ਨੇ ਸਤਿਨਾਮ ਦੀ ਅਵਾਜ਼ ਦੇ ਦਿਤੀ। ਸਾਰਿਆਂ ਦੇ ਹੱਥ ਉਥੇ ਹੀ ਰੁਕ ਗਏ, ਸੁੰਨਮੁੰਨ ਹੋ ਗਈ ਨਗਰੀ ਸਾਰੀ। ਵਿਚੇ ਹੀ ਪੀਰ ਹੋ ਗਿਆ। ਮਹਾਰਾਜ ਨੇ ਪੀਰ ਨੂੰ ਤਾਂ ਸੁਰਜੀਤ ਕਰ ਦਿਤਾ, ਕਹਿੰਦਾ ਮਹਾਰਾਜ! ਕ੍ਰਿਪਾ ਕਰੋ, ਇਨ੍ਹਾਂ ਨੂੰ ਵੀ ਸੁਰਜੀਤ ਕਰੋ।

ਮਤਲਬ ਨਾਮ ਕਮਾਇਆ ਹੋਇਆ ਜਿਹੜਾ ਹੁੰਦਾ ਹੈ, ਉਹ ਸਹਿਆ ਨਹੀਂ ਜਾਂਦਾ। ਸੋ ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਨਾਮ ਦਾ ਉਚਾਰਨ ਕਰਿਆ, ਕੰਨਾਂ 'ਚੋਂ ਹੋ ਕੇ, ਹਿਰਦੇ 'ਚ ਗਿਆ, ਸਰੀਰ 'ਚ ਪ੍ਰਵੇਸ਼ ਕਰਿਆ, ਰੋਮ-ਰੋਮ ਵਿਚ ਨਾਮ ਫੈਲ ਗਿਆ।

ਹਰਿ-ਹਰਿ ਸ਼ਬਦ ਜਦੋਂ ਅੰਦਰ ਜਾਗ ਪੈਂਦਾ ਹੈ, ਫੇਰ ਇਹ ਧੁਨ -

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ॥ ਅੰਗ - 879***

ਇਹ ਧੁਨ ਜਿਹੜੀ ਹੈ ਇਹਨੂੰ ਕਹਿੰਦੇ ਨੇ ਗੁਰੂ ਦੇ ਸ਼ਬਦ ਦਾ ਧਿਆਨ। ਇਸ ਧਿਆਨ ਦੇ ਨਾਲ ਵਿਵੇਕ ਮੰਡਲ ਦੇ ਨਾਲ ਆਪੇ ਜਾ ਕੇ ਦਾਖਲ ਹੋ ਜਾਂਦਾ ਹੈ। ਫੇਰ ਗਿਆਨ ਹੋ ਜਾਂਦਾ ਹੈ।

ਫੇਰ ਇਨ੍ਹਾਂ ਦੋਹਾਂ ਪ੍ਰੇਮੀਆਂ ਨੇ, ਅੰਮ੍ਰਿਤ ਵੇਲੇ ਉਠ ਕੇ ਨਾਮ ਜਪਣਾ, ਫੇਰ ਉਸ ਤੋਂ ਬਾਅਦ ਕਥਾ ਕਰਨੀ। ਇਕ ਨੇ ਕਥਾ ਕਰਨੀ ਦੂਜੇ ਨੇ ਸੁਣਨੀ। ਫੇਰ ਦੋਹਾਂ ਨੇ ਇਕੱਠੇ ਹੋ ਕੇ ਕੀਰਤਨ ਕਰਨਾ। ਹੌਲੀ-ਹੌਲੀ ਸੰਗਤ ਬਣਨ ਲਗ ਗਈ। ਇਤਿਹਾਸ ਵਿਚ ਲਿਖਿਆ ਹੈ ਕਿ ਐਨੀ ਸੰਗਤ ਬਣ ਗਈ ਕਿ ਸਾਂਭੀ ਨਾ ਜਾਵੇ। ਦੂਰ-ਦਰਾਜ ਪਿੰਡਾਂ ਵਿਚ ਜਾ ਕੇ ਹਰੀ ਦਾ ਜਸ ਕਰਨ, ਨਾਮ ਜਪਣ, ਨਾਮ ਜਪਾਉਣ, ਗੁਰੂ ਨਾਨਕ ਪਾਤਸ਼ਾਹ ਦੇ ਪ੍ਰਵਾਨ ਗੁਰਸਿੱਖਾਂ ਦੇ ਵਿਚ ਦਾਖਲਾ ਮਿਲ ਗਿਆ। ਆਪ ਵੀ ਮੁਕਤ ਹੋਏ, ਕੁਲਾਂ ਵੀ ਮੁਕਤ ਕਰ ਦਿਤੀਆਂ, ਸੰਸਾਰ ਨੂੰ ਵੀ ਉਧਾਰ ਦਿਤਾ ਤੇ ਪਦਵੀ ਕਿੱਡੀ ਹੈ।

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥***
***ਅੰਗ - 306***

# 'ਜੈਸਾ ਸੰਗ ਤੈਸਾ ਰੰਗ'

ਸ਼ਾਨ--------------।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*
*ਡੰਡਉਤਿ ਬੰਦਨ ਅਨਿਕ ਬਾਰ*
*ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਮੈਨੂੰ ਰੱਖ ਲਓ ਘਰ ਕੇ ਚੇਰੇ*
*ਸਤਿਗੁਰੂ ਸੁਨਹੁ ਬੇਨਤੀ।*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਵਿਚ ਪਹੁੰਚੇ ਓਂ। ਮਹਾਰਾਜ ਜੀ ਦੀ ਅਪਾਰ ਕ੍ਰਿਪਾ ਹੈ ਕਿ ਕਲਜੁਗ ਦਾ ਸਮਾਂ ਹੋਵੇ, ਫੇਰ ਸਾਨੂੰ ਏਸ ਜੁਗ ਦੇ ਅੰਦਰ ਸਤਿਸੰਗ ਦੀ ਪ੍ਰਾਪਤੀ ਹੋ ਜਾਵੇ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨*

ਸੰਗਤ ਸੁਸਾਇਟੀ ਨੂੰ ਕਹਿੰਦੇ ਨੇ। ਵੈਸੇ ਸੰਗਤ ਉਸਨੂੰ ਵੀ ਕਹਿੰਦੇ ਨੇ ਕਿ ਕਿਸੇ ਚੀਜ਼ ਨਾਲ ਜੁੜ ਜਾਣਾ। ਕਿਸੇ ਖਿਆਲ ਨਾਲ ਜੁੜ ਜਾਣਾ। ਬਹੁਤ ਕਿਸਮ ਦੀ ਹੈ ਲੇਕਿਨ ਦੋ ਵਰਗਾਂ 'ਚ ਇਹ ਬੰਦ ਹੋ ਜਾਂਦੀ ਹੈ। ਇਕ ਤਾਂ ਉਹ ਹੈ ਜਿਸਨੂੰ ਸਤਿਸੰਗ ਕਹਿੰਦੇ ਨੇ, ਜਿਸ ਥਾਂ ਤੇ ਜਾ ਕੇ ਸਤਿ ਨਾਲ ਮਨ ਜੁੜਨ ਲਗ ਜਾਵੇ। ਵਿਖਸ਼ੇਪਤਾ ਨਾ ਆਵੇ, ਦ੍ਵੈਤ ਨਾ ਉਪਜੇ, ਮਨ ਦੇ ਅੰਦਰ ਕੋਈ **gilty** ਪੈਦਾ ਨਾ ਹੋਵੇ। ਚਿੱਤ ਮੱਲੋਮੱਲੀ ਅੰਦਰ ਨੂੰ ਸੁੰਗੜਦਾ-ਸੁੰਗੜਦਾ, ਇਕੱਠਾ ਹੁੰਦਾ-ਹੁੰਦਾ ਪ੍ਰਮੇਸ਼ਰ ਨਾਲ ਜੁੜ ਜਾਵੇ। ਦੂਸਰਾ ਉਹ ਹੁੰਦਾ ਹੈ ਕਿ ਮਨ ਫੈਲ ਜਾਵੇ, ਖਿੰਡ ਜਾਵੇ ਬਹੁਤ ਦੂਰ ਤੱਕ, ਬੇਅੰਤ ਖਿਆਲਾਂ 'ਚ ਫੈਲ ਜਾਵੇ, ਜੋ ਖਿੰਡਣ ਵਾਲਾ ਵਾਤਾਵਰਣ ਹੈ, ਉਹ ਸਤਿਸੰਗ ਨਹੀਂ ਹੋਇਆ ਕਰਦਾ, ਜੋ ਜੁੜਨ ਵਾਲਾ ਵਾਤਾਵਰਣ ਹੈ ਉਹ ਸੰਗਤ ਹੋਇਆ ਕਰਦੀ ਹੈ। ਉਹਦੇ ਵਿਚ ਦੂਸਰਾ ਜਿਹੜਾ ਵਰਗ ਹੈ, ਉਹਦੇ ਵਿਚ ਵੀ ਕਈ ਕੈਟਾਗਿਰੀਆਂ ਨੇ ਇਕ ਤਾਂ ਉਹ ਹੈ ਕਿ ਵਿਹਾਰ ਦੇ ਵਿਚ ਮਨ ਖਿੰਡ ਜਾਣਾ। ਵਿਹਾਰ ਦੀ ਚਿਤਵਨਾ ਕਰਦਾ ਹੈ ਤੇ ਰਜੋ ਗੁਣ ਪ੍ਰਧਾਨ ਹੋ ਜਾਣਾ ਬਿਰਤੀ ਦੇ ਅੰਦਰ। ਐਸੇ ਪੁਰਸ਼ਾਂ ਦੀ ਸੰਗਤ ਕਰਨੀ ਜਿਨ੍ਹਾਂ ਦੇ ਸੰਗਤ ਕਰਨ ਨਾਲ, ਮਨ ਵਿਚ ਹਰੇਕ ਕਿਸਮ ਦੇ ਖਿਆਲ ਪੈਦਾ ਹੋ ਜਾਣ। ਜੀਵਨ ਦੇ ਨਿਰਬਾਹ ਵਾਸਤੇ, ਪੈਸੇ ਟਕੇ ਕਮਾਉਣ ਵਾਸਤੇ ਜਾਂ ਕੋਈ ਵੱਡੀਆਂ ਪਦਵੀਆਂ ਲੈਣ ਵਾਸਤੇ, ਕੋਈ ਜੋੜ ਤੋੜ; ਇਹ ਸਾਰੀ ਜੋ ਹੈ ਸੁਸਾਇਟੀ ਇਹਦੇ 'ਚ ਭਾਵੇਂ ਅਸੀਂ ਕੋਈ ਪਾਪ ਨਹੀਂ ਕਰਦੇ, ਗੁਨਾਹ ਨਹੀਂ ਕਰਦੇ ਲੇਕਿਨ ਸਾਡਾ ਮਨ ਫੈਲ ਜਾਂਦਾ ਹੈ, ਮਨ ਅਰਬਾਂ ਖਰਬਾਂ ਸਾਲਾਂ ਦਾ ਫੈਲਿਆਂ ਹੋਣ ਕਰਕੇ, ਆਪਣੇ ਘਰ ਵਿਚ ਵਾਪਸ ਨਹੀਂ ਆਉਂਦਾ। ਨਾ ਆਉਣ ਦੇ ਨਾਲ ਇਹਦੇ ਸੰਸਕਾਰ ਬਣ ਜਾਂਦੇ ਨੇ। ਸੰਸਕਾਰ ਪ੍ਰੇਰਨਾ ਦਿੰਦੇ ਨੇ, ਉਹ ਅਸੀਂ ਕਰਮ ਕਰਦੇ ਹਾਂ। ਬਾਰ-ਬਾਰ ਓਹੀ ਕਰਮ ਕਰਨ ਨਾਲ ਸਾਡੀ ਕਿਰਤ ਬਣ ਜਾਂਦੀ ਹੈ ਤੇ ਇਹ ਕਿਰਤ ਕਰਦੀ ਕੀ ਹੈ -

*ਕਿਰਤਿ ਕਰਮ ਕੇ ਵੀਛੁੜੇ*
*ਕਰਿ ਕਿਰਪਾ ਮੇਲਹੁ ਰਾਮ ॥*
*ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ*
*ਪ੍ਰਭ ਕੀ ਸਾਮ ॥ ਅੰਗ - ੧੩੩*

ਵਿਛੁੜ ਜਾਂਦੇ ਹਾਂ ਅਸੀਂ ਪ੍ਰਮੇਸ਼ਰ ਤੋਂ, ਬਹੁਤ ਔਖੇ ਹੋ ਜਾਂਦੇ ਹਾਂ ਕਿਉਂਕਿ ਮਨ ਫੈਲ ਗਿਆ। ਇਹ ਫੈਲਿਆਂ ਹੋਇਆ ਮਨ ਕਰੋੜਾਂ ਅਰਬਾਂ ਖਰਬਾਂ ਸਾਲਾਂ ਤੋਂ ਵਾਸ਼ਨਾ ਦਾ ਬੰਨ੍ਹਿਆ ਹੋਇਆ, ਤੁਰਿਆ ਫਿਰਦਾ ਹੈ, ਸੋ ਇਹ ਵੀ ਅੱਛੀ ਚੀਜ਼ ਨਹੀਂ ਹੈ ਕਿਉਂਕਿ ਜਿਸ ਕੰਮ ਨੂੰ ਅਸੀਂ ਕਰਨ ਵਾਸਤੇ ਆਏ ਹਾਂ ਉਹ ਕੰਮ ਸਾਡੇ ਤੋਂ ਹੋ ਨਹੀਂ ਰਿਹਾ। ਉਹਦੀ ਥਾਂ ਦੇ ਉਤੇ ਮਨ ਫੈਲ ਰਿਹਾ ਹੈ, ਬੇਅੰਤ **grooves** ਮਨ ਵਿਚ ਪੈ ਗਏ। ਜਿਵੇਂ ਖੂਹ ਦੇ ਵਿਚੋਂ ਡੋਲ ਕੱਢਦੇ ਹੁੰਦੇ ਪੁਰਾਣੇ ਸਮਿਆਂ 'ਚ ਤੇ ਉਸ ਡੋਲ ਦੇ ਨਾਲ ਮੌਣ ਘਸ ਜਾਂਦੀ ਸੀ। ਘਸੀ ਹੋਈ ਮੌਣ ਦੇ ਵਿਚ ਲੱਜ ਗਿਰ ਪੈਂਦੀ ਸੀ, ਬਾਹਰ ਕੱਢਦੇ ਸੀ ਸਿਆਣੇ ਬੰਦੇ ਕਿ ਮੇਰੀ ਲੱਜ ਨਾ ਘੱਸ ਜਾਵੇ, ਲੇਕਿਨ ਇਕ ਦੋ ਵਾਰੀ ਤਾਂ ਉਨ੍ਹਾਂ ਨੇ ਕਰਨਾ, ਭਾਰ ਜ਼ਿਆਦਾ ਹੁੰਦਾ ਡੋਲ ਵਿਚ, ਮੁੜ ਕੇ ਫੇਰ ਉਹਦੇ ਨਾਲ ਹੀ ਲਗ ਜਾਣੀ, ਐਸੇ ਤਰ੍ਹਾਂ ਮਨ ਦੇ ਅੰਦਰ ਬੇਅੰਤ ਖਿਆਲਾਂ ਦੇ **gro0ve** ਪਏ ਹੋਏ ਨੇ, ਘਾਸਾਂ ਪਈਆਂ ਹੋਈਆਂ ਨੇ। ਮਹਾਰਾਜ ਕਹਿੰਦੇ ਐਨੇ ਫੈਲ ਗਏ ਨਾ ਕਿ ਇਹਦੇ ਵਿਚੋਂ ਮਨ ਨਿਕਲਦਾ ਨਹੀਂ ਹੈ-ਕਿਸੇ ਵੀ ਤਰੀਕੇ ਨਾਲ।

*ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥*
*ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ॥*
*ਅੰਗ - ੧੪੬*

ਕਹਿੰਦੇ, ਮਨ ਗੋਤੇ ਖਾਂਦਾ ਹੈ, ਫੇਰ ਚਲਿਆ ਜਾਂਦਾ ਹੈ, ਫੇਰ ਚਲਿਆ ਜਾਂਦਾ ਹੈ। ਫੈਲਿਆਂ ਹੋਇਆ ਮਨ ਹਰੀ

ਦਾ ਜਸ ਨਹੀਂ ਸੁਣ ਸਕਦਾ, ਨਾ ਵਿਚਾਰ ਸੁਣ ਸਕਦਾ ਹੈ। ਉਹਨੇ ਦੌੜਨਾ ਹੀ ਦੌੜਨਾ ਹੈ, ਕਿਉਂਕਿ ਉਹ ਜਿਹੜੇ ਘਾਸੇ ਪਏ ਹੋਏ ਨੇ ਖਿਆਲਾਂ ਦੇ, ਉਹਦੇ ਵਿਚੋਂ ਕਿਸੇ ਨਾ ਕਿਸੇ ਲੀਹ ਵਿਚ ਉਹਨੇ ਗਿਰ ਹੀ ਪੈਣਾ ਹੈ। ਭਾਵੇਂ ਇਹਦੇ ਵਿਚ ਦੋਸ਼ ਨਹੀਂ ਹੈ ਕੋਈ ਵੀ, ਕੋਈ ਚੀਜ਼ ਨਹੀਂ ਹੈ ਜਿਹੜੀ ਤੁਹਾਨੂੰ ਨਰਕਾਂ ਵਿਚ ਲੈ ਜਾਵੇ, ਪਰ ਸਾਡਾ ਸਮਾਂ ਬਰਬਾਦ ਹੋ ਗਿਆ। ਉਹਦੇ ਨਾਲ ਕੀ ਹੋਏਗਾ, ਸਾਡੇ ਖਾਸ ਖਿਆਲ ਸਾਡੇ ਉਤੇ ਹਾਵੀ ਹੋ ਜਾਣਗੇ, ਉਹ ਸਾਡੇ ਮਨ ਨੂੰ ਫੜ ਲੈਣਗੇ। ਫੜੇ ਹੋਏ ਮਨ ਦੇ ਵਿਚ ਤਾਕਤ ਨਹੀਂ ਹੈ ਕਿ ਇਹ ਆਪਣੇ ਆਪ ਨਿਕਲ ਜਾਵੇ। ਉਹ ਉਸੇ ਖਿਆਲ ਵਿਚ ਚਲਿਆ ਜਾਂਦਾ ਹੈ। ਪੜ੍ਹਨ ਲਿਖਣ ਵਾਲੇ ਦਾ, ਬੇਅੰਤ ਕਿਤਾਬਾਂ ਪੜ੍ਹਨ ਵਾਲੇ ਦਾ, ਚਾਹੇ ਮਾੜੀ ਗੱਲ ਨਹੀਂ ਕਿਤਾਬਾਂ ਪੜ੍ਹਨੀਆਂ ਪਰ ਮਨ ਉਥੇ ਹੀ ਪੈ ਜਾਂਦਾ ਹੈ। ਕਾਰੋਬਾਰ ਕਰਦਾ ਹੈ ਆਦਮੀ, ਇੰਡਸਟਰੀਆਂ ਚਲਾਉਂਦਾ ਹੈ, ਜਾਂ ਹੋਰ ਕੰਮ ਕਰਦਾ ਹੈ, ਖੇਤੀ-ਬਾੜੀ ਕਰਦਾ ਹੈ, ਉਹਦਾ ਮਨ ਉਹਦੇ ਵਿਚ ਹੀ ਗਿਰਿਆ ਰਹਿੰਦਾ ਹੈ। ਨਤੀਜਾ ਕੀ ਹੁੰਦਾ ਹੈ ਕਿ ਜਿਹੜੇ ਸਵਾਸ ਸਾਨੂੰ ਵਾਹਿਗੁਰੂ ਨੇ ਗਿਣਤੀ ਦੇ ਦਿਤੇ ਨੇ, ਉਹ ਏਸੇ ਉਧੇੜ ਬੁਣ ਦੇ ਵਿਚ ਲੰਘ ਜਾਂਦੇ ਨੇ। ਉਹਦੇ ਨਾਲ ਵਾਸ਼ਨਾਵਾਂ ਪੱਕ ਜਾਂਦੀਆਂ ਹਨ, ਵਾਸ਼ਨਾਵਾਂ ਪੱਕਣ ਦੇ ਨਾਲ, ਜਿਹੜੀ ਵਾਸ਼ਨਾ ਸਾਨੂੰ ਅੰਤ ਦੇ ਸਮੇਂ ਪ੍ਰਬਲ ਹੋ ਕੇ, ਅਸਰ ਪਾਏਗੀ ਸਾਡੇ ਉਤੇ ਉਸ ਵਾਸ਼ਨਾ ਦੇ ਮੁਤਾਬਿਕ ਸਾਡਾ ਜਨਮ ਹੋ ਜਾਣਾ ਹੈ। ਇਸ ਕਰਕੇ ਉਹ ਵਾਸ਼ਨਾ ਜੋ ਬਣ ਜਾਣੀ, ਉਹਦੇ ਮੁਤਾਬਿਕ ਜਨਮ ਹੋ ਜਾਣਾ, ਇਹ ਗੱਲ ਗਲਤ ਹੈ।

ਏਸ ਗੱਲ ਨੂੰ ਸਮਝਣ ਦਾ ਯਤਨ ਕਰੋ। ਪਾਪ ਅਸੀਂ ਕੋਈ ਨਹੀਂ ਕਰਿਆ, ਕਿਸੇ ਨੂੰ ਦੁਖ ਨਹੀਂ ਦਿਤਾ। ਕਿਸੇ ਦਾ ਗਲ ਨਹੀਂ ਵੱਢਿਆਂ, ਕੋਈ ਨਸ਼ੇ ਨਹੀਂ ਅਸੀਂ ਕੀਤੇ, ਲੇਕਿਨ ਸਾਡਾ ਮਨ ਜਿਹੜਾ ਹੈ ਉਹ ਵਾਸ਼ਨਾ 'ਚ ਪੈ ਗਿਆ। ਵਾਸ਼ਨਾ ਨੇ ਤਾਂ ਫਲ ਦੇਣਾ ਹੀ ਦੇਣਾ ਹੈ।

ਕ੍ਰਿਸ਼ਨ ਮਹਾਰਾਜ ਕਹਿੰਦੇ ਨੇ ਹੇ ਅਰਜਨ! ਜਨਮ ਦੀ ਹੇਤੂ ਜੋ ਹੈ ਉਹ ਵਾਸ਼ਨਾ ਹੈ। ਬਹੁਤ ਸਿਆਣੇ ਲੋਕ ਜਿਹੜੇ ਨੇ ਉਹ ਵਾਸ਼ਨਾ ਦੇ ਉਤੇ ਕਾਬੂ ਪਾ ਲੈਂਦੇ ਨੇ। ਉਹ ਐਉਂ ਸਮਝ ਲਓ ਜਿਵੇਂ ਗਲ ਕੱਟ ਦਰਖਤ ਹੁੰਦੇ ਨੇ, ਉਤੋਂ ਵੱਢ ਦਿੰਦੇ ਹਾਂ, ਵੱਡਾ ਬੋਝ ਤਾਂ ਲਹਿ ਗਿਆ ਉਸਦਾ, ਦਰਖਤ ਵੱਢ ਦਿਤਾ, ਲੇਕਿਨ ਜੜ੍ਹ ਨਹੀਂ ਓਹਦੀ ਪੁੱਟੀ। ਜਦੋਂ ਬਾਰਸ਼ਾਂ ਹੋਣਗੀਆਂ, ਸਮਾਂ ਆਏਗਾ ਉਸ ਵੇਲੇ ਉਸ ਵਿਚੋਂ ਫੇਰ ਦੁਬਾਰਾ ਕਰੂਬਲਾਂ ਨਿਕਲ ਆਉਣਗੀਆਂ, ਸ਼ਾਖਾ ਨਿਕਲ ਆਉਣਗੀਆਂ। ਮੁੜ ਕੇ ਓਡਾ ਹੀ ਦਰਖਤ ਬਣ ਜਾਏਗਾ। ਕਿਉਂਕਿ ਜੜ੍ਹ ਦਾ ਨਾਸ਼ ਨਹੀਂ ਹੋਇਆ, ਉਪਰੋਂ ਨਾਸ਼ ਕਰ ਦਿਤਾ ਗਿਆਨ ਦੇ ਨਾਲ। ਪੜ੍ਹਨ ਲਿਖਣ ਦੇ ਨਾਲ ਥੋੜ੍ਹੀ ਮਿਹਨਤ ਕਰਕੇ। ਲੇਕਿਨ ਅੰਦਰੋਂ ਵਾਸ਼ਨਾ ਚਲ ਰਹੀ ਹੈ। ਵਾਸ਼ਨਾ ਕਿਸੇ ਕਿਸਮ ਦੀ ਹੀ ਹੈ ਚਾਹੇ।

**ਪਰਉਪਕਾਰ ਦੀ ਵਾਸ਼ਨਾ** - ਪਰਉਪਕਾਰ ਮਾੜੀ ਚੀਜ਼ ਨਹੀਂ, ਚੰਗੀ ਚੀਜ਼ ਗਿਣੀ ਗਈ ਹੈ। ਲੇਕਿਨ ਪਰਉਪਕਾਰ ਦੀ ਜੋ ਵਾਸ਼ਨਾ ਕਰਦਾ ਹੈ ਕਿ ਮੈਂ ਆਹ ਕੰਮ ਕਰਨਾ ਹੈ, ਆਹ ਕਰਨਾ ਹੈ, ਆਹ ਨੇਕੀ ਕਰਨੀ ਸੀ, ਕਾਲਜ ਬਣਾਉਣੇ ਸੀ, ਸਕੂਲ ਬਣਾਉਣੇ ਸੀ, ਮੈਂ ਹਸਪਤਾਲ ਬਣਾਉਣੇ ਸੀ, ਬੜੀ ਚੰਗੀ ਨੇਕ ਗੱਲ ਹੈ, ਪਰ ਉਹ ਵਾਸ਼ਨਾ ਬਣ ਗਈ। ਲੇਕਿਨ ਉਹ ਆਦਮੀ ਨੂੰ ਉਪਰ ਨਹੀਂ ਜਾਣ ਦਿੰਦੀ। ਐਸੇ ਮੰਡਲ ਵਿਚ ਰੱਖੇਗੀ, ਇਥੋਂ ਬਾਹਰ ਨਹੀਂ ਨਿਕਲਣ ਦਿੰਦੀ। ਸੋ ਇਹ ਗੱਲ ਸਮਝੋ ਸਾਰੇ।

ਉਸੇ ਵਾਸ਼ਨਾ ਨੇ ਸਮੇਂ ਸਿਰ, ਕਿਉਂਕਿ ਅੰਤ ਦੇ ਸਮੇਂ ਉਹੀ ਚੀਜ਼ ਆ ਜਾਣੀ ਹੈ।

*ਸਾਈ ਵਸਤੁ ਪਰਾਪਤਿ ਹੋਈ*
*ਜਿਸੁ ਸਿਉ ਲਾਇਆ ਹੇਤੁ ॥*
*ਕਹੁ ਨਾਨਕ ਪ੍ਰਾਣੀ ਚਉਥੈ ਪਹਰੈ*
*ਲਾਵੀ ਲੁਣਿਆ ਖੇਤੁ ॥* ***ਅੰਗ - ੭੫***

ਜਿਹੜੀ ਚੀਜ਼ ਨਾਲ ਜ਼ਿੰਦਗੀ ਭਰ ਚਿੱਤ ਲਾਇਐ, ਉਹੀ ਹੋ ਜਾਂਦੀ ਹੈ।

ਇੰਗਲੈਂਡ ਦੇ ਅੰਦਰ ਇਕ ਐਸਾ ਵਰਗ ਹੈ, ਉਹ ਰੂਹਾਂ ਨਾਲ ਗੱਲ ਕਰਦਾ ਹੈ। ਸੈਕਸਪੀਅਰ ਦੀ ਰੂਹ ਨੂੰ ਉਨ੍ਹਾਂ ਨੇ ਬੁਲਾਇਆ, ਉਨ੍ਹਾਂ ਦਾ ਤਰੀਕਾ ਇਹ ਹੈ ਕਿ ਪਹਿਲਾਂ ਗੱਲ ਪੁੱਛਦੇ ਨੇ, ਫੇਰ ਪੁੱਛ-ਤਾਛ ਕਰਦੇ ਨੇ ਫੇਰ ਉਹਨੂੰ ਦੁਬਾਰਾ ਬੁਲਾਉਂਦੇ ਨੇ। ਉਸ ਨੂੰ ਮੀਡੀਆ ਦੇ ਰਾਹੀਂ ਦੁਬਾਰਾ ਬੁਲਾਇਆ। ਤਾਂ ਉਸ ਨੇ ਦੱਸਿਆ ਕਿ ਮੈਂ ਸੈਕਸ਼ਪੀਅਰ ਹਾਂ।

ਕਹਿੰਦੇ, ਤੂੰ ਕੰਮ ਕੀ ਕਰਦਾ ਹੈਂ ਇਥੇ?

ਕਹਿੰਦਾ, ਮੈਂ ਕਿਤਾਬਾਂ ਲਿਖਦਾ ਹਾਂ।

ਹਾਲਾਂਕਿ ਉਥੇ ਕਾਗਜ਼ ਕੋਈ ਨਹੀਂ, ਪ੍ਰੈਸ ਕੋਈ ਨਹੀਂ, ਉਸ ਵਾਸ਼ਨਾ ਨੇ ਪਸਾਰਾ ਪਸਾਰ ਦਿਤਾ ਉਥੇ ਸਾਰਾ ਹੀ। ਜਿਹੋ ਜਿਹੀ ਵਾਸ਼ਨਾ ਉਹੋ ਜਿਹਾ ਉਹਦਾ ਚੌਗਿਰਦਾ ਹੋ ਗਿਆ।

ਕਹਿੰਦਾ, ਹੁਣ ਮੈਨੂੰ ਇਹ ਕਹਿੰਦੇ ਨੇ ਕਿ ਦੁਬਾਰਾ ਸੰਸਾਰ ਉੱਤੇ ਜਾਹ, ਉਥੇ ਜਾ ਕੇ ਆਪਣੀ ਅਧੂਰੀ ਵਾਸ਼ਨਾ ਪੂਰੀ ਕਰ। ਪੂਰੀ ਕਰਨ ਦੇ ਨਾਲ, ਫੇਰ ਤੂੰ ਵਾਸ਼ਨਾ ਦਾ ਖਾਤਮਾ ਕਰੇਂਗਾ ਤਾਂ ਏਸ ਮੰਡਲ ਤੋਂ ਉਤੇ ਜਾ ਸਕੇਂਗਾ ਨਹੀਂ ਤਾਂ ਇਥੋਂ ਧਰਤੀ ਤੇ, ਧਰਤੀ ਤੋਂ ਇਥੇ। ਕਿਉਂਕਿ ਨਰਕਾਂ 'ਚ ਤਾਂ ਜਾਂਦਾ ਨਹੀਂ। ਨੇਕ ਬੰਦਾ ਨਰਕਾਂ ਵਿਚ ਜਾਂਦਾ ਨਹੀਂ ਹੈ। ਪਰ ਉਹ ਫਸ ਤਾਂ ਗਿਆ ਨਾ ਦੋ ਚੀਜ਼ਾਂ ਦੇ ਅੰਦਰ।

ਸੋ ਵਾਸ਼ਨਾ ਜਿਹੜੀ ਹੈ, ਜਦੋਂ ਤਕ ਵਾਸ਼ਨਾ ਦਾ ਖਾਤਮਾਂ ਨਹੀਂ ਹੁੰਦਾ, ਓਨੀ ਦੇਰ ਤਕ ਸਾਡਾ ਜਨਮ ਮਰਨ ਹਟਦਾ ਨਹੀਂ ਹੈ। ਕਿਉਂਕਿ ਵਾਸ਼ਨਾ ਹਉਮੈ ਦਾ ਹੀ ਇਕ ਵਿਭਾਗ **department** ਹੈ। ਹਉਮੈਂ ਦੇ ਇਕ ਵੱਡੇ ਵਿਭਾਗ **department** ਦੀ ਸਬ ਬਰਾਂਚ ਹੈ ਵਾਸ਼ਨਾ। ਵਾਸ਼ਨਾ ਮਾੜੇ ਤੋਂ ਮਾੜੇ ਥਾਉਂ ਵੀ ਲੈ ਜਾਂਦੀ ਹੈ, ਚੰਗੇ ਤੋਂ ਚੰਗਾ ਵੀ ਲੈ ਜਾਂਦੀ ਹੈ। ਪੈਸਾ ਆਦਮੀ ਦੇ ਨਿਰਬਾਹ ਵਾਸਤੇ ਬੜਾ ਜ਼ਰੂਰੀ ਹੈ। ਕੁਲੀ, ਜੁਲੀ, ਗੁਲੀ। ਉਹਨੇ ਆਪਣੇ ਆਪ ਨੂੰ **maintan** ਕਰਨਾ ਹੈ। ਜੇ ਕੋਈ ਬੰਦਾ ਸੋਹਣਾ ਰਹਿੰਦਾ ਹੈ। ਉਹਦੇ ਵਿਚ ਕੋਈ ਹਰਜ਼ ਨਹੀਂ ਹੈ, ਉਹਦੀ ਪਰਾਲਬਧ ਐਸੀ ਹੈ ਕਿ ਉਹਨੂੰ ਸੋਹਣਾ ਰਹਿਣਾ ਮਿਲਣਾ ਹੀ ਮਿਲਣਾ ਹੈ। ਸਵਾਰੀਆਂ ਨੇ ਜੇ ਉਹਦੇ ਕੋਲ, ਨੇਕ ਕਮਾਈ ਦੇ ਵਿਚੋਂ ਜੇ ਸਵਾਰੀਆਂ ਲੈਂਦਾ ਹੈ ਕੋਈ, ਉਹਦਾ ਫਰਕ ਨਹੀਂ ਪੈਂਦਾ। ਪਰ ਜੇ ਉਹ ਵਾਸ਼ਨਾ ਦੇ ਵਿਚ ਫਸ ਗਿਆ ਤਾਂ ਉਹਦਾ ਬੜਾ ਭਾਰਾ ਫਰਕ ਹੈ। ਕਿਉਂਕਿ ਵਾਸ਼ਨਾ ਦੇ ਨਾਲ –

***ਅੰਤਿ ਕਾਲਿ ਜੋ ਮੰਦਰ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ ॥***
*ਪ੍ਰੇਤ ਜੋਨਿ ਵਲਿ ਵਲਿ ਅਉਤਰੈ॥ ਅੰਗ - ੩੭੫*

ਕੋਠੀਆਂ ਬਣਾਉਂਦਾ ਰਿਹਾ, ਇਹ ਸੋਚ ਕੇ ਮੇਰੀ ਐਨੀ ਜਾਇਦਾਦ ਬਣ ਜਾਏ, ਪਰ ਮਰਨ ਵੇਲੇ ਸੁਰਤ ਉਹਦੇ ਵਿਚ ਰਹਿ ਗਈ। ਉਹਦਾ ਨਤੀਜਾ ਕੀ ਹੋਇਆ, ਉਹਨੂੰ ਪ੍ਰੇਤ ਬਣਨਾ ਪੈਣਾ ਹੈ। ਪੈਸੇ, ਟਕੇ ਦੇ ਵਿਚ ਵਾਸ਼ਨਾ ਰਹਿ ਜਾਏ, ਮਹਾਰਾਜ ਕਹਿੰਦੇ ਉਸਨੂੰ ਸੱਪ ਬਣਨਾ ਪੈਣਾ ਹੈ। ਸੋ ਇਸ ਤਰ੍ਹਾਂ ਸਾਨੂੰ ਕੁਛ ਕਰਮਾਂ ਦੇ ਨਾਲ ਜੂਨੀਆਂ ਮਿਲਦੀਆਂ ਨੇ, ਕੁਛ ਵਾਸ਼ਨਾ ਨਾਲ ਮਿਲਦੀਆਂ ਨੇ। ਕਰਮ ਅਸੀਂ ਕਰਦੇ ਹਾਂ –

***ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ ॥***
*ਅੰਗ - ੨੭੯*

ਸੰਤਾਂ ਦੀ ਨਿੰਦਿਆ ਕਰਦਾ ਹੈ, ਮਾੜੀਆਂ ਗੱਲਾਂ ਕਰਦਾ ਹੈ, ਸੰਤਾਂ ਦੇ ਨਾਲ ਵੈਰ ਕਰਦਾ ਹੈ, ਕਹਿੰਦੇ ਕੁੱਤਿਆਂ ਦੇ ਸਿਰ ਵਿਚ ਜਿਹੜੇ ਕੀੜੇ ਪੈਂਦੇ ਨੇ, ਗਿੱਦੜਾਂ ਦੇ ਉਹ ਕੀੜਾ ਬਣਨਾ ਪੈਂਦਾ ਹੈ। ਕਿਥੇ ਲੈ ਗਿਆ ਕੀਤਾ ਹੋਇਆ ਕਰਮ।

***ਜਿਸ ਕੈ ਅੰਤਰਿ ਰਾਜ ਅਭਿਮਾਨੁ ॥***
*ਅੰਗ - ੨੭੮*

ਅਥਾਰਟੀ ਮਿਲ ਗਈ ਕੋਈ, ਕਿਸੇ ਮਹਿਕਮੇ ਦੀ ਮਿਲ ਗਈ, ਵੱਡਾ ਹੋ ਗਿਆ, ਆਫੀਸਰ ਬਣ ਗਿਆ, ਉਸ ਅਥਾਰਟੀ ਦੇ ਨਾਲ ਉਹਦਾ ਦਿਮਾਗ **pollute** ਹੋ ਗਿਆ, ਅਭਿਮਾਨ ਆ ਗਿਆ ਉਹਦੇ ਅੰਦਰ ਕਿ ਮੈਂ ਵੱਡਾ ਅਫਸਰ ਹਾਂ, ਮੇਰੇ ਅਖਤਿਆਰ ਵਿਚ ਨੇ ਸਭ ਗੱਲਾਂ। ਮੈਂ ਐਉਂ ਕਰ ਸਕਦਾ ਹਾਂ, ਆਹ ਕਰ ਸਕਦਾ ਹਾਂ। ਮਹਾਰਾਜ ਕਹਿੰਦੇ ਦੇਖੋ, ਨਿੱਕੀ ਜਿਹੀ ਗਲਤੀ ਹੁੰਦੀ ਹੈ–

***ਸੋ ਨਰਕਪਾਤੀ ਹੋਵਤ ਸੁਆਨੁ ॥ ਅੰਗ - ੨੭੮***

ਨਰਕ ਦੇ ਵਿਚ ਉਹਨੂੰ ਜਾਣਾ ਪੈਂਦਾ ਹੈ, ਜਦੋਂ ਦੁਬਾਰਾ ਧਰਤੀ ਤੇ ਆਉਂਦਾ ਹੈ, ਕੁੱਤੇ ਦਾ ਸਰੀਰ ਮਿਲਦਾ ਹੈ ਉਸਨੂੰ। ਸੋ ਇਹ ਵਾਸ਼ਨਾਵਾਂ ਦਾ ਅਸਰ ਹੁੰਦਾ ਹੈ ਸਾਡੇ ਉਤੇ। ਵਾਸ਼ਨਾ ਬਣਦੀ ਹੈ ਸੰਗਤ ਦੇ ਨਾਲ। ਹੁਣ ਮਹਾਰਾਜ ਇਹ ਕਹਿੰਦੇ ਨੇ ਕਿ ਤੂੰ ਸਤਿਸੰਗ ਕਰ, ਬਾਕੀ ਜਿਹੜੀਆਂ ਚੀਜ਼ਾਂ ਨੇ ਉਹ ਤੈਨੂੰ ਧੋਖੇ ਵਿਚ ਰਖਦੀਆਂ ਨੇ। ਲੈ ਜਾਂਦੀਆਂ ਨੇ ਨਰਕਾਂ ਵਿਚ। ਹੁਣ ਇਹਦੇ ਵਿਚ ਇਕ ਸੰਗਤ ਉਹ ਹੁੰਦੀ ਹੈ ਜਿਹਨੂੰ ਕੁਸੰਗ ਕਹਿੰਦੇ ਨੇ। ਆਦਮੀ ਗਲਤ ਖਿਆਲਾਂ ਵਿਚ ਪੈ ਗਿਆ, ਗਲਤ ਗੱਲਾਂ ਵਿਚ ਪੈ ਗਿਆ, ਚੋਰੀ ਕਰਨ ਲੱਗ ਗਿਆ, ਜੂਆ ਖੇਲ੍ਹਣ ਲਗ ਗਿਆ। ਸ਼ਰਾਬ ਪੀਣ ਲਗ ਗਿਆ, ਮਾਸ ਖਾਣ ਲਗ ਗਿਆ, ਡਾਕੇ ਮਾਰਨ ਲਗ ਗਿਆ, ਹੋਰ ਮਾੜੀਆਂ ਗੱਲਾਂ ਦੇ ਵਿਚ ਪੈ ਗਿਆ, ਨਿੰਦਿਆ ਕਰਦਾ ਹੈ, ਚੁਗਲੀਆਂ ਕਰਦਾ ਹੈ, ਈਰਖਾ ਕਰਦਾ ਹੈ ਤੇ ਕਪਟ ਕਰਦਾ ਹੈ, ਆਸਾ 'ਚ ਰਹਿੰਦਾ ਹੈ, ਤ੍ਰਿਸ਼ਨਾ 'ਚ ਰਹਿੰਦਾ ਹੈ। ਕਹਿੰਦੇ, ਇਹ ਜਿਹੜੇ ਕੁਸੰਗ ਨੇ ਇਹ ਕੁਸੰਗ ਆਦਮੀ ਨੂੰ ਮਾਰ ਲੈਂਦੇ ਨੇ। ਜਿਹੜਾ ਸੁਨਿਹਰੀ ਮੌਕਾ ਇਸ ਨੂੰ ਮਿਲਿਆ ਹੈ ਵਾਹਿਗੁਰੂ ਨੂੰ ਮਿਲਣ ਦਾ –

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥***
***ਅੰਗ - ੧੨***

ਇਹ ਇਹਦੇ ਹੱਥੋਂ ਲੰਘ ਜਾਂਦਾ ਹੈ। ਦੂਜਾ ਕੀ ਹੈ ਕੁਸੰਗ ਦੇ ਵਿਚ ਅਸੀਂ ਬੀਜ ਬੀਜਦੇ ਹਾਂ, ਉਹ ਬੀਜ ਸਾਨੂੰ ਵੱਢਣੇ ਪੈਂਦੇ ਨੇ। ਔਖਾ ਹੋ ਜਾਂਦਾ ਹੈ, ਬੀਜ ਨਿੱਕਾ ਜਿਹਾ ਹੈ, ਚਾਰ ਉਂਗਲ ਦੀ ਜੁਬਾਨ ਹੈ। ਚਾਰ ਉਂਗਲ ਦੀ ਜੁਬਾਨ ਦੇ ਨਾਲ ਜੇ ਅਸੀਂ ਨਿੰਦਿਆ ਕਰਦੇ ਹਾਂ ਕਿਸੇ ਦੀ, ਨਾ ਕੋਈ ਵਾਹ ਨਾ ਕਿਸੇ ਨੂੰ ਜਾਣੀਏ, ਈਰਖਾ ਪਹਿਲਾਂ ਪੈਦਾ ਹੁੰਦੀ ਹੈ, ਨਿੰਦਿਆ ਬਾਅਦ ਵਿਚ ਆਉਂਦੀ ਹੈ। ਪਹਿਲਾਂ ਤਾਂ ਈਰਖਾ ਆਈ ਸਾਡੇ ਮਨ ਵਿਚ, ਕਿ ਫਲਾਣੇ ਦੀ ਬੜੀ ਮਹਿਮਾ ਹੈ, ਆਪ ਦੀ ਹੋ ਨਾ ਸਕੀ, ਮਨ 'ਚ ਈਰਖਾ ਆ ਗਈ। ਈਰਖਾ ਤੋਂ ਬਾਅਦ ਅਸੀਂ ਨਿੰਦਿਆ ਕਰਦੇ ਹਾਂ ਉਸਦੀ। ਨਿੰਦਿਆ ਕਰਨ ਦੇ ਨਾਲ ਕੀ ਹੁੰਦਾ ਹੈ ਕਿ ਚਾਰ ਉਂਗਲ ਦੀ ਜ਼ੁਬਾਨ ਨੇ ਚਾਰ ਅੱਖਰ ਤਾਂ ਕਹਿ ਦਿਤੇ। ਚਾਰ ਅੱਖਰ ਕਹਿਣ ਨਾਲ ਅਸੀਂ ਫਸ ਗਏ, ਇਹੀ ਜੇ ਚਾਰ ਅੱਖਰ ਸ਼ੁੱਭ ਕਹਿ ਦਿਤੇ ਜਾਣ ਉਹਦੇ ਨਾਲ ਛੁਟ ਜਾਂਦੇ ਹਾਂ। ਦੋ ਹੀ ਤਰੀਕੇ ਨੇ ਉਹ **extreem** ਤੇ ਏਧਰ ਨੇ ਉਹ ਐਧਰ ਨੇ। ਮਹਾਰਾਜ ਕਹਿੰਦੇ –

*ਨਿੰਦਾ ਭਲੀ ਕਿਸੈ ਕੀ ਨਾਹੀ*
*ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥*
*ਅੰਗ - ੭੫੫*

ਮਹਾਂਮੂਰਖ ਬੰਦੇ ਨਿੰਦਿਆ ਕਰਦੇ ਨੇ, ਨਰਕ ਦੇ ਵਿਚ ਜਾਂਦਾ ਹੈ। ਇਥੇ ਹੀ ਨਹੀਂ ਹੈ ਜੇ ਉਹਨੂੰ ਹਾਂ, ਹੂੰ ਕਰਨ ਵਾਲਾ ਵੀ ਲੱਭ ਜਾਵੇ, ਹੁੰਗਾਰਾ ਭਰਨ ਵਾਲਾ, ਉਹਦੇ ਤੇ ਵੀ ਅਸਰ ਹੋ ਜਾਂਦਾ ਹੈ। ਕੋਈ ਮਹਾਂਪੁਰਸ਼ ਹੈ, ਨਾ ਅਸੀਂ ਜਾਣਦੇ ਹਾਂ, ਨਾ ਕੁਛ ਪਤਾ ਹੈ, ਉਹ ਸੰਸਾਰ ਦਾ ਭਲਾ ਕਰਦਾ ਹੈ। ਉਹਦੀ ਨਿੰਦਿਆ ਕਰ ਦਿਤੀ, ਉਹ ਬੀਜ ਪੈ ਗਿਆ ਨਿੰਦਿਆ ਦਾ, ਸੰਸਾ ਪੈ ਗਿਆ, ਉਹ ਕੱਢਣ ਦਾ ਕੋਈ ਵੀ ਯਤਨ ਨਹੀਂ, ਉਹਨੂੰ ਦਰਖਤ ਬਣ ਜਾਣਾ ਹੈ। ਜਦੋਂ ਵੀ ਕੋਈ ਗੱਲ ਕਰਦਾ ਹੈ ਕਿ ਫਲਾਣੇ ਮਹਾਤਮਾ ਦਾ ਐਉਂ ਸੁਣਿਆ ਹੈ। ਓ ਸੁਣਿਆ ਵਾਲੀ ਗੱਲ ਜਿਹੜੀ ਹੈ ਮਹਾਰਾਜ ਕਹਿੰਦੇ ਜਿਹੜੀ ਹੈ ਨਾ -

*ਜੇ ਕੋਈ ਉਸ ਕਾ ਸੰਗੀ ਹੋਵੈ*
*ਨਾਲੇ ਲਏ ਸਿਧਾਵੈ॥*
*ਅਣਹੋਦਾ ਅਜਗਰੁ ਭਾਰੁ ਉਠਾਏ*
*ਨਿੰਦਕੁ ਅਗਨੀ ਮਾਹਿ ਜਲਾਵੈ ॥ ਅੰਗ - ੩੭੩*

ਜੇ ਨਰਕ ਨੂੰ ਆਪ ਜਾਂਦਾ ਹੈ ਤੇ ਨਾਲ ਜਿਹੜਾ ਹਾਂ ਹੂੰ ਕਰਨ ਵਾਲਾ ਹੈ, ਉਹ ਨੂੰ ਵੀ ਨਰਕ ਵਿਚ ਲੈ ਜਾਂਦਾ ਹੈ। ਕਿਉਂਕਿ ਕੁਸੰਗ ਹੋਇਆ ਤੇ ਕੁਸੰਗ ਦਾ ਅਸਰ ਹੋਇਆ। ਸੋ ਏਸ ਕਰਕੇ ਮਹਾਰਾਜ ਜੀ ਦਾ ਐਸਾ ਫੁਰਮਾਨ ਹੈ -

***ਧਾਰਨਾ - ਪਿਆਰੇ ਜੀ ਸਾਕਤਾਂ ਦਾ ਸੰਗ ਨਾ ਕਰੀਂ।***

***ਕਬੀਰ ਮਾਰੀ ਮਰਉ ਕੁਸੰਗ ਕੀ***
***ਕੇਲੇ ਨਿਕਟਿ ਜੁ ਬੇਰਿ॥***
***ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥***
***ਅੰਗ - ੧੩੬੯***

***ਕਬੀਰ ਸਾਕਤ ਸੰਗੁ ਨ ਕੀਜੀਐ***
***ਦੂਰਹਿ ਜਾਈਐ ਭਾਗਿ ॥***
***ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥***
***ਅੰਗ - ੧੩੭੧***

ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਮਿਸਾਲ ਦੇ ਕੇ ਦੱਸਿਆ ਹੈ ਕਿ ਚਾਵਲ ਦਾ ਸੰਗ ਉਹਦੇ ਛਿਲਕੇ ਨੇ ਕਰਿਆ, ਪਹਿਲਾਂ ਮੋਲ੍ਹੇ ਮਾਰ-ਮਾਰ ਕੇ ਇਹਨੂੰ ਕੱਢਦੇ ਸੀ ਤੇ ਉਹਦੇ ਉਤੇ ਮੋਲ੍ਹੇ ਪੈਂਦੇ ਨੇ ਤੇ ਨਿਕਲਦਾ ਵਿਚੋਂ ਚਾਵਲ ਹੈ। ਉਹਦੇ ਉਤੇ ਮੋਲ੍ਹੇ ਤਾਂ ਪਏ ਕਿਉਂਕਿ ਉਹਨੇ ਸੰਗਤ ਕੀਤੀ ਉਸਦੀ। ਇਕ ਹੋਰ ਮਿਸਾਲ ਦਿੰਦੇ ਨੇ ਕਿ ਕੇਲਾ ਖੜ੍ਹਾ ਹੈ ਬੇਰੀ ਦੇ ਨੇੜੇ, ਬੇਰੀ ਹਵਾ ਦੇ ਨਾਲ ਝੂਲਦੀ ਹੈ ਤੇ ਉਹਦੇ ਪੱਤੇ ਫੱਟ ਜਾਂਦੇ ਨੇ। ਅਖੀਰ ਦੇ ਉਤੇ ਫੁਰਮਾਨ ਕਰਦੇ ਨੇ ਕਿ ਕੁਸੰਗ ਕਰੋ ਹੀ ਨਾ। ਨੱਠ ਜਾਓ, ਕਿਉਂਕਿ ਦਾਗ ਲਗ ਜਾਏਗਾ ਜੀਵਨ ਤੇ। ਚਿੱਟੇ ਕੱਪੜੇ ਪਾ ਕੇ ਕਾਲੀ ਕੋਠੜੀ 'ਚ ਚਲੇ ਜਾਓ, ਉਡ ਕੇ ਹੀ ਦਾਗ ਲਗ ਜਾਂਦਾ ਹੈ ਚਿੱਟੇ ਕੱਪੜਿਆਂ ਤੇ। ਸੋ ਇਸ ਕਰਕੇ ਮਹਾਰਾਜ ਜੀ ਨੇ ਕੁਸੰਗ ਬਾਰੇ ਤਾਂ ਮਹਾਰਾਜ ਜੀ ਨੇ ਬਹੁਤ ਕਿਹਾ ਹੈ। ਬਹੁਤ ਸਾਰੇ ਪ੍ਰੇਮੀ ਇਹ ਖਿਆਲ ਕਰ ਲੈਂਦੇ ਨੇ ਕਿ ਮੇਰੇ ਤੇ ਅਸਰ ਨਹੀਂ ਹੁੰਦਾ ਕੁਸੰਗ ਦਾ। ਦਰਅਸਲ ਇਹ ਸੁਭਾਅ ਹੀ ਹੁੰਦਾ ਹੈ ਕਿ ਪਹਿਲਾਂ ਤਾਂ ਖਿਆਲ ਦ੍ਰਿੜ੍ਹ ਰਹਿੰਦੇ ਨੇ, ਹੌਲੀ ਹੌਲੀ ਅਸਰ ਹੋ ਜਾਂਦਾ ਹੈ। ਕਈਆਂ ਗੱਲਾਂ ਦਾ ਅਸਰ ਹੋ ਜਾਂਦਾ ਹੈ ਮਨ ਤੇ, ਕੁਝ ਸੰਸੇ ਵਿਆਪ ਜਾਂਦੇ ਨੇ, ਅਖੀਰ ਉਸੇ ਥਾਂ ਦੇ ਉਤੇ ਗਿਰ ਜਾਂਦਾ ਹੈ। ਵੱਡੇ-ਵੱਡੇ ਗਿਰੇ ਨੇ ਇਕ ਦੋ ਚਾਰ ਨਹੀਂ, ਬੇਅੰਤ ਮਿਸਾਲਾਂ ਨੇ। ਜਿਥੇ ਬੰਦਾ ਗਿਰ ਜਾਂਦਾ ਹੈ ਫੇਰ ਨਹੀਂ ਉਸ ਤੋਂ ਉਠ ਹੁੰਦਾ। ਸੋ ਜੋ ਕੁਸੰਗੀ ਹੈ ਉਹਦੇ ਬਚਨ ਇਹ ਹੁੰਦੇ ਨੇ 'ਨਾਮ' ਕੀ ਹੁੰਦਾ ਹੈ? ਇਹ ਐਵੇਂ ਫਜ਼ੂਲ ਗੱਲਾਂ ਨੇ ਕਿਉਂਕਿ ਆਪ ਸਮਝਿਆ ਨਹੀਂ ਹੁੰਦਾ, ਦੂਸਰੇ ਨੂੰ ਸਮਝਣ ਤੋਂ ਹਟਾਉਂਦੇ ਨੇ। ਮਹਾਰਾਜ ਕਹਿੰਦੇ ਉਨ੍ਹਾਂ ਦੀ ਮਿਸਾਲ ਇਹ ਹੈ ਕਿ ਅੰਮ੍ਰਿਤ ਹੈ ਤਾਂ ਮਿੱਠਾ ਪਰ ਉਨ੍ਹਾਂ ਨੇ ਚੱਖਿਆ ਨਹੀਂ ਉਹਨੂੰ ਕੌੜੀ ਕਹਿੰਦੇ ਨੇ, ਸ਼ਰਾਬ ਨੂੰ ਮਿੱਠਾ ਕਹਿੰਦੇ ਨੇ। ਕਹਿੰਦੇ ਨੇ ਇਨ੍ਹਾਂ ਨੂੰ ਕੀ ਪਤਾ।

ਇਥੇ ਇਕ ਪ੍ਰੇਮੀ ਆਉਂਦਾ ਸੀ ਮਟੌਰ ਦਾ, ਰੇੜ੍ਹਾ ਚਲਾਉਂਦਾ ਸੀ, ਉਹ ਸਿਗਰਟਾਂ ਪੀਈ ਜਾਂਦਾ ਹੁੰਦਾ, ਇਥੇ ਜਦੋਂ ਆਉਣਾ, ਮਜ਼ਦੂਰ ਲੱਗੇ ਹੋਏ ਸੀ ਇਥੇ ਕੰਮ ਕਰਨ ਨੂੰ, ਜਿਹੜਾ ਵੀ ਇਥੇ ਕੰਮ ਕਰਨ ਲੱਗੇ, ਉਹ ਅੰਮ੍ਰਿਤ ਛਕ ਲਵੇ। ਇਕ ਤਰ੍ਹਾਂ ਮਾਹੌਲ ਹੀ ਬਣ ਗਿਆ ਅੰਮ੍ਰਿਤਧਾਰੀਆਂ ਦਾ, ਮਜ਼ੂਦਰ ਵੀ ਆ ਗਏ। ਸਾਰੇ ਉਹਨੂੰ ਕਹਿਣ ਲੱਗ ਗਏ ਕਿ ਤੂੰ ਵੀ ਅੰਮ੍ਰਿਤ ਛਕ ਲੈ। ਕਹਿੰਦਾ ਵਾਹ ਬਈ ਵਾਹ। ਕਹਿੰਦਾ 'ਹੁਕਾ ਹਜਾਮਤ ਦਹੀਂ ਔਰ ਜਨਮ ਮੇਂ ਨਹੀਂ' ਕਹਿੰਦਾ ਨਾ ਤਾਂ ਡੰਗਰ ਹੁੱਕਾ ਪੀ ਸਕਦੇ ਨੇ, ਨਾ ਹਜ਼ਾਮਤ ਕਰਾ ਸਕਦੇ ਨੇ, ਇਹ ਚੀਜ਼ਾਂ ਤਾਂ ਮਾਨਸ ਜਨਮ ਵਿਚ ਹੀ ਮਿਲਦੀਆਂ ਨੇ।

ਜਦੋਂ ਚਾਰ-ਪੰਜ ਦਿਨ ਉਹਨੇ ਦੀਵਾਨ ਸੁਣੇ, ਸੁਣਦਾ ਰਿਹਾ ਜਿਸ ਦਿਨ ਅੰਮ੍ਰਿਤ ਛਕਾਉਣਾ ਸੀ। ਉਥੇ ਖੜ੍ਹਾ। ਮੈਂ ਪੁਛਿਆ ਕਿ ਤੂੰ ਕਿਵੇਂ ਖੜ੍ਹਾ ਹੈਂ, ਪੈਸੇ ਲੈਣੇ ਨੇ? ਕਹਿੰਦਾ, ਨਹੀਂ ਜੀ, ਮੈਂ ਸਾਰੇ ਬੱਚੇ ਲੈ ਕੇ ਆਇਆ ਹਾਂ, ਉਹ ਖੜ੍ਹੇ ਨੇ। ਮੈਨੂੰ ਦੱਸੋ ਕਿ ਕਕਾਰ ਕਿੱਥੋਂ ਮਿਲਦੇ ਨੇ? ਮੈਂ ਕਿਹਾ ਅਸੀਂ ਤੈਨੂੰ ਮੁਫਤ ਦੇਵਾਂਗੇ, ਤੇਰੇ ਤੋਂ ਨਹੀਂ ਅਸੀਂ ਪੈਸੇ ਲੈਣੇ। ਮੈਂ ਕਿਹਾ, ਤੇਰਾ ਮਨ ਬਣ ਗਿਆ? ਕਹਿੰਦਾ ਮੈਂ ਤਾਂ ਬੜੀ ਭੁੱਲ ਵਿਚ ਸੀਗਾ, ਮੈਨੂੰ ਤਾਂ ਪਤਾ ਹੀ ਨਹੀਂ ਸੀ ਏਸ ਗੱਲ ਦਾ ਕਿ ਇਹ ਜਨਮ ਜਿਹੜਾ ਹੈ ਇਹ ਕੌਡੀਆਂ ਦੇ ਭਾਅ ਜਾਂਦਾ ਹੈ। ਇਹ ਮੇਰੇ ਦਿਲ ਵਿਚ ਬਹਿ ਗਈ, ਹੁਣ ਮੈਂ ਅੰਮ੍ਰਿਤ ਛਕਣਾ ਹੈ।

ਅਸਰ ਤਾਂ ਸੰਗਤ ਦਾ ਹੁੰਦਾ ਹੈ, ਕੁਸੰਗੀ ਬੰਦੇ

ਅੰਮ੍ਰਿਤ ਨੂੰ ਕੌੜਾ ਕਹਿੰਦੇ ਨੇ –

***ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥***
***ਸਾਕਤ ਕੀ ਬਿਧਿ ਨੈਨਹੁ ਡੀਠੀ ॥***
***ਅੰਗ - ੮੯੨***

ਕੂੜ, ਕਪਟ ਅਤੇ ਅਹੰਕਾਰ। ਝੂਠ ਦੀ ਜ਼ਿੰਦਗੀ, ਕਪਟ ਦੀ ਜ਼ਿੰਦਗੀ ਤੇ ਅਭਿਮਾਨ ਦੀ ਜ਼ਿੰਦਗੀ ਇਹਦੇ ਵਿਚ ਰੁਝਿਆ ਰਹਿੰਦਾ ਹੈ।

***ਕੂੜਿ ਕਪਟਿ ਅਹੰਕਾਰਿ ਰੀਝਾਨਾ ॥***
***ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥***
***ਅੰਗ - ੮੯੨***

ਜਦੋਂ ਨਾਮ ਦੀ ਗੱਲ ਕਰੋ, ਉਠ ਕੇ ਚਲਿਆ ਜਾਏਗਾ। ਜਾਂ ਇਹਨੂੰ ਐਉਂ ਲੱਗੇਗਾ ਜਿਵੇਂ ਬਿੱਛੂ ਡੰਗ ਮਾਰਦਾ ਹੁੰਦਾ ਹੈ। ਜਿਹੜੀ ਭਲੇ ਦੀ ਗੱਲ ਕਹਿੰਦੇ ਨੇ ਮਹਾਂਪੁਰਸ਼ ਉਹ ਇਹਨੂੰ ਬੁਰੀ ਲਗਦੀ ਹੈ। ਕਹਿੰਦਾ ਹੈ ਕਿ ਜੇ ਰਿਸ਼ਵਤ ਨਾ ਲਈ ਤਾਂ ਗੁਜ਼ਾਰਾ ਕਿਵੇਂ ਹੋ ਜਾਏਗਾ? ਸੰਤ ਕਹਿੰਦੇ ਨੇ ਕਿ ਤੂੰ ਨੇਕ ਜੀਵਨ ਜਿਉਂ ਐਉਂ ਗੁਜ਼ਾਰਾ ਨਾ ਕਰ। ਇਹ ਥੋੜ੍ਹੇ ਦਿਨ ਦਾ ਕੰਮ ਤਾਂ ਹੈਗਾ ਚੰਗਾ ਜਦੋਂ ਤੈਨੂੰ ਪ੍ਰਮੇਸ਼ਰ ਦੇ ਨਾਲ ਮਿਲਾਪ ਹੋਣਾ ਉਸ ਵੇਲੇ ਇਹਨੇ ਬਹੁਤ ਵੱਡੀ ਰੁਕਾਵਟ ਬਣ ਕੇ ਖੜ੍ਹ ਜਾਣਾ ਹੈ। ਕਿਉਂਕਿ ਤੂੰ ਚਰਿੱਤਰ ਨੂੰ ਰੱਖ ਨਾ ਸਕਿਆ, ਭਾਵੇਂ ਇਹ ਗੱਲਾਂ ਅੱਜ ਦੇ ਜ਼ਮਾਨੇ ਦੇ ਅੰਦਰ ਬੜੀਆਂ ਪੁਰਾਣੀਆਂ ਲਗਦੀਆਂ ਨੇ, ਪਰ ਸਚਾਈ ਸਚਾਈ ਹੁੰਦੀ ਹੈ। ਉਹਨੂੰ ਕਿੰਨਾ ਹੀ ਰੂਪ-ਰੰਗ ਦੇ ਲਓ, ਲੇਕਿਨ ਜੋ ਸੱਚ ਹੈ ਉਹ ਸੱਚ ਰਹਿੰਦਾ ਹੈ, ਬਦਲਿਆ ਨਹੀਂ ਕਰਦਾ। ਕੋਈ ਵੀ ਸਮਾਂ ਦੁਨੀਆਂ 'ਚ ਐਸਾ ਨਹੀਂ ਆਇਆ ਜਦੋਂ ਅਸੀਂ ਬੁਰਿਆਈ ਨੂੰ ਚੰਗਿਆਈ ਬਣਾ ਲਈਏ।

ਜੇ ਸੱਚ ਦੀ ਗੱਲ ਕਹਿ ਦਓ ਤਾਂ ਕਹਿੰਦੇ ਨੇ ਕਿ ਲਾ-ਲਾ ਕਹਿੰਦੇ ਨੇ। ਕਿਉਂਕਿ ਗੁਰੂ ਨੇ ਤਾਂ ਬਾਣੀ ਦੇਈ ਜਾਣੀ ਹੈ, ਬਚਨ ਦੇਈ ਜਾਣੇ ਨੇ, ਜਿਹੜੇ ਬੰਦੇ ਦੇ ਐਹੋ ਜਿਹੇ ਕਰਤੱਬ ਨੇ ਉਹਨੂੰ ਇਹ ਲੱਗਣੇ ਸ਼ੁਰੂ ਹੋ ਜਾਂਦੇ ਨੇ। ਫੇਰ ਕਹਿੰਦਾ ਹੈ ਕਿ ਇਹ ਤਾਂ ਮੈਨੂੰ ਕਹਿ ਰਹੇ ਨੇ।

ਸੰਸਾਰ ਵਿਚ ਜਿੱਤ ਨੂੰ ਜਿੱਤ ਮੰਨਦਾ ਹੈ, ਲੇਕਿਨ ਦਰਗਾਹ ਦੇ ਵਿਚ ਹਾਰ ਜਾਂਦਾ ਹੈ। ਇਹਨੂੰ ਨਹੀਂ ਪਤਾ ਕਿ ਦਰਗਾਹ ਦੀ ਜਿੱਤ ਅਸਲੀ ਜਿੱਤ ਹੈ –

***ਐਸਾ ਕੰਮੁ ਮੂਲੇ ਨ ਕੀਚੈ***
***ਜਿਤੁ ਅੰਤਿ ਪਛੋਤਾਈਐ॥ ਅੰਗ - ੯੧੮***

ਕਿਉਂਕਿ ਅੰਤ ਵਾਲੀ ਗੱਲ ਜਿਹੜੀ ਹੈ ਉਹ ਸਹੀ ਹੋਣੀ ਚਾਹੀਦੀ ਹੈ। ਜੇ ਅੰਤ ਵਿਚ ਪਛਤਾਵਾ ਗਲ ਪੈ ਗਿਆ, ਫੇਰ ਕੀ ਹੁੰਦਾ ਹੈ, ਹੁਣ ਤਾਂ ਸਮਾਂ ਲੰਘ ਗਿਆ ਜਿਹੜਾ ਲੰਘਣਾ ਸੀ, ਉਹ ਤਾਂ ਹੱਥ ਨਹੀਂ ਆਉਂਦਾ ਮੁੜ ਕੇ-

***ਇਹੁ ਵਲੇਵਾ ਸਾਕਤ ਸੰਸਾਰ ॥ ਅੰਗ -੧੯੦***

ਕਹਿੰਦੇ, ਜਿਨ੍ਹਾਂ ਦਾ ਨਿਹਚਾ ਨਹੀਂ ਨਾ ਵਾਹਿਗੁਰੂ ਤੇ, ਇਹ ਉਨ੍ਹਾਂ ਦੀ ਵਰਤੋਂ ਹੈ, ਇਹ ਉਨ੍ਹਾਂ ਦੀ ਗੱਲ ਹੈ।

***ਜੋ ਹਲਾਹਲ ਸੋ ਪੀਵੈ ਬਉਰਾ ॥***
***ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ ॥***
***ਸਾਧਸੰਗ ਕੈ ਨਾਹੀ ਨੇਰਿ ॥***
***ਲਖ ਚਉਰਾਸੀਹ ਭ੍ਰਮਤਾ ਫੇਰਿ ॥ ਅੰਗ -੧੯੦***

ਜਿਹੜੀਆਂ ਜ਼ਹਿਰੀਆਂ ਚੀਜ਼ਾਂ ਨੇ ਉਨ੍ਹਾਂ ਨੂੰ ਪੀਂਦਾ ਹੈ, ਸ਼ਰਾਬਾਂ-ਕਬਾਬਾਂ, ਨਸ਼ੇ ਕਰਦਾ ਹੈ, ਜਰਦਾ ਖਾਂਦਾ ਹੈ।

ਸਾਧੂ ਦੀ ਸੰਗਤ ਦੇ ਨੇੜੇ ਆਉਣਾ ਪਸੰਦ ਨਹੀਂ ਕਰਦਾ। ਨਤੀਜਾ ਕੀ ਹੁੰਦਾ ਹੈ ? ਮਹਾਰਾਜ ਕਹਿੰਦੇ, ਪਿਆਰਿਓ! ਉਹਨੂੰ 84 ਲੱਖ ਜੂਨਾਂ ਦਾ ਚੱਕਰ ਖਾਣਾ ਹੀ ਪੈਂਦਾ ਹੈ। ਐਨੀ ਕੁ ਗੱਲ ਹੈ, ਪਰ ਜਿੱਤ ਕੇ ਹਾਰ ਗਿਆ। ਜਿੱਤਿਆ ਏਸ ਲਈ ਸੀ ਕਿ 83 ਲੱਖ, 99 ਹਜ਼ਾਰ, 999 ਕਈ ਮਹਾਂਪੁਰਸ਼ ਕਹਿੰਦੇ ਨੇ ਕਿ ਇਹਨੂੰ ਇਸ ਤਰ੍ਹਾਂ ਕਹੋ ਕਿ 84 ਲੱਖ ਜੂਨਾਂ ਦੇ ਚੱਕਰ ਤੋਂ ਬਾਅਦ ਉਹਨੂੰ ਮਨੁੱਖ ਦਾ ਜਾਮਾਂ ਪ੍ਰਾਪਤ ਹੋਇਆ। ਇਹ ਮਿਲਿਆ ਸੀ ਏਸ ਕਰਕੇ ਕਿ ਹੁਣ ਮੈਂ ਜਿੱਤ ਜਾਣਾ ਹੈ, ਲੇਕਿਨ ਇਹ ਕੁਸੰਗ 'ਚ ਪੈ ਕੇ ਇਸਨੂੰ ਹਾਰ ਕੇ ਚਲਿਆ ਗਿਆ। ਸੋ ਇਸ ਤਰ੍ਹਾਂ ਸੰਗਤ ਦਾ ਬਹੁਤ ਅਸਰ ਹੁੰਦਾ ਹੈ। ਮਹਾਰਾਜ ਕਹਿੰਦੇ ਇਕ ਤਾਂ ਕੁਸੰਗ ਹੈ, ਇਹਦੇ 'ਚ ਆਦਮੀ ਚਾਹੇ ਮਾੜੀ ਗੱਲ ਕਹਿੰਦਾ ਹੈ, ਚਾਹੇ ਨਹੀਂ ਕਹਿੰਦਾ, 'ਅਗਰ ਆਗ ਕੇ ਪਾਸ ਬੈਠੋਗੇ ਜਾ ਕੇ, ਉਠੋਗੇ ਇਕ ਦਿਨ ਕਪੜੇ ਜਲਾ ਕੇ' ਜਦੋਂ ਅਸੀਂ ਛੋਟੇ ਸੀ ਪਹਿਲੀ ਦੂਜੀ 'ਚ ਪੜ੍ਹਦੇ ਹੁੰਦੇ, ਉਥੇ ਲਿਖੀ ਹੋਈ ਸੀ ਇਹ ਗੱਲ। ਬੜੀ ਸੋਹਣੀ ਲਗਦੀ ਸੀ, ਪਰ ਅਸਰ ਕਰਦੀ ਸੀ, ਮੰਨ ਲੈਂਦੇ ਸੀ ਅਸੀਂ। ਹੁਣ ਵਾਂਗ ਨਹੀਂ ਸੀ ਕਹਿੰਦੇ ਕਿ ਅੱਗ ਦੇ ਨੇੜੇ ਜਾਓ ਹੀ ਨਾ ਕਿਵੇਂ ਕੱਪੜੇ ਜਲ ਜਾਣਗੇ। ਸੋ ਏਸ ਤਰ੍ਹਾਂ ਦੇ ਨਾਲ ਅਸਰ ਹੁੰਦਾ ਹੈ, ਕਸੰਗ ਦਾ, ਦੂਸਰਾ ਮਹਾਰਾਜ ਕਹਿੰਦੇ ਜੇ ਤੁਸੀਂ ਸਾਧੂਆਂ ਦੀ ਸੰਗਤ ਕਰ ਲਓ ਨਾ, ਕੇਵਲ ਸੰਗਤ ਕਰਨ ਨਾਲ ਕੋਈ ਬਚਨ ਹਿਰਦੇ 'ਚ ਵਸ ਜਾਵੇ, ਇਹ ਵੀ ਤੁਹਾਨੂੰ ਪਾਰ ਲੰਘਾਉਣ ਦੇ ਸਮਰਥ ਹੋ ਜਾਂਦਾ ਹੈ। ਐਸਾ ਫੁਰਮਾਨ ਹੈ –

***ਧਾਰਨਾ – ਤੇਰੀ ਦਰਗਹ 'ਚ ਸਹਾਇਤਾ ਕਰਨੀ,***
***ਸੰਗਤ ਕਰ ਲੈ ਸਾਧੂਆਂ ਦੀ।***

***ਕਬੀਰ ਸੰਗਤਿ ਕਰੀਐ ਸਾਧ ਕੀ***
***ਅੰਤਿ ਕਰੈ ਨਿਰਬਾਹੁ ॥***
***ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ॥***
***ਅੰਗ - ੧੩੬੯***

ਦੋਹਾਂ ਦਾ ਮਹਾਰਾਜ ਜੀ ਨੇ ਨਿਰਣਾ ਕਰਕੇ ਦੱਸਿਆ ਹੈ ਕਿ ਸਾਧਨਾ ਸੰਪੰਨ ਜੋ ਪੁਰਸ਼ ਨੇ ਜਿਨ੍ਹਾਂ ਨੂੰ

ਸਾਧੂ ਸੰਤ ਕਹਿੰਦੇ ਨੇ ਉਨ੍ਹਾਂ ਦੀ ਰਹਿਤ ਲਿਖੀ ਹੋਈ ਹੈ, ਗੁਰੂ ਗ੍ਰੰਥ ਸਾਹਿਬ ਦੇ ਅੰਦਰ ਕਿ ਕੌਣ ਹੁੰਦੇ ਨੇ। ਮਹਾਰਾਜ ਕਹਿੰਦੇ ਉਹ ਹੁੰਦੇ ਨੇ ਜਿਨ੍ਹਾਂ ਦੀ ਦ੍ਰਿਸ਼ਟੀ ਖੁਲ੍ਹ ਗਈ ਤੇ ਦੂਜਾ ਨਜ਼ਰ ਨਹੀਂ ਆਉਂਦਾ। ਦ੍ਵੈਤ ਖਤਮ ਹੋ ਗਈ ਤੇ ਇਕੋ ਹੀ ਪਾਰਬ੍ਰਹਮ ਪ੍ਰਮੇਸ਼ਰ ਨਜ਼ਰ ਆਉਂਦਾ ਹੈ। ਉਹ ਕਿਸੇ ਝਗੜੇ ਝਾਟਿਆਂ 'ਚ ਨਹੀਂ ਫਸਦੇ, ਕਿਉਂਕਿ ਉਨ੍ਹਾਂ ਦੀ ਨਿਗ੍ਹਾ ਪਾਰਬ੍ਰਹਮ ਪ੍ਰਮੇਸ਼ਰ ਤੇ ਹੁੰਦੀ ਹੈ। ਉਹ ਹੈ ਸਾਰਿਆਂ ਵਿਚ। ਉਹ ਭੁੱਲਦਾ ਨਹੀਂ, ਅਗਿਆਨ ਨਹੀਂ ਉਹਦੇ ਵਿਚੋਂ, ਅਗਿਆਨ ਸਾਰਾ ਖਤਮ ਹੋ ਗਿਆ। ਗਿਆਨ ਦਾ ਦੀਵਾ ਬਲ ਪਿਆ, ਚਾਨਣਾ ਹੋ ਗਿਆ ਅੰਦਰ। ਚਾਨਣੇ ਦੇ ਵਿਚ ਜਿਹੜਾ ਹਰ ਵਕਤ ਰਹਿੰਦਾ ਹੈ –

*ਜਿਨਾ ਸਾਸਿ ਗਿਰਾਸਿ ਨ ਵਿਸਰੈ*
*ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥*
*ਅੰਗ - ੩੧੯*

ਪ੍ਰਸ਼ਾਦਾ ਛਕਦੇ, ਕਪੜੇ ਪਾਉਂਦੇ, ਕਾਰੋਬਾਰ ਕਰਦੇ, ਜਿਨ੍ਹਾਂ ਨੂੰ ਕਿਸੇ ਸਮੇਂ ਵਾਹਿਗੁਰੂ ਨਹੀਂ ਭੁਲਦਾ ਉਹ ਸੰਤ ਹੋਇਆ ਕਰਦੇ ਨੇ। ਹੋਰ ਸੰਤ ਨਾ ਤਾਂ ਕਿਸੇ ਭੇਖ ਨੂੰ ਕਹਿੰਦੇ ਨੇ, ਨਾ ਕਿਸੇ ਡੇਰੇ 'ਚ ਰਹਿਣ ਵਾਲੇ ਨੂੰ ਕਹਿੰਦੇ ਨੇ, ਨਾ ਕਿਸੇ ਪਹਾੜਾਂ 'ਚ, ਬਰਫਾਂ 'ਚ ਬੈਠਣ ਵਾਲੇ ਨੂੰ ਕਹਿੰਦੇ ਨੇ। ਸੰਤ ਤਾਂ ਉਹੀ ਹੈ ਜਿਸਨੂੰ ਹਰ ਵਕਤ ਵਾਹਿਗੁਰੂ ਦੀ ਹਾਜ਼ਰੀ ਮਹਿਸੂਸ ਹੁੰਦੀ ਹੈ। ਚਾਹੇ ਉਹ ਕੋਈ ਕੰਮ ਕਰ ਰਿਹਾ ਹੈ, ਚਾਹੇ ਉਹ ਦੁਕਾਨ ਕਰ ਰਿਹਾ ਹੈ, ਚਾਹੇ ਫੌਜ ਵਿਚ ਨੌਕਰ ਹੈ, ਚਾਹੇ ਕੋਈ ਹੋਰ ਨੌਕਰੀ ਕਰ ਰਿਹਾ ਹੈ, ਕਿਸੇ ਥਾਂ ਵੀ ਹੈ, ਉਹ ਸਾਧੂ ਦੀ ਕੈਟਾਗਿਰੀ 'ਚ ਆ ਜਾਂਦਾ ਹੈ। ਉਹਦੀ ਸੰਗਤ ਨਿਰਬਾਹ ਕਰ ਦਿੰਦੀ ਹੈ, ਉਹਦੇ ਬਚਨਾਂ 'ਚ ਐਸੀ ਤਾਸੀਰ ਹੁੰਦੀ ਹੈ ਕਿ ਬੰਦੇ ਦਾ ਪਾਰ ਉਤਾਰਾ ਹੋ ਜਾਂਦਾ ਹੈ – ਦੋ ਚਾਰ ਬਚਨਾਂ 'ਚ ਹੀ। ਕਿਉਂਕਿ ਮਹਾਰਾਜ ਫੁਰਮਾਨ ਕਰਦੇ ਨੇ ਕਿ–

*ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥*
*ਤਿਸ ਕੀ ਸੀਖ ਤਰੈ ਸੰਸਾਰੁ ॥  ਅੰਗ - ੨੬੯*

ਜਿਹਦੇ ਅੰਦਰ ਨਿਰੰਕਾਰ ਦਾ ਵਾਸਾ ਹੋ ਗਿਆ, ਉਹਦੀ ਸਿਖਿਆ ਹੀ ਐਸੀ ਹੁੰਦੀ ਹੈ ਕਿ ਸੰਸਾਰ ਤਰ ਜਾਂਦਾ ਹੈ, ਇਕ ਦੋ ਚਾਰ ਨਹੀਂ।

ਜਨਮਸਾਖੀ ਵਿਚ ਬਹੁਤ ਸੋਹਣੀ ਸਾਖੀ ਆਉਂਦੀ ਹੈ ਜੋ ਸਾਡੀਆਂ ਅੱਖਾਂ ਖੋਲ੍ਹ ਦਿੰਦੀ ਹੈ ਕਿਉਂਕਿ ਉਹ ਬੜੇ ਪਰਉਪਕਾਰੀ ਸੀ ਜਿਹੜੇ ਪ੍ਰੇਮੀਆਂ ਨੇ ਗੁਰੂ ਨਾਨਕ ਪਾਤਸ਼ਾਹ ਦੇ ਕੁਛ ਬਚਨ ਸਾਡੇ ਤਕ ਪੁਚਾ ਦਿਤੇ, ਭਾਵੇਂ ਅੱਜ ਦੇ ਲਿਖਾਰੀ, ਜਾਂ ਪ੍ਰੋਫੈਸਰ, 400-500 ਸਾਲ ਤੋਂ ਬਾਅਦ ਆਹ ਗੱਲਾਂ ਕਹਿੰਦੇ ਨੇ ਕਿ ਨਹੀਂ ਜੀ ਆਹ ਤਾਂ ਸਾਨੂੰ ਲੱਭੀ ਨਹੀਂ ਜੀ ਕਿਤੋਂ। ਲੱਭਣ ਨੂੰ ਪੰਜ ਸੌ ਸਾਲ ਦੀ ਗੱਲ ਕਿੱਥੋਂ ਲੱਭ ਲਓਂਗੇ? ਆਪਣੇ ਘਰ ਵਿਚ ਗੁਆਚਿਆ ਕਾਗਜ਼ ਲੱਭੋ ਉਹ ਨਹੀਂ ਲੱਭਦਾ। ਉਹ ਗੱਲਾਂ ਕਿੱਥੋਂ ਲੱਭ ਲਓਂਗੇ? ਉਹ ਸੀਨੇ-ਬ-ਸੀਨੇ ਚਲੀਆਂ ਆ ਰਹੀਆਂ ਨੇ। ਲੇਕਿਨ ਬਹੁਤੀ ਮਿਲਾਵਟ ਨਹੀਂ ਹੁੰਦੀ, ਠੀਕ ਹੈ ਸਭ। ਗੁਰਬਾਣੀ ਦੇ ਮੁਤਾਬਿਕ ਹੀ ਹੈ ਸਭ ਕੁਝ।

ਸੋ ਇਕ ਗੁਰਸਿੱਖ ਦੇ ਪਾਸ ਗੁਰੂ ਨਾਨਕ ਪਾਤਸ਼ਾਹ ਠਹਿਰਦੇ ਨੇ ਜਾ ਕੇ। ਪੰਜ ਸੱਤ ਦਿਨ ਆਪ ਰਹੇ ਉਥੇ। ਬੜੀ ਸੰਗਤ ਇਕੱਠੀ ਹੋਣ ਲੱਗ ਗਈ ਤੇ ਉਹ ਬੜਾ ਧਨੀ ਹੈ ਇਲਾਕੇ ਦਾ ਗਿਣਿਆ ਹੋਇਆ। ਉਹਨੇ ਜਦੋਂ ਗੁਰੂ ਨਾਨਕ ਪਾਤਸ਼ਾਹ ਨੂੰ ਬੇਨਤੀ ਕਿ ਪਾਤਸ਼ਾਹ! ਮੇਰਾ ਪਾਰ ਉਤਾਰਾ ਹੋਣ ਦੀ ਵੀ ਕੋਈ ਵਿਉਂਤ ਬਣ ਸਕਦੀ ਹੈ?

ਮਹਾਰਾਜ ਕਹਿੰਦੇ, ਸੇਠ ਜੀ! ਤੇਰੇ ਪਾਰ ਉਤਾਰੇ 'ਚ ਤੇਰਾ ਧਨ ਬਾਧਕ ਹੈ। ਏਸ ਧਨ ਦਾ ਐਨਾ ਫੈਲਾਓ ਹੋ ਚੁੱਕਿਆ ਹੈ ਕਿ ਤੂੰ ਨਾਮ ਜਪਣਾ ਤੇਰੇ ਵਾਸਤੇ ਬੜਾ ਔਖਾ ਹੈ, ਬਾਕੀ ਹੈ ਤੂੰ ਸੂਦ ਵਿਆਜ ਦਾ ਕੰਮ ਕਰਦਾ ਹੈਂ, ਗਰੀਬਾਂ ਤੋਂ ਜੋੜ-ਜੋੜ ਕੇ ਧਨ ਇਕੱਠਾ ਕਰਿਆ ਹੈ। ਇਸ ਤੋਂ ਛੁਟਕਾਰਾ ਕਰਾ ਲੈ, ਤੂੰ ਤਰ ਜਾਏਂਗਾ। ਪੂਰਨ ਸੀਗੇ, ਉਸਨੇ ਉਨ੍ਹਾਂ ਦਾ ਬਚਨ ਮੰਨਿਆ ਤੇ ਉਸੇ ਵੇਲੇ ਧਨ ਜਿਹੜਾ ਸੀ ਉਹ ਗਰੀਬਾਂ ਦੇ ਵਾਸਤੇ, ਦੁਖੀਆਂ ਦੇ ਵਾਸਤੇ ਵੰਡਣਾ ਸ਼ੁਰੂ ਕਰ ਦਿਤਾ। ਛੇਤੀ-ਛੇਤੀ ਵੰਡਿਆ, ਐਨਾ ਵੰਡਿਆ ਕਿ ਨਾ ਘਰ ਰੱਖਿਆ ਕੋਲ, ਨਾ ਕੋਈ ਵਸਤਰ ਰੱਖਿਆ, ਸਾਰਿਆਂ ਤੋਂ ਛੁੱਟੀ ਪਾ ਕੇ, ਘਰ ਵਾਲੀ ਵੀ ਵਿਚਾਰੀ ਚੰਗੀ ਸੀ, ਇਕ ਥਾਂ ਤੇ ਚਲੇ ਗਏ।

ਉਹ ਕਹਿਣ ਲੱਗੀ ਕਿ ਹੁਣ ਆਪਾਂ ਕੀ ਕਰਾਂਗੇ, ਐਡੀ ਸ਼ਾਹੀਆਨਾ ਜ਼ਿੰਦਗੀ ਗੁਜ਼ਾਰ ਕੇ, ਹੁਣ ਤਾਂ ਆਪਣੇ ਕੋਲ ਕੱਲ੍ਹ ਨੂੰ ਰੋਟੀ ਖਾਣ ਲਈ ਜ਼ਿੰਦਗੀ ਨਹੀਂ ਹੈ। ਉਹ ਕਹਿੰਦਾ ਦੇਖ, ਮੈਨੂੰ ਵਾਹਿਗੁਰੂ ਨੇ ਹੱਥ ਪੈਰ ਦਿਤੇ ਨੇ। ਹੁਣ ਮੈਂ ਕਿਰਤ ਕਰਾਂਗਾ, ਮੇਰਾ ਜੀਵਨ ਜਿਹੜਾ ਹੈ ਉਹ ਨਹੀਂ ਰਿਹਾ। ਮੇਰੇ ਅੰਦਰ ਕੋਈ ਐਸੀ ਸ਼ਕਤੀ ਆ ਗਈ ਹੈ, ਕੋਈ ਐਸਾ ਖੇੜਾ ਆ ਗਿਆ, ਜਿਹਦਾ ਦੇਣ ਮੈਂ ਦੇ ਨਹੀਂ ਸਕਦਾ, ਜੋ ਕਿਸੇ ਕੀਮਤ ਤੇ ਮੈਨੂੰ ਮਿਲ ਹੀ ਨਹੀਂ ਸੀ ਸਕਦਾ। ਉਹ ਮੈਨੂੰ ਚੀਜ਼ ਪ੍ਰਾਪਤ ਹੋ ਗਈ, ਹਰ ਵਕਤ ਖੁਮਾਰੀ ਰਹਿੰਦੀ ਹੈ ਤੇ ਮੈਨੂੰ ਚਿੰਤਾ ਨਹੀਂ ਵਾਪਰਦੀ। ਮੈਂ ਮਿਹਨਤ ਕਰਾਂਗਾ, ਮਜ਼ਦੂਰੀ ਕਰਾਂਗਾ। ਤਿੰਨ ਚੀਜ਼ਾਂ ਦੀ ਲੋੜ ਹੈ, ਕੁੱਲੀ, ਗੁੱਲੀ, ਜੁੱਲੀ। ਆਪਾਂ ਕੁੱਲੀ ਪਾ ਲੈਣੀ ਹੈ, ਕਪੜਾ ਲੀੜਾ ਬਣ ਜਾਏਗਾ ਤੇ ਮੈਂ ਮਿਹਨਤ ਕਰਾਂਗਾ ਦਿਲ ਭਰ ਕੇ ਤੇ ਭਜਨ ਕਰਾਂਗੇ ਆਪਾਂ ਵਿਹਲੇ ਹੋ ਕੇ। ਨੇੜੇ ਕਿਉਂਕਿ ਸਾਰੇ ਜਾਣਦੇ ਸੀ ਉਹਨੂੰ, ਕਿਤੇ ਦੂਰ ਆ ਕੇ ਕਿਸੇ ਹੋਰ ਨਗਰ ਵਿਚ ਆ ਕੇ ਰਹਿਣਾ ਸ਼ੁਰੂ ਕਰ ਦਿਤਾ ਉਸਨੇ।

ਆਪਣਾ ਜੀਵਨ ਜੋ ਸੀ ਗੁਰਸਿੱਖਾਂ ਵਾਲਾ, ਅੰਮ੍ਰਿਤ ਵੇਲੇ ਉਠਣਾ, ਇਸ਼ਨਾਨ ਕਰਨਾ ਤੇ ਉਸ ਤੋਂ ਬਾਅਦ ਫੇਰ ਢਾਈ ਘੰਟੇ ਬਾਅਦ ਫੇਰ ਸੁਰਤੀ ਨੂੰ ਇਕਾਗਰ ਕਰਕੇ, ਸ਼ਬਦ ਸੁਰਤ ਦੇ ਮਾਰਗ ਦੇ ਨਾਲ ਆਪਣੀ ਬਿਰਤੀ ਨੂੰ ਅੰਦਰ ਲੈ ਕੇ ਜਾਣਾ। ਇਸ ਤਰ੍ਹਾਂ ਕਰਦਿਆਂ ਬਿਰਤੀ ਪ੍ਰਪੱਕ ਹੋ ਗਈ। ਮਹਾਰਾਜ ਦੀ ਕ੍ਰਿਪਾ ਸੀ, ਤੇ ਗਿਆਨ ਵਿਚ ਰਹਿੰਦਾ ਹੈ ਹਰ ਵਕਤ। ਹਰ ਵਕਤ ਜੁੜਿਆ ਰਹਿੰਦਾ ਹੈ, ਗੁਰੂ ਨਾਨਕ ਪਾਤਸ਼ਾਹ ਦੇ ਨਾਲ। ਬਾਦਸ਼ਾਹਾਂ ਦਾ ਬਾਦਸ਼ਾਹ ਲਗਦਾ ਹੈ, ਉਹਦੇ ਅੰਦਰ ਨਹੀਂ ਹੀਣਤਾ ਆਉਂਦੀ ਕਿਉਂਕਿ ਮਹਾਰਾਜ ਕਹਿੰਦੇ, ਹੀਣਤਾ ਤਾਂ ਜਿਹੜੇ ਪ੍ਰਮੇਸ਼ਰ ਤੋਂ ਟੁੱਟੇ ਹੋਏ ਹੁੰਦੇ ਨੇ ਉਨ੍ਹਾਂ 'ਚ ਆਇਆ ਕਰਦੀ ਹੈ, ਜਿਹੜੀ ਰੱਬ ਨਾਲ ਜੁੜੇ ਹੁੰਦੇ ਨੇ, ਉਨ੍ਹਾਂ ਦੇ ਅੰਦਰ ਤਾਂ ਇਕ ਨਵੀਂ ਬਾਦਸ਼ਾਹੀ ਹਰ ਵਕਤ ਰਹਿੰਦੀ ਹੈ, ਖਿੜੇ ਰਹਿੰਦੇ ਨੇ, ਉਹ ਸੁੱਖ ਬਾਦਸ਼ਾਹਾਂ ਨੂੰ ਨਹੀਂ ਹੈ, ਜਿਹੜਾ ਬੰਦਗੀ ਕਰਨ ਵਾਲਿਆਂ ਨੂੰ ਹੋਇਆ ਕਰਦਾ ਹੈ। ਇਕ ਫਕੀਰ ਰਾਜਾ ਕੋਲ ਹੈ, ਝਰੋਖੇ 'ਚੋਂ ਕੀ ਦੇਖਦਾ ਹੈ, ਪੋਹ ਦਾ ਮਹੀਨਾ ਹੈ। ਫਕੀਰ ਦੇ ਕੋਲ ਕੱਪੜਾ ਕੋਈ ਨਹੀਂ, ਮਾਮੂਲੀ ਕੱਪੜੇ ਨੇ ਤੇ ਆਪ ਕਪੜੇ ਲਪੇਟੀਂ ਬੈਠਾ ਹੈ, ਝਰੋਖੇ 'ਚੋਂ ਦੇਖ ਰਿਹਾ ਹੈ। ਦੇਖਦੇ-ਦੇਖਦੇ ਕੀ ਦੇਖਿਆ ਕਿ ਜਿਸ ਭੱਠ ਦੇ ਕੋਲ ਬੈਠਾ ਹੈ, ਉਸ ਭੱਠ ਵਿਚ ਵੜੀ ਜਾਂਦਾ ਹੈ, ਭੱਠ ਵੱਡਾ ਸੀ, ਜਦੋਂ ਅੰਮ੍ਰਿਤ ਵੇਲਾ ਹੋਇਆ, ਰਾਜੇ ਦੀ ਜਾਗ ਖੁਲ੍ਹੀ ਤਾਂ ਕਹਿਣ ਲੱਗਿਆ ਕਿ ਆਹ ਜਿਹੜਾ ਫਕੀਰ ਹੈ ਮੇਰੇ ਕੋਲ ਲੈ ਕੇ ਆਓ ਉਹਨੂੰ। ਰਾਜੇ ਦੇ ਕੋਲ ਲੈ ਆਂਦਾ। ਰਾਜਾ ਕਹਿਣ ਲੱਗਿਆ, ਕਿਉਂ ਸੰਤ ਜੀ! ਐਉਂ ਦੱਸ ਰਾਤ ਕਿਹੋ ਜਿਹੀ ਲੰਘੀ? ਕਹਿੰਦੇ, ਕੁਛ ਤੇਰੇ ਵਰਗੀ, ਕੁਛ ਤੇਰੇ ਤੋਂ ਬਹੁਤ ਵਧੀਆ।

ਕਿੰਨੀ ਕੁ ਵਧੀਆ?

ਕਹਿਣ ਲੱਗਿਆ, ਲੱਖਾਂ ਕਹਾਂ ਉਹ ਵੀ ਥੋੜ੍ਹਾ ਹੈ, ਕਰੋੜਾਂ ਕਹਾਂ ਉਹ ਵੀ ਥੋੜ੍ਹਾ ਹੈ।

ਉਹ ਕਿਵੇਂ? ਮੈਂ ਤਾਂ ਇਥੇ ਬਿਸਤਰਿਆਂ ਤੇ ਪਿਆਂ? ਗਦੈਲੇ ਮੇਰੇ ਕਿੰਨੇ ਨਰਮ ਨੇ, ਰਜਾਈਆਂ ਨੇ, ਠੰਢ ਮੇਰੇ ਅੰਦਰ ਆ ਨਹੀਂ ਸਕਦੀ, ਮੈਂ ਖਿੜਕੀਆਂ ਸਭ ਬੰਦ ਕਰ ਦਿਤੀਆਂ ਤੇ ਤੂੰ ਉਥੇ ਭੱਠ ਤੇ ਪਿਐਂ? ਸੁਆਹ ਕੱਢ ਕੇ, ਸੁਆਹ ਤੇ ਲਿਟਿਆ ਹੈਂ ਤੂੰ?

ਕਹਿਣ ਲੱਗਿਆ, ਰਾਜਨ! ਦੇਖ ਜਾਗਦਿਆਂ ਦੇ ਵੇਲੇ ਤੂੰ ਵੀ ਜਾਗਦਾ ਸੀ, ਮੈਂ ਵੀ ਜਾਗਦਾ ਸੀ। ਮੇਰੀ ਬਿਰਤੀ ਪ੍ਰਮੇਸ਼ਰ ਦੇ ਨਾਮ ਵਿਚ ਲੱਗੀ ਹੋਈ ਤੇ ਮੈਂ ਰਸ ਦੀਆਂ ਖੁਮਾਰੀਆਂ ਵਿਚ ਸੀ। ਝੂੰਮਣੀਆਂ ਲੈਂਦਾ ਸੀ। ਉਸ ਵੇਲੇ ਮੇਰੇ ਸਾਰੇ ਅਰਮਾਨਾਂ ਤੇ ਬਾਦਸ਼ਾਹਤ ਸੀ। ਤੂੰ ਫਿਕਰਾਂ 'ਚ ਪਿਆ ਹੋਇਆ ਸੀ ਕਿ ਔਹ ਵਜ਼ੀਰ ਆਹ ਕਰਦਾ ਹੈ, ਉਹ ਅਹਿਲਕਾਰ ਐਉਂ ਕਰਦਾ ਹੈ, ਉਹਨੂੰ ਐਉਂ ਕਰਾਂ, ਇਹ ਕਰਾਂ। ਤੂੰ ਤਾਂ ਵਿਉਂਤਾਂ ਬਣਾਉਂਦਾ ਸੀ। ਚਿੰਤਾ ਵਿਚ ਪਿਆ ਹੋਇਆ ਸੀ। ਚਿੰਤਾ ਚਿਖਾ ਇਕ ਬਰਾਬਰ ਹੈ। ਤੂੰ ਤਾਂ ਚਿਖਾ ਉਪਰ ਸੀ ਉਸ ਵੇਲੇ। ਹਾਂ, ਜਦੋਂ ਤੂੰ ਸੌਂ ਗਿਆ, 10-20 ਮਿੰਟ ਜੇ ਤੈਨੂੰ ਘੂਕ ਨੀਂਦ ਆ ਵੀ ਗਈ ਨਾ, ਦਵਾਈ ਵਗੈਰਾ ਖਾ ਕੇ, ਉਹ ਤੇਰੀ ਤੇ ਮੇਰੀ ਬਰਾਬਰ ਸੀ, ਮੈਂ ਸੌਂ ਗਿਆ ਗਰਮ ਸੁਆਹ ਤੇ, ਤੂੰ ਸੌਂ ਗਿਆ ਗਦੈਲਿਆਂ ਤੇ। ਸੁੱਤੇ ਪਏ ਨੂੰ ਨਾ ਤੈਨੂੰ ਗਦੈਲਿਆਂ ਦਾ ਪਤਾ ਹੈ, ਨਾ ਮੈਂ ਸੁਆਹ ਦਾ ਪਤਾ ਹੈ। ਸੋ ਜਾਗ ਕੇ ਉਠ ਕੇ ਮੈਂ ਇਸ਼ਨਾਨ ਕਰਿਆ, ਮੈਂ ਪ੍ਰਭੂ ਦਾ ਸਿਮਰਨ ਕਰਿਆ, ਤੂੰ ਸੁਪਨੇ ਲੈਂਦਾ ਰਿਹਾ। ਸੋ ਇਸ ਕਰਕੇ ਤੇਰੇ ਨਾਲੋਂ ਮੇਰੀ ਰਾਤ ਵਧੀਆ ਲੰਘੀ ਹੈ।

ਸੋ ਬੰਦਗੀ ਕਰਨ ਵਾਲੇ ਦਾ ਜੋ ਜੀਵਨ ਹੁੰਦਾ ਹੈ ਉਹਦੇ ਅੰਦਰ ਇਕ ਐਸਾ ਨਸ਼ਾ ਹੁੰਦਾ ਹੈ, ਜਿਸ ਦੇ ਬਾਰੇ ਦੱਸਿਆ ਨਹੀਂ ਜਾ ਸਕਦਾ ਕਿਸੇ ਤੋਂ। ਮਾਨਸਿਕ ਅਵਸਥਾ ਕਿਹੋ ਜਿਹੀ ਹੁੰਦੀ ਹੈ? ਉਹਦੇ ਬਾਰੇ ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ।

***ਧਾਰਨਾ - ਚਿੱਤ ਹਰੀ ਦੇ ਨਾਮ ਨਾਲ ਲੱਗਿਆ,***
***ਰਾਜਾ ਸਾਰੀ ਦੁਨੀਆਂ ਦਾ।***

***ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥***
***ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥***
***ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥***
***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥***
***ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥***
***ਅੰਗ - ੭੦੭***

ਦੁਨੀਆਂਦਾਰੀ ਦੀ ਨਜ਼ਰ 'ਚ ਪਰਖਿਆਂ, ਉਹ ਬੰਦਾ ਭਿਖਾਰੀ ਹੈ ਜਿਸਦੀ ਇਹ ਹਾਲਤ ਹੋ ਗਈ ਹੋਵੇ, ਉਹਨੂੰ ਪਸੰਦ ਨਹੀਂ ਕੋਈ ਕਰਦਾ।

ਰਾਜਾ ਹੈ ਉਹ ਸਾਰੀ ਸ੍ਰਿਸ਼ਟੀ ਦਾ ਜਿਸ ਦਾ ਮਨ ਰੰਗਿਆ ਪਿਆ ਹੈ ਨਾਮ ਦੇ ਨਾਲ।

ਬਾਬਾ ਜੱਸਾ ਸਿੰਘ ਜੀ ਪਟਿਆਲੇ ਹੋਏ ਨੇ, ਹੁਣ ਤਾਂ ਭੁੱਲਦੇ ਜਾਂਦੇ ਨੇ ਲੋਕ ਇਨ੍ਹਾਂ ਬਚਨਾਂ ਨੂੰ। ਕੋਈ-ਕੋਈ ਮਹਾਤਮਾ ਹੈ ਜਿਹੜਾ ਪੁਰਾਣੇ ਬਚਨਾਂ ਨੂੰ ਸਾਂਭ ਕੇ ਅਜੇ ਵੀ ਅਗਾਹਾਂ ਤੋਰੀ ਜਾਂਦਾ ਹੈ।

ਆਪ ਦੇ ਪਾਸ ਰਾਜੇ ਮਹਾਰਾਜੇ ਆਇਆ ਕਰਦੇ ਸੀ। ਬੀਬੀ ਦਾ ਸਰੀਰ ਸੀ, ਲੇਕਿਨ ਨਾਮ ਜੱਸਾ ਸਿੰਘ ਸੀ। ਉਨ੍ਹਾਂ ਨੇ ਕਿਰਿਆ ਇਹ ਰੱਖੀ ਹੋਈ ਸੀ ਕਿ ਅੱਠ ਫੁੱਟ ਦਾ ਮਨ੍ਹਾ ਸੀ ਉਨ੍ਹਾਂ ਦਾ, ਜਿੱਥੇ ਆਸਣ ਲਾਉਂਦੇ ਸੀ। ਇਕ ਤਾਂ ਇਹ ਸੀ ਕਿ ਉਨ੍ਹਾਂ ਦੇ ਚਰਨਾਂ ਤੇ ਹੱਥ ਲਾਈ ਜਾਣਾ ਬਹੁਤਿਆਂ ਨੇ, ਇਕ ਵਾਧੂ ਦੀਆਂ ਗੱਲਾਂ ਕਰੀ ਜਾਂਦੇ ਸੀ। ਇਸ ਕਰਕੇ ਉਹ ਉਚਾ ਬੈਠਦੇ ਸੀ।

ਸਾਰਾ ਜ਼ੋਰ ਲਾ ਕੇ ਅਗਲਾ ਬੋਲੇ ਤਾਂ ਪਹੁੰਚਦੀ ਸੀ ਗੱਲ। ਆਪਣੀ ਮਸਤੀ 'ਚ ਰਹਿੰਦੇ ਸੀ।

ਮਹਾਰਾਜਾ ਭੁਪਿੰਦਰ ਸਿੰਘ ਪਟਿਆਲੇ ਵਾਲੇ ਜਿਸ ਵਕਤ ਵਲਾਇਤ ਗਏ। ਉਥੋਂ ਉਨ੍ਹਾਂ ਨੇ ਬਹੁਤ ਸੋਹਣੇ ਦੁਸ਼ਾਲੇ ਵਗੈਰਾ ਲਏ, ਰੇਸ਼ਮ ਦੇ ਵਸਤਰ ਤੇ ਹੋਰ ਚੀਜ਼ਾਂ ਲਈਆਂ ਕਿ ਬਾਬਾ ਜੀ ਨੂੰ ਇਹ ਜਾ ਕੇ ਭੇਟਾ ਕਰਾਂਗੇ। ਸਮੁੰਦਰੀ ਜਹਾਜ਼ ਵਿਚ ਲੈ ਆਏ, ਉਨ੍ਹਾਂ ਦਿਨਾਂ ਵਿਚ ਹਵਾਈ ਜਹਾਜ਼ ਤਾਂ ਹੁੰਦੇ ਨਹੀਂ ਸੀ, ਸਮੁੰਦਰੀ ਜਹਾਜ਼ ਜਾਂਦਾ ਹੁੰਦਾ, ਕਾਫੀ ਦਿਨ ਲਗ ਜਾਂਦੇ ਸੀ। ਇਥੇ ਆਏ ਤਾਂ ਮਹਾਰਾਜੇ ਦੇ ਮਨ ਵਿਚ ਬੜੀ ਖੁਸ਼ੀ ਹੋਈ ਕਿ ਮੈਂ ਜਾ ਕੇ ਮਹਾਂਪੁਰਸ਼ਾਂ ਨੂੰ ਵਲਾਇਤ ਤੋਂ ਲਿਆਂਦੀਆਂ ਹੋਈਆਂ ਚੀਜ਼ਾਂ ਭੇਟਾਂ ਕਰਾਂਗਾ ਤੇ ਉਹ ਬੜੇ ਪ੍ਰਸੰਨ ਹੋਣਗੇ ਤੇ ਨਾਲੇ ਇਹ ਖਿਆਲ ਆ ਗਿਆ ਕਿ ਆਹ ਚੀਜ਼ਾਂ ਮੈਂ ਹੀ ਲਿਆ ਸਕਦਾ ਹਾਂ, ਹੋਰ ਨਹੀਂ ਕੋਈ ਲਿਆ ਸਕਦਾ। ਨਾ ਕੋਈ ਇੰਗਲੈਂਡ ਜਾਵੇ, ਨਾ ਕਿਸੇ ਕੋਲ ਐਨਾ ਧਨ, ਨਾ ਕੋਈ ਸੰਤਾਂ ਨੂੰ ਲਿਆ ਕੇ ਦੇਵੇ, ਮੈਂ ਹੀ ਜਿਹੜਾ ਲਿਆ ਸਕਦਾ ਹਾਂ। ਜਿਸ ਵਕਤ ਬਾਬਿਆਂ ਕੋਲ ਆਉਂਦਾ ਹੈ, ਆ ਕੇ ਦੱਸਿਆ ਕਿ ਬਾਬਾ ਜੀ ਇਹ ਬਹੁਤ ਹੀ ਨਾਯਾਬ ਚੀਜ਼ ਹੈ ਇੰਗਲੈਂਡ ਦੀ। ਵੱਡੇ ਸਟੋਰਾਂ 'ਚੋਂ ਮੈਂ ਲੈ ਕੇ ਆਇਆ ਹਾਂ। ਇਹ ਤੁਹਾਨੂੰ ਬਹੁਤ ਵਧੀਆ ਲੱਗਣਗੇ, ਦੇਖੋ ਕਿੰਨੇ ਨਰਮ ਨੇ, ਉਤੇ ਲਵੋਗੇ।

ਬਾਬਾ ਜੀ ਹਾਂ-ਹਾਂ ਕਰੀ ਗਏ ਤੇ ਨਾਲ ਦੀ ਨਾਲ ਜਾਣ ਗਏ ਕਿ ਇਹਦੇ ਮਨ ਵਿਚ ਦਾਤਾਪੁਣ ਦਾ ਅਭਿਮਾਨ ਆਇਆ ਹੋਇਆ ਹੈ।

ਸੰਤਾਂ ਦੀ ਜਿਹੜੀ ਕਿਰਿਆ ਹੁੰਦੀ ਹੈ, ਸਾਧਸੰਗਤ ਜੀ, ਬਹੁਤ ਹੋਰ ਤਰ੍ਹਾਂ ਦੀ ਹੁੰਦੀ ਹੈ। ਸੰਸਾਰ ਦੀ ਸਮਝ ਤੋਂ ਬਾਹਰ ਹੁੰਦੀ ਹੈ, ਉਹ ਨਾ ਤਾਂ ਕਿਸੇ ਦੀ ਖੁਸ਼ਾਮਤ ਕਰਦੇ ਨੇ, ਨਾ ਕਿਸੇ ਤੇ ਆਸ ਰਖਦੇ ਨੇ, ਕਿਉਂਕਿ ਉਨ੍ਹਾਂ ਦਾ ਫੁਰਨਾ ਹੀ ਕੋਈ ਨਹੀਂ ਹੁੰਦਾ, ਆਸ ਕੀ ਰੱਖਣੀ ਹੈ, ਪ੍ਰਸ਼ਾਦਾ ਪਾਣੀ ਪਰਾਲਬਧ ਅਨੁਸਾਰ ਆਪਣੇ ਆਪ ਹੀ ਆਈ ਜਾਂਦਾ ਹੈ, ਉਹ ਆਪ ਹੀ ਨਹੀਂ ਖਾਂਦੇ, ਲੱਖਾਂ ਬੰਦਿਆਂ ਨੂੰ ਰਜਾਉਂਦੇ ਨੇ। ਮਹਾਰਾਜ ਕਹਿੰਦੇ ਗਿਣਤੀ ਮਿਣਤੀ ਤੋਂ ਬਾਹਰ ਹੈ ਜਿੱਥੇ ਪੂਰਨ ਪੁਰਸ਼ ਬੈਠਾ ਹੋਵੇ, ਲੰਗਰ ਚਲਦੇ ਨੇ, ਲੱਖਾਂ ਕਰੋੜਾਂ ਵੀ ਖਾਈ ਜਾਣ ਉਥੇ ਤਾਂ ਨਹੀਂ ਮੁਕਦਾ, ਨਾਮ ਦਾ ਪ੍ਰਤਾਪ ਹੁੰਦਾ ਹੈ। ਉਨ੍ਹਾਂ ਨੂੰ ਜਾ ਕੇ ਕੋਈ ਆਪਣੀ ਅਮੀਰੀ ਦਾ ਦਿਖਾਵਾ ਕਰੇ, ਇਹਦਾ ਤਾਂ ਕੋਈ ਫਾਇਦਾ ਨਹੀਂ। ਜਦੋਂ ਉਹ ਚਾਹੁੰਦੇ ਹੀ ਕੁਛ ਨਹੀਂ ਹਨ।

ਸਿਕੰਦਰ ਜਾਂਦਾ ਹੈ ਮਹਾਤਮਾ ਦੇ ਕੋਲ, ਬਾਰ-ਬਾਰ ਬੇਨਤੀਆਂ ਕਰਦਾ ਹੈ ਕਿ ਮੇਰੇ ਤੋਂ ਲੈ ਲਓ ਕੁਛ। ਪੋਰਸ ਨਾਲ ਹੈ। ਉਹ ਕਹਿੰਦੇ ਮੈਨੂੰ ਨਹੀਂ ਲੋੜ। ਕਹਿੰਦਾ, ਮੈਂ ਇਥੇ ਪਾਰਕ ਬਣਾ ਦਿੰਦਾ ਹਾਂ, ਫੁਹਾਰੇ ਲੁਆ ਦਿੰਦਾ ਹਾਂ, ਫੁੱਲ ਲਵਾ ਦਿੰਦਾ ਹਾਂ। ਮਹਾਤਮਾ ਕਹਿੰਦੇ, ਮੈਂ ਲੈਣਾ ਕੀ ਹੈ, ਮੱਖੀਆਂ ਵੱਧ ਜਾਣਗੀਆਂ। ਆਰਾਮ ਨਾਲ ਰਹਿੰਦੇ ਹਾਂ ਅਸੀਂ।

***ਬੁੱਲਿਆ ਉਥੇ ਵਸੀਏ, ਜਿਥੇ ਸਾਰੇ ਹੀ ਅੰਨ੍ਹੇ।***
***ਨਾ ਕੋਈ ਸਾਨੂੰ ਜਾਣੇ ਤੇ ਨਾ ਕੋਈ ਮੰਨੇ।***

ਮੰਨਣ ਦੀ ਵੀ ਬੜੀ ਤਕਲੀਫ ਹੁੰਦੀ ਹੈ। ਕਿਉਂਕਿ ਦੁਨੀਆਂ ਗਰਜਾਂ ਦੀ ਹੈ, ਗਰਜ ਨਾਲ ਮੰਗਦੀ ਹੈ। ਸਤਿ ਦੀ ਪ੍ਰਾਪਤੀ ਵਾਸਤੇ ਤਾਂ ਥੋੜ੍ਹੇ ਹੁੰਦੇ ਨੇ ਤੇ ਦੁਨੀਆਂ ਵਾਸਤੇ ਬੇਅੰਤ ਤੁਰੇ ਆਉਂਦੇ ਨੇ। ਸੋ ਮਹਾਤਮਾ ਨੇ ਇਹ ਕਹਿ ਦਿਤਾ ਕਿ ਜਿੱਥੇ ਸਾਨੂੰ ਕੋਈ ਜਾਣਦਾ ਨਾ ਹੋਵੇ, ਉਥੇ ਚੱਲੀਏ, ਆਰਾਮ ਨਾਲ ਰਹਾਂਗੇ, ਉਥੇ ਭਜਨ ਬੰਦਗੀ ਕਰੀਏ। ਪਰ ਇਹ ਬਾਰ-ਬਾਰ ਕਹਿੰਦਾ ਹੈ ਕਿ ਮੈਂ ਨੌਕਰ ਚਾਕਰ ਰਖਾ ਦਿੰਦਾ ਹਾਂ, ਮੈਂ ਸਟੇਟ ਵਲੋਂ ਖਰਚ ਦੇਵਾਂਗਾ ਸਾਰਾ। ਮੈਂ ਤਾਂ ਅੱਜ ਦੇ ਕੇ ਹੀ ਜਾਣਾ ਹੈ, ਮੈਂ ਅੱਜ ਪ੍ਰਣ ਕਰਿਆ ਹੋਇਆ ਹੈ। ਮਹਾਤਮਾ ਕਹਿੰਦੇ ਕਿ ਜੇ ਦੇ ਕੇ ਜਾਣਾ ਹੈ ਨਾ, ਪੋਹ ਦਾ ਮਹੀਨਾ ਸੀ। ਕਹਿੰਦੇ, ਆਹ ਧੁੱਪ ਦੇ ਦੇ ਮੈਨੂੰ, ਏਧਰ ਹੋ ਜਾ, ਪਾਸੇ ਹਟ ਜਾ, ਮੇਰੇ ਤੇ ਪਰਛਾਵਾਂ ਪੈ ਰਿਹਾ ਹੈ। ਸੋ ਉਹ ਬੇਪਰਵਾਹ ਹੋਇਆ ਕਰਦੇ ਨੇ।

*ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ ॥*
*ਅੰਗ - ੧੩੭੩*

ਮਹਾਤਮਾ ਨੂੰ ਜਦੋਂ ਕੋਈ ਚੀਜ਼ ਬੰਨ੍ਹਦੀ ਹੈ ਤਾਂ ਉਹਨੂੰ ਪਸਾਰਾ ਬੰਨ੍ਹਦਾ ਹੈ। ਜੇ ਤਾਂ ਪਸਾਰੇ ਤੋਂ ਰਹੇ ਨਿਆਰਾ ਫੇਰ ਮਹਾਤਮਾ ਜਾਂਦਾ ਹੈ ਬਚ, ਜੇ ਪਸਾਰੇ 'ਚ ਪੈ ਜਾਵੇ ਕਿ ਜੀ ਇਹ ਤਾਂ, ਤਾਂ ਹੋਏਗਾ ਜੇ ਫਲਾਣੇ ਮਨਿਸਟਰ ਨੂੰ ਬੁਲਾਵਾਂਗੇ। ਫੇਰ ਸੜਕ ਬਣੇਗੀ।

ਸੜਕ ਤੋਂ ਲੈਣਾ ਕੀ ਹੈ, ਬਣੇ ਜਾਂ ਨਾ ਬਣੇ। ਉਹ ਤਾਂ ਪਬਲਿਕ ਵਾਸਤੇ ਹੁੰਦੀ ਹੈ, ਮਹਾਤਮਾ ਨੂੰ ਤਾਂ ਲੋੜ ਨਹੀਂ।

ਮਹਾਤਮਤਾਈ ਹੁੰਦੀ ਹੀ ਬੇਪਰਵਾਹੀ ਨਾਲ ਹੈ। ਜਿਹੜਾ ਪਰਵਾਹ ਵਿਚ ਹੈ, ਗਰਜ ਵਿਚ ਹੈ ਉਹ ਕੁਛ ਨਹੀਂ ਹੈ।

ਸੋ ਬਾਬਾ ਜੀ ਦੇ ਕੋਲ ਰਾਜਾ ਜਦੋਂ ਜਾ ਕੇ ਤਾਰੀਫ ਕਰਨ ਲੱਗਿਆ, ਨਾਲ ਇਕ ਦੋ ਗੱਲਾਂ ਐਸੀਆਂ ਕਹਿ ਦਿਤੀਆਂ ਕਿ ਹਰ ਬੰਦਾ ਨਹੀਂ ਲਿਆ ਸਕਦਾ, ਉਹਦਾ ਨਿਸ਼ਾਨਾ ਕਿੱਧਰ ਸੀ, ਫੁਲਕੀਆਂ ਦੀਆਂ ਰਿਆਸਤਾਂ ਵਲ ਕਿ ਨਾਭੇ ਵਾਲੇ ਨਹੀਂ ਲਿਆ ਸਕਦੇ। ਇਹ ਤਾਂ ਮੈਂ ਹੀ ਲੈ ਕੇ ਆਇਆ ਹਾਂ।

ਉਹ ਰਾਤ ਨੂੰ ਉਥੇ ਹੀ ਪਏ ਰਹੇ। ਬਾਬਾ ਜੀ ਨੂੰ ਪੁਛਿਆ ਸੇਵਾਦਾਰਾਂ ਨੇ ਕਿ ਇਹ ਗਲੀਚੇ ਵਗੈਰਾ ਜੋ ਪਏ ਨੇ ਇਨ੍ਹਾਂ ਬਾਰੇ ਕੀ ਹੁਕਮ ਹੈ? ਬਾਬਾ ਜੀ ਨੇ ਕਿਹਾ, ਇਥੇ ਹੀ ਰਹਿਣ ਦਿਓ। ਬਾਬਾ ਜੀ ਡੇਰੇ ਚਾਰ-ਪੰਜ ਸੌ ਕੁੱਤਾ ਰਹਿੰਦਾ ਸੀ। ਜਿਉਂ ਰਾਤ ਨੂੰ ਕੁੱਤੇ ਚਾਮਲੇ ਇਕ ਨੇ ਏਧਰੋਂ ਫੜ, ਇਕ ਨੇ ਇਧਰੋਂ, ਸਾਰੇ ਹੀ ਥਾਨ ਫਾੜ ਦਿਤੇ, ਲੀਰ-ਲੀਰ ਕਰ ਦਿਤੇ। ਹਵਾ ਚੱਲੀ ਪੱਛਮ ਦੀ, ਉਡ ਕੇ ਵਾੜ ਸੀ ਸਾਮ੍ਹਣੇ ਆਲੇ ਦੁਆਲੇ, ਨਾਲੇ ਦੇ ਕੰਢੇ ਰਹਿੰਦੇ ਸੀ ਉਹ, ਜਿਥੇ ਹੁਣ ਗੁਰਮਤਿ ਕਾਲਜ ਬਣਿਆ ਹੋਇਆ ਹੈ, ਸਾਰਾ ਇਲਾਕਾ ਸੁੰਨਾ ਹੁੰਦਾ ਸੀ, ਦੂਰ ਤਕ ਹਵਾ ਲੈ ਗਈ।

ਦੂਜੇ ਦਿਨ ਰਾਜਾ ਆਇਆ ਕਿ ਮੈਂ ਦੇਖ ਕੇ ਆਉਂਦਾ ਹਾਂ ਕਿ ਬਾਬਿਆਂ ਨੇ ਵਿਛਾ ਲਏ ਹੋਣੇ ਨੇ ਤੇ ਬਹੁਤ ਵਧੀਆ ਲਗਦੇ ਹੋਣੇ ਨੇ। ਜਦੋਂ ਰਾਹ ਵਿਚ ਆਉਂਦਾ ਹੈ, ਘੋੜੀ ਤੇ ਚੜ੍ਹਿਆ ਹੋਇਆ। ਨੇੜੇ ਆ ਕੇ ਰਾਜੇ ਵੀ ਉਤਰ ਜਾਇਆ ਕਰਦੇ ਸੀ, ਘੋੜਿਆਂ ਦੇ ਚੜ੍ਹ ਕੇ ਨਹੀਂ ਸੀ ਜਾਂਦੇ। ਉਹ ਪੈਦਲ ਜਾਂਦੇ ਦੇਖਦੇ ਨੇ ਕਿ ਆਹ ਤਾਂ ਉਹ ਗਲੀਚਿਆਂ ਦੀਆਂ ਲੀਰਾਂ ਉਡਦੀਆਂ ਫਿਰਦੀਆਂ ਨੇ। ਜਿਸ ਵਕਤ ਲੈ ਕੇ ਬਾਬਾ ਜੀ ਕੋਲ ਆਇਆ ਤਾਂ ਕਹਿਣ ਲੱਗਿਆ ਕਿ ਬਾਬਾ ਜੀ! ਨਮਸਕਾਰ। ਕਹਿੰਦੇ, ਬਈ ਬੱਲੇ-ਬੱਲੇ ਤੂੰ ਤਾਂ ਬਹੁਤ ਵਧੀਆ ਚੀਜ਼ਾਂ ਲਿਆਇਆ, ਐਨੀਆਂ ਪੱਕੀਆਂ ਸੀ ਕਿ ਸਾਡੇ ਕੂਕਰਾਂ ਦਾ ਸਾਰਾ ਹੀ ਜ਼ੋਰ ਲੱਗ ਗਿਆ ਰਾਤ। ਹੁਣ ਤੂੰ ਇਨ੍ਹਾਂ ਵਾਸਤੇ ਪ੍ਰਸ਼ਾਦ ਦੇ ਕੜਾਹੇ ਬਣਾ ਇਨ੍ਹਾਂ ਵਾਸਤੇ।

ਸਾਧਸੰਗਤ ਜੀ! ਦੇਖੋ ਕਿੰਨੀ ਬੇਪਰਵਾਹੀ ਹੈ ਮਹਾਤਮਾ ਵਿਚ।

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥***

***ਅੰਗ - ੧੮੬***

ਜਿਹਦਾ ਕਿਹਾ ਹੋਇਆ ਇੰਦਰ ਵੀ ਮੰਨਦਾ ਹੈ, ਵਿਹੁ ਮਾਤਾ ਨੂੰ ਵੀ ਲਿਖਣਾ ਪੈਂਦਾ ਹੈ ਲੇਖ।

ਸੰਤ ਮਹਾਰਾਜ ਜੀ ਈਸ਼ਰ ਸਿੰਘ ਜੀ ਯੂ.ਪੀ. ਨੂੰ ਜਾ ਰਹੇ ਸੀ ਮੇਰੇ ਕੋਲੋ, ਭੀਮਤਾਲ ਨੂੰ ਜਾ ਰਹੇ ਸੀ। ਜਾਂਦੇ-ਜਾਂਦੇ ਮੁਰਾਦਾਬਾਦ ਠਹਿਰ ਗਏ ਉਥੇ ਸਿੰਘ ਜਿਹੜੇ ਸੀ ਚੰਨਣ ਸਿੰਘ ਵਗੈਰਾ, ਹੁਣ ਤਾਂ ਸਾਰੇ ਹੀ ਚੜ੍ਹਾਈ ਕਰ ਗਏ। ਉਨ੍ਹਾਂ ਨੇ ਮਹਾਰਾਜ ਜੀ ਨੂੰ ਠਹਿਰਾ ਲਿਆ, ਦੁਪਹਿਰ ਵੇਲੇ ਪ੍ਰਸ਼ਾਦ ਪਾਣੀ ਛਕਾਇਆ ਤੇ ਜਦੋਂ ਚਾਰ-ਪੰਜ ਵੱਜਣ ਵਾਲੇ ਹੋ ਗਏ। ਮਹਾਰਾਜ ਕਹਿੰਦੇ, ਭਾਈ ਅਸੀਂ ਹੁਣ ਚੱਲੀਏ।

ਐਨੇ ਨੂੰ ਜਿਹੜਾ ਕੋਠੀ ਵਾਲੀ ਸੀ, ਉਹ ਕੋਟਦਵਾਰ ਦਾ, ਦੋ ਤਿੰਨ ਨਗਰਾਂ ਦਾ ਰਾਜਾ ਸੀ। ਨਿੱਕੇ-ਨਿੱਕੇ ਰਾਜੇ ਸੀ ਯੂ.ਪੀ. 'ਚ। ਉਹ ਕਹਿਣ ਲੱਗਿਆ ਸੁਰਜੀਤ ਸਿੰਘ ਨੂੰ ਕਿ ਜਿਹੜੇ ਮਹਾਤਮਾ ਆਏ ਨੇ ਕਿਹੋ ਜਿਹੇ ਨੇ। ਉਸਨੇ ਕਿਹੋ ਜਿਹੇ? ਜਿਹੜਾ ਕੁਛ ਮੰਗ ਲਏਂਗਾ ਉਹ ਕੁਛ ਮਿਲ ਜਾਏਗਾ ਤੈਨੂੰ। ਕਹਿੰਦਾ, ਸੱਚਮੁੱਚ? ਕਹਿੰਦਾ ਹਾਂ। ਆਜਾ, ਜਾਣਾ ਹੈ ਫੇਰ ਉਨ੍ਹਾਂ ਨੇ। ਉਸੇ ਵੇਲੇ ਰਾਣੀ ਨੂੰ ਬੁਲਾਇਆ, ਇਸ਼ਨਾਨ ਕਰਕੇ, ਸਫੈਦ ਵਸਤਰ ਪਹਿਨੇ, ਬਾਗ 'ਚੋਂ ਮਾਲੀ ਨੂੰ ਕਿਹਾ ਘਾਹ ਲੈ ਕੇ ਆ, ਕਿਉਂਕਿ ਮਹਾਤਮਾ ਕੋਲ ਜਾਣ ਦਾ ਵੀ ਤਰੀਕਾ ਹੁੰਦਾ ਹੈ। ਨਿਮਰਤਾ ਦੀ ਝੋਲੀ ਲੈ ਕੇ ਆਵੇ ਕੁਛ ਖਟ ਲਿਆਉਂਦਾ ਹੈ, ਅਭਿਮਾਨ ਲੈ ਕੇ ਆਵੇ, ਕੁਛ ਨਹੀਂ ਮਿਲਦਾ ਸੰਤਾਂ ਤੋਂ। ਖਾਲੀ ਆਉਂਦੇ ਨੇ, ਕਿਉਂਕਿ ਸ਼ਰਧਾ ਦੀ ਝੋਲੀ ਹੀ ਨਹੀਂ ਸੀ ਕੋਲ। ਸੋ ਪੂਰੀ ਵਿਧੀ ਨਾਲ, ਮਹਾਤਮਾਵਾਂ ਨਾਲ ਮਿਲਦਾ ਜੁਲਦਾ ਸੀ, ਪਤਾ ਸੀ ਕਿ ਵਿਧੀ ਆਹ ਹੁੰਦੀ ਹੈ, ਮਹਾਤਮਾ ਕੋਲ ਜਾਣ ਦੀ। ਗਲ ਵਿਚ ਪੱਲੇ ਪਾ ਲਏ ਦੋਹਾਂ ਨੇ।

ਜਿਹੜਾ ਪਰਨਾ ਪਾਉਂਦੇ ਨੇ ਸੰਤ ਗਲ ਵਿਚ ਇਹ ਨਿਮਰਤਾ ਦਾ ਸੂਚਕ ਹੁੰਦਾ ਹੈ ਕਿ ਮੈਂ ਬਹੁਤ ਗਰੀਬ ਤੇਰੇ ਚਰਨਾਂ ਵਿਚ ਆਇਆ ਹਾਂ। ਅਰਦਾਸ ਕਰਨ ਵਾਲਾ ਵੀ ਗਲ 'ਚ ਪੱਲਾ ਪਾਉਂਦਾ ਹੈ।

ਸੋ ਜਦੋਂ ਉਹ ਗਲ ਵਿਚ ਪੱਲੇ ਪਾ ਕੇ ਮਹਾਰਾਜ ਜੀ ਦੇ ਕੋਲ ਪਹੁੰਚੇ, ਹੱਥਾਂ ਦੇ ਵਿਚ ਘਾਹ ਲਿਆ ਹੋਇਆ ਹੈ ਤੇ ਮਹਾਰਾਜ ਜੀ ਦੇਖ ਰਹੇ ਨੇ, ਦੇਖਦੇ-ਦੇਖਦੇ ਇਨ੍ਹਾਂ ਨੇ ਘਾਹ ਦੇ ਦੋ-ਦੋ ਡਾਲ ਮੂੰਹ ਵਿਚ ਪਾ ਲਏ। ਮਹਾਰਾਜ ਜੀ ਸਮਝ ਗਏ ਕਿ ਇਹ ਤਾਂ ਜਾਣਦੇ ਨੇ ਕਿ ਸਾਧੂ ਕੋਲ ਕਿਵੇਂ ਆਈਦਾ ਹੈ, ਸਾਧੂ ਨੂੰ ਕਿਵੇਂ ਪ੍ਰਸੰਨ ਕਰੀਦਾ ਹੈ, ਜੁਗਤ ਦਾ ਪਤਾ ਹੈ ਇਨ੍ਹਾਂ ਨੂੰ। ਕਿਉਂਕਿ ਇਨ੍ਹਾਂ ਕੋਲ ਹਿੰਦੂ ਮਤ ਦੇ ਬੇਅੰਤ ਸੰਤ ਆਉਂਦੇ ਸੀ।

ਉਨ੍ਹਾਂ ਦੀ ਸਰਧਾ ਦੇਖ ਕੇ ਮਹਾਰਾਜ ਜੀ ਕਹਿਣ ਲੱਗੇ, ਕਿ ਕੌਣ ਨੇ ਇਹ? ਤਾਂ ਸੇਵਾਦਾਰ ਨੇ ਦੱਸਿਆ ਕਿ ਕੋਠੀ ਵਾਲੇ, ਰਾਜਾ ਹੈ ਇਥੇ ਦਾ, ਰਮੇਸ਼ ਕੁਮਾਰ ਸਾਹੂ ਕਹਿੰਦੇ ਨੇ।

ਮਹਾਰਾਜ ਜੀ ਪੁਛਿਆ ਕਿ ਕਿਵੇਂ ਆਏ ਹੋ?

ਕਹਿਣ ਲੱਗਿਆ, ਮਹਾਰਾਜ! 25 ਸਾਲ ਪਹਿਲਾਂ ਪ੍ਰਭੂ ਨੇ ਇਕ ਉਲਾਦ ਬਖਸ਼ੀ ਸੀ ਪ੍ਰਭੂ ਨੇ, ਉਹ 25 ਸਾਲ ਦੀ ਹੋ ਗਈ ਹੈ, ਘਰ ਦੀ ਸਾਰੀ ਜਾਇਦਾਦ, ਲੜਕੇ ਤੋਂ ਬਗੈਰ ਸੁੰਨੀ ਲਗਦੀ ਹੈ ਸਾਨੂੰ। 50 ਸਾਲ ਉਮਰ ਸੀ ਉਨ੍ਹਾਂ ਦੀ ਉਸ ਵੇਲੇ। ਕਹਿਣ ਲੱਗੇ, ਕ੍ਰਿਪਾ ਕਰੋ, ਸਾਡੇ ਉਤੇ ਇਕ ਦਾਤ ਝੋਲੀ ਵਿਚ ਪਾਓ ਸਾਡੀ।

ਮਹਾਰਾਜ ਜੀ ਨੇ ਅੰਤਰ ਧਿਆਨ ਹੋ ਕੇ

ਦੇਖਿਆ, ਕਹਿਣ ਲੱਗੇ, ਸਾਹੂ ਸਾਹਿਬ! ਕੀ ਕਰਦੇ ਹੁੰਦੇ ਹੋ ਤੁਸੀਂ ਪ੍ਰਾਪਤੀ ਵਾਸਤੇ। ਕਹਿਣ ਲੱਗਿਆ, ਮਹਾਰਾਜ! ਮੈਂ 68 ਤੀਰਥਾਂ ਦਾ ਇਸ਼ਨਾਨ ਮੈਂ ਵਿਧੀਪੂਰਵਕ ਕਰਿਆ ਤੇ ਜਗਰਾਤੇ ਕਰੇ ਨੇ, ਦਾਨ ਦਿਤੇ ਨੇ, ਜਿਵੇਂ ਮੈਨੂੰ ਦੱਸਿਆ ਕਿ ਐਉਂ ਦਾਨ ਕਰ, ਆਹ ਦਾਨ ਕਰ। ਪਰ ਕੁਛ ਨਹੀਂ ਮੈਨੂੰ ਮਿਲਿਆ। ਜਿਥੇ ਸਾਧੂ ਸੰਤ ਸੁਣਦਾ ਸੀ ਘਰ ਲੈ ਆਉਂਦਾ ਸੀ। ਸੇਵਾ ਕਰਦਾ ਸੀ। ਉਹ ਵੀ ਇਹੀ ਕਹਿੰਦੇ ਸੀ ਕਿ ਤੂੰ ਸੰਤਾਂ ਦੀ ਸੰਗਤ ਕਰੀ ਜਾਹ, ਕੋਈ ਆ ਜਾਏਗਾ ਤੇ ਮੈਨੂੰ ਦੱਸਿਆ ਕਿ ਇਕ ਰਾਜੇ ਨੂੰ ਐਸੀ ਲੋੜ ਪੈ ਗਈ ਸੀ, ਸੰਤਾਂ ਨੇ ਦੱਸਿਆ ਕਿ ਮਹਾਤਮਾ ਆ ਜਾਂਦੇ ਨੇ ਜੇ ਮਹਾਂਪੁਰਸ਼ਾਂ ਦਾ ਆਦਰ ਹੋਣ ਲਗ ਜਾਵੇ। ਦੂਰ ਤਕ ਜਸ ਫੈਲ ਜਾਂਦਾ ਹੈ ਫੇਰ ਬੀਤਰਾਗ ਬ੍ਰਹਮਗਿਆਨੀ ਮਹਾਂਪੁਰਸ਼ ਪੂਰਨ ਵੀ ਕਦੇ-ਕਦੇ ਆ ਜਾਂਦੇ ਨੇ। ਜਿਸ ਤਰ੍ਹਾਂ ਦੇ ਨਾਲ ਪੰਛੀਆਂ ਨੂੰ ਤੁਸੀਂ ਚੋਗਾ ਪਾਉਣ ਲਗ ਜਾਓ, ਜਲ ਦਾ ਪ੍ਰਬੰਧ ਕਰ ਦਿਓ, ਇਸ਼ਨਾਨ ਦਾ ਪ੍ਰਬੰਧ ਕਰ ਦਿਓ, ਐਸਾ ਕਰ ਦਿਓ ਕਿ ਉਨ੍ਹਾਂ ਨੂੰ ਖਤਰਾ ਨਾ ਰਹੇ, ਨਾ ਉਪਰਲਾ ਖਤਰਾ ਬਾਰਿਸ਼ ਵਗੈਰਾ ਦਾ, ਬਾਜ਼ ਵਗੈਰਾ ਦਾ, ਨਾ ਹੇਠਾਂ ਬਿੱਲੀਆਂ, ਕੁੱਤਿਆਂ ਵਗੈਰਾ ਦਾ। ਫੇਰ ਪੰਛੀ ਉਥੇ ਆਉਣ ਲਗ ਜਾਂਦੇ ਨੇ, ਪੰਛੀਆਂ ਦੀ ਬੋਲੀ ਹੁੰਦੀ ਹੈ, ਦੂਜਿਆਂ ਨੂੰ ਦੱਸਦੇ ਨੇ, ਤੀਜਿਆਂ ਨੂੰ ਦੱਸਦੇ ਨੇ, ਹੁੰਦੇ-ਹੁੰਦੇ ਗੱਲ ਹੰਸ ਤੱਕ ਪਹੁੰਚ ਜਾਂਦੀ ਹੈ ਤੇ ਕਦੇ ਹੰਸ ਵੀ ਆ ਜਾਂਦੇ ਨੇ। ਹੰਸ ਦੇ ਕੋਲ ਲਾਲ ਹੋਇਆ ਕਰਦਾ ਹੈ, ਨਿਗਲਦਾ ਹੈ ਉਹ ਲਾਗ, ਮੂੰਹ ਰਾਹੀਂ ਤੇ ਉਹ ਲਾਲਾ ਮਿਲ ਜਾਂਦਾ ਹੈ ਜੋ ਬੇਅੰਤ ਕੀਮਤੀ ਹੁੰਦਾ ਹੈ।

ਕਹਿੰਦੇ, ਰਾਜਨ! ਇਸ ਤਰ੍ਹਾਂ ਕਰਿਆ ਕਰੋ ਤੇ ਕਦੇ-ਕਦੇ ਪੂਰਨ ਮਹਾਤਮਾ ਵੀ ਆ ਜਾਂਦੇ ਨੇ, ਜਦੋਂ ਤੁਸੀਂ ਮਹਾਤਮਾਵਾਂ ਵਾਸਤੇ ਸੁਵਿਧਾਵਾਂ ਪੈਦਾ ਕਰੋ।

ਸੋ ਉਸ ਰਾਜੇ ਨੇ ਬਚਨ ਮੰਨ ਕੇ ਇਸੇ ਤਰ੍ਹਾਂ ਨਾਲ ਕਰਿਆ, ਕਮਰੇ ਬਣਾ ਦਿਤੇ, ਆਸ਼ਰਮ ਬਣਾ ਦਿਤਾ, ਸਾਧੂ ਸੰਤਾਂ ਦੀ ਰਿਹਾਇਸ਼ ਵਾਸਤੇ ਸੋਹਣੇ ਥਾਂ ਬਣਾ ਦਿੱਤੇ, ਮਹਾਤਮਾ ਦੇ ਵਿਚ ਗੱਲ ਚੱਲ ਪਈ ਕਿ ਫਲਾਣੇ ਥਾਂ ਜੋ ਰਾਜਾ ਹੈ ਉਹ ਬਹੁਤ ਸੰਤ ਸੇਵੀ ਹੈ, ਉਥੇ ਸਾਧੂ ਆਉਣ ਲਗ ਗਏ। ਇਕ ਦਿਨ ਪੂਰਨ ਬ੍ਰਹਮਗਿਆਨੀ ਮਹਾਤਮਾ ਆ ਗਏ, ਉਨ੍ਹਾਂ ਦੇ ਕੋਲ ਸਵਾਲ ਕਰਿਆ, ਕਹਿਣ ਲੱਗੇ ਕੋਈ ਨਾ ਤੇਰੇ ਦੋ ਪੁੱਤਰ ਹੋ ਜਾਣਗੇ। ਤੇਰੀ ਕਿਸਮਤ ਵਿਚ ਤਾਂ ਹੈ ਨਹੀਂ ਸੀ ਪਰ ਤੂੰ ਜਿਹੜੀ ਸਾਧੂਆਂ ਦੀ ਸੇਵਾ ਕਰੀ ਹੈ, ਉਹਦੇ ਕਰਕੇ ਤੇਰੇ ਦੋ ਪੁੱਤਰ ਹੋ ਜਾਣਗੇ। ਕਹਿਣ ਲੱਗਿਆ, ਮਹਾਰਾਜ! ਪੁੱਤਰ ਤਾਂ ਤੁਸੀਂ ਦੇ ਦਿੱਤੇ, ਮੇਰੀ ਹੁਣ ਮੁਕਤੀ ਵੀ ਹੋ ਜਾਏਗੀ, ਮੈਨੂੰ ਗਿਆਨ ਵੀ ਹੋ ਜਾਏਗਾ? ਉਹ ਕਹਿਣ ਲੱਗੇ ਕਿ ਇਹ ਸਾਡੇ ਵਸ ਤੋਂ ਬਾਹਰ ਦੀ ਗੱਲ ਹੈ, ਉਹ ਪੂਰਨ ਮਹਾਤਮਾ ਆਏਗਾ, ਉਹਦਾ ਨਾਉਂ ਜੜ੍ਹ ਭਰਤ ਹੈ, ਤੂੰ ਸੰਤਾਂ ਦੀ ਸੇਵਾ ਕਰੀ ਜਾਹ, ਕਦੇ ਨਾ ਕਦੇ ਉਨ੍ਹਾਂ ਨੇ ਵੀ ਆ ਜਾਣਾ ਹੈ ਜਿਵੇਂ ਹੰਸ ਆ ਜਾਂਦੇ ਨੇ। ਕਹਿੰਦੇ, ਮਹਾਤਮਾ 'ਚ ਤਿੰਨ-ਚਾਰ ਚੀਜ਼ਾਂ ਹੁੰਦੀਆਂ ਨੇ, ਇਕ ਤਾਂ ਹੱਠ ਨਹੀਂ ਹੋਇਆ ਕਰਦਾ, ਬਾਰ-ਬਾਰ ਕਹੀ ਜਾਓ, ਮੰਨ ਜਾਂਦੇ ਨੇ। ਇਕ ਉਹ ਬਚਨ ਦੇ ਨਾਲ ਛੁਟਕਾਰਾ ਕਰਾ ਦਿੰਦੇ ਨੇ, ਇਕੋ ਬਚਨ ਨਾਲ। ਦੂਸਰਾ ਹੈ ਕਿ ਗੱਲ ਕਹੀ ਜਾਓ ਸਹਿਮਤ ਹੀ ਹੋ ਜਾਂਦੇ ਨੇ ਨਾਲ। ਇਹ ਗੱਲਾਂ ਦੀ ਨਿਸ਼ਾਨੀ ਹੋਇਆ ਕਰਦੀ ਹੈ ਮਹਾਤਮਾ ਵਿਚ। ਸੋ ਇਹ ਪਰਖ ਕਰਨ ਵਾਸਤੇ ਇਕ ਤੋਤਾ ਰੱਖ ਦਿਤਾ ਡਿਊਡੀ ਵਿਚ। ਉਹ ਤੋਤਾ ਆਉਂਦਿਆਂ ਨੂੰ ਜੈ ਬੁਲਾਉਂਦਾ ਸੀ, ਫੇਰ ਉਸ ਨੇ ਬਚਨ ਕਰਨੇ, ਬਚਨ ਕਰਨ ਤੋਂ ਬਾਅਦ ਮਹਾਤਮਾ ਦੇ ਬਚਨ ਸੁਣਨੇ, ਫੇਰ ਇਕ ਗੱਲ ਕਹਿਣੀ ਕਿ ਮਹਾਰਾਜ ਮੇਰਾ ਛੁਟਕਾਰਾ ਕਿਸੇ ਤਰ੍ਹਾਂ ਨਾਲ ਕਰੋ ਕਿਉਂਕਿ ਮੈਂ ਰਾਮ ਦੇ ਨਾਮ ਦੀ ਮਹਿਮਾ ਸੁਣਦਾ ਹਾਂ ਕਿ ਰਾਮ ਦਾ ਨਾਮ ਜੋ ਹੈ ਉਹ ਭਵਜਲ 'ਚੋਂ ਕੱਢ ਦਿੰਦਾ ਹੈ, ਬੰਧਨ ਕੱਟ ਦਿੰਦਾ ਹੈ ਤੇ ਮੁਕਤੀ ਹੋ ਜਾਂਦੀ ਹੈ। ਮਹਾਰਾਜ ਮੈਂ ਦਿਨ ਰਾਤ ਰਾਮ-ਰਾਮ ਕਰਦਾ ਰਹਿੰਦਾ ਹਾਂ ਤੇ ਮੇਰਾ ਤਾਂ ਪਿੰਜਰੇ 'ਚੋਂ ਹੀ ਛੁਟਕਾਰਾ ਨਹੀਂ ਹੋਇਆ, ਅੱਗੇ ਕਿੱਥੇ ਛੁਟਕਾਰਾ ਹੋਏਗਾ? ਮਹਾਤਮਾ ਨੇ ਹੱਸ ਪੈਣਾ ਕਿ ਪਿੰਜਰੇ 'ਚੋਂ ਕਿਵੇਂ ਛੁਟਕਾਰਾ ਕਰਾਈਏ? ਅੱਗੇ ਜਾਣਾ ਤਾਂ ਰਾਜੇ ਨੇ ਸੇਵਾ ਕਰਨੀ ਤੇ ਨਾਲ ਨਿੰਮ ਦਾ ਦਰਖਤ ਸੀ, ਉਤੇ ਨੂੰ ਦੇਖਣਾ ਕਿ ਮਹਾਰਾਜ ਇਹਨੂੰ ਦੋ-ਦੋ ਸੇਰ ਦੇ ਅੰਬ ਲਗਦੇ ਨੇ, ਛੇ ਮਹੀਨੇ ਨੂੰ ਲੱਗਣਗੇ, ਤੁਸੀਂ ਇਥੇ ਠਹਿਰੋ। ਉਹਨੇ ਕਹਿਣਾ ਰਾਜਨ! ਇਹ ਤਾਂ ਨਿੰਮ ਹੈ, ਅੰਬ ਨੂੰ ਅੰਬ ਲਗਦੇ ਨੇ, ਨਿੰਮ ਨੂੰ ਨਹੀਂ।

ਹੁੰਦੇ-ਹੁੰਦੇ ਜੜ੍ਹ ਭਰਤ ਆ ਗਿਆ, ਜੜ੍ਹ ਭਰਤ ਆਇਆ ਹੋਇਆ, ਜਦੋਂ ਉਸ ਤੋਤੇ ਨੇ ਗੱਲ ਕਰੀ, ਮਹਾਤਮਾ ਨੇ ਹੱਥ ਰੱਖ ਲਿਆ ਕੰਨ ਦੇ ਕੋਲ, ਐਉਂ ਲੰਮੇ ਪੈ ਗਏ ਸਾਹ ਖਿੱਚ ਕੇ, ਉਹਨੇ ਦੇਖ ਲਿਆ। ਨਾਲ ਇਸ਼ਾਰਾ ਕਰ ਦਿਤਾ ਕਿ ਤੇਰਾ ਐਉਂ ਛੁਟਕਾਰਾ ਹੋ ਜਾਊ।

ਉਸ ਤੋਤੇ ਨੇ ਉਵੇਂ ਜਿਵੇਂ ਕਰ ਲਿਆ, ਸਾਹ ਖਿੱਚ ਲਿਆ, ਰਾਜੇ ਨੂੰ ਦੱਸਿਆ ਕਿ ਜੀ ਤੋਤਾ ਨਹੀਂ ਬੋਲਦਾ, ਮਹਾਤਮਾ ਆਏ ਨੇ। ਰਾਜਾ ਕਹਿਣ ਲੱਗਿਆ ਕਿ ਕੀ ਗੱਲ? ਕਹਿਣ ਲੱਗੇ, ਕਿ ਜੀ ਪਤਾ ਨਹੀਂ ਉਹ ਤਾਂ ਅੱਖ ਹੀ ਨਹੀਂ ਖੋਲ੍ਹਦਾ, ਪਤਾ ਨਹੀਂ ਤਾਂ ਬਿਮਾਰ ਹੈ। ਉਹ ਰਾਜੇ ਦੇ ਕੋਲ ਲੈ ਗਏ, ਕਹਿੰਦੇ ਜੀ ਜੀਉਂਦਾ ਤਾਂ ਹੈਗਾ ਜੀ ਇਹ, ਪਰ ਅੱਖ ਨਹੀਂ ਖੋਲ੍ਹਦਾ। ਰਾਜਾ ਕਹਿਣ ਲੱਗਿਆ ਕਿ ਇਹਨੂੰ ਬਾਹਰ ਬਿਠਾ ਦਿਓ ਜ਼ਰਾ, ਅੱਖ ਖੋਲ੍ਹੇਗਾ, ਫੇਰ ਚੂਰੀ ਵਗੈਰਾ ਪਾ ਦੇਣਾ। ਇਹਨੂੰ ਜਦੋਂ ਬਾਹਰ ਬਿਠਾਇਆ, ਜਦੋਂ ਦੇਖਿਆ ਇਸ ਨੇ ਕਿ ਹਟ ਗਏ ਪਰ੍ਹੇ, ਉਡਾਰੀ ਮਾਰ ਕੇ ਉਚੇ ਦਰਖਤ ਤੇ ਜਾ

ਬੈਠਿਆ। ਕਹਿਣ ਲੱਗਿਆ, ਧੰਨ ਹੋ ਮਹਾਰਾਜ! ਇਕੋ ਬਚਨ ਨਾਲ ਤੁਸੀਂ ਮੇਰਾ ਪਾਰ ਉਤਾਰਾ ਕਰ ਦਿਤਾ। ਕਹਿਣ ਲੱਗੇ, ਰਾਜਨ! ਉਹ ਸੰਤ ਆ ਗਿਆ ਜਿਹਦਾ ਤੂੰ ਇੰਤਜ਼ਾਰ ਕਰਦਾ ਸੀ। ਉਸਨੇ ਫੇਰ ਦੂਜੀ ਗੱਲ ਕਹੀ। ਉਨ੍ਹਾਂ ਨੇ ਕਿਹਾ ਹੀ ਨਾ ਕਿ ਨਿੰਬੋਲੀਆਂ ਲਗਦੀਆਂ ਨੇ ਜਾਂ ਅੰਬ ਲਗਦੇ ਨੇ, ਚੁੱਪ ਕਰ ਰਿਹਾ। ਉਹ ਬਾਰ-ਬਾਰ ਕਹਿੰਦੇ ਨੇ, ਪਰ ਰਾਜਾ ਚੁੱਪ ਹੀ ਰਿਹਾ। ਕਹਿੰਦੇ ਕਿ ਰਾਜਨ! ਜੋ ਤੇਰੀ ਰਜ਼ਾ ਹੈ ਠੀਕ ਹੈ। ਸਮਝ ਲਿਆ ਉਸਨੇ। ਫੇਰ ਉਨ੍ਹਾਂ ਨੇ ਉਸਨੂੰ ਬ੍ਰਹਮਗਿਆਨ ਕਰਾਇਆ।

ਸੋ ਐਉਂ ਚਲਦੇ-ਚਲਦੇ ਕਿਤੇ ਨਾ ਕਿਤੇ ਮਹਾਤਮਾ ਪੂਰੇ ਆ ਜਾਂਦੇ ਨੇ, ਜਿਨ੍ਹਾਂ ਦੀ ਕਮਾਈ ਬਹੁਤ ਵੱਡੀ ਹੋਇਆ ਕਰਦੀ ਹੈ। ਸੋ ਰਾਮੇਸ਼ ਕੁਮਾਰ ਕਹਿਣ ਲੱਗਿਆ ਕਿ ਮਹਾਰਾਜ! ਮੈਂ ਬਹੁਤ ਮਹਾਤਮਾ ਬੁਲਾਏ, ਮੇਰਾ ਘਰ ਜਿਹੜਾ ਹੈ ਮਹਾਤਮਾ ਦੇ ਆਦਰ ਸਤਿਕਾਰ ਵਾਸਤੇ ਸਾਰਾ ਸ਼ਹਿਰ ਹੀ ਵਰਤੋਂ 'ਚ ਲਿਆਉਂਦਾ ਹੈ ਤੇ ਅੱਜ ਤੁਹਾਡੇ ਚਰਨ ਪਏ ਨੇ ਆਪ ਕ੍ਰਿਪਾ ਕਰੋ। ਮਹਾਰਾਜ ਕਹਿਣ ਲੱਗੇ, ਰਾਮੇਸ਼ ਕੁਮਾਰ ਕੋਈ ਪੂਜਾ ਪਾਠ ਵੀ ਕਰਦਾ ਹੁੰਦਾ ਹੈਂ। ਕਹਿਣ ਲੱਗਿਆ, ਹਾਂ ਮਹਾਰਾਜ ਜੀ ਮੈਨੂੰ ਇਕ ਮਹਾਤਮਾ ਨੇ ਉਪਾਸਨਾ ਕਰਨ ਦੀ ਜੁਗਤ ਦੱਸ ਦਿਤੀ ਸੀ ਤੇ ਮੈਂ ਵਿਸ਼ਨੂੰ ਜੀ ਦੀ ਪ੍ਰਿਤਮਾ ਅੱਗੇ ਰਖਦਾ ਹਾਂ, ਭੋਗ ਲਵਾਉਂਦਾ ਹਾਂ। ਮਹਾਰਾਜ ਕਹਿੰਦੇ ਐਉਂ ਕਰ ਅਸੀਂ ਤੈਨੂੰ ਬਹੁਤਾ ਤਾਂ ਨਹੀਂ ਕਹਿੰਦੇ ਇਹ ਗੱਲ ਕਰ, ਐਸ ਵੇਲੇ ਗੁਰੂ ਨਾਨਕ ਸਾਹਿਬ ਸਤਿਗੁਰੂ ਦਾ ਸਾਰੇ ਬ੍ਰਹਿਮੰਡਾਂ 'ਚ ਰਾਜ ਹੈ, ਐਨਾ ਹੀ ਕਰ ਲੈ, ਬਾਕੀ ਉਵੇਂ ਜਿਵੇਂ ਭੋਗ ਲਵਾਂ, ਗੁਰੂ ਨਾਨਕ ਸਾਹਿਬ ਦੀ ਤਸਵੀਰ ਸਾਮ੍ਹਣੇ ਰੱਖ ਲੈ।

ਕਈ ਪ੍ਰੇਮੀ ਕਹਿਣਗੇ ਜੀ ਤਸਵੀਰ ਪੂਜਣ ਲਾ ਦਿਤਾ। ਜਿਹੜਾ ਕੁਛ ਵੀ ਨਹੀਂ ਪੂਜਦਾ ਉਹਨੂੰ ਤਸਵੀਰ ਪੂਜਣ ਤਾਂ ਲਾਓ, ਉਹਨੂੰ ਅੱਗੇ ਦੀ ਗੱਲ ਤਾਂ ਫੇਰ ਸਮਝ ਆਊ। ਅਸੀਂ ਵੀ ਤਸਵੀਰਾਂ ਹੀ ਪੂਜਦੇ ਹਾਂ, ਬੱਚੇ ਕੀ ਨੇ ਤਸਵੀਰਾਂ, ਦੋਸਤ ਮਿਤਰ ਕੀ ਨੇ, ਇਸਤਰੀਆਂ ਕੀ ਨੇ ਸਭ ਤਸਵੀਰਾਂ ਹੀ ਨੇ। ਉਹ ਤੁਰਦੀਆਂ ਫਿਰਦੀਆਂ ਨੇ, ਉਹ ਨਹੀਂ ਤੁਰਦੀ ਫਿਰਦੀ।

ਗੁਰੂ ਦਸਵੇਂ ਪਾਤਸ਼ਾਹ ਨੂੰ ਬਹਾਦਰਸ਼ਾਹ ਨੇ ਇਹ ਤਰਕ ਕਰੀ ਸੀ ਕਿ ਹਿੰਦੂ ਲੋਕ ਆਪੇ ਹੀ ਮੂਰਤੀ ਬਣਾ ਲੈਂਦੇ ਨੇ, ਆਪੇ ਤਸਵੀਰ ਬਣਾ ਲੈਂਦੇ ਨੇ ਤੇ ਆਪੇ ਹੀ ਭੋਗ ਲਵਾ ਲੈਂਦੇ ਨੇ। ਮਹਾਰਾਜ ਕਹਿੰਦੇ, ਬਹਾਦਰਸ਼ਾਹ ਇਹ ਭਾਵਨਾ ਦੀ ਗੱਲ ਹੈ, ਧੰਨੇ ਭਗਤ ਨੇ ਭੋਗ ਲਵਾਇਆ ਹੀ ਹੈ। ਉਹ ਭਾਵਨਾ ਪ੍ਰਬਲ ਹੁੰਦੀ ਹੈ, ਲੇਖੇ ਪੱਤੇ ਹੋਰ ਚੀਜ਼ ਹੈ, ਭਾਵਨਾ ਹੋਰ ਚੀਜ਼ ਹੈ। ਭਾਵਨਾ ਵਾਲਾ ਤਾਂ ਜਿੱਥੇ ਜੀਅ ਕਰਦਾ ਹੈ, ਪ੍ਰਮੇਸ਼ਰ ਨੂੰ ਪ੍ਰਗਟ ਕਰ ਲੈਂਦਾ ਹੈ, ਕੋਈ ਔਖੀ ਗੱਲ ਨਹੀਂ ਹੁੰਦੀ।

ਸੋ ਮਹਾਰਾਜ ਨੇ ਇਹ ਬਚਨ ਕਰ ਦਿਤਾ ਤੇ ਕਿਹਾ ਕਿ ਸਾਡੀ ਤਾਂ ਦੁਆ ਹੁੰਦੀ ਹੈ, ਅਰਦਾਸ ਹੁੰਦੀ ਹੈ, ਫਕੀਰ ਦੀ ਮੰਨਣ ਵਾਲਾ ਵਾਹਿਗੁਰੂ ਹੈ। ਸੋ ਉਸ ਵੇਲੇ ਜਦੋਂ ਦੱਸ ਮਹੀਨੇ ਲੰਘੇ ਬੜੀਆਂ ਖੁਸ਼ੀਆਂ ਹੋਈਆਂ। ਪੁੱਤਰ ਨੇ ਜਨਮ ਲੈ ਲਿਆ, 25 ਸਾਲ ਹੋ ਗਏ ਸੀ। ਜਦੋਂ ਮੈਂ ਦੇਖਿਆ, ਉਦੋਂ ਉਹ ਪੰਜ ਸਾਲ ਦਾ ਸੀ, ਪ੍ਰਸ਼ਾਦੇ ਵਰਤਾਉਂਦਾ ਸੀ ਸੰਗਤਾਂ ਨੂੰ ਲਿਆ ਕੇ।

ਸੋ ਇਹ ਬੇਪਰਵਾਹ ਮਹਾਤਮਾ ਹੁੰਦੇ ਨੇ, ਕਿਸੇ ਦੀ ਗਰਜ਼ ਨਹੀਂ ਰਖਦੇ। ਕਿਸੇ ਤੱਕ ਕੋਈ ਗਰਜ਼ ਨਹੀਂ ਹੁੰਦੀ। ਗਰਜ਼ ਵਾਲਾ ਕਦੇ ਵੀ ਮਹਾਤਮਾ ਨਹੀਂ ਹੁੰਦਾ।

ਸੋ ਐਸੇ ਪੁਰਸ਼ ਜਿਨ੍ਹਾਂ ਨੇ ਸਾਰਾ ਧਨ ਲੁਟਾ ਦਿਤਾ, ਬੰਦਗੀ ਕਰਦੇ ਨੇ ਤੇ ਇਕ ਪਿੰਡ ਵਿਚ ਗੁਮਨਾਮ ਰਹਿੰਦੇ ਨੇ, ਲੇਕਿਨ ਨੇਕੀ ਜਿਹੜੀ ਹੈ ਉਹ ਛੁਪਦੀ ਨਹੀਂ। ਇਕ ਦਮ ਸਾਰੇ ਨਗਰ ਦੇ ਅੰਦਰ ਆਦਰ ਸਤਿਕਾਰ ਹੋਣ ਲਗ ਗਿਆ। ਕਹਿਣ ਲੱਗੇ, ਉਨ੍ਹਾਂ ਦੇ ਬਚਨਾਂ ਵਿਚ ਬੜੀ ਸਤਿਆ ਹੈ, ਬਚਨ ਕੋਈ ਨਾ ਕੋਈ ਕਰਨਾ ਹੀ ਹੈ, ਕੋਈ ਨਾ ਕੋਈ ਅਸ਼ੀਰਵਾਦ ਦੇਣੀ ਹੀ ਹੈ ਤੇ ਇਨ੍ਹਾਂ ਦੇ ਦਰਸ਼ਨਾਂ ਦੇ ਵਿਚ ਖਿੱਚ ਹੈ।

ਉਹ ਜਿਹੜਾ ਸੇਠ ਸੀ ਉਹ ਕਣਕੂਤ ਕਰਾਉਣ ਗਿਆ, ਘਰੋਂ ਸੁਨੇਹਾ ਆ ਗਿਆ ਕਿ ਸਾਡਾ ਸੰਦੇਸਾ ਸੁਣਦੇ ਸਾਰ ਰੋਟੀ ਖਾਂਦਾ ਹੈਂ ਤਾਂ ਹੱਥ ਤੇ ਰੱਖ ਲਈਂ, ਬਾਹਰ ਆ ਕੇ ਮੁਕਾਈਂ, ਜੇ ਜੋੜਾ ਨਹੀਂ ਪਾਇਆ ਤਾਂ ਉਵੇਂ ਜਿਵੇਂ ਤੁਰ ਆਈਂ, ਪਰ ਜਲਦੀ ਆ ਜਾਈਂ। ਨੌਂ ਵੱਜੇ ਸੀ ਰਾਤ ਦੇ, ਸੇਠ ਦਾ ਪਿੰਡ ਦੂਰ ਸੀ, ਹਨ੍ਹੇਰੀ ਰਾਤ ਸੀ। ਉਸ ਵੇਲੇ ਮੁਨੀਮ ਨੂੰ ਪੁੱਛਿਆ ਕਿ ਮੇਰੇ ਨਾਲ ਕੋਈ ਮੇਰਾ ਬੈਗ ਲੈ ਚੱਲੇ। ਮੁਨੀਮ ਨੇ ਕਿਹਾ ਪੁੱਛ ਲੈਂਦੇ ਹਾਂ। ਕਹਿੰਦੇ, ਇਸ ਵੇਲੇ ਤਾਂ ਨਹੀਂ ਅਸੀਂ ਜਾਂਦੇ ਕੋਈ ਵੀ। ਜਦੋਂ ਨਿਰਾਸ ਹੋ ਗਿਆ ਤਾਂ ਕਹਿੰਦੇ ਜੀ ਇਥੇ ਇਕ ਗੁਰੂ ਨਾਨਕ ਸਾਹਿਬ ਦਾ ਸਿੱਖ ਰਹਿੰਦਾ ਹੈ, ਉਹਨੂੰ ਵਾਸਤਾ ਪਾ ਕੇ ਦੇਖ ਲੈਂਦੇ ਹਾਂ। ਕਹਿੰਦੇ, ਗੁਰੂ ਨਾਨਕ ਦਾ ਹੀ ਵਾਸਤਾ ਪਾ ਦਿਓ। ਉਥੇ ਗਏ ਤਾਂ ਉਹ ਭਜਨ ਕਰ ਰਹੇ ਸੀ। ਜਾ ਕੇ ਆਵਾਜ਼ ਦਿਤੀ ਤਾਂ ਉਹ ਬਾਹਰ ਆਏ, ਪੁੱਛਣ ਲੱਗੇ ਕੀ ਗੱਲ ਹੈ ਪ੍ਰੇਮੀਓਂ? ਕਹਿੰਦੇ, ਸੇਠ ਜੀ ਦਾ ਕੋਈ ਕੰਮ ਆ ਗਿਆ, ਮਜ਼ਦੂਰੀ ਦੇ ਦੇਵਾਂਗੇ। ਕਹਿੰਦੇ ਲੱਗੇ, ਦੇਖੋ! ਅਸੀਂ ਮਜ਼ਦੂਰੀ ਦਿਨ ਵਿਚ ਕਰਦੇ ਹਾਂ ਰਾਤ ਨੂੰ ਨਹੀਂ ਕਰਦੇ। ਹੁਣ ਸਿਮਰਨ ਦੀ ਵੇਲਾ ਹੈ, ਭਜਨ ਕਰਨ ਦੀ। ਇਹ ਅਸੀਂ ਕਿਸੇ ਕੀਮਤ ਤੇ ਵੀ ਛੱਡਣ ਨੂੰ ਤਿਆਰ ਨਹੀਂ। ਕਹਿਣ ਲੱਗੇ, ਗੁਰਸਿੱਖਾ! ਗੁਰੂ ਨਾਨਕ ਦਾ ਵਾਸਤਾ ਪਾ ਕੇ ਕਹਿੰਦੇ ਹਾਂ, ਕਿਉਂਕਿ ਐਸ ਵੇਲੇ ਕੋਈ ਨਹੀਂ ਨਾਲ ਜਾ ਰਿਹਾ। ਕਹਿਣ ਲੱਗੇ ਕਿ ਮੇਰੇ ਸਤਿਗੁਰੂ ਦਾ ਵਾਸਤਾ ਹੈ ਤਾਂ ਫੇਰ ਮੇਰੀ ਕੀ ਤਾਕਤ ਹੈ, ਇਥੇ ਠਹਿਰ ਜਾਵਾਂ। ਨਾਲ ਹੋ ਲਏ ਤੇ ਬੈਗ ਚੁੱਕ

ਲਿਆ। ਜਦੋਂ ਬਾਹਰ ਗਏ ਤਾਂ ਸੇਠ ਨੇ ਕਿਹਾ ਕਿ ਜੇ ਬੋਲ ਬਰਾਲਾ ਨਾ ਹੋਇਆ ਤਾਂ ਚੋਰ ਆ ਜਾਣਗੇ। ਹਨ੍ਹੇਰੀ ਰਾਤ ਹੈ ਕਿ ਬੋਲਦੇ ਚੱਲੀਏ। ਸੋ ਉਸ ਵੇਲੇ ਗੱਲ੍ਹਾਂ ਐਧਰਲੀਆਂ ਉਧਰਲੀਆਂ ਕਰਨ ਲੱਗਿਆ ਤਾਂ ਗੁਰਸਿੱਖ ਨੇ ਬੈਗ ਰੱਖ ਦਿਤਾ ਤੇ ਕਿਹਾ ਲੈ ਸੇਠ ਜੀ! ਆਪਣਾ ਬੈਗ ਚੁੱਕ ਮੈਂ ਤਾਂ ਨਹੀਂ ਜਾਣਾ। ਕਹਿੰਦੇ, ਕਿਉਂ? ਕਹਿਣ ਲੱਗੇ, ਤੂੰ ਤਾਂ ਫਜ਼ੂਲ ਗੱਲਾਂ ਕਰਦਾ ਹੈਂ। ਇਹ ਤਾਂ ਸਾਰੀਆਂ ਨਰਕਾਂ ਨੂੰ ਪਹੁੰਚਾਉਣ ਵਾਲੀਆਂ ਨੇ, ਤੂੰ ਨਿੰਦਿਆ ਕਰਨ ਲੱਗ ਗਿਆ ਦੂਜਿਆਂ ਦੀ। ਕਿਸੇ ਦੀ ਲੜਕੀ ਨੂੰ ਮਾੜਾ ਕਹਿੰਦਾ ਹੈਂ, ਕਿਸੇ ਦੇ ਲੜਕੇ ਨੂੰ ਮਾੜਾ ਕਹਿੰਦਾ ਹੈਂ। ਦੇਖ! ਜੇ ਮੇਰੇ ਨਾਲ ਚੱਲਣਾ ਹੈ ਤਾਂ ਪ੍ਰਮੇਸ਼ਰ ਦੇ ਬਚਨ ਕਰ। ਕਹਿੰਦਾ, ਗੁਰਸਿੱਖਾ! ਮੈਂ ਤਾਂ ਨਾ ਰੱਬ ਵਿਚ ਯਕੀਨ ਰੱਖਦਾ ਹਾਂ ਕਿ ਹੈਗਾ ਤੇ ਨਾ ਮੈਂ ਅਗਲੀ ਦਰਗਾਹ ਦੇ ਵਿਚ ਯਕੀਨ ਰੱਖਦਾ ਹਾਂ। ਪਰ ਤੇਰੀ ਜੋ ਸ਼ਰਤ ਹੈ ਇਹ ਮੈਨੂੰ ਮੰਨਣੀ ਹੀ ਪੈਣੀ ਹੈ, ਤੂੰ ਬਚਨ ਕਰੀ ਜਾਹ ਮੈਂ ਹੁੰਗਾਰਾ ਭਰੀ ਜਾਵਾਂਗਾ। ਸੋ ਉਸ ਵੇਲੇ ਗੁਰਸਿੱਖ ਬਚਨ ਕਰੀ ਜਾਂਦਾ ਹੈ, ਹੌਲੀ-ਹੌਲੀ ਮਨ ਵਿਚ ਆਇਆ ਕਿ ਇਹ ਭਗਤੀ ਵਲ ਲਗ ਜਾਵੇ, ਇਹਦਾ ਕੁੱਛ ਭਲਾ ਹੋ ਜਾਵੇ। ਅੰਦਰੋਂ ਜਾਣਦੇ ਨੇ ਕਿ ਇਹ ਤਾਂ ਚੰਦ ਦਿਨ ਦਾ ਮਹਿਮਾਨ ਹੋਰ ਹੈ। ਕਿਉਂਕਿ ਅੰਦਰ ਸ਼ਕਤੀ ਸੀ ਬੇਅੰਤ ਹੀ, ਲਕੋਈ ਬੈਠੇ ਸੀ।

ਸੋ ਜਿਸ ਵਕਤ ਘਰ ਚਲਿਆ ਗਿਆ, ਸੇਠ ਨੇ ਮਜ਼ਦੂਰੀ ਦਿਤੀ, ਕਹਿੰਦਾ ਗੁਰਸਿੱਖਾ! ਹੁਣ ਨਾ ਜਾਈਂ। ਉਸ ਨੇ ਕਿਹਾ ਕਿ ਮੈਂ ਇਸ਼ਨਾਨ ਕਰਨਾ ਹੈ ਭਾਈ। ਸੇਠ ਨੇ ਕਿਹਾ ਕਿ ਸਭ ਇਥੇ ਹੈਗਾ। ਸੋ ਇਸ਼ਨਾਨ ਕਰਿਆ, ਜਦੋਂ ਅੰਮ੍ਰਿਤ ਵੇਲੇ ਜਾਣ ਲੱਗੇ, ਜਾ ਕੇ ਵਾਪਸ ਆ ਗਏ, ਸੇਠ ਨੇ ਕਿਹਾ ਕਿ ਮਜ਼ਦੂਰੀ ਥੋੜ੍ਹੀ ਦਿਤੀ ਹੈ, ਹੋਰ ਦੇ ਦਿਓ ਦੋ ਆਨੇ। ਜਦੋਂ ਮਜੂਰੀ ਦੇਣ ਲੱਗੇ ਉਹ ਕਹਿਣ ਲੱਗੇ ਕਿ ਮੈਂ ਮਜੂਰੀ ਵਾਸਤੇ ਨਹੀਂ ਆਇਆ ਇਕ ਪਾਸੇ ਹੋ, ਬਾਹਰ ਕਰਕੇ ਸੇਠ ਨੂੰ ਕਹਿਣ ਲੱਗੇ, ਤੁਹਾਡਾ ਸਾਰਾ ਜਨਮ ਜਿਹੜਾ ਹੈ ਨਾ ਇਹ ਬਿਰਥਾ ਚਲਿਆ ਗਿਆ। ਅੱਜ ਤੋਂ ਸੱਤਵੇਂ ਨੂੰ ਤੁਹਾਨੂੰ ਜਮਦੂਤ ਲੈਣ ਆਉਣਗੇ, ਸਫਰ ਤੁਹਾਡਾ ਖਤਮ ਹੋ ਗਿਆ, ਜਿਹੜਾ ਦਿਨ ਸਾਰਿਆਂ ਤੇ ਆਉਣਾ ਹੈ, ਉਹ ਤੁਹਾਡੇ ਤੇ ਵਿਚ ਆ ਰਿਹਾ ਹੈ। ਉਹ ਤੁਹਾਨੂੰ ਮਾਰਦੇ ਕੁੱਟਦੇ ਲੈ ਜਾਣਗੇ ਤੇ ਦਰਗਾਹ ਦੇ ਵਿਚ ਜਾ ਕੇ ਤੁਹਾਡੇ ਕਰਮਾਂ ਦਾ ਫਲ ਨਰਕ ਹੈ ਤੇ ਹੁਣ ਜਿਹੜੀ ਤੁਸੀਂ ਸੰਗਤ ਕੀਤੀ ਹੈ ਨਾ, ਸਾਡੇ ਨਾਲ ਗੁਰੂ ਨਾਨਕ ਸਾਹਿਬ ਦੇ ਬਚਨ ਸੁਣੇ ਨੇ, ਬਾਣੀ ਦੀ ਵਿਚਾਰ ਸੁਣੀ ਹੈ, ਇਕ ਕੀਮਤੀ ਸਮਾਂ ਤੁਹਾਡੀ ਜ਼ਿੰਦਗੀ 'ਚ ਹੈ, ਇਹਦਾ ਫਲ ਤੁਹਾਨੂੰ ਮਿਲਣਾ ਹੈ ਤੇ ਤੁਸੀਂ ਭੁੱਲਣਾ ਨਾ ਤੇ ਇਹ ਗੱਲ ਕਹਿ ਦੇਣਾ ਕਿ ਮੈਨੂੰ ਉਸ ਥਾਂ ਦੇ ਦਰਸ਼ਨ ਕਰਾ ਦਿਓ ਜਿਸ ਨੂੰ ਸੰਤ ਮੰਡਲ ਕਹਿੰਦੇ ਨੇ ਦਰਗਾਹ ਦਾ। ਬੱਸ ਫੇਰ ਅਗਲੀ ਗੱਲ ਮੈਂ ਆਪੇ ਜਾਣੂੰ।

ਕਹਿੰਦਾ ਮੈਂ ਸੱਚੀਂ ਮਰ ਜਾਣਾ ਹੈ?

ਕਹਿੰਦੇ, ਹਾਂ ਤੂੰ ਸੱਚੀਂ ਮਰ ਜਾਣਾ ਹੈ ਤੇ ਤੈਨੂੰ ਅੱਗੇ ਜਾ ਕੇ ਪਤਾ ਲੱਗੇਗਾ ਕਿ ਅੱਗੇ ਕੀ ਬਣਦਾ ਹੈ।

ਸੋ ਸੱਤਵਾਂ ਦਿਨ ਆਇਆ ਚੜ੍ਹਾਈ ਕਰ ਗਿਆ, ਜਮਦੂਤ ਆ ਗਏ -

*ਬਾਰਿ ਵਿਡਾਨੜੈ ਹੁੰਮਸ ਧੁੰਮਸ*
*ਕੂਕਾ ਪਈਆ ਰਾਹੀ॥*
*ਤਉ ਸਹ ਸੇਤੀ ਲਗੜੀ ਡੋਰੀ*
*ਨਾਨਕ ਅਨਦ ਸੇਤੀ ਬਨੁ ਗਾਹੀ॥ ਅੰਗ - ੫੨੦*

ਪਾਪੀ ਲੋਕ ਕੂਕਾਂ ਮਾਰਦੇ ਜਾਂਦੇ ਨੇ।

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ॥*
*ਅੰਗ - ੧੨੮੧*

ਜੇ ਤਾਂ ਸਤਿਗੁਰੂ ਹੈ ਤਾਂ ਤਾਂ ਕੱਢ ਲੈਂਦਾ ਹੈ ਨਹੀਂ ਤਾਂ ਫੇਰ ਨਰਕ ਘੋਰ ਵਿਚ ਜਾ ਕੇ ਪਛਤਾਉਣਾ ਹੀ ਪਛਤਾਉਣਾ ਰਹਿੰਦਾ ਹੈ। ਇਸ ਤਰ੍ਹਾਂ ਨਾਲ ਮਹਾਰਾਜ ਫੁਰਮਾਨ ਕਰਦੇ ਨੇ।

***ਧਾਰਨਾ - ਜਿੰਦੇ ਰੋਵੇਂਗੀ ਤੇ ਰੋ ਰੋ ਪਛੋਤਾਵੇਂਗੀ,***
***ਫੇਰ ਤੇਰਾ ਕੋਈ ਨਾ ਬਣੇ।***

*ਆਪੀਨੈ ਭੋਗ ਭੋਗਿ ਕੈ ਹੋਇ*
*ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ*
*ਗਲਿ ਸੰਗਲੁ ਘਤਿ ਚਲਾਇਆ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥ ਅੰਗ - ੪੬੪*

ਦਿਨ ਆ ਗਿਆ -

*ਇਕ ਰਤੀ ਬਿਲਮ ਨ ਦੇਵਨੀ*
*ਵਣਜਾਰਿਆ ਮਿਤ੍ਰਾ ਓਨੀ ਤਕੜੇ ਪਾਏ ਹਾਥ ॥*
*ਅੰਗ - ੭੮*

ਕਹਿੰਦੇ, ਐਨੇ ਮਜ਼ਬੂਤ ਹੱਥ ਪੈਂਦੇ ਨੇ, ਨਾ ਕੋਈ ਡਾਕਟਰ ਨਾ ਕੋਈ ਹੋਰ, ਉਹ ਤਾਂ ਕਹਿੰਦੇ ਇਕ ਸਾਹ ਜਿਹੜਾ ਬਾਹਰ ਨੂੰ ਗਿਆ ਹੈ ਅੰਦਰ ਨੂੰ ਨਹੀਂ ਦੁਬਾਰਾ ਆਉਂਦਾ। ਮਾਰ ਕੁੱਟ ਪੈਂਦੀ ਜਾਂਦੀ ਹੈ, ਜਦੋਂ ਧਰਮਰਾਜ ਦੇ ਪੇਸ਼ ਕਰ ਦਿਤਾ। ਬਾਰ-ਬਾਰ ਬਚਨ ਯਾਦ ਕਰਦਾ ਹੈ ਕਿ ਮੈਂ ਉਹ ਭੁੱਲ ਨਾ ਜਾਵਾਂ। ਚਿਤ੍ਰਗੁਪਤਾ ਨੂੰ ਕਿਹਾ ਉਨ੍ਹਾਂ ਨੇ ਕਿਹਾ ਕਿ ਜੀ ਇਹਦੇ ਤਾਂ ਸਾਰੇ ਲੇਖ ਕਾਲੇ ਨੇ, ਨਾਸਤਕ ਪੁਰਸ਼ ਹੈ, ਪ੍ਰਮੇਸ਼ਰ ਨੂੰ ਮੰਨਿਆ ਨਹੀਂ,

ਗਰੀਬਾਂ ਨਾਲ ਧੋਖੇ ਕਰਦਾ ਰਿਹਾ ਹੈ, ਵਿਆਜ ਲੈਂਦਾ ਰਿਹਾ ਹੈ, ਕਿਸੇ ਦੇ ਰੋਣ ਕੁਰਲਾਉਣ ਦੀ ਪਰਵਾਹ ਨਹੀਂ ਕੀਤੀ, ਸਾਰੀ ਜ਼ਿੰਦਗੀ ਵਿਸ਼ੇ ਵਿਕਾਰਾਂ ਵਿਚ ਲੰਘੀ ਹੈ ਇਸਦੀ। ਧਰਮਰਾਜ ਕਹਿਣ ਲੱਗਿਆ ਕਿ ਕੋਈ ਨੇਕ ਕੰਮ ਜ਼ਿੰਦਗੀ ਦੇ ਅੰਦਰ? ਕਹਿੰਦੇ, ਇਕ ਨੇਕ ਕੰਮ ਹੈ, ਗੁਰੂ ਨਾਨਕ ਪਾਤਸ਼ਾਹ ਦੇ ਇਕ ਬੀਤਰਾਗ ਮਹਾਂਪੁਰਸ਼ ਸੰਗਤ ਇਹਨੇ ਥੋੜ੍ਹੀ ਦੇਰ ਕਰੀ ਹੈ ਇਹਨੇ।

ਕਹਿੰਦੇ, ਉਹਦਾ ਤਾਂ ਫਲ ਫੇਰ ਦੇਣਾ ਹੀ ਹੈ। ਕਹਿੰਦੇ, ਦੇਖ ਐ ਜੀਵ ਤੇਰੀ ਸਾਰੀ ਜ਼ਿੰਦਗੀ ਜਿਹੜੀ ਹੈ ਨਾ, ਕਾਲੇ ਲੇਖੇ ਵਾਲੀ ਜ਼ਿੰਦਗੀ ਹੈ। ਮਹਾਰਾਜ ਐਸਾ ਫੁਰਮਾਨ ਕਰਦੇ ਨੇ –

***ਧਾਰਨਾ – ਕਾਲੇ ਲੇਖ ਨਾ ਲਿਖੀ ਓਏ ਮਨਾਂ ਮੇਰਿਆ,***
***ਲੇਖਾ ਦੇਣਾ ਔਖਾ ਹੋ ਜਾਏਗਾ।***

*ਫਰੀਦਾ ਜੇ ਤੂ ਅਕਲਿ ਲਤੀਫੁ*
*ਕਾਲੇ ਲਿਖੁ ਨ ਲੇਖ ॥*
*ਆਪਨੜੇ ਗਿਰੀਵਾਨ ਮਹਿ*
*ਸਿਰੁ ਨੀਂਵਾਂ ਕਰਿ ਦੇਖੁ ॥ ਅੰਗ – ੧੩੭੮*

ਕਹਿਣ ਲੱਗੇ, ਹੇਠਾਂ ਨੂੰ ਮੂੰਹ ਕਰਕੇ ਝਾਕ ਕਿੰਨੇ ਕੁ ਕਾਲੇ ਲੇਖ ਲਿਖਦਾ ਹੈਂ। ਜੇ ਤੇਰੀ ਅਕਲ ਕਾਇਮ ਹੈ ਤਾਂ ਕਾਲੇ ਲੇਖ ਨਾ ਲਿਖੀਂ। ਕਿਉਂਕਿ ਲੇਖਾ ਦੇਣਾ ਬਹੁਤ ਔਖਾ ਹੋ ਜਾਏਗਾ।

*ਕਬੀਰ ਲੇਖਾ ਦੇਨਾ ਸੁਹੇਲਾ*
*ਜਉ ਦਿਲ ਸੂਚੀ ਹੋਇ॥*
*ਉਸੁ ਸਾਚੇ ਦੀਬਾਨ ਮਹਿ*
*ਪਲਾ ਨ ਪਕਰੈ ਕੋਇ ॥ ਅੰਗ – ੧੩੭੫*
*ਰੇ ਰੇ ਦਰਗਹ ਕਹੈ ਨ ਕੋਊ ॥*
*ਆਉ ਬੈਠੁ ਆਦਰੁ ਸੁਭ ਦੇਊ ॥ ਅੰਗ – ੨੫੨*

ਸੋ ਇਸ ਤਰ੍ਹਾਂ ਸਮਾਂ ਆ ਗਿਆ, ਧਰਮਰਾਜ ਨੇ ਕਿਹਾ, ਇਹ ਤਾਂ ਸਾਰਾ ਹੀ ਮਹਾਂਪਾਪੀ ਹੈ, ਕੇਵਲ ਥੋੜ੍ਹੀ ਜਿਹੀ ਸੰਗਤ ਕਰੀ ਹੈ। ਕਹਿਣ ਲੱਗੇ ਐ ਜੀਵ! ਤੂੰ ਦੋਹਾਂ ਦੇ ਵਿਚੋਂ ਕਿਹਦਾ ਫਲ ਪਹਿਲਾਂ ਚਾਹੁੰਦਾ ਹੈਂ। ਕਹਿਣ ਲੱਗਿਆ, ਮਹਾਰਾਜ! ਮੈਨੂੰ ਸਤਿਸੰਗ ਦਾ ਫਲ ਪਹਿਲਾਂ ਦੇ ਦਿਓ।

ਕਿਸ ਤਰ੍ਹਾਂ ਚਾਹੁੰਦਾ ਹੈਂ?

ਕਿਉਂਕਿ ਸੱਚੀ ਦਰਗਾਹ ਹੈ ਉਥੇ ਕੋਈ ਝੂਠ ਝਾਠ ਚਲਦਾ ਹੀ ਨਹੀਂ ਹੈ।

*ਨਾਨਕ ਜੀਅ ਉਪਾਇ ਕੈ*
*ਲਿਖਿ ਨਾਵੈ ਧਰਮੁ ਬਹਾਲਿਆ ॥*
*ਓਥੈ ਸਚੇ ਹੀ ਸਚਿ ਨਿਬੜੈ*
*ਚੁਣਿ ਵਖਿ ਕਢੇ ਜਜਮਾਲਿਆ ॥*
*ਥਾਉ ਨ ਪਾਇਨਿ ਕੂੜਿਆਰ*
*ਮੁਹ ਕਾਲ੍ਹੈ ਦੋਜਕਿ ਚਾਲਿਆ ॥*
*ਤੇਰੈ ਨਾਇ ਰਤੇ ਸੇ ਜਿਣਿ ਗਏ*
*ਹਾਰਿ ਗਏ ਸਿ ਠਗਣ ਵਾਲਿਆ ॥*
*ਲਿਖਿ ਨਾਵੈ ਧਰਮੁ ਬਹਾਲਿਆ ॥ ਅੰਗ – ੪੬੩*

ਕਹਿਣ ਲੱਗਿਆ, ਮਹਾਰਾਜ! ਮੈਨੂੰ ਸੰਤ ਮੰਡਲ ਦੇ ਦਰਸ਼ਨ ਕਰਾ ਦਿਓ, ਇਹੀ ਫਲ ਬਹੁਤ ਹੈ। ਹੁਕਮ ਕਰ ਦਿਤਾ ਜਮਦੂਤਾਂ ਨੂੰ ਕਿ ਜਾਓ ਐਨਾ ਸਮਾਂ ਇਹਦਾ ਹੈ, ਉਥੇ ਰਹਿਣ ਦਾ। ਤਾਕੀਦ ਕਰ ਦਿਤੀ ਕਿ ਐਨੇ ਸਮੇਂ ਤੋਂ ਬਾਅਦ ਤੂੰ ਵਾਪਸ ਆਪੇ ਹੀ ਆ ਜਾਈਂ, ਇਥੇ ਫੇਰ ਤੇਰੇ ਬਾਕੀ ਕਰਮਾਂ ਦਾ ਜੋ ਫਲ ਹੈ ਤੇਰਾ ਉਹ ਭੁਗਤਾਇਆ ਜਾਏਗਾ। ਨਰਕ ਵੀ ਦਿਖਾ ਦਿਤੇ, ਵੇਰਵਾ ਵੀ ਦੱਸ ਦਿਤਾ ਉਨ੍ਹਾਂ ਦਾ, ਡਰ ਗਿਆ ਬਹੁਤ ਇਹ।

ਜਿਸ ਵਕਤ ਸੰਤ ਮੰਡਲ ਵਿਚ ਚਲਿਆ ਜਾਂਦਾ ਹੈ ਤਾਂ ਜਾ ਕੇ ਕੀ ਦੇਖਦਾ ਹੈ ਕਿ ਉਹ ਗੁਰਸਿੱਖ ਉਥੇ ਹੀ ਪਹੁੰਚੇ ਹੋਏ ਨੇ। ਜਾਣੂੰ ਪਛਾਣੂੰ ਮਿਲ ਗਿਆ, ਕਹਿਣ ਲੱਗੇ ਕਿ ਆ ਗਿਆ ਬਈ ਸੇਠ? ਕਹਿੰਦਾ ਹਾਂ ਜੀ।

ਕਹਿਣ ਲੱਗਿਆ, ਤੁਸੀਂ?

ਕਹਿਣ ਲੱਗੇ, ਮੈਂ ਤਾਂ ਤੇਰੇ ਕੋਲੋਂ ਜਾ ਕੇ ਤੀਜੇ ਦਿਨ ਹੀ ਸਰੀਰ ਛੱਡ ਦਿਤਾ ਸੀ। ਕਿਉਂਕਿ ਮੇਰਾ ਸਮਾਂ ਆ ਚੁੱਕਿਆ ਸੀ।

ਕਿਉਂਕਿ ਮੌਤ ਜਿਹੜੀ ਹੈ ਇਹ ਇਕ ਤਾਂ ਸਮਾਂ, ਇਕ ਸਥਾਨ, ਇਕ ਕਾਰਨ; ਤਿੰਨ ਚੀਜ਼ਾਂ ਮਿਲਣ ਤਾਂ ਆਉਂਦੀ ਹੁੰਦੀ ਹੈ। ਜੇ ਦੋ ਮਿਲਣ ਤੀਜੀ ਨਾ ਮਿਲੇ ਫੇਰ ਨਹੀਂ ਆਉਂਦੀ। ਫੇਰ ਕਾਲ ਭਗਵਾਨ ਰੱਖਿਆ ਕਰਦਾ ਹੈ। ਜਾਣ ਨਹੀਂ ਦਿੰਦਾ। ਸੋ ਸਮਾਂ ਆ ਗਿਆ, ਸਮਾਂ ਸਭ ਦਾ ਹੀ ਆਉਣਾ ਹੈ, ਕੌਣ ਹੈ ਜਿਹਦਾ ਸਮਾਂ ਨਹੀਂ ਆਉਣਾ। ਵੱਡੇ-ਵੱਡੇ ਸੰਸਾਰ ਆਏ, ਰਾਵਣ ਜਿਹਨੂੰ ਕਹਿੰਦੇ ਸੀ ਕਿ ਕਾਲ ਪਾਵੇ ਨਾਲ ਬੰਨ੍ਹ ਲਿਆ, ਉਹਨੂੰ ਵੀ ਸਮੇਂ ਤੇ ਜਾਣਾ ਹੀ ਪੈਣਾ ਹੈ।

ਸੋ ਬਿਠਾ ਲਿਆ, ਚਿੱਤ ਨਹੀਂ ਲਗਦਾ, ਕਿਉਂਕਿ ਸੰਸਕਾਰ ਐਸੇ ਨੇ। ਬਾਰ-ਬਾਰ ਜਮਦੂਤਾਂ ਵਲ ਦੇਖੀ ਜਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਉਥੇ ਕੀ ਦੇਖਦਾ ਹਾਂ? ਕਹਿੰਦਾ, ਉਹ ਇਸ਼ਾਰੇ ਕਰਦੇ ਨੇ ਮਹਾਰਾਜ। ਪਹਿਲਾਂ ਮੈਨੂੰ ਬਹੁਤ ਮਾਰ ਪਈ ਹੈ, ਹੁਣ ਮੈਨੂੰ ਫੇਰ ਮਾਰਨਗੇ। ਕਹਿਣ ਲੱਗੇ, ਹੁਣ ਤਾਂ ਤੂੰ ਨਰਕਾਂ 'ਚ ਹੀ ਜਾਣਾ ਹੈ, ਹੁਣ ਤੂੰ ਬਚਨ ਮੰਨ ਜਿਥੇ ਤੂੰ ਪਹੁੰਚ ਚੁੱਕਿਆ ਹੈਂ ਨਾ ਇਥੇ ਜਮਦੂਤਾਂ ਦੀ ਤਾਕਤ ਨਹੀਂ ਹੈ ਕਿ ਜਮਦੂਤ ਇਥੇ ਆ ਸਕਣ। ਕਿਉਂਕਿ ਐਸਾ ਫੁਰਮਾਨ ਹੈ –

***ਧਾਰਨਾ - ਪਿਆਰੇ ਜੀ, ਉਥੇ ਜਮ ਨੇੜ ਨਾ ਆਵੇ,***
***ਜਿਥੇ ਵਸਦੇ ਰਾਮ ਪਿਆਰੇ।***

***ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ॥***
***ਅੰਗ - ੨੫੬***

ਹਰੀ ਦਾ ਜਸ ਹੁੰਦਾ ਹੋਵੇ। ਧਰਮਰਾਜ ਕਹਿੰਦਾ ਹੈ -

***ਣਾ ਹਉ ਣਾ ਤੂੰ ਣਹ ਛੁਟਹਿ***
***ਨਿਕਟਿ ਨ ਜਾਈਅਹੁ ਦੂਤ ॥ ਅੰਗ - ੨੫੬***

ਜਿਥੇ ਹਰੀ ਦੇ ਪਿਆਰੇ ਬੈਠੇ ਹੋਣ, ਹਰੀ ਦਾ ਜਸ ਕਰਦੇ ਹੋਣ ਐ ਜਮਦੂਤੋ! ਓਸ ਥਾਂ ਤੇ ਤੁਸੀਂ ਨਹੀਂ ਜਾਣਾ, ਜੇ ਚਲੇ ਗਏ ਤਾਂ ਮੈਂ ਤੇ ਤੁਸੀਂ ਦੋਨੋਂ ਹੀ ਫਸ ਜਾਵਾਂਗੇ, ਆਪਾਂ ਛੁੱਟ ਨਹੀਂ ਸਕਣਾ ਕਿਉਂਕਿ ਨਿਰੰਕਾਰ ਦੇ ਹੁਕਮ ਦੀ ਅਵੱਗਿਆ ਕਰਾਂਗੇ।

ਐਸੀਆਂ ਮਿਸਾਲਾਂ ਨੇ ਬੰਗਾਲ ਦੀ ਇਕ ਮਹਾਤਮਾ ਅਨੰਦਮਈ ਮਾਂ ਹੋਈ ਹੈ, ਚੰਡੀਗੜ੍ਹ ਵੀ ਆਏ ਸੀ ਉਹ। ਦੇਹਰਾਦੂਨ ਮੈਂ ਮਿਲਿਆ ਸੀ ਮੈਂ, ਬਹੁਤ ਛੋਟਾ ਸੀ ਉਦੋਂ ਮੈਂ। ਉਹ ਬਨਾਰਸ ਨੇ, ਇਕ ਬੱਚਾ ਖੇਡਦਾ ਫਿਰਦਾ ਹੈ, ਉਹਦੇ ਵਲ ਝਾਕੀ ਜਾਂਦੇ ਨੇ, ਉਸ ਸੇਠ ਨੇ ਜਿਸਦਾ ਪੁੱਤਰ ਸੀ ਉਸ ਨੇ ਪੁੱਛਿਆ, ਕਹਿੰਦਾ ਮਹਾਰਾਜ! ਆਪ ਬੱਚੇ ਵਲ ਬੜਾ ਇੰਟਰਸਟ ਲੈ ਰਹੇ ਹੋ?

ਕਹਿੰਦੇ ਹਾਂ।

ਕਹਿੰਦਾ, ਮਹਾਰਾਜ ਸਾਨੂੰ ਵੀ ਕੁੱਛ ਦੱਸੋ? ਕੋਈ ਅਗੰਮ ਦੀ ਗੱਲ ਹੈ ਸਾਨੂੰ ਵੀ ਦੱਸੋ?

ਮਾਂ ਕਹਿਣ ਲੱਗੀ ਕਿ ਏਸ ਬੱਚੇ ਨਾ ਰਾਤ ਨੂੰ ਢਾਈ ਵਜੇ ਚੜ੍ਹਾਈ ਕਰ ਜਾਣੀ ਹੈ। ਅਸੀਂ ਐਉਂ ਪ੍ਰਭੂ ਦਾ ਹੁਕਮ ਦੇਖਦੇ ਹਾਂ ਕਿ ਹੁਣ ਖੇਡਦਾ ਫਿਰਦਾ ਹੈ ਤੇ ਕਲ੍ਹ ਨੂੰ ਇਥੇ ਹੀ ਮਾਤਮ ਹੋ ਜਾਣਾ ਹੈ।

ਸੇਠ ਨੇ ਬਚਨ ਸੰਭਾਲ ਲਿਆ ਕਿ ਮਹਾਰਾਜ! ਕ੍ਰਿਪਾ ਕਰੋ। ਬਾਰ-ਬਾਰ ਬੇਨਤੀਆਂ ਕਰਦਾ ਹੈ। ਅਖੀਰ ਉਨ੍ਹਾਂ ਨੇ ਕਿਹਾ ਕਿ ਦੇਖੋ ਅਖੰਡ ਜਾਪ ਅਸੀਂ ਨਾਮ ਦਾ ਦੱਸ ਦਿੰਦੇ ਹਾਂ, ਜਿਥੇ ਨਾਮ ਦਾ ਮੰਡਲ ਹੋਵੇ ਉਥੇ ਜਮਦੂਤ ਨਹੀਂ ਆਉਂਦੇ। ਉਹ ਸਮਾਂ ਵਿਚਾਰ ਕੇ ਤੁਰ ਜਾਣਗੇ, ਇਹਦੀ ਜ਼ਿੰਦਗੀ ਵੱਧ ਜਾਏਗੀ।

ਏਸੇ ਤਰ੍ਹਾਂ ਕੀਤਾ, ਸਾਰੇ ਸਾਧੂ ਸੰਤਾਂ ਨੂੰ ਬਿਠਾ ਦਿਤਾ। ਕੋਠੀ ਦੇ ਉਤੇ ਵੀ ਬਿਠਾ ਦਿਤਾ, ਬਾਗ ਵਿਚ ਵੀ ਬਿਠਾ ਦਿਤੇ। ਉਸ ਬੱਚੇ ਨੂੰ ਕੁੰਡਲ ਵਿਚ ਲੈ ਲਿਆ, ਵਿਚਾਲੇ ਲੈ ਲਿਆ ਤੇ ਉਹਦੇ ਆਲੇ ਦੁਆਲੇ ਨਾਮ ਜਪੀ ਜਾਂਦੇ ਨੇ। ਜਦੋਂ ਢਾਈ ਵੱਜੇ ਤਾਂ ਇਕ ਮਹਾਤਮਾ ਨੇ ਦੇਖ ਲਿਆ ਕਿ ਆਹ ਦੋ ਬੰਦੇ ਖੜ੍ਹੇ ਨੇ, ਇਕ ਦੇ ਕੱਛ ਵਿਚ ਵਹੀ ਤੇ ਇਕ ਇਸ਼ਾਰਾ ਕਰਦਾ ਹੈ ਕਿ ਔਹ ਹੈ। ਦੂਸਰਾ ਹੱਥ ਮਾਰਦਾ ਹੈ ਕਿ ਆਪਾਂ ਨਹੀਂ ਇਥੇ ਜਾ ਸਕਦੇ। ਉਸ ਤੋਂ ਬਾਅਦ ਉਨ੍ਹਾਂ ਨੇ ਉਚੀਂ-ਉਚੀਂ ਨਾਮ ਜਪਣਾ ਸ਼ੁਰੂ ਕਰ ਦਿਤਾ। ਕੋਠੇ ਵਾਲਿਆਂ ਨੇ ਵੀ, ਬਾਗ ਵਾਲਿਆਂ ਨੇ ਵੀ ਹਰ ਥਾਂ ਦੇ ਉਤੇ ਰਾਮ ਦੇ ਨਾਮ ਦੀ ਧੁਨ ਉਠ ਰਹੀ ਹੈ। ਮਹਾਤਮਾ ਸੀ ਕਰਨੀਆਂ ਕਮਾਈਆਂ ਵਾਲੇ। ਚਿੱਤ ਲੱਗੇ ਹੋਏ ਸੀ ਪ੍ਰਮੇਸ਼ਰ ਦੇ ਨਾਲ, ਫੇਰ ਉਸ ਵਾਤਾਵਰਣ ਵਿਚ ਜਮਦੂਤਾਂ ਦਾ ਕੋਈ ਕੰਮ ਨਹੀਂ ਹੁੰਦਾ। ਇਕ ਦਮ ਨਿਕਲ ਗਏ। ਉਹ ਫੇਰ ਬੱਚਾ ਉਸੇ ਤਰ੍ਹਾਂ ਜੀਵਤ ਰਿਹਾ। ਗਰੈਜੂਏਸ਼ਨ ਕਰੀ, ਫੇਰ ਵਾਹਵਾ ਸੰਤ ਸੰਗੀ ਹੋਇਆ।

ਸੋ ਇਸ ਤਰ੍ਹਾਂ ਦੀਆਂ ਮਿਸਾਲਾਂ ਨੇ, ਆਪਣੇ ਵੀ ਮਿਸਾਲਾਂ ਨੇ ਬਹੁਤ ਸਾਰੀਆਂ। ਸੋ ਕਹਿਣ ਲੱਗੇ ਕਿ ਸੇਠ ਜੀ! ਹੁਣ ਨਹੀਂ ਇਥੇ ਇਨ੍ਹਾਂ ਨੇ ਆਉਣਾ। ਜੇ ਆਉਣਾ ਹੁੰਦਾ ਤਾਂ ਇਥੇ ਆ ਜਾਂਦੇ, ਤੈਨੂੰ ਇਸ਼ਾਰੇ ਕਿਉਂ ਕਰਦੇ। ਸੋ ਥੋੜ੍ਹੀ ਜਿਹੀ ਸੰਗਤ ਕਰੀ ਹੈ, ਬਹੁਤ ਨਹੀਂ ਕਰੀ।

***ਕਬੀਰ ਸੰਗਤਿ ਕਰੀਐ ਸਾਧ ਕੀ***
***ਅੰਤਿ ਕਰੈ ਨਿਰਬਾਹੁ ॥***
***ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ॥***
***ਅੰਗ - ੧੩੬੯***

ਭੋਰਾ ਕੁ ਸੰਗਤ ਨੇ ਹੀ ਨਿਰਬਾਹ ਕਰ ਦਿਤਾ, ਬਚਨ ਮੰਨ ਲਿਆ। ਜੇ ਸਾਕਤ ਦੀ ਸੰਗਤ ਕਰੋ, ਟੁੱਟੇ ਹੋਏ ਦੀ, ਨਾਸ਼ ਹੋ ਜਾਂਦਾ ਹੈ।

ਸੋ ਇਸ ਤਰ੍ਹਾਂ ਕੁਸੰਗ ਜਿਹੜਾ ਹੈ ਚੰਗਿਆਂ ਭਲਿਆਂ ਨੂੰ ਨਰਕ ਵਿਚ ਸੁੱਟ ਦਿੰਦਾ ਹੈ। ਸਤਿਸੰਗ ਜਾਂਦੇ ਨੇ, ਨਾਮ ਜਪਦੇ ਨੇ, ਥੋੜ੍ਹੇ ਦਿਨਾਂ ਤੋਂ ਬਾਅਦ ਪਤਾ ਲਗਦਾ ਹੈ ਕਿ ਉਹ ਤਾਂ ਬਿਲਕੁਲ ਨਾਸਤਕ ਹੋ ਗਿਆ। ਹੋਰ ਤਰ੍ਹਾਂ ਦੇ ਖਿਆਲ ਹੋ ਗਏ ਕਿਉਂਕਿ ਕੁਸੰਗ ਨੇ ਮਾਰ ਲਿਆ।

ਏਸੇ ਤਰ੍ਹਾਂ ਦੀ ਇਕ ਮਿਸਾਲ ਗੁਰੂ ਘਰ ਵਿਚ ਆਉਂਦੀ ਹੈ ਇਕ ਬੱਚਾ ਸੀ, ਉਹਦੇ ਮਾਂ ਬਾਪ ਚੜ੍ਹਾਈ ਕਰ ਗਏ, ਜ਼ਮੀਨ ਜਾਇਦਾਦ ਬਹੁਤ ਸੀ ਕੋਲ। ਖਾਣ ਪੀਣ ਵਾਲੇ ਇਕੱਠੇ ਹੋ ਗਏ, ਕੁਸੰਗ ਵਿਚ ਪੈ ਗਿਆ। ਜਦੋਂ ਪੈਸਾ ਮੁੱਕਿਆ, ਚੋਰੀ ਕਰਨ ਲੱਗ ਗਿਆ, ਧਾੜੇ ਮਾਰਨ ਲਗ ਗਿਆ। ਸਰੀਰ ਦਾ ਤਕੜਾ ਸੀ, ਡਾਕੇ ਮਾਰਨੇ ਸ਼ੁਰੂ ਕਰ ਦਿਤੇ।

ਇਕ ਵਾਰੀ ਸੰਗਤ ਉਸ ਨੂੰ ਗੁਰੂ ਮਹਾਰਾਜ ਦੇ ਦਰਬਾਰ ਵਿਚ ਲੈ ਗਈ - ਗੁਰੂ ਪੰਜਵੇਂ ਪਾਤਸ਼ਾਹ ਦੇ ਕੋਲ। ਜਦੋਂ ਓਸ ਥਾਂ ਦੇ ਉਤੇ ਪਹੁੰਚਦਾ ਹੈ ਐਸੀ ਇਹਦੀ ਕਿਸਮਤ ਜਾਗੀ ਜਿਹੜਾ ਪਹਿਲਾਂ ਹੀ ਬਚਨ ਇਹਨੇ ਸੁਣਿਆ। ਉਹ ਇਸ ਤਰ੍ਹਾਂ ਦਾ ਬਚਨ ਸੀ -

***ਧਾਰਨਾ - ਤੈਨੂੰ ਮਾਰ ਦਰਗਾਹ ਵਿਚ ਪੈਣੀ,***
***ਜਨਮ ਗਵਾ ਲਿਆ ਗਾਫਲਾ।***

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥*
*ਅੰਗ - ੩੧੫*

ਵਿਆਖਿਆ ਹੋਈ ਸ਼ਬਦ ਦੀ। ਮਹਾਰਾਜ ਕਹਿਣ ਲੱਗੇ ਜਿਹੜੇ ਮਾੜੇ ਕੰਮ ਕਰਦੇ ਨੇ, ਚੋਰੀਆਂ ਕਰਦੇ ਨੇ ਭਾਈ! ਗੁਰੂ ਉਹਦੀ ਹਾਮੀ ਨਹੀਂ ਭਰਿਆ ਕਰਦਾ।

*ਚੋਰ ਕੀ ਹਾਮਾ ਭਰੇ ਨ ਕੋਇ ॥*
*ਚੋਰੁ ਕੀਆ ਚੰਗਾ ਕਿਉ ਹੋਇ ॥ ਅੰਗ - ੬੬੨*

ਸਾਰੀ ਦੁਨੀਆਂ ਹੀ ਚੋਰੀਆਂ ਕਰਦੀ ਹੈ। ਸਭ ਤੋਂ ਵੱਡੇ ਚੋਰ ਉਹ ਨੇ ਜਿਹੜੇ ਪ੍ਰਮੇਸ਼ਰ ਦਾ ਨਾਮ ਨਹੀਂ ਜਪਦੇ। ਮਹਾਰਾਜ ਨੇ ਮੁਖੀ ਗਿਣਿਆ ਹੈ ਉਹਨ੍ਹਾਂ ਚੋਰਾਂ ਵਿਚ ਜਿਹੜੇ ਪ੍ਰਭੂ ਦਾ ਨਾਮ ਨਹੀਂ ਜਪਦੇ। ਬਾਕੀ ਵੀ ਨੇ ਜਿਹੜੇ ਦਸਵੰਧ ਨਹੀਂ ਦਿੰਦੇ ਉਹ ਵੀ ਚੋਰ ਨੇ। ਨਾਮ ਨਹੀਂ ਜਪਦੇ ਉਹ ਵੀ ਚੋਰ ਨੇ, ਜਿਹੜੇ ਕਿਸੇ ਦੀ ਚੀਜ਼ ਚਾਹੇ ਕਿਸੇ ਤਰੀਕੇ ਨਾਲ ਲੈਂਦੇ ਨੇ ਉਹ ਵੀ ਚੋਰ ਨੇ, ਉਨ੍ਹਾਂ ਦੀ ਹਾਮਾ ਕਿਸੇ ਨੇ ਭਰਨੀ ਨਹੀਂ ਦਰਗਾਹ ਵਿਚ। ਆਪਣਾ ਕੀਤਾ ਹੋਇਆ ਆਪ ਨੂੰ ਉਸਨੂੰ ਭਰਨਾ ਪੈਣਾ ਹੈ।

*ਖੰਡੇ ਧਾਰ ਗਲੀ ਅਤਿ ਭੀੜੀ ॥*
*ਲੇਖਾ ਲੀਜੈ ਤਿਲ ਜਿਉ ਪੀੜੀ ॥*
*ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ*
*ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ ॥*
*ਅੰਗ - ੧੦੨੮*

ਉਥੇ ਕੇਵਲ ਪ੍ਰਮੇਸ਼ਰ ਦੇ ਨਾਮ ਨੇ ਸਹਾਇਤਾ ਕਰਨੀ ਹੈ। ਬਾਕੀ ਜਿਹੜੇ ਰਿਸ਼ਤੇਦਾਰ, ਸੰਬੰਧੀ ਨੇ ਇਨ੍ਹਾਂ ਦਾ ਤਾਂ ਹੱਥ ਹੀ ਨਹੀਂ ਉਥੇ ਪਹੁੰਚਦਾ।

***ਧਾਰਨਾ - ਤੇਰੀ ਨਾਮ ਨੇ ਸਹਾਇਤਾ ਕਰਨੀ***
***ਔਖੀ ਵੇਲਾ-ਔਖੀ ਵੇਲਾ।***

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥*
*ਜਹ ਮਹਾ ਭਇਆਨ ਦੂਤ ਜਮ ਦਲੈ ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥*
*ਜਹ ਮੁਸਕਲ ਹੋਵੈ ਅਤਿ ਭਾਰੀ ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥*
*ਅੰਗ - ੨੬੪*

ਉਥੇ ਜੇ ਸਹਾਇਤਾ ਕਰਨੀ ਹੈ, ਉਥੇ ਹੋਰ ਕਿਸੇ ਦਾ ਹੱਥ ਨਹੀਂ ਪਹੁੰਚਦਾ, ਉਥੇ ਨਾਮ ਸਹਾਇਤਾ ਕਰਦਾ ਹੈ।

ਇਕ ਐਸੀ ਗੱਲ ਮੈਂ ਸੁਣੀ ਕਿਸੇ ਪ੍ਰੇਮੀ ਤੋਂ ਕਿ ਜੋ ਰਾਧਾ ਸੁਆਮੀ ਮਹਾਤਮਾ ਬਾਬਾ ਚਰਨ ਸਿੰਘ ਜੀ ਹੋਏ ਨੇ, ਇਨ੍ਹਾਂ ਦੇ ਨਾਲ ਇਕ ਮੱਘਰ ਸਿੰਘ ਨਾਮ ਦੇ ਇਕ ਬਹੁਤ ਮਿੱਠੀ ਆਵਾਜ਼ ਵਾਲੇ ਬਾਣੀ ਪੜ੍ਹਿਆ ਕਰਦੇ ਤੇ ਇਹ ਅਰਥ ਕਰਿਆ ਕਰਦੇ ਸੀ। ਉਹ ਜਿਹੜੇ ਭਾਈ ਮੱਘਰ ਸਿੰਘ ਜੀ ਸੀਗੇ ਉਨ੍ਹਾਂ ਦਾ ਲੜਕਾ ਚੜ੍ਹਾਈ ਕਰ ਗਿਆ। ਲੜਕੀ ਜਿਹੜੀ ਸੀ ਉਹ ਉਸੇ ਵੇਲੇ ਬੈਠ ਗਈ, ਬੈਠ ਕੇ ਮੂਲਮੰਤਰ ਦਾ ਪਾਠ ਕਰਨ ਲੱਗ ਗਈ ਕਿ ਮੇਰੇ ਵੀਰ ਦਾ ਭਲਾ ਹੋ ਜਾਵੇ। ਸੋ ਜਦੋਂ ਕਾਫੀ ਸਮਾਂ ਲੰਘਿਆ ਤਾਂ ਇਕ ਦਮ ਹੁਜਕਾ ਜਿਹਾ ਲੱਗਿਆ ਤੇ ਉਹਨੂੰ ਹੋਸ਼ ਆ ਗਈ। ਹੋਸ਼ ਆ ਕੇ ਕਹਿਣ ਲੱਗਿਆ ਕਿ ਭੈਣ! ਤੂੰ ਕੀ ਪੜ੍ਹਦੀ ਹੈ? ਕਹਿਣ ਲੱਗੀ, ਮੈਂ ਮੂਲਮੰਤਰ ਪੜ੍ਹਦੀ ਹਾਂ। ਕਹਿਣ ਲੱਗਿਆ ਤੂੰ ਹਟੀਂ ਨਾ ਪੜ੍ਹਨ ਤੋਂ। ਜਦੋਂ ਮੈਂ ਚੜ੍ਹਾਈ ਕਰਿਆ ਤਾਂ ਹਨ੍ਹੇਰਾ ਸੀ, ਜਦੋਂ ਤੂੰ ਪੜ੍ਹਨ ਲੱਗ ਗਈ ਮੇਰੇ ਮੂਹਰੇ ਚਾਨਣਾ ਹੋ ਗਿਆ ਤੇ ਹੁਣ ਤੂੰ ਪੜ੍ਹਦੀ ਰਹੀ ਤਾਂ ਕਿ ਮੈਂ ਚਾਨਣੇ 'ਚ ਜਾਵਾਂ, ਮੈਨੂੰ ਠੋਕਰਾਂ ਨਾ ਖਾਣੀਆਂ ਪੈਣ। ਮਹਾਰਾਜ ਕਹਿੰਦੇ ਨੇ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥*
*ਜਿਹ ਪੈਡੈ ਮਹਾ ਅੰਧ ਗੁਬਾਰਾ ॥*
*ਹਰਿ ਕਾ ਨਾਮੁ ਸੰਗਿ ਉਜੀਆਰਾ ਅੰਗ - ੨੬੪*

ਚਾਨਣਾ ਕਿਥੋਂ ਆਉਣਾ ਹੈ, ਹਰਿ ਕੇ ਨਾਮ ਨੇ ਕਰਨਾ ਹੈ। ਚਾਹੇ ਉਹਦੇ ਕੋਈ ਨਮਿਤ ਨਾਮ ਜਪ ਰਿਹਾ ਹੈ, ਚਾਹੇ ਉਹਨੇ ਜਪਿਆ ਹੈ ਕਹਿੰਦੇ ਪ੍ਰਕਾਸ਼ ਹੋ ਜਾਇਆ ਕਰਦਾ ਹੈ। ਹੋਰ ਕੋਈ ਚੀਜ਼ ਸਹਾਇਤਾ ਨਹੀਂ ਕਰਦੀ, ਆਪਣੇ ਲੇਖੇ ਦੇਣੇ ਹੀ ਪੈਂਦੇ ਨੇ।

ਐਸੇ ਜਦੋਂ ਬਚਨ ਸੁਣੇ, ਉਸ ਪ੍ਰੇਮੀ ਨੇ, ਲੜਕਾ ਸੀ ਨੌਜਵਾਨ। ਧਾੜੇ-ਧੂੜੇ ਮਾਰ ਕੇ ਗੁਜ਼ਾਰਾ ਕਰਦਾ ਸੀ, ਚੋਰੀਆਂ ਕਰਦਾ ਸੀ। ਕਿਸਮਤ ਜਾਗੀ। ਕਿਉਂਕਿ ਕਿਸਮਤ ਤੋਂ ਬਗੈਰ ਸਤਿਸੰਗ ਨਹੀਂ ਮਿਲਦੀ, ਇਹ ਮਹਾਰਾਜ ਦਾ ਫੈਸਲਾ ਹੈ।

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨*

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ - ੯੫*

ਜਿੰਨਾ ਚਿਰ ਭਾਗ ਮੱਥੇ ਵਿਚ ਨਾ ਲਿਖੇ ਜਾਣ, ਸਤਿਸੰਗ ਨਹੀਂ ਮਿਲਿਆ ਕਰਦਾ ਕਦੇ ਵੀ। ਸੰਗਤ ਨਾ ਮਿਲੇ ਤਾਂ ਆਦਮੀ ਦੇ ਮਨ ਤੇ ਮੈਲ ਪੈ ਜਾਂਦੀ ਹੈ। ਸੰਗਤ ਜ਼ਰੂਰੀ ਚੀਜ਼ ਹੁੰਦੀ ਹੈ।

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨*

ਸੋ ਜਦੋਂ ਦੀਵਾਨ ਸਮਾਪਤੀ ਹੋਈ, ਕਿਸਮਤ ਜਾਗੀ ਹੋਈ, ਭਾਗ ਜਾਗੇ, ਮਹਾਰਾਜ ਦੇ ਬਾਣਾਂ ਵਰਗੇ ਬਚਨ ਸੁਣੇ। ਐਉਂ ਲੱਗਿਆ ਕਿ ਮੈਂ ਤਾਂ ਘਾਇਲ ਹੁੰਦਾ ਜਾਂਦਾ ਹਾਂ। ਦੀਵਾਨ ਦੀ ਸਮਾਪਤੀ ਤੋਂ ਬਾਅਦ ਉਠ ਕੇ ਖੜ੍ਹਾ ਹੋ ਗਿਆ, ਕਹਿਣ ਲੱਗਿਆ ਸੱਚੇ ਪਾਤਸ਼ਾਹ! ਤੁਸੀਂ ਤਾਂ ਸਾਰੀ ਕਥਾ ਹੀ ਅੱਜ ਮੇਰੇ ਤੇ ਹੀ ਕਰੀ ਹੈ। ਮੈਂ ਹੀ ਹਾਂ ਉਹ ਬੰਦਾ ਜਿਹਦੀ ਤੁਸੀਂ ਗੱਲ ਕਰ ਰਹੇ ਸੀ ਤੇ ਮੇਰੇ ਐਨੇ ਪਾਪ ਨੇ ਕਿ ਅਸੀਂ ਗਿਣ ਨਹੀਂ ਸਕਦੇ। ਕ੍ਰਿਪਾ ਕਰੋ, ਮੈਨੂੰ ਆਪਣੀ ਸ਼ਰਨ ਬਖਸ਼ੋ। ਮੈਂ ਬੜਾ ਪਾਪੀ ਹਾਂ। ਐਸ ਤਰ੍ਹਾਂ ਦੇ ਨਾਲ ਬੇਨਤੀ ਕਰਦਾ ਹੈ –

***ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।***
***ਭਾਈ ਗੁਰਦਾਸ ਜੀ 36/21***

ਮਹਾਰਾਜ ਮੇਰੇ ਵਿਚ ਸਾਰੇ ਹੀ ਔਗੁਣ ਨੇ। ਗੁਣ ਇਕ ਵੀ ਨਹੀਂ ਹੈ, ਕ੍ਰਿਪਾ ਕਰੋ ਆਪ।

ਸਾਡਾ ਤੇ ਉਹਦਾ ਫਰਕ ਕੀ ਰਿਹਾ ਸਾਧਸੰਗਤ ਜੀ! ਸਾਡੇ ਵਿਚ ਔਗੁਣ ਨੇ ਲੇਕਿਨ ਅਸੀਂ ਫੇਰ ਚੰਗੇ ਹਾਂ। ਔਗੁਣਾਂ ਦੇ ਭਰੇ ਹੋਏ ਅਸੀਂ ਕਹਿੰਦੇ ਹਾਂ ਜੀ ਅਸੀਂ ਤਾਂ ਚੰਗੇ ਹਾਂ ਜੀ। ਐਸ ਤਰ੍ਹਾਂ ਮਹਾਰਾਜ ਲਿਖਦੇ ਨੇ –

*ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ ॥*
*ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥*
*ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥*
*ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥*
*ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥*
*ਨਾਨਕ ਜਨਮੁ ਸਕਾਰਥਾ*
*ਜੇ ਤਿਨ ਕੈ ਸੰਗਿ ਮਿਲਾਹ ॥ ਅੰਗ - ੮੫*

ਗੱਲਾਂ ਨਾਲ ਅਸੀਂ ਬਹੁਤ ਚੰਗੇ ਹਾਂ, ਇਹ ਤਾਂ ਹੈ ਸਾਡਾ ਆਚਾਰ ਹੈ, ਕੁੱਛ ਵੀ ਨਹੀਂ।

ਸੋ ਉਸ ਬੱਚੇ ਨੇ ਆਪਣਾ ਆਪ ਗੁਰੂ ਸਾਹਿਬ ਕੋਲ ਖੋਲ੍ਹ ਕੇ ਰੱਖ ਦਿਤਾ ਕਿ ਮਹਾਰਾਜ! ਸਾਰੇ ਔਗੁਣ ਜਿਹੜੇ ਦੱਸੇ ਨੇ ਇਨ੍ਹਾਂ ਤੋਂ ਜ਼ਿਆਦਾ ਮੇਰੇ ਵਿਚ ਔਗੁਣ ਨੇ।

ਸਾਡੇ ਵਿਚ ਕੀ ਫਰਕ ਹੈ, ਇਥੇ ਕਈ ਪ੍ਰੇਮੀ ਅਰਦਾਸ ਕਰਦੇ ਕਹਿਣਗੇ –

***ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।***
***ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ।***
***ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।***
***ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ।***
***ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ।***
***ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ॥***
***ਭਾਈ ਗੁਰਦਾਸ ਜੀ ਵਾਰ 36/21***

ਰੋ ਰੋ ਕੇ ਕਹਿਣਗੇ। ਜੇ ਉਹਨੂੰ ਥੋੜ੍ਹਾ ਜਿਹਾ ਬਾਹਰ ਜਾ ਕੇ ਜੇ ਐਉਂ ਕਹਿ ਦਿਓ ਨਾ ਕਿ ਤੂੰ ਵੀ ਠੱਗ ਹੈਂ, ਚੋਰ ਹੈਂ? ਗਲ ਪੈ ਜਾਏਗਾ। ਕਹਿੰਦਾ, ਤੂੰ ਹੁਣੇ ਗੁਰੂ ਸਾਹਿਬ ਕੋਲ ਕਹਿ ਕੇ ਹਟਿਆ ਹੈਂ? ਕਹਿੰਦਾ ਹੈ ਮੈਂ ਤੇਰੇ ਵਾਸਤੇ ਥੋੜ੍ਹੀ ਨਾ ਕਿਹਾ ਹੈ, ਮੈਂ ਤਾਂ ਗੁਰੂ ਸਾਹਿਬ ਨਾਲ ਗੱਲ ਕਰੀ ਹੈ। ਤੂੰ ਨਾ ਮੈਨੂੰ ਕਹੀਂ ਠੱਗ ਚੋਰ ਮੈਂ ਸਿਰ ਭੰਨ ਦੇਵਾਂਗਾ ਤੇਰਾ। ਕਿਉਂਕਿ ਅਸੀਂ ਅੰਦਰੋਂ ਨਹੀਂ ਮੰਨਿਆ –

*ਕਬੀਰ ਸਭ ਤੇ ਹਮ ਬੁਰੇ*
*ਹਮ ਤਜਿ ਭਲੋ ਸਭੁ ਕੋਇ ॥*
*ਜਿਨਿ ਐਸਾ ਕਰਿ ਬੂਝਿਆ*
*ਮੀਤੁ ਹਮਾਰਾ ਸੋਇ ॥ ਅੰਗ - ੧੩੬੪*

ਨਿੰਦਿਆ ਕਰਦਾ ਹੈ ਕਿਸੇ ਸੰਤ ਦੀ ਕੋਈ। ਕਹਿੰਦਾ ਹੈ ਤੁਹਾਡੀ ਨਿੰਦਿਆ ਕਰਦਾ ਹੈ। ਨਿੰਦਿਆ ਤਾਂ, ਤਾਂ ਜੇ ਮੈਂ ਹੋਵਾਂ ਕੁਛ। ਜੇ ਹੈ ਹੀ ਨਹੀਂ, ਮੈਂ ਤਾਂ ਪਹਿਲਾਂ ਹੀ ਆਖਰੀ ਲਾਇਨ ਤੇ ਖੜ੍ਹਾ ਹਾਂ ਕਿ ***ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥ ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥*** ਪਦਵੀ ਕਿੱਡੀ ਮਿਲਦੀ ਹੈ, ਗੁਰੂ ਨਾਨਕ ਦਾ ਮਿੱਤਰ ਬਣ ਜਾਂਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਇਹਨੇ ਹਿਰਦੇ 'ਚੋਂ ਬੇਨਤੀ ਕਰੀ, ਹਿਰਦੇ ਦੀ ਬੇਨਤੀ ਚਾਹੇ ਕਿਸੇ ਦੀ ਹੈ ਉਸੇ ਵੇਲੇ ਮੰਨ ਲੈਂਦਾ ਹੈ ਸਾਹਿਬ। ਫੇਰ ਉਹ ਅੱਖਰਾਂ 'ਚ ਨਹੀਂ ਪੈਂਦਾ। ਉਹਦੇ ਔਗੁਣਾਂ ਨੂੰ ਚਿਤਾਰਦਾ ਹੀ ਨਹੀਂ ਹੈ। ਫੇਰ ਤਾਂ ਬਖਸ਼ਿਸ਼ ਦਾ ਦਰ ਖੁਲ੍ਹ ਜਾਂਦਾ ਹੈ। ਫੇਰ ਤਾਂ ਬਖਸ਼ਦਾ ਹੀ ਹੈ।

ਕੌਡੇ ਰਾਕਸ਼ ਨੇ ਮਰਦਾਨੇ ਨੂੰ ਖਾ ਹੀ ਲੈਣਾ ਸੀ, ਲੇਕਿਨ ਬਖਸ਼ਿਸ਼ ਦਾ ਦਰ ਗੁਰੂ ਨਾਨਕ ਤੋਂ ਮੰਗਿਆ। ਕਿੱਡੀ ਬਖਸ਼ਿਸ਼ ਕਰ ਦਿਤੀ, ਕਹਿਣ ਲੱਗੇ ਕੌਡਿਆ! ਆਹ ਨਾਮ ਦਾ ਰਸ ਅਸੀਂ ਤੈਨੂੰ ਦਿੰਦੇ ਹਾਂ, ਆਹ ਵੰਡੀਂ, ਮੰਜੀ ਤੇ ਬੈਠ ਕੇ। ਸੱਜਣ ਠੱਗ ਬੰਦਿਆਂ ਨੂੰ ਮਾਰੀ ਜਾਂਦਾ ਸੀ, ਮਹਾਰਾਜ ਕਹਿੰਦੇ, ਸੱਜਣਾ! ਜਾਹ ਹੁਣ ਕੋਈ ਮੰਜੀ ਲੈ ਕੇ ਆ। ਮਹਾਰਾਜ ਨੇ ਮੰਜੀ ਤੇ ਬਿਠਾ ਦਿਤਾ ਕਹਿਣ ਲੱਗੇ ਹੁਣ ਤੂੰ ਮੰਜੀ ਦੇ ਉਤੇ ਬਿਠਾ ਦਿਤਾ, ਹੁਣ ਜਿਹੜਾ ਤੈਨੂੰ ਨਾਮ ਦਾ ਰਸ ਪ੍ਰਾਪਤ ਹੋਇਆ ਹੈ ਤੂੰ ਹੁਣ ਸੰਸਾਰ ਨੂੰ ਵੰਡੀਂ। ਇਹ ਦਿੰਦੇ ਵਧਦਾ ਹੈ, ਨਹੀਂ ਘਟਦਾ ਹੈ ਇਹ। ਸੋ ਬਖਸ਼ਿਸ਼ ਦਾ ਦਰ ਹੈ ਗੁਰੂ ਘਰ, ਲੇਖੇ ਪੱਤਿਆਂ ਦਾ ਨਹੀਂ ਹੈ।

ਗੁਰੂ ਮਹਾਰਾਜ ਨੇ ਉਸ ਵੇਲੇ ਪੁੱਛਿਆ, ਤੇਰਾ ਨਾਉਂ ਕੀ ਹੈ?

ਕਹਿਣ ਲੱਗਿਆ, ਮੈਨੂੰ ਮੇਹਰੂ ਕਹਿੰਦੇ, ਨੇ ਧਾੜਵੀ, ਚੋਰੀ ਕਰਦਾ ਹਾਂ, ਡਾਕੇ ਮਾਰਦਾ ਹਾਂ। ਕ੍ਰਿਪਾ

ਕਰੋ। ਨੈਣਾਂ 'ਚੋ ਨੀਰ ਨਹੀਂ ਥੰਮਿਆਂ ਜਾਂਦਾ। ਬੁਰਾ ਆਦਮੀ ਜੇ ਪਛਤਾਅ ਜਾਵੇ, ਸੱਚਮੁੱਚ ਪਛਤਾਅ ਜਾਂਦਾ ਹੈ। ਵੱਡੇ-ਵੱਡੇ ਡਾਕੂ ਜਦੋਂ ਪਛਤਾਉਂਦੇ ਨੇ, ਵੱਡੇ-ਵੱਡੇ ਸੰਤ ਹੋਏ ਨੇ। ਮਿਲਟਰੀ ਵਿਚ ਜ਼ਿਆਦਾ ਹੁੰਦੇ ਨੇ, ਮਿਲਟਰੀ ਵਿਚ ਤਕੜੇ ਬੰਦੇ ਹੁੰਦੇ ਨੇ ਦਿਲ ਦੇ। ਏਧਰ ਲੱਗ ਗਏ ਤਾਂ ਏਧਰ, ਦੂਜੇ ਪਾਸੇ ਲਗ ਗਏ ਤਾਂ ਦੂਜੇ ਪਾਸੇ। ਭਾਈ ਬਿਧੀ ਚੰਦ ਜਦੋਂ ਇਧਰ ਨਹੀਂ ਸੀ ਲੱਗਿਆ ਉਸ ਵੇਲੇ ਡਾਕੇ ਮਾਰਦਾ ਸੀ, ਚੋਰੀਆਂ ਕਰਦਾ ਸੀ। ਜਦੋਂ ਇਧਰ ਲੱਗ ਗਿਆ, ਬ੍ਰਹਮਗਿਆਨੀ ਮਹਾਂਪੁਰਸ਼ ਹੋਇਆ। ਬਾਲਮੀਕ ਜਦੋਂ ਦੂਜੇ ਪਾਸੇ ਸੀ ਉਦੋਂ ਬੰਦੇ ਵੱਢ-ਵੱਢ ਸੁਟੀ ਜਾਂਦਾ ਸੀ, ਜਦੋਂ ਇਧਰ ਲੱਗਿਆ ਮਹਾਨ ਮਹਾਤਮਾ ਹੋਇਆ ਐਡਾ ਉਚ ਕੋਟੀ ਦਾ ਕਿ ਪਾਂਡਵਾਂ ਦੇ ਜਗ ਵਿਚ ਸੰਪੂਰਨ ਕਰਨ ਲਈ ਕ੍ਰਿਸ਼ਨ ਮਹਾਰਾਜ ਨੇ ਆਪ ਉਹਦੇ ਚਰਨਾਂ ਦੇ ਜਲ ਪਾ ਕੇ, ਚਰਨ ਧੋਤੇ ਨਾਲ ਜੂਠੀਆਂ ਪੱਤਲਾਂ ਚੁੱਕੀਆਂ। ਕਿਉਂਕਿ ਉਨ੍ਹਾਂ ਦੀ ਮੰਗ ਸੀ ਇਹ ਕਿ ਸਾਰੀ ਅਤਿਥੀਆਂ ਦੇ ਚਰਨ ਮੈਂ ਧੁਆਵਾਂਗਾ। ਸੋ ਦ੍ਰਿੜ੍ਹਤਾ ਹੁੰਦੀ ਹੈ, ਏਧਰ ਵੀ ਦ੍ਰਿੜ੍ਹਤਾ ਹੈ, ਓਧਰ ਵੀ ਦ੍ਰਿੜ੍ਹਤਾ ਹੈ। ਜਦੋਂ ਕੋਈ ਵੱਡਾ ਪਾਪੀ ਬੰਦਾ ਰੱਬ ਵਲ ਜਾਵੇ ਫੇਰ ਉਹ ਸਿਰੇ ਹੀ ਜਾਂਦਾ ਹੈ, ਵਿਚਾਲੇ ਨਹੀਂ ਰਿਹਾ ਕਰਦਾ। ਕਿਉਂਕਿ ਉਹ ਜੇ ਜ਼ਿੱਕ ਨਹੀਂ ਕਰਦਾ, ਕਿਉਂਕਿ ਸਾਡੇ ਵਰਗੀ ⇦✪➢✥✵⇦✂✥ ਬਿਰਤੀ ਨਹੀਂ ਹੁੰਦੀ। ਫੈਸਲਾ ਕਰ ਲੈਂਦਾ ਹੈ ਕਿ ਮੈਂ ਤਾਂ ਹੁਣ ਭਜਨ ਕਰਨਾ ਹੈ, ਸਾਰੀ ਸੁਸਾਇਟੀ ਇਕ ਦਮ ਛੱਡ ਦਿੰਦਾ ਹੈ।

ਸੋ ਜਦੋਂ ਐਡਾ ਦ੍ਰਿੜ੍ਹ ਇਰਾਦਾ ਦੇਖਿਆ ਤਾਂ ਮਹਾਰਾਜ ਨੇ ਕੋਲ ਬੁਲਾਇਆ ਤੇ ਬੁਲਾ ਕੇ ਕਹਿਣ ਲੱਗੇ ਭਾਈ ਮੇਹਰੂ! ਕਹੁ ਵਾਹਿਗੁਰੂ! ਕਹੁ ਵਾਹਿਗੁਰੂ! ਕਹੁ ਵਾਹਿਗੁਰੂ। ਤਿੰਨ ਵਾਰੀ ਕਹਾ ਕੇ, ਸੀਸ ਤੇ ਹੱਥ ਰੱਖ ਦਿਤਾ। ਉਹ ਮੇਹਰੂ ਉਸੇ ਵੇਲੇ ਬਦਲ ਕੇ ਭਾਈ ਮੇਹਰੂ ਬਣ ਗਿਆ, ਡਾਕੂ ਮੇਹਰੂ ਨਾ ਰਿਹਾ ਏਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਵਿਚੋਂ ਮਾਰ ਕੱਢੀਆਂ ਬੁਰਿਆਈਆਂ,***
***ਗੁਰਾਂ ਨੇ ਸਿਰ ਤੇ ਹੱਥ ਰੱਖ ਕੇ।***

***ਕਰਿ ਹੁਕਮੁ ਮਸਤਕਿ ਹਥੁ ਧਰਿ***
***ਵਿਚਹੁ ਮਾਰਿ ਕਢੀਆ ਬੁਰਿਆਈਆ ॥***

***ਅੰਗ - ੪੭੩***

ਪੂਰਾ ਸਤਿਗੁਰੂ ਸੀ, ਸਾਰੀਆਂ ਬੁਰਿਆਈਆਂ ਕੱਢ ਦਿਤੀਆਂ, ਸੁਭਾਅ ਬਦਲ ਦਿਤਾ, ਨਾਮ ਦਾ ਅੰਦਰ ਪ੍ਰਕਾਸ਼ ਕਰ ਦਿਤਾ, ਮੰਤਰ ਦੇ ਦਿਤਾ ਕਹਿੰਦੇ ਭਾਈ ਮੇਹਰੂ! ਏਸ ਮੰਤਰ ਨੇ ਤੈਨੂੰ ਛੁਡਾ ਲੈਣਾ ਹੈ। ਚੜ੍ਹਦਾ ਚਲ। ਉਸ ਵੇਲੇ ਕਿਸੇ ਵਿਸਮਾਦ ਦੀ ਅਵਸਥਾ ਵਿਚ ਪਹੁੰਚ ਗਿਆ। ਗੁਰੂ ਮਹਾਰਾਜ ਦੇ ਚਰਨਾਂ ਦਾ ਧਿਆਨ ਹੁਣ ਲੱਗ ਗਿਆ, ਮੂਰਤ ਹੁਣ ਲਾਂਭੇ ਨਹੀਂ ਹੁੰਦੀ। ਸਾਰੀਆਂ ਦੁਨੀਆਂ ਦੀਆਂ ਮੂਰਤਾਂ ਦੂਰ ਕਰ ਦਿਤੀਆਂ। ਉਸ ਵੇਲੇ ਗੁਰਸਿੱਖਾਂ ਵਾਲਾ ਜੀਵਨ ਹੋ ਗਿਆ ਉਸ ਦਾ ਤੇ ਘਰ ਜਾਣਾ ਭੁੱਲ ਗਿਆ। ਸੰਗਤ ਨਾਲ ਦੀ ਤੁਰ ਗਈ। ਕਹਿੰਦਾ ਜਾਓ, ਘਰ ਕਹਿ ਦਿਓ ਕਿ ਮੈਂ ਤਾਂ ਜਿਥੇ ਆਉਣਾ ਸੀ ਉਥੇ ਆ ਗਿਆ। ਮੈਂ ਨਹੀਂ ਆਉਣਾ, ਆਪਣਾ ਜਿਵੇਂ ਗੁਜ਼ਾਰਾ ਚਲਦਾ ਹੈ, ਕਰਨ। ਮੈਂ ਕਿਹੜਾ ਰਾਜ਼ਕ ਹਾਂ ਵਾਹਿਗੁਰੂ ਰਾਜ਼ਕ ਹੈ ਸਭ ਦਾ। ਸੋ ਉਥੇ ਰਹਿ ਕੇ ਨਾਮ ਭੀ ਜਪਦਾ ਹੈ ਤੇ ਸੇਵਾ ਵੀ ਕਰਦਾ ਹੈ। ਕਿਉਂਕਿ ਜ਼ਿੰਦਗੀ ਦੇ ਅੰਦਰ ਜੇ ਰੂਹਾਨੀ ਸਫਰ ਛੇਤੀ ਤਹਿ ਕਰਨਾ ਹੈ ਤਾਂ ਦੋ ਚੀਜ਼ਾਂ ਨਾਲ ਹੁੰਦਾ ਹੈ, ਸੇਵਾ ਵੀ ਹੋਵੇ ਤੇ ਨਾਮ ਭੀ ਜਪਦਾ ਹੋਵੇ। ਬਹੁਤ ਸਾਰੇ ਪ੍ਰੇਮੀ ਐਸਾ ਕਰਦੇ ਨੇ ਕਿ ਮੈਂ ਅੰਦਰ ਹੀ ਨਾਮ ਜਪਾਂਗਾ, ਦਰਵਾਜ਼ੇ ਬੰਦ ਕਰਕੇ ਬੈਠ ਜਾਂਦੇ ਨੇ। ਹੁਣ ਵੀ ਬੈਠ ਜਾਂਦੇ ਨੇ, ਪਹਿਲਾਂ ਵੀ ਬਹਿੰਦੇ ਸੀ। ਉਹ ਇਕ ਖੂਹ ਜੁੜਦਾ ਹੈ, ਦੋ ਨਹੀਂ ਜੁੜਦੇ। ਜਿਹੜਾ ਬੰਦਗੀ ਵੀ ਕਰਦਾ ਹੈ ਤੇ ਨਾਲ ਸੇਵਾ ਵੀ ਕਰਦਾ ਹੈ, ਉਹਦਾ ਨਾਮ ਛੇਤੀ ਚਲਦਾ ਹੈ। ਛੇਤੀ ਸਫਰ ਤਹਿ ਹੁੰਦਾ ਹੈ। ਏਸੇ ਕਰਕੇ ਇਸ ਤਰ੍ਹਾਂ ਦਾ ਫੁਰਮਾਨ ਆਉਂਦਾ ਹੈ ਗੁਰਬਾਣੀ ਦੇ ਅੰਦਰ -

***ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦੈ।***

ਸਾਰੇ ਵੱਡੇ-ਵੱਡੇ ਦੁਖ, ਪੰਜ ਦੁੱਖ ਵੱਡੇ ਦੁਨੀਆਂ 'ਚ ਗਿਣੇ ਨੇ, ਅਵਿਦਿਆ ਹੈ, ਅਭਿਨਿਵੇਸ਼, ਰਾਗ, ਦ੍ਵੈਸ਼ ਵਿਖਸ਼ੇਪਤਾ, ਪੰਜ ਦੁੱਖ ਨੇ ਬਹੁਤ ਵੱਡੇ। ਕਿਸੇ ਬੰਦੇ ਦੇ ਹੀ ਨਵਿਰਤ ਹੁੰਦੇ ਨੇ। ਮਹਾਰਾਜ ਕਹਿੰਦੇ ਨੇ -

***ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥***
***ਕਲਿ ਕਲੇਸ ਤਨ ਮਾਹਿ ਮਿਟਾਵਉ ॥***

***ਅੰਗ - ੨੬੨***

ਅਵਿਦਿਆ ਤੇ ਅਭਿਨਿਵੇਸ਼, ਵਿਖਸ਼ੇਪਤਾ ਦਾ, ਰਾਗ ਤੇ ਦ੍ਵੈਸ਼ ਦਾ ਇਹ ਸਾਰੇ ਦੂਰ ਹੋ ਜਾਇਆ ਕਰਦੇ ਨੇ। ਨਾਮ ਜਪਣ ਦੇ ਨਾਲ। ਸੇਵਾ ਜਿਹੜੀ ਹੈ -

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬***

ਸੇਵਾ ਤੇ ਸਿਮਰਨ ਜਿਸ ਵਕਤ ਦੋਵੇਂ ਗੱਲਾਂ ਆਦਮੀ ਇਕੱਠੀਆਂ ਕਰਦਾ ਹੈ ਫੇਰ ਨਾਮ ਤਰੱਕੀ ਕਰਦਾ ਹੈ। ਨਹੀਂ ਤਾਂ ਇਕ ਖੂਹ ਚਲਦਾ ਹੈ, ਤੇੜਾਂ ਫੱਟੀਆਂ ਹੋਈਆਂ ਨੇ ਧਾਨਾਂ ਦੇ ਖੇਤਾਂ ਦੀਆਂ। ਅਸੀਂ ਤਾਂ ਪ੍ਰੈਕਟੀਕਲੀ ਦੇਖਿਆ ਹੈ ਜ਼ੋਰ ਲਾ ਲਓ ਟਿਊਬਵੈਲ ਚਲਾ ਲਓ, ਤੇੜਾਂ ਹੀ ਨਹੀਂ ਭਰਦੀਆਂ ਜੇ ਦੋ ਚਲਾ

ਦਿਓ ਨਹਿਰ ਦਾ ਪਾਣੀ ਵੀ ਛੱਡ ਦਿਤਾ ਨਾਲ ਟਿਊਬਵੈਲ ਦਾ ਪਾਣੀ ਵੀ ਚਲਾ ਦਿਤਾ, ਤਾਂ ਫਟਾਫਟ ਤ੍ਰੇੜ੍ਹਾਂ ਭਰ ਕੇ ਉਸੀ ਸਮੇਂ ਮਿੱਟੀ ਘੁਲ ਕੇ ਤੇੜਾਂ ਬੰਦ ਹੋ ਜਾਂਦੀਆਂ ਹਨ। ਨਹੀਂ ਤਾਂ ਇਕੋ ਹੀ ਰਹਿੰਦਾ ਹੈ, ਇਕੱਲੀ ਸੇਵਾ ਉਹ ਵੀ ਨਹੀਂ ਤੇ ਇਕੱਲਾ ਨਾਮ ਵੀ ਨਹੀਂ। ਸੋ ਇਹ ਚੀਜ਼ਾਂ ਇਕੱਠੀਆਂ ਨੇ ਨਾਮ ਵੀ ਜਪਦਾ ਹੋਵੇ ਤੇ ਸੇਵਾ ਵੀ ਕਰਦਾ ਹੋਵੇ। ਛੇਤੀ ਕੰਮ ਹੁੰਦਾ ਹੈ, ਦੋ ਹਲਟ ਚਲ ਜਾਂਦੇ ਨੇ।

ਸੋ ਏਸ ਤਰ੍ਹਾਂ ਦੇ ਨਾਲ ਭਾਈ ਮੇਹਰੂ, ਗੁਰਮੰਤ੍ਰ ਦੀ ਦਾਤ ਪ੍ਰਾਪਤ ਹੋ ਗਈ, ਅੰਮ੍ਰਿਤ ਵੇਲੇ ਜਾਗਦਾ ਹੈ। ਗੁਰੂ ਮਹਾਰਾਜ ਦਾ ਜੋ ਸਾਡੇ ਲਈ ਵੀ ਫੁਰਮਾਨ ਹੈ -

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥***

***ਅੰਗ - ੩੦੫***

ਅੰਮ੍ਰਿਤ ਦਾ ਸਰੋਵਰ ਗੁਰੂ ਦੀ ਬਾਣੀ ਹੋਇਆ ਕਰਦੀ ਹੈ। ਉਸ ਤੋਂ ਅੱਗੇ ਜਿਹਦੀ ਬਿਰਤੀ ਅੰਦਰ ਚਲੀ ਜਾਵੇ, ਉਹ ਅੰਮ੍ਰਿਤ ਦਾ ਸਰੋਵਰ ਨਾਮ ਹੋਇਆ ਕਰਦਾ ਹੈ।

***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ***
***ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥***
***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ***
***ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥***

***ਅੰਗ - ੩੦੫***

ਜਿਹੜਾ ਪੰਜ ਪਿਆਰਿਆਂ ਨੇ ਉਪਦੇਸ਼ ਦਿਤਾ ਹੈ, ਬਹੁਤੇ ਤਾਂ ਭੁੱਲੇ ਹੀ ਰਹਿੰਦੇ ਨੇ ਕਿ ਕਿਹੜਾ ਉਪਦੇਸ਼ ਦਿਤਾ ਹੈ। ਜੇ ਕਹੋ ਕਿ ਤੈਨੂੰ ਨਾਮ ਮਿਲ ਗਿਆ? ਕਹੇਗਾ ਨਹੀਂ ਮੈਨੂੰ ਤਾਂ ਨਾਮ ਮਿਲਿਆ ਨਹੀਂ, ਮੈਂ ਤਾਂ ਜਾ ਰਿਹਾ ਹਾਂ ਫਲਾਨੇ ਸੰਤਾਂ ਕੋਲ, ਉਥੇ ਕਿਥੇ ਨਾਮ ਮਿਲਦਾ ਹੈ। ਨਾਮ ਨਹੀਂ ਮਿਲਦਾ ਸਾਧਸੰਗਤ ਜੀ ਕਿਤੇ, ਨਾਮ ਅੰਦਰ ਹੈ।

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥***

***ਅੰਗ - ੨੯੩***

ਮੰਤ੍ਰ ਮਿਲਿਆ ਕਰਦਾ ਹੈ। ਮੰਤਰ ਸਾਰੇ ਹੀ ਠੀਕ ਨੇ, ਏਸ ਭਰਮ ਵਿਚ ਨਾ ਪਿਆ ਕਰੋ ਕਿ ਕੋਈ ਰਾਮ-ਰਾਮ ਕਹਿੰਦਾ ਹੈ, ਕੋਈ ਅੱਲਾਹ-ਅੱਲਾਹ ਕਹਿੰਦਾ ਹੈ, ਗੋਬਿੰਦ-ਗੋਬਿੰਦ, ਨਾਰਾਇਣ-ਨਾਰਾਇਣ, ਸੋਹੰ, ਓਅੰ, ਵਾਹਿਗੁਰੂ ਕਹਿੰਦਾ ਹੈ। ਆਪਣਾ-ਆਪਣਾ ਮੰਤ੍ਰ ਸਾਰਿਆਂ ਨੂੰ ਹੀ ਪਿਆਰਾ ਹੋਇਆ ਕਰਦਾ ਹੈ। ਸਾਰਿਆਂ ਦਾ ਹੀ ਉਧਾਰ ਕਰਦਾ ਹੈ ਇਹ ਮੰਤਰ ਜਿਹੜਾ ਹੈ।

***ਵਾਹਿਗੁਰੂ ਗੁਰਮੰਤ੍ਰ ਹੈ ਜਪ ਹਉਮੈ ਖੋਈ॥***

***ਭਾਈ ਗੁਰਦਾਸ ਜੀ***

ਗੁਰੂ ਘਰ ਦੇ ਅੰਦਰ ਪੰਜ ਪਿਆਰੇ ਵਾਹਿਗੁਰੂ ਮੰਤ੍ਰ ਦਿੰਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਜਾਪ ਕਰਦਾ ਹੈ।

***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ***
***ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥***

***ਅੰਗ - ੩੦੫***

ਇਹਨੇ ਸਾਰੇ ਪਾਪਾਂ ਦਾ ਨਾਸ਼ ਕਰਨਾ ਹੈ। ਸਾਰੇ ਸੰਚਿਤ ਕਰਮ ਜਿਹੜੇ ਅਸੀਂ ਭੋਗਣੇ ਨੇ ਅਜੇ ਉਨ੍ਹਾਂ ਨੂੰ ਸੁਆਹ ਬਣਾਉਣਾ ਹੈ। ਕ੍ਰਿਆਮਾਨ ਅਸੀਂ ਕਰਨੇ ਨਹੀਂ ਹੈ ਕਿਉਂਕਿ ਸੋਝੀ ਆ ਗਈ। ਪਰਾਲਬਧ ਭੋਗ ਕੇ ਜਦੋਂ ਸੰਸਾਰ ਤੋਂ ਜਾਵਾਂਗੇ, ਕਰਮਾਂ ਦਾ ਨਾਸ਼ ਹੋ ਗਿਆ, ਫੇਰ ਜੰਮਣ ਮਰਨਾ ਵੀ ਖਤਮ ਹੋ ਜਾਂਦਾ ਹੈ। ਕਿਉਂਕਿ ਆਦਮੀ ਕਰਮਾਂ ਦਾ ਬੰਨ੍ਹਿਆ ਹੋਇਆ ਸੰਸਾਰ ਤੇ ਆਉਂਦਾ ਹੈ। ਕਰਮ ਭੋਗਦਾ ਹੈ -

***ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ।***

ਸੋ ਇਸ ਤਰ੍ਹਾਂ ਹਰ ਵਕਤ ਗੁਰੂ ਦੇ ਧਿਆਨ ਵਿਚ ਰਹਿੰਦਾ ਹੈ। ਰਸਨਾ ਨਾਲ ਨਾਮ ਜਪਦਾ ਹੈ, ਸ੍ਵਾਸ ਨਾਲ ਨਾਮ ਜਪਦਾ ਹੈ। ਚਾਰੇ ਬਾਣੀਆਂ ਨਾਲ ਨਾਮ ਜਪਦਾ ਹੈ, ਅਖੀਰ ਧਿਆਨ ਵਿਚ ਟਿਕ ਗਏ ਗੁਰੂ ਪੰਜਵੇਂ ਪਾਤਸ਼ਾਹ। ਹਰ ਵਕਤ ਉਨ੍ਹਾਂ ਦਾ ਧਿਆਨ ਧਰਦਾ ਹੈ। ਕਈ ਪ੍ਰੇਮੀ ਧਿਆਨ ਦੇ ਉਤੇ ਰੌਲਾ ਰੱਪਾ ਜਿਹਾ ਪਾ ਦਿੰਦੇ ਨੇ।

***ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥***

***ਅੰਗ - ੮੬੪***

ਉਹ ਤਾਂ ਠੀਕ ਹੈ ਪਰ ਜਦ ਆਦਮੀ ਦਾ ਮਨ ਸਥੂਲ ਵਿਚ ਫਸਿਆ ਹੋਇਆ ਹੈ। ਇਹ ਸਥੂਲ ਦੇ ਧਿਆਨ ਨਾਲ ਸੂਖਸ਼ਮ 'ਚ ਜਾਣਾ ਹੈ। ਨਾਮ ਤੇ ਕੋਈ ਨਹੀਂ ਧਿਆਨ ਧਰ ਹੁੰਦਾ ਹੈ। ਬਹੁਤ ਸਾਰੇ ਕੀ ਕਰਦੇ ਨੇ ਕਿ ਜੀ ਵਾਹਿਗੁਰੂ ਮੰਤ੍ਰ ਤੇ ਧਿਆਨ ਧਰਦੇ ਹਾਂ। ਅੱਖਰਾਂ ਦੇ ਧਿਆਨ ਨਾਲੋਂ ਤਾਂ ਗੁਰੂ ਦਾ ਧਿਆਨ **vibration** ਪੈਦਾ ਕਰਦਾ ਹੈ। ਜੀਉਂਦੇ ਦਾ, ਮਾੜੇ ਦਾ ਧਿਆਨ ਧਰ ਕੇ ਦੇਖ ਲਓ, ਆਪਣੇ ਦੁਸ਼ਮਣ ਦਾ ਸਵੇਰੇ-ਸਵੇਰੇ ਧਿਆਨ ਕਰ ਲਓ, ਪਾਠ 'ਚ ਜੀਅ ਨਹੀਂ ਲੱਗਣਾ ਕਿਉਂਕਿ ਉਹਦਾ **effect** ਹੋ ਗਿਆ **body** ਤੇ। ਖਿਆਲ ਦਾ ਅਸਰ ਹੋ ਗਿਆ। ਮਾੜੇ ਬੰਦਾ ਦਾ, ਕਾਮੀ ਪੁਰਸ਼ ਦਾ ਧਿਆਨ ਧਰ ਲਓ ਅੰਦਰ, ਉਸੇ ਵੇਲੇ **vibration** ਅੰਦਰ ਹੋਣੀ ਸ਼ੁਰੂ ਹੋ ਜਾਏਗੀ। ਉਹਦੀ ਤਸਵੀਰ ਦੇਖ ਲਓ ਮੰਨ ਦੇ ਅੰਦਰ ਵਿਕਾਰ ਆਉਣੇ ਸ਼ੁਰੂ ਹੋ ਜਾਣਗੇ। ਫੇਰ ਜਦੋਂ ਗੁਰੂ ਦੀ ਤਸਵੀਰ ਦੇਖ ਲਓ, ਆਪਣੇ ਪਿਆਰੇ ਦੀ ਤਸਵੀਰ ਦੇਖ ਕੇ ਕਈ ਵਾਰੀ

ਨੇਤਰਾਂ 'ਚ ਜਲ ਆ ਜਾਂਦਾ ਹੈ। ਕਿਉਂਕਿ ਉਹਦੇ ਵਿਚ ਕੋਈ ਅਸਰ ਹੈ ਤਾਂ ਹੀ ਆਉਂਦਾ ਹੈ। ਸੋ ਇਸੇ ਕਰਕੇ ਮਹਾਰਾਜ ਨੇ ਐਸਾ ਫੁਰਮਾਨ ਕਰਿਆ ਹੈ –

***ਧਾਰਨਾ – ਧਰੀਏ ਮਨ ਵਿਚ ਧਿਆਨ***
***ਗੁਰਾਂ ਦੀ ਮੂਰਤ ਦਾ।***

ਗੁਰੂ ਦਾ ਸਿੱਖ ਗੁਰੂ ਨੂੰ ਅੰਦਰ ਵਸਾਉਂਦਾ ਹੈ। ਇਹ ਪ੍ਰੈਕਟੀਕਲੀ ਕਿਵੇਂ ਹੁੰਦਾ ਹੈ। ਕਈਆਂ ਦਾ ਵਿਚਾਰ ਹੁੰਦਾ ਹੈ, ਥਿਊਰੀ ਦੀ ਗੱਲ ਕਰਦੇ ਨੇ, ਪ੍ਰਤਿਆ ਕੇ ਨਹੀਂ ਦੇਖੀਆਂ ਹੁੰਦੀਆਂ ਗੱਲਾਂ। ਨਾ ਪ੍ਰਤਿਆ ਕੇ ਕਿਤਾਬਾਂ ਐਹੋ ਜਿਹੀਆਂ ਪੜ੍ਹ ਲੈਂਦਾ ਹੈ ਨਾ ਓਧਰਲਾ ਨਾ ਏਧਰਲਾ। ਏਸੇ ਕਰਕੇ ਇਹ ਗੁਪਤ ਰਸਤਾ ਹੈ, ਪ੍ਰਗਟ ਨਹੀਂ ਹੈ, ਅਵਸਥਾ ਦੇ ਮੁਤਾਬਿਕ ਹੈ। ਹੁਣ ਧਿਆਨ ਗੁਰੂ ਦੇ ਮੂਰਤ ਦਾ ਵੀ ਹੈ। ਧਿਆਨ ਗੁਰੂ ਦੇ ਸ਼ਬਦ ਦਾ ਵੀ ਹੈ। ਸ਼ਬਦ ਅੱਖਰਾਂ ਨੂੰ ਨਹੀਂ ਕਹਿੰਦੇ। ਜਿਹੜਾ ਸ਼ਬਦ ਗੁਰੂ ਨੇ ਦਿਤਾ ਹੈ ਉਹਦੀ ਸਾਊਂਡ ਦਾ ਹੋਇਆ ਕਰਦਾ ਹੈ ਧਿਆਨ। ਫੇਰ ਧਿਆਨ ਹੈ ਜੋਤੀ ਦਾ ਉਹ ਵੀ ਧਿਆਨ ਹੈ। ਪ੍ਰਮੇਸ਼ਰ ਰੂਪ ਪ੍ਰਤੀਕ ਕਰਕੇ ਮੰਨਣਾ ਉਸ ਨੂੰ। ਉਸ ਤੋਂ ਬਾਅਦ ਜਿਹੜਾ ਆਤਮ ਚਿੰਤਨ ਹੈ ਉਹ ਬ੍ਰਹਮਗਿਆਨੀ ਤੋਂ ਬਗੈਰ ਦੂਸਰਾ ਨਹੀਂ ਕਰ ਸਕਿਆ ਕਰਦਾ। ਜ਼ੋਰ ਲਾ ਲਓ ਕਿਉਂਕਿ ਮਨ ਸੁੰਨ ਅੰਦਰ ਵਿਚ ਠਹਿਰੇਗਾ ਕਿੱਥੇ। ਉਹ ਤਾਂ ਪਹਿਲਾਂ ਵਿਸ਼ਵਾਸ਼ ਜਾਗੇਗਾ ਫੇਰ ਕਿਤੇ ਜਾ ਕੇ ਸੁੰਨ ਮੰਡਲ ਦੇ ਵਿਚ ਸੁੰਨ ਤੋਂ ਪਰ੍ਹੇ ਜਿਹੜਾ ਨਿਰੰਕਾਰ ਉਹਦੇ ਵਿਚ ਚਿੱਤ ਟਿਕਦਾ ਹੈ ਨਹੀਂ ਤਾਂ ਟਿਕਦਾ ਨਹੀਂ ਹੈ। ਉਹ ਤਾਂ ਕੇਵਲ ਗਿਆਨਵਾਨ ਪੁਰਸ਼ਾਂ ਦਾ ਧਿਆਨ ਹੈ। ਬਾਕੀ ਜਗਿਆਸੂ ਦਾ ਪੌੜੀਆਂ ਚੜ੍ਹਨ ਵਾਂਗੂੰ ਇਸੇ ਤਰ੍ਹਾਂ ਨਾਲ ਹੋਇਆ ਕਰਦਾ ਹੈ। ਸੋ ਧਿਆਨ ਦੇ ਵਿਚ ਤ੍ਰਿਕੁਟੀ ਹੁੰਦੀ ਹੈ, ਧਿਆਤਾ ਧਿਆਨ, ਧੇਅ। ਇਹ ਜਿਹੜੀ ਤ੍ਰਿਕੁਟੀ ਹੈ ਜਦੋਂ ਟੁੱਟ ਜਾਂਦੀ ਹੈ ਉਸ ਵੇਲੇ ਆਪਣਾ ਆਪਾ ਗਾਇਬ ਹੋ ਜਾਂਦਾ ਹੈ ਤੇ ਜਿਹਦਾ ਧਿਆਨ ਧਰਦੇ ਹੋਂ ਉਹੀ ਰਹਿ ਜਾਂਦਾ ਹੈ, ਹੋਰ ਕੁਝ ਨਹੀਂ ਰਹਿੰਦਾ। ਉਸ ਵੇਲੇ ਧਿਆਨ ਤੋਂ ਉਤੇ ਆਟੋਮੈਟੀਕਲੀ ਆਦਮੀ ਗਿਆਨ ਮੰਡਲ ਵਿਚ ਤੁਰ ਪਿਆ ਕਰਦਾ ਹੈ। ਸੋ ਧਿਆਨ ਦੇ ਨਾਲ ਜਦੋਂ ਨਾਮ ਜਪਦਾ ਹੈ, ਨਾਮ ਦਾ ਬਲ ਐਨਾ ਪੈ ਜਾਂਦਾ ਹੈ ਕਿ ਰੋਮ-ਰੋਮ ਦੇ ਵਿਚ ਨਾਮ ਚਲ ਜਾਂਦਾ ਹੈ। **Vibration** ਹੁੰਦੀ ਹੈ ਸਾਰੇ ਸਰੀਰ ਵਿਚ। ਐਸੇ-ਐਸੇ ਦ੍ਰਿਸ਼ ਆਉਂਦੇ ਨੇ ਕਿ ਕੰਬਣੀ ਆਉਂਦੀ ਹੈ ਆਦਮੀ ਨੂੰ, ਸਹਿ ਨਹੀਂ ਸਕਦਾ ਆਦਮੀ। ਜਦੋਂ ਨਾਮ ਦੀ ਧੁਨ ਸਾਰੇ ਸਰੀਰ ਵਿਚ ਪਸਰ ਜਾਵੇ ਉਸ ਵੇਲੇ ਇਕ ਵਾਰੀ ਅੰਦਰ ਨੂੰ ਸਾਹ ਗਿਆ, ਇਕ ਵਾਰੀ ਬਾਹਰ ਨੂੰ ਆਇਆ, ਇਹਦੇ ਵਿਚ ਜੇ ਨਾਮ ਕਹਿ ਦਿੰਦਾ ਹੈ, ਅੰਦਰ ਨੂੰ ਜਾਂਦੇ 'ਚ ਵਾਹਿਗੁਰੂ ਕਹਿੰਦਾ ਹੈ, ਬਾਹਰ ਨੂੰ ਆਉਂਦੇ 'ਚ ਵਾਹਿਗੁਰੂ ਕਹਿੰਦਾ ਹੈ ਜਾਂ ਅੰਦਰ ਨੂੰ ਜਾਂਦੇ 'ਚ 'ਵਾਹਿ' ਤੇ ਬਾਹਰ ਨੂੰ ਆਉਂਦੇ 'ਚ 'ਗੁਰੂ' ਕਹਿੰਦਾ ਹੈ, ਸਾਢੇ ਸੱਤ ਕਰੋੜ ਵਾਰੀ ਨਾਮ ਜਪ ਹੋ ਜਾਂਦਾ ਹੈ ਇਕੋ ਵਾਰੀ ਨਾਮ ਕਿਹਾ ਹੋਇਆ। ਕਿੰਨਾ ਫਲ ਵੱਧ ਗਿਆ। ਇਕ ਵਾਰੀ ਕਹਿਣਾ ਹੈ ਤੇ ਕਿੰਨਾ ਨਾਮ ਦਾ ਫਲ ਹੋ ਜਾਂਦਾ ਹੈ। ਮਹਾਰਾਜ ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਰੋਮ-ਰੋਮ ਹਰਿ ਧਿਆਵੇ***
***ਗੁਰਮੁਖ ਪਿਆਰੇ ਦਾ।***

ਬੇਅੰਤ ਮਹਾਤਮਾਵਾਂ ਨੂੰ ਪ੍ਰਤੱਖ ਰੂਪ ਵਿਚ ਇਹ ਅਵਸਥਾਵਾਂ ਪ੍ਰਾਪਤ ਹੁੰਦੀਆਂ ਨੇ। ਜਿਨ੍ਹਾਂ ਨੇ ਆਪਣੇ ਅਨੁਭਵ ਦੇ ਨਾਲ ਸੰਸਾਰ ਨੂੰ ਦੱਸਿਆ ਕਿ ਇਹ ਵੀ ਅਵਸਥਾ ਹੁੰਦੀ ਹੈ ਹਰ ਰੋਮ ਦੇ ਵਿਚੋਂ ਨਾਮ ਦੀ ਧੁਨ ਉਠ ਹੁੰਦੀ ਹੈ। ਕਿਉਂਕਿ ਨਾਮ ਦੀ ਧੁਨ ਸਾਰੇ ਸਰੀਰ ਵਿਚ ਹੀ ਨਹੀਂ ਹੈ। ਸਾਰੇ ਬ੍ਰਹਿਮੰਡ ਵਿਚ ਹੈ। ਮਹਾਰਾਜ ਕਹਿੰਦੇ ਉਹ ਨਾਮ ਦੀ ਧੁਨ ਅਸਲੀ ਚੀਜ਼ ਹੈ –

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥ ਅੰਗ – ੮੭੯*

ਉਹ ਚਾਬੀ ਹੈ, ਚਾਬੀ ਦੇ ਨਾਲ ਕੀ ਹੁੰਦਾ ਹੈ, ਤਾਲੇ ਖੁਲ੍ਹ ਜਾਇਆ ਕਰਦੇ ਨੇ।

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥*
*ਤਿਤੁ ਘਟ ਅੰਤਰਿ ਚਾਨਣਾ*
*ਕਰਿ ਭਗਤਿ ਮਿਲੀਜੈ॥*
*ਸਭ ਮਹਿ ਏਕੁ ਵਰਤਦਾ*
*ਜਿਨਿ ਆਪੇ ਰਚਨ ਰਚਾਈ॥ ਅੰਗ – ੯੫੪*

ਜਦੋਂ ਗੁਰੂ ਦੇ ਸ਼ਬਦ ਦੀ, ਇਕ ਤਾਂ ਸ਼ਬਦ ਹੈ ਜਿਸਨੂੰ 'ਅਹਿਤ' ਕਹਿੰਦੇ ਨੇ। ਉਹ ਸ਼ਬਦ ਹੈ ਪ੍ਰਕ੍ਰਿਤੀ ਦਾ, ਪਾਣੀ ਹੇਠਾਂ ਗਿਰ ਰਿਹਾ ਹੈ, ਆਵਾਜ਼ ਆਉਂਦੀ ਹੈ; ਅੱਗ ਜਲਦੀ ਹੈ ਭੱਖ-ਭੱਖ ਕਰਦੀ ਹੈ, ਹਵਾ ਚਲਦੀ ਹੈ ਆਵਾਜ਼ਾਂ ਦੇ ਰਹੀ ਹੈ, ਸਾਂ-ਸਾਂ ਦੀਆਂ ਅਵਾਜ਼ਾਂ ਦੇ ਰਹੀ ਹੈ; ਇਸੇ ਤਰ੍ਹਾਂ ਬੱਦਲ ਹੈ ਗਰਜਦਾ ਹੈ ਉਹਦੀ ਆਵਾਜ਼ ਹੈ, ਬਿਜਲੀ ਕੜਕਦੀ ਹੈ ਉਹਦੀ ਆਵਾਜ਼ ਹੈ, ਇਹਨੂੰ ਸਾਰੇ ਨੂੰ ਸ਼ਬਦ ਕਹਿੰਦੇ ਨੇ। ਇਹ ਪ੍ਰਾਕ੍ਰਿਤਕ ਸ਼ਬਦ ਹੈ। ਦੂਜਾ ਹੋਇਆ ਕਰਦਾ ਹੈ ਗੁਰੂ ਦਾ ਸ਼ਬਦ। ਗੁਰੂ ਦਾ ਸ਼ਬਦ ਦੋ ਰੂਪਾਂ 'ਚ ਹੋਇਆ ਕਰਦਾ ਹੈ। ਇਕ ਤਾਂ ਮੰਤਰ ਦੇ ਰੂਪ ਵਿਚ ਹੁੰਦਾ ਹੈ, ਜੋ ਪੰਜ ਪਿਆਰੇ ਦਿੰਦੇ ਨੇ, ਇਕ ਗੁਰੂ ਗ੍ਰੰਥ ਸਾਹਿਬ ਦੇ ਵਿਚ ਸ਼ਬਦ ਹੈ, ਉਹ ਜਿਹੜਾ ਖੋਜ ਲਏਗਾ ਉਹਨੂੰ ਤਾਂ ਲੱਭ ਜਾਂਦਾ ਹੈ, ਦੂਜੇ ਨੂੰ ਨਹੀਂ ਪਤਾ ਲਗਦਾ, ਦੂਜਾ ਉਤੋਂ-ਉਤੋਂ ਪੜ੍ਹ ਕੇ ਲੰਘ ਜਾਂਦਾ ਹੈ। ਜਿਹੜਾ ਇਹਦੇ ਵਿਚ ਸ਼ਬਦ ਹੈ ਜਿਹਨੇ ਇਹਦੀ ਹਉਮੈ ਦਾ ਨਾਸ਼ ਕਰਨਾ ਹੈ, ਇਹ ਇਹਦੇ ਵਿਚ

ਪਿਆ ਹੈ, ਗੁਰੂ ਗ੍ਰੰਥ ਸਾਹਿਬ ਦੇ, ਟੋਲਣਾ ਪੈਂਦਾ ਹੈ। ਤੀਸਰਾ ਸ਼ਬਦ ਉਹ ਹੈ ਜਿਹੜਾ ਨਿਰੰਕਾਰ ਦਾ ਸ਼ਬਦ ਹੈ। ਜਿਹਨੂੰ 'ਨਾਮ' ਕਹਿੰਦੇ ਹਾਂ ਅਸੀਂ।

*ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*
*ਦਾਤਾ ਕਰਤਾ ਆਪਿ ਤੂੰ*
*ਤੁਸਿ ਦੇਵਹਿ ਕਰਹਿ ਪਸਾਉ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥*
*ਕਰਿ ਆਸਣੁ ਡਿਠੋ ਚਾਉ ॥ ਅੰਗ - ੪੬੩*

ਆਪਣੇ ਆਪ ਤੋਂ ਨਿਰੰਕਾਰ ਨੇ ਉਹਦਾ ਨਾਉਂ ਰੱਖ ਲਿਆ ਓਅੰਕਾਰ।

*ਕੀਤਾ ਪਸਾਉ ਏਕੋ ਕਵਾਉ ॥ ਅੰਗ - ੩*

ਓਹੀ ਸ਼ਬਦ ਸਾਰੇ ਪਰੀਪੂਰਨ ਹੈ।

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥*
*ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥*
*ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥*
*ਨਾਮ ਕੇ ਧਾਰੇ ਆਗਾਸ ਪਾਤਾਲ ॥*
*ਨਾਮ ਕੇ ਧਾਰੇ ਸਗਲ ਆਕਾਰ ॥*
*ਨਾਮ ਕੇ ਧਾਰੇ ਪੁਰੀਆ ਸਭ ਭਵਨ ॥*
*ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥*
*ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥*
*ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥*
*ਅੰਗ - ੨੮੪*

ਜੋ ਕੁਛ ਵੀ ਦ੍ਰਿਸ਼ਟਮਾਨ ਹੈ, ਉਹ ਸ਼ਬਦ ਸੁਣਦਾ ਹੈ ਹਰੇਕ ਦੇ ਅੰਦਰ। ਕਹਿੰਦੇ ਨੇ ਕਿ ਸਾਨੂੰ ਤਾਂ ਸੁਣਦਾ ਨਹੀਂ, ਮਹਾਰਾਜ ਕਹਿੰਦੇ ਤੁਹਾਡਾ ਚਿੱਤ ਮਾਇਆ ਮੰਡਲ 'ਚੋਂ ਉਪਰ ਨਹੀਂ ਉਠਿਆ। ਮਾਇਆ ਦੇ ਮੰਡਲ ਵਿਚ ਚਿੱਤ ਹੋਣ ਕਰਕੇ –

*ਮਾਇਆਧਾਰੀ ਅਤਿ ਅੰਨਾ ਬੋਲਾ ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥*
*ਅੰਗ - ੩੧੩*

**Extreem** ਤੱਕ ਬੋਲਾ, ਅੰਨਾ ਹੈ। ਉਹ ਸ਼ਬਦ ਨਹੀਂ ਸੁਣਦਾ ਕਿਉਂਕਿ ਦਰਵਾਜ਼ਾ ਬੰਦ ਹੈ ਉਥੇ ਜਿੱਥੇ ਸ਼ਬਦ ਬੋਲਦਾ ਹੈ। ਹਰ ਵਕਤ ਚਲਦਾ ਹੈ ਉਥੇ ਸ਼ਬਦ। ਹਰ ਵਕਤ ਆਵਾਜ਼ ਆ ਰਹੀ ਹੈ। ਉਸ ਸ਼ਬਦ ਦੀ ਪ੍ਰਾਪਤੀ ਜਿਹਨੂੰ ਹੋ ਜਾਵੇ, ਸ਼ਬਦ ਨਾਮ ਤੇ ਨਾਮੀ ਇਕੋ ਹੀ ਨੇ ਦੋ ਨਹੀਂ ਹਨ। ਗੁਰੂ ਮਹਾਰਾਜ ੧ ਤੋਂ ਬਾਅਦ ਓਅੰਕਾਰ ਲਿਖਿਆ (੧ਓ) ਸ਼ਬਦ। ਫੇਰ ਕਿਹਾ ਕਿ ਅਲੱਗ-ਅਲੱਗ ਨਹੀਂ ਇਕੋ ਹੀ ਹੈ। ਸਤਿ ਹੈ, ਫੇਰ ਇਹ ਨਾਮ ਹੈ ਜਿਹੜਾ ਸਤਿ ਹੈ। ਇਹਨੂੰ ਨਾਮ ਕਹਿੰਦੇ ਨੇ। ਫੇਰ ਸੁੰਨ-ਮੁੰਨ ਨਹੀਂ ਹੈ, **action** ਵਿਚ ਹੈ। ਸਭ ਕੁਛ ਜਾਣਦਾ ਹੈ, ਸਭ ਕੁਛ ਬੁਝਦਾ ਹੈ, ਪਿਆਰ ਕਰਦਾ ਹੈ। ਉਹ ਚੀਜ਼ ਹੀ ਐਸੀ ਹੈ ਅਸੀਂ ਪ੍ਰਾਕ੍ਰਿਤਕ ਸ਼ਬਦ ਨਾਲ ਰਲਾ ਲੈਂਦੇ ਹਾਂ, ਧੋਖਾ ਖਾ ਜਾਂਦੇ ਹਾਂ। ਉਹ ਕੋਈ ਚੀਜ਼ ਹੈ ਜਿਹਦਾ ਨਾਮ ਰੱਖਿਆ ਗਿਆ, ਉਹ ਨਾਮ ਦੀ ਸ਼ਕਤੀ ਹੈ। ਪੂਰਨ ਸ਼ਕਤੀ ਹੈ। ਉਹ ਨਾਮ ਹਿਰਦੇ ਵਿਚ ਵਸ ਜਾਂਦਾ ਹੈ। ਜਦੋਂ ਚਾਬੀ ਮਿਲ ਜਾਵੇ ਗੁਰੂ ਤੋਂ।

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅੰਗ - ੯੫੪*

ਜੇ ਗੁਰੂ ਦਾ ਸ਼ਬਦ ਮਿਲ ਜਾਵੇ ਤਾਂ ਉਹ ਖੁਲ੍ਹ ਜਾਂਦਾ ਹੈ। ਫੇਰ ਨਿਸ਼ਾਨੀ ਕੀ ਹੈ –

*ਅਨਹਦ ਵਾਜੇ ਧੁਨਿ ਵਜਦੇ*
*ਗੁਰ ਸਬਦਿ ਸੁਣੀਜੈ ॥ ਅੰਗ - ੯੫੪*

ਬਗੈਰ ਵਜਾਏ ਹੋਏ ਵਾਜੇ ਉਥੇ ਦੀ ਨਿਸ਼ਾਨੀ ਹੈ। ਫੇਰ ਉਹ ਜਿਹੜਾ ਸ਼ਬਦ ਮਹਾਰਾਜ ਜੀ ਨੇ ਕਿਹਾ ਇਥੇ ਵਾਹਿਗੁਰੂ ਦਾ ਸ਼ਬਦ ਸੁਣਦਾ ਹੈ। ਜਿਸ ਧੁਨ ਨੇ ਸਾਰੇ ਬ੍ਰਹਿਮੰਡਾਂ ਨੂੰ ਥੰਮ ਕੇ ਰੱਖਿਆ ਹੋਇਆ ਹੈ, ਉਹ ਧੁਨ ਸੁਣਦੀ ਹੈ। ਫੇਰ ਪ੍ਰਕਾਸ਼ ਹੈ –

*ਅਨਹਦ ਵਾਜੇ ਧੁਨਿ ਵਜਦੇ*
*ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ*
*ਕਰਿ ਭਗਤਿ ਮਿਲੀਜੈ ॥ ਅੰਗ - ੯੫੪*

*ਨਉ ਦਰ ਠਾਕੇ ਧਾਵਤੁ ਰਹਾਏ ॥*
*ਦਸਵੈ ਨਿਜ ਘਰਿ ਵਾਸਾ ਪਾਏ ॥*
*ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ*
*ਗੁਰਮਤੀ ਸਬਦਿ ਸੁਣਾਵਣਿਆ ॥*
*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ*
*ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥*
*ਅੰਗ - ੧੨੪*

ਜਦੋਂ ਨਉ ਦਰਵਾਜ਼ੇ ਠਾਕ ਲਏ, ਇਹਦੇ ਵਿਚੋਂ ਮਨ ਨੂੰ ਕਿਸੇ ਵੀ ਦਰਵਾਜ਼ੇ 'ਚੋਂ ਬਾਹਰ ਨਾ ਜਾਣ ਦਿਤਾ ਤਾਂ ਫੇਰ ਆਪਣੇ ਘਰ ਨੂੰ ਮੁੜਦਾ ਹੈ। ਜਦੋਂ ਫੇਰ ਘਰ ਨੂੰ ਮੁੜਦਾ ਹੈ ਗੁਰਦੁਆਰੇ ਪਹੁੰਚਦਾ ਹੈ, ਫੇਰ –

*ਗੁਰਦੁਆਰੈ ਲਾਇ ਭਾਵਨੀ*
*ਇਕਨਾ ਦਸਵਾ ਦੁਆਰੁ ਦਿਖਾਇਆ ॥*
*ਤਹ ਅਨੇਕ ਰੂਪ ਨਾਉ ਨਵ ਨਿਧਿ*
*ਤਿਸ ਦਾ ਅੰਤੁ ਨ ਜਾਈ ਪਾਇਆ ॥*
*ਅੰਗ - ੯੨੨*

ਤਸੱਲੀ ਹੋ ਜਾਂਦੀ ਹੈ। ਫੇਰ ਉਹ ਘਰ ਨਹੀਂ

ਛੱਡਦਾ ਫੇਰ ਉਥੇ ਹੀ ਟਿਕ ਜਾਂਦਾ ਹੈ। ਬਾਰ-ਬਾਰ ਅੰਦਰ ਨੂੰ ਜਾਏਗਾ ਕਿਉਂਕਿ ਅਸਲੀ ਘਰ ਲੱਭ ਗਿਆ। ਨਿਜ ਘਰ, ਸੋ ਘਰ।

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ - ੧੨੪*

ਜੇ ਸ਼ਬਦ ਪ੍ਰਗਟ ਨਹੀਂ ਹੋਇਆ ਤਾਂ ਹਨ੍ਹੇਰਾ ਹੈ ਅੰਦਰ। ਕੁਛ ਨਹੀਂ ਸੋਝੀ। ਨਾ ਆਪਣੇ ਸਰੂਪ ਦਾ ਗਿਆਨ ਹੋਵੇ ਨਾ ਨਾਮ ਜਪਣ ਤੋਂ ਅਸੀਂ ਹਟੀਏ। ਕੁੰਜੀ ਗੁਰੂ ਕੋਲ ਹੈ। ਗੁਰੂ ਮਿਲਦਾ ਹੈ ਪੂਰੇ ਭਾਗਾਂ ਨਾਲ। ਜਿਸਦੀ ਬਿਰਤੀ ਇਥੇ ਪਹੁੰਚ ਜਾਂਦੀ ਹੈ ਉਹਦੀ ਮੈਂ ਮਰ ਜਾਂਦੀ ਹੈ।

ਸੰਤ ਮਹਾਰਾਜ ਜੀ ਕੋਲ ਆਏ ਪ੍ਰੇਮੀ ਇਕ ਵਾਰੀ, ਅਸੀਂ ਬੈਠੇ ਸੀ।

ਮਹਾਰਾਜ ਜੀ ਨੇ ਪੁੱਛਿਆ, ਭਾਈ ਕਿਵੇਂ ਆਏ ਓਂ?

ਕਹਿਣ ਲੱਗੇ, ਦਰਸ਼ਨ ਕਰਨ ਆਏ ਹਾਂ ਜੀ।

ਕਹਿਣ ਲੱਗੇ, ਕੀਹਦਾ? ਮਹਾਰਾਜ! ਤੁਹਾਡਾ।

ਮਹਾਰਾਜ ਕਹਿਣ ਲੱਗੇ, ਮੈਂ ਕੌਣ ਹਾਂ?

ਕਹਿਣ ਲੱਗੇ, ਸੰਤ ਈਸ਼ਰ ਸਿੰਘ ਜੀ।

ਮਹਾਰਾਜ ਕਹਿਣ ਲੱਗੇ ਕਿ ਉਹ ਤਾਂ ਬੜੀ ਦੇਰ ਹੋ ਗਈ ਮਰੇ ਨੂੰ। ਪੁਰਾਣੀਆਂ ਗੱਲਾਂ ਨੇ, ਜਦ ਸੀਗਾ ਹੁਣ ਤਾਂ ਪੁਰਾਣੀਆਂ ਗੱਲਾਂ ਨੇ।

ਗੱਲ ਦੱਸ ਦਿਤੀ ਮਹਾਰਾਜ ਨੇ, ਇਕ ਰਮਜ਼ ਦੇ ਨਾਲ ਭੇਤ ਦੇ ਦਿਤਾ। ਕਿਉਂਕਿ 'ਮੈਂ' ਨਹੀਂ ਰਹਿੰਦੀ।

*ਹੋਤੇ ਤਬ ਜਬ ਹਮ ਤੂ ਨਾਹੀ*
*ਅਬ ਤੂਹੀ ਮੈ ਨਾਹੀ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ*
*ਜਲ ਕੇਵਲ ਜਲ ਮਾਂਹੀ ॥ ਅੰਗ - ੬੫੭*

ਜਿਵੇਂ ਨਾਉਂ ਹੈ 'ਵਰਿਆਮ ਸਿੰਘ' ਜਿੰਨਾ ਚਿਰ ਇਹਦਾ ਭਾਵ ਹੈ ਅੰਦਰ ਓਨਾ ਚਿਰ ਵਾਹਿਗੁਰੂ ਹੈ ਨਹੀਂ। ਜਿੱਥੇ ਮੈਂ ਨਹੀਂ ਹਾਂ ਤੂੰ ਹੀ ਹੈਂ, ਓਹਦੀ ਅਵਸਥਾ ਕਿੱਡੀ ਹੋ ਜਾਂਦੀ ਹੈ, ਫੁਰਮਾਨ ਕਰਦੇ ਨੇ -

***ਧਾਰਨਾ -*** ***ਸਾਂਈ ਹੀ ਵਰਗੇ ਨੇ***
***ਵਿਸਰੇ ਨਾ ਨਾਮ ਜਿਨ੍ਹਾਂ ਨੂੰ।***

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*
*ਅੰਗ - ੩੯੭*

*ਹਰਿ ਕਾ ਸੇਵਕੁ ਸੋ ਹਰਿ ਜੇਹਾ ॥*
*ਭੇਦੁ ਨ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ ॥*
*ਅੰਗ - ੧੦੭੬*

ਭਾਈ ਮੇਹਰੂ ਨੇ ਸੇਵਾ ਕਰਕੇ, ਸਿਮਰਨ ਕਰਕੇ ਉਹ ਅਵਸਥਾ ਪ੍ਰਾਪਤ ਕਰ ਲਈ ਜਿੱਥੇ ਜਾ ਕੇ ਗੁਰੂ ਤੇ ਸਿੱਖ ਇਕ ਹੋ ਜਾਇਆ ਕਰਦਾ ਹੈ। ਦੋ ਨਹੀਂ ਰਿਹਾ ਕਰਦਾ। ਜਦੋਂ ਮਹਾਰਾਜ ਜੀ ਨੇ ਦੇਖਿਆ ਇਹਦੀ ਦ੍ਰਿੜ੍ਹ ਬਿਰਤੀ ਹੋ ਗਈ, ਉਸ ਵੇਲੇ ਮਹਾਰਾਜ ਕਹਿਣ ਲੱਗੇ ਭਾਈ ਮੇਹਰੂ, ਜੋ ਕੁਛ ਤੁਸੀਂ ਪਾਉਣਾ ਸੀ ਪਾ ਲਿਆ। ਜਿਥੇ ਪਹੁੰਚਣਾ ਸੀ ਪਹੁੰਚ ਲਏ ਤੁਸੀਂ, ਜੋ ਕੁਛ ਜਾਨਣਾ ਸੀ ਜਾਣ ਲਿਆ ਹੁਣ ਇਸ ਬਿਰਤੀ ਨੂੰ ਸੰਸਾਰ ਦੇ ਧੰਦਿਆਂ 'ਚ ਪੈ ਕੇ ਅਰੂੜ੍ਹ ਰੱਖੋ। ਕਿਉਂਕਿ ਉਹ ਜਿਹੜਾ ਹੈ ਕਰਮ ਖੇਤਰ ਹੈ।

ਗੁਰੂ ਮਹਾਰਾਜ ਨੇ ਸਾਨੂੰ ਕਰਮ ਖੇਤਰ ਤਿਆਗਣ ਦੀ ਆਗਿਆ ਨਹੀਂ ਦਿਤੀ। ਕਰਮ ਕਰੋ, ਆਪਣਾ ਧਰਮ ਜਾਣ ਕੇ, ਨਿਸ਼ਕਾਮ ਕਰੋ। ਕਿਸੇ ਫਲ ਦੀ ਇੱਛਿਆ ਹੀ ਨਾ ਰੱਖੋ। ਜਿੰਨਾ ਚਿਰ ਸੰਸਾਰ 'ਚ ਰਹਿਣਾ ਹੈ, ਕੁਛ ਕਰਨਾ ਹੀ ਹੈ। ਬੋਲਣਾ ਵੀ ਹੈ, ਕਹਿਣਾ ਵੀ ਹੈ। ਆਪ ਤਾਂ ਤਰ ਗਿਆ, ਲੇਕਿਨ ਸੰਸਾਰ ਦਾ ਉਧਾਰ ਕਰੋ। ਕਿਉਂਕਿ ਉਹਦਾ ਜੀਵਨ ਹੀ ਸੰਸਾਰ ਦਾ ਉਧਾਰ ਕਰਨ ਦਾ ਹੈ।

ਜਿਸ ਵਕਤ ਭਾਈ ਮੇਹਰੂ ਨੂੰ ਹੁਕਮ ਦਿਤਾ। 'ਸਤਿ ਬਚਨ' ਕਿਹਾ ਤੇ ਆਪ ਉਸੇ ਅਰੂੜ੍ਹ ਬਿਰਤੀ ਵਿਚ ਘਰ ਆ ਗਏ। ਪਿੰਡ ਵਾਲੇ ਮਿਲੇ ਕਿ ਆ ਗਿਆ ਭਾਈ ਮੇਹਰੂ। ਕੋਈ ਚੋਰ ਕਹੇ, ਕੋਈ ਚਕਾਰ ਕਹੇ। ਲੇਕਿਨ ਜਦੋਂ ਨੇੜੇ ਆਉਣ ਹੈਰਾਨ ਰਹਿ ਜਾਣ ਕਿ ਇਹਦੇ ਤਾਂ ਨੇਤਰਾਂ ਵਿਚ ਅਕਹਿ ਰਸ ਹੈ ਕੋਈ। ਇਹਦਾ ਬਚਨ ਕੀ ਹੈ, ਇਕ ਵਾਰੀ ਬੋਲਦਾ ਹੈ, ਅੰਦਰ ਧੁਰ ਚਲਿਆ ਜਾਂਦਾ ਹੈ। ਇਹ ਤਾਂ ਮੋਹਿਤ ਕਰਦਾ ਹੈ ਸਾਰਿਆਂ ਨੂੰ ਬਚਨਾਂ ਦੇ ਨਾਲ। ਇਹ ਤਾਂ ਕਿਸੇ ਨਸ਼ੇ ਦੇ ਨਾਲ ਖੀਵਾ ਹੋਇਆ ਹੋਇਆ ਹੈ ਜਿਸ ਨੂੰ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ -*** ***ਚੜ੍ਹੀ ਰਹੇ ਦਿਨ ਰਾਤ ਨਾਮ ਖੁਮਾਰੀ-***
***ਨਾਮ ਖੁਮਾਰੀ।***

ਰੰਗ ਲੱਗ ਗਿਆ, ਪਿਆਰ ਲੱਗ ਗਿਆ। ਹੁਣ ਲਹਿੰਦਾ ਨਹੀਂ ਹੈ।

*ਕਾਇਆ ਕਾਪਰੁ ਚੀਰ ਬਹੁ ਫਾਰੇ*
*ਹਰਿ ਰੰਗੁ ਨ ਲਹੈ ਸਭਾਗਾ ॥ ਅੰਗ - ੬੯੫*

ਐਸੀ ਜਦੋਂ ਅਵਸਥਾ ਦੇਖੀ, ਸਾਰਾ ਪਿੰਡ ਆ ਗਿਆ, ਦਰਸ਼ਨ ਕਰਦਾ ਹੈ। ਧੰਨ-ਧੰਨ ਕਹਿੰਦੇ ਨੇ, ਭਾਈ ਮੇਹਰੂ ਦਾ ਕੀ ਬਣ ਗਿਆ ਇਹ ਤਾਂ ਮਹਾਤਮਾ ਹੈ।

ਇਹਦੀ ਦ੍ਰਿਸ਼ਟੀ ਦੇ ਵਿਚ ਖਿੱਚ ਹੈ, ਇਹਦੇ ਬਚਨਾਂ ਦੇ ਅੰਦਰ ਮਿਠਾਸ ਹੈ, ਇਹਦੀ ਬੋਲ-ਚਾਲ ਜਿਹੜੀ ਹੈ ਇਹ ਤਾਂ ਆਪਣਾ ਬਣਾਉਂਦੀ ਤੁਰੀ ਜਾਂਦੀ ਹੈ। ਭਾਈ ਮੇਹਰੂ ਦੇ ਵਿਚ ਉਹ ਰੂਹ ਨਹੀਂ ਰਹੀ ਕੋਈ ਹੋਰ ਪਰਵੇਸ਼ ਕਰ ਗਈ। ਉਸ ਵੇਲੇ ਘਰਵਾਲੀ ਨੇ ਕਿਹਾ ਆ ਗਿਆ, ਕਾਫੀ ਦੇਰ ਹੋ ਗਈ ਆਏ ਨੂੰ। ਮੈਂ ਹੁਣ ਇਹਨੂੰ ਖਾਣ ਪੀਣ ਨੂੰ ਦੇਵਾਂ, ਗਈ ਜਾ ਕੇ ਕਾੜ੍ਹਨੀ ਦੇ ਵਿਚੋਂ ਦੁੱਧ ਕੱਢਿਆ, ਵਿਚ ਮਿੱਠਾ ਪਾ ਕੇ ਲਿਆ ਕੇ ਚੌਂਕੀ ਦੇ ਉਤੇ ਰੱਖ ਦਿਤਾ। ਬੇਨਤੀ ਕਰੀ ਕਿ ਤੁਸੀਂ ਦੁੱਧ ਪੀ ਲਓ, ਦੂਰੋਂ ਆਏ ਓਂ। ਕਹਿਣ ਲੱਗਿਆ, ਹੈਂ ਦੁੱਧ। ਨਿਗ੍ਹਾ ਚਲੀ ਗਈ ਉਤੇ, ਪਹਿਲੇ ਸੰਸਕਾਰਾਂ ਦੀਆਂ ਸ਼ਰਾਬ ਦੀਆਂ ਬੋਤਲਾਂ ਰੱਖੀਆਂ ਪਈਆਂ ਨੇ। ਕਹਿੰਦਾ, ਉਹ ਜਿਹੜੀਆਂ ਬੋਤਲਾਂ ਪਈਆਂ ਨੇ ਇਨ੍ਹਾਂ ਨੂੰ ਬਾਹਰ ਦੂਰ ਕਿਤੇ ਸੁੱਟ ਦਿਓ। ਭੰਨ ਦਿਓ ਬੋਤਲਾਂ। ਸਾਰੀਆਂ ਸੁਟਾ ਦਿਤੀਆਂ। ਉਸ ਤੋਂ ਬਾਅਦ ਦੁੱਧ ਨਹੀਂ ਪੀਤਾ। ਡੰਡਾ ਲੈ ਲਿਆ, ਮੱਝਾਂ, ਕੱਟੀਆਂ, ਕੱਟੇ ਉਹ ਸਾਰੇ ਹੀ ਖੋਲ੍ਹ ਲਏ, ਖੋਲ੍ਹ ਕੇ ਨਾਲ ਦੇ ਪਿੰਡ ਨੂੰ ਹੱਕ ਤੁਰੇ, ਨਾਲ ਪੰਜ ਦੱਸ ਬੰਦੇ ਹੋ ਗਏ, ਭਾਈ ਸਾਨੂੰ ਕੰਮ ਹੈ, ਸਾਡੇ ਨਾਲ ਚੱਲੋ ਜ਼ਰਾ। ਨਾਲ ਦਾ ਪਿੰਡ ਸੀ ਜਿਹੜਾ ਨੇੜੇ ਦਾ ਕਿਤੇ। ਉਥੇ ਭਾਈ ਨੌਧ ਦਾ ਘਰ ਪੁੱਛ ਕੇ ਚਲੇ ਗਏ। ਜਾ ਕੇ ਜਿਸ ਵਕਤ ਪਸ਼ੂ ਵਾੜੇ, ਖਾਲੀ ਕਿੱਲ੍ਹੇ ਸੀ ਪਹਿਲੇ ਉਹਦੇ ਪਸ਼ੂ ਚੁਗਣ ਗਏ ਸੀ। ਘਰਵਾਲੀ ਨੇ ਦੇਖਿਆ ਕਿ ਕੌਣ ਆ ਗਿਆ, ਮੱਝਾਂ ਨੇ, ਕੱਟਰੂ ਨੇ, ਝੋਟੀਆਂ ਨੇ। ਉਸ ਵੇਲੇ ਬੰਨ੍ਹ ਜਾਂਦੇ ਨੇ ਫਟਾਫਟ। ਸੁਨੇਹਾ ਭੇਜਿਆ ਕਿ ਪਤਾ ਨਹੀਂ ਕੌਣ ਆਇਆ ਹੈ, ਬੇਅੰਤ ਹੀ ਮੱਝਾਂ, ਕੱਟੀਆਂ, ਕੱਟੇ ਲੈ ਆਇਆ। ਲਵਾਰੇ ਪਿੱਛੇ ਹੀ ਨੇ ਇਨ੍ਹਾਂ ਦੇ ਸਾਰੇ। ਸੋ ਉਸ ਵੇਲੇ ਭਾਈ ਨੌਧ ਆ ਗਿਆ। ਪਛਾਣ ਲਿਆ ਕਹਿਣ ਲੱਗਾ ਭਾਈ ਮੇਹਰੂ ਤੂੰ? ਤੂੰ ਤਾਂ ਬਿਲਕੁਲ ਹੀ ਬਦਲਿਆ ਹੋਇਆ ਹੈਂ, ਤੂੰ ਤਾਂ ਉਹ ਰਿਹਾ ਹੀ ਨਹੀਂ। ਆਹ ਕੀ ਗੱਲ ਹੈ ਤੂੰ ਐਨੀਆਂ ਮੱਝਾਂ ਲੈ ਆਂਦੀਆਂ। ਕਿਤੇ ਅੱਗੇ ਵੇਚਣ ਜਾਣੀਆਂ ਨੇ। ਕਹਿਣ ਲੱਗਾ, ਨਹੀਂ ਭਰਾਵਾ! ਵੇਚਣ ਨਹੀਂ ਮੈਂ ਜਾਣੀਆਂ। ਤੇਰੀ ਮੱਝ ਮੈਂ ਇਕ ਮੱਝ ਚੋਰੀ ਕਰੀ ਸੀ, ਇਕ ਮੱਝ ਦਾ ਕਿੱਡਾ ਪਰਿਵਾਰ ਹੋ ਗਿਆ ਸਾਡੇ ਘਰ ਜਾ ਕੇ ਤੇ ਸਤਿਗੁਰੂ ਦੇ ਪਾਸ ਗਿਆ, ਦੇਖ ਭਾਈ ਮੈਂ ਮੋਟਾ ਜਿਹਾ ਹਿਸਾਬ ਲਾਉਂਦਾ ਹਾਂ, ਜਿਹੜੇ ਕਟਰੂ ਬੱਛਰੂ ਆਹ ਪਲ ਗਏ, ਝੋਟੀਆਂ ਬਣ ਗਈਆਂ। ਇਹ ਤਾਂ ਹੈਗਾ ਇਹਦਾ ਹੀ। ਆਹ ਕਈ ਹਜ਼ਾਰ ਰੁਪਈਆ ਆਹ ਜਿਹੜਾ ਦੁੱਧ ਪੀਤਾ ਹੈ ਇਨ੍ਹਾਂ ਮੱਝਾਂ ਦਾ ਇਹ ਉਹ ਹੈ, ਇਹ ਲੇਖਾ ਮੈਂ ਇਥੇ ਹੀ ਹਿਸਾਬ ਕਰਨਾ ਚਾਹੁੰਦਾ ਹਾਂ, ਸੋ ਸੰਭਾਲ। ਉਹ ਲੈਂਦਾ ਨਹੀਂ, ਉਹ ਕਹਿਣ ਲੱਗਿਆ ਕਿ ਭਾਈ ਮੇਹਰੂ ਹੁਣ ਤਾਂ ਬੇਗਾਨੀਆਂ ਹੋ ਚੁੱਕੀਆਂ, ਚਾਰਾ ਖਾਧਾ ਹੈ ਇਨ੍ਹਾਂ ਨੇ, ਤੁਸੀਂ ਸੰਭਾਲੀਆਂ ਨੇ। ਮੈਂ ਨਹੀਂ ਲੈਂਦਾ।

ਪਿੰਡ ਇਕੱਠਾ ਹੋ ਗਿਆ, ਸਾਰਿਆਂ ਨੇ ਵਿਚਾਰ ਕਰੀ ਕਹਿਣ ਲੱਗੇ ਭਾਈ ਜਿੱਥੋਂ ਭਾਈ ਮੇਹਰੂ ਬਦਲ ਗਿਆ, ਐਹੋ ਡਾਕੂ ਇਲਾਕੇ ਦਾ, ਐਹੋ ਜਿਹਾ ਮਾੜਾ ਬੰਦਾ, ਇਹ ਅੱਜ ਸਾਧੂ ਸੰਤ ਬਣਿਆ ਹੋਇਆ ਹੈ, ਕਿਉਂ ਨਾ ਆਪਾਂ ਇਹਦੇ ਨਾਲ ਚੱਲ ਕੇ ਬੇਨਤੀ ਕਰੀਏ ਉਸ ਗੁਰੂ ਕੋਲ ਕਿ ਸਾਨੂੰ ਵੀ ਐਹੋ ਜਿਹਾ ਹੀ ਬਣਾ ਦੇਵੇ। ਸੋ ਸਮਾਗਮ ਆ ਗਿਆ, ਆਪਣੇ ਪਿੰਡ ਦੇ ਬੰਦੇ ਵੀ, ਨਾਲ ਦੇ ਪਿੰਡਾਂ ਦੇ ਬੰਦੇ, ਇਕ ਬੜਾ ਭਾਰਾ ਸੰਗ ਇਕੱਠਾ ਕਰਕੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਭੇਟ ਕਰ ਦਿਤਾ ਕਿ ਸੱਚੇ ਪਾਤਸ਼ਾਹ! ਤੇਰੀ ਸੰਗਤ ਹੈ, ਤੂੰ ਇਹਦੇ ਉਤੇ ਆਪਣੇ ਦਸਤ-ਏ-ਮੁਬਾਰਕ ਰੱਖ। ਸਾਡੇ ਪਾਪਾਂ ਦਾ ਧਿਆਨ ਨਾ ਕਰ। ਸਾਡੇ ਪਾਪ ਬਹੁਤ ਨੇ। ਆਪ ਆਪਣੇ ਕ੍ਰਿਪਾ ਤੇ ਬਖਸ਼ਿੰਦ ਦੇ ਬਿਰਦ ਨੂੰ ਪਾਲ ਕੇ ਇਨ੍ਹਾਂ ਤੇ ਵੀ ਕ੍ਰਿਪਾ ਕਰੋ। ਸੋ -

*ਗੁਰਮੁਖਿ ਕੋਟਿ ਉਧਾਰਦਾ ਭਾਈ*
*ਦੇ ਨਾਵੈ ਏਕ ਕਣੀ॥* *ਅੰਗ - ੬੦੮*

ਆਪ ਵੀ ਉਧਰਦਾ ਹੈ ਤੇ ਸੰਸਾਰ ਨੂੰ ਵੀ ਉਧਾਰ ਦਿੰਦਾ ਹੈ। ਐਸੇ ਪੁਰਸ਼ਾਂ ਨੂੰ ਮਹਾਰਾਜ ਕਹਿੰਦੇ ਨੇ-

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥*
*ਅੰਗ - ੩੦੬*

ਸੋ ਸੰਗਤ ਤੇ ਕੁਸੰਗਤ ਦਾ ਫਰਕ ਮੈਂ ਦੱਸਿਆ ਹੈ ਕਿ ਸਾਧੂਆਂ ਦੀ ਸੰਗਤ ਥੋੜ੍ਹੀ ਜਿਹੀ ਕੀਤੀ ਹੋਈ ਵੀ ਪਾਰ ਉਤਾਰਾ ਕਰ ਦਿੰਦੀ ਹੈ। ਮਾੜਿਆਂ ਦੀ ਕੁਸੰਗਤ ਕੀਤੇ ਹੋਏ ਪੁੰਨਾਂ ਨੂੰ ਨਾਸ਼ ਕਰ ਦਿੰਦੀ ਹੈ। ਸੋ ਕੁਸੰਗ ਤੋਂ ਬਚੋ, ਸੰਗਤ ਵਿਚ ਆਓ। ਹੌਲੀ-ਹੌਲੀ ਸੰਗ ਦਾ ਰੰਗ ਲਗਦਾ-ਲਗਦਾ ਇਕ ਦਿਨ ਪੂਰਾ ਹੀ ਲੱਗ ਜਾਇਆ ਕਰਦਾ ਹੈ, ਕੁਸੰਗ ਦਾ ਜੋ ਅਸਰ ਬੇਅੰਤ ਪਾਪ ਸਾਡੇ ਅੰਦਰ ਲੁਕੇ ਪਏ ਨੇ, ਛੁਪੇ ਪਏ ਨੇ, ਹੌਲੀ ਹੌਲੀ ਲਹਿ ਜਾਂਦੇ ਨੇ। ਸੋ ਇਹ ਮਹਾਰਾਜ ਦੀ ਮਿਹਰ ਹੈ।

# ਅਮਰ ਸ਼ਹੀਦ

*ਨਾਰਾਇਨ ਨਰਪਤਿ ਨਮਸਕਾਰੈ ॥*
*ਐਸੇ ਗੁਰ ਕਉ ਬਲਿ ਬਲਿ ਜਾਈਐ*
*ਆਪਿ ਮੁਕਤੁ ਮੋਹਿ ਤਾਰੈ ॥ ੧ ॥ ਰਹਾਉ ॥*
*ਕਵਨ ਕਵਨ ਕਵਨ ਗੁਨ ਕਹੀਐ*
*ਅੰਤੁ ਨਹੀ ਕਛੁ ਪਾਰੈ ॥*
*ਲਾਖ ਲਾਖ ਲਾਖ ਕਈ ਕੋਰੈ*
*ਕੋ ਹੈ ਐਸੋ ਬੀਚਾਰੈ ॥ ੧ ॥*
*ਬਿਸਮ ਬਿਸਮ ਬਿਸਮ ਹੀ ਭਈ ਹੈ*
*ਲਾਲ ਗੁਲਾਲ ਰੰਗਾਰੈ ॥*
*ਕਹੁ ਨਾਨਕ ਸੰਤਨ ਰਸੁ ਆਈ ਹੈ*
*ਜਿਉ ਚਾਖਿ ਗੂੰਗਾ ਮੁਸਕਾਰੈ ॥ ਅੰਗ - ੧੩੦੨*
*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ੍ ਕੀ ਕਥਾ ਨਿਰਾਰੀ ਰੇ ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ ॥ ਅੰਗ - ੮੫੫*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਗੁਰੂ ਘਰ ਦੇ ਅੰਦਰ ਸਾਰੀਆਂ ਕਥਾਵਾਂ ਨਿਰਾਰੀਆਂ, ਨਿਆਰੀਆਂ ਤੇ ਚਾਨਣ ਮੁਨਾਰਾ ਨੇ ਸਾਰੇ। ਜਿਨ੍ਹਾਂ ਕਰਕੇ ਗੁਰਸਿੱਖ ਡੋਲਦਾ ਨਹੀਂ ਹੈ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਨੇ ਭਾਰਤ ਸਮਾਜ ਨੂੰ ਚੰਗੀ ਤਰ੍ਹਾਂ ਦੇਖਿਆ ਪਰਖਿਆ ਕਿ ਵਜਹ ਕੀ ਹੈ, ਇਨ੍ਹਾਂ ਦਾ ਪੁਰਾਣਾ ਇਤਿਹਾਸ ਜਦੋਂ ਦੇਖਦੇ ਹਾਂ, ਬਹੁਤ ਪੁਰਾਣਾ, ਸ੍ਰੀ ਰਾਮ ਚੰਦਰ ਜੀ ਤੋਂ ਲੈ ਕੇ ਪਾਂਡਵਾਂ ਤਕ ਤਾਂ ਕੋਈ ਐਸੀ ਗੱਲ ਨਹੀਂ ਹੋਈ ਕਿ ਕਦੇ ਕੋਈ ਭਾਰਤ ਉਤੇ ਚੜ੍ਹ ਕੇ ਆਇਆ ਹੋਵੇ। ਜੇ ਯੁੱਧ ਹੋਏ ਨੇ ਤਾਂ ਬੜੇ ਲੰਮੇ ਯੁੱਧ ਹੋਏ ਨੇ ਜਿਨ੍ਹਾਂ ਰਾਖਸ਼ਾਂ ਤੇ ਦੇਵਤਿਆਂ ਦਾ ਯੁੱਧ ਆਖਿਆ ਜਾਂਦਾ ਸੀ। ਇਹ ਹਰ ਥਾਂ ਦੇ ਉਤੇ ਵਧਦੇ ਹੀ ਜਾਂਦੇ ਸੀ। ਇਨ੍ਹਾਂ ਦੀ ਤਾਲੀਮ ਸਾਰੀ ਦੁਨੀਆਂ ਦੇ ਫਿੱਟ ਆਉਂਦੀ ਸੀ। ਸਭਿਅਕ ਸੀ ਇਹ ਸਾਰੇ। ਪਰ ਗੁਰੂ ਦਸਵੇਂ ਪਾਤਸ਼ਾਹ ਵੇਲੇ, ਜਦੋਂ ਦੇ ਆਪ ਸੰਸਾਰ ਦੇ ਰੰਗ ਮੰਚ ਉਤੇ ਆਏ ਨੇ, ਮਹਾਰਾਜ ਜੀ ਨੇ ਕਿਹਾ -

***ਮੈ ਹੋ ਪਰਮ ਪੁਰਖ ਕੋ ਦਾਸਾ।***
***ਦੇਖਨ ਆਯੋ ਜਗਤ ਤਮਾਸਾ।***

ਉਸ ਵੇਲੇ ਹਾਲਾਤ ਬਿਲਕੁਲ ਬਦਲੇ ਹੋਏ ਸੀ, ਭਾਰਤ ਵਿਚ ਕੋਈ ਸਾਹ ਸਤਿ ਹੀ ਨਹੀਂ ਰਹਿ ਗਿਆ ਸੀ। ਕਹਾਣੀਆਂ ਸੀਗੀਆਂ, ਉਹਦੇ ਆਸਰੇ ਜੀਉਂਦੇ ਸੀ ਕਿ ਸਾਡੇ ਬਜ਼ੁਰਗ ਐਉਂ ਹੋਏ, ਸਾਡੇ ਅਰਜਨ ਐਉਂ ਹੋਇਆ, ਸਾਡੇ ਭੀਮ ਐਉਂ ਹੋਇਆ, ਲੇਕਿਨ ਵਿਚ ਕੁਛ ਹੈ ਨਹੀਂ ਸੀ, ਸਿਕੰਦਰ ਆਇਆ ਉਹਨੇ ਸਾਰਿਆਂ ਨੂੰ ਲੁੱਟ ਪੁਟ ਕੇ ਖਰਾਬ ਕਰ ਦਿਤਾ। ਹੋਰ ਕੌਮਾਂ ਆਈਆਂ ਪੱਛਮ ਦੇ ਵਿਚੋਂ, ਜਿਹੜਾ ਵੀ ਆਇਆ, ਖਤਮ ਹੀ ਕਰਦਾ ਤੁਰਿਆ ਗਿਆ। ਜੇ ਖਲੀਫੇ ਆਏ ਤਾਂ ਰਾਜਾ ਦਾਸ ਨੂੰ ਮਾਰ ਵੀ ਦਿਤਾ, ਲੜਕੀਆਂ ਵੀ ਉਹਦੀਆਂ ਲੈ ਆਏ, ਉਸ ਤੋਂ ਬਾਅਦ ਜਿਉਂ ਜਿਉਂ ਤੁਰੇ ਆਉਂਦੇ ਨੇ ਤਿਉਂ-ਤਿਉਂ ਇਥੇ ਦੇ ਬਹਾਦਰ ਸੂਰਮੇ ਜਿਹੜੇ ਸੀ, ਪ੍ਰਿਥਵੀ ਰਾਜ ਚੌਹਾਨ ਵਰਗੇ ਉਹ ਵੀ ਹਾਰਾਂ ਮੰਨ ਗਏ ਸੀ, ਰਾਜਪੂਤ ਰਾਜੇ ਸਾਰੇ ਹਾਰ ਮੰਨ ਗਏ, ਭਾਰਤ ਵਰਸ਼ ਦਾ ਬਹੁਤ ਬੁਰਾ ਹਾਲ ਹੋ ਗਿਆ, ਨਾ ਇਹਦੀ ਕੋਈ ਆਵਾਜ਼ ਰਹੀ, ਕੇਵਲ ਕਹਾਣੀਆਂ ਰਹਿ ਗਈਆਂ ਇਹਦੇ ਕੋਲ ਆਪਣੇ ਧਰਮ ਦੀਆਂ, ਪੁਰਾਣੀਆਂ ਕਥਾਵਾਂ ਰਹਿ ਗਈਆਂ ਕਿ ਸਾਡੇ ਬਜ਼ੁਰਗ ਐਉਂ ਸੀ, ਐਉਂ ਸੀ। ਇਨ੍ਹਾਂ ਸਭ ਚੀਜ਼ਾਂ ਦਾ ਗੁਰੂ ਮਹਾਰਾਜ ਜੀ ਨੇ ਅਧਿਐਨ ਕਰਾਇਆ। ਇਸਨੂੰ ਚੰਗੀ ਤਰ੍ਹਾਂ ਘੋਖਣ ਵਾਸਤੇ 52 ਤਾਂ ਕਵੀ ਆਪ ਦੇ ਪਾਸ ਸੀ, 50 ਲਿਖਾਰੀ ਸੀ। ਉਨ੍ਹਾਂ ਦਾ ਕੰਮ ਸੀ ਕਿ ਜਿੰਨੇ ਪੁਰਾਣੇ ਗ੍ਰੰਥ ਸੀਗੇ, ਉਹ ਸਾਰਿਆਂ ਦਾ ਅਨੁਵਾਦ ਕਰਦੇ ਸੀ, ਜੋ ਉਸ ਵੇਲੇ ਬੋਲੀ ਚਲ ਰਹੀ ਸੀ ਉਹਦੇ ਵਿਚ। ਲੇਕਿਨ ਉਹ ਗ੍ਰੰਥ ਸਾਡੇ ਤੱਕ ਨਹੀਂ ਪਹੁੰਚੇ। ਉਹ ਜਿਸ ਵਕਤ ਗੁਰੂ ਮਹਾਰਾਜ ਨੇ ਕਿਲ੍ਹਾ ਛੱਡਿਆ, ਸੋਨਾ ਵਗੈਰਾ ਤਾਂ ਸਾਰੇ ਦਰਿਆ ਵਿਚ ਸੁਟਾ ਦਿਤਾ, ਦੂਜੀਆਂ ਚੀਜ਼ਾਂ ਨੂੰ ਅੱਗ ਲਵਾ ਦਿਤੀ। ਲੇਕਿਨ ਪੁਸਤਕਾਂ ਲਵਾ ਦਿਤੀਆਂ ਗੱਡਿਆਂ 'ਚ। ਉਹ ਸਰਸੇ ਦੇ ਕੰਢੇ ਤੱਕ ਆਉਂਦੀਆਂ-ਆਉਂਦੀਆਂ ਸਾਰੀਆਂ ਖਰਾਬ ਹੋ ਗਈਆਂ, ਅੱਗ ਲਾ ਕੇ ਜਾਲ ਦਿਤੀਆਂ, ਕੁਛ ਪਾਣੀ 'ਚ ਡੁੱਬ ਗਈਆਂ, ਸੋ ਲਿਟਰੇਚਰ ਸਾਡੇ ਤੱਕ ਨਹੀਂ ਪਹੁੰਚਿਆ, ਐਨੀ ਮਿਹਨਤ ਕੀਤੀ ਹੋਈ। ਮਿਹਨਤ ਕਿੰਨੀ ਸੀ, ਮੰਗਲ ਕਵੀ ਚੰਭੇ ਦਾ, ਪਾਉਂਟੇ ਸਾਹਿਬ ਤੋਂ ਗੁਰੂ ਮਹਾਰਾਜ ਨੇ ਵਿਦਾ ਕੀਤਾ। ਉਹਨੇ ਮਹਾਂਭਾਰਤ ਦਾ 18ਵਾਂ ਪੁਰਵ ਲਿਖਿਆ ਸੀ, ਜਿਸ ਵਕਤ ਰਾਏਪੁਰ ਦੀ ਰਾਣੀ ਦੇ ਕੋਲੋਂ ਲੰਘਣ ਲੱਗਿਆ ਤਾਂ ਉਸ ਦੇ ਪਹਿਰੇਦਾਰਾਂ ਨੇ ਖਬਰ ਦਿਤੀ ਕਿ ਕੋਈ ਰਾਜਾ ਚੜ੍ਹਿਆ ਆ ਰਿਹਾ ਹੈ, ਦੋ ਸੌ ਘੋੜਾ ਹੈ ਉਹਦੇ ਕੋਲ। ਸਾਡੇ ਵਾਸਤੇ ਹੁਕਮ ਕੀ ਹੈ? ਉਸ ਨੇ ਕਿਹਾ ਕਿ ਸਾਨੂੰ ਕੋਈ ਦੁਸ਼ਮਣ ਦੀ ਤਾਂ ਕੋਈ ਖਬਰ ਆਈ ਨਹੀਂ ਹੈ, ਮਿੱਤਰ ਹੈ ਤੁਸੀਂ ਫਾਇਰ ਕਰੋ ਜੇ ਉਹਨੇ ਚਿੱਟਾ ਝੰਡਾ ਕੱਢ ਦਿਤਾ ਫੇਰ ਉਹਦਾ ਆਦਰ ਸਤਿਕਾਰ ਕੀਤਾ ਜਾਵੇ। ਜਿਸ ਵਕਤ ਫਾਇਰ ਹੋਇਆ ਤਾਂ ਉਸ ਵਕਤ ਮੰਗਲ ਕਵੀ ਨੇ ਚਿੱਟਾ ਝੰਡਾ ਕੱਢਿਆ ਤੇ ਦੱਸਿਆ ਕਿ ਮੈਂ ਤਾਂ ਮਿੱਤਰ ਹਾਂ, ਦੁਸ਼ਮਣ ਨਹੀਂ ਹਾਂ। ਰਾਏਪੁਰ ਰਾਣੀ ਨੇ ਉਸਨੂੰ ਸਤਿਕਾਰ ਕਰਕੇ ਕਿਲ੍ਹੇ ਵਿਚ ਲੈ ਆਂਦਾ। ਉਹਨੇ ਕਿਹਾ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਲਿਖਾਰੀ ਹਾਂ ਤੇ ਮੇਰੇ ਤੇ ਕਿੰਨੀ ਕ੍ਰਿਪਾ ਕਰੀ ਹੈ ਕਿ ਦੋ ਸੌ ਘੋੜਾ ਮੇਰੇ

ਨਾਲ ਭੇਜਿਆ ਹੈ। ਦੋ ਲੱਖ ਸੋਨੇ ਦੇ ਸਿੱਕੇ ਦਿਤੇ ਸੀ ਉਹਦੇ ਬਦਲੇ। ਇਥੋਂ ਪਤਾ ਲਗਦਾ ਹੈ ਕਿ ਗੁਰੂ ਮਹਾਰਾਜ ਕਿੰਨਾ ਲਿਟਰੇਚਰ ਸਾਡੇ ਤੱਕ ਲਿਆਉਣਾ ਚਾਹੁੰਦੇ ਸੀ।

ਸੋ ਸਾਰੀਆਂ ਗੱਲਾਂ ਦਾ ਅਧਿਐਨ ਕਰਿਆ ਏਸ ਗੱਲ ਨੂੰ ਜਾਨਣ ਵਾਸਤੇ ਕਿ ਭਾਰਤ ਵਿਚ ਹੋ ਕੀ ਗਿਆ? ਕਿਸ ਥਾਂ ਤੋਂ ਕਮਜ਼ੋਰੀ ਪੈਣੀ ਸ਼ੁਰੂ ਹੋਈ ਹੈ, ਕਦੋਂ ਪਈ ਹੈ? ਉਹਦੇ ਬਾਰੇ ਮੈਂ ਸੰਖੇਪ ਨਾਲ ਦੱਸਦਾਂ ਹਾਂ।

ਭਾਰਤ ਵਿਚ ਇਕ ਰਾਜਾ ਹੋਇਆ ਹੈ, ਤਕੜਾ ਹੋਇਆ ਹੈ ਉਸਦਾ ਨਾਂ ਹਰਸ਼ਵਰਧਨ ਸੀ। ਉਸ ਕੋਲ ਤਾਸ਼ਕੰਦ ਤੋਂ ਲੈ ਕੇ, ਅਫਗਾਨਿਸਤਾਨ ਵੀ ਉਹਦੇ ਕੋਲ ਸੀ, ਹੇਠਾਂ ਬਰਮਾ ਤਕ ਸੀ, ਸਾਊਥ ਦਾ ਰਾਜ ਬਹੁਤ ਤਕੜਾ ਹੋਣ ਕਰਕੇ ਉਥੇ ਨਹੀਂ ਸੀ ਉਹ ਜਾ ਸਕਿਆ। ਉਹਨੇ ਬ੍ਰਾਹਮਣਾਂ ਦੀਆਂ ਬਹੁਤ ਮੀਟਿੰਗਾਂ ਕਰੀਆਂ ਕਿ ਕਮਜ਼ੋਰੀ ਕਿਉਂ ਆ ਗਈ ਭਾਰਤ ਵਿਚ? ਕਿਥੇ ਕਮਜ਼ੋਰੀ ਆਈ ਹੈ? ਉਨ੍ਹਾਂ ਨੇ ਬਹੁਤ ਸਾਰੇ ਕਰਮ, ਧਰਮ, ਬੰਧਨ ਵਗੈਰਾ ਪਾਏ ਕਿ ਐਸ ਤਰ੍ਹਾਂ ਜੇ ਆਪਾਂ ਕਹਿ ਦੇਈਏ ਕਿ ਉਨ੍ਹਾਂ ਨੇ ਸਾਰੀ ਪਬਲਿਕ ਨੂੰ ਆਪਣੇ ਹੱਥ ਵਿਚ ਲੈ ਲਿਆ ਤਾਂ ਇਹ ਕੋਈ ਗਲਤ ਗੱਲ ਨਹੀਂ ਹੈ। ਗੁਰੂ ਮਹਾਰਾਜ ਵੇਲੇ ਮਨੁੱਖ ਦੇ ਚਾਰ ਟੁਕੜੇ ਹੋ ਚੁੱਕੇ ਸੀ। ਇਕ ਵਰਗ ਤਾਂ ਉਹ ਸੀ ਜਿਹਨੂੰ ਸਭ ਤੋਂ ਮੁੱਖ ਵਰਗ ਆਖਿਆ ਜਾਂਦਾ ਹੈ, ਉਹ ਬ੍ਰਾਹਮਣ ਦਾ ਸੀ। ਉਹਦਾ ਕੰਮ ਸੀਗਾ ਜਗ ਕਰਨਾ, ਕਰਾਉਣਾ, ਵੇਦ ਪੜ੍ਹਨੇ, ਪੜ੍ਹਾਉਣੇ, ਦਾਨ ਦੇਣਾ, ਦਾਨ ਲੈਣਾ, ਛੇ ਕਰਮ ਦੇ ਵਿਚ ਉਹ ਸੰਤੁਸ਼ਟ ਸੀ। ਉਹਦਾ ਦੇਸ਼ ਨਾਲ ਕੋਈ ਵਾਸਤਾ ਨਹੀਂ ਸੀ। ਨਾ ਉਹ ਸ਼ਸ਼ਤਰ ਚੁੱਕਦਾ ਸੀ, ਨਾ ਉਹ ਕੋਈ ਕਿਰਤ ਕਰਦਾ ਸੀ, ਵਿਹਲੇ ਸੀ, ਬੰਨ੍ਹੀਆਂ ਹੋਈਆਂ ਚੀਜ਼ਾਂ ਆ ਜਾਂਦੀਆਂ ਸੀ, ਉਨ੍ਹਾਂ ਨਾਲ ਉਹਦਾ ਗੁਜ਼ਾਰਾ ਬਹੁਤ ਵਧੀਆ ਚਲਦਾ ਸੀ। ਦੂਸਰਾ ਵਰਗ ਭਾਰਤ ਵਿਚ ਉਹ ਸੀ, ਜਿਹਦੇ ਜਿੰਮੇ ਦੇਸ਼ ਦੀ ਰਾਖੀ ਆਈ ਹੋਈ ਸੀ, ਜਿਨ੍ਹਾਂ ਦਾ ਕੰਮ ਹੀ ਇਹੀ ਸੀ ਕਿ ਕੋਈ ਖੇਤੀ ਨਹੀਂ ਕਰਨੀ, ਕੋਈ ਬਿਜਨਸ਼ ਨਹੀਂ ਕਰਨੀ, ਕੇਵਲ ਦੇਸ਼ ਦੀ ਰਾਖੀ ਵਾਸਤੇ ਆਪਣੇ ਆਪ ਨੂੰ ਤਿਆਰ ਕਰਦੇ ਰਹਿਣਾ, ਸ਼ਸ਼ਤਰ ਚਲਾਉਣੇ ਸਿਖਣੇ ਨੇ ਤੇ ਹਰ ਵਕਤ ਚੌਕਸ ਰਹਿਣਾ ਹੈ। ਜਦੋਂ ਲੋੜ ਪਵੇ ਤਾਂ ਆਪਣਾ ਸਰੀਰ ਦੇ ਦੇਣਾ ਹੈ। ਉਸ ਵਰਗ ਵਿਚ ਇਹ ਸੀ ਕਿ ਅੱਗੇ ਨੂੰ ਹੋ ਕੇ ਤਾਂ ਸ਼ਹੀਦ ਹੋਵੇ, ਪਿੱਛੇ ਨਾ ਰਹੇ, ਨੱਠੇ ਨਾ ਪਿੱਠ ਦੇ ਕੇ। ਉਨ੍ਹਾਂ ਨੂੰ ਕਹਿੰਦੇ ਸੀ ਕਸ਼ਤਰੀ। ਖੇਤੀ-ਪੱਤੀ ਉਹ ਨਹੀਂ ਸੀ ਕਰਦਾ, ਕੰਮ ਨਹੀਂ ਸੀ ਕੋਈ ਕਰਦਾ, ਜ਼ਮੀਨ ਦਾ ਉਹ ਮਾਲਕ ਸੀ। ਖੇਤੀ ਕਰਨ ਵਾਲੇ ਜੋ ਸੀ ਉਹ ਖਾਸ ਹਿੱਸਾ ਉਸ ਨੂੰ ਦਿਆ ਕਰਦੇ ਸੀ, ਉਹਦੀ ਪਾਲਣਾ ਕਰਿਆ ਕਰਦੇ ਸੀ। ਮਹਾਰਾਜ ਕਹਿੰਦੇ ਉਸ ਨੇ ਵੀ ਆਪਣਾ ਧਰਮ ਛੱਡ ਦਿਤਾ। ਉਨ੍ਹਾਂ ਦੀ ਬੋਲੀ ਬੋਲਣ ਲਗ ਗਏ, ਉਨ੍ਹਾਂ ਦੇ ਅਸਰ ਹੇਠ ਆ ਕੇ ਆਪਣਾ ਜੋ ਧਰਮ ਸੀ ਉਹ ਛੱਡ ਬੈਠੇ, ਹੁਣ ਦੇਸ਼ ਦੀ ਰਾਖੀ ਕੌਣ ਕਰੇ, ਉਹ ਤਾਂ ਵਰਗ ਵਹਿ ਗਿਆ ਪਾਣੀ 'ਚ। ਤੀਸਰਾ ਜੋ ਵਰਗ ਸੀ ਉਹ ਸੀ ਦੇਸ਼ ਦੀ ਜਨਤਾ ਨੂੰ ਸੰਭਾਲਣ ਵਾਲਾ। ਜਿਹੜੇ ਬਿਜਨਸਾਂ ਕਰਦੇ ਸੀ, ਖੇਤੀਬਾੜੀਆਂ ਕਰਾਉਂਦੇ ਸੀ, ਹੋਰ ਜਿੰਨਾਂ ਵਰਗ ਹੁੰਦਾ ਸਭ ਐਸ਼ ਕਰਦਾ ਸੀ। ਉਹ ਪੈਸਾ ਕਮਾ ਕੇ ਬ੍ਰਾਹਮਣ ਨੂੰ ਵੀ ਦਿੰਦਾ ਸੀ, ਖਤਰੀ ਨੂੰ ਵੀ ਦਿੰਦਾ ਸੀ, ਆਪ ਵੀ ਖਾਂਦਾ ਸੀ ਤੇ ਸ਼ੂਦਰ ਨੂੰ ਵੀ ਦਿੰਦਾ ਸੀ। ਸ਼ੂਦਰ ਵਾਸਤੇ ਉਹਦੀ ਕਮਾਈ ਦੇ ਵਿਚ **reserveation** ਸੀ ਕਿ ਭਾਈ ਆਹ ਦਾਣੇ ਇਹਨੇ ਲੈਣੇ ਨੇ ਮਣ ਪਿਛੇ, ਅੱਧ ਕਿਲੋ ਇਹਨੇ ਲੈਣੇ ਨੇ, ਇਕ ਵਰਗ ਦੇ ਉਤੇ ਸਾਰਾ ਬੋਝ ਸੀ ਭਾਰਤ ਦਾ। ਚੌਥਾ ਵਰਗ ਸੀ ਜਿਹਨੇ ਕੋਈ ਵਰਗ ਨਹੀਂ ਕਰਨਾ, ਉਹਨੇ ਸਿਰਫ ਉਨ੍ਹਾਂ ਦੇ ਆਦੇਸ਼ਾਂ ਦੀ ਪਾਲਣਾ ਕਰਨੀ ਹੈ, ਜਿਹੜੇ ਤਿੰਨ ਪਹਿਲੇ ਵਰਗ ਨੇ। ਉਹਦੇ ਕੋਲ ਕੋਈ ਜਾਇਦਾਦ ਨਹੀਂ ਸੀ ਹੁੰਦੀ, ਜੋ ਉਹਨੂੰ ਦਿੰਦੇ ਸੀ ਖਾ ਲੈਂਦਾ ਸੀ, ਦੇਸ਼ ਨਾਲ ਉਹਦਾ ਕੋਈ **intrest** ਨਹੀਂ ਸੀ। ਉਨ੍ਹਾਂ ਦਾ ਇਹ ਸੀ ਭੇਡਾਂ ਨੇ ਤਾਂ ਉੱਨ ਲਹਾਉਣੀ ਹੀ ਹੈ, ਚਾਹੇ ਕੋਈ ਮਦਦ ਕਰ ਦੇਵੇ। ਐਸੀ ਅਧੋਗਤੀ ਗੁਰੂ ਦਸ਼ਮੇਸ਼ ਪਿਤਾ ਦੇ ਸਾਮ੍ਹਣੇ ਸੀ। ਬੜਾ ਜ਼ਬਰਦਸਤ ਅਧਿਐਨ ਕਰਿਆ। ਉਸ ਵੇਲੇ ਇਹ ਫੈਸਲਾ ਲਿਆ ਗਿਆ ਕਿ ਜਿੰਨਾ ਚਿਰ ਇਹ ਦੀਵਾਰਾਂ ਟੁੱਟਦੀਆਂ ਨਹੀਂ ਨਾ ਹਨ, ਇਕ ਮਨੁੱਖ ਨੂੰ ਹੀ ਨਹੀਂ ਕਾਬਲ ਬਣਾਇਆ ਜਾਂਦਾ, ਉਹੀ ਮਨੁੱਖ ਵਿਦਵਾਨ ਹੋਵੇ, ਉਹੀ ਸਸ਼ਤਰਧਾਰੀ ਹੋਵੇ, ਤੇ ਉਹੀ ਕਿਰਤ ਕਰਦਾ ਹੋਵੇ, ਉਹੀ ਸੇਵਾ ਕਰਦਾ ਹੋਵੇ, ਓਨੀਂ ਦੇਰ ਤੱਕ ਭਾਰਤ ਦੀ ਕਲਿਆਣ ਨਹੀਂ ਹੋ ਸਕਦੀ। ਇਹ ਆਦਰਸ਼ ਗੁਰੂ ਮਹਾਰਾਜ ਨੇ, ਨੌਂ ਮਹੀਨੇ ਆਪ ਰਹੇ ਨੈਣਾਂਦੇਵੀ, ਉਸ ਥਾਂ ਦੇ ਉਤੇ ਚਿਤਰਿਆ। ਅਕਾਲ ਪੁਰਖ ਤੋਂ ਇਹਦੀ ਮਨਜ਼ੂਰੀ ਆਈ ਤੇ ਇਹ ਖਾਲਸੇ ਦੇ ਰੂਪ ਵਿਚ ਪ੍ਰਗਟ ਹੋਇਆ। ਖਾਲਸਾ ਬ੍ਰਾਹਮਣ ਵੀ ਹੈ, ਖਾਲਸਾ ਖਤਰੀ ਵੀ ਹੈ, ਖਾਲਸਾ ਕਿਰਤੀ ਵੀ ਹੈ, ਖਾਲਸਾ ਸੇਵਾਦਾਰ ਵੀ ਹੈ। ਇਹ ਜੋੜੇ ਵੀ ਝਾੜ ਸਕਦਾ ਹੈ, ਪੱਖੇ ਵੀ ਝੱਲ ਸਕਦਾ ਹੈ, ਪਾਣੀ ਵੀ ਪਿਲਾ ਸਕਦਾ, ਸੇਵਾ ਕਰ ਸਕਦਾ ਹੈ, ਬੀਮਾਰਾਂ ਦੀ ਵੀ ਸੇਵਾ ਕਰ ਸਕਦਾ ਹੈ, ਵਣਜ ਵਪਾਰ ਕਰ ਸਕਦਾ ਹੈ, ਸਾਰੀ ਕਾਲੋਨੀ ਨੂੰ ਇਹ ਸਹੀ ਰੱਖ ਸਕਦਾ ਹੈ। ਫੇਰ ਲੋੜ ਪੈਣ ਤੇ ਯੋਧਾ ਵੀ ਹੈ, ਦੇਸ਼ ਦੀ ਬੇਇਜ਼ਤੀ ਨਹੀਂ ਕਰਾ ਸਕਦਾ, ਸਹਿ ਨਹੀਂ ਸਕਦਾ ਇਹ, ਤੇ ਫੇਰ ਵਿਦਵਾਨ ਹੈ। ਵਿਦਵਾਨਾਂ ਤੱਕ ਤਾਂ ਮਨੁੱਖ ਹੁੰਦਾ ਹੈ ਮਨੁੱਖ, ਲੇਕਿਨ ਗੁਰੂ ਮਹਾਰਾਜ ਨੇ ਇਸਨੂੰ ਇਸ ਤੋਂ ਵੀ ਉਚਾ ਚੁੱਕਿਆ। ਰਿਸ਼ੀਆਂ ਮੁਨੀਆਂ ਤੋਂ ਵੀ ਉਚਾ ਚੁੱਕਿਆ ਤੇ ਲੈ ਕਿੱਥੇ

ਗਏ। ਇਸ ਮਨੁੱਖ ਨੂੰ ਵਾਹਿਗੁਰੂ ਬਣਾ ਦਿਤਾ।

ਆਹ ਜਿਹੜੀ ਮੈਂ ਗੱਲ ਕਹਿੰਦਾ ਹਾਂ ਨਾ ਇਹ ਬੜੀ ਵਿਚਾਰ ਕਰਕੇ ਫੇਰ ਸਮਝ ਵਿਚ ਪੈਂਦੀ ਹੈ।

***ਸੋਈ ਫਿਰਿ ਕੈ ਤੂ ਭਇਆ***
***ਜਾ ਕਉ ਕਹਤਾ ਅਉਰੁ॥ ਅੰਗ - ੧੩੬੯***

ਉਹਦੇ ਵਾਸਤੇ ਗੁਰੂ ਮਹਾਰਾਜ ਨੇ ਅੰਮ੍ਰਿਤ ਤਿਆਰ ਕਰਿਆ, ਪੰਜ ਸੀਸ ਲਏ। ਸਾਡੇ ਜਿਹੜੇ ਲਿਖਾਰੀ ਨੇ, ਪਤਾ ਨਹੀਂ ਵਾਹਿਗੁਰੂ ਜਾਣੇ, ਉਨ੍ਹਾਂ ਦੇ ਅੰਦਰ ਕਿਉਂ ਕਮਜ਼ੋਰੀਆਂ ਆਉਂਦੀਆਂ ਨੇ ਕਿ ਪਹਿਲੀ ਗੁਰੂ ਸਾਹਿਬ ਨੇ ਆਵਾਜ਼ ਦਿਤੀ ਤਾਂ ਉਠਿਆ ਨਾ ਕੋਈ, ਸਾਰੇ ਇਕ ਦੂਜੇ ਵਲ ਦੇਖਦੇ ਰਹੇ, ਫੇਰ ਆਵਾਜ਼ ਦਿਤੀ, ਫੇਰ ਆਵਾਜ਼ ਦਿਤੀ। ਸਾਧਸੰਗਤ ਜੀ! ਐਹੋ ਜਿਹੀ ਗੁਰਸਿੱਖੀ ਸੀ ਇਨ੍ਹਾਂ ਲਿਖਾਰੀਆਂ ਦੇ ਮੁਤਾਬਿਕ ਉਸ ਵੇਲੇ? ਜਿਹਨੂੰ ਦੇਹ ਅਧਿਆਸ ਹੀ ਨਹੀਂ ਦੋ ਸੌ ਸਾਲ ਦੀ ਤਾਲੀਮ ਦੇ ਨਾਲ, ਜਿਹਨੇ ਮੌਤ ਦੇ ਉਤੇ ਫਤਹਿ ਹੀ ਨਹੀਂ ਪਾਈ, ਦੋ ਸੌ ਸਾਲ ਉਹ ਕਾਹਦੀ ਤਾਲੀਮ ਹੈ?

ਪਰ ਐਸਾ ਨਹੀਂ ਸੀ ਸਾਧਸੰਗਤ ਜੀ। ਗੁਰੂ ਮਹਾਰਾਜ ਨੇ ਆਵਾਜ਼ ਦਿਤੀ ਤਾਂ ਇਕ ਦਮ ਉਠਣੇ ਸ਼ੁਰੂ ਹੋ ਗਏ, ਜਦੋਂ ਪੰਜ ਹੋ ਗਏ, ਗੁਰੂ ਮਹਾਰਾਜ ਨੇ ਬੰਦ ਕਰ ਦਿਤਾ। ਫੇਰ ਇਹ ਸੀਗਾ ਕਿ ਲਕੋਅ ਨਹੀਂ ਕਰਿਆ ਕੋਈ। ਕਮਜ਼ੋਰ ਬੰਦੇ ਲਿਖਦੇ ਨੇ ਕਿ ਗੁਰੂ ਮਹਾਰਾਜ ਜੀ ਤੰਬੂ ਵਿਚ ਲੈ ਗਏ, ਉਥੇ ਆਦਮੀ ਦੀ ਥਾਂ ਤੇ ਬੱਕਰਾ ਵੱਢ ਦਿਤਾ, ਐਸਾ ਨਹੀਂ ਸੀ ਇਹ ਪ੍ਰਤੱਖ ਸੀ ਸਾਰਿਆਂ ਦੇ ਸਾਮ੍ਹਣੇ, ਸੀਸ ਲੈ ਲਿਆ, ਦੂਜਾ ਦੇਣ ਨੂੰ ਤਿਆਰ ਹੋ ਗਿਆ, ਤੀਜਾ ਦੇਣ ਨੂੰ ਤਿਆਰ ਹੋ ਗਿਆ। ਉਸ ਵੇਲੇ ਸਿੱਖੀ ਜਿਹੜੀ ਸੀ ਉਹ ਦੇਹ ਅਧਿਆਸ ਤੋਂ ਉਤੇ ਲੰਘ ਚੁੱਕੀ ਸੀ ਗੁਰੂ ਦਸਵੇਂ ਪਾਤਸ਼ਾਹ ਵੇਲੇ ਤੱਕ। ਦੇਹ ਤੋਂ ਉਚੇ ਲੰਘ ਕੇ ਆਤਮਾ ਦੀ ਪਛਾਣ ਕਰ ਚੁੱਕੇ ਸੀ ਕਿ ਆਤਮਾ ਮਰਦੀ ਨਹੀਂ ਹੈ ਕਦੇ ਵੀ। ਸੋ ਐਸਿਆਂ ਨੂੰ ਗੁਰੂ ਮਹਾਰਾਜ ਨੇ ਆਪ ਆਪਣੇ ਦਸਤ-ਏ-ਮੁਬਾਰਕ ਨਾਲ, ਉਹ ਜਲ ਪਿਲਾਇਆ ਜਿਸਨੂੰ ਪਾਹੁਲ ਕਹਿੰਦੇ ਨੇ ਤੇ ਅਸੀਂ ਅੰਮ੍ਰਿਤ ਕਹਿੰਦੇ ਹਾਂ। ਉਹ ਕੇਵਲ ਜਲ ਨਹੀਂ ਸੀ, ਜਲ ਦੇ ਵਿਚ ਪਤਾਸੇ ਤਾਂ ਬਾਅਦ ਵਿਚ ਪਾਏ ਨੇ, ਉਹਦੇ ਵਿਚ ਬਾਣੀ ਪੜ੍ਹੀ ਗਈ।

ਹੁਣ ਇਹਦੇ ਬਾਰੇ ਮੈਂ ਇਕ ਗੱਲ ਕਰਨੀ ਚਾਹੁੰਦਾ ਹਾਂ, ਬਾਣੀ ਜਿਹੜੀ ਹੈ ਇਹਦਾ ਅਸਰ ਹੁੰਦਾ ਹੈ, ਜਦੋਂ ਪੜ੍ਹਦੇ ਹਾਂ। ਮੈਨੂੰ ਸੈਂਕੜੇ ਤਜਰਬੇ ਨੇ ਇਸ ਚੀਜ਼ ਦੇ ਕਿ ਜਦੋਂ ਸ਼ਬਦ ਜਲ ਦੇ ਉਤੇ ਪੜ੍ਹਿਆ ਕਿਸੇ ਨੇ, ਆਪਣੀ ਦੇਹ ਅਰੋਗਤਾ ਵਾਸਤੇ, ਸੰਕਟ ਵਾਸਤੇ, ਉਹ ਰਾਜ਼ੀ ਹੋ ਗਿਆ, ਬਗੈਰ ਦਵਾਈ ਤੋਂ। ਇਹ ਗੱਲ ਜਦੋਂ ਮੈਡੀਕਲ ਕਾਲਜ ਦੀ ਬੁਨਿਆਦ ਰਖਾਈ ਡਾ. ਸਵਾਮੀ ਰਾਮ ਜੀ ਨੇ ਜੌਲੀ ਗ੍ਰਾਂਟ ਵਿਚ। ਉਥੇ ਅਮਰੀਕਾ ਦੇ ਡਾਕਟਰ ਵੀ ਆਏ ਸੀ, ਇੰਗਲੈਂਡ ਦੇ ਵੀ ਆਏ ਸੀ, ਸਾਰੇ ਡਾਕਟਰ ਬੁਲਾਏ ਸੀ। ਉਥੇ ਮੈਂ ਦੱਸਿਆ ਕਿ 'ਸਰਬ ਰੋਗ ਕਉ ਅਉਖਧੁ ਨਾਮ" ਗੁਰੂ ਮਹਾਰਾਜ ਨੇ ਦਵਾਈ ਅੰਦਰ ਰੱਖੀ ਹੋਈ ਹੈ।

***ਹਰਿ ਅਉਖਧੁ ਸਭ ਘਟ ਹੈ ਭਾਈ ॥***
***ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥***
***ਗੁਰਿ ਪੂਰੈ ਸੰਜਮੁ ਕਰਿ ਦੀਆ ॥***
***ਨਾਨਕ ਤਉ ਫਿਰਿ ਦੂਖ ਨ ਥੀਆ ॥***
***ਅੰਗ - ੨੫੯***

ਫੇਰ ਮੈਂ ਮਿਸਾਲਾਂ ਦਿਤੀਆਂ ਪੀ.ਜੀ.ਆਈ 'ਚ। ਕਿ ਤੁਹਾਡੇ ਕੋਲ ਕਾਰਡ ਨੇ, ਤੁਸੀਂ ਦੇਖੋ ਕਿ ਇਹ ਬੰਦਾ ਕਿਵੇਂ ਰਾਜ਼ੀ ਹੋ ਗਿਆ ਤੁਹਾਡੇ ਜਵਾਬ ਦਿਤੇ ਹੋਏ 'ਚ। ਤੁਸੀਂ ਕਿਹਾ ਹੈ ਕਿ ਟੀ.ਬੀ. ਤੀਸਰੀ ਸਟੇਜ ਤੇ ਪਹੁੰਚ ਚੁੱਕੀ ਹੈ ਤੇ ਬੰਦਾ 10 ਦਿਨ ਤੋਂ ਬਾਅਦ ਰਹਿਣਾ ਨਹੀਂ ਹੈ, ਫੇਰ ਉਹ ਸਿੰਘ ਨਹੀਂ ਹੈ, ਭਈਆ ਸੀ। ਬਾਣੀ ਉਸਨੂੰ ਦੱਸਿਆ ਕਿ ਜਪੁਜੀ ਸਾਹਿਬ ਪੜ੍ਹ। ਵਿਧੀ ਦੱਸ ਦਿਤੀ। ਮਹੀਨੇ ਬਾਅਦ ਮੇਰੇ ਕੋਲ ਆ ਗਿਆ। ਕਹਿੰਦਾ, ਜੀ ਮੈਂ ਪੀ.ਜੀ.ਆਈ ਜਾ ਕੇ ਆਇਆ ਹਾਂ, ਮੈਂ ਐਕਸਰੇ ਲੈ ਗਿਆ ਸੀ, ਡਾ. ਮੰਨਦੇ ਹੀ ਨਹੀਂ ਕਿ ਤੇਰਾ ਐਕਸਰੇ ਹੈ। ਪਹਿਲਾਂ ਮੈਂ ਕਾਸ਼ੀ ਇਲਾਜ ਕਰਾਇਆ, ਫੇਰ ਮੈਂ ਇਥੇ ਕਰਾਇਆ। ਉਹ ਹੋਇਆ ਕੀ, ਬਾਣੀ ਦੇ ਵਿਚ ਐਨੀ ਤਾਕਤ ਆ ਜਾਂਦੀ ਹੈ ਕਿ ਸਾਧਸੰਗਤ ਜੀ, ਉਹ ਕ੍ਰਿਸ਼ਮੇ ਬਣ ਜਾਂਦਾ ਹੈ। ਇਸ ਗੱਲ ਦੀ ਸਾਨੂੰ ਅਜੇ ਸਮਝ ਨਹੀਂ ਆਈ, ਭੇਤ ਨਹੀਂ ਆਇਆ। ਅਸੀਂ ਅੰਮ੍ਰਿਤ ਨੂੰ ਸਮਝਦੇ ਹਾਂ ਕਿ ਮਿੱਠਾ ਕਰਿਆ ਹੋਇਆ ਪਾਣੀ ਹੈ। ਮਿੱਠਾ ਪਾਣੀ ਨਹੀਂ ਹੁੰਦਾ ਉਹ, ਬਾਣੀ ਦਾ ਜਿਹੜਾ ਤੇਜ ਹੈ ਉਹ **enter** ਕਰਿਆ ਹੋਇਆ ਹੈ। ਸੋ ਓਸਨੂੰ ਅਸੀਂ ਅੰਮ੍ਰਿਤ ਵੀ ਕਹਿੰਦੇ ਹਾਂ।

***ਹਰਿ ਸੱਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।***
***ਗੁਰ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।***
***ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।***
***ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥***
***ਭਾਈ ਗੁਰਦਾਸ ਜੀ ਵਾਰ 41/1***

ਐਸਾ ਕ੍ਰਿਸ਼ਮਾ ਕੀਤਾ ਗੁਰੂ ਮਹਾਰਾਜ ਜੀ ਨੇ ਕਿ ਮੰਤਰਿਆ ਹੋਇਆ ਜੋ ਜਲ ਸੀ ਉਸਨੇ ਹੀ ਮਨੁੱਖ ਦੀ ਕਾਇਆ ਕਲਪ ਕਰ ਦਿਤੀ। ਬ੍ਰਾਹਮਣ ਨੂੰ ਖਤਰੀ ਬਣਨ ਦਾ ਚਾਉ ਉਠਿਆ, ਖਤਰੀ ਨੂੰ ਵੈਸ਼ ਤੇ ਵੈਸ਼ ਨੂੰ ਸੇਵਾਦਾਰ ਦਾ। ਇਹ ਇਕ ਬੜੀ ਭਾਰੀ ਕਰਾਮਾਤ ਸੀ-

***ਉਲਟਾ ਖੇਲ ਪਿਰੰਮ ਕਾ,***
***ਪੈਰਾ ਉਪਰ ਸੀਸ ਨਿਵਾਇਆ।***

ਸ਼ੂਦਰ ਨੂੰ ਚੁੱਕ ਕੇ ਸਿਰ ਤੇ ਲੈ ਗਏ, ਬ੍ਰਾਹਮਣ ਤੋਂ ਵੀ ਉਚਾ ਕਰ ਦਿਤਾ, ਸੇਵਾ ਦੀ ਵਡਿਆਈ ਐਨੀ ਕਰੀ ਮਹਾਰਾਜ ਨੇ –

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬*

ਸੇਵਾਦਾਰ ਨੂੰ ਐਨਾ ਉਚਾ ਕਰਿਆ ਕਿ –

*ਹਰਿ ਕਾ ਸੇਵਕੁ ਸੋ ਹਰਿ ਜੇਹਾ ॥*
*ਭੇਦੁ ਨ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ॥ਅੰਗ - ੧੦੭੬*

ਸਮਾਜ ਨੂੰ ਇਕ ਵਰਗ ਕਰ ਦਿਤਾ, ਇਕ ਮਨੁੱਖ ਦੇ ਵਿਚ ਮੁਕੰਮਲ ਕਰ ਦਿਤਾ, ਜਿਹੜਾ ਕਿ ਸਦੀਆਂ ਤੋਂ ਫਟਿਆ ਹੋਇਆ ਸੀ ਤੇ ਐਸੇ ਬਾਨਣੂੰ ਬੰਨ੍ਹ ਦਿਤੇ ਗਏ ਸੀ ਹਰੀਸ਼ਚੰਦਰ ਜਿਹੜਾ ਰਾਜਾ ਹੋਇਆ, ਬ੍ਰਾਹਮਣਾਂ ਨੇ ਬੈਠ-ਬੈਠ ਕੇ ਬਣਾ ਲਏ ਸੀ ਕਿ ਸਾਡਾ ਹੀ ਗਲਬਾ ਰਹੇ, ਲੇਕਿਨ ਏਸ ਵਿਚੋਂ ਕੇਵਲ ਗੁਰੂ ਮਹਾਰਾਜ ਕੱਢ ਸਕੇ, ਹੋਰ ਕਿਸੇ ਤੋਂ ਨਿਕਲ ਨਾ ਸਕਿਆ ਤੇ ਉਨ੍ਹਾਂ ਨੇ ਦੱਸਿਆ ਕਿ ਜਿਹੜਾ ਅਸੀਂ ਅੰਮ੍ਰਿਤ ਪਿਲਾਇਆ ਹੈ ਨਾ ਤੁਹਾਨੂੰ, ਅੰਮ੍ਰਿਤ ਨੂੰ ਦੇਖੋ ਇਹ ਹੈਗਾ ਬਾਹਰਲਾ, ਲੇਕਿਨ ਅੰਮ੍ਰਿਤ ਤੁਹਾਡੇ ਅੰਦਰ ਹੈ, ਉਸ ਅੰਮ੍ਰਿਤ ਤੱਕ ਪਹੁੰਚਣ ਵਾਸਤੇ ਜ਼ਰੂਰੀ ਹੈ। ਜਿਸ ਤਰ੍ਹਾਂ ਟਿਊਬਵੈਲ ਅਸੀਂ ਲਾਈਏ, ਸਾਨੂੰ ਪਤਾ ਹੈ ਕਿ ਧਰਤੀ 'ਚ ਪਾਣੀ ਹੈ, ਬੋਰ ਕਰ ਦਿਤਾ, ਫੇਰ ਉਹਦੇ ਵਿਚ ਫਿਲਟਰ ਪਾ ਦਿਤਾ, ਫੇਰ ਵਾਲ ਲਾ ਦਿਤਾ, ਮੋਟਰ ਲਾ ਦਿਤੀ, ਮੋਟਰ ਦਾ ਸੂਟਾ ਮਰਵਾਇਆ, ਪਾਣੀ **reflex wall** ਤਕ ਤਾਂ ਆ ਸਕਦਾ ਹੈ ਪਰ ਉਸ ਤੋਂ ਅੱਗੇ ਨਹੀਂ ਆ ਸਕਦਾ। ਉਹਨੂੰ ਬਾਹਰ ਲਿਆਉਣ ਵਾਸਤੇ ਤੁਹਾਨੂੰ ਬਾਹਰੋਂ ਪਾਣੀ ਪਾਉਣ ਦੀ ਲੋੜ ਹੈ, ਜਦੋਂ ਬਾਹਰੋਂ ਪਾਣੀ ਪਾਵਾਂਗੇ, ਪਾਣੀ ਦੀ ਜਿਹੜੀ ਡੂੰਘਿਆਈ ਹੈ, ਉਤੇ ਆਉਂਦੀ ਜਾਏਗੀ, ਜਿਸ ਵਕਤ ਉਹ ਬਾਹਰ ਆ ਗਿਆ, ਮੁੜ ਕੇ ਪਾਣੀ ਨਹੀਂ ਸੁੱਕੇਗਾ। ਬਾਹਰਲਾ ਪਾਣੀ ਜਿਹੜਾ ਹੈ ਉਹ ਅੰਦਰਲੇ ਪਾਣੀ ਨੂੰ ਜਾ ਰਿਹਾ ਹੈ। ਇਸੇ ਤਰ੍ਹਾਂ ਦੇ ਨਾਲ ਇਹ ਜਿਹੜੀਆਂ ਰਹਿਤਾਂ ਦਸਦੇ ਨੇ ਪੰਜ ਪਿਆਰੇ ਕਿ ਆਹ ਰਹਿਤ ਹੈ, ਐਨੀ ਬਾਣੀ ਪੜ੍ਹਨੀ ਹੈ, ਐਨਾ ਨਾਮ ਜਪਣਾ ਹੈ, ਇਹਨੇ ਕਰਨਾ ਕੀ ਹੈ ਜਿਹੜਾ ਸਾਡੇ ਅੰਦਰ ਨਾਮ ਪਿਆ ਹੈ ਨਾ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਅੰਗ- ੨੯੩*

ਏਸ ਨੇ ਓਸ ਦੇ ਨਾਲ **touch** ਕਰ ਜਾਣਾ ਹੈ ਜਦੋਂ **touch** ਕਰਕੇ ਇਹ ਬਾਹਰ ਆਇਆ, ਅੰਮ੍ਰਿਤ ਦੀਆਂ ਫੇਰ ਫੁਹਾਰਾਂ ਲਗ ਜਾਣਗੀਆਂ।

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥ ਅੰਗ - ੫੩੮*

ਜਿੰਨਾ ਚਿਰ ਇਹ ਗੁਰੂ ਦੀ ਮਤ ਧਾਰਨ ਨਹੀਂ ਕਰਦਾ, ਓਨੀਂ ਦੇਰ ਤੱਕ ਅੰਦਰ ਜੋ ਅੰਮ੍ਰਿਤ ਦਾ ਕੁੰਡ ਹੈ ਓਸ ਤੱਕ ਨਹੀਂ ਪਹੁੰਚ ਸਕਦਾ। ਉਹਦੇ ਤੱਕ ਪਹੁੰਚਣ ਤੱਕ, ਜਿਹੜੀ ਮੈਂ ਬਾਹਰਲੀ ਕਿਰਿਆ ਦੱਸੀ ਹੈ, ਉਹ ਕਰਨੀ ਹੀ ਪੈਂਦੀ ਹੈ, ਬਾਹਰੋਂ ਮੰਤਰ ਮਿਲਦਾ ਹੈ –

***ਵਾਹਿਗੁਰੂ ਗੁਰਮੰਤਰ ਹੈ ਜਪ ਹਉਮੈ ਖੋਈ॥***
***ਭਾਈ ਗੁਰਦਾਸ ਜੀ***

ਨਾਮ ਨਹੀਂ ਮਿਲਦਾ। ਜੇ ਕਿਸੇ ਦਾ ਖਿਆਲ ਹੋਵੇ ਕਿ ਮੈਂ 'ਨਾਮ' ਲੈ ਲਿਆ ਜੀ। ਨਾਮ ਤੁਹਾਡੇ ਅੰਦਰ ਪਿਆ ਹੈ, ਪਰੀਪੂਰਨ ਹੈ। ਉਥੇ ਵਾਹਿਗੁਰੂ ਜੀ ਵਿਚ ਸਮਾਧੀ ਲਗਦੀ ਹੈ, ਆਤਮਕ ਸੰਗੀਤ ਹੁੰਦਾ ਹੈ ਉਥੇ। ਐਨਾ ਅਨੰਦ ਜਿਹੜਾ ਕਹਿਆ ਹੀ ਨਹੀਂ ਜਾ ਸਕਦਾ। ਸੋ ਗੁਰੂ ਮਹਾਰਾਜ ਨੇ ਜਿਹੜਾ ਅੰਦਰਲਾ ਅੰਮ੍ਰਿਤ ਸੀ ਉਹ ਪ੍ਰਗਟ ਕਰਕੇ ਉਹਦਾ ਮੇਲ ਕਰ ਦਿਤਾ। ਉਹਨੇ ਕਰਿਆ ਕੀ? ਮਨੁੱਖ ਦੀਆਂ ਸਾਰੀਆਂ ਕਮਜ਼ੋਰੀਆਂ ਦੂਰ ਕਰ ਦਿਤੀਆਂ। ਜਿਹੜੀ ਵੱਡੀ ਬਿਮਾਰੀ ਸੀ ਉਸਨੂੰ ਕੱਟ ਦਿਤਾ।

*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥*
*ਅੰਗ - ੫੩੮*

ਹਉਮੈ ਦੀ ਜ਼ਹਿਰ ਤੇ ਮਾਇਆ ਦੀ ਜ਼ਹਿਰ ਜੀਵ ਆਤਮਾ ਨੂੰ ਚੜ੍ਹ ਗਈ। ਇਹ ਬੇਹੋਸ਼ ਹੋ ਗਿਆ, ਇਹਨੂੰ ਆਪਣੇ ਆਪ ਦਾ ਗਿਆਨ ਨਹੀਂ ਰਿਹਾ। ਸ਼ਾਇਦ ਹੀ ਕੋਈ ਬੰਦਾ ਹੋਏ, ਜਿਹਨੂੰ ਆਪਣੇ ਆਪ ਦਾ ਪਤਾ ਹੋਏ ਕਿ ਮੈਂ ਕੌਣ ਹਾਂ? ਐਨੀ ਬੇਸੁਰਤੀ ਛਾਈ ਹੋਈ ਹੈ ਸਾਡੇ ਤੇ ਸਾਨੂੰ ਐਉਂ ਹੀ ਨਹੀਂ ਪਤਾ ਕਿ ਮੈਂ ਕੌਣ ਹਾਂ? ਅਸੀਂ ਹੋਰ ਦੁਨੀਆਂ ਦੇ ਕੀ ਕਰ ਲਵਾਂਗੇ ਕੰਮ ਕਾਰ, ਜਿਹੜਾ ਇਹ ਨਹੀਂ ਪਤਾ ਕਿ ਮੈਂ ਕੌਣ ਹਾਂ? ਜੇ ਕਹੇ ਕਿ ਮੈਂ ਤੁਹਾਡੇ ਸਾਮ੍ਹਣੇ ਬੈਠਾ ਹਾਂ? ਇਹ ਤਾਂ ਤੁਹਾਡਾ ਸਰੀਰ ਹੈ, ਤੁਹਾਡੀ ਸਵਾਰੀ ਹੈ, ਤੇਰੀ ਕਾਰ ਜਿਸ ਵਿਚ ਤੂੰ ਸਫਰ ਕਰਦਾ ਹੈ, ਇਹ ਤੂੰ ਤਾਂ ਹੈ ਨਹੀਂ। ਤੂੰ ਮਕੀਨ ਹੈ ਇਹ ਮਕਾਨ ਹੈ ਤੇਰਾ ਜਿਸ ਵਿਚ ਤੂੰ ਰਹਿੰਦਾ ਹੈਂ। ਮਕਾਨ ਨੂੰ ਕਿਉਂ ਕਹੀ ਜਾਂਦਾ ਹੈ ਗਲਤੀ ਨਾਲ ਕਿ ਮੈਂ ਐਨਾ ਨੰਬਰ ਮਕਾਨ ਹਾਂ ਜੀ?

ਇਹ ਕਿਉਂ ਐਨਾ ਹਨ੍ਹੇਰਾ ਛਾ ਗਿਆ? ਕਿਉਂ ਨਹੀਂ ਬੰਦੇ ਨੂੰ ਪਤਾ ਲਗਦਾ ਏਸ ਗੱਲ ਦਾ? ਕਿਉਂਕਿ

ਉਹ ਸਾਧਨ ਨਹੀਂ ਕਰ ਸਕਿਆ। ਜਿਵੇਂ **back to source** ਜਾਣਾ ਚਾਹੀਦਾ ਹੈ, ਜਾ ਨਹੀਂ ਸਕਿਆ। ਪੰਜ ਪਿਆਰਿਅਂ ਨੇ ਅੰਮ੍ਰਿਤ ਤਾਂ ਦੇ ਦਿਤਾ।

ਪਹਿਲਾਂ ਜਿਹੜੇ ਪੰਜ ਪਿਆਰੇ ਹੁੰਦੇ ਸਾਧਸੰਗਤ ਜੀ! ਐਉਂ ਨਹੀਂ ਕਿ ਆਜਾ, ਤੂੰ ਵੀ ਛਕ ਲੈ, ਤੂੰ ਵੀ ਛਕ ਲੈ। ਉਹ ਪਰਖ ਕੇ ਅੰਮ੍ਰਿਤ ਛਕਾਇਆ ਕਰਦੇ ਸੀ ਕਿ ਫਿੱਟ ਵੀ ਹੈ, ਕੱਲ੍ਹ ਨੂੰ ਬੇਮੁਖ ਤਾਂ ਨਹੀਂ ਹੋ ਜਾਏਗਾ। ਬੇਮੁਖ ਹੋ ਗਿਆ ਤਾਂ ਬੜਾ ਭਾਰੀ ਦੋਸ਼ ਲਗਦਾ ਹੈ। ਦੇਖਦੇ ਸੀ ਫੇਰ ਨਾਮ ਅੰਮ੍ਰਿਤ ਦਿਆ ਕਰਦੇ ਸੀ।

ਸੋ ਇਸ ਤਰ੍ਹਾਂ ਦੇ ਨਾਲ ਸਾਨੂੰ ਆਪਣੇ ਆਪ ਦਾ ਪਤਾ ਨਹੀਂ। ਕਿਉਂ ਨਹੀਂ ਹੈ? ਕਿਉਂਕਿ ਸਾਨੂੰ ਵਿਹੁ ਚੜ੍ਹੀ ਹੋਈ ਹੈ, ਵਿਹੁ ਇਕ ਤਾਂ ਮੈਂ ਤੇ ਮੇਰੀ ਦੀ ਚੜ੍ਹ ਗਈ, ਹਉਮੈ **ego** ਨੂੰ ਨਹੀਂ ਕਹਿੰਦੇ, ਇਹ ਵੀ ਧਿਆਨ ਰੱਖਿਆ ਕਰੋ। ਅਹੰਕਾਰ ਨੂੰ ਨਹੀਂ ਕਹਿੰਦੇ। ਜਿਹੜੀ ਤੁਹਾਡੀ ਸੂਝ ਹੈ ਨਾ, **I & my** ਇਹਦੇ ਸਰਕਲ ਨੂੰ ਦੋਹਾਂ ਨੂੰ ਹਉਮੈ ਕਹਿੰਦੇ ਨੇ। ਇਹਦੀ ਵਿਹੁ ਚੜ੍ਹ ਗਈ। ਦੂਸਰੀ ਚੜ੍ਹ ਗਈ ਮਾਇਆ ਦੀ, ਭੁੱਲ ਦੀ, **illusion** ਦੀ, **ignorance** ਦੀ। ਇਨ੍ਹਾਂ ਦੋਹਾਂ ਨੂੰ ਕੱਟਣ ਵਾਸਤੇ ਇਹ ਅੰਮ੍ਰਿਤ ਪ੍ਰਮੇਸ਼ਰ ਨੇ ਅੰਦਰ ਰੱਖਿਆ ਹੋਇਆ ਹੈ। ਜਦੋਂ ਬਿਖ ਲਹਿ ਜਾਏਗੀ ਫੇਰ ਉਹਦੀ ਪ੍ਰਮੇਸ਼ਰ ਦੇ ਨਾਲ ਬਣ ਜਾਂਦੀ ਹੈ।

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਨੇ ਬੜੇ ਉਪਦੇਸ਼ ਦਿਤੇ ਸਾਨੂੰ ਕਿ ਚੇਤੇ ਰਹਿ ਜਾਣ ਇਨ੍ਹਾਂ ਦੇ ਇਹ ਗੱਲਾਂ।

ਇਕ ਵਾਰੀ ਇਕ ਸ਼ੇਰ ਮਾਰਿਆ ਬਚਿੱਤਰ ਸਿੰਘ ਜੀ ਨੇ। ਮਹਾਰਾਜ ਕਹਿੰਦੇ ਬਹੁਤ ਵੱਡਾ ਹੈ, ਰਾਤ ਪੈ ਗਈ ਸੀ। ਕਹਿਣ ਲੱਗੇ, ਐਉਂ ਕਰੋ ਇਹਦੀ ਖੱਲ੍ਹ ਬੜੀ ਸਾਵਧਾਨੀ ਨਾਲ ਲਾਹੋ ਤੇ ਇਕ ਮਜ਼ਬੂਤ ਗਧਾ ਫੜ ਲਿਆਂਦਾ। ਬਾਹਰ ਫਿਰਦਾ, ਰੂੜੀਆਂ ਤੇ ਛੱਡ ਦਿੰਦੇ ਨੇ ਲੋਕ। ਲਿਆ ਕੇ ਉਸ ਤੇ ਖੱਲ੍ਹ ਚਾੜ੍ਹ ਦਿਤੀ ਤੇ ਖੇਤਾਂ ਵਿਚ ਛੱਡ ਆਏ। ਕਹਿੰਦੇ ਗੁਪਤ ਰੱਖਿਓ ਇਹ ਗੱਲ।

ਪਿੰਡ ਵਾਲੇ ਜਦੋਂ ਸਵੇਰੇ ਗਏ ਤਾਂ ਦੂਰੋਂ ਹੀ ਦੇਖਿਆ ਕਿ ਸ਼ੇਰ ਫਿਰਦਾ ਹੈ, ਵਾਪਸ ਆ ਗਏ। ਉਹਨੂੰ ਮੌਜਾਂ ਲਗ ਗਈਆਂ ਜਿਹਦੇ ਖੇਤ ਵਿਚ ਜੀਅ ਕਰੇ ਚਰ ਲਵੇ। ਜਿਹਦੇ ਦੀ ਕਰੇ ਲਿਟੇ। ਕਈ ਦਿਨ ਲੰਘ ਗਏ, ਕੋਈ ਕੰਮ ਕਰਨ ਨਾ ਜਾ ਸਕਿਆ। ਮਹਾਰਾਜ ਜੀ ਕੋਲ ਫਰਿਆਦ ਹੋਈ ਕਿ ਸੱਚੇ ਪਾਤਸ਼ਾਹ! ਸ਼ੇਰ ਬਹੁਤ ਵੱਡਾ ਆਇਆ ਹੋਇਆ ਹੈ। ਮਹਾਰਾਜ ਕਹਿੰਦੇ, ਤੁਸੀਂ ਐਨੇ ਬੰਦੇ ਓਂ, ਤੁਸੀਂ ਉਹਨੂੰ ਨਠਾ ਨਹੀਂ ਸਕਦੇ। ਕਹਿਣ ਲੱਗੇ, ਮਹਾਰਾਜ! ਉਹ ਤਾਂ ਜਿਹਦੇ ਮਗਰ ਪੈ ਗਿਆ, ਉਹ ਤਾਂ ਖਤਮ।

ਕਹਿਣ ਲੱਗੇ, ਕੋਸ਼ਿਸ਼ ਤਾਂ ਕਰੋ?

ਉਨ੍ਹਾਂ ਨੇ ਕਿਹਾ ਨਾ ਮਹਾਰਾਜ, ਕੋਸ਼ਿਸ਼ ਵੀ ਨਹੀਂ ਹੋ ਸਕਦੀ। ਤੁਸੀਂ ਕ੍ਰਿਪਾ ਕਰ ਦਿਓ ਤਾਂ ਹੋ ਜਾਏਗੀ। ਮਹਾਰਾਜ ਜੀ ਨੇ ਕਿਹਾ ਕੋਈ ਨਾ। ਅਸੀਂ ਖਿਆਲ ਰੱਖਾਂਗੇ। ਇਕ ਦਿਨ ਜਿਸ ਪ੍ਰੇਮੀ ਦਾ ਇਹ ਗਧਾ ਗੁੰਮਿਆ ਹੋਇਆ ਸੀ, ਉਹ ਬਾਕੀ ਗਧਿਆਂ ਨੂੰ ਨਿਕਲਿਆ ਥੋੜ੍ਹਾ ਹਟ ਕੇ। ਗਧੇ ਜਦੋਂ ਹਿੰਗਣ ਲੱਗੇ, ਇਹ ਸ਼ੇਰ ਦੇ ਲਿਬਾਸ ਵਿਚ ਹੀ ਹਿੰਗਣ ਲਗ ਗਿਆ। ਉਹ ਸਮਝ ਗਿਆ, ਕਹਿਣ ਲੱਗਿਆ, ਮੇਰਾ ਗਧਾ ਉਹ ਹੈ। ਉਹ ਗਿਆ ਜਾ ਕੇ ਦੋ ਚਾਰ ਡੰਡੇ ਲਾਏ, ਗੁਰੂ ਮਹਾਰਾਜ ਕੋਲ ਲੈ ਆਇਆ, ਖੱਲ੍ਹ ਲਾਹ ਕੇ ਦੇ ਦਿਤੀ।

ਸਿੰਘਾਂ ਨੇ ਪੁਛਿਆ ਕਿ ਏਸ ਕੌਤਕ ਦਾ ਮਹਾਰਾਜ ਕੋਈ ਅਰਥ ਵੀ ਹੋਣਾ? ਮਹਾਰਾਜ ਕਹਿੰਦੇ, ਦੇਖੋ, ਤੁਹਾਨੂੰ ਅਸੀਂ ਨਾਮ ਦੇ ਨਾਲ ਜੋੜਿਆ ਹੈ ਅੰਦਰ, ਤੁਹਾਡਾ ਦੇ ਅਧਿਆਸ ਤੋੜਿਆ ਹੈ, ਤੁਹਾਨੂੰ ਗਿਆਨ ਹੋਇਆ ਹੈ ਕਿ ਮੈਂ ਆਤਮਾ ਹਾਂ, ਸਰੀਰ ਨਹੀਂ ਹਾਂ। ਜਿਸ ਵਕਤ ਤੁਸੀਂ ਭੁੱਲ ਜਾਵੋਂਗੇ ਮੁੜ ਕੇ ਫੇਰ ਹੋ ਜਾਏਗਾ ਕਿ ਮੈਂ ਪੰਜਾਂ ਤੱਤਾਂ ਦੀ ਦੇਹ ਹਾਂ, ਸਾਢੇ ਤਿੰਨ ਹੱਥ ਦੀ, ਆਹ ਜਿਹੜੀ ਸ਼ੀਸ਼ੇ ਦੇ ਸਾਮ੍ਹਣੇ ਖੜ੍ਹੀ ਹੈ, ਓਦਣ ਪਿਆਰਿਓ! ਤੁਹਾਡਾ ਤੇਜ ਜਾਂਦਾ ਰਹੇਗਾ। ਇਹ ਦੇਹ ਦਾ ਨਹੀਂ, ਆਤਮਾ ਦਾ ਤੇਜ ਦਿਤਾ ਹੈ ਤੁਹਾਨੂੰ ਮੈਂ। ਆਪਣਾ ਤੇਜ ਦਿਤਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਇਕ ਦਿਨ ਮਹਾਰਾਜ ਜੀ ਨੇ ਹੁਕਮ ਕਰ ਦਿਤਾ ਕਿ ਅੱਜ ਚੌਲ ਬਣਾਓ, ਅੱਜ ਸ਼ਿਕਾਰ ਕੁੱਤਿਆਂ ਨਾਲ ਹੋਏਗਾ ਸਭ ਕੁੱਤੇ ਲੈ ਕੇ ਆਓ। ਜਦੋਂ ਸਮਾਂ ਹੋ ਗਿਆ ਰੋਟੀ ਦਾ, ਉਥੇ ਧਰਤੀ ਦੇ ਉਤੇ ਹੀ ਕਹਿਣ ਲੱਗੇ ਕਿ ਚਾਦਰਾਂ ਵਿਛਾ ਦੇਈਏ? ਮਹਾਰਾਜ ਕਹਿੰਦੇ, ਨਾ ਐਵੇਂ ਹੀ ਵਿਛਾ ਦਿਓ ਚੌਲ। ਚੌਲ ਵਿਛਾ ਦਿਤੇ, ਕੁੱਤੇ ਚੌਲ ਤਾਂ ਖਾਣ ਨਾ, ਆਪਸ ਵਿਚ ਕਟਾ ਵੱਢ ਹੋਣ ਲਗ ਗਏ। ਮਿੱਟੀ ਓ ਮਿੱਟੀ ਹੋ ਗਈ, ਚੌਲ ਖਾਣ ਦੇ ਕਾਬਲ ਨਾ ਰਹੇ। ਮਹਾਰਾਜ ਕਹਿਣ ਲੱਗੇ, ਫੜ ਲਓ ਭਾਈ ਕੁੱਤਿਆਂ ਨੂੰ।

ਕਹਿਣ ਲੱਗੇ, ਪਾਤਸ਼ਾਹ! ਇਹਦਾ ਵੀ ਮਤਲਬ ਸਾਡੇ ਸਮਝ ਵਿਚ ਨਹੀਂ ਆਇਆ? ਮਹਾਰਾਜ ਕਹਿਣ ਲੱਗੇ, ਦੇਖੋ, ਐਸ ਵੇਲੇ ਤੁਸੀਂ ਸਾਰੇ ਸੁਪਰ ਮੈਨ ਹੋ, ਤੁਹਾਡੇ ਟੁਕੜੇ ਨਹੀਂ ਹੋਏ-ਹੋਏ ਕਿ ਚਾਰ ਟੁੱਕੜੇ ਨੇ, **complete man** ਹੋਂ, **complete man** ਤੋਂ ਉਤੇ ਤੁਸੀਂ ਰਿਸ਼ੀ ਮੁਨੀ ਵੀ ਓਂ, ਉਹਦੇ ਵਿਚ ਤੁਹਾਨੂੰ ਅਸੀਂ ਪ੍ਰਮੇਸ਼ਰ ਦੇ ਨਾਲ ਇਕ ਜੋਤ ਕਰ ਦਿਤਾ। ਤੁਹਾਡੇ ਕੋਲ ਕੁਦਰਤੀ ਬਰਕਤਾਂ ਹੋਣਗੀਆਂ। ਸਰਦਾਰੀ ਆਏਗੀ, ਤੁਹਾਡਾ ਤੇਜ਼ ਤਾਂ ਵਧੇਗਾ। ਜੇ ਤਾਂ ਕੁੱਤਿਆਂ ਵਾਲੀ ਗੱਲ ਕਰਨੀ ਹੈ ਫੇਰ ਤਾਂ ਨਾ ਆਪ ਖਾਓਂਗੇ, ਨਾ ਕਿਸੇ ਨੂੰ ਖਾਣ

ਦਿਓਂਗੇ। ਰਾਜ ਭਾਗ ਆਇਆ ਹੋਇਆ ਤੁਹਾਡੇ ਹੱਥਾਂ 'ਚੋਂ ਨਿਕਲ ਜਾਣਗੇ। ਜੇ ਸਬਰ ਸੰਤੋਖ ਵਿਚ ਰਹਿ ਕੇ ਕਰ ਲਓਂਗੇ ਫੇਰ ਤੁਹਾਨੂੰ ਬਹੁਤ ਭਾਰੀ **gift** ਹੈ ਇਸ ਚੀਜ਼ ਦਾ। ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਕਿਹਾ ਕਿ ਹੋਰ ਚੀਜ਼ਾਂ ਨਹੀਂ ਮੰਨਣੀਆਂ ਫਜ਼ੂਲ, ਨਾ ਦੇਵੀ ਨਾ ਕੋਈ ਦੇਵਤਾ, ਨਾ ਕੋਈ ਹੋਰ ਪੀਰ ਫਕੀਰ, ਨਾ ਤਾਰੇ-ਸਿਤਾਰੇ। ਤੁਸੀਂ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਚਾਰੋ ਪਾਸੇ ਜਾਣੋ, ਜਿਧਰ ਵੀ ਅਸੀਂ ਦੇਖਦੇ ਹਾਂ ਵਾਹਿਗੁਰੂ ਹੈ। ਉਹ ਸਰਬ ਕਲਾ ਸਮਰੱਥ ਹੈ, ਐਉਂ ਨਹੀਂ ਹੈ ਕਿ ਉਹ ਜਾਣਦਾ ਨਹੀਂ ਹੈ। ਉਸ ਨੂੰ ਧਿਆਨ ਵਿਚ ਰੱਖ ਕੇ, ਉਹਦਾ ਨਾਮ ਵਾਹਿਗੁਰੂ ਕਹਿ ਕੇ ਜਪੋ।

***ਜਾਗਤ ਜੋਤਿ ਜਪੈ ਨਿਸ ਬਾਸੁਰ***
***ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ,***
***ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ॥***
***ਤੀਰਥ ਦਾਨ ਦਇਆ ਤਪ ਸੰਜਮ,***
***ਏਕ ਬਿਨਾ ਨਹਿ ਏਕ ਪਛਾਨੈ॥***
***ਪੂਰਨ ਜੋਤ ਜਗੈ ਘਟ ਮੈ,***
***ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥***

ਹੋਰ ਨਹੀਂ ਕਿਸੇ ਨੂੰ ਨਹੀਂ ਮੰਨਣਾ। ਉਹ ਹੈ ਕਿਥੇ?

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ॥***
***ਅਕਾਲ ਉਸਤਤਿ***

ਜੋਤ ਕਹਿੰਦੇ ਨੇ ਗਿਆਨ ਨੂੰ। ਪੂਰਾ ਬ੍ਰਹਿਮੰਡ ਗਿਆਨ ਦੇ ਨਾਲ ਭਰਿਆ ਹੋਇਆ ਹੈ, ਇਥੇ ਹਨ੍ਹੇਰਾ ਨਹੀਂ ਹੈ ਕਿਤੇ ਵੀ, ਓਸ ਪ੍ਰਮੇਸ਼ਰ ਨੂੰ ਜਪੋ। ਉਸ ਤੋਂ ਬਗੈਰ ਨਾ ਕਿਸੇ ਨੂੰ ਨਾ ਮੰਨੋ।

ਜੇ ਪ੍ਰਹਿਲਾਦ ਦੀ ਰਾਖੀ ਕਰੀ ਹੈ ਤਾਂ ਵਾਹਿਗੁਰੂ ਨੇ ਕਰੀ ਹੈ। ਦਰੋਪਤੀ ਦੀ ਰਾਖੀ ਕਰੀ ਹੈ ਤਾਂ ਵਾਹਿਗੁਰੂ ਨੇ ਕਰੀ ਹੈ। ਜਿਸ ਦੀ ਵੀ ਰਾਖੀ ਕਰਦਾ ਹੈ ਵਾਹਿਗੁਰੂ ਸਰਬ ਕਲਾ ਸਮਰੱਥ ਹੈ। ਰਾਖੀ ਕਰਨ ਦਾ ਅਧਿਕਾਰ ਵਾਹਿਗੁਰੂ ਨੇ ਦੇਵਤਿਆਂ ਨੂੰ ਨਹੀਂ ਦਿਤਾ। ਕਿਉਂਕਿ ਉਹਨੂੰ ਜਿਵੇਂ ਮਾਵਾਂ ਨੂੰ ਪੁੱਤਰ ਪਿਆਰੇ ਹੁੰਦੇ ਨੇ, ਐਵੇਂ ਉਸਨੂੰ ਆਪਣੇ ਪਿਆਰੇ ਹੋਇਆ ਕਰਦੇ ਨੇ। ਸੋ ਓਸ ਮੰਨਣਾ ਹੈ ਅਸੀਂ ਕਿਸੇ ਦੀ ਗੱਲ ਨਹੀਂ ਮੰਨਣੀ। ਸੋ ਇਸ ਤਰ੍ਹਾਂ ਦੇ ਨਾਲ ਗੁਰਸਿੱਖਾਂ ਦੀ ਜਿਹੜੀ ਸੀ ਸੂਝ, ਉਹ ਐਨੀ ਉੱਚੀ ਚੁੱਕੀ ਕਿ ਉਹ ਪ੍ਰਮੇਸ਼ਰ ਦੇ ਵਿਚ ਲੀਨ ਹੋਣੇ ਸ਼ੁਰੂ ਹੋ ਗਏ। ਦੂਜਾ ਨਹੀਂ ਦੇਖਦੇ।

ਮਹਾਰਾਜ ਜੀ ਦੇ ਨਾਲ ਅਕਾਰਨ ਯੁੱਧ ਹੋਏ। ਮਹਾਰਾਜ ਜੀ ਕਹਿੰਦੇ ਸੀ ਕਿ ਅਸੀਂ ਯੁੱਧ ਵਗੈਰਾ ਨਹੀਂ ਕਰਨਾ ਕਿਸੇ ਨਾਲ ਕੋਈ ਵੀ। ਸਾਡੇ ਉਪਰ ਤਾਂ ਥੋਪਿਆ ਗਿਆ।

***ਫਤੇ ਸਾਹ ਕੋਪਾ ਤਬਿ ਰਾਜਾ।***
***ਲੋਹ ਪਰਾ ਹਮ ਸੋ ਬਿਨੁ ਕਾਜਾ।*** ***ਬਚਿੱਤ੍ਰ ਨਾਟਕ***

ਅਸੀਂ ਕੋਈ ਦੇਸ਼ ਲੈਣੇ ਸੀ ਯੁੱਧ ਕਰਕੇ। ਕੋਈ ਸਾਬਤ ਕਰ ਦਿਓ ਕਿ ਗੁਰੂ ਦਸਵੇਂ ਪਾਤਸ਼ਾਹ ਨੇ ਇਕ ਮਰਲਾ ਜ਼ਮੀਨ ਫਲਾਣੇ ਦੀ ਦੱਬੀ। ਕੋਈ ਇਤਿਹਾਸਕਾਰ ਨਹੀਂ ਸਾਬਤ ਕਰ ਸਕਦਾ। ਚੜ੍ਹ ਕੇ ਆਉਂਦੇ ਸੀ ਉਨ੍ਹਾਂ ਉਤੇ ਉਨ੍ਹਾਂ ਨੂੰ ਹਾਰ ਦਿੰਦੇ ਸੀ। ਕਿਉਂਕਿ ਦੇਖ ਚੁੱਕੇ ਸੀ ਕਿ ਗੁਰੂ ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਕਿਵੇਂ ਹੋਈ, ਗੁਰੂ ਨੌਂਵੇਂ ਪਾਤਸ਼ਾਹ ਨੂੰ ਕਿੰਨੇ ਤਸੀਹੇ ਦਿਤੇ। ਓਸ ਵੇਲੇ ਇਹ ਸੀ ਕਿ ਇਨ੍ਹਾਂ ਨੇ ਚੰਗਿਆਈ ਦੀ ਵਾੜੀ ਰਹਿਣ ਨਹੀਂ ਸੀ ਦੇਣੀ, ਇਹਦੇ ਉਤੇ ਵਾੜ ਕਰਨੀ ਪੈਣੀ ਸੀ।

ਜਦੋਂ ਕੋਈ ਤਰੀਕਾ ਹੀ ਨਾ ਰਹਿ ਜਾਵੇ, ਫੇਰ ਕੱਟ-ਕੱਟ ਕੇ ਮਰਨ ਨਾਲੋਂ ਚੰਗਾ ਤਾਂ ਇਹ ਹੈ ਕਿ ਜੋ ਵਾਹਿਗੁਰੂ ਨੇ ਜਿਹੜਾ ਤਾਣ ਦਿਤਾ ਹੈ ਲਾ ਲਓ।

ਸੋ ਇਸ ਤਰ੍ਹਾਂ ਯੁੱਧ ਮਹਾਰਾਜ ਜੀ ਦੇ ਉਪਰ ਥੋਪੇ ਗਏ, ਮਹਾਰਾਜ ਜੀ ਦਾ ਇਕ ਵੀ ਯੁੱਧ ਨਹੀਂ ਜਿਹੜਾ ਆਪ ਕਰਿਆ ਹੋਵੇ। ਫੌਜਾਂ ਚੜ੍ਹ ਕੇ ਹੀ ਆਉਂਦੀਆਂ ਸੀ। ਇਕੱਲੇ ਮੁਗਲ ਹੀ ਨਹੀਂ ਸੀ ਮਹਾਰਾਜ ਦੇ ਪਿੱਛੇ ਪਏ ਹੋਏ, ਪਹਾੜੀ ਰਾਜੇ ਪੂਰੀ ਤਾਕਤ ਦੇ ਨਾਲ ਪਏ ਹੋਏ ਸੀ। ਦੂਸਰੇ ਵੀ ਜਿਹੜੇ ਸੀ ਸਰਕਾਰ ਦੇ ਹਾਂਪੱਖੀ ਉਹ ਵੀ ਇਨ੍ਹਾਂ ਦੇ ਪਿੱਛੇ ਪਏ ਹੋਏ ਸੀ ਤੇ ਅਨੰਦਪੁਰ ਸਾਹਿਬ ਦਾ ਬਹੁਤ ਵੱਡਾ ਘੇਰਾ ਪਿਆ। ਛੇ ਮਹੀਨੇ ਲੰਘ ਗਏ ਲੇਕਿਨ ਯੁੱਧ ਦਾ ਕੋਈ ਫੈਸਲਾ ਨਹੀਂ ਸੀ ਹੋ ਰਿਹਾ। ਇਧਰ ਖਾਲਸਾ ਹੈ ਜਿਹਨੇ ਆਪਣੇ ਆਪ ਨੂੰ ਆਤਮਾ ਸਮਝਿਆ ਹੋਇਆ ਹੈ, ਸਰੀਰ ਤੋਂ ਉਤੇ ਹੋਏ-ਹੋਏ ਨੇ, ਜਿਨ੍ਹਾਂ ਦਾ ਨਿਸ਼ਚਾ ਇਹ ਹੈ ਕਿ-

***ਨਹ ਕਿਛੁ ਆਇਬੋ ਨਹ ਕਿਛੁ ਜਾਇਬੋ***
***ਰਾਮ ਕੀ ਦੁਹਾਈ ਹੋ।***

ਇਥੇ ਜੰਮਦਾ ਮਰਦਾ ਨਹੀਂ ਕੁਛ ਵੀ ਹੈ। ਐਸੇ ਨਿਸ਼ਚੇ ਵਾਲੇ ਗੁਰਸਿੱਖ ਆਪਣਾ ਆਪਾ ਵਾਰ-ਵਾਰ ਕੇ ਰਾਖੀ ਕਰਦੇ ਨੇ। ਉਥੇ ਇਕ ਘਟਨਾ ਐਸੀ ਹੋਈ ਜਿਹਦੇ ਵਿਚੋਂ ਗੁਰਸਿੱਖੀ ਦਾ ਪਤਾ ਲਗਦਾ ਹੈ ਕਿ ਗੁਰਸਿੱਖੀ ਦੀ ਸੋਚ ਕਿੱਥੇ ਤਕ ਗਈ ਹੋਈ ਸੀ।

ਇਕ ਦਿਨ ਬੜਾ ਭਾਰੀ ਯੁੱਧ ਕਰਿਆ, ਰੋਪੜ ਦਾ ਮੁਗਲ ਉਹਨੇ ਬੜੇ ਤਾਅਨੇ ਮੇਹਣੇ ਦਿਤੇ ਕਿ ਦੇਖੋ ਗੁਰੂ ਸਾਹਿਬ ਕੋਲ ਕਿੰਨੀ ਕੁ ਫੌਜ ਹੈ। ਕਿੰਨੇ ਕਿਲ੍ਹੇ ਤਾਂ ਸਾਡੇ ਕੋਲ ਆ ਚੁੱਕੇ ਨੇ, ਹੁਣ ਅਨੰਦਗੜ੍ਹ ਸਾਹਿਬ ਰਹਿ ਗਿਆ ਤੇ ਕੇਸਗੜ੍ਹ ਸਾਹਿਬ ਰਹਿ ਗਿਆ ਇਨ੍ਹਾਂ ਕੋਲ। ਅੰਦਾਜ਼ਾ ਲਾ ਲਓ ਕਿ ਦੋ ਹਜ਼ਾਰ ਬੰਦਾ ਹੋਣਾ। ਆਪਾਂ ਕਿਲ੍ਹਾ ਤੋੜ ਦਿੰਦੇ ਹਾਂ। ਉਹਨੇ ਬੀੜਾ ਚੁੱਕ ਲਿਆ ਕਿ ਮੈਂ ਗੁਰੂ ਗੋਬਿੰਦ ਸਿੰਘ ਨੂੰ ਜਾਂ ਤਾਂ ਗ੍ਰਿਫਤਾਰ ਕਰਾਂਗਾ,

ਜਾਂ ਸ਼ਹੀਦ ਕਰਾਂਗਾ, ਜਾਂ ਮੈਂ ਮਰੂੰ। ਮੈਂ ਵੀ ਪਿੱਛੇ ਨਹੀਂ ਪੈਰ ਧਰਦਾ। ਐਸੇ ਦ੍ਰਿੜ ਇਰਾਦੇ ਨਾਲ ਆ ਕੇ ਉਸ ਨੇ ਹੱਲੇ ਕਰੇ। ਸਾਹਿਬਜ਼ਾਦਾ ਅਜੀਤ ਸਿੰਘ ਨੇ ਉਹਦੇ ਹੱਲੇ ਪਛਾਣ ਕੇ ਮੁੜ ਕੇ ਪਿੱਛੇ ਲਾ ਦਿਤੇ। ਜਦੋਂ ਸ਼ਾਮ ਪੈ ਗਈ ਤਾਂ ਗੁਰੂ ਮਹਾਰਾਜ ਨੇ ਯੁੱਧ ਦਾ ਹਾਲ ਪੁੱਛਿਆ, ਸਿੰਘਾਂ ਨੇ ਕਿਹਾ ਕਿ ਮਹਾਰਾਜ ਆਪ ਦੇ ਖਾਲਸੇ ਨੇ ਸਰੀਰ ਦੀ ਪਰਵਾਹ ਨਾ ਕਰਦੇ ਹੋਏ ਵਧ-ਵਧ ਕੇ ਤੇਗਾਂ ਚਲਾਈਆਂ, ਉਹਦੇ ਵਿਚੇ ਹੀ ਗੁਰਸਿੱਖਾਂ ਨੇ ਕਿਹਾ ਕਿ ਮਹਾਰਾਜ, ਸਾਨੂੰ ਇਕ ਸ਼ੱਕ ਪੈਂਦਾ ਹੈ। ਮਹਾਰਾਜ ਜੀ ਨੇ ਕਿਹਾ, ਕਾਹਦਾ? ਆਪਣੇ ਇਕ ਕਨ੍ਹਈਆ ਸਿੱਖ ਹੈ ਉਹ ਪਾਣੀ ਉਨ੍ਹਾਂ ਨੂੰ ਪਿਲਾਉਂਦਾ ਹੈ।

ਮਹਾਰਾਜ ਨੇ ਪੁਛਿਆ ਕਿ ਤੁਹਾਨੂੰ ਨਹੀਂ ਪਿਲਾਉਂਦਾ?

ਕਹਿੰਦੇ, ਸਾਨੂੰ ਵੀ ਪਿਲਾਉਂਦਾ ਸੀ। ਜੇ ਉਹ ਪਹਿਲਾਂ ਆ ਜਾਂਦੇ ਨੇ ਉਨ੍ਹਾਂ ਨੂੰ ਪਿਲਾਉਂਦਾ ਹੈ, ਜੇ ਅਸੀਂ ਪਹਿਲਾਂ ਆ ਜਾਂਦੇ ਹਾਂ ਸਾਨੂੰ ਪਿਲਾਉਂਦਾ ਹੈ। ਪਰ ਬੜਾ **protest** ਹੈ ਕਿ ਅਸੀਂ ਉਨ੍ਹਾਂ ਦਾ ਬੰਦਾ ਸੁੱਟਦੇ ਹਾਂ ਤੇ ਇਹ ਉਨ੍ਹਾਂ ਨੂੰ ਪਾਣੀ ਪਿਲਾਉਣ ਲਗ ਜਾਂਦਾ ਹੈ।

ਗੁਰੂ ਜੋ ਹੁੰਦਾ ਹੈ, ਉਸ ਦਾ ਕਿਸੇ ਨਾਲ ਵੀ ਵੈਰ ਨਹੀਂ ਹੁੰਦਾ। ਗੁਰੂ ਨੇ ਸਾਨੂੰ ਕਿਹਾ ਹੈ -

***ਵਵਾ ਵੈਰੁ ਨ ਕਰੀਐ ਕਾਹੂ ॥***
***ਘਟ ਘਟ ਅੰਤਰਿ ਬ੍ਰਹਮ ਸਮਾਹੂ॥ਅੰਗ - ੨੫੯***

ਸਾਰਿਆਂ ਦੇ ਅੰਦਰ ਵਾਹਿਗੁਰੂ ਵਸਦਾ ਹੈ ਤਾਂ ਵੈਰ ਕਿਹਦੇ ਨਾਲ ਕਰਾਂਗੇ ਅਸੀਂ।

*ਫਰੀਦਾ ਬੁਰੇ ਦਾ ਭਲਾ ਕਰਿ*
*ਗੁਸਾ ਮਨਿ ਨ ਹਢਾਇ ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥*
***ਅੰਗ - ੧੩੮੨***

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।***
***ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।***
***ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ, ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।***
***ਭਾਈ ਗੁਰਦਾਸ ਜੀ, ਵਾਰ 34/1***

ਵੈਰ ਨਹੀਂ ਕਿਸੇ ਨਾਲ ਵੀ ਹੋਇਆ ਕਰਦਾ ਗੁਰੂ ਦਾ। ਸਤਿਗੁਰੂ ਸਭ ਦਾ ਭਲਾ ਕਰਦਾ ਹੈ। ਸਤਿਗੁਰੂ ਸਾਨੂੰ ਕਹਿੰਦਾ ਹੈ ਕਿ ਜਦੋਂ ਪੂਰੇ ਦੇ ਨਾਲ ਜਦੋਂ ਤੁਸੀਂ ਜੁੜ ਜਾਵੋਂ ਨਾ ਕੀਰਤਨ ਕਰਕੇ, ਹਾਜ਼ਰੀ ਵਿਚ ਰਹਿ ਕੇ ਕਿਹਾ ਕਰੋ-

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਕਾ ਭਲਾ***

ਹੇ ਵਾਹਿਗੁਰੂ! ਸਭ ਦਾ ਭਲਾ ਕਰੀਂ, ਮੇਰਾ ਕੋਈ ਦੁਸ਼ਮਣ ਨਹੀਂ ਹੈ। ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ, ਭਾਈ ਕਨ੍ਹਈਏ ਨੂੰ ਬੁਲਾਓ।

ਉਹ ਮੈਦਾਨ-ਏ-ਜੰਗ ਵਿਚ ਹੈ, ਉਥੇ ਆਵਾਜ਼ ਆ ਰਹੀ ਹੈ ਇਕੋ ਹੀ -

***ਗੁਰਹਿ ਦਿਖਾਇਓ ਲੋਇਨਾ ॥ ਅੰਗ - ੪੦੭***

ਉਹ ਅੱਖ ਮੈਨੂੰ ਗੁਰੂ ਨੇ ਦਿਖਾ ਦਿਤੀ, ਹੁਣ ਮੈਂ ਦੇਖਦਾ ਕੀ ਹਾਂ -

***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭***

ਹਨ੍ਹੇਰੀ ਰਾਤ ਹੈ, ਆਵਾਜ਼ ਸੁਣ ਕੇ ਗੁਰਸਿੱਖ ਉਥੇ ਪਹੁੰਚਦੇ ਨੇ। ਅੱਗੇ ਜਾ ਕੇ ਕੋਈ ਗੱਲਬਾਤ ਹੋ ਰਹੀ ਹੈ। ਜਿਸ ਜ਼ਖਮੀ ਦਾ ਸਿਰ ਪੱਟ ਤੇ ਰੱਖ ਕੇ ਮੂੰਹ ਵਿਚ ਪਾਣੀ ਪਾਇਆ ਦੰਦਲ ਖੋਲ੍ਹ ਕੇ, ਉਹ ਬੋਲ ਕੇ ਕਹਿ ਰਿਹਾ ਹੈ ਕਿ ਤੂੰ ਕੌਣ ਹੈਂ? ਕਹਿਣ ਲੱਗਾ, ਮੈਂ ਤਾਂ ਗੁਰੂ ਗੋਬਿੰਦ ਸਿੰਘ ਦਾ ਅਧਨਾ ਜਿਹਾ ਸਿੱਖ ਹਾਂ।

ਕੀ ਨਾਉਂ ਹਾਂ?

ਕਹਿਣ ਲੱਗਿਆ, ਕਨ੍ਹਈਆ।

ਉਸ ਨੇ ਕਿਹਾ ਕਿ ਕਨ੍ਹਈਆ ਮੈਂ ਸੱਚ ਬੋਲਦਾ ਹਾਂ, ਤੂੰ ਮੇਰੇ ਅੰਦਰ ਦੋ ਘੁੱਟ ਪਾਣੀ ਪਾਇਆ ਹੈ, ਇਹ ਪਾਣੀ ਨਹੀਂ ਇਹ ਤਾਂ ਆਬ-ਏ-ਹਿਯਾਤ ਪਾ ਦਿਤਾ, ਮੇਰੇ ਅੰਦਰੋਂ ਵੈਰ ਭਾਵ ਖਤਮ ਹੁੰਦਾ ਚਲਿਆ ਜਾ ਰਿਹਾ ਹੈ। ਮੈਂ ਉਹ ਜਰਨੈਲ ਹਾਂ ਜਿਹਨੇ ਅੱਜ ਗੁਰੂ ਗੋਬਿੰਦ ਸਿੰਘ ਨੂੰ ਗ੍ਰਿਫਤਾਰ ਕਰਨਾ ਸੀ ਜਾਂ ਸ਼ਹੀਦ ਕਰਨਾ ਸੀ। ਇਹ ਗੱਲ ਸੁਣ ਕੇ ਤੇਰੇ ਮਨ ਵਿਚ ਮੇਰੇ ਖਿਲਾਫ ਕਿੰਨੀ ਕੁ ਨਫਰਤ ਉਠੀ ਹੈ? ਮੈਂ ਐਹੋ ਜਿਹਾ ਅਭਾਗਾ ਪੁਰਸ਼ ਹਾਂ।

ਭਾਈ ਕਨ੍ਹਈਏ ਨੇ ਕਿਹਾ, ਖਾਨ ਸਾਹਿਬ! ਸਾਡੇ ਗੁਰੂ ਨੇ ਨਫਰਤ ਨਹੀਂ ਸਿਖਾਈ, ਉਨ੍ਹਾਂ ਨੇ ਸਿਖਾਇਆ ਹੈ-

***ਬਿਸਰਿ ਗਈ ਸਭ ਤਾਤਿ ਪਰਾਈ ॥***
***ਜਬ ਤੇ ਸਾਧਸੰਗਤਿ ਮੋਹਿ ਪਾਈ***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ ॥***
***ਅੰਗ - ੧੨੯੯***

ਸਾਡੇ ਗੁਰੂ ਨੇ ਤਾਂ ਵੈਰੀ ਦੇ ਅੱਖਰ ਨੂੰ ਸ਼ਬਦ ਕੋਸ਼ ਵਿਚੋਂ ਕੱਟ ਹੀ ਦਿਤਾ। ਕਹਿਣ ਲੱਗਿਆ, ਗੁਰੂ ਗੋਬਿੰਦ ਸਿੰਘ ਵੀ ਐਸ ਤਰ੍ਹਾਂ ਹੀ ਕਹਿੰਦਾ ਹੈ? ਉਸਨੇ ਕਿਹਾ ਕਿ ਅਸੀਂ ਉਨ੍ਹਾਂ ਤੋਂ ਹੀ ਸਿਖਿਆ ਲੈ ਰਹੇ ਹਾਂ ਸਾਰੀ। ਉਹ ਕਿਸੇ ਨੂੰ ਕੁੱਛ ਨਹੀਂ ਕਹਿ ਰਹੇ, ਤੁਸੀਂ ਉਨ੍ਹਾਂ ਤੇ ਚੜ੍ਹ-ਚੜ੍ਹ ਆਉਂਦੇ ਓਂ ਤੇ ਉਹ ਤੁਹਾਨੂੰ ਜਵਾਬ ਦੇ ਰਹੇ ਨੇ। ਕਹਿਣ ਲੱਗਿਆ, ਅਫਸੋਸ! ਮੈਨੂੰ ਉਸ ਵੇਲੇ

ਗੱਲ ਸਮਝ 'ਚ ਆਈ ਜਦੋਂ ਮੇਰੇ ਵਿਚ ਤਾਣ ਨਾ ਰਿਹਾ। ਕਨ੍ਹਈਆ ਮੈਂ ਇਸ ਗੱਲ ਦਾ ਬਦਲਾ ਦੇਵਾਂਗਾ। ਤੇਰੇ ਅਹਿਸਾਨ ਨੂੰ ਨਹੀਂ ਮੈਂ ਭੁੱਲਦਾ।

ਐਨੇ ਨੂੰ ਸਿੰਘ ਆ ਗਏ ਉਨ੍ਹਾਂ ਨੇ ਕਿਹਾ ਕਿ ਭਾਈ ਕਨ੍ਹਈਆ ਤੈਨੂੰ ਗੁਰੂ ਮਹਾਰਾਜ ਬੁਲਾਉਂਦੇ ਨੇ। ਉਥੇ ਆ ਗਏ। ਗੁਰੂ ਮਹਾਰਾਜ ਨੇ ਕਿਹਾ, ਭਾਈ ਕਨ੍ਹਈਆ ਖਾਲਸਾ ਤੁਹਾਡੀ ਸ਼ਿਕਾਇਤ ਕਰਦਾ ਹੈ। ਕਹਿਣ ਲੱਗੇ, ਸੱਚੇ ਪਾਤਸ਼ਾਹ! ਮੈਂ ਤਾਂ ਹਰ ਵਕਤ ਭੁੱਲਾਂ ਕਰਦਾ ਹਾਂ।

ਮਹਾਰਾਜ ਨੇ ਕਿਹਾ ਕਿ ਇਹ ਕਹਿੰਦੇ ਨੇ ਕਿ ਤੁਸੀਂ ਮੁਗਲਾਂ ਨੂੰ ਪਾਣੀ ਪਿਲਾਉਂਦੇ ਓਂ?

ਕਹਿੰਦੇ ਨਹੀਂ ਮਹਾਰਾਜ! ਮੈਂ ਤਾਂ ਕਿਸੇ ਨੂੰ ਪਾਣੀ ਨਹੀਂ ਪਿਲਾਉਂਦਾ? ਪਾਤਸ਼ਾਹ! ਪਹਿਲਾਂ ਮੈਨੂੰ ਦਿਸਦੇ ਸੀ ਕਿ ਆਹ ਮੁਗਲ ਹੈ, ਆਹ ਪਹਾੜੀ ਨੇ, ਆਹ ਖਾਲਸਾ ਹੈ, ਆਹ ਮਾੜਾ ਹੈ, ਆਹ ਚੰਗਾ ਹੈ। ਪਰ ਜਦੋਂ ਮੈਂ ਤੇਰੀ ਸ਼ਰਨ ਲੈ ਲਈ, ਆਪ ਨੇ ਮੇਰੇ ਨੇਤਰਾਂ ਨੂੰ ਗਿਆਨ ਦਾ ਸੂਰਮਾ ਪਾ ਕੇ ਖੋਲ੍ਹ ਦਿਤਾ। ਉਸ ਵੇਲੇ ਮਹਾਰਾਜ ਮੇਰੇ ਨੈਣਾਂ ਦੀ ਦ੍ਰਿਸ਼ਟੀ ਬਦਲ ਗਈ।

ਪਾਤਸ਼ਾਹ! ਜਦੋਂ ਮੇਰੀ ਅੱਖ ਨਹੀਂ ਸੀ ਖੁੱਲ੍ਹੀ ਮੈਨੂੰ ਇਸੇ ਤਰ੍ਹਾਂ ਨਜ਼ਰ ਆਉਂਦਾ ਸੀ। ਪਰ ਜਦੋਂ ਤੁਸੀਂ ਕ੍ਰਿਪਾ ਕਰਕੇ ਮੈਨੂੰ ਦ੍ਵੈਤ ਵਿਚੋਂ ਕੱਢ ਦਿਤਾ।

*ਗਿਆਨ ਅੰਜਨੁ ਗੁਰਿ ਦੀਆ*
*ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ*
*ਨਾਨਕ ਮਨਿ ਪਰਗਾਸੁ ॥ ਅੰਗ - ੨੯੩*

ਜਦੋਂ ਮੇਰੇ ਮਨ ਵਿਚ ਪ੍ਰਕਾਸ਼ ਹੋ ਗਿਆ, ਮੈਨੂੰ ਤੇਰੇ ਬਿਨਾਂ ਦਿਸਣਾ ਬੰਦ ਹੋ ਗਿਆ। ਮੈਂ ਤਾਂ ਪ੍ਰੇਮ ਦੇ ਵਿਚ ਰੱਤਿਆ ਹੋਇਆ, ਤੈਨੂੰ ਹੀ ਪਾਣੀ ਪਿਲਾਉਂਦਾ ਸੀ ਸਵੇਰ ਤੋਂ ਸ਼ਾਮ ਤੱਕ।

ਮਹਾਰਾਜ ਜੀ ਨੇ ਉਠ ਕੇ ਬੁੱਕਲ 'ਚ ਲੈ ਲਿਆ, ਭਾਈ ਕਨ੍ਹਈਏ ਨੂੰ। ਗੁਰਸਿੱਖਾਂ ਨਿਹਾਲ-ਨਿਹਾਲ-ਨਿਹਾਲ। ਮਲ੍ਹਮ ਮੰਗਾ ਲਈ, ਪੱਟੀਆਂ ਮੰਗਾ ਲਈਆਂ। ਕਹਿਣ ਲੱਗੇ, ਹੁਣ ਮੈਨੂੰ ਇਕੱਲਾ ਪਾਣੀ ਨਾ ਪਿਲਾਈਂ। ਮੇਰੇ ਜ਼ਖਮ ਵੀ ਸਾਫ ਕਰਿਆ ਕਰੀਂ ਤੇ ਉਸ ਤੋਂ ਬਾਅਦ ਮੱਲ੍ਹਮ ਲਾਈਂ ਤੇ ਪੱਟੀਆਂ ਕਰੀਂ। ਤੂੰ ਗੁਰੂ ਨਾਨਕ ਦੀ ਸਿੱਖੀ ਨੂੰ ਸਮਝ ਗਿਆ। ਸੋ ਇਸ ਤਰ੍ਹਾਂ ਦੇ ਨਾਲ ਸਿੱਖੀ ਵਿਚ ਵੈਰ ਨਹੀਂ ਹੈ, ਨਾ ਗੁਰੂ ਵਿਚ ਵੈਰ ਹੈ।

ਸੋ ਪਹਿਲੀ ਚਾਲ ਉਨ੍ਹਾਂ ਵਲੋਂ ਚੱਲੀ ਗਈ, ਉਹ ਸਾਬਤ ਕਰ ਦਿਤਾ ਮਹਾਰਾਜ ਜੀ ਨੇ। ਦੂਸਰੀ ਵਾਰੀ ਔਰੰਗਜ਼ੇਬ ਤੋਂ ਚਿੱਠੀ ਮੰਗਾਈ। ਚਿੱਠੀ ਨੂੰ ਕੁਰਾਨ ਸ਼ਰੀਫ ਦੇ ਨਾਲ ਚਿਪਕਾ ਦਿਤਾ। ਦੂਜਿਆਂ ਨੇ ਗਊ ਬਣਵਾਈ ਤੇ ਉਹਦੇ ਵਿਚ ਰੱਖ ਦਿਤੀ। ਲਿਖਿਆ ਇਹ ਕਿ ਸਾਡਾ ਕੋਈ ਝਗੜਾ ਨਹੀਂ ਹੈ, ਜੇ ਤੁਸੀਂ ਥੋੜ੍ਹੇ ਦਿਨ ਵਾਸਤੇ ਕਿਲ੍ਹਾ ਛੱਡ ਕੇ ਚਲੇ ਜਾਓ ਸਾਡੇ ਵਲੋਂ ਕੋਈ ਗੱਲ ਹੋਏਗੀ ਹੀ ਨਹੀਂ? ਉਸ ਵੇਲੇ ਮਹਾਰਾਜ ਜੀ ਨੇ ਕਿਹਾ ਦੇਖੋ ਪ੍ਰੇਮੀਓ! ਹੈ ਇਹ ਧੋਖਾ ਸਾਰਾ। ਪਰ ਸਾਡੇ ਮੂਹਰੇ ਇਕ ਧਾਰਮਿਕ ਸੰਕਟ ਆ ਗਿਆ। ਉਹ ਇਹ ਹੈ ਕਿ ਕੁਰਾਨ ਸ਼ਰੀਫ ਦੇ ਨਾਲ ਚਿੱਠੀ ਚਮੇੜੀ ਹੋਈ, ਕੁਰਾਨ ਸ਼ਰੀਫ ਦੀ ਜਿਹੜੀ ਇਜ਼ਤ ਹੈ ਇਹ ਸਾਡੇ ਬਿਨਾਂ ਕੋਈ ਰੱਖ ਨਹੀਂ ਸਕਦਾ ਇਸ ਵਕਤ। ਇਹਦੀ ਇਜ਼ਤ ਰੱਖਣ ਵਾਸਤੇ ਸਾਨੂੰ ਕਿਲ੍ਹਾ ਛੱਡਣਾ ਪੈਣਾ ਹੈ। ਉਸ ਵੇਲੇ ਮਹਾਰਾਜ ਜੀ ਨੇ ਕਿਲ੍ਹਾ ਛੱਡ ਦਿਤਾ, ਇਨ੍ਹਾਂ ਨੇ ਹਮਲਾ ਕਰ ਦਿਤਾ। ਪੰਜ ਸੌ ਸਿੰਘ ਮਹਾਰਾਜ ਜੀ ਦੇ ਨਾਲ ਸੀਗਾ। ਉਹ ਪਰਿਵਾਰ ਵਿਛੋੜੇ ਤੱਕ ਆਉਂਦੇ-ਆਉਂਦੇ ਸ਼ਹੀਦ ਹੋ ਗਏ। ਥੋੜ੍ਹੇ ਜਿਹੇ ਬਚੇ ਡੇਢ-ਦੋ ਸੌ, ਜਦੋਂ ਦਰਿਆ ਵਿਚ ਗਏ, ਦਰਿਆ ਚੜ੍ਹਿਆ ਹੋਇਆ ਸੀ, ਕੁਦਰਤੀ ਉਤੋਂ ਮੀਂਹ ਪੈ ਗਿਆ, ਸਿੰਘ ਰੁੜ੍ਹਨੇ ਸ਼ੁਰੂ ਹੋ ਗਏ, ਜਿਹੜਾ ਵੱਡਾ ਗ੍ਰੰਥ ਸੀ ਵਿਦਿਆਧਰ ਗ੍ਰੰਥ ਉਹਨੂੰ ਪੰਜ-ਸੱਤ ਸਿੰਘਾਂ ਨੇ ਫੜਿਆ ਹੋਇਆ ਸੀ, ਪਾਣੀ ਦੇ ਜ਼ੋਰ ਨੇ ਸਿੰਘਾਂ ਨੂੰ ਵੀ ਹੜ੍ਹਾ ਲਿਆ ਤੇ ਗ੍ਰੰਥ ਵੀ ਰੁੜ੍ਹ ਗਿਆ। ਥੋੜ੍ਹੇ ਜਿਹੇ ਪਤਰੇ ਰਹਿ ਗਏ ਹੱਥ ਵਿਚ। ਉਹ ਅੱਜਕਲ੍ਹ ਐਮ.ਏ. ਦਾ ਕੋਰਸ ਲੱਗਿਆ ਹੋਇਆ ਹੈ, ਪਾਰਸਭਾਗ ਗ੍ਰੰਥ ਕਹਿੰਦੇ ਨੇ। ਸੰਤਾਂ ਦੇ ਡੇਰਿਆਂ ਵਿਚ ਵੀ ਕਥਾ ਹੁੰਦੀ ਹੁੰਦੀ ਹੈ। ਸੋ ਇਸ ਤਰ੍ਹਾਂ ਆਪ ਉਸ ਥਾਂ ਤੋਂ ਬਾਹਰ ਨਿਕਲੇ, ਸਾਰਿਆਂ ਨੂੰ ਪਤਾ ਹੈ ਇਤਿਹਾਸ ਦਾ।

ਇਕ ਗੱਲ ਇਤਿਹਾਸਕਾਰ ਗੁਰੂ ਮਹਾਰਾਜ ਦੇ ਮੁੱਖ ਤੋਂ ਕਹਾਉਂਦੇ ਨੇ ਜਿਹਦੇ ਬਾਰੇ ਮੈਂ ਸਾਵਧਾਨੀ ਵਰਤਣੀ ਚਾਹੁੰਦਾ ਹਾਂ। ਉਹ ਇਹ ਹੈ ਕਿ ਗੁਰੂ ਮਹਾਰਾਜ ਨੇ ਕਿਹਾ ਕਿ ਮੁਸਲਮਾਨਾਂ ਦਾ ਕਦੇ ਇਤਬਾਰ ਨਾ ਕਰੋ। ਐਨੀਆਂ ਸੌਂਹਾਂ ਖਾ ਲੈਣ ਕਿ ਗੁੜ 'ਚ ਲਬੇੜ ਕੇ ਜਿੰਨੇ ਤਿਲ ਲਗ ਜਾਣ, ਐਨੀਆਂ ਸੁਗੰਧਾਂ ਖਾਣ ਤੇ ਵੀ ਨਾ ਕਰੋ।

ਪਰ ਗੁਰੂ ਮਹਾਰਾਜ ਨੇ ਉਸ ਤੋਂ ਬਾਅਦ ਇਤਬਾਰ ਹੀ ਮੁਸਲਮਾਨਾਂ ਦਾ ਕਰਿਆ। ਗੁਰੂ ਮਹਾਰਾਜ ਇਥੋਂ ਸਰਸੇ 'ਚੋਂ ਨਿਕਲਦੇ ਬਚਿੱਤਰ ਸਿੰਘ ਨੂੰ ਲੈ ਕੇ, ਜ਼ਖਮੀ ਹੋ ਗਿਆ, ਨਿਹੰਗ ਖਾ ਕੋਟਲੇ ਵਾਲੇ ਦੇ ਕਿਲ੍ਹੇ ਵਿਚ ਗਏ, ਉਹ ਇਸਲਾਮ ਵਾਲਾ ਸੀ। ਉਸ ਨੇ ਕਿਹਾ ਕਿ ਮਹਾਰਾਜ ਹੁਕਮ ਦਿਓ। ਮਹਾਰਾਜ ਨੇ ਕਿਹਾ ਹੁਕਮ ਤੇਰੇ ਵਸ ਦਾ ਨਹੀਂ ਹੈ, ਫੌਜਾਂ ਚੜ੍ਹੀਆਂ ਆ ਰਹੀਆਂ ਨੇ। ਆਹ ਸਿੰਘ ਦਾ ਤੂੰ ਇਲਾਜ ਕਰੀਂ। ਇਲਾਜ ਹੋ ਗਿਆ ਤਾਂ ਸਾਡੇ ਕੋਲ ਆ ਜਾਏਗਾ, ਜੇ ਚੜ੍ਹਾਈ ਕਰ ਗਿਆ ਤਾਂ ਤੂੰ ਸਸਕਾਰ ਕਰ ਦੇਈਂ ਇਹਦਾ।

ਨਿਹੰਗ ਖਾਂ ਨੂੰ ਪੁਛਿਆ ਕਿ ਗੁਰੂ ਗੋਬਿੰਦ ਸਿੰਘ ਆਏ ਹੋਣੇ ਨੇ? ਉਸ ਨੇ ਕਿਹਾ ਕਿ ਆਏ ਹੋਣੇ ਨੇ, ਚਲੇ ਗਏ ਹੋਣੇ ਨੇ, ਮੈਂ ਕੀ ਉਨ੍ਹਾਂ ਦਾ ਆਦਰ

ਸਤਿਕਾਰ ਕਰਦਾ ਸੀ, ਜਾਂ ਹਥਿਆਰ ਦਿੰਦਾ ਸੀ। ਉਨ੍ਹਾਂ ਨੇ ਕਿਹਾ ਕਿ ਸਾਨੂੰ ਸ਼ੱਕ ਹੈ ਕਿ ਤੇਰੇ ਕਿਲ੍ਹੇ ਵਿਚ ਰੁਕੇ ਨੇ। ਨਿਹੰਗ ਖਾਂ ਨੇ ਕਿਹਾ ਕਿ ਤਲਾਸੀ ਲੈ ਲਓ। ਤਲਾਸ਼ੀ ਲੈਣੀ ਸ਼ੁਰੂ ਕਰ ਦਿਤੀ। ਜਿਸ ਵਕਤ ਇਕ ਕਮਰੇ ਦੇ ਸਾਮ੍ਹਣੇ ਭਾਈ ਬਚਿੱਤਰ ਸਿੰਘ ਸੀਗਾ, ਉਥੇ ਉਹ ਸ੍ਰੀ ਸਾਹਿਬ ਲੈ ਕੇ ਖੜ੍ਹ ਗਿਆ, ਕਹਿਣ ਲੱਗਿਆ, ਇਥੇ ਮੇਰੀ ਆਬਰੂ ਦਾ ਸਵਾਲ ਹੈ, ਇੱਜ਼ਤ ਦਾ ਸਵਾਲ ਹੈ। ਮੈਂ ਪਠਾਣ ਹੈ ਮੈਂ ਆਪਣੀ ਇਜ਼ਤ ਨਹੀਂ ਦਿੰਦਾ, ਟੁਕੜੇ-ਟੁਕੜੇ ਹੋ ਜਾਵਾਂਗਾ।

ਉਨ੍ਹਾਂ ਨੇ ਕਿਹਾ ਕਿ ਕੀ ਹੈ? ਤਾਂ ਇਸਨੇ ਕਿਹਾ ਕਿ ਮੇਰੀ ਲੜਕੀ ਤੇ ਮੇਰਾ ਦਾਮਾਦ ਅੰਦਰ ਸੁੱਤੇ ਪਏ ਨੇ ਅੰਦਰ ਏਸ ਵੇਲੇ। ਉਨ੍ਹਾਂ ਨੇ ਉਹ ਦਰਵਾਜ਼ਾ ਛੱਡ ਦਿਤਾ।

ਜਦੋਂ ਚਲੇ ਜਾਂਦੇ ਨੇ, ਲੜਕੀ ਨੇ ਕਿਹਾ ਅੱਬਾ ਜਾਨ! ਮੈਨੂੰ ਦੱਸਿਆ ਗਿਆ ਹੈ ਕਿ ਤੁਸੀਂ ਜਦੋਂ ਕਮਰੇ ਦੀ ਰਾਖੀ ਕਰ ਰਹੇ ਸੀ, ਤੁਹਾਡੇ ਮੁੱਖ ਤੋਂ ਇਹ ਗੱਲ ਨਿਕਲੀ ਕਿ ਮੇਰਾ ਦਾਮਾਦ ਤੇ ਮੇਰੀ ਲੜਕੀ ਅੰਦਰ ਨੇ। ਹੁਣ ਮੈਂ ਇਕ ਬੇਨਤੀ ਕਰਦੀ ਹਾਂ ਇਹਨੂੰ ਧਿਆਨ ਨਾਲ ਸੁਣਨਾ। ਮੈਂ ਸ਼ਾਦੀ ਨਹੀਂ ਹੁਣ ਕਰਾਉਣੀ। ਤੁਸੀਂ ਦਾਮਾਦ ਉਸਨੂੰ ਕਹਿ ਦਿਤਾ। ਭਾਈ ਬਚਿੱਤਰ ਸਿੰਘ ਚੜ੍ਹਾਈ ਕਰ ਗਿਆ। ਉਸ ਤੋਂ ਬਾਅਦ ਉਹ 137 ਸਾਲ ਦੀ ਹੋਈ, ਵਿਆਹ ਨਹੀਂ ਸੀ ਉਸਨੇ ਕਰਾਇਆ, ਪੂਜਦੇ ਸੀ ਉਸਨੂੰ ਸਾਰੇ।

ਜੇ ਗੁਰੂ ਮਹਾਰਾਜ ਨੇ ਮੁਸਲਮਾਨਾਂ ਦੇ ਖਿਲਾਫ ਫਤਵਾ ਦਿਤਾ ਹੁੰਦਾ ਇਹ ਗੱਲ ਕਿਵੇਂ ਹੋ ਸਕਦੀ ਸੀ ਕਿ ਆਪ ਹੀ ਉਥੇ ਜਾਂਦੇ ਨੇ।

ਫੇਰ ਚਮਕੌਰ ਸਾਹਿਬ ਦਾ ਯੁੱਧ ਹੋਇਆ, ਬੜਾ ਭਾਰੀ ਯੁੱਧ ਸੀ। ਉਥੇ ਦੋ ਵੱਡੇ ਸਾਹਿਬਜ਼ਾਦੇ ਸ਼ਹੀਦ ਹੋ ਜਾਂਦੇ ਨੇ। ਗੁਰੂ ਮਹਾਰਾਜ ਨੂੰ ਉਸ ਵੇਲੇ ਹੁਕਮ ਦਿਤਾ ਜਾਂਦਾ ਹੈ ਕਿ ਸੱਚੇ ਪਾਤਸ਼ਾਹ! ਤੁਸੀਂ ਸ਼ਹੀਦੀ ਨਾ ਲਓ। ਤੁਸੀਂ ਹੋਵੋਂਗੇ, ਪੰਥ ਖਾਲਸਾ ਘੇਰੇ ਵਿਚ ਫਸ ਜਾਏਗਾ। ਉਸ ਵੇਲੇ ਗੁਰੂ ਮਹਾਰਾਜ ਭਾਈ ਦਇਆ ਸਿੰਘ, ਭਾਈ ਮਾਨ ਸਿੰਘ, ਭਾਈ ਧਰਮ ਸਿੰਘ ਤਿੰਨ ਸਿੰਘਾਂ ਨੂੰ ਲੈ ਕੇ ਬਾਹਰ ਨਿਕਲਦੇ ਨੇ ਤੇ ਆਪ ਮਾਛੀਵਾੜੇ ਜਾ ਪਹੁੰਚਦੇ ਨੇ।

ਮਾਛੀਵਾੜੇ ਦੇ ਉਸ ਵੇਲੇ ਦੋ ਪਠਾਣ ਗਨੀ ਖਾਂ ਤੇ ਨਬੀ ਖਾਂ ਨੂੰ ਜਦੋਂ ਪਤਾ ਲਗਦਾ ਹੈ ਤਾਂ ਮਹਾਰਾਜ ਜੀ ਕੋਲ ਆ ਗਏ, ਕਹਿਣ ਲੱਗੇ, ਸੱਚੇ ਪਾਤਸ਼ਾਹ! ਮਾਛੀਵਾੜਾ ਘੇਰਿਆ ਜਾ ਚੁਕਿਆ ਹੈ, ਪੰਜ ਹਜ਼ਾਰ ਫੌਜ ਦਲੇਰ ਖਾਂ ਲੈ ਕੇ ਆਇਆ ਹੋਇਆ ਹੈ। ਇਹਦੀ ਤਲਾਸ਼ੀ ਸ਼ੁਰੂ ਹੋ ਜਾਣੀ ਹੈ ਕਲ੍ਹ ਤੋਂ ਤੇ ਕੋਈ ਨਾ ਕੋਈ ਤਰੀਕਾ ਕਰਨਾ ਚਾਹੀਦਾ ਹੈ।

ਕਹਿਣ ਲੱਗੇ ਤਰੀਕਾ ਇਹ ਹੈ ਕਿ ਤੁਸੀਂ ਨੀਲੇ ਕਪੜੇ ਪਾ ਕੇ ਉਚ ਦੇ ਪੀਰ ਬਣ ਜਾਓ, ਅਸੀਂ ਚੁੱਕ ਲਵਾਂਗੇ, ਗਵਾਹੀ ਦੀ ਲੋੜ ਪਏਗੀ, ਉਹ ਅਸੀਂ ਇੰਤਜ਼ਾਮ ਕਰ ਲਿਆ। ਸਲੋਹ ਵਾਲੇ ਪੀਰ ਜਿਹੜੇ ਨੇ ਉਨ੍ਹਾਂ ਨੂੰ ਵੀ ਕਹਿ ਦਿਤਾ ਹੈ, ਮੋਠੋਮਾਜਰੇ ਵਾਲਿਆਂ ਨੂੰ ਵੀ ਕਹਿ ਦਿਤਾ ਹੈ, ਤਿੰਨ ਸੱਯਦਾਂ ਨੂੰ ਅਸੀਂ ਬੁਲਾ ਲਿਆ ਹੈ। ਜੇ ਗਵਾਹੀ ਹੋਣ ਲੱਗ ਗਈ ਤਾਂ ਅਸੀਂ ਗਵਾਹੀ ਦੇ ਦੇਵਾਂਗੇ।

ਜਿਸ ਵਕਤ ਮਹਾਰਾਜ ਬਾਹਰ ਨਿਕਲਦੇ ਨੇ ਸ਼ਾਮ ਹੋਈ-ਹੋਈ ਹੈ। ਉਨ੍ਹਾਂ ਨੇ ਘੇਰਨਾ ਹੀ ਸੀ ਕਿ ਕੋਈ ਪੀਰ ਫਕੀਰ ਕੋਈ ਲੰਘ ਨਾ ਜਾਵੇ। ਉਥੇ ਕਹਿਣ ਲੱਗੇ ਕਿ ਗਵਾਹੀ ਦਿਓ। ਉਨ੍ਹਾਂ ਨੇ ਕਿਹਾ ਕਿ ਸੱਯਦ ਸਾਹਿਬ ਇਥੇ ਆਏ ਹੋਏ ਨੇ ਮੋਠੋਮਾਜਰੀ ਉਨ੍ਹਾਂ ਦੀ ਗਵਾਹੀ ਹੋ ਜਾਏਗੀ। ਅਨਾਇਤ ਅਲੀ ਜੀ ਨੇ ਤੇ ਫੌਜ ਵਿਚ ਹੀ ਠਹਿਰੇ ਹੋਏ ਨੇ। ਘੋੜ ਸਵਾਰ ਭੇਜਿਆ। ਉਨ੍ਹਾਂ ਨੇ ਕਿਹਾ ਕਿ ਦੇਖੋ, ਮੈਂ ਤਾਂ ਨਮਾਜ਼ ਪੜ੍ਹਨੀ ਹੈ ਅਜੇ, ਉਨ੍ਹਾਂ ਨੂੰ ਕੁੱਛ ਨਾ ਕਹਿਓ, ਇੱਜ਼ਤ ਰੱਖਿਓ, ਉਹ ਸਰਬ ਕਲਾ ਸਮਰੱਥ ਨੇ, ਉਹ ਸਭ ਕੁਛ ਕਰ ਸਕਦੇ ਨੇ ਜੇ ਉਹ ਚਾਹੁੰਣ। ਮੈਂ ਸਵੇਰ ਦੀ ਨਮਾਜ਼ ਪੜ੍ਹ ਕੇ ਹੌਲੀ ਆਉਂਗਾ, ਕੁਛ ਤਾਂ ਮੇਰਾ ਸਰੀਰ ਬੁੱਢਾ ਹੈ, ਇਕ ਸਰਦੀ ਹੈ। ਸਵੇਰ ਤੱਕ ਤਿੰਨ ਸੱਯਦ, ਇਕ ਮੌਲਵੀ ਆ ਗਿਆ ਜਿਹਨੇ ਗੁਰੂ ਮਹਾਰਾਜ ਨੂੰ ਪੜ੍ਹਾਇਆ ਸੀ, ਇਨ੍ਹਾਂ ਪੰਜਾਂ ਨੇ ਗਵਾਹੀ ਦਿਤੀ ਕਿ ਇਹ ਤਾਂ ਉੱਚ ਦੇ ਪੀਰ ਨੇ। ਉਹ ਸਮਾਂ ਸੀ ਸਾਧਸੰਗਤ ਜੀ! ਜਿਸ ਵਕਤ ਮਿੱਤਰ ਦੀ ਪਰਖ ਹੁੰਦੀ ਹੈ।

ਇਥੇ ਹੀ ਨਹੀਂ ਜਦੋਂ ਰਾਏ ਕੱਲੇ ਦੇ ਕੋਲ ਪਹੁੰਚਦੇ ਨੇ, ਰਾਏ ਕੱਲਾ ਹਾਕਮ ਸੀ ਮੁਸਲਮਾਨ। ਉਹਨੂੰ ਨਵਾਬ ਸਰਹੰਦ ਦੀ ਚਿੱਠੀ ਆਉਂਦੀ ਹੈ ਕਿ ਰਾਏ ਜੀ! ਹੱਛਾ ਹੋ ਗਿਆ ਕਿ ਗੁਰੂ ਗੋਬਿੰਦ ਸਿੰਘ ਤੁਹਾਡੇ ਕੋਲ ਆ ਗਏ, ਤੁਸੀਂ ਇਨ੍ਹਾਂ ਨੂੰ ਜਾਣ ਨਾ ਦੇਣਾ, ਅਸੀਂ ਫੌਜਾਂ ਭੇਜ ਕੇ ਮੰਗਾ ਲੈਂਦੇ ਹਾਂ, ਫੜ ਲੈਂਦੇ ਹਾਂ, ਤੁਹਾਨੂੰ ਵੀ ਇਨਾਮ ਮਿਲੇਗਾ, ਸਾਨੂੰ ਵੀ ਮਿਲੇਗਾ।

ਰਾਏ ਕੱਲੇ ਨੇ ਕਿਹਾ ਕਿ ਨਵਾਬ ਸਾਹਿਬ! ਮੇਰੇ ਪੀਰ ਨੇ, ਮੇਰੀ ਰਿਆਇਆ ਦੇ ਪੀਰ ਨੇ, ਪੀਰਾਂ ਵਾਸਤੇ ਜਿਵੇਂ ਮੁਰੀਦ ਕੱਟ ਕੇ ਮਰ ਜਾਂਦੇ ਨੇ, ਜਦੋਂ ਤੱਕ ਸਾਡੇ ਵਿਚੋਂ ਇਕ ਵੀ ਬੰਦਾ ਜੀਉਂਦਾ ਹੈ, ਤੁਸੀਂ ਗੁਰੂ ਗੋਬਿੰਦ ਸਿੰਘ ਵਲ ਇਕ ਵੀ ਅੱਖ ਚੁੱਕ ਕੇ ਨਹੀਂ ਦੇਖ ਸਕਦੇ।

ਸੋ ਇਹ ਚੀਜ਼ਾਂ ਨੇ ਜਿਹੜੀਆਂ ਅਸੀਂ ਇਤਿਹਾਸਕ ਪੱਖ ਤੋਂ ਦੇਖ ਨਹੀਂ ਰਹੇ। ਸੋ ਇਸ ਤਰ੍ਹਾਂ ਚਲਦੇ-ਚਲਦੇ ਜਦੋਂ ਗੁਰੂ ਮਹਾਰਾਜ ਜਦੋਂ ਲੰਮਾ ਗ੍ਰਾਮ ਪਹੁੰਚੇ, ਉਥੇ ਰਾਏ ਕੱਲੇ ਨੂੰ ਪਤਾ ਲੱਗਿਆ, ਹੋਰਾਂ ਨੂੰ

ਪਤਾ ਲੱਗਿਆ ਤੇ ਗੱਲਬਾਤ ਚੱਲੀ ਤਾਂ ਮਹਾਰਾਜ ਕਹਿਣ ਲੱਗੇ ਕਿ ਵੱਡੇ ਸਾਹਿਬਜ਼ਾਦੇ ਤਾਂ ਸਾਡੇ ਨੇਤਰਾਂ ਦੇ ਸਾਮ੍ਹਣੇ ਸ਼ਹਾਦਤ ਪਾ ਗਏ, ਛੋਟਿਆਂ ਦਾ ਹਾਲੇ ਪਤਾ ਨਹੀਂ ਹੈ ਕਿ ਉਹ ਕਿੱਥੇ ਨੇ? ਕੋਈ ਬੰਦਾ ਭੇਜੋ ਸਰਹੰਦ ਜਿਹੜਾ ਜਾ ਕੇ ਪਤਾ ਕਰੇ। ਸਰਹੰਦ ਸੌ ਕਿਲੋਮੀਟਰ ਦਾ ਰਾਹ ਸੀ। 40 ਕੋਹ ਤੇ ਸੀ। ਉਸ ਵੇਲੇ ਮਾਹੀ ਨੂੰ ਮੰਗਾਇਆ ਕਿ ਇਹ ਬੜਾ ਸਿਆਣਾ ਹੈ ਇਹ ਜਾ ਕੇ ਸਾਰੀ ਖਬਰ ਲੈ ਕੇ ਆਏਗਾ। ਗੁਰੂ ਮਹਾਰਾਜ ਕਹਿਣ ਲੱਗੇ, ਮਾਹੀ, ਅੱਜ ਹੀ ਮੁੜ ਆਉਣਾ ਹੈ। ਸਾਰੇ ਹੈਰਾਨ ਹੋ ਗਏ ਕਿ ਸੌ ਕਿਲੋਮੀਟਰ ਆਉਣਾ ਹੈ, ਤੇ ਸੌ ਕਿਲੋਮੀਟਰ ਜਾਣਾ ਹੈ। ਫੇਰ ਉਥੇ ਪੁੱਛ ਪੜਤਾਲ ਕਰਨੀ। ਲੇਕਿਨ ਚੁੱਪ ਕਰ ਰਹੇ ਸਾਰੇ। ਮਹਾਰਾਜ ਕਹਿਣ ਲੱਗੇ, ਜਾਹ ਤੈਨੂੰ ਕੋਈ ਨਹੀਂ ਦੇਖੇਗਾ। ਜਿਥੇ ਤੇਰਾ ਜੀਅ ਕਰਦਾ ਹੈ ਤੂੰ ਕਚਹਿਰੀ 'ਚ ਵੜ ਜਾਈ, ਜਿਥੇ ਤੇਰਾ ਜੀਅ ਕਰਦਾ ਹੈ ਤੂੰ ਗੱਲ ਸੁਣ ਆਈਂ। ਸਾਰੀ ਗੱਲ ਪੂਰੀ ਦੀ ਪੂਰੀ ਮੈਨੂੰ ਆ ਕੇ ਦੱਸੀਂ ਕਿ ਸਾਹਿਬਜ਼ਾਦੇ ਕਿੱਥੇ ਨੇ ਤੇ ਮਾਤਾ ਜੀ ਕਿੱਥੇ ਨੇ?

ਉਹ ਗਿਆ ਤਾਂ ਮਹਾਰਾਜ ਜੀ 12 ਵਜੇ ਹੀ ਕਹਿਣ ਲੱਗ ਗਏ ਕਿ ਆਇਆ ਨਹੀਂ ਮਾਹੀ। ਕਹਿਣ ਲੱਗੇ, ਸੱਚੇ ਪਾਤਸਾਹ! ਉਹ ਤਾਂ ਸਵੇਰੇ ਗਿਆ ਹੈ, ਸੌ ਕਿਲੋਮੀਟਰ ਉਹਨੇ ਜਾਣਾ ਹੈ, ਫੇਰ ਉਥੇ ਪੁੱਛ-ਪੜਤਾਲ ਕਰਨੀ ਹੈ। ਕਹਿਣ ਲੱਗੇ, ਉਤੇ ਦੇਖੋ ਤਾਂ ਦਰਖਤ ਦੇ ਚੜ੍ਹ ਕੇ। ਓਪਰੀ ਨਿਗ੍ਹਾ ਨਾਲ ਉਨ੍ਹਾਂ ਨੇ ਦੇਖਿਆ ਕਿ ਉਹ ਤਾਂ ਹਾਲੇ ਪਹੁੰਚਿਆ ਵੀ ਨਹੀਂ ਹੋਣਾ। ਦੋ ਵਜੇ ਮਹਾਰਾਜ ਨੇ ਫੇਰ ਕਿਹਾ ਕਿ ਦੇਖੋ ਤਾਂ ਮਾਹੀ ਆਉਂਦਾ ਹੈ ਕਿ ਨਹੀਂ? ਜਦੋਂ ਦੋ ਵੱਜੇ ਤਾਂ ਹੈਰਾਨ ਹੁੰਦੇ ਨੇ ਉਡਿਆ ਆ ਰਿਹਾ ਹੈ, ਇਹ ਤਾਂ ਕੌਤਕ ਸੀ ਉਨ੍ਹਾਂ ਦਾ ਸਾਰਾ। ਆ ਕੇ ਉਹ ਗੱਲ ਨਹੀਂ ਕਰਦਾ, ਉਚੀ-ਉਚੀ ਰੋਈ ਜਾਂਦਾ ਹੈ। ਜਿੰਨੇ ਬੈਠੇ ਸੀ ਸਾਰਿਆਂ ਦੇ ਨੇਤਰਾਂ 'ਚੋਂ ਜਲ ਜਾਣਾ ਸ਼ੁਰੂ ਹੋ ਗਿਆ ਕਿ ਕੋਈ ਮਾੜੀ ਖਬਰ ਹੋਣੀ ਹੈ।

ਉਸ ਵੇਲੇ ਮਹਾਰਾਜ ਨੇ ਕਿਹਾ ਕਿ ਮਾਹੀ ਜੋ ਕੁੱਛ ਤੂੰ ਦੇਖ ਕੇ ਆਇਆ ਹੈਂ, ਜੋ ਸੁਣ ਕੇ ਆਇਆ ਹੈ ਉਹ ਦੱਸ ਸਾਰਿਆਂ ਨੂੰ। ਸੰਗਤ ਬੈਠੀ ਹੈ ਸਾਰੀ।

ਉਸ ਵੇਲੇ ਮਹਾਰਾਜ ਪਲੰਘ ਤੇ ਬੈਠੇ ਨੇ, ਛੋਟੀ ਕਰਦ ਕੱਢੀ ਹੋਈ ਹੈ ਹੱਥ ਵਿਚ, ਉਥੇ ਕਾਂਹੀ ਦਾ ਬੂਟਾ ਹੈ, ਉਹਦੇ ਆਲੇ ਦੁਆਲੇ ਮਿੱਟੀ 'ਚ ਕਰਦ ਫੇਰ ਰਹੇ ਨੇ, ਨਾਲੇ ਬਚਨ ਸੁਣੀ ਜਾਂਦੇ ਨੇ।

ਕਹਿਣ ਲੱਗਿਆ ਮਾਹੀ ਕਿ ਪਾਤਸ਼ਾਹ! ਮੇਰੇ ਤੋਂ ਦੱਸ ਨਹੀਂ ਹੋਣਾ, ਮੈਨੂੰ ਪਹਿਲਾਂ ਤਾਕਤ ਦਿਓ ਪਹਿਲਾਂ, ਮੇਰਾ ਰੋਣਾ ਥੰਮ ਜਾਏ ਤੇ ਮੈਂ ਤੁਹਾਨੂੰ ਦੱਸਾਂ।

ਮਹਾਰਾਜ ਕਹਿੰਦੇ ਕੋਈ ਨਾ, ਹੌਂਸਲਾ ਕਰ, ਦੱਸ ਸਾਨੂੰ। ਕਹਿਣ ਲੱਗਿਆ ਸੱਚੇ ਪਾਤਸ਼ਾਹ! ਜਿਹੜਾ ਤੁਹਾਡਾ ਰਸੋਈਆ ਸੀ ਗੰਗੂ, ਉਹ ਲਾਲਚੀ ਹੋ ਗਿਆ, ਲਾਲਚੀ ਹੋਏ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰਾ ਦਿਤਾ। ਠੰਢੇ ਬੁਰਜ ਦੇ ਵਿਚ ਰੱਖ ਦਿਤੇ ਨਾ ਕੋਈ ਕੱਪੜਾ, ਮਾਤਾ ਦੇ ਗੋਦ ਵਿਚ ਦੋਵੇਂ ਸਾਹਿਬਜ਼ਾਦੇ ਪਏ ਨੇ। ਨਿੱਘ ਕੋਈ ਨਹੀਂ ਸੀ। ਸਵੇਰੇ ਮਹਾਰਾਜ ਜੀ ਉਨ੍ਹਾਂ ਦੀ ਪੇਸ਼ੀ ਹੋ ਗਈ ਸ਼ੁਰੂ। ਮਾਤਾ ਨੇ ਕਿਹਾ ਕਿ ਦੇਖਿਓ ਬੇਟਾ, ਡਰਨਾ ਨਹੀਂ ਹੈ ਕਿਸੇ ਗੱਲ ਤੋਂ। ਤੁਸੀਂ ਗੁਰੂ ਦੀ ਬਾਣੀ ਪੜ੍ਹੀ ਹੈ, ਤੁਸੀਂ ਸਰੀਰ ਨਹੀਂ ਹੋ, ਆਤਮਾ ਹੋ ਇਸ ਗੱਲ ਨੂੰ ਨਹੀਂ ਭੁੱਲਣਾ।

ਉਸ ਵਕਤ ਜਿਸ ਵਕਤ ਕਚਹਿਰੀ ਵਿਚ ਜਾਂਦੇ ਨੇ ਉਥੇ ਰੂਲ ਸੀ ਕਿ ਸੱਤ ਸਲਾਮਾਂ ਕਰਨੀਆਂ ਨੇ। ਆਪ ਨੇ ਜਾਂਦਿਆਂ ਨੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।' ਦੋਹਾਂ ਨੇ ਗੱਜਵੱਜ ਕੇ ਬੁਲਾਈ। ਉਸ ਵੇਲੇ ਜਦੋਂ ਬਚਨ ਹੋਣੇ ਸ਼ੁਰੂ ਹੋਏ ਤਾਂ ਉਹ ਜਵਾਬਦੇਹ ਨੇ। ਜਿਹੜਾ ਸੁੱਚਾ ਨੰਦ ਸੀ, ਕਹਿੰਦਾ ਨਵਾਬ ਸਾਹਿਬ ਦੇਖੋ, ਆਹ ਬੱਚੇ ਕਿੰਨੇ ਨਿਧੜਕ ਨੇ, ਭੋਰਾ ਜਿੰਨਾ ਤਾਂ ਡਰ ਮੰਨਣ ਕਚਹਿਰੀ ਦਾ, ਤੁਸੀਂ ਬੈਠੇ ਓਂ, ਸਾਰੇ ਜਰਨੈਲ ਬੈਠੇ ਨੇ, ਆਰਮੀ ਦੇ ਵੱਡੇ-ਵੱਡੇ ਆਫੀਸਰ ਬੈਠੇ ਨੇ, ਇਹ ਭੋਰਾ ਜਿੰਨਾ ਵੀ ਨਹੀਂ ਡਰਦੇ।

ਕਹਿਣ ਲੱਗੇ, ਕਿ ਬੱਚਿਓ! ਤੁਸੀਂ ਡਰਦੇ ਕਿਉਂ ਨਹੀਂ ਹੋ? ਸਾਹਿਬਜ਼ਾਦਿਆਂ ਨੇ ਕਿਹਾ ਕਿ ਨਵਾਬ ਸਾਹਿਬ! ਡਰਦਾ ਕੌਣ ਹੁੰਦਾ ਹੈ ਪਹਿਲਾਂ ਇਹ ਦੇਖੋ। ਸਾਰੇ ਵਾਹਿਗੁਰੂ ਪਰੀਪੂਰਨ ਹੈ, ਸਾਡੇ ਨਾਲ ਹੈ, ਅੰਗ ਸੰਗ ਹੈ, ਜਦੋਂ ਵਾਹਿਗੁਰੂ ਸਾਡੇ ਅੰਗ ਸੰਗ ਹੈ ਫੇਰ ਸਾਨੂੰ ਡਰਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਡਰਦੇ ਉਹ ਹੁੰਦੇ ਨੇ ਜਿਹੜੇ ਵਾਹਿਗੁਰੂ ਨਾਲੋਂ ਟੁੱਟੇ ਹੁੰਦੇ ਨੇ।

***ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਮੇਰੀ ਜਿੰਦੁੜੀਏ***
***ਸੋ ਡਰੈ ਜਿਨਿ ਪਾਪ ਕਮਤੇ ਰਾਮ ॥***
***ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ***
***ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ ॥***
***ਅੰਗ - ੫੪੦***

ਡਰਨਾ ਤਾਂ ਤੁਹਾਨੂੰ ਚਾਹੀਦਾ ਹੈ ਜਿਨ੍ਹਾਂ ਨੇ ਪਾਪ ਕਮਾਏ ਨੇ। ਦੋਜਕ ਤਿਆਰ ਹੈ ਤੁਹਾਡੇ ਵਾਸਤੇ, ਤੁਹਾਨੂੰ ਡਰਨਾ ਚਾਹੀਦਾ ਹੈ। ਉਸ ਵੇਲੇ ਕਾਜ਼ੀ ਕਹਿਣ ਲੱਗਿਆ, ਦੇਖੋ ਬੱਚਿਓ! ਤੁਸੀਂ ਦੀਨ ਵਿਚ ਆਓ, ਕਹਿਣ ਲੱਗੇ ਕਿਹੜੇ ਵਿਚ? ਤੁਸੀਂ ਸਾਨੂੰ ਦੱਸ ਦਿਓ ਕਿਹੜੇ ਵਿਚ ਆਉਣਾ ਹੈ?

ਕਹਿਣ ਲੱਗੇ, ਸਾਡੇ ਦੀਨ ਵਿਚ ਆਓ ਅਸੀਂ ਇਸਲਾਮ ਵਾਲੇ ਹਾਂ, ਕਹਿਣ ਲੱਗੇ ਕਾਫਰਾਂ ਦੇ ਦੀਨ ਵਿਚ ਆਈਏ? ਤੁਸੀਂ ਤਾਂ ਕੁਰਾਨ ਸ਼ਰੀਫ ਦੀਆਂ ਧੱਜੀਆਂ ਉਡਾ ਦਿਤੀਆਂ। ਕੁਰਾਨ ਸ਼ਰੀਫ ਦੇ ਨਾਲ ਚਿੱਠੀ ਬੰਨ੍ਹ ਕੇ ਮੇਰੇ ਪਿਤਾ ਜੀ ਨਾਲ ਭੇਜੀ, ਮੇਰੇ ਪਿਤਾ

ਜੀ ਨੇ ਉਹਦੀ ਲਾਜ ਰੱਖੀ, ਉਹਨੂੰ ਨੀਵਾਂ ਨਹੀਂ ਪੈਣ ਦਿਤਾ ਤੇ ਤਾਂ ਕੁਰਾਨ ਸ਼ਰੀਫ ਦੀਆਂ ਧੱਜੀਆਂ ਉਡਾ ਕੇ ਉਸੇ ਵੇਲੇ ਹਮਲਾ ਕਰ ਦਿਤਾ। ਤੁਸੀਂ ਮੋਮਨ ਹੋਂ ਕਿ ਕਾਫਰ ਹੋਂ? ਤੁਹਾਨੂੰ ਸ਼ਰ੍ਹਾ ਮੰਨਣੀ ਚਾਹੀਦੀ ਹੈ, ਤੁਸੀਂ ਸ਼ਰ੍ਹਾ ਨੂੰ ਨਹੀਂ ਮੰਨਦੇ। ਤੁਸੀਂ ਰੋਜ਼ੇ ਰਖਦੇ ਹੋਂ, ਸਾਡੇ ਗੁਰੂ ਸਾਹਿਬ ਨੇ ਕਿਹਾ ਹੈ 'ਅਲਪ ਅਹਾਰ ਸੁਲਪ ਸੀ ਨਿੰਦਰਾ ਦਇਆ ਛਿਮਾ ਤਨ ਪ੍ਰੀਤ।' ਹਰ ਰੋਜ਼ ਸਾਡੇ ਰੋਜ਼ੇ ਨੇ, ਹਰ ਵਕਤ ਸਾਡੀ ਨਮਾਜ਼ ਹੈ, ਅਸੀਂ ਇਕ ਸਕਿੰਟ ਵਾਸਤੇ ਵੀ ਵਾਹਿਗੁਰੂ ਨੂੰ ਨਹੀਂ ਭੁੱਲਦੇ। ਤੁਸੀਂ ਪੰਜ ਵਾਰੀ ਯਾਦ ਕਰਦੇ ਓਂ। ਅਸੀਂ ਤਾਂ ਹਰ ਵਕਤ ਹੀ ਪ੍ਰਮੇਸ਼ਰ ਦੇ ਨਾਲ ਜੁੜੇ ਰਹਿੰਦੇ ਹਾਂ। ਅਸੀਂ ਕਿਸੇ ਨਾਲ ਕੋਈ ਵੈਰ ਨਹੀਂ ਕਰਦੇ, ਕਿਸੇ ਦਾ ਬੁਰਾ ਨਹੀਂ ਕਰਦੇ। ਏਸ ਦੀਨ ਵਿਚ ਲਿਆਉਣਾ ਚਾਹੁੰਦੇ ਓਂ ਸਾਨੂੰ ਤੁਸੀਂ? ਇਹ ਤਾਂ ਕਾਫਰਾਂ ਦਾ ਹੈ। ਕਹਿਣ ਲੱਗੇ, ਦੇਖੋ ਬੱਚਿਓ! ਇਹ ਗੱਲਾਂ ਛੱਡੋ ਤੁਸੀਂ, ਇਹ ਤੁਹਾਡੇ ਕਰਨ ਵਾਲੀਆਂ ਨਹੀਂ ਹਨ। ਦੇਖੋ, ਅਸੀਂ ਤੁਹਾਨੂੰ ਘਰ ਬਣਾ ਕੇ ਦੇਵਾਂਗੇ, ਕੋਠੀਆਂ ਬਣਾ ਕੇ ਦੇਵਾਂਗੇ, ਤੁਹਾਨੂੰ ਪੀਰਾਂ ਵਾਂਗੂ ਮੰਨਾਂਗੇ, ਬੇਅੰਤ ਧਨ ਦੇਵਾਂਗੇ, ਦੌਲਤ ਦੇਵਾਂਗੇ। ਕਹਿਣ ਲੱਗੇ, ਨਵਾਬ ਸਾਹਿਬ! ਇਨ੍ਹਾਂ ਦੌਲਤਾਂ ਨੂੰ ਕੋਈ ਮਾਣ ਸਕਿਆ ਹੈ ਅੱਜ ਤੱਕ, ਇਥੇ ਜੀਵ ਆਇਆ ਹੈ, ਉਹਨੇ ਆਪਣੇ ਭਾਗਾਂ ਦੇ ਮੁਤਾਬਿਕ ਭੋਗ ਕੇ ਉਸ ਤੋਂ ਬਾਅਦ ਸੰਸਾਰ ਤੋਂ ਜਾਣਾ ਪੈਂਦਾ ਹੈ। ਜਾਂਦਾ ਹੋਇਆ ਕੋਈ ਨਹੀਂ ਲੈ ਕੇ ਜਾਂਦਾ। ਤੁਹਾਡਾ ਜਿਹੜਾ ਵੱਡਾ ਬਾਦਸ਼ਾਹ ਸੀ, ਮਹਿਮੂਦ ਗਜਨਵੀ। ਉਹ ਜਦੋਂ ਜਾਣ ਲੱਗਿਆ ਸਿਰ ਦਾ ਅਟੈਕ ਹੋ ਗਿਆ ਉਸਨੂੰ, ਪਤਾ ਲੱਗ ਗਿਆ ਕਿ ਹੁਣ ਨਹੀਂ ਮੈਂ ਬਚਦਾ, ਉਹਨੇ ਪਹੀਆਂ ਵਾਲੀ ਕੁਰਸੀ ਮੰਗਾ ਕੇ ਹੁਕਮ ਕਰ ਦਿਤਾ ਕਿ ਜਿੰਨੀਆਂ ਲੁੱਟਾਂ ਮੈਂ ਲੁੱਟੀਆਂ ਨੇ ਲਾਈਨਾਂ ਲਾ ਦਿਓ, ਲਾਇਨਾਂ ਲਾ ਦਿਤੀਆਂ। ਰੋਂਦਾ ਜਾ ਰਿਹਾ ਹੈ, ਕਿ ਆਹ ਮੈਂ ਸੋਮਨਾਥ ਦੇ ਮੰਦਰ 'ਚੋ ਲਿਆਂਦਾ ਸੀ, ਆਹ ਫਲਾਣੇ ਥਾਉਂ ਤੋਂ ਲਿਆਇਆ, ਐਨੇ ਬੰਦੇ ਮਾਰੇ, ਰੋ ਰਿਹਾ ਹੈ ਰਿਹਾ ਹੈ ਉਸ ਵੇਲੇ ਬਹੁਤ। ਜਦੋਂ ਘੁੰਮ ਆਇਆ। ਕਹਿਣ ਲੱਗਿਆ ਇਕ ਗੱਲ ਕਰ ਦਿਓ ਮੇਰੇ ਜਨਾਜੇ ਦੇ ਨਾਲ ਲਿਖ ਕੇ ਲਾ ਦਿਓ ਕਿ ਮਹਿਮੂਦ ਜਿਹਨੇ ਦੁਨੀਆਂ ਨੂੰ ਲੁੱਟ ਕੇ ਦੌਲਤ ਲਿਆਂਦੀ ਹੈ, ਆਹ ਦੇਖੋ ਖਾਲੀ ਹੱਥ ਜਾ ਰਿਹਾ ਹੈ, ਨੰਗੇ ਪੈਰੀਂ ਜਾ ਰਿਹਾ ਹੈ।

ਸੋ ਤੁਹਾਡੀ ਦਿਤੀ ਹੋਈ ਦੌਲਤ ਸਾਡੇ ਨਾਲ ਨਿਭ ਜਾਏਗੀ?

***ਕਬੀਰ ਇਹੁ ਤਨੁ ਜਾਇਗਾ***
***ਸਕਹੁ ਤ ਲੇਹੁ ਬਹੋਰਿ॥***
***ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥***
***ਅੰਗ - ੧੩੬੫***

ਧਨ ਦਾ ਲਾਲਚ ਦਿੰਦੇ ਓਂ ਸਾਨੂੰ? ਇਹ ਤਾਂ ਇਕ ਵਾਰੀ ਹੋਇਐ ਦੂਜੀ ਵਾਰੀ ਦਿਸਦਾ ਨਹੀਂ ਹੈ। ਧਰਮ ਜਿਹੜਾ ਹੈ ਉਹ ਨਾਲ ਜਾਂਦਾ ਹੈ। ਫੇਰ ਸਾਨੂੰ ਪਤਾ ਹੈ ਕਿ ਤੁਸੀਂ ਸ਼ਰਾ ਵਾਲੇ ਨਹੀਂ ਹੋ, ਤੁਸੀਂ ਦੀਨ ਵਾਲੇ ਨਹੀਂ ਹੋਂ, ਤੁਸੀਂ ਕਾਫਲ ਹੋ। ਤੁਹਾਡੇ ਰੋਜ਼ੇ ਵੀ ਗਲਤ, ਤੁਹਾਡੀਆਂ ਨਮਾਜ਼ਾਂ ਵੀ ਗਲਤ, ਮਨ ਤੁਹਾਡੇ ਕਿਤੇ ਫਿਰਦੇ ਨੇ ਪਾਪ ਕਮਾਉਂਦੇ ਹੋਂ।

ਵਾਹਿਗੁਰੂ ਜੀ ਨੂੰ ਤਾਂ ਅਸੀਂ ਹਰ ਥਾਂ ਪਰੀਪੂਰਨ ਦੇਖਦੇ ਹਾਂ -

***ਸੋ ਅੰਤਰਿ ਸੋ ਬਾਹਰਿ ਅਨੰਤ ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ ॥***
***ਅੰਗ - ੨੯੩***

ਸੋ ਇਸ ਤਰ੍ਹਾਂ ਦੇ ਬਚਨ ਕਰ ਰਹੇ ਨੇ। ਹੋਰ ਵੀ ਸਾਰੇ ਵਾਰੀ-ਵਾਰੀ ਬੋਲੀ ਜਾਂਦੇ ਨੇ। ਉਹ ਕਹਿਣ ਲੱਗੇ, ਕਿ ਦੇਖੋ ਸਾਡੇ ਵਾਸਤੇ ਮਨੁੱਖ ਇਕ ਹੈ, ਤਰੀਕੇ ਅੱਡ-ਅੱਡ ਨੇ।

***ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,***
***ਕੋਈ ਬ੍ਰਹਮਚਾਰੀ ਕੋਊ ਜਤੀਅਨੁ ਮਾਨਬੋ॥***
***ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ,***
***ਮਾਨਸ ਕੀ ਜੋਤ ਸਬੈ ਏਕੈ ਪਹਚਾਨਬੋ॥***
***ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,***
***ਦੂਸਰੋ ਨ ਭੇਦ ਕੋਈ ਭੂਲ ਭਰਮ ਮਾਨਬੋ,***
***ਏਕ ਹੀ ਕੀ ਸੇਵਾ ਸਭ ਹੀ ਕੋ ਗੁਰਦੇਵ ਏਕ,***
***ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥***
***ਅਕਾਲ ਉਸਤਤਿ***

ਇਕੋ ਜੋਤ ਹੈ ਸਾਰਿਆਂ ਦੇ ਅੰਦਰ ਇਹ ਤਾਂ ਨਾਉਂ ਪਏ ਹੋਏ ਨੇ।

ਸੋ ਕਹਿਣ ਲੱਗੇ, ਚਾਹੇ ਨਮਾਜ਼ ਪੜ੍ਹ ਲਓ, ਪੂਜਾ ਕਰ ਲਓ, ਸਾਰੀ ਵਾਹਿਗੁਰੂ ਨਾਲ ਤਾਂ ਕੀਤੀ ਜਾਂਦੀ ਹੈ। ਇਹਦੇ ਵਿਚ ਤੁਹਾਡਾ ਧਰਮ ਕਿੱਥੋਂ ਆ ਗਿਆ ਵੱਡਾ। ਸਾਰੇ ਆਪਣੀ-ਆਪਣੀ ਭਾਵਨਾ ਦੇ ਨਾਲ ਕਰਦੇ ਨੇ।

ਕਹਿਣ ਲੱਗੇ ਕਿ ਇਹ ਕਾਹਦੀ ਵੰਡ ਹੈ? ਸਾਰੇ ਵਾਹਿਗੁਰੂ ਨੂੰ ਪਿਆਰ ਕਰਦੇ ਨੇ। ਅਸੀਂ ਵੀ ਕਰਦੇ ਹਾਂ ਤੁਸੀਂ ਵੀ ਕਰਦੇ ਓਂ। ਪਰ ਜਿਹੜਾ ਤੁਸੀਂ ਕਹਿੰਦੇ ਹੋਂ ਕਿ ਸਾਡੀ ਸ਼ਰਾ 'ਚ ਆ ਜਾਓ, ਉਹ ਤੁਹਾਡੀ ਕਾਫਰਾਂ ਦੀ ਹੈ, ਦੈਂਤਾਂ ਦੀ ਹੈ। ਇਹ ਦੇਵਤਿਆਂ ਦੀ ਨਹੀਂ ਹੈ। ਇਹਦੇ ਵਿਚ ਤੁਸੀਂ ਕਿੰਨੇ ਜ਼ੁਲਮ ਕਰਦੇ ਓਂ।

ਮਜ਼੍ਹਬ ਕੀ ਹੁੰਦਾ ਹੈ। ਦੇਖੋ! ਹਰ ਘਟ ਦੇ ਵਿਚ ਵਾਹਿਗੁਰੂ ਵਸਦਾ ਹੈ, ਅੱਲਾਹ ਵਸਦਾ ਹੈ, ਕੋਈ ਐਸਾ ਨਹੀਂ ਜਿਸ ਵਿਚ ਉਹਦਾ ਵਸਦਾ ਨਹੀਂ। ਮਜ਼੍ਹਬ ਕਹਿੰਦੇ

ਨੇ ਖੋਜ ਨੂੰ। ਹਰ ਬੰਦਾ ਖੋਜ ਕਰਦਾ ਹੈ ਕਿ ਵਾਹਿਗੁਰੂ ਤੱਕ ਕਿਵੇਂ ਪਹੁੰਚ ਜਾਈਏ। ਅਸੀਂ ਵੀ ਅੰਦਰ ਖੋਜ ਕਰਦੇ ਹਾਂ, ਵਾਹਿਗੁਰੂ ਤੱਕ ਪਹੁੰਚਣ ਵਾਸਤੇ। ਪੜਦਾ ਹੈ ਬਹੁਤ ਜ਼ਬਰਦਸਤ ਅੰਦਰ ਹਉਮੈ ਦਾ। ਹਉਮੈ ਨੇ ਵਾਹਿਗੁਰੂ ਨੂੰ ਢਕਿਆ ਹੋਇਆ। ਇਲਾਜ ਤਾਂ ਹਉਮੈ ਦਾ ਕਰਨਾ ਹੈ, ਨਾ ਕਿ ਮੁਸਲਮਾਨ ਬਣਨਾ ਹੈ, ਨਾ ਕਿ ਹਿੰਦੂ ਬਣਨਾ ਹੈ ਕਿ ਸਿੱਖ ਬਣਨਾ ਹੈ। ਉਹ ਪੜਦਾ ਜਿਹੜਾ ਹੈ ਇਹਨੂੰ ਕੱਟਣਾ ਹੈ, ਆਪੇ ਦੀ ਪਛਾਣ ਕਰਨਾ ਸਾਡਾ ਮੁੱਖ ਕਰਮ ਹੈ। ਸਤਿ ਕਰਮ ਕਰਕੇ ਸਾਧਨ ਪੱਖ ਹੈ ਇਹਦਾ। ਸਤਿ ਦੀ ਪਛਾਣ ਹੁੰਦੀ ਹੈ।

ਸਾਹਿਬਜ਼ਾਦਿਆਂ ਨੇ ਤੁਸੀਂ ਸਾਡੇ ਉਤੇ ਦੋਸ਼ ਥਾਪਦੇ ਓਂ, ਸਾਡਾ ਕਿਹੜਾ ਦੋਸ਼ ਹੈ? ਸਾਡੇ ਪਿਤਾ ਦਾ ਕੀ ਦੋਸ਼ ਹੈ? ਤੁਸੀਂ ਚੜ੍ਹ ਕੇ ਆਏ ਹੋਂ ਜਿੰਨੀ ਵਾਰੀ ਆਏ ਹੋਂ। ਉਹ ਤਾਂ ਨਹੀਂ ਨਾ ਕਿਤੇ ਗਏ।

ਏਸ ਤਰ੍ਹਾਂ ਮਾਹੀ ਨੇ ਦੱਸਿਆ ਕਿ ਸੱਚੇ ਪਾਤਸ਼ਾਹ! ਬੜੀ ਦਲੇਰੀ ਦੇ ਨਾਲ ਤਿੰਨ ਦਿਨ ਜਵਾਬ ਦਿੰਦੇ ਰਹੇ। ਸਾਰੇ ਨਿਰੁੱਤਰ ਹੋ ਗਏ। ਲੇਕਿਨ ਇਕ ਖੱਤਰੀ ਸੀਗਾ। ਝੂਠਾ ਨੰਦ ਉਹਨੇ ਕਿਹਾ ਨਵਾਬ ਸਾਹਿਬ! ਇਹ ਸੱਪਾਂ ਦੇ ਬੱਚੇ ਨੇ, ਸਪੋਲੀਏ, ਜੇ ਹੁਣੇ ਸਿਰ ਫੇਹ ਦਿਓਂਗੇ ਤਾਂ ਬੱਚ ਜਾਓਂਗੇ ਨਹੀਂ ਤਾਂ ਵੱਡੇ ਹੋ ਏ ਖੜੱਪੇ ਨਾਗ ਬਣ ਜਾਣੇ ਨੇ, ਅੱਗੇ ਹੀ ਉਨ੍ਹਾਂ ਨੇ ਕਿੰਨੀ ਬਿਪਤਾ ਪਾ ਛੱਡੀ ਹੈ।

ਕਹਿੰਦੇ, ਫੇਰ ਸਾਰੇ ਤਿਆਰ ਹੋ ਗਏ। ਨੀਵੀਆਂ ਪਾਈ ਬੈਠੇ ਸੀ। ਉਸ ਵੇਲੇ ਪੁੱਛਿਆ ਗਿਆ, ਕਹਿਣ ਲੱਗੇ ਇਹ ਗੱਲਾਂਬਾਤਾਂ ਹੋਰ ਨਹੀਂ ਅਸੀਂ ਸੁਣਨੀਆਂ ਜਾਂ ਤਾਂ ਦੀਨ-ਏ-ਇਸਲਾਮ ਨੂੰ ਕਬੂਲ ਕਰ ਲਓ ਜਾਂ ਫੇਰ ਮੌਤ ਦੀ ਸਜ਼ਾ ਮਿਲੇਗੀ ਤੁਹਾਨੂੰ। ਦੋਹਾਂ ਨੇ ਇਕ ਦੂਜੇ ਵਲ ਦੇਖਿਆ, ਫਤਹਿ ਸਿੰਘ ਨੂੰ ਕਹਿਣ ਲੱਗੇ ਜ਼ੋਰਾਵਾਰ ਸਿੰਘ ਜੀ -

***ਹਮਰੇ ਬੰਸ ਰੀਤ ਇਵ ਆਈ***
***ਸੀਸ ਦੇਤ ਪਰ ਧਰਮ ਨ ਜਾਈ।***

ਗੁਰੂ ਪੰਜਵੇਂ ਪਾਤਸ਼ਾਹ ਨੇ, ਆਪਣੇ ਦਾਦਾ ਜੀ ਗੁਰੂ ਤੇਗ ਬਹਾਦਰ ਸਾਹਿਬ ਨੇ ਸੀਸ ਤਾਂ ਦੇ ਦਿਤਾ ਪਰ ਧਰਮ ਨਹੀਂ ਛੱਡਿਆ। ਇਹ ਆਪਾਂ ਨੂੰ ਹੁਣ ਮੌਤ ਦਾ ਡਰ ਪਾਉਂਦੇ ਨੇ। ਇਨ੍ਹਾਂ ਜਵਾਬ ਦੇ ਦੇਈਏ।

***ਕਬੀਰ ਜਿਸੁ ਮਰਨੇ ਤੇ ਜਗੁ ਡਰੈ***
***ਮੇਰੈ ਮਨਿ ਆਨੰਦੁ ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥***
***ਅੰਗ - ੧੩੬੫***

ਮਾਹੀ ਕਹਿੰਦਾ ਹੈ ਕਿ ਪਾਤਸ਼ਾਹ! ਮੈਂ ਕਿਵੇਂ ਦੱਸਾਂ? ਜਿਗਰ ਫਟ ਰਿਹਾ ਹੈ ਮੇਰਾ। ਛੋਟੇ-ਛੋਟੇ ਬੱਚੇ ਸਾਰੇ ਦੇਖਣ ਵਾਲੇ, ਜਿਹੜੇ ਮੈਨੂੰ ਮਿਲੇ ਨੇ, ਕਹਿ ਰਹੇ ਸੀ ਕਿ ਐਨੇ ਭੋਲੇ ਐਨੇ ਸੁੰਦਰ ਬੱਚੇ ਕਿ ਸਾਡੀਆਂ ਤਾਂ ਰੋਂਦਿਆਂ ਦੀਆਂ ਅੱਖਾਂ ਹੀ ਨਹੀਂ ਸੁੱਕੀਆਂ। ਆਹ ਕੀ ਜ਼ੁਲਮ ਇਨ੍ਹਾਂ ਦੇ ਨਾਲ ਹੋ ਰਿਹਾ ਹੈ। ਪਾਤਸ਼ਾਹ! ਉਨ੍ਹਾਂ ਨੂੰ ਨੀਹਾਂ ਦੇ ਵਿਚ ਚਿਣਨ ਲਗ ਗਏ। ਕੰਧ ਜਦੋਂ ਉਤੇ ਗਈ ਉਹ ਫਟ ਕੇ ਗਿਰ ਗਈ, ਉਹਦੇ ਬਾਅਦ ਇਕ ਜਲਾਦ ਆਇਆ ਦਿੱਲੀ ਤੋਂ, ਨਵਾਬ ਨੇ ਕਿਹਾ ਕਿ ਇਨ੍ਹਾਂ ਨੂੰ ਜਿਹਬਾ ਕਰ ਦਿਓ, ਪਰ ਕੋਈ ਤਿਆਰ ਨਾ ਹੋਇਆ। ਉਨ੍ਹਾਂ ਜਲਾਦਾਂ ਨੇ ਦੋਹਾਂ ਨੇ, ਛਾਤੀਆਂ ਦੇ ਉਤੇ ਗੋਡੇ ਰੱਖ ਕੇ ਮਹਾਰਾਜ! ਅੱਗੇ ਮੈਂ ਨਹੀਂ ਕੁਛ ਕਹਿ ਸਕਦਾ। ਸ਼ਹੀਦ ਕਰ ਦਿਤਾ ਛੁਰੀਆਂ ਨਾਲ।

ਉਸ ਵੇਲੇ ਸਾਰੀ ਸੰਗਤ ਹਉਕੇ ਲੈ-ਲੈ ਕੇ ਰੋ ਰਹੀ ਹੈ। ਮਹਾਰਾਜ ਕਹਿਣ ਲੱਗੇ, ਦੇਖੋ ਇਹ ਅਫਸੋਸ ਦਾ ਨਹੀਂ ਖੁਸ਼ੀ ਮਨਾਉਣ ਦਾ ਕੰਮ ਹੈ ਕਿ ਉਨ੍ਹਾਂ ਨੇ ਧਰਮ ਰੱਖ ਕੇ ਦਿਖਾ ਦਿਤਾ।

ਪਰ ਮਾਹੀਂ ਐਉਂ ਦੱਸ ਮਾਤਾ ਜੀ ਨਾਲ ਕੀ ਬਣਿਆ? ਕਹਿਣ ਲੱਗੇ, ਜਦੋਂ ਮਾਤਾ ਜੀ ਨੂੰ ਖਬਰ ਹੋਈ, ਉਹ ਉਸੇ ਵੇਲੇ ਅਰਦਾਸ ਵਿਚ ਚਲੇ ਗਏ, ਅਰਦਾਸ ਕਰੀ, ਚੌਂਕੜਾ ਮਾਰ ਲਿਆ। ਉਸ ਤੋਂ ਬਾਅਦ ਸ੍ਵਾਸ ਦਸਵੇਂ ਦੁਆਰ 'ਚ ਖਿੱਚ ਕੇ ਬ੍ਰਹਮ ਰੁੰਦਰ ਨੂੰ ਤੋੜ ਕੇ, ਗੁਰਮੁਖਾਂ ਵਾਂਗੂੰ ਸਰੀਰ ਛੱਡ ਦਿਤਾ। ਉਸ ਵੇਲੇ ਮਹਾਰਾਜ, ਟੋਡਰ ਮੱਲ ਨੇ ਮਹਾਰਾਜ ਮੋਹਰਾਂ ਦੇ ਕੇ ਥਾਂ ਖਰੀਦਿਆ ਤੇ ਉਥੇ ਸਸਕਾਰ ਕਰ ਦਿਤਾ ਬੱਚਿਆਂ ਦਾ।

ਉਸ ਵੇਲੇ ਗੁਰੂ ਮਹਾਰਾਜ ਜਿਸ ਬੂਟੇ ਦੇ ਦੁਆਲੇ ਛੋਟੀ ਕਿਰਪਾਨ ਨਾਲ ਮਿੱਟੀ ਵਿਚ ਫੇਰੀ ਜਾਂਦੀ ਸੀ, ਉਨ੍ਹਾਂ ਪੁੱਟ ਦਿਤਾ। ਕਹਿੰਦੇ, ਲਓ ਸਾਧਸੰਗਤ ਜੀ! ਮੁਗਲ ਰਾਜ ਦੀ ਜੜ੍ਹ ਪੁੱਟੀ ਗਈ। ਖਤਮ ਹੋ ਜਾਏਗਾ, ਥੋੜ੍ਹੇ ਦਿਨ ਨੇ। ਉਸ ਵੇਲੇ ਮਹਾਰਾਜ ਜੀ ਨੇ ਕਿਹਾ ਕਿ ਮਾਂਹੀ! ਸਾਰੀ ਕਚਹਿਰੀ ਵਿਚ ਕੋਈ ਬੰਦਾ ਨਹੀਂ ਸੀਗਾ, ਜਿਹਨੇ ਹਾਅ ਦਾ ਨਾਅਰਾ ਮਾਰਿਆ ਹੋਵੇ। ਕਹਿਣ ਲੱਗਿਆ, ਮਹਾਰਾਜ! ਮੈਂ ਦੱਸਣਾ ਭੁੱਲ ਗਿਆ। ਜਦੋਂ ਸਜ਼ਾ ਸੁਣਾਈ ਸੀ ਉਸ ਵੇਲੇ ਮਲੇਰ ਕੋਟਲੇ ਦਾ ਨਵਾਬ ਖੜ੍ਹਾ ਹੋਇਆ, ਉਹਨੇ ਸਵਾਲ ਕਰਿਆ ਕਿ ਦੱਸੋ, ਕਿਹੜੀ ਸ਼ਰਾ ਦੇ ਮੁਤਾਬਿਕ ਤੁਸੀਂ ਬੱਚਿਆਂ ਦੇ ਉਪਰ ਦੋਸ਼ ਲਾ ਰਹੇ ਓਂ, ਇਨ੍ਹਾਂ ਬੱਚਿਆਂ ਦਾ ਕਸੂਰ ਕੀ ਹੈ? ਤੁਹਾਡੇ ਬੱਚਿਆਂ ਵਰਗੇ ਨਹੀਂ ਹਨ ਇਹ? ਇਹ ਬਿਲਕੁਲ ਗਲਤ ਹੋ ਰਿਹਾ ਹੈ, ਕਚਹਿਰੀ ਵਿਚ, ਮੈਂ ਤੁਹਾਡੇ ਇਕ ਅੱਖਰ ਦੇ ਨਾਲ ਸਹਿਮਤ ਨਹੀਂ ਹੈਗਾ। ਮਹਾਰਾਜ ਫੇਰ ਉਹ ਆਪਣੇ ਸਾਰੇ ਬੰਦੇ ਲੈ ਕੇ, ਨਵਾਬ ਦੇ ਕਹਿਣ ਦੇ ਬਾਵਜੂਦ ਵੀ ਕਿ ਨਵਾਬ ਸਾਹਿਬ! ਬੈਠੋ-ਬੈਠੋ ਵਿਚਾਰ ਕਰ ਲੈਨੇ ਹਾਂ, ਉਹਨੇ ਕਿਹਾ ਕਿ ਐਹੋ ਜਿਹੀ ਦੁਸ਼ਟ ਸਭਾ

ਦੇ ਵਿਚ ਮੈਂ ਬੈਠਣ ਲਈ ਤਿਆਰ ਨਹੀਂ। ਕਹਿਣ ਲੱਗੇ, ਤੇਰਾ ਤਾਂ ਭਰਾ ਮਾਰਿਆ ਹੈ ਗੁਰੂ ਗੋਬਿੰਦ ਸਿੰਘ ਨੇ? ਤਾਂ ਉਸ ਨੇ ਕਿ ਗੁਰੂ ਗੋਬਿੰਦ ਸਿੰਘ ਤੋਂ ਬਦਲਾ ਲਵਾਂਗੇ ਮੈਦਾਨ-ਏ-ਜੰਗ ਵਿਚ, ਸੂਰਮਿਆਂ ਵਾਂਗੂੰ, ਆਹ ਕੀ ਹੈ ਮਾਸੂਮ ਬੱਚਿਆਂ ਨੂੰ ਤੁਸੀਂ ਕੰਧਾਂ 'ਚ ਚਿਣਨ ਲੱਗੇ ਓਂ। ਮਹਾਰਾਜ! ਉਹ ਬੋਲਦਾ ਹੀ ਚਲਿਆ ਗਿਆ।

ਮਹਾਰਾਜ ਕਹਿੰਦੇ, ਮਲੇਰਕੋਟਲੇ ਦੀ ਜੜ੍ਹ ਹਰੀ ਰਹੇਗੀ। ਉਸ ਵੇਲੇ ਰਾਏ ਕੱਲੇ ਨੇ ਕਿਹਾ ਕਿ ਮਹਾਰਾਜ! ਮੈਂ ਵੀ ਇਸਲਾਮ ਨਾਲ ਸਬੰਧ ਰਖਦਾ ਹਾਂ, ਮੇਰੀ ਸਟੇਟ? ਮਹਾਰਾਜ ਕਹਿੰਦੇ ਅਸੀਂ ਤੈਨੂੰ ਆਪਣੀ ਸ੍ਰੀ ਸਾਹਿਬ ਦਿੰਦੇ ਹਾਂ, ਜਿੰਨੀ ਦੇਰ ਤੱਕ ਤੁਸੀਂ ਇਹਦਾ ਆਦਰ ਸਤਿਕਾਰ ਕਰੋਂਗੇ, ਤੁਹਾਡੇ ਵਲ ਕੋਈ ਝਾਕ ਨਹੀਂ ਸਕੇਗਾ। ਜਿਸ ਦਿਨ ਤੁਸੀਂ ਇਹਦੀ ਬੇਅਦਬੀ ਕਰੋਂਗੇ ਓਦਣ ਤੁਹਾਡਾ ਰਾਜ ਜਾਂਦਾ ਰਹੇਗਾ। ਬਾਕੀ ਪਿਆਰਿਓ, ਜੋ ਛੋਟੀਆਂ-ਛੋਟੀਆਂ ਜਿੰਦਾਂ ਨੇ ਕਰਿਆ ਹੈ, ਉਹ ਤਾਂ ਸਾਰਾ ਸੰਸਾਰ ਯਾਦ ਰੱਖੇਗਾ।

ਮਹਾਰਾਜ ਕਹਿਣ ਲੱਗੇ ਕਿ ਸਾਧਸੰਗਤ ਜੀ! ਇਹ ਅਫਸੋਸ ਕਰਨ ਦਾ ਸਮਾਂ ਨਹੀਂ। ਤੁਸੀਂ ਖੁਸ਼ ਹੋਵੋ ਕਿ ਨਿੱਕੀਆਂ ਜਿੰਦਾਂ ਨੇ ਕਿਵੇਂ ਧਰਮ ਦੀ ਪਾਲਣਾ ਕਰੀ। ਇਸ ਤਰ੍ਹਾਂ -

*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ੍ ਕੀ ਕਥਾ ਨਿਰਾਰੀ ਰੇ ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ ॥* **ਅੰਗ - ੮੫੫**

ਉਹ ਖਤਮ ਨਹੀਂ ਹੋਇਆ ਕਰਦੇ, ਅਮਰ ਜ਼ਿੰਦਗੀ ਮਿਲ ਜਾਇਆ ਕਰਦੀ ਹੈ। ਸੋ ਇਸ ਤਰ੍ਹਾਂ ਆਪਾਂ ਥੋੜ੍ਹੇ ਪੱਖ ਗੁਰੂ ਮਹਾਰਾਜ ਦੀ ਜ਼ਿੰਦਗੀ ਦੇ ਵਿਚਾਰੇ ਨੇ, ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ।

# ਅਬ ਮੈ ਅਪਨੀ ਕਥਾ ਬਖਾਨੋ

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*
*ਅੰਗ - ੨੯੦*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਦੇ ਨਾਲ ਏਸ ਕਲਜੁਗ ਦੇ ਜਲਦੇ ਬਲਦੇ ਸਮੇਂ ਦੇ ਅੰਦਰ ਜਦੋਂ ਕਿ ਹਰ ਪਾਸੇ ਹਾਹਾਕਾਰ ਮਚੀ ਹੋਈ ਹੈ। ਸਾਰੀ ਦੁਨੀਆਂ ਜਲ ਰਹੀ ਹੈ। ਆਦਮੀ ਹੈਰਾਨ ਹੈ ਕਿ ਕੀ ਕੀਤਾ ਜਾਵੇ? ਏਸ ਸੰਸਾਰ ਦੇ ਉਤੇ ਕੀ ਹੋ ਰਿਹਾ ਹੈ? ਵੱਡੇ-ਵੱਡੇ ਸਿਆਣੇ ਜੋ ਮੁੱਖੀ ਹਨ, ਉਹ ਵੀ ਇਸ ਸੋਚ ਹਨ ਕਿ ਕਿਵੇਂ ਆਦਮੀ ਦੇ ਮਨ ਨੂੰ ਸ਼ਾਂਤੀ ਪਹੁੰਚੇ। ਪਰ ਇਹ ਸ਼ਾਂਤੀ -

*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ ॥ ਅੰਗ - ੭੦੭*

ਜਿੰਨੀ ਦੇਰ ਤੱਕ ਨਾਮ ਦਾ ਮਾਹੌਲ ਨਹੀਂ ਮਿਲਦਾ ਓਨੀ ਦੇਰ ਤੱਕ ਮਨ ਵਿਚ ਧੀਰਜ ਨਹੀਂ ਆ ਸਕਿਆ ਕਰਦਾ। ਸੋ ਆਪ ਉਪਰ ਵਾਹਿਗੁਰੂ ਜੀ ਦੀ ਕ੍ਰਿਪਾ ਹੈ ਕਿ ਆਪ ਦੂਰ-ਦਰਾਜ਼ ਤੋਂ ਚੱਲ ਕੇ ਬੱਸਾਂ ਦੇ ਰਾਹੀਂ, ਟਰੱਕਾਂ ਦੇ ਰਾਹੀਂ, ਹੋਰ ਅਨੇਕਾਂ ਸਵਾਰੀਆਂ ਦੇ ਰਾਹੀਂ ਦੂਰ-ਦਰਾਜ ਤੋਂ ਏਸ ਸਥਾਨ ਤੇ ਪਹੁੰਚੇ ਓਂ। ਕਿਸ ਵਾਸਤੇ? ਕਿ ਆਪਣੇ ਪਰਮ ਪਿਆਰੇ ਮਹਿਬੂਬ ਪਿਤਾ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਪ੍ਰਕਾਸ਼ ਉਤਸਵ ਅੱਜ ਸਾਰੇ ਸੰਸਾਰ ਵਿਚ ਮਨਾਇਆ ਜਾ ਰਿਹਾ ਹੈ। ਸਾਰੇ ਆਪਣੀ ਸ਼ਰਧਾ ਹਰ ਥਾਂ ਦੇ ਅੰਦਰ ਜਿੰਨਾ ਵੀ ਕਿਸੇ ਅੰਦਰ ਬੋਲ ਹੈ ਉਹ ਬੋਲ ਕੇ ਪ੍ਰਗਟ ਕਰ ਰਿਹਾ ਹੈ। ਜਿਹਦੇ ਹਿਰਦੇ ਦੇ ਅੰਦਰ ਵਲਵਲੇ ਨੇ ਉਹ ਵਲਵਲਿਆਂ ਦੇ ਰਾਹੀਂ ਆਪਣੀ ਸ਼ਰਧਾ ਭੇਂਟ ਕਰ ਰਿਹਾ ਹੈ, ਜਿਸਨੂੰ ਪ੍ਰਮੇਸ਼ਰ ਕੁਛ ਮਾਇਕ ਤਾਕਤ ਦਿਤੀ ਹੈ, ਉਹ ਬੇਅੰਤ ਕਿਸਮ ਦੇ ਨਾਲ ਸੇਵਾ ਕਰ ਰਿਹਾ ਹੈ, ਕੋਈ ਲੰਗਰਾਂ ਦੀ ਸੇਵਾ ਕਰ ਰਿਹਾ ਹੈ, ਕੋਈ ਹੋਰ ਸੇਵਾ ਕਰ ਰਿਹਾ ਹੈ। ਸਾਰਿਆਂ ਦੇ ਮਨ ਵਿਚ ਉਤਸ਼ਾਹ ਹੈ। ਕਿਉਂ ਹੈ? ਕਿਉਂਕਿ ਉਹ ਐਨੇ ਪਿਆਰੇ ਗੁਰੂ ਸਨ, ਐਨੇ ਪਿਆਰੇ ਨੇ ਕਿ ਸਾਡੇ ਸਿਰਫ ਉਨ੍ਹਾਂ ਸਿੰਘਾਂ ਦੇ ਹਿਰਦੇ ਵਿਚ ਹੀ ਨਹੀਂ ਉਹ, ਰੋਮ-ਰੋਮ ਵਿਚ ਸਮਾਏ, ਆਉਣ ਵਾਲੀਆਂ ਨਸਲਾਂ ਹਜ਼ਾਰਾਂ ਸਾਲ ਤੱਕ ਜਦੋਂ ਵੀ ਉਨ੍ਹਾਂ ਦੇ ਪਿਆਰ ਦਾ ਜ਼ਿਕਰ ਕਰਨਗੇ, ਯਾਦ ਕਰਨਗੇ, ਉਸੇ ਵੇਲੇ ਪਿਆਰ ਦੀਆਂ ਝੁਣਝਣੀਆਂ ਸ਼ੁਰੂ ਹੋ ਜਾਇਆ ਕਰਨਗੀਆਂ ਕਿਉਂਕਿ ਐਸੇ ਸੰਸਾਰ ਦੇ ਅੰਦਰ ਜਨਤਾ ਦੇ ਨਾਲ ਇਕਮਿਕ ਹੋਣ ਵਾਲੀ ਕੋਈ ਵੱਡੀ ਹਸਤੀ ਸੰਸਾਰ ਤੇ ਬਹੁਤ ਘੱਟ ਪ੍ਰਗਟ ਹੋਈ ਹੈ। ਫੇਰ ਖਾਸ ਕਰਕੇ ਏਸ ਕਲਜੁਗ ਦੇ ਅੰਦਰ।

ਗੁਰੂ ਦਸਵੇਂ ਪਾਤਸ਼ਾਹ ਸਾਡੇ ਸਾਰਿਆਂ ਦੇ ਨੇ ਤੇ ਅਸੀਂ ਸਾਰੇ ਓਸ ਦੇ ਹਾਂ, ਉਨ੍ਹਾਂ ਦਾ ਬਚਨ ਹੈ -

***ਪੰਥ ਖਾਲਸਾ ਕੇਤੀ ਮੇਰੀ***
***ਕਰਹੁ ਸੰਭਾਲ ਮਹਿ ਤਿਸ ਕੇਰੀ।***

ਮੈਂ ਚਲਿਆ ਨਹੀਂ ਜਾਣਾ, ਤੁਹਾਨੂੰ ਛੱਡ ਨਹੀਂ ਜਾਣਾ, ਮੈਂ ਏਸ ਤਰ੍ਹਾਂ ਸੰਭਾਲ ਕਰਾਂਗਾ ਜਿਵੇਂ ਕਿ ਇਕ ਕਿਸਾਨ ਦਿਨ ਰਾਤ ਆਪਣੀ ਖੇਤੀ ਦੇ ਵਿਚ ਘੁੰਮਦਾ ਹੈ, ਕਦੇ ਪਾਣੀ ਦਿੰਦਾ, ਖਾਦ ਦਿੰਦਾ ਹੈ, ਕਦੇ ਗੁਡਾਈ ਕਰਦਾ ਹੈ, ਕਦੇ ਜਾਨਵਰਾਂ ਤੋਂ ਬਚਾਉਂਦਾ ਹੈ। ਠੀਕ ਏਸੇ ਤਰ੍ਹਾਂ ਮੈਂ ਕਰਾਂਗਾ, ਮੈਂ ਤੁਹਾਨੂੰ ਨਹੀਂ ਛੱਡਾਂਗਾ, ਜਦੋਂ ਵੀ ਤੁਸੀਂ ਛੱਡੋਗੇ, ਤੁਸੀਂ ਮੈਨੂੰ ਛੱਡੋਂਗੇ। ਕਿਉਂਕਿ ਮਿਸਾਲਾਂ ਨੇ। ਗੁਰੂ ਨੇ ਅਨੰਦਪੁਰ ਸਾਹਿਬ ਦੇ ਅੰਦਰ ਨਹੀਂ ਛੱਡਿਆ। ਲੇਕਿਨ ਸਿੱਖ ਕੁਛ ਛੱਡ ਗਏ ਤੇ ਲਿਖ ਕੇ ਦੇ ਗਏ ਕਿ ਤੂੰ ਸਾਡਾ ਗੁਰੂ ਨਹੀਂ, ਅਸੀਂ ਤੇਰੇ ਸਿੱਖ ਨਹੀਂ ਕਿਉਂਕਿ ਸੰਕਟ ਐਸਾ ਸੀ। ਸਾਡੇ ਨਾਲੋਂ ਕਰੋੜਾਂ ਗੁਣਾਂ ਚੰਗੇ ਸੀ। ਜਦੋਂ ਅਸੀਂ ਅੰਦਾਜ਼ਾ ਲਾਉਂਦੇ ਹਾਂ ਕਿ ਉਨ੍ਹਾਂ ਦੀ ਹਾਲਤ ਕੀ ਸੀ ਜਿਸ ਮੌਕੇ ਤੇ ਉਨ੍ਹਾਂ ਨੇ ਇਹ ਗੱਲ ਕਹੀ। ਹੈਰਾਨ ਹੋ ਜਾਈਦਾ ਹੈ ਕਿ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਅਨੰਦਪੁਰ ਦੇ ਕਿਲੇ ਦੇ ਅੰਦਰ ਛੇ ਮਹੀਨੇ ਤੋਂ ਤਕਰੀਬਨ 10 ਲੱਖ ਫੌਜਾਂ ਦੇ ਅੰਦਰ ਘਿਰੇ ਹੋਏ ਨੇ। ਜੋ ਥਾਂ-ਥਾਂ ਤੇ ਸਾਰੇ ਪੰਜਾਬ ਵਿਚ ਬੈਠੀਆਂ ਨੇ, ਕਿਸੇ ਥਾਂ ਤੋਂ ਕਿਸੇ ਜਥੇ ਨੂੰ ਤੁਰਨ ਨਹੀਂ ਦਿੰਦੀਆਂ, ਕੋਈ ਰਾਸ਼ਨ ਨਹੀਂ ਤੁਰਨ ਦਿੰਦੀਆਂ। ਕਿਸੇ ਪੁਲ ਤੋਂ ਨਹੀਂ ਲੰਘਣ ਦਿੰਦੀਆਂ ਤੇ ਬਾਹਰਲੀ ਦੁਨੀਆਂ ਦੇ ਨਾਲੋਂ ਬਿਲਕੁਲ ਕਟੇ ਹੋਏ ਨੇ। ਅੰਦਰ ਰਾਸ਼ਨ ਖਤਮ ਹੋ ਗਿਆ। ਬੇਅੰਤ ਸਿੰਘ ਸ਼ਹੀਦ ਹੋ ਗਏ। ਗਿਣਤੀ ਦੇ ਮੁੱਠੀ ਭਰ ਸਿੰਘ ਰਹਿ ਗਏ। ਉਨ੍ਹਾਂ ਨੂੰ ਐਸੀ ਹਾਲਤ ਆ ਗਈ ਕਿ ਇਕ ਵਾਰੀ ਦਸ਼ਮੇਸ਼ ਪਿਤਾ ਬਾਹਰ ਨਿਕਲ ਕੇ ਦੇਖਦੇ ਨੇ, ਕਹਿਣ ਲੱਗੇ ਪ੍ਰੇਮੀਓ! ਆਹ ਦਰਖਤਾਂ ਦੇ ਪੱਤੇ ਕਿੱਥੇ ਗਏ, ਛਿੱਲਾਂ ਕਿੱਥੇ ਗਈਆਂ?

ਜਵਾਬ ਮਿਲਿਆ, ਸੱਚੇ ਪਾਤਸ਼ਾਹ! ਤੇਰੇ ਪਰਵਾਨਿਆਂ ਨੇ ਪੱਤੇ ਉਬਾਲ-ਉਬਾਲ ਖਾ ਲਏ, ਛਿੱਲਾਂ ਪੀਹ-ਪੀਹ ਕੇ ਖਾਹ ਲਈਆਂ ਤਾਂ ਕਿ ਕੁਛ ਦੇਰ ਹੋਰ ਸਰੀਰ ਕਾਇਮ ਰਹਿ ਜਾਵੇ। ਇਹ ਸਰੀਰ ਕਿਸੇ ਲੇਖੇ 'ਚ ਲਗ ਜਾਵੇ, ਭੁੱਖ ਦੇ ਦੁਖ ਨਾਲ ਨਾ ਮਰ ਜਾਵੇ। ਇਕ-ਇਕ ਮੁੱਠੀ ਰੋਜ਼ ਦੀ ਅੱਠਾਂ ਪਹਿਰਾਂ ਦੀ, ਗੁਰੂ ਮਹਾਰਾਜ ਨੂੰ, ਸਾਹਿਬਜ਼ਾਦਿਆਂ ਨੂੰ ਪ੍ਰਾਪਤ ਹੁੰਦੀ ਸੀ ਛੋਲਿਆਂ ਦੀ। ਰਾਸ਼ਨ ਬਿਲਕੁਲ ਖਤਮ ਹੋ ਗਿਆ। ਬਾਹਰ ਜਾਂਦੇ ਨੇ, ਛਾਪੇ ਮਾਰਦੇ ਨੇ, ਕੁੱਛ ਰਾਸ਼ਨ ਕਦੇ-ਕਦੇ ਆਉਂਦਾ ਹੈ ਤੇ ਸਿਰਫ ਪਾਣੀ ਦੇ ਆਸਰੇ ਜੀਉਂ ਰਹੇ ਨੇ। ਓਸ ਹਾਲਤ

ਦਾ ਜਦੋਂ ਦੁਸ਼ਮਣ ਨੂੰ ਪਤਾ ਲੱਗਿਆ ਤਾਂ ਉਸ ਨੇ ਇਸ ਦਾ ਫਾਇਦਾ ਉਠਾਉਣ ਵਾਸਤੇ, ਕਿਉਂਕਿ ਤਾਕਤ ਅਜਮਾਈ ਉਨ੍ਹਾਂ ਨੇ ਕਰਕੇ ਦੇਖ ਲਈ ਸੀ, ਉਸ ਤੋਂ ਬਾਅਦ ਦੂਸਰੀ ਨੀਤੀ ਹੁੰਦੀ ਹੈ, ਭੇਦ ਦੀ, ਫੁੱਟ ਪਾਉਣ ਦੀ। ਜਦੋਂ ਤੋਂ ਸੰਸਾਰ ਰਚਿਆ ਹੈ, ਜਦੋਂ ਤੋਂ ਰਾਜ ਸ਼ੁਰੂ ਹੋਏ ਨੇ, ਉਦੋਂ ਤੋਂ ਇਹ ਗੱਲ ਚਲੀ ਆਈ ਹੈ ਕਿ ਦੁਸ਼ਮਣ ਦੀਆਂ ਸਫਾ ਦੇ ਅੰਦਰ ਭੇਦ ਪਾ ਦਿਓ, ਫੁੱਟ ਪਾ ਦਿਓ। ਅੱਧੀ ਤਾਕਤ ਉਨ੍ਹਾਂ ਦੀ ਖਤਮ ਹੋ ਜਾਂਦੀ ਹੈ, ਪੂਰੇ ਦਿਲ ਨਾਲ ਫੇਰ ਨਹੀਂ ਮੁਕਾਬਲਾ ਕਰਦੇ। ਵੱਡੀਆਂ-ਵੱਡੀਆਂ ਫੌਜਾਂ ਏਸੇ ਗੱਲ ਤੇ ਹਾਰੀਆਂ ਨੇ ਕਿ ਉਨ੍ਹਾਂ ਦੇ ਅੰਦਰ ਫੁੱਟ ਪੈ ਗਈ। ਸਿੰਘਾਂ ਦਾ ਜੋ ਰਾਜ ਗਿਆ ਹੈ ਉਹ ਫੁੱਟ ਦੇ ਕਾਰਨ ਗਿਆ ਹੈ। ਲੜਾਈ ਲੜੀ ਜਾ ਰਹੀ ਹੈ, ਸਿੰਘ ਵੱਧ-ਵੱਧ ਕੇ ਸ਼ਹੀਦੀਆਂ ਦੇ ਰਹੇ ਨੇ, ਲੇਕਿਨ ਅੱਠ ਹਜ਼ਾਰ ਫੌਜ ਵਿਚਾਲਿਓਂ ਪਿਛੇ ਕੱਢ ਲਈ। ਸਤਲੁਜ ਦਰਿਆ ਤੇ ਲੈ ਗਏ, ਜਦੋਂ ਫੌਜ ਦਰਿਆ 'ਚੋਂ ਲੰਘਣ ਲੱਗੀ, ਪੁਲ ਵੱਢ ਦਿਤਾ, ਸਾਰੀ ਫੌਜ ਉਹਦੇ ਵਿਚ ਆ ਗਈ। ਬੜੀ ਦੁਖਾਂਤ ਘਟਨਾ ਹੋਈ ਹੈ, ਧੋਖਾ ਹੋਇਆ ਹੈ, ਜਿਹਦੇ ਨਾਲ ਸਿੰਘਾਂ ਦਾ ਬਹੁਤ ਖੂਨ ਬਹਾ ਬਹਾ ਕੇ ਲਿਆ ਹੋਇਆ ਰਾਜ ਗਿਆ। ਸੋ ਇਹ ਫੁੱਟ ਖਹਿੜਾ ਨਹੀਂ ਛੱਡਿਆ ਕਰਦੀ।

ਸੋ ਉਸ ਨੇ ਵੀ ਫੁੱਟ ਪੁਆਉਣ ਦੇ ਇਰਾਦੇ ਦੇ ਨਾਲ, ਆਟੇ ਦੀ ਗਊ ਬਣਾ ਕੇ ਕੁਰਾਨ ਸ਼ਰੀਫ ਦੀ ਪਵਿੱਤਰ ਪੁਸਤਕ ਥਾਲ ਵਿਚ ਰੱਖੀ। ਰੁਮਾਲੇ ਉਪਰ ਦਿਤੇ। ਪੰਜ ਦੱਸ ਬੰਦੇ ਚੁੱਕ ਕੇ ਤੁਰੇ ਹੋਏ ਨੇ। ਬੜੇ ਆਦਰ ਤੇ ਸਤਿਕਾਰ ਦੇ ਨਾਲ ਲੈ ਕੇ ਆ ਰਹੇ ਨੇ। ਦਰਵਾਜ਼ੇ ਖੁਲ੍ਹ ਗਏ। ਗੁਰੂ ਮਹਾਰਾਜ ਦੇ ਸਾਮ੍ਹਣੇ ਆ ਕੇ ਰੱਖ ਦਿਤੀ। ਪਾਤਸ਼ਾਹ! ਸਾਰਾ ਹਿੰਦੂ ਜਗਤ ਗਊ ਦੀ ਸੁਗੰਧ ਖਾਂਦਾ ਹੈ, ਸਾਰੇ ਇਸਲਾਮ ਵਾਲੇ ਜਿੰਨੇ ਵੀ ਆਫੀਸਰ ਇਹ ਸਾਰੇ ਕੁਰਾਨ ਸ਼ਰੀਫ ਦੀ ਸੁਗੰਧ ਖਾਂਦੇ ਨੇ ਤੇ ਇਕ ਗੱਲ ਕਹਿੰਦੇ ਨੇ ਕਿ ਸਾਨੂੰ ਹੁਣ ਯੁੱਧ ਕਰਦਿਆਂ ਨੂੰ ਬਹੁਤ ਦੇਰ ਹੋ ਗਈ। ਫੈਸਲਾ ਕੋਈ ਨਹੀਂ ਹੋਇਆ। ਸੱਚੇ ਪਾਤਸ਼ਾਹ! ਤੁਸੀਂ ਤਾਂ ਕਿਲ੍ਹੇ 'ਚ ਬੈਠੇ ਓਂ, ਪਰ ਅਸੀਂ ਬਹੁਤ ਤੰਗ ਪੈ ਗਏ। ਰੋਜ਼ ਦੀਆਂ ਤਾਕੀਦ ਭਰੀਆਂ ਚਿੱਠੀਆਂ ਬਾਦਸ਼ਾਹ ਵਲੋਂ ਆਉਂਦੀਆਂ ਨੇ ਕਿ ਬੇਅੰਤ ਬੰਦਿਆਂ ਦਾ ਖ਼ੂਨ ਹੋ ਚੁੱਕਿਆ ਹੈ। ਇਕ ਛੋਟੀ ਜਿਹੀ ਗੱਲ ਹੈ ਜੇ ਆਪ ਕਰ ਲਓਂ, ਆਪ ਗੁਰੂ ਓਂ ਸਾਰੀ ਭਰਤ ਵਰਸ਼ ਕੀ ਸਾਰੀ ਦੁਨੀਆਂ ਦੇ ਸਾਂਝੇ ਓਂ। ਆਪ ਜੇ ਕਿਲ੍ਹਾ ਛੱਡ ਕੇ ਇਥੋਂ ਛੱਡ ਕੇ ਚਲੇ ਜਾਵੋਂ ਤਾਂ ਸਾਡੀ ਵੀ ਇਜ਼ਤ ਰਹਿ ਜਾਵੇਗੀ ਤੇ ਆਪ ਨੇ ਤਾਂ ਸਿੱਖੀ ਦਾ ਪ੍ਰਚਾਰ ਕਰਨਾ ਹੀ ਕਰਨਾ ਹੈ, ਬਾਦਸ਼ਾਹ ਨਾਲ ਸਮਝੌਤਾ ਹੋ ਜਾਏਗਾ। ਸਾਰੀਆਂ ਚੀਜ਼ਾਂ ਆਉਣਾ, ਜਾਣਾ, ਤੁਰਨਾ, ਫਿਰਨਾ ਆਰਾਮ ਨਾਲ ਹੋ ਜਾਏਗਾ। ਸੋ ਉਸ ਚਿੱਠੀ ਦੇ ਉਤੇ ਮਹਾਰਾਜ ਜੀ ਵਿਚਾਰ ਲਿਖ ਦਿਤੀ। ਬਹੁਤਿਆਂ ਨੇ ਤਾਂ ਇਹ ਗੱਲ ਕਹੀ ਜਿਹੜੇ ਪਰਵਾਨੇ ਸੀ ਅਸੀਂ ਤਾਂ ਅਲਗੱਗ ਜੀਵ ਹਾਂ ਸਾਨੂੰ ਨਹੀਂ ਪਤਾ ਤੇਰੀ ਕਥੀ ਦਾ ਜਿਵੇਂ ਤੈਨੂੰ ਭਾਉਂਦਾ ਹੈ ਉਸੇ ਤਰ੍ਹਾਂ ਅਸੀਂ ਤਿਆਰ ਹਾਂ। ਕਿਉਂਕਿ ਅਸੀਂ ਤਾਂ ਸਰੀਰ ਤੈਨੂੰ ਦੇ ਚੁੱਕੇ ਹਾਂ ਸਾਡਾ ਹੁਣ ਆਪਣਾ ਕੁਛ ਵੀ ਨਹੀਂ -

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ*
*ਜੋ ਕਿਛੁ ਹੈ ਸੋ ਤੇਰਾ ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥*
*ਅੰਗ - ੧੩੭੫*

ਪਾਤਸ਼ਾਹ! ਅਸੀਂ ਤਾਂ ਆਪਣੇ ਪਾਸ ਆਪਣਾ ਕੁਛ ਵੀ ਨਹੀਂ ਰੱਖਿਆ ਨਾ ਪੰਜਾਂ ਤੱਤਾਂ ਸਰੀਰ ਆਪਣਾ ਮੰਨਿਆ ਹੈ, ਨਾ ਪੰਜ ਕਰਮ ਇੰਦ੍ਰੇ, ਨਾ ਪੰਜ ਗਿਆਨ ਇੰਦ੍ਰੇ ਤੇ ਨਾ ਪੰਜ ਪ੍ਰਾਣ, ਨਾ ਮਨ, ਨਾ ਚਿੱਤ, ਨਾ ਬੁੱਧ, ਆਪਣਾ ਆਪ ਵੀ ਅਸੀਂ ਆਪ ਦੇ ਹਵਾਲੇ ਕੀਤਾ ਹੋਇਆ ਹੈ। ਜੋ ਆਪ ਦੀ ਰਜ਼ਾ, ਜੋ ਆਪ ਦਾ ਹੁਕਮ ਕਿਉਂਕਿ ਆਪ ਦਾ ਫੁਰਮਾਨ ਸੀ ਜਦੋਂ ਆਪ ਦੇ ਚਰਨੀਂ ਲੱਗੇ ਸੀ ਤਾਂ ਆਪ ਨੇ ਇਹ ਤਾਕੀਦ ਕੀਤੀ ਸੀ ਕਿ ਸਿੱਖਾ! ਮੇਰੇ ਨਾਲ ਪਿਆਰ ਪਾਉਣ ਦੀ ਸੋਚਦਾ ਹੈਂ? ਜੇ ਸੋਚਦਾ ਹੈਂ ਤਾਂ ਧਿਆਨ ਦੇਹ, ਇਹ ਥੋੜ੍ਹੀ ਜਿਹੀ ਔਖੀ ਗੱਲ ਹੈ। ਤੂੰ ਗਰਜ਼ ਦਾ ਪਿਆਰ ਰੱਖ ਲੈ ਉਹ ਚੰਗਾ ਹੈ। ਤੂੰ ਪੁੱਤਰ ਮੰਗਦਾ ਹੈ ਅਸੀਂ ਦੇ ਦਿੰਦੇ ਹਾਂ, ਤੂੰ ਜਾਇਦਾਦ ਮੰਗਦਾ ਹੈਂ ਜਾਇਦਾਦ ਦੇ ਦਿੰਦੇ ਹਾਂ, ਪੈਸੇ ਮੰਗਦਾ ਹੈਂ ਪੈਸੇ ਦੇ ਦਿੰਦੇ ਹਾਂ, ਸਿਹਤ ਮੰਗਦਾ ਹੈਂ ਸਿਹਤ ਦੇ ਦਿੰਦੇ ਹਾਂ, ਪਿਆਰ ਦੀ ਗੱਲ ਨਾ ਕਰ। ਪਰ ਤੂੰ ਕਹਿੰਦਾ ਸੀ ਕਿ ਮੈਂ ਪਿਆਰ ਮੰਗਦਾ ਹਾਂ। ਤਾਂ ਉਸ ਵੇਲੇ ਆਪ ਦੇ ਮੁਖਾਰਬਿੰਦ ਤੋਂ ਇਹ ਫੁਰਮਾਨ ਹੋਇਆ ਸੀ -

*ਸਭਨੀ ਘਟੀ ਸਹੁ ਵਸੈ*
*ਸਹ ਬਿਨੁ ਘਟੁ ਨ ਕੋਇ ॥*
*ਨਾਨਕ ਤੇ ਸੋਹਾਗਣੀ*
*ਜਿਨ੍ਹਾ ਗੁਰਮੁਖਿ ਪਰਗਟੁ ਹੋਇ॥*
*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ - ੧੪੧੨*

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ*
*ਤਉ ਆਉ ਹਮਾਰੈ ਪਾਸਿ॥ ਅੰਗ - ੧੧੦੨*

ਪਾਤਸ਼ਾਹ! ਜੇ ਮਿੱਟੀ ਦਾ ਖੇਲ੍ਹਣਾ ਜਿਹਾ ਦੇ ਕੇ ਤੂੰ ਮਿਲ ਜਾਵੇਂ ਤਾਂ, ਤਾਂ ਇਹ ਬੜੀ ਸਸਤੀ ਚੀਜ਼ ਹੈ। ਇਹਨੇ ਤਾਂ ਰਹਿਣਾ ਨਹੀਂ ਹੈ ਇਹਨੇ ਤਾਂ ਇਕ ਦਿਨ ਜਾਣਾ ਹੀ ਜਾਣਾ ਹੈ।

ਸਦਾ ਰਹਿਣ ਵਾਲੀ ਚੀਜ਼ ਨਹੀਂ ਹੈ ਸਾਧਸੰਗਤ

ਜੀ, ਸਰੀਰ। ਚਾਹੇ ਕੋਈ ਛੋਟਾ ਹੈ, ਚਾਹੇ ਕੋਈ ਵੱਡਾ ਹੈ, ਸਦਾ ਨਹੀਂ ਰਿਹਾ ਕਰਦਾ। ਜਿਹੜੀ ਚੀਜ਼ ਸਦਾ ਰਹਿੰਦੀ ਨਹੀਂ ਹੈ ਫੇਰ ਉਹਦੇ ਨਾਲ ਕਾਹਦਾ ਪਿਆਰ ਪਾਉਣਾ। ਸੋ ਆਪ ਦੇ ਹੀ ਫੁਰਮਾਨਾਂ ਤੋਂ ਇਹ ਨਿਹਚੇ ਕੀਤਾ ਕਿ ਇਸ ਜਗ ਤੇ ਰਹਿਣਾ ਝੂਠ ਹੈ ਤੇ ਏਸ ਤੋਂ ਚਲੇ ਜਾਣਾ ਸੱਚ ਹੈ। ਜੋ ਸੱਚ ਹੈ, ਅਸੀਂ ਸੱਚ ਦੀ ਸ਼ਰਨ ਲਈ ਤੇ ਇਸ ਮਿੱਟੀ ਨਾਲ ਪਾਤਸ਼ਾਹ, ਮੋਹ ਛੱਡ ਦਿਤਾ। ਸੋ ਇਹ ਤਾਂ ਆਪ ਦੇ ਅਰਪਣ ਕਰ ਦਿਤਾ। ਆਪ ਨੇ ਕਿਹਾ -

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥ ਅੰਗ - ੯੧੮*

ਅਸੀਂ ਤਾਂ ਆਪਣੇ ਕੋਲ ਕੁਛ ਰੱਖਿਆ ਨਹੀਂ ਪਾਤਸ਼ਾਹ! ਤੇਰੇ ਚਰਨਾਂ ਦੇ ਭੌਰੇ ਹਾਂ, ਚਾਹੇ ਸੰਸਾਰ ਦੇ ਵਿਚ ਸਾਹ ਦਿਵਾਉਂਦਾ ਰਹਿ, ਚਾਹੇ ਹੁਣੇ ਸਰੀਰ ਲੈ ਲੈ, ਇਹ ਤਾਂ ਇਹ ਮਿੱਟੀ ਜੇ ਤੇਰੇ ਕੰਮ ਆਵੇ, ਇਹਦੇ ਨਾਲੋਂ ਹੋਰ ਸਾਨੂੰ ਚੰਗਾ ਕੀ ਹੈ। ਕੁਛ ਸਿਆਣੇ ਸੀਗੇ। ਇਹ ਪਰਵਾਨੇ ਹੋਇਆ ਕਰਦੇ ਨੇ, ਇਹ ਮੌਤ ਤੋਂ ਅੱਗੇ ਲੰਘ ਜਾਇਆ ਕਰਦੇ ਨੇ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ*
*ਮੇਰੈ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*
*ਅੰਗ - ੧੩੬੫*

ਪਾਤਸ਼ਾਹ! ਅੰਮ੍ਰਿਤ ਦੇ ਘੁੱਟ ਪਿਲਾ ਕੇ ਤੁਸੀਂ ਸਾਨੂੰ ਸਦਾ ਵਾਸਤੇ ਅਮਰ ਕਰ ਦਿਤਾ। ਹੁਣ ਸਾਨੂੰ ਪੁੱਛਦੇ ਓਂ ਕਿ ਦੱਸੋ ਸਿੰਘੋ ਤੁਹਾਡੀ ਕੀ ਮਰਜ਼ੀ ਹੈ ? ਸਾਡੀ ਕੋਈ ਮਰਜ਼ੀ ਨਹੀਂ ਪਾਤਸ਼ਾਹ, ਜੋ ਤੇਰੀ ਮਰਜ਼ੀ ਹੈ ਉਹਦੇ ਵਿਚ ਹੀ ਸਾਨੂੰ ਖੁਸ਼ੀ ਹੈ ਕਿਉਂਕਿ ਅਸੀਂ ਤਾਂ ਆਪ ਚਾਹੁੰਦੇ ਹਾਂ ਕਿ ਆਪਣੀ ਮਰਜ਼ੀ ਦੇ ਵਿਚ ਸਾਨੂੰ ਰਾਜ਼ੀ ਰੱਖ। ਕਿਸੇ ਅਸੀਂ ਵਿਸ਼ਵਾਸ਼ ਤੋਂ ਹੀਣੇ ਨਾ ਹੋ ਜਾਈਏ। ਤੂੰ ਸਾਡੇ ਉਪਰ ਕ੍ਰਿਪਾ ਕਰਕੇ ਸਾਡੇ ਅੰਦਰਲੇ ਨੇਤਰ ਖੋਲ੍ਹ ਦਿਤੇ ਗਿਆਨ ਦੇ ਸਾਨੂੰ ਦੱਸ ਦਿਤਾ ਕਿ ਸਿੱਖ ਨਹੀਂ ਹੋਇਆ ਕਰਦਾ ਜਿਹੜਾ ਗੁਰੂ ਦਾ ਹੁਕਮ ਨਹੀਂ ਮੰਨਦਾ। ਜਿਹੜਾ ਗੁਰੂ ਦਾ ਸਿੰਘ ਹੈ, ਗੁਰੂ ਦੇ ਹੁਕਮ ਤੇ ਚਲਦਾ ਹੈ, ਜਿਹਨੇ ਆਪਣਾ ਆਪ ਵਾਰ ਦਿਤਾ, ਸਭ ਕੁਛ ਗੁਰੂ ਨੂੰ ਸਉਂਪ ਦਿਤਾ, ਉਹਦਾ ਸਰੀਰ ਤਾਂ ਜਾਇਆ ਕਰਦਾ ਹੈ ਪਰ ਉਹ ਨਹੀਂ ਮਰਿਆ ਕਰਦਾ, ਉਹ ਸਦਾ ਵਾਸਤੇ ਅਮਰ ਹੋ ਜਾਂਦਾ ਹੈ। ਸੋ ਇਸ ਕਰਕੇ ਪਾਤਸ਼ਾਹ! ਅਸੀਂ ਕੀ ਦੱਸਣਾ ਹੈ, ਜੋ ਤੇਰਾ ਹੁਕਮ ਹੈ ਸਾਨੂੰ ਉਹ ਪ੍ਰਵਾਨ ਹੈ। ਕੁਝ ਸਿਆਣੇ ਬੰਦੇ ਸੀ ਸਿਆਣਪ ਜਿਹੜੀ ਹੈ ਸਾਧਸੰਗਤ ਜੀ! ਉਹ ਵਿਸ਼ਵਾਸ਼ ਤੋਂ ਵਿਹੂਣੀ ਹੋਇਆ ਕਰਦੀ। ਉਹ ਵਿਚ ਕਿਉਂ, ਕਿਵੇਂ, ਕਦੋਂ, ਕਿਥੋਂ, ਕਿੱਥੇ ਇਹ ਪੰਜ ਸਵਾਲ ਉਹਦੇ ਦਿਮਾਗ 'ਚੋਂ ਹਟਿਆ ਨਹੀਂ ਕਰਦੇ। ਜਿਹੜਾ ਅਣਜਾਣ ਬੰਦਾ ਹੈ ਗੁਰੂ ਕੋਲੋਂ ਆ ਕੇ ਜੋ ਕੁਛ ਮੰਗ ਲਵੇ ਉਸੇ ਵੇਲੇ ਮਿਲ ਜਾਂਦਾ ਹੈ। ਜਿਹੜਾ ਅਕਲ ਵਾਲਾ ਹੈ ਉਹ ਜਿੰਨਾ ਜੀਅ ਕਰਦਾ ਹੈ ਕਰੀ ਜਾਵੇ, ਨਹੀਂ ਮਿਲਦਾ ਕਿਉਂਕਿ ਅੰਦਰ ਟੁੱਟੀ ਪਈ ਹੈ ਤਾਰ। ਸ਼ੱਕ ਆ ਗਿਆ। ਨਹੀਂ ਗੁਰੂ ਕੋਲ ਤਾਂ ਸਭ ਕੁੱਛ ਹੈ, ਇਕ ਤਾਂ ਸਾਨੂੰ ਪਛਾਣ ਨਹੀਂ ਹੈ ਕਿ ਗੁਰੂ ਕਿੱਥੇ ਰਹਿੰਦਾ ਹੈ, ਗੁਰੂ ਤਾਂ ਸਾਰਿਆਂ ਦੇ ਅੰਦਰ, ਗੁਰੂ ਬਾਹਰ ਹੈ। ਜਿਥੇ ਬੁਲਾਉਣਾ ਚਾਹੋ, ਚਾਹੇ ਹਵਾਈ ਜਹਾਜ਼ 'ਚ ਬੈਠ ਕੇ ਹਾਜ਼ਰ ਕਰ ਲਓ ਉਥੇ ਵੀ ਹਾਜ਼ਰ ਹੈ, ਇਕੱਲੇ-ਇਕੱਲੇ ਬੰਦੇ ਦੇ ਨਾਲ ਹੈ, ਹਰੇਕ ਦੇ ਅੰਦਰ ਹੈ -

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥*
*ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥*
*ਅੰਗ-੩੯੪*

ਜਿਥੇ ਯਾਦ ਕਰ ਲਓ ਉਥੇ ਹੀ ਗੁਰੂ ਹੋਇਆ ਕਰਦਾ ਹੈ। ਉਹ ਜਦੋਂ ਵੀ ਕੁੱਛ ਮੰਗੇ ਪ੍ਰਾਪਤ ਹੋ ਜਾਇਆ ਕਰਦਾ ਹੈ। ਜਦੋਂ ਸਿਆਣਾ ਬੰਦਾ, ਫਿਲਾਸਫਰ, ਕਿਤਾਬਾਂ ਪੜ੍ਹਿਆ ਹੋਇਆ ਬੜੇ ਅਰਥ ਜਾਨਣ ਵਾਲਾ, ਉਹ ਗੁਰੂ ਨਾਲ ਗੱਲ ਕਰੇ ਤਾਂ ਪਹਿਲਾਂ ਤਾਂ ਉਹਨੂੰ ਨਿਹਚਾ ਹੀ ਨਹੀਂ ਆਉਂਦਾ ਕਿ ਮੇਰੀ ਗੁਰੂ ਸੁਣਦਾ ਵੀ ਹੋਣਾ ਹੈ। ਇਹ ਤਾਂ ਖਾਲੀ ਥਾਉਂ ਪਿਆ ਹੈ ਇਥੇ ਕਿੱਥੇ ਹੈ ਗੁਰੂ। ਲੇਕਿਨ ਜਿਹੜੇ ਭਰੋਸੇ ਵਾਲੇ ਨੇ ਚਾਹੇ ਕੋਈ ਨੇ, ਇਕ ਮੈਂ ਬੇਨਤੀ ਕਰਦਾ ਹਾਂ ਕਿ ਜਦੋਂ ਮੈਂ ਫਾਰਮ 'ਚ ਹੋਇਆ ਕਰਦਾ ਸੀ, ਉਥੇ ਨਾਨਕ ਮਤੇ ਸਾਹਿਬ, ਸਾਡੇ ਪੰਜਾਬੀਆਂ ਤੋਂ ਇਕ ਥਾਰੂ ਕੌਮ ਹੈ, ਲੱਖਾਂ ਦੀ ਤਾਦਾਦ 'ਚ ਹੈ। ਸਾਡੇ ਤੋਂ ਵੀ ਪਹਿਲਾਂ ਜਦੋਂ ਅਸੀਂ ਗਏ, ਯੂ.ਪੀ. ਜਾ ਕੇ ਫਾਰਮ ਆਬਾਦ ਕਰੇ ਨੇ, ਉਨ੍ਹਾਂ ਤੋਂ ਪਹਿਲਾਂ ਹੀ ਉਹ ਆਬਾਦ ਸੀਗੇ। ਉਹ ਰਾਣਾ ਪ੍ਰਤਾਪ ਦੀ ਓਲਾਦ ਵਿਚੋਂ ਨੇ ਸਾਰੇ ਰਾਜਪੂਤ। ਇਹ ਗੁਰੂ ਨਾਨਕ ਪਾਤਸ਼ਾਹ ਤੇ ਬਹੁਤ ਭਰੋਸਾ ਰੱਖਦੇ ਸੀ। ਬਾਬਾ ਸ੍ਰੀ ਚੰਦ ਜੀ ਤੇ ਰਾਣਾ ਪ੍ਰਤਾਪ ਬਹੁਤ ਭਰੋਸਾ ਰੱਖਦਾ ਸੀ। ਸੋ ਸਿੱਖੀ ਦੇ ਨਾਲ ਉਨ੍ਹਾਂ ਦਾ ਸਬੰਧ ਸੀ। ਕੋਈ ਗੱਲ ਹੋਵੇ ਨਾਨਕ ਮਤੇ ਆ ਕੇ, ਗੁਰੂ ਮਹਾਰਾਜ ਦਾ ਉਥੇ ਪਿੱਪਲ ਹੈ, ਜਿਹਨੂੰ ਆਪ ਨੇ ਹੱਥ ਲਾ ਕੇ ਰੋਕ ਲਿਆ ਸੀ, ਜਦੋਂ ਜੋਗੀ ਉਡਾਉਣ ਲੱਗੇ ਸੀ ਅਸਮਾਨਾਂ ਵਿਚ। ਉਥੇ ਆ ਕੇ ਉਹ ਲੋਕ ਮੰਗਦੇ ਨੇ ਕਿ ਬਾਬਾ ਮੈਨੂੰ ਆਹ ਦੇ ਦੇ, ਮੈਨੂੰ ਆਹ ਦੇ ਦੇ। ਸਾਮ੍ਹਣੇ ਤਾਂ ਇਕ ਪਿੱਪਲ ਨਜ਼ਰ ਆਉਂਦਾ ਹੈ ਪਰ ਉਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਤੇ ਭਰੋਸਾ ਹੈ ਕਿ ਇਥੇ ਗੁਰੂ ਨਾਨਕ ਸਾਹਿਬ ਗੱਲਾਂ ਸੁਣਦੇ ਨੇ ਸਾਡੀਆਂ ਸਾਰੀਆਂ।

ਇਕ ਬੀਬੀ ਆਈ ਪੁੱਤਰ ਦੀ ਦਾਤ ਮੰਗੀ, ਪੁੱਤਰ ਮਿਲ ਗਿਆ। ਤਿੰਨ ਸਾਲ ਦਾ ਹੋ ਕੇ ਪੁੱਤਰ ਚੜ੍ਹਾਈ ਕਰ ਗਿਆ। ਜਿਹੜੇ ਰਿਸ਼ਤੇਦਾਰ ਸੀ ਉਹ ਕਹਿਣ ਲੱਗੇ ਕਿ ਤੂੰ ਏਸ ਬੱਚੇ ਦੀ ਮਿਰਤਕ ਲੋਥ ਸਾਨੂੰ ਦੇਹ ਅਸੀਂ ਇਹਦਾ ਨਿਪਟਾਰਾ ਕਰੀਏ। ਉਹ ਕਹਿਣ

ਲੱਗੀ, ਮੈਂ ਤਾਂ ਨਹੀਂ ਦੇਣੀ, ਮੈਂ ਤਾਂ ਜਿੱਥੋਂ ਬਾਬੇ ਤੋਂ ਲਿਆਈ ਹਾਂ, ਉਥੇ ਹੀ ਮੋੜਨੀ ਹੈ। ਅਖੀਰ ਬਹੁਤ ਜ਼ਿੱਦ ਕਰੀ, ਰੇਲੂ ਦੇ ਵਿਚ ਬਿਠਾ ਕੇ ਲੈ ਆਏ, ਰੇਲੂ ਇਕ ਛੋਟੀ ਜਿਹੀ ਗੱਡੀ ਹੁੰਦੀ ਹੈ, ਦੋ ਪਹੀਆਂ ਵਾਲੀ। ਬੀਬੀ ਨੇ ਮਿਰਤਕ ਪੁੱਤਰ ਨੂੰ ਲਿਜਾ ਕੇ ਸਾਮ੍ਹਣੇ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਲਿਟਾ ਦਿਤਾ। ਭਾਈ ਜੀ ਨੂੰ ਪਤਾ ਲੱਗ ਗਿਆ, ਮੈਨੇਜਰ ਨੂੰ ਪਤਾ ਲਗ ਗਿਆ ਦੌੜੇ ਹੀ ਆਏ, ਜਾ ਕੇ ਕਿਹਾ ਕਿ ਇਹ ਕੀ ਤੁਸੀਂ ਕਰਦੇ ਓਂ ਮਾੜਾ ਕੰਮ। ਇਥੇ ਲਿਆ ਕੇ ਮਿਰਤਕ ਨੂੰ ਪਾ ਲਿਆ। ਅਖੀਰ ਉਹ ਕਹਿੰਦੀ ਕਿ ਮੈਂ ਨਹੀਂ ਜਾਂਦੀ ਮੈਂ ਇਥੋਂ ਹੀ ਲਿਆ ਹੈ, ਇਥੇ ਹੀ ਦੇਣਾ ਹੈ। ਉਹ ਕਹਿੰਦੇ ਬਾਹਰ ਬਹਿ ਜਾ। ਗੁਰੂਦਵਾਰਾ ਸਾਹਿਬ ਰਾਤ ਨੂੰ ਬੰਦ ਹੋ ਗਏ, ਸਵੇਰੇ ਵੇਲੇ ਅੰਮ੍ਰਿਤ ਵੇਲੇ ਫੇਰ ਦੁਬਾਰਾ ਖੁਲ੍ਹੇ ਤੇ ਆਸਾ ਜੀ ਦੀ ਵਾਰ ਦਾ ਕੀਰਤਨ ਹੋਇਆ। ਉਹ ਸਾਰੀ ਰਾਤ ਇਕ ਗੱਲ ਕਹਿੰਦੀ ਰਹੀ ਕਿ ਪੂਰੇ ਭਰੋਸੇ ਨਾਲ 100% ਨਾਲ, ਕਿ ਬਾਬਾ! ਜੇ ਦਿੱਤਾ ਸੀ ਤਾਂ ਲਿਆ ਕਿਉਂ? ਜੇ ਦੇਣਾ ਸੀ ਤਾਂ ਲੈਣਾ ਕਿਉਂ ਸੀ? ਸਵੇਰ ਤੱਕ ਬੈਠੀ ਰਹੀ। ਜਦੋਂ ਆਸਾ ਜੀ ਦੀ ਵਾਰ ਦਾ ਭੋਗ ਪਿਆ, ਅਰਦਾਸ ਹੋਈ। ਸਾਰੇ ਹੈਰਾਨ ਹੋ ਗਏ, ਮਰਿਆ ਹੋਇਆ ਬੱਚਾ ਉਠ ਕੇ ਬੈਠ ਗਿਆ। ਸੋ ਇਹ ਭਰੋਸੇ ਦੀ ਗੱਲ ਮੈਂ ਦੱਸਦਾ ਹਾਂ। ਪੜ੍ਹਿਆਂ ਹੋਇਆਂ 'ਚ ਭਰੋਸਾ ਘੱਟ ਹੁੰਦਾ ਹੈ। ਜਿਹੜੇ ਸਿੱਧੇ ਹੀ ਗੁਰੂ ਦੇ ਨਾਲ ਜੁੜ ਉਨ੍ਹਾਂ ਵਿਚ ਭਰੋਸੇ ਦੀ ਹੱਦ ਹੁੰਦੀ ਹੈ। ਹੈਰਾਨੀ ਹੁੰਦੀ ਹੈ ਕਿ ਐਨਾ ਭਰੋਸਾ। ਉਹ ਨਹੀਂ ਕਹਿੰਦੇ। ਸੋਹਣੀ ਨੇ ਨਹੀਂ ਸੀ ਦੇਖਿਆ ਕਿ ਘੜਾ ਕੱਚਾ ਪਿਆ ਹੈ, ਉਹਨੂੰ ਤਾਂ ਇਕੋ ਹੀ ਸੀ ਕਿ ਮੈਂ ਜਾ ਕੇ ਮਹੀਵਾਲ ਨੂੰ ਮਿਲਣਾ ਹੈ ਹਰ ਹਾਲਤ ਵਿਚ। ਕੱਚੇ ਘੜੇ ਦੇ ਉਤੇ ਹੀ ਠਿਲ੍ਹ ਗਈ ਦਰਿਆ ਵਿਚ। ਜਾਣਕਾਰ ਹੁੰਦੀ, ਪੜ੍ਹੀ ਹੋਈ ਹੁੰਦੀ ਉਹ, ਗਿਣਤੀਆਂ ਮਿਣਤੀਆਂ ਵਾਲੀ ਹੁੰਦੀ ਉਹ ਕਹਿੰਦੀ ਕਿ ਇਹਦੇ ਤੇ ਨਹੀਂ ਜਾਣਾ। ਉਹਦੀ ਮੌਤ ਅੱਜ ਤੱਕ ਅਮਰ ਹੈ। ਸਭ ਜਾਣਦੇ ਨੇ। ਸੋ ਇਸੇ ਤਰ੍ਹਾਂ ਗੁਰੂ ਦਾ ਜੋ ਪਿਆਰ ਹੈ ਭਰੋਸੇ ਵਾਲਾ ਪਿਆਰ ਉਹ ਭਰੋਸੇ ਵਾਲਿਆਂ ਨੂੰ ਤਾਂ ਸਭ ਕੁਛ ਮਿਲ ਜਾਂਦਾ ਹੈ, ਜਿਹੜੇ ਕਹਿੰਦੇ ਨੇ ਕਿ ਜੀ ਅਸੀਂ ਆਹ ਵੀ ਕਰਕੇ ਦੇਖਿਆ ਹੈ, ਆਹ ਵੀ ਕਰਿਆ, ਹੁਣ ਰਤਵਾੜਾ ਸਾਹਿਬ ਵੀ ਆ ਗਏ, ਉਨ੍ਹਾਂ ਨੂੰ ਲੈਣ ਦੇਣ ਨੂੰ ਕੁਛ ਨਹੀਂ ਹੈ। ਕਿਉਂਕਿ ਉਨ੍ਹਾਂ ਦਾ ਦਿਲ ਹੀ ਨਹੀਂ ਸਾਬਤ।

ਰੱਬ ਕਿੱਥੋਂ ਭਾਲਦਾ ਹੈਂ ਤੇਰਾ ਦਿਲ ਤਾਂ ਸਾਬਤ ਨਹੀਂ। ਜਿਹੜੇ ਸ਼ੀਸ਼ੇ ਵਿਚੋਂ ਤੂੰ ਰੱਬ ਨੂੰ ਦੇਖਣਾ ਹੈ ਉਹ ਤਾਂ ਟੁੱਟਿਆ ਪਿਆ ਹੈ। ਹਜ਼ਾਰਾਂ ਟੁੱਕੜੇ ਹੋਏ ਪਏ ਨੇ। ਸੋ ਇਸ ਤਰ੍ਹਾਂ ਭਰੋਸੇ ਵਾਲੇ ਸੀਗੇ। ਜਿਹੜੇ ਪੜ੍ਹੇ ਹੋਏ ਸੀ, ਥੋੜ੍ਹੇ ਹੁਸ਼ਿਆਰ ਸੀ ਤੇ ਦੁਨੀਆਂ ਦੇ ਅੰਦਰ ਅਕਲ ਰਖਾਉਂਦੇ ਸੀ, ਉਹ ਇਕੱਠੇ ਹੋ ਗਏ ਇਕ ਪਾਸੇ। ਕਹਿਣ ਲੱਗੇ, ਕਿਉਂ ਬਈ ਦੱਸੋ ਚਿੱਠੀ ਆਈ ਹੈ ਕੀ ਵਿਚਾਰ ਹੈ? ਕਹਿੰਦੇ ਨੇ ਇਹ ਜਿਹੜੇ ਨੇ ਇਹ ਅਣਜਾਣ ਬੰਦੇ ਨੇ, ਆਪਾਂ ਨੂੰ ਰਾਜਨੀਤੀ ਸੋਚਣੀ ਚਾਹੀਦੀ ਹੈ, ਉਹ ਇਹ ਹੈ ਕਿ ਆਪਾਂ ਏਸ ਵੇਲੇ ਨਿਕਲ ਚੱਲੀਏ ਕਿਤੇ ਨੂੰ, ਗੁਰੂ ਮਹਾਰਾਜ ਨੂੰ ਕਹੀਏ, ਜ਼ੋਰ ਦੇ ਕੇ ਕਹੀਏ, ਜਿੰਨਾ ਆਪਣਾ ਜ਼ੋਰ ਹੈ। ਇਹ ਨਹੀਂ ਮਨ ਵਿਚ ਆਇਆ ਕਿ ਗੁਰੂ ਤਾਂ ਸਭ ਕੁੱਛ ਜਾਣਦਾ ਹੈ, ਉਹ ਤਾਂ ਆਪ ਅਕਾਲ ਪੁਰਖ ਦੇ ਪੁੱਤਰ ਕਹਾਉਂਦੇ ਨੇ, ਆਪ ਉਨ੍ਹਾਂ ਦਾ ਰੂਪ ਨੇ –

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ॥ ਅੰਗ – ੪੪੨*

ਉਨ੍ਹਾਂ ਨੂੰ ਅਸੀਂ ਕੀ ਸਿੱਖ, ਮਤ, ਸਲਾਹ ਦੇਵਾਂਗੇ। ਲੇਕਿਨ ਵਖਰਾ ਰਸਤਾ ਖਿਆਲ ਕਰ ਲਿਆ। ਗੁਰੂ ਮਹਾਰਾਜ ਕੋਲ ਆ ਗਏ।

ਗੁਰੂ ਮਹਾਰਾਜ ਨੇ ਕਿਹਾ ਦੱਸੋ ਭਾਈ?

ਕਹਿਣ ਲੱਗੇ, ਮਹਾਰਾਜ! ਇਸ ਵਕਤ ਕਿਲਾ ਛੱਡ ਜਾਈਏ। ਇਹਦੇ ਵਿਚ ਬਚਾਅ ਹੋ ਜਾਏਗਾ।

ਮਹਾਰਾਜ ਜੀ ਨੇ ਕਿਹਾ ਕਿ ਕਾਲ ਤੋਂ ਤਾਂ ਕੋਈ ਬਚਿਆ ਹੀ ਨਹੀਂ ਹੈ, ਕਿਉਂਕਿ ਕਿੱਥੇ ਭੱਜ ਕੇ ਜਾਵੇ ਬੰਦਾ ਜਿੱਥੇ ਕਾਲ ਨਹੀਂ। ਇਹ ਧੋਖਾ ਹੈ ਸਿੰਘੋ, ਫਰੇਬ ਹੈ। ਰਾਜਾ ਕਦੇ ਸੱਚ ਨਹੀਂ ਬੋਲਦਾ ਹੁੰਦਾ, ਰਾਜਾ ਹਮੇਸ਼ਾ ਵਕਤ ਟਪਾਊ ਗੱਲਾਂ ਕਰਦਾ ਹੁੰਦਾ ਹੈ। ਕੋਈ ਹੋਵੇ। ਜਦੋਂ ਤੋਂ ਰਾਜ ਦੀ ਪ੍ਰਥਾ ਸ਼ੁਰੂ ਹੋਈ ਹੈ, ਉਸ ਵੇਲੇ ਤੋਂ ਰਾਜਾ ਰਾਜਨੀਤੀ 'ਚ ਚਲਦਾ ਹੈ। ਨਾਉਂ ਹੀ ਨੀਤੀ ਦਾ ਰਾਜਨੀਤੀ ਹੈ। ਉਹਨੇ ਉਹ ਤਰੀਕੇ ਕਰਨੇ ਨੇ, ਉਹ ਗੱਲਾਂ ਕਰਨੀਆਂ ਨੇ, ਜਿਨ੍ਹਾਂ ਨਾਲ ਵਕਤ ਟਪਾਇਆ ਜਾ ਸਕੇ। ਰਾਜੇ ਦਾ ਕੋਈ ਬਚਨ ਨਹੀਂ ਹੋਇਆ ਕਰਦਾ, ਰਾਜੇ ਦਾ ਹਿੱਤ ਹੋਇਆ ਕਰਦਾ। ਹਿੱਤ ਉਹਦਾ ਪੂਰਾ ਹੋਵੇ ਤਾਂ ਗੱਲ ਹੋ ਜਾਂਦੀ ਹੈ, ਨਾ ਹੋਵੇ ਤਾਂ ਨਹੀਂ ਹੁੰਦੀ। ਤੁਸੀਂ ਧੋਖੇ ਵਿਚ ਨਾ ਆਓ। ਕੱਲ੍ਹ ਨੂੰ ਤੁਸੀਂ ਰਾਜ ਕਰਨਾ ਹੈ, ਇਹੋ ਜਿਹੇ ਧੋਖੇ ਤੁਹਾਡੇ ਨਾਲ ਲੱਖਾਂ ਹੋਣਗੇ। ਤੁਸੀਂ ਹੁਣੇ ਨਾ ਧੋਖੇ ਵਿਚ ਆਓ।

ਪਰ ਜਿੱਦ ਕੀਤੀ, ਮਹਾਰਾਜ ਜੀ ਨੇ ਥੋੜ੍ਹਾ ਜਿਹਾ ਸਾਮਾਨ ਗੱਡਿਆਂ ਤੇ ਲੱਦ ਦਿਤਾ। ਕੀ ਲੱਦਿਆ, ਜਿੰਨੇ ਟੁੱਟੇ ਹੋਏ ਛਿੱਤਰ, ਜਿੰਨੀਆਂ ਹੱਡੀਆਂ ਪਈਆਂ ਸੀ, ਜਿੰਨੀ ਲਿੱਦ ਪਈ ਸੀ, ਉਤੇ ਬਹੁਤ ਵਧੀਆ ਮਖਮਲ ਦੇ ਦੁਸ਼ਾਲੇ ਦੇ ਕੇ ਢਕ ਦਿਤਾ ਤੇ ਸਿੰਘਾਂ ਦੇ ਨਾਲ ਸਿੰਘਾਂ ਦੇ ਨਾਲ ਮਿਸਾਲਾਂ ਬੰਨ੍ਹ ਦਿਤੀਆਂ ਬਲਦਾਂ ਦੇ।

ਜਦੋਂ ਘੰਘਰਾਲਾਂ ਖੜ੍ਹਕੀਆਂ ਤਾਂ ਉਨ੍ਹਾਂ ਨੇ ਕਿਹਾ ਕਿ ਗੁਰੂ ਦਾ ਖਜ਼ਾਨਾ ਜਾ ਰਿਹਾ ਹੈ। ਨੱਠ ਕੇ ਪੈ ਗਏ, ਜਾ ਕੇ ਸ਼ਰਮਿੰਦੇ ਹੋ ਗਏ, ਜਾ ਕੇ ਕਾਹਦੇ ਵਿਚ ਹੱਥ ਮਾਰਿਆ ਹੱਡੀਆਂ 'ਚ ਲਿੱਦ ਵਿਚ, ਜੁੱਤੀਆਂ ਵਿਚ। ਦੂਜੇ ਦਿਨ ਚਿੱਠੀ ਆ ਗਈ ਕਿ ਮਹਾਰਾਜ ਸਾਡੇ ਕੁੱਛ ਜੁਆਨਾਂ ਨੇ ਗਲਤੀ ਕਰੀ ਹੈ। ਅਸੀਂ ਉਨ੍ਹਾਂ ਨੂੰ ਸਜ਼ਾ ਦੇ ਰਹੇ ਹਾਂ।

ਮਹਾਰਾਜ ਕਹਿੰਦੇ, ਅਜੇ ਵੀ ਧੋਖਾ ਹੈ। ਉਹ ਪਹਿਲਾ ਧੋਖਾ ਹੋਣ ਦੂਜਾ ਧੋਖਾ। ਲੇਕਿਨ ਉਹ ਗੱਲ ਤੇ ਅੜ ਗਏ। ਮਹਾਰਾਜ ਕਹਿੰਦੇ ਚੰਗਾ। ਨਿਰਣਾ ਤਾਂ ਹੀ ਹੁੰਦਾ ਹੈ, ਇਕ ਪਾਸੇ ਗੁਰੂ ਹੈ ਇਕ ਪਾਸੇ ਸਿੱਖ। ਦੋਹਾਂ ਦੀ ਰਾਏ ਤਾਂ ਚਲਦੀ ਨਹੀਂ ਹੁੰਦੀ। ਗੁਰੂ ਦੀ ਰਾਇ ਦੇ ਅੰਦਰ ਸਿੱਖ ਸਮਾ ਜਾਵੇ ਤਾਂ ਤਾਂ ਸਿੱਖ ਹੈ। ਕਿਉਂਕਿ ਸਿੱਖ ਜੀਉਂਦਾ ਨਹੀਂ ਹੁੰਦਾ -

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ।*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*
*ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।*
*ਦਰ ਦਰਵੇਸ ਰਸੀਦ ਪਿਰਮ ਰਸ ਭੋਵਣਾ।*
*ਚੰਦ ਮੁਮਾਰਖ ਈਦ ਪੁਗ ਖਲੋਵਣਾ॥*

***ਭਾਈ ਗੁਰਦਾਸ ਜੀ, ਵਾਰ 3/18***

ਗੱਲਾਂ ਨਾਲ ਤਾਂ ਨਹੀਂ ਹੁੰਦਾ।

ਸੋ ਸਿੱਖ ਬਣਨ ਤੋਂ ਪਹਿਲਾਂ ਗੋਲਾ ਬਣਨਾ ਪੈਂਦਾ ਹੈ। ਮੁਰਦਾ ਬਣਨਾ ਪੈਂਦਾ ਹੈ। ਜਿਹਨੇ ਸਭ ਕੁਛ ਗੁਰੂ ਨੂੰ ਸਉਂਪ ਦਿਤਾ ਉਹ ਗੁਰੂ ਦੀ ਮਰਜ਼ੀ ਵਿਚ ਰਹਿੰਦਾ ਹੈ। ਸੋ ਉਹ ਥੋੜ੍ਹੇ ਜੀਉਂਦੇ ਸੀ ਤੇ ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਜਿੱਦ ਨਾ ਕਰੋ, ਧੋਖਾ ਹੈ। ਕਹਿੰਦੇ ਨਹੀਂ ਮਹਾਰਾਜ। ਮਹਾਰਾਜ ਜੀ ਕਹਿਣ ਲੱਗੇ ਕਿ ਫੈਸਲਾ ਤਾਂ ਇਕੋ ਗੱਲ ਨਾਲ ਹੁੰਦਾ ਹੈ ਜਾਂ ਮੈਂ ਤੁਹਾਡੀ ਗੱਲ ਮੰਨ ਲਵਾਂ। ਮੈਨੂੰ ਪਤਾ ਹੈ ਕਿ ਤੁਸੀਂ ਗਲਤ ਕਰ ਰਹੇ ਹੋਂ।

ਕਹਿਣ ਲੱਗੇ ਕਿ ਗੁਰੂ ਵੀਹ ਵਿਸਵੇ ਤੇ ਸੰਗਤ ਇਕੀ ਵਿਸਵੇ। ਕਈ ਪ੍ਰੇਮੀਆਂ ਦਾ ਖਿਆਲ ਹੈ। ਇਹ ਗੱਲ ਨੂੰ ਨਿਖਾਰਨਾ ਪੈਂਦਾ ਹੈ। ਜਿਹੜਾ ਗੁਰੂ ਹੈ ਉਹ 20 ਵਿਸਵੇ, ਵੀਹ ਵਿਸਵੇ ਪੂਰਾ ਹੁੰਦਾ ਹੈ। ਇੱਕੀਵਾਂ ਵਿਸਵਾ ਤਾਂ ਹੁੰਦਾ ਹੀ ਨਹੀਂ। ਫੇਰ ਜਦੋਂ ਸੰਗਤ ਹੁੰਦੀ ਹੈ ਤਾਂ ਇੱਕ ਵਿਸਵਾ ਸੰਗਤ ਹੈ, ਗੁਰੂ ਵੀਹ ਗੁਰੂ ਹੈ। ਜਦੋਂ ਅਸੀਂ ਗੁਰਸੰਗਤ ਕਹਿੰਦੇ ਹਾਂ ਤਾਂ ਇੱਕੀ ਵਿਸਵੇ ਹੁੰਦੇ। ਗੁਰੂ ਤੇ ਸੰਗਤ ਰਲ ਕੇ ਇੱਕੀ ਵਿਸਵੇ ਹੁੰਦੇ ਨੇ। ਗੁਰੂ ਤਾਂ ਗੁਰੂ ਹੀ ਹੈ। ਸੰਗਤ ਠੀਕ ਹੈ ਮਹਾਰਾਜ ਨੇ ਦਰਜਾ ਦਿੱਤਾ ਹੈ। ਮਹਾਰਾਜ ਕਹਿੰਦੇ ਫੇਰ ਦੋ ਗੱਲਾਂ ਨਹੀਂ ਹੁੰਦੀਆਂ। ਜੇ ਤੁਸੀਂ ਸਿੱਖ ਨਹੀਂ ਹੈਗੇ ਤਾਂ ਲਿਖ ਕੇ ਦੇ ਦਿਓ। ਇਬਾਰਤ ਲਿਖ ਲਈ ਕਿ ਤੂੰ ਸਾਡਾ ਗੁਰੂ ਨਹੀਂ ਅਸੀਂ ਤੇਰੇ ਸਿੱਖ ਨਹੀਂ। ਦਸਤਖਤ ਕਰਾਉਣ ਲੱਗ ਗਏ।

ਮਹਾਰਾਜ ਨੇ ਕਿਹਾ ਚੰਗਾ, ਦਸਤਖਤ ਕਰੀ ਜਾਓ ਤੇ ਜਾਈ ਜਾਓ। ਚੰਗਾ ਸਿੰਘੋ ਤੁਹਾਡੀ ਮਰਜ਼ੀ ਹੈ। ਮੈਂ ਤਾਂ ਆਪਣੇ ਵਾਸਤੇ ਕੁਛ ਨਹੀਂ ਸੀ ਕਰ ਰਿਹਾ। ਤੁਹਾਡੇ ਵਾਸਤੇ ਹੀ ਸਭ ਕੁਛ ਕਰ ਰਿਹਾ ਸੀ। ਉਹ ਚਲੇ ਜਾਂਦੇ ਨੇ ਤੇ ਉਸ ਤੋਂ ਬਾਅਦ ਬਹੁਤ ਕੁਛ ਹੁੰਦਾ ਹੈ, ਸਾਰਿਆਂ ਨੂੰ ਪਤਾ ਹੈ। ਲੇਕਿਨ ਗੁਰੂ ਨੇ ਦਰਵਾਜ਼ਾ ਨਹੀਂ ਬੰਦ ਕਰਿਆ। ਜਿਥੇ ਮੈਂ ਬੇਨਤੀ ਕਰਦਾ ਹਾਂ, ਉਹਨੂੰ ਸਮਝਣ ਦਾ ਯਤਨ ਕਰੋ। ਦਰਵਾਜ਼ਾ ਨਹੀਂ ਬੰਦ ਕਰਿਆ। ਚਮਕੌਰ ਸਾਹਿਬ ਆ ਗਏ ਤੇ ਉਥੇ ਕੋਈ ਚੀਜ਼ ਨਾਲ ਨਹੀਂ ਲੈ ਕੇ ਨਿਕਲੇ। ਤਿੰਨ ਸ਼ਸ਼ਤਰ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਦੇ ਗੁਰੂ ਮਹਾਰਾਜ ਕੋਲ ਨੇ ਜਾਂ ਉਹ ਚਿੱਠੀ ਸਾਂਭੀ ਫਿਰਦੇ ਨੇ। ਬੇਅੰਤ ਮੁਸ਼ਕਲਾਂ ਵਿਚੋਂ ਲੰਘੇ। ਖਦਰਾਣੇ ਦੀ ਢਾਬ ਤੇ ਜਾ ਕੇ ਵੀ ਚਿੱਠੀ ਕਮਰਕੱਸੇ ਨਾਲ ਰੱਖੀ ਹੋਈ ਹੈ ਕਿ ਜੇ ਮੇਰਾ ਸਿੱਖ ਮੈਨੂੰ ਆ ਕੇ ਕਹਿ ਦੇਵੇ ਕਿ ਰਸਤਾ ਭੁੱਲ ਗਿਆ, ਮੈਂ ਤਾਂ ਤੇਰਾ ਹੀ ਹਾਂ, ਗਲਤੀ ਹੋ ਗਈ ਤਾਂ ਮੈਂ ਕੀ ਜਵਾਬ ਦੇਵਾਂਗੇ ਜੇ ਚਿੱਠੀ ਨਾ ਸਾਂਭ ਕੇ ਰੱਖੀ। ਉਹਨੂੰ ਯਕੀਨ ਨਹੀਂ ਆਉਣਾ ਤੇ ਜਦੋਂ 40 ਮੁਕਤਿਆਂ ਨੇ ਆ ਕੇ ਉਥੇ ਜੰਗ ਕੀਤਾ ਤੇ ਗੁਰੂ ਮਹਾਰਾਜ ਨੇ ਭਾਈ ਮਹਾਂ ਸਿੰਘ ਦੇ ਪਾਸ ਜਾ ਕੇ ਜੋ ਅਜੇ ਜੀਉਂਦਾ ਸੀ ਕਿ ਮਹਾਂਸਿੰਘਾ! ਕੀ ਚਾਹੁੰਦਾ ਹੈ। ਤਾਂ ਕਹਿਣ ਲੱਗਿਆ ਪਾਤਸ਼ਾਹ! ਸ਼ਹੀਦਾਂ ਦਾ ਜਹਾਜ਼ ਤਾਂ ਜਾਂਦਾ ਹੈ ਨਾ ਸਵਰਗ ਵਾਲੇ ਸਾਂਭ ਰਹੇ ਨੇ, ਨਾ ਤੇਰੇ ਸੱਚਖੰਡ 'ਚ ਜਾ ਰਿਹਾ ਹੈ, ਇਹ ਵਿਚਾਲੇ ਰੁਲਦਾ ਫਿਰਦਾ ਹੈ। ਕ੍ਰਿਪਾ ਕਰ, ਅਸੀਂ ਤੇਰੇ ਬਣੇ ਸੀ, ਤੇਰੇ ਹੀ ਸੀ। ਤੂੰ ਸਾਡਾ ਬੇਦਾਵਾ ਫਾੜ ਦੇ। ਗੁਰੂ ਮਹਾਰਾਜ ਕਹਿਣ ਲੱਗੇ ਕਿ ਮਹਾਂਸਿੰਘਾ! ਰਾਜ ਭਾਗ ਮੰਗ ਲੈ, ਹੋਰ ਕੁਛ ਮੰਗ ਲੈ, ਦੁਨੀਆਂਦਾਰਾਂ ਨੂੰ ਇਨ੍ਹਾਂ ਚੀਜ਼ਾਂ ਦੀ ਲੋੜ ਹੁੰਦੀ ਹੈ, ਪਾਤਸ਼ਾਹ! ਸਾਨੂੰ ਸਿੱਖੀ ਦੇ ਦੇ, ਸਾਨੂੰ ਜਾਨ ਦੀ ਲੋੜ ਨਹੀਂ ਹੈ, ਜੀਉਣ ਦੀ ਲੋੜ ਨਹੀਂ ਹੈ, ਰਾਜ ਦੀ ਲੋੜ ਨਹੀਂ। ਗੁਰੂ ਮਹਾਰਾਜ ਦੇ ਨੇਤਰਾਂ 'ਚ ਪਿਆਰ ਦੇ ਹੰਝੂ ਆ ਗਏ ਸਾਧਸੰਗਤ ਜੀ। ਦੋ ਟੇਪੇ ਉਹਦੇ ਚਿਹਰੇ ਤੇ ਗਿਰ ਗਏ, ਕਹਿਣ ਲੱਗੇ ਮਹਾਂ ਸਿੰਘਾ! ਗੁਰੂ ਕਦੇ ਸਿੱਖ ਨੂੰ ਨਹੀਂ ਛੱਡਦਾ, ਜਦੋਂ ਵੀ ਛੱਡਦਾ ਹੈ, ਸਿੱਖ ਗੁਰੂ ਨੂੰ ਛੱਡਦਾ ਹੈ। ਗੁਰੂ ਦਾ ਦਰਵਾਜ਼ਾ ਹਰ ਵਕਤ, ਗੁਰੂ ਦਾ ਕਲਾਵਾ ਹਰ ਵਕਤ ਇੰਤਜ਼ਾਰ ਕਰਦਾ ਹੈ ਕਦ ਸਿੱਖ ਆਵੇ -

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ ॥   ਅੰਗ - ੫੪੪*

ਕਦ ਆਵੇ ਤੇ ਮੈਂ ਉਹਦੀ ਭੁੱਲ ਨੂੰ ਸੋਧ ਕੇ ਆਪਣੀ ਛਾਤੀ ਦੇ ਨਾਲ ਆਪਣੇ ਪਿਆਰੇ ਬੱਚੇ ਨੂੰ ਲਾਵਾਂ। ਸੋ ਐਸੇ ਗੁਰੂ ਗੋਬਿੰਦ ਸਿੰਘ ਜਦੋਂ ਤਕ ਦੁਨੀਆਂ ਰਹੇਗੀ, ਉਸ ਵੇਲੇ ਤੱਕ ਸਾਡੇ ਖ਼ੂਨ ਵਿਚ ਵਿਚ ਉਹਦਾ ਪਿਆਰ ਰਚਿਆ ਰਹਿਣਾ ਹੈ। ਪਰ ਅਸੀਂ ਗਲਤੀ ਕਰਦੇ ਹਾਂ। ਉਹੀ ਬੇਦਾਵਾ ਜੋ ਉਨ੍ਹਾਂ ਨੇ ਗੁਰੂ ਨੂੰ ਦਿਤਾ ਸੀ, ਉਹਦੀ ਅਸੀਂ ਦੇ ਬੈਠੇ ਹਾਂ, ਭਾਵੇਂ ਗੁਰੂ ਨੇ ਲਿਖਾਇਆ ਨਹੀਂ, ਪਰ ਅਸੀਂ ਗੁਰੂ ਦਾ ਬਚਨ ਨਹੀਂ ਮੰਨ ਰਹੇ। ਹੋਰ-ਹੋਰ ਥਾਂ ਜਾ ਕੇ ਮੱਥੇ ਟੇਕੀ ਜਾਂਦੇ ਹਾਂ, ਗੁਰੂ ਕਹਿੰਦਾ ਹੈ ਸ਼ਰਾਬ ਨਾ ਪੀਓ, ਅਸੀਂ ਪੀਈ ਜਾਂਦੇ ਹਾਂ। ਗੁਰੂ ਕਹਿੰਦਾ ਹੈ ਵੈਰ ਨਾ ਕਰੋ ਕਿਸੇ ਨਾਲ, ਅਸੀਂ ਕਰੀ ਜਾਂਦੇ ਹਾਂ। ਗੁਰੂ ਕਹਿੰਦਾ ਹੈ ਕਿਸੇ ਨੂੰ ਵੀ ਮਾੜਾ ਨਾ ਕਰ ਪਰ ਅਸੀਂ ਕਹੀ ਜਾਂਦੇ ਹਾਂ। ਸਾਰੇ ਹੀ ਹੁਕਮ ਅਦੂਲੀ ਗੁਰੂ ਤੋਂ ਕਰੀ ਜਾਂਦੇ ਹਾਂ। ਲੇਕਿਨ ਫੇਰ ਵੀ ਉਹ ਗੁਰੂ ਸਾਡੇ ਤੋਂ ਦਿਆਲੂ ਕ੍ਰਿਪਾਲੂ ਇੰਤਜ਼ਾਰ ਕਰਦਾ ਹੈ ਕਿ ਕਦ ਸਿੱਖ ਸਹੀ ਹੋ ਕੇ ਮੇਰੇ ਵਲ ਨੂੰ ਆਵੇ, ਕਦ ਮੈਂ ਏਸ ਨੂੰ ਆਪਣੀ ਦਰਗਾਹ ਵਿਚ ਥਾਂ ਦੇਵਾਂ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਆਪਾਂ ਗੁਰੂ ਨੂੰ ਯਾਦ ਕਰਦੇ ਹਾਂ, ਉਹ ਨਿਹਾਲ ਹੋ ਜਾਂਦੇ ਨੇ।

***ਗੁਰੁ ਪੂਰਾ ਜਿਨ ਸਿਮਰਿਆ ਸੇਈ ਭਏ ਨਿਹਾਲ॥***
***ਨਾਨਕ ਨਾਮੁ ਅਰਾਧਣਾ ਕਾਰਜੁ ਆਵੈ ਰਾਸਿ ॥***
***ਅੰਗ - ੧੪੨੫***

ਗੁਰੂ ਨੂੰ ਯਾਦ ਕਰਕੇ ਸਾਰੇ ਕਾਰਜ ਰਾਸ ਆ ਜਾਂਦੇ ਨੇ। ਨਾਲ ਇਹ ਨਿਹਾਲ ਹੋ ਜਾਂਦਾ ਹੈ, ਜਮਾਂ ਤੋਂ ਛੁਟ ਜਾਂਦਾ ਹੈ। ਸਾਰੇ ਦੁਖਾਂ ਦਾ ਨਾਸ ਹੋ ਜਾਂਦਾ ਹੈ, ਯਾਦ ਕਰ ਲਓ ਗੁਰੂ ਗੋਬਿੰਦ ਸਿੰਘ ਮਹਾਰਾਜ ਨੂੰ।

ਸੋ ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਐਹ ਸੰਸਾਰ ਵਿਚ ਆਉਣ ਤੋਂ ਪਹਿਲਾਂ ਪਰਮ ਮੁਕਤ ਅਵਸਥਾ ਪ੍ਰਮੇਸ਼ਰ ਦੀ ਜੋਤ ਨਾਲ ਇਕ ਮਿਕ ਹੋਏ, ਪ੍ਰਮੇਸ਼ਰ ਦਾ ਰੂਪ ਸਨ। ਲੇਕਿਨ ਕਲਜੁਗ ਦਾ ਜ਼ੋਰ ਵਧ ਗਿਆ, ਬੰਦਾ ਬਿਲਕੁਲ ਨਿਮਾਣਾ ਨਿਤਾਣਾ ਹੋ ਗਿਆ। ਕੋਈ ਅਸੂਲ ਨਾ ਰਿਹਾ ਬੰਦੇ ਦਾ, ਚੰਗਿਆਈ ਸਾਰੀ ਨਿਕਲ ਗਈ, ਭਾਰਤ ਵਰਸ਼ 'ਚੋਂ। ਗੁਲਾਮੀ ਆ ਗਈ। ਕੋਈ ਛੇ ਸੌ ਸਾਲ ਤੋਂ ਉਤੇ ਗੁਲਾਮੀ ਦਾ ਸਮਾਂ ਲੰਘ ਰਿਹਾ ਸੀ, ਗੁਲਾਮੀ ਦੇ ਵਿਚ ਜੀਉਣ ਕਰਕੇ ਆਦਮੀ ਅਣਖ, ਇੱਜ਼ਤ ਸਭ ਖਤਮ ਹੋ ਗਈ। ਇਹੀ ਰਹਿ ਗਿਆ ਕਿ ਕਿਸੇ ਤਰੀਕੇ ਨਾਲ ਸਾਹ ਕੱਢੀ ਜਾਓ। ਮਰਨ ਤੋਂ ਬਚ ਜਾਓ, ਕੋਈ ਗੱਲ ਨਹੀਂ, ਜੋ ਹੁੰਦਾ ਹੈ ਹੋਈ ਜਾਣ ਦਿਓ। ਧਰਮ ਦੀਆਂ ਜੜ੍ਹਾਂ ਹਿੱਲ ਗਈਆਂ। ਗੁਰੂ ਨਾਨਕ ਪਾਤਸ਼ਾਹ ਨੌਂ ਜਾਮਿਆਂ ਵਿਚ ਆ ਕੇ ਏਸ ਧਰਮ ਦੇ ਖੰਡਰ ਨੂੰ ਸੰਵਾਰਨ ਦਾ ਯਤਨ ਕਰਦੇ ਨੇ। ਅਕਾਲ ਪੁਰਖ ਦਾ ਹੁਕਮ ਹੋਇਆ ਗੁਰੂ ਦਸ਼ਮੇਸ਼ ਪਿਤਾ ਨੂੰ ਤੁਸੀਂ ਜਾਓ, ਗੁਰੂ ਜੋਤ ਤੁਹਾਡੇ ਥਾਉਂ ਤੇ ਕੰਮ ਕਰੇਗੀ। ਤੁਸੀਂ ਜਾ ਕੇ ਧਰਮ ਦਾ ਰਾਹ ਸੰਸਾਰ ਨੂੰ ਜਾ ਕੇ ਦੱਸੋ ਕਿਉਂਕਿ ਧਰਮ ਦਾ ਰਸਤਾ ਸੰਸਾਰ ਭੁੱਲ ਗਿਆ। ਸੋ ਧਰਮ ਦਾ ਰਸਤਾ ਚਲਾਉਣ ਵਾਸਤੇ ਗੁਰੂ ਮਹਾਰਾਜ ਆਉਂਦੇ ਨੇ।

ਗੁਰੂ ਨਾਨਕ ਪਾਤਸ਼ਾਹ ਨੇ ਆ ਕੇ ਧਰਮ ਦਾ ਰਸਤਾ ਚਲਾਇਆ, ਸੰਸਾਰ ਨੂੰ ਦੱਸਿਆ ਕਿ ਕਿਵੇਂ ਜੀਉਣਾ ਚਾਹੀਦਾ ਹੈ।

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥***
***ਕਹੁ ਨਾਨਕ ਸੁਨਿ ਰੇ ਮਨਾ***
***ਗਿਆਨੀ ਤਾਹਿ ਬਖਾਨਿ॥ ਅੰਗ - ੧੪੨੭***

ਨਾ ਕਿਸੇ ਤੋਂ ਡਰੋ, ਨਾ ਕਿਸੇ ਨੂੰ ਡਰਾਓ। ਸਾਰਿਆਂ ਦਾ ਭਲਾ ਲੋਚੋ।

***ਨਾਨਕ ਨਾਮ ਚੜ੍ਹਦੀ ਕਲਾ,***
***ਤੇਰੇ ਭਾਣੇ ਸਰਬੱਤ ਕਾ ਭਲਾ।***

ਦਇਆ ਹਿਰਦੇ 'ਚ ਧਾਰਨ ਕਰੋ, ਖਿਮਾ ਹਿਰਦੇ ਵਿਚ ਧਾਰਨ ਕਰੋ, ਸੱਚ ਦਾ ਜੀਵਨ ਜੀਓ, ਸੌਚ, ਪਵਿਤਰਤਾ, ਸੰਤੋਖ ਵਿਚ ਰਹੋ, ਦਾਨ ਕਰੋ, ਸੇਵਾ ਕਰੋ, ਮਿੱਠਾ ਬੋਲੋ ਤੇ ਆਸਾ ਅੰਦੇਸਾ ਦੀਆਂ ਡੈਣਾਂ ਤੋਂ ਦੂਰ ਰਹੋ। ਈਰਖਾ ਨਾ ਕਰੋ, ਨਿੰਦਿਆ ਨਾ ਕਰੋ, ਚੁਗਲੀਆਂ ਨਾ ਕਰੋ। ਇਹਦੇ ਨਾਲ ਪ੍ਰਮੇਸ਼ਰ ਦੇ ਦੁਆਰੇ ਤੇ ਪਹੁੰਚਣ ਵਾਲਾ ਸੁਖਾਲਾ ਰਸਤਾ ਨਾਮ ਦਾ ਸੰਸਾਰ ਨੂੰ ਆ ਕੇ ਦਿਤਾ। ਸਭ ਨੂੰ ਰਸਤਾ ਦੱਸ ਦਿਤਾ।

ਜਿਹੜੇ ਸੱਚੀ ਤਰ੍ਹਾਂ ਦੇ ਨਾਲ ਗੁਰੂ ਦੇ ਰਸਤੇ ਤੇ ਚੱਲ ਪਏ ਉਨ੍ਹਾਂ ਨੂੰ ਪਾਪ ਕਦੇ ਨਹੀਂ ਦੁਖੀ ਕਰਦਾ। ਜਿਹੜਾ ਆ ਕੇ ਸੀਸ ਨਿਵਾ ਕੇ ਗੁਰੂ ਦਾ ਬਣ ਗਿਆ, ਉਹਦੇ ਤਿੰਨੇ ਤਾਪ ਤੇ ਸਾਰੇ ਪਾਪ ਗੁਰੂ ਨੇ ਦੂਰ ਕਰ ਦਿਤੇ।

ਨਾ ਹੋ ਜਮਾਂ ਕਾਲ ਵਿਚ ਆਉਂਦਾ ਹੈ, ਨਾ ਉਹਨੂੰ ਕਦੇ ਦੁੱਖ, ਨਾ ਉਹਨੂੰ ਇਹ ਚੀਜ਼ਾਂ ਕਦੇ ਸਤਾਉਂਦੀਆਂ ਹਨ। ਕਿਉਂਕਿ ਗੁਰੂ ਨੇ ਆਪਣਾ ਰਸਤਾ ਚਲਾ ਦਿਤਾ। ਹੁਣ ਮਹਾਰਾਜ ਕਹਿੰਦੇ ਹੁਣ ਮੈਂ ਦੱਸਾਂ।

***ਅਬ ਮੈ ਅਪਨੀ ਕਥਾ ਬਖਾਨੋ।***
***ਤਪ ਸਾਧਤ ਜਿਹਿ ਬਿਧਿ ਮੋਹਿ ਆਨੋ।***
***ਹੇਮ ਕੁੰਟ ਪਰਬਤ ਹੈ ਜਹਾਂ।***
***ਸਪਤ ਸ੍ਰਿੰਗ ਤਿਹ ਨਾਮੁ ਕਹਾਵਾ।***

ਉਥੇ ਪੰਜੇ ਪਾਡਵਾਂ ਨੇ ਜਦੋਂ ਯੁੱਧ ਜਿੱਤ ਲਿਆ, ਉਸ ਤੋਂ ਬਾਅਦ ਮਨ ਵਿਚ ਆਇਆ ਕਿ ਬਹੁਤ ਰਿਸ਼ਤੇਦਾਰ ਸਾਡੇ ਤੋਂ ਮਾਰੇ ਗਏ, ਇਹਦਾ ਪ੍ਰਾਸ਼ਚਿਤ ਕੀਤਾ ਜਾਵੇ। ਉਹ ਸੀਗਾ ਜਾ ਕੇ ਤਪ ਕਰਨ, ਉਥੇ ਜਾ ਕੇ ਜਿੱਥੇ ਉਨ੍ਹਾਂ ਨੇ ਤਪ ਕਰਿਆ। ਕਹਿੰਦੇ ਉਸ ਥਾਂ ਦੇ ਉਤੇ -

***ਪੰਙੁ ਰਾਜ ਜਹ ਜੋਗ ਕਮਾਵਾ।***
***ਤਹ ਹਮ ਅਧਿਕ ਤਪੱਸਿਆ ਸਾਧੀ।***
***ਮਹਾਕਾਲ ਕਾਲਿਕਾ ਅਰਾਧੀ।***

ਜਿਹੜਾ ਕਾਲ ਨੂੰ ਕੱਟਣ ਵਾਲਾ ਕਾਲ ਹੈ ਮਹਾਂਕਾਲ ਉਹਦੀ ਅਸੀਂ ਤਪਸਿਆ ਕਰੀ।

***ਇਹ ਬਿਧਿ ਕਰਤ ਤਪੱਸਿਆ ਭਯੋ।***
***ਦ੍ਵੈ ਤੇ ਏਕ ਰੂਪ ਹ੍ਵੈ ਗਯੋ।***

ਅਸੀਂ ਐਨੀ ਤਪਸਿਆ ਕਰੀ, ਐਨਾ ਨਾਮ ਜਪਿਆ ਕਿ ਸਾਡਾ ਪਤਾ ਨਹੀਂ ਲਗਦਾ –

***ਰਾਮ ਕਬੀਰਾ ਏਕ ਭਏ ਹੈ***
***ਕੋਇ ਨ ਸਕੈ ਪਛਾਨੀ॥ ਅੰਗ – ੯੬੯***

ਪਛਾਣ ਹੀ ਹੱਟ ਗਈ ਕਿ ਮੈਂ ਹਾਂ ਕਿ ਰੱਬ ਹੈ। ਇਕ ਬਣ ਗਏ। ਦੋ ਰੂਪ ਤੋਂ ਇਕ ਹੋ ਗਏ।

***ਤਾਤ ਮਾਤ ਮੁਰ ਅਲਖ ਅਰਾਧਾ।***
***ਬਹੁ ਬਿਧਿ ਜੋਗ ਸਾਧਨਾ ਸਾਧਾ।***
***ਤਿਨ ਜੋ ਕਰੀ ਅਲਖ ਕੀ ਸੇਵਾ।***
***ਤਾ ਤੇ ਭਏ ਪ੍ਰਸੰਨ ਗੁਰ ਦੇਵਾ।***

ਮਾਂ ਬਾਪ ਨੇ ਪੁੱਤਰ ਦੀ ਯਾਚਨਾ ਪਿਛਲੇ ਜਨਮ ਵਿਚ ਕੀਤੀ ਸੀ, ਹੇ ਪ੍ਰਭੂ! ਤੂੰ ਸਾਡੇ ਘਰ ਵਿਚ ਆ ਕੇ ਅਵਤਾਰ ਧਾਰ। ਆਵਾਜ਼ ਆਈ ਕਿ ਐਤਕੀਂ ਤਾਂ ਨਹੀਂ ਅਗਲੇ ਜਨਮ ਵਿਚ ਅਸੀਂ ਆਵਾਂਗੇ। ਜਦੋਂ ਇਨ੍ਹਾਂ ਤੇ ਪ੍ਰਸੰਨ ਹੋ ਗਏ –

***ਤਿਨ ਪ੍ਰਭ ਜਬ ਆਇਸ ਮੁਹਿ ਦੀਆ।***
***ਤਬ ਹਮ ਜਨਮ ਕਲੂ ਮਹਿ ਲੀਆ।***

ਜਦੋਂ ਮੈਨੂੰ ਹੁਕਮ ਮਿਲਿਆ ਤਾਂ ਮੈਂ ਕਲਜੁਗ ਵਿਚ ਆ ਕੇ ਜਨਮ ਲੈ ਲਿਆ।

***ਚਿਤ ਨ ਭਯੋ ਹਮਰੋ ਆਵਨ ਕਹ।***
***ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹ।***
***ਜਿਉ ਤਿਉ ਪ੍ਰਭ ਹਮ ਕੋ ਸਮਝਾਯੋ।***
***ਇਮ ਕਹਿ ਕੇ ਇਹ ਲੋਕ ਪਠਾਯੋ।***

ਮੇਰਾ ਚਿੱਤ ਨਹੀਂ ਸੀ ਕਰਦਾ ਪ੍ਰੇਮੀਓ! ਮੈਂ ਉਹ ਜਗ੍ਹਾ ਛੱਡ ਕੇ ਪਰਮ ਅਨੰਦ ਦੀ, ਏਸ ਤੋਂ ਖਰਬਾਂ-ਖਰਬਾਂ ਗੁਣਾਂ ਅਨੰਦ, ਜਿਹਦੀ ਗਿਣਤੀ ਮਿਣਤੀ ਨਹੀਂ, ਉਹ ਨੂੰ ਮੈਂ ਛੱਡ ਕੇ ਆਉਣ ਨੂੰ ਦਿਲ ਨਹੀਂ ਸੀ ਕਰਦਾ। ਲੇਕਿਨ ਪ੍ਰਮੇਸ਼ਰ ਨੇ ਗੱਲ ਸਮਝਾਈ ਕਿ ਜਦੋਂ ਤੋਂ ਸੰਸਾਰ ਰਚਿਆ ਹੈ ਪਹਿਲਾਂ ਅਸੀਂ ਦੈਂਤ ਰਚੇ ਸੀ, ਉਹ ਤਾਕਤ ਦੇ ਨਸ਼ੇ ਦੇ ਅੰਦਰ ਅੰਨ੍ਹੇ ਹੋ ਗਏ, ਉਹ ਕਹਿੰਦੇ ਸੀ ਚੁਟਕੀ ਦੇ ਵਿਚ ਖਤਮ ਕਰ ਦਿਤੇ। ਫੇਰ ਅਸੀਂ ਦੇਵਤਾ ਬਣਾ ਦਿਤੇ, ਉਹ ਦੇਵਤਾ ਵੀ ਆਪਣੀ-ਆਪਣੀ ਪੂਜਾ ਕਰਾਉਣ ਲਗ ਗਏ ਫੇਰ ਅਸੀਂ ਮਨੁੱਖ ਬਣਾ ਦਿਤੇ। ਇਨ੍ਹਾਂ ਮਨੁੱਖਾਂ ਵਿਚ ਜਿੰਨੇ ਵੀ ਆਏ ਨੇ, ਜੋ ਜੋ ਵੀ ਜਗਤ ਵਿਚ ਸਿਆਣਾ ਹੋ ਕੇ ਆਇਆ ਹੈ, ਉਹਨੇ ਆਪਣਾ ਰਾਹ ਚਲਾ ਲਿਆ ਆ ਕੇ। ਮਨੁੱਖਤਾ ਲੀਰੋ ਲੀਰ ਕਰ ਦਿਤੀ। ਬੇਅੰਤ ਧਰਮਾਂ 'ਚ, ਬੇਅੰਤ ਰੂਪਾਂ ਵਿਚ ਸੰਸਾਰ ਪ੍ਰਗਟ ਹੋ ਗਿਆ। ਕਿਉਂਕਿ ਆਪਣੇ ਆਪਣੇ ਰਾਹ ਚਲਾਏ ਕਿਸੇ ਨੂੰ ਵਾਹਿਗੁਰੂ ਨੂੰ ਨਹੀਂ ਦੱਸਿਆ ਕਿ ਵਾਹਿਗੁਰੂ ਕੀ ਹੈ? ਸੋ ਉਹਦੇ ਵਾਸਤੇ ਤੁਸੀਂ ਜਾ ਕੇ ਪ੍ਰਮੇਸ਼ਰ ਦੀ ਸੋਝੀ ਦਿਓ, ਜਿੰਨਾ ਚਿਰ ਪ੍ਰਮੇਸ਼ਰ ਦੀ ਸੋਝੀ ਨਹੀਂ ਆਉਣੀ, ਮਤਲਬ ਮੇਰਾ ਪਤਾ ਨਹੀਂ ਲਗਦਾ ਫੇਰ ਇਨ੍ਹਾਂ ਦਾ ਜਨਮ ਮਰਨ ਦੂਰ ਨਹੀਂ ਹੋਣਾ, ਸੰਸਾਰ ਦੁਖੀ ਰਹੇਗਾ। ਉਹ ਸੁਖੀ ਤਾਂ ਹੋਣਾ ਹੈ ਜਦੋਂ ਉਸ ਨੇ ਆਪਣੇ ਸਰੂਪ ਦੀ ਪਛਾਣ ਕਰ ਲੈਣੀ ਹੈ।

***ਮੈ ਅਪਨਾ ਸੁਤ ਤੁਹਿ ਨਿਵਾਜਾ।***
***ਪੰਥ ਪ੍ਰਚੁਰ ਕਰਬੇ ਕਉ ਸਾਜਾ।***

ਮੈਂ ਆਪਣਾ ਪੁੱਤਰ ਬਣਾ ਕੇ, ਧਰਮ ਦਾ ਪੰਥ ਚਲਾਉਣ ਵਾਸਤੇ ਉਹਦਾ ਪ੍ਰਚਾਰ ਕਰਨ ਵਾਸਤੇ ਤੁਹਾਨੂੰ ਭੇਜਦਾ ਹੈ।

***ਜਹਾ ਤਹਾ ਤੇ ਧਰਮੁ ਚਲਾਇ।***
***ਕਬੁਧਿ ਕਰਨ ਤੇ ਲੋਕ ਹਟਾਇ।***

ਆਹ ਜਿਹੜੇ ਕੁਬੁੱਧੀ ਕਰਦੇ ਨੇ, ਈਰਖਾ, ਨਿੰਦਿਆ, ਚੁਗਲੀ, ਵਖੀਲੀ, ਵੈਰ-ਵਿਰੋਧ, ਸ਼ਰਾਬਾਂ ਪੀਂਦੇ ਨੇ, ਨਸ਼ੇ ਖਾਂਦੇ ਨੇ, ਆਪਸ ਵਿਚ ਲੜਦੇ ਨੇ, ਕਿਤੇ ਦਰਖਤਾਂ ਨੂੰ ਮੱਥੇ ਟੇਕਦੇ ਨੇ, ਕਿਤੇ ਸੂਰਜ ਨੂੰ ਟੇਕਦੇ ਨੇ, ਕਿਤੇ ਦਰਿਆਵਾਂ ਨੂੰ ਮੰਨਦੇ ਨੇ, ਕਿਤੇ ਤਾਰਿਆਂ ਨੂੰ ਮੱਥਾ ਟੇਕਦੇ ਨੇ, ਕਿਤੇ ਭੂਤਾਂ ਨੂੰ ਮੰਨੀ ਜਾਂਦੇ ਨੇ, ਕਿਤੇ ਮਰਿਆਂ ਹੋਇਆਂ ਦੀ ਸਮਾਧਾਂ ਤੇ ਮੱਥਾ ਟੇਕੀ ਜਾਂਦੇ ਨੇ। ਇਨ੍ਹਾਂ ਨੂੰ ਸਮਝਾਓ ਕਮਲਾ ਹੋ ਗਿਆ ਜਗਤ। 'ਨਾਮ' ਨਹੀਂ ਇਹ ਸੁਣ ਰਿਹਾ-

***ਬਿਨੁ ਸਬਦੈ ਸਭੁ ਜਗੁ ਬਉਰਾਨਾ***
***ਬਿਰਥਾ ਜਨਮੁ ਗਵਾਇਆ ॥ ਅੰਗ – ੬੪੪***

ਜਨਮ ਇਨ੍ਹਾਂ ਦਾ ਬਿਰਥਾ ਜਾ ਰਿਹਾ ਹੈ, ਸ਼ਬਦ ਤੋਂ ਬਗੈਰ। ਜਾ ਕੇ ਸਮਝਾਓ। ਮਹਾਰਾਜ ਕਹਿੰਦੇ, ਨਿਗ੍ਹਾ ਮਾਰ ਕੇ ਅਸੀਂ ਦੇਖਿਆ ਕਿ ਇਹ ਤਾਂ ਸਾਰੇ ਅੰਧਕਾਰ ਛਾਇਆ ਪਿਆ ਹੈ। ਰਾਜਾ ਜਿਹੜਾ ਹੈ ਪੂਰਾ ਜ਼ਾਲਮ ਹੈ। ਉਹਨੂੰ ਕੋਈ ਪਤਾ ਨਹੀਂ ਨੀਤੀ, ਅਨੀਤੀ ਦਾ, ਇਕ ਧੁਨ ਸਵਾਰ ਹੈ ਕਿ ਮੈਂ ਜ਼ੋਰ ਜ਼ਬਰ ਦੇ ਨਾਲ ਸਾਰਿਆਂ ਨੂੰ ਇਕ ਧਰਮ ਦੇ ਵਿਚ ਲੈ ਆਵਾਂ, ਇਸਲਾਮ ਦੇ ਅੰਦਰ।

**ਇਸਲਾਮ ਮਾੜਾ ਨਹੀਂ ਹੈ ਸਾਧਸੰਗਤ ਜੀ, ਪਰ ਜ਼ੋਰ ਜ਼ਬਰ ਦੇ ਨਾਲ ਕਿਸੇ ਆਦਮੀ ਨੂੰ ਕਹੋ ਕਿ ਤੂੰ ਧਰਮ ਬਦਲ ਲੈ, ਇਹ ਬਹੁਤ ਮਾੜੀ ਗੱਲ ਹੋਇਆ ਕਰਦੀ ਹੈ।**

**ਹੋਰ ਦੇਖਿਆ ਕਿ ਰਿਆਇਆ ਜਿਹੜੀ** ਹੈ ਇਹ

ਗਿਆਨ ਤੋਂ ਬਗੈਰ ਅੰਨ੍ਹੀ ਹੋ ਗਈ। ਝੂਠ ਬੋਲਦੀਆਂ ਕਹਾਣੀਆਂ ਬਣਾ-ਬਣਾ ਕੇ ਸੁਣਾਈ ਜਾਂਦੇ ਨੇ। ਕੋਈ ਕੁਛ ਕਹਿੰਦਾ ਹੈ, ਕੋਈ ਕੁਛ, ਹੈ ਕੁਛ ਵੀ ਨਹੀਂ, ਸੱਚ ਕਿਨਾਰੇ ਰਹਿ ਗਿਆ। ਆਹ ਤਾਂ ਮਰਿਆ ਹੋਇਆ ਦੇਸ਼ ਹੈ ਇਹਦੇ ਵਿਚ ਜਾਨ ਕਿੱਥੇ ਪਾਈ ਜਾਏਗੀ। ਉਸ ਵੇਲੇ ਗੁਰੂ ਮਹਾਰਾਜ ਨੇ ਪ੍ਰਮੇਸ਼ਰ ਨੂੰ ਕਿਹਾ ਹੇ ਪਾਤਸ਼ਾਹ! ਜਿਹੜੀ ਡਿਊਟੀ ਤੁਸੀਂ ਮੈਨੂੰ ਦੇਣ ਲੱਗੇ ਹੋਂ, ਬੜੀ ਮੁਸ਼ਕਲ ਹੈ, ਜਦੋਂ ਤਕ ਤੁਸੀਂ ਨਹੀਂ ਸਹਾਇਤਾ ਕਰਦੇ, ਇਹ ਚਲਨਾ ਨਹੀਂ। ਦੂਸਰਾ ਜੁਗ ਕਲਜੁਗ ਦਾ ਹੈ, ਜਿਹਦੇ ਵਿਚ ਆਦਮੀ ਇਕ ਸਕਿੰਟ ਬਾਅਦ ਭੁੱਲ ਜਾਂਦਾ ਹੈ। ਐਥੇ ਸੁਣੇਗਾ ਜੋੜੇ ਪਾਉਂਦਾ ਭੁੱਲ ਜਾਏਗਾ। ਇਹਦੇ ਵਿਚ ਤੁਹਾਡੀ ਮਿਹਰ ਹੋਣੀ ਚਾਹੀਦੀ ਹੈ -

***ਠਾਢਿ ਭਯੋ ਮੈ ਜੋਰਿ ਕਰ ਬਚਨ ਕਹਾ ਸਿਰ ਨਿਆਇ।***
***ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ।***

ਤਾਂ ਰਸਤਾ ਇਹ ਚਲਣਾ ਹੈ। ਹੁਣ ਸਾਨੂੰ ਕਹਿੰਦੇ ਨੇ ਕਿ ਐ ਦੁਨੀਆ ਵਾਲਿਓ! ਮੈਨੂੰ ਕਿਤੇ ਰੱਬ ਨਾ ਬਣਾ ਕੇ ਬਹਿ ਜਾਇਓ, ਮੈਂ ਰੱਬ ਨਹੀਂ ਹਾਂ। ਰੱਬ ਨੂੰ ਪਛਾਣੋ ਕਿ ਰੱਬ ਕੀ ਹੈ। ਪ੍ਰਮੇਸ਼ਰ ਤੋਂ ਬਾਹਰ ਕੋਈ ਨਹੀਂ ਹੈ। ਲੇਕਿਨ ਇਕੱਲੀ ਚੀਜ਼ ਪ੍ਰਮੇਸ਼ਰ ਕੋਈ ਨਹੀਂ। ਆਹ ਧਿਆਨ ਦਿਓ। ਦਰਖਤ ਜਿੰਨੇ ਵੀ ਨੇ, ਟਾਹਣੀਆਂ, ਪੱਤੇ, ਫਲ ਜਿੰਨੇ ਨੇ ਦਰਖਤ ਤੋਂ ਬਾਹਰ ਕੋਈ ਨਹੀਂ ਹੈ, ਪਰ ਇਕੱਲੀ ਚੀਜ਼ ਦਰਖਤ ਕੋਈ ਨਹੀਂ ਹੈ। ਜੇ ਕਹੋ ਤਣਾ ਦਰਖਤ ਹੈ ਤਣਾ ਦਰਖਤ ਨਹੀਂ ਹੈ। ਸਮੁੱਚਾ ਦਰਖਤ ਹੈ। ਸੋ ਮਹਾਰਾਜ ਕਹਿੰਦੇ ਨੇ ਕਿ ਕਿਤੇ ਐਸਾ ਨਾ ਕਰਿਓ ਕਿ ਮੈਨੂੰ ਰੱਬ ਬਣਾ ਕੇ ਬਹਿ ਜਾਇਓ।

***ਇਹ ਕਾਰਨਿ ਪ੍ਰਭ ਮੋਹਿ ਪਠਾਯੋ।***
***ਤਬ ਮੈ ਜਗਤ ਜਨਮ ਧਰਿ ਆਯੋ।***
***ਜਿਮ ਤਿਮ ਕਹੀ ਤਿਨੈ ਤਿਮ ਕਹਿ ਹੋਂ।***
***ਅਉਰ ਕਿਸੂ ਤੇ ਬੈਰ ਨ ਗਹਿ ਹੋਂ।***

ਉਵੇਂ ਜਿਵੇਂ ਮੈਂ ਕਹਿੰਦਾ ਹਾਂ ਜਿਵੇਂ ਮੈਨੂੰ ਕਿਹਾ ਹੈ।

***ਜੋ ਹਮ ਕੋ ਪਰਮੇਸਰ ਉਚਰਿ ਹੈਂ।***
***ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।***
***ਮੋ ਕੋ ਦਾਸ ਤਵਨ ਕਾ ਜਾਨੋ।***
***ਯਾ ਮੈ ਭੇਦ ਨ ਰੰਚ ਪਛਾਨੋ।***

ਜਿਨ੍ਹਾਂ ਨੇ ਗਲਤੀ ਦੇ ਨਾਲ ਮੈਨੂੰ ਕਹਿ ਦਿਤਾ ਕਿ ਰੱਬ ਆਇਆ ਹੈ, ਰੱਬ ਇਹੀ ਹੈ ਤਾਂ ਕਹਿੰਦੇ ਫੇਰ ਨਰਕਾਂ 'ਚ ਪੈਣਗੇ। ਕਿਉਂਕਿ ਮੈਂ ਨਹੀਂ ਇਹ ਕਹਾਉਣ ਆਇਆ। ਪਹਿਲਾਂ ਗਲਤੀਆਂ ਹੋ ਗਈਆਂ।

ਕ੍ਰਿਸ਼ਨ ਮਹਾਰਾਜ ਨੇ ਜੋ ਗੀਤਾ ਦਾ ਉਪਦੇਸ਼ ਦਿਤਾ ਸੀ ਅਰਜਨ ਨੂੰ। ਉਹ ਬ੍ਰਹਮ ਭਾਵ ਵਿਚ ਕੀਤੀ ਹੋਈ ਗੱਲ ਸੀ, ਸਮਾਂ ਚੰਗਾ ਸੀ, ਗੱਲ ਸਮਝਾਉਣ ਵਾਸਤੇ ਉਹ ਆਤਮ ਬਿਰਤੀ ਵਿਚ ਬੋਲਦੇ ਸੀ। ਸਰੀਰਕ ਤੌਰ ਤੇ ਨਹੀਂ ਸੀ ਬੋਲਦੇ। ਲੇਕਿਨ ਹੌਲੀ ਹੌਲੀ ਅਸੀਂ ਜਿਉਂ-ਜਿਉਂ ਅਸੀਂ ਥੱਲੇ ਆਏ ਉਹ ਪਰੀਪੂਰਨ ਪ੍ਰਮੇਸ਼ਰ ਦੀ ਥਾਂ ਦੇ ਉਤੇ ਅਸੀਂ ਐਨਾ ਹੀ ਕਰ ਲਿਆ ਕਿ ਕ੍ਰਿਸ਼ਨ ਮਹਾਰਾਜ ਪ੍ਰਮੇਸ਼ਰ ਆਪ ਸੀ। ਉਥੇ ਭੁੱਲ ਖਾ ਗਏ। ਉਹ ਤਾਂ ਆਪ ਹੀ ਸੀ ਵਾਹਿਗੁਰੂ ਸਾਰੇ। ਸੋ ਮਹਾਰਾਜ ਕਹਿੰਦੇ, ਕਿਤੇ ਦੁਬਾਰਾ ਭੁੱਲ ਨਾ ਖਾ ਜਾਇਓ। ਮੈਂ ਤਾਂ ਉਹਦਾ ਦਾਸ ਹਾਂ।

***ਮੈ ਹੋ ਪਰਮ ਪੁਰਖ ਕੋ ਦਾਸਾ।***
***ਦੇਖਨ ਆਯੋ ਜਗਤ ਤਮਾਸਾ।***
***ਜੋ ਪ੍ਰਭ ਜਗਤਿ ਕਹਾ ਸੋ ਕਹਿ ਹੋਂ।***
***ਮ੍ਰਿਤ ਲੋਕ ਤੇ ਮੋਨ ਨ ਰਹਿ ਹੋਂ।***
***ਹਮ ਇਹ ਕਾਜ ਜਗਤ ਮੋ ਆਏ।***
***ਧਰਮ ਹੇਤ ਗੁਰਦੇਵ ਪਠਾਏ।***
***ਜਹਾਂ ਤਹਾਂ ਤੁਮ ਧਰਮ ਬਿਥਾਰੋ।***
***ਦੁਸਟ ਦੋਖੀਅਨ ਪਕਰਿ ਪਛਾਰੋ।***
***ਯਾਹੀ ਕਾਜ ਧਰਾ ਹਮ ਜਨਮੰ।***
***ਸਮਝ ਲੇਹੁ ਸਾਧੂ ਸਭ ਮਨਮੰ।***
***ਧਰਮ ਚਲਾਵਨ ਸੰਤ ਉਬਾਰਨ।***
***ਦੁਸਟ ਸਭਨ ਕੋ ਮੂਲ ਉਪਾਰਨ।***

ਦੋ ਕਿਸਮ ਦੀ ਦੁਨੀਆਂ ਦਾ ਸਾਧਸੰਗਤ ਜੀ! ਸੰਸਾਰ ਦੇ ਵਿਚ। ਆਪਣੀ ਨਿਗ੍ਹਾਂ ਨਹੀਂ ਨਾ ਜਿੱਥੇ ਜਾ ਸਕਦੀ ਉਥੇ **anti matter** ਜਿਥੇ ਪ੍ਰਾਕ੍ਰਿਤੀ ਨਹੀਂ ਹੁੰਦੀ ਉਥੇ ਦੋ ਕਿਸਮ ਦੀ ਦੁਨੀਆਂ ਹੈ। ਇਕ ਦੈਵੀ ਦੁਨੀਆਂ ਹੈ, ਇਕ ਹੈ ਦੈਂਤ ਦੁਨੀਆਂ। ਹਰੇਕ ਬੰਦੇ ਦੇ ਅੰਦਰ ਉਹਨੇ ਪ੍ਰਵੇਸ਼ ਕੀਤਾ ਹੋਇਆ ਹੈ, ਸਾਡੇ ਅੰਦਰ ਦੇਵਤੇ ਵੀ ਰਹਿੰਦੇ ਨੇ, ਦੈਂਤ ਵੀ ਰਹਿੰਦੇ ਨੇ। ਦੈਂਤਾਂ ਦਾ ਰੂਪ ਹੈ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ ਤੇ ਆਸਾ, ਤ੍ਰਿਸ਼ਨਾ ਆਦਿ ਬੇਅੰਤ ਚੀਜ਼ਾਂ ਨੇ। ਦੂਸਰੇ ਪਾਸੇ ਦੇਵਤਿਆਂ ਦਾ ਰੂਪ ਹੈ, ਸਤਿ ਹੈ, ਸੰਤੋਖ ਹੈ, ਦਇਆ, ਧਰਮ, ਸੁੱਚ, ਪਵਿਤਰਤਾ ਹੈ, ਅਹਿੰਸਾ ਹੈ, ਮਿੱਠਾ ਬੋਲਣਾ, ਸਤਿ ਦਾ ਜੀਵਨ ਹੈ। ਇਹ ਗੁਣ ਉਨ੍ਹਾਂ ਦੇ ਨੇ। ਸੋ ਇਨ੍ਹਾਂ ਦਾ ਹਰ ਵਕਤ ਝਗੜਾ ਰਹਿੰਦਾ ਹੈ। ਕਸ਼ਮਕਸ਼ ਰਹਿੰਦੀ ਹੈ। ਜੇ ਤਾਂ ਦੈਂਤ ਦੁਨੀਆਂ ਵੱਧ ਜਾਵੇ ਸੰਸਾਰ ਦੇ ਅੰਦਰ ਤਾਂ ਦੁੱਖ ਸ਼ੁਰੂ ਹੋ ਜਾਂਦਾ। ਜੇ ਦੇਵ ਦੁਨੀਆਂ ਵਧ ਜਾਵੇ, ਧਰਮ ਦੀ ਦੁਨੀਆਂ ਤਾਂ ਸੰਸਾਰ ਦੇ ਅੰਦਰ ਸੁੱਖ ਵਧ ਜਾਇਆ ਕਰਦਾ ਹੈ। ਮਹਾਰਾਜ ਕਹਿੰਦੇ-

***ਜਿਸ ਨੋ ਆਪਿ ਖੁਆਏ ਕਰਤਾ***
***ਖੁਸਿ ਲਏ ਚੰਗਿਆਈ ॥ ਅੰਗ - ੪੧੭***

ਜਦੋਂ ਚੰਗਿਆਈਆਂ ਖਤਮ ਹੋ ਜਾਣ ਉਸ ਵੇਲੇ ਆਦਮੀ ਦੇ ਉਤੇ ਪਤਨ ਆ ਜਾਇਆ ਕਰਦਾ ਹੈ,

ਗਿਰਨਾ ਸ਼ੁਰੂ ਹੋ ਜਾਇਆ ਕਰਦਾ ਹੈ। ਸੋ ਮਹਾਰਾਜ ਉਨ੍ਹਾਂ ਗੁਣਾਂ ਨੂੰ, ਧਰਮ ਨੂੰ ਉਭਾਰਨ ਵਾਸਤੇ ਸੰਸਾਰ ਦੇ ਅੰਦਰ ਆਏ ਤੇ ਆਪ ਨੇ ਇਥੇ ਆ ਕੇ ਐਨੇ ਕੌਤਕ ਕੀਤੇ। ਕਿਸੇ ਪਾਸਿਓਂ ਚੁੱਕ ਲਓ ਮਹਾਰਾਜ ਦਾ ਜੀਵਨ, ਇਕ ਛੋਟੀ ਤੋਂ ਛੋਟੀ ਮਿਸਾਲ ਦੇਖ ਲਓ ਕਿ ਪਿਆਰ ਦੇ ਹੀ ਭਰੇ ਹੋਏ ਨੇ, ਆਪ ਨੇ ਰੱਬ ਨੂੰ ਵੀ ਇਹ ਗੱਲ ਕਹੀ ਹੈ ਕਿ ਰੱਬ ਜਿਹੜਾ ਹੈ, ਰੱਬ ਜਿਹੜਾ ਹੈ ਉਹ ਨਿਰਾ ਹੀ ਪਿਆਰ ਹੈ –

***ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥***
***ਜਾਪੁ ਸਾਹਿਬ***

ਚਾਰੇ ਪਾਸੇ, ਪੂਰਬ, ਪੱਛਮ, ਉਤਰ, ਦੱਖਣ ਹਰ ਕੋਨੇ ਦੇ ਉਤੇ ਜਿੱਧਰ ਵੀ ਉਹ ਵਾਹਿਗੁਰੂ ਪਿਆਰ ਦਾ ਸਰੂਪ ਧਾਰਨ ਕਰਕੇ ਫੈਲਿਆ ਹੋਇਆ ਹੈ। ਪਰੀਪੂਰਨ ਹੈ। ਜਿਹੜਾ ਪਿਆਰ ਦਾ ਸਰੂਪ ਹੈ ਉਹ ਨਫਰਤ ਨਾਲ ਤਾਂ ਨਹੀਂ ਮਿਲਣਾ। ਉਹ ਕਿਸੇ ਤਰੀਕੇ ਨਾਲ ਨਹੀਂ ਮਿਲਦਾ ਜੇ ਮਿਲਦਾ ਹੈ ਤਾਂ –

***ਸਾਚ ਕਹੌਂ ਸੁਨ ਲੇਹੁ ਸਭੈ ਜਿਨ***
***ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

ਜਿਹਨੇ ਵੀ ਪਿਆਰ ਕਰਿਆ ਹੈ ਉਸ ਨੂੰ ਪ੍ਰਮੇਸ਼ਰ ਮਿਲਦਾ ਹੈ, ਹੋਰ ਕੋਈ ਤਰੀਕਾ ਨਹੀਂ ਹੈ। ਸੋ ਉਨ੍ਹਾਂ ਦੀਆਂ ਜਿੰਨੀਆਂ ਕਥਾਵਾਂ ਨੇ ਸਾਰੀਆਂ ਸੰਸਾਰ ਤੋਂ ਨਿਆਰੀਆਂ ਨੇ–

*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ੍ ਕੀ ਕਥਾ ਨਿਰਾਰੀ ਰੇ ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ ॥ ਅੰਗ – ੮੫੫*

ਸੋ ਸਾਰੀਆਂ ਕਥਾਵਾਂ, ਸਾਡੀਆਂ ਹੋਰ ਤਰ੍ਹਾਂ ਦੀਆਂ ਨੇ, ਪ੍ਰਮੇਸ਼ਰ ਦੀਆਂ, ਉਸ ਦੇ ਪਿਆਰਿਆਂ ਦੀਆਂ ਹੋਰ ਤਰ੍ਹਾਂ ਦੀਆਂ ਨੇ। ਸੰਸਾਰ ਵਰਗੀਆਂ ਨਹੀਂ ਹਨ, ਸੰਸਾਰ ਤੋਂ ਵੱਖਰੀਆਂ ਨੇ।

ਸੰਨ 1666 ਈਸਵੀ (ਸੰਮਤ 1723 ਬਿਕ੍ਰਮੀ ਪੋਹ ਸੁਦੀ ਸੱਤਵੀਂ) ਦੀ ਸੁਭਾਗੀ ਰਾਤ ਨੂੰ ਸਾਰੇ ਅਕਾਸ਼ ਮੰਡਲ ਵਿਚ ਇਕ ਮਹਾਨ ਪ੍ਰਕਾਸ਼ ਹੋਇਆ ਅਤੇ ਗੁਰੂ ਦਸਮੇਸ਼ ਪਿਤਾ ਜੀ ਸੰਸਾਰ ਦੇ ਕਰਮ ਮੰਡਲ ਉਪਰ ਪ੍ਰਵੇਸ਼ ਹੋਏ। ਉਚੀਆਂ ਉਡਾਰੀਆਂ ਵਾਲੀਆਂ ਰੂਹਾਂ ਨੇ ਇਸ ਅਲੌਕਿਕ ਪ੍ਰਕਾਸ਼ ਨੂੰ ਅਨੁਭਵ ਕੀਤਾ ਜਿਨ੍ਹਾਂ ਵਿਚ ਇਕ ਭੀਖਣ ਸ਼ਾਹ ਫਕੀਰ, ਘੁੜਾਮ (ਜ਼ਿਲ੍ਹਾ ਪਟਿਆਲਾ) ਨਿਵਾਸੀ ਨੂੰ ਭੀ ਪ੍ਰਤੱਖ ਰੂਪ ਵਿੱਚ ਇਹ ਮਹਾਨ ਪ੍ਰਕਾਸ਼ ਪਟਨੇ ਵਿਖੇ ਇਕ ਬਾਲ ਸਰੀਰ ਵਿਚ ਪ੍ਰਵੇਸ਼ ਕਰਦਾ ਦਿਸਿਆ; ਇਕ ਇਲਹਾਮ ਸੁਣਿਆ ਕਿ ਸੰਸਾਰ ਨੂੰ ਸਹੀ ਰਾਹ ਦਿਖਾਉਣ ਵਾਲਾ ਅਕਾਲ ਪੁਰਖ ਦਾ ਭੇਜਿਆ ਹੋਇਆ ਪੈਗੰਬਰ ਆਇਆ ਹੈ। ਹੋਰ ਭੀ ਕਈ ਪੁੱਗੀਆਂ ਹੋਈਆਂ ਰੂਹਾਂ ਨੂੰ ਇਸ ਮਹਾਨ ਪ੍ਰਕਾਸ਼ ਦਾ ਅਨੁਭਵ ਹੋਇਆ। ਇਹ ਕੋਈ ਅਤਕਥਨੀ ਵਾਲੀ ਗੱਲ ਨਹੀਂ ਹੋਇਆ ਕਰਦੀ। ਆਦਮੀ ਦੇ ਅੰਦਰ ਪਰਮੇਸ਼ਰ ਨੇ ਅਜਿਹੀਆਂ ਅਲੌਕਿਕ ਸ਼ਕਤੀਆਂ ਰੱਖੀਆਂ ਹੋਈਆਂ ਹਨ ਜਿਨ੍ਹਾਂ ਰਾਹੀਂ ਭੂਤ, ਭਵਿੱਖ ਅਤੇ ਵਰਤਮਾਨ ਬਾਰੇ ਪੂਰੀ ਤਰ੍ਹਾਂ ਨਾਲ ਗਿਆਨ ਹੋ ਜਾਇਆ ਕਰਦਾ ਹੈ। ਅੱਜ ਪੁੱਗੀ ਹੋਈ ਮਹਾਨ ਆਤਮਾ ਪੀਰ ਭੀਖਣ ਸ਼ਾਹ ਨੂੰ ਭੀ ਪ੍ਰਭੂ ਨੇ ਕਿਰਪਾ ਕਰਕੇ ਵਿਖਾਇਆ। ਇਹ ਪੀਰ ਪਟਨੇ ਵਿੱਚ ਪਹੁੰਚ ਕੇ ਦਰਸ਼ਨ ਕਰਕੇ ਪਰਖਣ ਦਾ ਯਤਨ ਕਰਦਾ ਹੈ ਕਿ ਇਹ ਪੈਗੰਬਰ ਕਿਹੜੇ ਧਰਮ ਨਾਲ ਸਬੰਧ ਰਖੇਗਾ – ਕੀ ਇਹ ਮਹਾਨ ਆਤਮਾ ਹਿੰਦੂਆਂ ਵਾਸਤੇ ਕੰਮ ਕਰੇਗੀ ਜਾਂ ਮੁਸਲਮਾਨਾਂ ਵਾਸਤੇ ਕੁਝ ਕਰੇਗੀ। ਇਸ ਫਕੀਰ ਨੇ ਪਟਨੇ ਪਹੁੰਚ ਕੇ ਦਰਸ਼ਨ ਕੀਤੇ। ਪਹਿਲਾਂ ਪਲੰਘ ਦੇ ਨੇੜੇ ਜਾ ਕੇ ਗੋਡੇ ਟੇਕ ਕੇ ਸਿਜਦਾ ਕੀਤਾ। ਇਸ ਦੇ ਨੈਣ ਪਾਣੀ ਨਾਲ ਤਰ ਹੋ ਚੁਕੇ ਸਨ। ਸਿੱਜਦਾ ਕਰਨ ਉਪਰੰਤ ਉਸ ਦਾ ਸਿਰ ਉਠਿਆ ਅਤੇ ਦੋਵੇਂ ਹੱਥ ਖੋਲ੍ਹੇ ਅਤੇ ਖੁੱਲ੍ਹੇ ਨੈਣਾਂ ਨੂੰ ਗੁਰੂ ਨੇਤਰਾਂ ਵੱਲ ਜੋੜ ਲਿਆ ਅਤੇ ਅਬੋਲ ਭਾਵਨਾ ਦੀ ਬੋਲੀ ਵਿੱਚ ਪੀਰ ਜੀ ਨੇ ਉਸੇ ਮਹਾਨ ਆਤਮਾ ਅੱਗੇ ਕੀ ਬੇਨਤੀਆਂ ਕੀਤੀਆਂ, ਉਨ੍ਹਾਂ ਨੂੰ ਕੋਈ ਨਹੀਂ ਜਾਣ ਸਕਦਾ ਪਰ ਇਹ ਦੇਖਿਆ ਗਿਆ ਕਿ ਪੀਰ ਜੀ ਨੇ ਦੋ ਕੁੱਜੇ ਮਿਠਾਈ ਦੇ ਆਪਣੇ ਮੁਰੀਦਾਂ ਕੋਲੋਂ ਲੈ ਕੇ ਗੁਰੂ ਜੀ ਅੱਗੇ ਪੇਸ਼ ਕੀਤੇ ਜੋ ਗੁਰੂ ਮਹਾਰਾਜ ਜੀ ਦੇ ਦੋਵੇਂ ਪਾਸੇ ਹੱਥਾਂ ਦੇ ਨੇੜੇ ਟਿਕਾਏ। ਗੁਰੂ ਮਹਾਰਾਜ ਜੀ ਨੇ ਆਪਣੇ ਕੋਮਲ ਬਾਲ ਹਸਤ ਕਮਲ ਉਠਾਏ ਅਤੇ ਦੋਹਾਂ ਕੁੱਜਿਆਂ ਉਪਰ ਰੱਖ ਕੇ ਆਪ ਸਿਆਣੇ ਵਿਅਕਤੀਆਂ ਵਾਂਗ ਮੁਸਕਰਾਏ। ਪੀਰ ਜੀ ਨੇ ਭੇਦ ਸਮਝ ਲਿਆ, ਵਿਸਮਾਦ ਵਿੱਚ ਆਇਆ ਅਤੇ 'ਸੁਭਾਨ ਅੱਲਾ, ਸੁਭਾਨ ਅੱਲਾ' ਕਹਿੰਦਾ ਹੋਇਆ ਮੁੜ ਸਿੱਜਦਾ ਕਰਨ ਲੱਗਿਆ ਅਤੇ ਨਾਲ ਹੀ ਬੇਨਤੀ ਕੀਤੀ ਕਿ ਮੈਂ ਆਪ ਜੀ ਦੀ ਪ੍ਰੀਖਿਆ ਕੀਤੀ ਹੈ, ਹੇ ਵਲੀ ਅੱਲਾ! ਜਿਵੇਂ ਗੁਰੂ ਬਾਬਾ ਨਾਨਕ ਜੀ ਨੇ ਛੋਟੀ ਉਮਰ ਵਿੱਚ ਰਾਏ ਬੁਲਾਰ ਨੂੰ ਚਮਤਕਾਰ ਵਿਖਾ ਕੇ ਮੁਰੀਦ ਬਣਾ ਲਿਆ ਸੀ, ਤਿਵੇਂ ਹੀ ਮੈਨੂੰ ਆਪ ਨੇ ਗਿਆਨ ਕਰਾ ਕੇ ਮੁਰੀਦ ਬਣਾਇਆ ਹੈ, ਮੈਨੂੰ ਮੁਆਫ ਕਰ ਦੇਣਾ। ਇਸ ਤਰ੍ਹਾਂ ਦੇ ਨਾਲ ਪੀਰ ਭੀਖਣ ਸ਼ਾਹ ਨੇ ਪ੍ਰਤੱਖ ਸ਼ਕਤੀ ਵੇਖੀ। ਗੁਰੂ ਦਸਮੇਸ਼ ਪਿਤਾ ਜੀ ਨੇ ਇਸੇ ਹੀ ਘਟਨਾ ਨੂੰ ਸਪਸ਼ਟ ਕਰਦੇ ਹੋਏ ਅਪਣੀ ਰਚਨਾ 'ਅਕਾਲ ਉਸਤਤਿ' ਵਿੱਚ ਇਉਂ ਅੰਕਿਤ ਕੀਤਾ ਹੈ:–

***ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ***
***ਕੋਊ ਬ੍ਰਹਮਚਾਰੀ ਕੋਈ ਜਤੀਅਨ ਮਾਨਬੋ॥***
***ਹਿੰਦੂ ਔ ਤੁਰਕ ਕੋਊ ਰਾਫਸੀ ਇਮਮਸਾਫੀ***
***ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥***
***ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ***

***ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ।।***
***ਏਕ ਹੀ ਕੀ ਸੇਵ ਸਭਹੀ ਕੋ ਗੁਰਦੇਵ ਏਕ***
***ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ।।***

ਗੁਰੂ ਮਹਾਰਾਜ ਜੀ ਨੇ ਖਾਲਸੇ ਨੂੰ ਜੋ ਉਪਦੇਸ਼ ਦਿੱਤਾ ਅਤੇ ਸੰਸਾਰ ਨੂੰ ਪੈਗਾਮ ਦਿੱਤਾ, ਉਸ ਰਾਹੀਂ ਆਪ ਜੀ ਨੇ ਫੁਰਮਾਇਆ ਹੈ ਕਿ ਆਦਮੀ ਦੇ ਅੰਦਰ ਇਕੋ ਪਰਮੇਸ਼ਰ ਦੀ ਜੋਤਿ ਪਸਰੀ ਹੋਈ ਹੈ:-

***ਪਾਰਬ੍ਰਹਮ ਕੇ ਸਗਲੇ ਠਾਉ।।***
***ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ।।***
***ਆਪੇ ਕਰਨ ਕਰਾਵਨ ਜੋਗੁ।।***
***ਪ੍ਰਭ ਭਾਵੈ ਸੋਈ ਫੁਨਿ ਹੋਗੁ।।***
***ਪਸਰਿਓ ਆਪਿ ਹੋਇ ਅਨਤ ਤਰੰਗ।।***
***ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ।।***
***ਜੈਸੀ ਮਤਿ ਦੇਇ ਤੈਸਾ ਪਰਗਾਸ।।***
***ਪਾਰਬ੍ਰਹਮੁ ਕਰਤਾ ਅਬਿਨਾਸ।।***
***ਸਦਾ ਸਦਾ ਸਦਾ ਦਇਆਲ।।***
***ਸਿਮਰਿ ਸਿਮਰਿ ਨਾਨਕ ਭਏ ਨਿਹਾਲ।।***

***ਪੰਨਾ - 275***

ਇਸ ਇਲਾਹੀ ਸਿਧਾਂਤ ਨੂੰ ਗੁਰੂ ਮਹਾਰਾਜ ਜੀ ਨੇ ਆਪਣੇ ਜੀਵਨ ਅੰਦਰ ਪ੍ਰਤੱਖ ਰੂਪ ਵਿਚ ਵਰਤੋਂ ਵਿਚ ਲਿਆਂਦਾ। ਆਪ ਨੂੰ ਜਿੰਨਾਂ ਸਤਿਕਾਰ ਦੇਹੁਰੇ ਦਾ ਸੀ, ਓਨਾਂ ਹੀ ਮਸੀਤ ਦਾ ਸੀ। ਆਪ ਪੂਜਾ ਕਰਨ ਵਾਲੇ ਨੂੰ ਭੀ ਸਤਿਕਾਰਦੇ ਸਨ ਅਤੇ ਨਿਮਾਜ਼ ਪੜ੍ਹਨ ਵਾਲੇ ਨੂੰ ਭੀ ਪਿਆਰਦੇ ਸਨ। ਇਨ੍ਹਾਂ ਗੱਲਾਂ ਦਾ ਸਹੀ ਸਰੂਪ ਆਪ ਜੀ ਦੇ ਜੀਵਨ ਵਿੱਚੋਂ ਪ੍ਰਤੱਖ ਭਾਸਦਾ ਹੈ। ਆਪ ਜੀ ਦੇ ਬਚਨ ਹਨ-

***ਦੇਹੁਰਾ ਮਸੀਤ ਸੋਈ ਪੂਜਾ ਔ ਨਿਮਾਜ਼ ਓਈ***
***ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।।***
***ਦੇਵਤਾ ਅਦੇਵ ਜੈਛ ਗੰਧ੍ਰਬ ਤੁਰਕ ਹਿੰਦੂ***
***ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।।***
***ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ***
***ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ।।***
***ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ***
***ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ।।***

***(ਅਕਾਲ ਉਸਤਤਿ)***

ਗੁਰੂ ਦਸ਼ਮੇਸ਼ ਪਿਤਾ ਅੱਜ ਬਾਲ ਅਵਸਥਾ ਦੇ ਅੰਦਰ, ਪਟਨੇ ਸਾਹਿਬ ਦੇ ਅੰਦਰ ਨਿਵਾਸ ਰੱਖਦੇ ਨੇ ਤੇ ਆਪ ਦੀ ਕ੍ਰਿਆ, ਕੌਤਕ ਐਸੇ ਨੇ ਕਿਤੇ ਤਾਂ ਭੁਲੇਖਾ ਖਾ ਜਾਂਦੇ ਨੇ ਕਿ ਇਹ ਪੂਰਨ ਮਹਾਂਪੁਰਸ਼ ਨੇ? ਕਿਤੇ ਹੈਰਾਨ ਹੀ ਹੋ ਜਾਂਦੇ ਨੇ। ਸਮਝ ਨਹੀਂ ਸਕਦੇ। ਬੰਦਗੀ ਵਾਲੇ ਸਮਝ ਰਹੇ ਨੇ, ਦੂਸਰਿਆਂ ਨੂੰ ਸਮਝ ਨਹੀਂ ਆ ਰਹੀ।

ਇਕ ਵਾਰੀ ਉਨ੍ਹਾਂ ਦੇ ਕੋਲ ਇਕ ਕੋਹੜੀ ਆ ਗਿਆ, ਆ ਕੇ ਬੇਨਤੀ ਕੀਤੀ ਕਿ ਮਹਾਰਾਜ ਮੈਂ ਬਹੁਤ ਦੁਖੀ ਹਾਂ ਮੈਨੂੰ ਕੁਸ਼ਟ ਹੋਇਆ ਹੋਇਆ ਹੈ। ਕ੍ਰਿਪਾ ਕਰੋ ਆਪ। ਮੇਰਾ ਰੋਗ ਨਵਿਰਤ ਕਰੋ। ਬਾਰ-ਬਾਰ ਬੇਨਤੀਆਂ ਕਰਦਾ ਹੈ। ਗੰਗਾ ਦੇ ਕਿਨਾਰੇ ਤੇ ਖੜ੍ਹਾ ਹੈ, ਕੋਲ ਪਾਣੀ ਡੂੰਘਾ ਹੈ। ਮਹਾਰਾਜ ਕਹਿੰਦੇ, ਤੂੰ ਇਹੋ ਜਿਹੀਆਂ ਗੱਲਾਂ ਕਿਉਂ ਕਰਦਾ ਹੈ, ਝਿੜਕ ਕੇ ਪਏ। ਨਾਲ ਦੀ ਨਾਲ ਮਹਾਰਾਜ ਜੀ ਨੇ ਧੱਕਾ ਦੇ ਦਿਤਾ ਦੜੱਮ ਕਰਕੇ ਗੰਗਾ ਵਿਚ ਗਿਰ ਗਿਆ। ਜਦੋਂ ਡੁੱਬਣ ਲੱਗ ਗਿਆ, ਤਰਨ ਲੱਗ ਗਿਆ, ਬਾਹਰ ਨਿਕਲਿਆ, ਸਾਰੇ ਹੈਰਾਨ ਰਹਿ ਗਏ ਕਿ ਕੋਹੜ ਦਾ ਕਿਤੇ ਨਾਮ ਨਿਸ਼ਾਨ ਨਾ ਰਿਹਾ।

ਛੋਟੇ ਜਿਹੇ ਬੱਚੇ ਸੀ। ਜੇ ਕਿਸੇ ਨੇ ਆ ਕੇ ਕਿਹਾ ਕਿ ਮਹਾਰਾਜ ਮੇਰੇ ਪੁੱਤਰ ਨਹੀਂ। ਉਸੇ ਵੇਲੇ ਹੀ ਕੋਈ ਨਾ ਕੋਈ ਬਚਨ ਕਰ ਦੇਣਾ। ਐਸ ਤਰ੍ਹਾਂ ਸਾਰੇ ਸ਼ਹਿਰ ਦੇ ਅੰਦਰ ਚਰਚਾ ਚੱਲ ਪਈ ਕਿ ਬਾਲ ਗੁਰੂ ਜੋ ਹੈ ਜਿਨ੍ਹਾਂ ਨੂੰ ਆਮ ਤੌਰ ਬਾਲਾ ਪ੍ਰੀਤਮ ਕਹਿੰਦੇ ਸੀ ਕਿ ਅਨੇਕਾਂ ਸਾਖੀਆਂ ਨੇ ਉਨ੍ਹਾਂ ਦੀਆਂ, ਅਨੇਕਾਂ ਚੀਜ਼ਾਂ ਨੇ, ਦੁਨੀਆਂ ਜਾ ਰਹੀ ਹੈ, ਜਮਘਟੇ ਲਗਦੇ ਨੇ, ਜਿਹੜੇ ਬਚਨ ਮੂੰਹੋ ਕਹਿ ਦਿੰਦੇ ਨੇ ਉਸੇ ਵੇਲੇ ਪੂਰਾ ਹੋ ਜਾਂਦਾ ਹੈ। ਪਰ ਦੇਣ ਦਾ ਢੰਗ ਨਿਆਰਾ ਹੈ ਉਨ੍ਹਾਂ ਦਾ। ਕਿਤੇ ਮਾਖੌਲ ਵਿਚ ਕਹਿੰਦੇ ਨੇ, ਕਿਸੇ ਧੱਕਾ ਦੇ ਦਿੰਦੇ ਨੇ, ਕਿਤੇ ਕੁੱਛ ਕਰ ਦਿੰਦੇ ਨੇ, ਸਭ ਪੂਰਾ ਹੋ ਜਾਂਦਾ ਹੈ। ਸੋ ਇਹ ਬਚਨ ਉਥੇ ਦਾ ਇਕ ਰਾਜਾ ਸੀ ਬ੍ਰਾਹਮਣ ਜਿਹਦਾ ਨਾਮ ਸ਼ਿਵਦੱਤ ਸੀ। ਕਰਮ ਧਰਮ ਦਾ ਜਾਣੂ ਸੀ, ਚਾਰੇ ਵੇਦ ਪੜ੍ਹਿਆ ਹੋਇਆ ਸੀ, ਸ਼ਾਸਤਰ ਪੜ੍ਹਿਆ ਹੋਇਆ ਸੀ, ਉਸਨੂੰ ਇਹ ਵੀ ਪਤਾ ਸੀ ਕਿ ਗਿਆਨ ਦੇ ਨਾਲ ਪ੍ਰਮੇਸ਼ਰ ਨਹੀਂ ਮਿਲਦਾ ਤੇ ਭਗਤੀ ਨਾਲ ਮਿਲਦਾ ਹੈ। ਕਰਮ ਦੇ ਵਿਚੋਂ ਉਹ ਲੰਘ ਚੁੱਕਿਆ ਸੀ, ਉਪਾਸ਼ਨਾ ਕਾਂਡ ਵਿਚ ਪਹੁੰਚਿਆ ਹੋਇਆ ਸ੍ਰੀ ਰਾਮ ਚੰਦਰ ਜੀ ਦੇ ਧਿਆਨ ਵਿਚ ਰਹਿੰਦਾ ਸੀ। ਲੇਕਿਨ ਰਾਮਚੰਦਰ ਜੀ ਦਾ ਕੋਈ ਪ੍ਰਤੱਖ ਧਿਆਨ ਬਣਦਾ ਨਹੀਂ ਸੀ, ਨਾ ਕੋਈ ਅੰਦਰੋਂ ਆਵਾਜ਼ ਆਉਂਦੀ ਸੀ, ਬਹੁਤ ਪਰੇਸ਼ਾਨ ਹੋ ਗਿਆ ਤੇ ਉਸ ਵੇਲੇ ਕਹਿਣ ਲੱਗਿਆ ਕਿ ਕਿੰਨੀ ਦੇਰ ਹੋ ਗਈ ਮੈਨੂੰ ਪ੍ਰਮੇਸ਼ਰ ਦਾ ਭਜਨ ਕਰਦੇ, ਮੇਰੀ ਤਾਂ ਜੀਭ ਵੀ ਘਸ ਗਈ ਰਾਮ-ਰਾਮ ਕਹਿੰਦੇ ਦੀ। ਪਰ ਅਜੇ ਤਕ ਵੀ ਉਹ ਤਾਂ ਬਹੁੜਿਆ ਨਹੀਂ ਹੈ।

***ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥***
***ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥***

***ਅੰਗ - ੪੯੧***

ਪ੍ਰਭੂ! ਅਜੇ ਤੱਕ ਵੀ ਤੂੰ ਨਹੀਂ ਬਹੁੜਿਆ। ਬੁੱਢਾ ਸਰੀਰ ਹੋ ਗਿਆ ਤੇ ਕਿੱਥੇ ਚਲਿਆ ਗਿਆ ਤੂੰ। ਕਲਜੁਗ ਤੋਂ ਡਰਦਾ ਨਹੀਂ ਆ ਰਿਹਾ? ਬਹੁਤ ਵਿਰਲਾਪ

ਕਰਦਾ ਹੈ। ਫੇਰ ਖਿਆਲ ਆਉਂਦਾ ਹੈ ਕਿ ਬਹੁਤ ਸਾਰੇ ਇਹ ਕਹਿੰਦੇ ਨੇ ਕਿ ਰਾਮ ਤਾਂ ਮਨੁੱਖ ਦਾ ਸਰੀਰ ਲੈ ਕੇ ਪ੍ਰਗਟ ਹੋ ਗਿਆ ਤੇ ਕਲਜੁਗ ਦੇ ਅੰਦਰ ਪ੍ਰਗਟ ਹੋ ਗਿਆ। ਉਹ ਤਾਂ ਇਸੇ ਪਟਨੇ ਦੇ ਅੰਦਰ ਅਨੇਕ ਕੌਤਕ ਕਰ ਰਿਹਾ ਹੈ। ਫੇਰ ਖਿਆਲ ਆਉਂਦਾ ਹੈ ਕਿ ਓਹੀ ਬਾਲਕ ਜਿਹੜਾ ਭਗਤੀ ਨਹੀਂ ਕਰਨ ਦਿੰਦਾ ਕਿਸੇ ਨੂੰ, ਕਿਸੇ ਦੇ ਉਤੇ ਪਾਣੀ ਪਾ ਦਿੰਦਾ ਹੈ, ਕਿਸੇ ਦੇ ਕਪੜੇ ਚੁੱਕ ਕੇ ਵਗਾਹ ਕੇ ਮਾਰ ਦਿੰਦਾ ਹੈ, ਜਿਹਨੂੰ ਦੇਖ ਕੇ ਸਾਰੇ ਹੀ ਨੱਠ ਜਾਂਦੇ ਨੇ, ਕੋਈ ਨਹੀਂ ਇਥੇ ਸਮਾਧੀ ਲਾਉਂਦਾ, ਉਹਨੂੰ ਕਹਿੰਦੇ ਨੇ ਰਾਮ? ਐਸ ਤਰ੍ਹਾਂ ਦੀ ਦੁਚਿੱਤੀ ਵਿਚ ਪਿਆ ਹੋਇਆ ਹੈ। ਲੇਕਿਨ ਨੇਤਰਾਂ 'ਚੋਂ ਜਲ ਜਾ ਰਿਹਾ ਹੈ ਕਿ ਹੇ ਪ੍ਰਭੂ! ਮੈਨੂੰ ਤੂੰ ਆਪਣਾ ਦਰਸ਼ਨ ਦੇਹ। ਐਨੇ ਨੂੰ ਕੰਨਾਂ ਨੇ ਸੁਣਿਆ, ਦੜੰਮ ਕਰਕੇ ਆਵਾਜ਼ ਆਈ ਕੰਨਾਂ ਦੇ ਅੰਦਰ ਕਿ ਬਹੁਤ ਸਾਰੇ ਬੱਚਿਆਂ ਨੇ ਛਾਲਾਂ ਮਾਰ ਦਿਤੀਆਂ ਦਰਿਆ ਦੇ ਅੰਦਰ। ਪਾਣੀ ਦੇ ਅੰਦਰ ਛਾਲਾਂ ਮਾਰਦੇ ਨੇ, ਪੁੱਠੀਆਂ ਤਾਰੀਆਂ ਲਾਉਂਦੇ ਨੇ, ਜਿਥੇ ਕੋਈ ਬੈਠਾ ਹੈ ਉਥੇ ਹੀ ਆ ਕੇ ਪਾਣੀ ਦੇ ਉਂਜਲ ਭਰ-ਭਰ ਕੇ ਉਹਦੇ ਉਤੇ ਪਾਉਣ ਲਗ ਜਾਂਦੇ ਨੇ। ਨੱਠੇ ਜਾਂਦੇ ਨੇ ਜਿੰਨੇ ਸਮਾਧੀਆਂ ਲਾਈ ਬੈਠੇ ਨੇ। ਇਹ ਇਕੱਲਾ ਰਹਿ ਗਿਆ। ਨੇਤਰ ਖੋਲ੍ਹੇ ਏਸ ਨੇ, ਕੀ ਦੇਖਦਾ ਹੈ ਕਿ ਰਾਮਚੰਦਰ ਜੀ ਸਚਮੁੱਚ ਮੇਰੇ ਸਾਮ੍ਹਣੇ ਖੜ੍ਹੇ ਨੇ। ਉਹੀ ਧਨੁਸ਼ ਬਾਣ ਹੈ, ਉਹੀ ਸਭ ਕੁਛ ਹੈ, ਪੂਰੇ ਦਰਸ਼ਨ ਕਰਨ ਤੋਂ ਬਾਅਦ ਜਦੋਂ ਨਮਸਕਾਰ ਕਰਨ ਤੋਂ ਬਾਅਦ ਸੀਸ ਚੁੱਕਿਆ, ਤਾਂ ਗੁਰੂ ਮਹਾਰਾਜ ਖੜ੍ਹੇ ਨੇ। ਫੇਰ ਭੁਲੇਖਾ ਪੈ ਗਿਆ ਕਿ ਹੇ ਪ੍ਰਭੂ! ਮੇਰਾ ਭੁਲੇਖਾ ਇਕ ਵਾਰੀ ਦੂਰ ਕਰ ਦਿਓ। ਫੇਰ ਨਮਸਕਾਰ ਕਰੀ, ਸੀਸ ਚੁੱਕਿਆ ਤਾਂ ਹੈਰਾਨ ਹੋ ਗਿਆ ਕਿ ਹੁਣ ਤਾਂ ਕ੍ਰਿਸ਼ਨ ਮਹਾਰਾਜ ਖੜ੍ਹੇ ਨੇ, ਫੇਰ ਨਮਸਕਾਰ ਕਰੀ। ਫੇਰ ਅਮੰਨਾ ਆ ਗਿਆ ਕਿ ਇਹੀ ਨੇ ਸਭ ਕੁਛ। ਇਹੀ ਰਾਮ ਹੈ, ਇਹੀ ਕ੍ਰਿਸ਼ਨ ਹੈ। ਸੋ ਉਸ ਵੇਲੇ ਪਿਆਰ ਵਿਚ ਮਸਤ ਹੋ ਗਿਆ ਸਾਧਸੰਗਤ ਜੀ, ਰੋਜ਼ ਗੁਰੂ ਮਹਾਰਾਜ ਉਹਦੇ ਕੋਲ ਜਾਂਦੇ ਇਕ ਵਾਰੀ ਜ਼ਰੂਰ ਉਸਨੂੰ ਦਰਸ਼ਨ ਦਿੰਦੇ।

ਦੋ ਵਜੇ ਜਾ ਕੇ ਇਹ ਬੈਠ ਜਾਂਦਾ ਸੀ, ਅੱਜ ਅੰਮ੍ਰਿਤ ਵੇਲੇ -

*ਤਿਨਾ ਦਰੀਆਵਾ ਸਿਉ ਦੋਸਤੀ*
*ਮਨਿ ਮੁਖਿ ਸਚਾ ਨਾਉ ॥* *ਅੰਗ - ੧੪੬*

ਜਿਹੜੇ ਬੰਦਗੀ ਕਰਨ ਵਾਲੇ ਨੇ, ਚਉਥੇ ਪਹਿਰ ਦੇ ਅੰਦਰ ਉਨ੍ਹਾਂ ਅੰਦਰ ਚਾਉ ਉਠ ਖੜ੍ਹਦਾ ਹੈ ਕਿ ਹੁਣ ਨਾਮ ਜਪੀਏ, ਸੋਈਏ ਨਾ ਤੇ ਜਾ ਗੰਗਾ ਦਰਿਆਉ ਪਵਿੱਤਰ ਸੀ ਹੁਣ ਵਰਗਾ ਨਹੀਂ ਸੀ ਕਿ ਗੰਦੇ ਨਾਲੇ ਉਹਦੇ ਵਿਚ ਪਾ ਦਿਤੇ। ਸ਼ੁੱਧ ਪਾਣੀ ਸੀਗਾ। ਬਿਮਾਰੀਆਂ ਦੂਰ ਹੁੰਦੀਆਂ ਸੀ ਇਸ਼ਨਾਨ ਕਰਨ ਨਾਲ। ਉਥੇ ਜਾ ਕੇ ਬੈਠ ਜਾਣਾ ਤੇ ਮਹਾਰਾਜ ਜੀ ਨੇ ਆਪਣੇ ਸਮੇਂ ਸਿਰ ਆਉਣਾ ਤੇ ਆ ਕੇ ਉਸ ਨੂੰ ਦਰਸ਼ਨ ਦੇਣਾ। ਅੱਜ ਅੰਮ੍ਰਿਤ ਵੇਲੇ ਬੈਠਾ ਹੈ, ਹਨ੍ਹੇਰਾ ਹੀ ਹਨ੍ਹੇਰਾ ਹੈ, ਉਥੇ ਦਾ ਹੋਰ ਰਾਜਾ ਤੇ ਇਕ ਰਾਣੀ ਆ ਕੇ ਬੈਠੇ ਨੇ ਤੇ ਨਮਸਕਾਰ ਕਰੀ ਤੇ ਨਾਲ ਇਹ ਕਹਿਣ ਲੱਗੇ ਕਿ ਰਾਜਨ! ਸਾਡੇ ਤੇ ਵੀ ਕੋਈ ਕ੍ਰਿਪਾ ਕਰੋ, ਆਪ ਨੂੰ ਐਨਾ ਚਿਰ ਹੋ ਗਿਆ ਜਪ ਤਪ ਕਰਦਿਆਂ ਨੂੰ। ਸਾਨੂੰ ਕੋਈ ਪੁੱਤਰ ਦੀ ਦਾਤ ਅਜੇ ਤੱਕ ਪ੍ਰਾਪਤ ਨਹੀਂ ਹੋਈ। ਤੁਹਾਨੂੰ ਪਤਾ ਹੈ, ਜਿਹੋ ਜਿਹਾ ਵੀ ਰਾਜ ਹੈ ਏਸ ਮੁਗਲਾਂ ਦੇ ਰਾਜ ਦੇ ਅਧੀਨ, ਹੈ ਤਾਂ ਰਾਜ। ਰਾਜ ਭਾਗ ਹੈ, ਜਾਇਦਾਦ ਹੈ, ਬਹੁਤ ਸਾਰੇ ਬਜ਼ਾਰ ਨੇ, ਪਰ ਇਨ੍ਹਾਂ ਨੂੰ ਸਾਂਭਣ ਵਾਲਾ ਕੋਈ ਆਇਆ ਨਹੀਂ ਹੈ ਤੇ ਤੁਸੀਂ ਕ੍ਰਿਪਾ ਕਰੋ ਇਕ ਪੁੱਤਰ ਦੀ ਦਾਤ ਦਿਓ। ਕਹਿਣ ਲੱਗੇ, ਰਾਜਨ! ਰਾਣੀ ਸਾਹਿਬ! ਠੀਕ ਹੈ ਮੈਂ ਭਜਨ ਕਰਦਾ ਹਾਂ, ਮੇਰੇ ਭਜਨ ਨੂੰ ਫਲ ਨਹੀਂ ਸੀ ਲੱਗਿਆ, ਮੇਰੇ ਭਜਨ ਨੂੰ ਹੁਣ ਫਲ ਪਿਆ ਹੈ, ਹੁਣ ਤੱਕ ਤਾਂ ਐਵੇਂ ਹੀ ਸੀਗਾ, ਅਫਲ ਸੀ ਮੇਰਾ ਭਜਨ ਤੇ ਜਿੱਥੋਂ ਫਲ ਪਿਆ ਹੈ, ਉਸ ਨੂੰ ਤੁਸੀਂ ਯਾਦ ਕਰ ਲਓ। ਕਹਿਣ ਲੱਗੇ, ਅਸੀਂ ਉਸਨੂੰ ਜਾਣਦੇ ਨਹੀਂ। ਕਹਿਣ ਲੱਗਿਆ, ਜਾਣਨ ਦੀ ਲੋੜ ਨਹੀਂ, ਮੈਂ ਵੀ ਨਹੀਂ ਸੀ ਜਾਣਦਾ, ਉਹ ਸਭ ਨੂੰ ਜਾਣਦਾ ਹੈ -

***ਘਟ ਘਟ ਕੇ ਅੰਤਰ ਕੀ ਜਾਨਤ***
***ਭਲੇ ਬੁਰੇ ਕੀ ਪੀਰ ਪਛਾਨਤ।*** ***ਚੌਪਈ***

ਉਹਨੂੰ ਯਾਦ ਕਰੋ ਪਿਆਰ ਦੇ ਨਾਲ ਆ ਜਾਏਗਾ। ਸੋ ਉਸ ਵੇਲੇ ਉਹ ਕਹਿਣ ਲੱਗੇ ਸਾਨੂੰ ਤਾਂ ਪੁੱਤਰ ਦੀ ਲੋੜ ਹੈ। ਸ਼ਿਵਦੱਤ ਨੇ ਕਿਹਾ ਕਿ ਪੁੱਤਰ ਕੀ-

*ਜੋ ਮਾਗਹਿ ਸੋਈ ਸੋਈ ਪਾਵਹਿ*
*ਸੇਵਿ ਹਰਿ ਕੇ ਚਰਣ ਰਸਾਇਣ ॥*
*ਅੰਗ - ੭੧੪*

ਪੁੱਤਰ ਕੀ, ਜੋ ਮੰਗੋਗੇ ਉਹ ਮਿਲ ਜਾਏਗਾ।

ਕਹਿਣ ਲੱਗੇ, ਕਿਵੇਂ ਧਿਆਨ ਕਰੀਏ?

ਸ਼ਿਵਦੱਤ ਨੇ ਕਿਹਾ ਕਿ ਉਨ੍ਹਾਂ ਨੂੰ ਬਾਲਾ ਪ੍ਰੀਤਮ ਕਹਿੰਦੇ ਨੇ ਤੇ ਮੈਂ ਉਨ੍ਹਾਂ ਦਾ ਕਿਹੜਾ ਸਰੂਪ ਦੱਸਾਂ? ਮੈਨੂੰ ਤਾਂ ਓਹੀ ਰਾਮ ਲਗਦੇ ਨੇ, ਓਹੀ ਕ੍ਰਿਸ਼ਨ ਲਗਦੇ ਨੇ, ਮੈਨੂੰ ਤਾਂ ਓਹੀ ਪ੍ਰਮੇਸ਼ਰ ਲਗਦੇ ਨੇ। ਉਹ ਆਪ ਹੀ ਨੇ, ਸਭ ਕੁੱਛ ਜਾਣਦੇ ਨੇ, ਤੁਹਾਡੇ ਹਿਰਦੇ ਵਿਚ ਪਿਆਰ ਹੋਣਾ ਚਾਹੀਦਾ ਹੈ ਉਹ ਆਪ ਹੀ ਆ ਜਾਣਗੇ। ਸੋ ਉਸ ਦਿਨ ਤੋਂ ਬਾਅਦ ਕਹਿਣ ਲੱਗੇ ਕਿ ਤੁਸੀਂ ਐਉਂ ਕਰੋ, ਮੈਂ ਤਾਂ ਹੈਗਾ ਬ੍ਰਾਹਮਣ, ਰਾਜਾ ਹੁੰਦਾ ਹੋਇਆ ਵੀ ਇਥੇ ਬੈਠਦਾ ਹਾਂ, ਮੁੱਦਤਾਂ ਹੋ ਗਈਆਂ ਬੈਠਦੇ ਨੂੰ, ਲੋਕਾਂ ਨੂੰ ਕੋਈ ਅਸਚਰਜ ਨਹੀਂ ਹੁੰਦਾ, ਤੁਸੀਂ ਇਥੇ ਬੈਠੇ ਹੋਂ ਤਾਂ ਲੋਕ ਮੇਰੇ ਕੋਲ ਆਉਣਾ ਸ਼ੁਰੂ ਹੋ

ਜਾਣਗੇ ਤੇ ਮੇਰੀ ਇਕਾਂਤ ਭੰਗ ਹੋ ਜਾਏਗੀ ਤੇ ਤੁਸੀਂ ਹੁਣ ਘਰ ਜਾਓ। ਜਾ ਕੇ ਉਸ ਮੂਰਤੀ ਦਾ ਧਿਆਨ ਧਰੋ, ਆਪੇ ਹੀ ਆ ਜਾਏਗਾ।

ਸੋ ਘਰ ਚਲੇ ਜਾਂਦੇ ਨੇ। ਦੂਸਰੇ ਦਿਨ ਤੋਂ ਅੰਮ੍ਰਿਤ ਵੇਲੇ ਉਠਦੇ ਨੇ, ਮਨ ਵਿਚ ਬੜਾ ਚਾਓ ਆ ਗਿਆ। ਅੰਮ੍ਰਿਤ ਵੇਲੇ ਉਠ ਕੇ ਧਿਆਨ ਧਰਦੇ ਨੇ, ਮੂਰਤੀ ਦੇਖੀ ਨਹੀਂ ਹੈ ਕਿ ਕੌਣ ਹੈ ਜਿਸਦਾ ਅਸੀਂ ਧਿਆਨ ਧਰਦੇ ਹਾਂ। ਮਨ ਦੇ ਹਿਸਾਬ ਕਿਤਾਬ ਲਾ ਕੇ ਧਿਆਨ ਧਰਦੇ ਨੇ। ਸੋ ਇਸੇ ਤਰ੍ਹਾਂ ਜੋ ਨਕਸ਼ ਦੱਸੇ ਉਹਦੀ ਮਦਦ ਨਾਲ ਧਿਆਨ ਧਰ ਕੇ ਬਹਿ ਜਾਂਦੇ ਨੇ, ਦਿਨ ਚੜ੍ਹ ਜਾਂਦਾ ਹੈ, ਦੂਸਰੇ ਦਿਨ ਫੇਰ ਬਹਿ ਜਾਂਦੇ ਨੇ, ਫੇਰ ਦਿਨ ਚੜ੍ਹ ਜਾਂਦਾ ਹੈ ਤੇ ਬਾਰ-ਬਾਰ ਬੇਨਤੀਆਂ ਕਰਦੇ ਨੇ ਕਿ ਹੇ ਪ੍ਰਭੂ! ਤੂੰ ਏਸ ਮਹਲ ਵਿਚ ਆ ਜਾ, ਇਸ ਘਰ ਵਿਚ ਆ ਜਾ।

*ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ॥*
*ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ॥*

*ਅੰਗ - ੧੦੯੫*

*ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥*
*ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥*

*ਅੰਗ - ੧੦੯੪*

ਬਾਰ-ਬਾਰ ਹਿਰਦੇ 'ਚੋਂ ਬੜੇ ਪਿਆਰ ਦੇ ਨਾਲ ਬੇਨਤੀਆਂ ਕਰਦੇ ਨੇ, ਨੇਤਰਾਂ 'ਚੋਂ ਹੰਝੂ ਜਾਣ ਲਗ ਜਾਂਦੇ ਨੇ, ਫੇਰ ਸ਼ਿਵਦੱਤ ਜੀ ਦੇ ਪਾਸ ਜਾਂਦੇ ਨੇ, ਕਿ ਰਾਜਨ! ਪਰੋਹਤ ਜੀ! ਉਹ ਤਾਂ ਆਏ ਹੀ ਨਹੀਂ ਹਨ ਅਜੇ। ਬੜਾ ਉਨ੍ਹਾਂ ਦਾ ਧਿਆਨ ਧਰਦੇ ਹਾਂ, ਉਨ੍ਹਾਂ ਕੋਲ ਕੀ ਘਾਟ ਹੈ? ਸੁਣਿਆ ਹੈ ਇਕ ਸੇਠ ਨੂੰ ਵੀ ਉਨ੍ਹਾਂ ਨੇ ਪੁੱਤਰ ਦੀ ਦਾਤ ਦਿਤੀ, ਉਹਦੀ ਵੀ ਬਿਰਧ ਉਮਰਾ ਹੋ ਗਈ ਸੀ, ਸਭ ਨੇ ਜਵਾਬ ਦੇ ਦਿਤਾ ਸੀ ਕਿ ਤੇਰਾ ਪੁੱਤਰ ਨਹੀਂ ਹੋ ਸਕਦਾ ਤੇ ਮਾਧੋ ਸੇਠ ਨੂੰ ਵੀ ਉਨ੍ਹਾਂ ਨੇ ਪੁੱਤਰ ਦੀ ਦਾਤ ਦੇ ਦਿਤੀ। ਐਸਾ ਵੀ ਅਸੀਂ ਸੁਣਿਆ ਹੈ ਕਿ ਉਹ ਗਾਗਰਾਂ ਭੰਨ ਦਿੰਦੇ ਨੇ ਤੀਰਾਂ ਦੇ ਨਾਲ। ਪਹਿਲਾਂ ਘੜੇ ਭੰਨਦੇ ਸੀ, ਫੇਰ ਗਾਗਰਾਂ ਭੰਨਦੇ ਸੀ, ਮਾਤਾ ਨੇ ਗਾਗਰਾਂ ਲੈ ਦਿੱਤੀਆਂ ਕਿ ਖਾਰਾ ਹੀ ਹੋ ਜਾ ਤੂੰ।

ਸ਼ਿਵਦੱਤ ਕਹਿਣ ਲੱਗਿਆ ਕਿ ਏਸ ਗੱਲ ਨੂੰ ਸਮਝ ਨਹੀਂ ਸੀ ਸਕਿਆ ਕੋਈ, ਨਾ ਗਾਗਰਾਂ ਵਾਲਿਆਂ ਨੂੰ ਪਤਾ ਸੀ, ਨਾ ਘੜਿਆਂ ਵਾਲਿਆਂ ਨੂੰ ਪਤਾ ਸੀ, ਇਹ ਤਾਂ ਬਾਲਾ ਪ੍ਰੀਤਮ ਕਰੋੜਾਂ ਜਨਮਾਂ ਦੇ ਪਾਪ ਕੱਟ ਰਿਹਾ ਸੀ ਉਨ੍ਹਾਂ ਦੇ। ਗਾਗਰਾਂ ਨਹੀਂ ਸੀ ਤੋੜ ਰਿਹਾ ਜਮਾਂ ਦੇ ਸੰਗਲ ਤੋੜ ਰਿਹਾ ਸੀ। ਜਾਓ, ਤੁਸੀਂ ਯਾਦ ਕਰੋ ਉਨ੍ਹਾਂ ਨੂੰ।

ਕਿਉਂਕਿ ਪੁੱਤਰ ਦੀ ਵਾਸ਼ਨਾ ਐਸੀ ਹੈ ਸਾਧਸੰਗਤ ਜੀ! ਆਦਮੀ ਦੇ ਗਲੋਂ ਸਾਰੀ ਜ਼ਿੰਦਗੀ ਨਹੀਂ ਲਹਿੰਦੀ। ਮਰ ਜਾਂਦਾ ਹੈ, ਅਖੀਰ ਮਰਨ ਤੋਂ ਬਾਅਦ ਕੀ ਹੁੰਦਾ ਹੈ -

*ਅੰਤਿ ਕਾਲਿ ਜੋ ਲੜਿਕੇ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਸੂਕਰ ਜੋਨਿ ਵਲਿ ਵਲਿ ਅਉਤਰੈ ॥*

*ਅੰਗ - ੫੨੬*

ਸੂਰ ਬਣ ਜਾਂਦਾ ਹੈ। ਸੂਰ ਬਣਨਾ ਤਾਂ ਪ੍ਰਵਾਨ ਕਰ ਲੈਂਦਾ ਹੈ ਪਰ ਪੁੱਤਰ ਦੀ ਵਾਸ਼ਨਾ ਨਹੀਂ ਛੱਡਦਾ। ਪ੍ਰਬਲ ਵਾਸ਼ਨਾ ਹੈ।

ਰਾਜੇ ਚੰਦ੍ਰਕੇਤੂ ਨੂੰ ਹੋਈ। ਐਸਾ ਲਿਖਿਆ ਹੋਇਆ ਹੈ ਕਿ ਉਸ ਨੇ ਇਕ ਕਰੋੜ ਵਿਆਹ ਕਰਾਇਆ ਸੀ। ਚਲੋ ਐਉਂ ਮੰਨ ਲਓ ਕਿ ਉਸ ਨੇ ਬੇਅੰਤ ਵਿਆਹ ਕਰਾਏ, ਗਿਣਤੀ ਤੋਂ ਬਾਹਰ। ਲੇਕਿਨ ਉਸ ਦੇ ਪੁੱਤਰ ਨਾ ਹੋਇਆ। ਅਖੀਰ ਵਿਸ਼ਿਸ਼ਟ, ਵਿਸ਼ਵਾਮਿਤਰ ਆਦਿ ਜਿਹੜੇ ਮਸ਼ਹੂਰ ਰਿਸ਼ੀ ਸੀ ਉਨ੍ਹਾਂ ਨੂੰ ਬੁਲਾ ਕੇ ਸੰਤ ਸਮਾਗਮ ਕਰਾਇਆ। ਕਹਿਣ ਲੱਗਿਆ, ਮੇਰੇ ਪੁੱਤਰ ਹੋਣਾ ਚਾਹੀਦਾ ਹੈ। ਮੈਂ ਮੂੰਹ ਦੇਖ ਲਵਾਂ ਇਕ ਵਾਰੀ ਪੁੱਤਰ ਦਾ, ਮੈਨੂੰ ਉਹ ਪਿਤਾ ਕਹਿ ਕੇ ਬੁਲਾ ਲਵੇ, ਬੱਸ ਮੇਰੀ ਐਨੀ ਵਾਸ਼ਨਾ ਹੈ। ਉਨ੍ਹਾਂ ਨੇ ਕਿਹਾ ਕਿ ਰਾਜਨ ਐਨੇ ਨਾਲ ਸਰਿਆ ਨਹੀਂ ਕਰਦਾ। ਪੁੱਤਰ ਹੁੰਦੇ ਸਾਰ ਅੱਗੇ ਗੀਤਾ ਪਸਰ ਜਾਂਦੀ ਹੈ।

ਅਖੀਰ ਇਹਦਾ ਜੋ ਨਤੀਜਾ ਨਿਕਲਦਾ ਹੈ ਉਹ ਦੁੱਖ ਵਿਚ ਨਿਕਲਦਾ ਹੈ, ਸੁੱਖ ਵਿਚ ਨਹੀਂ ਨਿਕਲਦਾ। ਸੁੱਖ ਨਹੀਂ ਕਿਸੇ ਨੇ ਪੁੱਤਰ ਤੋਂ ਪਾਇਆ, ਨਾ ਧਨ ਤੋਂ ਪਾਇਆ ਹੈ। ਸੁੱਖ ਤਾਂ ਵਾਹਿਗੁਰੂ ਦੇ ਨਾਮ ਵਿਚ ਹੈ, ਹੋਰ ਕਿਤੇ ਹੈ ਨਹੀਂ। ਐਵੇਂ ਦੁਨੀਆਂ ਖਪਦੀ ਫਿਰਦੀ ਹੈ ਕਿ ਮੇਰੀ ਜਾਇਦਾਦ ਕੌਣ ਸਾਂਭੇਗਾ। ਜੇ ਮਨ ਇਥੇ ਰਹਿ ਗਿਆ ਫੇਰ -

*ਅੰਤਿ ਕਾਲਿ ਜੋ ਮੰਦਰ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥*

*ਅੰਗ - ੫੨੬*

ਉਹਨੇ ਸੁੱਖ ਤਾਂ ਦਿੱਤਾ ਨਾ, ਭੂਤ ਬਣਾ ਦਿਤਾ ਸਾਨੂੰ। ਉਹਨੇ ਸੂਰ ਬਣਾ ਦਿਤਾ, ਇਸਤਰੀ ਨੂੰ ਯਾਦ ਕਰਦਾ-ਕਰਦਾ ਮਰ ਗਿਆ, ਕਹਿੰਦੇ ਵੇਸਵਾ ਬਣ ਜਾਂਦਾ ਹੈ। ਪੈਸੇ ਦੇ ਵਿਚ ਧਿਆਨ ਰਹਿ ਕੇ ਮਰ ਜਾਂਦਾ ਹੈ ਸੱਪ ਬਣ ਜਾਂਦਾ ਹੈ। ਇਹ ਚੀਜ਼ਾਂ ਨੇ ਸੁੱਖ ਤਾਂ ਦਿਤਾ ਨਾ ਦੁਖ ਹੀ ਦਿੰਦੀਆਂ ਨੇ।

ਸੋ ਕਹਿਣ ਲੱਗੇ ਤੁਸੀਂ ਪਿਆਰ ਕਰੋ। ਪਿਆਰ ਦੇ ਨਾਲ ਤੁਸੀਂ ਉਨ੍ਹਾਂ ਨੂੰ ਯਾਦ ਕਰਦੇ ਰਹੋ। ਤੁਸੀਂ ਮੇਰੇ ਵਿਸ਼ਵਾਸ਼ ਨੂੰ ਆਪਣੇ ਹਿਰਦੇ ਵਿਚ ਥਾਂ ਦੇ ਦਿਓ। ਫੇਰ ਆ ਜਾਂਦੇ ਨੇ, ਆ ਕੇ ਫੇਰ ਉਸੇ ਤਰ੍ਹਾਂ ਦੇ ਨਾਲ ਬੇਨਤੀਆਂ ਕਰਦੇ ਨੇ।

*ਮਿਲੁ ਰਾਮ ਪਿਆਰੇ*
*ਤੁਮ ਬਿਨੁ ਧੀਰਜੁ ਕੋ ਨ ਕਰੈ ॥*

*ਸਿੰਮ੍ਰਿਤਿ ਸਾਸਤ੍ਰ ਬਹੁ ਕਰਮ ਕਮਾਏ*
*ਪ੍ਰਭ ਤੁਮਰੇ ਦਰਸ ਬਿਨੁ ਸੁਖੁ ਨਾਹੀ ॥*
*ਵਰਤ ਨੇਮ ਸੰਜਮ ਕਰਿ ਥਾਕੇ*
*ਨਾਨਕ ਸਾਧ ਸਰਨਿ ਪ੍ਰਭ ਸੰਗਿ ਵਸੈ ॥*
*ਅੰਗ - ੪੦੮*

ਬਾਰ-ਬਾਰ ਬੇਨਤੀਆਂ ਕਰਦੇ ਨੇ, ਅਖੀਰ ਦੋਹਾਂ ਨੂੰ ਖਿਆਲ ਆਇਆ, ਐਉਂ ਤਾਂ ਨਹੀਂ ਕਿ ਆਪਣਾ ਪਿਆਰ ਕੱਚਾ। ਆਪਣਾ ਪਿਆਰ ਸੱਚਾ ਨਹੀਂ ਹੈ, ਇਹਦੇ ਵਿਚ ਜ਼ਰੂਰ ਕਮੀ ਹੈ। ਕੋਈ ਆ ਕੇ ਦੱਸ ਦੇਵੇ ਕਿ ਕਿਵੇਂ ਮਿਲਣਗੇ, ਕੋਈ ਮਿਲਾ ਦੇਵੇ। ਅਸੀਂ ਤਾਂ ਯਾਦ ਕਰ-ਕਰ ਕੇ ਥੱਕ ਗਏ। ਰੋਜ਼ ਅੰਮ੍ਰਿਤ ਵੇਲੇ ਬੈਠ ਜਾਂਦੇ ਹਾਂ ਦਿਲ ਵਿਚ ਖਿਆਲ ਆਉਂਦਾ ਹੈ, ਹੁਣ ਬਾਲਾ ਪ੍ਰੀਤਮ, ਦਸ਼ਮੇਸ਼ ਪਿਤਾ ਆ ਜਾਣਗੇ, ਹੁਣ ਵੀ ਆ ਜਾਣਗੇ ਲੇਕਿਨ ਅੱਜ ਤੱਕ ਸਾਡੀ ਜੋ ਮੰਗ ਹੈ ਉਸ ਨੂੰ ਖੈਰ ਨਹੀਂ ਪਈ, ਪ੍ਰਵਾਨ ਨਹੀਂ ਹੋਇਆ ਸਾਡੀ ਅਰਦਾਸ ਤੇ ਬੇਨਤੀਆਂ ਕਰਦੇ ਨੇ ਕਿ ਕੋਈ ਪਿਆਰਾ ਹੈ ਸੰਸਾਰ ਵਿਚ ਜਿਹੜਾ ਸਾਨੂੰ ਮਿਲਾ ਦੇਵੇ।

*ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ ॥*
*ਮਨੁ ਨ ਰਹੈ ਕੈਸੇ ਮਿਲਉ ਪਿਆਰੇ ॥*
*ਅੰਗ - ੩੭੪*

ਇਕ-ਇਕ ਘੜੀ ਔਖੀ ਬੀਤ ਰਹੀ ਹੈ, ਐਉਂ ਲਗਦਾ ਹੈ ਜਿਵੇਂ ਜੁਗ ਬੀਤ ਰਹੇ ਨੇ। ਨੇਤਰਾਂ 'ਚੋਂ ਜਲ ਜਾਂਦਾ ਹੈ। ਗਲਾ ਬੈਠ ਜਾਂਦਾ ਹੈ, ਹੁਣ ਤਰੀਕਾ ਵੀ ਹੈ ਕੋਈ ਕਿ ਕਿਵੇਂ ਮਿਲੀਏ? ਨਾ ਸਾਨੂੰ ਸੋਝੀ ਹੈ ਕਿ ਉਹ ਕਿੱਥੇ ਰਹਿੰਦੇ ਨੇ? ਕਿਹੋ ਜਿਹੇ ਹੈਗੇ ਨੇ ਪਤਾ ਲਗ ਜਾਵੇ ਤਾਂ ਵੀ ਅਸੀਂ ਜਾ ਕੇ ਮਿਲ ਲਈਏ। ਸਾਨੂੰ ਹੁਕਮ ਹੈ ਕਿ ਤੁਸੀਂ ਬੈਠੇ ਹੀ ਯਾਦ ਕਰੋ, ਆਪੇ ਆ ਜਾਣਗੇ।

*ਇਕੁ ਪਲੁ ਦਿਨਸੁ ਮੋ ਕਉ ਕਬਹੁ ਨ ਬਿਹਾਵੈ ॥*
*ਦਰਸਨ ਕੀ ਮਨਿ ਆਸ ਘਨੇਰੀ*
*ਕੋਈ ਐਸਾ ਸੰਤੁ ਮੋ ਕਉ ਪਿਰਹਿ ਮਿਲਾਵੈ ॥*
*ਅੰਗ - ੩੭੪*

ਹੈ ਕੋਈ ਐਸਾ ਸੰਸਾਰ ਵਿਚ? ਖਿਆਲ ਆਇਆ ਕਿ ਪਿਆਰ ਕੱਚਾ ਹੈ ਸਾਡਾ, ਗਰਜ਼ ਦਾ ਪਿਆਰ ਹਮੇਸ਼ਾ ਕੱਚਾ ਹੋਇਆ ਕਰਦਾ ਹੈ। ਜਿਸ ਪਿਆਰ ਦੇ ਅੰਦਰ ਗਰਜ਼ ਛੁਪੀ ਹੋਈ ਹੈ, ਉਹ ਪਿਆਰ ਨਹੀਂ ਚੱਲਿਆ ਕਰਦਾ। ਉਹ ਟੁੱਟ ਜਾਇਆ ਕਰਦਾ ਹੈ ਅੱਧਵਾਟੇ। ਜੋ ਪਿਆਰ ਹੋਇਆ ਕਰਦਾ ਹੈ ਉਹ ਬੇਗਰਜ਼ ਹੁੰਦਾ ਹੈ, ਕਦੇ ਮੰਗਦਾ ਨਹੀਂ, ਪਿਆਰ ਨੇ ਅੱਜ ਤੱਕ ਕੋਈ ਚੀਜ਼ ਮੰਗੀ ਹੈ, ਦਿੱਤਾ ਹੀ ਦਿੱਤਾ ਹੈ। ਅਸੀਂ ਤਾਂ ਪੁੱਤਰ ਮੰਗ ਰਹੇ ਹਾਂ, ਪਿਆਰ ਕਾਹਦਾ ਹੈ ਗੁਰੂ ਨਾਲ? ਸਾਡੀ ਤਾਂ ਸੌਦੇਬਾਜ਼ੀ ਹੈ, ਐਉਂ ਬੈਠ ਕੇ ਪੁੱਤਰ ਮੰਗਣਾ ਹੈ। ਸਾਡਾ ਪਿਆਰ ਤਾਂ ਨਾ ਹੋਇਆ ਨਾ। ਆਪਸ ਵਿਚ ਸਲਾਹ ਕਰਦੇ ਨੇ ਕਿ ਪੁੱਤਰ ਆਪਾਂ ਨੂੰ ਜ਼ਰੂਰ ਚਾਹੀਦਾ ਹੈ। ਰਾਣੀ ਕਹਿਣ ਲੱਗੀ ਕਿ ਜੇ ਉਹੀ ਮਿਲ ਜਾਣ ਸਭ ਕੁਛ ਹੋ ਜਾਏਗਾ ਆਪਣਾ। ਕਹਿੰਦੇ ਨੇ ਪੁੱਤਰ ਤੋਂ ਬਗੈਰ ਗਤੀ ਨਹੀਂ ਹੁੰਦੀ, ਜਿਹਨੂੰ ਗੁਰੂ ਮਿਲ ਗਿਆ, ਪ੍ਰਮੇਸ਼ਰ ਮਿਲ ਗਿਆ, ਉਹਦੀ ਗਤੀ ਵਿਚ ਕੋਈ ਕਸਰ ਰਹਿ ਜਾਂਦੀ ਹੈ? ਰਾਜਾ ਕਹਿਣ ਲੱਗਿਆ ਕਿ ਜਾਇਦਾਦ ਕੌਣ ਸਾਂਭੇਗਾ? ਰਾਣੀ ਨੇ ਕਿਹਾ ਕਿ ਕੋਈ ਸਾਂਭੇ ਨਾ ਸਾਂਭੇ ਆਪਾਂ ਨੂੰ ਕੀ ਹੈ, ਆਪ ਨੂੰ ਤਾਂ ਉਹ ਮਿਲਣਾ ਚਾਹੀਦਾ ਹੈ। ਪਿਆਰ ਦਾ ਰੁੱਖ ਬਦਲ ਗਿਆ। ਯਾਦ ਕਰਦੇ-ਕਰਦੇ ਪਿਆਰ ਸੱਚਾ ਪਿਆਰ ਬਣ ਗਿਆ। ਕਿਉਂਕਿ ਜਿੰਨੀ ਦੇਰ ਤੱਕ ਪਿਆਰ ਸੱਚਾ ਨਹੀਂ ਬਣਦਾ, ਆਦਮੀ ਦੇ ਮੰਗ ਕਾਇਮ ਹੈ, ਓਨਾ ਚਿਰ ਪਿਆਰ ਸੱਚਾ ਹੈ, ਜੇ ਤਾਂ ਦੇ ਦਿਤਾ ਤਾਂ ਪਿਆਰ ਹੈ ਨਾ ਦਿਤਾ ਤਾਂ ਖਤਮ ਹੋ ਗਿਆ। ਸੋ ਸੌਦੇਬਾਜ਼ੀ ਹੋਇਆ ਕਰਦੀ। ਸੋ ਉਸ ਵੇਲੇ ਮਨ ਵਿਚ ਖਿਆਲ ਆ ਗਿਆ ਕਿ ਅਸੀਂ ਕੀ ਲੈਣਾ ਹੈ ਪੁੱਤਰ ਤੋਂ, ਹੁਣ ਉਹਨੂੰ ਪਿਆਰ ਕਰੋ। ਐਸਾ ਬਾਣੀ ਅੰਦਰ ਫੁਰਮਾਨ ਆਉਂਦਾ ਹੈ ਕਿ ਜੇ ਉਹਨੂੰ ਮਿਲਣਾ ਹੈ ਤਾਂ ਸਭ ਕੁਛ ਦੇ ਦੇ -

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ*
*ਮੰਨਿਐ ਪਾਈਐ ॥ ਅੰਗ - ੯੧੮*

ਜਾ ਜਾ ਪੁੱਛਦੇ ਨੇ ਸੁਹਾਗਣਾਂ ਨੂੰ ਕਿ ਤੁਹਾਨੂੰ ਕਿਸ ਤਰ੍ਹਾਂ ਮਿਲਿਆ ਹੈ?

*ਜਾਇ ਪੁਛਹੁ ਸੋਹਾਗਣੀ*
*ਤੁਸੀ ਰਾਵਿਆ ਕਿਨੀ ਗੁਣੀ ॥ ਅੰਗ - ੧੮*

ਸਾਨੂੰ ਤਾਂ ਮਿਲਦਾ ਨਹੀਂ, ਅਸੀਂ ਤਾਂ ਧਿਆਨ ਧਰ-ਧਰ ਕੇ ਥੱਕ ਗਏ ਹਾਂ। ਬਾਣੀ ਵੀ ਪੜ੍ਹਦੇ ਹਾਂ, ਨਾਮ ਵੀ ਜਪਦੇ ਹਾਂ, ਸੇਵਾ ਵੀ ਕਰਦੇ ਹਾਂ। ਫੇਰ ਕੀ ਵਜ੍ਹਾ ਹੈ ਕੋਲ ਰਹਿੰਦਾ ਹੋਇਆ ਘੁੰਡ ਨਹੀਂ ਚੁੱਕਦਾ, ਨਾਲ ਰਹਿੰਦਾ ਹੋਇਆ ਬੋਲਦਾ ਨਹੀਂ ਹੈ। ਅਸੀਂ ਤਾਂ ਇਥੇ ਤੱਕ ਸੁਣਿਆ ਹੈ ਅੰਦਰ ਵਸਦਾ ਹੈ, ਜਿੱਥੇ ਤੂੰ ਵਸਦਾ ਹੈਂ, ਉਥੇ ਨਾਲ ਹੀ ਰਹਿੰਦਾ ਹੈ।

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥*
*ਅੰਗ - ੧੨੬੩*

ਮੈਂ ਦੀ ਕੰਧ ਬਣਾ ਲਈ। ਪੂਰੇ ਗੁਰੂ ਕੋਲ ਜਾਹ ਉਹ ਇਸ ਕੰਧ ਨੂੰ ਤੋੜਨ ਦੀ ਜੁਗਤ ਦੱਸ ਦਏਗਾ -

*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ ॥ ਅੰਗ - ੧੨੬੩*

ਜਦੋਂ ਕੰਧ ਟੁੱਟ ਗਈ ਫੇਰ ਮਿਲ ਜਾਏਗਾ ਭਾਈ।

*ਮੈ ਊਪਰਿ ਨਦਰਿ ਕਰੀ ਪਿਰਿ ਸਾਚੈ*
*ਮੈ ਛੋਡਿਅੜਾ ਮੇਰਾ ਤੇਰਾ ॥*

*ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ*
*ਇਤੁ ਮਾਰਗਿ ਭੈਣੇ ਮਿਲੀਐ ॥*
*ਆਪਨੜਾ ਪ੍ਰਭੁ ਨਦਰਿ ਕਰਿ ਦੇਖੈ*
*ਨਾਨਕ ਜੋਤਿ ਜੋਤੀ ਰਲੀਐ ॥ ਅੰਗ - ੫੬੧*

ਜਵਾਬ ਮਿਲਦਾ ਹੈ? ਕਿ ਮੇਰੇ ਪ੍ਰੀਤਮ ਨੇ ਤੇਰੇ ਤੇ ਨਿਗ੍ਹਾ ਕਰ ਦਿਤੀ ਮੈਂ 'ਮੇਰਾ ਤੇਰਾ' ਛੱਡ ਦਿਤਾ, ਉਹ ਮੇਰੇ ਵਿਚ ਹੈ ਤੇ ਮੈਂ ਉਹਦੇ ਵਿਚ ਹਾਂ, ਰਲ ਗਏ ਅਸੀਂ ਦੋਵੇਂ। ਪਤਾ ਨਹੀਂ ਲਗਦਾ -

*ਜਬ ਹਮ ਹੋਤੇ ਤਬ ਤੂ ਨਾਹੀ*
*ਅਬ ਤੂਹੀ ਮੈ ਨਾਹੀ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜ*
*ਲ ਕੇਵਲ ਜਲ ਮਾਂਹੀ ॥*
*ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥*
*ਜੈਸਾ ਮਾਨੀਐ ਹੋਇ ਨ ਤੈਸਾ ॥ ਅੰਗ - ੬੫੭*

ਕਹਿੰਦੇ ਨੇ ਕਮਾਲ ਹੋ ਗਈ, ਜਦੋਂ ਮੈਂ ਹੁੰਦਾ ਹੈ ਉਹ ਨਹੀਂ ਹੁੰਦਾ, ਜਦੋਂ ਉਹ ਹੁੰਦਾ ਹੈ ਮੈਂ ਨਹੀਂ ਹੁੰਦਾ। ਸਉਂਪ ਦਿਤਾ -

*ਮੈ ਊਪਰਿ ਨਦਰਿ ਕਰੀ ਪਿਰਿ ਸਾਚੈ*
*ਮੈ ਛੋਡਿਅੜਾ ਮੇਰਾ ਤੇਰਾ ॥*
*ਸਭੁ ਮਨੁ ਤਨੁ ਜੀਉ ਕਰਹੁ*
*ਹਰਿ ਪ੍ਰਭ ਕਾ ਇਤੁ ਮਾਰਗਿ ਭੈਣੇ ਮਿਲੀਐ ॥*
*ਆਪਨੜਾ ਪ੍ਰਭੁ ਨਦਰਿ ਕਰਿ ਦੇਖੈ*
*ਨਾਨਕ ਜੋਤਿ ਜੋਤੀ ਰਲੀਐ ॥ ਅੰਗ - ੫੬੧*

ਮਿਲਣਾ ਚਾਹੁੰਦਾ ਹੈਂ? ਆਹ ਜੀਵ ਹੈ ਨਾ ਜਿਹਨੂੰ ਮੈਂ-ਮੈਂ ਕਰਦਾ ਹੈਂ, ਇਹ ਨੂੰ ਵੀ ਰੱਬ ਦਾ ਬਣਾ ਦੇ, ਇਹਨੂੰ ਭੁੱਲ ਕੇ ਵੀ ਨਾ ਯਾਦ ਕਰੀਂ। ਮੈਂ ਔਖਾ ਹਾਂ, ਮੈਂ ਦੁਖੀ ਹਾਂ।

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੂਖ ਮਨਾਈ ॥ ਅੰਗ - ੭੫੭*

ਇਸ ਦਾ ਜੋ ਨਿਰਣਾ ਹੈ, ਉਹ ਮੇਰਾ ਤੇਰਾ ਛੱਡ ਕੇ ਇਸ ਤਰ੍ਹਾਂ ਕਹਿਣਾ ਪੈਂਦਾ ਹੈ -

***ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾ ਦਾ ਕਹਣਾ॥***
***ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,***
***ਨਾਗ ਨਿਵਾਸਾਂ ਦੇ ਰਹਣਾ॥***
***ਸੂਲ ਸੁਰਾਹੀ ਖੰਜਰ ਪਿਆਲਾ***
***ਬਿੰਗ ਕਸਾਈਆਂ ਦਾ ਸਹਣਾ॥***
***ਯਾਰੜੇ ਦਾ ਸਾਨੂੰ ਸਥਰ ਚੰਗਾ,***
***ਭੱਠ ਖੇੜਿਆ ਦਾ ਰਹਣਾ॥***

**ਖਿਆਲ ਪਾਤਸ਼ਾਹੀ ੧੦**

ਐਂ ਤਾਂ ਨਹੀਂ ਪ੍ਰਮੇਸ਼ਰ ਮਿਲਦਾ, ਸਭ ਕੁਛ ਆਪਣੇ ਕੋਲ ਰੱਖ ਲਓ ਤੇ ਵਾਸ਼ਨਾ ਹੋਵੇ, ਹੇ ਪ੍ਰਭੂ! ਦਰਸ਼ਨ ਦਿਖਾ ਤੇਰੇ ਤੋਂ ਪੁੱਤਰ ਮੰਗਣਾ ਹੈ। ਤੇਰੇ ਤੋਂ ਸਿਹਤ ਮੰਗਣੀ ਹੈ ਦਰਸ਼ਨ ਤਾਂ ਦੇ ਜਾ। ਮਹਾਰਾਜ ਕਹਿੰਦੇ ਨੇ ਕਮਲਾ ਹੋਇਆ ਹੈਂ -

*ਫਰੀਦਾ ਜਾ ਲਬੁ ਤਾ ਨੇਹੁ ਕਿਆ*
*ਲਬੁ ਤ ਕੂੜਾ ਨੇਹੁ ॥*
*ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥*
*ਅੰਗ - ੧੩੭੮*

ਨਾਲੇ ਲਭ ਲਈਂ ਫਿਰਦਾ ਹੈ ਕਿ ਜਦੋਂ ਦਰਸ਼ਨ ਹੋਣਗੇ ਫੇਰ ਪੁੱਤਰ ਮੰਗਾਂਗੇ। ਐਉਂ ਤਾਂ ਨਹੀਂ ਮਿਲਣਾ।

ਸੋ ਸਾਧਸੰਗਤ ਜੀ! ਉਹ ਸੱਚੇ ਦਿਲ ਨਾਲ ਆਰਾਧਨਾ ਕਰਨ ਲੱਗ ਗਏ। ਹੁਣ ਨੇਤਰਾਂ 'ਚੋਂ ਜਲ ਜਾਂਦਾ ਹੈ ਖਿੱਚ ਪੈਂਦੀ ਹੈ ਗੁਰੂ ਕਲਗੀਧਰ ਪਾਤਸ਼ਾਹ ਦੀ।

ਇਕ ਦਿਨ ਅਚਾਨਕ ਬੱਚਿਆਂ ਨੂੰ ਲੈ ਕੇ, ਸੌ ਬੱਚਾ ਹੋਣਾ ਹੈ। ਮਹਿਲਾਂ ਵਿਚ ਦਗੜ-ਦਗੜ ਕਰਦੇ ਆ ਗਏ, ਪਾਰਕ ਹੈ, ਘਾਹ ਲੱਗੇ ਹੋਏ ਨੇ, ਉਥੇ ਖੇਡ ਰਹੇ ਨੇ। ਬੇਅੰਤ ਕਿਸਮ ਦੀਆਂ ਖੇਲ੍ਹਾਂ ਖੇਲ੍ਹਦੇ ਨੇ। ਰੌਲਾ-ਗੌਲਾ ਸੁਣਦੇ ਨੇ, ਲੇਕਿਨ ਨੇਤਰ ਨਹੀਂ ਖੋਲ੍ਹਦੇ ਕਿ ਐਸਾ ਨਾ ਹੋਵੇ ਕਿ ਸਾਡਾ ਧਿਆਨ ਟੁੱਟ ਜਾਵੇ। ਧਿਆਨ ਦੇ ਵਿਚ ਸਮਾਏ ਹੋਏ ਨੇ, ਇਕ ਸੂਰਜ ਦੀ ਟਿੱਕੀ ਨਜ਼ਰ ਆ ਰਹੀ ਹੈ, ਉਹਦੇ ਵਿਚ ਕੀ ਦੇਖਦੇ ਨੇ ਕਿ ਮਨਮੋਹਣੀ ਸੂਰਤ ਹੈ ਛੋਟੇ ਜਿਹੇ ਸਮਝ ਲਓ ਕਿ ਬਾਲ ਅਵਸਥਾ ਦੇ, ਉਹਨੂੰ ਦੇਖ-ਦੇਖ ਕੇ ਖੁਸ਼ ਹੁੰਦੇ ਨੇ। ਐਨੇ ਨੂੰ ਦਗੜ-ਦਗੜ ਕਰਦੇ ਗੁਰੂ ਦਸ਼ਮੇਸ਼ ਪਿਤਾ, ਬਾਲਾ ਪ੍ਰੀਤਮ ਪੌੜੀਆਂ ਚੜ੍ਹ ਆਏ, ਸਿੱਧੇ ਜਾ ਕੇ ਜਿਥੇ ਰਾਣੀ ਦੇ ਮਹੱਲ ਸੀ ਉਹਦੇ ਵਿਚ ਜਾ ਵੜੇ। ਉਹ ਨੇਤਰ ਬੰਦ ਕਰੀ ਬੈਠੀ ਹੈ, ਬਹੁਤ ਅਨੰਦ ਆ ਰਿਹਾ ਹੈ, ਜੀਅ ਨਹੀਂ ਕਰਦਾ ਕਿ ਨੇਤਰ ਖੋਲ੍ਹੀਏ। ਜੀਅ ਨਹੀਂ ਕਰਦਾ ਕਿ ਕੋਈ ਗੱਲ ਸੁਣਾਂ। ਇਹ ਨਹੀਂ ਜੀਅ ਕਰਦਾ ਕਿ ਨੇਤਰ ਖੋਲ੍ਹ ਕੇ ਮੈਂ ਦੇਖਾਂ ਕਿ ਕੌਣ ਆ ਗਿਆ। ਹੈਰਾਨੀ ਦੀ ਹੱਦ ਨਾ ਰਹੀ ਇਕ ਦਮ ਪਲਾਕੀ ਮਾਰ ਕੇ ਗੋਦੀ 'ਚ ਬਹਿ ਗਏ, ਨਾਲ ਗਲ ਦੇ ਦੁਆਲੇ ਦੋਵੇਂ ਬਾਹਵਾਂ ਪਾ ਕੇ ਮਾਂ! ਮਾਂ! ਮਾਂ!, ਹੈਰਾਨ ਹੋ ਗਈ ਕਿ ਮੈਂ ਮਾਂ। ਮੈਨੂੰ ਕੋਈ ਸੰਸਾਰ 'ਚ ਹੈ ਜਿਹੜਾ ਮਾਂ ਕਹਿੰਦਾ ਹੈ। ਨੇਤਰ ਖੋਲ੍ਹੇ।

ਮਾਂ ਇਕ ਦਿਨ ਤੂੰ ਹੀਂ ਕਿਹਾ ਸੀ ਨਾ ਇਕ ਦਿਨ ਦੇਖ ਕੇ ਮੈਂ ਖੇਲ੍ਹਦਾ ਸੀ ਕਿ ਮੈਨੂੰ ਇਹਦੇ ਵਰਗਾ ਪੁੱਤਰ ਚਾਹੀਦਾ ਹੈ। ਮਾਂ ਉਹੋ ਜਿਹਾ ਤਾਂ ਫੇਰ ਮੈਂ ਹੀ ਹਾਂ, ਹੋਰ ਤਾਂ ਕੋਈ ਹੈ ਨਹੀਂ ਤੇ ਮੈਂ ਹੀ ਤੇਰਾ ਪੁੱਤਰ ਹਾਂ। ਕਿੰਨੀ ਖੁਸ਼ੀ ਹੋਈ ਸਾਧਸੰਗਤ ਜੀ, ਇਹਦਾ ਅੰਦਾਜ਼ਾ ਕੋਈ ਲਗ ਨਹੀਂ ਸਕਦਾ। ਭਾਈ ਗੁਰਦਾਸ ਜੀ ਇਸ ਤਰ੍ਹਾਂ ਲਿਖਦੇ ਨੇ -

***ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ,***
***ਬੁਧਿ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ।***
***ਸੁਰਤਿ ਮੈ ਨ ਸੁਰਤਿਔ ਧਯਾਨ ਮੈ ਨ ਧਯਾਨ ਰਹਯੋ,***
***ਗਯਾਨ ਮੈ ਨ ਗਯਾਨ ਰਹਯੋ ਗਤਿ ਮੈ ਨ ਗਤਿ ਹੈ।***
***ਧੀਰਜ ਕੌ ਧੀਰਜ ਗਰਬ ਕੌ ਗਰਬ ਗਯੋ,***
***ਰਤਿ ਮੈ ਨ ਰਤਿ ਰਹੀ ਪਤਿ ਰਤਿ ਪਤਿ ਹੈ।***
***ਅਦਭੁਤ ਪਰਮਦਭੁਤ ਬਿਸਮੈ ਬਿਸਮ,***
***ਅਸਚਰਜੈ ਅਸਚਰਜ ਅਤਿ ਅਤਿ ਹੈ।***
***ਕਬਿੱਤ ਭਾਈ ਗੁਰਦਾਸ ਜੀ***

ਨਾ ਸੁੱਧ ਹੈ, ਨਾ ਬੁੱਧ ਹੈ, ਨਾ ਮਤ ਹੈ। ਦਰਸ਼ਨ ਵਿਚ ਹੀ ਲੀਨ ਹੋ ਗਈ, ਆਪਣਾ ਆਪਾਂ ਦੋਹਾਂ ਨੂੰ ਹੀ ਭੁੱਲ ਗਿਆ।

ਹੁਣ ਬੋਲਿਆ ਨਹੀਂ ਜਾਂਦਾ, ਉਧਰੋਂ ਆਵਾਜ਼ ਆ ਰਹੀ ਹੈ ਮਾਂ-ਮਾਂ। ਐਡੀ ਮੋਹਣੀ, ਜਿਹਦੇ ਕਲਗੀਧਰ ਪਾਤਸ਼ਾਹ ਗੋਦੀ ਵਿਚ ਬੈਠ ਕੇ ਮਾਂ ਕਹਿ ਦੇਣ। ਕਿੱਡੇ ਭਾਗਾਂ ਵਾਲੀ ਮਾਂ ਸੀ ਉਹ। ਰਾਣੀ ਮੈਣੀ, ਫਤਹਿਚੰਦ ਰਾਜੇ ਦੀ ਘਰਵਾਲੀ। ਉਸ ਵੇਲੇ ਕੇਵਲ ਮਾਂ ਹੀ ਨਹੀਂ ਕਿਹਾ ਰੂਹਾਨੀ ਤੌਰ ਤੇ ਵੀ ਉਨ੍ਹਾਂ ਨੂੰ ਉਪਰ ਲੈ ਗਏ ਕਿ ਹੁਣ ਸਾਡਾ ਤੇ ਇਨ੍ਹਾਂ ਦਾ ਵਿਛੋੜਾ ਨਾ ਹੋਵੇ।

***ਦਰਸਨ ਧਿਆਨ ਦਿਬ ਦ੍ਰਿਸਟਿ ਪ੍ਰਗਾਸ ਭਈ,***
***ਕਰੁਨਾ ਕਟਾਛ ਦਿੱਬ ਦੇਹ ਪਰਵਾਨ ਹੈ।***
***ਕਬਿੱਤ ਭਾਈ ਗੁਰਦਾਸ ਜੀ***

ਖੁੱਲ੍ਹ ਗਿਆ ਨੇਤਰ ਜਿਹਨੂੰ ਤੀਸਰੀ ਅੱਖ ਆਖਦੇ ਨੇ, ਤੀਸਰਾ ਤਿਲ੍ਹ ਕਹਿੰਦੇ ਨੇ ਬਿਅੰਨ ਅਖੜੀਆਂ ਕਹਿੰਦੇ ਨੇ। ਦਰਸ਼ਨ ਕਰਦੇ ਹੀ ਅੰਦਰਲਾ ਸਰੀਰ ਜਿਹੜਾ ਦਿਬਯ ਦੇਹ ਸੀ ਉਹਦਾ ਵੀ ਪਤਾ ਲੱਗ ਗਿਆ।

***ਸਬਦ ਸੁਰਤਿ ਲਿਵ ਬਜਰ ਕਪਾਟ ਖੁਲੇ,***
***ਪ੍ਰੇਮ ਰਸ ਰਸਨ ਕੈ, ਅੰਮ੍ਰਿਤ ਨਿਧਾਨ ਹੈ।***
***ਕਬਿੱਤ ਭਾਈ ਗੁਰਦਾਸ ਜੀ***

ਲਿਵ ਲੱਗ ਗਈ ਸ਼ਬਦ ਦੇ ਨਾਲ, ਜਿਹੜੇ ਕਪਾਟ ਖੁਲ੍ਹਦੇ ਨਹੀਂ, ਤੜੱਕ ਦੇ ਕੇ ਖੁਲ੍ਹ ਗਏ। ਪ੍ਰੇਮ ਦਾ ਰਸ ਚੋ ਰਿਹਾ ਹੈ ਉਥੇ।

***ਚਰਨ ਕਮਲ ਮਕਰੰਦ ਬਾਸਨਾ ਸੁ ਬਾਸ,***
***ਹਸਤ ਪੂਜਾ ਪ੍ਰਨਾਮ ਸਫਲ ਸੁ ਗਯਾਨ ਹੈ।***
***ਕਬਿੱਤ ਭਾਈ ਗੁਰਦਾਸ ਜੀ***

ਸਫਲ ਹੋ ਗਿਆ ਗਿਆਨ, ਸਫਲ ਹੋ ਗਿਆ ਧਿਆਨ।

***ਅੰਗ ਅੰਗ ਬਿਸਮ ਸ੍ਰਬੰਗ ਮੈ ਸਮਾਇ ਭਏ,***
***ਮਨ ਮਨਸਾ ਥਕਤ ਬ੍ਰਹਮ ਧਿਆਨ ਹੈ।***
***ਕਬਿੱਤ ਭਾਈ ਗੁਰਦਾਸ ਜੀ***

ਸਾਰੇ ਅੰਗ-ਅੰਗ ਦੇ ਅੰਦਰ ਬਿਸਮਾਦ ਛਾ ਗਿਆ, ਝਰਨ੍ਹਾਟਾਂ ਆਉਂਦੀਆਂ ਨੇ, ਮਹਾਨ ਪਿਆਰ ਦੀਆਂ ਲਹਿਰਾਂ ਮਹਿਸੂਸ ਹੋਣੀਆਂ ਸ਼ੁਰੂ ਹੋ ਗਈਆਂ।

ਸੋ ਐਸੀ ਅਵਸਥਾ ਬਣ ਗਈ। ਕਹਿਣ ਲੱਗੇ, ਮਾਂ! ਹੁਣ ਮੈਂ ਆ ਗਿਆ। ਹੁਣ ਤੂੰ ਪੁੱਤਰ ਦੀ ਵਾਸ਼ਨਾ ਛੱਡੀ ਤੇ ਮੈਂ ਤੇਰਾ ਪੁੱਤਰ ਬਣ ਗਿਆ। ਜੇ ਤੂੰ ਪੁੱਤਰ ਮੰਗਦੀ ਸੀ ਮੈਂ ਤਾਂ ਨਹੀਂ ਸੀ ਆਉਂਦਾ। ਮੈਂ ਤੇਰਾ ਪੁੱਤਰ ਬਣਨਾ ਸੀ, ਜਦੋਂ ਮੈਂ ਖੇਲ੍ਹਦਾ ਸੀ ਤਾਂ ਉਸ ਵੇਲੇ ਕਿਹਾ ਸੀ ਕਿ ਜੇ ਮੈਨੂੰ ਪੁੱਤਰ ਮਿਲੇ ਤਾਂ ਇਹੋ ਜਿਹਾ ਮਿਲਣਾ ਚਾਹੀਦਾ ਹੈ। ਸੋ ਇਹ ਤੇਰੀ ਵਾਸ਼ਨਾ ਪੂਰੀ ਨਹੀਂ ਸੀ ਹੋਣੀ।

ਸੋ ਇਸ ਤਰ੍ਹਾਂ ਬੜੀ ਰਾਤ ਲੰਘ ਗਈ। ਓਧਰ ਮਾਤਾ ਗੁਜਰੀ ਜੀ ਹੈਰਾਨ ਨੇ ਕਿ ਅਜੇ ਤੱਕ ਆਏ ਨਹੀਂ ਹਨ, ਕਿੱਥੇ ਚਲੇ ਗਏ। ਐਨਾ ਸਮਾਂ ਤਾਂ ਲਾਉਂਦੇ ਨਹੀਂ। ਮਾਮਾ ਕ੍ਰਿਪਾਲ ਜੀ ਨੂੰ ਭੇਜਿਆ ਕਿ ਜਾਓ ਤੁਸੀਂ ਪਤਾ ਕਰੋ। ਉਹ ਟੋਲਦੇ ਫਿਰਦੇ ਨੇ, ਅਖੀਰ ਜਾ ਕੇ ਲੈ ਕੇ ਆਏ। ਪੁੱਛਿਆ ਕਿ ਲਾਲ ਜੀ! ਐਨੀ ਦੇਰ ਲਾ ਦਿਤੀ। ਕਹਿੰਦੇ ਕਿ ਮਾਂ ਜੀ, ਮੈਂ ਇਕ ਮਾਂ ਹੋਰ ਬਣਾ ਲਈ। ਕਹਿੰਦੇ, ਹੈਂ ਮਾਂ ਤਾਂ ਇਕੋ ਹੀ ਹੁੰਦੀ ਹੈ, ਦੋ ਤਾਂ ਬਣਦੀਆਂ ਨਹੀਂ। ਇਕ ਮਿਆਨ ਵਿਚ ਦੋ ਤਲਵਾਰਾਂ ਤਾਂ ਪਈਆਂ ਨਹੀਂ ਕਦੇ। ਦੋ ਕਿਵੇਂ ਹੋਣਗੀਆਂ ਮਾਂ ਤਾਂ ਇਕ ਹੋਏਗੀ। ਕਹਿੰਦੇ ਮਾਤਾ! ਆਹ ਤੈਨੂੰ ਮੈਂ ਦਿਖਾਵਾਂ। ਚੰਦ ਚਮਕਦਾ ਸੀ। ਪੂਰਾ ਜੋਬਨ ਤੇ ਸੀ ਤੇ ਘੜੇ ਭਰੇ ਪਏ ਸੀ ਪਾਣੀ ਦੇ। ਕਹਿੰਦੇ ਦੇਖੋ, ਆਹ ਘੜੇ ਵਿਚ ਕੀ ਹੈ, ਕਹਿੰਦੇ ਕਿ ਚੰਦਰਮਾ। ਕਹਿੰਦੇ ਦੂਸਰੇ ਵਿਚ ਕੀ ਹੈ ਕਹਿੰਦੇ ਚੰਦਰਮਾ। ਕਹਿਣ ਲੱਗੇ, ਮਾਤਾ ਜੀ! ਐਉਂ ਹੀ ਹੈ। ਦੋਹਾਂ ਵਿਚ ਜਿਵੇਂ ਚੰਦਰਮਾ ਹੈ ਐਵੇਂ ਹੀ ਮੈਨੂੰ ਦੋਹਾਂ ਦਾ ਖਿਆਲ ਹੋਏਗਾ। ਸੋ ਮਹਾਰਾਜ ਜਿੰਨੀ ਦੇਰ ਤੱਕ ਉਥੇ ਰਹੇ ਬੜਾ ਪਿਆਰ ਕਰਦੇ ਰਹੇ। ਸਤਿਸੰਗ ਲਗਦਾ ਰਿਹਾ।

ਸੋ ਜਿਸ ਵਕਤ ਮਾਂ ਦੀ ਗੋਦੀ 'ਚ ਜਾ ਕੇ ਬੈਠੇ ਨੇ ਤਾਂ ਕਹਿਣ ਲੱਗੇ ਕਿ ਮਾਂ ਸਾਨੂੰ ਤਾਂ ਭੁੱਖ ਲੱਗੀ ਹੋਈ ਹੈ। ਕੁਛ ਦਿਓ ਖਾਣ ਲਈ। ਮਠਿਆਈ ਮੰਗਾਉਣ ਲੱਗੇ। ਮਹਾਰਾਜ ਨੇ ਕਿਹਾ ਕਿ ਮਠਿਆਈ ਨਹੀਂ, ਜਿਹੜੇ ਭੁੰਗਣੀਆਂ ਤੇ ਪੂਰੀਆਂ ਬਣਾਈਆਂ ਨੇ, ਉਹ ਦਿਓ। ਯਾਦ ਆ ਗਿਆ ਕਿ ਭੁੰਗਣੀਆਂ ਬਣਾ ਕੇ ਰੱਖੀਆਂ ਸੀ। ਉਸੇ ਵੇਲੇ ਜਾ ਕੇ ਲਿਆਉਂਦੇ ਨੇ। ਕਹਿੰਦੇ ਅਸੀਂ ਰੋਜ਼ ਆਇਆ ਕਰਾਂਗੇ, ਸਾਨੂੰ ਇਥੇ ਆਹੀ ਚੀਜ਼ ਦਿਆ ਕਰਨੀ ਹੈ ਰੋਜ਼। ਨਿੱਤ ਆਇਆ ਕਰਾਂਗੇ, ਸਾਰੇ ਬਾਲਕਾਂ ਨੂੰ ਪ੍ਰਸ਼ਾਦ ਪਾਣੀ ਦੇਣਾ ਹੈ।

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਨੇ ਬੜੇ ਕੌਤਕ ਉਥੇ ਕੀਤੇ ਤੇ ਹੁਣ ਸਮਾਂ ਆ ਗਿਆ ਪਿਤਾ ਜੀ ਦੀ ਚਿੱਠੀ ਆ ਗਈ ਕਿ ਹੁਣ ਤੁਸੀਂ ਹੌਲੀ-ਹੌਲੀ ਆ ਜਾਓ, ਪੰਜਾਬ ਦੇ ਅੰਦਰ, ਅਨੰਦਪੁਰ ਸਾਹਿਬ ਦੇ ਅੰਦਰ, ਸੰਸਾਰ

ਦੀ ਹਾਲ-ਚਾਲ ਬਦਲ ਗਈ ਹੈ, ਸਮਾਂ ਬਹੁਤ ਖਰਾਬ ਆ ਗਿਆ ਹੈ। ਬਹੁਤ ਬੁਰਾ ਹਾਲ ਪਰਜਾ ਦਾ ਹੋ ਗਿਆ ਹੈ, ਜ਼ਬਰਦਸਤੀ ਧਰਮਸਾਲਾਂ ਢਾਹੀਆਂ ਜਾ ਰਹੀਆਂ ਨੇ, ਮੰਦਰ ਢਾਹੇ ਜਾ ਰਹੇ ਨੇ, ਤੁਸੀਂ ਆ ਜਾਓ। ਉਸ ਵਕਤ ਜਦੋਂ ਗੁਰੂ ਮਹਾਰਾਜ ਜੀ ਵਿਛੜਨ ਲੱਗੇ ਸਾਧਸੰਗਤ ਜੀ! ਇਹ ਤਾਂ ਜਿਹਨੇ ਉਸ ਵਕਤ ਦੇਖਿਆ ਹੋਵੇ, ਉਸਨੂੰ ਪਤਾ ਹੁੰਦਾ ਹੈ ਕਿ ਮੇਲ ਹੋ ਕੇ ਵਿਛੋੜਾ ਉਸ ਤੋਂ ਵੀ ਔਖਾ ਹੋਇਆ ਕਰਦਾ ਹੈ। ਜਿਸ ਵਕਤ ਪਤਾ ਲੱਗਿਆ ਸਾਰਿਆਂ ਨੂੰ, ਇਕੱਠ ਹੋ ਗਿਆ। ਕਹਿੰਦੇ ਮਹਾਰਾਜ! ਅਸੀਂ ਤਾਂ ਜਾਣ ਨਹੀਂ ਦੇਣਾ, ਸਾਡੇ ਉਤੋਂ ਦੀ ਲੰਘ ਜਾਓ। ਬਾਰ-ਬਾਰ ਬੇਨਤੀਆਂ ਕਰਦੇ ਨੇ ਕਿ ਆਪ ਕ੍ਰਿਪਾ ਕਰੋ, ਪੰਜਾਬ ਦੇਸ਼ ਵਿਚ ਬਹੁਤ ਗੜਬੜ ਹੈ, ਬਹੁਤ ਰੌਲਾ-ਰੱਪਾ ਪਿਆ ਹੋਇਆ ਹੈ ਤੇ ਇਥੇ ਹੀ ਤੁਸੀਂ ਰਹੋ। ਨਵਾਬ ਰਹੀਮ ਖਾਨ ਵੀ ਆਉਂਦੇ ਨੇ ਤੇ ਪੰਡਤ ਸ਼ਿਵਦੱਤ ਵੀ ਆਉਂਦਾ ਹੈ, ਹੋਰ ਵੀ ਆਉਂਦੇ ਨੇ, ਉਸ ਵੇਲੇ ਬਾਰ-ਬਾਰ ਬੇਨਤੀਆਂ ਕਰਦੇ ਨੇ ਕਿ ਬੜਾ ਮੁਸ਼ਕਲ ਹੋ ਜਾਏਗਾ। ਲੇਕਿਨ ਮਹਾਰਾਜ ਕਹਿੰਦੇ ਕਿ ਪਿਤਾ ਜੀ ਦੀ ਆਗਿਆ ਹੀ ਐਸੀ ਆਈ ਹੈ, ਸਾਨੂੰ ਜਾਣਾ ਹੀ ਪੈਣਾ ਹੈ ਤੇ ਆਪ ਇਕੱਲੇ-ਇਕੱਲੇ ਨੂੰ ਮਿਲਦੇ ਨੇ। ਰਹੀਮ ਖਾਨ ਨੂੰ ਕਹਿਣ ਲੱਗੇ ਰਹੀਮ ਖਾਨ! ਤੂੰ ਉਦਾਸ ਨਾ ਹੋ ਜਦੋਂ ਜਪੁਜੀ ਸਾਹਿਬ ਦਾ ਪਾਠ ਕਰੇਂਗਾ, ਜਦੋਂ ਤੂੰ ਕਹੇਂਗਾ 'ਕੇਤੀ ਛੁਟੀ ਨਾਲਿ' ਸਾਮ੍ਹਣੇ ਦੇਖੀਂ ਸਾਡਾ ਝਲਕਾਰਾ ਵੱਜਿਆ ਕਰੇਗਾ। ਕਿਸੇ ਨੂੰ ਵਸਤਰ ਦੇ ਦਿਤਾ, ਕਿਸੇ ਨੂੰ ਕੋਈ ਹੋਰ ਚੀਜ਼ ਦੇ ਦਿਤੀ, ਇਸ ਤਰ੍ਹਾਂ ਇਕ ਕਟਾਰ ਦਿਤੀ। ਜਿਸ ਵਕਤ ਮੈਨੀ ਰਾਣੀ ਕੋਲ ਗਏ, ਉਹ ਪਹਿਲਾਂ ਹੀ ਬਹੁਤ ਉਦਾਸ ਬੈਠੀ ਸੀ ਕਿ ਹੁਣ ਕੀ ਬਣੇਂਗਾ? ਇਨ੍ਹਾਂ ਨੇ ਚਲੇ ਜਾਣਾ ਹੈ, ਪੁੱਤਰ ਬਣੇ ਨੇ। ਹੁਣ ਬਣੇਗਾ ਕੀ? ਜਿਸ ਵਕਤ ਗਏ ਜਾ ਕੇ ਦੱਸਿਆ ਕਿ ਮਾਂ! ਮੈਂ ਪੰਜਾਬ ਨੂੰ ਜਾ ਰਿਹਾ ਹਾਂ। ਬੱਸ ਆਹ ਗੱਲ ਕਰਨ ਦੀ ਲੋੜ ਸੀ, ਦੜੰਮ ਕਰਕੇ ਗਿਰ ਗਈ, ਬੇਹੋਸ਼ ਹੋ ਗਈ, ਹੋਸ਼ ਨਹੀਂ ਰਹੇ। ਜਲ ਪਾਇਆ ਆਪ ਨੇ ਮੁਖ ਵਿਚ। ਐਸੀ ਹੀ ਅਵਸਥਾ ਹੁੰਦੀ ਹੈ ਸਾਧਸੰਗਤ ਜੀ! -

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*
*ਅੰਗ - ੭੦੮*

ਸਾਰੀ ਸੰਗਤ ਦੀ ਅਰਦਾਸ ਹੈ ਕਿ ਪਾਤਸ਼ਾਹ! ਤੁਸੀਂ ਪੰਜਾਬ ਚਲੇ ਜਾਣਾ ਹੈ, ਸਾਡੇ ਜੀਵਨ ਦਾ ਕੋਈ ਹੈ ਬੰਦੋਬਸਤ? ਕਿਉਂਕਿ -

*ਕਿਉ ਜੀਵਨੁ ਪ੍ਰੀਤਮ ਬਿਨੁ ਮਾਈ ॥*
*ਜਾ ਕੇ ਬਿਛੁਰਤ ਹੋਤ ਮਿਰਤਕਾ*
*ਗ੍ਰਿਹ ਮਹਿ ਰਹਨੁ ਨ ਪਾਈ ॥ ਅੰਗ - ੧੨੦੭*

ਪਿਆਰੇ ਤੋਂ ਬਿਨਾਂ ਵੀ ਕਦੇ ਜੀਵਨ ਹੁੰਦਾ ਹੈ।

ਅਸੀਂ ਤਾਂ ਮਰ ਜਾਵਾਂਗੇ ਪਾਤਸ਼ਾਹ!

ਸੋ ਰਾਣੀ ਬੇਹੋਸ਼ ਹੋ ਕੇ ਗਿਰ ਗਈ। ਕਿਉਂਕਿ ਪਿਆਰੇ ਜਿਹੜੇ ਹੁੰਦੇ ਨੇ, ਜਿਹਦਾ ਪਿਆਰ ਹੁੰਦਾ ਉਹਦੇ ਬਾਰੇ ਐਸਾ ਹੀ ਲਿਖਿਆ ਹੈ -

*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ*
*ਮੰਤੁ ਨ ਮਾਨੈ ਕੋਇ ॥*
*ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥*
*ਅੰਗ - ੧੩੬੮*

ਸੱਚਾ ਪਿਆਰ ਗੁਰੂ ਕਲਗੀਰ ਪਾਤਸ਼ਾਹ ਨਾਲ ਸੀ, ਬੇਹੋਸ਼ ਹੋਈ ਪਈ ਹੈ ਰਾਣੀ, ਸਹਾਰਾ ਦਿੰਦੇ ਨੇ, ਜਲ ਮੂੰਹ ਵਿਚ ਪਾਇਆ, ਆਤਮਕ ਸਹਾਰਾ ਦਿਤਾ। ਨੈਣ ਖੁਲ੍ਹਦੇ ਨੇ, ਫੇਰ ਬੰਦ ਹੋ ਜਾਂਦੇ ਨੇ, ਫੇਰ ਮਹਾਰਾਜ ਨੇ ਸੰਭਾਲਿਆ, ਮਾਂ! ਐਨੀ ਉਦਾਸ ਨਾ ਹੋ, ਦਰਸ਼ਨ ਚਾਹੀਦੇ ਨੇ? ਆਹ ਫੜ ਕਟਾਰ, ਮੇਰੀ ਪੁਸ਼ਾਕ ਰੱਖ, ਆਹ ਮੇਰਾ ਗੁਟਕਾ ਰੱਖ, ਜਦੋਂ ਇਥੇ ਬੈਠ ਕੇ ਧਿਆਨ ਕਰਿਆ ਕਰੇਂਗੀ ਮੈਂ ਤੇਰੀ ਗੋਦੀ ਵਿਚ ਹੋਇਆ ਕਰਾਂਗਾ। ਪਰ ਮੇਰੇ ਆਹ ਜਿਹੜੇ ਸਾਥੀ ਬੱਚੇ ਨੇ ਖੇਲ੍ਹਣ ਆਇਆ ਕਰੇਂਗੀ ਜਦੋਂ ਤੂੰ ਇਨ੍ਹਾਂ ਨੂੰ ਭੂੰਗਣੀਆਂ ਦੇਵੇਂਗੀ, ਮੈਂ ਵਿਚ ਖੇਲ੍ਹਦਾ ਦਿਸਿਆ ਕਰਾਂਗਾ।

ਸੋ ਬਾਰ-ਬਾਰ ਸੰਗਤ ਬੇਨਤੀਆਂ ਕਰਦੀ ਹੈ ਕਿਉਂਕਿ ਦੁਖ ਹੈ -

*ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥*
*ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥*
*ਅੰਗ - ੧੧੦੦*

ਬੇਨਤੀ ਕਰਦੇ ਨੇ ਕਿ ਸਾਡੇ ਸਿਰਾਂ ਦੇ ਸਾਂਈਂ ਸਾਨੂੰ ਚਰਨਾਂ ਤੋਂ ਨਾ ਵਿਛੋੜੋ, ਅਸੀਂ ਤੁਹਾਡੇ ਨਾਲ ਡੂੰਘੀ ਪ੍ਰੀਤ ਪਾਈ ਹੈ। ਜਿਨ੍ਹਾਂ ਪਿਆਰਿਆਂ ਦੇ ਉਤੇ ਇਹ ਬੀਤਦੀ ਹੈ ਉਨ੍ਹਾਂ ਨੂੰ ਪਤਾ ਹੁੰਦਾ ਹੈ -

*ਲਾਗੀ ਹੋਇ ਸੁ ਜਾਨੈ ਪੀਰ ॥*
*ਰਾਮ ਭਗਤਿ ਅਨੀਆਲੇ ਤੀਰ ॥ ਅੰਗ - ੩੨੭*

ਦਿਲਾਸਾ ਦਿਤਾ ਕਿ ਦਰਸ਼ਨ ਹੁੰਦੇ ਰਹਿਣਗੇ, ਭਰੋਸਾ ਰੱਖੋ, ਨਿਹਚਾ ਰੱਖੋ। ਸਮਝਾ ਬੁਝਾ ਕੇ ਗੁਰੂ ਮਹਾਰਾਜ ਜਦੋਂ ਤੁਰਦੇ ਨੇ ਬੜੀ ਦੂਰ ਤੱਕ ਸੰਗਤ ਤੁਰੀ ਆਉਂਦੀ ਹੈ। ਅਖੀਰ ਮਹਾਰਾਜ ਜੀ ਨੇ ਕਿਹਾ ਕਿ ਇਸ ਤੋਂ ਅੱਗੇ ਨਹੀਂ ਤੁਸੀਂ ਜਾਣਾ, ਇਥੋਂ ਤੁਸੀਂ ਵਾਪਸ ਜਾਓ।

ਸੋ ਇਸ ਤਰ੍ਹਾਂ ਵੈਰਾਗ ਦੀ ਭਰੀ ਹੋਈ ਸੰਗਤ ਨੂੰ ਛੱਡ ਕੇ ਗੁਰੂ ਮਹਾਰਾਜ ਅਨੰਦਪੁਰ ਸਾਹਿਬ ਆ ਜਾਂਦੇ

ਨੇ। 14 ਸਾਲ ਲੰਘ ਗਏ। ਆਪ ਦਾ ਬਚਨ ਸੀ ਕਿ ਸਤਿਸੰਗ ਕਰਿਓ, ਇਕੱਠੇ ਹੋਇਓ, ਹਰੀ ਦਾ ਭਜਨ ਕਰਿਓ। ਜਦੋਂ ਤੁਸੀਂ ਧਿਆਨ ਕਰੋਂਗੇ ਤੁਹਾਡਾ ਬਚਨ ਹੈ ਤੁਹਾਨੂੰ ਇਥੇ ਬੈਠਿਆਂ ਨੂੰ ਦਰਸ਼ਨ ਦੇਈ ਜਾਵਾਂਗੇ।

ਏਸ ਆਸ ਤੇ 14 ਸਾਲ ਨਿਕਲ ਗਏ ਕਿ ਦੇਖੋ ਸ੍ਰੀ ਰਾਮ ਚੰਦਰ ਜੀ ਨੂੰ ਬਨਵਾਸ ਹੋਇਆ ਸੀ, ਸਾਨੂੰ ਪਤਾ ਹੈ ਕਿ ਉਨ੍ਹਾਂ ਦਾ ਪਿਤਾ ਵਿਛੋੜਾ ਝੱਲ ਨਾ ਸਕਿਆ। ਪਰ ਅਸੀਂ ਤਾਂ ਤੁਹਾਡੇ ਵਿਚ ਰਹਾਂਗੇ, ਦੂਰ ਨਹੀਂ ਜਾਂਦੇ। ਕੋਈ ਗੱਲ ਨਹੀਂ, ਸਮਾਂ ਆਇਗਾ ਤੁਸੀਂ ਆਪ ਆ ਜਾਇਓ ਅਨੰਦਪੁਰ ਸਾਹਿਬ। 14 ਸਾਲ ਅੱਜ ਬੀਤ ਗਏ ਸੰਗਤ ਨੇ ਸਲਾਹ ਕਰੀ, ਬਹੁਤ ਸਾਰੇ ਬਿਰਧ ਹੋ ਗਏ। ਸ਼ਿਵਦੱਤ ਬਹੁਤ ਬਿਰਧ ਹੋ ਗਿਆ, ਇਕੋ ਲਾਲਸਾ ਰਹਿੰਦੀ ਹੈ ਕਿ ਹੇ ਕਲਗੀਧਰ ਪਿਤਾ ਕਦੇ ਦਰਸ਼ਨ ਹੋ ਜਾਣ। ਤਾਂ ਉਸ ਵੇਲੇ ਸਾਰਿਆਂ ਨੇ ਸਲਾਹ ਕਰੀ, ਇਹ ਵੀ ਆ ਗਏ ਕਹਿਣ ਲੱਗੇ ਰਾਜਨ! ਮੈਨੂੰ ਗਰੀਬ ਬੁੱਢੇ ਨੂੰ ਵੀ ਦਰਸ਼ਨ ਕਰਾ ਦਿਓ। ਹੁਣ ਤਾਂ ਮੇਰਾ ਸਰੀਰ ਕੁੱਛ ਦਿਨ ਦਾ ਹੈ, ਕ੍ਰਿਪਾ ਕਰੋ। ਪਾਲਕੀ ਤਿਆਰ ਕਰੀ, ਜੋੜੀ ਬਣਾਈ ਗਈ ਤੇ ਉਹਦੇ ਵਿਚ ਇਨ੍ਹਾਂ ਨੂੰ ਬਿਠਾਇਆ ਗਿਆ। ਇਸ ਤਰ੍ਹਾਂ ਦੇ ਨਾਲ ਸੰਗਤ ਆਹਿਸਤਾ-ਆਹਿਸਤਾ ਮੰਜ਼ਲਾਂ ਕੱਟਦੀ ਹੋਈ ਗੁਰੂ ਮਹਾਰਾਜ ਦੇ ਨੇੜੇ ਪਹੁੰਚੀ। ਤਾਂ ਉਸ ਵੇਲੇ ਮਹਾਰਾਜ ਜੀ ਆਹੀ ਦਿਨ ਸੀਗਾ ਜਿਹੜਾ ਅੱਜ ਹੈ, ਅਚਾਨਕ ਮਹਾਰਾਜ ਜੀ ਅਨੰਦਪੁਰ ਸਾਹਿਬ ਤੋਂ ਘੋੜੇ ਤੇ ਸਵਾਰ ਹੋ ਕੇ ਚੱਲ ਪਏ। ਦੂਰ ਆ ਗਏ, ਜਦੋਂ ਆ ਕੇ ਸਾਰਿਆਂ ਨੂੰ ਦਰਸ਼ਨ ਦਿਤੇ ਤਾਂ ਹੈਰਾਨ ਹੋ ਗਏ ਕਿ ਐਸਾ ਪਿਆਰਾ ਸਤਿਗੁਰੂ! ਕਿ ਚੌਦਾਂ ਸਾਲ ਤੋਂ ਬਾਅਦ ਵੀ ਨਹੀਂ ਸਾਨੂੰ ਭੁੱਲਿਆ। ਉਸ ਵੇਲੇ ਸੰਗਤ ਦੀ ਖੁਸ਼ੀ ਦਾ ਕੀ ਅੰਦਾਜ਼ਾ ਹੈ, ਬੜੇ ਦਿਨ ਉਥੇ ਸੰਗਤ ਰਹੀ। ਫੇਰ ਸ਼ਿਵਦੱਤ ਨੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਜਦੋਂ ਸਰੀਰ ਛੱਡਣ ਲੱਗਿਆ ਤਾਂ ਮਹਾਰਾਜ ਨੇ ਚੁੱਕ ਕੇ ਆਪਣੇ ਪੱਟ ਤੇ ਧਰ ਲਿਆ, ਕਿੰਨਾ ਧੰਨ ਸੀ ਏਸ ਦਾ ਪਿਆਰ।

ਸੋ ਸਾਧਸੰਗਤ ਜੀ! ਐਸਾ ਸਤਿਗੁਰੂ ਜਿਸਦੀ ਆਪਾਂ ਯਾਦ ਮਨਾਈ ਹੈ। ਯਾਦ ਵਿਚ ਆਓ, ਉਹਦੇ ਨਾਲ ਜੁੜੋ, ਜਿਹੜੇ ਟੁੱਟ ਚੁੱਕੇ ਹੋਂ, ਦੁਬਾਰਾ ਜੁੜੋ। ਉਹਨੇ ਨਹੀਂ ਸਾਨੂੰ ਭੁੱਲਣਾ, ਅਸੀਂ ਵੀ ਚਲੇ ਜਾਵਾਂਗੇ, ਫੇਰ ਸਾਡੇ ਬੱਚੇ ਆ ਜਾਣਗੇ, ਉਹ ਵੀ ਚਲੇ ਜਾਣਗੇ, ਉਨ੍ਹਾਂ ਦੇ ਬੱਚੇ ਆ ਜਾਣਗੇ, ਲੇਕਿਨ ਗੁਰੂ ਦਸ਼ਮੇਸ਼ ਪਿਤਾ ਐਸੇ ਤਰ੍ਹਾਂ ਰਹਿਣਗੇ ਜਿਵੇਂ ਆਹ ਸੂਰਜ, ਚੰਦ ਨੇ। ਉਨ੍ਹਾਂ ਨੇ ਸਭ ਦੇ ਦਿਲ ਵਿਚ ਐਨਾ ਪਿਆਰ ਪਾ ਲਿਆ ਜਿਨ੍ਹਾਂ ਨੂੰ ਅਸੀਂ ਅਜੇ ਜਾਣਦੇ ਵੀ ਨਹੀਂ ਉਨ੍ਹਾਂ ਨੂੰ ਵੀ ਉਹਦਾ ਪਿਆਰ ਆਉਣਾ। ਪਿਆਰ ਕਰੋ ਐਸੇ ਸਤਿਗੁਰੂ ਨੂੰ, ਜਿਹਨੇ ਸਭ ਕੁਛ ਵਾਰ ਦਿਤਾ, ਕੁਛ ਨਹੀਂ ਰੱਖਿਆ, ਨਾ ਕੋਈ ਸਾਹਿਬਜ਼ਾਦਾ, ਨਾ ਆਪਣਾ ਘਰ, ਨਾ ਆਪਣਾ ਆਪ, ਸਾਰਾ ਹੀ ਪਰਿਵਾਰ ਸਾਡੇ ਉਤੇ ਵਾਰ ਦਿਤਾ। ਸੋ ਉਸਦੀ ਅਸੀਂ ਅੱਜ ਯਾਦ ਮਨਾਉਂਦੇ ਹੋਏ ਕੁਛ ਫੈਸਲੇ ਕਰੋ ਮਨਾਂ ਦੇ ਅੰਦਰ, ਇਕ ਤਾਂ ਇਹ ਕਰੋ ਕਿ ਜਿਹੜੇ ਸ਼ਰਾਬ ਵਗੈਰਾ ਪੀਂਦੇ ਨੇ, ਉਹ ਗੁਰੂ ਦੇ ਨਾਲ ਪਿਆਰ ਪਾ ਲਓ ਭਾਈ, ਇਹ ਛੱਡ ਦਿਓ ਬੋਤਲ ਦਾ ਪਿਆਰ, ਕੁਛ ਨਹੀਂ ਹੁੰਦਾ ਇਨ੍ਹਾਂ ਚੀਜ਼ਾਂ ਦੇ ਅੰਦਰ। ਗੁਰੂ ਨੂੰ ਪਿਆਰ। ਉਸ ਗੁਰੂ ਨੂੰ ਬੜੀ ਆਸ ਸੀ, ਉਹ ਕਹਿ ਗਿਆ ਸੀ -

***ਖ਼ਾਲਸਾ ਮੇਰੋ ਰੂਪ ਹੈ ਖ਼ਾਸ॥***
***ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥***

***(ਸਰਬ ਲੋਹ ਗ੍ਰੰਥ 'ਚੋਂ)***

ਸਾਡੇ ਵਿਚ ਹੀ ਰਹਿੰਦੇ ਨੇ।

***ਵਾਹਿਗੁਰੂ ਜੀ ਕਾ ਖਾਲਸਾ***
***ਵਾਹਿਗੁਰੂ ਜੀ ਕੀ ਫਤਹਿ।***

# ਤਿਨਿ ਤਿਆਗੀ ਮਾਇਆ..

*ਨਾਰਾਇਨ ਨਰਪਤਿ ਨਮਸਕਾਰੈ ॥*
*ਐਸੇ ਗੁਰ ਕਉ ਬਲਿ ਬਲਿ ਜਾਈਐ*
*ਆਪਿ ਮੁਕਤੁ ਮੋਹਿ ਤਾਰੈ ॥ ੧ ॥*
*ਕਵਨ ਕਵਨ ਕਵਨ ਗੁਨ ਕਹੀਐ*
*ਅੰਤੁ ਨਹੀ ਕਛੁ ਪਾਰੈ ॥*
*ਲਾਖ ਲਾਖ ਲਾਖ ਕਈ ਕੋਰੈ*
*ਕੋ ਹੈ ਐਸੋ ਬੀਚਾਰੈ॥*
*ਬਿਸਮ ਬਿਸਮ ਬਿਸਮ ਹੀ ਭਈ ਹੈ*
*ਲਾਲ ਗੁਲਾਲ ਰੰਗਾਰੈ ॥*
*ਕਹੁ ਨਾਨਕ ਸੰਤਨ ਰਸੁ ਆਈ ਹੈ*
*ਜਿਉ ਚਾਖਿ ਗੂੰਗਾ ਮੁਸਕਾਰੈ ॥ ਅੰਗ - ੧੩੦੧*

ਅੱਜ ਦਾ ਜੋ ਪੁਰਬ ਹੈ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਭਗਤਾਂ ਦੀ ਬਹੁਤ ਵੱਡੀ ਵਡਿਆਈ ਕੀਤੀ ਗਈ ਹੈ। ਸਾਧੂਆਂ, ਸੰਤਾਂ ਦੀ ਬਹੁਤ ਵੱਡੀ ਵਡਿਆਈ ਕੀਤੀ ਗਈ ਹੈ। ਕਿਉਂਕਿ ਉਨ੍ਹਾਂ ਦੇ ਜ਼ਿੰਮੇ ਪ੍ਰਮੇਸ਼ਰ ਵਲੋਂ ਖਾਸ ਡਿਊਟੀਆਂ ਲੱਗੀਆਂ ਹੁੰਦੀਆਂ ਨੇ, ਜਿਸ ਨੂੰ ਸਿਰੇ ਚਾੜ੍ਹਨ ਵਾਸਤੇ ਉਹ ਸੰਸਾਰ 'ਚ ਆਇਆ ਕਰਦੇ ਨੇ। ਉਨ੍ਹਾਂ ਦਾ ਕੰਮ ਕੀ ਹੁੰਦਾ ਹੈ ਕਿ ਭੁੱਲੀਆਂ ਹੋਈਆਂ ਰੂਹਾਂ, ਟੁੱਟੀਆਂ ਹੋਈਆਂ ਰੂਹਾਂ ਉਨ੍ਹਾਂ ਨੂੰ ਪ੍ਰਮੇਸ਼ਰ ਦੇ ਨਾਲ ਜੋੜਨਾ ਹੈ। ਹੋਰ ਵਾਧੂ ਦੇ ਕੰਮ ਜੇ ਫੁਰਸਤ ਮਿਲਦੀ ਹੈ ਕਰਦੇ ਨੇ, ਨਹੀਂ ਤਾਂ ਮੌਜ ਹੈ ਉਨ੍ਹਾਂ ਦੀ ਕਰਨ, ਨਾ ਕਰਨ। ਪਰ ਇਕ ਡਿਊਟੀ ਉਨ੍ਹਾਂ ਦੀ ਪੱਕੀ ਹੁੰਦੀ ਹੈ ਭੁੱਲਿਆਂ ਹੋਇਆ ਨੂੰ ਪ੍ਰਮੇਸ਼ਰ ਦੇ ਨਾਲ ਜੋੜਨਾ। ਅਗਿਆਨੀਆਂ ਨੂੰ ਗਿਆਨ ਬਖਸ਼ਣਾ, ਅੰਨ੍ਹਿਆਂ ਨੂੰ ਲਾਈਟ ਦੇਣੀ। ਜੋ ਮਨ ਦੇ ਅੰਨ੍ਹੇ ਘੂਕ ਨੇ ਉਨ੍ਹਾਂ ਦੇ ਮਨ ਦੇ ਵਿਚ ਪ੍ਰਕਾਸ਼ ਪੈਦਾ ਕਰਨਾ, ਇਹ ਸੰਤਾਂ ਦੀ ਡਿਊਟੀ ਹੋਇਆ ਕਰਦੀ ਹੈ। ਬਾਕੀ ਜੋ ਡਿਊਟੀਆਂ ਨੇ ਸੰਤਾਂ ਦੀਆਂ ਹੋਰ ਚੀਜ਼ਾਂ ਬਣਾਉਣੀਆਂ ਜਿਵੇਂ ਹਸਪਤਾਲ ਬਣਾਉਣੇ, ਸਕੂਲ ਬਣਾਉਣੇ, ਗੁਰਦੁਆਰੇ ਬਣਾਉਣੇ, ਉਨ੍ਹਾਂ ਸਾਰਿਆਂ ਨਾਲੋਂ ਜ਼ਰੂਰੀ ਹੋਇਆ ਕਰਦੀ ਹੈ ਕਿ ਜੋ ਗੁਰਦੁਆਰਾ ਅਸਲੀ ਹੈ, ਜੋ ਮੰਦਰ ਅਸਲੀ ਹੈ, ਮਸਜਿਦ ਜੋ ਅਸਲੀ ਹੈ ਉਹ ਸਰੀਰ ਹੈ ਜਿਸ ਵਿਚ ਵਾਹਿਗੁਰੂ ਰਹਿੰਦਾ ਹੈ। ਏਸ ਸਰੀਰ ਦੇ ਅੰਦਰ ਪ੍ਰਮੇਸ਼ਰ ਦਿਖਾਉਣਾ ਹੈ ਉਨ੍ਹਾਂ ਨੇ ਤੇ ਗੁਰੂ ਮਹਾਰਾਜ ਦਾ ਐਸਾ ਫੁਰਮਾਨ ਹੈ ਕਿ ਆਉਂਦੇ ਹੀ ਸੰਸਾਰ ਦੇ ਉਤੇ ਏਸੇ ਕੰਮ ਵਾਸਤੇ ਹੁੰਦੇ ਨੇ ਕਿ ਕੋਲ ਰਹਿੰਦੇ ਪ੍ਰਮੇਸ਼ਰ ਨੂੰ ਦਿਖਾ ਦੇਣ ਤੇ ਉਹਦੇ ਨਾਲ ਮਿਲਾ ਦੇਣ। ਸੋ ਉਨ੍ਹਾਂ ਦੀ ਮਹਿਮਾਂ ਕਿੰਨੀ ਵਰਣਨ ਕੀਤੀ ਹੈ ਗੁਰੂ ਨਾਨਕ ਪਾਤਸ਼ਾਹ ਜੋ ਕਿ ਆਪ ਪ੍ਰਮੇਸ਼ਰ ਸਰੂਪ ਸੀ, ਆਪ ਦਾ ਫੁਰਮਾਨ ਹੈ -

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥*
*ਅੰਗ - ੩੦੫*

ਜਿਹੜਾ ਆਪ ਜਪਦਾ ਹੈ ਤੇ ਦੂਸਰਿਆਂ ਨੂੰ ਇਸ ਰਸਤੇ ਲਾਉਂਦਾ ਹੈ, ਮਹਾਰਾਜ ਕਹਿੰਦੇ ਅਸੀਂ ਧੂੜੀ ਮੰਗਦੇ ਹਾਂ ਭਾਈ ਉਹਦੀ। ਐਵੈਂ ਹੀ ਨਾ ਸਮਝਿਓ।

ਅਸੀਂ ਤਾਂ ਫਤਹਿ ਵੀ ਬੁਲਾਉਂਦੇ ਕਤਰਾਉਂਦੇ ਹਾਂ ਕਿ ਕਿਤੇ ਫਤਹਿ ਨਾ ਬੁਲਾ ਦੇਈਏ। ਇਹ ਮੈਨੂੰ ਹੀ ਬੁਲਾ ਦੇਵੇ ਚੰਗਾ ਹੈ ਮੈਂ ਨਾ ਬੁਲਾਵਾਂ। ਮੇਰੇ ਹੱਥ ਨਾ ਇਹਦੇ ਅੱਗੇ ਜੁੜ ਜਾਣ। ਪਰ ਧੰਨ ਹੈ ਗੁਰੂ ਨਾਨਕ ਪਾਤਸ਼ਾਹ ਜੋ ਸੱਚ ਨੂੰ ਲਕੋਂਦੇ ਨਹੀਂ ਹਨ ਪ੍ਰਗਟ ਕਰਕੇ ਸਾਨੂੰ ਦਸਦੇ ਨੇ, ਪਰ ਅਸੀਂ ਵੀ ਧੰਨ ਜਿਹੜੇ ਉਨ੍ਹਾਂ ਦੀ ਗੱਲ ਕੰਨਾਂ ਰਾਹੀਂ ਸੁਣਦੇ ਨਹੀਂ ਫੇਰ ਸੁਣ ਕੇ ਅੰਦਰ ਨਹੀਂ ਜਾਣ ਦਿੰਦੇ। ਦੋਵੇਂ ਧੰਨ ਨੇ ਇਕ ਉਧਰਲੇ ਪਾਸੇ ਹੈ ਇਕ ਓਧਰ। ਉਹ ਤਾਂ ਕਹਿੰਦੇ ਨੇ ਕਿ ਜਿਹੜੇ ਪ੍ਰਮੇਸ਼ਰ ਨੂੰ ਮਿਲਾਉਂਦੇ ਨੇ ਅਸੀਂ ਉਨ੍ਹਾਂ ਦੀ ਧੂੜੀ ਮੰਗਦੇ ਹਾਂ, ਅਸੀਂ ਕਹਿੰਦੇ ਹਾਂ ਕਿ ਅਸੀਂ ਉਨ੍ਹਾਂ ਨੂੰ ਦੇਖਣਾ ਹੀ ਨਹੀਂ ਪਸੰਦ ਕਰਦੇ, ਗੱਲ ਕਰਨੀ ਪਸੰਦ ਨਹੀਂ ਕਰਦੇ, ਸਾਡੇ ਮਨ ਦੇ ਅੰਦਰ ਨਫਰਤ ਆਉਂਦੀ ਹੈ, ਬੁਰੀਆਂ ਗੱਲਾਂ ਉਠਦੀਆਂ ਨੇ ਜਦੋਂ ਕਿਸੇ ਰੱਬ ਦੇ ਪਿਆਰੇ ਨੂੰ ਦੇਖਦੇ ਹਾਂ।

ਸੋ ਇਸ ਤਰ੍ਹਾਂ ਉਨ੍ਹਾਂ ਨੇ ਤਾਂ ਆਪਣੀ ਡਿਊਟੀ ਕਰਦੇ ਤੁਰੇ ਜਾਣਾ ਹੈ। ਸੋ ਭਾਈ ਨੰਦਲਾਲ ਜੀ ਜੋ ਗੁਰੂ ਦਸ਼ਮੇਸ਼ ਪਿਤਾ ਦੇ ਨਾਲ ਪਿਆਰ ਵਿਚ ਐਨੇ ਘੁਲ ਮਿਲ ਗਏ ਸੀ ਕਿ ਟੁੱਟੇ ਹੋਏ ਕੇਸ ਦੀ ਕੀਮਤ ਆਪ ਨੇ ਕਿਹਾ ਕਿ ਦੋ ਜਹਾਨਾਂ ਦਾ ਜੋ ਮੁੱਲ ਹੈ, ਉਹ ਵੀ ਨਹੀਂ ਹੈ। ਐਨਾ ਪਿਆਰ ਵਿਚ ਉਹ ਸਮਾਅ ਗਏ ਸੀ। ਹਰ ਵਕਤ ਉਨ੍ਹਾਂ ਦੇ ਹਿਰਦੇ ਦੇ ਅੰਦਰ ਗੁਰੂ ਦਸ਼ਮੇਸ਼ ਪਿਤਾ ਸਾਖਸ਼ਾਤ ਰੂਪ ਦੇ ਵਿਚ ਵਸਦੇ ਰਹਿੰਦੇ ਸੀ ਤੇ ਜੋ ਕੁਛ ਉਹ ਲਿਖਦੇ ਸੀ, ਜੋ ਬੋਲਦੇ ਸੀ ਅੰਦਰੋਂ ਉਨ੍ਹਾਂ ਨੂੰ ਹਾਜ਼ਰ ਨਾਜ਼ਰ ਜਾਣ ਕੇ ਲਿਖਿਆ ਕਰਦੇ ਸੀ। ਇਸੇ ਕਰਕੇ ਹੀ ਬਾਵਜੂਦ ਇਸਦੇ ਕਿ ਉਹ ਬਾਣੀ ਫਾਰਸੀ ਵਿਚ ਹੈ, ਸਾਡੀ ਸਮਝ ਤੋਂ ਪਰ੍ਹੇ ਦੀ ਹੈ ਅੱਜਕਲ੍ਹ ਦੇ ਬੰਦਿਆਂ ਦੇ ਕਿਉਂਕਿ ਹੁਣ ਤਾਂ ਉਰਦੂ ਵੀ ਭੁੱਲ ਗਏ ਫਾਰਸੀ ਤਾਂ ਇਕ ਪਾਸੇ ਰਹੀ। ਉਹ ਬਾਣੀ ਸਾਡੇ ਪ੍ਰਮਾਣਾਂ ਵਾਸਤੇ ਪੜ੍ਹੀ ਜਾਂਦੀ ਹੈ, ਜਿਸ ਤਰ੍ਹਾਂ ਭਾਈ ਗੁਰਦਾਸ ਜੀ ਦੀ ਬਾਣੀ ਨੂੰ ਸਤਿਕਾਰ ਦਿੰਦੇ ਹਾਂ, ਇਸੇ ਤਰ੍ਹਾਂ ਭਾਈ ਨੰਦ ਲਾਲ ਜੀ ਦੀ ਬਾਣੀ ਨੂੰ ਵੀ ਅਸੀਂ ਸਤਿਕਾਰ ਦਿੰਦੇ ਹਾਂ। ਕਿਉਂ ? ਕਿਉਂਕਿ ਉਨ੍ਹਾਂ ਦੇ ਲਿਖੇ ਹੋਏ ਚਾਰ-ਪੰਜ ਗ੍ਰੰਥ ਗੁਰੂ ਦਸ਼ਮੇਸ਼ ਪਿਤਾ ਦੀ ਜਦੋਂ ਭੇਟਾ ਹੋਏ,

ਮਹਾਰਾਜ ਨੇ ਆਪਣੇ ਦਸਤ-ਏ-ਮੁਬਾਰਕ ਦੇ ਨਾਲ ਜਿਥੇ ਉਨ੍ਹਾਂ ਨੇ ਬੰਦਗੀਨਾਮਾ ਲਿਖਿਆ ਉਥੇ ਆਪ ਨੇ ਕੱਟ ਕੇ ਜ਼ਿੰਦਗੀਨਾਮਾ ਆਪ ਨੇ ਕਰ ਦਿਤਾ। ਪੜ੍ਹੇ ਹੋਏ ਗ੍ਰੰਥ ▲✥✥☛✿✂✥ ਕਰੇ ਹੋਏ।

ਸੋ ਉਨ੍ਹਾਂ ਦਾ ਆਉਣਾ ਹੀ ਸੰਸਾਰ ਦੇ ਉਤੇ ਭੁੱਲੇ ਭਟਕੇ ਜੀਵ ਜੋ ਨਰਕਾਂ ਵਲ ਨੂੰ ਤੁਰੇ ਜਾ ਰਹੇ ਨੇ, ਪਾਪਾਂ ਦੇ ਰਾਹ ਪਏ ਹੋਏ ਨੇ, ਪ੍ਰਮੇਸ਼ਰ ਤੋਂ ਟੁੱਟੇ ਹੋਏ ਨੇ, ਉਨ੍ਹਾਂ ਨੂੰ ਜੋੜ ਕੇ ਪ੍ਰਮੇਸ਼ਰ ਦੇ ਰਾਹ ਪਾ ਦੇਣਾ। ਸੰਤ ਕਦੇ ਨਹੀਂ ਕਹਿੰਦੇ ਕਿ ਤੂੰ ਸ਼ਰਾਬ ਪੀਆ ਕਰ, ਮਾਸ ਖਾਇਆ ਕਰ, ਚੁਗਲੀਆਂ ਕਰਿਆ ਕਰ, ਨਿੰਦਿਆ ਕਰਿਆ ਕਰ, ਝੂਠ ਬੋਲਿਆ ਕਰ, ਛਲ ਕਰਿਆ ਕਰ, ਕਪਟ ਕਰਿਆ ਕਰ, ਰਿਸ਼ਵਤ ਲਿਆ ਕਰ ਫੇਰ ਸਾਨੂੰ ਵੀ ਦਿਆ ਕਰ। ਸੰਤ ਨਹੀਂ ਕਦੇ ਵੀ ਕਹਿੰਦੇ। ਸੰਤਾਂ ਦਾ ਕੰਮ ਹੁੰਦਾ ਹੈ ਉਸ ਦੀਆਂ ਭੁੱਲਾਂ ਕੱਢਣੀਆਂ, ਜਿਸ ਜਿਸ ਥਾਂ ਤੋਂ ਉਹ ਉਕਾਈ ਖਾਂਦਾ ਹੈ, ਉਸ ਉਕਾਈ ਨੂੰ ਜੀਵਨ 'ਚੋਂ ਕੱਢਣਾ ਤੇ ਸਿੱਧੇ ਰਾਹ ਪਾ ਦੇਣਾ। ਸਮ ਉਪਦੇਸ਼ ਹੋਇਆ ਕਰਦਾ ਹੈ। ਫੁਰਮਾਨ ਕਰਦੇ ਨੇ ਕਿ -

***ਦਰ ਦਹਰ ਕਿ ਮਰਦਾਨਿ ਖ਼ੁਦਾ ਆਮਦਹ ਅੰਦ।***
***ਬਰ ਗੁਮ ਸ਼ੁਦਗਾਂ ਰਾਹਨੁਮਾ ਆਮਦਹ ਅੰਦ॥***
***(ਦੀਵਾਨਿ ਗੋਯਾ ਭਾਈ ਨੰਦ ਲਾਲ ਜੀ)***

ਸੰਤਾਂ ਦਾ ਆਉਣਾ ਸੰਸਾਰ ਦੇ ਉਤੇ ਜਿਹੜੇ ਗੁੰਮ ਹੋ ਗਏ, ਗੁੰਮਸ਼ੁਦਾ, ਭੁੱਲ ਗਏ ਰਸਤਾ, ਉਨ੍ਹਾਂ ਨੂੰ ਰਾਹ ਦੱਸਣ ਵਾਸਤੇ ਸੰਸਾਰ ਤੇ ਆਉਂਦੇ ਨੇ।

***'ਗੋਯਾ' ਅਗਰ ਈਂ ਚਸ਼ਮਿ ਤੌ ਮੁਸ਼ਤਾਕਿ ਖ਼ੁਦਾ ਅਸਤ।***
***ਮਰਦਾਨਿ ਖ਼ੁਦਾ ਖ਼ੁਦਾਨਾਮਾ ਆਮਦਹ ਅੰਦ॥***
***(ਦੀਵਾਨਿ ਗੋਯਾ ਭਾਈ ਨੰਦ ਲਾਲ ਜੀ)***

ਕਹਿੰਦੇ ਹੇ ਨੰਦਲਾਲ! ਜੇ ਤੈਨੂੰ ਲੋੜ ਹੈ, ਜੇ ਤੇਰੇ ਵਿਚ ਚਾਹ ਹੈ ਕਿ ਮੈਂ ਵਾਹਿਗੁਰੂ ਦੇ ਦਰਸ਼ਨ ਇਹਨਾਂ ਅੱਖਾਂ ਦੇ ਨਾਲ ਕਰ ਲਵਾਂ, ਤਾਂ ਸੁਣ ਲੈ ਜਿਹੜੇ ਸੰਤ ਨੇ ਉਨ੍ਹਾਂ ਵਿਚ ਦੇ ਪ੍ਰਮੇਸ਼ਰ ਵਿਚ ਭੇਦ ਨਹੀਂ ਹੋਇਆ ਕਰਦਾ। ਇਹ ਗੱਲ ਤੂੰ ਮੇਰੇ ਤੋਂ ਸੁਣ ਲੈ। ਉਹ ਆਉਂਦੇ ਹੀ ਇਸ ਕਰਕੇ ਨੇ ਕਿ ਸੰਸਾਰ ਦੇ ਭੁੱਲੇ-ਭਟਕਿਆਂ ਨੂੰ ਰਸਤੇ ਪਾ ਦਿਤਾ ਜਾਵੇ। ਸੋ ਗੁਰੂ ਮਹਾਰਾਜ ਅੰਦਰ ਵੀ ਫੁਰਮਾਨ ਹੈ -

***ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥***
***ਜਮਕੰਕਰੁ ਨੇੜਿ ਨ ਆਵਈ***
***ਫਿਰਿ ਬਹੁੜਿ ਨ ਮਰੀਐ॥***
***ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ ॥***
***ਹਰਿ ਗੁਣ ਗੁੰਫਹੁ ਮਨਿ ਮਾਲ***
***ਹਰਿ ਸਭ ਮਲੁ ਪਰਹਰੀਐ ॥***
***ਨਾਨਕ ਪ੍ਰੀਤਮ ਮਿਲਿ ਰਹੇ ਪਾਰਬ੍ਰਹਮ ਨਰਹਰੀਐ॥***
***ਅੰਗ - ੩੨੦***

ਮਹਾਰਾਜ ਨੇ ਉਨ੍ਹਾਂ ਦੀਆਂ ਨੀਸ਼ਾਨੀਆਂ ਦੱਸ ਦਿਤੀਆਂ ਕਿ ਨਿਸ਼ਾਨੀ ਇਹ ਹੁੰਦੀ ਹੈ ਕਿ ਜਿਹਦੇ ਨਾਲ ਮਿਲ ਕੇ ਆਦਮੀ ਸੰਸਾਰ ਤੋਂ ਤਰ ਜਾਵੇ, ਉਹ ਸਾਧੂ ਦੀ ਨੀਸ਼ਾਨੀ ਹੈ। ਜਿਹਨੂੰ ਮਿਲ ਕੇ 'ਜਮਕੰਕਰ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ' ਦੁਬਾਰਾ ਮੌਤ ਨਾ ਹੋਵੇ ਤੇ ਜਮਾਂ ਦਾ ਜੋ ਡਰ ਹੈ ਉਹ ਨੇੜੇ ਨਾ ਆਵੇ, ਜਿਹੜਾ ਬਿਹੁ ਦਾ ਜ਼ਹਿਰ ਦਾ, ਸੰਸਾਰ ਰੂਪੀ ਭਵਸਾਗਰ ਹੈ ਇਹਨੂੰ ਪਾਰ ਉਤਰ ਜਾਵੇ। ਵਾਹਿਗੁਰੂ ਦੇ ਨਾਮ ਦਾ ਭੰਡਾਰਾ ਮਨ ਵਿਚ ਭਰੇ, ਜਿਸ ਨਾਲ ਸਾਰੀ ਮੈਲ ਦੂਰ ਹੋ ਜਾਂਦੀ ਹੈ। ਭਾਵੇਂ ਬਾਲਮੀਕ ਨੂੰ ਸਾਧੂ ਮਿਲੇ, ਉਨ੍ਹਾਂ ਨੂੰ ਵੀ ਤਾਰਿਆ। ਬਚਨ ਸੀ ਉਨ੍ਹਾਂ ਦਾ, ਇਕ ਬਚਨ ਨੇ ਹੀ ਤਾਰ ਦਿਤਾ। ਕਹਿਣ ਲੱਗੇ, ਬਾਲਮੀਕ! ਇਹ ਠੀਕ ਹੈ ਕਿ ਤੂੰ ਚੋਰੀਆਂ ਕਰਦਾ ਹੈਂ, ਡਾਕੇ ਮਾਰਦਾ ਹੈਂ, ਬੰਦੇ ਮਾਰਦਾ ਹੈਂ ਪਰ ਤੂੰ ਇਹ ਤਾਂ ਦੱਸ ਇਹ ਤੂੰ ਕਾਹਦੇ ਵਾਸਤੇ ਕਰਦਾ ਹੈਂ, ਇਹ ਜੀਵ ਨੂੰ ਲੇਖਾ ਦੇਣਾ ਪੈਣਾ ਹੈ -

***ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥***
***ਸੁਤ ਦਾਰਾ ਪਹਿ ਆਨਿ ਲੁਟਾਵੈ ॥***
***ਮਨ ਮੇਰੇ ਭੂਲੇ ਕਪਟੁ ਨ ਕੀਜੈ ॥***
***ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥***
***ਅੰਗ - ੬੫੬***

ਇਹ ਤਾਂ ਲੇਖੇ ਤੈਨੂੰ ਦੇਣੇ ਪੈਣੇ ਨੇ, ਜਾਹ ਘਰ ਪੁੱਛ ਕੇ ਆ, ਕੋਈ ਤਿਆਰ ਹੈ ਤੇਰੇ ਨਾਲ ਲੇਖੇ ਦੇਣ ਨੂੰ। ਉਹ ਹਸਦੇ ਨੇ, ਪਿਆਰ ਨਾਲ ਬੁਲਾਉਂਦੇ ਨੇ, ਪਰ ਉਹ ਕਹਿੰਦੇ ਕਿ ਜਿਹੜਾ ਤੇਰੇ ਅੰਤ ਸਮੇਂ ਦਾ ਪਾਪਾਂ ਦਾ ਬੋਝ ਹੈ ਉਹ ਨਹੀਂ ਅਸੀਂ ਵੰਡਾ ਸਕਦੇ। ਮਹਾਂਪੁਰਸ਼ਾਂ ਕੋਲ ਆ ਗਿਆ। ਕਹਿਣ ਲੱਗੇ, ਕਿਉਂ? ਕਹਿਣ ਲੱਗਿਆ, ਕੋਈ ਨਹੀਂ ਸਹਾਇਤਾ ਕਰਦਾ। ਕਹਿੰਦੇ, ਫੇਰ ਤੈਨੂੰ ਹੀ ਸਹਿਣੇ ਪੈਣੇ ਨੇ ਸਾਰੇ ਦੁੱਖ। ਬਚਨ ਕਰ ਦਿਤਾ।

ਕਹਿਣ ਲੱਗਿਆ ਮਹਾਰਾਜ! ਮੈਨੂੰ ਤਾਰ ਦਿਓ। ਮਹਾਂਪੁਰਸ਼ਾਂ ਨੇ ਕਿਹਾ ਕਿ ਤਾਰਨ ਦਾ ਇਕੋ ਹੀ ਤਰੀਕਾ ਹੈ ਕਿ ਤੂੰ ਰਾਮ ਰਾਮ ਰਾਮ ਦੀ ਜਗ੍ਹਾ ਮਰਾ ਮਰਾ ਮਰਾ ਕਰੀ ਜਾਹ ਇਹ ਪਲਟ ਕੇ ਰਾਮ-ਰਾਮ ਹੋ ਜਾਏਗਾ, ਹਟੀ ਨਾ। ਇਕ ਦਿਨ ਗੱਲ ਕਹਿ ਕੇ ਸੰਤ ਚਲੇ ਗਏ, ਐਡਾ ਡੂੰਘਾ ਘਾਵ ਪਿਆ ਉਹਦੇ ਹਿਰਦੇ ਦੇ ਅੰਦਰ, ਕੁਹਾੜਾ ਸੁੱਟ ਦਿਤਾ, ਘਰ ਜਾਣਾ ਛੱਡ ਦਿਤਾ, ਜੰਗਲ ਵਿਚ ਰਹਿਣਾ ਸ਼ੁਰੂ ਕਰ ਦਿਤਾ। ਕਹਿਣ ਲੱਗਿਆ, ਘਰ ਦੇ ਤਾਂ ਪੁੱਠੀ ਮਤ ਦਿੰਦੇ ਨੇ ਮੈਨੂੰ। ਮੇਰੀ ਸਹਾਇਤਾ ਕਿਸੇ ਨੇ ਨਹੀਂ ਕਰਨੀ ਤੇ ਟਕ ਪ੍ਰਮੇਸ਼ਰ ਦਾ ਨਾਮ ਜਪਦਾ ਹੈ, ਚੌਦਾਂ ਸਾਲ ਤੋਂ ਬਾਅਦ ਮਹਾਤਮਾ ਫੇਰ ਆਉਂਦੇ ਨੇ, ਜਦੋਂ ਦੇਖਦੇ ਨੇ ਉਹਦੇ ਰੋਮ ਰੋਮ ਦੇ ਵਿਚੋਂ ਆਵਾਜ਼ ਆ ਰਹੀ ਹੈ, ਰਾਮ-ਰਾਮ-ਰਾਮ ਰਾਮ, ਜਿੰਨੀ ਆਲੇ ਦੁਆਲੇ ਪ੍ਰਕਿਰਤੀ ਹੈ, ਦਰਖਤਾਂ 'ਚੋਂ, ਹਰ ਚੀਜ਼ 'ਚੋਂ, ਰਾਮ ਦੇ

ਨਾਮ ਦੀ ਐਨੀ ਸਮਾਈ ਹੋ ਗਈ, ਪੱਤੇ-ਪੱਤੇ ਦੇ ਵਿਚੋਂ ਰਾਮ ਦੇ ਨਾਮ ਦੀ ਆਵਾਜ਼ ਸੰਤਾਂ ਨੂੰ ਸੁਣ ਰਹੀ ਹੈ। ਸੰਤਾਂ ਨੇ ਦੇਖਿਆ ਕਿ ਇਹ ਤਾਂ ਵਾਤਾਵਰਣ ਹੀ ਸਾਰਾ ਪਵਿੱਤਰ ਹੋ ਗਿਆ ਤੇ ਕਿੱਡਾ ਵੱਡਾ ਹੋ ਗਿਆ, ਪੂਜਨੀਕ ਹੋ ਗਿਆ। ਛੋਟੀ ਜਿਹੀ ਜਾਤ ਸੀ ਮਹਾਰਾਜ ਕਹਿੰਦੇ ਨੇ ਕਿ ਨਿੱਕੀ ਤੋਂ ਨਿੱਕੀ ਜਾਤ ਸੀ ਉਹਦੀ। ਕਿਹੜੀ ਜਾਤ ਤੋਂ ਕਿੱਡਾ ਵੱਡਾ ਪਦ ਉਸਨੇ ਪ੍ਰਾਪਤ ਕੀਤਾ। ਸੋ ਰਾਮ ਦੇ ਨਾਮ ਦੀ ਮਹਿਮਾ ਕਿੰਨੀ ਵੱਡੀ ਹੈ। ਸੋ ਮਹਾਤਮਾ ਨੇ ਭੁੱਲੇ ਨੂੰ ਰਾਹ ਪਾ ਦਿਤਾ।

ਜੇ ਗਨਕਾ ਦੇ ਪਾਸ ਜਾਂਦੇ ਨੇ, ਤੋਤਾ ਦੇ ਦਿਤਾ, ਕਹਿਣ ਲੱਗੇ ਬੀਬਾ ਐਹਦੇ ਨਾਲ ਤਰ ਜਾਏਂਗੀ, ਤੂੰ ਰਾਮ-ਰਾਮ ਕਹਾਈ ਜਾਹ। ਕਹਾਈ ਗਈ, ਰੋਜ਼ ਪੜ੍ਹਾਉਂਦੀ ਹੈ -

***ਲਿਵਲਾਗੀ ਤਿਸੁ ਤੋਤਿਅਹੁ***
***ਨਿਤ ਪੜ੍ਹਾਏ ਕਰੈ ਅਸੋਤਾ।***
***ਭਾਈ ਗੁਰਦਾਸ ਜੀ, ਵਾਰ 10/21***

ਪਾਪਾਂ ਦਾ ਭਰਿਆ ਹੋਇਆ ਸਰੀਰ, ਜਿਹੜਾ ਬਿਲਕੁਲ ਹੀ ਪਾਪ ਦਾ ਰੂਪ ਹੋ ਗਿਆ ਸੀ -

***ਗਨਿਕਾ ਪਾਪਣਿ ਹੋਇਕੈ***
***ਪਾਪਾਂ ਦਾ ਗਲਿ ਹਾਰੁ ਪਰੋਤਾ॥***
***ਭਾਈ ਗੁਰਦਾਸ ਜੀ, ਵਾਰ 10/21***

ਇਕੋ ਬਚਨ ਕਿਹਾ ਹੈ ਕਿ ਰਾਮ-ਰਾਮ ਕਰੀ ਜਾਈਂ, ਉਹਨੇ ਮੰਨ ਲਿਆ, ਉਹ ਹਟੀ ਨਹੀਂ ਹੈ, ਸਵਾਲ ਇਥੇ ਆ ਜਾਂਦਾ ਹੈ ਕਿ ਬਚਨ ਤਾਂ ਗੁਰੂ ਗ੍ਰੰਥ ਸਾਹਿਬ ਬੇਅੰਤ ਕਰਦੇ ਨੇ, ਪਰ ਅਸੀਂ ਮੰਨਦੇ ਨਹੀਂ ਹਾਂ। ਆਹੀ ਸਾਡੇ 'ਚ ਨੁਕਸ ਹੈ -

***ਕਬੀਰ ਸਾਚਾ ਸਤਿਗੁਰੁ ਕਿਆ ਕਰੈ***
***ਜਉ ਸਿਖਾ ਮਹਿ ਚੂਕ ॥***
***ਅੰਧੇ ਏਕ ਨ ਲਾਗਈ***
***ਜਿਉ ਬਾਂਸੁ ਬਜਾਈਐ ਫੂਕ॥ ਅੰਗ - ੧੩੭੨***

ਕਹਿੰਦੇ ਅੰਨ੍ਹਿਆਂ ਨੂੰ ਲਗਦੀ ਨਹੀਂ ਹੈ ਜਿਵੇਂ ਬਾਂਸ ਵਿਚ ਫੂਕ ਸਾਰ-ਪਾਰ ਲੰਘ ਜਾਂਦੀ ਹੈ, ਕੋਈ ਆਵਾਜ਼ ਨਹੀਂ ਕਰਦੀ, ਇਸੇ ਤਰ੍ਹਾਂ ਦੇ ਨਾਲ ਐਹ ਮਨੁੱਖਾਂ ਦਾ ਹਾਲ ਹੈ, ਸੰਸਾਰ ਦਾ ਹਾਲ ਹੈ। ਦਿਨ ਰਾਤ ਅਖੰਡਪਾਠ ਹੁੰਦੇ ਨੇ, ਕੀਰਤਨ ਹੁੰਦੇ ਨੇ, ਬੇਅੰਤ ਰਾਗੀ ਢਾਡੀ ਲੱਗੇ ਰਹਿੰਦੇ ਨੇ, ਸਾਧੂ ਮਹਾਂਪੁਰਸ਼ ਹਾਕਾਂ ਮਾਰੀ ਜਾਂਦੇ ਨੇ। ਲੇਕਿਨ ਇਹ ਜੀਵ ਇਕ ਬਚਨ ਵੀ ਨਹੀਂ ਸੁਣਦਾ, ਇਕ ਵੀ। ਗੁਰੂ ਸਾਹਿਬ ਤਾਂ ਬਹੁਤ ਸਪਸ਼ਟ ਸ਼ਬਦਾਂ ਵਿਚ ਕਹਿੰਦੇ ਨੇ ਕਿ-

***ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥***
***ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ॥***
***ਅੰਗ - ੧੩੭੬***

ਕਰਕੇ ਦੇਖ ਲਓ। ਢਾਈ ਤਿੰਨ ਸਾਲ ਲਗਾਤਾਰ ਵਾਹਿਗੁਰੂ ਵਾਹਿਗੁਰੂ ਕਰ ਲਓ, ਕਿਤੇ ਬੈਠ ਕੇ ਕਰ ਲਓ, ਲਗਾਤਾਰ ਕਰ ਲਓ, ਹਟੋ ਨਾ ਕਦੇ ਵੀ, ਜੇ ਕਹੋ ਕਿ ਮੇਰੀ ਜੀਭ ਥੱਕ ਜਾਏਗੀ, ਜੀਭ ਨੇ ਤਾਂ ਆਪੇ ਹਟ ਜਾਣਾ ਹੈ, ਬੋਲਣੀ ਹੀ ਨਹੀਂ ਹੈ, ਇਹ ਵਾਹਿਗੁਰੂ-ਵਾਹਿਗੁਰੂ ਕਰਦੇ ਵਾਹਿਗੁਰੂ ਅੰਦਰ ਚਲਿਆ ਜਾਣਾ ਹੈ। ਜੀਭ ਮਾੜੀ ਮਾੜੀ ਹਿੱਲਣ ਲਗ ਜਾਣੀ ਹੈ, ਬੋਲ ਨੇ ਬੰਦ ਹੋ ਜਾਣਾ ਹੈ। ਕੰਠ ਵਿਚ ਚਲਿਆ ਜਾਣਾ ਹੈ, ਕੰਠ ਨੇ ਹਰਕਤ ਕਰਨੀ ਹੈ, ਮੂੰਹ ਬੰਦ ਹੈ। ਹਿਰਦੇ ਵਿਚ ਚਲਿਆ ਜਾਣਾ ਹੈ, ਉਹਦੇ ਵਿਚ **vibration** ਹੋਣੀ ਹੈ, ਨਾਭੀ ਵਿਚ ਚਲਿਆ ਜਾਣਾ ਹੈ, ਮਹਾਨ ਚੁੱਪ ਦੇ ਅੰਦਰ, ਆਗਿਆ ਚੱਕਰ ਵਿਚ ਆ ਜਾਣਾ ਹੈ ਉਸ ਥਾਂ ਦੇ ਉਤੇ ਨਾਲ ਅਨਹਦ ਨਾਦ ਵੱਜਣੇ ਸ਼ੁਰੂ ਹੋ ਜਾਣੇ ਨੇ। ਲੰਘਦੇ-ਲੰਘਦੇ ਰੋਮ-ਰੋਮ ਵਿਚ ਨਾਮ ਆ ਜਾਣਾ ਹੈ, ਫੇਰ ਨਾਮ ਭੁੱਲਿਆ ਨਹੀਂ ਕਰਦਾ।

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥***
***ਅੰਗ - ੧੨੬੫***

ਸਾਰੇ ਪ੍ਰਮੇਸ਼ਰ ਦਾ ਨਾਮ ਸੁਣਨਾ ਸ਼ੁਰੂ ਹੋ ਜਾਂਦਾ ਹੈ, ਟਰੈਕਟਰ ਚੱਲ ਰਿਹਾ ਹੈ, ਤਾਂ ਨਾਮ ਚੱਲ ਰਿਹਾ ਹੈ। ਪਹਿਲੇ ਨੂੰ ਤਾਂ ਉਹ ਦੁਖੀ ਕਰਦਾ ਹੈ, ਕਹਿੰਦਾ ਹੈ ਕਿ ਆਵਾਜ਼ ਨਹੀਂ ਬੰਦ ਹੁੰਦੀ, ਮੈਨੂੰ ਸੁਣਦੀ ਨਹੀਂ, ਜਿਹੜਾ ਲੰਘ ਗਿਆ ਉਹ ਕਹਿੰਦਾ ਹੈ ਕਿ ਇਹ ਤਾਂ ਵਾਹਿਗੁਰੂ-ਵਾਹਿਗੁਰੂ ਕਰਦਾ ਹੈ, ਜੇ ਇੰਜਣ ਕਰ ਰਿਹਾ ਹੈ ਟਿਊਬਵੈਲ ਦੇ ਉਤੇ ਤਾਂ ਵੀ ਵਾਹਿਗੁਰੂ-ਵਾਹਿਗੁਰੂ ਕਰ ਰਿਹਾ ਹੈ, ਉਹਨੂੰ ਸਾਰੇ ਪਾਸੇ ਸੁਣਨ ਲਗ ਜਾਂਦਾ ਹੈ -

***ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ॥***
***ਅੰਗ - ੧੪੨੦***

ਤੇ ਕਰਦੇ-ਕਰਦੇ ਵਾਹਿਗੁਰੂ ਸਮਾਅ ਜਾਂਦਾ ਹੈ ਸਰੀਰ ਵਿਚ, ਫੇਰ ਚਾਹੇ ਕਰੋ, ਚਾਹੇ ਨਾ ਕਰੋ, ਆਪੇ ਹੀ ਹੋਈ ਜਾਂਦਾ ਹੈ। ਨਾਮ ਤਾਂ ਅੰਦਰ ਹੈ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥***
***ਅੰਗ - ੨੯੩***

ਬਾਹਰੋਂ ਨਹੀਂ ਆਉਣਾ, ਲੇਕਿਨ ਬਾਹਰੋਂ ਜਪ ਜਪ ਕੇ ਅਸੀਂ ਉਹਦੇ ਨਾਲ ਜਾ ਕੇ ਕਨੈਕਸ਼ਨ ਜੋੜਨਾ ਹੈ, ਜਦੋਂ ਕਨੈਕਸ਼ਨ ਜੁੜ ਗਿਆ ਫੇਰ ਨਾਮ ਆਪਣੇ ਆਪ ਬਾਹਰ ਉਭਲ ਵਾਂਗੂੰ ਨਿਕਲਣਾ ਸ਼ੁਰੂ ਹੋ ਜਾਂਦਾ ਹੈ। ਫੇਰ **vibration** ਹੁੰਦੀ ਹੈ, ਉਚੀਆਂ ਬਿਰਤੀਆਂ ਹੋ ਜਾਂਦੀਆਂ ਨੇ। ਸੋ ਇਸ ਤਰ੍ਹਾਂ ਦੇ ਨਾਲ ਕੋਈ ਵੀ ਜਪ

ਲਓ ਏਸ ਨੇ ਜਪ ਲਿਆ।

ਜਦੋਂ ਨਾਮ ਹਿਰਦੇ 'ਚ ਵਸ ਗਿਆ, ਸਰੀਰ ਵਿਚ ਵਸ ਗਿਆ, ਫੇਰ ਸਰੀਰ ਪਵਿੱਤਰ ਹੋ ਜਾਂਦਾ ਹੈ। ਨਾਮ ਜਪਣ ਵਾਲਾ ਜਿੱਥੇ ਚਰਣ ਧਰ ਦੇਵੇ ਉਹ ਧੂੜਾ ਪਵਿੱਤਰ ਹੋ ਜਾਂਦੀ ਹੈ ਤੇ ਮਹਾਰਾਜ ਕਹਿੰਦੇ ਇਹ ਧੂੜੀ ਐਨੀ ਪਵਿੱਤਰ ਹੋ ਜਾਂਦੀ ਹੈ ਕਿ ਉਹਨੂੰ ਦਾਨ ਦੇ ਰੂਪ ਵਿਚ ਪ੍ਰਮੇਸ਼ਰ ਤੋਂ ਮੰਗ ਕਰਦੇ ਨੇ।

*ਦਾਨੁ ਮਹਿੰਡਾ ਤਲੀ ਖਾਕੁ*
*ਜੇ ਮਿਲੈ ਤ ਮਸਤਕਿ ਲਾਈਐ ॥ ਅੰਗ - ੪੬੮*

ਜੇ ਕਿਤੇ ਮਿਲ ਜਾਵੇ ਐਹੋ ਜਿਹੇ ਪਿਆਰਿਆਂ ਦੀ ਧੂੜ ਤਾਂ ਮਸਤਕ ਨਾਲ ਲਾ ਲਈਏ ਪਰ ਮਹਾਰਾਜ ਕਹਿੰਦੇ ਮਿਲਦੀ ਨਹੀਂ ਹੈ -

*ਕੂੜਾ ਲਾਲਚੁ ਛਡੀਐ*
*ਹੋਇ ਇਕ ਮਨਿ ਅਲਖੁ ਧਿਆਈਐ ॥*
*ਫਲੁ ਤੇਵਹੋ ਪਾਈਐ ਜੇਵੇਹੀ ਕਾਰ ਕਮਾਈਐ ॥*
*ਜੇ ਹੋਵੈ ਪੂਰਬਿ ਲਿਖਿਆ*
*ਤਾ ਧੂੜਿ ਤਿਨ੍ਾ ਦੀ ਪਾਈਐ ॥*
*ਮਤਿ ਥੋੜੀ ਸੇਵ ਗਵਾਈਐ ॥ ਅੰਗ - ੪੬੮*

ਪਹਿਲਾਂ ਪੂਰਬ ਲਿਖਿਆ ਹੋਵੇ ਮੱਥੇ ਵਿਚ ਤਾਂ ਸੰਤਾਂ ਦੀ ਧੂੜੀ ਮਿਲਦੀ ਹੈ। ਚਾਹੇ ਚਰਨ ਦੀ ਧੂੜੀ ਹੈ, ਚਾਹੇ ਮੁਖ ਦੀ ਧੂੜੀ ਹੈ। ਸੋ ਇਸ ਤਰ੍ਹਾਂ ਗਨਕਾ ਨੇ ਕਮਾਈ ਕਰਨ ਲਈ ਨਾਮ ਦੀ, ਕਮਾਈ ਕਰਕੇ ਸਰੀਰ ਦੇ ਵਿਚੋਂ ਮੈਲ ਨਿਕਲ ਗਈ ਪਾਪਾਂ ਦੀ ਸਾਰੀ। ਜਿਵੇਂ ਚੁਵੱਚਾ ਹੋਵੇ ਟਿਊਬਵੈਲ ਦਾ, ਉਹਦੇ ਵਿਚ ਸਾਬਣ ਵਾਲੇ ਕੱਪੜੇ ਵੀ ਨਿਚੋੜ ਦਿਤੇ ਹੋਣ ਤੇ ਡੀਜ਼ਲ ਵਾਲੇ ਹੱਥ ਵਿਚ ਧੋ ਦਿਤੇ ਹੋਣ, ਉਹ ਵੀ ਕੂੜ ਕਬਾੜ ਧੋ ਲਿਆ ਹੋਵੇ ਇਹਦੇ ਵਿਚ, ਉਹ ਪਾਣੀ ਸਾਫ ਤਾਂ ਹੁੰਦਾ ਹੈ ਜੇ ਟਿਊਬਵੈਲ ਚਲਾ ਕੇ ਉਹਦੇ ਵਿਚ ਪਾਣੀ ਪੈਣਾ ਸ਼ੁਰੂ ਹੋ ਜਾਵੇ। ਆਪਣੇ ਆਪ ਹੀ ਕੁੱਛ ਘੰਟਿਆਂ ਬਾਅਦ ਨਿਰਮਲ ਜਲ ਹੋ ਜਾਇਆ ਕਰਦਾ ਹੈ। ਕੋਈ ਸ਼ੱਕ ਨਹੀਂ ਰਹਿੰਦਾ, ਸਾਰੀ ਮੈਲ ਧੋ ਕੇ ਕੱਢ ਦਿੰਦਾ ਹੈ। ਐਸੇ ਤਰ੍ਹਾਂ ਦੇ ਨਾਲ ਉਹਦੀ ਵੀ ਪ੍ਰਮੇਸ਼ਰ ਦਾ ਨਾਮ ਜਪਦੇ-ਜਪਦੇ ਜਿਹੜੀ ਖੋਟੀ ਮਤ ਸੀ ਉਹ ਸਾਰੀ ਉਹਦੀ ਦੂਰ ਹੋ ਗਈ। ਫੇਰ ਉਚੀ ਵੱਡੀ ਪਰਮਗਤੀ ਨੂੰ ਪ੍ਰਾਪਤ ਹੋ ਗਈ।

ਸੋ ਇਨ੍ਹਾਂ ਜੋ ਸਾਧੂਆਂ ਦੀ ਮਹਿਮਾ ਹੈ ਮਹਾਰਾਜ ਕਹਿੰਦੇ ਉਹ ਬਹੁਤੀ ਉਚੀ ਹੈ। ਤਿੰਨ ਗੁਣ - ਰਜੋ ਗੁਣ, ਤਮੋ ਗੁਣ, ਸਤੋ ਗੁਣ ਵਿਚ ਰਹਿਣ ਵਾਲੀ ਦੁਨੀਆਂ ਇਹਨੂੰ ਨਹੀਂ ਪਤਾ ਲੱਗਦਾ ਉਨ੍ਹਾਂ ਦੀ ਮਹਿਮਾ ਦਾ। ਵੇਦ ਜਿਹੜਾ ਰਚਿਆ ਗਿਆ ਹੈ ਉਹ ਤਿੰਨਾਂ ਗੁਣਾਂ ਵਿਚ ਹੈ-

*ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ*
*ਤਤੈ ਸਾਰ ਨ ਜਾਣੀ ॥ ਅੰਗ - ੯੨੦*

ਤੱਤ ਦੀ ਸਾਰ ਨਹੀਂ ਜਾਣਦੇ, ਤਿੰਨ ਗੁਣਾਂ ਦੀ ਵਿਆਖਿਆ ਕਰ ਸਕਦੇ ਨੇ। ਸਾਧੂ ਜਿਹੜਾ ਹੈ ਉਹ ਤਿੰਨ ਗੁਣਾਂ ਤੋਂ ਉਪਰ ਚੌਥੇ ਪਦ ਵਿਚ ਨਿਵਾਸ ਰੱਖਦਾ ਹੈ। ਇਸ ਕਰਕੇ ਇਹਦੀ ਮਹਿਮਾ ਨੂੰ ਮਹਾਰਾਜ ਕਹਿੰਦੇ ਇਹ ਦੂਰ ਹੈ, ਉਚੀ ਹੈ ਬਹੁਤੀ।

*ਸਾਧ ਕੀ ਮਹਿਮਾ ਬੇਦ ਨ ਜਾਨਹਿ ॥*
*ਜੇਤਾ ਸੁਨਹਿ ਤੇਤਾ ਬਖਿਆਨਹਿ ॥*
*ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥*
*ਸਾਧ ਕੀ ਉਪਮਾ ਰਹੀ ਭਰਪੂਰਿ ॥*
*ਸਾਧ ਕੀ ਸੋਭਾ ਕਾ ਨਾਹੀ ਅੰਤ ॥*
*ਸਾਧ ਕੀ ਸੋਭਾ ਸਦਾ ਬੇਅੰਤ ॥*
*ਸਾਧ ਕੀ ਸੋਭਾ ਊਚ ਤੇ ਊਚੀ ॥*
*ਸਾਧ ਕੀ ਸੋਭਾ ਮੂਚ ਤੇ ਮੂਚੀ ॥*
*ਸਾਧ ਕੀ ਸੋਭਾ ਸਾਧ ਬਨਿ ਆਈ ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥*
*ਅੰਗ - ੨੭੨*

ਐਸੇ ਜੋ ਪ੍ਰਮੇਸ਼ਰ ਦੇ ਨਾਲ ਅਭੇਦ ਅਵਸਥਾ ਦੇ ਸਾਧੂ, ਗੁਰਸਿੱਖ, ਗੁਰਮੁਖ, ਸੰਤ ਕੋਈ ਨਾਉਂ ਦੇ ਲਓ। ਨਾਉਂ ਦਾ ਨਹੀਂ ਫਰਕ ਹੋਇਆ ਕਰਦਾ, ਉਹਨਾਂ ਦੀ ਮਹਿਮਾ ਤਿੰਨੋ ਗੁਣ ਰਜੋ ਗੁਣ, ਤਮੋ ਗੁਣ, ਸਤੋ ਗੁਣ ਤੋਂ ਦੂਰ ਹੋਣ ਕਰਕੇ, ਉਹਦੀ ਮਹਿਮਾ ਨੂੰ ਵੇਦ ਨਹੀਂ ਜਾਣਦੇ।

ਇਕ ਰਾਜੇ ਨੇ ਇਸ ਗੱਲ ਦੇ ਉਤੇ ਸ਼ੰਕਾ ਪ੍ਰਗਟ ਕੀਤੀ। ਕਹਿਣ ਲੱਗੇ, ਸੰਤ ਜੀ! ਵੇਦ ਤਾਂ ਅਕਾਲ ਪੁਰਖ ਦੀ ਬਾਨੀ ਹੈ, ਪ੍ਰਮੇਸ਼ਰ ਦੀ ਬਾਨੀ। ਉਹ ਬਾਨੀ ਤਾਂ ਬਹੁਤ ਉਚੀ ਹੈ, ਉਹ ਮਹਿਮਾ ਕਿਉਂ ਨਹੀਂ ਜਾਣਦੇ? ਮਹਾਤਮਾ ਕਹਿਣ ਲੱਗੇ ਕਿ ਵੇਦ ਬਾਣੀ ਜੋ ਹੈ ਉਹ ਤਿੰਨਾਂ ਗੁਣਾਂ ਦਾ ਵਿਚਾਰ ਕਰਦੀ ਹੈ। ਚੌਥੇ ਪਦ ਦਾ ਵਿਚਾਰ ਵੇਦ ਕੋਲ ਨਹੀਂ ਹੁੰਦਾ, ਚੌਥੇ ਪਦ ਦਾ ਵਿਚਾਰ ਸੰਤਾਂ ਕੋਲ ਹੋਇਆ ਕਰਦਾ ਹੈ। ਵੇਦਾਂ ਸਾਸ਼ਤਰਾਂ ਵਿਚ ਨਹੀਂ ਹੁੰਦਾ, ਉਹ ਅਨੁਭਵ ਦੀ ਚੀਜ਼ ਹੈ ਲਿਖੀ ਨਾ ਜਾਣ ਵਾਲੀ ਚੀਜ਼ ਹੈ ਉਹ। ਉਹਨੂੰ ਸਾਧੂ ਹੀ ਜਾਣਦੇ ਨੇ ਹੋਰ ਕੋਈ ਜਾਣਦਾ ਨਹੀਂ। ਏਸ ਕਰਕੇ ਸਾਧੂ ਦੀ ਮਹਿਮਾ ਨਹੀਂ ਜਾਣਦਾ ਕਿਉਂਕਿ ਜਿਥੇ ਸਾਧੂ ਰਹਿੰਦੇ ਨੇ ਉਥੇ ਵੇਦ ਦੀ ਪਹੁੰਚ ਨਹੀਂ ਹੈ। ਵੇਦ ਨੇ ਦੁਨੀਆਂ ਦੀ ਗੱਲ ਕਰਨੀ ਹੈ, ਦੁਨੀਆਂ ਵਾਸਤੇ ਰਚੇ ਗਏ ਨੇ, ਸਾਧੂ ਜਿਹੜੇ ਨੇ ਉਹ ਚੌਥੇ ਪਦ ਵਿਚ ਰਹਿੰਦੇ ਨੇ ਏਸ ਕਰਕੇ ਉਹਦੀ ਮਹਿਮਾ ਨੂੰ ਜਾਣਦਾ ਨਹੀਂ ਕੋਈ ਵੀ। ਬਾਰ-ਬਾਰ ਜਦੋਂ ਕਿਹਾ ਤਾਂ ਉਨ੍ਹਾਂ ਨੇ ਕਿਹਾ ਕਿ ਅਸੀਂ ਤੇਰੇ ਨਾਲ ਨਹੀਂ ਹਠ ਕਰਦੇ, ਤੇਰਾ ਪੁੱਤਰ ਤੈਨੂੰ ਦੱਸੇਗਾ ਇਸ ਬਾਰੇ। ਹੈਰਾਨ ਹੋ ਗਿਆ ਕਹਿੰਦਾ ਸੰਤ ਜੀ! ਮੈਂ ਬਚਨ ਕਰਨਾ ਚਾਹੁੰਦਾ ਹਾਂ। ਬੇਨਤੀ ਕਰਨੀ ਹੈ। ਕਹਿਣ ਲੱਗਿਆ, ਮਹਾਰਾਜ! ਵੇਦ

ਦਾ ਜੋ ਜੋਤਿਸ਼ ਸਾਸ਼ਤਰ ਹਿੱਸਾ ਹੋਇਆ ਕਰਦਾ ਹੈ, ਉਹਦੇ ਮੁਤਾਬਿਕ ਮੇਰੇ ਤਾਂ ਪੁੱਤਰ ਹੋਣਾ ਹੀ ਨਹੀਂ ਏਸ ਜਨਮ ਦੇ ਅੰਦਰ? ਤੁਸੀਂ ਇਹ ਕਹਿੰਦੇ ਓਂ ਕਿ ਤੇਰਾ ਪੁੱਤਰ ਦੱਸੇਗਾ? ਕਹਿੰਦੇ ਤਾਂ ਮਹਿਮਾ ਸਾਧਾਂ ਦੀ ਦਾ ਪਤਾ ਲੱਗੇਗਾ, ਵੇਦ ਨੇ ਜਿਹੜੀ ਗੱਲ ਕਹਿ ਦਿਤੀ ਸਾਧੂ ਉਲਟਾ ਦਿੰਦੇ ਨੇ। ਕਹਿਣ ਲੱਗਿਆ ਉਹ ਕਿਵੇਂ? ਕਹਿੰਦਾ ਜਦੋਂ ਸਿਆਹੀ ਤਿਆਰ ਕਰੀ ਸੀ ਨਾ ਵੇਦਾਂ ਦੀ, ਹਿਮਾਲੀਆਂ ਪਰਬਤ ਤੋਂ ਬਹੁਤ ਸੋਧ-ਸੋਧ ਕੇ ਚੀਜ਼ਾਂ ਲਿਆਂਦੀਆਂ ਸੀ ਤੇ ਜਿਹੜੀਆਂ ਕਲਮਾਂ ਲਿਆਂਦੀਆਂ ਸੀ ਲਿਖਣ ਵਾਲੀਆਂ ਉਹ ਵੀ ਬਹੁਤ ਸ਼ੁੱਧ ਥਾਂ ਤੋਂ ਲਿਆਂਦੀਆਂ ਸੀ। ਫੇਰ ਉਨ੍ਹਾਂ ਨੂੰ ਮੰਤ੍ਰ-ਮੰਤ੍ਰ ਕੇ ਸ਼ੁੱਧ ਕਰਿਆ ਗਿਆ। ਬੜੀ ਦੇਰ ਤੱਕ ਜਗ ਹੁੰਦਾ ਰਿਹਾ ਤੇ ਮੰਤਰੀਆਂ ਗਈਆਂ ਤਾਂ ਜਾ ਕੇ, ਕਿਉਂਕਿ ਪ੍ਰਮੇਸ਼ਰ ਦਾ ਨਾਮ ਲਿਖਣਾ ਸੀ। ਨਾਮ ਬੇਅੰਤ ਸ਼ੁੱਧ ਸੀ ਉਹ ਬੇਅੰਤ ਸ਼ੁੱਧ ਚੀਜ਼ ਨਾਲ ਲਿਖਿਆ ਜਾਵੇ ਤਾਂ ਠੀਕ ਹੁੰਦਾ ਹੈ। ਉਸ ਵੇਲੇ ਲਿਖਦੇ ਗਏ ਤੇ ਜਦੋਂ ਚਾਰੋ ਵੇਦ ਲਿਖੇ ਗਏ, ਉਸ ਤੋਂ ਬਾਅਦ ਕੁੱਝ ਸਿਆਹੀ ਬਚ ਗਈ ਪ੍ਰਭੂ ਨੂੰ ਬੇਨਤੀ ਕੀਤੀ ਗਈ ਕਿ ਇਹ ਜੋ ਪਵਿੱਤਰ ਸਿਆਹੀ ਬਚੀ ਹੋਈ ਹੈ ਇਹਦੇ ਨਾਲ ਕੀ ਲਿਖੀਏ, ਕਿੱਥੇ ਰੱਖੀਏ? ਉਹ ਕਹਿੰਦੇ ਦੇ ਦਿਓ, ਪੰਜਵਾਂ ਵੇਦ ਜੋ ਹੈ ਉਹ ਲਿਖਿਆ ਜਾਏਗਾ, ਉਹ ਸੰਤਾਂ ਦੀ ਜ਼ੁਬਾਨ ਹੋਏਗੀ ਤੇ ਉਹ ਪੰਜਵਾਂ ਵੇਦ ਹੈ ਜਿੱਥੇ ਸੰਤ ਬੋਲਣਗੇ, ਚਾਰ ਵੇਦ ਦੁਨੀਆਂ ਵਾਸਤੇ ਨੇ ਤੇ ਸੰਤ ਇਸ ਤੋਂ ਉਪਰ ਨੇ। ਕਹਿਣ ਲੱਗੇ, ਠੀਕ ਹੈ ਚਾਰਾਂ ਵੇਦਾਂ ਨੇ ਨਹੀਂ ਲਿਖਿਆ ਕਿ ਤੇਰੇ ਓਲਾਦ ਹੋਏਗੀ, ਜੋਤਸ਼ ਨੇ ਤੇ ਹੁਣ ਓਲਾਦ ਹੋਏਗੀ ਤੇ ਨੌਂ ਸਾਲ ਤੋਂ ਬਾਅਦ ਉਹਦੀ ਉਮਰ ਵੀ ਸਮਾਪਤ ਹੋਣੀ ਹੈ ਤੇ ਤੈਨੂੰ ਉਹ ਦੱਸ ਜਾਏਗਾ ਕਿ ਮਹਿਮਾ ਕੀ ਹੁੰਦੀ ਹੈ ਸੰਤਾਂ ਦੀ। ਨੌਂ ਸਾਲ ਗਿਆਰ੍ਹਾਂ ਦਿਨ ਦੀ ਉਮਰ ਹੋਏਗੀ, ਦਿਨ ਵੀ ਦੱਸ ਦਿਤੇ, ਪਹਿਰ ਵੀ ਦੱਸ ਦਿਤੇ। ਰਾਜਾ ਹੈਰਾਨ ਹੁੰਦਾ ਹੈ, ਜੋਤਸ਼ੀ ਬੁਲਾਏ ਕਹਿਣ ਲੱਗਿਆ, ਵਿਚਾਰ ਤਾਂ ਕਰੋ ਕਿ ਸੰਤ ਕਹਿ ਗਏ ਕਿ ਤੇਰੇ ਪੁੱਤਰ ਹੋ ਜਾਏਗਾ, ਮੇਰਾ ਤਾਂ ਪੁੱਤਰ ਹੋਣਾ ਨਹੀਂ। ਕਹਿਣ ਲੱਗੇ ਕਿ ਮਹਾਰਾਜ! ਅਸੀਂ ਫੇਰ ਹਿਸਾਬ ਸੋਧ ਕੇ ਪੂਰੀ ਤਰ੍ਹਾਂ ਲਾਇਆ ਹੈ, ਕਿਤੇ ਗਲਤੀ ਨਾ ਰਹਿ ਗਈ ਹੋਵੇ ਪਰ ਤੁਹਾਡੇ ਪੁੱਤਰ ਨਹੀਂ ਹੋਣਾ। ਲੇਕਿਨ ਨੌਂ ਮਹੀਨਿਆਂ ਤੋਂ ਬਾਅਦ ਉਹਦੇ ਘਰ ਓਲਾਦ ਹੋ ਗਈ। ਲੜਕਾ ਹੋ ਗਿਆ, ਉਸ ਦੇ ਪੁੱਤਰ ਤਾਂ ਹੋ ਗਿਆ, ਹੁਣ ਜਿਹੜਾ ਸੰਤਾਂ ਦਾ ਅਗਲਾ ਬਚਨ ਹੈ ਉਹ ਵੀ ਪੂਰਾ ਹੋਣਾ ਹੈ, ਨੌਂ ਸਾਲ ਗਿਆਰ੍ਹਾਂ ਦਿਨ ਦੀ ਉਮਰ ਹੈ ਇਹਦੀ ਤੇ ਹੁਣ ਮੈਨੂੰ ਮੋਹ ਮਾਇਆ ਤੋਂ ਬਚਾਓ। ਜੇ ਮੈਂ ਪੁੱਤਰ ਦਾ ਦਰਸ਼ਨ ਕਰ ਲਿਆ ਤੇ ਮੇਰੇ ਹਿਰਦੇ ਵਿਚ ਬੈਠ ਜਾਣਾ ਹੈ। ਉਹਨੇ ਚਲੇ ਜਾਣਾ ਹੈ ਤੇ ਮੈਨੂੰ ਬਹੁਤ ਪੀੜਾ ਹੋਏਗੀ। ਚੰਗਾ ਇਹ ਹੈ ਕਿ ਉਹਨੂੰ ਨੌਂ ਸਾਲ ਗਿਆਰ੍ਹਾਂ ਦਿਨ ਬਾਹਰ ਰੱਖ ਕੇ ਪਾਲਿਆ ਜਾਵੇ, ਜੇ ਉਸ ਤੋਂ ਵਧ ਗਿਆ ਮੇਰੇ ਰਾਜ ਵਿਚ ਲੈ ਆਉਣਾ। ਜੰਗਲ ਦੇ ਅੰਦਰ ਬਣਾ ਦਿਤਾ ਗਿਆ ਮਹਿਲ, ਪਾਲਣ ਦਾ ਬੰਦੋਬਸਤ ਕਰ ਦਿਤਾ। ਅਖੀਰ ਜਦੋਂ ਦਿਨ ਪੂਰੇ ਹੋਣ ਤੇ ਆਏ ਤਾਂ ਉਹਦੀ ਜਿਹੜੀ ਦਾਈ ਸੀ ਉਹਨੂੰ ਪਾਲਣ ਵਾਲੀ ਉਹ ਉਸ ਨੂੰ ਕਹਿਣ ਲੱਗੀ ਮੈਂ ਤੇਰੀ ਮਾਂ ਨਹੀਂ ਹਾਂ ਮੈਂ ਤਾਂ ਤੈਨੂੰ ਪਾਲਣਾ ਹੈ। ਕਹਿਣ ਲੱਗਿਆ ਕੀ ਗੱਲ? ਸਾਰੀ ਗੱਲ ਦੱਸ ਦਿਤੀ ਕਿ ਤੇਰੇ ਪਿਤਾ ਨਾਲ ਸੰਤਾਂ ਦਾ ਬਚਨ ਹੋਇਆ ਸੀ, ਉਹ ਕਹਿੰਦੇ ਨੇ ਵੇਦ ਜਾਣਦੇ ਨੇ ਵੇਦਾਂ ਦੀ ਮਹਿਮਾ ਪਰ ਸੰਤ ਕਹਿੰਦੇ ਨਾ, ਸੰਤਾਂ ਨੂੰ ਨਹੀਂ ਪਤਾ। ਇਹ ਤਾਂ ਪਾਰਬ੍ਰਹਮ ਪ੍ਰਮੇਸ਼ਰ ਹੀ ਜਾਣਦਾ ਹੈ ਹੋਰ ਨਹੀਂ ਕੋਈ ਵੀ ਜਾਣਦਾ ਕਿਉਂਕਿ ਉਹਦੇ ਵਿਚ ਤੇ ਪ੍ਰਭੂ ਵਿਚ ਕੋਈ ਭੇਦ ਨਹੀਂ ਹੁੰਦਾ।

*ਸਾਧ ਕੀ ਸੋਭਾ ਸਾਧ ਬਨਿ ਆਈ ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥*

*ਅੰਗ - ੨੭੨*

ਕਹਿਣ ਲੱਗਿਆ, ਕੋਈ ਤਰੀਕਾ? ਕਹਿਣ ਲੱਗੀ ਕਿ ਮਹਾਤਮਾ ਆਏ ਹੋਏ ਨੇ ਉਥੇ ਚੱਲ ਕੇ ਅਰਦਾਸ ਕਰਦੇ ਹਾਂ। ਮਹਾਤਮਾ ਆ ਗਏ, ਬੱਚੇ ਨੇ ਜਾ ਕੇ ਨਮਸਕਾਰ ਕਰੀ, ਮਹਾਂਪੁਰਸ਼ਾਂ ਨੇ ਅਸ਼ੀਰਵਾਦ ਦਿਤੀ, ਜਦੋਂ ਉਸ ਬੱਚੇ ਨੇ ਬੇਨਤੀ ਕਰੀ ਕਿ ਮਹਾਰਾਜ! ਮੇਰੀ ਉਮਰ ਖਤਮ ਹੋਣ ਵਿਚ ਥੋੜ੍ਹੇ ਜਿਹੇ ਦਿਨ ਰਹਿ ਗਏ, ਇਕ ਮਹਾਤਮਾ ਨੇ ਮੈਨੂੰ ਉਮਰ ਐਨੀ ਬਖਸ਼ੀ ਸੀ, ਮੈਂ ਆਪਣੇ ਪਿਉ ਦੇ ਘਰ ਉਸਨੂੰ ਇਕ ਅਰਥ ਸਿਖਾਉਣ ਵਾਸਤੇ ਆਇਆ ਸੀ -

*ਸਾਧ ਕੀ ਮਹਿਮਾ ਬੇਦ ਨ ਜਾਨਹਿ॥*

*ਅੰਗ - ੨੭੨*

ਤੇ ਮੈਨੂੰ ਤਾਂ ਇਹ ਸਮਝ ਨਹੀਂ ਆਈ ਹੈ, ਮੈਂ ਮਹਿਮਾ ਉਹਨੂੰ ਕਿਵੇਂ ਦੱਸਾਂ? ਕਹਿੰਦੇ, ਮਹਿਮਾ ਤਾਂ ਸੰਤਾਂ ਨੇ ਹੀ ਦੱਸ ਦਿਤੀ ਸੀ। ਪਰ ਚੱਲ ਤੈਨੂੰ ਅਸੀਂ ਸੌ ਸਾਲ ਦੀ ਉਮਰ ਹੋਰ ਦਿੰਦੇ ਹਾਂ, ਜਾਹ ਜਾ ਕੇ ਆਪਣੇ ਪਿਤਾ ਕੋਲ ਚਲਿਆ ਜਾਹ। 109 ਸਾਲ ਗਿਆਰ੍ਹਾਂ ਦਿਨ ਦੀ ਤੇਰੀ ਉਮਰ ਹੋਏਗੀ। ਉਹਨੂੰ ਦੱਸ ਦੇਈਂ ਕਿ ਸਾਧਾਂ ਦੀ ਮਹਿਮਾ ਇਹ ਹੁੰਦੀ ਹੈ। ਸੋ ਮਹਾਰਾਜ ਕਹਿੰਦੇ ਕਿ ਸੰਤ ਨੇ ਤਾਰਨ ਵਾਸਤੇ ਆਇਆ ਕਰਦੇ ਨੇ ਸੰਸਾਰ ਨੂੰ।

ਗੁਰੂ ਮਹਾਰਾਜ ਸੰਤਾਂ ਦੀ ਮਹਿਮਾ ਦੱਸ ਦੇ ਹੋਏ ਸਾਨੂੰ ਦੱਸਣ ਵਾਸਤੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਗੋਬਿੰਦ ਗੋਬਿੰਦ ਗੋਬਿੰਦ ਸੰਗਿ*
*ਨਾਮਦੇਉ ਮਨੁ ਲੀਣਾ॥* *ਅੰਗ - ੪੮੭*

ਗੋਬਿੰਦ-ਗੋਬਿੰਦ ਜਪਦੇ ਦਾ ਨਾਮਦੇਵ ਦਾ ਮਨ

ਵਾਹਿਗੁਰੂ ਵਿਚ ਲੀਨ ਹੋ ਗਿਆ। ਮਨ, ਅਮਨ ਹੋ ਗਿਆ, ਉਨਮਨ ਹੋ ਗਿਆ, ਆਤਮ ਮੰਡਲ ਵਿਚ ਪ੍ਰਵੇਸ਼ ਕਰ ਗਿਆ। ਜਦੋਂ ਪ੍ਰਵੇਸ਼ ਕੀਤਾ -

*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥*

*ਅੰਗ - ੪੮੭*

ਜਿਸ ਤਰ੍ਹਾਂ ਦੇ ਨਾਲ ਬੈਂਕ ਸਾਡੀ ਹੈਸੀਅਤ ਨਾਪਦੇ ਨੇ ਕਿ ਆਹ ਬੰਦੇ ਦੀ ਐਨੀ ਹੈਸੀਅਤ ਹੈ ਕਿ ਇਹਨੂੰ ਐਨੇ ਹਜ਼ਾਰ ਕਰਜ਼ਾ ਦੇ ਦਿਓ। ਕਿਸਾਨ ਵੀ ਜਾਣਦੇ ਨੇ, ਫੈਕਟਰੀਆਂ ਵਾਲੇ ਵੀ ਜਾਣਦੇ, ਇੰਡਸਟਰੀਆਂ ਵਾਲੇ ਜਾਣਦੇ ਨੇ ਕਿ ਐਨੀ ਲਿਮਟ ਮੇਰੀ ਫਿਕਸ ਹੋਈ ਹੈ, ਐਨਾ ਕਰਜ਼ਾ ਮੈਂ ਚੁੱਕ ਸਕਦਾ ਹਾਂ ਬੈਂਕ ਵਿਚੋਂ, ਜ਼ਮੀਨ ਜਾਇਦਾਦ ਦਾ ਹਿਸਾਬ ਲਾ ਕੇ, ਲਿਮਟ ਬੰਨ੍ਹ ਦਿੰਦੇ ਨੇ। ਏਸੇ ਤਰ੍ਹਾਂ ਸੰਸਾਰ ਵੀ ਜਾਣਦਾ ਹੈ ਜਦੋਂ ਕੋਈ ਗੱਲ ਕਰਦਾ ਹੈ ਕਿ ਕਹੇਗਾ ਉਹਦੀ ਗੱਲ ਨਾ ਕਰ, ਉਹ ਤਾਂ ਟਕੇ ਦਾ ਬੰਦਾ ਹੈ। ਉਹਦੀ ਹੈਸੀਅਤ ਨਹੀਂ ਬਹੁਤੀ ਵੱਡੀ, ਉਹ ਮਾਮੂਲੀ ਬੰਦਾ ਹੈ। ਸਾਧਾਰਣ ਹੈ। ਮਹਾਰਾਜ ਕਹਿੰਦੇ, ਜਦੋਂ ਸੰਸਾਰ ਉਹਨੂੰ ਆਪਣੇ ਗਜ਼ ਨਾਲ ਤੋਲਦਾ ਸੀ, ਉਹ 'ਆਢ ਦਾਮ ਕੋ ਛੀਪਰੋ' ਹੀ ਨਿਕਲਦਾ ਸੀ। ਕਿਉਂਕਿ ਮਿਹਨਤ ਕਰਕੇ ਖਾਂਦਾ ਸੀ। ਕੱਪੜੇ ਧੋਣੇ, ਚੰਦੇ ਠਾਪਣੇ, ਏਸ ਤਰ੍ਹਾਂ ਦੇ ਨਾਲ ਉਹਦੇ ਘਰ ਦਾ ਗੁਜ਼ਾਰਾ ਚਲਦਾ ਸੀ।

ਅੱਜਕਲ੍ਹ ਤਾਂ ਮੈਂ ਕਿਤਾਬਾਂ ਦੇਖੀਆਂ ਨੇ ਜਿਹਦੇ ਵਿਚ ਲਿਖਿਆ ਸੀ ਕਿ ਨਾਮਦੇਵ ਤਾਂ ਬਹੁਤ ਵੱਡਾ ਧਨੀ ਸੀ। ਵੱਡਾ ਅਮੀਰ ਸੀ। ਕਿਉਂਕਿ ਇਥੇ ਕੋਈ ਖਿੱਚਾ-ਖਿੱਚੀ ਜਿਹੀਆਂ ਪਈਆਂ ਹੋਈਆਂ ਨੇ, ਹੋਰ ਹੀ ਤਰ੍ਹਾਂ ਦੇ ਨਾਲ ਗੱਲਾਂ ਕਰਨੀਆਂ ਸੰਸਾਰ ਨੇ ਸ਼ੁਰੂ ਕਰ ਦਿਤੀਆਂ। ਕਲਜੁਗ ਹੈ, ਉਹਦੇ ਵਿਚ ਆਪਣੇ ਮਨ ਦੀ ਮਨੌਤ ਕਰੀ ਜਾਂਦੇ ਨੇ ਕਿ ਮੈਂ ਉਨ੍ਹਾਂ ਦੇ ਕੁਲ ਨਾਲ ਸਬੰਧ ਰੱਖਦਾ ਹਾਂ ਜੇ ਮੈਂ ਉਹਨੂੰ ਕਰੋੜਾਂਪਤੀ ਕਹਾਂਗਾ ਤਾਂ ਮੇਰੀ ਇੱਜ਼ਤ ਹੋਏਗੀ ਨਹੀਂ ਤਾਂ ਮੈਨੂੰ ਵੀ ਕਉਡੀ ਦਾ ਸਮਝਣਗੇ।

*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥*

*ਅੰਗ - ੪੮੭*

ਕਿੱਡਾ ਵੱਡਾ ਹੋਇਆ ਉਹ, ਜੋ ਹਿੰਦੁਸਤਾਨ ਦਾ ਬਾਦਸ਼ਾਹ ਸੀ ਸਲੇਮਸ਼ਾਹ। ਉਸ ਨੇ ਨਾਮਦੇਵ ਫੜ ਲਿਆ, ਗਊ ਮਰੀ ਤੇ ਕਿਹਾ ਕਿ ਇਹਨੂੰ ਜੀਉਂਦੀ ਕਰ ਦੇਹ। ਨਾਮਦੇਵ ਕਹਿਣ ਲੱਗਿਆ ਕਿ ਬਾਦਸ਼ਾਹ ਐਸਾ ਕਿਉਂ ਹੋਵੇ।

*ਬਿਸਮਿਲਿ ਕੀਆ ਨ ਜੀਵੈ ਕੋਇ ॥*
*ਮੇਰਾ ਕੀਆ ਕਛੂ ਨ ਹੋਇ ॥ ਅੰਗ - ੧੧੬੫*

ਐਸੀ ਕਿਉਂ ਹੋ ਜਾਏਗੀ? ਮਾਰਿਆ ਹੋਇਆ ਵੀ ਕਦੇ ਜੀਉਂਦਾ ਹੋਇਐ? ਅਖੀਰ ਉਹਨੇ ਜਦੋਂ ਬਹੁਤ ਜ਼ਿਆਦਾ ਤਕਰਾਰ ਕਰਿਆ ਤਾਂ ਇਥੇ ਤੱਕ ਕਹਿ ਦਿਤਾ ਕਿ ਜੇ ਅੱਜ ਦੁਪਿਹਰ ਤਕ ਜੀਉਂਦੀ ਨਹੀਂ ਕਰੀ, ਪਹਿਰ ਦੀ ਘੜਿਆਲ ਵੱਜਦੀ ਸਾਰ ਤੇਰੀ ਗਰਦਨ ਦੇ ਉਤੇ ਤਲਵਾਰ ਹੋਵੇਗੀ ਤੇ ਤੇਰਾ ਸਿਰ ਵੀ ਨਾਲ ਹੀ ਪਿਆ ਹੋਵੇਗਾ। ਪ੍ਰਮੇਸ਼ਰ ਨੇ ਆ ਕੇ ਗਊ ਜੀਉਂਦੀ ਕਰ ਦਿਤੀ। ਬਾਦਸ਼ਾਹ ਮਹਿਲਾਂ ਨੂੰ ਚਲਿਆ ਗਿਆ, ਮਹਿਲਾਂ ਵਿਚ ਜਾਂਦੇ ਸਾਰ ਐਸਾ ਇਹਦੇ ਦਰਦ ਉਠਿਆ ਕਿ ਪਤਾ ਲੱਗ ਗਿਆ ਕਿ ਮੈਂ ਭਗਤ ਦੀ ਅਵਗਿਆ ਕਰੀ ਹੈ। ਉਸ ਵੇਲੇ ਭੇਜਦਾ ਹੈ ਕਾਜ਼ੀਆਂ ਤੇ ਮੁਲਾਂ ਨੂੰ, ਨਾਮਦੇਵ ਜੀ ਨੂੰ ਬੁਲਾਉਂਦੇ ਨੇ। ਆਪ ਜਾਂਦੇ ਨੇ, ਬਾਦਸ਼ਾਹ ਘਾਹ ਮੂੰਹ ਵਿਚ ਪਾ ਕੇ ਫਿਰਦਾ ਹੈ, ਗੱਲ ਵਿਚ ਪੱਲਾ ਪਾਇਆ ਹੈ।

ਗੁਰੂ ਗ੍ਰੰਥ ਸਾਹਿਬ ਦੇ ਅੱਗੇ ਅਸੀਂ ਗਲ ਵਿਚ ਪੱਲਾ ਕਿਉਂ ਪਾਉਂਦੇ ਹਾਂ। ਅਸੀਂ ਹੱਦ ਤੋਂ ਜ਼ਿਆਦਾ ਨਿਮਰਤਾ ਵਿਚ ਆਉਂਦੇ ਹਾਂ ਉਸ ਵੇਲੇ। ਪੱਲਾ ਪਾਇਆ ਹੋਇਆ ਨੀਸ਼ਾਨੀ ਹੋਇਆ ਕਰਦੀ ਹੈ ਨਿਮਰਤਾ ਦੀ। ਸੋ ਨਿਮਰਤਾ ਦੇ ਨਾਲ ਮੂੰਹ ਵਿਚ ਘਾਹ ਲੈ ਕੇ ਨਾਮਦੇਵ ਜੀ ਨੂੰ ਮਿਲਦਾ ਹੈ, ਨਾਲ ਇਹ ਕਹਿੰਦਾ ਹੈ ਕਿ -

*ਬਖਸੀ ਹਿੰਦੂ ਮੈ ਤੇਰੀ ਗਾਇ ॥*

*ਅੰਗ - ੧੧੬੬*

ਐ ਨਾਮਦੇਵ ਤੂੰ ਮੈਨੂੰ ਬਖਸ਼ ਦੇ, ਤੂੰ ਮੈਨੂੰ ਕਾਲੀ ਗਊ ਸਮਝ ਕੇ ਬਖਸ਼ ਦੇ। ਕਿਉਂਕਿ ਦਰਦ ਉਠ ਰਿਹਾ ਹੈ, ਉਹ ਬਾਦਸ਼ਾਹ ਨਾਮਦੇਵ ਦੇ ਅੱਗੇ ਖੜ੍ਹਾ ਹੈ ਜਿਹਨੂੰ 'ਆਢ ਦਾਮ ਕੋ ਛੀਪਰੋ ਹੋਇਓ ਲਖੀਣਾ' ਕਹਿੰਦੇ ਨੇ।

ਆਪ ਇਕ ਵਾਰੀ ਬਾਹਰ ਗਏ ਹੋਏ ਨੇ ਤੇ ਜਿਸ ਵਕਤ ਆ ਰਹੇ ਨੇ, ਮੰਦਰ ਕੋਲ ਦੀ ਲੰਘਣ ਲੱਗੇ, ਉਸ ਅਸਥਾਨ ਦੇ ਉਤੇ ਪ੍ਰਮੇਸ਼ਰ ਦੇ ਭਜਨ ਗਾਏ ਜਾ ਰਹੇ ਨੇ, ਕੀਰਤਨ ਹੋ ਰਿਹਾ ਹੈ। ਜਦੋਂ ਨਾਮਦੇਵ ਜੀ ਦੇ ਕੰਨ ਵਿਚ ਕੀਰਤਨ ਦੀ ਆਵਾਜ਼ ਪਈ ਉਸ ਵੇਲੇ ਚਿੱਤ ਬਿਹਬਲ ਹੋ ਗਿਆ, ਕਾਹਲਾ ਹੋ ਗਿਆ, ਦੌੜ ਪਏ ਉਥੋਂ।

ਕਿਉਂਕਿ ਇਹ ਇਕ ਅਵਸਥਾ ਹੋਇਆ ਕਰਦੀ ਹੈ, ਸਾਰਿਆਂ ਨੂੰ ਨਹੀਂ ਪਤਾ, ਜਿਹਦੇ ਨਾਲ ਬੀਤੀਆਂ ਹੋਣ ਉਨ੍ਹਾਂ ਨੂੰ ਪਤਾ ਹੁੰਦਾ ਹੈ। ਜਿਹੜੇ ਰਸੀਏ ਨੇ ਹਰੀ ਦੇ ਜਸ ਦੇ ਜੇ ਆਵਾਜ਼ ਆ ਜਾਵੇ, ਵਾਜੇ ਦੀ ਢੋਲਕ ਦੀ ਵਜਦੀ ਦੀ, ਉਨ੍ਹਾਂ ਪੈਰ ਕਦੇ ਟਿਕ ਨਹੀਂ ਸਕਦੇ ਥੱਲਿਓਂ, ਧਰਤੀ ਹਿੱਲਣ ਲਗ ਜਾਂਦੀ ਹੈ ਉਨ੍ਹਾਂ ਦੇ ਤੇ ਉਹ ਛੇਤੀ ਤੋਂ ਛੇਤੀ ਉਥੇ ਪਹੁੰਚਣਾ ਚਾਹੁੰਦੇ ਨੇ। ਮਰੇ ਹੋਏ ਬੰਦਿਆਂ ਨੂੰ ਨਹੀਂ ਇਸ ਗੱਲ ਦਾ ਪਤਾ ਲਗਦਾ, ਜੀਉਂਦਿਆਂ ਨੂੰ ਏਸ ਗੱਲ ਦਾ ਪਤਾ ਹੈ, ਜਿਨ੍ਹਾਂ ਅੰਦਰ ਜੀਵਨ ਦੀ ਰੌ ਰੁਮਕਦੀ ਹੈ ਉਹ ਜਾਣਦੇ ਨੇ ਕਿ ਕੀਰਤਨ ਛੱਡਣਾ ਬੜਾ ਮੁਸ਼ਕਲ ਹੁੰਦਾ ਹੈ, ਦੂਸਰਿਆਂ ਨੂੰ

ਇਸ ਗੱਲ ਦੀ ਸੋਝੀ ਨਾ ਆਉਣ ਕਰਕੇ, ਉਹ ਤਾਂ ਚਾਹੇ ਕੋਲ ਹੋਈ ਜਾਵੇ ਤਾਂ ਵੀ ਨਹੀਂ ਜਾਂਦੇ।

ਸੋ ਨਾਮਦੇਵ ਜੀ ਨਾਲ ਐਸਾ ਹੀ ਸਮਾਂ ਵਰਤਿਆ ਤੇ ਆਪ ਉਸੇ ਤਰ੍ਹਾਂ ਦੇ ਨਾਲ ਮੰਦਰ ਵਿਚ ਚਲੇ ਗਏ, ਝੋਲਾ ਕੋਲ ਸੀ, ਝੋਲੇ ਦੇ ਵਿਚ ਉਨ੍ਹਾਂ ਨੇ ਆਪਣਾ ਜੋੜਾ ਵੀ ਪਾਇਆ ਹੋਇਆ ਸੀ, ਇਹ ਭੁੱਲ ਹੀ ਗਿਆ ਕਿ ਮੈਂ ਝੋਲਾ ਬਾਹਰ ਰੱਖ ਦੇਵਾਂ, ਜੋੜਾ ਇਹਦੇ ਵਿਚ ਹੈ ਤੇ ਉਸੇ ਤਰ੍ਹਾਂ ਮਸਤੀ ਦੇ ਵਿਚ ਪਹਿਲਾਂ ਝੂਮਦੇ ਰਹੇ ਫੇਰ ਜਦੋਂ ਤਾਲ ਦੇ ਉਤੇ ਆ ਕੇ ਹੱਥ ਵੱਜਣ ਲੱਗੇ, ਤਾਲੀ ਵੱਜਣ ਲੱਗੀ ਖਿਆਲ ਆਇਆ ਕਿ ਮੈਂ ਆਪਣੇ ਤਾਲ ਕੱਢ ਲਵਾਂ, ਤਾਲ ਕੱਢਣ ਦੀ ਥਾਂ ਤੇ ਜਿਹੜੇ ਟੁੱਟੇ ਹੋਏ ਛਿੱਤਰ ਸੀ ਉਹ ਨਿਕਲ ਗਏ ਉਨ੍ਹਾਂ ਨੂੰ ਹੀ ਵਜਾਉਣਾ ਸ਼ੁਰੂ ਕਰ ਦਿਤਾ। ਜਦੋਂ ਵਜਾਇਆ ਉਨ੍ਹਾਂ ਨੇ ਕਿਹਾ ਕਿ ਇਹ ਕੌਣ ਆ ਗਿਆ। ਕਿਸੇ ਨੇ ਦੱਸ ਦਿਤਾ ਕਿ ਇਹ ਨਾਮਦੇਵ ਹੈ, ਕਹਿੰਦੇ ਉਲਟੀਆਂ ਗੱਲਾਂ ਕਰਦਾ ਹੈ, ਇਸ ਮੰਦਰ ਵਿਚ ਇਹ ਵੜਿਆ ਕਿਉਂ ਹੈ, ਇਹ ਵੱਡੀਆਂ ਜਾਤੀਆਂ ਦਾ ਮੰਦਰ ਹੈ, ਇਥੇ ਤਾਂ ਇਹਨੂੰ ਵੜਨਾ ਹੀ ਨਹੀਂ ਸੀ ਚਾਹੀਦਾ। ਉਸ ਵੇਲੇ ਨਾਮਦੇਵ ਨੂੰ ਬਾਂਹ ਤੋਂ ਫੜ ਕੇ ਖਿੱਚ ਲਿਆ ਦੋ ਚਾਰ ਬੰਦਿਆਂ ਨੇ ਤੇ ਨਾਲ ਧੱਕੇ ਮਾਰਨੇ ਸ਼ੁਰੂ ਕਰ ਦਿਤੇ। ਕਹਿਣ ਲੱਗਿਆ ਕਿ ਓ ਪ੍ਰੇਮੀਓ! ਮੈਂ ਹਰੀ ਦਾ ਜਸ ਸੁਣਦਾ ਹਾਂ। ਮੈਨੂੰ ਸੁਣ ਲੈਣ ਦਿਓ ਹਰੀ ਦਾ ਜਸ। ਕਹਿੰਦੇ, ਦੇਖ ਤੂੰ ਹੈਂ ਛੋਟੀ ਜਾਤ ਦਾ, ਇਹ ਹੈ ਸਵਰਨ ਹਿੰਦੂਆਂ ਦਾ ਮੰਦਰ, ਇਥੇ ਤਾਂ ਤੂੰ ਬੈਠ ਹੀ ਨਹੀਂ ਸਕਦਾ, ਅੰਦਰ ਕਿਵੇਂ ਆ ਗਿਆ? ਧੱਕੇ ਮਾਰ ਕੇ ਬਾਹਰ ਕੱਢ ਦਿਤਾ ਤੇ ਨਾਮਦੇਵ ਜੀ ਇਸ ਘਟਨਾ ਨੂੰ ਆਪਣੇ ਅੱਖਰਾਂ ਵਿਚ ਬਾਣੀ ਵਿਚ ਇਸ ਤਰ੍ਹਾਂ ਬਿਆਨ ਕਰਦੇ ਨੇ –

*ਹਸਤ ਖੇਲਤ ਤੇਰੇ ਦੇਹੁਰੇ ਆਇਆ ॥*
*ਭਗਤਿ ਕਰਤ ਨਾਮਾ ਪਕਰਿ ਉਠਾਇਆ ॥*
*ਅੰਗ – ੧੧੬੪*

ਧੱਕੇ ਮਾਰ ਕੇ ਬਾਹਰ ਕੱਢ ਦਿਤਾ। ਪਿਛੇ ਚਲਿਆ ਗਿਆ, ਹੇ ਪ੍ਰਭੂ! ਤੇਰੇ ਦਰ ਤੇ ਵੀ ਜਾਤਾਂ ਪਾਤਾਂ ਨੇ, ਸਾਰੇ ਹੀ ਸਰੀਰ ਪੰਜਾਂ ਤੱਤਾਂ ਦੇ ਬਣੇ ਹੋਏ ਨੇ, ਪਾਣੀ ਦੀ ਜਾਤ ਕੋਈ ਨਹੀਂ, ਮਿੱਟੀ ਦੀ ਜਾਤ ਕੋਈ ਨਹੀਂ, ਹਵਾ ਦੀ ਜਾਤ ਕੋਈ ਨਹੀਂ, ਆਕਾਸ਼ ਦੀ ਜਾਤ ਕੋਈ ਨਹੀਂ, ਜਿਹੜੀ ਹਵਾ ਵਿਚ ਸ਼ੂਦਰ ਸਾਹ ਲੈਂਦਾ ਹੈ, ਉਸੇ ਵਿਚ ਬ੍ਰਾਹਮਣ ਲੈਂਦਾ ਹੈ। ਜਿਹੜੇ ਪਾਣੀ ਨੂੰ ਪੀ ਕੇ ਬ੍ਰਾਹਮਣ ਪਿਆਸ ਬੁਝਾਉਂਦਾ ਹੈ ਉਸੇ ਨੂੰ ਪੀ ਕੇ ਸ਼ੂਦਰ ਪਿਆਸ ਬੁਝਾਉਂਦਾ ਹੈ, ਤੇਰੀ ਜੋਤ ਵਿਚ ਕੋਈ ਜਾਤ ਨਹੀਂ ਤੂੰ ਬਗੈਰ ਜਾਤ ਤੋਂ ਹੈਂ ਤੇ ਆਹ ਜਾਤ ਪਾਤ ਕਿਥੋਂ ਆ ਗਈ, ਪ੍ਰਭੂ ਕਿਹਨੇ ਬਣਾ ਦਿਤੀ? ਕੀ ਛੋਟੀਆਂ ਜਾਤਾਂ ਨੂੰ ਤੇਰੇ ਨਾਲ ਪਿਆਰ ਕਰਨ ਦਾ ਹੱਕ ਨਹੀਂ ਹੈ, ਕੀ ਤੂੰ ਹੀ ਬੰਦ ਕਰਿਆ ਹੋਇਆ ਹੈ ਕਿ ਮੇਰੇ ਨਾਲ ਛੋਟੀ ਜਾਤ ਦਾ ਪਿਆਰ ਨਹੀਂ ਕਰ ਸਕਦਾ। ਜਾਤ ਬਣ ਕਿਥੋਂ ਬਣ ਗਈ ਪ੍ਰਭੂ?

ਉਸ ਵੇਲੇ ਕਹਿੰਦੇ ਕਿ ਜੇ ਤੂੰ ਬਣਾ ਦਿਤੀਆਂ ਸੀ ਤਾਂ ਮੇਰੀ ਜਾਤ ਹੀਣੀ ਬਣਾ ਦਿਤੀ ਸੀ, ਛੋਟੀ ਬਣਾ ਦਿਤੀ ਸੀ, ਫੇਰ ਤੂੰ ਮੈਨੂੰ ਇਸ ਜਾਤ ਵਿਚ ਭੇਜਦਾ ਹੀ ਨਾ –

*ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥*
*ਛੀਪੇ ਕੇ ਜਨਮਿ ਕਾਹੇ ਕਉ ਆਇਆ ॥*
*ਲੈ ਕਮਲੀ ਚਲਿਓ ਪਲਟਾਇ ॥*
*ਦੇਹੁਰੈ ਪਾਛੈ ਬੈਠਾ ਜਾਇ ॥ ਅੰਗ – ੧੧੬੪*

ਕੰਬਲੀ ਚੁੱਕ ਲਈ, ਨਿਰਾਦਰ ਬਹੁਤਾ ਕਰ ਦਿਤਾ, ਧੱਕੇ ਮਾਰ, ਬੋਲ–ਕੁਬੋਲ ਬੋਲੇ, ਪਿਛੇ ਚਲਿਆ ਗਿਆ, ਭਗਵਾਨ! ਤੂੰ ਤਾਂ ਹਰ ਥਾਂ ਦੇ ਉਤੇ ਹੀ ਹੈਂ।

*ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥*
*ਭਗਤ ਜਨਾਂ ਕਉ ਦੇਹੁਰਾ ਫਿਰੈ॥ ਅੰਗ – ੧੧੬੪*

ਜਿਉਂ ਜਿਉਂ ਹਰੀ ਦੇ ਗੁਣ ਉਚਾਰਦਾ ਹੈ, ਇਕ ਚਿੱਤ ਹੋ ਕੇ, ਦੇਹੁਰਾ ਘੁੰਮਣਾ ਸ਼ੁਰੂ ਹੋ ਗਿਆ, ਥੋੜ੍ਹੀ ਦੇਰ ਤੋਂ ਬਾਅਦ ਕੀ ਦੇਖਦੇ ਨੇ ਜਿਹੜੇ ਢੋਲਕੀਆਂ ਛੈਣੇ ਵਜਾ ਕੇ ਉਚੀ–ਉਚੀ ਗਾ ਰਹੇ ਸੀ, ਘੜਿਆਲਾਂ ਸੀ, ਹੋਰ ਬਹੁਤ ਕੁਛ ਸੀ, ਸੰਖ ਵਜਾ ਰਹੇ ਸੀ, ਉਹ ਕੀ ਦੇਖਦੇ ਨੇ ਮੰਦਰ ਦੀ ਪਿੱਠ ਉਨ੍ਹਾਂ ਵਲ ਹੋ ਗਈ ਤੇ ਮੂੰਹ ਉਥੇ ਹੋ ਗਿਆ ਜਿੱਥੇ ਨਾਮਦੇਵ ਜੀ ਬੈਠੇ ਸੀ। ਕਿਉਂਕਿ ਪ੍ਰਮੇਸ਼ਰ ਨੂੰ ਨਹੀਂ ਇਹ ਗੱਲਾਂ ਭਾਉਂਦੀਆਂ, ਵਾਹਿਗੁਰੂ ਜੀ ਤਾਂ ਸਰਬ ਕਲਾ ਸਮਰੱਥ ਨੇ ਸਾਧਸੰਗਤ ਜੀ! ਕੋਈ ਐਵੇਂ ਸੁੰਨ–ਮੁੰਨ ਚੀਜ਼ ਨਹੀਂ ਹਨ, ਉਹ ਤਾਂ ਹਾਜ਼ਰ ਨਾਜ਼ਰ ਪੂਰੀਆਂ ਸ਼ਕਤੀਆਂ ਵਾਲੇ ਹਰੇਕ ਬੰਦੇ ਨੂੰ ਹਰ ਵਕਤ ਦੇਖਦੇ ਨੇ। ਜਿਵੇਂ ਸੂਰਜ ਹੈ ਨਾ, ਇਹ ਸ਼ੀਸ਼ਾ ਲੈ ਲਓ ਉਹਦੇ ਕਰੋੜਾਂ ਹੀ ਟੁਕੜੇ ਬਣਾ ਦਿਓ ਛੋਟੇ ਜਿਹੇ, ਉਹ ਇਕ ਟੁਕੜਾ ਚੁੱਕ ਲਓ ਕੋਈ ਵੀ, ਉਹਦੇ ਵਿਚ ਪੂਰਾ ਹੀ ਸੂਰਜ ਨਜ਼ਰ ਆਉਂਦਾ ਹੈ। ਸੋ ਉਹ ਸੰਭਾਲ ਕਰਦਾ ਹੈ ਸਭ ਦੀ –

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ*
*ਸੋ ਅਲਪ ਸੁਖੁ ਭਨੀਐ ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥*
*ਅੰਗ – ੬੭੭*

ਉਹ ਤਾਂ ਸਾਸ-ਸਾਸ ਦੀ ਸੰਭਾਲ ਕਰਦਾ ਹੈ। ਲੇਕਿਨ ਨਾਲ ਦੂਜਾ ਉਹਦਾ ਇਹ ਹੈ ਕਿ ਆਪਣੇ ਸੰਤਾਂ ਨੂੰ, ਜਿਹੜੇ ਆਪਣੇ ਆਪ ਨੂੰ ਮਾਣ ਤੋਂ ਰਹਿਤ ਗਿਣਦੇ ਨੇ ਕਿ ਅਸੀਂ ਤਾਂ ਮਾੜੇ ਹਾਂ –

*ਕਬੀਰ ਸਭ ਤੇ ਹਮ ਬੁਰੇ*
*ਹਮ ਤਜਿ ਭਲੋ ਸਭੁ ਕੋਇ ॥*
*ਜਿਨਿ ਐਸਾ ਕਰਿ ਬੂਝਿਆ*
*ਮੀਤੁ ਹਮਾਰਾ ਸੋਇ ॥ ਅੰਗ - ੧੩੬੪*

ਮੈਨੂੰ ਛੱਡ ਦਿਓ ਬਾਕੀ ਸਾਰਾ ਸੰਸਾਰ ਭਲਿਆਂ ਦਾ ਹੈ, ਗੁਰੂ ਨਾਨਕ ਪਾਤਸ਼ਾਹ ਕਹਿੰਦੇ ਨੇ –

*ਹਮ ਨਹੀ ਚੰਗੇ ਬੁਰਾ ਨਹੀ ਕੋਇ ॥*
*ਪ੍ਰਣਵਤਿ ਨਾਨਕੁ ਤਾਰੇ ਸੋਇ ॥ ਅੰਗ - ੭੨੮*

ਕਿਉਂਕਿ ਮਾਣ ਨਹੀਂ ਲੇਕਿਨ ਪ੍ਰਮੇਸ਼ਰ ਜਿਹੜਾ ਉਹਦੀ ਬਖਸ਼ਿਸ਼ ਐਡੀ ਹੈ, ਐਡੀ ਵਡਿਆਈ ਹੈ ਉਹਦੀ ਕਿ ਜਿਹੜੇ ਮਾਣ ਤੋਂ ਰਹਿਤ ਨੇ ਉਨ੍ਹਾਂ ਨੂੰ ਮਾਣ ਦਿਵਾਉਂਦਾ ਹੈ। ਜੋ ਮਾਣ ਨਹੀਂ ਕਰਦੇ ਕਿਸੇ ਗੱਲ ਦਾ ਵੀ ਉਨ੍ਹਾਂ ਨੂੰ ਦਰਗਾਹ ਦੇ ਵਿਚ ਵਡਿਆਈ ਮਿਲਿਆ ਕਰਦੀ ਹੈ। ਸੰਤਾਂ ਨੂੰ ਮਿਲ ਕੇ ਪਿਆਰ ਦੇ ਨਾਲ ਭਗਤੀ ਵਿਚ ਲਿਵ ਲਗ ਗਈ। ਖਤਰੀ ਬ੍ਰਾਹਮਣਾਂ ਦਾ ਦੇਹੁਰਾ ਸੀ ਉਥੇ ਬੈਠੇ ਆਪਣੀਆਂ ਜਾਤਾਂ ਨੂੰ ਵਡਿਆ ਰਹੇ ਸੀ, ਜੋ ਬ੍ਰਾਹਮਣ ਹੈ ਬ੍ਰਹਮਾ ਦੇ ਮੁਖ ਤੋਂ ਪੈਦਾ ਹੋਇਆ ਹੈ, ਖਤਰੀ ਕਹਿੰਦਾ ਹੈ ਕਿ ਉਹ ਡੋਲਿਆਂ ਤੋਂ ਪੈਦਾ ਹੋਇਆ ਹੈ, ਬਾਕੀ ਜਾਤਾਂ ਕੁਛ ਨਹੀਂ ਹਨ ਤੇ ਨਾਮਦੇਵ ਵੀ ਉਥੇ ਬਹਿ ਗਿਆ।

ਫੜ ਕੇ ਕੱਢ ਦਿਤਾ। ਹੁਣ ਵਾਹਿਗੁਰੂ ਨੂੰ ਭਗਤ ਵਛਲ ਕਹਿੰਦੇ ਨੇ। ਭਗਤਾਂ ਦੇ ਉਤੇ ਸਦਾ ਹੀ ਦਇਆ ਕਰਦਾ ਹੈ। ਫੇਰ ਉਹਨੇ ਕੀ ਕਰਿਆ, ਆਪਣੇ ਨਾਮ ਦੀ ਪੈਜ ਰਖਾ ਦਿਤੀ। ਦੇਹੁਰੇ ਦਾ ਮੂੰਹ ਘੁੰਮਾ ਦਿਤਾ। ਜਿਸਨੇ ਵੀ ਨਾਮ ਜਪਿਆ ਹੈ ਉਹਦੇ ਚਾਰੇ ਵਰਣ ਚਰਨਾਂ ਤੇ ਆ ਕੇ ਪਏ ਨੇ। ਜਿਵੇਂ ਨੀਵੇਂ ਥਾਉਂ ਨੂੰ ਪਾਣੀ ਜਾਂਦਾ ਹੈ, ਐਸ ਤਰ੍ਹਾਂ ਦੇ ਨਾਲ ਸਾਰਿਆਂ ਨੂੰ ਉਨ੍ਹਾਂ ਦੇ ਚਰਨਾਂ ਤੇ ਪੈਣਾ ਪੈਂਦਾ ਹੈ।

ਜਿਨ੍ਹਾਂ ਦਾ ਅੱਜ ਮਨਾਇਆ ਜਾ ਰਿਹਾ ਹੈ ਦਿਨ ਭਗਤ ਰਵਿਦਾਸ ਜੀ ਦਾ। ਨਾਮਦੇਵ ਜੀ ਦੀ ਤਾਂ ਫੇਰ ਕੁਛ ਉਚੀ ਜਾਤ ਸੀ। ਉਨ੍ਹਾਂ ਦੀ ਤਾਂ ਜਾਤ ਐਸੀ ਸੀ ਜਿਹਨੂੰ ਅਛੂਤ ਕਹਿੰਦੇ ਸੀ ਕਿ ਉਹਨੂੰ ਛੋਹਿਆ ਨਹੀਂ ਜਾ ਸਕਦਾ, ਹੱਥ ਨਹੀਂ ਲਾਇਆ ਜਾ ਸਕਦਾ। ਉਹਨੂੰ ਨਾਮ ਨਹੀਂ ਦਿੱਤਾ ਜਾ ਸਕਦਾ।

ਜਿਸ ਵਕਤ ਕਬੀਰ ਸਾਹਿਬ ਨੇ ਰਾਮਾਨੰਦ ਜੀ ਨੇ ਨਾਮ ਦੇ ਦਿਤਾ, ਬੜੀ ਵਿਰੋਧਤਾ ਹੋਈ ਕਿ ਤੂੰ ਬ੍ਰਾਹਮਣ ਹੋ ਕੇ ਕਰਿਆ ਕੀ ਹੈ, ਜਦੋਂ ਰਵਿਦਾਸ ਜੀ ਨੂੰ ਦੇ ਦਿਤਾ ਫੇਰ ਤਾਂ ਬੜੀ ਹੀ ਭਾਰੀ ਵਿਰੋਧਤਾ ਹੋਈ। ਲੇਕਿਨ ਉਨ੍ਹਾਂ ਨੇ ਨਾਮ ਨੂੰ ਐਉਂ ਨਹੀਂ ਸਮਝਿਆ, ਅੰਮ੍ਰਿਤ ਤਾਂ ਅਸੀਂ ਵੀ ਛਕਾਉਂਦੇ ਹਾਂ ਸਾਰਿਆਂ ਨੂੰ ਛਕਾਉਂਦੇ ਹਾਂ, ਛਕਣ ਤੋਂ ਬਾਅਦ ਚਲਦਾ ਤਾਂ ਕੋਈ ਨਹੀਂ ਹੈ, ਪਤਾ ਨਹੀਂ ਜਾਂ ਅੰਮ੍ਰਿਤ ਨਹੀਂ ਠੀਕ ਜਾਂ ਫੇਰ ਛਕਣ ਵਾਲਿਆਂ ਦੀ ਰੁਚੀ ਨਹੀਂ ਹੈ। ਪਹਿਲੇ ਜ਼ਮਾਨਿਆਂ ਵਿਚ ਇਹ ਗੱਲ ਨਹੀਂ ਸੀ ਹੁੰਦੀ।

ਸੰਤ ਮਹਾਰਾਜ ਜੀ ਦੇ ਵੇਲੇ, ਪਹਿਲਾਂ ਪਹਿਲਾਂ ਮਹਾਰਾਜ ਜੀ, ਜਿਸ ਕਿਸੇ ਨੇ ਕਹਿਣਾ ਕਿ ਮੈਂ ਅੰਮ੍ਰਿਤ ਛਕਣਾ ਹੈ ਮਹਾਰਾਜ। ਉਨ੍ਹਾਂ ਨੇ ਕਹਿਣਾ ਕਿ ਪ੍ਰੇਮੀਆਂ! ਪਹਿਲਾਂ ਛੇ ਮਹੀਨੇ ਤੂੰ ਸਵਾ ਲੱਖ ਪਾਠ ਕਰ ਮੂਲਮੰਤ੍ਰ ਦਾ। ਕਰਦਾ ਹੀ ਰਹਿ, ਤੇ ਛੇ ਮਹੀਨੇ ਬਾਅਦ ਸਾਨੂੰ ਮਿਲੀ ਫੇਰ ਅਸੀਂ ਤੈਨੂੰ ਦੱਸਾਂਗੇ ਕਿ ਅੰਮ੍ਰਿਤ ਛਕਾਉਣਾ ਹੈ ਕਿ ਨਹੀਂ। ਜਦ ਉਹਨੇ ਕਰ ਲੈਣੇ, ਚਾਰ-ਪੰਜ ਲੱਖ ਪਾਠ ਹੋ ਗਿਆ ਸਮਝੋ, ਐਨਾ ਪਾਠ ਕਰਕੇ ਜਦੋਂ ਆਉਣਾ। ਪੁਛਣਾ ਕਿ ਕਰ ਲਿਆ ਭਾਈ? ਉਹਨੇ ਕਹਿਣਾ ਹਾਂ ਜੀ। ਤਾਂ ਮਹਾਰਾਜ ਜੀ ਨੇ ਕਹਿਣਾ ਕਿ ਜਾਹ ਹੁਣ ਅੰਮ੍ਰਿਤ ਛਕ ਲੈ ਭਾਈ। ਅੰਮ੍ਰਿਤ ਛਕ ਲਿਆ, ਪੰਜ ਪਿਆਰਿਆਂ ਨੇ ਨਾਮ ਦੇ ਦਿਤਾ, ਕਹਿਣਾ ਕਿ ਮਹਾਰਾਜ! ਹੁਣ ਮੈਨੂੰ ਜੁਗਤ ਸਮਝਾ ਦਿਓ, ਹੁਣ ਮੈਂ ਕਿਵੇਂ ਨਾਮ ਜਪਿਆ ਕਰਾਂ। ਕਿਉਂਕਿ ਜਿਹੜੀ ਜੁਗਤ ਹੈ, ਜੋਤ ਹੈ ਗੁਰੂ ਗ੍ਰੰਥ ਸਾਹਿਬ, ਜੁਗਤ ਹੈ ਸੰਤਾਂ ਮਹਾਂਪੁਰਸ਼ਾਂ ਦੇ ਕੋਲ ਕਿ ਕਿਸ ਢੰਗ ਨਾਲ ਜਪਣਾ ਹੈ। ਜੇ ਗੁਰੂ ਗ੍ਰੰਥ ਸਾਹਿਬ ਦੱਸਦੇ ਨੇ ਤਾਂ ਉਹਦੇ ਅਰਥ ਹੀ ਹੋਰ ਤਰ੍ਹਾਂ ਕੱਢਣੇ ਸ਼ੁਰੂ ਕਰ ਦਿੰਦੇ ਨੇ। ਗੁਰੂ ਮਹਾਰਾਜ ਕਹਿੰਦੇ ਨੇ –

*ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ*
*ਲੈ ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ ॥*
*ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ*
*ਉਡੈ ਨਹ ਹੰਸੁ ਨਹ ਕੰਧੁ ਛੀਜੈ ॥*
*ਅੰਗ - ੯੯੧*

ਕਹਿੰਦੇ ਜੀ ਇਹ ਤਾਂ ਮਹਾਰਾਜ ਨੇ ਜੋਗੀਆਂ ਦੀ ਗੱਲ ਕਰੀ ਹੈ। ਸਾਡੀ ਗੱਲ ਨਹੀਂ ਹੈ। ਉਥੇ ਸ਼ੰਕਾ ਪਾ ਦਿਤਾ। ਅਰਥ ਪੜ੍ਹਨ ਵਾਲਾ ਸ਼ੰਕੇ ਵਿਚ ਆ ਜਾਂਦਾ ਹੈ, ਨਾ ਉਧਰ ਨਾ ਓਧਰ, ਪਤਾ ਹੀ ਨਹੀਂ ਲਗਦਾ। ਉਹਦੀ ਜੁਗਤ ਜਿਹੜੀ ਹੈ ਨਾਮ ਜਪਣ ਵਾਲਿਆਂ ਨੂੰ ਪਤਾ ਹੁੰਦਾ ਹੈ ਜਿਹੜਾ ਤੈਰ ਕੇ ਜਾਂਦਾ ਹੈ ਨਾ ਮਗਰਮੱਛਾਂ 'ਚੋਂ ਕਿਸੇ ਨਹਿਰ ਜਾਂ ਦਰਿਆ 'ਚੋਂ ਲੰਘ ਕੇ, ਉਹਨੂੰ ਪਤਾ ਹੁੰਦਾ ਹੈ ਕਿ ਇਨ੍ਹਾਂ ਡੂੰਮਾਂ ਵਿਚ ਮਗਰਮੱਛ ਨੇ, ਇਥੇ ਨਾ ਜਾਈਂ, ਇਧਰ ਪੇਤਲਾ ਪਾਣੀ ਹੈ ਇਥੇ ਘੱਟ ਆਉਂਦੇ ਨੇ। ਉਹ ਜੁਗਤ ਦੱਸੀ ਜਾਂਦਾ ਕਿ ਹੁਣ ਤੂੰ ਇਧਰ ਨੂੰ ਹੋ ਜਾ, ਇਧਰ ਨੂੰ ਹੋ ਜਾ। ਕਿਉਂਕਿ ਜੁਗਤ

ਤੋਂ ਬਿਨਾਂ ਤਾਂ ਇਕ ਸਵਾਲ ਨਹੀਂ ਨਿਕਲਦਾ, ਬੱਚਿਆਂ ਨੂੰ ਕਹਿ ਦਿਓ। ਆਹ ਲਘੂਤਮ ਦਾ ਸਵਾਲ ਕੱਢਣ ਲਗ ਜਾਣ, ਜੇ ਜੁਗਤ ਨਾ ਦੱਸੋ, ਸਵਾਲ ਦਾ ਜਵਾਬ ਹੀ ਨਹੀਂ ਆਉਂਦਾ। ਸੋ ਇਸ ਤਰ੍ਹਾਂ ਹਰ ਚੀਜ਼ ਦਾ ਫਾਰਮੂਲਾ ਹੋਇਆ ਕਰਦਾ ਹੈ। ਸੋ ਫੇਰ ਮਹਾਰਾਜ ਨੇ ਜੁਗਤ ਦੱਸ ਦੇਣੀ ਕਿ ਐਉਂ ਨਾਮ ਜਪ ਲੈ, ਭਾਈ! ਫੇਰ ਦੱਸੀ ਕਿ ਜਿਹੜਾ ਕੁਛ ਤੈਨੂੰ ਪ੍ਰਗਟ ਹੋਏਗਾ। ਹੌਲੀ-ਹੌਲੀ ਸੁਰਤੀਆਂ ਚੁੱਕ ਕੇ ਉਪਰ ਨੂੰ ਲਈ ਜਾਣੀਆਂ। ਬਥੇਰੇ ਨਾਮ ਜਪਣ ਵਾਲੇ ਹੋਏ ਨੇ।

ਬਾਬਾ ਕਰਮ ਸਿੰਘ ਜੀ ਉਹ ਬਹੁਤ ਹੀ ਘੱਟ ਅੰਮ੍ਰਿਤ ਛਕਾਉਂਦੇ ਸੀ। ਜੇ ਛਕਾਉਂਦੇ ਸੀ ਉਹ ਬ੍ਰਹਮਗਿਆਨੀ ਤੋਂ ਘੱਟ ਨਹੀਂ ਰਿਹਾ, 101 ਬ੍ਰਹਮਗਿਆਨੀ ਉਨ੍ਹਾਂ ਤੋਂ ਹੋਏ ਨੇ, ਬਾਬਾ ਕਰਮ ਸਿੰਘ ਜੀ ਤੋਂ। ਪੂਰੇ ਹੋਇਆ ਕਰਦੇ ਸੀ।

ਸੋ ਜਦੋਂ ਨਾਮ ਮਿਲ ਗਿਆ ਕਬੀਰ ਸਾਹਿਬ ਨੂੰ ਤੇ ਰਵਿਦਾਸ ਜੀ ਨੂੰ ਫੇਰ ਇਹ ਪੂਰੇ ਹੀ ਹੋਏ ਨੇ ਤੇ ਉਨ੍ਹਾਂ ਦੀ ਉਪਮਾ ਗੁਰੂ ਗ੍ਰੰਥ ਸਾਹਿਬ ਦੇ ਅੰਦਰ, ਏਸ ਗੱਲ ਨਾਲ ਕੀਤੀ ਗਈ ਹੈ ਕਿ ਭਗਤ ਰਵਿਦਾਸ ਜੀ ਦੇ ਉਤੇ ਮਾਇਆ ਦਾ ਅਸਰ ਹੀ ਨਹੀਂ ਹੋਇਆ ਕੋਈ ਵੀ ਤੇ ਉਨ੍ਹਾਂ ਨੇ ਮਾਇਆ ਦਾ ਤਿਆਗ ਕਰਕੇ ਰੱਖਿਆ, ਨਾ ਆਪ ਆਏ ਉਸ ਦੇ ਅਸਰ ਦੇ ਥੱਲੇ ਨਾ ਮਾਇਆ ਉਨ੍ਹਾਂ ਨੂੰ ਕਾਬੂ ਕਰ ਸਕੀ। ਉਹਦੇ ਬਾਰੇ ਫੁਰਮਾਨ ਹੈ -

*ਬੁਨਨਾ ਤਨਨਾ ਤਿਆਗਿ ਕੈ*
*ਪ੍ਰੀਤਿ ਚਰਨ ਕਬੀਰਾ॥*
*ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥*
*ਰਵਿਦਾਸੁ ਢੁਵੰਤਾ ਢੋਰ ਨੀਤਿ*
*ਤਿਨਿ ਤਿਆਗੀ ਮਾਇਆ ॥*
*ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥*
*ਅੰਗ - ੪੮੭*

ਜਦੋਂ ਕਬੀਰ ਸਾਹਿਬ ਨੇ ਛੋਟੀ ਜਾਤ ਵਿਚ ਹੁੰਦਿਆਂ ਹੋਇਆਂ ਵੀ ਪ੍ਰਮੇਸ਼ਰ ਦਾ ਨਾਮ ਜਪਿਆ। ਸਾਢੇ ਸੱਤ ਕਰੋੜ ਬੰਦੇ ਦਾ ਕਬੀਰ ਸਾਹਿਬ ਨੇ ਉਧਾਰ ਕਰਿਆ। ਡੇਢ ਸੌ ਸਾਲ ਦੀ ਉਮਰ ਸੀ। ਵੱਡੇ-ਵੱਡੇ ਦੇਵਤਾ ਬ੍ਰਹਮਾ, ਵਿਸ਼ਨੂੰ, ਮਹੇਸ਼ ਵਗੈਰਾ ਕਬੀਰ ਸਾਹਿਬ ਦੇ ਦਰਸ਼ਨ ਨੂੰ ਆਏ।

*ਰਵਿਦਾਸੁ ਢੁਵੰਤਾ ਢੋਰ ਨੀਤਿ*
*ਤਿਨਿ ਤਿਆਗੀ ਮਾਇਆ ॥ ਅੰਗ - ੪੮੭*

ਕਹਿਣ ਲੱਗੇ, ਰਵਿਦਾਸ ਜੀ ਦਾ ਕੀ ਕੰਮ ਸੀ, ਮਰੇ ਹੋਏ ਡੰਗਰ ਚੁੱਕ ਕੇ ਬਾਹਰ ਡੁਡਲੀ ਵਿਚ ਸੁੱਟ ਆਉਣੇ, ਉਨ੍ਹਾਂ ਦਾ ਚਮੜਾ ਲਾਹ ਲੈਣਾ ਤੇ ਉਹਨੂੰ ਲਿਆ ਕੇ ਧੋ ਲੈਣਾ, ਧੋ ਕੇ ਬਾਕਾਇਦਾ ਤਰੀਕੇ ਨਾਲ ਉਹਨੂੰ ਰੰਗ ਵਗੈਰਾ ਦੇ ਕੇ, ਸੁਕਾ ਕੇ ਫੇਰ ਉਹਦੇ ਜੋੜੇ ਬਣਾਉਣੇ ਤੇ ਜੋੜੇ ਗੰਢਣੇ। ਆਹ ਕੰਮ ਰਵਿਦਾਸ ਜੀ ਕਰਦੇ ਸੀ।

ਹੁਣ ਵਾਲੇ ਬੰਦਿਆਂ ਦੀਆਂ ਮੈਂ ਕਿਤਾਬਾਂ ਪੜ੍ਹੀਆਂ ਨੇ ਉਹ ਕਹਿੰਦੇ ਨੇ ਜੀ ਉਹ ਤਾਂ ਬਹੁਤ ਅਮੀਰ ਬੰਦੇ ਸੀ, ਬੜਾ ਪੈਸਾ ਸੀ ਉਨ੍ਹਾਂ ਕੋਲ। ਹੋਰ ਹੀ ਕੁਛ ਲਿਖਣਾ ਸ਼ੁਰੂ ਕਰ ਦਿਤਾ। ਗੁਰੂ ਮਹਾਰਾਜ ਨੇ ਜੋ ਕੁਛ ਫੁਰਮਾਇਆ ਹੈ, ਇਹ ਸਾਢੇ ਤਿੰਨ ਸੌ ਸਾਲ ਪਹਿਲਾਂ ਦੀ ਗੱਲ ਹੈ, ਜੋ ਮਹਾਰਾਜ ਨੇ ਲਿਖੀ ਹੈ।

ਗਰੀਬੀ ਦੀ ਹਾਲਤ ਵਿਚ ਹੁੰਦੇ ਹੋਏ ਵੀ, ਮਾਇਆ ਵਲ ਅੱਖ ਚੁਕ ਕੇ ਵੀ ਨਹੀਂ ਦੇਖੀ ਤੇ ਕਹਿੰਦੇ ਨੇ-

*ਪਰਗਟੁ ਹੋਆ ਸਾਧਸੰਗਿ*
*ਹਰਿ ਦਰਸਨੁ ਪਾਇਆ ॥ ਅੰਗ - ੪੮੭*

ਸੰਤਾਂ ਦੀ ਸੰਗਤ ਵਿਚ ਪ੍ਰਗਟ ਹੋ ਗਏ ਤੇ ਵਾਹਿਗੁਰੂ ਦਾ ਦਰਸ਼ਨ ਰੋਜ਼ ਹੀ ਕਰਦੇ ਰਹੇ ਤੇ ਪੂਰੇ ਵੱਡੇ ਮਹਾਂਪੁਰਸ਼ਾਂ ਦੇ ਵਿਚ ਗਿਣੇ ਗਏ।

ਰਵਿਦਾਸ ਜੀ ਚੁਰਾਹੇ ਵਿਚ ਬੈਠੇ ਹੋਏ, ਘਰਦਿਆਂ ਨੇ ਅੱਡ ਕਰ ਦਿਤੇ ਕਿਉਂਕਿ ਆਪ ਜੋ ਕੁਛ ਕਮਾਉਂਦੇ ਸੀ, ਸਾਧੂ ਸੰਤਾਂ ਦੇ ਵਾਸਤੇ ਖਰਚ ਦਿਆ ਕਰਦੇ ਸੀ। ਖਾਣ ਪੀਣ ਨੂੰ ਮੰਗਾ ਦਿੰਦੇ ਸੀ, ਸੰਤਾਂ ਦੀ ਸੇਵਾ ਕਰਨੀ ਖਾਲੀ ਨਾ ਕੋਈ ਜਾਣ ਦੇਣਾ। ਘਰਵਾਲੇ ਇਸ ਗੱਲ ਤੋਂ ਤੰਗ ਪੈ ਗਏ ਕਿ ਲਿਆਂਦਾ ਤਾਂ ਕੁਛ ਹੈ ਨਹੀਂ, ਸਗੋਂ ਕਰਜ਼ਾ ਚਾੜ੍ਹ ਦਿੰਦਾ ਹੈ ਜਿਹੜਾ ਸਾਨੂੰ ਦੇਣਾ ਪੈਂਦਾ ਹੈ। ਇਕ ਝੌਂਪੜੀ ਪਾ ਦਿਤੀ ਕਹਿਣ ਲੱਗੇ, ਰਵਿਦਾਸ ਤੂੰ ਸਾਡੇ ਤੋਂ ਅੱਡ ਹੋ ਜਾ, ਜੇ ਤੂੰ ਇਹ ਕੰਮ ਕਰਨੇ ਨੇ। ਅੱਡ ਹੋ ਗਏ, ਚੁਰਾਹੇ ਦੇ ਉਤੇ ਝੌਂਪੜੀ ਪਾ ਲਈ, ਉਹਦੇ ਵਿਚ ਹੀ ਪਿਛਲੇ ਹਿੱਸੇ ਵਿਚ ਘਰਵਾਲੀ ਰਹਿਣ ਲੱਗ ਗਈ ਤੇ ਅਗਲੇ ਹਿੱਸੇ ਵਿਚ ਆਪ ਨੇ ਆਪਣਾ ਅੱਡਾ ਬਣਾ ਲਿਆ ਛੋਟਾ ਜਿਹਾ। ਬੋਰੀ ਵਿਛਾ ਲਈ ਤੇ ਉਥੇ ਬੈਠ ਕੇ ਜੋੜੇ ਗੰਢਣੇ ਸ਼ੁਰੂ ਕਰ ਦਿਤੇ। ਗੰਢਦੇ ਹੋਏ, ਖਰਚ ਬਹੁਤ ਹੋਣ ਲਗ ਗਿਆ, ਆਪ ਜੇ ਮਿਲ ਗਿਆ ਤਾਂ ਛਕ ਲਿਆ, ਨਾ ਮਿਲਿਆ ਤਾਂ ਚੁੱਪ ਕਰਕੇ ਉਸੇ ਤਰ੍ਹਾਂ ਪਾਣੀ ਪੀ ਕੇ ਸੌਂ ਜਾਂਦੇ ਸੀ, ਉਹ ਵੀ ਵਿਚਾਰੀ ਐਨੀ ਚੰਗੀ ਸੀ ਕਦੇ ਨਹੀਂ ਸੀ ਕੋਈ ਗੱਲ ਕਹਿੰਦੀ।

ਸੋ ਹੁੰਦੇ-ਹੁੰਦੇ ਇਕ ਵਾਰੀ ਪ੍ਰਮੇਸ਼ਰ ਆਪ ਸਾਧੂ ਦਾ ਰੂਪ ਧਾਰ ਕੇ ਆ ਗਏ। ਆ ਕੇ ਕਹਿਣ ਲੱਗੇ, ਭਗਤ ਜੀ! ਮੇਰਾ ਜੋੜਾ ਗੰਢ ਦਿਓ, ਬੜਾ ਟੁੱਟਿਆ ਹੋਇਆ ਹੈ, ਚੁੱਕ ਕੇ ਸਾਰੇ ਪਾਸੇ ਤੋਂ ਦੇਖਿਆ ਕਿ ਕਿੱਥੋਂ ਗੰਢਣਾ ਸ਼ੁਰੂ ਕਰਾਂ, ਇਹਦੇ ਵਿਚ ਤਾਂ ਟਾਕੀਆਂ ਹੀ

ਬੇਅੰਤ ਨੇ। ਕਿਸੇ ਪਾਸਿਓਂ ਵੀ ਸਾਬਤ ਨਹੀਂ ਕਿ ਮੈਂ ਇਥੋਂ ਧਾਗਾ ਪਾਵਾਂ ਤੇ ਜੋੜਾ ਰਹਿ ਜਾਏਗਾ। ਉਨ੍ਹਾਂ ਨੇ ਪੱਚਰਾਂ ਕੱਟ-ਕੱਟ ਕੇ, ਕੁੱਟ-ਕੁੱਟ ਕੇ ਜੋੜੇ ਨੂੰ ਐਨ ਵਧੀਆ ਬਣਾ ਦਿਤਾ। ਉਹ ਵੀ ਦੇਖਦੇ ਰਹੇ ਬੈਠੇ ਤੇ ਇਨ੍ਹਾਂ ਨੇ ਬੜੇ ਪਿਆਰ ਤੇ ਲਗਨ ਨਾਲ ਜੋੜਾ ਗੱਠ ਦਿਤਾ, ਗੱਠਣ ਤੋਂ ਬਾਅਦ ਜਦੋਂ ਉਨ੍ਹਾਂ ਨੇ ਲੈ ਲਿਆ ਤਾਂ ਕਹਿੰਦੇ ਭਗਤ ਜੀ! ਆਹ ਦਿਖਾਇਓ ਤਾਂ ਜ਼ਰਾ ਆਰ ਤੇ ਰੰਬੀ ਦੋਵੇਂ ਚੀਜ਼ਾਂ ਦਿਖਾਓ ਤੇ ਬੁੱਕਲ ਦੇ ਵਿਚੋਂ, ਝੋਲੇ ਦੇ ਵਿਚੋਂ ਇਕ ਪੱਥਰ ਜਿਹਾ ਕੱਢਿਆ ਨਾਲ ਲਾ ਦਿਤਾ ਦੋਵੇਂ ਸੋਨੇ ਦੀਆਂ ਬਣਾ ਦਿਤੀਆਂ। ਭਗਤ ਜੀ ਨੂੰ ਵਾਪਸ ਕਰ ਦਿਤੀਆਂ। ਜਦੋਂ ਚਮੜਾ ਕੱਟਣ ਲੱਗੇ, ਸੋਨਾ ਨਰਮ ਹੁੰਦਾ ਹੈ ਲੋਹੇ ਨਾਲੋਂ, ਮੂੰਹ ਗਿਆ ਉਹਦਾ। ਕਹਿਣ ਲੱਗੇ, ਸੰਤੋ! ਆਹ ਕੀ ਕਰ ਦਿਤਾ ਤੁਸੀਂ। ਮੇਰੀ ਤਾਂ ਆਰ ਵੀ ਕਮਜ਼ੋਰ ਪੈ ਗਈ, ਰੰਬੀ ਵੀ ਗਲਤ ਹੋ ਗਈ। ਮੈਂ ਤਾਂ ਚਮੜਾ ਕੱਟਣਾ ਸੀ। ਕਹਿੰਦੇ, ਭਗਤ ਜੀ! ਇਹ ਸੋਨੇ ਦੀ ਬਣ ਗਈ ਹੈ, ਤੁਹਾਨੂੰ ਜੋੜਿਆਂ ਵਾਸਤੇ ਚਮੜਾ ਕੱਟਣ ਦੀ ਲੋੜ ਨਹੀਂ ਹੈ, ਆਹ ਲਓ ਆਹ ਪਾਰਸ ਦੀ ਵੱਟੀ ਹੈ, ਲੋਹੇ ਨਾਲ ਲਾ ਲਓ ਤੇ ਸੋਨਾ ਬਣ ਜਾਂਦੀ ਹੈ। ਲੰਗਰ ਚਲਦਾ ਹੈ ਤੁਹਾਡਾ, ਵੇਚ ਆਇਆ ਕਰੋ ਤੇ ਆ ਕੇ ਖੁਲ੍ਹੇ ਦਿਲ ਨਾਲ ਲੰਗਰ ਦਿਨ ਰਾਤ ਚਲਾਓ। ਕਹਿੰਦੇ ਨਾ, ਮੈਂ ਤਾਂ ਮਿਹਨਤ ਦੇ ਨਾਲ ਜੋ ਕਮਾਉਂਦਾ ਹਾਂ, ਉਹਦੇ ਵਿਚੋਂ ਵੰਡ ਕੇ ਛਕ ਲੈਂਦੇ ਹਾਂ ਜਿੰਨਾ ਕੁ ਹੁੰਦਾ ਹੈ। ਮੈਂ ਵੱਡਾ ਕੰਮ ਕੋਈ ਨਹੀਂ ਕਰਨਾ। ਮੈਨੂੰ ਪੈਸੇ ਦੀ ਲੋੜ ਨਹੀਂ ਹੈ। ਕਹਿਣ ਲੱਗੇ ਫੇਰ ਐਉਂ ਕਰੋ ਅਸੀਂ ਜਾਣਾ ਹੈ ਤੀਰਥ ਯਾਤਰਾ 'ਚ ਕਿਤੇ ਐਸਾ ਨਾ ਹੋਵੇ ਗੁਆਚ ਜਾਵੇ ਤੇ ਤੁਸੀਂ ਇਸਨੂੰ ਸੰਭਾਲ ਕੇ ਰੱਖ ਲਓ ਤੇ ਨਾਲੇ ਵਰਤੀ ਜਾਇਓ, ਮੈਂ ਫੇਰ ਹੱਥ ਜੋੜ ਕੇ ਬੇਨਤੀ ਕਰਦਾ ਹਾਂ, ਸਾਧੂ ਸੰਤਾਂ ਦੇ ਕੋਲ ਇਹ ਆਮ ਹੋਇਆ ਕਰਦੇ ਨੇ ਤੇ ਉਹ ਪਰਉਪਕਾਰ ਦੇ ਕੰਮ ਕਰੀ ਜਾਂਦੇ ਨੇ ਇਹਦੇ ਨਾਲ। ਉਸ ਵੇਲੇ ਰਵਿਦਾਸ ਜੀ ਨੂੰ ਦਿਤਾ ਤਾਂ ਰਵਿਦਾਸ ਜੀ ਨੇ ਕਿਹਾ ਕਿ ਤੁਸੀਂ ਇਥੇ ਆਪ ਹੀ ਰੱਖ ਦਿਓ, ਜਿਥੇ ਰੱਖਣਾ ਹੈ ਉਨ੍ਹਾਂ ਨੇ ਲੀਰ ਵਿਚ ਵਲੇਟਿਆ ਤੇ ਛੱਪਰ ਵਿਚ ਟੰਗ ਦਿਤਾ। ਨਾਲ ਕਿਹਾ ਕਿ ਭਗਤ ਜੀ ਆਹ ਪਿਆ ਹੈ। ਖਿਆਲ ਸੀ ਕਿ ਇਹ ਸਾਡੇ ਜਾਣ ਤੋਂ ਬਾਅਦ ਇਸ ਤਰ੍ਹਾਂ ਕਰ ਲਏਗਾ ਤੇ ਜਦੋਂ ਅਸੀਂ ਆਉਣਾ ਹੈ ਆਉਂਦਿਆਂ ਨੂੰ ਇਥੇ ਮੰਦਰ ਬਣੇ ਹੋਣਗੇ, ਵਧੀਆ ਮਕਾਨ ਬਣੇ ਹੋਣਗੇ।

ਜਿਸ ਵਕਤ ਇਕ ਸਾਲ ਤੋਂ ਬਾਅਦ ਆਉਂਦੇ ਨੇ ਕੀ ਦੇਖਦੇ ਨੇ ਛੱਪਰੀ ਟੁੱਟੀ ਹੋਈ ਹੈ ਤੇ ਉਹਦੀ ਮੁਰੰਮਤ ਵੀ ਨਹੀਂ ਕਰਾ ਸਕੇ, ਉਥੇ ਹੀ ਬੈਠੇ ਨੇ ਉਵੇਂ ਜਿਵੇਂ। ਆਉਂਦਿਆਂ ਨੂੰ ਕਿਹਾ ਕਿ ਭਗਤ ਜੀ! ਮੈਨੂੰ ਪਛਾਣ ਲਿਆ। ਕਹਿੰਦੇ ਹਾਂ ਜੀ ਪਛਾਣ ਤਾਂ ਲਿਆ। ਕਹਿਣ ਲੱਗੇ, ਉਹ ਪਾਰਸ ਗੁਆਚ ਗਿਆ ਤੁਹਾਡੇ ਤੋਂ? ਕਹਿੰਦੇ ਨਹੀਂ। ਮੈਂ ਤਾਂ ਦੇਖਿਆ ਹੀ ਨਹੀਂ, ਤੁਸੀਂ ਉਥੇ ਟੋਲ੍ਹ ਲਓ। ਜਦੋਂ ਉਸ ਥਾਂ ਤੇ ਜਾ ਕੇ ਦੇਖਿਆ, ਉਵੇਂ ਜਿਵੇਂ ਹੀ ਪਿਆ ਹੈ ਬੰਨ੍ਹਿਆ ਹੋਇਆ। ਕਹਿਣ ਲੱਗੇ ਤੁਸੀਂ ਇਹ ਲੈ ਲਓ। ਰਵਿਦਾਸ ਜੀ ਨੇ ਕਿਹਾ ਕਿ ਸੰਤੋ! ਸਾਨੂੰ ਏਸ ਚੀਜ਼ ਦੀ ਲੋੜ ਨਹੀਂ ਕਿਉਂਕਿ ਸਾਨੂੰ ਕੋਈ ਵਿਸ਼ੇਸ਼ਤਾ ਨਹੀਂ ਇਸ ਗੱਲ ਦੇ ਵਿਚ -

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*
*ਅੰਗ - ੨੭੫*

ਸਾਧੂਆਂ ਦੀ ਅਵਸਥਾ, ਜੀਵਨ ਮੁਕਤੀ ਦੀ ਅਵਸਥਾ ਮਹਾਰਾਜ ਫੁਰਮਾਨ ਕਰਦੇ ਨੇ। ਖੁਸ਼ੀ ਆ ਜਾਵੇ, ਗਮੀ ਆ ਜਾਵੇ ਇਕੋ ਜਿਹੀ ਅਵਸਥਾ ਰਖਦੇ ਨੇ। ਡੋਲਦੇ ਨਹੀਂ।

ਭਾਈ ਭਿਖਾਰੀ ਦੇ ਘਰ ਖੁਸ਼ੀ ਵੀ ਆ ਗਈ, ਲੜਕੇ ਨੂੰ ਵਿਆਹੁਣ ਚਲੇ ਗਏ, ਜਦੋਂ ਵਿਆਹ ਕੇ ਆਏ ਲੜਕਾ ਚੜ੍ਹਾਈ ਕਰ ਗਿਆ, ਗਮੀ ਵੀ ਆ ਗਈ। ਜਿਸ ਤਰ੍ਹਾਂ ਪਹਿਲਾਂ ਸੀ ਉਸੇ ਤਰ੍ਹਾਂ ਫੇਰ ਰਹੇ। ਭਾਈ ਗੁਰਮੁਖ ਹੈਰਾਨ ਹੋ ਗਿਆ, ਕਹਿਣ ਲੱਗਿਆ ਕਿ ਭਾਈ ਭਿਖਾਰੀ ਜੀ! ਪਹਿਲਾਂ ਵੀ ਤੁਹਾਡੀ ਬਿਰਤੀ ਓਹੀ ਸੀ, ਤੁਸੀਂ ਖੁਸ਼ੀ ਵਿਚ ਖੁਸ਼ੀ ਨਹੀਂ ਮਨਾਈ ਤੇ ਹੁਣ ਗਮੀ ਵਿਚ ਵੀ ਗਮੀ ਨਹੀਂ ਮਨਾਈ, ਪ੍ਰਮੇਸ਼ਰ ਦਾ ਸ਼ੁਕਰ ਹੀ ਕਰ ਰਹੇ ਓਂ। ਇਹ ਗੱਲ ਕੀ ਹੈ? ਕਹਿੰਦੇ ਭਾਈ ਗੁਰਮੁਖਾ! ਆਪਾਂ ਨੂੰ ਦਿਤਾ ਹੋਇਆ ਕਿਸਨੇ ਹੈ ਸਭ ਕੁਛ? ਪ੍ਰਮੇਸ਼ਰ ਨੇ ਹੀ ਦਿਤਾ ਹੈ, ਇਕ ਸਾਖੀ ਸੁਣਾਈ ਉਨ੍ਹਾਂ ਨੇ ਕਿ ਇਕ ਕੋਈ ਬੰਦਾ ਸੀ, ਕਾਰੋਬਾਰ ਕਰਦਾ, ਕਾਰੋਬਾਰ ਕਰਦੇ ਨੂੰ ਪੈਸਿਆਂ ਨੂੰ ਦੀ ਲੋੜ ਪਈ, ਜਿਸ ਦੇਸ਼ ਵਿਚ ਰਹਿੰਦਾ ਸੀ ਕਿਸੇ ਨੇ ਵੀ ਉਸਦੀ ਮਦਦ ਨਾ ਕੀਤੀ। ਕਿਸੇ ਨੇ ਪੈਸੇ ਨਾ ਦਿਤੇ ਤੇ ਬੜਾ ਪਰੇਸ਼ਾਨ ਹੋ ਗਿਆ ਕਿ ਮੈਂ ਪੈਸੇ ਕਿਸੇ ਥਾਂ ਤੋਂ ਜਾ ਕੇ ਲਵਾਂ। ਅੱਗੇ ਚਲਿਆ ਗਿਆ ਤਾਂ ਕਿਸੇ ਨੇ ਦੱਸਿਆ ਕਿ ਆਹ ਜਿਹੜਾ ਨਾਲ ਦਾ ਹੈ ਦੇਸ਼ ਇਥੇ ਪੈਸੇ ਬਿਨਾਂ ਲਿਖਤ ਪੜ੍ਹਤ ਤੋਂ ਹੀ ਮਿਲ ਜਾਂਦੇ ਨੇ, ਆਪ ਬਾਰਡਰ ਪਾਰ ਕਰ ਜਾ, ਉਥੋਂ ਲੈ ਲੈ ਤੇ ਫੇਰ ਮੋੜ ਦੇਈਂ ਉਨ੍ਹਾਂ ਨੂੰ। ਉਥੇ ਚਲਿਆ ਜਾਂਦਾ, ਜਿਸ ਵਕਤ ਉਥੇ ਗਿਆ ਕੀ ਦੇਖਦਾ

ਹੈ ਕਿਸੇ ਦਾ ਜੁਆਨ ਲੜਕਾ ਸੀ ਚੜ੍ਹਾਈ ਕਰ ਗਿਆ, ਉਹ ਜਿਹੜੇ ਪ੍ਰੇਮੀ ਨੇ ਹਲ ਚਲਾ ਰਿਹਾ ਹੈ ਜਿੰਮੀਦਾਰ, ਉਹਦਾ ਲੜਕਾ ਚੜ੍ਹਾਈ ਕਰ ਗਿਆ। ਇਹ ਚਲਿਆ ਗਿਆ ਜਾ ਕੇ ਕਹਿਣ ਲੱਗਿਆ ਕਿ ਮੈਂ ਫਲਾਣੇ ਬੰਦੇ ਨੂੰ ਮਿਲਣਾ ਹੈ ਤੇ ਨਾਲ ਦੇਖਣ ਲੱਗ ਗਿਆ ਕਿ ਲੜਕਾ ਇਹਦਾ ਚੜ੍ਹਾਈ ਕਰ ਗਿਆ, ਇਹ ਹਾਲੇ ਵੀ ਹੱਲ ਵਾਹੀ ਜਾਂਦਾ ਹੈ, ਇਹਨੂੰ ਚੁੱਕ ਕੇ ਇਹਨੇ ਪਾਸੇ ਕਰ ਦਿਤਾ, ਨਾ ਰੋਇਆ, ਨਾ ਕੁਛ ਕਿਹਾ, ਕੁਛ ਵੀ ਨਹੀਂ ਕਰਿਆ। ਦੇਖਦਾ ਰਿਹਾ, ਦੇਖਦਾ ਰਿਹਾ ਉਸ ਤੋਂ ਬਾਅਦ ਇਹਨੇ ਕਿਹਾ ਕਿ ਭਾਈ, ਮੈਂ ਤਾਂ ਫਲਾਣੇ ਨੂੰ ਮਿਲਣਾ ਹੈ, ਮੈਨੂੰ ਰਸਤਾ ਦੱਸ। ਕਹਿੰਦੇ, ਇਸੇ ਪਿੰਡ ਵਿਚ ਰਹਿੰਦਾ ਹੈ ਉਹ, ਐਸ ਪਾਸੇ ਚਲਿਆ ਜਾਈਂ, ਸਾਡੇ ਘਰ ਕੋਲ ਦੀ ਤੂੰ ਲੰਘ ਕੇ ਜਾਣਾ ਹੈ, ਤੂੰ ਐਉਂ ਕਰੀ ਆਹ ਸਾਡਾ ਘਰ ਹੈ, ਆਹ ਮੇਰਾ ਨਾਮ ਹੈ, ਮੇਰੇ ਘਰ ਸੁਨੇਹਾ ਦੇ ਦੇਈਂ, ਮੇਰੀ ਨੂੰਹ ਨੇ ਸਾਡੀ ਦੋਹਾਂ ਦੀ ਰੋਟੀ ਲੈ ਕੇ ਆਉਣੀ ਹੈ ਉਹਨੂੰ ਕਹਿ ਦੇਈਂ ਕਿ ਇਕ ਦੀ ਲੈ ਆਵੇ। ਦੋਹਾਂ ਦੀ ਨਾ ਲਿਆਵੇ।

ਚਲਿਆ ਗਿਆ, ਅੱਗੇ ਉਹ ਬੀਬੀ ਪ੍ਰਸ਼ਾਦੇ ਲੈ ਕੇ ਘਰੋਂ ਨਿਕਲ ਚੁੱਕੀ ਸੀ। ਜਦੋਂ ਦੇਖਿਆ ਇਹਨੇ ਕਿ ਪ੍ਰਸ਼ਾਦੇ ਚੁੱਕੇ ਹੋਏ ਨੇ ਸੀਸ ਦੇ ਉਤੇ, ਇਨੂੰ ਲਾਇਆ ਹੋਇਆ ਹੈ ਤੇ ਲੱਸੀ ਦਾ ਝਕਰਾ ਵੀ ਰੱਖਿਆ ਹੋਇਆ ਹੈ ਤੇ ਨਾਲ ਪ੍ਰਸ਼ਾਦੇ ਵੀ ਨੇ। ਕਹਿਣ ਲੱਗਿਆ, ਬੀਬੀ ਤੂੰ ਜਿਹੜੇ ਹੱਲ ਚਲਾਉਂਦੇ ਨੇ ਉਨ੍ਹਾਂ ਦੀ ਰੋਟੀ ਲੈ ਕੇ ਚੱਲੀ ਹੈਂ, ਕਹਿੰਦੀ ਹਾਂ ਵੀਰਾ! ਮੈਂ ਉਥੇ ਚੱਲੀ ਹਾਂ। ਕਹਿੰਦੇ ਮੈਂ ਇਕ ਸੁਨੇਹਾ ਦੇਣਾ ਹੈ। ਕਹਿੰਦੀ ਦਿਓ। ਇਸਨੇ ਕਿਹਾ ਕਿ ਜਿਹੜਾ ਤੇਰਾ ਪਤੀ ਹੈ ਨਾ, ਐਨਾ ਕਹਿ ਕੇ ਗੱਲ ਨਾ ਅੱਗੇ ਕਹਿ ਹੋਵੇ। ਉਹ ਕਹਿੰਦੀ, ਵੇ ਵੀਰਾ! ਸੁਨੇਹਾ ਕਿਉਂ ਨਹੀਂ ਦਿੰਦਾ ਤੂੰ। ਕਹਿੰਦਾ, ਬੀਬੀ ਜਿਹੜਾ ਤੇਰਾ ਪਤੀ ਹੈ ਨਾ, ਇਥੇ ਆ ਕੇ ਫੇਰ ਰੁਕ ਗਿਆ, ਅੱਗੇ ਗੱਲ ਨਹੀਂ ਕਹਿ ਹੁੰਦੀ ਇਸ ਤੋਂ। ਤੀਸਰੀ ਵਾਰੀ ਉਹਨੇ ਫੇਰ ਕਰ ਗੱਲ ਕਰੀ ਕਿ ਬੀਬੀ ਮੇਰੇ ਤੋਂ ਕਹਿ ਨਹੀਂ ਹੁੰਦੀ, ਜਿਹੜਾ ਤੇਰਾ ਪਤੀ ਹੈ ਨਾ......? ਕਹਿਣ ਲੱਗੀ, ਚੜ੍ਹਾਈ ਕਰ ਗਿਆ? ਕਹਿੰਦਾ, ਹਾਂ। ਕਹਿੰਦੀ, ਹੁਣੇ ਕਰ ਗਿਆ। ਪਾਸੇ ਹੋ ਕੇ ਬਹਿ ਗਈ, ਫੇਰ ਕੀ ਸੁਨੇਹਾ ਹੈ? ਕਹਿੰਦਾ, ਬਜ਼ੁਰਗ ਨੇ ਸੁਨੇਹਾ ਦਿਤਾ ਹੈ ਕਿ ਮੇਰੀ ਇੱਕਲੇ ਦੀ ਹੀ ਰੋਟੀ ਲਿਆਵੇ। ਕਹਿਣ ਲੱਗੀ, ਠੀਕ ਹੈ! ਮੈਨੂੰ ਵੀ ਭੁੱਖ ਲੱਗੀ ਹੋਈ ਹੈ ਮੈਂ ਆਪਣੀ ਰੋਟੀ ਇਥੇ ਹੀ ਖਾ ਲੈਂਦੀ ਹਾਂ। ਪ੍ਰਸ਼ਾਦਾ ਛਕਣ ਲੱਗ ਗਈ।

ਇਹਨੇ ਸੋਚਿਆ ਕਿ ਇਹ ਤਾਂ ਪੱਥਰਾਂ ਦੇ ਬਣੇ ਹੋਏ ਬੰਦੇ ਨੇ। ਐਹੋ ਜਿਹੇ ਮਾੜੇ ਬੰਦੇ। ਪੁੱਤਰ ਮਰ ਜਾਏ, ਇਹਦਾ ਪਤੀ ਮਰ ਗਿਆ ਤੇ ਇਹ ਰੋਟੀ ਖਾਣ ਲੱਗੀ ਹੋਈ ਹੈ। ਬੜਾ ਅਫਸੋਸ ਹੋਇਆ ਇਹਦੇ ਮਨ ਵਿਚ। ਉਹਨੇ ਆਪਣੇ ਪ੍ਰਸ਼ਾਦਾ ਛਕਿਆ ਤੇ ਆਪਣੇ ਪਿਤਾ ਦਾ ਪ੍ਰਸ਼ਾਦਾ ਲੈ ਕੇ ਚਲੀ ਗਈ। ਇਹ ਪ੍ਰੇਮੀ ਜਾਂਦਾ-ਜਾਂਦਾ ਉਸ ਬੰਦੇ ਕੋਲ ਚਲਿਆ ਗਿਆ ਉਹਨੂੰ ਕਹਿਣ ਲੱਗਿਆ ਕਿ ਮੈਨੂੰ ਪੈਸਿਆਂ ਦੀ ਲੋੜ ਹੈ, ਮੈਂ ਨਾਲ ਦੇ ਦੇਸ਼ ਵਿਚੋਂ ਆਇਆ ਹਾਂ। ਉਸਨੇ ਪੁਛਿਆ ਕਿ ਕੀ ਕੰਮ ਕਰਨਾ ਹੈ? ਕਹਿਣ ਲੱਗਿਆ, ਮੈਂ ਵਪਾਰ ਕਰਨਾ ਹੈ, ਮੈਨੂੰ ਕਿਤੋਂ ਪੈਸਾ ਨਹੀਂ ਮਿਲਦਾ ਤੇ ਮੈਨੂੰ ਪਤਾ ਲੱਗਿਆ ਸੀ ਕਿ ਤੁਹਾਡੇ ਦੇਸ਼ ਵਲ ਪੈਸਾ ਦੇ ਦਿੰਦੇ ਨੇ। ਉਹ ਕਹਿਣ ਲੱਗਿਆ ਕਿ ਕਿੰਨਾ ਪੈਸਾ ਚਾਹੀਦਾ ਹੈ? ਇਸ ਨੇ ਕਿਹਾ ਕਿ ਦੱਸ ਹਜ਼ਾਰ ਮਿਲ ਜਾਏ। ਉਹਨੇ ਨੌਕਰ ਨੂੰ ਕਿਹਾ ਕਿ ਐਉਂ ਕਰ ਦੱਸ ਹਜ਼ਾਰ ਦੀ ਥੈਲੀ ਚੁੱਕ ਲਿਆ। ਉਹ ਥੈਲੀ ਚੁੱਕ ਲਿਆਇਆ ਇਹਨੇ ਗੱਲ ਚਲਾ ਲਈ ਇਹ ਕਹਿਣ ਲੱਗਿਆ, ਸੇਠ ਜੀ! ਮੈਂ ਇਕ ਅਜੀਬ ਗੱਲ ਦੇਖੀ ਹੈ, ਮੈਂ ਤੁਰਿਆ ਆਉਂਦਾ ਸੀ ਉਥੇ ਹਲ ਚਲਾਉਂਦੇ ਸੀ ਦੋ ਜਣੇ, ਇਕ ਪਿਉ ਸੀ ਇਕ ਪੁੱਤਰ ਸੀ। ਪੁੱਤਰ ਨੂੰ ਪਤਾ ਨਹੀਂ ਕੀ ਹੋਇਆ, ਉਹ ਗਿਰਦੇ ਸਾਰ ਮਰ ਗਿਆ। ਉਹਦੇ ਪਿਤਾ ਨੇ ਮੈਨੂੰ ਸੁਨੇਹਾ ਦਿਤਾ ਕਿ ਘਰ ਕਹਿ ਦੇਈਂ ਕਿ ਮੇਰੀ ਇੱਕਲੇ ਦੀ ਰੋਟੀ ਲਿਆਵੇ ਤੇ ਆਪਣੇ ਪਤੀ ਦੀ ਨਾ ਲਿਆਵੇ, ਨੂੰਹ ਨੂੰ ਸੁਨੇਹਾ ਦਿਤਾ। ਕਹਿੰਦਾ ਮੈਂ ਹੈਰਾਨ ਹੋ ਗਿਆ ਕਿ ਬਜ਼ੁਰਗ ਰੋਇਆ ਹੀ ਨਹੀਂ ਤੇ ਉਵੇਂ ਜਿਵੇਂ ਪੁੱਤਰ ਨੂੰ ਪਰ੍ਹੇ ਚੁੱਕ ਕੇ ਕਰ ਦਿਤਾ। ਬਲਦ ਪਰ੍ਹੇ ਬੰਨ੍ਹ ਦਿਤੇ ਤੇ ਆਪ ਹਲ ਚਲਾਉਣ ਲਗ ਪਿਆ। ਕਹਿੰਦਾ, ਜਦੋਂ ਮੈਂ ਸੁਨੇਹਾ ਦੇਣ ਲੱਗਿਆ, ਨੂੰਹ ਪ੍ਰਸ਼ਾਦੇ ਲਈ ਜਾਂਦੀ ਸੀ ਤਾਂ ਮੈਂ ਉਸਨੂੰ ਸੁਨੇਹਾ ਦਿਤਾ, ਉਸ ਨੇ ਸੁਣਦੇ ਸਾਰ ਕਹਿਣ ਲੱਗੀ ਕਿ ਤਾਂ ਫੇਰ ਮੈਂ ਆਪਣਾ ਪ੍ਰਸ਼ਾਦਾ ਇਥੇ ਹੀ ਛਕ ਲੈਂਦੀ ਹਾਂ ਅੱਜ ਮੈਂ ਖਾ ਕੇ ਨਹੀਂ ਸੀ ਆਈ। ਕਹਿੰਦਾ, ਬੜੇ ਪੱਥਰਾਂ ਦੇ ਦਿਲ ਲੱਗੇ ਹੋਏ ਨੇ ਇਨ੍ਹਾਂ ਦੇ।

ਉਸ ਨੇ ਕਿਹਾ ਕਿ ਤੁਸੀਂ ਕੀ ਕਰਦੇ ਹੁੰਦੇ ਓਂ? ਕਹਿਣ ਲੱਗਿਆ, ਸਾਡੇ ਜੇ ਹੋ ਜਾਏ ਅਸੀਂ ਤਾਂ ਰੋਟੀ ਹੀ ਨਹੀਂ ਖਾਂਦੇ, ਪਿੱਟ-ਪਿੱਟ ਮਰ ਜਾਂਦੇ ਹਾਂ, ਛਾਤੀਆਂ ਪਿਟਦੇ ਹਾਂ, ਸਿਆਪੇ ਕਰਦੇ ਹਾਂ ਬਹੁਤ, ਕਿੰਨੇ ਦਿਨ ਸੋਗ ਪਿਆ ਰਹਿੰਦਾ ਹੈ, ਸਾਡੇ ਤਾਂ ਆਹ ਰਿਵਾਜ ਹੈ। ਜੇ ਬਜ਼ੁਰਗ ਵੀ ਚਲਿਆ ਜਾਵੇ ਤਾਂ ਵੀ ਅਸੀਂ ਰੋਟੀ ਨਹੀਂ ਖਾਂਦੇ। ਇਹ ਤਾਂ ਜੁਆਨ ਮੌਤ ਹੋਈ ਹੈ। ਅਸੀਂ ਤਾਂ ਫੇਰ ਕਿਸੇ ਨੂੰ ਹਰੀ ਦਾ ਜਸ ਵੀ ਨਹੀਂ ਕਰਨ ਦਿੰਦੇ, ਨਾ ਭਾਈ ਬਾਣੀ ਨਾ ਪੜ੍ਹ ਕੀਰਤਨ ਵੀ ਨਾ ਕਰ। ਇਥੇ ਮੌਤ ਹੋ ਗਈ ਹੈ ਸਾਡੇ ਪੜੌਸ ਵਿਚ। ਨੌਕਰ ਨੂੰ ਉਹਨੇ ਇਸ਼ਾਰਾ ਕਰਿਆ ਕਿ ਆਹ ਪੈਸੇ ਚੁੱਕ ਕੇ ਲੈ ਜਾ। ਉਹ ਪੈਸੇ ਚੁੱਕ ਕੇ ਲੈ ਗਿਆ ਜਿਹੜੇ ਉਹਨੂੰ ਦੇਣ ਲੱਗਿਆ ਸੀ ਦੱਸ ਹਜ਼ਾਰ ਰੁਪਿਆ।

ਕਾਫੀ ਦੇਰ ਬੈਠਾ ਰਿਹਾ ਕਹਿਣ ਲੱਗਿਆ, ਸੇਠ ਜੀ! ਤੁਸੀਂ ਪੈਸੇ ਨਹੀਂ ਦਿੱਤੇ? ਕਹਿੰਦਾ, ਪ੍ਰੇਮੀਆ! ਅਸੀਂ ਤੈਨੂੰ ਪੈਸੇ ਨਹੀਂ ਦੇਣੇ। ਕਹਿੰਦਾ ਕਿਉਂ? ਉਹ ਕਹਿੰਦਾ, ਤੁਸੀਂ ਪ੍ਰਮੇਸ਼ਰ ਦੀ ਦਿਤੀ ਹੋਈ ਦਾਤ ਜੇ ਤੁਸੀਂ ਉਹਨੂੰ ਵਾਪਸ ਕਰਨ ਵੇਲੇ ਐਨਾ ਚੱਕਰ ਪਾਉਂਦੇ ਓਂ, ਐਨਾ ਰੋਂਦੇ ਓਂ, ਪਿਟਦੇ ਓਂ -

*ਦਸ ਬਸਤੂ ਲੇ ਪਾਛੈ ਪਾਵੈ ॥*
*ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥*
*ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥*
*ਤਉ ਮੂੜਾ ਕਹੁ ਕਹਾ ਕਰੇਇ ॥*
*ਜਿਸੁ ਠਾਕੁਰ ਸਿਉ ਨਾਹੀ ਚਾਰਾ ॥*
*ਤਾ ਕਉ ਕੀਜੈ ਸਦ ਨਮਸਕਾਰਾ ॥*
*ਜਾ ਕੈ ਮਨਿ ਲਾਗਾ ਪ੍ਰਭੁ ਮੀਠਾ ॥*
*ਸਰਬ ਸੂਖ ਤਾਹੂ ਮਨਿ ਵੂਠਾ ॥*
*ਜਿਸੁ ਜਨ ਅਪਨਾ ਹੁਕਮੁ ਮਨਾਇਆ ॥*
*ਸਰਬ ਥੋਕ ਨਾਨਕ ਤਿਨਿ ਪਾਇਆ ॥*

*ਅੰਗ - ੨੬੮*

ਪੁੱਤਰ ਤੁਹਾਡਾ ਹੁੰਦੈ? ਉਹ ਤਾਂ ਵਾਹਿਗੁਰੂ ਦਾ ਦਿਤਾ ਹੋਇਆ ਹੈ, ਵਾਹਿਗੁਰੂ ਨੇ ਆਪਣਾ ਦਿਤਾ ਵਾਪਸ ਮੰਗ ਲਿਆ, ਉਹ ਖੁਸ਼ੀ ਨਾਲ ਦੇਣਾ ਚਾਹੀਦਾ ਹੈ ਕਿ ਪਿੱਟ-ਪਿੱਟ ਕੇ ਦੇਣਾ ਚਾਹੀਦਾ ਹੈ। ਤੁਸੀਂ ਤਾਂ ਬੜੇ ਮਾੜੇ ਬੰਦੇ ਓਂ, ਫੇਰ ਮੇਰਾ ਉਧਾਰ ਤੂੰ ਕਿਥੋਂ ਮੋੜ ਦਏਂਗਾ। ਉਧਾਰ ਮੋੜਨ ਵੇਲੇ ਤੂੰ ਰੌਲਾ ਪਾਏਂਗਾ, ਜਾਹ ਤੈਨੂੰ ਨਹੀਂ ਅਸੀਂ ਦਿੰਦੇ।

ਸੋ ਭਾਈ ਭਿਖਾਰੀ ਕਹਿਣ ਲੱਗਿਆ, ਗੁਰਮੁਖਾ! ਇਹ ਤਾਂ ਦਾਤ ਸੀ ਪ੍ਰਮੇਸ਼ਰ ਦੀ। ਦਿਤੀ ਸੀ ਤਾਂ ਵੀ ਉਹਦੀ ਦਾਤ ਸੀ, ਸਾਨੂੰ ਉਹਦੀ ਖੁਸ਼ੀ ਕਾਹਦੀ ਹੈ, ਸਾਡਾ ਫਰਜ਼ ਸੀ, ਪੁੱਤਰ ਆਇਆ ਇਹਨੂੰ ਪਾਲਾ ਪੋਸਾਂਗੇ ਠੀਕ ਹੈ। ਹੁਣ ਉਹਨੇ ਵਾਪਸ ਲੈ ਲਈ ਤਾਂ ਹੁਣ ਰੋਣਾ ਕਿਹੜੀ ਗੱਲ ਦਾ ਹੋਇਆ? ਇਹ ਤਾਂ ਵਾਹਿਗੁਰੂ ਦੀ ਦਾਤ ਵਾਹਿਗੁਰੂ ਨੇ ਲੈ ਲਈ ਹੁਣ ਰੌਲਾ ਰੱਪਾ ਤਾਂ ਕੋਈ ਹੈ ਨਹੀਂ ਨਾ।

*ਦਸ ਬਸਤੂ ਲੇ ਪਾਛੈ ਪਾਵੈ ॥*
*ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥*

*ਅੰਗ - ੨੬੮*

ਜੇ ਸਾਰੇ ਹੀ ਲੈ ਲਏ ਫੇਰ ਅਸੀਂ ਕੀ ਕਰ ਸਕਦੇ ਹਾਂ। ਸੋ ਮਹਾਰਾਜ ਕਹਿੰਦੇ -

*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ॥ ਅੰਗ - ੨੭੫*

ਅਨੰਦ ਦੀ ਬਿਰਤੀ ਵਿਚ ਰਹਿੰਦੇ ਨੇ।

ਭਾਈ ਗੜ੍ਹੀਆ ਗੁਰੂ ਛੇਵੇਂ ਪਾਤਸ਼ਾਹ ਨੇ ਭੇਜ ਦਿਤਾ, ਭਾਈ ਗੜ੍ਹੀਆਂ ਕਸ਼ਮੀਰ ਜਾਹ, ਕਈ ਸਾਲਾਂ ਦਾ ਉਥੋਂ ਦਸਵੰਧ ਨਹੀਂ ਆਇਆ, ਸੁਨੇਹੇ ਆ ਰਹੇ ਨੇ, ਤੇ ਤੂੰ ਜਾ ਕੇ ਦਸਵੰਧ ਲੈ ਆ ਤੇ ਨਾਲੇ ਉਥੇ ਰਹਿ ਸਿੱਖੀ ਦਾ ਪ੍ਰਚਾਰ ਕਰੀ ਜਾਹ। ਉਥੇ ਜਾ ਕੇ ਭਾਈ ਗੜ੍ਹੀਆ ਪੀਰ ਦੌਲੇ ਕੋਲ ਚਲਿਆ ਗਿਆ, ਗੁਜ਼ਰਾਤ ਦਾ ਪੀਰ, ਬੜਾ ਕਰਾਮਾਤੀ ਪੀਰ ਸੀ। ਉਹਦਾ ਇਕ ਚੇਲਾ ਸੀ ਜਹਾਂਗੀਰ, ਉਹ ਬਹੁਤੀਆਂ ਹੀ ਕਰਾਮਾਤਾਂ ਦਿਖਾਉਂਦਾ ਸੀ, ਸਾਰੀ ਦੁਨੀਆਂ ਪਿਛੇ ਲਾਈ ਹੋਈ ਸੀ ਸ਼ਕਤੀਆਂ ਦਿਖਾ-ਦਿਖਾ ਕੇ। ਉਥੇ ਰਿਹਾ ਤਾਂ ਪੀਰ ਦੌਲੇ ਨੂੰ ਪਤਾ ਲਗਿਆ ਕਿ ਗੁਰੂ ਦਾ ਸਿੱਖ ਆਇਆ ਹੈ। ਬੜੇ ਪਿਆਰ ਤੇ ਆਦਰ ਸਤਿਕਾਰ ਨਾਲ ਉਸਨੇ ਆਪਣੇ ਡੇਰੇ ਵਿਚ ਰਹਿਣ ਨੂੰ ਥਾਉਂ ਦਿਤਾ, ਪ੍ਰਸ਼ਾਦ ਪਾਣੀ ਜਲ ਦੀ ਸਭ ਸੇਵਾ ਕਰਦਾ ਰਿਹਾ। ਵਸਤਰ ਧੁਆਏ ਉਨ੍ਹਾਂ ਦੇ ਹੋਰ ਥਕੇਵਾਂ ਲਾਹਿਆ ਤੇ ਸੁਖਮਨੀ ਸਾਹਿਬ ਰੋਜ਼ ਸੁਣਿਆ ਕਰੇ ਉਨ੍ਹਾਂ ਤੋਂ। ਜਦੋਂ ਉਹ ਜਾਣ ਉਦੋਂ ਹੀ ਕਹਿਣ ਕਿ ਮੇਰਾ ਸੁਖਮਨੀ ਸਾਹਿਬ ਦਾ ਨੇਮ ਟੁੱਟ ਜਾਏਗਾ। ਮੈਨੂੰ ਸੁਖਮਨੀ ਸਾਹਿਬ ਸੁਣਾਓ। ਸੋ ਸੁਖਮਨੀ ਸਾਹਿਬ ਕਈ ਦਿਨ ਰਹਿ ਕੇ ਸੁਣਾਉਂਦੇ ਰਿਹਾ, ਹੋਰ ਬਾਣੀ ਦੀ ਵਿਚਾਰ ਚਲਦੀ ਰਹੀ। ਜਦੋਂ ਜਾਣ ਲੱਗੇ ਤਾਂ ਇਹ ਪੀਰ ਦੌਲੇ ਸ਼ਾਹ ਛੱਡਣ ਵਾਸਤੇ ਬਾਹਰ ਆਇਆ, ਕੱਚੇ ਰਾਹ ਸੀ ਤੇ ਇਨ੍ਹਾਂ ਦੀ ਜੁੱਤੀ ਦੀ ਅੱਡੀ ਟੁਟੀ ਹੋਈ ਸੀ ਤੇ ਪਿਛੋਂ ਛਿੱਤਰ ਬਣਿਆ ਹੋਇਆ ਸੀ ਜਦੋਂ ਇਹ ਤੁਰਨ ਅੱਡੀ ਦੇ ਵਿਚੋਂ ਮਿੱਟੀ ਪੈ ਜਾਵੇ, ਜਦੋਂ ਇਹ ਪੈਰ ਪੁੱਟਣ ਉਹ ਚੁੱਕ ਕੇ ਉਤੇ ਮਾਰੇ। ਪਿਛਲੇ ਪਾਸੇ ਧੂੜ ਹੀ ਧੂੜ ਭਰ ਗਈ। ਮਨ ਵਿਚ ਖਿਆਲ ਆਇਆ ਕਿ ਗੁਰੂ ਦੇ ਸਿੱਖ ਨੂੰ ਗੁਰੂ ਨੇ ਕੁਛ ਕਪੜੇ ਲੀੜੇ ਦਿਤੇ ਨਹੀਂ ਹਨ। ਪੁਰਾਣੇ ਕੱਪੜਾ ਪਾਈ ਫਿਰਦਾ ਹੈ, ਟੁੱਟੀ ਹੋਈ ਜੁੱਤੀ ਪਾਈ ਹੈ। ਜੇ ਮੈਂ ਕੋਈ ਮਾਇਆ ਦੇ ਦੇਵਾਂ ਤਾਂ ਇਹਦਾ ਕੋਈ ਕੰਮ ਚਲ ਜਾਵੇ। ਉਸ ਵੇਲੇ ਕਹਿਣ ਲੱਗਿਆ ਕਿ ਭਾਈ ਗੜ੍ਹੀਆ ਤੂੰ ਮੈਨੂੰ ਦੱਸਣਾ ਸੀ, ਇਥੇ ਜੋੜਿਆਂ ਦਾ ਕੋਈ ਘਾਟਾ ਹੈ, ਸਾਡੇ ਕੋਲ ਤਾਂ ਬੇਅੰਤ ਨੇ। ਨਵਾਂ ਜੋੜਾ ਤੇ ਵਸਤਰ ਤੈਨੂੰ ਦੇ ਦਿੰਦੇ, ਮੈਂ ਵੀ ਧਿਆਨ ਨਹੀਂ ਕਰਿਆ। ਮੈਨੂੰ ਹੁਣੇ ਧਿਆਨ ਆਇਆ। ਐਉਂ ਕਰ ਆਹ ਸਾਮ੍ਹਣੇ ਦੇਖ ਹਲ ਵਾਹਿਆ ਪਿਆ ਹੈ, ਆਹ ਜਿਹੜਾ ਡਲਾ ਹੈ ਚੁੱਕ ਲੈ। ਭਾਈ ਗੜ੍ਹੀਏ ਨੇ ਜਦੋਂ ਦੇਖਿਆ ਕਿ ਡਲਾ ਸੋਨੇ ਦਾ ਬਣਾ ਦਿਤਾ ਉਹਨੇ। ਦੇਖਿਆ, ਦੇਖ ਕੇ ਧਿਆਨ ਹੀ ਨਾ ਦਿਤਾ। ਕਹਿੰਦਾ, ਭਾਈ! ਗੜ੍ਹੀਆ! ਮੇਰੀ ਬੇਨਤੀ ਸੁਣ, ਆਹ ਡਲਾ ਚੁੱਕ ਲੈ, ਇਹਦੇ ਵਸਤਰ ਲੈ ਲਈਂ, ਜੋੜੇ ਲੈ ਲਈਂ, ਸਵਾਰੀ ਵਾਸਤੇ ਘੋੜਾ ਲੈ ਲਈਂ ਹੋਰ ਵਰਤ ਲਈਂ ਜਿੱਥੇ ਵਰਤਣਾ ਹੈ ਤੂੰ। ਭਾਈ ਗੜ੍ਹੀਆ ਕਹਿੰਦਾ ਕਿ ਲੋੜ ਨਹੀਂ ਸਾਨੂੰ। ਕਹਿੰਦਾ ਲੋੜ

ਕਿਉਂ ਨਹੀਂ ਹੈ? ਉਸ ਨੇ ਕਿਹਾ ਕਿ ਸਾਨੂੰ ਜ਼ਰੂਰਤ ਨਹੀਂ ਹੈ ਇਸ ਚੀਜ਼ ਦੀ, ਠੀਕ ਹੈ ਅਸੀਂ ਆਪਣੀ ਮੌਜ ਵਿਚ ਮਸਤ ਹਾਂ ਜਿਵੇਂ ਹੈਗੇ, ਹੈਗੇ। ਉਸ ਵਕਤ ਭਾਈ ਗੜ੍ਹੀਏ ਨੇ ਕਿਹਾ ਪੀਰ ਜੀ! ਕਿਹੜੇ ਡਲੇ ਦੀ ਗੱਲ ਕਰਦੇ ਓਂ ਤੁਸੀਂ, ਕਿਹੜਾ ਚੁੱਕਣਾ ਹੈ ਦੱਸੋ ਤਾਂ ਸਹੀ। ਜਦੋਂ ਪੀਰ ਨੇ ਉਸ ਡਲੇ ਵਲ ਨੂੰ ਦੇਖਣ ਦਾ ਜਤਨ ਕਰਿਆ, ਹੈਰਾਨ ਹੋ ਗਿਆ ਕਿ ਇਹ ਤਾਂ ਸਾਰੇ ਹੀ ਡਲੇ ਜਿੰਨੇ ਵੀ ਪਏ ਨੇ ਇਹ ਤਾਂ ਸਾਰੇ ਹੀ ਸੋਨੇ ਨਾਲ ਝਿਲਮਿਲ-ਝਿਲਮਿਲ ਹੋ ਰਹੀ ਹੈ। ਹੁਣ ਕਿਹੜਾ ਦੱਸੇ ਕਿ ਆਹ ਚੁੱਕ ਲੈ। ਉਹਨੇ ਦੇਖ ਲਿਆ ਕਿ ਸਿੱਖ ਵਿਚ ਐਨੀ ਸ਼ਕਤੀ ਹੈ, ਮੈਂ ਤਾਂ ਇਕ ਡਲਾ ਹੀ ਸੋਨੇ ਦਾ ਬਣਾਇਆ ਹੈ, ਇਹਨੇ ਦ੍ਰਿਸ਼ਟੀ ਕਰਕੇ ਸਾਰਾ ਖੇਤ ਹੀ ਸੋਨੇ ਦਾ ਬਣਾ ਦਿਤਾ। ਸੋ ਕਹਿੰਦੇ ਲੋੜ ਨਹੀਂ ਹੈ, ਇਹ ਵੀ ਮਿੱਟੀ ਹੈ ਉਹ ਵੀ ਮਿਟੀ ਹੈ -

*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*

*ਅੰਗ - ੨੭੫*

ਬਾਬਾ ਖੁਦਾ ਸਿੰਘ ਜੀ ਮਹਾਰਾਜ ਪਟਿਆਲੇ ਗਏ ਹੋਏ ਨੇ ਆਪ ਉਥੇ ਆਪ ਦੇ ਦੀਵਾਨ ਲਗਦੇ ਨੇ, ਉਥੇ ਕਥਾ ਹੁੰਦੀ ਹੈ, ਮਹਾਰਾਜਾ ਕਥਾ ਸੁਣਨ ਵਾਸਤੇ ਆਉਂਦਾ ਹੈ, ਉਥੇ ਜਿਹੜੇ ਪਹਿਲੇ ਰਾਜੇ ਸੀ ਸਿੱਖ ਰਾਜੇ, ਇਨ੍ਹਾਂ ਦੇ ਦਰਬਾਰ ਵਿਚ ਬ੍ਰਾਹਮਣ, ਸੰਸਕ੍ਰਿਤ ਨੂੰ ਜਾਨਣ ਵਾਲੇ, ਵੱਡੇ-ਵੱਡੇ ਬ੍ਰਾਹਮਣ ਕਵੀ ਇਹ ਰੱਖਿਆ ਕਰਦੇ ਸੀ, ਉਹ ਆਪਣੇ ਅਸਰ ਵਿਚ ਰੱਖਿਆ ਕਰਦੇ ਸੀ ਰਾਜੇ ਨੂੰ। ਉਨ੍ਹਾਂ ਨੂੰ ਸੁਣਾਉਂਦੇ ਰਹਿੰਦੇ ਸੀ ਆਪਣੇ ਹਿਸਾਬ ਦੀਆਂ ਗੱਲਾਂ। ਇਸੇ ਕਰਕੇ ਸਿੱਖੀ ਇਨ੍ਹਾਂ ਦੇ ਵੇਲੇ ਨਿਖਰੀ ਨਹੀਂ ਸੀ। ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਦੇ ਵਿਚ ਰਲਾਅ ਹੋ ਜਾਂਦਾ ਸੀ, ਸਾਖੀਆਂ ਦੇ ਵਿਚ ਰਲਾਅ ਕਰ ਦਿਤੇ ਬਹੁਤ, ਵਹਿਮ ਪ੍ਰਸਤੀ ਵਿਚ ਪਾ ਦਿਤਾ। ਕਿਉਂਕਿ ਸੂਰਜ ਪ੍ਰਕਾਸ਼ ਭਾਈ ਸੰਤੋਖ ਸਿੰਘ ਜੀ ਤੋਂ ਬਾਅਦ 25-26 ਸਾਲ ਅਣਛਪਿਆ ਪਿਆ ਰਿਹਾ, ਉਹਦੇ ਵਿਚ ਵਿਦਵਾਨਾਂ ਨੇ ਬੜੀਆਂ ਗੱਲਾਂ ਪਾ ਦਿਤੀਆਂ। ਕਿਤੇ ਐਹੋ ਜਿਹੀਆਂ ਗੱਲਾਂ ਪਾ ਦਿਤੀਆਂ ਕਿ ਸਾਹਿਬਜ਼ਾਦੇ ਜਾਂਦੇ ਨੇ ਯੁੱਧ ਨੂੰ ਛੋਟੇ, ਹੈ ਤਾਂ ਬਹਾਦਰੀ ਚੌਦਾਂ ਸਾਲ ਦੀ ਉਮਰ ਦੇ ਵਿਚ ਐਨੇ ਲੱਖਾਂ ਫੌਜ ਦੇ ਨਾਲ ਮੁਕਾਬਲਾ ਕਰਨ ਜਾਣਾ, ਮਾਮੂਲੀ ਗੱਲ ਹੈ? ਲੇਕਿਨ ਉਹਦੇ ਵਿਚ ਮਿਲਾਵਟ ਕੀ ਕਰੀ ਕਿ ਜਦੋਂ ਦੁਸ਼ਮਣ ਨੂੰ ਦੇਖਿਆ ਤਾਂ ਸਾਹ ਸੁੱਕ ਗਿਆ ਉਨ੍ਹਾਂ ਦਾ ਤੇ ਉਹਨੂੰ ਪਾਣੀ ਦੀ ਪਿਆਸ ਲੱਗ ਆਈ। ਗੁਰੂ ਮਹਾਰਾਜ ਦੇ ਕੋਲ ਨੂੰ ਪਿਛੇ ਮੁੜ ਕੇ ਗਏ, ਮਹਾਰਾਜ ਨੇ ਆਵਾਜ਼ ਦਿਤੀ ਕਿ ਤੂੰ ਕਿਉਂ ਮੁੜਿਆ ਆਉਂਦਾ ਹੈਂ, ਕਹਿੰਦਾ ਮੈਨੂੰ ਪਾਣੀ ਦੀ ਪਿਆਸ ਲੱਗੀ ਹੈ, ਮਹਾਰਾਜ ਨੇ ਕਿਹਾ ਕਿ ਪਾਣੀ ਤਾਂ ਤੇਰੇ ਭਰਾ ਕੋਲ ਭਰਿਆ ਪਿਆ ਹੈ, ਉਥੇ ਜਾਹ। ਗੱਲ ਤਾਂ ਬੜੀ ਛੁਪਾ ਕੇ ਕਰੀ ਹੋਈ ਹੈ ਇਹ।

ਸਾਨੂੰ ਬੜਾ ਦਰਦ ਆਉਂਦਾ ਹੈ ਕਿ ਜਦੋਂ ਇਹ ਗੱਲ ਸੁਣਦੇ ਕਿ ਮਹਾਰਾਜ ਨੇ ਪਾਣੀ ਨਾ ਦਿਤਾ। ਪਰ ਦੂਜੀ ਗੱਲ ਵੀ ਦੇਖੋ ਕਿ ਸਾਹਿਬਜ਼ਾਦਾ ਡਰ ਗਿਆ, ਡਰ ਕੇ ਸਾਹ ਸੁੱਕ ਗਿਆ। ਸੋ ਵਿੱਥ ਪਾ ਦਿਤੀ ਇਹੋ ਜਿਹੀਆਂ ਗੱਲਾਂ ਨੇ। ਮਾਤਾ ਗੁਜਰੀ ਜੀ ਬਾਰੇ ਲਿਖ ਦਿਤਾ ਕਿ ਬੁਰਜ ਤੋਂ ਛਾਲ ਮਾਰੀ ਉਨ੍ਹਾਂ ਨੇ।

ਉਹ ਯੋਗੀ ਸਨ ਮਾਤਾ ਗੁਜਰੀ ਜੀ, 28 ਸਾਲ ਗੁਰੂ ਨੌਵੇਂ ਪਾਤਸ਼ਾਹ ਦੇ ਦਰਵਾਜ਼ੇ ਤੇ ਬੈਠੇ ਰਹੇ, ਭੁੰਝੇ। ਮਹਾਰਾਜ ਜੀ ਨੇ ਅੰਦਰ ਤਪ ਕਰਿਆ, ਮਾਤਾ ਜੀ ਨੇ ਦਰਵਾਜ਼ੇ 'ਚ ਕਰਿਆ। ਜਦੋਂ ਗੁਰੂ ਮਹਾਰਾਜ ਐਡੀ ਤਪਸਿਆ ਕਰਦੇ ਨੇ, ਫੇਰ ਪਿਛਲੇ ਜਨਮ ਦੇ ਦੋਵੇਂ ਸਾਥੀ, ਉਥੇ ਵੀ ਦੋਵੇਂ ਤਪ ਕਰਦੇ ਸੀ, ਪਹਾੜਾਂ ਵਿਚ, ਰਾਜੇ ਸੀਗੇ, ਉਤਰਾਕਾਸ਼ੀ ਦੇ। ਉਹ ਮਾਤਾ ਨੂੰ ਛੋਟੀ ਕਰਨ ਵਾਸਤੇ ਇਤਿਹਾਸ ਵਾਲਿਆਂ ਨੇ ਲਿਖ ਦਿਤਾ ਕਿ ਛਾਲ ਮਾਰੀ। ਅੱਜਕਲ੍ਹ ਦੇ ਲਿਖਾਰੀ ਪ੍ਰੋਫੈਸਰ ਲਿਖਦੇ ਨੇ ਕਿ **heart fail** ਹੋ ਗਿਆ।

ਸਾਧਸੰਗਤ ਜੀ! ਉਹ ਯੋਗੀ ਸੀਗੇ। ਜੇ ਮਾਤਾ ਜੀਤੋ ਜੀ ਮਰਜ਼ੀ ਨਾਲ ਸਰੀਰ ਛੱਡ ਜਾਂਦੇ ਨੇ ਤੇ ਜਿਹੜੀ ਗੁਰੂ ਦੀ ਤੁਕ ਹੈ ਉਹ ਤਾਂ ਸਫਲੀ ਨਹੀਂ ਹੁੰਦੀ। ਮਹਾਰਾਜ ਐਉਂ ਕਹਿੰਦੇ ਨੇ -

*ਗੁਰਮੁਖਿ ਆਵੈ ਜਾਇ ਨਿਸੰਗੁ ॥ ਅੰਗ - ੯੩੨*

ਮਰਜ਼ੀ ਨਾਲ ਆਉਂਦੇ ਨੇ, ਮਰਜ਼ੀ ਨਾਲ ਚਲੇ ਜਾਂਦੇ ਨੇ। ਜੇ ਮਰਜ਼ੀ ਹੋਵੇ ਜਾ ਕੇ ਫੇਰ ਮੁੜ ਆਉਂਦੇ ਨੇ।

ਭਾਈ ਦਇਆ ਸਿੰਘ ਜੀ, ਗੁਰੂ ਦਸਮੇਸ਼ ਪਿਤਾ ਦੇ ਪਾਸ ਨੰਦੇੜ ਸਾਹਿਬ ਨੇ ਤੇ ਗੁਰੂ ਮਹਾਰਾਜ ਨੇ ਜਦੋਂ ਦੁਪਹਿਰ ਦਾ ਪ੍ਰਸ਼ਾਦਾ ਛਕ ਕੇ ਆਪ ਬਿਰਾਜਮਾਨ ਹੋਏ। ਉਸ ਵੇਲੇ ਆਵਾਜ਼ ਆਉਣੀ ਸ਼ੁਰੂ ਹੋ ਗਈ, ਮਹਾਰਾਜ ਨੇ ਕਿਹਾ ਕਿ ਭਾਈ, ਇਹ ਮਾਰੂ ਦੀ ਆਵਾਜ਼ ਕਿੱਥੋਂ ਆ ਰਹੀ ਹੈ।

"ਸੱਚੇ ਪਾਤਸ਼ਾਹ! ਭਾਈ ਦਇਆ ਸਿੰਘ ਜੀ ਚੜ੍ਹਾਈ ਕਰ ਗਏ।"

ਮਹਾਰਾਜ ਜੀ ਭਾਈ ਦਇਆ ਸਿੰਘ ਜੀ ਦੀ ਅਵਸਥਾ ਨੂੰ ਪੂਰੀ ਤਰ੍ਹਾਂ ਜਾਣਦੇ ਸੀ। ਤਾਂ ਹੀ ਤਾਂ ਪ੍ਰਮੁੱਖ ਪਿਆਰਾ ਸੀ, ਆਪਣਾ ਰੂਪ ਬਣਾਇਆ ਹੋਇਆ ਸੀ।

ਕਹਿੰਦੇ, ਜਾਓ ਭਾਈ ਦਇਆ ਸਿੰਘ ਜੀ ਨੂੰ ਕਹੋ ਸਾਨੂੰ ਮਿਲ ਕੇ ਜਾਣ।

ਗੁਰਸਿੱਖ ਗਿਆ ਜਾ ਕੇ ਆਵਾਜ਼ ਦਿਤੀ ਭਾਈ ਸਾਹਿਬ! ਗੁਰੂ ਦਸ਼ਮੇਸ਼ ਪਿਤਾ ਦਾ ਹੁਕਮ ਹੈ ਕਿ ਤੁਸੀਂ ਮਿਲ ਕੇ ਜਾਓ। ਵਾਹਿਗੁਰੂ-ਵਾਹਿਗੁਰੂ ਕਹਿ ਕੇ ਉਠ ਖੜ੍ਹੇ ਤੇ ਗੁਰੂ ਦਸ਼ਮੇਸ਼ ਪਿਤਾ ਦੇ ਪਾਸ ਆ ਗਏ। ਚਰਨਾਂ ਤੇ ਨਮਸ਼ਕਾਰ ਕਰੀ। ਕਹਿਣ ਲੱਗੇ, ਭਾਈ ਦਇਆ ਸਿੰਘਾ! ਬਚਪਨ ਤੋਂ ਆਪਾਂ ਸਾਥੀ ਚਲੇ ਆਉਂਦੇ ਹਾਂ, ਤੇਰੀ ਵੀ ਕਰਨੀ ਕਮਾਈ ਖਾਲਸੇ ਵਾਲੀ, ਮੇਰਾ ਰੂਪ ਹੈ ਖਾਲਸਾ।

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥*
*ਖ਼ਾਲਸੇ ਮਹਿ ਹੌਂ ਕਰਹੁ ਨਿਵਾਸ॥*

ਬੜਾ ਭੁਲੇਖਾ ਹੈ ਇਸ ਗੱਲ ਦੇ ਵਿਚ, ਅਸੀਂ ਹਰੇਕ ਨੂੰ ਕਹਿ ਦਿੰਦੇ ਹਾਂ ਕਿ ਚਾਹੇ ਸ਼ਰਾਬ ਪੀਣ ਵਾਲੇ ਬੈਠੇ ਹੋਣ, ਚਾਹੇ ਕੋਈ ਹੋਵੇ, ਕਹਿਣਗੇ ਖਾਲਸਾ ਜੀ ਤੁਸੀਂ ਗੁਰੂ ਸਾਹਿਬ ਦਾ ਰੂਪ ਹੋ। ਨਿੰਦਿਆ ਕਰਨ ਵਾਲੇ ਵੀ ਗੁਰੂ ਸਾਹਿਬ ਦਾ ਰੂਪ ਨੇ? ਸ਼ਰਾਬਾਂ ਪੀਣ ਵਾਲੇ ਵੀ, ਚੁਗਲੀਆਂ ਕਰਨ ਵਾਲੇ ਵੀ, ਭਰਾ ਮਾਰ ਕਰਨ ਵਾਲੇ ਵੀ ਗੁਰੂ ਦਾ ਰੂਪ ਨੇ? ਬਿਲਕੁਲ ਗਲਤ। ਗੁਰੂ ਦਾ ਰੂਪ ਤਾਂ ਖਾਲਸਾ ਹੈ, ਖਾਲਸਾ ਜਿਹੜਾ ਹੈ ਮਹਾਰਾਜ ਕਹਿੰਦੇ-

*ਪੂਰਨ ਜੋਤ ਜਗੈ ਘਟ ਮੈ,*
*ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥*

ਨਖਾਲਸਾਂ ਦੇ ਵਿਚੋਂ ਖਾਲਸ ਕੇਵਲ ਉਹ ਹੈ ਜਿਹਦੇ ਅੰਦਰ ਬ੍ਰਹਮਗਿਆਨ ਦੀ ਜੋਤ ਜਗ ਗਈ।

*ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*

*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*
*ਅੰਗ - ੩੯੭*

ਕਹਿੰਦੇ, ਬੜੀ ਉਚੀ ਅਵਸਥਾ ਦਾ ਗੁਰਸਿੱਖ ਹੈਂ ਪਿਆਰਿਆ। ਫੇਰ ਤੂੰ ਗੁਰਸਿੱਖ ਬਣ ਕੇ ਸਾਡੇ ਨਾਲ ਰਿਹਾ ਹੈ, ਹਰ ਥਾਂ ਤੇ ਅਸੀਂ ਤੈਨੂੰ ਭੇਜਦੇ ਰਹੇ ਹਾਂ, ਸਲਾਹ ਮਸ਼ਵਰਾ ਤੇਰਾ ਲੈਂਦੇ ਰਹੇ ਹਾਂ। ਇਤਿਹਾਸ ਪੜ੍ਹ ਲਓ ਜਿੰਨਾ ਭਾਈ ਦਇਆ ਸਿੰਘ ਨੂੰ ਗੁਰੂ ਦਸ਼ਵੇਂ ਪਾਤਸ਼ਾਹ ਮਹਾਰਾਜ ਨੇ ਬਾਰ-ਬਾਰ ਹੁਕਮ ਦਿਤੇ ਨੇ ਬਾਰ-ਬਾਰ ਥਾਂ ਤੇ ਭੇਜੇ ਨੇ, ਬਾਰ-ਬਾਰ ਗੁੰਝਲਦਾਰ ਗੱਲਾਂ ਹੱਲ ਕਰਨ ਨੂੰ ਕਿਹਾ ਹੈ, ਹੋਰ ਨਾਉਂ ਕਿਸੇ ਦਾ ਘੱਟ ਆਉਂਦਾ ਹੈ। ਕਹਿਣ ਲੱਗੇ, ਹੁਣ ਜਾਣ ਵੇਲੇ ਸਾਨੂੰ ਦੱਸਿਆ ਹੀ ਨਹੀਂ? ਮਿਲ ਕੇ ਨਾ ਗਏ ਤੁਸੀਂ?

ਕਹਿਣ ਲੱਗੇ, ਪਾਤਸ਼ਾਹ! ਏਧਰ ਵੀ ਤੁਸੀਂ ਤੇ ਓਧਰ ਵੀ ਤੁਸੀਂ। ਤੁਹਾਡਾ ਹੁਕਮ ਹੀ ਐਸਾ ਆ ਗਿਆ ਸੀ, ਫੇਰ ਕਹਿਣ ਲੱਗੇ ਕਿ ਚੰਗਾ ਭਾਈ ਦਇਆ ਸਿੰਘਾ ਸਾਡੀਆਂ ਖੁਸ਼ੀਆਂ ਨੇ, ਨਿਰੰਕਾਰ ਨੂੰ ਸਾਡਾ ਸੁਨੇਹਾ ਦੇ ਦੇਈਂ, ਜੋ ਅਸੀਂ ਮਾਛੀਵਾੜੇ ਦੇ ਜੰਗਲ ਵਿਚ -

*ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।*

ਸੋ ਭਾਈ ਦਇਆ ਸਿੰਘ ਜਾਂਦੇ ਨੇ, ਜਾ ਕੇ ਕੁਸ਼ਾ ਦਾ ਆਸਣ ਵਿਛਾ ਕੇ ਉਹਦੇ ਉਤੇ ਪੈ ਜਾਂਦੇ ਨੇ, ਵਾਹਿਗੁਰੂ-ਵਾਹਿਗੁਰੂ ਕਰਦੇ ਸਰੀਰ ਛੱਡ ਜਾਂਦੇ ਨੇ। ਵੀਹ ਦਿਨ ਬਾਅਦ ਵਿਚ ਗੁਰੂ ਮਹਾਰਾਜ ਵੀ ਆਪਣਾ ਪੰਜ ਭੂਤਕ ਚੋਲਾ ਅਲੋਪ ਕਰ ਦਿੰਦੇ। ਪੂਰੇ ਵੀਹ ਦਿਨ ਦਾ ਫਰਕ ਹੈ ਦੋਹਾਂ ਦਾ। ਸੋ ਇਸ ਤਰ੍ਹਾਂ ਦੇ ਨਾਲ ਆਉਂਦੇ ਨੇ ਮਰਜ਼ੀ ਦੇ ਨਾਲ, ਮਰਜ਼ੀ ਨਾਲ ਜਾਂਦੇ ਨੇ।

ਬਾਬਾ ਖੁਦਾ ਸਿੰਘ ਜੀ ਆਪ ਪਟਿਆਲੇ ਕਥਾ ਕਰ ਰਹੇ ਨੇ ਤੇ ਉਥੇ ਦੇ ਜਿਹੜੇ ਰਾਜ ਬ੍ਰਾਹਮਣ ਨੇ ਉਹ ਖਾਰ ਖਾਈ ਜਾਂਦੇ ਨੇ ਇਨ੍ਹਾਂ ਨੇ। ਹਰ ਵਕਤ ਖਾਰ ਖਾਂਦੇ ਨੇ ਕਿ ਮਹਾਰਾਜ ਕਿਤੇ ਇਨ੍ਹਾਂ ਦਾ ਸ਼ਰਧਾਲੂ ਨਾ ਹੋ ਜਾਵੇ। ਸੋ ਇਨ੍ਹਾਂ ਨੇ ਹੀ ਇਤਿਹਾਸ ਵਿਗਾੜਿਆ ਸੀ। ਇਕ ਦਿਨ ਬਾਬਾ ਜੀ ਆਹ ਸ਼ਬਦ ਦੀ ਕਥਾ ਕਰਦੇ ਸੀ -

*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਅੰਗ - ੨੭੫*

ਬ੍ਰਾਹਮਣ ਨੇ ਕਿਹਾ ਕਿ ਬਾਬਾ ਜੀ! ਇਹ ਤੁਕ ਤਾਂ ਠੀਕ ਹੈ, ਵਿਚਾਰਨ ਵਾਲੀ ਹੈ, ਇਹਦੇ ਅਰਥ ਹੋਰ ਹੋ ਸਕਦੇ ਨੇ। ਅਗਰ ਮਗਰ ਕਰਕੇ, ਸਿੱਧਾ ਨਹੀਂ ਕਿ ਜ਼ਹਿਰ ਵੀ ਉਹੀ ਜਿਹੀ ਤੇ ਅੰਮ੍ਰਿਤ ਵੀ ਓਹੋ ਜਿਹਾ।

ਬਾਬਾ ਜੀ ਕਹਿਣ ਲੱਗੇ ਕਿ ਨਹੀਂ ਪੰਡਤ ਜੀ! ਜਦੋਂ ਮੀਰਾ ਬਾਈ ਨੂੰ ਜ਼ਹਿਰ ਦਿਤੀ ਸੀ ਜ਼ਹਿਰ ਉਹਨੂੰ ਲੱਗੀ ਨਹੀਂ ਸੀ। ਜਦੋਂ ਮੀਰਾ ਬਾਈ ਕੋਲ ਸੱਪ ਭੇਜਿਆ ਸੀ ਉਸਨੇ ਬ੍ਰਹਮ ਰੂਪ ਉਸਨੂੰ ਦੇਖਿਆ ਸੀ। ਸੱਪ ਨੇ ਡੰਗ ਨਹੀਂ ਸੀ ਮਾਰਿਆ ਉਹਨੂੰ। ਦ੍ਰਿਸ਼ਟੀ ਜਿਹਦੀ ਖੁਲ੍ਹ ਗਈ ਪ੍ਰਮੇਸ਼ਰ ਨਜ਼ਰ ਆਉਂਦਾ ਹੈ, ਉਹਨੂੰ ਅੰਮ੍ਰਿਤ ਤੇ ਬਿਹੁ ਬਰਾਬਰ ਹੀ ਹੋਇਆ ਕਰਦੀ ਹੈ। ਬੜੀ ਬਹਿਸ ਕਰੀ ਉਹਨੇ, ਮਹਾਰਾਜਾ ਵੀ ਬੈਠਾ ਹੈ ਹੋਰ ਵੀ ਪਤਵੰਤੇ ਬੈਠੇ ਨੇ। ਦੂਸਰੇ ਦਿਨ ਫੇਰ ਉਹਨੇ ਇਹੀ ਕਥਾ ਛੇੜ ਲਈ ਕਿ ਬਾਬਾ ਜੀ! ਮੈਂ ਸਾਰੀ ਰਾਤ ਸੋਚਦਾ ਰਿਹਾ। ਜ਼ਹਿਰ ਤੇ ਅੰਮ੍ਰਿਤ ਇਕੋ ਜਿਹਾ ਨਹੀਂ ਹੁੰਦਾ। ਕਹਿਣ ਲੱਗਿਆ, ਮੇਰੇ ਕੋਲ ਗਲਾਸ ਹੈ ਜ਼ਹਿਰ ਦਾ, ਇਹਦੇ ਵਿਚ ਬਹੁਤ ਤੇਜ਼ ਜ਼ਹਿਰ ਹੈ, ਮਾੜੀ ਜਿਹੀ ਕੁੱਤੇ ਨੂੰ ਪਾ ਕੇ ਦੇਖੋ ਹੁਣੇ ਮਰ ਜਾਏਗਾ। ਜੇ ਜ਼ਹਿਰ ਤੇ ਅੰਮ੍ਰਿਤ ਇਕੋ ਜਿਹਾ ਹੈ ਤਾਂ ਕੋਈ ਬ੍ਰਹਮਗਿਆਨੀ ਨਿਕਲੇ ਜਿਹੜਾ ਪੀ ਲਵੇ।

ਉਸ ਵੇਲੇ ਬਾਬਾ ਜੀ ਕਹਿਣ ਲੱਗੇ ਕਿ ਪੰਡਤ ਜੀ! ਬ੍ਰਹਮਗਿਆਨੀ ਦੀ ਤਾਂ ਦ੍ਰਿਸ਼ਟੀ ਵਿਚ ਅੰਮ੍ਰਿਤ ਹੁੰਦਾ ਹੈ ਜੇ ਦ੍ਰਿਸ਼ਟੀ ਪੈ ਜਾਵੇ ਜ਼ਹਿਰ ਅੰਮ੍ਰਿਤ ਬਣ ਜਾਂਦੀ ਹੈ, ਅੰਮ੍ਰਿਤ ਜ਼ਹਿਰ ਨਹੀਂ ਕਦੇ ਵੀ ਬਣਦਾ। ਕਿਉਂਕਿ ਅੰਮ੍ਰਿਤ ਨੇ ਜ਼ਹਿਰ ਨੂੰ ਮਿਟਾਉਣਾ ਹੈ -

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥*
*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥*
*ਅੰਗ - ੫੩੮*

ਅੰਮ੍ਰਿਤ ਨੇ ਤਾਂ ਬਿਹੁ ਲਾਹੁਣੀ ਹੈ ਉਹਦੀ ਦ੍ਰਿਸ਼ਟੀ ਵਿਚ ਅੰਮ੍ਰਿਤ ਵਸਦਾ ਹੈ। ਕਹਿੰਦਾ ਜੇ ਇਹ ਗੱਲ ਹੈ ਤਾਂ ਦੀਵਾਨ ਵਿਚ ਕੋਈ ਬ੍ਰਹਮਗਿਆਨੀ ਹੈ ਤਾਂ ਪੀ ਕੇ ਦਿਖਾਵੇ। ਉਹ ਕਹਿੰਦੇ ਕਿ ਪੰਡਤ ਜੀ! ਕਾਹਨੂੰ ਅੰਤਵਾਰਾ ਲੈਂਦੇ ਹੋਂ ਤੁਸੀਂ ਸੰਗਤ ਦਾ ਮੈਂ ਹੀ ਪੀ ਲੈਂਦਾ ਹਾਂ। ਗਿਲਾਸ ਲੈ ਲਿਆ, ਜਿਵੇਂ ਸ਼ਰਬਤ ਪੀਈਦਾ ਹੈ ਐਉਂ ਪੀ ਗਏ ਬਾਬਾ ਜੀ। ਨਾ ਬੋਲ ਫਟਿਆ, ਨਾ ਕੋਈ ਗੱਲ ਹੋਈ ਓਵੇਂ ਜਿਵੇਂ ਕਥਾ ਕਰਦੇ ਰਹੇ। ਪੰਡਤ ਦੇਖ ਕੇ ਹੈਰਾਨ ਹੋ ਗਿਆ, ਮਾਫੀਆਂ ਮੰਗੇ ਕਿ ਮੈਂ ਬੜੀ ਭੁੱਲ ਕਰੀ ਪੂਰਨ ਮਹਾਂਪੁਰਸ਼ ਦਾ ਅੰਤਵਾਰਾ ਲੈ ਲਿਆ।

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*
*ਅੰਗ - ੨੭੫*

ਸੋ ਐਸ ਤਰ੍ਹਾਂ ਗੁਰੂ ਘਰ ਦੇ ਅੰਦਰ ਅਨੇਕ ਮਿਸਾਲਾਂ ਨੇ। ਰਵਿਦਾਸ ਜੀ ਨੇ ਕਿਹਾ, ਕਹਿੰਦੇ ਮਹਾਤਮਾ ਜੀ! ਤੁਸੀਂ ਆਪਣੇ ਜਿਹੜਾ ਪਾਰਸ ਰੱਖਿਆ ਹੋਇਆ ਹੈ ਨਾ ਇਹ ਲੈ ਜਾਓ। ਇਹਦੀ ਸਾਨੂੰ ਲੋੜ ਨਹੀਂ। ਸੋ ਲੈ ਲਿਆ। ਮਹਾਰਾਜ ਕਹਿੰਦੇ ਨੇ ਰਵਿਦਾਸ ਜੀ ਨੇ ਮਾਇਆ ਦਾ ਤਿਆਗ ਕਰਿਆ ਹੋਇਆ ਸੀ। ਤਿੰਨ ਕਿਸਮ ਦੀ ਮਾਇਆ - ਸੂਖਸ਼ਮ ਮਾਇਆ, ਸਥੂਲ ਮਾਇਆ, ਚੇਤਨ ਮਾਇਆ। ਤਿੰਨਾਂ ਦਾ ਹੀ ਅਸਰ ਨਹੀਂ ਸੀ ਹੁੰਦਾ। ਸੋ ਸਾਧੂ ਜਿਹੜੇ ਨੇ ਪੂਰਨ ਮਹਾਂਪੁਰਸ਼ ਉਹ ਮਾਇਆ ਦੇ ਨਾਲ ਡੋਲਾਏ ਨਹੀਂ ਜਾ ਸਕਦੇ।

*ਮਾਈ ਮਾਇਆ ਛਲੁ ॥*
*ਤ੍ਰਿਣ ਕੀ ਅਗਨਿ ਮੇਘ ਕੀ ਛਾਇਆ*
*ਗੋਬਿਦ ਭਜਨ ਬਿਨੁ ਹੜ ਕਾ ਜਲੁ ॥*
*ਅੰਗ - ੭੧੭*

ਮਹਾਰਾਜ ਕਹਿੰਦੇ ਚਾਹੇ ਸੂਖਸ਼ਮ ਮਾਇਆ ਹੈ, ਚਾਹੇ ਸਥੂਲ ਮਾਇਆ ਹੈ, ਚਾਹੇ ਚੇਤਨ ਮਾਇਆ ਹੈ, ਚਾਹੇ ਜੜ੍ਹ ਮਾਇਆ ਇਹ ਛਲ ਹੋਇਆ ਕਰਦਾ ਹੈ।

ਇਕ ਵਾਰੀ ਆਹ ਜਿਹੜੇ ਸਾਡੇ ਸੇਠ ਨੇ ਵਿਰਲਾ ਟਾਟਾ ਵਾਲੇ, ਇਕ ਸੰਤ ਹੁੰਦੇ ਗੁਲਾਬ ਦਾਸ। ਕਪੂਲਥਲੇ ਦੇ ਏਰੀਏ ਵਿਚ ਹੁੰਦੇ। ਇਹਨੇ ਉਨ੍ਹਾਂ ਦੀ ਮਹਿਮਾ ਸੁਣੀ ਤੇ ਲੱਖ ਰੁਪਿਆ ਭੇਜਿਆ, ਵਿਰੱਕਤ ਸੀਗੇ ਉਹ। ਪੈਸੇ ਨੂੰ ਹੱਥ ਨਹੀਂ ਸੀ ਲਾਉਂਦੇ ਨਾ ਕੋਈ ਕੰਮ ਕਰਦੇ ਸੀ। ਅੱਜ ਇਥੇ, ਕਲ੍ਹ ਓਥੇ, ਪੰਜਵੇਂ ਉਥੇ। ਤੁਰਦੇ ਫਿਰਦੇ ਮਹਾਂਪੁਰਸ਼ ਸੀ, ਉਹਨੇ ਆਪਣੇ ਮੈਨੇਜਰ ਭੇਜ ਦਿਤੇ ਕਿ ਜਾਓ ਜਾ ਕੇ ਉਨ੍ਹਾਂ ਨੂੰ ਇਕ ਲੱਖ ਰੁਪਿਆ ਭੇਟਾ ਕਰਕੇ ਆਓ। ਉਨ੍ਹਾਂ ਦਿਨਾਂ ਵਿਚ ਇਕ ਲੱਖ ਰੁਪਿਆ ਹੁਣ ਦੇ 50 ਲੱਖ ਵਰਗਾ ਸੀ। ਉਹ ਕਪੂਰਥਲੇ ਆ ਜਾਂਦੇ ਨੇ। ਆ ਕੇ ਸੰਤਾਂ ਦਾ ਪਤਾ ਕਰਿਆ, ਸੰਤਾਂ ਨੂੰ ਪਹਿਲਾਂ ਹੀ ਪਤਾ ਲੱਗ ਗਿਆ ਅੰਦਰੋਂ ਹੀ, ਕਿ ਮੈਨੂੰ ਹੁਣ ਡੰਗਣ ਵਾਸਤੇ ਨਾਗਣੀ ਲੈ ਕੇ ਆ ਰਹੇ ਨੇ। ਉਹ ਪਹਿਲਾਂ ਹੀ ਚਲੇ ਗਏ। ਪਤਾ ਲੱਗਿਆ, ਇਹ ਉਥੇ ਚਲੇ ਗਏ। ਉਨ੍ਹਾਂ 'ਚ ਇਕ ਗੱਲ ਸੀ ਕਿ ਉਹ ਪੁਲ ਤੋਂ ਨਹੀਂ ਸੀ ਕਦੇ ਲੰਘਦੇ। ਜੇ ਪੁਲ ਤੋਂ ਲੰਘਾਉਣਾ ਕਹਿਣਾ ਨਾ ਕਿਤੇ ਗਿਰ ਨਾ ਪਵੇ ਥੱਲੇ। ਮੋਟਰਾਂ, ਕਾਰਾਂ ਗੱਡੇ ਗੱਡੀਆਂ ਸਭ ਲੰਘਦੇ ਸੀ, ਆਪ ਨਹੀਂ ਸੀ ਲੰਘਦੇ, ਸਿਰ ਤੇ ਕੱਪੜੇ ਬੰਨ੍ਹ ਲੈਣੇ ਦਰਿਆ 'ਚ ਵੜ ਜਾਣਾ, ਪਾਰ ਕਰ ਲੈਣਾ, ਚਾਹੇ ਸਤਲੁਜ ਪਾਰ ਕਰਨਾ ਹੈ, ਚਾਹੇ ਵੇਈ ਨਦੀ ਪਾਰ ਕਰਨੀ ਹੈ, ਕਰਨੀ ਤੈਰ ਕੇ ਹੀ ਹੈ। ਚਾਹੇ ਗਰਮੀ ਹੋਵੇ, ਚਾਹੇ ਸਰਦੀ ਹੋਵੇ। ਮਸ਼ਹੂਰ ਸੀ ਕਿ ਉਹ ਪੁਲ ਤੋਂ ਨਹੀਂ ਸੀ ਕਦੇ ਲੰਘੇ। ਮੌਜ ਸੀ ਉਨ੍ਹਾਂ ਦੀ ਪਤਾ ਨਹੀਂ ਉਹ ਆਪਣੀ ਗੱਲ ਆਪ ਹੀ ਜਾਣਦੇ ਸੀ। ਜਦੋਂ ਸੇਠ ਦਾ ਮੈਨੇਜਰ ਉਥੇ ਗਿਆ, ਉਹ ਦਰਿਆ ਦੇ ਕੰਢਿਓਂ ਦੂਜੇ ਪਾਸੇ ਆ ਗਏ। ਉਹ ਦੂਏ ਪਾਸੇ ਆ ਗਏ, ਉਹ ਦੂਜੇ ਪਾਸੇ ਚਲੇ ਗਏ। ਇਸ ਤਰ੍ਹਾਂ ਕਿੰਨੇ ਹੀ ਦਿਨ ਹੋ ਗਏ। ਇਕ ਦਿਨ ਸੰਤਾਂ ਨੂੰ ਮਿਲ ਗਏ, ਸੰਤਾਂ ਨੂੰ ਕਿਹਾ ਕਿ ਮਹਾਰਾਜ! ਅਸੀਂ ਤਾਂ ਬੜੇ ਦਿਨਾਂ ਦੇ ਤੁਹਾਨੂੰ ਟੋਲ੍ਹਦੇ ਫਿਰਦੇ ਹਾਂ। ਕਹਿੰਦੇ, ਦੱਸੋ ਭਾਈ ਕੀ ਕੰਮ ਹੈ, ਸਾਡੇ ਤੱਕ ਵੀ ਕਿਸੇ ਨੂੰ ਕੰਮ ਹੈ? ਕਹਿੰਦੇ ਹਾਂ ਮਹਾਰਾਜ। ਤੁਸੀਂ ਬੜੇ ਖੁਸ਼ ਹੋਵੋਂਗੇ, ਸਾਡੇ ਸੇਠ ਜੀ ਨੇ ਲੱਖ ਰੁਪਿਆ ਭੇਜਿਆ ਹੈ ਤੁਹਾਡੇ ਵਾਸਤੇ। ਕਹਿੰਦੇ ਲੱਖ ਰੁਪਿਆ ਤਾਂ ਬਹੁਤ ਹੁੰਦਾ ਹੈ। ਜਦੋਂ ਚਾਂਦੀ ਦੇ ਰੁਪਈਏ ਬਹੁਤੇ ਹੁੰਦੇ ਸੀ। ਕਹਿੰਦੇ ਉਹ ਤਾਂ ਬਹੁਤ ਨੇ ਢੇਰ ਲੱਗ ਜਾਏਗਾ ਲੱਖ ਰੁਪਈਏ ਦਾ। 3300 ਰੁਪਈਏ ਦਾ ਮਣ ਆਉਂਦਾ ਸੀ। 33 ਮਣ ਪੱਕਾ ਹੋਵੇ ਜਿੱਥੇ ਉਥੇ ਢੇਰ ਲੱਗ ਜਾਂਦਾ ਹੈ। ਕਹਿੰਦੇ, ਬੱਲੇ ਐਨੇ ਰੁਪਈਏ ਨੂੰ ਅਸੀਂ ਰੱਖਾਂਗੇ ਕਿੱਥੇ? ਓ ਭਾਈ! ਰਹਿਣ ਦਿਓ ਸਾਡੇ ਗਲ ਘੁੱਟ ਜਾਏਗਾ ਕੋਈ ਅਸੀਂ ਕੀ ਕਰਨੇ ਨੇ ਰੁਪਏ।

ਕਹਿੰਦੇ, ਬਾਬਾ ਜੀ! ਤੁਸੀਂ ਕੋਈ ਹਸਪਤਾਲ ਬਣਾ ਦਿਓ, ਕੋਈ ਸਕੂਲ ਬਣਾ ਦਿਓ। ਉਹ ਕਹਿੰਦੇ ਦੇਖ ਪ੍ਰੇਮੀਆ! ਨਾ ਸਾਨੂੰ ਪਤਾ ਹੈ ਕਿ ਨੇਉਂ ਕਿਧਰੋਂ ਸਹੀ ਪੁੱਟੀਦੀ ਹੈ, ਕਿੱਧਰ ਪੁੱਟੀਦੀ ਹੈ, ਕੀ ਕਮਰੇ ਹੁੰਦੇ ਨੇ, ਦਰਖਤਾਂ ਥੱਲੇ ਅਸੀਂ ਤਾਂ ਰਹਿੰਦੇ ਹਾਂ, ਬਣੇ ਬਣਾਏ ਘਰ ਵਿਚ ਚਲੇ ਜਾਈਦਾ ਹੈ। ਅਸੀਂ ਕੀ ਲੈਣਾ ਹੈ। ਆਹ ਦੁਨੀਆਦਾਰ ਬਥੇਰੇ ਬਣਾਉਂਦੇ ਨੇ ਤੁਸੀਂ ਉਨ੍ਹਾਂ ਨੂੰ ਦੇ ਦਿਓ। ਜਦੋਂ ਖਹਿੜਾ ਹੀ ਨਾ ਛੱਡਿਆ ਉਹ ਕਹਿੰਦੇ ਜੀ ਅਸੀਂ ਓਵਰਸਿਅਰ ਵੀ ਭੇਜ ਦੇਵਾਂਗੇ, ਮੈਨੇਜਰ ਵੀ ਆ ਜਾਏਗਾ। ਕਹਿੰਦੇ ਫੇਰ ਥਾਉਂ ਮੁੱਲ ਲੈ ਲਓ। ਕਹਿੰਦੇ ਉਹ ਵੀ ਲੈ ਦੇਵਾਂਗੇ।

ਫੇਰ ਕਹਿੰਦੇ, ਪੈਸੇ ਵੀ ਤੁਸੀਂ ਦੇਈ ਜਾਇਓ। ਕਹਿੰਦੇ ਉਹ ਵੀ ਦੇ ਦੇਵਾਂਗੇ। ਸੰਤਾਂ ਨੇ ਕਿਹਾ ਕਿ ਫੇਰ ਸਾਨੂੰ ਕਾਹਨੂੰ ਵਿਚ ਫਸਾਉਂਦੇ ਓਂ? ਤੁਸੀਂ ਆਪੇ ਹੀ ਬਣਾ ਲਓ। ਬੱਸ ਠੀਕ ਹੈ।

ਸੋ ਐਨਾ ਰੁਪਿਆ ਦੇਖ ਕੇ ਵੀ ਡੋਲਦੇ ਨਹੀਂ। ਫੇਰ ਰਿੱਧੀਆਂ ਸਿੱਧੀਆਂ ਨੇ। ਸੰਤ ਮਹਾਰਾਜ ਜੀ ਦੱਸਿਆ ਕਰਦੇ ਸੀ ਕਿ ਜਦੋਂ ਅਸੀਂ ਵੈਰਾਗ ਵਿਚ ਬਹੁਤਾ ਜ਼ਿਆਦਾ ਭਜਨ ਕਰਦੇ ਸੀ, ਐਨਾ ਕਰਨਾ ਮੁਸ਼ਕਲ ਹੈ। ਅੱਜ ਦਾ ਬੰਦਾ ਤਾਂ ਐਨਾ ਸੋਚ ਵੀ ਨਹੀਂ ਸਕਦਾ ਕਿ ਐਨਾ ਭਜਨ ਕਰਨਾ। ਸੌਂਦੇ ਹੀ ਨਹੀਂ ਸੀ ਹੁੰਦੇ, ਨੀਂਦ ਛੱਡ ਦਿਤੀ, ਚਾਰ ਫੁੱਟ ਦਾ ਟੋਆ ਸੀ, ਚਾਰ ਫੁੱਟ ਗਹਿਰਾ, ਚਾਰ ਫੁੱਟ ਚੌੜਾ, ਚਾਰੇ ਪਾਸਿਆਂ ਤੋਂ। ਉਹਦੇ ਵਿਚ ਬਹਿ ਜਾਣਾ ਜਾ ਕੇ, ਸਾਰੀ ਰਾਤ ਬੈਠੇ ਰਹਿਣਾ। ਨਾ ਕੋਈ ਮੰਜਾ ਨਾ ਕੁਛ ਹੋਰ। ਇਕ ਵਾਰੀ ਦਸਦੇ ਸੀ ਕਿ ਨੌਂ ਸਾਲ ਅਸੀਂ ਪਿੱਠ ਨਹੀਂ ਲਾਈ ਨਾ ਧਰਤੀ ਤੇ ਨਾ ਮੰਜੇ ਤੇ। ਕਹਿੰਦੇ, ਜਦੋਂ ਰਿੱਧੀ ਸਿੱਧੀ ਆਈ ਨਾ, ਆਵਾਜ਼ਾਂ ਸੁਣਨ ਲੱਗ ਗਈਆਂ ਸਾਨੂੰ ਕਿ ਮੈਂ ਦੂਰ ਦਰਸ਼ਕ ਸਿੱਧੀ ਹਾਂ, ਤੁਹਾਨੂੰ ਇਥੇ ਬੈਠਿਆਂ ਨੂੰ ਅਮਰੀਕਾ ਦੀ ਗੱਲ ਦਿਖਾ ਦਿਆ ਕਰਾਂਗੀ। ਮੈਨੂੰ ਅੰਗੀਕਾਰ ਕਰ ਲਓ। ਕੋਈ ਕਹਿੰਦੀ ਹੈ ਮੈਂ ਅੰਤਰਜਾਮਤਾ ਹਾਂ, ਜਿਹੜਾ ਵੀ ਕੋਈ ਆਏਗਾ ਤੁਹਾਡੇ ਕੋਲ, ਉਸ ਤੋਂ ਪਹਿਲਾਂ ਹੀ ਤੁਹਾਡੇ ਕੋਲ ਗੱਲ ਆ ਜਾਏਗੀ ਕਿ ਇਹ ਫਲਾਣੇ ਕੰਮ ਨੂੰ ਆਇਆ ਹੈ। ਤੁਸੀਂ ਦੱਸ ਦਿਆ ਕਰੋ ਤੁਹਾਡੀ ਬੜੀ ਮਾਨਤਾ ਹੋਏਗੀ। ਕੋਈ ਕੋਈ ਸਿੱਧੀ, ਕੋਈ ਕੋਈ ਸਿੱਧੀ, ਅਸੀਂ ਝਾਕੇ ਵੀ ਨਾ, ਐਨਾ ਵੈਰਾਗ ਸੀ ਸਾਡੇ ਅੰਦਰ। ਗੱਲ ਨਾ ਅਸੀਂ ਸੁਣੀ। ਹਾਰ ਕੇ ਇਸਤਰੀਆਂ ਦੇ ਰੂਪ ਵਿਚ ਆਉਣੀਆਂ ਸ਼ੁਰੂ ਹੋ ਗਈਆਂ। ਬੇਨਤੀਆਂ ਕਰਨ, ਮਿੰਨਤਾਂ ਕਰਨ ਕਿ ਬਾਬਾ ਜੀ! ਮੇਰਾ ਵੀ ਉਧਾਰ ਹੋ ਜਾਏਗਾ। ਮੈਨੂੰ ਅੰਗੀਕਾਰ ਕਰ ਲਓ। ਕਹਿੰਦੇ ਅਸੀਂ ਝਾਕੇ ਹੀ ਨਹੀਂ। ਮੈਂ ਕਿਹਾ ਮਹਾਰਾਜ! ਹੁਣ ਤਾਂ ਸ਼ਕਤੀਆਂ ਬੇਅੰਤ ਨੇ। ਕਹਿੰਦੇ ਪਿਛਲੇ ਪਾਸੇ ਨੇ ਮਿੰਨਤਾਂ ਕਰਦੀਆਂ ਫਿਰਦੀਆਂ ਨੇ। ਮਾੜਾ ਜਿਹਾ ਕਿਸੇ ਨੂੰ ਯਾਦ ਕਰ ਲਓ ਦੌੜੀ ਆਉਂਦੀ ਹੈ, ਦਾਸੀ ਹੋ ਕੇ ਸੇਵਾ ਕਰਨ ਨੂੰ।

ਦਾਸੀਆਂ ਹੋ ਜਾਂਦੀਆਂ ਨੇ। ਭਾਲਦੀਆਂ ਨੇ ਹੁਕਮ। ਸੋ ਛਲ ਨਹੀਂ ਸਕਦੀ।

*ਮਾਇਆ ਮੋਹੁ ਗੁਬਾਰੁ ਹੈ*
*ਗੁਰ ਬਿਨੁ ਗਿਆਨੁ ਨ ਹੋਈ ॥*
*ਸਬਦਿ ਲਗੇ ਤਿਨ ਬੁਝਿਆ ਦੂਜੈ ਪਰਜ ਵਿਗੋਈ॥*
*ਅੰਗ - ੫੫੯*

ਸੋ ਰਵਿਦਾਸ ਜੀ ਬਾਰੇ ਮਸ਼ਹੂਰ ਹੋ ਗਿਆ ਕਿ ਇਨ੍ਹਾਂ ਨੂੰ ਮਾਇਆ ਛਲ ਨਹੀਂ ਸਕਦੀ। ਇਕ ਇਨ੍ਹਾਂ ਦਾ ਗੁਰਭਾਈ ਸੀ, ਪਰਮਾਨੰਦ ਉਹਨੇ ਕਿਹਾ ਮੈਂ ਦੇਖਦਾ ਹਾਂ। ਉਥੇ ਚਲਿਆ ਗਿਆ ਜਾ ਕੇ ਹੀਰੇ ਜਵਾਹਰਾਤ ਦਾ ਇਕ ਥਾਲ ਭਰ ਕੇ ਲੈ ਗਿਆ। ਜਾ ਕੇ ਮੂਹਰੇ ਰੱਖ ਦਿਤੇ ਕਿ ਰਵਿਦਾਸ ਤੂੰ ਲੰਗਰ ਵਗੈਰਾ ਚਲਾਉਂਦਾ ਹੈਂ ਤੇਰਾ ਖਰਚ ਬੜਾ ਹੁੰਦਾ ਹੈ ਤੂੰ ਆਹ ਲੈ ਲੈ। ਉਹ ਕਹਿੰਦੇ ਪਰਮਾਨੰਦ ਜੀ ਤੁਸੀਂ ਮੇਰੇ ਗੁਰਭਾਈ ਹੋ। ਤੁਹਾਡੀ ਬਿਰਤੀ ਅਜੇ ਮਾਇਆ 'ਚੋਂ ਹੀ ਨਹੀਂ ਨਿਕਲੀ। ਕਿਉਂ ਤੁਸੀਂ ਮਾਇਆ ਦੇ ਮਗਰ ਐਨਾ ਪਏ ਓਂ। ਗੋਰਖ ਆ ਗਿਆ, ਗੋਰਖ ਨੂੰ ਵੀ ਪਤਾ ਲੱਗਿਆ, ਗੋਰਖ ਨੇ ਕਿਹਾ ਕਿ ਮੈਂ ਕੁਛ ਭੇਟਾ ਕਰਕੇ ਆਇਆ ਹਾਂ, ਜੋੜਾ ਗੰਢਣ ਵਾਸਤੇ ਦੇ ਦਿਤਾ, ਜਦੋਂ ਪੈਸੇ ਦੇਣ ਲੱਗੇ ਕਹਿੰਦੇ ਭਗਤ ਜੀ! ਉਰ੍ਹੇ ਆਓ ਤੁਸੀਂ, ਤੁਸੀਂ ਆਪੇ ਹੀ ਈਮਾਨਦਾਰੀ ਨਾਲ ਲੈ ਲਓ ਪੈਸੇ ਕਿੰਨੇ ਲੈਣੇ ਨੇ, ਜਾਂ ਤੁਸੀਂ ਝੋਲੀ ਲਿਆਓ ਮੈਂ ਝੋਲੀ ਮੁੰਧੀ ਕਰ ਦਿੰਦਾ ਹਾਂ। ਕਹਿੰਦੇ, ਇਹਦੇ ਵਿਚ ਹੈ ਕੀ ਨਾਥ ਜੀ? ਕਹਿੰਦੇ, ਹੀਰੇ ਜਵਾਹਰਾਤ ਭਰੇ ਪਏ ਨੇ, ਲੱਖਾਂ ਰੁਪਏ ਦੇ। ਤੂੰ ਮੌਜ ਨਾਲ ਲੰਗਰ ਚਲਾਈਂ ਬੈਠ ਕੇ, ਕਾਹਨੂੰ ਜੋੜੇ ਗੰਢੀ ਜਾਂਦਾ ਹੈਂ। ਸੋ ਮਹਾਰਾਜ ਨੇ ਤਾਂ ਲਿਖਿਆ –

*ਰਵਿਦਾਸੁ ਢੁਵੰਤਾ ਢੋਰ ਨੀਤਿ*
*ਤਿਨਿ ਤਿਆਗੀ ਮਾਇਆ ॥*
*ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥*
*ਅੰਗ - ੪੮੭*

ਲੇਕਿਨ ਆਪ ਜੋੜੇ ਗੰਢੀ ਜਾਂਦੇ ਸੀ ਪ੍ਰਗਟ ਨਹੀਂ ਸੀ ਹੁੰਦੇ। ਲੋਕ ਕੀ ਸਮਝਦੇ ਨੇ ਕਿ ਇਥੇ ਮੋਚੀ ਬੈਠਾ ਹੈ ਜੁੱਤੀਆਂ ਗੰਢਦਾ ਹੈ ਚੁਰਾਹੇ ਵਿਚ। ਉਹ ਟਾਵੇਂ-ਟਾਵਿਆਂ ਦੇ ਮਨ ਵਿਚ ਆਉਂਦਾ ਸੀ ਕਿ ਕੋਈ ਪੂਰਾ ਹੈ। ਵਾਹਿਗੁਰੂ ਜੀ ਦਾ ਇਹ ਅਸੂਲ ਹੈ ਆਪਣੇ ਪਿਆਰਿਆਂ ਨੂੰ ਛੁਪਿਆ ਨਹੀਂ ਰਹਿਣ ਦਿੰਦਾ।

*ਹਰਿ ਹਰਿ ਜਨ ਕੈ ਮਾਲੁ ਖਜੀਨਾ ॥*
*ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ ॥*
*ਹਰਿ ਹਰਿ ਜਨ ਕੈ ਓਟ ਸਤਾਣੀ ॥*
*ਹਰਿ ਪ੍ਰਤਾਪਿ ਜਨ ਅਵਰ ਨ ਜਾਣੀ ॥*

*ਓਤਿ ਪੋਤਿ ਜਨ ਹਰਿ ਰਸਿ ਰਾਤੇ ॥*
*ਸੁੰਨ ਸਮਾਧਿ ਨਾਮ ਰਸ ਮਾਤੇ ॥*
*ਆਠ ਪਹਰ ਜਨੁ ਹਰਿ ਹਰਿ ਜਪੈ ॥*
*ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥*
*ਹਰਿ ਕੀ ਭਗਤਿ ਮੁਕਤਿ ਬਹੁ ਕਰੇ ॥*
*ਨਾਨਕ ਜਨ ਸੰਗਿ ਕੇਤੇ ਤਰੇ ॥ ਅੰਗ - ੨੬੫*

ਕਿੰਨਾ ਹੀ ਛੁਪਾ ਲਏ ਹਰੀ ਦਾ ਪਿਆਰਾ ਕਦੇ ਛੁਪਿਆ ਨਹੀਂ ਰਹੇਗਾ। ਵਾਹਿਗੁਰੂ ਆਪ ਪ੍ਰਗਟ ਕਰਦਾ ਹੈ। ਜੇ ਹੋਰ ਤਰ੍ਹਾਂ ਨਹੀਂ ਪ੍ਰਗਟ ਹੁੰਦਾ, ਕੋਈ ਦੁਸ਼ਟ ਉਹਦੇ ਪਿਛੇ ਲਾ ਦਏਗਾ। ਜੇ ਪ੍ਰਹਿਲਾਦ ਨੂੰ ਪ੍ਰਗਟ ਕਰਨਾ ਸੀ ਹਰਨਾਖਸ਼ ਲਾ ਦਿਤਾ। ਦੁਸ਼ਟਾਂ ਨੂੰ ਲਾ ਦਿੰਦਾ ਹੈ ਫੇਰ ਆਪੇ ਰਾਖੀ ਕਰਨ ਆ ਜਾਂਦਾ ਹੈ।

ਸੋ ਰਵਿਦਾਸ ਜੀ ਕਾਸ਼ੀ ਦੇ ਵਿਚ ਰਹਿ ਰਹੇ ਨੇ ਬਹੁਤ ਵਿਰੋਧਤਾ ਹੁੰਦੀ, ਜਾਤ ਵਿਲੰਭਬੀਆਂ ਪੁਰਸ਼ਾਂ ਨੇ ਠੇਕਾ ਹੀ ਲਿਆ ਹੋਇਆ ਹੈ ਕਿ ਜਦ ਨਿੰਦਿਆ ਕਰਨੀ ਹੈ, ਕਬੀਰ ਜੀ ਦੀ, ਜਾਂ ਰਵਿਦਾਸ ਜੀ ਦੀ। ਦੋਹਾਂ ਦੀ ਜਾਤ ਛੋਟੀ ਗਿਣਦੇ ਸੀ ਤੇ ਖਿਝਦੇ ਬਹੁਤ ਨੇ ਕਿ ਇਥੇ ਬੰਦੇ ਚੰਗੇ-ਚੰਗੇ ਆਉਂਦੇ ਨੇ। ਆਉਣੇ ਨਹੀਂ ਚਾਹੀਦੇ। ਨਿੰਦਕ ਨਿੰਦਿਆ ਕਰਨੀ ਸ਼ੁਰੂ ਕਰ ਦਿੰਦੇ ਸੀ। ਮਹਾਂਪੁਰਸ਼ ਨਹੀਂ ਕੁਛ ਕਿਹਾ ਕਰਦੇ ਕਹਿੰਦੇ ਨੇ ਠੀਕ ਹੈ, ਪਾਪ ਲਹੀ ਜਾਂਦੇ ਨੇ।

ਅੱਜ ਇਥੇ ਚਿਤੌੜਗੜ੍ਹ ਦੇ ਕਿਲ੍ਹੇ ਦੇ ਵਿਚ ਬਚਨ ਹੋ ਰਹੇ ਨੇ ਕਿ ਐਸ ਵੇਲੇ ਭਗਤ ਰਵਿਦਾਸ ਪੂਰੇ ਨੇ ਤੇ ਪੂਰਨ ਬ੍ਰਹਮਗਿਆਨੀ ਨੇ, ਪੂਰਨ ਮਹਾਂਪੁਰਸ਼ ਨੇ। ਰਾਣੀ ਨੇ ਵੀ ਬਚਨ ਸੁਣੇ, ਰਾਣੀ ਦੇ ਮਨ ਵਿਚ ਬੜੀ ਦੇਰ ਤੋਂ ਇੱਛਾ ਸੀ ਕਿ ਕੋਈ ਪੂਰਾ ਮਿਲ ਜਾਵੇ। ਪੂਰੇ ਦਾ ਮਿਲਾਪ ਨਹੀਂ ਸੀ ਹੁੰਦਾ। ਬ੍ਰਾਹਮਣ ਵੱਡੇ-ਵੱਡੇ ਮਿਲਦੇ ਸੀ, ਵੇਦ ਸ਼ਾਸਤਰਾਂ ਦੇ ਟੀਕੇ ਕਰਨ ਵਾਲੇ, ਅਰਥ ਕਰਨ ਵਾਲੇ। ਲੇਕਿਨ ਕੋਈ ਉਹ ਨਹੀਂ ਸੀ ਮਿਲਦਾ ਜਿਹੜਾ ਮਨ ਨੂੰ ਸ਼ਾਂਤੀ ਦੇਵੇ। ਸੋ ਇਹਨੇ ਜਦੋਂ ਆਪਣੇ ਪਤੀ ਚੰਦਰਹੰਸ ਨਾਲ ਗੱਲ ਕਰੀ। ਚਿਤੌੜਗੜ੍ਹ ਦੇ ਰਾਜ ਨਾਲ, ਕਹਿਣ ਲੱਗੀ ਮਹਾਰਾਜ! ਜੇ ਮੈਨੂੰ ਆਗਿਆ ਹੋਵੇ ਤਾਂ ਮੈਂ ਤੀਰਥ ਯਾਤਰਾ ਕਰ ਲਵਾਂ। ਕਹਿੰਦੇ ਠੀਕ ਹੈ। ਤਿਆਰੀ ਕਰ ਲਈ, ਨੌਕਰ ਚਾਕਰ, ਘੋੜੀਆਂ ਘੋੜੇ, ਡੋਲੀਆਂ, ਸਾਰਾ ਲੈ ਕੇ ਤੀਰਥ ਯਾਤਰਾ ਨੂੰ ਚੱਲ ਪੈਂਦੀ ਹੈ ਤੇ ਮਨ ਵਿਚ ਹੈ ਕਿ ਮੈਂ ਰਵਿਦਾਸ ਜੀ ਦੇ ਦਰਸ਼ਨ ਜ਼ਰੂਰ ਕਰਨੇ ਨੇ। ਜੇ ਉਹ ਸੱਚਮੁੱਚ ਹੀ ਪੂਰੇ ਨੇ ਤਾਂ ਫੇਰ ਮੈਂ ਉਨ੍ਹਾਂ ਨੂੰ ਗੁਰੂ ਧਾਰਨ ਕਰ ਲੈਣਾ ਹੈ। ਸੋ ਉਸ ਵੇਲੇ ਚਲਦੇ-ਚਲਦੇ ਜਦੋਂ ਕਾਸ਼ੀ ਜਾਂਦੀ ਹੈ, ਪਹਿਲਾਂ ਨਹੀਂ ਉਥੇ ਗਈ, ਪਹਿਲਾਂ-ਪਹਿਲਾਂ ਵੱਡੇ-ਵੱਡੇ ਸਾਧੂ ਦੇਖੇ ਲੇਕਿਨ ਤਸੱਲੀ ਨਾ ਕਿਤੋਂ ਵੀ ਆਈ। ਵੱਡੇ-ਵੱਡੇ ਵਿਦਵਾਨ ਪੰਡਤਾਂ ਨੂੰ ਮਿਲੀ, ਤਸੱਲੀ ਨਾ ਆਈ, ਸ਼ਾਂਤੀ ਨਾ ਆਈ, ਜਿਸ ਗੱਲ ਨੂੰ ਉਹ ਚਾਹੁੰਦੀ ਸੀ ਉਹ ਗੱਲ ਨਾ ਬਣੀ। ਫੇਰ ਰਵਿਦਾਸ ਜੀ ਦੇ ਜਾਣ ਦੀ ਤਿਆਰੀ ਏਸ ਨੇ ਕਰ ਲਈ। ਮਨ ਦੇ ਅੰਦਰ ਕੁਛ ਥੋੜ੍ਹਾ ਜਿਹਾ ਸ਼ੰਕਾ ਪੈਦਾ ਹੋ ਗਿਆ ਕਿ ਇਹ ਜਾਤ ਛੋਟੀ ਹੈ ਇਹਦੀ, ਮੈਂ ਗੁਰੂ ਦੀ ਸੇਵਾ ਕਿਵੇਂ ਕਰਿਆ ਕਰਾਂਗੀ। ਚਮਾਰ ਇਹਦੀ ਜਾਤ ਹੈ। ਇਹਦੇ ਨਾਲ ਤਾਂ ਲਗਦੇ ਹੀ ਨਹੀਂ ਲੋਕ ਛੋਂਹਦੇ ਹੀ ਨਹੀਂ ਹਨ। ਮੈਂ ਗੁਰੂ ਧਾਰਨ ਕਰ ਲਵਾਂ, ਜੇ ਮੈਂ ਗਿਲਾਨੀ ਕਰਾਂਗੀ ਫੇਰ ਮੇਰੀ ਭਗਤੀ ਅਧੂਰੀ ਰਹਿ ਜਾਏਗੀ। ਕੀ ਕਰਿਆ ਜਾਵੇ? ਸੋ ਬੜਾ ਘੁੰਮਣ ਤੋਂ ਬਾਅਦ ਰਵਿਦਾਸ ਜੀ ਦੇ ਚਲੀ ਜਾਂਦੀ ਹੈ, ਉਥੇ ਸਤਿਸੰਗ ਹੋ ਰਿਹਾ ਸੀ, ਬਚਨ ਹੋ ਰਹੇ ਸੀ, ਬਚਨ ਸੁਣਦੇ-ਸੁਣਦੇ ਹੀ ਮਨ ਵਿਚ ਮਸਤੀ ਆ ਗਈ ਇਹਦੇ। ਨਿਸ਼ਾ ਹੋ ਗਈ, ਰਸ ਆ ਗਿਆ।

ਜੋ ਬਾਣੀ ਮਹਾਂਪੁਰਸ਼ ਉਚਾਰਦੇ ਨੇ -

*ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥*
*ਤਿਸ ਕੀ ਸੀਖ ਤਰੈ ਸੰਸਾਰੁ ॥ ਅੰਗ - ੨੬੯*

ਜਿਥੇ ਨਿਰੰਕਾਰ ਵਸਦਾ ਹੋਵੇ, ਉਸ ਦੇ ਮੁਖ ਤੋਂ ਜੋ ਬਚਨ ਨਿਕਲਦੇ ਨੇ ਉਹ ਭਰੀਆਂ ਹੋਈਆਂ ਗੋਲੀਆਂ ਹੁੰਦੀਆਂ ਨੇ ਖਾਲੀ ਨਹੀਂ ਹੁੰਦੀਆਂ। ਉਹ ਗੋਲੀਆਂ ਜਿਹੜੀਆਂ ਨੇ ਵਿੰਨ੍ਹ ਕੇ ਰੱਖ ਦਿੰਦੀਆਂ ਨੇ। ਖਾਲੀ ਕਹੀ ਜਾਓ ਨਾਮ ਜਪੋ, ਨਾਮ ਜਪੋ ਕੋਈ ਨਹੀਂ ਜਪਦਾ। ਜੇ ਬੰਦਗੀ ਵਾਲਾ ਉਹੋ ਗੱਲ ਕਹਿ ਦੇਵੇ ਉਹਦਾ ਅਸਰ ਹੋ ਜਾਇਆ ਕਰਦਾ ਹੈ ਅੰਦਰ।

ਸੋ ਰਾਣੀ ਦੇ ਅੰਦਰ ਬੜਾ ਅਸਰ ਹੋਇਆ, ਅਸਰ ਹੋ ਕੇ ਮਨ ਵਿਚ ਖਿਆਲ ਆਇਆ ਕਿ ਮੈਂ ਇਨ੍ਹਾਂ ਨੂੰ ਗੁਰੂ ਧਾਰ ਲਵਾਂ ਇਨ੍ਹਾਂ ਤੋਂ ਨਾਮ ਦੀ ਦਾਤ ਮੰਗਾਂ ਲੇਕਿਨ ਨਾਲ ਮਨ ਵਿਚ ਸੂਖਸ਼ਮ ਖਿਆਲ ਦੂਜਾ ਵਿਚ ਚਲਦਾ ਹੈ ਕਿ ਜਾਤ ਛੋਟੀ ਹੈ। ਜਦੋਂ ਆਪ ਨੇ ਸੰਗਤ ਵਿਚ ਬਚਨ ਬੰਦ ਕੀਤੇ ਉਸ ਵੇਲੇ ਉਠ ਕੇ ਸਾਮ੍ਹਣੇ ਆ ਗਈ, ਆ ਕੇ ਨਮਸਕਾਰ ਕਰੀ ਤੇ ਝੋਲੀ ਅੱਡ ਲਈ ਤੇ ਬੇਨਤੀ ਕੀਤੀ-

***ਸਗਲ ਦੁਆਰ ਕਉ ਛਾਡਿ ਕੈ***
***ਗਹਿਓ ਤੁਹਾਰੋ ਦੁਆਰ॥***
***ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥***
***ਦੋਹਰਾ***

ਬੇਨਤੀ ਕਰਦੀ ਹੈ ਰਵਿਦਾਸ ਜੀ ਨੇ ਅੰਦਰਲੀ ਗੱਲ ਜਾਣ ਲਈ। ਬੋਲਦੇ ਨਹੀਂ ਹਨ ਚੁੱਪ ਕਰੇ ਬੈਠੇ ਨੇ, ਇਸ਼ਾਰੇ ਨਾਲ ਕਹਿ ਦਿਤਾ ਕਿ ਬੀਬਾ! ਬਹਿ ਜਾਓ। ਬਾਰ-ਬਾਰ ਬੇਨਤੀ ਉਸਦੇ ਮੁੱਖ 'ਚੋਂ ਨਿਕਲਦੀ ਹੈ ਕਿ ਮਹਾਰਾਜ! ਮੈਂ ਬੜੀ ਦੂਰ ਤੋਂ ਆਈ ਹਾਂ। ਚਿਤੌੜਗੜ੍ਹ ਤੋਂ ਆਈ ਹਾਂ ਤੇ ਆਪ ਕ੍ਰਿਪਾ ਕਰਕੇ ਮੈਨੂੰ ਨਾਮ ਦੀ ਦਾਤ ਦੇ ਦਿਓ। ਮੈਂ ਵਣਜਾਰਨ ਬਣ ਕੇ ਆਈ ਹਾਂ ਨਾਮ ਦੀ।

ਜਦੋਂ ਪੰਜ ਸੱਤ ਵਾਰੀ ਕਿਹਾ ਤਾਂ ਉਸ ਵੇਲੇ ਰਵਿਦਾਸ ਜੀ ਨੇ ਕਿਹਾ ਬੀਬਾ! ਇਹ ਰਸਤਾ ਨੀਵਿਆਂ ਦਾ ਹੈ, ਵੱਡਿਆਂ ਦਾ ਨਹੀਂ ਹੈ। ਮੇਰੀ ਜਾਤ ਛੋਟੀ ਹੈ, ਤੇਰੇ ਮਨ ਵਿਚ ਸ਼ੰਕਾ ਪਿਆ ਹੋਇਆ ਹੈ, ਮਰਨਾ ਪੈਦਾ ਹੈ ਫੇਰ ਜਾ ਕੇ ਨਾਮ ਦੀ ਦਾਤ ਮਿਲਦੀ ਹੈ। ਕੰਬ ਗਈ ਸੁਣਦੇ ਸਾਰ ਕਿ ਮੇਰੇ ਤਾਂ ਅੰਦਰਲੀ ਗੱਲ ਸਾਰੀ ਬੁੱਝ ਲਈ ਇਨ੍ਹਾਂ ਨੇ। ਉਸ ਵੇਲੇ ਕਹਿਣ ਲੱਗੀ ਮਹਾਰਾਜ! ਬੜੀ ਭੁੱਲ ਹੋ ਗਈ ਮੇਰੇ ਤੋਂ। ਕ੍ਰਿਪਾ ਕਰੋ ਮੇਰੇ ਉਪਰ, ਮੇਰੀ ਭੁੱਲ ਵਲ ਨਾ ਜਾਓ।

ਰਵਿਦਾਸ ਜੀ ਕਹਿਣ ਲੱਗੇ ਕਿ ਤੂੰ ਸਤਿਸੰਗ 'ਚ ਆਇਆ ਕਰ, ਸੇਵਾ ਕਰਿਆ ਕਰ, ਫੇਰ ਜਦੋਂ ਤੂੰ ਕਾਬਲ ਹੋ ਜਾਏਂਗੀ ਤੈਨੂੰ ਦਾਤ ਵੀ ਮਿਲ ਜਾਏਗੀ। ਸੋ ਉਸ ਵੇਲੇ ਸਾਰੀਆਂ ਮਨ ਮਨੌਤੀਆਂ ਛੱਡ ਕੇ ਜੋ ਧਨ ਲਿਆਈ ਸੀ, ਸੇਵਾ ਤੇ ਖਰਚ ਕਰਨਾ ਸ਼ੁਰੂ ਕਰ ਦਿਤਾ। ਦਿਨ ਰਾਤ ਸੇਵਾ ਕਰਦੀ ਹੈ, ਬਰਤਨ ਮਾਂਜਦੀ ਹੈ, ਹੋਰ ਅਨੇਕਾਂ ਝਾੜੂ ਵਗੈਰਾ ਦਿੰਦੀ ਹੈ, ਸੇਵਾ ਕਰਦੀ ਹੈ ਸੰਗਤਾਂ ਦੀ ਆਉਣ ਵਾਲਿਆਂ ਦੀ, ਮਾਣ ਛੱਡ ਦਿਤਾ ਕੋਈ ਖਿਆਲ ਨਹੀਂ ਕਿ ਮੈਂ ਚਿਤੌੜਗੜ੍ਹ ਦੀ ਰਾਣੀ ਹਾਂ। ਤੇ ਮੈਨੂੰ ਕੀ ਕਹਿੰਦੇ ਨੇ ਲੋਕ ਲੋਕ ਨਿੰਦਿਆ ਕਰਦੇ ਨੇ, ਕੋਲ ਦੀ ਬੋਲੀਆਂ ਮਾਰ ਕੇ ਲੰਘ ਜਾਂਦੇ ਨੇ। ਰਾਣੀ ਭਾਂਡੇ ਮਾਂਜਦੀ ਹੈ, ਕੀ ਮਤ ਮਾਰੀ ਗਈ ਇਹਦੀ। ਚਮਾਰਾਂ ਦੇ ਘਰ ਆ ਕੇ ਆਹ ਕਰ ਰਹੀ ਹੈ। ਲੇਕਿਨ ਇਸਨੇ ਪਰਵਾਹ ਨਹੀਂ ਕਰੀ। ਅਖੀਰ ਨਾਮ ਦੀ ਦਾਤ ਦੇ ਕੇ ਕ੍ਰਿਪਾ ਕਰ ਦਿਤੀ। ਬ੍ਰਹਮਗਿਆਨ ਦੀ ਦਾਤ ਦੇ ਦਿਤੀ। ਘਰ ਨੂੰ ਚਲੀ ਜਾਂਦੀ ਹੈ। ਕਿਹਾ ਕਿ ਹੁਣ ਤੂੰ ਜਾਹ ਬੀਬਾ, ਇਥੇ ਤੇਰੀ ਨਿੰਦਿਆ ਬਹੁਤੀ ਜ਼ਿਆਦਾ ਹੁੰਦੀ ਹੈ, ਜਾਓ ਘਰ ਜਾ ਕੇ ਹੁਣ ਨਾਮ ਜਪੋ। ਤੁਹਾਡੇ ਮਨ ਨੂੰ ਖੇਦ ਪਹੁੰਚਦਾ ਹੈ ਜਦੋਂ ਉਲਟੀਆਂ ਪੁਲਟੀਆਂ ਗੱਲਾਂ ਉਚ ਜਾਤੀ ਵਾਲਿਆਂ ਦੀਆਂ ਸੁਣਦੇ ਓਂ। ਰਾਣੀ ਚਲੀ ਜਾਂਦੀ ਹੈ ਲੇਕਿਨ ਰਾਣੀ ਦੇ ਜਾਣ ਤੋਂ ਪਹਿਲਾਂ-ਪਹਿਲਾਂ ਹੀ ਪੰਜ-ਸੱਤ ਬ੍ਰਾਹਮਣ ਕਾਸ਼ੀ ਦੇ ਪਹੁੰਚ ਜਾਂਦੇ ਨੇ ਕਿ ਜਾ ਕੇ ਰਾਣੀ ਨੂੰ ਘਰ ਨਾ ਵੜਨ ਦਿਓ, ਉਸ ਤੋਂ ਪਹਿਲਾਂ ਹੀ ਰਾਜੇ ਨੂੰ ਸਿਖਾਓ ਜਾ ਕੇ, ਕਿ ਇਹ ਤਾਂ ਅਸ਼ੁੱਧ ਹੋ ਗਈ ਹੈ, ਸ਼ੁੱਧ ਨਹੀਂ ਰਹੀ ਇਹਨੇ ਜਾ ਕੇ ਛੋਟੀ ਜਾਤ ਦੇ ਰਵਿਦਾਸ ਦੇ ਭਾਂਡੇ ਵੀ ਮਾਂਜੇ ਨੇ, ਸੇਵਾ ਵੀ ਕਰੀ ਹੈ, ਬਹੁਤ ਭਖਾ ਦਿਤਾ ਰਾਜੇ ਨੂੰ। ਇਧਰੋਂ ਇਹ ਵੀ ਚਲੀ ਜਾਂਦੀ ਹੈ ਜਿਸ ਵਕਤ ਰਾਜੇ ਨਾਲ ਗੱਲ ਹੁੰਦੀ ਹੈ ਤਾਂ ਉਹ ਕਹਿਣ ਲੱਗੀ ਇਹਦੇ ਵਿਚ ਕਿਹੜੀ ਗੱਲ ਹੈ, ਕੌਣ ਕਹਿੰਦਾ ਹੈ ਇਹ ਗੱਲ। ਕਹਿੰਦੇ, ਬ੍ਰਾਹਮਣ ਆਏ ਹੋਏ ਨੇ ਉਥੋਂ। ਕਹਿਣ ਲੱਗੀ ਕਿ ਕੋਈ ਗੱਲ ਨਹੀਂ ਰਵਿਦਾਸ ਤਾਂ ਪ੍ਰਮੇਸ਼ਰ ਦਾ ਰੂਪ ਹੈ, ਉਹਦੇ ਵਿਚ ਤੇ ਰੱਬ ਵਿਚ ਕੋਈ ਫਰਕ ਨਹੀਂ ਹੈ। ਇਕੋ ਰੂਪ ਹੋਏ ਹੋਏ ਨੇ ਦੋਵੇਂ। ਸੰਤ ਤੇ ਅਨੰਤ ਦਾ ਕੋਈ ਅੰਤਰ ਨਹੀਂ। ਸੋ ਉਸ ਵੇਲੇ ਉਸ ਨੇ ਬਹੁਤ ਮਿੱਠੇ ਬਚਨਾਂ ਦੇ ਨਾਲ ਉਸਨੂੰ ਕਾਬੂ ਕਰਿਆ। ਕਹਿਣ ਲੱਗੀ ਕਿ ਤੁਸੀਂ ਨਰਾਜ਼ ਨਾ ਹੋਵੋ, ਪਹਿਲਾਂ ਉਨ੍ਹਾਂ ਦੇ ਦਰਸ਼ਨ ਤਾਂ ਕਰ ਲਓ, ਫੇਰ ਤੁਹਾਨੂੰ ਪਤਾ ਲਗ ਜਾਏਗਾ ਕਿ ਉਹ ਕੀ ਚੀਜ਼ ਨੇ। ਇਥੇ ਬੁਲਾ ਲਓ। ਮੈਂ ਬ੍ਰਾਹਮਣਾਂ ਦੇ ਨਾਲ ਗੱਲ ਕਰਦੀ ਹਾਂ। ਬਾਹਰ ਆ ਗਈ। ਉਥੇ ਦੇ ਹੀ ਬ੍ਰਾਹਮਣ ਨਾਲ ਰਲੇ ਹੋਏ ਨੇ, ਕਾਸ਼ੀ ਵਾਲਿਆਂ ਨੇ ਰਲਾ ਕੇ ਬੜਾ ਭਾਰਾ ਰੌਲਾ ਗੌਲਾ ਖੜ੍ਹਾ ਕਰਿਆ ਹੋਇਆ ਸੀ। ਇਕੋ ਗੱਲ ਕਹੀ ਜਾਂਦੇ ਨੇ ਕਿ ਇਹਨੇ ਮਰਿਆਦਾ ਭੰਗ ਕਰ ਦਿਤੀ। ਛੋਟੀ ਜਾਤ-ਛੋਟੀ ਜਾਤ। ਕਹਿਣ ਲੱਗੀ, ਤੁਹਾਨੂੰ ਤਕਲੀਫ ਕੀ ਹੈ। ਰਵਿਦਾਸ ਦੀ ਮਹਿਮਾ ਨੂੰ ਤੁਸੀਂ ਜਾਣਦੇ ਨਹੀਂ ਹੋਂ। ਤੁਹਾਨੂੰ ਆਹੀ ਤਕਲੀਫ ਹੈ ਨਾ ਕਿ ਦੱਛਣਾ ਨਹੀਂ ਤੁਹਾਨੂੰ ਮਿਲਦੀ। ਕਹਿੰਦੇ ਹਾਂ ਜੀ। ਕਹਿਣ ਲੱਗੀ, ਮੈਂ ਜੱਗ ਕਰਨਾ ਹੈ ਹੁਣ, ਵੱਡਾ ਜੱਗ, ਇਹਦੇ ਵਿਚ ਸਾਰੇ ਬ੍ਰਾਹਮਣਾਂ ਨੂੰ ਬੁਲਾਵਾਂਗੀ, ਕਾਸ਼ੀ ਵਾਲਿਆਂ ਨੂੰ ਵੀ ਇਥੇ ਵਾਲਿਆਂ ਨੂੰ ਵੀ। ਤੁਹਾਨੂੰ ਫੇਰ ਖੁਲ੍ਹੀ ਦੱਛਣਾ ਮਿਲੇਗੀ, ਦੋ-ਦੋ ਮੋਹਰਾਂ। ਕਹਿੰਦੇ, ਸਾਨੂੰ ਦੱਛਣਾ ਹੀ ਚਾਹੀਦੀ ਹੈ ਵਾਪਸ ਚਲੇ ਗਏ।

ਰਵਿਦਾਸ ਜੀ ਨੂੰ ਬੇਨਤੀ ਪੱਤਰ ਦੇ ਕੇ ਬੰਦਾ ਭੇਜ ਦਿਤਾ ਕਿ ਮਹਾਰਾਜ! ਆਪ ਕ੍ਰਿਪਾ ਕਰੋ, ਮੈਨੂੰ ਵੀ ਦਰਸ਼ਨ ਦਿਓ. ਰਾਜਾ ਚੰਦਰਹੰਸ ਬੜੀ ਅਧੀਨਗੀ ਨਾਲ ਚਿੱਠੀ ਲਿਖਦਾ ਹੈ ਤੇ ਰਵਿਦਾਸ ਜੀ ਉਥੋਂ ਚਲਦੇ ਨੇ, ਗੱਲ ਵਿਚਾਰੀ ਤੇ ਵਿਚਾਰ ਕੇ ਚੱਲ ਪਏ ਤੇ ਜਦੋਂ ਆਪ ਚਿਤੌੜਗੜ੍ਹ ਆਉਂਦੇ ਨੇ ਉਸ ਵੇਲੇ ਰਾਜੇ ਦੇ ਮਨ ਵਿਚ ਆਈ ਕਿ ਕਿਤੇ ਮੈਂ ਆਪਣੀ ਪਤਨੀ ਦੇ ਮਗਰ ਲਗ ਕੇ ਤਾਂ ਨਹੀਂ ਕਰ ਰਿਹਾ। ਮੈਂ ਵੀ ਪਰਖ ਲਵਾਂ। ਉਸ ਨੇ ਆਪਣੀ ਜਿਗਾ ਕਲਗੀ ਲਾਹ ਕੇ ਸੀਟ ਦੇ ਥੱਲੇ ਰੱਖ ਦਿਤੀ, ਜੇ ਤਾਂ ਉਨ੍ਹਾਂ ਨੇ ਮੈਨੂੰ ਕਹਿ ਦਿਤਾ ਕਿ ਤੇਰੀ ਜਿਗਾ ਕਲਗੀ ਫਲਾਣੇ ਥਾਉਂ ਪਈ ਹੈ, ਤੂੰ ਪਹਿਨੀ ਕਿਉਂ ਨਹੀਂ ਹੈ ਤਾਂ, ਤਾਂ ਉਹ ਪੂਰੇ। ਜੇ ਨਾ ਕਿਹਾ ਫੇਰ ਤਾਂ ਵੈਸੇ ਹੀ ਨੇ।

ਉਸ ਵੇਲੇ ਆਪ ਨੇ ਰਵਿਦਾਸ ਜੀ ਦਾ ਸਤਿਕਾਰ ਕਰਨ ਵਾਸਤੇ ਤਿਆਰੀ ਕਰੀ ਤੇ ਬਾਹਰ ਜਿਸ ਥਾਂ ਦੇ ਉਤੇ ਠਹਿਰਾਏ ਗਏ ਸੀ ਉਥੇ ਆਪ ਸਤਿਕਾਰ ਕਰਨ ਵਾਸਤੇ ਜਾਂਦੇ ਨੇ ਤੇ ਜਦੋਂ ਜਾ ਕੇ ਇਨ੍ਹਾਂ ਨੇ ਨਮਸਕਾਰ ਕਰੀ, ਰਵਿਦਾਸ ਜੀ ਕਹਿਣ ਲੱਗੇ, ਰਾਜਨ! ਅੱਜ ਤੁਹਾਡੀ ਦਸਤਾਰ ਸੁੰਨੀ-ਸੁੰਨੀ ਕਿਉਂ ਲਗਦੀ ਹੈ। ਤੁਹਾਡੀ ਜਿਗਾ ਤੇ ਕਲਗੀ ਕਿੱਥੇ ਗਈ? ਤੁਸੀਂ ਸੀਟ ਥੱਲੇ ਕਿਉਂ ਰੱਖ ਦਿਤੀ। ਉਸੇ ਵੇਲੇ ਚਰਨ ਫੜ ਲਏ ਕਹਿਣ ਲੱਗਿਆ ਮਹਾਰਾਜ! ਮੈਂ ਬੜਾ ਭੁੱਲਿਆ ਹੋਇਆ ਸੀ। ਮੂਰਖਾਂ ਦੇ, ਨਿੰਦਕਾਂ ਦੇ, ਦੋਖੀਆਂ ਦੇ ਕਹਿਣੇ 'ਚ ਆ ਕੇ ਮੇਰੀ ਵੀ ਸ਼ਰਧਾ ਉਨ੍ਹਾਂ ਨੇ ਹੀਣ ਕਰ ਦਿਤੀ। ਮਹਾਰਾਜ ਕਹਿੰਦੇ, ਜਿਹੜੇ ਸਾਧੂਆਂ ਦੇ ਨਾਲ ਲਗਦੇ ਨੇ ਨਾ ਉਨ੍ਹਾਂ ਨੂੰ ਸੁੱਖ ਨਹੀਂ ਮਿਲਿਆ ਕਰਦਾ।

***ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥***
***ਅੰਗ - ੩੦੬***

ਜਿਸ-ਜਿਸ ਨੇ ਵੀ ਸੰਤਾਂ ਦੇ ਨਾਲ ਖਹਿ ਪਾਈ

ਹੈ, ਉਹਨੂੰ ਸੁੱਖ ਦੀ ਪ੍ਰਾਪਤੀ ਨਹੀਂ ਹੋਈ ਆਪਣਾ ਸਰਵਨਾਸ ਕੀਤਾ ਹੈ ਉਹਨੇ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਆਪ ਦੇ ਸੰਗਤਾਂ ਆਉਂਦੀਆਂ ਨੇ, ਪੂਰਨਮਾਸ਼ੀ ਦਾ ਦੀਵਾਨ ਭਰਦਾ ਹੈ। ਸੰਗਰਾਂਦ ਦਾ ਭਰਦਾ ਹੈ, ਦੂਰ-ਦਰਾਜ਼ ਤੋਂ ਗੱਡੀਆਂ ਚੜ੍ਹ ਕੇ ਹਜ਼ਾਰਾਂ ਦੀ ਤਾਦਾਦ ਦੇ ਵਿਚ ਸੰਗਤਾਂ ਆਉਂਦੀਆਂ ਨੇ। ਪਰ ਜਦੋਂ ਸੰਗਤ ਨੇੜੇ ਤੋਂ ਲੰਘ ਕੇ ਪੈਰੀਂ ਚਲ ਕੇ ਆਉਂਦੀ ਸੀ ਤਾਂ ਉਥੇ ਦੇ ਬੜੇ ਜ਼ਿੱਦੀ ਤੇ ਨਾਸਤਕ ਕਿਸਾਨ ਸੀ। ਉਨ੍ਹਾਂ ਨੇ ਬੋਲੀਆਂ ਮਾਰਨੀਆਂ, ਬੀਬੀਆਂ ਨੂੰ ਮਸਕਰੀਆਂ ਕਰਨੀਆਂ। ਲੰਘ ਜਾਣਾ ਕਿਸੇ ਨੇ ਕੁੱਛ ਨਾ ਕਹਿਣਾ, ਵਾਹਿਗੁਰੂ-ਵਾਹਿਗੁਰੂ ਕਹਿ ਕੇ ਲੰਘ ਜਾਣਾ ਕਿ ਮੱਤ ਮਾਰੀ ਹੈ ਇਨ੍ਹਾਂ ਲੋਕਾਂ ਦੀ। ਕੋਲ ਰਹਿੰਦੇ ਹੋਏ ਡੇਰੇ ਦੇ ਸੂਰਜ ਦੇ ਕੋਲ ਰਹਿ ਕੇ ਉੱਲੂਆਂ ਵਾਲਾ ਕੰਮ ਕਰ ਰਹੇ ਨੇ, ਅੱਖਾਂ ਮੀਚੀ ਬੈਠੇ ਨੇ, ਕੋਈ ਪਤਾ ਨਹੀਂ ਲਗਦਾ ਇਨ੍ਹਾਂ ਨੂੰ ਮਹਿਮਾ ਦਾ। ਅਖੀਰ ਉਨ੍ਹਾਂ ਵਿਚ ਜਿਹੜੇ ਨੌਜਵਾਨ ਸੀ ਕਹਿਣ ਲੱਗੇ ਬੜਾ ਅਨੰਦ ਆਉਂਦਾ ਹੈ ਇਹ ਤਾਂ। ਕੁੱਤੇ ਲੈ ਆਏ, ਜਦੋਂ ਜਥੇ ਲੰਘਣ ਲੱਗੇ ਕੁੱਤੇ ਛੱਡ ਦਿਤੇ। ਕੁੱਤੇ ਰੱਖੇ ਹੋਏ ਸੀ, ਉਹ ਮਗਰ ਪੈ ਜਾਂਦੇ ਸੀ। ਦੌੜ-ਭੱਜ ਹੋ ਜਾਂਦੀ ਹੈ, ਬੀਬੀਆਂ ਦੇ ਕਪੜੇ ਫਾੜ ਦਿਤੇ, ਚੱਕ ਮਾਰੇ, ਬੱਚਿਆਂ ਨੂੰ ਕੱਟ ਲਿਆ।

ਬਾਬਾ ਜੀ ਕੋਲ ਕਹਿਣ ਲੱਗੇ ਜੀ ਆਹ ਪਿੰਡ ਬੜਾ ਦੁੱਖੀ ਕਰਦਾ ਹੈ, ਇਥੋਂ ਦੀ ਰਸਤਾ ਆਉਂਦਾ ਹੈ। ਬਾਬਾ ਜੀ ਕਹਿੰਦੇ ਕਿ ਭਾਈ ਪ੍ਰੇਮੀਓ! ਰਸਤਾ ਇਕ ਹੋਰ ਵੀ ਹੈਗਾ, ਮੀਲ ਦੋ ਮੀਲ ਪਰ੍ਹੇ, ਫਰਕ ਪਾ ਲਿਆ ਕਰੋ, ਉਧਰੋਂ ਆ ਜਾਇਆ ਕਰੋ। ਉਸ ਤਰ੍ਹਾਂ ਸੰਗਤਾਂ ਨੇ ਆਉਣਾ ਸ਼ੁਰੂ ਕਰ ਦਿਤਾ। ਉਥੇ ਵੀ ਜਾ ਕੇ ਉਹ ਬਹਿਣ ਲੱਗ ਗਏ ਤੇ ਜਾ ਕੇ ਕੁੱਤੇ ਛੱਡ ਦਿਆ ਕਰਨ। ਸੰਗਤ ਨੇ ਕਿਹਾ ਬਾਬਾ ਜੀ! ਉਹ ਵੀ ਰਸਤਾ ਬੰਦ ਹੋ ਗਿਆ, ਉਥੇ ਵੀ ਕੁੱਤੇ ਛੱਡ ਦਿੰਦੇ ਨੇ। ਹਰ ਵਾਰੀ ਕਿੰਨੇ ਬੀਬੀਆਂ ਬੱਚਿਆਂ, ਬੰਦਿਆਂ ਨੂੰ ਕੁੱਤੇ ਕੱਟ ਜਾਂਦੇ ਸੀ। ਬਾਬਾ ਜੀ ਕਹਿੰਦੇ, ਕੋਈ ਨਾ ਪ੍ਰੇਮੀਓ ਵਾਹਿਗੁਰੂ ਜਾਣੇ ਇਹ ਜਾਣਨ ਆਪਾਂ ਦੇ ਕੋਲ ਡੰਡੇ ਤਾਂ ਹੈ ਨਹੀਂ।

ਗੁਰੂ ਦਸਵੇਂ ਪਾਤਸ਼ਾਹ ਨੇ ਤਾਂ ਗ੍ਰਾਮ ਨਗਰ ਸੀਗਾ, ਲੂ-ਗ੍ਰਾਮ ਉਥੇ ਸੰਗਤਾਂ ਨੂੰ ਲੁੱਟ ਲਿਆ ਡਾਕਾਂ ਮਾਰ ਕੇ, ਜੋ ਗੁਰੂ ਸਾਹਿਬ ਦੀ ਭੇਟਾ ਸੀ ਸਾਰੀ ਦੀ ਸਾਰੀ ਆਪ ਲੁੱਟ ਲਈ। ਗੁਰੂ ਮਹਾਰਾਜ ਕੋਲ ਸੰਗਤ ਚਲੀ ਗਈ ਕਿ ਸੱਚੇ ਪਾਤਸ਼ਾਹ! ਬੜੀਆਂ ਦੂਰ ਤੋਂ ਸਰਹੱਦੀ ਇਲਾਕੇ ਤੋਂ ਅਸੀਂ ਵਸਤਾਂ ਲੈ ਕੇ ਆਏ ਸੀ। ਆਹ ਪਿੰਡ ਵਾਲਿਆਂ ਨੇ ਲੁੱਟ ਲਈਆਂ। ਮਹਾਰਾਜ ਕਹਿੰਦੇ, ਤੁਸੀਂ ਕੁਛ ਨਹੀਂ ਕਰਿਆ? ਕਹਿੰਦੇ, ਨਹੀਂ ਮਹਾਰਾਜ। ਉਸ ਵੇਲੇ ਗੁਰੂ ਮਹਾਰਾਜ ਆਪ ਹੀ ਸ਼ਿਕਾਰ ਵਾਸਤੇ ਬਾਹਰ ਨੂੰ ਚਲੇ ਗਏ ਜਦੋਂ ਪਿੰਡ ਦੇ ਕੋਲ ਗਏ ਤਾਂ ਕਹਿੰਦੇ, ਘੇਰ ਲਓ ਇਨ੍ਹਾਂ ਨੂੰ। ਘੇਰ ਗਿਆ, ਲੜਾਈ ਸ਼ੁਰੂ ਹੋ ਗਈ, ਉਹ ਗੜ੍ਹੀ ਸੀ ਆਲੇ-ਦੁਆਲੇ ਸਿੰਘਾਂ ਨੇ ਹਿੰਮਤ ਮਾਰ ਕੇ ਗੜ੍ਹੀ ਦੇ ਉਤੇ ਚੜ੍ਹ ਕੇ ਉਨ੍ਹਾਂ ਨੂੰ ਕਾਬੂ ਕਰ ਲਿਆ। ਜਿਸ ਵਕਤ ਦੇਖਿਆ ਕਿ ਸਾਡਾ ਬਲ ਨਹੀਂ ਇਨ੍ਹਾਂ ਮੂਹਰੇ ਚਲਦਾ, ਉਸ ਵੇਲੇ ਸ਼ਰਨ ਆ ਗਏ ਕਿ ਮਹਾਰਾਜ! ਸਾਡੇ ਤੇ ਕ੍ਰਿਪਾ ਕਰੋ। ਮਹਾਰਾਜ! ਕਹਿੰਦੇ ਪਹਿਲਾਂ ਤਾਂ ਚੀਜ਼ਾਂ ਲਿਆਓ ਸਾਰੀਆਂ। ਸਾਰੀਆਂ ਲਿਆ ਕੇ ਭੇਟਾ ਕਰ ਦਿਤੀਆਂ। ਮਹਾਰਾਜ ਨੇ ਕਿਹਾ ਕਿ ਅੱਜ ਤੋਂ ਬਾਅਦ ਕਿਸੇ ਗੁਰਸਿੱਖ ਨੂੰ ਜੇ ਕੁਛ ਕਿਹਾ ਨਾ ਤਾਂ ਤੁਹਾਡਾ ਪਿੰਡ ਬਿਲਕੁਲ ਹੀ ਉਜਾੜ ਦੇਵਾਂਗੇ।

ਬਾਬਾ ਜੀ ਕਹਿਣ ਲੱਗੇ ਕਿ ਮਹਾਰਾਜ ਨੇ ਤਾਂ ਇਸ ਤਰ੍ਹਾਂ ਕਰਿਆ ਸੀ, ਆਪਾਂ ਤਾਂ ਸਾਧੂ ਬੰਦੇ ਹਾਂ, ਗੁਰੂ ਜਾਣੇ ਇਹ ਜਾਣਨ।

ਸੰਤਾਂ ਦੇ ਮਨ ਵਿਚ ਜੇ ਐਸੀਆਂ ਗੱਲਾਂ ਆ ਜਾਣ ਨਾ, ਫੇਰ ਵਾਹਿਗੁਰੂ **action** ਵਿਚ ਆ ਜਾਂਦਾ ਹੈ। ਵਾਹਿਗੁਰੂ ਜੀ ਨੇ ਰੋਜ਼ ਇਕ ਦੋ ਜਵਾਨ ਮਾਰਨੇ ਸ਼ੁਰੂ ਕਰ ਦਿਤੇ। ਥੋੜ੍ਹੇ ਜਿਹੇ ਦਿਨਾਂ ਵਿਚ ਹੀ ਪਿੰਡ ਦੇ ਸਾਰੇ ਜੁਆਨ ਮਰ ਗਏ, ਇਕ ਵੀ ਬੰਦਾ ਨਾ ਰਿਹਾ, ਬੀਬੀਆਂ ਰਹਿ ਗਈਆਂ। ਇਕ ਬੀਬੀ ਦੀ ਕੁਛੜ ਛੋਟਾ ਜਿਹਾ ਬਾਲ ਸੀ ਨੌਂ ਮਹੀਨੇ, ਉਹਨੇ ਲਿਆ ਕੇ ਬਾਬਾ ਜੀ ਦੇ ਚਰਨਾਂ ਤੇ ਰੱਖ ਦਿਤਾ ਕਹਿੰਦੀ ਬਾਬਾ ਜੀ ਇਹਨੂੰ ਚਾਹੇ ਇਥੇ ਮਾਰ ਲਓ, ਚਾਹੇ ਬਚਾ ਲਓ। ਬਾਬਾ ਜੀ ਨੇ ਕ੍ਰਿਪਾ ਕਰ ਦਿਤੀ ਕਿ ਲੈ ਬੀਬੀ! ਤੇਰੇ ਕਰਕੇ ਇਸ ਪਿੰਡ ਦੀ ਜੜ੍ਹ ਹਰੀ ਰਹਿ ਗਈ ਨਹੀਂ ਤਾਂ ਉਜੜ ਜਾਣਾ ਸੀ ਇਹਨੇ। ਸੋ -

***ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥***
***ਅੰਗ - ੩੦੯***

ਰਵਿਦਾਸ ਜੀ ਨਾਲ ਖਹਿਣਾ ਸ਼ੁਰੂ ਕਰ ਦਿਤਾ, ਬੜੀ ਨਿੰਦਿਆ ਕਰਦੇ ਨੇ, ਬੜੀਆਂ ਚੁਗਲੀਆਂ ਕਰਦੇ ਨੇ। ਸਤਿਸੰਗ ਓਧਰ ਰਾਣੀ ਦੇ ਮਹਿਲਾਂ ਵਿਚ ਹੋਣਾ ਸ਼ੁਰੂ ਹੋ ਗਿਆ। ਅਖੀਰ ਰਾਣੀ ਨੇ ਸੱਦਾ ਪੱਤਰ ਭੇਜ ਦਿਤਾ, ਰਾਜੇ ਨੇ ਮੋਹਰਾਂ ਲਾ ਕੇ ਭੇਜ ਦਿਤਾ। ਕਾਸ਼ੀ ਦੇ ਬ੍ਰਾਹਮਣ ਮੰਗਾ ਲਏ, ਇਥੇ ਦੇ ਬ੍ਰਾਹਮਣਾਂ ਨੂੰ ਚਿਤੌੜਗੜ੍ਹ ਦੇ ਸਾਰੇ ਬ੍ਰਾਹਮਣਾਂ ਨੂੰ, ਸਾਰੇ ਬ੍ਰਾਹਮਣਾਂ ਨੂੰ ਬੁਲਾ ਲਿਆ। ਉਹ ਦੇਖਦੇ ਨੇ ਕਿ ਰਵਿਦਾਸ ਜੀ ਦੀ ਪੂਜਾ ਹੋ ਰਹੀ ਹੈ। ਕਹਿ ਕੁਛ ਸਕਦੇ ਨਹੀਂ ਸੀ, ਬਾਹਰ ਗੱਲਾਂ ਮਾਰਦੇ ਨੇ ਤੇ ਜਦੋਂ ਯੱਗ ਸ਼ੁਰੂ ਹੋਇਆ ਤਾਂ ਰਾਣੀ ਝਾਲਾਬਾਈ ਨੇ ਕਿਹਾ ਕਿ ਕਿਤੇ ਐਸਾ ਨਾ ਹੋਵੇ ਗੜਬੜ ਨਾ ਕਰਨ, ਪੁਲਿਸ ਨੂੰ ਚੌਕਸ ਕਰ ਦਿਤਾ ਕਿ ਕੋਈ ਗਲਤੀ ਕਰਦਾ ਹੈ, ਪ੍ਰਾਪੇਗੰਡਾ ਕਰਦਾ ਹੈ ਤੁਸੀਂ ਉਸ ਨੂੰ ਫੜ ਲਓ। ਵਾਰੀ ਸਿਰ ਲੰਗਰ ਦੇਣੇ ਸ਼ੁਰੂ ਕਰ ਦਿਤੇ ਕਿ ਅੱਜ ਐਸ ਗੋਤ ਦੀ ਵਾਰੀ ਹੈ। ਅੱਜ ਆਹ ਖਾਣਗੇ। ਰੋਜ਼ ਇਸੇ ਤਰ੍ਹਾਂ ਪ੍ਰਸ਼ਾਦੇ ਛਕਾਉਂਦੇ ਰਹੇ ਤੇ ਉਸ ਤੋਂ ਬਾਅਦ ਕਰਿਆ ਕਿ ਅੱਜ ਸਮੂਹ ਲੰਗਰ ਹੋਏਗਾ, ਜਦੋਂ ਸਮੂਹ ਲੰਗਰ ਕਰਿਆ ਤਾਂ ਉਸ ਵੇਲੇ ਆਸਣ ਸਭ ਨਾਲੋਂ ਉੱਚਾ ਰਵਿਦਾਸ ਜੀ ਦਾ ਵਿਚਕਾਰ ਲਾ ਦਿਤਾ। ਸੰਗਤਾਂ ਬੇਅੰਤ ਵਧ ਗਈਆਂ, ਸਾਰਿਆਂ ਨੂੰ ਮਹਿਮਾ ਦਾ ਪਤਾ ਲੱਗਿਆ।

ਬ੍ਰਾਹਮਣਾਂ ਤੋਂ ਬਗੈਰ ਜਿੰਨੀਆਂ ਹੋਰ ਜਾਤੀਆਂ ਸਭ ਹੁੰਮ-ਹੁੰਮਾ ਕੇ ਦਰਸ਼ਨਾਂ ਨੂੰ ਆਉਂਦੀਆਂ, ਇਹ ਕੁੜਦੇ ਹੀ ਰਹਿੰਦੇ ਨੇ। ਜਿਸ ਵਕਤ ਦੇਖਿਆ ਕਿ ਅੱਜ ਆਸਣ ਉਨ੍ਹਾਂ ਦਾ ਉਚੇ ਥਾਉਂ ਲਾ ਦਿਤਾ, ਗੁਰੂ ਪੂਜਾ ਹੋਏਗੀ, ਉਸ ਤੋਂ ਬਾਅਦ ਪ੍ਰਸ਼ਾਦਾ ਵਰਤਾਉਣਾ ਹੈ, ਲੰਗਰ ਚਲਣਾ ਹੈ, ਇਹਨਾਂ ਨੇ ਇਤਰਾਜ਼ ਕਰ ਦਿਤਾ ਕਿ ਜਿਥੇ ਰਵਿਦਾਸ ਜੀ ਬੈਠੇ ਹੋਣਗੇ ਉਥੇ ਬੈਠ ਕੇ ਰੋਟੀ ਨਹੀਂ ਖਾਣੀ। ਕਹਿਣ ਲੱਗੇ, ਰਾਜਨ! ਅਸੀਂ ਤੇਰਾ ਲੰਗਰ ਬਣਿਆ ਬਣਾਇਆ ਛੱਡ ਜਾਵਾਂਗੇ। ਤੇਰਾ ਯੱਗ ਸੰਪੂਰਨ ਨਹੀਂ ਹੋਣਾ ਤੂੰ ਬ੍ਰਾਹਮਣਾਂ ਨਾਲ ਵਿਵਾਦ ਪਾਇਆ ਹੈ। ਇਨ੍ਹਾਂ ਦਾ ਨਿਰਾਦਰ ਕੀਤਾ ਹੈ। ਰਾਜਾ ਕਹਿਣ ਲੱਗਿਆ, ਕੋਈ ਗੱਲ ਨਹੀਂ, ਅਸੀਂ ਗੁਰੂ ਜੀ ਨੂੰ ਬੇਨਤੀ ਕਰਕੇ ਦੇਖ ਲੈਂਦੇ ਹਾਂ। ਜਦੋਂ ਇਹ ਗੱਲ ਉਨ੍ਹਾਂ ਦੇ ਕੰਨੀਂ ਪਹੁੰਚੀ ਤਾਂ ਕਹਿਣ ਲੱਗੇ, ਭਾਈ! ਮੈਂ ਤਾਂ ਪਹਿਲਾਂ ਹੀ ਤੁਹਾਨੂੰ ਕਿਹਾ ਸੀ ਕਿ ਜਾਤ ਅਭਿਮਾਨੀ ਤੁਹਾਨੂੰ ਤੰਗ ਕਰਨਗੇ, ਅਸੀਂ ਇਕ ਪਾਸੇ ਹੋ ਕੇ ਬੈਠ ਜਾਂਦੇ ਹਾਂ। ਆਪ ਇਕ ਪਾਸੇ ਬੈਠ ਗਏ। ਲੰਗਰ ਸ਼ੁਰੂ ਹੋ ਜਾਂਦਾ ਹੈ। ਜਿਥੇ ਆਸਣ ਲੱਗਿਆ ਸੀ ਉਥੋਂ ਉਠ ਕੇ ਚਲੇ ਗਏ। ਕਹਿਣ ਲੱਗੇ, ਬੁਲਾ ਲਓ ਪ੍ਰੇਮੀਓ! ਉਨ੍ਹਾਂ ਨੂੰ, ਸਾਨੂੰ ਨਹੀਂ ਅਭਿਮਾਨ ਕਿਸੇ ਗੱਲ ਦਾ। ਆਪਣੀ ਮਰਿਆਦਾ ਨਾਲ ਚੱਲੋ। ਰਾਜੇ ਨੇ ਬੜੀ ਸ਼ਰਧਾ ਦੇ ਨਾਲ ਯੱਗ ਕੀਤਾ ਹੈ ਇਹਦੇ ਵਿਚ ਨਾ ਤੁਸੀਂ ਭੰਗਣਾ ਪਾਓ।

ਸੋ ਰਵਿਦਾਸ ਜੀ ਅੰਦਰ ਜਾ ਕੇ ਬੈਠ ਜਾਂਦੇ ਨੇ, ਪੰਗਤਾਂ ਲੱਗ ਗਈਆਂ। ਹੁਣ ਵਾਹਿਗੁਰੂ ਜੀ ਨੇ ਭਗਤ ਦੀ ਲਾਜ ਰੱਖਣੀ ਹੈ। ਜਦ ਕਦ ਵੀ ਭਗਤਾਂ ਦੇ ਉਤੇ ਕੋਈ ਔਕੜ ਆਈ ਹੈ, ਉਸੇ ਵੇਲੇ ਵਾਹਿਗੁਰੂ ਜੀ ਦਾ ਬਿਰਦ ਹੈ-

*ਅਪੁਨੇ ਸੇਵਕ ਕੀ ਆਪੇ ਰਾਖੈ*
*ਆਪੇ ਨਾਮੁ ਜਪਾਵੈ॥*
*ਜਹ ਜਹ ਕਾਜ ਕਿਰਤਿ ਸੇਵਕ ਕੀ*
*ਤਹਾ ਤਹਾ ਉਠਿ ਧਾਵੈ ॥* **ਅੰਗ - ੪੦੩**

ਪੰਗਤਾਂ ਲਾ ਕੇ ਸਾਰੇ ਬੈਠ ਗਏ। ਸਾਰੇ ਬ੍ਰਾਹਮਣਾਂ ਦੇ ਮਨ ਵਿਚ ਹੈ ਕਿ ਠੀਕ ਹੈ ਅਸੀਂ ਰਾਜਾ ਤੋੜ ਦਿਤਾ ਭਗਤ ਜੀ ਨਾਲੋਂ। ਭਗਤ ਨਰਾਜ਼ ਹੋਣਗੇ, ਨਰਾਜ਼ ਹੋ ਕੇ ਆਪੇ ਹੀ ਚਲੇ ਜਾਣਗੇ। ਲੇਕਿਨ ਦੂਜੇ ਪਾਸੇ ਕੀ ਵਾਹਿਗੁਰੂ ਜੀ ਨੇ ਕੌਤਕ ਰਚ ਦਿਤਾ।

*ਸੇਵਕ ਕਉ ਨਿਕਟੀ ਹੋਇ ਦਿਖਾਵੈ ॥*
*ਜੋ ਜੋ ਕਹੈ ਠਾਕੁਰ ਪਹਿ ਸੇਵਕੁ*
*ਤਤਕਾਲ ਹੋਇ ਆਵੈ ॥* **ਅੰਗ - ੪੦੩**

ਪ੍ਰਸ਼ਾਦੇ ਵਰਤ ਗਏ, ਸਾਰਿਆਂ ਦੇ ਥਾਲਾਂ ਦੇ ਵਿਚ ਹਰੇਕ ਕਿਸਮ ਦੇ ਭੋਜਨ ਪਾ ਦਿਤੇ ਤੇ ਬਾਰ-ਬਾਰ ਬੇਨਤੀ ਕਰਦਾ ਹੈ ਰਾਜਾ ਚੰਦਰਹੰਸ ਕਿ ਬ੍ਰਾਹਮਣ ਦੇਵਤਾਓ ਤੁਸੀਂ ਪ੍ਰਸ਼ਾਦ ਤਾਂ ਛਕੋ। ਕੋਈ ਵੀ ਨਹੀਂ ਛਕਦਾ, ਹੱਥ ਹੀ ਨਹੀਂ ਕੱਢਦਾ ਕੋਈ। ਇਕ ਨੂੰ ਪੁੱਛਿਆ ਕਿ ਤੁਸੀਂ ਪ੍ਰਸ਼ਾਦਾ ਕਿਉਂ ਨਹੀਂ ਛਕਦੇ। ਕਹਿੰਦੇ, ਕਾਹਦਾ ਛਕੀਏ ਰਵਿਦਾਸ ਤਾਂ ਮੇਰੇ ਨਾਲ ਬਿਠਾ ਦਿਤਾ ਤੁਸੀਂ। ਦੂਜੇ ਨੂੰ ਪੁਛਿਆ, ਉਹ ਕਹਿੰਦਾ, ਇਹਦੇ ਨਾਲ ਤਾਂ ਨਹੀਂ ਬੈਠਾ ਰਵਿਦਾਸ ਮੇਰੇ ਨਾਲ ਬੈਠਾ ਹੈ। ਇਕੱਲਿਆਂ-ਇਕੱਲਿਆਂ ਨੂੰ ਪੁਛਿਆ, ਕਹਿੰਦਾ ਜੀ ਮੇਰੇ ਨਾਲ ਤਾਂ ਰਵਿਦਾਸ ਬੈਠਾ ਹੈ, ਕਹਿੰਦਾ ਇਹਨੂੰ ਉਠਾਲੋ। ਰਾਜਾ ਕਹਿਣ ਲੱਗਿਆ, ਹੈਰਾਨੀ ਦੀ ਗੱਲ ਹੈ, ਰਵਿਦਾਸ ਜੀ ਇਕ ਨੇ ਤੁਸੀਂ ਸਾਰੇ ਹੀ ਕਹੀ ਜਾਂਦੇ ਓਂ। ਝੂਠ ਬੋਲਦੇ ਹੋਂ ਸਾਰੇ? ਸਿਆਣੇ-ਸਿਆਣੇ ਬ੍ਰਾਹਮਣ ਉਠ ਕੇ ਖੜ੍ਹੇ ਹੋ ਗਏ ਕਹਿਣ ਲੱਗੇ, ਪ੍ਰੇਮੀਓ! ਆਪਾਂ ਰੱਬ ਦੇ ਨਾਲ ਮੁਕਾਬਲਾ ਸ਼ੁਰੂ ਕਰ ਲਿਆ, ਮਾੜੀ ਗੱਲ ਕਰੀ ਹੈ। ਗਲਤੀ ਮੰਨੋ ਆਪਣੀ ਭਗਤ ਜੀ ਨੂੰ ਲਿਆ ਕੇ ਬਿਠਾਲੋ।

ਉਸ ਵੇਲੇ ਬੇਨਤੀ ਕੀਤੀ ਕਿ ਮਹਾਰਾਜ! ਜਾਓ ਰਵਿਦਾਸ ਜੀ ਨੂੰ ਉਨ੍ਹਾਂ ਦੇ ਆਸਣ ਤੇ ਲਿਆ ਕੇ ਬਿਠਾਓ। ਅਸੀਂ ਪੰਗਤਾਂ 'ਚ ਪ੍ਰਸ਼ਾਦਾ ਫੇਰ ਛਕਾਂਗੇ। ਜਦੋਂ ਰਵਿਦਾਸ ਜੀ ਆਸਣ ਤੇ ਬੈਠ ਗਏ, ਸਾਮ੍ਹਣੇ ਪੰਗਤਾਂ ਲੱਗੀਆਂ ਹੋਈਆਂ ਨੇ, ਸਾਰੇ ਹੀ ਹੈਰਾਨ ਹੋ ਗਏ ਕਿ ਰਵਿਦਾਸ ਜੀ ਜਿਹੜੇ ਨਾਲ ਬੈਠੇ ਸੀ ਹੁਣ ਤਾਂ ਹੈ ਹੀ ਨਹੀਂ।

ਸੋ ਪ੍ਰਮੇਸ਼ਰ ਛੁਪਿਆ ਨਹੀਂ ਰਹਿਣ ਦਿੰਦਾ।

*ਆਠ ਪਹਰ ਜਨੁ ਹਰਿ ਹਰਿ ਜਪੈ ॥*
*ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥*
**ਅੰਗ - ੨੯੫**

ਉਸ ਵੇਲੇ ਰਵਿਦਾਸ ਜੀ ਨੇ ਪਿਆਰ ਦੇ ਵਿਚ ਆ ਕੇ ਸ਼ਬਦ ਉਚਾਰਨ ਕਰਿਆ।

*ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥*
*ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥*
*ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥*
*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥*
*ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥*
*ਕਹਿ ਰਵਿਦਾਸੁ ਸੁਨਹੁ ਰੇ ਸੰਤਹੁ*
*ਹਰਿ ਜੀਉ ਤੇ ਸਭੈ ਸਰੈ॥* **ਅੰਗ - ੧੧੦੬**

ਸੋ ਇਸ ਤਰ੍ਹਾਂ ਦੇ ਨਾਲ ਮਹਾਂਪੁਰਸ਼ਾਂ ਨੂੰ ਪ੍ਰਗਟ ਕੀਤਾ। ਉਸ ਤੋਂ ਬਾਅਦ ਹੁਕਮ ਹੋਇਆ ਅਕਾਲ ਪੁਰਖ ਦਾ ਕਿ ਹੁਣ ਤੁਸੀਂ ਇਕ ਥਾਂ ਬੈਠੋ, ਬੈਠ ਕੇ ਹਰੀ ਦਾ ਪ੍ਰਚਾਰ ਕਰੋ ਤੇ ਨਾਮ ਦੀ ਦਾਤ ਦੇਵੋ ਸੰਸਾਰ ਨੂੰ। ਸੋ ਉਸ ਤੋਂ ਬਾਅਦ ਗੁਰੂ ਮਹਾਰਾਜ ਗੁਰੂ ਨਾਨਕ ਪਾਤਸ਼ਾਹ ਨੇ ਪੂਰਾ ਆਦਰ ਸਤਿਕਾਰ ਦੇ ਕੇ ਰਵਿਦਾਸ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਦਰਜ ਕੀਤੀ ਤੇ ਅਸੀਂ ਜਿਥੇ ਦੂਸਰੀਆਂ ਗੁਰੂ ਦੀਆਂ ਬਾਣੀਆਂ ਨੂੰ ਅਸੀਂ ਕਹਿੰਦੇ ਕਿ ਪੱਕੀ ਬਾਣੀ ਹੈ ਗੁਰੂ ਦੀ ਬਾਣੀ ਹੈ, ਉਥੇ ਰਵਿਦਾਸ ਜੀ ਦੀ ਬਾਣੀ ਵੀ ਗੁਰੂ ਦੀ ਬਾਣੀ ਹੈ।

**ਵਾਹਿਗੁਰੂ ਜੀ ਕਾ ਖਾਲਸਾ**

**ਵਾਹਿਗੁਰੂ ਜੀ ਕੀ ਫਤਹਿ।**

# ਸੰਸਾ ਇਹੁ ਸੰਸਾਰੁ ਹੈ

ਸ਼ਾਨ..................................।

***ਸਤਿਨਾਮ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ***

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

***ਧਾਰਨਾ - ਪਿਆਰੇ ਜਬ ਤੇ ਦਰਸ਼ਨ ਪਾਇਆ,***
***ਸੰਸਾ ਉਤਰ ਗਿਆ।***

*ਠਾਕੁਰ ਤੁਮ੍ ਸਰਣਾਈ ਆਇਆ ॥*
*ਉਤਰਿ ਗਇਓ ਮੇਰੇ ਮਨ ਕਾ ਸੰਸਾ*
*ਜਬ ਤੇ ਦਰਸਨੁ ਪਾਇਆ ॥ ੧ ॥ ਰਹਾਉ ॥*
*ਅਨਬੋਲਤ ਮੇਰੀ ਬਿਰਥਾ ਜਾਨੀ*
*ਅਪਨਾ ਨਾਮੁ ਜਪਾਇਆ ॥*
*ਦੁਖ ਨਾਠੇ ਸੁਖ ਸਹਜਿ ਸਮਾਏ*
*ਅਨਦ ਅਨਦ ਗੁਣ ਗਾਇਆ ॥*
*ਬਾਹ ਪਕਰਿ ਕਢਿ ਲੀਨੇ ਅਪੁਨੇ*
*ਗ੍ਰਿਹ ਅੰਧ ਕੂਪ ਤੇ ਮਾਇਆ ॥*
*ਕਹੁ ਨਾਨਕ ਗੁਰਿ ਬੰਧਨ ਕਾਟੇ*
*ਬਿਛੁਰਤ ਆਨਿ ਮਿਲਾਇਆ ॥ ਅੰਗ - ੧੨੧੮*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਆਪ ਸਾਰੇ ਕਾਰੋਬਾਰ ਸੰਕੋਚਦੇ ਹੋਏ ਦੂਰ ਦਰਾਜ਼ ਤੋਂ ਪੈਦਲ ਤੇ ਸਵਾਰੀਆਂ ਦੇ ਰਾਹੀਂ ਦੁਰਾਲੀ ਨਗਰ ਦੇ ਅੰਦਰ ਸਾਰੇ ਹੀ ਗੁਰੂ ਮਹਾਰਾਜ ਦੀ ਹਜ਼ੂਰੀ ਦੇ ਅੰਦਰ ਸਸ਼ੋਭਤ ਹੋ। ਸ਼ਬਦ ਆਇਆ ਹੈ 'ਸੰਸੇ' ਦਾ। ਤਿੰਨ ਬੰਦੇ ਸੰਸਾਰ ਦੇ ਅੰਦਰ ਦੁਖੀ ਹੋਇਆ ਕਰਦੇ ਨੇ। ਤਿੰਨ ਬੰਦੇ ਐਸੇ ਨੇ ਜਿਨ੍ਹਾਂ ਦਾ ਦੁਖ ਕੋਈ ਨਵਿਰਤ ਨਹੀਂ ਕਰ ਸਕਦਾ। ਇਕ ਤਾਂ ਉਹ ਹੁੰਦੇ ਨੇ ਜਿਨ੍ਹਾਂ ਦੇ ਮਨ ਵਿਚ ਸੰਸਾ ਰਹੇ, ਤਰਕ ਰਹੇ। ਕਿਉਂਕਿ ਸਾਰਾ ਸੰਸਾਰ –

*ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ ॥*
*ਇਕਿ ਆਪਣੈ ਭਾਣੈ ਕਢਿ ਲਇਅਨੁ*
*ਆਪੇ ਲਇਓਨੁ ਮਿਲਾਇ ॥ ਅੰਗ - ੩੬*

ਸੰਸੇ ਦਾ ਬਣਿਆ ਹੋਇਆ ਹੈ। ਦੂਸਰਾ ਦੁਖੀ ਹੋਇਆ ਕਰਦਾ ਹੈ ਅਗਿਆਨੀ ਪੁਰਸ਼। ਤੀਸਰਾ ਹੋਇਆ ਕਰਦਾ ਹੈ ਜੋ ਸ਼ਰਧਾਲੂ ਨਾ ਹੋਵੇ, ਅਸ਼ਰਧਾਲੂ ਹੋਵੇ। ਇਨ੍ਹਾਂ ਤਿੰਨਾਂ ਨੂੰ ਪੰਜ ਕਲੇਸ਼ ਵਾਪਰ ਜਾਂਦੇ ਨੇ ਜਿਨ੍ਹਾਂ ਦਾ ਨਾਮ ਅਵਿਦਿਆ, ਅਸਿਮਿਤਾ, ਅਭਿਨਿਵੇਸ਼, ਰਾਗ, ਦ੍ਵੈਸ਼। ਸੋ ਜਦੋਂ ਤੱਕ ਗੁਰੂ ਦੇ ਦਰਸ਼ਨ ਨਹੀਂ ਹੁੰਦੇ, ਵਾਹਿਗੁਰੂ ਦੇ ਦਰਸ਼ਨ ਨਹੀਂ ਹੁੰਦੇ, ਇਹ ਸੰਸਾ ਨਹੀਂ ਉਤਰਿਆ ਕਰਦਾ। ਸੋ ਇਹ ਕੰਡੀਸ਼ਨ ਲੱਗ ਗਈ ਕਿ ਜਦੋਂ ਤਕ ਗਿਆਨ ਨਹੀਂ ਹੁੰਦਾ, ਸੰਸਾ ਨਹੀਂ ਉਤਰਿਆ ਕਰਦਾ। ਸੰਸਾ ਬਣਿਆ ਰਹਿੰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਦੀ ਪ੍ਰਾਪਤੀ ਵਾਸਤੇ ਵੱਡੇ-ਵੱਡੇ ਯਤਨ ਕੀਤੇ ਜਾਂਦੇ ਨੇ। ਬਾਬਾ ਫਰੀਦ 36 ਸਾਲ ਤਪਸਿਆ ਕਰਦਾ ਰਿਹਾ। ਐਸੀ ਵੀ ਅਵਸਥਾ ਆਈ ਕਿ ਉਸਦਾ ਸਰੀਰ ਸੁੱਕ ਗਿਆ, ਮਾਸ ਕਾਂਵਾਂ ਨੇ ਖਾ ਲਿਆ, ਜਦੋਂ ਅੱਖਾਂ ਨੂੰ ਕਾਂ ਮੁਰਦਾ ਸਮਝ ਕੇ ਖਾਣ ਲੱਗਿਆ, ਤਾਂ ਬਾਬਾ ਜੀ ਨੇ ਤਰਲਾ ਲਿਆ ਕਿ ਐ ਕਾਂ! ਬਾਕੀ ਤਾਂ ਮੇਰਾ ਮਾਸ ਸਾਰਾ ਖਾ ਲਿਆ –

*ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ॥*
*ਅੰਗ - ੧੩੮੨*

ਪਰ ਜੇ ਤੂੰ ਅੱਖਾਂ ਖਾ ਲਈਆਂ ਤਾਂ ਮੈਂ ਦਰਸ਼ਨ ਕਾਹਦੇ ਨਾਲ ਕਰਾਂਗਾ। ਨਾ! ਤੂੰ ਉਡ ਜਾ।

*ਏ ਦੁਇ ਨੈਨਾ ਮਤਿ ਛੁਹਉ*
*ਪਿਰ ਦੇਖਨ ਕੀ ਆਸ ॥ ਅੰਗ - ੧੩੮੨*

ਮੇਰੇ ਮਨ ਵਿਚ ਆਸਾ ਹੈ। ਘੋਰ ਤਪਸਿਆ ਕੀਤੀ, 36 ਸਾਲ ਲੰਘ ਗਏ, 12ਈਂ ਸਾਲੀਂ ਮਾਂ ਨੂੰ ਮਿਲਣ ਜਾਂਦਾ ਹੈ, ਪਹਿਲੀ ਤਪੱਸਿਆ ਤੋਂ ਬਾਅਦ ਕਰਾਮਾਤਾਂ ਹੋ ਆਈਆਂ, ਸ਼ਕਤੀਆਂ ਬਣ ਗਈਆਂ, ਰਾਹ ਵਿਚ ਦੇਖਣ ਲੱਗ ਗਿਆ, ਚਿੜੀਆਂ ਦਰਖਤ ਤੇ ਬੈਠੀਆਂ ਨੇ ਕਹਿੰਦਾ ਮਰ ਜਾਓ, ਸਾਰੀਆਂ ਮਰ ਕੇ ਥੱਲੇ ਗਿਰ ਗਈਆਂ। ਕਹਿਣ ਲੱਗਿਆ ਜੀਉਂਦੀਆਂ ਹੋ ਜਾਓ। ਜੀਉਂਦੀਆਂ ਹੋ ਕੇ ਉਡ ਗਈਆਂ, ਬੜਾ ਖੁਸ਼ ਹੋਇਆ। ਮਾਂ ਦੇ ਪਾਸ ਗਿਆ, ਮਾਂ ਕਹਿਣ ਲੱਗੀ ਇਹ ਤਾਂ ਕੁਛ ਵੀ ਨਹੀਂ, ਤੂੰ ਤਾਂ ਰਿੱਧੀ ਸਿੱਧੀ ਵਿਚ ਹੈਂ ਅਜੇ ਤਾਂ। ਅਜੇ ਕੋਈ ਗੱਲ ਨਹੀਂ ਬਣੀ, ਫਰੀਦਾ ਅਜੇ ਬੜੀ ਦੂਰ ਹੈ ਉਹ ਮੰਜ਼ਲ, ਜਿਸ ਮੰਜ਼ਲ ਵਲ ਮੈਂ ਇਸ਼ਾਰਾ ਕਰਦੀ ਹਾਂ। ਦੁਬਾਰਾ ਜਾਂਦਾ ਹੈ, ਘੋਰ ਤਪਸਿਆ ਕਰਦਾ ਹੈ, ਕਦੇ ਖੂਹ ਵਿਚ ਲਟਕਦਾ ਹੈ ਪੁੱਠਾ ਹੋ ਕੇ, ਕਦੇ ਭੁੱਖਾ ਰਹਿੰਦਾ ਹੈ। ਲੇਕਿਨ ਫੇਰ ਵੀ ਕੁਛ ਨਾ ਬਣਿਆ। ਤੀਸਰੀ ਵਾਰੀ ਜਦੋਂ ਫੇਰ ਤਪਸਿਆ ਕਰਦਾ ਹੈ ਤਾਂ ਆਵਾਜ਼ ਆਉਂਦੀ ਹੈ। ਫਰੀਦਾ! ਰੱਬ ਨੂੰ ਮਿਲਣਾ ਹੈਂ? ਕਹਿੰਦਾ ਹਾਂ, ਤਰਲੇ ਲੈ ਰਿਹਾ ਹਾਂ। ਕਹਿੰਦੇ, ਐਉਂ ਤਾਂ ਨਹੀਂ ਮਿਲਣਾ। ਜਿਹਨੂੰ ਮਿਲਣਾ ਹੋਵੇ ਉਹਦੀ ਪਛਾਣ ਹੋਣੀ ਚਾਹੀਦੀ ਹੈ ਕਿ ਕਿਹੋ ਜਿਹਾ ਹੈ, ਕਿੱਥੇ ਰਹਿੰਦਾ ਹੈ।

ਚੰਡੀਗੜ੍ਹ 'ਚ ਤੁਸੀਂ ਕਿਸੇ ਨੂੰ ਮਿਲਣਾ ਹੈ। ਸਭ ਤੋਂ ਪਹਿਲਾਂ ਉਸ ਬੰਦੇ ਦਾ ਨਾਉਂ, ਉਹਦੀ ਜਾਣ ਪਛਾਣ ਕਿ ਕਿਹੋ ਜਿਹਾ ਬੰਦਾ, ਕਿਹੋ ਜਿਹਾ ਹੁਲੀਆ ਹੈ, ਕੋਈ

ਫੋਟੋ ਹੋਵੇ, ਕੋਈ ਹੋਰ ਕਿਸੇ ਥਾਂ ਤੇ ਦੇਖਿਆ ਹੋਵੇ, ਉਸ ਤੋਂ ਬਾਅਦ ਉਹਦੀ ਕੋਠੀ ਦਾ ਨੰਬਰ, ਸੈਕਟਰ ਦਾ ਨੰਬਰ ਤੇ ਫੇਰ ਕਿਤੇ ਜਾ ਕੇ ਆਦਮੀ ਮਿਲਦਾ ਹੈ, ਜੇ ਅਤਾ ਪਤਾ ਨਹੀਂ ਤਾਂ ਮਿਲਦਾ ਨਹੀਂ।

ਕਹਿਣ ਲੱਗੇ, ਕਾਹਨੂੰ ਖੇਚਲ ਝਲਦਾ ਹੈਂ, 36 ਸਾਲ ਲੰਘ ਗਏ, ਪਹਿਲਾਂ ਰੱਬ ਦੀ ਪਛਾਣ ਤਾਂ ਕਰ ਕਿ ਉਹ ਰਹਿੰਦਾ ਕਿੱਥੇ ਹੈ। ਜਿਥੇ ਰਹਿੰਦਾ ਹੈ, ਉਥੇ ਜਾ ਕੇ ਦਸਤਕ ਦੇਹ। ਦਰਵਾਜ਼ਾ ਖੜਕਾ ਉਹ ਖੋਲ੍ਹ ਦਏਗਾ। ਜਿਥੇ ਰਹਿੰਦਾ ਹੈ ਵਾਹਿਗੁਰੂ ਉਹਦਾ ਪਹਿਲਾਂ ਪਤਾ ਕਰੋ ਕਿ ਵਾਹਿਗੁਰੂ ਰਹਿੰਦਾ ਕਿੱਥੇ ਹੈ? ਕਹਿਣ ਲੱਗੇ –

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ***
***ਵਣਿ ਕੰਡਾ ਮੋੜੇਹਿ ॥***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥***
***ਅੰਗ – ੧੩੭੮***

ਕਾਹਨੂੰ ਜੰਗਲਾ ਵਿਚ ਖੋਜਦਾ ਫਿਰਦਾ ਹੈ, ਪਹਿਲਾਂ ਇਹ ਜਾਣ ਲੈ ਕਿ ਉਹ ਮਿਲਦਾ ਕਿਵੇਂ ਹੈਂ? ਫੇਰ ਇਹ ਜਾਣ ਲੈ ਕਿ ਸੁਖਾਲੇ ਤੋਂ ਸੁਖਾਲਾ ਤਰੀਕਾ ਕੀ ਹੈ?

ਆਪਾਂ ਅਮਰੀਕਾ ਨੂੰ ਜਾਣਾ ਹੋਵੇ, ਜੇ ਪੈਦਲ ਚੱਲੀਏ, ਅੱਧੀ ਉਮਰ ਲੰਘ ਜਾਏਗੀ, ਬਾਰ੍ਹਾਂ ਹਜ਼ਾਰ ਮੀਲ, ਵੀਹ ਹਜ਼ਾਰ ਮੀਲ ਤੱਕ ਫੈਲੀ ਹੋਈ ਹੈ, ਪੈਦਲ ਜਾਂਦਾ ਆਦਮੀ ਬੀਮਾਰੀਆਂ, ਕਿੰਨੀਆਂ ਦਿੱਕਤਾਂ, ਕਿੰਨਾ ਔਖਾ ਹੁੰਦਾ ਹੈ। ਫੇਰ ਕਿਸੇ ਜੇ ਤੇਜ਼ ਸਵਾਰੀ ਤੇ ਜਾਵੇ ਫੇਰ ਵੀ ਬੜੀ ਦੇਰ ਲਗਦੀ ਹੈ। ਉਸ ਤੋਂ ਵੀ ਤੇਜ਼ ਸਵਾਰੀ ਹੋਵੇ ਧਰਤੀ ਤੇ ਜਾਣ ਵਾਲੀ ਫੇਰ ਵੀ ਬੜੀ ਦੇਰ ਤੇ ਦਿੱਕਤਾਂ ਲੱਗਦੀਆਂ ਨੇ, ਸਮੁੰਦਰ ਆਉਂਦੇ ਨੇ, ਰਾਹ ਵਿਚ ਲੰਘ ਨਹੀਂ ਸਕਦਾ। ਪਰ ਜੇ ਹਵਾਈ ਜਹਾਜ਼ ਵਿਚ ਜਾਵੇ ਤਾਂ ਦੇਰ ਘੱਟ ਲਗਦੀ ਹੈ। ਸੋ ਵਾਹਿਗੁਰੂ ਨੂੰ ਮਿਲਣ ਦਾ ਜੋ ਸਭ ਤੋਂ ਸੁਖੈਨ ਤਰੀਕਾ ਮਹਾਂਪੁਰਸ਼ਾਂ ਨੇ ਸੰਸਾਰ ਨੂੰ ਦੱਸਿਆ ਹੈ। ਉਹ ਬਹੁਤ ਸਾਰੇ ਤਰੀਕੇ ਨੇ ਕੋਈ ਤਾਂ ਸਬਦਿ ਸੁਰਤਿ ਯੋਗ ਦੇ ਨਾਲ ਮਿਲਣਾ ਚਾਹੁੰਦਾ ਹੈ। ਸੁਰਤੀ ਨੂੰ ਸ਼ਬਦ ਦੇ ਨਾਲ ਲਾ ਕੇ। ਕੋਈ ਪੁੰਨ ਦਾਨ ਕਰਕੇ ਮਿਲਣਾ ਚਾਹੁੰਦਾ ਹੈ, ਕੋਈ ਤੀਰਥਾਂ ਦੇ ਭ੍ਰਮਣ ਕਰਕੇ ਮਿਲਣ ਦੀ ਆਸ ਲਈ ਬੈਠਾ ਹੈ ਕਿ ਫਲਾਣੇ ਗੁਰਦੁਆਰੇ ਜਾ ਕੇ ਗੁਰੂ ਮਹਾਰਾਜ ਦੇ ਦਰਸ਼ਨ ਹੁੰਦੇ ਨੇ, ਉਥੇ ਚੱਲੀਏ। ਬੜੇ ਨਿਹਚੇ ਨੇ, ਸਾਰਿਆਂ ਦੇ ਨਿਹਚੇ ਨੇ ਕਿ ਹਜ਼ੂਰ ਸਾਹਿਬ ਜਾਈਏ ਉਥੇ ਗੁਰੂ ਮਹਾਰਾਜ ਦੇ ਦਰਸ਼ਨ ਹੋਣਗੇ, ਹੇਮਕੁੰਟ ਸਾਹਿਬ ਜਾਈਏ ਉਥੇ ਗੁਰੂ ਮਹਾਰਾਜ ਦੇ ਦਰਸ਼ਨ ਹੋਣਗੇ। ਸੋ ਇਸ ਤਰ੍ਹਾਂ ਬੇਅੰਤ ਯਤਨ ਕਰਦਾ ਹੈ। ਮਹਾਰਾਜ ਕਹਿੰਦੇ ਨੇ ਇਸ ਤਰ੍ਹਾਂ ਨਾ ਕਰ, ਤੂੰ ਪਹਿਲਾਂ ਉਹਨੂੰ ਜਾਣ ਕਿ ਰਹਿੰਦਾ ਕਿੱਥੇ ਹੈ। ਜਿੱਥੇ ਰਹਿੰਦਾ ਹੈ ਉਥੇ ਹੀ ਟੋਲ੍ਹ। ਉਹ ਕਿਤੇ ਬਾਹਰ ਨਹੀਂ ਰਹਿੰਦਾ, ਉਹਦੇ ਬਾਰੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ–

***ਧਾਰਨਾ – ਤੇਰੇ ਅੰਦਰ ਹਰੀ ਦਾ ਵਾਸਾ,***
***ਬਾਹਰ ਕਾਹਨੂੰ ਫਿਰਦੈਂ ਟੋਲ੍ਹਦਾ।***

ਪਤਾ ਲੱਗ ਗਿਆ ਗੁਰੂ ਮਹਾਰਾਜ ਤੋਂ ਕਿ ਉਹ ਬਾਹਰ ਨਹੀਂ ਹੈ ਜਿਸਦੀ ਤਲਾਸ਼ ਕਰਦਾ ਹੈਂ, ਉਹ ਤੇਰੇ ਅੰਦਰ ਹੈ। ਮਹਾਰਾਜ ਕਹਿੰਦੇ ਐਨਾ ਨਿਆਣਾ ਹੈਂ ਤੂੰ –

***ਇਆਨੜੀਏ ਮਾਨੜਾ ਕਾਇ ਕਰੇਹਿ ॥***
***ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥***
***ਅੰਗ – ੭੨੨***

ਬਾਹਰ ਕਿਉਂ ਤੁਰਿਆ ਫਿਰਦਾ ਹੈ, ਪ੍ਰਮੇਸ਼ਰ ਤੇਰੇ ਅੰਦਰ ਹੈ, ਉਹਨੂੰ ਪਿਆਰ ਕਰ, ਪਿਆਰ ਦਾ ਅਨੰਦ ਲੈ।

***ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥***
***ਭੈ ਕੀਆ ਦੇਹਿ ਸਲਾਈਆ***
***ਨੈਣੀ ਭਾਵ ਕਾ ਕਰਿ ਸੀਗਾਰੋ ॥***
***ਤਾ ਸੋਹਾਗਣਿ ਜਾਣੀਐ***
***ਲਾਗੀ ਜਾ ਸਹੁ ਧਰੇ ਪਿਆਰੋ॥ ਅੰਗ – ੭੨੨***

ਬਾਹਰ ਨਾ ਟੋਲ੍ਹ। ਕਹਿੰਦਾ, ਮਹਾਰਾਜ ਦਿਸਦਾ ਨਹੀਂ ਹੈ। ਦੇਖੀਏ ਕਿਵੇਂ ਅੱਖਾਂ ਤਾਂ ਬਾਹਰ ਨੂੰ ਝਾਕਦੀਆਂ ਨੇ, ਅੰਦਰ ਨੂੰ ਝਾਕਣ ਦੀ ਜਾਚ ਨਹੀਂ ਆਉਂਦੀ। ਮਹਾਰਾਜ ਕਹਿੰਦੇ ਪੜਦਾ ਹੈ –

***ਹਉ ਹਉ ਭੀਤਿ ਭਇਓ ਹੈ ਬੀਚੋ***
***ਸੁਨਤ ਦੇਸਿ ਨਿਕਟਾਇਓ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥***
***ਅੰਗ – ੬੨੪***

ਭੰਬੀਰੀ ਦੇ ਫੰਗ ਜਿੰਨਾ ਪਤਲਾ ਜਿਹਾ, ਜਿਵੇਂ ਕਾਗਜ਼ ਹੁੰਦਾ ਹੈ, ਐਨਾ ਕੁ ਪਰਦਾ ਪੈ ਗਿਆ, ਇਹ ਕੰਧ ਬਣ ਗਈ –

***ਧਨ ਪਿਰ ਕਾ ਇਕ ਹੀ ਸੰਗਿ ਵਾਸਾ***
***ਵਿਚਿ ਹਉਮੈ ਭੀਤਿ ਕਰਾਰੀ ॥***
***ਗੁਰਿ ਪੂਰੈ ਹਉਮੈ ਭੀਤਿ ਤੋਰੀ***
***ਜਨ ਨਾਨਕ ਮਿਲੇ ਬਨਵਾਰੀ ॥ ਅੰਗ – ੧੨੬੩***

ਕਰਾਰੀ ਕੰਧ ਬਣ ਗਈ ਜਿਹੜੀ ਤੋੜੀ ਨਹੀਂ ਜਾ ਸਕਦੀ। ਐਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਕੰਧ ਹਉਮੈ ਦੀ ਦਿਸਣ ਨਾ ਦੇਵੇ,***
***ਅੰਦਰ ਤੇਰੇ ਰੱਬ ਵਸਦੈ।***

ਰੱਬ ਬਾਹਰ ਨਹੀਂ ਹੈ ਭਾਈ! ਚਾਹੇ ਪਾਪੀ ਹੈ, ਚਾਹੇ ਪੁੰਨੀ ਹੈ, ਚਾਹੇ ਕੋਈ ਵੀ ਜਾਨਵਰ ਹੈ, ਕੁੱਤਾ ਹੈ ਬਿੱਲਾ ਹੈ, ਸਭ ਦੇ ਅੰਦਰ ਉਸ ਦਾ ਵਾਸਾ ਹੈ। ਪਰ ਮਨੁੱਖ ਦੇ ਅੰਦਰ ਇਕ ਬੀਮਾਰੀ ਹੈ ਜਿਸਨੂੰ ਹਉਮੈ

ਕਹਿੰਦੇ ਨੇ, ਮੈਂ, ਹੰਗਤਾ, ਮਮਤਾ। ਇਹ ਕੰਧ ਬਣ ਗਈ, ਇਹ ਰੱਬ ਨੂੰ ਨਹੀਂ ਦਿਸਣ ਦਿੰਦੀ। ਜਦੋਂ ਤੱਕ ਇਹਨੂੰ ਤੋੜਨ ਵਾਲਾ ਨਾ ਹੋਵੇ, ਓਨਾ ਚਿਰ ਪ੍ਰਮੇਸ਼ਰ ਨਹੀਂ ਮਿਲਿਆ ਕਰਦਾ। ਇਹਨੂੰ ਕੋਈ ਹੋਰ ਕੋਈ ਨਹੀਂ ਤੋੜ ਸਕਦਾ, ਪੂਰਾ ਗੁਰੂ, ਸਮਰੱਥ ਗੁਰੂ ਤੋੜਨ ਦੀ ਸਮਰੱਥਾ ਰੱਖਦਾ ਹੈ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਹੋਰ ਕੋਈ ਤਰੀਕਾ ਨਹੀਂ ਹੈ।

ਕਹਿੰਦੇ, ਮਹਾਰਾਜ ਜੇ ਚੋਲੇ ਪਾ ਲਈਏ, ਸੰਸਾਰ ਛੱਡ ਦੇਈਏ, ਭਗਵੇ ਕੱਪੜੇ ਪਾ ਲਈਏ, ਚਿੱਟੇ ਕਪੜੇ ਪਾ ਲਈਏ ਜਾਂ ਕਿਸੇ ਹੋਰ ਕਿਸਮ ਦੇ ਕਾਲੇ, ਪੀਲੇ, ਨੀਲੇ ਪਾ ਲਈਏ। ਇਹ ਨਹੀਂ ਰੱਬ ਨੂੰ ਭਾਉਂਦੇ? ਮਹਾਰਾਜ ਕਹਿੰਦੇ, ਚੋਲਾ ਤਾਂ ਤੂੰ ਪਹਿਨਿਆ ਹੋਇਆ ਹੈ ਪੰਜਾਂ ਤੱਤਾਂ ਦਾ। ਇਹਦੇ ਉਤੇ ਦੀ ਹੋਰ ਚੋਲਾ ਪਾ ਕੇ ਕਿਹੜਾ ਤੂੰ ਰਿਝਾ ਲਏਂਗਾ ਰੱਬ ਨੂੰ। ਪੰਜਾਂ ਤੱਤਾਂ ਦਾ ਚੋਲਾ ਹੈ ਜੇ ਇਹਨੂੰ ਪਵਿੱਤਰ ਕਰ ਲਵੇਂ, ਫੇਰ ਇਹ ਪ੍ਰਮੇਸ਼ਰ ਨੂੰ ਭਾਅ ਜਾਇਆ ਕਰਦਾ ਹੈ। ਜੇ ਇਹਦੇ ਅੰਦਰ ਈਰਖਾ, ਨਿੰਦਿਆ, ਚੁਗਲੀ, ਲਾਲਚ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਸ਼ਬਦ, ਸਪਰਸ਼, ਰੂਪ, ਰਸ, ਗੰਧ, ਰਾਜ, ਮਾਲ, ਰੂਪ, ਜਾਤ, ਜੋਬਨ, ਆਸਾ ਤ੍ਰਿਸਨਾ ਦੀਆਂ ਡੈਣਾਂ, ਆਹ ਚੀਜ਼ਾਂ ਦੇ ਨਾਲ ਜੇ ਮੈਲਾ ਹੋਇਆ ਹੋਇਆ ਹੈ ਫੇਰ ਨਹੀਂ ਭਾਈ, ਫੇਰ ਤਾਂ ਦੁਰਗੰਧ ਆਉਂਦੀ ਹੈ, ਫੇਰ ਨਹੀਂ ਭਾਇਆ ਕਰਦਾ। ਇਹ ਚੋਲਾ ਨਹੀਂ ਪ੍ਰਮੇਸ਼ਰ ਨੂੰ ਭਾਉਂਦਾ ਕਿਉਂਕਿ ਇਹ ਬੜੇ ਮਾੜੇ ਰੰਗ ਦੇ ਵਿਚ ਰੰਗਿਆ ਗਿਆ, ਜੇ ਸੁੰਦਰ ਰੰਗ ਵਿਚ ਰੰਗਿਆ ਹੁੰਦਾ, ਫੇਰ ਇਹ ਭਾਉਣਾ ਸੀ। ਇਹ ਤਾਂ ਮਾਇਆ ਦੇ ਰੰਗ ਵਿਚ ਰੰਗਿਆ ਹੋਇਆ ਪ੍ਰਮੇਸ਼ਰ ਨੂੰ ਨਹੀਂ ਭਾਉਂਦਾ। ਇਸ ਤਰ੍ਹਾਂ ਫੁਰਮਾਨ ਹੈ –

***ਧਾਰਨਾ – ਤੇਰਾ ਚੋਲਾ ਨਾ ਹਰੀ ਨੂੰ ਭਾਵੇ***
***ਮਾਇਆ ਵਾਲੇ ਰੰਗ ਰੰਗਿਆ।***

*ਇਹੁ ਤਨੁ ਮਾਇਆ ਪਾਹਿਆ ਪਿਆਰੇ*
*ਲੀਤੜਾ ਲਬਿ ਰੰਗਾਏ ॥*
*ਮੇਰੈ ਕੰਤ ਨ ਭਾਵੈ ਚੋਲੜਾ*
*ਪਿਆਰੇ ਕਿਉ ਧਨ ਸੇਜੈ ਜਾਏ ॥*
*ਅੰਗ – ੭੨੨*

ਮਾਇਆ ਦਾ ਰੰਗ ਚਾੜ੍ਹ ਲਿਆ ਸਰੀਰ ਨੂੰ। ਵੈਰ, ਵਿਰੋਧ, ਕਾਮ, ਕ੍ਰੋਧ, ਮੋਹ, ਝੂਠ, ਬਿਕਾਰ, ਮਹਾ ਲੋਭ, ਧ੍ਰੋਹ। ਅਨੇਕਾਂ ਭੈੜੇ ਰੰਗ ਚਾੜ੍ਹ ਦਿਤੇ, ਬਦਬੂਦਾਰ ਹੋ ਗਿਆ, ਮਰੀਆਂ ਹੋਈਆਂ ਚੀਜ਼ਾਂ, ਬਦਬੂਦਾਰ ਚੀਜ਼ਾਂ ਦੇ ਨਾਲ ਰੰਗ ਲਿਆ। ਹੁਣ ਕੌਣ ਨੇੜੇ ਆਉਣ ਦਿੰਦਾ ਹੈ ਜਿਹਦੇ ਕੱਪੜਿਆਂ ’ਚੋਂ ਬਦਬੂ ਆਵੇ। ਮਹਾਰਾਜ ਕਹਿੰਦੇ, ਪ੍ਰਮੇਸ਼ਰ ਦੇ ਕੋਲ ਨਹੀਂ ਤੂੰ ਜਾ ਸਕਦਾ। ਪਹਿਲਾਂ ਸਿੱਖ ਲੈ ਕਿਸੇ ਤੋਂ, ਪੁੱਛ ਲੈ। ਜਿੰਨਾ ਚਿਰ ਪੁਛਦਾ ਨਹੀਂ ਹੈ, ਓਨਾਂ ਚਿਰ ਗੱਲ ਦੀ ਸਮਝ ਨਹੀਂ ਆਉਣੀ, ਪੁੱਛ ਉਨ੍ਹਾਂ ਨੂੰ ਜਿਨ੍ਹਾਂ ਨੇ ਰੰਗ ਮਾਣ ਲਿਆ, ਜਿਨ੍ਹਾਂ ਨੇ ਦੇਖ ਲਿਆ, ਅੰਦਰ ਝਾਤੀ ਮਾਰ ਲਈ। ਸੋ ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ ਕਿ ਪੁਛੋ ਭਾਈ! ਜਾ ਕੇ। ਸੁਹਾਗਣਾਂ ਨੂੰ ਜਾ ਕੇ ਸਵਾਲ ਕਰੋ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਮੈਨੂੰ ਦੱਸਿਓ ਸੋਹਾਗਣ ਸਈਓ ਕਿਵੇਂ***
***ਤੁਸੀਂ ਰਾਵਿਆ ਰਾਮ ਪਿਆਰਾ।***

ਪੁਛੋ ਜਾ ਕੇ ਗੁਰਮੁਖਾਂ ਨੂੰ। ਜਿੰਨਾਂ ਚਿਰ ਨਹੀਂ ਪੁਛਦੇ, ਤਰੀਕਾ ਨਹੀਂ ਆ ਸਕਿਆ ਕਰਦਾ। ਜੁਗਤ ਹੋਇਆ ਕਰਦੀ ਹੈ। ਮਹਾਰਾਜ ਫੁਰਮਾਨ ਕਰਦੇ ਨੇ ਕਿ–

*ਜਾਇ ਪੁਛਹੁ ਸੋਹਾਗਣੀ ਵਾਹੈ*
*ਕਿਨੀ ਬਾਤੀ ਸਹੁ ਪਾਈਐ ॥ ਅੰਗ – ੭੨੨*

ਪੁਛੋ ਤਾਂ ਸਹੀ ਜਾ ਕੇ ਕਿ ਰੱਬ ਜਿਹੜਾ ਮਿਲਦਾ ਨਹੀਂ, ਅੰਦਰ ਰਹਿੰਦਾ ਹੈ, ਕੋਲ ਰਹਿੰਦਾ ਹੈ, ਫੇਰ ਨਹੀਂ ਮਿਲਦਾ, ਕਿਹੜਾ ਗੁਣ ਹੈ, ਕਿਹੜਾ ਤਰੀਕਾ ਹੈ ਜਿਹਦੇ ਨਾਲ ਪ੍ਰਮੇਸ਼ਰ ਮਿਲੇ। ਸੋਹਾਗਣੀ ਜਵਾਬ ਦਿੰਦੀ ਹੈ ਕਿ ਦੋ ਚੀਜ਼ਾਂ ਤੇਰੇ ਕੋਲ ਹੋਣੀਆਂ ਚਾਹੀਦੀਆਂ ਨੇ ਇਕ ਤਾਂ ਸ਼ਿੰਗਾਰ ਕਰ ਤੂੰ ਅਦਬ ਦਾ, ਗੁਸਤਾਖੀ ਦਾ ਨਾ ਕਰ। ਕਿਉਂਕਿ ਜਿਸ ਵਕਤ ਗਿਆਨ ਹੁੰਦਾ ਹੈ, ਦੋ ਤਰ੍ਹਾਂ ਦਾ ਗਿਆਨ ਹੈ ਇਹ ਯਥਾਰਥ ਗਿਆਨ ਹੁੰਦਾ ਹੈ, ਇਕ ਵਾਚਕ ਗਿਆਨ ਹੁੰਦਾ ਹੈ। ਵਾਚਕ ਗਿਆਨ ਕਹਿੰਦਾ ਹੈ ਕਿ ਅਹੰ ਬ੍ਰਹਮਅਸਵੀ, ਮੈਂ ਹੀ ਬ੍ਰਹਮ ਹਾਂ, ਸਾਰਾ ਬ੍ਰਹਮ ਹੈ। ਲੇਕਿਨ ਅਦਬ ਨਹੀਂ ਹੈ। ਮਹਾਰਾਜ ਕਹਿੰਦੇ ਅਦਬ ਤੋਂ ਬਿਨਾਂ ਤਾਂ ਤੂੰ ਫੇਲ੍ਹ ਹੋ ਜਾਏਂਗਾ। ਨਿਰਮਲ ਭਾਉ ਨਹੀਂ ਹੈ ਤੇਰੇ ਅੰਦਰ।

*ਭੈ ਕੀਆ ਦੇਹਿ ਸਲਾਈਆ*
*ਨੈਣੀ ਭਾਵ ਕਾ ਕਰਿ ਸੀਗਾਰੋ ॥*
*ਤਾ ਸੋਹਾਗਣਿ ਜਾਣੀਐ*
*ਲਾਗੀ ਜਾ ਸਹੁ ਧਰੇ ਪਿਆਰੋ ॥ ਅੰਗ – ੭੨੨*

ਤੇਰੇ ਅੰਦਰ ਜਦੋਂ ਤੱਕ ਪਿਆਰ ਨਹੀਂ ਪੈਦਾ ਹੁੰਦਾ। ਪਿਆਰ ਦੇ ਸ਼ਿੰਗਾਰ ’ਚ ਨਹੀਂ ਆਉਂਦਾ, ਓਨਾ ਚਿਰ ਪ੍ਰਮੇਸ਼ਰ ਨਹੀਂ ਮਿਲਿਆ ਕਰਦਾ। ਬਾਕੀ ਜਿਹੜੀਆਂ ਨੇ –

*ਇਆਣੀ ਬਾਲੀ ਕਿਆ ਕਰੇ*
*ਜਾ ਧਨ ਕੰਤ ਨ ਭਾਵੈ ॥*
*ਕਰਣ ਪਲਾਹ ਕਰੇ ਬਹੁਤੇਰੇ*
*ਸਾ ਧਨ ਮਹਲੁ ਨ ਪਾਵੈ॥*
*ਵਿਣੁ ਕਰਮਾ ਕਿਛੁ ਪਾਈਐ ਨਾਹੀ*
*ਜੇ ਬਹੁਤੇਰਾ ਧਾਵੈ॥*
*ਲਬ ਲੋਭ ਅਹੰਕਾਰ ਕੀ ਮਾਤੀ*
*ਮਾਇਆ ਮਾਹਿ ਸਮਾਣੀ॥*
*ਇਨੀ ਬਾਤੀ ਸਹੁ ਪਾਈਐ ਨਾਹੀ*

*ਭਈ ਕਾਮਣਿ ਇਆਣੀ ॥ ਅੰਗ - ੭੨੨*

ਲਭ ਦੇ ਵਿਚ, ਕਾਮ ਦੇ ਵਿਚ, ਕ੍ਰੋਧ ਦੇ ਵਿਚ, ਇਨ੍ਹਾਂ ਦੇ ਵਿਚ ਮਤਿਆ ਹੋਇਆ ਫੇਰ ਆਸ ਰੱਖਦਾ ਹੈ ਕਿ ਮੈਨੂੰ ਪ੍ਰਮੇਸ਼ਰ ਮਿਲ ਜਾਏ। ਪ੍ਰਮੇਸ਼ਰ ਦੇ ਦਰਸ਼ਨ ਨਹੀਂ ਹੋਇਆ ਕਰਦੇ ਸਾਧਸੰਗਤ ਜੀ! ਪ੍ਰਮੇਸ਼ਰ ਉਨ੍ਹਾਂ ਨੂੰ ਮਿਲਦਾ ਹੈ ਜਿਨ੍ਹੰ ਦੇ ਹਿਰਦੇ ਵਿਚ ਪਿਆਰ ਹੋਵੇ। ਉਹਨੂੰ ਜੇ ਕੋਈ ਚੀਜ਼ ਚੰਗੀ ਨਹੀਂ ਲਗਦੀ, ਬਾਕੀ ਸਭ ਨੂੰ ਬਖਸ਼ ਦਿੰਦਾ ਹੈ, ਲੇਕਿਨ ਇਕ ਚੀਜ਼ ਹੈ ਜਿਹਦਾ ਪ੍ਰਮੇਸ਼ਰ ਦੇ ਨਾਲ ਬੜਾ ਜ਼ਬਰਦਸਤ ਵਿਰੋਧ ਹੈ। ਉਹ ਆਦਮੀ ਦੀ ਹੰਗਤਾ ਹੈ, ਮੈਂ ਜਿਹੜਾ ਕਹਿੰਦਾ ਹੈ। ਮੈਂ ਹੈ ਤਾਂ ਹੈ ਨਹੀਂ, ਲੇਕਿਨ ਪਰਛਾਵਾਂ ਪੈ ਗਿਆ, ਪਰਛਾਵਾਂ ਪੈ ਕੇ ਮੈਂ ਬਣ ਗਿਆ, ਮੈਂ ਬਣ ਕੇ ਅਹੰਕਾਰ ਵਿਚ ਆ ਗਿਆ, ਅਹੰਕਾਰ ਨਹੀਂ ਪ੍ਰਮੇਸ਼ਰ ਨੂੰ ਭਾਉਂਦਾ, ਅਹੰਕਾਰ ਦੇ ਨਾਲ ਵਾਹਿਗੁਰੂ ਨਹੀਂ ਮਿਲਿਆ ਕਰਦਾ ਕਿਉਂਕਿ ਅਹੰਕਾਰ ਕਰਕੇ ਹੀ ਇਹ ਵਾਹਿਗੁਰੂ ਤੋਂ ਵੱਖਰਾ ਹੋਇਆ ਹੋਇਆ ਹੈ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਫੁਰਮਾਨ ਕਰਦੇ ਨੇ –

***ਧਾਰਨਾ – ਤੇਰਾ ਮਾਣ, ਤੇਰਾ ਮਾਣ, ਤੇਰਾ ਮਾਣ ਜੀ,***
***ਗੁਰਾਂ ਨੂੰ ਨਾ ਭਾਵੇ ਭਾਈ ਤੇਰਾ ਮਾਣ ਜੀ।***

*ਹਰਿ ਜੀਉ ਅਹੰਕਾਰੁ ਨ ਭਾਵਈ*
*ਵੇਦ ਕੂਕਿ ਸੁਣਾਵਹਿ ॥ ਅੰਗ - ੧੦੮੯*

ਸਾਰੇ ਹੀ ਸਾਸ਼ਤਰ, ਚਾਰੇ ਵੇਦ ਇਕ ਗੱਲ ਕਹਿੰਦੇ ਨੇ ਕਿ ਵਾਹਿਗੁਰੂ ਨੂੰ ਮਾਣ ਨਹੀਂ ਭਾਉਂਦਾ। ਲੇਕਿਨ ਮਾਣ ਛੁਟਦਾ ਵੀ ਨਹੀਂ ਹੈ, ਬੜਾ ਪਿਆਰਾ ਲਗਦਾ ਹੈ, ਛੱਡ ਨਹੀਂ ਹੁੰਦਾ।

*ਕਬੀਰ ਮਾਇਆ ਤਜੀ ਤ ਕਿਆ ਭਇਆ*
*ਜਉ ਮਾਨੁ ਤਜਿਆ ਨਹੀ ਜਾਇ ॥*
*ਮਾਨ ਮੁਨੀ ਮੁਨਿਵਰ ਗਲੇ*
*ਮਾਨੁ ਸਭੈ ਕਉ ਖਾਇ॥ ਅੰਗ - ੧੩੭੨*

ਜਿੱਥੇ ਵੀ 'ਅਹੰਕਾਰਿਆ ਸੋ ਮਾਰਿਆ।' ਬਾਂਸ ਦੀ ਮਿਸਾਲ ਦਿੰਦੇ ਨੇ –

*ਕਬੀਰ ਬਾਂਸੁ ਬਡਾਈ ਬੂਡਿਆ*
*ਇਉ ਮਤ ਡੂਬਹੁ ਕੋਇ ॥*
*ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥*
*ਅੰਗ - ੧੩੬੫*

ਸੋ ਮਾਣ ਜਿਹੜਾ ਹੈ ਇਹ ਪ੍ਰਮੇਸ਼ਰ ਨੂੰ ਨਹੀਂ ਭਾਉਂਦਾ। ਜਿਹਨੇ ਵੀ ਮਾਣ ਕਰਿਆ ਹੈ, ਉਹ ਧਰਤੀ ਤੇ ਗਿਰਿਆ ਹੈ।

ਇਕ ਰਾਜਾ ਜਜਾਤੀ ਹੋਇਆ ਹੈ ਸਤਿਜੁਗ ਦੇ ਅੰਦਰ। ਉਹਦਾ ਵਰਗਾ ਕੋਈ ਦਾਨੀ ਨਹੀਂ ਹੋਇਆ। ਉਹ ਯੱਗ ਕਰਿਆ ਕਰਦਾ ਸੀ, ਸਾਰੀ ਦੁਨੀਆਂ ਉਸਨੇ ਫਤਹਿ ਕਰ ਲਈ ਸੀ, ਉਸ ਨੇ ਇਹ ਕਰ ਲਿਆ ਕਿ ਕਮਾਨ ਤੇ ਤੀਰ ਚਿਲ੍ਹੇ ਤੇ ਚੜ੍ਹਾਉਣਾ ਤੇ ਮਾਰਨਾ ਖਿੱਚ ਕੇ ਜਿੱਥੇ ਜਾ ਕੇ ਗਿਰਨਾ, ਉਥੇ ਯੱਗ ਸ਼ੁਰੂ ਕਰ ਦਿੰਦਾ ਸੀ। ਐਨਾ ਉਹਦਾ ਤੇਜ ਪ੍ਰਤਾਪ ਵਧਿਆ, ਏਸ ਧਰਤੀ ਦੇ ਪਲੈਨਟ ਤੋਂ ਤੋਂ ਉਪਰਲੇ ਸਵਰਗ ਲੋਕਾਂ ਤੱਕ ਪਹੁੰਚ ਗਿਆ, ਜਾਂਦੇ-ਜਾਂਦੇ ਜਦੋਂ ਇੰਦਰ ਤੱਕ ਉਸਦਾ ਜਲਾਲ ਪਹੁੰਚਿਆ, ਤੇਜ ਪਹੁੰਚਿਆ, ਇੰਦਰ ਡਰਨ ਲੱਗ ਗਿਆ ਕਿ ਇਹ ਤਾਂ ਬਹੁਤ ਪ੍ਰਤਾਪ ਵਾਲਾ ਬਣ ਗਿਆ, ਕੀ ਕੀਤਾ ਜਾਵੇ, ਮੇਰੀ ਉਮਰ ਜਿਹੜੀ ਹੈ, ਮੈਨੂੰ ਜਿਹੜਾ ਸਮਾਂ ਮਿਲਿਆ ਹੈ ਇੰਦਰ ਦੇ ਤਖਤ ਤੇ ਬੈਠਣ ਦਾ, ਤਿੰਨ ਕਰੋੜ, 56 ਲੱਖ ਸਾਲ ਦਾ ਮਿਲਿਆ ਹੈ, ਹੋਵੇ ਨਾ ਕਿਤੇ ਇਹ ਰਾਜਾ ਮੈਨੂੰ ਆ ਕੇ ਲਾਹ ਨਾ ਦੇਵੇ। ਉਸ ਵੇਲੇ ਦੇਵਤਿਆਂ ਦੇ ਮੁਖੀ ਭਗਵਾਨ ਦੇ ਪਾਸ ਗਿਆ ਜਾ ਕੇ ਕਹਿਣ ਲੱਗਿਆ ਕਿ ਆਹ ਮੈਨੂੰ ਬੜੀ ਚਿੰਤਾ ਹੈ। ਉਹ ਕਹਿਣ ਲੱਗੇ, ਇਕ ਗੱਲ ਤੈਨੂੰ ਦੱਸ ਦਿੰਦੇ ਹਾਂ ਕਿ ਕੋਈ ਬੰਦਾ ਯੱਗ ਕਰਕੇ, ਦਾਨ ਕਰਕੇ, ਤੀਰਥ ਕਰਕੇ ਜੇ ਮਨ ਵਿਚ ਅਭਿਮਾਨ ਕਰ ਲਵੇ ਤਾਂ ਉਹ ਖਤਮ ਹੋ ਜਾਂਦਾ ਹੈ। ਉਹਦੇ ਪੱਲੇ ਨਹੀਂ ਰਹਿੰਦਾ –

*ਤੀਰਥ ਬਰਤ ਅਰੁ ਦਾਨ ਕਰਿ*
*ਮਨ ਮੈ ਧਰੈ ਗੁਮਾਨੁ॥*
*ਨਾਨਕ ਨਿਹਫਲ ਜਾਤ ਤਿਹ*
*ਜਿਉ ਕੁੰਚਰ ਇਸਨਾਨੁ॥ ਅੰਗ - ੧੪੨੮*

ਤੂੰ ਜਾਹ, ਜਾ ਕੇ ਉਹਦੀ ਉਸਤਤ ਕਰ। ਇੰਦਰ ਆ ਗਿਆ। ਆ ਕੇ ਕਹਿਣ ਲੱਗਿਆ, ਰਾਜਨ! 3 ਕਰੋੜ 56 ਲੱਖ ਸਾਲ, ਦੀ ਉਮਰ ਹੈ। ਮੇਰੇ ਰਾਜ ਦੇ ਅੰਦਰ ਮਨੁੱਖ ਕਰੋੜਾਂ ਦੇ ਵਿਚ ਦੀ ਲੰਘ ਜਾਂਦੇ ਨੇ, ਰਾਜੇ ਲੰਘ ਜਾਂਦੇ ਨੇ, ਸਾਰੀ ਦੁਨੀਆਂ ਦੇ ਰਾਜੇ ਬਹੁਤ ਹੋਏ ਨੇ ਮੇਰੇ ਸਮੇਂ ਦੇ ਅੰਦਰ, ਪਰ ਤੇਰੇ ਵਰਗਾ ਨਹੀਂ ਜਿਹਨੇ ਐਨੇ ਯੱਗ ਕਰੇ। ਤੇਰਾ ਤਾਂ ਜਸ ਸਵਰਗਾਂ ਦੇ ਵਿਚ ਗਾਇਆ ਜਾਂਦਾ ਹੈ। ਦੇਵ ਲੋਕ ਵਿਚ ਗਾਉਂਦੇ ਨੇ, ਪਿੱਤਰ ਲੋਕ ਵਿਚ ਗਾਉਂਦੇ ਨੇ, ਗੰਧਰਬ ਲੋਕ ਵਿਚ ਗਾਉਂਦੇ ਨੇ, ਦੇਵ ਗੰਧਰਬ ਲੋਕ ਵਿਚ, ਕਰਮ ਦੇਵ ਲੋਕ ਵਿਚ ਸਾਰੇ ਹੀ ਤੇਰਾ ਜਸ ਹੋ ਰਿਹਾ ਹੈ।

ਕਹਿਣ ਲੱਗਿਆ, ਫੇਰ, ਮੈਂ ਪਤਾ ਕਿਵੇਂ ਕਰਿਆ ਹੈ। ਵਡਿਆਈ ਵਿਚ ਆ ਗਿਆ। ਆਪਣੀਆਂ ਹੀ ਗੱਲਾਂ ਮਾਰਨ ਲੱਗ ਗਿਆ। ਜਿਉਂ ਜਿਉਂ ਆਪਣੀਆਂ ਗੱਲਾਂ ਮਾਰੇ ਤਿਉਂ-ਤਿਉਂ ਉਹਦਾ ਤੇਜ ਖਤਮ ਹੁੰਦਾ ਚਲਿਆ ਗਿਆ। ਅਖੀਰ ਖਾਲੀ ਹੋ ਗਿਆ। ਮਹਾਰਾਜ ਕਹਿੰਦੇ –

*ਜੋ ਜੋ ਕਰਤੇ ਅਹੰਮੇਉ ਝੜਿ ਧਰਤੀ ਪੜਤੇ ॥*
*ਅੰਗ - ੩੧੭*

ਇਕ ਦੋ ਕਰਮ ਨਹੀਂ, ਕਰੋੜਾਂ ਕਰਮ ਕੋਈ ਕਰ

ਲਵੇ, ਸ਼ੁੱਭ ਕਰਮ ਕਰ ਲਏ, ਉਥੇ ਜਾ ਕੇ ਦਾਨ ਦੇ ਆਵੇ, ਕਰੋੜਾਂ ਕਰਮ ਕਰ ਲਵੇ ਤੇ ਉਹਦੇ ਮਨ ਵਿਚ ਇਹ ਖਿਆਲ ਆ ਜਾਵੇ ਕਿ ਮੈਂ ਦਾਨ ਕਰਿਆ ਹੈ। ਮਹਾਰਾਜ ਕਹਿੰਦੇ, ਥਕੇਵਾਂ ਪੱਲੇ ਪੈਂਦਾ ਹੈ ਸਿਰਫ ਉਹਦੇ, ਹੋਰ ਕੁਛ ਨਹੀਂ। ਜੋ ਗੁਰਬਾਨੀ ਦੇ ਅੰਦਰ ਫੁਰਮਾਨ ਨੇ ਸਾਧਸੰਗਤ ਜੀ! ਇਹ ਵਾਹਿਗੁਰੂ ਜੀ ਦਾ ਕਾਨੂੰਨ ਹੈ ਇਹਨੂੰ ਕੋਈ ਬਦਲ ਨਹੀਂ ਸਕਦਾ। ਇਹਦੇ 'ਚ ਅਗਰ ਮਗਰ ਨਹੀਂ ਕੋਈ ਗੱਲ ਹੋ ਸਕਦੀ, ਨਾ ਇਹ ਹੋ ਸਕਦੀ ਹੈ ਕਿ ਭਾਵ ਇਹ ਹੈ। ਕਿਉਂਕਿ ਆਪਣੇ ਵਲੋਂ ਖਿੱਚ ਕੇ ਗੱਲ ਕਰ ਲੈਂਦੇ ਨੇ ਕਈ। ਸੋ ਮਹਾਰਾਜ ਦਾ ਬੜਾ ਸਾਫ ਫੁਰਮਾਨ ਹੈ –

*ਕੋਟਿ ਕਰਮ ਕਰੈ ਹਉ ਧਾਰੇ ॥*
*ਸ੍ਰਮੁ ਪਾਵੈ ਸਗਲੇ ਬਿਰਥਾਰੇ ॥ ਅੰਗ - ੨੭੮*

ਸਭ ਬਿਰਥੇ ਚਲੇ ਜਾਇਆ ਕਰਦੇ ਨੇ।

*ਅਨਿਕ ਤਪਸਿਆ ਕਰੇ ਅਹੰਕਾਰ ॥*
*ਨਰਕ ਸੁਰਗ ਫਿਰਿ ਫਿਰਿ ਅਵਤਾਰ ॥*
*ਅੰਗ - ੨੭੮*

ਤਪਸਿਆ ਕਰ ਲਈ ਤੇ ਅਭਿਮਾਨੀ ਹੋ ਜਾਵੇ। ਫੇਰ ਕੀ ਹੁੰਦਾ ਹੈ, ਜੰਮਦਾ ਰਹਿੰਦਾ ਹੈ, ਮਰਦਾ ਰਹਿੰਦਾ ਹੈ। ਸੋ ਏਸੇ ਤਰ੍ਹਾਂ ਕੋਈ ਬੰਦਾ ਅਭਿਮਾਨੀ ਹੋ ਜਾਵੇ, ਪੈਸੇ ਦਾ ਅਭਿਮਾਨ ਹੋ ਜਾਵੇ। ਪੰਜ ਅਭਿਮਾਨ ਸਾਰੇ ਸੰਸਾਰ ਨੂੰ ਤੰਗ ਕਰਦੇ ਨੇ, ਰਾਜ ਹੈ – ਰਾਜਸੀ ਸ਼ਕਤੀ ਪੈਸਾ ਬਹੁਤਾ ਹੋ ਜਾਣਾ, ਵਿਦਿਆ ਬਹੁਤੀ ਹੋ ਜਾਣੀ। ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ ਨੇ। ਇਹ ਉਹਦੇ ਜਪ ਤਪ ਸਾਰੇ ਲੈ ਲੈਂਦੇ ਨੇ।

*ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥*
*ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥*
*ਅੰਗ - ੧੨੮੮*

ਸੋ ਇਸ ਤਰ੍ਹਾਂ ਜਿਸਦੇ ਅੰਦਰ ਅਭਿਮਾਨ ਹੋਵੇ –

*ਜਿਸ ਕੈ ਅੰਤਰਿ ਰਾਜ ਅਭਿਮਾਨੁ ॥*
*ਸੋ ਨਰਕਪਾਤੀ ਹੋਵਤ ਸੁਆਨੁ ॥ ਅੰਗ - ੨੭੮*

ਗਿੱਦੜ ਬਣ ਜਾਂਦਾ ਹੈ। ਅਭਿਮਾਨ ਕੀਤਾ ਰਾਜ ਦਾ –

*ਜੋ ਜਾਨੈ ਮੈ ਜੋਬਨਵੰਤੁ ॥*
*ਸੋ ਹੋਵਤ ਬਿਸਟਾ ਕਾ ਜੰਤੁ ॥ ਅੰਗ - ੨੭੮*

ਸੋ ਇਸ ਤਰ੍ਹਾਂ ਦੇ ਨਾਲ ਜਿਸ-ਜਿਸ ਨੇ ਵੀ ਅਹੰਕਾਰ ਕਰਿਆ ਹੈ ਸੰਸਾਰ ਤੇ ਉਹਦੀ ਹਾਰ ਹੋਈ ਹੈ। ਮਿਸਾਲਾਂ ਦਿੰਦੇ ਨੇ ਮਹਾਰਾਜ ਬਹੁਤ ਸਾਰੀਆਂ ਕਿ –

*ਦੁਰਮਤਿ ਹਰਨਾਖਸੁ ਦੁਰਾਚਾਰੀ ॥*
*ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥ ਅੰਗ - ੨੨੪*

ਹਰਨਾਖਸ਼ ਨੂੰ ਅਭਿਮਾਨ ਹੋ ਗਿਆ ਤੇ ਸਾਰੀ ਦੁਨੀਆਂ ਨੂੰ ਪੜ੍ਹਾਈ ਪੜ੍ਹਾਉਣ ਲਗ ਗਿਆ ਕਿ –

***ਜਲੇ ਹਰਨਾਖਸ਼, ਥਲੇ ਹਰਨਾਖਸ***
***ਈਹਾਂ ਹਰਨਾਖਸ਼ ਊਹਾਂ ਹਰਨਾਖਸ਼***

ਹਰ ਤਾਂ ਦੇ ਉਤੇ ਹਰਨਾਖਸ਼ ਹੈ, ਰੱਬ ਨਹੀਂ ਕਹਿਣਾ ਤੇ ਰਾਜਾ ਹੀ ਰੱਬ ਹੁੰਦਾ ਹੈ। ਅਭਿਮਾਨ ਹੋ ਗਿਆ ਤੇ ਪ੍ਰਮੇਸ਼ਰ ਦੇ ਨਾਲ ਮੱਥਾ ਲਾ ਗਿਆ। ਕਿਸੇ ਨੂੰ ਨਹੀਂ ਕਹਿਣ ਦਿੰਦਾ। ਲੇਕਿਨ ਪ੍ਰਮੇਸ਼ਰ ਜਿੱਥੇ ਅਭਿਮਾਨ ਹੋਵੇ –

*ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥*
*ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥ਅੰਗ - ੨੨੪*

ਦੂਸਰੀ ਮਿਸਾਲ ਮਹਾਰਾਜ ਦਿੰਦੇ ਨੇ –

*ਭੂਲੋ ਰਾਵਣੁ ਮੁਗਧੁ ਅਚੇਤਿ ॥*
*ਲੂਟੀ ਲੰਕਾ ਸੀਸ ਸਮੇਤਿ ॥ ਅੰਗ - ੨੨੪*

ਰਾਵਣ ਨੂੰ ਅਹੰਕਾਰ ਹੋ ਗਿਆ। ਲੰਕਾਂ ਵੀ ਲੁੱਟੀ ਗਈ ਤੇ ਸੀਸ ਵੀ ਕੱਟਿਆ ਗਿਆ।

*ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥*
*ਅੰਗ - ੨੨੪*

ਕਿਉਂਕਿ ਪੂਰਾ ਸਤਿਗੁਰੂ ਨਹੀਂ ਸੀ ਉਸਨੂੰ ਮਿਲਿਆ। ਇਸੇ ਤਰ੍ਹਾਂ ਆਪ ਜੀ ਮਿਸਾਲ ਦਿੰਦੇ ਨੇ –

*ਬੂਡਾ ਦੁਰਜੋਧਨੁ ਪਤਿ ਖੋਈ ॥*
*ਰਾਮੁ ਨ ਜਾਨਿਆ ਕਰਤਾ ਸੋਈ ॥*
*ਜਨ ਕਉ ਦੂਖਿ ਪਚੈ ਦੁਖੁ ਹੋਈ ॥ ਅੰਗ-੨੨੫*

ਦੁਰਜੋਧਨ ਨੂੰ ਅਭਿਮਾਨ ਹੋ ਗਿਆ ਆਪਣੀ ਵੀ ਪੱਤ ਖੋ ਲਈ। ਹਿੰਦੋਸਤਾਨ ਦਾ 45 ਲੱਖ ਬੰਦਾ 18 ਦਿਨਾਂ ਵਿਚ ਕੁਰਕਸ਼ੇਤਰ ਦੇ ਮੈਦਾਨੇ-ਏ-ਜੰਗ ਵਿਚ ਮਾਰਿਆ ਗਿਆ। ਕੇਵਲ ਅਭਿਮਾਨ ਸੀ ਉਸਨੂੰ। ਦ੍ਰੋਪਤੀ ਨੂੰ ਫੜਿਆ ਨਗਨ ਕਰਨ ਦਾ ਉਸ ਨੇ ਹੁਕਮ ਦਿਤਾ। ਐਡਾ ਅਭਿਮਾਨੀ ਸੀ ਉਸਨੂੰ ਇਹ ਨਹੀਂ ਸੀ ਕਿ ਮੇਰੇ ਨਾਲੋਂ ਵੀ ਕੋਈ ਤਾਕਤਵਾਰ ਹੈ। ਮੈਦਾਨ ਵਿਚ ਰੁਲਿਆ। ਕਹਿੰਦੇ –

*ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ ॥*
*ਬਾਰਹ ਜੋਜਨ ਛਤ੍ਰੁ ਚਲੈ ਥਾ*
*ਦੇਹੀ ਗਿਰਝਨ ਖਾਈ॥ ਅੰਗ - ੬੯੩*

ਗਿਰਝਾਂ ਨੇ ਵੀ ਦੇਹੀ ਨਾ ਖਾਧੀ ਕਿਉਂਕਿ ਬਜਰ ਬਣੀ ਹੋਈ ਸੀ। ਜਿਥੇ ਪ੍ਰਮੇਸ਼ਰ ਦਾ ਪਿਆਰਾ ਦੁਖਾਇਆ ਜਾਵੇ ਉਥੇ ਦੁਖ ਹੁੰਦਾ ਹੈ।

ਸੋ ਇਸ ਤਰ੍ਹਾਂ ਅਭਿਮਾਨ ਜਿਹੜਾ ਹੈ ਸਾਧਸੰਗਤ ਜੀ, ਇਹ ਛੱਡਣਾ ਬਹੁਤ ਔਖਾ ਹੈ। ਕੋਈ ਬੰਦਾ ਨਹੀਂ ਕਹਿੰਦਾ ਮੈਂ ਮਾੜਾ ਹਾਂ।

ਇਕ ਵਾਰੀ ਮੈਂ ਇੰਗਲੈਂਡ ਵਿਚ ਸੀ। ਕਹਿਣ ਲੱਗੇ ਮਹਾਤਮਾ ਦੇ ਦਰਸ਼ਨ ਕਰਾਈਏ? ਮੈਂ ਕਿਹਾ ਕੋਈ

ਗੱਲ ਤਾਂ ਹੈ ਨਹੀਂ, ਮੈਂ ਕਿਹਾ ਜੇ ਕਹਿੰਦੇ ਓ ਤਾਂ ਚੱਲਦੇ ਹਾਂ। ਉਥੇ ਲੈ ਗਏ ਮੈਨੂੰ। ਉਥੇ ਮਹਾਂਪੁਰਸ਼ ਬੈਠੇ ਨੇ। ਪਹਿਲੀਓ ਗੱਲ ਉਨ੍ਹਾਂ ਨੇ ਇਹ ਕਰੀ ਕਿ ਬਈ ਨਾਮਧਾਰੀ ਮਹਿਕਮਾ ਜਿਹੜਾ ਹੈ ਇਹ ਬੜਾ ਮਾੜਾ ਹੈ। ਫੇਰ ਕਹਿਣ ਲੱਗੇ, ਆਹ ਰਾਧਾ ਸੁਆਮੀ ਬੜੇ ਮਾੜੇ ਨੇ। ਪੰਜ ਛੇਆਂ ਦੀ ਗੱਲ ਕਰੀ। ਮੈਂ ਹੁੰਗਾਰਾ ਨਾ ਭਰਿਆ। ਮੈਨੂੰ ਕਹਿਣ ਲੱਗੇ, ਤੁਸੀਂ ਵੀ ਸੁਣਾਓ। ਮੈਂ ਕਿਹਾ ਮਹਾਰਾਜ, ਕੀ ਸੁਣਾਨੀ ਹੈ, ਮਹਾਰਾਜ ਤਾਂ ਐਉਂ ਕਹਿੰਦੇ ਨੇ -

*ਹਮ ਨਹੀ ਚੰਗੇ ਬੁਰਾ ਨਹੀ ਕੋਇ ॥*
*ਅੰਗ - ੭੨੮*

ਭਾਈ ਅਸੀਂ ਨਹੀਂ ਚੰਗੇ, ਸੰਸਾਰ ਤੇ ਬੁਰਾ ਕੋਈ ਨਹੀਂ। ਬਾਕੀ ਦੂਜੀ ਗੱਲ ਇਹ ਕਹਿੰਦੇ ਨੇ ਕਿ -

*ਆਪਸ ਕਉ ਜੋ ਭਲਾ ਕਹਾਵੈ ॥*
*ਤਿਸਹਿ ਭਲਾਈ ਨਿਕਟਿ ਨ ਆਵੈ ॥*
*ਅੰਗ - ੨੭੮*

ਨੇੜੇ ਤੇੜੇ ਨਹੀਂ ਭਲਾਈ ਆਉਂਦੀ ਜਿਹੜਾ ਕਹਿੰਦਾ ਹੈ ਕਿ ਮੈਂ ਭਲਾ ਹਾਂ। ਫੁਰਮਾਨ ਹੈ ਕਬੀਰ ਸਾਹਿਬ ਦਾ-

*ਕਬੀਰ ਸਭ ਤੇ ਹਮ ਬੁਰੇ*
*ਹਮ ਤਜਿ ਭਲੋ ਸਭੁ ਕੋਇ ॥*
*ਜਿਨਿ ਐਸਾ ਕਰਿ ਬੂਝਿਆ*
*ਮੀਤੁ ਹਮਾਰਾ ਸੋਇ ॥ ਅੰਗ - ੧੩੬੪*

ਜੇ ਬੁਰਾ ਸੰਸਾਰ ਵਿਚ ਕੋਈ ਬੰਦਾ ਹੈ ਤਾਂ ਮੈਂ ਹੀ ਹਾਂ। ਮੇਰੇ ਤੋਂ ਸਾਰੇ ਭਲੇ ਨੇ। ਗਿਆਨਵਾਨ ਤਾਂ ਇਸੇ ਤਰ੍ਹਾਂ ਕਹਿੰਦਾ ਹੈ -

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ ॥ ਅੰਗ - ੬੧੦*

ਉਹ ਤਾਂ ਆਪਣੇ ਆਪ ਨੂੰ ਹੀ ਕਹਿੰਦਾ ਹੈ। ਕਹਿੰਦੇ ਜਿਹਨੇ ਇਹ ਗੱਲ ਬੁਝ ਲਈ -

*ਜਿਨਿ ਐਸਾ ਕਰਿ ਬੂਝਿਆ*
*ਮੀਤੁ ਹਮਾਰਾ ਸੋਇ ॥ ਅੰਗ - ੧੩੬੪*

ਉਹ ਸਾਡਾ ਮਿੱਤਰ ਹੈ। ਲੇਕਿਨ ਛੱਡ ਨਹੀਂ ਹੁੰਦਾ। ਆਦਮੀ ਦਾ ਨੁਕਸਾਨ ਹੁੰਦਾ ਹੈ। ਮਾਇਆ ਛੱਡ ਦਿਤੀ।

*ਕਬੀਰ ਮਾਇਆ ਤਜੀ ਤ ਕਿਆ ਭਇਆ*
*ਜਉ ਮਾਨੁ ਤਜਿਆ ਨਹੀ ਜਾਇ ॥*
*ਮਾਨ ਮੁਨੀ ਮੁਨਿਵਰ ਗਲੇ*
*ਮਾਨੁ ਸਭੈ ਕਉ ਖਾਇ ॥ ਅੰਗ - ੧੩੭੨*

ਬੱਚੇ ਛੱਡ ਦਿਤੇ, ਘਰ ਛੱਡ ਦਿਤਾ, ਇਸਤ੍ਰੀ ਛੱਡ ਦਿਤੀ, ਬਾਹਰ ਕਿਸੇ ਥਾਂ ਤੇ ਚਲਿਆ ਗਿਆ ਉਥੇ ਫੇਰ ਮਾਨਤਾ ਹੋਣੀ ਸ਼ੁਰੂ ਹੋ ਗਈ। ਜੇ ਜ਼ਰਾ ਕੁ ਵੀ ਉਹਦੀ ਮਾਨਤਾ 'ਚ ਫਰਕ ਪੈ ਜਾਵੇ, ਉਸੇ ਵੇਲੇ ਨਰਾਜ਼ ਹੋ ਜਾਂਦਾ ਹੈ ਕਿ ਮੇਰਾ ਸਤਿਕਾਰ ਨਹੀਂ ਕਰਿਆ। ਇਹ ਛੱਡਣਾ ਸਾਧਸੰਗਤ ਜੀ, ਸਭ ਤੋਂ ਔਖਾ ਹੈ -

***ਧਾਰਨਾ - ਛੱਡਿਆ ਨਾ ਜਾਵੇ,***
***ਮਾਣ ਲਗਦੈ ਪਿਆਰਾ।***

ਐਸੀ ਮਾੜੀ ਚੀਜ਼ ਹੈ ਮਾਣ, ਇਹਨੂੰ ਨਹੀਂ ਕੋਈ ਛੱਡ ਸਕਦਾ। ਸਾਰੇ ਸੰਸਾਰ ਨੂੰ ਮਾਣ ਰਹਿੰਦਾ ਹੈ ਇਸ ਕਰਕੇ ਵਾਹਿਗੁਰੂ ਨੂੰ ਮਾਣ ਨਹੀਂ ਭਾਉਂਦਾ। ਸਭ ਨੂੰ ਮਾਫ ਕਰ ਦਿੰਦਾ ਹੈ।

ਐਸਾ ਮਹਾਂਪੁਰਸ਼ਾਂ ਦਾ ਵਿਚਾਰ ਹੈ ਕਿ -

***ਲੈਣੇ ਕੋ ਸਤਿ ਨਾਮ ਹੈ, ਦੇਣੇ ਕੋ ਅੰਨ ਦਾਨ।***

ਜੇ ਲੈਣਾ ਹੈ ਕਿਸੇ ਤੋਂ ਤਾਂ ਸਤਿ ਨਾਮ ਲਓ, ਵਾਹਿਗੁਰੂ ਵਾਹਿਗੁਰੂ, ਰਾਮ-ਰਾਮ, ਅੱਲਾਹ-ਅੱਲਾਹ। ਜੇ ਦੇਣਾ ਹੈ ਤਾਂ ਅੰਨ ਦਾਨ ਸਭ ਤੋਂ ਸ੍ਰੇਸ਼ਟ ਹੋਇਆ ਕਰਦਾ ਹੈ। ਭੁੱਖੇ ਦੀ ਤ੍ਰਿਪਤੀ ਕਰਦਾ ਹੈ -

***ਤਰਨੇ ਕਉ ਹੈ ਦੀਨਤਾ।***

ਜੇ ਤਰਨਾ ਹੈ ਤਾਂ ਨਿਮਰਤਾ ਵਿਚ ਆ ਜਾ, ਆਪਣੇ ਆਪ ਨੂੰ ਨਾ ਕੁਛ ਬਣਾ।

***ਡੂਬਨ ਕਉ ਅਭਿਮਾਨ।***

ਜੇ ਡੁੱਬਣਾ ਹੈ ਤਾਂ ਅਭਿਮਾਨ ਧਾਰਨ ਕਰ ਲੈ।

***ਬਡਾ ਹੂਆ ਤੋ ਕਿਆ ਹੂਆ ਜੈਸੇ ਬਡੀ ਖਜੂਰ***
***ਪੰਖੀ ਕਉ ਛਾਇਆ ਨਾਹੀ, ਫਲ ਲਾਗੈ ਅਤਿ ਦੂਰ।***
***ਉਚੇ ਪਾਣੀ ਨਾ ਟਿਕੇ ਨੀਚੇ ਹੀ ਠਹਿਰਾਇ***
***ਨੀਚਾ ਹੁਇ ਸੁ ਭਰ ਪੀਏ, ਊਚਾ ਪਿਆਸਾ ਜਾਇ।***

ਐਸਾ ਬਾਣੀ ਦੇ ਅੰਦਰ ਫੁਰਮਾਨ ਹੈ -

***ਧਾਰਨਾ - ਗਰਬ ਜਿਨ੍ਹਾਂ ਵਡਿਆਈਆਂ,***
***ਖਾਲੀ ਦੁਨੀਆਂ ਉਤੋਂ ਜਾਣਗੇ।***

ਗੁਰੂ ਮਹਾਰਾਜ ਦੇ ਕੋਲ ਇਕ ਬੱਚਾ ਆਇਆ ਜਿਸਦਾ ਨਾਮ ਜੋਗਾ ਸੀ। ਮਹਾਰਾਜ ਨੇ ਨਾਂ ਪੁੱਛਿਆ ਤਾਂ ਉਸਨੇ ਕਿਹਾ ਕਿ ਜੋਗਾ। ਆਪ ਨੇ ਪੁਛਿਆ ਕਿ ਭਾਈ ਤੂੰ ਕੀਹਦੇ ਜੋਗਾ ਹੈ? ਤਾਂ ਉਸ ਬੱਚੇ ਨੇ ਜਵਾਬ ਦਿਤਾ ਕਿ ਮੈਂ ਗੁਰੂ ਜੋਗਾ ਹਾਂ। ਮਹਾਰਾਜ ਨੇ ਸੰਸਾਰ 'ਚ ਸਭ ਕੋਈ ਇਸਤਰੀ ਜੋਗਾ ਹੈ, ਕੋਈ ਪੁੱਤਰਾਂ ਜੋਗਾ ਹੈ, ਕੋਈ ਜਾਇਦਾਦ ਜੋਗਾ ਹੈ, ਕੋਈ ਨਸ਼ਿਆਂ ਜੋਗਾ ਹੈ, ਕੋਈ ਪੈਸਾ ਕਮਾਉਣ ਜੋਗਾ, ਮਹਾਰਾਜ ਕਹਿੰਦੇ ਮੇਰੇ ਜੋਗਾ ਤਾਂ ਕੋਈ ਬਣਦਾ ਨਹੀਂ ਹੈ। ਕੋਈ ਵਿਰਲਾ ਹੈ ਜਿਹੜਾ ਮੇਰੇ ਜੋਗਾ ਹੋ ਜਾਵੇ ਤੇ ਮੇਰਾ ਬਣ ਕੇ ਰਹੇ। ਕਹਿੰਦੇ ਚੰਗਾ ਫੇਰ ਜੇ ਤੂੰ ਗੁਰੂ ਜੋਗਾ ਤੇ ਗੁਰੂ ਤੇਰੇ ਜੋਗਾ ਹੋਇਆ। ਪੜ੍ਹਨ ਲਾ ਦਿਤਾ। ਵਿਦਿਆ ਵਲ ਖਾਸ ਧਿਆਨ ਮਹਾਰਾਜ ਨੇ ਦਿਤਾ। ਜਵਾਨ ਹੁੰਦਾ ਤੁਰਿਆ ਜਾਂਦਾ ਹੈ, ਸ਼ਸ਼ਤਰ ਵਿਦਿਆ ਸਿਖਾ ਦਿਤੀ। ਗੁਰੂ ਗ੍ਰੰਥ ਸਾਹਿਬ ਦੇ

ਗੂੜ੍ਹ ਭਾਵ ਸਮਝਾ ਦਿਤੇ। ਬੰਦਗੀ ਦੇ ਵਿਚ ਪੂਰਾ ਕਰ ਦਿਤਾ ਨਾਮ ਜਪਦਾ ਹੈ, ਸੁਰਤੀ ਚੜ੍ਹਦੀ ਹੈ, ਅੰਦਰਲੀਆਂ ਅਵਸਥਾਵਾਂ ਤਹਿ ਕਰਦਾ ਹੈ, ਬੜੀ ਉਚੀ ਸੁਰਤ ਪਹੁੰਚ ਗਈ। ਗੁਰੂ ਦੇ ਚਰਨਾਂ ਵਿਚ ਹਰ ਵਕਤ ਲੀਨ ਰਹਿੰਦਾ ਹੈ। ਪਿਆਰ ਵਿਚ ਰਹਿੰਦਾ ਹੈ।

ਸੋ ਜਦੋਂ ਜਵਾਨ ਹੋ ਗਿਆ 18 ਸਾਲ ਦਾ ਤਾਂ ਮਾਂ ਬਾਪ ਪੇਸ਼ਾਵਰ ਤੋਂ ਆਏ, ਬੇਨਤੀ ਕੀਤੀ ਕਿ ਮਹਾਰਾਜ ਬੱਚਾ ਜਵਾਨ ਹੋ ਗਿਆ। ਪੜ੍ਹ ਗਿਆ, ਲਿਖ ਗਿਆ ਜੇ ਹੁਣ ਤੁਸੀਂ ਛੁੱਟੀ ਦੇਵੋਂ ਤਾਂ ਇਹਦੀ ਸ਼ਾਦੀ ਕਰ ਦੇਈਏ। ਕਿਉਂਕਿ ਮਹਾਰਾਜ ਨੇ ਸ਼ਾਦੀ ਨੂੰ ਕੁਛ ਕਹਿੰਦੇ ਨੇ, ਨਾ ਹੀ ਨਾ ਕਰਨ ਨੂੰ ਕੁਛ ਕਹਿੰਦੇ ਨੇ। ਐਸੀ ਗੱਲ ਨਹੀਂ ਕਿ ਉਹ ਜ਼ਰੂਰ ਕਹਿੰਦੇ ਨੇ ਕਿ ਸ਼ਾਦੀ ਕਰਾਓ। ਐਸਾ ਵੀ ਨਹੀਂ ਕਹਿੰਦੇ ਕਿ ਨਾ ਕਰਾਓ। ਉਹ ਕਹਿੰਦੇ ਅਸੂਲ ਨੇ, ਜੇ ਤਾਂ ਗ੍ਰਿਹਸਤੀ ਬਣਨਾ ਹੈ, ਜੇ ਤਾਂ ਅਸੂਲਾਂ ਤੇ ਚੱਲੇਂਗਾ, ਜਿਹੜੇ ਗ੍ਰਿਹਸਤ ਦੇ ਅਸੂਲ ਨੇ ਤਾਂ ਤਾਂ ਤੂੰ ਸਭ ਤੋਂ ਉਚਾ ਹੋ ਜਾਏਂਗਾ। ਤੈਨੂੰ ਗ੍ਰਿਹਸਤ ਦੇ ਵਿਚ ਵਾਹਿਗੁਰੂ ਮਿਲ ਜਾਏਗਾ। ਪਰ ਜੇ ਇਹਦੇ ਵਿਪਰੀਤ ਚੱਲੇਂਗਾ ਤਾਂ ਇਹਦੇ ਵਰਗਾ ਨਰਕ ਵੀ ਕੋਈ ਨਹੀਂ। ਦੁਖ ਹੈ ਇਹ ਬਹੁਤ ਭਾਰਾ। ਉਹ ਅਸੂਲ ਕਿਹੜੇ ਨੇ –

***ਪੁੰਨ ਦਾਨ ਕਾ ਕਰੇ ਸਰੀਰੁ ॥***
***ਸੋ ਗਿਰਹੀ ਗੰਗਾ ਕਾ ਨੀਰੁ ॥ ਅੰਗ - ੯੫੨***

ਗ੍ਰਿਹਸਤੀ ਉਹ ਹੈ ਜਿਹੜਾ ਸਭ ਕੁਛ ਹੁੰਦੇ ਹੋਏ ਆਪਣਾ ਕੁਛ ਨਾ ਸਮਝੇ। ਨਿਰਲੇਪ ਰਹੇ। ਗ੍ਰਹਿਣ ਨਾ ਕਰੇ, ਨਿਗ੍ਰਿਹ ਕਰੇ। ਅੰਮ੍ਰਿਤ ਵੇਲੇ ਜਾਗੇ, ਆਪ ਬਾਣੀ ਪੜ੍ਹੇ, ਪਰਿਵਾਰ ਨੂੰ ਪੜ੍ਹਾਵੇ, ਆਪ ਨਾਮ ਜਪੇ, ਉਨ੍ਹਾਂ ਨੂੰ ਨਾਮ ਜਪਾਵੇ, ਆਪ ਸਤਿਸੰਗ 'ਚ ਜਾਵੇ, ਉਹਨਾਂ ਨੂੰ ਵੀ ਲਾਵੇ। ਸਰੀਰ ਹੀ ਪੁੰਨ ਦਾਨ ਦਾ ਬਣਾ ਲਵੇ। ਉਹ ਗ੍ਰਿਹਸਤੀ ਜਿਹੜਾ ਹੈ ਉਹ ਗੰਗਾ ਦੇ ਨੀਰ ਵਰਗਾ ਹੈ। ਗੰਗਾ ਦੇ ਨੀਰ ਵਰਗਾ ਜਿਹਦਾ ਮਨ ਹੋ ਗਿਆ –

***ਕਬੀਰ ਮਨੁ ਨਿਰਮਲੁ ਭਇਆ***
***ਜੈਸਾ ਗੰਗਾ ਨੀਰੁ ॥***
***ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥***
***ਅੰਗ - ੧੩੬੭***

ਜਦੋਂ ਸਾਡਾ ਮਨ ਪਵਿੱਤਰ ਹੋ ਗਿਆ, ਮੈਲ ਖਤਮ ਹੋ ਗਈ ਇਹਦੀ।

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ ॥***
***ਖੰਨਲੀ ਧੋਤੀ ਉਜਲੀ ਨ ਹੋਵਈ***
***ਜੇ ਸਉ ਧੋਵਣਿ ਪਾਹੁ ॥ ਅੰਗ - ੬੫੧***

ਜਦੋਂ ਮੈਲ ਖਤਮ ਹੋ ਗਈ, ਨਾਮ ਜਪਣ ਦੇ ਨਾਲ, ਫੇਰ ਕਹਿੰਦੇ ਨਿਰਮਲ ਹੋ ਗਿਆ, ਹੁਣ ਕਹਿੰਦੇ ਮੈਂ ਨਹੀਂ ਰਾਮ-ਰਾਮ ਕਹਿੰਦਾ, ਰੱਬ ਹੀ ਕਬੀਰ ਕਬੀਰ ਕਹਿਣ ਲੱਗ ਗਿਆ। ਮੇਰੇ ਪਿੱਛੇ ਲੱਗਿਆ ਫਿਰਦਾ ਹੈ। ਜੇ ਤਾਂ ਗ੍ਰਿਹਸਤੀ ਇਸ ਤਰ੍ਹਾਂ ਹੈ ਫੇਰ ਤਾਂ ਠੀਕ ਹੈ ਭਾਈ। ਨਹੀਂ ਤਾਂ ਫੇਰ ਬਿਹੰਗਮ ਹੋਵੇ।

***ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ***
***ਨਾਹੀ ਤ ਕਰੁ ਬੈਰਾਗੁ ॥***
***ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ ॥***
***ਅੰਗ - ੧੩੭੭***

ਜੇ ਘਰ ਬਾਰ ਛੱਡ ਦਿਤਾ। ਡੇਰੇ ਵਿਚ ਪਰਚ ਗਿਆ, ਸਿੱਖਾਂ ਸੇਵਕਾਂ, ਚੇਲੇ, ਚਾਟੜਿਆਂ 'ਚ ਫਸ ਗਿਆ –

***ਕਬੀਰ ਸਿਖ ਸਾਖਾ ਬਹੁਤੇ ਕੀਏ***
***ਕੇਸੋ ਕੀਓ ਨ ਮੀਤੁ ॥***
***ਚਾਲੇ ਥੇ ਹਰਿ ਮਿਲਨ ਕਉ***
***ਬੀਚੈ ਅਟਕਿਓ ਚੀਤੁ॥ ਅੰਗ - ੧੩੬੯***

ਜੇ ਉਹ ਕਰ ਲਏ ਤਾਂ ਪ੍ਰਮੇਸ਼ਰ ਵਲ ਬਹੁਤਾ ਨਹੀਂ ਧਿਆਨ ਜਾਣਾ, ਉਨ੍ਹਾਂ ਦੇ ਹੀ ਦੁਖ ਸੁਖ ਨਹੀਂ ਮੁਕਣੇ। ਕਹਿੰਦੇ ਚੱਲੇ ਤਾਂ ਸੀ ਵਾਹਿਗੁਰੂ ਨੂੰ ਮਿਲਣ ਵਾਸਤੇ ਵਿਚ ਹੀ ਅਟਕ ਗਿਆ।

ਸੋ ਕਹਿਣ ਲੱਗੇ, ਪ੍ਰੇਮੀਓ! ਅਸੀਂ ਕੁਛ ਨਹੀਂ ਕਹਿੰਦੇ, ਦੋਵੇਂ ਮਤ ਚੰਗੇ ਨੇ। ਬੈਰਾਗੀ ਵੀ ਚੰਗਾ ਹੈ, ਤਿਆਗੀ ਵੀ ਚੰਗਾ ਹੈ ਤੇ ਗ੍ਰਹਿਸਤੀ ਵੀ ਚੰਗਾ ਹੈ। ਗ੍ਰਹਿਸਤ ਵਿਚ ਭੇਜ ਦਿਤਾ। ਤੇ ਕੁਛ ਸ਼ਬਦ ਉਸ ਨੇ ਕਈ ਵਾਰ ਉਸਨੇ ਐਸੇ ਕਹੇ ਜਿਹਦੇ ਵਿਚ ਇਹ ਪਤਾ ਲੱਗਦਾ ਸੀ ਕਿ ਥੋੜ੍ਹਾ ਜਿਹਾ ਮਾਣ ਹੈ ਇਹਦੇ ਵਿਚ। ਇਹ ਨਹੀਂ ਅਜੇ ਮਰਿਆ।

ਜਿਸ ਵਕਤ ਘਰ ਚਲਿਆ ਗਿਆ, ਸਿੱਖ ਨੂੰ ਪਿੱਛੇ ਭੇਜ ਦਿਤਾ ਕਿ ਜਦੋਂ ਦੋ ਲਾਵਾਂ ਪੜ੍ਹ ਲਵੇ, ਉਸ ਵੇਲੇ ਸਾਡਾ ਹੁਕਮਨਾਮਾ ਫੜਾ ਦੇਵੀਂ। ਉਸ ਵੇਲੇ ਹੁਕਮਨਾਮਾ ਫੜਾਇਆ ਤਾਂ ਉਸ ਵਿਚ ਲਿਖਿਆ ਹੋਇਆ ਸੀ ਕਿ ਜੋਗਾ ਸਿੰਘਾ! ਜੇ ਪਾਣੀ ਪੀ ਰਿਹਾ ਹੈਂ ਤਾਂ ਤੁਰ ਕੇ ਪਾਣੀ ਪੀਈਂ, ਜੇ ਰੋਟੀ ਖਾਂਦਾ ਹੈ ਤੁਰਿਆ ਤੁਰਿਆ ਖਾਈਂ, ਜੇ ਜੁੱਤੀ ਦਾ ਇਕ ਪੈਰ ਪਾਇਆ ਹੈ ਤਾਂ ਦੂਸਰੇ ਵਾਸਤੇ ਨੇ ਅਟਕੀਂ ਤੇ ਉਸੇ ਵੇਲੇ ਪੈਰ ਅੱਗੇ ਨੂੰ ਵਧੇ ਪਿਛੇ ਨੂੰ ਨਾ ਜਾਵੇ। ਬੜਾ ਕਰੜਾ ਹੁਕਮ ਸੀ, ਲੇਕਿਨ ਸਿੱਖ ਪਾਸ ਹੋ ਗਿਆ ਉਹਦੇ ਵਿਚ। ਲਾਵਾਂ ਵਿਚਾਲੇ ਛੱਡ ਦਿਤੀਆਂ। ਬਥੇਰਾ ਸਮਝਾਇਆ ਕਿ ਕਹਿਣ ਲੱਗਿਆ, ਨਾ ਮੇਰੇ ਗੁਰੂ ਦਾ ਹੁਕਮ ਹੈ। ਮੈਂ ਆਹ ਗੇੜਾ ਪੂਰਾ ਨਹੀਂ ਕਰਨਾ, ਅਨੰਦਪੁਰ ਸਾਹਿਬ

ਐਧਰ ਹੈ ਮੈਂ ਐਧਰ ਨੂੰ ਹੀ ਤੁਰਨਾ ਹੈ। ਪੱਲਾ ਛੱਡ ਦਿਤਾ, ਮੋਢੇ ਤੋਂ ਲਾਹ ਦਿਤਾ, ਦੋ ਲਾਵਾਂ ਪੜ੍ਹੀਆਂ ਗਈਆਂ, ਦੋ ਵਿਚਾਲੇ ਰਹਿ ਗਈਆਂ, ਬੜੀਆਂ ਸਮਝੌਤੀਆਂ ਦਿਤੀਆਂ ਕਿ ਘੋੜੇ ਤੇ ਚੜ੍ਹਾ ਕੇ ਤੈਨੂੰ ਜਲਦੀ ਤੋਂ ਜਲਦੀ ਪਹੁੰਚਾ ਦੇਵਾਂਗੇ, ਹੁਣ ਪੈਦਲ ਜਾਂਦਾ ਹੈ। ਇਸ ਤੋਂ ਤਾਂ ਤੇਜ਼ ਹੋਵੇਂਗਾ। ਕਹਿੰਦਾ ਨਾ, ਮੇਰੇ ਸਤਿਗੁਰੂ ਦਾ ਹੁਕਮ ਆ ਗਿਆ। ਹੁਕਮ ਮੰਨਦਾ ਹੈ ਗੁਰੂ ਦਾ, ਕਿਉਂਕਿ ਮਨ ਵੇਚਿਆ ਹੋਇਆ ਸੀ।

*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥ ਅੰਗ - ੨੮੬*

ਜੇ ਤਾਂ ਮਨ ਗੁਰੂ ਦੇ ਅਰਪਣ ਕਰ ਦਿਓ, ਫੇਰ ਤਾਂ ਸਾਰੇ ਕਾਰਜ ਰਾਸ। ਜੇ ਮਨ ਆਪਣੇ ਕੋਲ ਬਕਾਇਆ ਰੱਖ ਲਵੇ, ਤਾਂ ਮਨ ਤਾਂ ਧੋਖੇਬਾਜ਼ ਹੈ ਪਤਾ ਨਹੀਂ ਕਿਹੜੇ ਵੇਲੇ ਧੋਖਾ ਦੇ ਜਾਵੇ। ਸੋ ਮੰਜ਼ਲ ਦਰ ਮੰਜ਼ਲ ਤੁਰਿਆ ਆਉਂਦਾ ਹੈ। ਥੋੜ੍ਹਾ-ਥੋੜ੍ਹਾ ਮਨ ਵਿਚ ਖਿਆਲ ਆ ਗਿਆ ਕਿ ਮੇਰੇ ਸਿੱਖ ਕੋਈ ਹੋਰ ਤਾਂ ਹੈ ਨਹੀਂ, ਨਿਗ੍ਹਾ ਮਾਰੀ ਸਾਰੇ ਤੇ ਅੰਦਰ ਜਿਹੜੀ ਲਿਵ ਲੱਗੀ ਹੋਈ ਸੀ, ਉਹ ਟੁੱਟ ਗਈ। ਲਿਵ ਦਾ ਤੇ ਹਉਮੈ ਦਾ ਵੈਰ ਹੈ -

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥ ਅੰਗ - ੫੬੦*

ਜਾਂ ਤਾਂ ਹਉਮੈ ਰਹੇਗੀ ਜਾਂ ਪ੍ਰਮੇਸ਼ਰ ਦਾ ਨਾਮ ਰਹੇਗਾ। ਦੋਵੇਂ ਨਹੀਂ ਇਕੱਠੇ ਰਹਿ ਸਕਦੇ। ਹੁਣ ਨਸ਼ਾ ਉਤਰਨਾ ਸ਼ੁਰੂ ਹੋ ਗਿਆ, ਹੁਸ਼ਿਆਰਪੁਰ ਆ ਗਿਆ। ਅਖੀਰ ਅਭਿਮਾਨ ਉੱਚਾ ਹੋ ਗਿਆ ਤੇ ਜਿਹੜੀ ਲਿਵ ਸੀ ਉਹ ਥੱਲੇ ਦੱਬ ਗਈ। ਹੁਣ ਮਨ ਨੇ ਉਡਾਰੀ ਮਾਰੀ, ਇਕ ਸ਼ਹਿਰ ਦੀ ਸੈਰ ਕਰਨ ਚਲਿਆ ਗਿਆ। ਇਕ ਬੜੀ ਸੁੰਦਰ ਵੇਸਵਾ ਹਾਰ ਸ਼ਿੰਗਾਰ ਲਾਏ ਹੋਏ, ਉਸ ਨੇ ਬੜੇ ਅਜੀਬ ਤਰੀਕੇ ਦੇ ਨਾਲ ਇਹਦੇ ਵਲ ਦੇਖਿਆ ਤੇ ਦੇਖਦੇ ਹੀ ਸਾਰ ਗੁਰੂ ਭੁੱਲ ਚੁੱਕਿਆ ਸੀ, ਕਾਬੂ ਆ ਗਿਆ ਕਾਮ ਦੇ। ਵਿਚਾਰ ਕਰ ਲਈ, ਘਰ ਚਲਿਆ ਗਿਆ। ਵਸਤਰ ਦੂਸਰੇ ਬਦਲ ਲਏ ਤੇ ਵੇਸਵਾ ਦੇ ਦੁਆਰੇ ਆ ਗਿਆ। ਅੱਗੇ ਪਹਿਰਾ ਲੱਗਿਆ ਹੋਇਆ ਹੈ ਤੇ ਅੰਦਰ ਨਹੀਂ ਜਾਣ ਦਿੰਦੇ। ਫੇਰ ਆਉਂਦੈ, ਫੇਰ ਅੰਦਰ ਨਹੀਂ ਆਉਣ ਦਿੰਦੇ, ਜਦੋਂ ਬਾਰ-ਬਾਰ ਅੰਦਰ ਜਾਂਦਾ ਹੈ ਅੰਮ੍ਰਿਤ ਵੇਲਾ ਹੋ ਗਿਆ, ਉਹ ਕਹਿਣ ਲੱਗੇ ਕਿ ਓ ਤੇਰੀ ਸ਼ਕਲ ਸਿੱਖਾਂ ਵਾਲੀ ਹੈ ਤੇ ਅਸੀਂ ਸੁਣਿਆ ਹੋਇਆ ਹੈ ਕਿ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਅੰਗ - ੩੦੫*

ਕਹਿਣ ਲੱਗੇ, ਤੇਰਾ ਅੰਮ੍ਰਿਤ ਵੇਲਾ ਹੋ ਆਇਆ ਸਿੱਖਾ! ਕਿੱਥੇ ਭੁਲਿਆ ਫਿਰਦਾ ਹੈਂ। ਜਿੱਥੇ ਤੂੰ ਆਇਆ ਹੈਂ-

*ਸੇਜ ਸੋਹਨੀ ਚੰਦਨੁ ਚੋਆ*
*ਨਰਕ ਘੋਰ ਕਾ ਦੁਆਰਾ॥ ਅੰਗ - ੬੪੬*

ਇਹ ਤਾਂ ਤੂੰ ਕੁੰਭੀ ਨਰਕ ਦੇ ਟਿਕਟ ਲੈਣ ਵਾਸਤੇ ਤੂੰ ਬਾਰ-ਬਾਰ ਆਉਂਦਾ ਹੈਂ। ਤੂੰ ਸ਼ਕਲ ਤੋਂ ਸਿੱਖ ਲਗਦਾ ਹੈ। ਅੱਖਾਂ ਖੁਲ੍ਹ ਗਈਆਂ। ਜਾਗ ਆ ਗਈ। ਨਸ਼ਾ ਉਤਰ ਗਿਆ ਕਾਮ ਦਾ। ਪਛਤਾਵਾ ਸ਼ੁਰੂ ਹੋ ਗਿਆ। ਹੁਣ ਉਥੋਂ ਰੋਂਦਾ ਹੀ ਤੁਰਿਆ ਆ ਰਿਹਾ ਹੈ, ਗੁਰੂ ਮਹਾਰਾਜ ਵਲ ਨੂੰ। ਬੇਨਤੀਆਂ ਕੀਤੀਆਂ। ਸਤਿਗੁਰੂ ਜੋ ਹੁੰਦਾ ਹੈ ਸਾਧਸੰਗਤ ਜੀ! ਉਹ ਹੁੰਦਾ ਹੈ ਅਭੁੱਲ, ਸਿੱਖ ਹਮੇਸ਼ਾ ਭੁੱਲ ਕਰਦਾ ਹੈ। ਸਿੱਖ ਕਿੱਡੀ ਵੱਡੀ ਗਲਤੀ ਕਰਦਾ ਹੈ, ਅੱਜ ਤੱਕ ਗੁਰੂ ਨੇ ਕਦੇ ਨਹੀਂ ਸਿੱਖ ਨੂੰ ਛੱਡਿਆ। ਜਦੋਂ ਵੀ ਛੱਡਿਆ ਹੈ ਸਿੱਖ ਨੇ ਗੁਰੂ ਨੂੰ ਛੱਡਿਆ ਹੈ।

ਕਿੰਨਿਆਂ ਨੂੰ ਅੰਮ੍ਰਿਤ ਛਕਾ ਕੇ ਗਏ ਸੀ, ਕਿੰਨਿਆਂ ਨੇ ਗੁਰੂ ਦਸ਼ਮੇਸ਼ ਪਿਤਾ ਨੂੰ ਜਵਾਬ ਦੇ ਦਿਤਾ। ਕਾਹਦੇ ਵਾਸਤੇ ਇਕ ਸ਼ਰਾਬ ਪਿਆਰੀ ਕਰ ਲਈ ਤੇ ਗੁਰੂ ਵਲ ਪਿੱਠ ਕਰ ਲਈ। ਸਿੱਖ ਨੇ ਛੱਡ ਦਿਤਾ ਲੇਕਿਨ ਗੁਰੂ ਬਾਹਵਾਂ ਖੁਲ੍ਹੀਆਂ ਰੱਖਦਾ ਹੈ। ਫੇਰ ਉਡੀਕਦਾ ਹੈ ਕਿ ਕਦੇ ਤਾਂ ਭੁੱਲ ਭੁਲਾ ਕੇ ਫੇਰ ਆ ਜਾਏਗਾ। ਕਹਿੰਦੇ ਨੇ ਕਿ ਜੇ ਮਹਾਰਾਜ! ਟੁੱਟ ਜਾਵੇ ਫੇਰ ਕੀ ਹੁੰਦਾ ਹੈ। ਫੇਰ ਆਉਣਾ ਚਾਹੇ ਫੇਰ ਕੀ ਹੁੰਦਾ ਹੈ? ਮਹਾਰਾਜ ਕਹਿੰਦੇ ਨੇ ਉਹ ਗੱਲ ਤਾਂ ਨਹੀਂ ਬਣਦੀ ਬੈਲਡ ਜ਼ਰੂਰ ਹੋ ਜਾਏਗਾ, ਟਾਂਕਾ ਦਿਸਦਾ ਰਹੇਗਾ। ਪਰ ਗੁਰੂ ਦੇ ਮਨ ਵਿਚ ਕੋਈ ਫਰਕ ਨਹੀਂ ਰਹੇਗਾ।

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ ॥ ਅੰਗ - ੫੪੪*

ਚਰਨਾਂ ਤੇ ਆ ਕੇ ਢਹਿ ਪਿਆ। ਮਹਾਰਾਜ! ਬਖਸ਼ ਲਓ। ਕਹਿਣ ਲੱਗੇ, ਜੋਗਾ ਸਿੰਘਾ! ਰਾਹ ਵਿਚ ਕੀ ਹੋਇਆ? ਕਹਿੰਦਾ ਸਤਿਗੁਰੂ! ਤੁਸੀਂ ਸਭ ਕੁਝ ਜਾਣਦੇ ਹੋਂ। ਨਰਕ 'ਚ ਗਿਰਨ ਲੱਗਿਆ ਸੀ, ਤੁਸੀਂ ਬਚਾ ਲਿਆ। ਕ੍ਰਿਪਾ ਕਰਕੇ ਮੈਨੂੰ ਦੱਸੋ ਕਿ ਇਹ ਹੋ ਕੀ ਗਿਆ, ਭਾਣਾ ਕੀ ਵਰਤਿਆ। ਪਹਿਲਾਂ ਮੈਨੂੰ ਬਚਾ ਲਿਆ ਤੇ ਆਪ ਦਾ ਹੁਕਮ ਮੰਨਿਆ। ਪਰ ਇਥੇ ਆ ਕੇ ਕੀ ਹੋ ਗਿਆ? ਕਹਿਣ ਲੱਗੇ, ਜੋਗਾ ਸਿੰਘਾ! ਗੱਲ ਐਨੀ ਹੋਈ ਕਿ ਤੇਰੇ ਅੰਦਰੋਂ ਨਾਮ ਭੁੱਲ ਗਿਆ। ਤੇਰੇ

ਉਤੇ ਹੌਲੀ-ਹੌਲੀ-ਹੌਲੀ-ਹੌਲੀ ਅਭਿਮਾਨ ਸਵਾਰ ਹੁੰਦਾ ਗਿਆ। ਜਿਥੇ ਅਭਿਮਾਨ ਆ ਜਾਵੇ ਉਥੇ ਨਾਮ ਨਹੀਂ ਹੋਇਆ ਕਰਦਾ। ਹਉਮੈ ਤੇ ਨਾਮ ਦਾ ਵਿਰੋਧ ਹੈ। ਲਿਵ ਟੁੱਟ ਗਈ। ਜਦੋਂ ਲਿਵ ਟੁੱਟ ਗਈ ਤੇ ਗੁਰੂ ਨਾਲੋਂ ਤੇਰੀ ਤਾਰ ਟੁੱਟ ਗਈ। ਉਸ ਵੇਲੇ ਤੂੰ ਗਿਰਿਆ। ਸੋ ਇਹ ਜੋ ਅਭਿਮਾਨ ਹੈ ਇਹ ਨਹੀਂ ਭਾਇਆ ਕਰਦਾ।

ਸਾਧਸੰਗਤ ਜੀ! ਵੱਡੀ ਰੁਕਾਵਟ ਸਭ ਤੋਂ ਜੇ ਕੋਈ ਹੈ ਤਾਂ ਅਭਿਮਾਨ ਦੀ ਹੋਇਆ ਕਰਦੀ ਹੈ। ਸੋ ਮਹਾਰਾਜ ਦਾ ਫੁਰਮਾਨ ਹੈ ਕਿ -

*ਬੂਡਾ ਦੁਰਜੋਧਨੁ ਪਤਿ ਖੋਈ ॥*
*ਰਾਮੁ ਨ ਜਾਨਿਆ ਕਰਤਾ ਸੋਈ ॥*
*ਜਨ ਕਉ ਦੂਖਿ ਪਚੈ ਦੁਖੁ ਹੋਈ ॥*

*ਅੰਗ - ੨੨੫*

ਦੁਰਜੋਧਨ ਦੀ ਮਿਸਾਲ ਦਿੰਦੇ ਨੇ ਕਿ ਅਭਿਮਾਨੀ ਹੋਇਆ ਹੈ।

ਉਹ ਇਸ ਤਰ੍ਹਾਂ ਦੇ ਨਾਲ ਕਿ ਕੌਰਵ ਤੇ ਪਾਂਡਵ ਦੋ ਭਰਾ ਸੀ। ਇਕ ਦੀ ਔਲਾਦ ਕੌਰਵ ਕਹਾਉਂਦੀ ਸੀ ਤੇ ਇਕ ਦੀ ਪਾਂਡਵ। ਧੋਖੇ ਦੇ ਨਾਲ ਧ੍ਰਿਤਰਾਸ਼ਟਰ ਨੇ ਰਾਜ ਵੱਡੇ ਭਰਾ ਦਾ ਹੱਕ ਸੀ, ਲੇਕਿਨ ਆਪ ਰਾਜਾ ਬਣ ਗਿਆ ਤੇ ਦੁਰਜੋਧਨ ਉਸ ਦਾ ਮੁਖਤਿਆਰ ਬਣ ਗਿਆ। ਝਗੜਾ ਖੜ੍ਹਾ ਹੋ ਗਿਆ। ਬਾਰ੍ਹਾਂ ਸਾਲ ਦਾ ਬਨਵਾਸ ਮਿਲਿਆ ਉਨ੍ਹਾਂ ਨੂੰ। ਤੇਰ੍ਹਵਾਂ ਗੁਪਤ ਵਾਸ ਹੋਏਗਾ। ਜੇ ਪਤਾ ਲੱਗ ਗਿਆ ਮੁੜ ਕੇ ਬਾਰ੍ਹਾਂ ਸਾਲ ਫੇਰ ਕੱਟੋਂਗੇ। ਸੋ ਇਨ੍ਹਾਂ ਨੇ ਇਕ ਸਾਲ ਗੁਪਤ ਕੱਟਿਆ ਤੇ ਜਦੋਂ 12 ਸਾਲ ਦਾ ਬਨਵਾਸ ਕੱਟ ਕੇ ਜਦੋਂ ਦੁਬਾਰਾ ਆਏ ਤਾਂ ਉਸ ਵੇਲੇ ਕਿਹਾ ਕਿ ਅਸੀਂ ਆ ਗਏ, ਸਾਨੂੰ ਕੁਛ ਦੇਹ ਸਾਡਾ ਹੱਕ ਹੈ। ਕਹਿਣ ਲੱਗਿਆ, ਮੈਂ ਨਹੀਂ ਦੇਣਾ। ਅਖੀਰ ਗੱਲ ਚਲਦੀ-ਚਲਦੀ ਪੰਜ ਪਿੰਡਾਂ ਤੇ ਆ ਗਈ ਕਿ ਪੰਜ ਭਰਾ ਨੇ ਇਕ-ਇਕ ਪਿੰਡ ਦੇ ਦੇ। ਲੇਕਿਨ ਉਸ ਨੇ ਦਿੱਤਾ ਨਾ। ਉਸ ਤੋਂ ਬਾਅਦ ਕ੍ਰਿਸ਼ਨ ਮਹਾਰਾਜ ਨੂੰ ਵਿਚੋਲਾ ਬਣਾਇਆ ਗਿਆ ਕਿ ਤੁਸੀਂ ਗੱਲ ਨਿਬੇੜੋ। ਕ੍ਰਿਸ਼ਨ ਮਹਾਰਾਜ ਆ ਰਹੇ ਨੇ। ਤਰੀਕ ਦੱਸ ਗਈ ਤਾਂ ਜਦੋਂ ਦੁਰਜੋਧਨ ਨੂੰ ਪਤਾ ਲੱਗਿਆ ਤਾਂ ਉਸ ਨੇ ਆਪਣੇ ਦਰਬਾਰ ਦੇ ਅੰਦਰ ਸਲਾਹ ਕੀਤੀ ਕਹਿਣ ਲੱਗਿਆ, ਦੇਖੋ ਕ੍ਰਿਸ਼ਨ ਆਉਂਦਾ ਹੈ ਤਾਂ ਉਸਨੂੰ ਅਵਤਾਰ ਵੀ ਕਹਿੰਦੇ ਨੇ। 16 ਕਲਾਂ ਸੰਪੂਰਨ, ਦੁਆਪਰ ਜੁਗ ਦਾ ਅਵਤਾਰ। ਉਹਦੇ ਆਉਣ ਤੇ ਉਹਦਾ ਸਤਿਕਾਰ ਕਰਦਾ ਹੈ ਸਾਰਾ ਸੰਸਾਰ। ਮੈਂ ਰਾਜ ਗੱਦੀ ਤੇ ਬੈਠਾ ਹਾਂ, ਇਹ ਨਿਆਂ ਨਹੀਂ ਹੈ ਕਿ ਮੈਂ ਰਾਜ ਗੱਦੀ ਤੇ ਬੈਠਾ ਹੋਵਾਂ ਤੇ ਉਹਦੇ ਆਦਰ ਵਾਸਤੇ ਖੜ੍ਹਾ ਹੋਵਾਂ। ਵਿਉਂਤਾਂ ਬਣਾਈਆਂ ਗਈਆਂ ਕਿ ਐਉਂ ਕਰਿਓ ਕਿ ਮੈਂ ਘੋੜਿਆਂ ਦੇ ਤਬੇਲੇ ਦੇ ਵਿਚ ਚਲਿਆ ਜਾਵਾਂਗਾ, ਜੇ ਤਾਂ ਕ੍ਰਿਸ਼ਨ ਉਥੇ ਆਇਆ ਤਾਂ ਮੈਂ ਵੀ ਖੜ੍ਹਾ ਹੋਵਾਂਗਾ, ਉਹ ਵੀ ਖੜ੍ਹਾ ਹੋਏਗਾ, ਜੇ ਇਥੇ ਆ ਗਿਆ ਤੁਸੀਂ ਬਿਠਾ ਲੈਣਾ। ਜਦੋਂ ਮੈਂ ਆਵਾਂਗਾ ਤੁਸੀਂ ਸਾਰੇ ਖੜ੍ਹੇ ਹੋ ਜਾਣਾ। ਉਹਨੂੰ ਵੀ ਨਾਲ ਖੜ੍ਹੇ ਹੋਣਾ ਪਵੇਗਾ। ਸੋ ਆਹ ਅਭਿਮਾਨ ਦੀ ਗੱਲ ਉਹਦੇ ਮਨ ਵਿਚ ਆਈ। ਦੂਜੇ ਪਾਸੇ ਇਹਦਾ ਹੀ ਜੋ ਭਰਾ ਸੀ ਬਿਦਰ, ਉਹ ਰਾਜ ਅੰਸ 'ਚੋਂ ਪੈਸਾ ਨਹੀਂ ਸੀ ਖਾਂਦਾ ਹੁੰਦਾ, ਮਿਹਨਤ ਕਰਕੇ, ਕਮਾਈ ਕਰਕੇ ਖਾਂਦਾ ਹੁੰਦਾ ਸੀ, ਕਿਉਂਕਿ ਰਾਜ ਅੰਸ ਜਿਹੜਾ ਹੁੰਦਾ ਹੈ ਇਹ ਮਾੜਾ ਧਾਨ ਹੁੰਦਾ ਹੈ। ਉਹ ਬੁੱਧੀ ਦੇ ਉਤੇ ਜਾ ਕੇ ਬੁੱਧੀ ਨੂੰ ਮੈਲ ਨਾਲ ਭਰ ਦਿੰਦਾ ਹੈ।

ਐਸੀ ਸਾਖੀ ਆਉਂਦੀ ਹੈ ਕਿ ਜਿਸ ਵਕਤ ਕੌਰਵਾਂ ਦਾ ਤੇ ਪਾਂਡਵਾਂ ਦਾ ਯੁੱਧ ਹੋਇਆ ਤਾਂ ਉਸ ਵੇਲੇ ਭੀਸ਼ਮ ਪਿਤਾਮਾ ਯੋਗੀ ਸੀ। ਉਸ ਵੇਲੇ ਉਹਨੇ ਦੇਖਿਆ ਕਿ ਸੂਰਜ ਜਿਹੜਾ ਹੈ ਦਖਨੈਇਣ ਵਿਚ ਹੈ। ਜੇ ਦੱਖਣ ਦੇ ਵਿਚ ਸੂਰਜ ਹੋਵੇ, ਪ੍ਰਾਣ ਛੱਡ ਦਿਓ ਤਾਂ ਲੰਮੇ ਰਸਤੇ ਜਾਣਾ ਪੈਂਦਾ ਹੈ ਅਤੇ ਉਤਰਾਇਣ ਵਿਚ ਆਉਣ ਵਿਚ ਅਜੇ ਚਿਰ ਰਹਿੰਦਾ ਸੀ। ਸੋ ਉਸਨੇ ਤੀਰਾਂ ਦੀ ਸੇਜ ਦੇ ਉਤੇ ਆਸਣ ਲਾ ਕੇ ਸਮਾਂ ਕੱਢਣਾ ਸ਼ੁਰੂ ਕੀਤਾ ਤੇ ਰੋਜ਼ ਸਤਿਸੰਗ ਹੁੰਦਾ ਸੀ, ਉਹਦੇ ਪਿਆ ਹੀ ਉਹ ਉਪਦੇਸ਼ ਦਿਆ ਕਰਦਾ ਸੀ। ਇਕ ਦਿਨ ਬਹੁਤ ਉਚਾ ਉਪਦੇਸ਼ ਦੇ ਰਿਹਾ ਸੀ ਕਿ ਦਰੋਪਤੀ ਹੱਸ ਪਈ ਸੁਣ ਕੇ। ਉਹਨੇ ਵੀ ਦੇਖ ਲਿਆ ਕਿ ਹੱਸੀ ਹੈ। ਕਹਿਣ ਲੱਗੇ, ਬੇਟਾ! ਕੀ ਗੱਲ ਤੂੰ ਹੱਸੀ ਕਿਉਂ? ਕਹਿਣ ਲੱਗੀ ਕਿ ਪਿਤਾ ਜੀ! ਮੈਂ ਹੱਸੀਂ ਹਾਂ ਕਿ ਹੁਣ ਤੁਸੀਂ ਐਡੇ-ਐਡੇ ਉਪਦੇਸ਼ ਦੇ ਰਹੇ ਓਂ, ਜਦੋਂ ਮੇਰੇ ਵਸਤਰ ਉਤਾਰ ਰਹੇ ਸੀ ਉਸ ਵੇਲੇ ਤੁਸੀਂ ਬੋਲੇ ਨਾ। ਕਹਿੰਦੇ, ਬੇਟੀ! ਉਸ ਵੇਲੇ ਮੈਂ ਰਾਜ ਅੰਸ ਖਾਂਦਾ ਸੀ, ਰਾਜੇ ਦਾ ਧਾਨ ਖਾਂਦਾ ਸੀ, ਰਾਜੇ ਦਾ ਧਾਨ ਜ਼ੋਰ, ਜ਼ੁਲਮ ਦਾ ਹੋਇਆ ਕਰਦਾ ਹੈ, ਟੈਕਸ, ਖੋਹ ਖਿੰਝ। ਉਹਦੇ ਨਾਲ ਮਨ ਮਲੀਨ ਹੋ ਜਾਇਆ ਕਰਦਾ ਹੈ। ਸੋ ਮੇਰੀ ਬੁੱਧੀ ਭ੍ਰਿਸ਼ਟ ਸੀ ਹੁਣ ਕਿਉਂਕਿ ਖ਼ੂਨ ਸਾਰਾ ਨਿਕਲ ਚੁਕਿਆ ਹੈ, ਨੁਚੜਦਾ ਜਾਂਦਾ ਹੈ ਰੋਜ਼ ਦੀ ਰੋਜ਼, ਹੁਣ ਮੇਰਾ ਮਨ ਨਿਰਮਲ ਹੋ ਗਿਆ। ਸੋ ਹੁਣ ਮੈਂ ਉਸ ਗੱਲ ਨੂੰ ਬੁਰੀ ਕਹਿੰਦਾ ਹਾਂ।

ਸੋ ਏਸ ਤਰ੍ਹਾਂ ਇਹ ਬਿਦਰ ਸੀ ਇਹ ਦਾਸੀ ਦਾ ਪੁੱਤਰ ਸੀ ਲੇਕਿਨ ਰਾਜ ਅੰਸ ਨਹੀਂ ਸੀ ਖਾਂਦਾ, ਬਾਹਰ ਜਾ ਕੇ ਸ਼ਹਿਰ ਦੇ ਬਾਹਰ ਇਕ ਝੌਂਪੜੀ ਬਣਾਈ ਹੋਈ ਸੀ ਤੇ ਉਹਦੇ ਵਿਚ ਰਿਹਾ ਕਰਦਾ ਸੀ। ਇਸ ਨੂੰ ਵੀ ਪਤਾ ਲੱਗਿਆ ਕਿ ਕ੍ਰਿਸ਼ਨ ਮਹਾਰਾਜ ਆ ਰਹੇ ਨੇ, ਇਹ ਉਨ੍ਹਾਂ ਦਾ ਪ੍ਰੇਮੀ ਸੀ, ਭਗਤੀ ਕਰਦਾ ਸੀ। ਹਰ ਵਕਤ ਉਨ੍ਹਾਂ ਦਾ ਧਿਆਨ ਧਰਦਾ ਸੀ। ਜਿਸ ਵਕਤ ਕ੍ਰਿਸ਼ਨ ਮਹਾਰਾਜ ਸ਼ਹਿਰ ਦੇ ਨੇੜੇ ਆਏ, ਉਸ ਵੇਲੇ ਉਨ੍ਹਾਂ ਦੇ ਆਪਣੇ ਅੰਗਰਖਸ਼ਕ ਸੀ ਨਾਲ ਉਨ੍ਹਾਂ ਨੂੰ ਕਿਹਾ ਕਿ

ਤੁਸੀਂ ਤਾਂ ਜਾਓ ਤੇ ਮੈਂ ਇਥੇ ਉਤਰਦਾ ਹਾਂ ਤੇ ਮੈਂ ਸਵੇਰੇ ਆ ਜਾਵਾਂਗਾ। ਕਹਿਣ ਲੱਗੇ, ਮਹਾਰਾਜ! ਤੁਸੀਂ ਰਹੋਂਗੇ ਕਿੱਥੇ? ਕਹਿੰਦੇ, ਮੈਂ ਆਪਣੇ ਭਗਤ ਦੇ ਪਾਸ ਰਹਾਂਗਾ। ਕਿਉਂਕਿ ਮੈਨੂੰ ਕੋਈ ਹੋਰ ਚੀਜ਼ਾਂ ਨਹੀਂ ਚਾਹੀਦੀਆਂ, ਮੈਨੂੰ ਜੇ ਚਾਹੀਦਾ ਹੈ ਤਾਂ ਉਹ ਪਿਆਰ ਚਾਹੀਦਾ ਹੈ। ਮੈਂ ਸਾਰੀ ਦੁਨੀਆਂ ਨੂੰ ਸਭ ਕੁਛ ਦਿੰਦਾ ਤੁਰਿਆ ਜਾ ਰਿਹਾ ਹਾਂ, ਉਮਰਾਂ ਲੰਘਾ ਲੰਘਾ ਕੇ ਨਸਲਾਂ ਦੀਆਂ ਨਸਲਾਂ ਤੁਰੀਆਂ ਜਾਂਦੀਆਂ ਨੇ ਪਰ ਅਫਸੋਸ ਮੇਰੀਆਂ ਦਿਤੀਆਂ ਹੋਈਆਂ ਚੀਜ਼ਾਂ ਨੂੰ ਸਭ ਪਿਆਰ ਕਰਦੇ ਨੇ ਪਰ ਮੇਰੇ ਨਾਲ ਪਰਚ ਕੇ ਕੋਈ ਨਹੀਂ ਹੈ ਜਿਹੜਾ ਪਿਆਰ ਕਰੇ। ਮੈਨੂੰ ਹਰ ਵਕਤ ਪਿਆਰ ਦੀ ਭੁੱਖ ਰਹਿੰਦੀ ਹੈ, ਪਿਆਰ ਵਾਲਾ ਮੈਨੂੰ ਵਸ ਵਿਚ ਕਰ ਲੈਂਦਾ ਹੈ। ਮੇਰਾ ਵਸ ਨਹੀਂ ਚਲਦਾ, ਫੇਰ ਜੋ ਕੰਮ ਉਹ ਕਹੇ ਮੈਨੂੰ ਮੰਨਣਾ ਪੈਂਦਾ ਹੈ।

***ਮੇਰੀ ਬਾਂਧੀ ਮੇਰੀ ਭਗਤੁ ਛਡਾਵੈ***
***ਬਾਂਧੈ ਭਗਤੁ ਨ ਛੂਟੈ ਮੋਹਿ ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ॥***

***ਅੰਗ - ੧੨੫੩***

ਤੇ ਮੈਂ ਕਿਸੇ ਦੇ ਵਸ ਨਹੀਂ ਆਉਂਦਾ -

***ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥***
***ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥***

***ਅੰਗ - ੯੬੨***

ਕਿਉਂਕਿ ਪਿਆਰ ਦੇ ਨਾਲ ਹਿਰਦੇ ਵਿਚ ਕੈਦ ਕਰ ਲੈਂਦੇ ਨੇ। ਬਾਣੀ ਵਿਚ ਇਕ ਸਵਾਲ ਆਉਂਦਾ ਹੈ, ਕਬੀਰ ਸਾਹਿਬ ਨੇ ਸਵਾਲ ਕਰਿਆ ਆਪਣੇ ਗੁਰੂ ਤੇ ਰਾਮਾਨੰਦ ਜੀ ਤੇ -

***ਰਾਮੁ ਬਡਾ ਕੈ ਰਾਮਹਿ ਜਾਨਿਆ ॥***

***ਅੰਗ - ੩੩੧***

ਹੇ ਗੁਰੂ ਜੀ! ਇਹ ਦੱਸੋ ਕਿ ਰਾਮ ਵੱਡਾ ਹੈ ਕਿ ਜਿਹਨੇ ਰਾਮ ਨੂੰ ਜਾਣ ਲਿਆ। ਜਵਾਬ ਦਿਤਾ ਕਿ 'ਜਿਨਿ ਰਾਮੈ ਜਾਨਿਆ'। ਸੰਤ ਵੱਡਾ ਹੋਇਆ ਕਰਦਾ ਹੈ ਰੱਬ ਤੋਂ। ਕਹਿੰਦੇ ਉਹ ਕਿਸ ਤਰ੍ਹਾਂ? ਕਹਿੰਦੇ, ਸੰਤ ਆਪਣੇ ਹਿਰਦੇ ਦੇ ਵਿਚ ਉਹ ਵਾਹਿਗੁਰੂ ਜਿਹੜਾ ਬੇਅੰਤ ਹੈ, ਜਿਸਦਾ ਕੋਈ ਆਦਿ ਨਹੀਂ ਅੰਤ ਨਹੀਂ, ਉਸਨੂੰ ਹਿਰਦੇ ਦੇ ਵਿਚ ਕੈਦ ਕਰ ਲੈਂਦੇ ਨੇ। ਕੈਦ ਕਰਕੇ ਜੋ ਕੁਛ ਚਾਹੁੰਦੇ ਨੇ, ਉਹ ਉਹਨੂੰ ਕਰਨਾ ਪੈਂਦਾ ਹੈ। ਪ੍ਰਮੇਸ਼ਰ ਇਹ ਕਹਿੰਦਾ ਹੈ ਕਿ ਜਿਹੜੇ ਮੇਰੇ ਭਗਤ ਨੇ, ਉਨ੍ਹਾਂ ਦੇ ਵਿਚ ਤੇ ਮੇਰੇ ਵਿਚ ਕੋਈ ਫਰਕ ਨਹੀਂ ਹੈ -

***ਖ਼ਾਲਸਾ ਮੇਰੋ ਰੂਪ ਹੈ ਖ਼ਾਸ॥***
***ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥***

***ਸਰਬ ਲੋਹ ਗ੍ਰੰਥ 'ਚੋਂ***

ਕਿਉਂਕਿ ਖਾਲਸਾ ਕੌਣ ਹੈ -

***ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***

***(ਸਰਬ ਲੋਹ ਗ੍ਰੰਥ 'ਚੋਂ)***

ਖਾਲਸਾ ਉਹ ਹੈ -

***ਪੂਰਨ ਜੋਤ ਜਗੈ ਘਟ ਮੈ***
***ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥***

ਜਦੋਂ ਅਗਿਆਨ ਪੂਰੀ ਤਰ੍ਹਾਂ ਨਾਸ਼ ਹੋ ਜਾਵੇ ਤੇ ਪੂਰੀ ਤਰ੍ਹਾਂ ਇਹ ਹੋ ਜਾਵੇ ਕਿ ਇਥੇ ਵਾਹਿਗੁਰੂ ਤੋਂ ਬਗੈਰ ਹੋਰ ਕੋਈ ਨਹੀਂ। ਨਾ ਕੋਈ ਹੋਇਆ ਹੈ, ਨਾ ਕਿਸੇ ਨੇ ਹੋਣਾ ਹੈ, ਵਾਹਿਗੁਰੂ ਦੀ ਜੋਤ ਘਟ ਘਟ ਦੇ ਵਿਚ ਵਿਆਪਕ ਨਜ਼ਰ ਆ ਜਾਵੇ ਤੇ ਆਪਣੇ ਆਪ ਨੂੰ ਆਤਮ ਸਰੂਪ ਤੇ ਪਰਮਾਤਮਾ ਸਰੂਪ ਸਮਝ ਕੇ ਲੀਨ ਕਰ ਦੇਵੇ ਤੇ ਗਿਆਨ ਉਹਦੇ ਅੰਦਰ ਪ੍ਰਤੱਖ ਹੋ ਜਾਵੇ-

***ਜਲ ਤਰੰਗ ਅਰੁ ਫੇਨ ਬੁਦਬੁਦਾ***
***ਜਲ ਤੇ ਭਿੰਨ ਨ ਹੋਈ ॥ ਅੰਗ - ੪੮੫***

ਜਿਵੇਂ ਪਾਣੀ ਦੇ ਉਤੇ ਲਹਿਰਾਂ ਨੇ, ਬੁਲਬੁਲੇ ਨੇ ਤੇ ਝੱਗ ਹੈ। ਪਾਣੀ ਤੋਂ ਬਿਨਾਂ ਤਾਂ ਹੋਰ ਕੋਈ ਹੈ ਨਹੀਂ-

ਇਸੇ ਤਰ੍ਹਾਂ ਸਾਰਾ ਬ੍ਰਹਿਮੰਡ ਪ੍ਰਮੇਸ਼ਰ ਦਾ ਸਰੂਪ ਨਜ਼ਰ ਆ ਜਾਵੇ, ਉਸ ਵੇਲੇ ਉਹਨੂੰ ਆਤਮ ਅਨੰਦ ਆਉਂਦਾ ਹੈ ਜਿਹੜਾ ਸਭ ਤੋਂ ਉਪਰ ਹੈ। ਕੋਈ ਅਨੰਦ ਇਹਦੇ ਮੁਕਾਬਲੇ ਤੇ ਨਹੀਂ ਪਹੁੰਚ ਸਕਦਾ। ਉਹ ਖਾਲਸਾ ਹੁੰਦਾ ਹੈ ਭਾਈ। ਉਹਦੇ ਵਿਚ ਤੇ ਮੇਰੇ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ।

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ***
***ਓਇ ਰਾਮ ਨਾਮ ਰੰਗਿ ਰਾਤੇ ॥ ਅੰਗ - ੭੪੯***

ਜੋ ਕੁਛ ਉਹ ਕਰ ਦਿੰਦੇ ਨੇ ਉਹ ਪ੍ਰਮੇਸ਼ਰ ਨੂੰ ਮੰਨਣਾ ਪੈਂਦਾ ਹੈ -

***ਧਾਰਨਾ - ਮੰਨੇ ਵਾਹਿਗੁਰੂ ਕੀਤਾ***
***ਆਪਣੇ ਸੰਤਾਂ ਦਾ।***

ਗੁਰੂ ਨਾਨਕ ਪਾਤਸ਼ਾਹ ਅੱਜ ਦਿੱਲੀ ਜਮੁਨਾ ਦੇ ਕਿਨਾਰੇ ਆਪ ਸਤਿਸੰਗ ਕਰਕੇ ਸਾਰੇ ਸੰਸਾਰ ਨੂੰ, ਦਿੱਲੀ ਵਾਸੀਆਂ ਨੂੰ ਤਾਰ ਰਹੇ ਨੇ। ਕਾਫੀ ਦਿਨ ਲੰਘ ਗਏ ਤਾਂ ਕੋਲ ਮਹਾਵਤ ਖਾਨਾ ਸੀ, ਹਾਥੀ ਖਾਨਾ। ਉਥੇ ਅੱਜ ਅੰਮ੍ਰਿਤ ਵੇਲੇ ਆਵਾਜ਼ ਆਉਣ ਲੱਗ ਗਈ ਰੋਣ ਦੀ। ਮਹਾਰਾਜ ਨੇ ਮਰਦਾਨੇ ਨੂੰ ਭੇਜਿਆ ਕਹਿਣ ਲੱਗੇ, ਦੇਖ ਮਰਦਾਨਾ! ਐਨੀ ਦਰਦਨਾਕ ਆਵਾਜ਼ ਆ ਰਹੀ ਹੈ, ਦੇਖ ਕੌਣ ਰੋ ਰਿਹਾ ਹੈ? ਐਨਾ ਦੁਖੀ ਕੌਣ ਹੈ? ਮਰਦਾਨਾ ਗਿਆ ਜਾ ਕੇ ਪਤਾ ਕਰਿਆ, ਵਾਪਸ ਆ ਕੇ ਦੱਸਿਆ ਕਿ ਮਹਾਰਾਜ ਮਹਾਵਤ ਨੇ ਹਾਥੀ ਵਾਲੇ, ਉਹ ਰੋਂਦੇ ਨੇ।

ਕਹਿੰਦੇ, ਕਿਉਂ ਰੋਂਦੇ ਨੇ?

ਕਹਿੰਦਾ, ਹਾਥੀ ਮਰ ਗਿਆ ਤੇ ਉਹ ਇਹ ਕਹਿੰਦੇ ਨੇ ਸਾਨੂੰ ਹੁਣ ਬਾਦਸ਼ਾਹ ਨੇ ਨੌਕਰੀ 'ਚੋਂ ਕੱਢ ਦੇਣਾ ਹੈ। ਛੋਟੇ-ਛੋਟੇ ਬੱਚੇ ਨੇ ਕਿੱਥੋਂ ਖਾਣਗੇ। ਏਸ ਕਰਕੇ ਮਹਾਰਾਜ ਉਹ ਰੋ ਰਹੇ ਨੇ। ਮਹਾਰਾਜ ਕਹਿੰਦੇ, ਉਨ੍ਹਾਂ ਨੂੰ ਕਹਿ ਦਿਓ ਕਿ ਹਾਥੀ ਮਰਿਆ ਨਹੀਂ ਹੈ, ਰੋਣ ਨਾ ਉਹ, ਖੜ੍ਹਾ ਕਰ ਲੈਣ ਇਹਨੂੰ, ਮਰਿਆ ਨਹੀਂ ਹੈ, ਭੁਲੇਖਾ ਪੈ ਗਿਆ। ਸੋ ਮਰਦਾਨਾ ਜੀ ਨੇ ਜਾ ਕੇ ਕਹਿ ਦਿਤਾ। ਹਾਥੀ ਜੀਊਂਦਾ ਹੋ ਗਿਆ। ਦਿਨ ਹੋਇਆ ਉਸ ਮਹਾਵਤ ਨੇ ਗੱਲ ਸ਼ੁਰੂ ਕਰ ਦਿਤੀ ਕਿ ਇਥੇ ਇਕ ਉਚੀ ਕੋਟੀ ਦੇ ਮਹਾਤਮਾ, ਕੋਈ ਪੀਰ ਆਏ ਹੋਏ ਨੇ, ਉਨ੍ਹਾਂ ਨੇ ਆਹ ਗੱਲ ਕਹੀ ਤਾਂ ਹਾਥੀ ਮੇਰਾ ਜੀਊਂਦਾ ਹੋ ਗਿਆ। ਚਲਦੇ-ਚਲਦੇ ਗੱਲ ਬਾਦਸ਼ਾਹ ਦੇ ਪਾਸ ਪਹੁੰਚ ਗਈ। ਉਹਨੇ ਦੇਖਿਆ ਕਿ ਕੋਈ ਕਲਾਵਾਨ ਸੰਤ ਆ ਗਿਆ, ਬਈ ਗੱਲ ਕਰਨੀ ਚਾਹੀਦੀ ਹੈ। ਗੁਰੂ ਨਾਨਕ ਪਾਤਸ਼ਾਹ ਦੇ ਕੋਲ ਆ ਗਿਆ। ਕਹਿਣ ਲੱਗਿਆ, ਨਾਨਕ ਦਰਵੇਸ਼! ਮੈਨੂੰ ਇਹ ਪਤਾ ਲੱਗਿਆ ਹੈ ਕਿ ਤੂੰ ਮਰਿਆ ਹੋਇਆ ਹਾਥੀ ਜੀਊਂਦਾ ਕਰ ਦਿਤਾ। ਮਹਾਰਾਜ ਕਹਿੰਦੇ, ਮਾਰਨਾ ਤੇ ਜੀਵਾਲਣਾ ਪ੍ਰਮੇਸ਼ਰ ਦੇ ਹੱਥ ਵਿਚ ਹੁੰਦਾ ਹੈ, ਫਕੀਰ ਦੀ ਦੁਆ ਹੁੰਦੀ ਹੈ, ਪ੍ਰਮੇਸ਼ਰ ਮੰਨ ਜਾਇਆ ਕਰਦਾ ਹੈ। ਕਹਿੰਦੇ, ਹੁਣ ਮਾਰ ਕੇ ਦਿਖਾ? ਮਹਾਰਾਜ ਕਹਿੰਦੇ, ਇਹ ਤਾਂ ਮਰਿਆ ਹੋਇਆ ਹੀ ਸੀਗਾ। ਐਨਾ ਕਹਿੰਦੇ ਹੀ ਦੜੰਮ ਕਰਕੇ ਹਾਥੀ ਗਿਰ ਗਿਆ। ਹੁਣ ਕਹਿੰਦਾ ਕਿ ਜੀਊਂਦਾ ਕਰਕੇ ਦਿਖਾ। ਮਹਾਰਾਜ ਕਹਿੰਦੇ, ਬਾਦਸ਼ਾਹ! ਰੱਬ ਦੀ ਕੀਤੀ ਹੋਈ ਨੂੰ ਫਕੀਰ ਚੁੱਕ ਲੈਂਦੇ ਨੇ ਤੇ ਫਕੀਰ ਦਾ ਮਾਰਿਆ ਹੋਇਆ ਰੱਬ ਨਹੀਂ ਬਖਸ਼ ਸਕਦਾ। ਕਹਿੰਦਾ ਕਿਸ ਤਰ੍ਹਾਂ? ਕਹਿੰਦੇ ਦੇਖ, ਅੱਗ ਜਲਦੀ ਹੈ, ਕੋਲਾ ਚੁੱਕ ਲਓ ਅੱਗ ਦੇ ਵਿਚੋਂ, ਇਕ ਦੋ ਸਕਿੰਟ ਕੋਲਾ ਹੱਥ ਹਿਲਾ ਹੁਲਾ ਕੇ ਰੱਖਿਆ ਜਾ ਸਕਦਾ ਹੈ। ਪਰ ਜੇ ਜੇ ਉਹਦੇ ਵਿਚ ਲੋਹਾ ਸੁੱਟ ਦੇਈਏ, ਉਹ ਤਦ ਰੂਪ ਹੋ ਜਾਵੇ, ਅੱਗ ਦਾ ਹੀ ਰੂਪ ਬਣ ਜਾਵੇ, ਫੇਰ ਭਾਈ! ਜੇ ਕੋਈ ਬੰਦਾ ਉਹਨੂੰ ਹੱਥ ਵੀ ਲਾ ਦਏ, ਉਂਗਲੀ ਵੀ ਲਾ ਦਏ, ਉਸ ਨੇ ਉਸੇ ਵੇਲੇ ਜਾਲ ਦੇਣਾ ਹੈ। ਸੋ ਜਿਹੜੇ ਫਕੀਰ ਹੁੰਦੇ ਨੇ, ਸੰਤ ਹੁੰਦੇ ਨੇ, ਪ੍ਰਮੇਸ਼ਰ ਦੇ ਨਾਮ ਦੇ ਰੰਗ ਵਿਚ, ਪਿਆਰ ਦੇ ਵਿਚ ਉਹਦਾ ਰੂਪ ਹੋਏ ਹੁੰਦੇ ਨੇ ਤੇ ਉਹਦਾ ਰੂਪ ਹੋਣ ਕਰਕੇ ਉਨ੍ਹਾਂ ਦੀ ਮਾਰੀ ਹੋਈ ਖੁਦਾ ਨਹੀਂ ਚੁੱਕ ਸਕਿਆ ਕਰਦਾ।

ਇਕ ਵਾਰੀ ਮੁਲਤਾਨ ਦਾ ਨਵਾਬ, ਕਿਉਂਕਿ ਮੁਲਤਾਨ ਦਾ ਜਿਹੜਾ ਸ਼ਹਿਰ ਹੈ ਉਥੇ ਬੜੇ ਪੀਰ ਨੇ, ਬੜੇ ਮੁਲਾਣੇ ਨੇ। ਉਹ ਪੀਰਾਂ ਤੇ ਮੌਲਵੀਆਂ ਦਾ ਹੀ ਸ਼ਹਿਰ ਸੀਗਾ ਤੇ ਉਹ ਜਾਦੂ ਟੂਣੇ ਕਰਦੇ ਰਹਿੰਦੇ ਸੀ। ਬੜੀਆਂ ਉਹਨੂੰ ਖਬਰਾਂ ਪਹੁੰਚਦੀਆਂ ਰਹਿੰਦੀਆਂ ਸੀ, ਝੂਠ ਵੀ ਕਰਦੇ ਸੀ, ਪਾਖੰਡ ਵੀ ਕਰਦੇ ਸੀ। ਨਵਾਬ ਦਾ ਲੜਕਾ ਬੀਮਾਰ ਹੋ ਗਿਆ, ਇਸ ਨੇ ਸਾਰੇ ਮੁਲਾਣੇ ਬੁਲਾ ਲਏ। ਕਹਿਣ ਲੱਗਿਆ, ਤੁਹਾਡੇ ਮੈਂ ਬੜੇ-ਬੜੇ ਮੰਤਰਾਂ ਦੀ ਗੱਲ ਮੈਂ ਸੁਣੀ ਹੈ ਤੇ ਮੇਰੇ ਲੜਕੇ ਨੂੰ ਰਾਜ਼ੀ ਕਰੋ। ਹਕੀਮ ਕਹਿਣ ਲੱਗੇ ਕਿ ਮਹਾਰਾਜ! ਨਵਾਬ ਸਾਹਿਬ ਬੀਮਾਰੀ ਐਸੀ ਹੋ ਗਈ ਲੜਕਾ ਰਾਜ਼ੀ ਨਹੀਂ ਹੋ ਸਕਦਾ। ਕਹਿੰਦਾ, ਹੁਣ ਤੁਸੀਂ ਰਾਜ਼ੀ ਕਰੋ, ਜਾਦੂ ਕਰੋ ਜਿਹੜਾ ਤੁਸੀਂ ਲੋਕਾਂ ਨੂੰ ਦਿਖਾਉਂਦੇ ਓਂ। ਜੇ ਨਾ ਮੇਰਾ ਲੜਕਾ ਰਾਜ਼ੀ ਹੋਇਆ ਤਾਂ ਮੈਂ ਤੁਹਾਨੂੰ ਇਥੇ ਹੀ ਮਾਰ ਦੇਵਾਂਗਾ। ਸਖਤ ਹੁਕਮ ਦਿੰਦਾ ਮੈਂ ਇਹ।

ਸੋ ਉਸ ਵੇਲੇ ਬੜਾ ਫਿਕਰ ਪਿਆ ਸਾਰਿਆਂ ਨੂੰ। ਅੱਜ ਲੰਘ ਗਿਆ ਦਿਨ, ਦੂਜਾ ਦਿਨ ਲੰਘ ਗਿਆ ਤੇ ਉਹ ਬਾਰ-ਬਾਰ ਕਹਿ ਰਿਹਾ ਹੈ ਕਿ ਇਸਨੂੰ ਜੀਊਂਦਾ ਕਰੋ। ਜੀਊਂਦਾ ਕਰਨ ਦੀ ਤਾਂ ਤਾਕਤ ਹੈ ਨਹੀਂ ਸੀ ਕਿਸੇ ਵਿਚ। ਕਹਿਣ ਲੱਗੇ, ਮਹਾਰਾਜ! ਇਕ ਸਾਡੇ ਨਾਲ ਦਾ ਬਾਹਰ ਰਹਿ ਗਿਆ ਜੇ ਉਹ ਰਹਿ ਗਿਆ ਜੇ ਉਹ ਆ ਜਾਵੇ ਤਾਂ ਅਸੀਂ ਜੀਊਂਦਾ ਕਰ ਦੇਵਾਂਗੇ। ਕਹਿੰਦੇ, ਸਮਸਤਬਰੇਜ਼ ਹੈ, ਉਹ ਮਨਸੂਰ ਦਾ ਮੁਰੀਦ ਹੈ। ਭਾਲ ਕੀਤੀ ਤੇ ਮਸਾਣਾਂ ਦੇ ਵਿਚ, ਮੜ੍ਹੀਆਂ ਦੇ ਵਿਚੋਂ ਉਹਨੂੰ ਫੜ ਕੇ ਜੇਲ੍ਹ ਵਿਚ ਲੈ ਆਏ। ਉਥੇ ਹੁਕਮ ਸੁਣਾਇਆ ਕਿ ਜੇ ਲੜਕਾ ਜੀਊਂਦਾ ਨਾ ਹੋਇਆ ਤਾਂ ਨਾਲ ਹੀ ਮਾਰ ਦਿਤੇ ਜਾਵੋਂਗੇ ਸਾਰੇ। ਸਮਸਤਬਰੇਜ਼ ਨੇ ਕਿਹਾ ਕਿ ਆ ਤਾਂ ਮੌਜਾਂ ਹੀ ਹੋ ਗਈਆਂ। ਇਸ ਤੋਂ ਵਧੀਆ ਗੱਲ ਕਿਹੜੀ ਹੈ।

***ਕਬੀਰ ਜਿਸੁ ਮਰਨੇ ਤੇ ਜਗੁ ਡਰੈ***
***ਮੇਰੈ ਮਨਿ ਆਨੰਦੁ ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥***
***ਅੰਗ - ੧੩੬੫***

ਨਵਾਬ ਕਹਿ ਕੇ ਚਲਿਆ ਤੇ ਇਹ ਲੱਗੇ ਮਿੰਨਤਾਂ ਕਰਨ ਕਿ ਪੀਰ ਜੀ! ਤੁਹਾਨੂੰ ਤਾਂ ਕੋਈ ਰੋਣ ਵਾਲਾ ਵੀ ਨਹੀਂ ਹੈ, ਸਾਡੇ ਤਾਂ ਛੋਟੇ-ਛੋਟੇ ਬੱਚੇ ਨੇ। ਐਹੋ ਜਿਹੀਆਂ ਗੱਲਾਂ ਕਰਦੇ, ਸਾਰੀ ਰਾਤ ਲੰਘ ਗਈ, ਰੋਈ ਜਾਂਦੇ ਨੇ ਕਿ ਤੁਸੀਂ ਕ੍ਰਿਪਾ ਕਰੋ। ਅਖੀਰ ਸਮਸਤਬਰੇਜ਼ ਨੇ ਗੱਲ ਕਹੀ ਕਿ ਜੀਊਂਦਾ ਤਾਂ ਜਾਏਗਾ ਪਰ ਤੁਸੀਂ ਸਰ੍ਹਾ ਵਾਲੇ ਬੰਦੇ ਓਂ। ਤੁਸੀਂ ਮੇਰੇ ਖਿਲਾਫ ਹੋ ਜਾਣਾ ਹੈ। ਕਹਿਣ ਲੱਗੇ, ਮਹਾਰਾਜ! ਨਾਲੇ ਤੁਸੀਂ ਲੜਕੇ ਨੂੰ ਰਾਜ਼ੀ ਕਰੋਂ, ਅਸੀਂ ਕਿਉਂ ਖਿਲਾਫ ਹੋਣਾ ਹੈ, ਅਸੀਂ ਤਾਂ ਤੁਹਾਡਾ ਅਹਿਸਾਨ ਸਾਰੀ ਜ਼ਿੰਦਗੀ ਨਹੀਂ ਭੁੱਲਦੇ।

ਨਵਾਬ ਆ ਗਿਆ ਤੇ ਲੜਕਾ ਚੜ੍ਹਾਈ ਕਰ ਗਿਆ। ਜਲਾਦਾਂ ਨੂੰ ਨਾਲ ਲੈ ਆਇਆ। ਅਰਥੀ ਚੁਕਾ ਕੇ ਜਿੱਥੇ ਕੈਦ ਸੀ ਸਾਰੇ, ਬਾਹਰ ਕੱਢ ਲਏ, ਕਹਿਣ ਲੱਗਿਆ, ਨਹੀਂ ਤਾਂ ਇਹਨੂੰ ਜੀਊਂਦਾ ਕਰ ਦਿਓ ਤੇ ਨਹੀਂ ਤਾਂ ਤੁਹਾਡੀ ਵਾਰੀ ਨਾਲ ਹੀ ਆਏਗੀ। ਕਬਰਸਤਾਨ ਸਾਂਝਾ ਹੀ ਬਣੇਗਾ ਸਾਰਿਆਂ ਦਾ।

ਬਹੁਤ ਫਿਕਰ ਪੈ ਗਿਆ, ਚਿਹਰੇ ਪੀਲੇ ਹੋ ਗਏ ਸਾਰਿਆਂ ਦੇ। ਸਮਸਤਬਰੇਜ਼ ਦਾ ਚਿਹਰਾ ਲਾਲ ਹੁੰਦਾ ਤੁਰਿਆ ਜਾ ਰਿਹਾ ਹੈ। ਕਹਿੰਦੇ ਆਹ ਤਾਂ ਅੱਲਾਹ ਤਾਲਾ ਨੇ ਬਹੁਤ ਸੋਹਣੀ ਗੱਲ ਕਰੀ, ਆਪਣੇ ਕੋਲ ਬੁਲਾ ਰਿਹਾ ਹੈ। ਕਿਉਂਕਿ ਸੰਤ ਮਰਦੇ ਨਹੀਂ ਹੁੰਦੇ।

***ਕਬੀਰ ਸੰਤ ਮੂਏ ਕਿਆ ਰੋਈਐ***
***ਜੋ ਅਪੁਨੇ ਗ੍ਰਿਹਿ ਜਾਇ ॥***
***ਰੋਵਹੁ ਸਾਕਤ ਬਾਪੁਰੇ***
***ਜੁ ਹਾਟੈ ਹਾਟ ਬਿਕਾਇ ॥ ਅੰਗ - ੧੩੬੫***

ਰੋਵੋ ਮਨਮੁਖ ਬੰਦੇ ਨੂੰ, ਸਾਕਤ ਬੰਦੇ ਨੂੰ ਜਿਹਨੇ ਜੂਨਾਂ ਵਿਚ ਜਾਣਾ ਹੈ। ਸੰਤਾਂ ਨੇ ਤਾਂ ਆਪਣੇ ਘਰ ਵਿਚ ਜਾਣਾ ਹੈ, ਸੱਚਖੰਡ ਵਿਚ ਪਹੁੰਚਣਾ ਹੈ। ਉਹ ਤਾਂ ਸਗੋਂ ਚਾਹੁੰਦੇ ਨੇ ਕਿ ਕਦ ਸਮਾਂ ਪੂਰਾ ਹੋਵੇ, ਕਦੋਂ ਆਪਣੇ ਘਰ ਜਾਈਏ। ਸੋ ਇਸ ਤਰ੍ਹਾਂ ਦੇ ਨਾਲ, ਉਹ ਖੁਸ਼ ਨੇ।

ਅਖੀਰ ਜਦੋਂ ਸਾਰਿਆਂ ਨੇ ਮਿੰਨਤ, ਖੁਸ਼ਾਮਦ ਕਰੀ, ਨਵਾਬ ਨੇ ਕਿਹਾ ਕਿ ਪੀਰ ਜੀ! ਜੀਉਂਦਾ ਕਰ ਦਿਓ ਜੇ ਤੁਹਾਡੇ ਹੱਥ ਵਿਚ ਹੈ। ਕਹਿੰਦੇ, ਨਵਾਬ! ਜੀਉਂਦਾ ਤਾਂ ਲੜਕਾ ਹੋ ਜਾਏਗਾ, ਪਰ ਤੂੰ ਵੀ ਤੇ ਇਨ੍ਹਾਂ ਸਾਰਿਆਂ ਨੇ ਮੇਰੇ ਖਿਲਾਫ ਹੋ ਜਾਣਾ ਹੈ। ਕਿਉਂਕਿ ਤੁਸੀਂ ਮਾਰਫਤ ਦੇ ਜਾਣੂੰ ਨਹੀਂ ਤੁਸੀਂ ਸ਼ਰ੍ਹਾ ਦੇ ਜਾਣੂ ਹੋ। ਸ਼ਰ੍ਹਾ ਦਾ ਜਾਣੂ ਅੰਨਾ ਹੁੰਦਾ ਹੈ, ਮਾਰਫਤ ਦੇ ਜਾਨਣ ਵਾਲਾ ਸੁਜਾਖਾ ਹੁੰਦਾ ਹੈ।

ਕਹਿਣ ਲੱਗੇ, ਨਹੀਂ ਜੇ ਤੁਸੀਂ ਜੀਉਂਦਾ ਕਰ ਦਿਓਗੇ ਤਾਂ ਅਸੀਂ ਤੁਹਾਡੇ ਕਿਵੇਂ ਖਿਲਾਫ ਹੋ ਜਾਵਾਂਗੇ?

ਕਹਿੰਦੇ, ਅੱਛਾ।

ਉਸ ਬੱਚੇ ਦੇ ਆਲੇ ਦੁਆਲੇ ਟਹਿਲਣ ਲੱਗ ਗਏ, ਅਖੀਰ ਬੜੇ ਜਲਾਲ ਵਿਚ ਆ ਕੇ ਕਹਿਣ ਲੱਗੇ ਕਿ ਓ ਲੜਕੇ ਖੁਦਾ ਕੇ ਹੁਕਮ ਸੇ ਉਠ ਖੜ੍ਹਾ ਹੋ।

ਉਹ ਉਠ ਕੇ ਨਹੀਂ ਖੜ੍ਹਾ ਹੋਇਆ। ਫੇਰ ਕਾਫੀ ਦੇਰ ਬਾਅਦ ਕਿਹਾ ਕਿ ਓ ਲੜਕੇ! ਖੁਦਾ ਕੇ ਹੁਕਮ ਉਠ ਖੜ੍ਹਾ ਹੋ।

ਫੇਰ ਨਾ ਹੋਇਆ, ਕਹਿਣ ਲੱਗੇ, ਨਵਾਬ! ਇਹ ਤਾਂ ਉਠਦਾ ਨਹੀਂ ਹੈ।

ਕਹਿਣ ਲੱਗਿਆ, ਪੀਰ ਜੀ! ਕੁਛ ਕਰੋ।

ਤੀਸਰੀ ਵਾਰ ਫੇਰ ਕਿਹਾ ਕਿ ਓ ਲੜਕੇ, ਮੈਂ ਆਪ ਕੋ ਕਹਤਾ ਹੂੰ ਕਿ ਖੁਦਾ ਕੇ ਹੁਕਮ ਸੇ ਉਠ ਖੜ੍ਹਾ ਹੋ।

ਉਹ ਟਸ ਤੋਂ ਮਸ ਨਾ ਹੋਇਆ, ਮਰਿਆ ਪਿਆ ਸੀ।

ਉਸ ਤੋਂ ਬਾਅਦ ਜਦੋਂ ਸਾਰਿਆਂ ਨੇ ਬਹੁਤ ਕਿਹਾ, ਤਾਂ ਸਮਸਤਬਰੇਜ਼ ਨੇ ਕਿਹਾ ਕਿ ਤੁਸੀਂ ਖਿਲਾਫ ਹੋ ਜਾਓਂਗੇ। ਕਹਿਣ ਲੱਗੇ, ਨਾ ਮਹਾਰਾਜ! ਅਸੀਂ ਤੁਹਾਡੇ ਖਿਲਾਫ ਨਹੀਂ ਹੁੰਦੇ।

ਕਹਿੰਦੇ, ਅੱਛਾ!

ਫੇਰ ਕਹਿਣ ਲੱਗੇ ਕਿ ਓ ਲੜਕੇ, ਫਕੀਰ ਕੇ ਹੁਕਮ ਸੇ ਉਠ ਖੜ੍ਹਾ ਹੋ।

ਉਸੇ ਵੇਲੇ ਲੜਕਾ ਉਠ ਕੇ ਬੈਠ ਗਿਆ।

ਸਾਰਿਆਂ ਦੇ ਮਨ ਵਿਚ ਬੜੀ ਖੁਸ਼ੀ ਆਈ, ਘਰ ਚਲੇ ਗਏ। ਆਦਮੀ ਦਾ ਸੁਭਾਅ ਹੀ ਹੈ ਜਦੋਂ ਫਸਿਆ ਹੁੰਦਾ ਹੈ, ਫੇਰ ਤਾਂ ਇਹ ਵੱਡੇ-ਵੱਡੇ ਕੰਮ ਕਰ ਲੈਂਦਾ ਹੈ, ਜਿਹਨੂੰ ਨਹੀਂ ਵੀ ਮਿਲਣਾ ਉਹਦੇ ਪੈਂਦ ਜਾ ਕੇ ਬੈਠਦਾ ਹੈ। ਜਦੋਂ ਕੰਮ ਨਿਕਲ ਜਾਵੇ ਫੇਰ ਰੱਬ ਨੂੰ ਵੀ ਕੱਖ ਨਹੀਂ ਸਮਝਦਾ। ਸਾਧੂ ਸੰਤਾਂ ਨੂੰ ਤਾਂ ਕੀ ਸਮਝਣਾ ਹੈ।

ਕਈ ਪ੍ਰੇਮੀ ਹੁੰਦੇ ਨੇ ਐਸੇ। ਇਕ ਪ੍ਰੇਮੀ ਨੂੰ ਅਸੀਂ ਕਿਹਾ ਕਿ ਤੂੰ ਆਉਂਦਾ ਨਹੀਂ, ਕੀ ਗੱਲ ਹੋ ਗਈ? ਕਹਿਣ ਲੱਗਿਆ, ਜੀ ਲੜਕੀ ਬੀਮਾਰ ਸੀ ਉਹ ਰਾਜ਼ੀ ਹੋ ਗਈ, ਫਲਾਣਾ ਮੇਰੇ ਪਾਣੀ ਨਹੀਂ ਸੀ ਨਿਕਲਦਾ ਉਹ ਨਿਕਲ ਆਇਆ, ਫਲਾਣਾ ਕੰਮ ਹੋ ਗਿਆ, ਫਲਾਣਾ ਕੰਮ ਹੋ ਗਿਆ, ਹੁਣ ਕਹਿੰਦਾ ਤੁਹਾਡੇ ਤੱਕ ਸਾਨੂੰ ਕੋਈ ਕੰਮ ਹੀ ਨਹੀਂ, ਇਸ ਕਰਕੇ ਨਹੀਂ ਆਉਂਦੇ।

ਮੈਂ ਕਿਹਾ ਵਾਹ, ਤੈਨੂੰ ਤਾਂ ਇਹ ਗੱਲ ਮੰਨਣੀ ਚਾਹੀਦੀ ਸੀ ਕਿ ਪ੍ਰਮੇਸ਼ਰ ਦੇ ਨਾਮ ਵਿਚ ਸ਼ਕਤੀ ਹੈ, ਤੈਨੂੰ ਲੱਗ ਜਾਣਾ ਚਾਹੀਦਾ ਸੀ। ਕਹਿੰਦਾ, ਜੀ ਅਸੀਂ ਤਾਂ ਦੁਨੀਆਂਦਾਰ ਬੰਦੇ ਹਾਂ, ਸਾਨੂੰ ਇਨ੍ਹਾਂ ਗੱਲਾਂ ਨਾਲ ਕੀ ਵਾਸਤਾ।

ਸੋ ਆਦਮੀ ਭੁੱਲ ਜਾਂਦਾ ਹੈ, ਵੱਡੇ ਤੋਂ ਵੱਡਾ ਅਹਿਸਾਨ ਭੁੱਲ ਜਾਂਦਾ ਹੈ।

ਸੋ ਭੁੱਲ ਗਏ ਥੋੜ੍ਹੇ ਦਿਨਾਂ ਵਿਚ ਤੇ ਚਰਚਾ ਚੱਲ ਪਈ ਕਿ ਇਹਨੇ ਖੁਦਾ ਦੀ ਬਰਾਬਰੀ ਕਰ ਲਈ। ਅਖੀਰ ਮੁਕਦਮਾ ਦਾਇਰ ਹੋ ਗਿਆ। ਕਾਜ਼ੀ ਦੇ ਪਾਸ ਪਹੁੰਚ ਗਿਆ, ਕਾਜ਼ੀ ਨੇ ਨਵਾਬ ਨੂੰ ਦੇ ਦਿਤਾ। ਅਖੀਰ ਫੈਸਲਾ ਹੋਇਆ ਕਿ ਸਮਸ਼ਤਬਰੇਜ਼ ਨੇ ਖੁਦਾ ਦੀ ਸ਼ਰੀਕੀ ਕਰੀ ਹੈ, ਸ਼ਨਾਖਤ ਕਰੀ ਹੈ, ਇਹਦੀ ਜੀਉਂਦੇ ਦੀ ਖੱਲ ਲਾਹ ਦਿਓ।

ਸੋ ਪ੍ਰਮੇਸ਼ਰ ਜਿਹੜਾ ਹੈ ਸਾਧਸੰਗਤ ਜੀ! ਵਾਹਿਗੁਰੂ, ਸੰਤ ਉਹਨੂੰ ਪਿਆਰ ਕਰਦੇ ਨੇ, ਵਾਹਿਗੁਰੂ ਜੀ ਸੰਤਾਂ ਦਾ ਕਿਹਾ ਹੋਇਆ ਨਹੀਂ ਮੋੜਦੇ। ਬਾਕੀ ਜਿਹੜਾ ਸੰਸਾਰ ਹੈ -

***ਦੇਦਾ ਦੇ ਲੈਦੇ ਥਕਿ ਪਾਹਿ ॥***
***ਜੁਗਾ ਜੁਗੰਤਰਿ ਖਾਹੀ ਖਾਹਿ ॥ ਅੰਗ - ੨***

ਪ੍ਰਮੇਸ਼ਰ ਦਿੰਦਾ ਤੁਰਿਆ ਜਾਂਦਾ ਹੈ, ਲੇਕਿਨ ਸੰਸਾਰ ਪ੍ਰਮੇਸ਼ਰ ਨੂੰ ਪਿਆਰ ਨਹੀਂ ਕਰਦਾ। ਦਿੱਤੀਆਂ ਹੋਈਆਂ ਚੀਜ਼ਾਂ ਨਾਲ ਪਿਆਰ ਕਰਦਾ ਹੈ। ਪ੍ਰਮੇਸ਼ਰ ਕਹਿੰਦਾ ਹੈ ਕਿ ਮੈਨੂੰ ਪਿਆਰ ਦੀ ਭੁੱਖ ਹੈ। ਪਿਆਰ ਦੀ ਵਸੀਭੂਤ ਹੋ ਕੇ, ਮੈਂ ਸੇਵਾਦਾਰ ਵੀ ਬਣਦਾ ਹਾਂ। ਸੈਣ ਦੇ ਥਾਂ ਤੇ ਜਾ ਕੇ ਮੈਂ ਰਾਜੇ ਦੀ ਮੁੱਠੀ ਚਾਪੀ ਕਰੀ। ਸੰਤਾਂ ਦੇ ਥਾਂ ਜਾ ਕੇ ਮੈਂ ਛੋਟੇ ਤੋਂ ਛੋਟਾ ਕੰਮ ਕਰਦਾ ਹਾਂ। ਲੇਕਿਨ ਮੈਨੂੰ ਸੰਤ ਪਿਆਰੇ ਨੇ, ਮੈਂ ਪਿਆਰ ਦਾ ਭੁੱਖਾ ਹਾਂ।

ਸੋ ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਕਿ ਐਉਂ ਕਰੋ, ਮੈਂ ਸਵੇਰੇ ਜਦੋਂ ਦਰਬਾਰ ਲੱਗੇਗਾ ਉਸ ਵੇਲੇ ਆ ਜਾਵਾਂਗਾ। ਓਧਰਲੇ ਪਾਸੇ ਜੋ ਬਿਦਰ ਹੈ ਉਹ ਬਾਰ-ਬਾਰ ਬੇਨਤੀਆਂ ਕਰਦਾ ਹੈ ਕਿ ਹੇ ਪ੍ਰਭੂ! ਤੁਸੀਂ ਅੰਤਰਜਾਮੀ ਹੋਂ, ਭਾਵੇਂ ਮੈਂ ਗਰੀਬ ਹਾਂ, ਤੁਸੀਂ ਰਾਜਿਆਂ ਦੇ ਮਹਿਮਾਨ ਓਂ, ਪਰ ਤੁਹਾਡੇ ਕੋਲ ਉਨ੍ਹਾਂ ਨੇ ਸਮਾਂ ਨਹੀਂ ਦੇਣਾ। ਆਪ ਕ੍ਰਿਪਾ ਕਰੋ, ਦਰਸ਼ਨ ਦਿਓ -

***ਧਾਰਨਾ - ਸਾਰੀ ਧਰਤੀ ਸੁਹਾਵੀ ਹੋ ਜਾਏ,***
***ਮੇਰੇ ਵਿਹੜੇ ਆ ਜਾ ਮਾਲਕਾ।***

***ਜੇ ਤੂ ਵਤਹਿ ਅੰਙਣੇ***
***ਹਭ ਧਰਤਿ ਸੁਹਾਵੀ ਹੋਇ ॥***
***ਹਿਕਸੁ ਕੰਤੈ ਬਾਹਰੀ***
***ਮੈਡੀ ਵਾਤ ਨ ਪੁਛੈ ਕੋਇ ॥ ਅੰਗ - ੧੦੯੫***

ਬਾਰ-ਬਾਰ ਬੇਨਤੀਆਂ ਕਰਦਾ ਹੈ, ਰੋ-ਰੋ ਕੇ ਬੇਨਤੀਆਂ ਕਰਦਾ ਹੈ, ਐਉਂ ਨਹੀਂ ਹੈ ਕਿ ਨਿਰਾ ਗਾਉਂਦਾ ਹੀ ਹੈ। ਕਿਉਂਕਿ ਸਾਡੇ ਵਿਚ ਤੇ ਪਿਆਰਿਆਂ ਦੇ ਵਿਚ ਫਰਕ ਹੁੰਦਾ ਹੈ। ਆਦਮੀ ਗਾਉਂਦਾ ਹੈ, ਬਹੁਤ ਸੋਹਣੇ ਰਹਾਓ ਕੱਢਦਾ ਹੈ, ਬਹੁਤ ਵਧੀਆ ਗਲਾ, ਬਹੁਤ ਸੋਹਣੇ ਵਾਜੇ, ਬਹੁਤ ਸੋਹਣੀਆਂ ਢੋਲਕੀਆਂ, ਹੱਥ-ਹੱਥ ਬਦਲਾ-ਬਦਲਾ ਕੇ ਗਾਉਂਦਾ ਹੈ ਪਰ ਪ੍ਰਮੇਸ਼ਰ ਐਉਂ ਤਾਂ ਨਹੀਂ ਭਿੱਜਿਆ ਕਰਦਾ-

***ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ***
***ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥***
***ਅੰਗ - ੪੫੦***

ਕਿਉਂਕਿ ਉਹ ਜਾਣਦਾ ਹੈ ਕਿ ਇਹਦੇ ਅੰਦਰ ਖਿੱਚ ਨਹੀਂ ਹੈ, ਇਹ ਉਤੋਂ-ਉਤੋਂ ਹੀ ਗਾਉਂਦਾ ਹੈ, ਗਲ ਦੇ ਉਤੋਂ-ਉਤੋਂ ਹੈਗਾ, ਅੰਦਰਲੇ ਪਾਸੇ ਕੁਛ ਹੋਰ ਸੋਚ ਰਿਹਾ ਹੈ। ਪਰ ਜਿੱਥੇ ਪਿਆਰ ਦੇ ਨਾਲ ਕੋਈ ਯਾਦ ਕਰਦਾ ਹੈ -

***ਅਪੁਨੇ ਸੇਵਕ ਕੀ ਆਪੇ ਰਾਖੈ***
***ਆਪੇ ਨਾਮੁ ਜਪਾਵੈ ॥***
***ਜਹ ਜਹ ਕਾਜ ਕਿਰਤਿ ਸੇਵਕ ਕੀ***
***ਤਹਾ ਤਹਾ ਉਠਿ ਧਾਵੈ॥ ਅੰਗ - ੪੦੩***

ਇਹ ਨੇਮ ਹੈ ਪ੍ਰਭੂ ਦਾ ਕਿ ਜਿੱਥੇ ਵੀ ਉਸਨੂੰ ਕੋਈ ਸੱਚੇ ਦਿਲ ਨਾਲ ਯਾਦ ਕਰਦਾ ਹੈ, ਉਥੇ ਉਹ ਧਾਅ ਕੇ ਜਾਂਦਾ ਹੈ, ਹੌਲੀ ਨਹੀਂ ਜਾਂਦਾ ਇਕ ਦਮ ਜਾਂਦਾ ਹੈ। ਧੰਨੇ ਨੇ ਯਾਦ ਕਰਿਆ, ਰੋਇਆ ਧੰਨਾ, ਸੱਚੇ ਦਿਲ ਨਾਲ ਯਾਦ ਕਰਿਆ। ਉਹ ਨਿਰਗੁਣ ਸਰੂਪ ਵਾਹਿਗੁਰੂ ਜਿਸਦਾ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ, ਚੱਕਰ ਨਹੀਂ, ਚਿਹਨ ਨਹੀਂ, ਜਿਹੋ ਜਿਹਾ ਚਾਹੁੰਦਾ ਸੀ ਉਹੋ ਜਿਹਾ ਰੂਪ ਧਾਰ ਕੇ ਆ ਗਿਆ -

***ਗੋਸਾਈ ਪਰਤਖਿ ਹੋਇ***
***ਰੋਟੀ ਖਾਇ ਛਾਹਿ ਮੁਹਿ ਲਾਵੈ॥***
***ਭਾਈ ਗੁਰਦਾਸ ਜੀ, ਵਾਰ 10/12***

ਲੱਸੀ ਵੀ ਪੀਂਦਾ ਹੈ ਸਾਡੇ ਵਾਂਗਣ, ਰੋਟੀ ਵੀ ਖਾਂਦਾ ਹੈ। ਰੱਬ ਨੂੰ ਤਾਂ ਭੁੱਖ ਨਹੀਂ ਸਾਧਸੰਗਤ ਜੀ, ਉਹ ਤਾਂ ਛੱਡ ਕੇ ਆ ਜਾਂਦੇ ਨੇ ਐਸ ਤਰ੍ਹਾਂ ਨਾਲ ਫੁਰਮਾਨ ਹੈ -

***ਧਾਰਨਾ - ਹਰਿ ਜੀ ਛੱਡ ਕੇ ਸ਼ਿੰਘਾਸ਼ਨ ਆਉਂਦੇ,***
***ਭਗਤਾਂ ਦੇ ਰੱਖਣੇ ਨੂੰ।***

ਕਹਿੰਦੇ ਹੌਲੀ ਨਹੀਂ ਜਾਂਦਾ, ਦੌੜ ਕੇ ਜਾਂਦਾ ਹੈ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ, ਆਪ ਦਾ ਦੀਵਾਨ ਲੱਗਿਆ ਹੋਇਆ ਤੇ ਭਾਈ ਆਕੁਲ ਇਕ ਗੁਰਸਿੱਖ ਹੋਇਆ ਹੈ। ਉਹਦਾ ਸਾਰਾ ਪਰਿਵਾਰ ਸਿੱਖ ਸੀ। ਉਹਦੀ ਜਵਾਨ ਲੜਕੀ ਦੀ ਸ਼ਾਦੀ ਹੋ ਗਈ ਪਰ ਸੁਲਤਾਨੀਆਂ ਦੇ ਘਰ ਹੋਈ। ਕਿਉਂਕਿ ਉਨ੍ਹਾਂ ਦਿਨਾਂ ਦੇ ਅੰਦਰ, ਪੰਜਾਬ ਦੇ ਅੰਦਰ ਲਾਲਾਂ ਵਾਲਾ ਜਿਹਨੂੰ ਕਹਿੰਦੇ ਨੇ ਜਾਂ ਸੁਲਤਾਨੀਏ ਕਹਿੰਦੇ ਨੇ, ਇਹ ਬਹੁਤ ਹੀ ਸੀ। ਸਾਰੇ ਪਿੰਡਾਂ ਦੇ ਪਿੰਡ ਸੁਲਤਾਨੀਆਂ ਦੇ, ਉਹਨੂੰ ਮੰਨਦੇ ਸੀ ਤੇ ਭਰਾਈ ਦਾ ਜੂਠਾ ਕੀਤਾ ਹੋਇਆ ਰੋਟ ਖਾਂਦੇ ਸੀ ਵੰਡ ਕੇ। ਬੜੇ ਗੁਰਸਿੱਖ ਭਾਈ ਮੰਝ ਵਰਗੇ, ਭਾਈ ਤਿਲਕੂ ਵਰਗੇ, ਸਾਰੇ ਸੁਲਤਾਨੀਏ ਸੀ ਪਹਿਲਾਂ। ਭਾਈ ਬਹਿਲੋ ਸਭ ਤੋਂ ਪਹਿਲੋ। ਪਹਿਲਾਂ ਉਹ ਸੁਲਤਾਨੀਆਂ ਹੁੰਦਾ ਸੀ ਫੇਰ ਗੁਰਸਿੱਖੀ 'ਚ ਆਇਆ। ਸੋ ਉਸ ਵੇਲੇ ਸਾਰੇ ਪੰਜਾਬ ਦੇ ਅੰਦਰ ਜੋਸ਼ ਸੀ, ਸਿੱਖੀ ਨਹੀਂ ਸੀ ਅਜੇ ਪਿੰਡਾਂ ਵਿਚ ਆਈ ਤੇ ਇਹ ਭਰਾਈ ਹੋਇਆ ਕਰਦੇ ਸੀ, ਢੋਲ ਵਜਾਉਂਦੇ ਹੁੰਦੇ, ਰੋਟ ਲਾ ਲੈਂਦੇ ਸੀ ਧਰਤੀ ਤੇ ਗਰਮ ਕਰਕੇ ਪਾਥੀਆਂ ਦੇ ਅੰਦਰ, ਫੇਰ ਜਦੋਂ ਉਹ ਪੱਕ ਜਾਂਦਾ ਸੀ ਤਾਂ ਭੋਗ ਇਸ ਤਰ੍ਹਾਂ ਲਗਦਾ ਸੀ, ਇਕ ਪਾਸੇ ਉਹ ਦੰਦੀ ਵੱਢ ਕੇ ਬੁਰਕੀ ਤੋੜ ਲੈਂਦਾ ਸੀ ਫੇਰ ਸਾਡੇ ਬਜ਼ੁਰਗਾਂ ਨੂੰ ਵੰਡ ਕੇ ਦੇ ਦਿੰਦੇ ਸੀ, ਕੋਈ 'ਨਾਮ' ਨਹੀਂ, ਕੋਈ ਕੁਛ ਨਹੀਂ ਬੱਸ ਕਬਰ ਨੂੰ ਜਾ ਕੇ ਮੱਥੇ ਟੇਕੀ ਜਾਂਦੇ ਸੀ। ਹੁਣ ਵੀ ਬਥੇਰੇ ਟੇਕਦੇ ਨੇ।

ਸੋ ਉਹ ਲੜਕੀ ਨੂੰ ਪਤਾ ਲੱਗਿਆ ਕਿ ਜਿੱਥੇ ਮੇਰਾ ਰਿਸ਼ਤਾ ਹੋਇਆ ਹੈ ਉਹ ਤਾਂ ਸੁਲਤਾਨੀਏ ਨੇ। ਸੁਲਤਾਨੀਏ ਜਿਹੜੇ ਨੇ ਉਹ ਗੁਰੂ ਘਰ ਦੇ ਸਰਵਰੀਏ ਨੇ

ਤੇ ਗੁਰੂ ਘਰ ਨੂੰ ਬਹੁਤ ਬੁਰਾ ਮੰਨਦੇ ਨੇ। ਹਰ ਵਕਤ ਨਿੰਦਿਆ ਕਰਦੇ ਨੇ। ਹਰ ਵਕਤ ਫਿਕਰ ਵਿਚ ਰਹਿਣ ਲੱਗ ਗਈ ਲੜਕੀ, ਸ਼ਾਦੀ ਹੋ ਗਈ ਭਾਈ ਸਾਧੂ ਦੇ ਨਾਲ। ਉਸ ਵੇਲੇ ਜਦੋਂ ਡੋਲਾ ਜਾ ਰਿਹਾ ਹੈ, ਲੜਕੀ ਦੇ ਕੰਨਾਂ ਵਿਚ ਸ਼ਬਦ ਦੀ ਆਵਾਜ਼ ਪਈ, ਡੋਲੇ ਵਿਚੋਂ ਝਾਂਮਟ (ਪਰਦਾ) ਪਰ੍ਹੇ ਕਰਕੇ ਦੇਖਿਆ ਤਾਂ ਹੈਰਾਨ ਰਹਿ ਗਈ ਕਿ ਇਹ ਤਾਂ ਗੁਰੂ ਮਹਾਰਾਜ ਦਾ ਦਰਬਾਰ ਲੱਗਿਆ ਹੋਇਆ ਹੈ। ਉਸ ਵੇਲੇ ਪਹਿਰੇਦਾਰਾਂ ਨੂੰ ਕਿਹਾ, ਜੋ ਸ਼ਗਨ ਵਗੈਰਾ ਦਾ ਪੈਸਾ ਮਿਲਿਆ ਸੀ, ਕਹਿਣ ਲੱਗੀ ਆਹ ਲੈ ਲਓ, ਮੇਰਾ ਡੋਲਾ ਇਥੇ ਰੱਖ ਦਿਓ, ਮੈਂ ਹੁਣੇ ਆਉਂਦੀ ਹਾਂ, ਮੱਥਾ ਟੇਕ ਆਵਾਂ ਮਹਾਰਾਜ ਨੂੰ। ਡੋਲੀ ਬਰਦਾਰਾਂ ਨੇ ਡੋਲਾ ਰੱਖ ਦਿਤਾ ਤੇ ਬਰਾਤ ਤੁਰੀ ਗਈ, ਜੰਜ ਵਾਲੇ ਲੰਘ ਗਏ, ਘੋੜਿਆਂ ਤੇ ਸਵਾਰ ਸੀ ਤੇ ਇਹ ਲੜਕੀ ਉਥੋਂ ਉਠ ਕੇ ਗੁਰੂ ਮਹਾਰਾਜ ਦੇ ਚਰਨਾਂ 'ਚ ਆ ਗਈ। ਆ ਕੇ ਚਰਨਾਂ ਤੇ ਢਹਿ ਐਨਾ ਰੋਈ ਕਿ ਮਹਾਰਾਜ ਸੀਸ ਤੇ ਹੱਥ ਫੇਰਦੇ ਨੇ ਪਿੱਠ ਤੇ ਹੱਥ ਫੇਰਦੇ ਨੇ, ਬੇਟਾ! ਕਾਰਨ ਤਾਂ ਦੱਸ ਕਿ ਕੀ ਹੈ? ਕਿਉਂ ਰੋਂਦੀ ਹੈਂ ਤੂੰ?

ਕਹਿਣ ਲੱਗੀ, ਮਹਾਰਾਜ! ਮੇਰਾ ਕੋਈ ਮਾੜਾ ਕਰਮ ਮੇਰੇ ਮੂਹਰੇ ਆ ਗਿਆ। ਜਿਸ ਥਾਂ ਮੇਰਾ ਰਿਸ਼ਤਾ ਹੋਇਆ ਹੈ, ਉਹ ਸਰਵਰੀਏ ਨੇ। ਸ਼ਰਾਬਾਂ ਕਬਾਬਾਂ ਉਥੇ ਆਮ ਚਲਦੀਆਂ ਨੇ, ਹੁਣ ਵੀ ਲੜਕੀਆਂ ਬਹੁਤ ਦੁਖੀ ਹੁੰਦੀਆਂ ਨੇ, ਜਦੋਂ ਪਤਾ ਲਗਦਾ ਹੈ ਕਿ ਮੇਰਾ ਘਰਵਾਲਾ ਸ਼ਰਾਬ ਪੀਂਦਾ ਹੈ। ਬਹੁਤ ਦੁਖੀ ਨੇ ਬੀਬੀਆਂ, ਵਸ ਨਹੀਂ ਚਲਦਾ ਉਨ੍ਹਾਂ ਦਾ ਕੋਈ ਵੀ।

ਸੋ ਮਹਾਰਾਜ ਦੇ ਚਰਨੀਂ ਢਹਿ ਪਈ ਕਿ ਮਹਾਰਾਜ! ਮੈਨੂੰ ਰੱਖ ਲਓ। ਪੁਛਿਆ, ਸਾਰੀ ਗੱਲ। ਕਹਿਣ ਲੱਗੀ, ਇਸ ਤਰ੍ਹਾਂ ਸਰਵਰੀਆਂ ਦੇ ਮੇਰੀ ਸ਼ਾਦੀ ਕਰ ਦਿਤੀ, ਜਿਥੇ ਗੁਰੂ ਦੀ ਨਿੰਦਿਆ ਹੋਣੀ ਹੈ, ਮੈਨੂੰ ਕਿਸੇ ਨੇ ਬਾਣੀ ਨਹੀਂ ਪੜ੍ਹਨ ਦੇਣੀ, ਕਿਸੇ ਨੇ ਨਾਮ ਨਹੀਂ ਜਪਣ ਦੇਣਾ, ਆਪ ਦੇ ਸਤਿਸੰਗ ਵਿਚ ਨਹੀਂ ਆਉਣ ਦੇਣਾ।

ਮਹਾਰਾਜ ਕਹਿਣ ਲੱਗੇ, ਕੋਈ ਨਾ ਬੇਟਾ! ਗੁਰੂ ਨਾਨਕ ਤੇਰਾ ਸਾਰਾ ਕਾਰਜ ਰਾਸ ਕਰਨਗੇ। ਐਨੇ ਨੂੰ ਉਨ੍ਹਾਂ ਨੂੰ ਪਤਾ ਲੱਗਿਆ ਕਿ ਡੋਲਾ ਨਹੀਂ ਆਇਆ। ਉਹਦੇ ਪਿਤਾ ਨੇ ਭਾਈ ਸਾਧੂ ਨੂੰ ਕਿਹਾ ਕਿ ਡੋਲਾ ਨਹੀਂ ਆਇਆ, ਤੂੰ ਕਮਲਿਆਂ ਵਾਂਗੂੰ ਅੱਗੇ ਲੰਘ ਆਇਆ। ਜਾਹ, ਜਾ ਕੇ ਪਤਾ ਕਰ।

ਅੱਗੇ ਜਾ ਕੇ ਕੀ ਦੇਖਦੇ ਨੇ ਕਿ ਡੋਲਾ ਧਰਤੀ ਤੇ ਰੱਖਿਆ ਹੋਇਆ ਹੈ, ਉਨ੍ਹਾਂ ਨੇ ਦੱਸਿਆ ਕਿ ਉਹ ਬੈਠੀ ਹੈ ਲੜਕੀ, ਗੁਰੂ ਮਹਾਰਾਜ ਦਾ ਦੀਵਾਨ ਲੱਗਿਆ ਹੋਇਆ ਹੈ। ਇਹ ਵੀ ਚਲਿਆ ਗਿਆ, ਮਹਾਰਾਜ ਨੇ ਦ੍ਰਿਸਟੀ ਕਰੀ ਉਸੇ ਵੇਲੇ ਬਦਲਾਅ ਦਿਤਾ। ਚਰਨਾਂ ਤੇ ਢਹਿ ਪਿਆ, ਮਹਾਰਾਜ ਨੇ ਕਿਹਾ ਦੇਖ, ਕਬਰ ਨੂੰ ਮੰਨ ਕੇ ਨਹੀਂ ਤੇਰਾ ਗੁਜ਼ਾਰਾ ਹੋਣਾ, ਜੀਉਂਦਾ ਗੁਰੂ ਹੁੰਦਾ ਹੈ–

***ਸਤਿਗੁਰੁ ਜਾਗਤਾ ਹੈ ਦੇਉ ॥ ਅੰਗ - ੪੭੯***

ਗੁਰੂ ਤੋਂ ਬਗੈਰ ਨਹੀਂ ਕਲਿਆਣ ਹੋਇਆ ਕਰਦੀ। ਸਮਝਾਇਆ ਤੇ ਕੁਛ ਕ੍ਰਿਪਾ ਦ੍ਰਿਸ਼ਟੀ ਕੀਤੀ, ਉਹ ਵੀ ਗੁਰੂ ਦਾ ਹੋ ਗਿਆ। ਉਸ ਤੋਂ ਬਾਅਦ ਪਿਤਾ ਆ ਗਿਆ, ਉਸ ਨੂੰ ਵੀ ਸਮਝਾਇਆ। ਭਾਈ ਸਾਧੂ ਦੇ ਭਾਈ ਰੂਪਾ ਲੜਕਾ ਹੋਇਆ, ਇਹ ਬਚਪਨ ਤੋਂ ਹੀ ਗੁਰੂ ਦਾ ਪਿਆਰ ਕਰਦਾ ਹੈ, ਇਹ ਬਹੁਤ ਹੀ ਗੁਰੂ ਨੂੰ ਮੰਨਦੇ ਸੀ।

ਅੱਜ ਗੁਰੂ ਛੇਵੇਂ ਪਾਤਸ਼ਾਹ ਡਰੋਲੀ ਗਏ ਹੋਏ ਨੇ, ਇਹ ਲੱਕੜੀਆਂ ਕੱਟਣ ਵਾਸਤੇ ਜੰਗਲ ਵਿਚ ਗਏ। ਲੋਅ ਚਲਦੀ ਹੈ ਬਹੁਤ ਗਰਮੀ ਹੈ ਬਹੁ ਤੇ ਕੁੰਨਾ ਪਾਣੀ ਦਾ ਭਰ ਕੇ ਲੈ ਗਏ। ਉਥੇ ਜਾ ਕੇ ਦਰਖਤ ਦੇ ਨਾਲ ਟੰਗ ਦਿਤਾ। ਪਿਤਾ ਨੇ ਜਦੋਂ ਪਿਆਸ ਲੱਗੀ, ਕਿਹਾ ਬੇਟਾ ਜਾਹ ਪਾਣੀ ਲਿਆ, ਪਾਣੀ ਦਾ ਦੋ ਘੁੱਟ ਪੀ ਲਈਏ ਤੇ ਹੁਣ ਗਰਮੀ ਬਹੁਤ ਹੋ ਗਈ, ਥੋੜ੍ਹਾ ਜਿਹਾ ਹੋਰ ਕੰਮ ਕਰਕੇ ਹੁਣ ਫੇਰ ਆਪਾਂ ਸਮਾਪਤ ਕਰੀਏ। ਉਥੇ ਗਿਆ ਤਾਂ ਹੱਥ ਲਾਇਆ ਤਾਂ ਪਾਣੀ ਬਹੁਤਾ ਹੀ ਠੰਢਾ। ਉਸ ਵੇਲੇ ਵਾਪਸ ਆ ਗਿਆ। ਪਿਤਾ ਨੇ ਪੁਛਿਆ ਕਿ ਪਾਣੀ ਨਹੀਂ ਲਿਆਇਆ? ਕਹਿਣ ਲੱਗਿਆ, ਪਿਤਾ ਜੀ! ਉਹ ਤਾਂ ਪਾਣੀ ਗੁਰੂ ਮਹਾਰਾਜ ਦੇ ਪੀਣ ਵਾਲਾ ਹੈ, ਆਪਣੇ ਪੀਣ ਵਾਲਾ ਨਹੀਂ ਹੈ। ਪਿਤਾ ਵੀ ਕਿਉਂਕਿ ਸਿੱਖ ਸੀ, ਉਹਦੇ ਹਿਰਦੇ ਵਿਚੋਂ ਲੰਘ ਗਈ ਗੱਲ, ਬੇਟਾ ਜੇ ਗੁਰੂ ਦੇ ਪੀਣ ਵਾਲਾ ਤਾਂ ਪਾਣੀ ਉਦੋਂ ਹੀ ਪੀਵਾਂਗੇ, ਪਹਿਲਾਂ ਜਦੋਂ ਗੁਰੂ ਮਹਾਰਾਜ ਪੀਣਗੇ। ਉਸੇ ਤਰ੍ਹਾਂ, ਕੰਮ ਲੱਗ ਗਏ।

ਭੁੱਖਾ ਆਦਮੀ ਕੱਟ ਲੈਂਦਾ ਹੈ, ਲੇਕਿਨ ਪਿਆਸਾ ਨਹੀਂ ਕੱਟ ਸਕਦਾ। ਪਿਆਸ ਲੱਗ ਜਾਵੇ ਜ਼ੁਬਾਨ ਮੁੜ ਜਾਂਦੀ ਹੈ। ਗਲਾ ਖੁਸ਼ਕ ਹੋ ਜਾਂਦਾ ਹੈ, ਜ਼ੁਬਾਨ ਮੁੜ ਕੇ ਸਾਹ ਰੋਕਣ ਲਗ ਜਾਂਦੀ ਹੈ। ਇਸੇ ਤਰ੍ਹਾਂ ਹੀ ਹੋਇਆ ਤੇ ਅੰਦਰੋਂ ਅੰਦਰ ਅਰਦਾਸਾਂ ਕਰਦੇ ਨੇ ਕਿ ਹੇ ਪਾਤਸ਼ਾਹ! ਤੂੰ ਦਰਸ਼ਨ ਦੇ। ਕਦੇ-ਕਦੇ ਆਪਣੇ ਆਪ ਨੂੰ ਵੀ ਕੋਸਦੇ ਨੇ ਕਿ ਦੇਖ, ਚਕੋਰ ਜਿਹੜੀ ਹੈ ਚੰਦਰਮਾ ਨੂੰ ਪਿਆਰ ਕਰਦੀ ਹੈ, ਚੰਦਰਮਾ ਉਹਦੇ ਸਾਮ੍ਹਣੇ ਰਹਿੰਦਾ ਹੈ। ਸਾਡੇ ਪਿਆਰ ਦੇ ਵਿਚ ਕੋਈ ਦੋਸ਼ ਹੋਏਗਾ, ਸੋ ਅਰਦਾਸ ਕਰਦੇ ਨੇ ਕਿ ਹੇ ਪ੍ਰਭੂ! ਜੇ ਸਾਡੇ ਵਿਚ ਦੋਸ਼ ਹੈ, ਤਾਂ ਵੀ ਤੁਸੀਂ ਬਖਸ਼ ਲਵੋ ਤੇ ਹੁਣ ਜਿੰਦ ਸਾਡੀ ਬਚ ਨਹੀਂ ਸਕਦੀ। ਇਹ ਵਿਛੋੜਾ ਸਾਡੇ ਤੋਂ ਸਹਿ ਨਹੀਂ ਹੁੰਦਾ, ਛੇਤੀ ਆਓ, ਆ ਕੇ ਜਲ ਪੀਵੋ। ਐਸ ਤਰ੍ਹਾਂ ਦੇ ਨਾਲ ਬੇਨਤੀਆਂ ਕਰਦੇ ਨੇ –

***ਧਾਰਨਾ - ਇਕ ਘੜੀ ਦਾ ਵਿਛੋੜਾ ਮੇਰੇ ਮਾਲਕਾ,***
***ਜੁਗਾਂ ਦੇ ਸਮਾਨ ਬੀਤਦਾ।***

***ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ ॥***
***ਮਨੁ ਨ ਰਹੈ ਕੈਸੇ ਮਿਲਉ ਪਿਆਰੇ ॥***
***ਅੰਗ - ੩੭੪***

ਐਸ ਤਰ੍ਹਾਂ ਬੇਨਤੀਆਂ ਕਰਦੇ-ਕਰਦੇ, ਅਖੀਰ ਐਸੀ ਅਵਸਥਾ ਆ ਗਈ ਕਿ ਬੋਲ ਨਿਕਲਣਾ ਬੰਦ ਹੋ ਗਿਆ। ਬੇਹੋਸ਼ੀ ਤਾਰੀ ਹੋ ਗਈ, ਬੇਹੋਸ਼ ਹੁੰਦੇ ਜਾਂਦੇ ਨੇ ਕਿਉਂਕਿ -

***ਕਬੀਰ ਬਿਰਹੁ ਭੁਯੰਗਮੁ ਮਨਿ ਬਸੈ***
***ਮੰਤੁ ਨ ਮਾਨੈ ਕੋਇ ॥ ਅੰਗ - ੧੩੬੮***

ਬਿਰਹੁੰ ਜਿਸ ਨੂੰ ਲੱਗਿਆ ਹੋਵੇ ਉਸੇ ਨੂੰ ਪਤਾ ਹੁੰਦਾ ਹੈ ਕਿ ਵਿਛੋੜਾ ਕੀ ਚੀਜ਼ ਹੈ, ਉਡੀਕ ਕੀ ਚੀਜ਼ ਹੈ। ਸਾਨੂੰ ਤਾਂ ਕੋਈ ਪਤਾ ਨਹੀਂ। ਅਸੀਂ ਇਨ੍ਹਾਂ ਗੱਲਾਂ ਨੂੰ ਜਾਣਦੇ ਹੀ ਨਹੀਂ ਹਾਂ।

***ਰਾਮ ਬਿਓਗੀ ਨਾ ਜੀਐ***
***ਜੀਐ ਤ ਬਉਰਾ ਹੋਇ ॥ ਅੰਗ - ੧੩੬੮***

ਵੈਸੇ ਤਾਂ ਜੀਉਂਦਾ ਨਹੀਂ, ਜੇ ਜੀਏ ਤਾਂ ਬਉਰਾ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਗੁਰੂ ਮਹਾਰਾਜ 12 ਵਜੇ ਨੇ, ਆਪ ਨੂੰ ਖਿੱਚ ਪਹੁੰਚ ਗਈ, ਉਸੇ ਵੇਲੇ ਅਜੇ ਪ੍ਰਸ਼ਾਦ ਛਕ ਕੇ ਬਿਰਾਜਣ ਦੀ ਤਿਆਰੀ ਕਰ ਰਹੇ ਨੇ। ਇਕ ਦਮ ਬਾਹਰ ਆ ਗਏ, ਕਿਸੇ ਸਿੱਖ ਨਾਲ ਕੋਈ ਗੱਲ ਨਹੀਂ ਕਰੀ, ਘੋੜੇ ਤੇ ਚੜ੍ਹ ਗਏ, ਚੜ੍ਹਦੇ ਸਾਰ ਗੈਲਪ ਘੋੜਾ ਨਠਾ ਦਿਤਾ, 25 ਮੀਲ ਤੇ ਜੰਗਲ ਦੇ ਅੰਦਰ ਪਿਉ ਤੇ ਪੁੱਤ ਬੇਹੋਸ਼ ਹੋ ਕੇ ਗਿਰ ਪਏ। ਮਹਾਰਾਜ ਦੌੜੇ ਜਾ ਰਹੇ ਨੇ, ਪਿਛੋਂ ਜਿਹੜੇ ਗੁਰਸਿੱਖ ਸੀ ਉਨ੍ਹਾਂ ਨੇ ਕਿਹਾ ਕਿ ਕੋਈ ਐਸੀ ਧੂਹ ਪੈ ਗਈ ਇਨ੍ਹਾਂ ਨੂੰ, ਜਿਹੜੀ ਗੱਲ ਕਰਨ ਦਾ ਵੀ ਸਮਾਂ ਨਹੀਂ ਹੈ।

ਇਕ ਵਾਰੀ ਇਕ ਰਾਜੇ ਨੇ ਇਕ ਮਹਾਤਮਾ ਨੂੰ ਪੁਛਿਆ, ਕਹਿਣ ਲੱਗੇ, ਮਹਾਂਪੁਰਸ਼ੋ! ਇਕ ਗੱਲ ਮੇਰੇ ਸਮਝ ਵਿਚ ਨਹੀਂ ਆ ਰਹੀ।

ਮਹਾਤਮਾ ਨੇ ਕਿਹਾ, ਕੀ ਹੈ?

ਰਾਜੇ ਨੇ ਕਿਹਾ ਕਿ ਰੱਬ ਕਿਉਂ ਜਾਂਦਾ ਹੈ ਆਪਣੇ ਭਗਤਾਂ ਨੂੰ ਰੱਖਣ ਵਾਸਤੇ, ਉਹਦੇ ਕੋਲ ਐਨੇ ਦੇਵਤੇ, ਐਨੀਆਂ ਸ਼ਕਤੀਆਂ, ਹੋਰਾਂ ਨੂੰ ਕਿਉਂ ਨਹੀਂ ਕਹਿੰਦਾ।

ਤਾਂ ਮਹਾਤਮਾ ਕਹਿਣ ਲੱਗੇ ਕਿ ਰਾਜਨ! ਜਿਵੇਂ ਤੈਨੂੰ ਆਪਣਾ ਰਾਜਕੁਮਾਰ ਪਿਆਰਾ ਹੈ, ਇਸੇ ਤਰ੍ਹਾਂ ਪ੍ਰਮੇਸ਼ਰ ਨੂੰ ਆਪਣੇ ਭਗਤ ਪਿਆਰੇ ਹੁੰਦੇ ਨੇ। ਉਨ੍ਹਾਂ ਦੇ ਪੁੱਤਰ ਹੁੰਦੇ ਸੋ ਪਿਆਰੇ ਹੁੰਦੇ ਨੇ। ਕਹਿੰਦਾ, ਇਹ ਤਾਂ ਮੈਂ ਸਮਝਦਾ ਹਾਂ ਕਿ ਪਿਆਰੇ ਹੁੰਦੇ ਨੇ, ਠੀਕ ਹੈ, ਪਰ ਕਿਉਂ ਨਹੀਂ ਕਿਸੇ ਨੂੰ ਭੇਜਦਾ? ਬਾਰ-ਬਾਰ ਜਦੋਂ ਕਿਹਾ ਤਾਂ ਮਹਾਤਮਾ ਕਹਿੰਦੇ ਕਿ ਇਕ ਹਫਤੇ ਵਿਚ ਤੈਨੂੰ ਜਵਾਬ ਦੇਵਾਂਗੇ।

ਸਰੋਵਰ ਦੇ ਕੰਢੇ ਦਰਬਾਰ ਲਾਈਂ, ਇਥੇ ਜਵਾਬ ਦਿਤਾ ਜਾਏਗਾ। ਸੋ ਮਹਾਤਮਾ ਇਕ ਬੁੱਤਘਾੜੇ ਕੋਲ ਗਏ ਕਹਿਣ ਲੱਗੇ ਕਿ ਦੇਖ ਪ੍ਰੇਮੀਆ! ਪੈਸਾ ਜਿੰਨਾ ਜੀਅ ਕਰੇ ਲੈ ਲਈਂ ਤੇ ਰਾਜਕੁਮਾਰ ਦਾ ਹੂਬ ਹੂ ਬੁੱਤ ਬਣਾ ਸਕਦਾ ਹੈਂ? ਕਹਿਣ ਲੱਗਿਆ ਹਾਂ ਮੈਂ ਬਣਾ ਦੇਵਾਂਗਾ ਕਿ ਮੈਂ ਕਲਾਂ ਵੀ ਲਾ ਦੇਵਾਂਗਾ, ਬਾਹਵਾਂ ਵੀ ਹਿੱਲਣਗੀਆਂ, ਜਿਵੇਂ ਪੁਤਲੀਆਂ ਦੀਆਂ ਹਿਲਦੀਆਂ ਨੇ ਤੇ ਅੱਖਾਂ ਵੀ ਹਿਲਣਗੀਆਂ ਤੇ ਚਿਹਰੇ ਵੀ ਹਿਲੇਗਾ।

ਸੋ ਉਸਨੇ ਰਾਜਕੁਮਾਰ ਦਾ ਹੂ-ਬ-ਹੂ ਬੁੱਤ ਤਿਆਰ ਕਰ ਦਿਤਾ। ਬਰਾਬਰ ਬਿਠਾ ਕੇ ਦੇਖ ਲਿਆ ਮਹਾਤਮਾ ਨੇ ਗੁਪਤ ਤਰੀਕੇ ਨਾਲ। ਪਤਾ ਨਹੀਂ ਲਗਦਾ, ਕਲਾਂ ਹਿਲਾਈ ਜਾਂਦਾ ਹੈ ਆਪਣੇ ਤਰੀਕੇ ਨਾਲ, ਜਿਧਰ ਨੂੰ ਉਹ ਮੂੰਹ ਕਰਦਾ ਹੈ, ਉਧਰ ਨੂੰ ਉਹ ਕਰ ਲੈਂਦਾ ਹੈ। ਮਹਾਤਮਾ ਬੜੇ ਖੁਸ਼ ਹੋਏ ਕਿ ਬਿਲਕੁਲ ਉਹੋ ਜਿਹਾ ਹੀ ਬਣਾ ਦਿਤਾ। ਰਾਜੇ ਨੂੰ ਕਿਹਾ ਕਿ ਦਰਬਾਰ ਲਾਓ, ਦਰਬਾਰ ਲੱਗ ਗਿਆ ਤੇ ਉਸ ਵੇਲੇ ਮਹਾਤਮਾ ਨੇ ਉਸ ਬੁੱਤਘਾੜੇ ਨੂੰ ਕਿਹਾ ਕਿ ਇਹਨੂੰ ਲੈ ਚਲ। ਜਦੋਂ ਮੈਂ ਤੈਨੂੰ ਕਹਾਂਗਾ, ਉਸ ਵੇਲੇ ਤੂੰ ਇਹਨੂੰ ਸਰੋਵਰ ਵਿਚ ਸੁੱਟਣਾ ਹੈ। ਮਹਾਤਮਾ ਦੇ ਨਾਲ-ਨਾਲ ਜਾਂਦਾ ਹੈ, ਰਾਜੇ ਨੇ ਦੇਖਿਆ ਕਿ ਸੰਤ ਆ ਰਹੇ ਨੇ ਤੇ ਮੇਰਾ ਰਾਜਕੁਮਾਰ ਚੁੱਕਿਆ ਹੋਇਆ ਹੈ। ਜਦੋਂ ਰਾਜੇ ਦਾ ਚੰਗੀ ਤਰ੍ਹਾਂ ਧਿਆਨ ਗਿਆ, ਮਹਾਤਮਾ ਨੇ ਇਸ਼ਾਰਾ ਕਰ ਦਿਤਾ, ਉਹ ਬੁੱਤਘਾੜੇ ਨੇ ਚੁੱਕ ਕੇ ਪਾਣੀ ਵਿਚ ਸੁੱਟ ਦਿਤਾ। ਉਸੇ ਵੇਲੇ ਰਾਜੇ ਨੇ ਤਖਤ ਤੋਂ ਉਤਰ ਕੇ ਪਾਣੀ ਵਿਚ ਛਾਲ ਮਾਰੀ, ਬੁੱਤ ਕੱਢ ਲਿਆ ਤੇ ਮਹਾਤਮਾ ਨੇ ਤਾਲੀ ਵਜਾ ਦਿਤੀ। ਰਾਜਾ ਬਾਹਰ ਆ ਗਿਆ, ਕਪੜੇ ਭਿੱਜੇ ਹੋਏ ਨੇ। ਕਹਿਣ ਲੱਗੇ, ਕਿਉਂ ਰਾਜਨ? ਤੇਰੇ ਕੋਲ ਐਨੇ ਬੈਠੇ ਸੀਗੇ, ਤੂੰ ਕਿਉਂ ਨਾ ਆਪਣੇ ਕਿਸੇ ਅਹਿਲਕਾਰ ਨੂੰ ਭੇਜਿਆ ਕਿ ਜਾਓ, ਰਾਜਕੁਮਾਰ ਨੂੰ ਕੱਢੋ ਪਾਣੀ ਵਿਚੋਂ। ਕਹਿਣ ਲੱਗਿਆ, ਮਹਾਰਾਜ! ਐਨਾ ਸਮਾਂ ਨਹੀਂ ਸੀਗਾ। ਜੇ ਮੈਂ ਕਹਿੰਦਾ ਤਾਂ ਇਨ੍ਹਾਂ ਨੇ ਹੌਲੀ ਉਠਣਾ ਸੀ, ਇਸੇ ਲਈ ਮੈਂ ਹੀ ਉਠ ਕੇ ਗਿਆ। ਸੰਤਾਂ ਨੇ ਕਿਹਾ ਕਿ ਇਸੇ ਤਰ੍ਹਾਂ ਨਾਲ ਪ੍ਰਮੇਸ਼ਰ ਆਪਣੇ ਪਿਆਰਿਆਂ ਵਾਸਤੇ ਸਿੰਘਾਸ਼ਨ ਛੱਡ ਕੇ ਆਪ ਆਉਂਦਾ ਹੈ ਕਿਸੇ ਹੋਰ ਨੂੰ ਨਹੀਂ ਭੇਜਦਾ।

ਸੋ ਗੁਰੂ ਮਹਾਰਾਜ ਸਰਪਟ ਘੋੜਾ ਦੌੜਾਈ ਜਾਂਦੇ ਨੇ, ਅੱਗੇ ਆ ਕੇ ਉਸੇ ਜੰਗਲ ਦੇ ਵਿਚ ਆਵਾਜ਼ ਦਿੰਦੇ ਨੇ ਕਿ ਪੁੱਤਰੋ! ਪਾਣੀ ਦੀ ਪਿਆਸ ਲੱਗੀ ਹੈ, ਜਲਦੀ

ਪਾਣੀ ਪਿਲਾਓ ਮੈਨੂੰ। ਲੇਕਿਨ ਅੱਗੇ ਆ ਕੇ ਦੇਖਦੇ ਨੇ ਕਿ ਇਥੇ ਪਾਣੀ ਪਿਲਾਉਣ ਵਾਲਾ ਕੌਣ ਹੈ? ਬੇਹੋਸ਼ ਹੋਏ ਪਏ ਨੇ ਦੋਵੇਂ। ਮਹਾਰਾਜ ਨੇ ਜਲ ਦਾ ਕੂੰਨਾ ਲਾਹਿਆ, ਛਿੱਟੇ ਦਿਤੇ, ਮੁੱਖ ਵਿਚ ਜਾਲ ਪਾਇਆ, ਨੇਤਰ ਖੋਲ੍ਹੇ। ਸੋ ਉਸ ਵੇਲੇ ਮਹਾਰਾਜ ਨੇ ਬੜੇ ਵਰ ਦਿਤੇ ਉਨ੍ਹਾਂ ਨੂੰ। ਤੁਹਾਡੇ ਲੰਗਰ ਦੇ ਅੰਦਰ ਗਿੱਲੀਆਂ ਲੱਕੜਾਂ ਜਲਣਗੀਆਂ, ਤੁਹਾਡੀ ਜੁਬਾਨ ਤਲਵਾਰ ਵਰਗੀ ਹੋਵੇਗੀ। ਸੋ ਅੱਜ ਉਸੇ ਤਰ੍ਹਾਂ ਹੈ।

ਸੋ ਇਸ ਤਰ੍ਹਾਂ ਜਿੱਥੇ ਪਿਆਰ ਵਾਲਾ ਯਾਦ ਕਰਦਾ ਹੈ, ਉਥੇ ਪ੍ਰਭੂ ਨੂੰ ਜਾਣਾ ਪੈਂਦਾ ਹੈ। ਸੋ ਬਿਦਰ ਯਾਦ ਕਰਦਾ ਹੈ, ਅਛੋਪਲੇ ਹੀ ਕ੍ਰਿਸ਼ਨ ਮਹਾਰਾਜ ਬਾਹਰ ਖੜ੍ਹ ਗਏ ਝੌਂਪੜੀ ਦੇ, ਆਵਾਜ਼ ਦਿੰਦੇ ਨੇ ਪਰ ਆਵਾਜ਼ ਸੁਣਨ ਵਾਲਾ ਕੋਈ ਨਹੀਂ। ਬਿਦਰ ਜੀ ਮਸਤ ਹੋਏ ਬੈਠੇ ਨੇ। ਆਪ ਜਾ ਕੇ ਬੈਠ ਗਏ, ਮੋਢੇ ਤੋਂ ਹਿਲਾਇਆ, ਬਿਦਰ ਨੇ ਨੇਤਰ ਖੋਲ੍ਹੇ, ਹੈਰਾਨ ਹੋ ਗਿਆ। ਅਖੀਰ ਖਾਣ ਨੂੰ ਆਇਆ ਤਾਂ ਪਿਆਰ ਦੇ ਵਸ ਹੋ ਕੇ, ਕੇਲਿਆਂ ਦੇ ਛਿੱਲੜ ਬੀਬੀ ਕ੍ਰਿਸ਼ਨ ਮਹਾਰਾਜ ਨੂੰ ਫੜਾਈ ਜਾਂਦੀ ਹੈ ਤੇ ਗੁੱਦਾ ਬਾਹਰ ਸੁੱਟੀ ਜਾਂਦੀ ਹੈ। ਬਿਦਰ ਬਾਹਰੋਂ ਆਇਆ ਉਸੇ ਵੇਲੇ ਕੋਈ ਕਾਰਜ ਕਰਕੇ, ਕਹਿਣ ਲੱਗਿਆ ਕਿ ਇਹ ਕੀ ਕਰ ਰਹੀ ਹੈਂ ਤੂੰ ਉਹਨੇ ਛਿੱਲੜ ਬਾਹਰ ਸੁੱਟ ਦਿਤਾ ਤੇ ਗੁਦਾ ਫੜਾ ਦਿਤਾ। ਕ੍ਰਿਸ਼ਨ ਮਹਾਰਾਜ ਨੇ ਨੇਤਰ ਖੋਲ੍ਹ ਲਏ, ਕਹਿਣ ਲੱਗੇ ਆਹ ਕੀ ਗੱਲ? ਜੋ ਸਵਾਦ ਉਹਦੇ ਵਿਚੋਂ ਆ ਰਿਹਾ ਸੀ, ਇਹਦੇ ਵਿਚੋਂ ਨਹੀਂ ਆ ਰਿਹਾ। ਸਾਗ ਬਣਾਇਆ, ਰੁੱਖਾ ਹੀ ਸਾਗ, ਨਮਕ ਮਿਰਚ ਕੁਛ ਵੀ ਨਹੀਂ ਪਾਇਆ। ਸੋ ਦੂਸਰਾ ਦਿਨ ਜਦੋਂ ਹੋਇਆ ਤਾਂ ਉਸ ਵੇਲੇ ਦਰਬਾਰ 'ਚ ਗਏ, ਦੁਰਯੋਧਨ ਨੇ ਉਸ ਵੇਲੇ ਬੜਾ ਗੁੱਸਾ ਦਿਖਾਇਆ। ਗੱਲ ਉਨ੍ਹਾਂ ਨਾਲ ਕਰਦਾ ਹੈ ਪਰ ਪਾਸਾ ਵੱਟਿਆ ਹੋਇਆ ਹੈ। ਭਾਈ ਗੁਰਦਾਸ ਜੀ ਇਸਨੂੰ ਲਿਖਦੇ ਨੇ ਕਿ-

***ਆਇਆ ਸੁਣਿਆ ਬਿਦਰ ਦੇ***
***ਬੋਲੈ ਦੁਰਜੋਧਨੁ ਹੋਇ ਰੁਖਾ।***
***ਘਰਿ ਅਸਾਡੇ ਛਡਿਕੈ***
***ਗੋਲੇ ਦੇ ਘਰਿ ਜਾਹਿ ਕਿ ਸੁਖਾ।***

***ਭਾਈ ਗੁਰਦਾਸ ਜੀ, ਵਾਰ 10/7***

ਉਥੇ ਕੀ ਤੈਨੂੰ ਸੁੱਖ ਪ੍ਰਾਪਤ ਹੋਇਆ ਗੋਲੇ ਦੇ ਜਾ ਕੇ।

***ਭੀਖਮੁ ਦ੍ਰੋਣਾ ਕਰਣ ਤਜਿ***
***ਸਭਾ ਸੀਗਾਰ ਵਡੇ ਮਾਨੁਖਾ॥***

***ਭਾਈ ਗੁਰਦਾਸ ਜੀ, ਵਾਰ 10/7***

ਐਡੇ ਵੱਡੇ-ਵੱਡੇ ਬੰਦੇ ਜਿਨ੍ਹਾਂ ਨੇ ਤੁਹਾਡੇ ਕੋਲ ਬੈਠਣਾ ਸੀ, ਸਭਾ ਦਾ ਸ਼ਿੰਗਾਰ ਨੇ, ਉਨ੍ਹਾਂ ਨੂੰ ਛੱਡ ਕੇ ਉਥੇ ਕੀ ਤੁਸੀਂ ਕਰਿਆ।

***ਝੁੰਗੀ ਜਾਇ ਵਲਾਇਓਨੁ***
***ਸਭਨਾ ਦੇ ਜੀਅ ਅੰਦਰ ਧੁਖਾ।***

***ਭਾਈ ਗੁਰਦਾਸ ਜੀ, ਵਾਰ 10/7***

ਝੁੱਗੀ ਵਿਚ ਚਲਿਆ ਗਿਆ, ਸਾਨੂੰ ਸਾਰੀ ਰਾਤ ਗਿਣਤੀਆਂ ਕਰਦੇ ਲੰਘ ਗਈ। ਉਥੇ ਆਇਆ ਵੀ ਤੇ ਉਹੀ ਗਵਾਲਿਆਂ ਵਾਲੀ ਗੱਲ ਕਰੀ। ਉਸ ਗਰੀਬ ਦੇ ਚਲਿਆ ਗਿਆ, ਨਾ ਕੋਈ ਮੰਜਾ, ਨਾ ਕੋਈ ਕੱਪੜਾ। ਨਾ ਕੁਛ ਖਾਣ ਨੂੰ। ਬੜਾ ਤਾਅਨਾ ਦਿਤਾ। ਉਸ ਵੇਲੇ ਕ੍ਰਿਸ਼ਨ ਮਹਾਰਾਜ ਮੁਸਕਰਾ ਪਏ।

***ਹਸ ਬੋਲੇ ਭਗਵਾਨ ਜੀ***
***ਸੁਣਿਹੋ ਰਾਜਾ ਹੋਇ ਸਨਮੁਖਾ।***

***ਭਾਈ ਗੁਰਦਾਸ ਜੀ, ਵਾਰ 10/7***

ਕਹਿਣ ਲੱਗੇ, ਏਧਰ ਮੂੰਹ ਕਰ। ਮੋਢਾ ਕਰਕੇ ਨਾ ਸਾਡੇ ਨਾਲ ਗੱਲ ਕਰ। ਇਹ ਜਿਹੜੇ ਤੂੰ ਕਹਿੰਦਾ ਹੈਂ ਸਭਾ ਦੇ ਸ਼ਿੰਗਾਰ, ਇਨ੍ਹਾਂ ਨੇ ਨਿੰਦਿਆ, ਚੁਗਲੀ, ਈਰਖਾ ਦੀਆਂ ਗੱਲਾਂ ਕਰਨੀਆਂ ਸੀ। ਹੋਰ ਕੀ ਕਰਨਾ ਸੀ? ਜਿਥੇ ਪ੍ਰਮੇਸ਼ਰ ਦਾ ਪਿਆਰਾ ਨਾ ਹੋਵੇ, ਉਹ ਥਾਂ ਤਾਂ ਉਜਾੜ ਹੋਇਆ ਕਰਦੀ ਹੈ -

***ਧਾਰਨਾ - ਦਿਸਦਾ ਉਜਾੜ ਹੈ***
***ਰਾਮ ਦੇ ਪਿਆਰੇ ਬਾਝੋਂ।***

ਕਬੀਰ ਸਾਹਿਬ ਨੁਮਾਇਸ਼ ਦੇਖਣ ਚਲੇ ਗਏ, ਬਹੁਤ ਕਿਹਾ ਨਾ ਜਾਓ। ਪਰ ਆਪ ਚਲੇ ਗਏ।

***ਕਬੀਰ ਜਹ ਜਹ ਹਉ ਫਿਰਿਓ***
***ਕਉਤਕ ਠਾਓ ਠਾਇ ॥ ਅੰਗ - ੧੩੬੫***

ਵਾਪਸ ਆ ਗਏ। ਪੁਛਿਆ ਕਿ ਕੀ ਦੇਖਿਆ। ਕਹਿੰਦੇ, ਕੌਤਕ ਹੋ ਰਹੇ ਸੀ ਥਾਂ-ਥਾਂ ਤੇ।

***ਇਕ ਰਾਮ ਸਨੇਹੀ ਬਾਹਰਾ***
***ਊਜਰੁ ਮੇਰੈ ਭਾਂਇ ॥ ੧॥ ਅੰਗ - ੧੩੬੫***

ਮੈਂ ਤਾਂ ਉਜਾੜ ਵਿਚ ਘੁੰਮ ਕੇ ਆਇਆ ਹਾਂ ਕਿਉਂਕਿ ਉਥੇ ਪ੍ਰਮੇਸ਼ਰ ਦਾ ਕੋਈ ਪਿਆਰਾ ਨਹੀਂ ਸੀ। ਸੋ ਇਸ ਤਰ੍ਹਾਂ ਕਹਿਣ ਲੱਗੇ, ਰਾਜਨ! ਇਹ ਤਾਂ ਉਜਾੜ ਹੈ ਜਿੱਥੇ ਹੰਕਾਰੀ ਬੰਦੇ ਰਹਿੰਦੇ ਨੇ, ਮੈਨੂੰ ਤਾਂ ਇਸ ਉਜਾੜ ਵਿਚ ਆਉਣ ਦੀ ਲੋੜ ਨਹੀਂ ਸੀ।

***ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ।***
***ਗੋਬਿੰਦ ਭਾਉ ਭਗਤਿ ਦਾ ਭੁਖਾ॥***

***ਭਾਈ ਗੁਰਦਾਸ ਜੀ, ਵਾਰ 10/7***

ਤੇਰੇ ਅੰਦਰ ਤਾਂ ਪਿਆਰ ਹੀ ਨਹੀਂ ਸੀ। ਤੂੰ ਤਾਂ ਇਹ ਕਹਿੰਦਾ ਸੀ ਕਿ ਤਬੇਲੇ ਵਿਚ ਮੈਂ ਖੜ੍ਹਾ ਹੋਵਾਂ। ਕਿੱਡਾ ਮਾਣ ਸੀ ਤੇਰੇ ਅੰਦਰ, ਇਹ ਕੋਈ ਪਿਆਰ ਦੀ ਗੱਲ ਸੀ? ਜੇ ਸਾਨੂੰ ਪਿਆਰ ਦੀ ਖਿੱਚ ਪੈਂਦੀ ਤਾਂ ਅਸੀਂ ਤੇਰੇ ਆਉਂਦੇ। ਸੁਣ -

*ਧਾਰਨਾ - ਰਾਜਨਾ!*
*ਅਸੀਂ ਤੇਰੇ ਕਾਹਨੂੰ ਆਉਣਾ ਸੀ,*
*ਸਾਨੂੰ ਲਗਦੇ ਬਿਦਰ ਜੀ ਪਿਆਰੇ।*

*ਰਾਜਨ ਕਉਨੁ ਤੁਮਾਰੈ ਆਵੈ ॥*
*ਐਸੋ ਭਾਉ ਬਿਦਰ ਕੋ ਦੇਖਿਓ*
*ਓਹੁ ਗਰੀਬੁ ਮੋਹਿ ਭਾਵੈ ॥ ਅੰਗ - ੧੧੦੫*

ਤੇਰੇ ਵਿਚ ਤਾਂ ਪਿਆਰ ਹੀ ਨਹੀਂ ਸੀਗਾ। ਇਕ ਡੱਕੇ ਜਿੰਨਾਂ ਵੀ ਤੁਹਾਨੂੰ ਚਾਓ ਨਹੀਂ ਸੀ ਤੇ ਨਾ ਪਿਆਰ ਸੀ। ਉਹ ਪਿਆਰ ਦੇ ਵਿਚ ਰੋਂਦਾ ਸੀ।

*ਹਸਤੀ ਦੇਖਿ ਭਰਮ ਤੇ ਭੂਲਾ*
*ਸ੍ਰੀ ਭਗਵਾਨੁ ਨ ਜਾਨਿਆ ॥ ਅੰਗ - ੧੧੦੫*

ਤੂੰ ਤਾਂ ਆਪਣੇ ਅਹੰਕਾਰ ਵਿਚ ਮਸਤ ਸੀ ਕਿ ਮੇਰੇ ਕੋਲ ਐਨੀਆਂ ਫੌਜਾਂ, ਐਨੇ ਮੇਰੇ ਕੋਲ ਹਾਥੀ, ਐਨਾ ਮੇਰੇ ਕੋਲ ਰਾਜ। ਰੱਬ ਦਾ ਉਥੇ ਕਿੱਥੇ ਥਾਂ। ਪਿਆਰ ਤਾਂ ਉਥੇ ਹੁੰਦਾ ਹੀ ਨਹੀਂ। ਕਹਿਣ ਲੱਗੇ, ਜਿਹੜਾ ਤੂੰ ਉਲਾਂਭਾ ਦਿੰਦਾ ਹੈਂ ਕਿ ਤੂੰ ਗਰੀਬ ਦੇ ਕੋਲ ਜਾ ਕੇ ਰਿਹਾ, ਉਹ ਗਰੀਬ ਨਹੀਂ ਸੀਗਾ, ਉਹ ਤਾਂ ਸਾਰੀ ਸ੍ਰਿਸ਼ਟੀ ਦਾ ਰਾਜਾ ਸੀ।

*ਧਾਰਨਾ - ਚਿੱਤ ਹਰੀ ਦੇ ਨਾਮ ਨਾਲ ਲੱਗਿਆ,*
*ਰਾਜਾ ਸਾਰੀ ਦੁਨੀਆਂ ਦਾ।*

*ਰਾਜਾ ਸਗਲੀ ਸ੍ਰਿਸਟਿ ਕਾ*
*ਹਰਿ ਨਾਮਿ ਮਨੁ ਭਿੰਨਾ॥ ਅੰਗ - ੭੦੭*

ਉਹ ਸਾਰੀ ਸ੍ਰਿਸ਼ਟੀ ਦਾ ਰਾਜਾ ਹੈ, ਤੇਰਾ ਅਖਤਿਆਰ ਤਾਂ ਭਾਰਤ ਵਰਸ਼ ਵਿਚ ਚਲਦਾ ਹੈ ਪਰ ਨਾਮ ਜਪਣ ਵਾਲੇ ਦਾ ਅਖਤਿਆਰ ਦਰਗਾਹ ਵਿਚ ਚਲਦਾ ਹੈ।

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥*
*ਅੰਗ - ੧੮੬*

ਉਹਦਾ ਤਾਂ ਦਰਗਾਹ ਵਿਚ ਚਲਦਾ ਹੈ, ਦਰਗਾਹ ਤੋਂ ਲਿਖ ਦਿਤਾ ਕਿ ਇਹਦੇ ਲੜਕਾ ਨਹੀਂ ਹੋਣਾ, ਸਾਧੂ ਕੋਲ ਆ ਗਏ, ਉਹ ਕਹਿੰਦਾ ਇਕ ਨਹੀਂ, ਸੱਤ ਹੋਣਗੇ। ਸੋ ਉਹਦਾ ਹੁਕਮ ਚਲਦਾ ਹੈ।

ਕਹਿੰਦੇ ਅਸੀਂ ਰਾਜੇ ਦੇ ਪਾਸ ਰਹੇ ਹਾਂ, ਉਜਾੜ ਵਿਚ ਅਸੀਂ ਨਹੀਂ ਸੀ ਰਹਿਣਾ। ਬਾਕੀ ਜਿਹੜਾ ਤੂੰ ਤਾਅਨਾ ਦਿਤਾ ਹੈ ਕਿ ਇਥੇ ਸਾਡੇ ਕੋਲ ਦੁੱਧ ਸੀ, ਹੋਰ ਚੀਜ਼ਾਂ ਘੀ ਸੀ, ਚੰਗੇ ਪਦਾਰਥ ਸੀ ਤੇ ਉਥੇ ਤੈਨੂੰ ਪਾਣੀ ਹੀ ਮਿਲਿਆ ਹੈ। ਸਾਨੂੰ ਤੇਰਾ ਜਿਹੜਾ ਦੁੱਧ ਹੈ ਇਹ ਕਿਸੇ ਕੰਮ ਦਾ ਨਹੀਂ-

*ਧਾਰਨਾ - ਦੁੱਧ ਤੇਰਾ ਜੀ ਕਿਸੇ ਕੰਮ ਨਾ,*
*ਅੰਮ੍ਰਿਤ ਲੱਗਿਆ ਬਿਦਰ ਦਾ ਪਾਣੀ।*

*ਤੁਮਰੋ ਦੂਧੁ ਬਿਦਰ ਕੋ ਪਾਨ੍ਹੋ*
*ਅੰਮ੍ਰਿਤੁ ਕਰਿ ਮੈ ਮਾਨਿਆ ॥ ਅੰਗ - ੧੧੦੫*

ਉਹ ਤਾਂ ਅੰਮ੍ਰਿਤ ਵਰਗਾ ਸੀ।

*ਖੀਰ ਸਮਾਨਿ ਸਾਗੁ ਮੈ ਪਾਇਆ*
*ਗੁਨ ਗਾਵਤ ਰੈਨਿ ਬਿਹਾਨੀ ॥ ਅੰਗ - ੧੧੦੫*

ਮੈਨੂੰ ਤਾਂ ਦੁੱਧ ਵਰਗਾ ਲੱਗਿਆ ਸਾਗ।

ਇਥੇ ਨਿੰਦਿਆ ਚੁਗਲੀ ਕਰਨੀ ਸੀ ਉਨ੍ਹਾਂ ਨੇ, ਅਸੀਂ ਉਥੇ ਹਰੀ ਦਾ ਜਸ ਗਾਇਆ। ਸੋ ਇਸ ਕਰਕੇ ਰਾਜਨ! ਤੂੰ ਪੁਛਿਆ ਕਿ ਸਾਡੇ ਕਿਉਂ ਨਹੀਂ ਆਇਆ?

***ਭਾਉ ਜਿਵੇਹਾ ਬਿਦਰ ਦੇ***
***ਹੋਰੀ ਦੇ ਚਿਤਿ ਚਾਉ ਨ ਚੁਖਾ।***
***ਗੋਬਿੰਦ ਭਾਉ ਭਗਤਿ ਦਾ ਭੁਖਾ॥***
***ਭਾਈ ਗੁਰਦਾਸ ਜੀ ਵਾਰ, 10/7***

ਮੈਨੂੰ ਕਿਸੇ ਦੇ ਪਦਾਰਥਾਂ ਦੀ ਭੁੱਖ ਨਹੀਂ ਹੈ, ਜੇ ਮੈਂ ਭੁੱਖਾ ਹਾਂ ਤਾਂ ਪਿਆਰ ਦਾ ਭੁੱਖਾ ਹਾਂ। ਸਾਰਾ ਸੰਸਾਰ ਜੋ ਵੀ ਮੰਗਦਾ ਹੈ ਸਭ ਨੂੰ ਦਿੰਦਾ ਹਾਂ। ਲੇਕਿਨ ਸੰਸਾਰ ਦਿਤੀ ਹੋਈ ਚੀਜ਼ ਨਾਲ ਪਿਆਰ ਕਰਦਾ ਹੈ। ਵਾਹਿਗੁਰੂ ਨਾਲ ਨਹੀਂ ਪਰਤ ਕੇ ਪਿਆਰ ਕਰਦਾ। ਇਸ ਤਰ੍ਹਾਂ ਫੁਰਮਾਨ ਹੈ-

***ਧਾਰਨਾ - ਰਾਜਨਾ! ਹਿਰਦਾ ਤੇਰਾ ਖਾਲੀ ਪਿਆਰ ਤੋਂ।***
***ਗੋਬਿੰਦ ਭਾਉ ਭਗਤ ਦਾ ਭੁੱਖਾ।***

ਮੈਂ ਕੋਈ ਆਪਣਾ ਦੁੱਖ ਦੂਰ ਕਰਾਉਣ ਤਾਂ ਨਹੀਂ ਆਇਆ ਤੇਰੇ ਕੋਲ, ਕੋਈ ਅਰਜ਼ੀ ਲੈ ਕੇ ਤਾਂ ਨਹੀਂ ਸੀ ਆਇਆ। ਮੈਂ ਸੁਤੰਤਰ ਸੀ, ਆਪਣੀ ਮਰਜ਼ੀ ਦੇ ਨਾਲ ਰਹਿਣਾ ਸੀ। ਤੁਹਾਡੇ ਅੰਦਰ ਨਾ ਕੋਈ ਚਾਓ, ਨਾ ਕੋਈ ਪਿਆਰ।

ਜਿਥੇ ਪਿਆਰ ਨਾ ਹੋਵੇ, ਚਾਓ ਨਾ ਹੋਵੇ ਉਥੇ ਕੋਈ ਬੰਦਾ ਬੱਚਿਆਂ ਕੋਲ ਵੀ ਨਹੀਂ ਜਾਂਦਾ। ਬੱਚੇ ਆਪਣੇ ਹੀ ਹੁੰਦੇ ਨੇ ਪਰ ਜਦੋਂ ਮਾਂ-ਬਾਪ ਨੂੰ ਬੋਝ ਮੰਨਣ ਲੱਗ ਜਾਣ, ਕਹਿਣਗੇ ਰਹਿਣਦੇ ਉਥੇ ਪਿਆਰ ਨਹੀਂ ਹੈ।

ਸੋ ਇਸ ਤਰ੍ਹਾਂ ਮਹਾਰਾਜ ਕਹਿਣ ਲੱਗੇ, ਦੇਖੋ ਪ੍ਰੇਮੀਓ! ਵਾਹਿਗੁਰੂ ਹੈ ਤਾਂ ਅੰਦਰ ਹੀ, ਪਰ ਇਹ ਭਗਤੀ ਨਾਲ ਮਿਲਦਾ ਹੈ। ਭਗਤੀ ਸਹਿਤ ਗਿਆਨ। ਸਾਡਾ ਜੋ ਮਤ ਹੈ ਉਹ ਹੈ ਮੁੱਖ ਭਗਤੀ, ਨਿਹਚੇ ਗਿਆਨ। ਸੰਸਾਰ ਨਾਲ ਜਿਹੜੀ ਵਰਤਣ ਹੈ - ਵਰਤਣ ਵੈਰਾਗ। ਸੋ ਭਗਤੀ ਨੌਂ ਕਿਸਮ ਦੀ ਹੁੰਦੀ ਹੈ, ਸਿਮਰਨ ਭਗਤੀ, ਹਰ ਵਕਤ ਵਾਹਿਗੁਰੂ ਨੂੰ ਯਾਦ ਰੱਖਣਾ।

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥*
*ਅੰਗ - ੨੬੨*

ਕੀਰਤਨ ਭਗਤੀ –

*ਕਲਜੁਗ ਮਹਿ ਕੀਰਤਨੁ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥*
*ਅੰਗ – ੧੦੭੬*

ਸਰਵਣ ਭਗਤੀ ਹੈ ਜਿਹਦਾ ਮਹਾਤਮਾ ਚਾਰ ਪੌੜੀਆਂ ਜਪੁਜੀ ਸਾਹਿਬ ਦੇ ਅੰਦਰ ਲਿਖਿਆ ਹੈ। 'ਸੁਣਨ' ਦੀਆਂ ਪਉੜੀਆਂ ਵਿਚ। ਨਮਸਕਾਰ ਭਗਤੀ ਹੈ – ਬਾਰ-ਬਾਰ ਨਮਸਕਾਰ ਕਰਨੀ। ਸੋ ਇਸ ਤਰ੍ਹਾਂ ਅਰਚਣ ਭਗਤੀ ਹੈ, ਪਾਦ ਸੇਵਨ ਭਗਤੀ ਹੈ, ਦਾਸਾ ਭਾਵ, ਸਖਾ ਭਾਵ। ਆਤਮ ਸਮਰਪਣ ਭਗਤੀ ਹੈ। ਇਹ ਨੌਂਵੇਂ ਭਗਤੀਆਂ ਨੇ ਇਨ੍ਹਾਂ ਨੂੰ ਫਲ ਪੈਂਦਾ ਹੈ ਪਿਆਰ ਦੀ ਭਗਤੀ ਦਾ। ਜਿਹਨੂੰ ਪ੍ਰੇਮਾ ਭਗਤੀ ਕਹਿੰਦੇ ਨੇ, ਜਦੋਂ ਪ੍ਰੇਮਾ ਭਗਤੀ ਆਉਂਦੀ ਹੈ, ਸਾਧਸੰਗਤ ਜੀ! ਉਦੋਂ ਅਵਸਥਾ ਹੀ ਹੋਰ ਹੋ ਜਾਂਦੀ ਹੈ। ਸੋ ਮਹਾਰਾਜ ਨੇ ਤਾਂ ਇਹ ਫੁਰਮਾਨ ਕੀਤਾ ਹੈ –

***ਸਾਚ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

ਐਉਂ ਨਹੀਂ ਰੱਬ ਮਿਲਣਾ ਉਹ ਤਾਂ ਜਦੋਂ ਹਿਰਦੇ ਵਿਚ ਪਿਆਰ ਹੋਵੇ, ਖਿੱਚ ਆਏਗੀ, ਉਸ ਵੇਲੇ ਉਹ ਮਿਲਦਾ ਹੈ, ਸੋ ਪ੍ਰੇਮਾ ਭਗਤੀ ਤੋਂ ਬਾਦ ਆਉਂਦੀ ਹੈ ਪਰਾ ਭਗਤੀ।

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਅੰਗ-੮੨੭*

ਉਸ ਤੋਂ ਬਾਅਦ ਹੈ ਅਪਰਾ ਭਗਤੀ। ਇਸ ਹੁੰਦਾ ਹੈ ਕਿ ਇਥੇ ਸੰਸਾਰ 'ਚ ਕੋਈ ਹੈ ਨਹੀਂ, ਜੇ ਹੈ ਤਾਂ ਸਾਰੀ ਸ੍ਰਿਸ਼ਟੀ ਦੇ ਅੰਦਰ ਇਕੋ ਹੀ ਪ੍ਰਭੂ ਰਮਿਆ ਹੋਇਆ ਹੈ। ਅੱਖਾਂ ਖੁਲ੍ਹ ਜਾਂਦੀਆਂ ਨੇ ਤੇ ਪ੍ਰਮੇਸ਼ਰ ਨਜ਼ਰ ਆਉਣ ਲਗ ਜਾਂਦਾ ਹੈ। ਇਹ ਜੀਵਨ ਦਾ ਮਨੋਰਥ ਹੈ।

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥*
*ਅੰਗ – ੧੨*

ਸੋ ਭੈ ਦਾ ਤੇ ਭਉ ਦਾ ਸ਼ਿੰਗਾਰ ਵਾਹਿਗੁਰੂ ਨੂੰ ਭਾਉਂਦਾ ਹੈ। ਬਾਕੀ ਚੀਜ਼ਾਂ ਨਹੀਂ ਉਸਨੂੰ ਭਾਉਂਦੀਆਂ, ਮਾਣ ਨਹੀਂ ਭਾਉਂਦਾ ਉਹਨੂੰ।

***ਧਾਰਨਾ – ਭੈ ਤੇ ਭਾਉ ਦਾ ਸ਼ਿੰਗਾਰ***
***ਭਾਉਂਦਾ ਹਰੀ ਨੂੰ।***
***ਮਾਣ ਕਰੇਂ ਕਾਹਤੋਂ ਬੰਦਿਆ।***

*ਭੈ ਕੀਆ ਦੇਹਿ ਸਲਾਈਆ*
*ਨੈਣੀ ਭਾਵ ਕਾ ਕਰਿ ਸੀਗਾਰੋ ॥ ਅੰਗ – ੭੨੨*

ਭਾਉ ਕਹਿੰਦੇ ਨੇ ਪਿਆਰ ਨੂੰ, ਭੈ ਕਹਿੰਦੇ ਨੇ ਅਦਬ ਨੂੰ। ਅਦਬ ਤੇ ਪਿਆਰ ਜਦੋਂ ਹਿਰਦੇ ਵਿਚ ਹੋਏਗਾ, ਉਸ ਵੇਲੇ ਵਾਹਿਗੁਰੂ ਜੀ ਇਥੋਂ ਅੰਦਰੋਂ ਹੀ ਮਿਲ ਜਾਂਦੇ ਨੇ, ਬਾਹਰ ਨਹੀਂ ਹੈਗੇ, ਸੋ ਇਹੀ ਜੀਵਨ ਮਨੋਰਥ ਹੈ।

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

*ਰੋਗਨ ਤੇ ਅਰ ਸੋਗਨ ਤੇ*
*ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥*
*ਸਤ੍ਰੁ ਅਨੇਕ ਚਲਾਵਤ ਘਾਵ*
*ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰ ਦੈ ਕਰ,*
*ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੌਂ,*
*ਸੁ ਪੇਟ ਹੀ ਕੇ ਪਟ ਬੀਚ ਬਚਾਵੈ॥*

*ਮੋਹਿ ਦਾਸਰੋ ਠਾਕੁਰ ਕੋ ॥*
*ਧਾਨੁ ਪ੍ਰਭ ਕਾ ਖਾਨਾ ॥ ੧ ॥ ਰਹਾਉ ॥*
*ਐਸੋ ਹੈ ਰੇ ਖਸਮੁ ਹਮਾਰਾ ॥*
*ਖਿਨ ਮਹਿ ਸਾਜਿ ਸਵਾਰਣਹਾਰਾ ॥ ੧ ॥*
*ਕਾਮੁ ਕਰੀ ਜੇ ਠਾਕੁਰ ਭਾਵਾ ॥*
*ਗੀਤ ਚਰਿਤ ਪ੍ਰਭ ਕੇ ਗੁਨ ਗਾਵਾ ॥ ੨ ॥*
*ਸਰਣਿ ਪਰਿਓ ਠਾਕੁਰ ਵਜੀਰਾ ॥*
*ਤਿਨਾ ਦੇਖਿ ਮੇਰਾ ਮਨੁ ਧੀਰਾ ॥ ੩ ॥*
*ਏਕ ਟੇਕ ਏਕੋ ਆਧਾਰਾ ॥*
*ਜਨ ਨਾਨਕ ਹਰਿ ਕੀ ਲਾਗਾ ਕਾਰਾ ॥*

*ਅੰਗ - ੨੧੨*

ਵਾਹਿਗੁਰੂ ਦੇ ਬਾਰੇ ਪਹਿਲੇ ਸਮਿਆਂ ਤੋਂ ਵੱਖਰੇ-ਵੱਖਰੇ ਮਤਾਂ ਦੇ ਵੱਖਰੇ-ਵੱਖਰੇ ਖਿਆਲ ਨੇ। ਗੁਰੂ ਮਹਾਰਾਜ ਕਹਿੰਦੇ ਨੇ ਵਾਹਿਗੁਰੂ ਸੁੰਨ-ਮੁੰਨ ਨਹੀਂ ਹੈ। ਇਕ ਡੂੰਘੀ ਚੁੱਪ ਨਹੀਂ ਹੈ, ਸਭ ਕੁਛ ਜਾਣਦਾ ਹੈ। ਇਕ ਅੱਖ ਦੇ ਫੋਰੇ ਦੇ ਵਿਚ ਸਾਜ ਕੇ ਸੰਵਾਰ ਦਿੰਦਾ ਹੈ। ਸਾਜ ਵੀ ਦਿੰਦਾ ਹੈ ਤੇ ਸਵਾਰ ਵੀ ਦਿੰਦਾ ਹੈ। ਮਨੁੱਖ ਕਿੰਨਾ ਵਧੀਆ ਸਾਜਿਆ ਹੈ ਤੇ ਕਿਵੇਂ ਸੰਵਾਰਿਆ ਹੋਇਆ ਹੈ। ਵਾਹਿਗੁਰੂ ਸਭ ਕੁਛ ਕਰਦਾ ਹੈ, ਲੇਕਿਨ ਇਹ ਬੰਦਾ ਓਸਨੂੰ ਭੁੱਲ ਕੇ ਸੰਸਾਰ ਦੇ ਵਿਚ ਮੋਹਿਤ ਹੋਇਆ ਪਿਆ ਹੈ।

ਗੁਰੂ ਛੇਵੇਂ ਪਾਤਸ਼ਾਹ (ਗੁਰੂ ਹਰਿਗੋਬਿੰਦ ਸਾਹਿਬ ਜੀ) ਦਾ ਦਰਬਾਰ ਲੱਗਿਆ ਹੋਇਆ ਹੈ। ਆਪ ਸਿੰਘਾਸ਼ਨ ਤੇ ਸੁਭਾਇਮਾਨ ਨੇ। ਕਲਗੀ ਆਪ ਦੇ ਸੀਸ ਤੇ ਲੱਗੀ ਹੋਈ ਹੈ। ਬਹੁਤ ਸਾਰੀਆਂ ਕੀਮਤੀ, ਮਾਲਾਵਾਂ, ਹੀਰੇ ਜਵਾਹਰਾਤ ਦੀਆਂ ਆਪ ਦੇ ਗਲੇ ਵਿਚ ਨੇ ਤੇ ਆਪ ਦੇ ਇਕ ਪਾਸੇ ਮੀਰੀ ਦੀ ਸ੍ਰੀ ਸਾਹਿਬ ਹੈ, ਦੂਜੇ ਪਾਸੇ ਪੀਰੀ ਦੀ ਹੈ। ਇਸ ਤਰ੍ਹਾਂ ਸੁਭਾਇਮਾਨ ਹੁੰਦੇ ਨੇ ਕਿ ਜਿਸ ਤਰ੍ਹਾਂ ਤਾਰਿਆਂ ਦੇ ਅੰਦਰ ਚੰਦਰਮਾ, ਨਿਰਦਾਗ ਚੰਦਰਮਾ ਹੋਇਆ ਕਰਦਾ ਹੈ। ਸਾਰੀ ਸੰਗਤ ਗੁਰੂ ਮਹਾਰਾਜ ਦੇ ਦਰਸ਼ਨ ਕਰ ਰਹੀ ਹੈ ਤੇ ਇਕ ਸਕਿੰਟ ਵਾਸਤੇ ਵੀ ਕੋਈ ਅੱਖ ਨਹੀਂ ਝਮਕਦਾ ਕਿ ਕਿਤੇ ਐਸਾ ਨਾ ਹੋਵੇ, ਦਰਸ਼ਨ ਓਹਲੇ ਨਾ ਹੋ ਜਾਣ, ਪਿਆਰ ਦੇ ਨਾਲ ਬੈਠੇ ਨੇ। ਉਸ ਵੇਲੇ ਕੁਝ ਪ੍ਰੇਮੀ ਇਕ ਨਗਰ ਤੋਂ ਆਏ, ਬੜੇ ਉਨ੍ਹਾਂ ਦੇ ਵਿਚ ਚੰਗੇ-ਚੰਗੇ ਗੁਰਸਿੱਖ ਸੀਗੇ। ਭਾਈ ਭਗਵਾਨ ਦਾਸ, ਭਗਤ ਗੋਦਲਾ, ਮਲਕ, ਕਟਾਰੂ ਜੀ, ਪ੍ਰਿਥੀ ਮੱਲ, ਡੱਲੂ ਭਗਤ, ਸ਼ਾਮਦਾਸ, ਆਪ ਆ ਕੇ ਮਹਾਰਾਜ ਦੇ ਚਰਨਾਂ 'ਚ ਮਸਤਕ ਨਿਵਾਉਂਦੇ ਨੇ। ਉਸ ਵੇਲੇ ਗੁਰੂ ਮਹਾਰਾਜ ਜੀ ਜੋ ਬਚਨ ਕਰ ਰਹੇ ਨੇ। ਉਹਦੇ ਵਿਚੋਂ ਐਸੇ ਬਚਨ ਆ ਰਹੇ ਨੇ ਕਿ ਆਦਮੀ ਮਾਇਆ ਦੇ ਪਰਚਿਆ ਪਿਆ ਹੈ, ਇਹਦੀ ਮਿਆਦ ਕੁਛ ਨਹੀਂ ਹੈ, ਛੋਟੀ ਜਿਹੀ ਮਿਆਦ ਹੈ, ਲੇਕਿਨ ਇਹ ਮਾਇਆ ਇਕੱਠੀ ਕਰਨ ਵਿਚ ਐਨਾ ਲਗ ਗਿਆ, ਮੇਰੀ-ਮੇਰੀ ਕਰਨ ਵਿਚ ਐਨਾ ਲਗ ਗਿਆ ਕਿ ਬਾਜੀ ਹਾਰਦਾ ਚਲਿਆ ਜਾ ਰਿਹਾ ਹੈ।

ਥੋੜ੍ਹੇ ਜਿਹੇ ਚਿਰ ਵਾਸਤੇ ਚੱਕਰ ਕੱਟਦਾ-ਕੱਟਦਾ ਇਹ ਜੀਵ ਆਤਮਾ ਐਸ ਰੂਪ ਦੇ ਵਿਚ ਸੰਸਾਰ ਦੇ ਵਿਚ ਆਇਆ ਹੋਇਆ ਹੈ। ਕਿਸੇ ਦਾ ਪੁੱਤਰ ਬਣਿਆ ਹੋਇਆ ਹੈ, ਕਿਸੇ ਦਾ ਪਿਉ, ਕਿਸੇ ਦਾ ਭਰਾ, ਕਿਸੇ ਦਾ ਪਤੀ, ਕਿਸੇ ਦਾ ਕੁਛ ਰਿਸ਼ਤੇਦਾਰ ਕਹਾਉਂਦਾ ਹੈ, ਕਿਸੇ ਦਾ ਕੁਛ ਰਿਸ਼ਤੇਦਾਰ ਕਹਾਉਂਦਾ ਹੈ। ਅਨੇਕ ਉਪਾਧੀਆਂ ਇਹਦੇ ਨਾਲ ਜੁੜੀਆਂ ਹੋਈਆਂ ਨੇ। ਇਹ ਫਲਾਨਾ ਆਫੀਸਰ ਹੈ ਜੀ, ਇਹ ਫਲਾਨਾ ਸਰਦਾਰ ਬਹਾਦਰ ਹੈ ਜੀ। ਕਹਿੰਦੇ, ਆਹ ਇਹਦਾ ਹਾਲ ਚਲ ਰਿਹਾ ਹੈ ਤੇ ਦਾਅਵੇ ਬੰਨ੍ਹਣੇ ਸ਼ੁਰੂ ਕਰੇ ਹੋਏ ਨੇ ਇਸਨੇ। ਜਿਹੜੀ ਵੀ ਚੀਜ਼ ਕਰਦਾ ਹੈ, ਪੱਕੀ ਕਰਦਾ ਹੈ -

*ਗਹਰੀ ਕਰਿ ਕੈ ਨੀਵ ਖੁਦਾਈ*
*ਊਪਰਿ ਮੰਡਪ ਛਾਏ॥* *ਅੰਗ - ੬੯੨*

ਗਹਿਰੀਆਂ ਕਰ-ਕਰ ਕੇ, ਪੱਕੀਆਂ ਕਰ-ਕਰ ਕੇ ਨਿਹੁੰਆਂ ਲਿਆਉਂਦਾ ਹੈ, ਪਰ ਆਪਣਾ ਪਤਾ ਹੀ ਨਹੀਂ ਕਿ ਕਿਹੜੇ ਵੇਲੇ ਚਲੇ ਜਾਣਾ ਹੈ। ਮਹਾਰਾਜ ਕਹਿੰਦੇ -

*ਮੇਰੇ ਮਨ ਸਰਣਿ ਪ੍ਰਭੂ ਸੁਖ ਪਾਏ ॥*

*ਅੰਗ - ੨੧੨*

ਜੇ ਤੂੰ ਸੁੱਖ ਲੈਣਾ ਚਾਹੁੰਦਾ ਹੈਂ ਤੇਰੇ ਮਨ ਵਿਚ ਸੱਚਮੁੱਚ ਆਸ ਹੈ ਕਿ ਮੈਂ ਸੁੱਖੀ ਹੋ ਜਾਵਾਂ ਕਿਉਂਕਿ ਤੂੰ ਸੁੱਖੀ ਹੋਣ ਵਾਸਤੇ ਬੇਅੰਤ ਯਤਨ ਕਰਦਾ ਹੈਂ। ਲੇਕਿਨ ਸੁਖੀ ਤਾਂ ਹੁੰਦਾ ਹੀ ਨਹੀਂ, ਜਿਥੇ ਜੀਅ ਕਰਦਾ ਹੈ ਚਲਿਆ ਜਾਹ। ਉਹ ਇਸ ਕਰਕੇ ਨਹੀਂ ਹੁੰਦਾ, ਜਿਸ ਥਾਂ ਤੋਂ ਸੁੱਖ ਦੀ ਪ੍ਰਾਪਤੀ ਹੁੰਦੀ ਹੈ, ਉਥੇ ਨਹੀਂ ਜਾਂਦਾ। ਮੱਝ ਦੇ ਥਣਾਂ ਵਿਚ ਦੁੱਧ ਹੁੰਦਾ ਹੈ ਜੇ ਕੱਟਰੂ ਮੂਹਰਲੇ ਪਾਸੇ ਢੁੱਡਲੀ ਨੂੰ ਹੀ ਚੱਬੀ ਜਾਵੇ, ਜਾਂ ਲੱਤਾਂ ਤੇ ਹੀ ਮੂੰਹ ਜਿਹਾ ਮਾਰੀ ਜਾਵੇ। ਉਥੋਂ ਦੁੱਧ ਤਾਂ ਆ ਨਹੀਂ ਸਕਦਾ

ਕਿਉਂਕਿ ਦੁੱਧ ਦਾ ਥਾਂ ਤਾਂ ਥਣ ਨੇ। ਇਸੇ ਤਰ੍ਹਾਂ ਸੰਸਾਰ ਦੀ ਜਿਹੜੀ ਖੋਜ ਹੈ ਅਧੂਰੀ ਹੈ ਸੁੱਖ ਵਾਸਤੇ। ਬੜੇ ਯਤਨ ਕਰਦਾ ਹੈ, ਦਿਨ ਰਾਤ ਦੌੜਿਆ ਫਿਰਦਾ ਹੈ, ਕਮਾਈਆਂ ਕਰਦਾ ਹੈ, ਬੜੇ ਮਨਸੂਬੇ ਬੰਨ੍ਹਦਾ ਹੈ ਕਿ ਮੇਰੇ ਪੁੱਤਰ ਨਹੀਂ ਹੋਇਆ ਪੁੱਤਰ ਹੋ ਜਾਵੇ। ਮੇਰੇ ਕੋਲ ਘਰ ਨਹੀਂ ਘਰ ਹੋ ਜਾਵੇ। ਇਕ ਪੁੱਤਰ ਹੋ ਗਿਆ ਫੇਰ ਦੂਜਾ ਹੋ ਜਾਵੇ, ਦੂਜਾ ਹੋ ਗਿਆ ਫੇਰ ਤੀਜਾ ਚਾਹੀਦਾ ਹੈ। ਲੱਖ ਰੁਪਿਆ ਜਮ੍ਹਾਂ ਕਰ ਲਿਆ, ਫੇਰ ਕਹਿੰਦਾ ਹੈ ਦੱਸ ਲੱਖ ਚਾਹੀਦਾ ਹੈ, ਦੱਸ ਲੱਖ ਕਰ ਲਿਆ ਕਹਿੰਦਾ ਕਰੋੜ ਚਾਹੀਦਾ ਹੈ। ਉਹਦੇ ਵਿਚੋਂ ਸੁੱਖ ਤਾਂ ਨਹੀਂ ਨਾ ਮਿਲਦਾ, ਜਿਨ੍ਹਾਂ ਦੇ ਕੋਲ ਹੈਗੇ ਪੁੱਛ ਕੇ ਦੇਖ ਲਿਓ। ਕਿ ਤੁਹਾਨੂੰ ਸੁੱਖ ਹੈ? ਝੁੰਜਲਾਹਟ ਹੈ ਮਨ ਦੇ ਅੰਦਰ, ਮੱਥਾ ਖਿੜਿਆ ਹੋਇਆ ਨਹੀਂ, ਮੁਰਝਾਇਆ ਹੋਇਆ ਹੈ। ਝੁਲਸਿਆ ਹੋਇਆ ਮੱਥਾ ਹੁੰਦਾ ਹੈ ਕਿਉਂਕਿ ਖੁਸ਼ ਬੰਦਾ ਚਾਹੇ ਗਰੀਬ ਹੈ, ਉਹਦੇ ਨੇਤਰਾਂ ਦੇ ਵਿਚ ਵੀ ਹਾਸੀ ਹੁੰਦੀ ਹੈ, ਬੁੱਲ੍ਹਾਂ ਵੀ ਉਹਦੇ ਖਿੜੇ ਹੋਏ ਹੁੰਦੇ ਨੇ। ਸਰੀਰ ਦੇ ਵਿਚ ਵੀ ਰੌਣਕ ਹੁੰਦੀ ਹੈ ਉਸਦੇ, ਤੌਰ ਵਿਚ, ਬੋਲ ਵਿਚ, ਹਰ ਹਰਕਤ ਦੇ ਵਿਚ ਉਹਦੀ ਨਰੋਆਪਣ ਹੁੰਦਾ ਹੈ, ਜ਼ਿੰਦਗੀ ਰੁਮਕਦੀ ਹੁੰਦੀ ਹੈ। ਪੈਸੇ ਨਾਲ ਤਾਂ ਨਹੀਂ ਰੁਮਕਦੀ, ਕੋਈ ਚੀਜ਼ ਹੋਰ ਹੈ ਜਿਹੜੀ ਸਾਨੂੰ ਪ੍ਰਾਪਤ ਨਹੀਂ ਹੋਇਆ। ਮਹਾਰਾਜ ਕਹਿੰਦੇ ਜੇ ਤੁਸੀਂ ਸੱਚਮੁੱਚ ਸੁਖ ਚਾਹੁੰਦੇ ਓਂ ਤਾਂ ਪ੍ਰਮੇਸ਼ਰ ਨਾਲ ਜੁੜ ਜਾ। ਪ੍ਰਮੇਸ਼ਰ ਸਮੁੰਦਰ ਹੈ ਸੁੱਖਾਂ ਦਾ ਜਦੋਂ ਤੂੰ ਉਹਦੇ ਨਾਲ ਜੁੜ ਜਾਏਂਗਾ, ਸਮੁੰਦਰ ਦੇ ਨਾਲ ਜੇ ਚਸ਼ਮਾ ਜੁੜ ਜਾਵੇ ਆਪੇ ਪਾਣੀ ਉਹਦੇ ਵਿਚ ਆਉਣਾ ਸ਼ੁਰੂ ਹੋ ਜਾਂਦਾ ਹੈ। ਇਸ ਤਰ੍ਹਾਂ ਪ੍ਰਮੇਸ਼ਰ ਨਾਲ ਜੇ ਸਾਡੀ ਚਿੱਤ ਬਿਰਤੀ ਜੁੜ ਜਾਵੇ, ਇਹਦੇ ਵਿਚ ਸੁੱਖ ਦੀ, ਅਨੰਦ ਦੀ, ਚੇਤਨਤਾ ਦੀ ਧਾਰਾ ਵਗ ਪੈਂਦੀ ਹੈ, ਫੇਰ ਇਹ ਸਦਾ ਸੁਖੀ ਹੋ ਜਾਂਦਾ ਹੈ।

ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ ਪ੍ਰੇਮੀਓ! ਏਸ ਗੱਲ ਨੂੰ ਸਮਝਣ ਦਾ ਯਤਨ ਕਰੋ, ਜੇ ਤੁਸੀਂ ਪੂਰਨ ਸੁੱਖ ਚਾਹੁੰਦੇ ਓਂ, ਪੂਰਨ ਅਨੰਦ ਚਾਹੁੰਦੇ ਓਂ ਤਾਂ ਤੁਸੀਂ ਵਾਹਿਗੁਰੂ ਦੀ ਸ਼ਰਨ ਵਿਚ ਆ ਜਾਓ। ਉਹਦੇ ਵਿਚ ਪਹਿਲੀ ਸ਼ਰਤ ਹੈ -

***ਮੇਰੇ ਮਨ ਸਰਣਿ ਪ੍ਰਭੂ ਸੁਖ ਪਾਏ ॥***

***ਅੰਗ - ੨੧੨***

ਜੇ ਸ਼ਰਨ ਵਿਚ ਆ ਜਾਵਾਂਗੇ ਤਾਂ ਸੁੱਖ ਦੀ ਪ੍ਰਾਪਤੀ ਹੋ ਜਾਂਦੀ ਹੈ।

***ਖੋਜਤ ਖੋਜਤ ਤਤੁ ਬੀਚਾਰਿਓ***
***ਦਾਸ ਗੋਵਿੰਦ ਪਰਾਇਣ॥***
***ਅਬਿਨਾਸੀ ਖੇਮ ਚਾਹਹਿ ਜੇ ਨਾਨਕ***
***ਸਦਾ ਸਿਮਰਿ ਨਾਰਾਇਣ॥ ਅੰਗ - ੭੧੪***

ਖੋਜਦੇ-ਖੋਜਦੇ ਤੱਤ ਤੇ ਪਹੁੰਚੇ। ਇਕ-ਇਕ ਚੀਜ਼ ਲੈ ਕੇ ਖੋਜ ਕਰੀ, ਪੈਸੇ ਲੈ ਕੇ ਕਰੀ, ਸੁੰਦਰ ਪਲੰਘ ਲੈ ਕੇ ਕਰੀ, ਹੀਰੇ ਮੋਤੀਆਂ ਜੜੇ ਘਰ ਲੈ ਕੇ ਕਰੀ, ਮੋਹਣੀਆਂ ਜਿਹੜੀਆਂ ਸਾਰਿਆਂ ਨਾਲੋਂ ਸੁੰਦਰੀਆਂ ਸੀ ਉਨ੍ਹਾਂ ਨੂੰ ਰੱਖ ਕੇ ਕਰੀ, ਰਾਜਸੀ ਸ਼ਕਤੀ ਹਾਸਲ ਕਰਕੇ ਤਜਰਬਾ ਕਰਿਆ, ਰਿੱਧੀਆਂ ਸਿੱਧੀਆਂ ਸ਼ਕਤੀਆਂ ਦਾ ਇਕ ਤਜਰਬਾ ਕਰਿਆ, ਲੇਕਿਨ ਸੁੱਖ ਤਾਂ ਪ੍ਰਾਪਤ ਨਾ ਹੋਇਆ। ਸੁੱਖ ਦੀ ਥਾਂ ਤੇ ਜਿਹੜਾ ਅੰਦਰਲਾ ਕੌਲ ਸੀ ਉਹ ਜਲਦਾ ਤੁਰਿਆ ਗਿਆ। ਸੋ ਮਹਾਰਾਜ ਕਹਿੰਦੇ ਇਹ ਚੀਜ਼ਾਂ ਤਾਂ ਚੰਗੀਆਂ ਨੇ ਲੇਕਿਨ ਇਹਨਾਂ ਵਿਚ ਇਕ ਖਤਰਾ ਹੈ ਜੇ ਤਾਂ ਇਹਦੇ ਵਿਚ ਡੁੱਬ ਜਾਓ ਤਾਂ ਤਾਂ ਦੁੱਖ ਹੋ ਜਾਂਦਾ ਹੈ, ਜੇ ਇਹਨੂੰ ਦੂਰ ਰਹਿ ਕੇ ਦੇਖੋ, **enjoy** ਕਰੋ ਫੇਰ ਦੁਖ ਨਹੀਂ ਹੁੰਦਾ। ਫੁੱਲ ਨੂੰ ਤੁਸੀਂ ਤੋੜ ਲਓ ਥੋੜ੍ਹੀ ਦੇਰ ਬਾਅਦ ਮੁਰਝਾ ਜਾਏਗਾ। ਜੇ ਤੁਸੀਂ ਕੁਰਸੀ ਡਾਹ ਕੇ ਬਹਿ ਜਾਓ ਬਾਗ ਦੇ ਅੰਦਰ, ਫੁੱਲਾਂ ਦਾ ਖੇੜਾ ਦੇਖਦੇ ਰਹੋ ਉਹ ਹੋਰ ਚੀਜ਼ ਹੈ। ਕਿਉਂਕਿ ਉਹ ਫੁੱਲ ਤੋੜ ਕੇ ਰੱਖੇ ਹੋਏ ਦੂਜੇ ਦਿਨ ਹੀ ਕਾਲੇ ਹੋ ਜਾਣਗੇ, ਸੁੱਟਣੇ ਪੈਂਦੇ ਨੇ ਬਾਹਰ। ਆਹੀ ਹਾਲ ਪਦਾਰਥਾਂ ਦਾ ਹੈ ਜਦੋਂ ਆਦਮੀ ਇਹਦੇ ਵਿਚ ਡੁੱਬ ਜਾਂਦਾ ਹੈ, ਗਰਕ ਹੋ ਜਾਂਦਾ ਹੈ। ਆਪਣੇ ਆਪ ਦਾ ਚੇਤਾ ਭੁੱਲ ਜਾਂਦਾ ਹੈ ਉਸ ਵੇਲੇ ਫੇਰ ਇਹ ਚੀਜ਼ਾਂ ਸੁੱਖ ਨਹੀਂ ਦਿਆ ਕਰਦੀਆਂ, ਦੁੱਖ ਦਿਆ ਕਰਦੀਆਂ ਨੇ, ਕਿਉਂਕਿ ਸੁੱਖ ਵਾਲੀ ਚੀਜ਼ ਦਾ ਅਜੇ ਤੱਕ ਏਸ ਨੂੰ ਪਤਾ ਨਹੀਂ ਲੱਗਿਆ। ਸੁੱਖ ਵਾਲੀ ਚੀਜ਼ ਹੁੰਦੀ ਹੈ ਪ੍ਰਮੇਸ਼ਰ, ਵਾਹਿਗੁਰੂ ਹੁੰਦਾ ਹੈ। ਜੇ ਤਾਂ ਵਾਹਿਗੁਰੂ ਯਾਦ ਰਹਿ ਜਾਵੇ -

***ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥***

***ਅੰਗ - ੨੬੨***

ਤਿੰਨ ਵਾਰੀ ਕਿਹਾ ਹੈ ਮਹਾਰਾਜ ਨੇ ਯਾਦ ਰੱਖੋ, ਯਾਦ ਰੱਖੋ, ਯਾਦ ਰੱਖੋ ਪ੍ਰਮੇਸ਼ਰ ਨੂੰ, ਇਹਦੇ ਨਾਲ ਕੀ ਹੋਏਗਾ? ਤੁਹਾਨੂੰ ਸੁੱਖ ਮਿਲ ਜਾਏਗਾ -

***ਕਲਿ ਕਲੇਸ ਤਨ ਮਾਹਿ ਮਿਟਾਵਉ ॥***

***ਅੰਗ - ੨੬੨***

ਕਲ੍ਹਾ ਤੇ ਕਲੇਸ਼ ਨੇ ਜਿਹੜਾ ਮਨ ਘੇਰਿਆ ਹੋਇਆ ਹੈ, ਜਿਹਦੇ 'ਚ ਸ਼ੰਕੇ ਬੇਅੰਤ ਨੇ, ਬੇਅੰਤ ਉਤਰਾਅ ਚੜ੍ਹਾਅ ਚਲ ਰਹੇ ਨੇ, ਉਹ ਸਾਰੇ ਖਤਮ ਹੋ ਜਾਣਗੇ, ਮਿਟ ਜਾਣਗੇ, ਪਤਾ ਹੀ ਨਹੀਂ ਚਲੇਗਾ ਕਿ ਕਿੱਥੇ ਚਲੇ ਜਾਣਗੇ। ਸੋ ਸੁੱਖ ਮਹਾਰਾਜ ਕਹਿੰਦੇ -

***ਖੋਜਤ ਖੋਜਤ ਤਤੁ ਬੀਚਾਰਿਓ***
***ਦਾਸ ਗੋਵਿੰਦ ਪਰਾਇਣ ॥***
***ਅਬਿਨਾਸੀ ਖੇਮ ਚਾਹਹਿ ਜੇ ਨਾਨਕ***
***ਸਦਾ ਸਿਮਰਿ ਨਾਰਾਇਣ ॥ ਅੰਗ - ੭੧੪***

ਤਾਂ ਤੂੰ ਸਦਾ ਯਾਦ ਰੱਖ। ਜੇ ਤਾਂ ਤੇਰੇ ਯਾਦ ਰਹਿੰਦਾ ਹੈ, ਫੇਰ ਤਾਂ ਜਿੰਨੀ ਦੌਲਤ ਹੈ ਤੇਰੇ ਕੋਲ, ਜਿੰਨਾ

ਪੈਸਾ ਹੈ ਹੱਕ ਦੀ ਕਮਾਈ ਦਾ ਤੇਰੇ ਪਾਸ ਹੈ, ਵਧੀਆ ਕੋਠੀ ਹੈ, ਵਧੀਆ ਕਪੜੇ ਨੇ, ਵਧੀਆ ਸਵਾਰੀ ਹੈ, ਹਰ ਥਾਂ ਦੇ ਉਤੇ ਠੀਕ ਹੀ ਠੀਕ ਹੈ, ਜੇ ਤਾਂ ਵਾਹਿਗੁਰੂ ਯਾਦ ਹੈ ਤਾਂ, ਤਾਂ ਇਹ ਚੀਜ਼ਾਂ ਸਹਾਇਕ ਹੋ ਜਾਂਦੀਆਂ ਨੇ। ਜ਼ੀਰੋ ਨਾਲ ਜੇ ਤਾਂ ਏਕਾ ਲੱਗਿਆ ਹੋਇਆ ਹੈ ਤਾਂ, ਤਾਂ ਜ਼ੀਰੋ ਦਾ ਮੁੱਲ ਬਣ ਜਾਂਦਾ ਹੈ। ਜ਼ੀਰੋ ਨਾਲ ਏਕਾ ਲਾ ਦਿਓ, 10 ਬਣ ਜਾਂਦਾ ਹੈ, ਦੋ ਲਾ ਦਿਓ ਸੌ ਬਣ ਜਾਂਦਾ ਹੈ, ਚਾਰ ਜ਼ੀਰੋ ਲਗਾ ਦਿਓ ਦੱਸ ਹਜ਼ਾਰ ਬਣ ਜਾਂਦਾ ਹੈ। ਨਹੀਂ ਤਾਂ ਇਹ ਜ਼ੀਰੋ ਹੀ ਨੇ, ਜਿੰਨ੍ਹਾਂ ਚਿਰ ਛੇ ਜ਼ੀਰੋ ਪਏ ਨੇ, ਉਨ੍ਹਾਂ ਦਾ ਕੋਈ ਮਾਇਨੇ ਨਹੀਂ ਹੈ। ਸਾਰੇ ਸੁੱਖ ਪ੍ਰਾਪਤ ਹੋਣ, ਬਾਲ-ਬੱਚੇ ਵੀ ਹੋਣ, ਕਾਰਾਂ ਵੀ ਹੋਣ, ਕੋਠੀਆਂ ਵੀ ਹੋਣ, ਕਾਰੋਬਾਰ ਵੀ ਕਰੋੜਾਂ ਵਿਚ ਫੈਲਿਆ ਹੋਇਆ ਹੋਵੇ, ਦੇਸ਼ਾਂ ਪ੍ਰਦੇਸ਼ਾਂ ਵਿਚ ਸਭ ਜਾਣਦੇ ਹੋਣ, ਮਹਾਰਾਜ ਕਹਿੰਦੇ ਜੇ ਤਾਂ ਤੂੰ ਭੁੱਲ ਗਿਆ ਤਾਂ, ਤਾਂ ਇਹ ਚੀਜ਼ਾਂ ਤੈਨੂੰ ਸੁੱਖ ਨਹੀਂ ਦੇਣਗੀਆਂ, ਸੁੱਖ ਦੀ ਥਾਂ ਤੇ ਤੈਨੂੰ ਘਬਰਾਹਟ ਵਿਚ, ਝੁੰਜਲਾਹਟ ਵਿਚ, ਚਿੰਤਾ 'ਚ, ਅੰਦੇਸ਼ਿਆਂ 'ਚ, ਕਲਪਨਾ 'ਚ ਲੈ ਜਾਣਗੀਆਂ ਤੇ ਮਨ ਟਿਕੇਗਾ ਨਹੀਂ। ਮਨ ਦੇ ਨਾ ਟਿਕਣ ਕਰਕੇ ਸੁੱਖ ਨਹੀਂ ਪ੍ਰਾਪਤ ਹੁੰਦਾ। ਸੋ ਸੁੱਖ ਤਾਂ ਪ੍ਰਾਪਤ ਹੁੰਦਾ ਹੈ ਜੇ ਸਦਾ ਵਾਹਿਗੁਰੂ ਨੂੰ ਯਾਦ ਰੱਖੇਂ। ਗੁਰੂ ਨਾਨਕ ਪਾਤਸ਼ਾਹ ਨੇ ਸਾਰੀਆਂ ਚੀਜ਼ਾਂ ਨੂੰ ਏਸ ਤਰ੍ਹਾਂ ਨਹੀਂ ਕਿਹਾ ਕਿ ਤਿਆਗ ਦਿਓ ਲੇਕਿਨ ਇਸ ਤਰ੍ਹਾਂ ਜ਼ਰੂਰ ਕਿਹਾ ਹੈ ਕਿ ਇਨ੍ਹਾਂ ਦੇ ਵਿਚ ਆ ਕੇ ਭੁੱਲੋ ਨਾ ਪ੍ਰਮੇਸ਼ਰ ਨੂੰ। ਕਿਉਂਕਿ ਮਹਾਰਾਜ ਦਾ ਜਿਹੜਾ ਮਤ ਹੈ ਇਹ ਗ੍ਰਿਹਸਤ ਉਦਾਸ ਹੈ, ਗ੍ਰਿਹਸਤ ਤਿਆਗ ਨਹੀਂ ਹੈ। ਗ੍ਰਿਹਸਤ ਤੇ ਵਿਚ ਸਾਰੀਆਂ ਹੀ ਚੀਜ਼ਾਂ ਆ ਜਾਂਦੀਆਂ ਨੇ, ਇਕੱਲੀ ਇਸਤ੍ਰੀ ਗ੍ਰਿਹਸਤ ਨਹੀਂ ਹੁੰਦਾ। ਆਪਣਾ ਸਰੀਰ ਵੀ ਆ ਜਾਂਦਾ ਹੈ। ਕਹਿੰਦੇ ਨੇ ਕਿ ਗ੍ਰਿਹਸਤ ਦੇ ਵਿਚ ਉਦਾਸ ਰਹਿਣਾ ਹੈ, ਨਿਰਲੇਪ ਰਹਿਣਾ ਹੈ। ਉਦਾਸ ਕਹਿੰਦੇ ਨੇ ਨਿਰਲੇਪ ਅਵਸਥਾ ਨੂੰ, ਟੁੱਟ ਕੇ ਰਹਿਣਾ ਹੈ ਇਹਦੇ ਨਾਲੋਂ। ਚੀਜ਼ਾਂ ਦਾ ਅਨੰਦ ਲੈਣਾ ਹੈ ਪਰ ਆਪਣੀਆਂ ਨਹੀਂ ਮੰਨਣੀਆਂ, ਉਨ੍ਹਾਂ ਦੇ ਵਿਚ ਗਰਕ ਨਹੀਂ ਹੋਣਾ, ਡੁੱਬਣਾ ਨਹੀਂ ਹੈ। ਫੇਰ ਤਾਂ ਇਹ ਬਹੁਤ ਵਧੀਆ ਨੇ ਜੇ ਇਹਦੇ ਵਿਚ ਭੁੱਲ ਗਏ ਨਾ ਪ੍ਰਮੇਸ਼ਰ ਨੂੰ ਤਾਂ ਮਹਾਰਾਜ ਚੇਤਾਵਨੀ ਦਿੰਦੇ ਨੇ ਏਸ ਤਰ੍ਹਾਂ -

*ਮੋਤੀ ਤ ਮੰਦਰ ਊਸਰਹਿ*
*ਰਤਨੀ ਤ ਹੋਹਿ ਜੜਾਉ॥*
*ਕਸਤੂਰਿ ਕੁੰਗੂ ਅਗਰਿ ਚੰਦਨਿ*
*ਲੀਪਿ ਆਵੈ ਚਾਉ ॥*
*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ॥*
*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*

*ਅੰਗ - ੧੪*

ਦੁਨੀਆਂ ਦੇ ਵਿਚ ਚਾਰ ਚੀਜ਼ਾਂ - ਰਿਹਾਇਸ਼ ਬਹੁਤ ਵਧੀਆ ਹੋਵੇ ਐਨੀ ਵਧੀਆ ਹੋਵੇ ਕਿ ਸੰਗਮਰਮਰ ਨਾ ਲੱਗਿਆ ਹੋਵੇ ਉਹਦੀ ਥਾਂ ਤੇ ਮੋਤੀਆਂ ਦੇ ਨਾਲ ਜੜੇ ਹੋਣ, ਝਿਲਮਿਲ-ਝਿਲਮਿਲ ਕਰਕੇ ਹੋਣ ਹੀਰੇ ਜਵਾਹਰਾਤ ਵਿਚ ਜੜੇ ਹੋਏ। ਅੱਖ ਨਾ ਟਿਕਦੀ ਹੋਵੇ। ਐਨਾ ਸੋਹਣਾ ਰਿਹਾਇਸ਼ ਦਾ ਥਾਂ ਹੋਵੇ ਤੇ ਉਹਦੇ ਅੰਦਰੋਂ ਸੁਗੰਧੀਆਂ ਆਉਂਦੀਆਂ ਹੋਣ ਚੰਦਨ ਦੀਆਂ, ਹੋਰ ਅਨੇਕਾਂ ਕਿਸਮ ਦੀਆਂ ਖੁਸ਼ਬੂਆਂ। ਮਹਾਰਾਜ ਕਹਿੰਦੇ ਜੇ ਤਾਂ ਇਹਦੇ ਵਿਚ ਤੇਰੇ ਪ੍ਰਮੇਸ਼ਰ ਯਾਦ ਰਹਿ ਜਾਵੇ ਫੇਰ ਤਾਂ ਨਹੀਂ ਅਸੀਂ ਸ਼ਿਫਾਰਸ਼ ਕਰਦੇ ਕਿ ਤੂੰ ਛੱਡ ਦੇ ਇਹਨੂੰ। ਫੇਰ ਤਾਂ ਠੀਕ ਹੈ। ਪ੍ਰਮੇਸ਼ਰ ਦੇ ਨਾਮ ਦੀ ਮਹਿਮਾ ਹੈ।

*ਰਾਜ ਲੀਲਾ ਤੇਰੈ ਨਾਮਿ ਬਨਾਈ ॥*
*ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥*

*ਅੰਗ - ੩੮੫*

ਰਾਜ ਲੀਲਾ ਨਾਮ ਦੀ ਬਰਕਤ ਨਾਲ ਬਣਨੀ ਹੈ। ਬਹੁਤ ਵਧੀਆ ਚੀਜ਼ ਹੈ। ਜੇ ਭੁੱਲ ਗਿਆ -

*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ ॥* *ਅੰਗ - ੧੪*

ਜੇ ਨਾਮ ਨੂੰ ਭੁੱਲ ਗਿਆ ਫੇਰ ਭਾਈ ਇਹ ਬਹੁਤ ਮਾੜੀ ਗੱਲ ਹੈ। ਫੇਰ ਤਾਂ ਅਸੀਂ ਕਹਾਂਗੇ ਕਿ ਛੱਡ ਕੇ ਪਾਸੇ ਹੋ ਜਾ ਝੌਂਪੜੀ 'ਚ ਚਲਿਆ ਜਾਹ। ਫੇਰ ਨਾ ਇਹਦੇ 'ਚ ਰਹਿ ਕਿਉਂਕਿ ਜਿਹੜਾ ਤੇਰੇ ਜੀਵਨ ਦਾ ਪਰਮ ਮਨੋਰਥ ਹੈ ਉਹਦੇ ਵਿਚ ਇਹ ਰੁਕਾਵਟ ਪਾ ਰਹੀਆਂ ਨੇ। ਦੂਸਰਾ ਮਹਾਰਾਜ ਕਹਿੰਦੇ ਨੇ -

*ਧਰਤੀ ਤ ਹੀਰੇ ਲਾਲ ਜੜਤੀ*
*ਪਲਘਿ ਲਾਲ ਜੜਾਉ ॥*
*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥*
*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ॥* *ਅੰਗ - ੧੪*

ਪਲੰਘ ਲਾਲਾਂ ਦੇ ਨਾਲ ਜੜੇ ਹੋਏ ਰੋਸ਼ਨੀਆਂ ਦੇ ਰਹੇ ਨੇ ਰਾਤ ਨੂੰ। ਧਰਤੀ ਵੀ ਜੜੀ ਹੋਈ ਹੈ। ਡੈਕੋਰੇਸ਼ਨ ਕਰੀ ਹੋਈ ਹੈ ਪਾਰਕ ਦੇ ਵਿਚ। ਇਸਤਰੀਆਂ ਦੇ ਮਣੀਆਂ ਦੇ ਨਾਲ ਮੱਥੇ ਸੋਂਹਦੇ ਨੇ। ਉਹਦੇ ਨਾਲ 10 ਗੁਣਾਂ ਰੂਪ ਹੋਰ ਵਧ ਜਾਂਦਾ ਹੈ, ਕਿਉਂਕਿ ਉਹ ਚਮਕਦੀਆਂ ਹੁੰਦੀਆਂ ਨੇ। ਤੇ ਤੂੰ ਆਪਣੇ ਅਨੰਦ ਦੇ ਵਿਚ ਰਹਿੰਦਾ ਹੈਂ, ਜੇ ਤੂੰ ਭੁੱਲ ਗਿਆ ਪ੍ਰਮੇਸ਼ਰ ਨੂੰ ਤਾਂ ਤੂੰ ਇਨ੍ਹਾਂ ਨੂੰ ਵੀ ਛੱਡ ਦੇ।

*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥*

*ਅੰਗ - ੧੪*

ਰਿੱਧੀਆਂ ਸਿੱਧੀਆਂ, ਸ਼ਕਤੀਆਂ ਬੜੀ ਵੱਡੀ ਚੀਜ਼ ਨੇ। ਕੋਈ ਸ਼ਕਤੀ ਦਿਖਾਉਣ ਲੱਗ ਜਾਓ ਹਜ਼ਾਰਾਂ ਹੀ ਲੋਕ ਤੁਰੇ ਆਉਣਗੇ। ਬੇਅੰਤ ਭੇਟਾ ਚੜ੍ਹ ਜਾਣਗੀਆਂ,

ਬੇਅੰਤ ਪਰਚਾ ਪੈ ਜਾਏਗਾ, ਬਹੁਤ ਵੱਡੇ ਇਕੱਠ ਹੋਣੇ ਸ਼ੁਰੂ ਹੋ ਜਾਣਗੇ। ਮਹਾਰਾਜ ਕਹਿੰਦੇ ਫੇਰ ਕੀ ਹੋਏਗਾ –

*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*
*ਅੰਗ - ੧੪*

ਲੋਕ ਦੂਰ-ਦੂਰ ਤੱਕ ਅਖਬਾਰਾਂ ਵਿਚ ਪੜ੍ਹਨਗੇ। ਟੈਲੀਵੀਜ਼ਨਾਂ ਵਾਲੇ ਤਸਵੀਰਾਂ ਲੈ ਕੇ ਜਾਣਗੇ। ਵਡਿਆਈ ਹੋਵੇ ਸੰਸਾਰ ਦੇ ਅੰਦਰ ਪਰ ਜੇ ਤੈਨੂੰ ਪ੍ਰਮੇਸ਼ਰ ਭੁੱਲ ਗਿਆ ਇਨ੍ਹਾਂ ਗੱਲਾਂ ਵਿਚ ਤਾਂ ਫੇਰ ਇਹ ਵੀ ਛੱਡ ਦੇ।

*ਸੁਲਤਾਨੁ ਹੋਵਾ ਮੇਲਿ ਲਸਕਰ*
*ਤਖਤਿ ਰਾਖਾ ਪਾਉ ॥*
*ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥*
*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ ॥ ਅੰਗ - ੧੪*

ਜੇ ਤੂੰ ਰਾਜਾ ਬਣ ਜਾਵੇਂ, ਦੇਸ਼ ਦਾ ਪ੍ਰੈਜ਼ੀਡੈਂਟ ਬਣ ਜਾਵੇਂ ਤੇ ਐਨਾ ਅਖਤਿਆਰ ਤੇਰੇ ਕੋਲ ਹੋਵੇ ਕਿ ਜਿਹੜਾ ਕੁਛ ਕਹਿ ਦੇਵੇਂ ਉਸੇ ਵੇਲੇ ਮੰਨਣਾ ਪਵੇ, ਕਾਨੂੰਨ ਦੀ ਕਿਤਾਬ ਕੋਈ ਨਾ ਹੋਵੇ ਕਿਉਂਕਿ ਕਾਨੂੰਨ ਤਾਂ ਬੰਨ੍ਹ ਲੈਂਦਾ ਹੈ ਰਾਜਿਆਂ ਨੂੰ। ਉਹਦੇ ਮੁਤਾਬਿਕ ਚਲਣਾ ਪੈਂਦਾ ਹੈ। ਕਾਨੂੰਨ ਦੀ ਕਿਤਾਬ ਵੀ ਕੋਈ ਲਾਗੂ ਨਾ ਹੋਵੇ। ਜੇ ਪ੍ਰਮੇਸ਼ਰ ਦਾ ਨਾਮ ਭੁੱਲਦਾ ਹੈਂ ਤਾਂ ਇਹ ਵੀ ਛੱਡ ਦੇ। ਵੱਡੇ-ਵੱਡੇ ਰਾਜਿਆਂ ਨੇ ਰਾਜ ਭਾਗ ਛੱਡ ਦਿਤੇ। ਭਰਥਰੀ ਵਰਗੇ ਰਾਜਿਆਂ ਨੇ, ਲੇਕਿਨ ਬਿਕਰਮਾਜੀਤ ਨੇ ਰਾਜ ਕਰਿਆ, ਰਾਜਾ ਜਨਕ ਨੇ ਰਾਜ ਕਰਿਆ। ਕਿਉਂਕਿ ਉਹ ਭੁੱਲੇ ਨਹੀਂ ਹਨ ਪ੍ਰਮੇਸ਼ਰ ਨੂੰ। ਉਨ੍ਹਾਂ ਨੂੰ ਪ੍ਰਮੇਸ਼ਰ ਵਾਲਾ ਪਾਸਾ ਜ਼ਿਆਦਾ ਸੀ, ਤੇ ਰਾਜ ਵਾਲਾ ਉਨ੍ਹਾਂ ਦਾ ਫਰਜ਼ ਬਣਦਾ ਸੀ, ਡਿਊਟੀ ਸੀ ਉਨ੍ਹਾਂ ਦੀ, ਉਹਦੇ ਵਿਚ ਗਰਕ ਨਹੀਂ ਸੀ ਹੁੰਦੇ, ਆਪਣੇ ਸਮਾਂ ਨਹੀਂ ਸੀ ਨਸ਼ਟ ਕਰਦੇ। ਮਹਾਰਾਜ ਕਹਿੰਦੇ ਨੇ ਕਿਉਂ ਅਸੀਂ ਤੁਹਾਨੂੰ ਬਾਰ-ਬਾਰ ਇਹ ਗੱਲਾਂ ਕਹਿੰਦੇ ਹਾਂ? ਇਸ ਕਰਕੇ ਕਹਿੰਦੇ ਹਾਂ ਕਿਉਂਕਿ ਪ੍ਰਮੇਸ਼ਰ ਦਾ ਨਾਮ ਜਿਸ ਹਿਰਦੇ ਵਿਚੋਂ ਵਿਸਰ ਜਾਵੇ, ਉਹਦੇ ਨਾਲ ਸੁੱਖਾਂ ਦਾ ਸੋਮਾ ਬੰਦ ਹੋ ਜਾਇਆ ਕਰਦਾ ਹੈ ਤੇ ਜਿਹੜਾ ਕੌਲ ਹੈ ਉਹ ਜਲ ਜਾਇਆ ਕਰਦਾ ਹੈ।

*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*
*ਅੰਗ - ੧੪*

ਜੇ ਵਾਹਿਗੁਰੂ ਭੁੱਲ ਗਿਆ ਤਾਂ ਇਹ ਜਿਹੜਾ ਜੀਉੜਾ ਹੈ, ਕੌਲ ਫੁੱਲ ਹੈ ਅੰਦਰ ਕਹਿੰਦੇ ਉਹ ਜਲ ਬਲ ਜਾਂਦਾ ਹੈ, ਜੀਵ ਜਿਹੜਾ ਹੈ।

*ਮੈ ਆਪਣਾ ਗੁਰੁ ਪੂਛਿ ਦੇਖਿਆ*
*ਅਵਰੁ ਨਾਹੀ ਥਾਉ ॥ ਅੰਗ - ੧੪*

ਸੋ ਮਹਾਰਾਜ ਕਹਿੰਦੇ ਇਸ ਕਰਕੇ ਪ੍ਰੇਮੀਆ-

*ਮੇਰੇ ਮਨ ਸਰਣਿ ਪ੍ਰਭੂ ਸੁਖ ਪਾਏ ॥*
*ਜਾ ਦਿਨਿ ਬਿਸਰੈ ਪ੍ਰਾਨ ਸੁਖਦਾਤਾ*
*ਸੋ ਦਿਨੁ ਜਾਤ ਅਜਾਏ ॥ ਅੰਗ - ੨੧੨*

ਸ਼ਰਣ ਵਿਚ ਆ ਜਾ। ਜਿਹੜੇ ਦਿਨ ਭੁੱਲ ਗਿਆ ਨਾ ਉਹ ਤੈਨੂੰ, ਚਾਹੇ ਵਿਆਹ 'ਚ ਗਿਆ ਹੋਇਆ ਹੈਂ, ਚਾਹੇ ਕਿਸੇ ਖੁਸ਼ੀਆਂ 'ਚ, ਚਾਹੇ ਕਿਸੇ ਦੇ ਬਰਥਡੇ ਦੇ ਪ੍ਰੋਗਰਾਮ ਤੇ ਗਿਆ ਹੋਇਆ ਹੈਂ, ਚਾਹੇ ਕਿਸੇ ਸੈਰ-ਸਪਾਟੇ ਦੇ ਪ੍ਰੋਗਰਾਮ ਤੇ ਗਿਆ ਹੈਂ, ਚਾਹੇ ਕੋਈ ਪਹਾੜਾਂ ਦੇ ਵਿਚ ਘੁੰਮਦਾ ਹੈ ਅਨੰਦ ਲੈਂਦਾ ਹੈ ਸਿਨਰੀਆਂ ਦੇ, ਜੇ ਤੇਰੀ ਬਿਰਤੀ ਪ੍ਰਮੇਸ਼ਰ ਤੋਂ ਅਲਾਹਿਦਾ ਹੋ ਗਈ, ਮਹਾਰਾਜ ਕਹਿੰਦੇ, ਉਹ ਦਿਨ ਤੇਰਾ ਐਵੇਂ ਹੀ ਚਲਿਆ ਗਿਆ।

*ਏਕ ਰੈਣ ਕੈ ਪਾਹੁਨ ਤੁਮ ਆਏ*
*ਬਹੁ ਜੁਗ ਆਸ ਬਧਾਏ ॥ ਅੰਗ - ੨੧੨*

ਇਕ ਰਾਤ ਦਾ ਤੂੰ ਪ੍ਰਾਹੁਣਾ ਆਇਆ ਹੈਂ ਸੰਸਾਰ ਦੇ ਅੰਦਰ। ਆਸਾ ਬੰਨ੍ਹੀਂ ਬੈਠਾ ਹੈਂ ਤੂੰ ਜੁਗਾਂ ਦੀਆਂ। ਮਹਾਰਾਜ ਕਹਿੰਦੇ ਨੇ ਕਿ ਦੇਖੋ! ਪਹਿਲੇ ਜਿਹੜੇ ਪੁਰਸ਼ ਹੋਇਆ ਕਰਦੇ ਸੀ, ਸਤਿਵਾਦੀ ਹੋਇਆ ਕਰਦੇ ਸੀ, ਸਤੋਗੁਣ ਦੇ ਵਿਚ ਰਿਹਾ ਕਰਦੇ ਸੀ। ਇਹ ਨਹੀਂ ਸੀ ਕਿ ਉਨ੍ਹਾਂ ਨੂੰ ਪ੍ਰਾਪਤ ਨਹੀਂ ਸੀ ਹੁੰਦਾ, ਲੇਕਿਨ ਉਨ੍ਹਾਂ ਦੀ ਬਿਰਤੀ ਐਨੀ ਅਰੂੜ੍ਹ ਸੀ ਕਹਿੰਦੇ ਨੇ –

*ਮਾਰਕੰਡੇ ਤੇ ਕੋ ਅਧਿਕਾਈ*
*ਜਿਨਿ ਤ੍ਰਿਣ ਧਰਿ ਮੂੰਡ ਬਲਾਏ ॥ ਅੰਗ - ੬੯੨*

ਮਾਰਕੰਡਾ ਰਿਸ਼ੀ ਵੱਡੀ ਉਮਰ ਵਾਲਾ ਗਿਣਿਆ ਗਿਆ ਹੈ, ਬਹੁਤ ਵੱਡੀ ਉਮਰ ਸੀ। ਲੇਕਿਨ ਰਿਹਾ ਕਿਵੇਂ? ਛਪਰੀ ਵਿਚ ਹੀ ਦਿਨ ਕੱਟ ਗਿਆ ਸਾਰੇ। ਜੇ ਉਹਨੂੰ ਕਿਹਾ ਕਿ ਰਿਸ਼ੀ ਜੀ, ਤੁਸੀਂ ਕੋਈ ਪੱਕਾ ਤਾਂ ਬਣਾ ਲਓ। ਕਹਿੰਦੇ ਲੈ ਕਿੰਨਾ ਕੁ ਭਰੋਸਾ ਹੈ ਉਮਰ ਦਾ। ਇਕ ਰਾਤ ਦੇ ਪ੍ਰਾਹੁਣੇ ਹੀ ਹਾਂ ਕੀ ਪਤਾ ਅੱਜ ਦਾ ਦਿਨ ਲੰਘ ਗਿਆ, ਕੱਲ੍ਹ ਦਾ ਆਉਣਾ ਹੈ ਕਿ ਨਹੀਂ ਆਉਣਾ।

*ਗ੍ਰਿਹ ਮੰਦਰ ਸੰਪੈ ਜੋ ਦੀਸੈ*
*ਜਿਉ ਤਰਵਰ ਕੀ ਛਾਏ॥ ਅੰਗ - ੨੧੨*

ਜਿੰਨਾਂ ਧਨ ਦਿਸਦਾ ਹੈ, ਮੰਦਰ ਦਿਸਦੇ ਨੇ, ਘਰ ਦਾ ਸਾਮਾਨ ਦਿਸਦਾ ਹੈ, ਇਹ ਪ੍ਰੇਮੀਆਂ ਕੁਛ ਵੀ ਨਹੀਂ ਹੈ ਇਹ ਤਾਂ ਜਿਵੇਂ ਦਰਖਤ ਦੀ ਛਾਂ ਬਦਲ ਜਾਂਦੀ ਹੈ ਨਾ ਐਉਂ ਬਦਲ ਜਾਂਦਾ ਹੈ। ਸਰੀਰ ਛੱਡ ਜਾਂਦਾ ਹੈ ਇਹ, ਫੇਰ ਕਿੱਥੇ ਜਾਂਦਾ ਹੈ ਸਭ? ਕਿਸੇ ਹੋਰ ਹੀ ਹੱਥ ਜਾਂਦਾ ਹੈ।

*ਤਨੁ ਮੇਰਾ ਸੰਪੈ ਸਭ ਮੇਰੀ*
*ਬਾਗ ਮਿਲਖ ਸਭ ਜਾਏ॥*
*ਦੇਵਨਹਾਰਾ ਬਿਸਰਿਓ ਠਾਕੁਰੁ*
*ਖਿਨ ਮਹਿ ਹੋਤ ਪਰਾਏ ॥ ਅੰਗ - ੨੧੨*

ਜਿੰਨੀ ਤੇਰੀ 'ਮੇਰੀ' ਹੈ, ਜਿੰਨੀਆਂ ਚੀਜ਼ਾਂ ਨੂੰ ਤੂੰ ਮੇਰੀਆਂ ਕਹਿੰਦਾ ਹੈਂ, ਤਨ ਤੇਰਾ, ਸੰਪੈ ਤੇਰੀ ਦੌਲਤ, ਜ਼ਮੀਨਾਂ ਜਾਇਦਾਦਾਂ ਸਭ ਚਲੀਆਂ ਜਾਂਦੀਆਂ ਨੇ। ਵਾਹਿਗੁਰੂ ਨੂੰ ਤੂੰ ਭੁੱਲਿਆ ਰਹਿੰਦਾ ਹੈਂ, ਇਨ੍ਹਾਂ ਦੇ ਉਤੇ ਤੇਰੀ ਪਕੜ ਮੇਰੀ-ਮੇਰੀ ਕਰਦਾ ਹੈਂ। ਇਹ ਇਕ ਅੱਖ ਦੇ ਪਲਕਾਰੇ ਵਿਚ ਬੇਗਾਨੀਆਂ ਬਣ ਜਾਂਦੀਆਂ ਨੇ। ਰਹਿੰਦੀਆਂ ਨਹੀਂ ਹਨ। ਫੇਰ ਕੀ ਕਰੇਂਗਾ? ਭੂਤ ਬਣ ਕੇ ਇਨ੍ਹਾਂ ਵਿਚ ਰਹੇਂਗਾ। ਨਾਲੇ ਆਪ ਦੁਖੀ ਨਾਲ ਜਿਹੜਾ ਰਹੇਗਾ ਉਨ੍ਹਾਂ ਨੂੰ ਦੁਖੀ ਕਰੇਂਗਾ।

*ਪਹਿਰੈ ਬਾਗਾ ਕਰਿ ਇਸਨਾਨਾ*
*ਚੋਆ ਚੰਦਨ ਲਾਏ॥ ਅੰਗ - ੨੧੨*

ਇਸ਼ਨਾਨ ਕਰਕੇ ਵਧੀਆ ਤੋਂ ਵਧੀਆ ਕੱਪੜੇ ਪਾਉਂਦਾ ਹੈਂ, ਕਿਤੇ ਪਰਫਿਊਮ ਸਪਰੇਅ ਕਰਦਾ ਹੈ। ਮਹਾਰਾਜ ਕਹਿੰਦੇ ਪ੍ਰੇਮੀਆਂ ਜੇ ਵਾਹਿਗੁਰੂ ਤੇਰੇ ਯਾਦ ਹੈ ਫੇਰ ਤਾਂ ਠੀਕ ਹੈ। ਜੇ ਤੂੰ ਉਹਨੂੰ ਭੁੱਲ ਗਿਆ ਨਾ -

*ਨਿਰਭਉ ਨਿਰੰਕਾਰ ਨਹੀ ਚੀਨਿਆ*
*ਜਿਉ ਹਸਤੀ ਨਾਵਾਏ ॥ ਅੰਗ - ੨੧੨*

ਜਿਵੇਂ ਹਾਥੀ ਨੂੰ ਨਵਾ ਦਿਓ, ਉਹ ਮਿੱਟੀ ਫੇਰ ਆਪਣੇ ਉਪਰ ਪਾ ਲੈਂਦਾ ਹੈ। ਆਹੀ ਹਾਲ ਹੁੰਦਾ ਹੈ ਕਿਉਂਕਿ ਨਿਰਭਉ ਨਿਰੰਕਾਰ ਨੂੰ ਤੂੰ ਯਾਦ ਨਹੀਂ ਕੀਤਾ।

*ਜਉ ਹੋਇ ਕ੍ਰਿਪਾਲ ਤ ਸਤਿਗੁਰੁ ਮੇਲੈ*
*ਸਭਿ ਸੁਖ ਹਰਿ ਕੇ ਨਾਏ ॥ ਅੰਗ - ੨੧੨*

ਇਥੇ ਮਹਾਰਾਜ ਸਾਨੂੰ ਜੁਗਤ ਦਸਦੇ ਨੇ ਕਿ ਜੇ ਵਾਹਿਗੁਰੂ ਕ੍ਰਿਪਾਲ ਹੋ ਜਾਵੇ, ਤਾਂ ਸਤਿਗੁਰੂ ਦਾ ਮੇਲਾ ਹੋ ਜਾਂਦਾ ਹੈ। ਉਹ ਸਤਿਗੁਰੂ ਕੀ ਕਰਦਾ ਹੈ? ਸਤਿਗੁਰੂ ਕੋਲ ਨਾਮ ਹੁੰਦਾ ਹੈ, ਨਾਮ ਦਾ ਭੰਡਾਰਾ ਹੁੰਦਾ ਹੈ, ਉਹ ਨਾਮ ਦੀ ਕਣੀ ਸਾਨੂੰ ਦੇ ਦਿੰਦਾ ਹੈ -

*ਕਿਨਕਾ ਏਕ ਜਿਸੁ ਜੀਅ ਬਸਾਵੈ ॥*
*ਤਾ ਕੀ ਮਹਿਮਾ ਗਨੀ ਨ ਆਵੈ ॥*
*ਅੰਗ - ੨੬੨*

ਇਕ ਕਿਣਕਾ ਜਿਸਦੇ ਅੰਦਰ ਵਸ ਜਾਵੇ ਉਸਦੀ ਮਹਿਮਾ ਨਹੀਂ ਗਿਣੀ ਜਾਂਦੀ। ਉਹਦੇ ਨਾਲ ਕੀ ਹੁੰਦਾ ਹੈ?

*.......ਸਭਿ ਸੁਖ ਹਰਿ ਕੇ ਨਾਏ ॥*
*ਅੰਗ - ੨੧੨*

ਸਾਰੇ ਸੁੱਖਾਂ ਦਾ ਸੋਮਾ ਜੋ ਪ੍ਰਮੇਸ਼ਰ ਦਾ ਨਾਮ ਹੈ ਉਹ ਸਾਨੂੰ ਮਿਲ ਜਾਂਦਾ ਹੈ ਤੇ ਫੇਰ ਅਸੀਂ ਬੰਧਨਾਂ 'ਚੋਂ ਮੁਕਤ ਹੋ ਜਾਂਦੇ ਹਾਂ।

*ਮੁਕਤੁ ਭਇਆ ਬੰਧਨ ਗੁਰਿ ਖੋਲੇ*
*ਜਨ ਨਾਨਕ ਹਰਿ ਗੁਣ ਗਾਏ ॥ ਅੰਗ - ੨੧੨*

ਜਿੰਨੇ ਬੰਧਨ ਨੇ, ਮਹਾਰਾਜ ਨੇ ਇਕ ਸ਼ਬਦ ਦੇ ਅੰਦਰ ਬੰਧਨ ਗਿਣੇ ਨੇ। ਜਿੰਨੀਆਂ ਆਪਣੇ ਸਰੀਰ ਦੇ ਨਾਲ ਲਗਾਓ ਵਾਲੀਆਂ ਚੀਜ਼ਾਂ ਦੇਖਦੇ ਓ ਨਾ, ਮਹਾਰਾਜ ਕਹਿੰਦੇ, ਸਭ ਬੰਧਨ ਨੇ। ਕਰਮ ਧਰਮ ਵੀ ਮਹਾਰਾਜ ਨੇ ਉਹਦੇ ਵਿਚ ਬੰਧਨ ਲਿਖਿਆ ਹੈ। ਪੁੱਤਰ, ਧੀਆਂ, ਮਾਂ-ਪਿਓ, ਰਿਸ਼ਤੇਦਾਰ, ਜਾਇਦਾਦਾਂ, ਅਹੁਦੇ, ਹੋਰ ਵੀ ਬਹੁਤ ਕੁਛ, ਮਹਾਰਾਜ ਨੇ ਪੂਰੇ ਸ਼ਬਦ ਦੇ ਵਿਚ ਉਨ੍ਹਾਂ ਬੰਧਨ ਬੰਧਨ ਲਿਖੀ ਗਏ ਨੇ। ਗੁਰੂ ਨੇ ਬੰਧਨ ਖੋਲ੍ਹ ਦਿਤੇ।

ਸੋ ਐਸੀ ਵਿਚਾਰ ਗੁਰੂ ਛੇਵੇਂ ਪਾਤਸ਼ਾਹ ਦੇ ਦਰਬਾਰ ਵਿਚ ਹੁੰਦੇ, ਸੰਗਤ ਦੇ ਮੁਖੀ ਜਥੇਦਾਰ ਨੇ ਉਠ ਕੇ ਕਿਹਾ ਕਿ ਸੱਚੇ ਪਾਤਸ਼ਾਹ! ਅਸੀਂ ਬਹੁਤ ਯਤਨ ਕਰਦੇ ਹਾਂ, ਆਪ ਦੇ ਸਤਿਸੰਗ ਕਰਕੇ ਚਲੇ ਜਾਂਦੇ ਹਾਂ ਤੇ ਅਸੀਂ ਜਪ ਤਪ ਵੀ ਕਰਦੇ ਹਾਂ। ਜਾ ਕੇ ਉਪਨਿਸ਼ਦਾਂ, ਵੇਦਾਂਤ ਸ਼ਾਸਤਰ, ਨਿਆਏ ਸ਼ਾਸਤਰ, ਪਾਤੰਜਲ, ਸ਼ਾਂਖ ਸ਼ਾਸਤਰ, ਛੇਈ ਸ਼ਾਸਤਰ, ਚਾਰੇ ਵੇਦ ਪੜ੍ਹਦੇ ਹਾਂ, ਉਪਨਿਸ਼ਦਾਂ ਦੇ ਵਿਚੋਂ ਸਮਝਣ ਦਾ ਯਤਨ ਕਰਦੇ ਹਾਂ ਤੇ ਫੇਰ ਅਸੀਂ ਤੀਰਥਾਂ ਤੇ ਵੀ ਇਸ਼ਨਾਨ ਕਰਦੇ ਹਾਂ। ਪਰ ਆਪ ਕ੍ਰਿਪਾ ਕਰਕੇ ਸਾਨੂੰ ਕਿਸੇ ਰਸਤੇ ਪਾਓ ਕਿ ਕਿਸ ਤਰੀਕੇ ਨਾਲ ਇਹ ਭਵਜਲ ਤਰ ਹੁੰਦਾ ਹੈ। ਜੋ ਰਸਤਾ ਆਪ ਸਾਨੂੰ ਦੱਸੋਂਗੇ ਅਸੀਂ ਉਸ ਰਸਤੇ ਨੂੰ ਅਪਣਾਅ ਕੇ ਦਿਲੋਂ ਅਰਦਾਸ ਕਰਦੇ ਹਾਂ ਕਿ ਮਹਾਰਾਜ ਅਸੀਂ ਦੁਬਾਰਾ ਜਨਮ ਨਾ ਲਈਏ ਤੇ ਇਨ੍ਹਾਂ ਦੁਖਾਂ ਦਾ ਖਾਤਮਾ ਹੋ ਜਾਵੇ ਕਿਉਂਕਿ ਆਪ ਵਰਗਾ ਪੂਰਾ ਸਤਿਗੁਰੂ ਨਹੀਂ ਮਿਲ ਸਕਦਾ।

ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਧੂਰਾ ਹੁੰਦਾ ਹੈ ਨਾ ਜਿਹੜਾ ਵਿਚਕਾਰਲਾ ਉਹਨੂੰ ਫੜ ਲਓ ਤੁਸੀਂ। ਉਹ ਇਹ ਹੈ ਕਿ -

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ ਅੰਗ - ੭੪੭*

ਜੇ ਸਾਗਰ ਤਰਨਾ ਹੈਂ ਤਾਂ ਸੰਤਾਂ ਦਾ ਬਚਨ ਕਮਾ ਲਓ।

ਫੇਰ ਕਹਿਣ ਲੱਗੇ ਕਿ ਮਹਾਰਾਜ! ਜਿਹੜੇ ਅਸੀਂ ਜਪ ਤਪ ਕਰਦੇ ਹਾਂ। ਇਹ ਵੀ ਕਿਸੇ ਕੰਮ ਆਉਂਦੇ ਨੇ? ਮਹਾਰਾਜ ਕਹਿੰਦੇ, ਇਹ ਤਾਂ ਥੋੜ੍ਹਾ-ਥੋੜ੍ਹਾ ਹੈ ਜਿਵੇਂ ਕੋਈ ਰੁਪਈਆ ਜੇਬ ਵਿਚ ਪਾ ਲਵੇ, ਦੋ ਰੁਪਏ ਪਾ ਲਵੇ, ਦੱਸ ਪਾ ਲਵੇ, ਸਫਰ ਤੇ ਜਾਵੇ ਤਾਂ ਟਿਕਟ ਲੈਣਾ ਪੈਂਦਾ ਹੈ, ਰਾਹ ਵਿਚ ਖਾਣਾ ਪੈਂਦਾ ਹੈ, ਟੈਕਸ ਦੇਣੇ ਪੈਂਦੇ ਨੇ।

ਆਹ ਟਰੱਕਾਂ ਵਾਲੇ ਚਲਦੇ ਨੇ ਜਿਵੇਂ ਆਸਾਮ ਤੋਂ ਇਥੇ ਆਉਂਦੇ ਤਕ ਦੋ ਤਿੰਨ ਹਜ਼ਾਰ ਰੁਪਈਆ ਰਾਹ ਵਿਚ ਹੀ ਵੰਡ ਆਉਂਦੇ ਨੇ। ਪੁਲਿਸ ਵਾਲੇ ਵੀ ਮੰਗੀ ਜਾਂਦੇ ਨੇ।

ਐਵੇਂ ਜਿਵੇਂ ਨਾ –

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥*

*ਅੰਗ - ੨੬੪*

ਜਿਹਦਾ ਰਸਤਾ ਐਨਾ ਲੰਮਾ ਹੈ ਜਿਹਦੇ ਕੋਹ ਗਿਣਨੇ ਹੀ ਔਖੇ ਨੇ, ਉਥੇ ਕਹਿੰਦੇ ਬਹੁਤ ਲੁੱਟ ਮਚੀ ਹੋਈ ਹੈ, ਇਹ ਜਿਹੜੇ ਜਪ ਤਪ ਤੁਸੀਂ ਕਰਦੇ ਓਂ ਨਾ ਇਹ ਜ਼ੀਰੋ ਹੁੰਦੇ ਨੇ, ਥੋੜ੍ਹੀ-ਥੋੜ੍ਹੀ ਕੀਮਤ ਤਾਂ ਹੁੰਦੀ ਹੈ, ਥੋੜ੍ਹੀ ਕੀਮਤ ਵਾਲੀ ਚੀਜ਼ ਜੇ ਤੁਹਾਡੇ ਪੱਲੇ ਜਾਏਗੀ ਤਾਂ ਇਹ ਰਾਹ ਵਿਚ ਲੁੱਟੀ ਜਾਣੀ ਹੈ –

*ਕਰਮ ਧਰਮ ਪਾਖੰਡ ਜੋ ਦੀਸਹਿ*
*ਤਿਨ ਜਮੁ ਜਾਗਾਤੀ ਲੂਟੈ ॥ ਅੰਗ - ੭੪੭*

ਮਹਾਰਾਜ ਕਹਿਣ ਲੱਗੇ ਕਿ ਇਹ ਜਿਹੜੇ ਜਪ ਤਪ ਕਰਦੇ ਨੇ ਇਹ ਇਥੇ ਰਾਹ ਵਿਚ ਹੀ ਲੁੱਟੇ ਜਾਂਦੇ ਨੇ।

*ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥*

*ਅੰਗ - ੨੧੬*

ਵਾਹਿਗੁਰੂ ਦੇ ਨਾਮ ਤੋਂ ਬਗੈਰ ਜਿੰਨੀ ਕ੍ਰਿਆ ਹੈ ਨਾ ਸਭ ਬਿਰਥੀ ਹੈ। ਕਿਉਂਕਿ ਬਿਰਥੀ ਹੈ?

*ਜਪ ਤਪ ਸੰਜਮ ਕਰਮ ਕਮਾਣੇ*
*ਇਹਿ ਓਰੈ ਮੂਸੇ ॥ ਅੰਗ - ੨੧੬*

ਜਿੰਨੇ ਜਪ ਤਕ ਕਮਾਉਂਦੇ ਓਂ, ਕਮਾਏ ਹੋਏ ਨੇ ਇਹ ਰਾਹ ਵਿਚ ਲੁੱਟੇ ਜਾਂਦੇ ਨੇ।

ਸਾਡੀ ਇਕ ਰਿਸ਼ਤੇਦਾਰ ਸੀ ਉਹ ਚੜ੍ਹਾਈ ਕਰ ਗਈ, ਉਸ ਤੋਂ ਬਾਅਦ ਕਿੰਨੀ ਦੇਰ ਮਰੀ ਪਈ ਰਹੀ। ਸੁਰਜੀਤ ਕੌਰ ਸੀ ਉਹਦਾ ਨਾਉਂ। ਫੇਰ ਕਾਫੀ ਦੇਰ ਤੋਂ ਬਾਅਦ ਜਦੋਂ ਤਿਆਰੀ ਕਰ ਲਈ ਕਿ ਹੁਣ ਸਸਕਾਰ ਕਰੀਏ। ਉਹ ਅਚਾਨਕ ਜੀਉਂਦੀ ਹੋ ਗਈ।

ਇਕ ਵਾਰੀ ਮੈਂ ਉਹਨੂੰ ਪੁਛਿਆ ਕਿ ਬੀਬੀ! ਜੰਗਲਾਂ ਵਿਚ ਰਹਿੰਦੇ ਓਂ ਤੁਸੀਂ ਕਿ ਤੈਨੂੰ ਐਨਾ ਪਿਆਰ ਕਿਵੇਂ ਹੋ ਗਿਆ ਗੁਰੂ ਦੇ ਨਾਲ? ਤੂੰ ਹਰ ਸਤਿਸੰਗ 'ਚ ਆਉਂਦੀ ਹੈਂ, ਦੂਰ-ਦਰਾਜ਼ ਤੋਂ ਆਉਂਦੀ ਹੈਂ, ਐਨਾ ਆਉਣਾ ਔਖਾ ਹੈ, ਟੁੱਟਿਆ ਜਿਹਾ ਸਾਇਕਲ ਹੋਣਾ ਵਿਚਾਰਿਆਂ ਕੋਲ, ਪਰ ਲਗਨ ਐਨੀ ਪੱਕੀ ਸੀ ਜਿਥੇ ਜਾ ਕੇ ਸਾਰਿਆਂ ਦੇ ਸਫਰ ਮੁੱਕ ਜਾਣੇ ਉਥੋਂ ਵੀ ਅੱਠ-ਦੱਸ ਮੀਲ ਅੱਗੇ ਸੀਗੇ, ਹਨ੍ਹੇਰਾ ਹੋ ਜਾਣਾ।

ਮੈਂ ਪੁਛਿਆ ਕਿ ਤੁਹਾਨੂੰ ਕਿੱਥੋਂ ਐਨੀ ਲਗਨ ਲੱਗ ਗਈ? ਕਦੇ ਨਾਗਾ ਨਹੀਂ ਪਾਉਂਦੇ, ਖੇਤੀ ਵੀ ਤੁਸੀਂ ਕਰਦੇ ਓਂ, ਹੋਰ ਕੰਮ ਵੀ ਕਰਦੇ ਓਂ।

ਕਹਿਣ ਲੱਗੀ ਕਿ ਮੈਂ ਚੜ੍ਹਾਈ ਕਰ ਗਈ ਸੀ। ਚੜ੍ਹਾਈ ਕਰੀ ਹੋਈ ਨੂੰ ਮੈਨੂੰ ਜਦੋਂ ਲੈ ਕੇ ਜਾ ਰਹੇ ਨੇ, ਉਸ ਵੇਲੇ ਰਸਤੇ ਵਿਚ ਨਦੀ ਆ ਗਈ, ਬਹੁਤ ਭਿਆਨਕ ਨਦੀ ਮੇਰੇ ਤੋਂ ਲੰਘ ਨਾ ਹੋਵੇ ਉਹ, ਉਥੇ ਮੈਂ ਖੜ੍ਹੀ ਸੀ, ਉਹ ਕਹਿਣ ਲੰਘ ਅੱਗੇ। ਮੈਂ ਦੇਖਦੀ ਹਾਂ ਕਿ ਬਦਬੂਦਾਰ ਨਦੀ ਹੈ, ਜਾਨਵਰ ਵਿਚ ਫਿਰਦੇ ਨੇ ਵੱਡੇ-ਵੱਡੇ ਮਗਰਮੱਛ ਮੂੰਹ ਅੱਡੀ ਖੜ੍ਹੇ ਨੇ। ਐਨੇ ਨੂੰ ਮੈਂ ਕੀ ਦੇਖਦੀ ਹਾਂ ਕਿ ਇਕ ਛੋਟੀ ਜਿਹੀ ਕਿਸ਼ਤੀ ਲੈ ਕੇ ਚਿੱਟੇ ਕਪੜਿਆਂ ਵਾਲੀ ਕੋਈ ਬੀਬੀ ਆ ਗਈ। ਕਹਿੰਦੀ, ਭੈਣ ਆ ਜਾ ਬਹਿ ਜਾ ਇਹਦੇ ਵਿਚ। ਮੈਂ ਬਹਿ ਗਈ, ਉਹਨੇ ਪਾਰ ਲੰਘਾ ਦਿਤਾ ਮੈਨੂੰ। ਕਹਿੰਦੀ, ਮੈਂ ਉਹਨੂੰ ਪੁਛਿਆ ਕਿ ਤੂੰ ਤਾਂ ਮੈਨੂੰ ਜਾਣਦੀ ਨਹੀਂ, ਨਾ ਮੈਂ ਤੈਨੂੰ ਜਾਣਦੀ ਹਾਂ। ਐਹੋ ਜਿਹੇ ਭਿਆਨਕ ਭਵਸਾਗਰ ਦੇ ਵਿਚ ਤੂੰ ਮੈਨੂੰ ਲੰਘਾਉਣ ਵਾਸਤੇ ਕਿਵੇਂ ਆ ਗਈ। ਦੇਖ ਕਿਵੇਂ ਛੱਲਾਂ ਆਉਂਦੀਆਂ ਨੇ, ਕਿੰਨੇ ਜਾਨਵਰ ਫਿਰਦੇ ਨੇ। ਉਹ ਕਹਿਣ ਲੱਗੀ ਕਿ ਤੂੰ ਤਾਂ ਨਹੀਂ ਮੈਨੂੰ ਜਾਣਦੀ ਪਰ ਮੈਂ ਤੈਨੂੰ ਜਾਣਦੀ ਹੈ। ਮੈਂ ਪੁਛਿਆ ਕਿ ਕਿਵੇਂ? ਮੈਨੂੰ ਯਾਦ ਕਰਾ ਦੇ, ਮੈਨੂੰ ਕੋਈ ਪਤਾ ਨਹੀਂ ਕਿ ਮੈਂ ਮਰੀ ਹੋਈ ਹਾਂ। ਓਧਰਲਾ ਪਾਸਾ ਸੱਚਾ ਲਗਦਾ ਹੈ, ਓਧਰਲਾ ਝੂਠਾ ਹੋ ਗਿਆ ਜਿਵੇਂ ਸੁੱਤੇ ਪਏ ਆਦਮੀ ਨੂੰ ਜਾਗ ਆ ਜਾਏ, ਪਹਿਲੀਆਂ ਸਭ ਚੀਜ਼ਾਂ ਗਾਇਬ ਹੋ ਜਾਂਦੀਆਂ ਨੇ, ਨਵਾਂ ਸਮਾਂ ਆ ਜਾਂਦਾ ਹੈ। ਕਹਿੰਦੀ, ਮੈਂ ਤੇਰੇ ਯਾਦ ਮੈਂ, ਇਕ ਵਾਰੀ ਇਕ ਚਿੜੀ ਫਸ ਗਈ ਸੀ ਬੇਰੀ 'ਤੇ, ਬੱਚਿਆਂ ਨੇ ਧਾਗਾ ਬੰਨ੍ਹ ਦਿਤਾ ਉਹਦੇ ਵਿਚ ਪੱਕਾ ਤੇ ਧਾਗਾ ਫਸ ਗਿਆ ਟਾਹਣੀਆਂ 'ਚ, ਦੁਖੀ ਹੋ ਕੇ ਵਿਚਾਰੀ ਚੀਂ-ਚੀਂ ਕਰਦੀ ਰਹੀ। ਦਿਨ ਲੰਘ ਗਿਆ ਤੇ ਰਾਤ ਲੰਘ ਗਈ ਤੇ ਉਹ ਆਵਾਜ਼ ਦੇਈ ਗਈ। ਤੂੰ ਥਾਂਉਂ ਸੰਭਰਦੀ-ਸੰਭਰਦੀ ਨੇ ਉਤੇ ਨੂੰ ਦੇਖਿਆ ਤੇ ਉਸ ਵੇਲੇ ਤੂੰ ਮੇਜ ਚੁੱਕ ਕੇ ਲਿਆ ਕੇ, ਕੈਂਚੀ ਨਾਲ ਧਾਗਾ ਕੱਟ ਦਿਤਾ ਤੇ ਉਹ ਜੀਵ ਜਿਹੜਾ ਉਡਿਆ ਸੀ ਉਹਦਾ ਪੁੰਨ ਬਣ ਗਿਆ। ਮੈਂ ਉਹ ਪੁੰਨ ਹਾਂ ਤੈਨੂੰ ਲੰਘਾਉਣ ਵਾਸਤੇ ਆਈ ਹਾਂ। ਤੇਰਾ ਪੁੰਨ ਜਿਹੜਾ ਸੀ ਉਹ ਅੱਗੇ ਬਾਕੀ ਨਹੀਂ ਬਚਿਆ, ਉਹ ਇਥੇ ਜਿਵੇਂ ਟੈਕਸ ਦੇਈਦਾ ਹੈ ਐਉਂ ਟੈਕਸ ਦੇ ਦਿਤਾ।

ਉਸ ਤੋਂ ਬਾਅਦ ਮੈਨੂੰ ਧਰਮਰਾਜ ਕੋਲ ਲੈ ਗਏ, ਉਸ ਨੇ ਕਿਹਾ ਕਿ ਇਹਨੂੰ ਨਹੀਂ ਸੀ ਲਿਆਉਣਾ, ਇਹ ਤਾਂ ਨਾਲ ਲਗਦੇ ਹੋਰ ਹੈ ਉਹ ਲੈ ਕੇ ਆਓ। ਮੈਨੂੰ ਛੱਡ ਗਏ ਤੇ ਘਰ ਤੇ ਪਿਛਲੇ ਪਾਸੇ ਘਰ 'ਚੋਂ ਰੋਣ ਦੀ ਆਵਾਜ਼ ਆਉਣ ਲਗ ਤੇ ਉਹ ਚੜ੍ਹਾਈ ਕਰ ਗਈ।

ਇਹ ਗੱਲਾਂ ਇਸ ਕਰਕੇ ਮੰਨ ਲਈਦੀਆਂ ਨੇ ਕਿ ਇਹ ਨਾਲ ਪ੍ਰਤੱਖ ਹੁੰਦਾ ਹੈ ਕਿ ਇਕ ਨੂੰ ਛੱਡ ਕੇ ਦੂਜੇ ਨੂੰ ਲੈ ਜਾਂਦੇ ਨੇ। ਇਕ ਨਹੀਂ ਸੈਂਕੜਿਆਂ ਦੇ ਤਾਦਾਦ ਵਿਚ ਇਹ ਗੱਲਾਂ ਨੇ। ਉਹ ਸਾਡੇ ਨਿਹਚੇ ਨੂੰ ਬੰਨ੍ਹਾਉਣ ਵਾਸਤੇ, ਪ੍ਰਮੇਸ਼ਰ ਆਪਣਾ ਕੌਤਕ ਕਿਤੇ-ਕਿਤੇ ਨੰਗਾ

ਕਰਕੇ ਦਿਖਾ ਦਿੰਦਾ ਹੈ ਕਿ ਤੁਸੀਂ ਹੁਣ ਤਾਂ ਸਮਝ ਲਓ। ਪਰ ਸਾਡੇ ਤੇ ਅਸਰ ਕੀ ਹੁੰਦਾ ਹੈ? ਥੋੜ੍ਹੀ ਦੇਰ ਲਈ ਤਾਂ ਅਸਰ ਹੁੰਦਾ ਹੈ, ਫੇਰ ਅਸੀਂ ਭੁੱਲ ਜਾਂਦੇ ਹਾਂ, ਯਾਦ ਹੀ ਨਹੀਂ ਰਹਿੰਦਾ। ਕੋਈ ਸਾਧੂ ਮਹਾਂਪੁਰਸ਼, ਕੋਈ ਮਿਹਰਬਾਨੀ ਕਰ ਦੇਵੇ, ਕੋਈ ਉਹਦਾ ਕੌਤਕ ਦੇਖ ਲਿਆ ਪ੍ਰਤੱਖ ਉਹ ਜਦੋਂ ਤਾਂ ਯਾਦ ਰਹਿੰਦਾ ਹੈ, ਇਕ ਅੱਧਾ ਦਿਨ ਮੁੜ ਕੇ ਫੇਰ ਭੁੱਲ ਜਾਂਦੇ ਹਾਂ।

ਸੋ ਮਹਾਰਾਜ ਕਹਿੰਦੇ ਇਹ ਜਪ, ਤਪ, ਸੰਜਮ ਤਾਂ ਇਥੇ ਹੀ ਲੁੱਟੇ ਜਾਂਦੇ ਨੇ।

*ਬਰਤ ਨੇਮ ਸੰਜਮ ਮਹਿ ਰਹਤਾ*
*ਤਿਨ ਕਾ ਆਢੁ ਨ ਪਾਇਆ ॥*
*ਆਗੈ ਚਲਣੁ ਅਉਰੁ ਹੈ ਭਾਈ*
*ਊਂਹਾ ਕਾਮਿ ਨ ਆਇਆ ॥ ਅੰਗ - ੨੧੬*

ਇਹਦਾ ਮੁੱਲ ਕੀ ਹੈ? ਜ਼ੀਰੋ ਦਾ ਕੀ ਮੁੱਲ ਹੁੰਦਾ ਹੈ, ਏਕਾ ਲੱਗ ਜਾਵੇ ਤਾਂ ਮੁੱਲ 10 ਗੁਣਾਂ ਵਧ ਜਾਂਦਾ ਹੈ, ਨਹੀਂ ਤਾਂ ਕੁੱਛ ਵੀ ਨਹੀਂ ਹੁੰਦਾ। ਸੋ ਜਿਹੜੇ ਵਰਤ, ਨੇਮ, ਸੰਜਮ ਕਰਦਾ ਹੈ ਨਾ ਇਨ੍ਹਾਂ ਦਾ ਮੁੱਲ ਨਹੀਂ ਪੈਂਦਾ ਹੈ, ਕਿਉਂਕਿ ਇਹ ਕਹਿੰਦਾ ਹੈ ਕਿ ਮੈਂ ਵਰਤ ਕਰਦਾ ਹਾਂ–

*ਤੀਰਥ ਬਰਤ ਅਰੁ ਦਾਨ ਕਰਿ*
*ਮਨ ਮੈ ਧਰੈ ਗੁਮਾਨੁ॥*
*ਨਾਨਕ ਨਿਹਫਲੁ ਜਾਤ ਤਿਹ*
*ਜਿਉ ਕੁੰਚਰ ਇਸਨਾਨੁ॥ ਅੰਗ - ੧੪੨੮*

ਮਹਾਰਾਜ ਕਹਿੰਦੇ, ਅਗਲੀ ਗੱਲ ਸਮਝੋ।

*ਆਗੈ ਚਲਣੁ ਅਉਰੁ ਹੈ ਭਾਈ*
*ਊਂਹਾ ਕਾਮਿ ਨ ਆਇਆ ॥ ਅੰਗ - ੨੧੬*

ਉਥੇ ਤਾਂ ਹੋਰ ਵਰਤਾਰਾ ਹੈ, ਇਹ ਵਰਤਾਰਾ ਸੰਸਾਰ ਵਾਲਾ ਉਥੇ ਨਹੀਂ ਹੈ। ਇਸ ਕਰਕੇ ਮਹਾਰਾਜ ਕਹਿੰਦੇ ਇਹ ਚੀਜ਼ਾਂ ਕੰਮ ਨਹੀਂ ਆਉਂਦੀਆਂ।

*ਤੀਰਥਿ ਨਾਇ ਅਰੁ ਧਰਨੀ ਭ੍ਰਮਤਾ*
*ਆਗੈ ਠਉਰ ਨ ਪਾਵੈ ॥ ਅੰਗ - ੨੧੬*

ਤੀਰਥਾਂ ਤੇ ਨਾਹੁੰਦਾ ਫਿਰਦਾ ਹੈ, ਅੱਗੇ ਇਨ੍ਹਾਂ ਨੂੰ ਮਹੱਤਤਾ ਨਹੀਂ ਦਿਤੀ ਜਾਂਦੀ।

*ਊਹਾ ਕਾਮਿ ਨ ਆਵੈ*
*ਇਹ ਬਿਧਿ ਓਹੁ ਲੋਗਨ ਹੀ ਪਤੀਆਵੈ ॥*
*ਅੰਗ - ੨੧੬*

ਲੋਕਾਂ ਵਿਚ ਬੜਾ ਹੋ ਜਾਏਗੀ ਕਿ ਜੀ ਹਰ ਸਾਲ ਜਾਂਦਾ ਹੈ ਨਾਹੁੰਣ, ਹਰ ਸਾਲ ਦਰਸ਼ਨ ਕਰਦਾ ਹੈ, ਇਹ ਤਾਂ ਲੋਕਾਂ ਨੂੰ ਪਤਿਆਉਂਦਾ ਹੈ ਉਹ ਇਹ ਗੱਲਾਂ ਕੰਮ ਨਹੀਂ ਆਉਂਦੀਆਂ।

*ਚਤੁਰ ਬੇਦ ਮੁਖ ਬਚਨੀ ਉਚਰੈ*
*ਆਗੈ ਮਹਲੁ ਨ ਪਾਈਐ ॥ ਅੰਗ - ੨੧੬*

ਤੇ ਵੇਦ ਦੀ ਬਾਣੀ ਜ਼ੁਬਾਨੀ ਯਾਦ ਹੋਵੇ। ਐਨੀ ਗੱਲ ਨਾਲ ਹੀ ਅੱਗੇ ਥਾਉਂ ਨਹੀਂ ਮਿਲਦਾ।

*ਬੂਝੈ ਨਾਹੀ ਏਕੁ ਸੁਧਾਖਰੁ*
*ਓਹੁ ਸਗਲੀ ਝਾਖ ਝਖਾਈਐ ॥ ਅੰਗ - ੨੧੬*

ਕਿਉਂਕਿ ਉਹਨੇ ਏਕੇ ਨੂੰ ਨਹੀਂ ਬੁਝਿਆ –

*ਨਾਨਕ ਲੇਖੈ ਇਕ ਗਲ*
*ਹੋਰੁ ਹਉਮੈ ਝਖਣਾ ਝਾਖ ॥ ਅੰਗ - ੪੬੭*

*ਨਾਨਕੁ ਕਹਤੋ ਇਹੁ ਬੀਚਾਰਾ*
*ਜਿ ਕਮਾਵੈ ਸੁ ਪਾਰ ਗਰਾਮੀ ॥ ਅੰਗ - ੨੧੬*

ਮਹਾਰਾਜ ਕਹਿੰਦੇ ਇਹ ਵਿਚਾਰ ਤੁਹਾਨੂੰ ਅਸੀਂ ਦੱਸਦੇ ਹਾਂ। ਜਿਹੜਾ ਵੀ ਕਮਾ ਲਏਗਾ ਉਹ ਪਾਰਗਰਾਮੀ ਹੋਏਗਾ। ਉਹ ਇਹ ਹੈ ਕਿ ਏਕ ਸੁਧਾਖਰ ਨੂੰ ਬੁਝ ਲਵੇ। ਉਹ ਗੱਲ ਕਿਹੜੀ ਹੈ? ਜੇ ਤੁਸੀਂ ਪ੍ਰਾਪਤੀ ਕਰਨੀ ਹੈ ਉਹਦੇ ਬਾਰੇ ਮਹਾਰਾਜ ਐਸ ਤਰ੍ਹਾਂ ਫੁਰਮਾਨ ਕਰਦੇ ਨੇ –

*ਗੁਰੁ ਸੇਵਹੁ ਅਰੁ ਨਾਮੁ ਧਿਆਵਹੁ*
*ਤਿਆਗਹੁ ਮਨਹੁ ਗੁਮਾਨੀ ॥ ਅੰਗ - ੨੧੬*

ਗੁਰੂ ਦੀ ਸੇਵਾ ਵੀ ਕਰੋ ਤੇ ਨਾਮ ਵੀ ਧਿਆਵਹੁ, ਲੇਕਿਨ ਜਿਹੜਾ ਮਨ 'ਚ ਗੁਮਾਨ ਪਿਆ ਹੋਇਆ ਹੈ, ਹੰਗਤਾ ਪਈ ਹੋਈ ਹੈ, ਮਮਤਾ ਪਈ ਹੋਈ ਹੈ, ਇਹਨੂੰ ਛੱਡ ਦਿਓ। ਜਿੰਨੀ ਦੇਰ ਤੱਕ ਇਹ ਨਹੀਂ ਛੱਡ ਹੁੰਦੀ ਓਨੀਂ ਦੇਰ ਤੱਕ ਕੁਛ ਬਣਿਆ ਨਹੀਂ ਕਰਦਾ। ਮਾਨ ਦੇ ਤਿਆਗ ਕਰਨਾ ਤੇ ਗੁਰੂ ਦੀ ਸੇਵਾ ਕਰਨੀ ਤੇ ਨਾਮ ਜਪਣਾ। ਤਿੰਨ ਸਾਧਨ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਨੇ ਓਸ ਸੰਗਤ ਨੂੰ ਦੱਸਣ ਤੋਂ ਬਾਅਦ ਫੁਰਮਾਇਆ ਕਿ ਜਿਹੜਾ ਮਨ ਦਾ ਗੁਮਾਨ ਹੈ ਨਾ, ਜਿਹਨੂੰ ਹਉਮੈ ਕਹਿੰਦੇ ਨੇ, ਇਹ ਜੀਵ ਦਾ ਬੰਧਨ ਹੈ।

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*
*ਅੰਗ - ੪੬੬*

ਕੋਈ ਵਿਰਲਾ ਪੁਰਸ਼ ਹੈ ਜਿਹੜਾ ਹਉਮੈ ਤੋਂ ਬਚ ਸਕਦਾ ਹੈ ਨਹੀਂ ਤਾਂ ਸਾਰਾ ਸੰਸਾਰ ਹਉਮੈ ਵਿਚ ਹੀ ਨੇਕੀਆਂ ਕਰ ਰਿਹਾ ਹੈ, ਹਉਮੈ ਵਿਚ ਹੀ ਪੁੰਨ ਕਰ ਰਿਹਾ ਹੈ, ਜਿੰਨੇ ਕਰਮ ਨੇਕ ਕਰਦਾ ਹੈ ਸਭ ਹਉਮੈ ਵਿਚ ਕਰ ਰਿਹਾ ਹੈ। ਹਉਮੈ ਦੇ ਨਾਲ ਜਿਹੜੇ ਨੇਕ ਕਰਮ ਨੇ ਸੋਨੇ ਦੀਆਂ ਹੱਥਕੜੀਆਂ ਹੁੰਦੀਆਂ ਨੇ, ਬੁਰੇ ਕਰਮ ਲੋਹੇ ਦੀਆਂ ਹੱਥਕੜੀਆਂ ਹੁੰਦੀਆਂ ਨੇ, ਹੱਥਕੜੀਆਂ ਦੋਵੇਂ ਮਾੜੀਆਂ ਨੇ। ਉਹ ਪੈਂਦੀਆਂ ਨੇ ਹਉਮੈ ਨੂੰ, ਹੋਰ ਕਿਸੇ ਨੂੰ ਨਹੀਂ ਪੈਂਦੀਆਂ। ਇਹ ਪਰ ਮਿੱਠੀ ਬਹੁਤ ਹੈ, ਏਸ ਤੋਂ ਮਨ ਹਟਦਾ ਨਹੀਂ ਹੈ।

*ਹੈ ਕੋਈ ਐਸਾ ਹਉਮੈ ਤੋਰੈ ॥*
*ਇਸੁ ਮੀਠੀ ਤੇ ਇਹੁ ਮਨੁ ਹੋਰੈ॥ ਅੰਗ - ੨੧੨*

ਮਹਾਰਾਜ ਨੇ ਸਵਾਲ ਕਰਿਆ ਹੈ ਕਿ ਹੈ ਕੋਈ

ਐਸਾ ਜੋ ਹਉਮੈ ਨੂੰ ਤੋੜ ਦੇਵੇ। ਇਸ ਮਿੱਠੀ ਹਉਮੈ ਤੋਂ ਮਨ ਨੂੰ ਹਟਾਉਣ ਵਾਲਾ ਕੋਈ ਹੈ ਐਸਾ ਬੰਦਾ।

*ਅਗਿਆਨੀ ਮਾਨੁਖੁ ਭਇਆ ਜੋ ਨਾਹੀ ਸੋ ਲੋਰੈ ॥*
*ਅੰਗ - ੨੧੨*

ਜਿਹੜੀ ਚੀਜ਼ ਨਹੀਂ ਚਾਹੀਦੀ, ਉਹ ਕਹਿੰਦਾ ਹੈ ਕਿ ਮੈਨੂੰ ਆਹ ਵੀ ਮਿਲ ਜਾਏ, ਆਹ ਵੀ ਮਿਲ ਜਾਏ, ਮਹਾਰਾਜ ਕਹਿੰਦੇ ਐਨਾ ਅਗਿਆਨੀ ਮਨੁਖ ਹੋ ਗਿਆ।

*ਰੈਣਿ ਅੰਧਾਰੀ ਕਾਰੀਆ*
*ਕਵਨ ਜੁਗਤਿ ਜਿਤੁ ਭੋਰੈ॥*
*ਭ੍ਰਮਤੋ ਭ੍ਰਮਤੋ ਹਾਰਿਆ*
*ਅਨਿਕ ਬਿਧੀ ਕਰਿ ਟੋਰੈ ॥ ਅੰਗ - ੨੧੨*

ਜਿਹੜੀ ਉਮਰ ਦੀ ਰੈਣ ਲੰਘੀ ਜਾ ਰਹੀ ਹੈ, ਉਹ ਕਾਲੀ ਰਾਤ ਹੈ। ਹਉਮੈ ਦਾ ਬੰਨ੍ਹਿਆ ਹੋਇਆ ਭਰਮਦਾ-ਭਰਮਦਾ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥*
*ਅੰਗ - ੧੭੬*

*ਕੇਤੇ ਰੁਖ ਬਿਰਖ ਹਮ ਚੀਨੇ*
*ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ*
*ਕੇਤੇ ਪੰਖ ਉਡਾਏ ॥ ਅੰਗ - ੧੫੬*

*............ਅਨਿਕ ਬਿਧੀ ਕਰਿ ਟੋਰੈ ॥*

*ਅੰਗ - ੨੧੨*

ਅਨੇਕਾਂ ਤਰੀਕਿਆਂ ਦੇ ਨਾਲ ਟੋਲ੍ਹਦਾ ਫਿਰਦਾ ਹੈ ਜਿਹੜੀ ਚੀਜ਼ ਨਹੀਂ ਮਿਲਦੀ।

*ਕਹੁ ਨਾਨਕ ਕਿਰਪਾ ਭਈ*
*ਸਾਧਸੰਗਤਿ ਨਿਧਿ ਮੋਰੈ॥ ਅੰਗ - ੨੧੨*

ਜਿਹਦੇ ਉਤੇ ਕ੍ਰਿਪਾ ਹੋ ਗਈ ਉਹਨੂੰ ਸਾਧਸੰਗਤ ਦਾ ਖਜ਼ਾਨਾ ਮਿਲ ਗਿਆ। ਸਾਧੂ ਫੇਰ ਕਹਿੰਦਾ ਹੈ ਕਿ ਹਉਮੈ ਨੂੰ ਕੱਟ ਦੇ। ਜਿਨ੍ਹਾਂ ਚਿਰ ਤੂੰ ਹਉਮੈ ਨੂੰ ਨਹੀਂ ਕੱਟਦਾ, ਓਨਾ ਚਿਰ ਤੇਰਾ ਮਨ ਮਲੀਨ ਰਹੇਗਾ, ਮੈਲ ਨਹੀਂ ਉਤਰਨੀ।

ਗੁਰੂ ਮਹਾਰਾਜ ਸਮਝਾਉਣ ਲੱਗੇ ਕਹਿੰਦੇ ਦੇਖੋ, ਤੁਹਾਨੂੰ ਜੁਗਤ ਨਾਲ ਸਮਝਾਉਂਦੇ ਹਾਂ। ਇਕ ਦ੍ਰਿਸ਼ਟਾਂਤ ਦੇ ਨਾਲ। ਇਕ ਪਿੰਡ ਦਾ ਖੂਹ ਸੀਗਾ ਉਹਦੇ ਵਿਚ ਬਿੱਲੀ ਗਿਰ ਕੇ ਮਰ ਗਈ ਤੇ ਪਾਨੀ ਬਦਬੂਦਾਰ ਹੋ ਗਿਆ, ਕਿਸੇ ਨੇ ਕੱਢੀ ਨਾ, ਪਾਨੀ ਦੇ ਵਿਚੋਂ ਬਦਬੂ ਬਾਹਰ ਤੱਕ ਆਉਣੀ ਸ਼ੁਰੂ ਹੋ ਗਈ। ਉਸ ਵੇਲੇ ਲੋਕਾਂ ਨੇ ਜਾ ਕੇ ਦੇਖਿਆ ਕਿ ਖੂਹ ਕਿਉਂ ਗੰਦਾ ਹੋ ਗਿਆ? ਇਕ ਪੰਡਤ ਜੀ ਦੇ ਕੋਲ ਜਾ ਕੇ ਕਹਿਣ ਲੱਗੇ ਕਿ ਸਾਡਾ ਖੂਹ ਗੰਦਾ ਹੋ ਗਿਆ, ਬਦਬੂ ਆਉਂਦੀ ਹੈ। ਪੰਡਤ ਜੀ, ਨੇ ਪੁਛਿਆ ਕਿ ਕੀ ਗੱਲ ਹੈ? ਤਾਂ ਉਨ੍ਹਾਂ ਨੇ ਦੱਸਿਆ ਕਿ ਉਹਦੇ ਵਿਚ ਬਿੱਲੀ ਗਿਰ ਗਈ। ਉਹ ਕਹਿਣ ਲੱਗੇ ਕਿ ਐਉਂ ਕਰੋ ਤੁਸੀਂ ਕਿ ਇਕ ਹਜ਼ਾਰ ਡੋਲ ਕੱਢ ਦਿਓ ਤੁਸੀਂ ਤੇ ਬਿੱਲੀ ਵੀ ਕੱਢ ਦਿਓ। ਉਹ ਬੜੇ ਉਤਸ਼ਾਹ ਵਿਚ ਆਏ ਹੋਏ ਸੀ, ਬਿੱਲੀ ਤਾਂ ਕੱਢਣੀ ਭੁੱਲ ਗਏ, ਹਜ਼ਾਰ ਡੋਲ ਦੀ ਥਾਂ ਤੇ ਦੋ ਹਜ਼ਾਰ ਡੋਲ ਪਾਨੀ ਦਾ ਕੱਢ ਦਿਤਾ। ਫਟਾਫਟ ਵੱਡੇ-ਵੱਡੇ ਡੋਲ ਲਾਏ ਹੋਏ ਸੀ, ਪਾਨੀ ਆਉਂਦਾ ਘੱਟ ਹੈ ਥੱਲੇ ਲਾ ਦਿਤਾ ਬਿਲਕੁਲ ਹੀ, ਰੇਤਾ ਨਿਕਲ ਆਇਆ। ਥੋੜ੍ਹੀ ਦੇਰ ਤੋਂ ਬਾਅਦ ਖੂਹ ਦਾ ਪਾਨੀ ਫੇਰ ਭਰ ਗਿਆ। ਉਹ ਫੇਰ ਬਦਬੂਦਾਰ ਹੋ ਗਿਆ। ਫੇਰ ਗਏ ਪੰਡਤ ਜੀ ਕੋਲ ਕਿ ਮਹਾਰਾਜ! ਅਸੀਂ ਤਾਂ ਥੱਲੇ ਲਾ ਦਿਤਾ ਸੀ ਪਾਨੀ ਇਹ ਮੁਸਕ ਤਾਂ ਹਟਿਆ ਨਹੀਂ। ਕਹਿੰਦੇ ਹੋਰ ਹਜ਼ਾਰ ਡੋਲ ਕੱਢ ਦਿਓ। ਦੁਬਾਰਾ ਫੇਰ ਕੱਢ ਦਿਤੇ, ਉਸ ਤੋਂ ਬਾਅਦ ਫੇਰ ਵੀ ਬਦਬੂਦਾਰ ਰਿਹਾ। ਫੇਰ ਚਲੇ ਗਏ। ਫੇਰ ਉਸ ਵਿਦਵਾਨ ਪੁਰਸ਼ ਨੇ ਕਿਹਾ, ਪਾਨੀ ਤਾਂ ਸਾਫ ਹੋਣਾ ਚਾਹੀਦਾ ਹੈ, ਜਦੋਂ ਤੁਸੀਂ ਥੱਲੇ ਰੇਤੇ ਤੱਕ ਕੱਢ ਦਿੰਦੇ ਹੋਂ, ਕੋਈ ਚੀਜ਼ ਤਾਂ ਨਹੀਂ ਪਈ ਦੇਖੋ ਤੁਸੀਂ ਧਿਆਨ ਨਾਲ। ਕਹਿੰਦੇ, ਇਕ ਬਿੱਲੀ ਮਰੀ ਪਈ ਹੈ। ਫੇਰ ਕਹਿੰਦੇ ਪਹਿਲਾਂ ਬਿੱਲੀ ਕੱਢੋ ਤੁਸੀਂ। ਜਿੰਨਾਂ ਚਿਰ ਬਿੱਲੀ ਨਹੀਂ ਕੱਢਦੇ ਪਾਨੀ ਕਿਵੇਂ ਸਾਫ ਹੋ ਜਾਏਗਾ। ਸੋ ਬਿੱਲੀ ਕਢਾ ਦਿਤੀ, ਹਜ਼ਾਰ ਡੋਲ ਕੱਢ ਦਿਤਾ, ਪਾਨੀ ਨਿਰਮਲ ਹੋ ਗਿਆ।

ਮਹਾਰਾਜ ਕਹਿੰਦੇ, ਇਸੇ ਤਰ੍ਹਾਂ ਨਾਲ ਆਦਮੀ ਦੇ ਅੰਤਸ਼ਕਰਣ ਦੇ ਅੰਦਰ ਮਰੀ ਹੋਈ ਬਿੱਲੀ ਹਉਮੈ ਰੂਪ ਹੋ ਕੇ ਪਈ ਹੈ ਤੇ ਜਿੰਨਾਂ ਚਿਰ ਹਉਮੈ ਹੈ ਓਨਾ ਚਿਰ ਕਰਮ ਧਰਮ ਜਿਹੜੇ ਨੇ ਬਦਬੂਦਾਰ ਹੋ ਕੇ ਇਹਨੂੰ ਬੰਨ੍ਹਦੇ ਚਲੇ ਜਾਂਦੇ ਨੇ। ਨਿਕਲਦੇ ਨਹੀਂ। ਸੋ ਜੇ ਸਾਧੂ ਮਿਲ ਜਾਵੇ, ਸੰਤ ਮਿਲ ਜਾਵੇ ਉਹਦੇ ਬਚਨਾਂ ਦੇ ਉਤੇ ਭਰੋਸਾ ਕਰ ਲਵੇ, ਕਹਿੰਦੇ ਫੇਰ ਇਹ ਚੀਜ਼ ਦੂਰ ਹੋ ਜਾਇਆ ਕਰਦੀ ਹੈ। ਸੰਸਾਰ ਦੇ ਅੰਦਰ ਮਹਾਰਾਜ ਕਹਿਣ ਲੱਗੇ ਕਿ ਦੇਖੋ, ਜਦੋਂ ਸੰਸਾਰ ਰਚਿਆ ਨਹੀਂ ਸੀਗਾ, ਉਸ ਵੇਲੇ ਨਾ ਕੋਈ ਜੀਵ ਸੀ, ਨਾ ਕੋਈ ਪ੍ਰਕ੍ਰਿਤੀ ਸੀ, ਨਾ ਕੋਈ ਚੰਦ ਨਾ ਕੋਈ ਤਾਰਾ, ਨਾ ਕੋਈ ਦੇਵਤਾ, ਨਾ ਧਰਮਰਾਜ, ਨਾ ਕੋਈ ਦਰਿਆ, ਨਾ ਕੋਈ ਪਹਾੜ, ਕੋਈ ਚੀਜ਼ ਨਹੀਂ ਸੀ ਆਪੇ ਆਪ ਨਿਰੰਕਾਰ ਸੀ। ਜਿਸ ਵਕਤ ਉਹਨੇ ਆਪਣੇ ਆਪ ਤੋਂ ਖੇਲ ਨੂੰ ਰਚਿਆ, ਉਸ ਵੇਲੇ ਆਪਣੇ ਆਪ ਤੋਂ ਪਸਾਰਾ ਕਰਿਆ। ਦੂਜੀ ਚੀਜ਼ ਕਿਤੋਂ ਲਿਆਂਦੀ ਨਹੀਂ ਹੈ। ਆਪਣੇ ਆਪ ਤੋਂ ਹੀ ਪਸਾਰਾ ਕਰਿਆ। ਇਹਦੇ ਬਾਰੇ ਬੜੇ ਮਤ ਨੇ ਸਾਧਸੰਗਤ ਜੀ! ਆਦਮੀ **confuse** ਹੋ ਜਾਂਦਾ ਹੈ ਗੱਲਾਂ ਸੁਣਦਾ। ਜਦੋਂ ਕਿਸੇ ਨੇ ਕੋਈ ਗੱਲ ਸੁਣਾ ਦਿਤੀ, ਕਿਸੇ ਨੇ ਕੋਈ ਸੁਣਾ ਦਿਤੀ। ਗੁਰਮਤਿ ਤੋਂ

ਅਸੀਂ ਲਾਂਭੇ ਹੋ ਜਾਂਦੇ ਹਾਂ। ਸਾਇੰਸ ਹੋਰ ਤਰ੍ਹਾਂ ਦੀਆਂ ਗੱਲਾਂ ਕਰਦੀ ਹੈ। ਸਾਡੇ ਬੱਚੇ ਉਨ੍ਹਾਂ ਗੱਲਾਂ ਨੂੰ ਪੜ੍ਹ ਕੇ ਇਮਤਿਆਨਾਂ 'ਚੋਂ ਪਾਸ ਹੁੰਦੇ ਨੇ। ਉਹ ਜੇ ਗੁਰੂ ਮਹਾਰਾਜ ਦੀਆਂ ਗੱਲਾਂ ਲਿਖਣ ਤਾਂ **examiner** ਨੰਬਰ ਨਹੀਂ ਦਿੰਦੇ ਕਿ ਇਹ ਤਾਂ ਗੱਲ ਅਸੀਂ ਹੁਣ ਤੱਕ ਨਹੀਂ ਸੁਣੀ। ਸੋ ਆਪਣਾ ਆਪਣਾ ਮਤ ਹੈ। ਮਹਾਰਾਜ ਕਹਿੰਦੇ –

***ਆਪੁ ਆਪੁਨੀ ਬੁਧਿ ਹੈ ਜੇਤੀ॥***
***ਬਰਨਤ ਭਿੰਨ ਭਿੰਨ ਤੁਹਿ ਤੇਤੀ॥***
***ਤੁਮਰਾ ਲਖਾ ਨ ਜਾਇ ਪਸਾਰਾ॥***
***ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥***
***ਕਬਯੋ ਬਾਚ ਬੇਨਤੀ ਚੌਪਈ, ਪਾਤਸ਼ਾਹੀ ੧੦***

ਨਿਰੰਕਾਰ ਤੋਂ ਹੀ ਆਪਣਾ ਸਰੂਪ ਏਕੰਕਾਰ ਬਣਾ ਲਿਆ ਮਹਾਰਾਜ ਨੇ। ਏਕੰਕਾਰ ਤੋਂ ਸ਼ਬਦ ਧੁਨ ਹੋਈ।

***ਨਿਰੰਕਾਰੁ ਆਕਾਰੁ ਹੋਇ***
***ਏਕੰਕਾਰੁ ਅਪਾਰੁ ਸਦਾਇਆ।***
***ਏਕੰਕਾਰਹੁ ਸਬਦ ਧੁਨਿ***
***ਓਅੰਕਾਰ ਅਕਾਰੁ ਬਣਾਇਆ।***
***ਭਾਈ ਗੁਰਦਾਸ ਜੀ, ਵਾਰ 26/2***

ਓਅੰਕਾਰ ਦੀ ਧੁਨ ਹੋਈ। ਓਸ ਸ਼ਬਦ ਧੁਨ ਤੋਂ ਸਾਰਾ ਸੰਸਾਰ ਬਣ ਗਿਆ। ਲੇਕਿਨ ਵਾਹਿਗੁਰੂ ਨਹੀਂ ਵੰਡਿਆ ਗਿਆ। ਜੇ ਉਹ ਐਨੇ ਰੂਪ ਦਿਸਦੇ ਨੇ, ਹੈ ਤਾਂ ਆਪੇ ਹੀ, ਇਕ ਰੂਪ ਤੋਂ ਅਨੇਕ ਰੂਪ ਧਾਰਨ ਕਰ ਲਏ ਵਾਹਿਗੁਰੂ ਨੇ, ਇਹਦੇ ਵਿਚ ਮੈਂ ਤਾਂ ਆਉਂਦੀ ਹੀ ਨਹੀਂ ਕਿਸੇ ਥਾਂ ਦੇ ਉਤੇ, ਆਪੇ ਹੀ ਖੇਲ੍ਹਦਾ ਹੈ ਪਰ ਮੈਂ ਦਾ ਪੜਦਾ ਪੈਣ ਕਰਕੇ ਇਹ ਦੂਰ ਹੋ ਗਿਆ। ਮਹਾਰਾਜ ਕਹਿੰਦੇ ਆਪੇ ਹੀ ਖੇਲ੍ਹਦਾ ਹੈ –

***ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥***
***ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ***
***ਅੰਗ – ੨੯੦***

ਸਾਡੇ ਤਾਂ ਮਨ ਵਿਚ ਨਹੀਂ ਇਹ ਗੱਲ ਬਹਿੰਦੀ। ਸੁਖਮਨੀ ਸਾਹਿਬ ਪੜ੍ਹਦੇ ਹਾਂ ਰੋਜ਼। ਸੁਣਦੇ ਵੀ ਰੋਜ਼ ਹਾਂ ਨਿਤਨੇਮ ਹੈ ਮੇਰਾ, ਕਹਿੰਦੇ ਹਾਂ ਦੇਖੀਂ ਕਿਤੇ ਨਿਤਨੇਮ ਨਾ ਮੇਰਾ ਰਹਿ ਜਾਏ। ਜਿਹੜੇ ਵਿਚਾਰਵਾਨ ਪੁਰਸ਼ ਹੁੰਦੇ ਨੇ ਉਹ ਕਹਿੰਦੇ ਕਿ ਤੂੰ ਬੇਸ਼ੱਕ ਥੋੜ੍ਹਾ ਪੜ੍ਹ ਲੈ, ਪਰ ਇਹ ਤਾਂ ਦੇਖ ਕਿ ਕਿਹਾ ਕੀ ਹੈ। ਉਹਨੂੰ ਵਿਚਾਰ ਕੇ ਖੜ੍ਹ ਉਸ ਥਾਂ ਦੇ ਉਤੇ। ਅਨੁਭਵ ਕਰ ਉਸ ਚੀਜ਼ ਨੂੰ ਅੰਦਰ। ਤੁਕ ਇਕੋ ਹੀ ਪੜ੍ਹ ਲੈ ਇਹਦਾ ਅਨੁਭਵ ਕਰਨਾ ਸ਼ੁਰੂ ਕਰ ਦੇ ਕਿ ਆਪੇ ਹੀ ਨਿਰੰਕਾਰ ਨੇ ਰਚਨਾ ਰਚ ਦਿਤੀ, ਹੁਣ ਆਪੇ ਹੀ ਆਪਣੀ ਰਚਨਾ ਨੂੰ ਦੇਖ ਰਿਹਾ ਹੈ।

***ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥***
***ਪਾਪ ਪੁੰਨ ਤਬ ਕਹ ਤੇ ਹੋਤਾ ॥***
***ਜਬ ਧਾਰੀ ਆਪਨ ਸੁੰਨ ਸਮਾਧਿ ॥***
***ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ ॥***
***ਜਬ ਇਸ ਕਾ ਬਰਨੁ ਚਿਹਨੁ ਨ ਜਾਪਤ ॥***
***ਤਬ ਹਰਖ ਸੋਗ ਕਹੁ ਕਿਸਹਿ ਬਿਆਪਤ ॥***
***ਜਬ ਆਪਨ ਆਪ ਆਪਿ ਪਾਰਬ੍ਰਹਮ ॥***
***ਤਬ ਮੋਹ ਕਹਾ ਕਿਸੁ ਹੋਵਤ ਭਰਮ ॥***
***ਆਪਨ ਖੇਲੁ ਆਪਿ ਵਰਤੀਜਾ ॥***
***ਨਾਨਕ ਕਰਨੈਹਾਰੁ ਨ ਦੂਜਾ ॥ ਅੰਗ – ੨੯੦***

ਮਹਾਰਾਜ ਕਹਿਣ ਲੱਗੇ ਪ੍ਰੇਮੀਓ! ਆਪ ਹੀ ਨਿਰੰਕਾਰ ਨੇ ਆਕਾਰ ਬਣਾ ਕੇ ਆਪੇ ਹੀ ਖੇਡ ਰਚੀ ਹੋਈ ਹੈ। ਇਕ ਰੂਪ ਤੋਂ ਅਨੇਕ ਰੂਪ ਉਹਨੇ ਧਾਰ ਲਏ ਨੇ। ਜਦੋਂ ਕੋਈ ਹੋਰ ਹੁੰਦਾ ਹੀ ਨਹੀਂ ਸੀਗਾ ਫੇਰ ਆਕਾਰ ਕਿੱਥੋਂ ਪੈਦਾ ਹੋ ਗਿਆ। ਉਸ ਵੇਲੇ ਤਾਂ ਪਾਪ ਨਾ ਪੁੰਨ ਕੋਈ ਚੀਜ਼ ਹੀ ਨਹੀਂ ਸੀ। ਜਦੋਂ ਆਪ ਹੀ ਆਪਣੇ ਰੰਗ ਦੇ ਵਿਚ ਸਮਾਧੀ ਵਿਚ ਨਿਰਗੁਣ ਸਰੂਪ ਸੀ, ਉਸ ਵੇਲੇ ਵੈਰ ਵਿਰੋਧ ਦਾ ਤਾਂ ਕਿਤੇ ਨਾਮ ਨਿਸ਼ਾਨ ਹੀ ਨਹੀਂ ਸੀਗਾ। ਜਦੋਂ ਇਹਦਾ ਬਰਨ ਚਿਹਨ ਹੀ ਨਹੀਂ ਸੀ ਦਿਸਦਾ ਫੇਰ ਕਿਸਨੂੰ ਹਰਖ ਹੁੰਦਾ, ਕੀਹਨੂੰ ਸੋਗ ਹੁੰਦਾ ਸੀ। ਜਦੋਂ ਆਪਣੇ ਆਪ ਆਪੇ ਹੀ ਪਾਰਬ੍ਰਹਮ ਸੀ, ਫੇਰ ਮੋਹ ਕੀਹਨੂੰ ਹੁੰਦਾ ਸੀ, ਭਰਮ ਕੀਹਨੂੰ ਹੁੰਦਾ ਸੀ, ਆਪਣੇ ਖੇਲ੍ਹ ਦੇ ਵਿਚ ਆਪੇ ਹੀ ਵਰਤ ਰਿਹਾ ਹੈ। ਹੋਰ ਇਥੇ ਕੋਈ ਹੈ ਨਹੀਂ –

***ਆਪਨ ਖੇਲੁ ਆਪਿ ਕਰਿ ਦੇਖੈ ॥***
***ਖੇਲੁ ਸੰਕੋਚੈ ਤਉ ਨਾਨਕ ਏਕੈ ॥ ਅੰਗ – ੨੯੨***

ਇਹਦੇ ਵਿਚ ਹੁਕਮ ਦੇ ਨਾਲ ਪ੍ਰਮੇਸ਼ਰ ਨੇ ਹਉਮੈ ਪਾ ਦਿਤੀ। ਹੁਕਮ ਦੇ ਨਾਲ ਭੁੱਲ ਪਈ ਹੈ। ਭੁੱਲ ਪੈਣ ਦੇ ਨਾਲ ਇਹ ਜੀਵ ਜਿਹੜਾ ਸੀ ਪ੍ਰਕਿਰਤੀ ਦੇ ਨਾਲ ਰਲ ਕੇ ਇਹੀ ਜੋਤ ਜਿਹੜੀ ਹੈ –

***ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ***
***ਤਾ ਤੂ ਜਗ ਮਹਿ ਆਇਆ ॥ ਅੰਗ – ੯੨੧***

ਜੋਤ ਤਾਂ ਸੀ ਪ੍ਰਮੇਸ਼ਰ ਦੀ ਉਹ ਰੱਖੀ ਸੀ ਇਹਦੇ ਵਿਚ। ਹੈ ਉਹ ਆਪੇ ਹੀ ਦੂਜਾ ਏਸ ਥਾਂ ਦੇ ਉਤੇ ਕੋਈ ਹੋਰ ਹੈ ਨਹੀਂ। ਕਹਿੰਦੇ, ਇਹ ਨਿਹਚੇ 'ਚ ਵਸਾਓ ਪਹਿਲਾਂ ਤੁਸੀਂ। ਜੇ ਸੰਤਾਂ ਦਾ ਬਚਨ ਕਮਾਉਣਾ ਹੈ, ਸੰਤ ਜਿਹੜਾ ਬਚਨ ਕਰਦੇ ਨੇ, ਤੱਤ ਬਚਨ ਹੁੰਦੇ ਨੇ ਸੰਤਾਂ ਦੇ। ਜਿਹਦੇ ਵਲ ਮਹਾਰਾਜ ਇਸ਼ਾਰਾ ਕਰਦੇ ਨੇ। ਇਹ ਜੇ ਬਚਨ ਤੁਸੀਂ ਕਮਾਉਣਾ ਹੈ, ਫੇਰ ਤੁਸੀਂ –

***ਸੰਤਹੁ ਸਾਗਰੁ ਪਾਰਿ ਉਤਰੀਐ ॥***
***ਜੇ ਕੋ ਬਚਨੁ ਕਮਾਵੈ ਸੰਤਨ ਕਾ***
***ਸੋ ਗੁਰ ਪਰਸਾਦੀ ਤਰੀਐ ॥ ਅੰਗ – ੭੪੭***

ਤੁਸੀਂ ਬਚਨ ਪੜ੍ਹਦੇ ਰੋਜ਼ ਹੋ, ਸੁਖਮਨੀ ਸਾਹਿਬ ਦਾ ਪਾਠ ਕਰਦੇ ਓਂ ਤੇ ਏਸ ਬਚਨ ਨੂੰ ਕਮਾਓ। ਇਹ

ਸੰਸਾਰ ਦੇ ਉਤੇ ਪਹਿਲਾਂ ਨਿਹਚੇ 'ਚ ਲਿਆਓ ਕਿ ਇਥੇ ਹੋਰ ਕੋਈ ਹੈ ਨਹੀਂ। ਆਪੇ ਹੀ ਹੈ ਪ੍ਰਮੇਸ਼ਰ, ਕਿਉਂਕਿ ਪਹਿਲਾਂ ਵੀ ਆਪ ਸੀ।

***ਆਦਿ ਸਚੁ ਜੁਗਾਦਿ ਸਚੁ॥***
***ਹੈ ਭਈ ਸਚੁ ਨਾਨਕ ਹੋਸੀ ਭੀ ਸਚੁ॥ ਅੰਗ - 1***

ਪਹਿਲਾਂ ਵੀ ਸੱਚ ਸੀਗਾ, ਸਮਾਂ ਚਲ ਪਿਆ ਤਾਂ ਵੀ ਉਹ ਸੱਚ ਸੀਗਾ, ਹੁਣ ਵੀ ਆਪੇ ਹੀ ਹੈ, ਜਦੋਂ ਕੁਛ ਵੀ ਨਹੀਂ ਹੋਏਗਾ, ਫੇਰ ਉਹ ਆਪੇ ਹੀ ਹੋਵੇਗਾ।

***ਆਦਿ ਪੂਰਨ ਮਧਿ ਪੂਰਨ***
***ਅੰਤਿ ਪੂਰਨ ਪਰਮੇਸੁਰਹ॥ ਅੰਗ - ੭੦੫***

ਇਥੇ ਗੈਰ ਚੀਜ਼ ਨਹੀਂ ਹੈ ਕੋਈ ਵੀ। ਉਹ ਇਕ ਖੇਲ੍ਹ ਹੋ ਰਿਹਾ ਹੈ। ਹਉਮੈ ਦ੍ਰਿਸ਼ਟੀ ਵਿਚ ਪਾ ਦਿਤੀ ਪ੍ਰਕ੍ਰਿਤੀ ਵਿਚ ਉਹਦੇ ਨਾਲ ਭੁੱਲ ਕੇ, ਹੈ ਵਾਹਿਗੁਰੂ ਹੀ, ਉਹਨੂੰ ਜੀਵ ਕਹਿਣਾ ਸ਼ੁਰੂ ਕਰ ਦਿਤਾ।

***ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ ॥***
***ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ ॥***
***ਅੰਗ - ੨੯੨***

ਆਪੇ ਹੀ ਪਸਰਿਆ ਹੈ।

***ਜਬ ਉਦਕਰਖ ਕਰਾ ਕਰਤਾਰਾ॥***
***ਪ੍ਰਜਾ ਧਰਤ ਤਬ ਦੇਹ ਅਪਾਰਾ॥***
***ਜਬ ਆਕਰਖ ਕਰਤ ਹੋ ਕਬਹੂੰ॥***
***ਤੁਮ ਮੈਂ ਮਿਲਤ ਦੇਹ ਧਰ ਸਭਹੂੰ॥***
***ਕਬਜੋ ਬਾਚ ਬੇਨਤੀ ਚੌਪਈ, ਪਾਤਸ਼ਾਹੀ ੧੦***

ਜਦੋਂ ਫੈਲਦਾ ਹੈ, ਆਪੇ ਹੀ ਇਕ ਤੋਂ ਅਨੇਕ ਰੂਪ ਹੋ ਜਾਂਦਾ ਹੈ, ਜਦੋਂ ਖਿੱਚ ਲੈਂਦਾ ਹੈ ਪਿਛੇ ਨੂੰ ਤਾਂ ਵੀ ਆਪੇ ਹੀ ਆਪ ਹੋ ਜਾਂਦਾ ਹੈ।

***ਆਪਿ ਕਥੈ ਆਪਿ ਸੁਨਨੈਹਾਰੁ ॥***
***ਆਪਹਿ ਏਕੁ ਆਪਿ ਬਿਸਥਾਰੁ ॥***
***ਅੰਗ - ੨੯੨***

ਆਪੇ ਹੀ ਸੁਣ ਰਿਹਾ ਹੈ। ਇਕ ਤੋਂ ਹੀ ਆਪੇ ਹੀ ਵਿਸਥਾਰ ਕਰਕੇ ਬੇਅੰਤ ਚੀਜ਼ਾਂ ਬਣ ਗਈਆਂ। ਬੇਅੰਤ ਬ੍ਰਹਿਮੰਡ ਜਿਨ੍ਹਾਂ ਦਾ ਕੋਈ ਹਿਸਾਬ ਕਿਤਾਬ ਹੀ ਨਹੀਂ ਹੈ।

ਇਕ ਡਾਕਟਰ ਸੀਗਾ ਸਟੀਫਨ, ਵਿਚਾਰਾ ਜਹਾਜ਼ ਗਿਰ ਕੇ ਚੜ੍ਹਾਈ ਕਰ ਗਿਆ। ਦੁਨੀਆਂ ਨੂੰ ਬੜਾ ਅਫਸੋਸ ਹੋਇਆ, ਕਿਉਂਕਿ ਵੱਡਾ ਸਾਇੰਸਦਾਨ ਸੀ ਉਹ। ਨਿਊਟਨ ਵਗੈਰਾ ਤੋਂ ਬਾਅਦ। ਉਹਨੇ ਦੁਨੀਆਂ ਬਾਰੇ ਦੱਸਿਆ ਸੀ ਕਿ ਇਹ ਕਿਵੇਂ ਪੈਦਾ ਹੁੰਦੀ ਹੈ, ਲੇਕਿਨ ਉਹ ਅੰਤ ਦੇ ਉਤੇ ਜਾ ਕੇ ਘਬਰਾ ਗਿਆ ਕਿ ਮੈਨੂੰ ਪੂਰਾ ਪਤਾ ਨਹੀਂ ਲਗਦਾ। ਉਹ ਐਉਂ ਘਬਰਾ ਗਿਆ ਕਿ ਜਦੋਂ ਛੋਟੇ ਤੋਂ ਛੋਟਾ ਨਿਰਗੁਨ ਸਰੂਪ 'ਚ ਇਹ ਸੰਸਾਰ ਆਉਂਦਾ ਹੈ, ਵਾਹਿਗੁਰੂ ਤਾਂ ਉਹ ਕਹਿੰਦਾ ਨਹੀਂ ਸੀਗਾ, ਸੰਸਾਰ ਨੂੰ ਹੀ ਕਹਿੰਦਾ ਸੀ। ਜਦੋਂ ਆਹ ਮੈਟਰ, ਸੁਪਰ ਮੈਟਰ ਬਨਦਾ ਹੈ, ਇਕ ਪੁਆਇੰਟ ਬਣਦਾ ਹੈ ਉਹ ਕਿੰਨਾ ਛੋਟਾ ਪੁਆਇੰਟ ਹੈ। ਉਹਨੇ ਅਨੁਮਾਨ ਲਾਉਂਣ ਦਾ ਯਤਨ ਕਰਿਆ ਕਿ 0000000.........000 ਲਾਉਂਦਾ ਹੋਇਆ 80 ਜ਼ੀਰੋ ਲਾ ਕੇ, ਪੁਆਇੰਟ ਲਾ ਕੇ ਬਾਅਦ ਵਿਚ 1 ਲਗਾ ਦਿਤਾ। ਇਹ ਹਿਸਾਬ ਜਿਹੜੇ ਪੜ੍ਹੇ ਹੋਏ ਨੇ ਉਹ ਤਾਂ ਸਮਝ ਜਾਂਦੇ ਨੇ ਇਸ ਗੱਲ ਨੂੰ ਕਿ ਕੀ ਗੱਲ ਹੈ। ਦੂਜਿਆਂ ਨੂੰ ਨਹੀਂ ਪਤਾ ਲਗਦਾ ਕਿ ਇਹ ਕੀ ਗੱਲ ਹੈ ਕਿਉਂਕਿ ਮਨ ਵਿਚ ਆਉਂਦੀ ਨਹੀਂ ਇਹ ਗੱਲ। ਉਸ ਤੋਂ ਬਾਅਦ ਉਹਨੇ ਲਿਖ ਦਿਤਾ **infinity** ਕਿ ਇਥੇ ਵੀ ਨਹੀਂ ਤੁਸੀਂ ਜੇ ਕਰੋੜ ਸਾਲ ਜ਼ੀਰੋ-ਜ਼ੀਰੋ ਲਾਈ ਜਾਓ, ਫੇਰ ਏਕਾ ਲਾ ਦਿਓ, ਫੇਰ ਵੀ ਉਹਦਾ ਨਹੀਂ ਪਤਾ ਲਗਦਾ ਕਿ ਐਨਾ ਛੋਟਾ ਹੈ। ਮਹਾਰਾਜ ਕਹਿੰਦੇ ਨੇ -

***ਸੂਛਮ ਤੇ ਸੂਛਮ ਕਰ ਚੀਨੇ ਬ੍ਰਿਧਨ ਬ੍ਰਿਧ ਬਤਾਏ॥***
***ਭੂਮਿ ਅਕਾਸ ਪਤਾਲ ਸਭੈ***
***ਸਜਿ ਏਕ ਅਨੇਕ ਸਦਾਏ॥***
***ਸ਼ਬਦ ਹਜ਼ਾਰੇ ਪਾਤਸ਼ਾਹੀ ੧੦***

ਜਦੋਂ **expend** ਹੁੰਦਾ ਹੈ ਫੇਰ ਉਹਨੇ 80 ਜ਼ੀਰੋ ਲਾ ਕੇ ਏਕਾ ਲਾ ਕੇ, **infinity** ਲਿਖ ਦਿਤੀ। ਅਖੀਰ ਤੇ ਉਸਦਾ ਲਿਖਿਆ ਹੋਇਆ ਹੈ ਆਖਰੀ ਪੇਜ਼ ਤੇ ਕਿ ਮੈਂ **Confuse** ਹੋ ਗਿਆ, ਮੈਂ ਨਹੀਂ ਦੱਸ ਸਕਦਾ ਕਿਉਂਕਿ ਮੈਂ ਇਹੋ ਜਿਹਾ ਵਿਸ਼ਾ ਛੋਹ ਲਿਆ, ਬੇਅੰਤ ਨੂੰ ਮੈਂ ਅੰਤ ਵਿਚ ਲਿਆਉਣ ਦਾ ਮੈਂ ਯਤਨ ਕਰਿਆ। ਮਹਾਰਾਜ ਕਹਿੰਦੇ ਨੇ ਕਿ ਪ੍ਰੇਮੀਆ, ਕਿਉਂ ਗਲਤੀ ਕਰਦਾ ਹੈਂ -

***ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥***
***ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥***
***ਅੰਗ - ੫***

ਉਹੀ ਜਾਣਦਾ ਹੈ ਆਪਣੇ ਪਸਾਰੇ ਨੂੰ। ਉਹੀ ਜਾਣਦਾ ਹੈ ਨਿਰਗੁਣ ਸਰੂਪ ਦੀ ਅਵਸਥਾ ਨੂੰ, ਬੰਦਾ ਨਹੀਂ ਦਸ ਸਕਦਾ ਕਿਉਂਕਿ ਇਹ ਪ੍ਰਕ੍ਰਿਤੀ ਦਾ ਬਣਿਆ ਹੋਇਆ ਹੈ, ਮਾਇਆ ਦਾ ਬਣਿਆ ਹੋਇਆ ਹੈ। ਸੋ ਮਹਾਰਾਜ ਤੱਤ ਗੱਲ ਤਾਂ ਇਹ ਹੈ ਕਿ -

***ਆਪਿ ਕਥੈ ਆਪਿ ਸੁਨਨੈਹਾਰੁ ॥***
***ਆਪਹਿ ਏਕੁ ਆਪਿ ਬਿਸਥਾਰੁ ॥***
***ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥***
***ਆਪਨੈ ਭਾਣੈ ਲਏ ਸਮਾਏ ॥***
***ਤੁਮ ਤੇ ਭਿੰਨ ਨਹੀ ਕਿਛੁ ਹੋਇ ॥***
***ਆਪਨ ਸੂਤਿ ਸਭੁ ਜਗਤੁ ਪਰੋਇ ॥***
***ਅੰਗ - ੨੯੨***

ਜਦੋਂ ਉਹਨੂੰ ਭਾਅ ਜਾਂਦਾ ਹੈ ਉਥੇ ਗਿਣਤੀ ਮਿਣਤੀ ਨਹੀਂ ਹੈ। ਉਹ ਵਿਸ਼ਸ਼ੇਕ ਜਿਹੜਾ ਸ਼ਾਸਤਰ ਹੈ

ਉਹ **time limit** ਕਰਦਾ ਹੈ।

***ਕਾਲ ਪਾਇ ਬ੍ਰਹਮਾ ਬਪੁ ਧਰਾ॥***
***ਕਾਲ ਪਾਇ ਸਿਵਜੂ ਅਵਤਰਾ॥***
***ਕਾਲ ਪਾਇ ਕਰਿ ਬਿਸਨ ਪ੍ਰਕਾਸਾ॥***
***ਸਕਲ ਕਾਲ ਕਾ ਕੀਆ ਤਮਾਸਾ॥*** **ਕਬਜੋ ਬਾਚ ਬੇਨਤੀ ਚੌਪਈ, ਪਾਤਸ਼ਾਹੀ ੧੦**

ਕਿ ਸਮੇਂ ਨਾਲ ਇਹ ਪੈਦਾ ਹੁੰਦੀਆਂ ਨੇ ਸਾਰੀਆਂ ਚੀਜ਼ਾਂ। ਮਹਾਰਾਜ ਕਹਿੰਦੇ ਪ੍ਰਕਿਰਤੀ ਦਾ ਤਾਂ ਸਮਾਂ ਬੰਨ੍ਹਿਆ ਜਾ ਸਕਦਾ ਹੈ। ਪ੍ਰਕ੍ਰਿਤੀ ਦੇ ਅੰਦਰ ਜਿਹੜੇ ਐਕਸ਼ਨ ਹੋ ਰਹੇ ਨੇ, ਇਹਦਾ ਤਾਂ ਸਮਾਂ ਬੰਨ੍ਹ ਹੋ ਜਾਂਦਾ ਹੈ ਕਿ ਆਹ ਦਰਖਤ ਪੈਦਾ ਹੋਇਆ ਹੈ ਇਹਦੀ ਉਮਰ ਕਿੰਨੀ ਹੈ। ਕੋਈ ਮਸ਼ੀਨਾਂ ਆ ਜਾਣਗੀਆਂ ਜੋ ਦੱਸ ਦੇਣਗੀਆਂ ਕਿ ਆਹ ਬੂਟਾ ਜਿਹੜਾ ਹੈ ਏਸ ਧਰਤੀ ਤੇ ਐਨੇ ਸਾਲ ਦਾ ਹੋਏਗਾ। ਲੇਕਿਨ ਪ੍ਰਮੇਸ਼ਰ ਦੀ ਮਰਜ਼ੀ ਨੂੰ ਨਹੀਂ ਕੋਈ ਬੰਨ੍ਹ ਸਕਦਾ ਕਿ ਕਦੋਂ ਸ੍ਰਿਸ਼ਟੀ ਪੈਦਾ ਕਰੇਗਾ, ਕਿਉਂਕਿ ਇਹ ਉਪਰਲੀ ਗੱਲ ਹੈ। ਮਹਾਰਾਜ ਕਹਿੰਦੇ, ਜਦੋਂ ਉਹਨੂੰ ਭਾਉਂਦਾ ਹੈ ਨਾ–

***ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥***
***ਆਪਨੈ ਭਾਣੈ ਲਏ ਸਮਾਏ ॥*** ***ਅੰਗ - ੨੯੨***

ਉਹਦੀ ਮਰਜ਼ੀ ਹੈ ਜਦੋਂ ਸਭ ਕੁਛ ਨੂੰ ਸਮਾਉਣਾ ਹੁੰਦਾ ਹੈ ਨਾ, ਫਿਰ ਕੁਛ ਨਹੀਂ ਬਾਕੀ ਬਚਦਾ। ਇਹਦੇ ਉਤੇ ਅਸੀਂ ਹੈਰਾਨ ਹੁੰਦੇ ਹਾਂ। ਆਪਾਂ ਨੂੰ ਸੁਪਨਾ ਆ ਰਿਹਾ ਹੈ ਬਹੁਤ ਵੱਡਾ, ਉਹ ਸੁਪਨਾ ਬਿਲਕੁਲ ਸੱਚ ਪ੍ਰਤੀਤ ਦੇ ਰਿਹਾ ਹੈ, ਐਸੇ ਸੁਪਨੇ ਆਉਂਦੇ ਨੇ, ਹਰ ਬੰਦੇ ਨੂੰ ਆਉਂਦੇ ਨੇ, ਬਿਲਕੁਲ ਸੱਚ ਲੱਗੇਗਾ, ਘਬਰਾ ਜਾਂਦਾ ਹੈ, ਅਚਾਨਕ ਜਾਗ ਆ ਜਾਂਦੀ ਹੈ, ਜਾਗ ਆਉਣ ਤੇ ਆਹ ਜਿਹੜੇ ਦਰਿਆ ਉਛਲਦੇ ਸੀ, ਪਹਾੜ ਸੀਗੇ, ਜਾਨਵਰ ਨੱਠੇ ਫਿਰਦੇ ਸੀ ਮਗਰ ਉਹ ਕਿੱਥੇ ਚਲੇ ਗਏ ਸਾਰੇ। ਕੋਈ ਵਜੂਦ ਬਚਿਆ ਉਨ੍ਹਾਂ ਦਾ। ਉਹ ਤਾਂ **mind** ਦੀ ਸਟੇਟ ਸੀ, ਜਿਹਨੂੰ ਸੁਪਨਾ ਕਹਿੰਦੇ ਨੇ। ਅਸਲ ਵਿਚ ਉਹ ਸੱਚ ਨਹੀਂ ਸੀਗਾ ਤੇ ਉਹ ਅੰਦਰੋਂ ਹੀ ਪੈਦਾ ਹੋਇਆ ਸੀ, ਅੰਦਰ ਹੀ ਸਮਾਅ ਗਿਆ। ਉਹਦੀ ਯਾਦ ਤਾਂ ਰਹਿ ਜਾਂਦੀ ਹੈ, ਲੇਕਿਨ ਉਹਦਾ ਵਜੂਦ ਨਹੀਂ ਰਹਿੰਦਾ ਕਿ ਉਹ ਜਿਹੜੇ ਪਹਾੜ ਸੀਗੇ ਉਹ ਕਿੱਥੇ ਗਏ। ਜਿਹੜੇ ਪਾਨੀ ਵਿਚ ਮੈਂ ਡੁੱਬਦਾ ਸੀ ਉਹ ਪਾਨੀ ਕਿੱਥੇ ਚਲਿਆ ਗਿਆ। ਜਿਹੜੇ ਮੇਰੇ ਮਗਰ ਸ਼ਸਤਰ ਲਈ ਫਿਰਦੇ ਸੀ ਉਹ ਬੰਦੇ ਕਿੱਥੇ ਚਲੇ ਗਏ? ਜਿਹੜੇ ਜਾਨਵਰ ਮੇਰੇ ਮਗਰ ਤੁਰੇ ਫਿਰਦੇ ਸੀ ਉਹ ਕਿੱਥੇ ਚਲੇ ਗਏ। ਕੁਛ ਨਹੀਂ ਪਤਾ ਲਗਦਾ।

***ਤੁਮ ਤੇ ਭਿੰਨ ਨਹੀ ਕਿਛੁ ਹੋਇ ॥***
***ਆਪਨ ਸੂਤਿ ਸਭੁ ਜਗਤੁ ਪਰੋਇ ॥***
***ਅੰਗ - ੨੯੨***

ਜਿਵੇਂ ਆਹ ਇਕ ਕੱਪੜਾ ਬਣਿਆ ਹੋਇਆ ਹੈ, ਆਹ ਇਕ ਤਾਣਾ ਹੈ ਤੇ ਇਕ ਬਾਣਾ ਹੈ। ਉਹਨੂੰ ਅਸੀਂ ਕੱਪੜਾ ਕਹਿ ਦਿੰਦੇ ਹਾਂ ਕਿ ਕੱਪੜਾ ਬਣ ਗਿਆ, ਹੈਗਾ ਤਾਂ ਸੂਤ ਹੀ। ਇਸੇ ਤਰ੍ਹਾਂ ਦੇ ਨਾਲ ਸਾਰੀ ਸ੍ਰਿਸ਼ਟੀ ਦਾ ਪਸਾਰਾ ਹੈ –

***ਜਾ ਕਉ ਪ੍ਰਭ ਜੀਉ ਆਪਿ ਬੁਝਾਏ ॥***
***ਸਚੁ ਨਾਮੁ ਸੋਈ ਜਨੁ ਪਾਏ ॥*** ***ਅੰਗ - ੨੯੨***

ਆਪੇ ਹੀ ਜੀਵ ਬਣ ਕੇ ਵਾਹਿਗੁਰੂ ਆਪਣੇ ਆਪ ਤੇ ਕ੍ਰਿਪਾ ਕਰਦਾ ਹੈ। ਉਹਨੂੰ ਕੀ ਹੁੰਦਾ ਹੈ? ਉਹਨੂੰ ਆਹ ਅਨੁਭਵ ਹੋ ਜਾਂਦਾ ਹੈ ਜਿਹੜੇ ਆਪਾਂ ਬਚਨ ਕਰਦੇ ਹਾਂ। ਪ੍ਰਤੱਖ ਅਨੁਭਵ ਹੋ ਜਾਂਦਾ ਹੈ ਕਹਿਣ ਤੋਂ ਉਪਰ ਗੱਲ ਬਣ ਜਾਂਦੀ ਹੈ। ਇਹਨੂੰ ਨਾਮ ਦੀ ਪ੍ਰਾਪਤੀ ਕਹਿੰਦੇ ਨੇ।

***ਸੋ ਸਮਦਰਸੀ ਤਤ ਕਾ ਬੇਤਾ ॥***
***ਨਾਨਕ ਸਗਲ ਸ੍ਰਿਸਟਿ ਕਾ ਜੇਤਾ ॥***
***ਅੰਗ - ੨੯੨***

ਉਹ ਸਮਦਰਸ਼ੀ ਪੁਰਸ਼ ਹੋ ਜਾਂਦਾ ਹੈ, ਤਤ੍ਵ ਦਾ ਗਿਆਨ ਹੋ ਜਾਂਦਾ ਹੈ ਤੇ ਸਾਰੀ ਸ੍ਰਿਸ਼ਟੀ ਦਾ ਜੇਤਾ ਬਣ ਜਾਂਦਾ ਹੈ। ਹੁਣ ਇਹਦੇ 'ਚ ਇਹ ਹੁੰਦਾ ਹੈ ਕਿ ਜਿਹੜੇ ਸਿਆਣੇ ਬੰਦੇ ਕਹਿੰਦੇ ਨੇ ਕਿ ਅਸੀਂ ਫੇਰ ਬਣ ਕਿਵੇਂ ਗਏ, ਅਸੀਂ ਜੀਵ ਬਣ ਗਏ, ਭੁੱਲ ਗਏ ਆਪਣੇ ਆਪ ਨੂੰ, ਆਹ ਕਿਵੇਂ ਹੋਈ ਗੱਲ? ਜੇ ਵਿਸਤਾਰ ਨਾਲ ਗੱਲ ਸੁਣੀ ਜਾਵੇ, ਫੇਰ ਸਮਝ ਵਿਚ ਆ ਜਾਂਦੀ ਹੈ। ਇਕ ਤੱਤ ਹੈ ਜਿਹਨੂੰ ਮਹਿ ਤੱਤ ਕਹਿੰਦੇ ਨੇ, ਉਹਦੇ ਵਿਚ ਗਿਆਨ ਹੋਇਆ ਕਰਦਾ ਹੈ। ਤ੍ਰਿਗੁਣੀ ਮਾਇਆ ਦੇ ਵਿਚ ਉਹ ਤੱਤ ਹੁੰਦਾ ਹੈ। ਉਹਦੇ ਵਿਚ ਹਉਮੈ ਪੈਦਾ ਹੋ ਜਾਂਦੀ ਹੈ, ਸਭ ਤੋਂ ਪਹਿਲਾਂ ਅਹੰਕਾਰ ਦਾ ਤੱਤ ਪੈਦਾ ਹੋਇਆ, ਹਉਮੈ ਦਾ। ਉਸ ਤੋਂ ਪੰਜ ਤਨਮਾਤਰਾ ਹੋਈਆਂ ਨੇ – ਸ਼ਬਦ, ਸਪਰਸ਼, ਰੂਪ, ਰਸ, ਗੰਧ। ਇਹ ਸਰੀਰ ਵਿਚ ਨੇ, ਹਰੇਕ ਦੇ ਅੰਦਰ ਨੇ, ਸ਼ਬਦ ਵੀ ਹੈ, ਲੇਕਿਨ ਜਿਹਦੇ ਵਿਚ ਜ਼ਿਆਦਾ ਹੈ ਸ਼ਬਦ – ਹਰਨ ਨੂੰ ਘੰਡੇਹੇੜੇ ਦਾ ਸ਼ਬਦ ਵਜਾ ਦਿਓ ਉਹਦੀ ਸੇਧ ਵਿਚ ਜਾ ਕੇ ਮਰ ਜਾਂਦਾ ਹੈ, ਸ਼ਿਕਾਰੀ ਫੜ ਲੈਂਦਾ ਹੈ। ਮੱਛੀ ਵਿਚ ਰਸ ਹੈ, ਉਹ ਨਹੀਂ ਦੇਖਦੀ ਕਿ ਕੁੰਡੀ ਮੇਰੇ ਗਲ ਵਿਚ ਫਸ ਜਾਏਗੀ, ਇਕ ਦਮ ਜਾ ਕੇ ਪੈਂਦੀ ਹੈ ਆਟੇ ਨੂੰ, ਜਾਂ ਕੋਈ ਚੀਜ਼ ਲਾਈ ਹੋਵੇ, ਇਕ ਦਮ ਅੰਦਰ ਨਿਗਲ ਲੈਂਦੀ ਹੈ। ਉਹਦੇ ਨਾਲ ਉਹਦੀ ਮੌਤ ਹੁੰਦੀ ਹੈ। ਹਾਥੀ ਵਿਚ ਕਾਮ ਦਾ ਰਸ ਹੈ, ਸਪਰਸ਼ ਦਾ। ਉਹ ਟੋਆ ਪੁੱਟ ਕੇ ਉਪਰ ਛੱਤ ਪਾ ਦਿੰਦੇ ਨੇ, ਉਹ ਜਦੋਂ ਆਉਂਦਾ ਹੈ ਨੱਠਿਆ, ਹੱਥਣੀ ਕਾਗਜ਼ਾਂ ਦੀ ਦੇਖ ਕੇ, ਵਿਚਾਰ ਨਹੀਂ ਕਰਦਾ, ਫੇਰ ਆ ਕੇ ਟੋਏ ਵਿਚ ਗਿਰ ਜਾਂਦਾ ਹੈ, ਉਹਨੂੰ ਬੰਦਾ ਭੁੱਖਾ ਤਿਹਾਇਆ ਰੱਖ ਕੇ ਕਾਬੂ ਕਰ ਲੈਂਦਾ ਹੈ। ਭਵਰੇ ਦੇ ਵਿਚ ਵਾਸ਼ਨਾ ਦਾ ਰਸ ਹੈ। ਰੂਪ ਜਿਹੜਾ ਹੈ ਇਹ ਪਰਵਾਨੇ ਵਿਚ ਹੈ, ਇਹ ਆ ਕੇ ਦੀਵੇ ਤੇ ਲੱਗੀ ਜਾਂਦਾ ਹੈ ਤੇ ਆ ਕੇ ਜਲੀ ਜਾਂਦਾ ਹੈ।

ਆਦਮੀ ਵਿਚ ਪੰਜੇ ਹੀ ਨੇ, ਇਹ ਪੰਜੇ ਜੋ ਤੱਤ ਨੇ ਇਨ੍ਹਾਂ ਨੂੰ ਤਨ ਮਾਤਰਾ ਕਹਿੰਦੇ ਨੇ। ਇਨ੍ਹਾਂ ਤੋਂ ਪੰਜ ਤੱਤ ਬਣੇ। ਸ਼ਬਦ ਤੋਂ ਆਕਾਸ਼ ਹੋਇਆ, ਸਪਰਸ਼ ਤੋਂ ਹਵਾ ਬਣੀ, ਰੂਪ ਤੋਂ ਅੱਗ ਬਣੀ, ਰਸ ਤੋਂ ਪਾਣੀ ਬਣਿਆ, ਗੰਧ ਤੋਂ ਮਿਟੀ ਬਣੀ। ਸੋ ਇਸ ਤਰ੍ਹਾਂ ਸ੍ਰਿਸ਼ਟੀ ਸ਼ੁਰੂ ਹੋ ਕੇ ਇਹਦੇ ਵਿਚੋਂ ਫੇਰ ਅੱਗੇ ਹੁਕਮ ਦੇ ਨਾਲ ਸਰੀਰ ਆਕਾਰ ਬਣਨੇ ਸ਼ੁਰੂ ਹੋ ਗਏ। ਆਕਾਰ ਬਣ ਕੇ ਜਿਹੜੇ ਜੋਤੀ ਸੀ ਇਹ ਹੇਠਾਂ ਨੂੰ ਚੱਲ ਪਈ – ਪ੍ਰਮੇਸ਼ਰ ਦੀ ਜੋਤੀ। ਪਹਿਲਾਂ ਜਦੋਂ ਇਹ ਆਈ ਤਾਂ ਅਨੰਦ ਦੇ ਵਿਚ ਆ ਕੇ ਇਸਨੇ ਆਪਣੇ ਆਪ ਨੂੰ ਮਹਿਸੂਸ ਕਰਿਆ ਤੇ ਅੱਡ ਹੋ ਗਈ ਪ੍ਰਮੇਸ਼ਰ ਤੋਂ। ਚੱਕਰ ਬੱਝ ਗਿਆ, ਉਹਨੂੰ ਅਨੰਦਮਯ ਕੋਸ਼ ਕਹਿੰਦੇ ਨੇ। ਫੇਰ ਉਸ ਤੋਂ ਅੱਗੇ ਥੱਲੇ ਨੂੰ ਹੋਰ ਚੱਲੀ, ਇਥੇ ਆ ਕੇ ਬੁੱਧੀ ਦੇ ਵਿਚ ਆ ਗਈ, ਨਿਰਣਾ ਸ਼ਕਤੀ ਪੈਦਾ ਹੋ ਗਈ, ਇਹਨੂੰ ਵਿਗਿਆਮਯ ਕੋਸ਼ ਕਹਿੰਦੇ ਨੇ। ਇਸ ਤੋਂ ਹੇਠ ਹੋਰ ਚੱਲੀ ਤਾਂ ਫੁਰਨੇ ਆ ਗਏ, ਇਹਦੇ ਵਿਚ ਕਿੰਨੇ ਭਾਵ ਪੈਦਾ ਹੋ ਗਏ, ਅਹੰਕਾਰ ਵੀ ਪੈਦਾ ਹੋ ਗਿਆ, ਵਿਰੋਧ ਵੀ ਪੈਦਾ ਹੋ ਗਿਆ, ਕ੍ਰੋਧ ਵੀ ਪੈਦਾ ਹੋ ਗਿਆ, ਲੋਭ ਵੀ ਪੈਦਾ ਹੋ ਗਿਆ, ਮੋਹ ਵੀ ਪੈਦਾ ਹੋ ਗਿਆ, ਕਾਮ ਵੀ ਪੈਦਾ ਹੋ ਗਿਆ ਇਥੇ ਆ ਕੇ ਮਨੋਮਯ ਕੋਸ਼ ਵਿਚ ਫਸ ਗਈ। ਕੋਸ਼ ਕਹਿੰਦੇ ਨੇ ਪੜਦੇ ਨੂੰ, ਆਲੇ ਦੁਆਲੇ ਪੜਦਾ ਹੋ ਗਿਆ ਇਹਦੇ। ਤਿੰਨ ਥਾਵਾਂ ਤੋਂ ਹੇਠਾਂ ਆ ਗਈ, ਇਥੋਂ ਹੇਠਾਂ ਆ ਕੇ ਪ੍ਰਾਣਾਂ 'ਚ ਆ ਗਈ, ਪ੍ਰਾਣਮਯ ਕੋਸ਼। ਇਥੋਂ ਆਹ ਸਰੀਰ ਦੇ ਵਿਚ ਆ ਕੇ ਨਾ ਇਹ ਹੁਣ ਜ਼ੋਰ ਲਾ ਲਓ ਜਿੰਨਾਂ ਲਗਦਾ ਹੈ, ਕਿੰਨੇ ਹੀ ਉਪਦੇਸ਼ ਦੇ ਲਓ, ਕਿੰਨਾਂ ਹੀ ਸਮਝਾਈ ਜਾਓ ਕਿ ਸੰਤਾਂ ਦੇ ਬਚਨ ਨਾਲ ਪਾਰ ਹੋਣਾ ਹੈ –

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ ਅੰਗ - ੭੪੭*

ਕਮਾਉਣਾ ਤਾਂ ਵੱਖਰੀ ਗੱਲ ਰਹਿ ਗਈ, ਮੰਨਣਾ ਵੀ ਨਹੀਂ ਅਸੀਂ ਇਸ ਗੱਲ ਨੂੰ। ਜਦੋਂ ਮੰਨਾਂਗੇ ਸਰੀਰ–ਜਦੋਂ ਮੰਨਾਂਗੇ ਸਰੀਰ। ਇਹ ਜੋਤ ਪੰਜਵੇਂ ਥਾਉਂ ਹੇਠਾਂ ਆ ਗਈ। ਇਸ ਤਰ੍ਹਾਂ ਕਬੀਰ ਸਾਹਿਬ ਦਾ ਫੁਰਮਾਨ ਹੈ –

*ਕਬੀਰ ਨਿਰਮਲ ਬੂੰਦ ਅਕਾਸ ਕੀ*
*ਲੀਨੀ ਭੂਮਿ ਮਿਲਾਇ ॥*
*ਅਨਿਕ ਸਿਆਨੇ ਪਚਿ ਗਏ*
*ਨਾ ਨਿਰਵਾਰੀ ਜਾਇ॥ ਅੰਗ - ੧੩੭੫*

ਕਹਿੰਦੇ ਜਿਹੜੀ ਉਹ ਜੋਤ ਸੀ ਵਾਹਿਗੁਰੂ ਦੀ ਆ ਕੇ ਪ੍ਰਕ੍ਰਿਤੀ ਵਿਚ ਰਲ ਗਈ। ਹਉਮੈ ਨੇ ਘੇਰਾ ਪਾ ਦਿਤਾ ਇਹਦੇ ਉਤੇ। ਹੁਣ ਸਾਰੇ ਸਿਆਣੇ ਜ਼ੋਰ ਲਾਉਂਦੇ ਨੇ ਇਹ ਨਿਕਲਦੀ ਨਹੀਂ। ਅੱਡ ਨਹੀਂ ਹੁੰਦੀ। ਕਿਉਂ ਨਹੀਂ ਅੱਡ ਹੁੰਦੀ? ਕਿਉਂਕਿ ਇਹ ਪ੍ਰਮੇਸ਼ਰ ਨਾਲੋਂ ਟੁੱਟਿਆ ਹੋਇਆ ਹੈ।

*ਕਬੀਰ ਨਿਰਮਲ ਬੂੰਦ ਅਕਾਸ ਕੀ*
*ਪਰਿ ਗਈ ਭੂਮਿ ਬਿਕਾਰ॥*
*ਬਿਨੁ ਸੰਗਤਿ ਇਉ ਮਾਂਨਈ*
*ਹੋਇ ਗਈ ਭਠ ਛਾਰ ॥ ਅੰਗ - ੧੩੭੫*

ਇਹ ਜੋਤ ਸੀ ਨਾ –

*ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ*
*ਤਾ ਤੂ ਜਗ ਮਹਿ ਆਇਆ ॥*
*ਹਰਿ ਜੋਤਿ ਰਖੀ ਤੁਧੁ ਵਿਚਿ*
*ਤਾ ਤੂ ਜਗ ਮਹਿ ਆਇਆ ॥ ਅੰਗ - ੯੨੧*

ਇਹ ਜੋਤ ਜਿਹੜੀ ਸਰੀਰ ਦੇ ਵਿਚ ਸੀ ਉਹ ਵਾਹਿਗੁਰੂ ਹੈ। ਵਾਹਿਗੁਰੂ ਤੋਂ ਅੱਡ ਨਹੀਂ ਹੈ ਕੋਈ ਚੀਜ਼ ਵੀ। ਉਹ ਸਰੀਰ ਦੇ ਨਾਲ ਲੱਗਣ ਕਰਕੇ, ਵੱਖਰੀ ਹਉਮੈ ਹੋਣ ਕਰਕੇ ਵੱਖਰਾ ਅਨੁਭਵ ਜਾਗ ਪਿਆ।

ਗੁਰੂ ਛੇਵੇਂ ਪਾਤਸ਼ਾਹ ਨੂੰ ਇਨ੍ਹਾਂ ਨੇ ਸਵਾਲ ਕਰਿਆ ਕਿ ਸੱਚੇ ਪਾਤਸ਼ਾਹ! ਜੇ ਇਕ ਨੂੰ ਗਿਆਨ ਹੋ ਜਾਵੇ, ਜੇ ਇਕੋ ਹੀ ਜੋਤ ਹੈ ਸਾਰਿਆਂ ਦੇ ਅੰਦਰ ਤਾਂ ਫੇਰ ਸਾਰਿਆਂ ਨੂੰ ਹੀ ਹੋ ਜਾਣਾ ਚਾਹੀਦਾ ਹੈ। ਇਕ ਜੇ ਰੋਟੀ ਖਾ ਲਵੇ ਫੇਰ ਸਾਰਿਆਂ ਦੀ ਭੁੱਖ ਦੂਰ ਹੋ ਜਾਣੀ ਚਾਹੀਦੀ ਹੈ। ਮਹਾਰਾਜ ਕਹਿੰਦੇ, ਪ੍ਰੇਮੀਓ! ਐਉਂ ਨਹੀਂ ਹੁੰਦਾ। ਘੜੇ ਪਏ ਨੇ ਬੇਅੰਤ, ਉਨ੍ਹਾਂ ਦੇ ਵਿਚ ਆਕਾਸ਼ ਹੈ ਸਾਰਿਆਂ ਦੇ ਵਿਚ, ਕੋਠੇ ਘਰ ਨੇ ਸਾਰੇ, ਇਨ੍ਹਾਂ ਸਾਰੇ ਘਰਾਂ ਵਿਚ ਆਕਾਸ਼ ਹੈ। ਜਿਹੜੇ ਘਰ ਵਿਚ ਤੁਸੀਂ ਬਿਜਲੀ ਜਲਾ ਦਿਓਂਗੇ, ਬਟਨ ਦੱਬ ਦਿਓਂਗੇ, ਉਸੇ ਘਰ ਵਿਚ ਚਾਨਣਾ ਹੋਏਗਾ, ਨਾਲ ਦੇ ਵਿਚ ਨਹੀਂ ਹੁੰਦਾ। ਕਿਉਂਕਿ ਬਿਆਧੀ ਹੈ ਆਕਾਸ਼ ਦੀ। ਇਸੇ ਤਰ੍ਹਾਂ ਨਾਲ ਜਿਸ ਘਰ ਦੇ ਅੰਦਰ ਗਿਆਨ ਆ ਗਿਆ ਉਸ ਦੇ ਵਿਚ ਤਾਂ ਆ ਜਾਂਦਾ ਹੈ, ਸਾਰਿਆਂ ਵਿਚ ਨਹੀਂ ਆਉਂਦਾ। ਕਿਉਂਕਿ ਗਿਆਨ ਦੇ ਮੰਡਲ ਵਿਚ ਰਹਿ ਰਹੀ ਹੈ ਚੀਜ਼। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਉਹ ਟੁੱਟ ਗਈ ਵਾਹਿਗੁਰੂ ਦੇ ਨਾਲੋਂ। 'ਸੰਗਤ' ਕਹਿੰਦੇ ਨੇ ਜੋੜ ਨੂੰ, ਉਹ ਟੁੱਟ ਕੇ ਫੇਰ ਜਿਵੇਂ ਸੁਆਹ ਹੋ ਜਾਂਦੀ ਹੈ ਭੱਠ ਦੀ ਐਉਂ ਹੋ ਗਈ। ਹੁਣ ਇਹ ਚਾਰ ਅਵਸਥਾ 'ਚ ਰਹਿੰਦੀ ਹੈ – ਜਾਗ੍ਰਤ, ਸੁਪਨ, ਸਖੋਪਤ, ਤੁਰੀਆ। ਜਦੋਂ ਜਾਗਦਾ ਹੁੰਦਾ ਹੈ ਉਦੋਂ ਹੋਰ ਅਨੁਭਵ ਹੁੰਦਾ ਹੈ। ਜਦੋਂ ਸੁੱਤੇ ਪਏ ਨੂੰ ਸੁਪਨਾ ਆਉਂਦਾ ਹੈ ਫੇਰ ਜਾਗਦਾ ਸਾਰਾ ਸਮਾਜ ਭੁੱਲਿਆ ਹੁੰਦਾ ਹੈ, ਕੁਛ ਨਹੀਂ ਪਤਾ ਹੁੰਦਾ ਕਿ ਮੈਂ ਅਮੀਰ ਹਾਂ, ਗਰੀਬ ਹਾਂ, ਕੁਛ ਵੀ ਨਹੀਂ ਪਤਾ ਹੁੰਦਾ।

*ਨਰਪਤਿ ਏਕੁ ਸਿੰਘਾਸਨਿ ਸੋਇਆ*
*ਸੁਪਨੇ ਭਇਆ ਭਿਖਾਰੀ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ*
*ਸੋ ਗਤਿ ਭਈ ਹਮਾਰੀ ॥ ਅੰਗ - ੬੫੭*

ਸਾਡੀ ਵੀ ਇਹੀ ਗਤੀ ਹੋਈ–ਹੋਈ ਹੈ। ਜਦੋਂ

ਇਹ ਘੂਕ ਨੀਂਦ 'ਚ ਹੁੰਦਾ ਹੈ। ਉਸ ਵੇਲੇ ਇਹ ਲੀਨਤਾ ਵਿਚ ਹੁੰਦਾ ਹੈ। ਲੇਕਿਨ ਅਗਿਆਨ ਵਾਲੀ ਲੀਨਤਾ ਹੈ। ਜਦੋਂ ਤੁਰੀਆ 'ਚ ਹੁੰਦਾ ਹੈ, ਉਸ ਵੇਲੇ ਵੇਲੇ ਲੀਨਤਾ ਵਿਚ ਹੁੰਦਾ ਹੈ, ਪਰ ਉਸ ਵੇਲੇ ਗਿਆਨ ਹੁੰਦਾ ਹੈ। ਸੋ ਤੁਰੀਆ ਤਾਂ ਹੈ ਸਾਡੀ ਅਸਲੀ ਅਵਸਥਾ। ਤਿੰਨ ਸਾਡੀਆਂ ਗਲਤ ਨੇ। ਸੋ ਮਹਾਰਾਜ ਕਹਿੰਦੇ ਪ੍ਰੇਮੀਓਂ! ਹਉਮੈ ਨੂੰ ਜੰਮਣ ਮਰਣ ਹੈ। ਹਉਮੈ ਹੀ ਜੰਮਦੀ ਹੈ ਹਉਮੈ ਹੀ ਮਰਦੀ ਹੈ। ਜੀਵ ਜਿਹੜਾ ਹੈ ਇਹ ਹਉਮੈ ਨਾਲ ਜੋਤ ਮਿਲਣ ਕਰਕੇ ਇਹਨੂੰ ਜੀਵ ਕਹਿਣ ਲੱਗ ਗਏ। ਹੈਗਾ ਵਾਹਿਗੁਰੂ ਹੀ, ਉਹ ਜੋਤ ਥੱਲੇ ਉਤਰ ਆਈ। ਜਿਹੜੀ ਆਤਮਾ ਹੈ ਇਹ ਨਾ ਕਦੇ ਜੰਮਦੀ ਹੈ ਨਾ ਮਰਦੀ ਹੈ, ਨਾ ਕਦੇ ਦੁਖੀ ਹੁੰਦੀ ਹੈ –

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ॥***

***ਅੰਗ - ੫੫੦***

ਇਹ ਜੰਮਦਾ ਮਰਦਾ ਜੀਵ ਹੈ। ਜੀਵ ਦੇ ਹੁੰਦੇ ਨੇ ਬੰਨ੍ਹਣ। ਹਉਮੈ ਕਰਕੇ ਦੁਖ ਸੁਖ ਇਹੀ ਭੋਗਦਾ ਹੈ। ਇਹੀ ਜਨਮਾਂ 'ਚ ਆਉਂਦਾ ਹੈ, ਇਹੀ ਨਰਕਾਂ 'ਚ ਆਉਂਦਾ ਹੈ, ਇਹੀ ਦੁਖੀ ਹੁੰਦਾ ਹੈ, ਇਹਦੀਓ ਮੁਕਤੀ ਹੁੰਦੀ ਹੈ। ਆਤਮਾ ਨੂੰ ਕੁੱਛ ਨਹੀਂ ਹੁੰਦਾ, ਆਤਮਾ ਸਤਿ, ਚਿੱਤ ਆਨੰਦ ਹੈ, ਸ਼ੁੱਧ ਹੈ, ਚੇਤਨ ਹੈ ਤੇ ਜਿਹੜੀ ਇਹ ਅਵਸਥਾ ਹੈ ਉਹਨੂੰ ਤਾਂ ਕਹਿੰਦੇ ਨੇ ਆਤਮਾ। ਹੈ ਏਸੇ ਸਰੀਰ ਵਿਚ। ਲੇਕਿਨ ਜਿਹੜਾ ਹਉਮੈ 'ਚ ਹੋ ਗਿਆ ਮਹਾਰਾਜ ਕਹਿੰਦੇ –

***ਧਨ ਪਿਰ ਕਾ ਇਕ ਹੀ ਸੰਗਿ ਵਾਸਾ***
***ਵਿਚਿ ਹਉਮੈ ਭੀਤਿ ਕਰਾਰੀ ॥***
***ਗੁਰਿ ਪੂਰੈ ਹਉਮੈ ਭੀਤਿ***
***ਤੋਰੀ ਜਨ ਨਾਨਕ ਮਿਲੇ ਬਨਵਾਰੀ ॥***

***ਅੰਗ - ੧੨੬੩***

ਵਾਹਿਗੁਰੂ ਤੇ ਆਹ ਜਿਹੜਾ ਜੀਵ ਹੈ ਇਹ ਦੋਵੇਂ ਇਕੋ ਥਾਂ ਇਕੱਠੇ ਇਕ ਥਾਂ ਹੀ ਵਸਦੇ ਨੇ। ਹੈ ਵਾਹਿਗੁਰੂ ਦਾ ਹੀ ਹਿੱਸਾ। ਵਾਹਿਗੁਰੂ ਦਾ ਹੇਠਲਾ ਹਿੱਸਾ ਜੀਵ ਕਹਾਉਂਦਾ ਹੈ, ਉਪਰਲਾ ਵਾਹਿਗੁਰੂ ਕਹਾਉਂਦਾ ਹੈ। ਇਹਨੂੰ ਹਉਮੈ ਦੀ ਕੰਧ ਨੇ ਤੋੜ ਦਿਤਾ।

***ਹਉ ਹਉ ਭੀਤਿ ਭਇਓ ਹੈ ਬੀਚੋ***
***ਸੁਨਤ ਦੇਸਿ ਨਿਕਟਾਇਓ ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥***

***ਅੰਗ - ੬੨੪***

ਮਹਾਰਾਜ ਕਹਿੰਦੇ –

***ਕਥਤਾ ਬਕਤਾ ਸੁਨਤਾ ਸੋਈ ॥***
***ਆਪੁ ਬੀਚਾਰੇ ਸੁ ਗਿਆਨੀ ਹੋਈ ॥***

***ਅੰਗ - ੧੫੨***

ਆਹ ਸਰੀਰ ਕੀ ਹੈ? ਕਹਿੰਦੇ –

***ਦੇਹੀ ਮਾਟੀ ਬੋਲੈ ਪਉਣੁ ॥***
***ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥***

***ਅੰਗ - ੧੫੨***

ਪੁਛੋ ਕਹਿੰਦੇ ਮਰਿਆ ਕੌਣ ਹੈ? ਕਹਿੰਦੇ, ਮਿੱਟੀ ਦੀ ਦੇਹ ਦੇ ਵਿਚ ਪੌਣ ਬੋਲਦੀ ਸੀ, ਹੁਣ ਦੱਸੋ ਮਰਿਆ ਕੌਣ ਹੈ? ਆਪੇ ਹੀ ਜਵਾਬ ਦਿੰਦੇ ਨੇ –

***ਮੂਈ ਸੁਰਤਿ ਬਾਦੁ ਅਹੰਕਾਰੁ ॥ ਅੰਗ - ੧੫੨***

ਇਕ ਤਾਂ ਲੋਕਾਂ ਦਾ ਜਿਹੜਾ ਝਗੜਾ ਖਤਮ ਹੋ ਗਿਆ। ਮਰ ਗਿਆ ਚਲ ਖਤਮ ਹੋ ਗਿਆ, ਦੂਜਾ ਜਿਹੜੀ ਸੂਰਤ ਸੀ ਨਾ ਉਹ ਮਰ ਗਈ। ਆਹ ਸਰੀਰ ਜਿਹੜਾ ਦਿਸਦਾ ਹੈ, ਇਕ ਹਉਮੈ ਮਰ ਗਈ, ਹਉਮੈ ਦਾ ਬਣਿਆ ਹੋਇਆ ਜੀਵ ਮਰ ਗਿਆ।

***ਓਹੁ ਨ ਮੂਆ ਜੋ ਦੇਖਣਹਾਰੁ ॥ ਅੰਗ - ੧੫੨***

ਇਹਦੇ ਵਿਚ ਜਿਹੜਾ ਸਾਖੀ ਚੇਤਨ ਹੈ ਉਹ ਨਹੀਂ ਮਰਦਾ ਸਾਧਸੰਗਤ ਜੀ! ਉਹ ਤਾਂ ਸਦਾ ਜੀਉਂਦਾ ਰਹਿੰਦਾ ਹੈ। ਮਹਾਂਪੁਰਸ਼ ਜਿਹੜੇ ਹੁੰਦੇ ਨੇ ਉਹ ਸਾਖੀ ਚੇਤਨ ਹੁੰਦੇ ਨੇ, ਉਹ ਅੱਡ-ਅੱਡ ਨਹੀਂ ਹੁੰਦੇ, ਇਕੋ ਹੀ ਹੁੰਦਾ ਹੈ ਸੰਸਾਰ 'ਚ ਦੋ ਨਹੀਂ ਹੋਇਆ ਕਰਦੇ ਜਦੋਂ ਨਿਰਮਲ ਹੋ ਜਾਂਦਾ ਹੈ –

***ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥***
***ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥***

***ਅੰਗ - ੧੩੬੭***

ਸੋ ਇਹ ਸਾਰਾ ਹੀ ਅਵਿਦਿਆ ਦਾ ਸਮਾਜ, ਹਉਮੈ ਦਾ ਸਮਾਜ ਮਰਦਾ ਹੈ। ਚਾਹੇ ਪੁੱਤਰ ਰੂਪ ਬਣ ਕੇ ਆ ਜਾਏ, ਚਾਹੇ ਪਿਉ ਬਣਿਆ ਹੋਇਆ ਹੈ, ਚਾਹੇ ਕੁਛ ਬਣਿਆ ਹੋਇਆ ਹੈ, ਸਭ ਹਉਮੈ ਦਾ ਸਮਾਜ ਹੈ। ਜੀਵ ਆਤਮਾ ਬੰਧਨਾਂ ਦੇ ਹਿਸਾਬ ਨਾਲ ਸਰੀਰ ਬਦਲਦੀ ਰਹਿੰਦੀ ਹੈ। ਜਿਹੋ ਜਿਹਾ ਇਹਨੇ ਆਪਣੇ ਆਪ ਨੂੰ ਬਣਾ ਲਿਆ–

***ਅੰਤਿ ਕਾਲਿ ਜੋ ਮੰਦਰ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ ॥***
***ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥***

***ਅੰਗ - ੫੨੬***

ਇਹ ਜੀਵ ਆਤਮਾ ਪ੍ਰੇਤ ਬਣ ਜਾਂਦੀ ਹੈ। ਜਿਹੜਾ ਹਉਮੈ ਨਾਲ ਜੁੜਿਆ ਹੋਇਆ ਹੈ ਨਾ ਹਿੱਸਾ ਚੇਤਨ ਦਾ, ਉਹ ਘੁੰਮਦਾ ਹੈ ਜੂਨਾਂ ਦੇ ਅੰਦਰ। ਸਰੀਰ ਬਦਲਦਾ ਹੈ, ਪਰ ਜਿਹੜਾ ਇਹਦੇ ਵਿਚ ਅਸਲੀ ਸਾਖੀ ਚੇਤਨ ਹੈ, ਉਹ ਨਹੀਂ ਜੰਮਦਾ ਮਰਦਾ, ਉਹ ਤਾਂ ਸਦਾ ਹੀ ਇਕ ਰਸ ਰਹਿੰਦਾ ਹੈ। ਮਹਾਰਾਜ ਕਹਿੰਦੇ –

***ਹਉ ਨ ਮੂਆ ਮੇਰੀ ਮੁਈ ਬਲਾਇ ॥***

***ਅੰਗ - ੧੫੨***

ਮੈਂ ਤਾਂ ਨਹੀਂ ਮਰਿਆ। ਇਹ ਤਾਂ ਜਿਹੜੀ ਹਉਮੈ ਰੂਪ ਬਲਾ, ਅਵਿਦਿਆ ਮੇਰੇ ਗਲ ਪਈ ਹੋਈ ਸੀ, ਉਹ ਮਰੀ ਹੈ –

*ਓਹੁ ਨ ਮੂਆ ਜੋ ਰਹਿਆ ਸਮਾਇ ॥*

*ਅੰਗ - ੧੫੨*

ਜਿਹੜਾ ਵਾਹਿਗੁਰੂ ਸਾਰੇ ਸਮਾਇਆ ਹੋਇਆ ਹੈ ਉਹ ਨਹੀਂ ਮਰਦਾ।

*ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥*
*ਮਰਤਾ ਜਾਤਾ ਨਦਰਿ ਨ ਆਇਆ ॥*

*ਅੰਗ - ੧੫੨*

ਜੀਵ ਆਤਮਾ ਦੇ ਨਾਲ ਮਿਲ ਕੇ, ਪੰਜ ਤੱਤ ਦੇ ਵਿਚ ਇਹ ਵਸਦੀ ਹੈ, ਤੇ ਪਾਪ ਪੁੰਨ ਦਾ ਬੀਜ ਇਹਦੇ ਵਿਚ ਜਮ੍ਹਾਂ ਹੋ ਜਾਂਦਾ ਹੈ। ਪਾਪ ਪੁੰਨ ਦਾ ਬੀਜ ਹਉਮੈ ਵਾਲੀ ਅਵਸਥਾ ਵਿਚ ਇਕੱਠਾ ਹੋ ਜਾਂਦਾ ਹੈ –

*ਪਾਪੁ ਪੁੰਨੁ ਬੀਜ ਕੀ ਪੋਟ ॥ ਅੰਗ - ੧੫੨*

ਮਹਾਰਾਜ ਕਹਿੰਦੇ ਪਾਪ ਪੁੰਨ ਨਾ ਬੀਜਾਂ ਦੀ ਗੰਢ ਹੈ। ਪੋਟਲੀ ਹੈ –

*ਕਾਮੁ ਕ੍ਰੋਧੁ ਜੀਅ ਮਹਿ ਚੋਟ ॥ ਅੰਗ - ੧੫੨*

ਆਹ ਜੀਵ ਦੇ ਵਿਚ ਚੋਟ ਹੈ ਇਨ੍ਹਾਂ ਦੀ।

*ਨਾਮੁ ਵਿਸਾਰਿ ਚਲੇ ਮਨਿ ਖੋਟ ॥*
*ਸਾਚੇ ਗੁਰ ਕੀ ਸਾਚੀ ਸੀਖ ॥*
*ਤਨੁ ਮਨੁ ਸੀਤਲੁ ਸਾਚੁ ਪਰੀਖ ॥*
*ਜਲ ਪੁਰਾਇਨਿ ਰਸ ਕਮਲ ਪਰੀਖ ॥*
*ਸਬਦਿ ਰਤੇ ਮੀਠੇ ਰਸ ਈਖ ॥*
*ਹੁਕਮਿ ਸੰਜੋਗੀ ਗੜਿ ਦਸ ਦੁਆਰ ॥*
*ਪੰਚ ਵਸਹਿ ਮਿਲਿ ਜੋਤਿ ਅਪਾਰ ॥*

*ਅੰਗ - ੧੫੨*

ਹੁਣ ਅਸੀਂ ਸਵਾਲ ਕਰਦੇ ਹਾਂ ਕਿ ਮਹਾਰਾਜ! ਇਹ ਆ ਕਿੱਥੋਂ ਜਾਂਦਾ ਹੈ ਜੀਵ। ਇਹ ਕਹਿੰਦਾ ਮੈਂ ਫਲਾਣੇ ਜਨਮ ਵਿਚ ਫਲਾਣਾ ਸੀ, ਪਿਛਲੇ ਜਨਮ ਵਿਚ ਮੈਂ ਫਲਾਣੇ ਥਾਉਂ ਸੀ, ਅਗਲਾ ਵੀ ਦੱਸ ਦਿੰਦਾ ਹੈ ਕਿ ਮੈਂ ਭੂਤ ਬਣ ਗਿਆ। ਇਹ ਜਾਂਦਾ ਕਿੱਥੋਂ ਹੈ ਤੇ ਆਉਂਦਾ ਕਿੱਥੋਂ ਹੈ? ਫੁਰਮਾਨ ਆਉਂਦਾ ਹੈ ਬਾਣੀ ਵਿਚ–

*ਜਾਤੌ ਜਾਇ ਕਹਾ ਤੇ ਆਵੈ ॥*
*ਕਹ ਉਪਜੈ ਕਹ ਜਾਇ ਸਮਾਵੈ॥ ਅੰਗ - ੧੫੨*

ਜਦੋਂ ਇਹ ਜਾਂਦਾ ਹੈ ਤਾਂ ਕਿੱਥੇ ਚਲਿਆ ਜਾਂਦਾ ਹੈ। ਆਉਂਦਾ ਕਿੱਥੋਂ ਹੈ। ਜਦੋਂ ਪੈਦਾ ਹੋ ਗਿਆ ਫੇਰ ਜਾ ਕੇ ਸਮਾਉਂਦਾ ਕਿੱਥੇ ਹੈ। ਕਿਹੜਾ ਥਾਉਂ ਹੈ।

*ਕਿਉ ਬਾਧਿਓ ਕਿਉ ਮੁਕਤੀ ਪਾਵੈ ॥*

*ਅੰਗ - ੧੫੨*

ਇਹ ਬੰਨ੍ਹਿਆ ਕਿਵੇਂ ਗਿਆ, ਮੁਕਤੀ ਇਹਨੂੰ ਕਿਵੇਂ ਮਿਲਦੀ ਹੈ।

*ਕਿਉ ਅਬਿਨਾਸੀ ਸਹਜਿ ਸਮਾਵੈ ॥*

*ਅੰਗ - ੧੫੨*

ਕਿਵੇਂ ਇਹ ਸਹਿਜ ਦੇ ਨਾਲ ਅਬਿਨਾਸ਼ੀ ਵਾਹਿਗੁਰੂ 'ਚ ਸਮਾਉਂਦਾ ਹੈ। ਮਹਾਰਾਜ ਕਹਿੰਦੇ ਇਹ ਸਹਿਜ ਨਾਲ ਹੀ ਚੱਲ ਰਹੀ ਹੈ ਗੱਲ।

*ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ*
*ਇਕ ਸਖਨੀ ਹੋਰ ਫੇਰ ਭਰੀਅਤ ਹੈ ॥*
*ਤੈਸੋ ਹੀ ਇਹੁ ਖੇਲੁ ਖਸਮ ਕਾ*
*ਜਿਉ ਉਸ ਕੀ ਵਡਿਆਈ ॥ ਅੰਗ - ੧੩੨੯*

ਖੂਹ ਦੇ ਵਿਚ ਮਾਲ ਚਲਦੀ ਹੈ, ਸਵੇਰ ਤੋਂ ਹਲਟ ਚਲਦਾ ਹੈ, ਇਕ ਖਾਲੀ ਹੋ ਜਾਂਦੀ ਹੈ, ਦੂਜੀ ਭਰ ਜਾਂਦੀ ਹੈ। ਜਿਹੜੀਆਂ ਖਾਲੀ ਹੋਈਆਂ ਹੇਠਾਂ ਜਾ ਕੇ ਉਹ ਭਰ ਜਾਂਦੀਆਂ ਨੇ, ਭਰੀਆਂ ਹੋਈਆਂ ਉਤੇ ਆ ਕੇ ਖਾਲੀ ਹੋ ਜਾਂਦੀਆਂ ਨੇ। ਕਹਿੰਦੇ ਇਹ ਬੰਨ੍ਹਿਆ ਹੋਇਆ ਮਨ ਦਾ, ਸੰਸਾਰ ਦੇ ਵਿਚ ਘੁੰਮਦਾ ਫਿਰਦਾ ਹੈ। ਜੇ ਤਾਂ ਇਹ ਮਨ ਦੇ ਵਿਚ ਹੀ ਰਹੇ, ਇਹ ਨੂੰ ਕੋਈ ਘੁੰਮਣ ਤੋਂ ਹਟਾ ਨਹੀਂ ਸਕਦਾ, ਕਿ ਮੁਕਤੀ ਤਾਂ ਐਵੇਂ ਹੀ ਹੈ। ਅਸੀਂ ਐਵੇਂ ਹੀ ਅਰਦਾਸ ਕਰ ਦਿੰਦੇ ਹਾਂ ਫੇਰ ਕਿ ਚਰਨਾਂ 'ਚ ਨਿਵਾਸ ਦੇਵੀਂ। ਨਾ ਅਰਦਾਸ ਕਰਨ ਵਾਲੇ ਨੂੰ ਪਤਾ ਹੈ ਕਿ ਚਰਨ ਕਿੱਥੇ ਨੇ ਗੁਰੂ ਦੇ ਜਿੱਥੇ ਨਿਵਾਸ ਦੇਣਾ ਹੈ। ਨਾ ਸਾਨੂੰ ਕੁਛ ਪਤਾ।

ਮਹਾਰਾਜ ਕਹਿੰਦੇ ਜਦੋਂ ਤਕ ਤੇਰਾ ਮਨ ਕਾਇਮ ਹੈ ਨਾ, ਜਿੰਨਾ ਚਿਰ ਤੇਰੀ ਹਸਤੀ ਕਾਇਮ ਹੈ ਤੂੰ ਆਪਣੇ ਆਪ ਨੂੰ ਅੱਡ ਸਮਝਦਾ ਹੈਂ ਵਾਹਿਗੁਰੂ ਤੋਂ। ਓਨੀਂ ਦੇਰ ਤੱਕ ਤੂੰ ਮਨ ਦਾ ਬੰਨ੍ਹਿਆ ਹੋਇਆ ਹੈਂ, ਹਉਮੈ ਦਾ ਬੰਨ੍ਹਿਆ ਹੋਇਆ। ਜਗਤ ਵਿਚ ਆਵੇਂਗਾ, ਜਾਵੇਂਗਾ ਜਦੋਂ ਉਨਮਨ ਹੋ ਜਾਵੇਂਗਾ ਓਸ ਵੇਲੇ ਤੇਰਾ ਆਉਣਾ ਜਾਣਾ ਖਤਮ ਹੋ ਜਾਏਗਾ ਕਿਉਂਕਿ ਆਪਣੇ ਸਰੂਪ ਵਿਚ ਚਲਿਆ ਜਾਏਂਗਾ, ਜਿਹੜਾ ਇਹਦੇ ਵਿਚ ਹੀ ਹੈ। ਵਾਹਿਗੁਰੂ ਇਹਦੇ ਨਾਲ ਰਹਿੰਦਾ ਹੈ। ਬਾਹਰ ਨਹੀਂ ਰਹਿੰਦਾ ਕਿਤੇ ਵੀ।

*ਕਾਹੇ ਰੇ ਬਨ ਖੋਜਨ ਜਾਈ ॥*
*ਸਰਬ ਨਿਵਾਸੀ ਸਦਾ ਅਲੇਪਾ*
*ਤੋਹੀ ਸੰਗਿ ਸਮਾਈ॥ ਅੰਗ - ੬੮੪*

ਕਿੱਡੀ ਵੱਡੀ ਗੱਲ ਹੈ। ਅਸੀਂ ਰੱਬ ਨੂੰ ਦੇਖਣ ਵਾਸਤੇ ਦੌੜੇ ਹੀ ਫਿਰਦੇ ਹਾਂ। ਕੋਈ ਕਿਤੇ ਜਾਂਦਾ ਹੈ, ਕੋਈ ਕਿਤੇ ਜਾਂਦਾ ਹੈ। ਦਿਸਦਾ ਤਾਂ ਹੈ ਨਹੀਂ ਕਿਸੇ ਨੂੰ। ਜਿਨ੍ਹਾਂ ਨੂੰ ਦਿਸਿਆ ਹੈ ਉਹ ਕਹਿੰਦੇ –

*ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥*

*ਅੰਗ - ੧੧੯੫*

ਦੇਖਣ ਜਾਣੈ, ਕਬੀਰ ਸਾਹਿਬ ਤੁਰ ਪਏ ਰੱਬ ਨੂੰ ਦੇਖਣ। ਕਹਿੰਦੇ, ਕਬੀਰ ਜੀ ਰੱਬ ਮੱਕੇ ਰਹਿੰਦਾ ਹੈ। ਤੁਸੀਂ

ਉਥੇ ਚੱਲੋ ਉਥੇ ਦੀਦਾਰੇ ਹੁੰਦੇ ਨੇ। ਸਾਡੇ ਵੀ ਐਸੇ ਨਿਹਚੇ ਨੇ ਕਿ ਫਲਾਣੇ ਗੁਰਦੁਆਰੇ ਚੱਲੋ ਉਥੇ ਗੁਰੂ ਸਾਹਿਬ ਰਹਿੰਦੇ ਨੇ। ਚੰਗਾ ਹੈ, ਇਹ ਇਕ ਸਟੇਜ ਹੁੰਦੀ ਹੈ, ਜਿੱਥੇ ਇਹ ਨਿਹਚੇ ਕੰਮ ਦਿੰਦੇ ਨੇ। ਕਬੀਰ ਸਾਹਿਬ ਚੱਲ ਪਏ, ਸੀਗੇ ਗਿਆਨਵਾਨ ਕਬੀਰ ਸਾਹਿਬ। ਸਾਨੂੰ ਸਮਝਾਉਣਾ ਸੀ, ਉਹ ਰਾਹ 'ਚੋਂ ਮੁੜ ਆਏ। ਕਹਿੰਦੇ, ਭਗਤ ਜੀ! ਤੁਸੀਂ ਤਾਂ ਹੱਜ ਨੂੰ ਜਾਂਦੇ ਸੀ, ਤੁਸੀਂ ਮੁੜ ਆਏ ਰਸਤੇ 'ਚੋਂ। ਕਹਿੰਦੇ, ਮੈਨੂੰ ਰਾਹ ਵਿਚ ਰੱਬ ਹੀ ਮਿਲ ਗਿਆ, ਮੇਰੇ ਨਾਲ ਤਾਂ ਉਹ ਬਹੁਤ ਬੁਰੀ ਤਰ੍ਹਾਂ ਲੜਿਆ, ਮੈਨੂੰ ਬੜਾ ਝਿੜਕਿਆ ਰੱਬ ਨੇ। ਕਹਿੰਦੇ, ਤੂੰ ਕਿਉਂ ਤੁਰਿਆ ਜਾਂਦਾ ਹੈਂ? ਮੈਂ ਕਿਹਾ ਆਹ ਸਾਰੇ ਤੁਰੇ ਜਾਂਦੇ ਨੇ। ਕਹਿੰਦੇ, ਤੈਨੂੰ ਕਿਹਨੇ ਇਹ ਗੱਲ ਦੱਸ ਦਿਤੀ ਕਿ ਮੈਂ ਉਥੇ ਰਹਿੰਦਾ ਹਾਂ –

*ਕਬੀਰ ਹਜ ਕਾਬੇ ਹਉ ਜਾਇ ਥਾ*
*ਆਗੈ ਮਿਲਿਆ ਖੁਦਾਇ ॥*
*ਸਾਂਈ ਮੁਝ ਸਿਉ ਲਰਿ ਪਰਿਆ*
*ਤੁਝੈ ਕਿਨਿ ਫੁਰਮਾਈ ਗਾਇ ॥ ਅੰਗ – ੧੩੭੫*

ਮੈਂ ਤਾਂ ਤੇਰੇ ਅੰਦਰ ਰਹਿੰਦਾ ਹਾਂ, ਮੈਂ ਹੀ ਕੰਮ ਕਰਦਾ ਹਾਂ ਤੇਰੇ ਸਰੀਰ 'ਚ, ਮੈਨੂੰ ਪਛਾਣ। ਸੋ ਪ੍ਰਮੇਸ਼ਰ ਸਾਰਿਆਂ ਦੇ ਅੰਦਰ ਵਸਦਾ ਹੈ। ਪਛਾਣੋ ਓਸਨੂੰ। ਮਹਾਰਾਜ ਕਹਿੰਦੇ ਹਨ –

*ਪੁਹਪ ਮਧਿ ਜਿਉ ਬਾਸੁ ਬਸਤੁ ਹੈ*
*ਮੁਕਰ ਮਾਹਿ ਜੈਸੇ ਛਾਈ ॥*
*ਤੈਸੇ ਹੀ ਹਰਿ ਬਸੇ ਨਿਰੰਤਰਿ*
*ਘਟ ਹੀ ਖੋਜਹੁ ਭਾਈ ॥*
*ਬਾਹਰਿ ਭੀਤਰਿ ਏਕੋ ਜਾਨਹੁ*
*ਇਹੁ ਗੁਰ ਗਿਆਨੁ ਬਤਾਈ ॥ ਅੰਗ – ੬੮੪*

ਬਾਹਰ ਵੀ ਓਹੀ ਹੈ, ਅੰਦਰ ਵੀ ਓਹੀ, ਸਾਰਿਆਂ ਦੇ ਅੰਦਰ ਓਹੀ ਹੈ।

*ਜਨ ਨਾਨਕ ਬਿਨੁ ਆਪਾ ਚੀਨੈ*
*ਮਿਟੈ ਨ ਭ੍ਰਮ ਕੀ ਕਾਈ ॥ ਅੰਗ – ੬੮੪*

ਜਿੰਨਾਂ ਚਿਰ ਤੁਸੀਂ ਆਪਣੇ ਆਪ ਨੂੰ ਚੀਨਦੇ ਨਹੀਂ ਨਾ, ਸਵੈ ਅਧਿਐਨ ਨਹੀਂ ਕਰਦੇ। ਕਿੰਨੇ ਮਹਾਂਪੁਰਸ਼ਾਂ ਤੋਂ ਤੁਸੀਂ ਸੁਣੋਂਗੇ ਕਿ ਗੁਰੂ ਸਾਹਿਬ ਆਪਣੇ ਸਵੈ ਸਰੂਪ ਵਿਚ ਲੀਨ ਬੈਠੇ ਸੀ। ਇਥੇ ਕਈ ਫਰਕ ਪਾ ਦਿੰਦੇ ਨੇ ਕਿ ਜੀ ਪ੍ਰਮੇਸ਼ਰ ਰੂਪ ਹੋਰ ਹੈ, ਸਵੈ ਸਰੂਪ ਹੋਰ ਹੈ। ਸਾਧਸੰਗਤ ਜੀ! ਸਵੈ ਸਰੂਪ ਹੀ ਪ੍ਰਮੇਸ਼ਰ ਦਾ ਸਰੂਪ ਹੈ। ਇਸ ਤਰ੍ਹਾਂ ਤਾਂ ਵੱਟਾਂ ਜਿਹੀਆਂ ਪਾ ਕੇ ਲੱਭਣਾ ਹੀ ਕਿਤੇ ਪ੍ਰਮੇਸ਼ਰ। ਇਕ ਜੀਵ ਹੋ ਗਿਆ, ਇਕ ਅੱਗੇ ਜਾ ਕੇ ਹੋਰ ਹੋ ਗਿਆ, ਆਤਮਾ ਹੋ ਗਈ, ਇਕ ਅੱਗੇ ਵਾਹਿਗੁਰੂ ਹੋ ਗਿਆ। ਮਹਾਰਾਜ ਕਹਿੰਦੇ –

*ਆਤਮਾ ਪਰਾਤਮਾ ਏਕੋ ਕਰੈ ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ ॥*

*ਅੰਗ – ੬੬੧*

ਆਤਮਾ ਤੇ ਪ੍ਰਮੇਸ਼ਰ ਨੂੰ ਇੱਕੋ ਹੀ ਜਾਣੋ। ਜਿਹੜੀ ਦੁਬਿਧਾ ਤੁਸੀਂ ਵਿਚ ਪਾਈ ਹੋਈ ਹੈ, ਇਹਨੂੰ ਆਪੇ ਹੀ ਗਿਆਨ ਦੇ ਨਾਲ ਖਤਮ ਕਰੋ। ਸੋ ਮਹਾਰਾਜ ਕਹਿੰਦੇ, ਇਹ ਜੀਵ ਮਨ ਐਉਂ ਬੰਨ੍ਹ ਲੈਂਦਾ ਹੈ –

*ਅੰਤਿ ਕਾਲਿ ਜੋ ਲਛਮੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਸਰਪ ਜੋਨਿ ਵਲਿ ਵਲਿ ਅਉਤਰੈ ॥*

*ਅੰਗ – ੫੨੬*

ਮਨ ਨੇ ਬੰਨ੍ਹ ਲਿਆ ਪੈਸੇ ਨਾਲ ਆਪਣਾ ਆਪ। ਮਰਨ ਤੋਂ ਬਾਅਦ ਕੀ ਹੋਏਗਾ, ਸੱਪ ਬਣ ਜਾਏਗਾ। ਜੇ ਅੰਤ ਵੇਲੇ ਬੱਚਿਆਂ ਨਾਲ ਬੰਨ੍ਹ ਲਿਆ ਕਿ ਮੇਰੇ ਬੱਚਾ ਨਹੀਂ ਹੋਇਆ। ਆਹ ਜਾਇਦਾਦ ਕੌਣ ਸਾਂਭੇਗਾ, ਆਹ ਜਿਹੜੇ ਮੇਰੇ ਨਾਲ ਲੜਦੇ ਨੇ, ਉਹਨੇ ਨੇ ਆ ਜਾਣਾ ਹੈ। ਕਹਿੰਦੇ ਫੇਰ ਮਨ ਦਾ ਬੰਨ੍ਹਿਆ ਹੋਇਆ ਸੂਰ ਬਣਦਾ ਹੈ। ਬਾਰ੍ਹਾਂ-ਬਾਰ੍ਹਾਂ ਜੰਮਦੇ ਨੇ ਛੇ ਮਹੀਨੇ ਬਾਅਦ। ਪਾਲੀ ਜਾ ਬੱਚੇ। ਜੇ ਕਹਿੰਦੇ, ਇਸਤਰੀ ਨੂੰ ਸਿਮਰਦਾ ਮਰ ਗਿਆ ਫੇਰ ਵੇਸਵਾ ਬਣਦਾ ਹੈ। ਸਵਾਲ ਸੀਗਾ ਕਿੱਥੋਂ ਆਉਂਦਾ ਹੈ ਤੇ ਕਿੱਥੇ ਜਾਂਦਾ ਹੈ?

ਮਹਾਰਾਜ ਜਵਾਬ ਦਿੰਦੇ ਨੇ ਕਿ –

*ਸਹਜੇ ਆਵੈ ਸਹਜੇ ਜਾਇ ॥*
*ਮਨ ਤੇ ਉਪਜੈ ਮਨ ਮਾਹਿ ਸਮਾਇ ॥*
*ਗੁਰਮੁਖਿ ਮੁਕਤੋ ਬੰਧੁ ਨ ਪਾਇ ॥*

*ਅੰਗ – ੧੫੨*

ਹੁਕਮ ਦੇ ਵਿਚ ਚਲਦਾ ਹੈ। ਜਿਵੇਂ **law of nature** ਨੇ ਇਸੇ ਤਰ੍ਹਾਂ **spiritual Law** ਨੇ, ਆਪਣੇ ਆਪ ਨੂੰ ਬੰਨ੍ਹਾ ਲੈਂਦਾ ਹੈ, ਫੇਰ ਉਹਨੂੰ ਆਉਣਾ ਹੀ ਪੈਂਦਾ ਹੈ। ਆਹ ਮਨ ਹੀ ਹੈ ਨਾ। ਇਥੇ ਚਾਰ ਚੀਜ਼ਾਂ ਨੂੰ ਮਹਾਰਾਜ ਨੇ ਮਨ ਕਿਹਾ ਹੈ – ਮਨ, ਬੁੱਧੀ, ਚਿੱਤ ਤੇ ਮੈਂ ਭਾਵ। ਇਨ੍ਹਾਂ ਤੋਂ ਇਹ ਵੱਖਰਾ ਬਣ ਗਿਆ, ਚਾਰਾਂ ਕਰੇ। ਇਹਦੇ ਵਿਚ ਹੀ ਜੇ ਸਮਾਅ ਜਾਵੇ, ਫੇਰ ਇਹ ਪ੍ਰਮੇਸ਼ਰ ਦੇ ਵਿਚ ਲੀਨ ਹੋ ਜਾਂਦਾ ਹੈ, ਪ੍ਰਮੇਸ਼ਰ ਹੀ ਬਣ ਜਾਂਦਾ ਹੈ।

ਜਿਹੜੇ ਗੁਰੂ ਕੋਲ ਚਲੇ ਜਾਂਦੇ ਨੇ, ਗੁਰੂ ਦੀ ਸ਼ਰਨ ਲੈ ਲੈਂਦੇ ਨੇ, ਉਹਦੇ ਬਚਨ ਨੂੰ ਕਮਾਉਂਦੇ ਨੇ, ਉਹਦੇ ਬੰਧਨ ਟੁੱਟ ਜਾਂਦੇ ਨੇ। ਬੰਧਨ ਟੁੱਟਣ ਦੇ ਨਾਲ –

*ਸਬਦੁ ਬੀਚਾਰਿ ਛੁਟੈ ਹਰਿ ਨਾਇ ॥*

*ਅੰਗ – ੧੫੨*

ਜਦੋਂ ਇਹ ਸ਼ਬਦ ਦੀ ਵਿਚਾਰ ਕਰਦਾ ਹੈ ਫੇਰ ਇਹ ਛੁਟ ਜਾਂਦਾ ਹੈ। ਬਾਕੀ ਜਿਹੜੀਆਂ ਰਿਸ਼ਤੇਦਾਰੀਆਂ ਨੇ ਸੰਸਾਰ ਦੀਆਂ, ਮਹਾਰਾਜ ਕਹਿੰਦੇ ਇਹ ਕੁਛ ਨਹੀਂ ਇਹ ਤਾਂ ਸੰਜੋਗਾਂ ਦੇ ਵਸ ਹੋ ਕੇ –

*ਮਾਤ ਪਿਤਾ ਬਨਿਤਾ ਸੁਤ ਬੰਧਪ*
*ਇਸਟ ਮੀਤ ਅਰੁ ਭਾਈ ॥*
*ਪੂਰਬ ਜਨਮ ਕੇ ਮਿਲੇ ਸੰਜੋਗੀ*
*ਅੰਤਹਿ ਕੋ ਨ ਸਹਾਈ ॥ ਅੰਗ – ੭੦੦*

ਮਹਾਰਾਜ ਕਹਿੰਦੇ ਇਹ ਜਿਹੜਾ ਸੰਜੋਗ ਹੈ ਨਾ ਜਿਵੇਂ ਪੰਛੀ ਆ ਕੇ ਰਾਤ ਨੂੰ ਠਹਿਰ ਜਾਂਦੇ ਨੇ ਦਰੱਖਤ ਦੇ ਉਤੇ, ਉਹਦੇ ਵਿਚ ਕੋਈ ਪੁੱਤਰ ਬਣ ਗਿਆ, ਕੋਈ ਧੀ ਬਣ ਗਈ, ਕੋਈ ਮਾਂ ਬਣ ਗਈ, ਕੋਈ ਪਿਉ, ਕੋਈ ਰਿਸ਼ਤੇਦਾਰ ਬਣ ਗਿਆ, ਕੋਈ ਮਿੱਤਰ। ਇਹ ਸਹਿਜ ਵਿਚੋਂ ਉਡਾਰੀ ਮਾਰ ਕੇ ਆਉਂਦੇ ਨੇ। ਬੰਨ੍ਹੇ ਹੋਏ ਮਨ ਦੇ।

*ਤਰਵਰ ਪੰਖੀ ਬਹੁ ਨਿਸਿ ਬਾਸੁ ॥*
*ਸੁਖ ਦੁਖੀਆ ਮਨਿ ਮੋਹ ਵਿਣਾਸੁ ॥*
*ਅੰਗ – ੧੫੨*

ਕਹਿੰਦੇ, ਦਰਖਤ ਦੇ ਉਤੇ ਰਾਤ ਨੂੰ ਬਹੁਤ ਪੰਛੀ ਆ ਕੇ ਵਾਸਾ ਕਰਦੇ ਨੇ, ਜਦੋਂ ਰਾਤ ਖਤਮ ਹੋ ਗਈ, ਦਿਨ ਚੜ੍ਹ ਗਿਆ, ਫੇਰ ਆਕਾਸ਼ ਵਲ ਝਾਕਦੇ ਨੇ –

*ਸਾਝ ਬਿਹਾਗ ਤਕਹਿ ਆਗਾਸੁ ॥*
*ਦਹ ਦਿਸਿ ਧਾਵਹਿ ਕਰਮਿ ਲਿਖਿਆਸੁ ॥*
*ਅੰਗ – ੧੫੨*

ਕੋਈ ਇਧਰ ਨੂੰ ਉਡ ਗਿਆ, ਕੋਈ ਓਧਰ ਨੂੰ ਉਡ ਗਿਆ, ਫੇਰ ਨਹੀਂ ਇਕੱਠੇ ਉਡਿਆ ਕਰਦੇ। ਕਹਿੰਦੇ, ਇਸੇ ਤਰ੍ਹਾਂ ਦੇ ਨਾਲ ਇਹ ਸੰਸਾਰ ਜਿਵੇਂ ਗੋਇਲ ਹੁੰਦਾ ਹੈ ਪਸ਼ੂ ਚਾਰਨ ਵਾਲਾ, ਉਹ ਪਸ਼ੂਆਂ ਨੂੰ ਲੈ ਕੇ ਦਰਿਆਵਾਂ ਦੇ ਕੰਢਿਆਂ ਤੇ ਚਲੇ ਜਾਇਆ ਕਰਦਾ ਹੈ। ਉਥੇ ਜਾ ਕੇ ਕੁਛ ਰਹਿਣ ਨੂੰ ਥਾਉਂ ਜਿਹਾ ਬਣਾ ਲੈਂਦੇ ਸੀ ਮਾੜਾ ਮੋਟਾ ਤੇ ਉਸ ਤੋਂ ਬਾਅਦ ਜਦੋਂ ਘਾਹ ਵਗੈਰਾ ਆਪਣੇ ਦੇਸ਼ ਵਿਚ ਹੋ ਗਿਆ। ਸਾਰੇ ਪਸ਼ੂਆਂ ਨੂੰ ਹੱਕ ਕੇ ਲੈ ਜਾਂਦੇ ਸੀ। ਤੁਸੀਂ ਦੇਖਦੇ ਹੀ ਹੋਂ ਕਈ ਵਾਰੀ ਲਾਲ ਜਿਹੀਆਂ ਗਾਈਆਂ ਲੈ ਕੇ ਆ ਜਾਂਦੇ ਨੇ ਕਈ ਵਾਰੀ ਪਹਾੜਾਂ ਤੋਂ। ਉਹ ਇਥੇ ਪਿੰਡਾਂ 'ਚ, ਸੜਕਾਂ ਤੇ ਫਿਰਦੇ ਰਹਿੰਦੇ ਨੇ। ਥੋੜ੍ਹੀ ਦੇਰ ਨੂੰ ਆਪਣੇ ਵਾਪਸ ਦੇਸ ਨੂੰ ਚਲੇ ਜਾਂਦੇ ਨੇ। ਇਸੇ ਤਰ੍ਹਾਂ ਮਹਾਰਾਜ ਕਹਿੰਦੇ ਇਹ ਜੋ ਸੰਸਾਰ ਹੈ ਇਹ ਗੋਇਲੀ ਸੰਸਾਰ ਹੈ। ਸੰਸਾਰ ਦੇ ਵਿਚ ਆ ਕੇ ਕਾਮ ਤੇ ਕ੍ਰੋਧ ਦਾ ਜ਼ਹਿਰ ਮਟਕੇ ਵਿਚ ਭਰ ਲੈਂਦਾ ਹੈ। ਉਹ ਖਾਂਦਾ ਹੈ। ਫੇਰ ਜੇ ਗੁਰੂ ਮਿਲ ਜਾਵੇ ਤ੍ਰਿਸ਼ਨਾ ਮਰ ਜਾਂਦੀ ਹੈ ਤੇ ਕਪਾਟ ਖੁਲ੍ਹ ਜਾਂਦੇ ਨੇ। ਹੋਰ ਕੋਈ ਹਾਲ ਨਹੀਂ –

*ਨਾਮ ਸੰਜੋਗੀ ਗੋਇਲਿ ਥਾਟੁ ॥ ਅੰਗ – ੧੫੨*

ਸੰਜੋਗਾਂ ਦੇ ਨਾਲ ਇਕੱਠੇ ਹੋ ਜਾਂਦੇ ਨੇ ਆਪਣੇ ਪਸ਼ੂ ਲੈ ਕੇ।

*ਕਾਮ ਕ੍ਰੋਧ ਫੂਟੈ ਬਿਖੁ ਮਾਟੁ ॥*
*ਬਿਨੁ ਵਖਰ ਸੂਨੋ ਘਰੁ ਹਾਟੁ ॥ ਅੰਗ – ੧੫੨*

ਕਾਮ ਤੇ ਕ੍ਰੋਧ ਦੀ ਵਿਹੁ ਦਾ ਭਰਿਆ ਮਟਕਾ ਜਦੋਂ ਫੁੱਟ ਜਾਂਦਾ ਹੈ। ਜੇ ਆਤਮ ਵਸਤੂ ਕੋਲ ਨਹੀਂ ਤਾਂ ਸੂਨੇ ਹੱਟ ਨੇ, ਆਹ ਜਿਹੜਾ ਸਾਰਾ ਸਰੀਰ ਹੈ।

*ਗੁਰ ਮਿਲਿ ਖੋਲੇ ਬਜਰ ਕਪਾਟ ॥ ਅੰਗ – ੧੫੨*

ਜਦੋਂ ਗੁਰੂ ਮਿਲ ਜਾਂਦਾ ਹੈ, ਫੇਰ ਜਿੰਨਾ ਆਹ ਭਰਮ ਹੈ ਜਿੰਨਾ ਮੈਂ ਬੇਨਤੀ ਕਰਿਆ ਹੈ, ਇਹਦੇ ਬਜਰ ਕਪਾਟ ਫੇਰ ਖੁਲ੍ਹਦੇ ਨੇ ਜਦੋਂ ਪੂਰਾ ਮਹਾਂਪੁਰਸ਼ ਮਿਲ ਜਾਏ, ਗੁਰੂ ਮਿਲ ਜਾਏ।

ਜਿਹੜਾ ਇਹ ਗੱਲ ਮਨ ਵਿਚ ਸਮਝ ਲਵੇ ਕਿ ਮੈਂ ਥੋੜ੍ਹੀ ਦੇਰ ਵਾਸਤੇ ਮੈਂ ਸੰਸਾਰ ਵਿਚ ਆਇਆ ਹਾਂ। ਕਹਿੰਦੇ, ਉਹਦੇ ਜਿਹੜੇ ਵਿਹੁ ਦੇ ਭਰੇ ਹੋਏ ਮਟਕੇ ਨੇ, ਉਹ ਫੁੱਟ ਜਾਂਦੇ ਨੇ। ਜੇ ਨਾਮ ਦੀ ਵੱਖਰ ਹੈ ਨਹੀਂ ਅੰਦਰ ਤਾਂ ਇਹ ਘਰ ਸੁੰਨਾ ਹੈ। ਗੁਰੂ ਨੂੰ ਮਿਲ ਕੇ ਬਜਰ ਕਪਾਟ ਖੁਲ੍ਹਦੇ ਨੇ। ਲੇਕਿਨ ਜਿਹੜਾ ਜਿਹੜਾ ਗੁਰੂ ਹੈ, ਇਥੇ ਇਹਨੂੰ ਸਾਧੂ ਕਿਹਾ ਹੈ।

*ਸਾਧੁ ਮਿਲੈ ਪੂਰਬ ਸੰਜੋਗ ॥*
*ਸਚਿ ਰਹਸੇ ਪੂਰੇ ਹਰਿ ਲੋਗ ॥ ਅੰਗ – ੧੫੩*

ਪਹਿਲੇ ਸੰਜੋਗ ਲਿਖੇ ਹੋਣ। ਹੁਣ ਮਹਾਰਾਜ ਨੇ ਸਾਨੂੰ ਇਕ ਜੁਗਤ ਦੱਸ ਦਿਤੀ ਕਿ ਇਹ ਮਨ ਵੀ ਤੇ ਤਨ ਵੀ ਇਹ ਦੋਵੇਂ ਗੁਰੂ ਨੂੰ ਦੇ ਦੇ। ਜਿਹੜਾ ਦੇ ਦੇਵੇ ਕਹਿੰਦੇ ਅਸੀਂ ਉਹਦੇ ਚਰਨੀਂ ਲੱਗਣ ਨੂੰ ਤਿਆਰ ਹਾਂ। ਕਿਉਂਕਿ ਉਹਨੂੰ ਸਭ ਕੁਛ ਪ੍ਰਾਪਤ ਹੋ ਜਾਏਗਾ।

*ਮਨੁ ਤਨੁ ਦੇ ਲੈ ਸਹਜਿ ਸੁਭਾਇ ॥*
*ਨਾਨਕ ਤਿਨ ਕੈ ਲਾਗਉ ਪਾਇ ॥ ਅੰਗ – ੧੫੩*

ਗੁਰੂ ਮਿਲ ਜਾਵੇ ਫੇਰ ਆਪਣਾ ਮਨ ਤੇ ਤਨ ਉਹਨੂੰ ਦੇ ਦੇ। ਜਿੰਨਾਂ ਚਿਰ ਦੋਵੇਂ ਆਪਣੇ ਕੋਲ ਰਖਦਾ ਹੈਂ, ਨਹੀਂ ਗੱਲ ਬਣਨੀ ਸਾਧਸੰਗਤ ਜੀ! ਚਾਹੇ ਸਾਰੀ ਜ਼ਿੰਦਗੀ ਕਹੀ ਜਾ ਕਿ ਮੈਂ ਸਿੱਖ ਹਾਂ, ਮੈਂ ਅੰਮ੍ਰਿਤ ਛਕਿਆ ਹੈ, ਮੈਂ ਪੰਜ ਬਾਣੀਆਂ ਪੜ੍ਹਦਾ ਹਾਂ, ਮੈਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਜ਼ੁਬਾਨੀ ਕਰ ਸਕਦਾ ਹਾਂ, ਮੈਂ ਇਕ ਬੈਠਕ 'ਚ ਕਰ ਸਕਦਾ ਹਾਂ। ਜੇ ਮਨ ਤੇ ਤਨ ਨਹੀਂ ਅਰਪਿਆ ਗੁਰੂ ਨੂੰ, ਤਾਂ ਨਹੀਂ ਗੱਲ ਬਣਨੀ।

*ਤਨੁ ਸੰਤਨ ਕਾ ਧਨੁ ਸੰਤਨ ਕਾ*
*ਮਨੁ ਸੰਤਨ ਕਾ ਕੀਆ ॥*
*ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ*
*ਸਰਬ ਕੁਸਲ ਤਬ ਥੀਆ ॥ ਅੰਗ – ੬੧੦*

ਉਹਦੇ ਨਾਲ ਕੀ ਹੁੰਦਾ ਹੈ ਫੇਰ? ਕੁਸ਼ਲ ਤੇ ਖੇਮ

ਆ ਜਾਂਦੀਆਂ ਨੇ ਦੋਵੇਂ ਚੀਜ਼ਾਂ। ਇਹ ਗੱਲ ਨੂੰ ਸਮਝਣ ਵਾਸਤੇ ਇਕ ਸਾਖੀ ਦੀ ਮਦਦ ਲੈਣੀ ਪੈਂਦੀ ਹੈ। ਫੇਰ ਗੱਲ ਚੰਗੀ ਤਰ੍ਹਾਂ ਸਮਝ ਪੈ ਜਾਂਦੀ ਹੈ ਗੱਲ।

ਰਾਜਾ ਜਨਕ ਉਹਨੂੰ ਇਕ ਐਸਾ ਭਿਆਨਕ ਸੁਪਨਾ ਆਇਆ ਕਿ ਉਸ ਸੁਪਨੇ ਦੇ ਵਿਚ ਇਸ ਦੇ ਦਿਮਾਗ ਦੀ ਸਥਿਤੀ ਐਸੀ ਹੋ ਗਈ। ਅਵਸਥਾ ਐਸੀ ਹੋ ਗਈ ਕਿ ਉਹ ਨੀਮ ਪਾਗਲ ਹੋ ਗਿਆ। ਨਾ ਤਾਂ ਪੂਰੀ ਤਰ੍ਹਾਂ ਪਾਗਲ ਹੋਇਆ, ਨਾ ਉਹ ਪੂਰੀ ਤਰ੍ਹਾਂ ਹੋਸ਼ ਵਿਚ ਰਿਹਾ। ਨੀਮ ਪਾਗਲ ਓਸਨੂੰ ਕਹਿੰਦੇ ਨੇ। ਬਥੇਰੇ ਬੰਦੇ ਆਉਂਦੇ ਨੇ, ਕੱਪੜੇ ਲੀੜੇ ਠੀਕ ਪਾਏ ਹੁੰਦੇ ਨੇ, ਪਰ ਹੁੰਦੇ ਨੀਮ ਪਾਗਲ ਨੇ।

ਸੋ ਰਾਜਾ ਜਨਕ ਨੀਮ ਪਾਗਲ ਹੋ ਗਿਆ, ਇਹਨੂੰ ਬਹੁਤ ਡਰਾਵਣਾ ਸੁਪਨਾ ਆਇਆ ਕਿ ਇਹਦਾ ਰਾਜ ਖੋਹ ਲਿਆ ਤੇ ਇਹਨੂੰ ਬੇਇਜ਼ਤ ਕਰਕੇ, ਨਗਨ ਕਰਕੇ ਸ਼ਹਿਰ ਦੇ ਵਿਚੋਂ ਕੱਢ ਦਿਤਾ। ਇੱਟਾਂ ਵੱਟੇ ਮਾਰਦੇ ਨੇ। ਬੱਚੇ ਪਿੱਛੇ ਰੌਲਾ ਪਾਉਂਦੇ ਨੇ ਕਿ ਪਾਗਲ ਜਾ ਰਿਹਾ ਹੈ, ਪਾਗਲ ਜਾ ਰਿਹਾ ਹੈ। ਤਿੰਨ ਦਿਨ-ਤਿੰਨ ਰਾਤਾਂ ਜੰਗਲਾਂ 'ਚ ਲੁਕ ਕੇ, ਆਪਣੇ ਰਾਜ 'ਚੋਂ ਨਿਕਲਿਆ। ਦੂਸਰੇ ਰਾਜ ਵਿਚ ਗਿਆ, ਉਥੇ ਇਕ ਦਰਖਤ ਕੱਟਿਆ ਹੋਇਆ ਸੀ, ਉਹਦੇ 'ਤੇ ਬਹਿ ਗਿਆ। ਉਥੇ ਖੂਨ ਲੱਗ ਗਿਆ ਉਹਨੂੰ, ਜਿਹੜਾ ਇੱਟਾਂ ਵੱਟਿਆਂ ਨਾਲ ਨਿਕਲਿਆ ਸੀ। ਭੁੱਖਾ ਮਰਿਆ ਹੋਇਆ, ਕੱਪੜਾ ਕੋਲ ਨਹੀਂ ਸੀ ਕੋਈ ਤੇ ਨੇੜੇ ਕੋਈ ਆਉਂਦਾ ਨਹੀਂ। ਇਕ ਪ੍ਰੇਮੀ ਆਇਆ, ਉਹ ਨੇ ਕਿਹਾ ਕਿ ਤੇਰਾ ਐਹੋ ਜਿਹਾ ਹਾਲ ਹੋਇਆ ਹੈ? ਉਹਨੂੰ ਕਹਿੰਦਾ, ਮੈਂ ਰਾਜਾ ਜਨਕ ਹਾਂ। ਦੁਸ਼ਮਣ ਨੇ ਮੇਰਾ ਸਭ ਕੁਛ ਲੈ ਲਿਆ ਤੇ ਆਹ ਹਾਲ ਮੇਰਾ ਹੋ ਗਿਆ। ਭੁੱਖ ਨਾਲ ਮੇਰੀ ਜਾਨ ਨਿਕਲਦੀ ਹੈ, ਮੈਨੂੰ ਕੋਈ ਜਗ੍ਹਾ ਦੱਸ। ਉਸ ਨੇ ਕਿਹਾ ਕਿ ਔਹ ਸਾਮ੍ਹਣੇ ਲੰਗਰ ਚਲਦਾ ਹੈ, ਉਥੇ ਸਾਮ੍ਹਣੇ ਜਾ ਕੇ ਲੈ ਲੈ। ਭੋਜ ਪੱਤਰ ਵਲੇਟ ਕੇ ਆਲੇ ਦੁਆਲੇ ਉਥੇ ਚਲਿਆ ਜਾਂਦਾ ਹੈ, ਉਥੇ ਚਲਿਆ ਗਿਆ, ਲਾਈਨ ਵਿਚ ਖੜ੍ਹਾ ਹੋ ਗਿਆ, ਸ਼ਕਲ ਦੇਖ ਕੇ ਸਾਰੇ ਹੀ ਘਬਰਾਉਂਦੇ ਨੇ ਕਿ ਇਹ ਕੌਣ ਆ ਗਿਆ। ਜਦੋਂ ਇਹ ਨੇੜੇ ਪਹੁੰਚਦਾ ਹੈ, ਵਾਰੀ ਆ ਗਈ, ਜਿਥੇ ਵਰਤਾਉਂਦੇ ਸੀ, ਉਥੇ ਮੁੱਕ ਗਿਆ ਸਭ ਕੁਛ। ਕਹਿੰਦੇ, ਹੁਣ ਤਾਂ ਮੁਕ ਗਿਆ ਭਾਈ ਤੇ ਜਿਹੜਾ ਹੈਗਾ ਉਹ ਗਰਮ ਐਨਾ ਹੈ ਕਿ ਤੇਰੇ ਹੱਥ ਤੇ ਕਿਵੇਂ ਪਾਈਏ। ਜਾਹ, ਜਾ ਕੇ ਕੋਈ ਬਰਤਨ ਲੈ ਕੇ ਆ। ਓਸ ਵੇਲੇ ਲਾਇਨ 'ਚੋਂ ਨਿਕਲ ਗਿਆ, ਮੰਗਣਾ ਸ਼ੁਰੂ ਕਰ ਦਿਤਾ, 19 ਕੌਡੀਆਂ ਮਿਲੀਆਂ ਮੰਗਦੇ ਨੂੰ, ਰੋਂਦਾ ਹੈ ਬਹੁਤ ਕਿ ਕਿੱਥੇ ਮੇਰੇ ਕੋਲ ਹੀਰੇ, ਜਵਾਹਰਾਤ, ਸੋਨੇ, ਚਾਂਦੀ ਦੇ ਖਜ਼ਾਨੇ ਸੀ ਤੇ ਮੈਂ ਚੁੱਕ-ਚੁੱਕ ਕੇ ਲੱਖਾਂ ਰੁਪਏ ਦੇ ਹੀਰੇ ਦੇ ਦਿੰਦਾ ਸੀ। ਮੈਨੂੰ ਹੁਣ ਮੰਗਣਾ ਪਿਆ ਹੈ, ਮੈਂ ਇਕ ਕੌਡੀ ਵੀ ਕੋਈ ਨਹੀਂ ਦਿੰਦਾ। 19 ਕੌਡੀਆਂ ਦਾ ਇਕ ਕਿਸੋਰਾ ਲੈ ਆਇਆ, ਜਦੋਂ ਉਥੇ ਪਹੁੰਚਿਆਂ ਤਾਂ ਉਹ ਕਹਿੰਦੇ ਕਿ ਹੁਣ ਤਾਂ ਖੁਰਚਣ ਹੀ ਹੈ, ਹੋਰ ਕੁਛ ਨਹੀਂ ਰਿਹਾ। ਇਸ ਨੇ ਕਿਹਾ ਮੈਨੂੰ ਇਹੀ ਪਾ ਦਿਓ। ਖੁਰਚਣ ਪਾ ਦਿਤੀ ਉਨ੍ਹਾਂ ਨੇ ਕਿਹਾ ਤੇਰੇ ਲੰਘਣੀ ਨਹੀਂ, ਓਥੋਂ ਘਿਓ ਲੈ ਲੈ, ਘਿਓ ਲੈਣ ਚਲਿਆ ਗਿਆ। ਉਹਨੇ ਚਮਚਾ ਪਾਇਆ, ਹੱਥ ਹਿੱਲ ਗਿਆ, ਥੱਲੇ ਗਿਰ ਗਿਆ। ਉਹ ਕਹਿੰਦਾ ਚਲਿਆ ਜਾਹ ਹੁਣ। ਇਹਨੇ ਬਹੁਤ ਮਿੰਨਤਾਂ ਕਰੀਆਂ, ਉਸ ਤੋਂ ਬਾਅਦ ਉਹਨੂੰ ਤਰਸ ਆਇਆ, ਉਹ ਇਕ ਚਮਚਾ ਹੋਰ ਪਾ ਦਿਤਾ, ਕਹਿੰਦਾ ਦੇਖ, ਨੇੜੇ ਨਾ ਬੈਠੀਂ ਉਥੇ ਦੂਰ ਚਲ। ਦੂਰ ਭੇਜ ਦਿਤਾ। ਜਿਸ ਵਕਤ ਮੂੰਹ ਵਿਚ ਪਾਉਣ ਲੱਗਿਆ ਬੁਰਕੀ ਉਂਗਲੀਆਂ ਨਾਲ ਭਰ ਕੇ, ਓਸ ਵੇਲੇ ਦੋ ਸਾਂਡ ਭਿੜਦੇ ਸੀ, ਉਨ੍ਹਾਂ ਦੀ ਫੇਟ ਵਿਚ ਆ ਗਿਆ, ਜਿਸ ਵਕਤ ਸੱਟ ਲੱਗੀ, ਇਸਨੂੰ ਜਾਗ ਆ ਗਈ, ਜਾਗ ਆਈ ਤਾਂ ਦੇਖਦਾ ਹੈ ਕਿ ਤਖਤ ਤੇ ਬੈਠਾ ਹਾਂ। ਦਰਬਾਰ ਲੱਗਿਆ ਹੋਇਆ ਹੈ –

*ਨਰਪਤਿ ਏਕੁ ਸਿੰਘਾਸਨਿ ਸੋਇਆ*
*ਸੁਪਨੇ ਭਇਆ ਭਿਖਾਰੀ ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ*
*ਸੋ ਗਤਿ ਭਈ ਹਮਾਰੀ ॥* *ਅੰਗ – ੬੫੮*

ਰਾਜ ਹੁੰਦੇ-ਸੁ-ਹੁੰਦੇ ਦੁੱਖ ਪਾਇਆ। ਹੁਣ ਇਹ ਬੈਠਾ ਦੇਖਦਾ ਹੈ ਕਿ ਇਹ ਸੁਪਨਾ ਹੈ ਕਿ ਔਹ ਸੁਪਨਾ ਹੈ। ਦਿਮਾਗ ਤੇ ਐਨਾ ਝਟਕਾ ਵੱਜਿਆ ਪਤਾ ਹੀ ਨਹੀਂ ਲਗਦਾ ਕਿ ਆਹ ਸੱਚਾ ਕਿ ਉਹ ਸੱਚਾ ਹੈ। ਓਸ ਵੇਲੇ ਦਰਬਾਰ ਬਰਖਾਸ਼ਤ ਕਰ ਦਿਤਾ ਆਪਣੇ ਅਲੱਗ ਕਮਰੇ ਵਿਚ ਚਲਿਆ ਗਿਆ। ਕੁਛ ਨਹੀਂ ਪਤਾ ਲਗ ਰਿਹਾ, **confuse** ਹੋ ਗਿਆ। ਘੋੜੇ ਤੇ ਚੜ੍ਹਿਆ, ਦੇਖਣ ਜਾਂਦਾ ਹੈ ਕਿ ਕਿੱਥੇ-ਕਿੱਥੇ ਮੈਂ ਗਿਆ ਸੀ, ਜਦ ਦੇਖਦਾ ਹੈ ਤਾਂ ਉਥੇ ਇੱਟਾਂ ਵੱਟੇ ਪਏ ਨੇ, ਅੱਗੇ ਉਹ ਮੁੱਢ ਦੇਖ ਲਿਆ ਕਿ ਇਹ ਵੀ ਐਵੇਂ ਜਿਵੇਂ ਹੈ। ਉਸ ਤੋਂ ਅੱਗੇ ਜਾ ਕੇ ਦੇਖਿਆ ਕਿ ਉਥੇ ਲੰਗਰ ਲੱਗਿਆ ਹੋਇਆ ਫਰੀ ਚਲ ਰਿਹਾ ਹੈ। ਸੋਚ ਰਿਹਾ ਹੈ ਕਿ ਇਥੇ ਬੈਠਾ ਸੀ ਮੈਂ, ਆਹ ਜਗ੍ਹਾ ਗਿਆ ਸੀ, ਇਥੇ ਸਾਂਢ ਭਿੜੇ ਸੀ। ਉਹਨੂੰ ਦੋਹਾਂ ਦਾ ਨਹੀਂ ਪਤਾ ਲਗਦਾ ਕਿ ਆਹ ਸੱਚਾ ਹੈ ਕਿ ਔਹ ਸੱਚਾ ਹੈ। ਬੇਅੰਤ ਮਹਾਤਮਾ ਸਾਰੇ ਭਾਰਤ ਵਰਸ਼ ਦੇ ਮੰਗਾ ਲਏ ਮਿਥਲਾਪੁਰੀ 'ਚ। ਸੇਵਾ ਕਰੀ ਜਾਂਦਾ ਹੈ, ਮੁੜਨ ਕਿਸੇ ਨੂੰ ਦਿੰਦਾ ਨਹੀਂ। ਕਹਿੰਦਾ, ਮੇਰੇ ਸਵਾਲ ਦਾ ਜਵਾਬ ਦਿਓ। ਓਸ ਤੋਂ ਅੱਠ ਸਾਲ ਬਾਅਦ ਇਕ ਬੱਚਾ ਆਉਂਦਾ ਹੈ ਤੇ ਉਸ ਬੱਚੇ ਨੇ ਕਿਹਾ ਕਿ ਮੈਂ ਜਵਾਬ ਦਿੰਦਾ ਹਾਂ ਤੇਰਾ। ਦੂਸਰੇ ਦਿਨ ਸਭਾ ਲਗਦੀ ਹੈ, ਜਦੋਂ ਉਹ ਬੱਚਾ ਸਭਾ 'ਚ ਆਉਂਦਾ ਹੈ ਤਾਂ ਉਹਦੇ ਸਰੀਰ ਵਿਚ ਅੱਠ ਵਲ ਪੈਂਦੇ ਸੀ। ਛਾਤੀ ਕਿਧਰੇ ਨੂੰ ਨਿਕਲੀ

ਹੋਈ ਸੀ, ਬਾਹਵਾਂ ਕਿਧਰੇ ਨੂੰ ਸੀ, ਝਾਕਦਾ ਕਿੱਧਰ ਨੂੰ ਸੀ, ਦੇਖਦਾ ਕਿੱਧਰ ਨੂੰ ਸੀ। ਅੱਠ ਵਲ ਪੈਂਦੇ ਸੀ, ਲੱਤਾਂ ਵਿਚ ਬਲ ਪੈਂਦੇ ਸੀ, ਪੈਰ ਪੁੱਟਦੇ ਹੀ ਵਲ ਪੈ ਜਾਂਦਾ ਸੀ। ਉਹ ਸਾਰੀ ਸਭਾ ਪਹਿਲਾਂ ਤਾਂ ਇਸ ਕਰਕੇ ਹੱਸੀ ਕਿ ਅੱਠ ਸਾਲ ਦਾ ਬੱਚਾ ਇਹਨੂੰ ਕੀ ਜਵਾਬ ਦੇਵੇਗਾ? ਅਸੀਂ ਨਹੀਂ ਦੇ ਸਕੇ? ਦੂਸਰਾ ਉਸ ਦੇ ਸਰੀਰ ਨੂੰ ਦੇਖ ਕੇ ਸਾਰਿਆਂ ਦਾ ਹਾਸਾ ਨਿਕਲ ਗਿਆ। ਉਸ ਵੇਲੇ ਉਹ ਵੀ ਹੱਸਣ ਲੱਗ ਗਿਆ, ਜਿਵੇਂ ਉਹ ਹੱਸਦੇ ਸੀ ਇਹ ਕਿਸੇ ਹੋਰ ਭਾਵ ਨਾਲ ਉਨ੍ਹਾਂ ਤੇ ਹੱਸਣ ਲਗ ਗਿਆ। ਕਹਿੰਦਾ ਰਾਜਨ! ਆਹ ਚਮੜੇ ਦੇ ਵਪਾਰੀਆਂ ਤੋਂ ਤੂੰ ਚਾਹੁੰਦਾ ਸੀ ਜਵਾਬ? ਇਹ ਤਾਂ ਸਾਰੇ ਚੰਮ ਨੂੰ ਖਰੀਦਣ ਵਾਲੇ ਨੇ। ਇਨ੍ਹਾਂ ਨੇ ਤੇਰਾ ਸ਼ੰਕਾ ਦੂਰ ਕਰਨਾ ਸੀ? ਉਸ ਵੇਲੇ ਰਿਸ਼ੀ-ਮੁਨੀ ਸਾਰੇ ਨਾਰਾਜ਼ ਹੋ ਗਏ। ਵੱਡਾ ਜਿਹੜਾ ਮਹਾਤਮਾ ਸੀ ਉਹ ਕਹਿਣ ਲੱਗਿਆ, ਰਾਜਨ! ਏਸ ਬੱਚੇ ਨੂੰ ਹਟਾਓ ਇਹ ਮਰਿਆਦਾ ਤੋਂ ਉਲਟ ਜਾ ਰਿਹਾ ਹੈ ਤੇ ਗਲਤ ਗੱਲ ਕਹਿ ਰਿਹਾ। ਉਸ ਵੇਲੇ ਬੜੇ ਅਦਬ ਨਾਲ ਰਾਜਾ ਜਨਕ ਨੇ ਕਿਹਾ, ਮੁਨੀ ਜੀ! ਇਹ ਵੱਡੇ-ਵੱਡੇ ਮਹਾਂਪੁਰਸ਼ ਬੈਠੇ ਨੇ, ਤੁਸੀਂ ਆਪਣੇ ਸ਼ਬਦ ਵਾਪਸ ਲੈ ਲਓ। ਕਹਿੰਦਾ, ਨਹੀਂ ਮੈਂ ਆਪਣੇ ਸ਼ਬਦ ਵਾਪਸ ਨਹੀਂ ਲੈਣੇ। ਪਹਿਲਾਂ ਇਨ੍ਹਾਂ ਨੂੰ ਪੁੱਛੋ ਕਿ ਇਹ ਹੱਸਦੇ ਕਿਉਂ ਸੀ? ਇਹ ਮੇਰੇ ਸਰੀਰ ਨੂੰ ਦੇਖ ਕੇ ਹੱਸੇ ਨਾ, ਮੇਰੇ ਚਮੜੇ ਨੂੰ ਦੇਖ ਕੇ ਹੱਸੇ। ਇਹ ਸਾਰੇ ਚਰਮ ਦ੍ਰਿਸ਼ਟੀ ਵਾਲੇ ਬੈਠੇ ਨੇ, ਚੰਮ ਪਰਖਣ ਵਾਲੇ। ਇਥੇ ਆਤਮਦਰਸ਼ੀ ਨਹੀਂ ਕੋਈ, ਆਤਮਾ ਵਿਚ ਤਾਂ ਮੇਰੇ ਕੋਈ ਵਲ ਨਹੀਂ ਹੈ, ਜੇ ਚੰਮ 'ਚ ਵਲ ਹੈ। ਚੰਮ ਨੂੰ ਦੇਖ ਕੇ ਇਹ ਮੇਰੇ ਵਲ ਹੱਸੇ ਤਾਂ ਮੈਂ ਇਹ ਸ਼ਬਦ ਵਰਤ ਦਿਤਾ। ਨੀਵੀਆਂ ਪਾ ਲਈਆਂ ਸਾਰਿਆਂ ਨੇ। ਕਹਿਣ ਲੱਗੇ, ਜੇ ਗੰਨੇ 'ਚ ਵਿੰਗ, ਹੋਵੇ ਤਾਂ ਰਸ ਵਿਚ ਤਾਂ ਕੋਈ ਵਿੰਗ ਨਹੀਂ ਹੋਇਆ ਕਰਦਾ। ਰਸ ਤਾਂ ਓਨਾ ਹੀ ਮਿੱਠਾ ਹੁੰਦਾ ਹੈ, ਸਿੱਧੇ ਦਾ ਵੀ, ਵਿੰਗੇ ਦਾ ਵੀ। ਚੁੱਪ ਕਰ ਗਏ ਕਿ ਬੱਚਾ ਲਾਜਵਾਬ ਹੈ, ਜ਼ਰੂਰ ਕੁਛ ਦੱਸੇਗਾ। ਓਸ ਵੇਲੇ ਚੌਕੀਂ ਤੇ ਜਾ ਕੇ ਬੈਠ ਜਾਂਦੇ ਨੇ। ਕਹਿੰਦੇ, ਰਾਜਨ! ਹੁਣ ਕਰ ਸਵਾਲ? ਰਾਜੇ ਨੇ ਕਿਹਾ, ਇਹ ਸੱਚਾ ਕਿ ਓਹ ਸੱਚਾ? ਕਹਿੰਦੇ, ਦੋਵੇਂ ਝੂਠੇ। ਰਾਜਾ ਜਨਕ ਦੇਖਦਾ ਹੈ ਕਿ ਸਮਝ 'ਚ ਨਹੀਂ ਆਉਂਦਾ। ਕਹਿੰਦੇ, ਰਾਜਨ! ਤੈਨੂੰ ਮੈਂ ਇਕ ਗੱਲ ਦੱਸਦਾ ਹਾਂ ਤੇਰੀ ਹੀ, ਤੂੰ ਯਾਦ ਕਰ, ਇਕ ਵਾਰੀ ਸੰਤਾਂ ਦੀ ਸਭਾ ਹੋ ਰਹੀ ਸੀ। ਉਸ ਸਭਾ ਵਿਚ ਵਿਚਾਰ ਹੋ ਰਹੀ ਸੀ ਕਿ ਜੇ ਗੁਰੂ ਨਹੀਂ ਧਾਰਿਆ, ਨਿਗੁਰਾ ਪੁਰਸ਼ ਹੈ ਉਹਦਾ ਨਾਉਂ ਲੈਣਾ ਵੀ ਬੁਰਾ ਹੁੰਦਾ ਹੈ ਤੇ ਤੈਨੂੰ ਆਇਆ ਹੈ ਇਕ ਸੁਪਨਾ। ਬਹੁਤ ਭਿਆਨਕ ਸੁਪਨਾ, ਉਸ ਵਿਚ ਤੂੰ ਔਹ ਗੱਲਾਂ ਦੇਖੀਆਂ, ਜਿਹੜੀਆਂ ਤੂੰ ਦੱਸ ਨਹੀਂ ਸਕਦਾ। ਖੋਲ੍ਹ ਕੇ ਨਹੀਂ ਦੱਸਦਾ। ਜੇ ਖੋਲ੍ਹ ਕੇ ਦੱਸਦਾ ਤਾਂ ਤੈਨੂੰ ਇਹ ਜਵਾਬ ਮਿਲ ਜਾਂਦਾ। ਉਸ ਤੋਂ ਬਾਅਦ ਤੂੰ ਤਖਤ ਤੇ ਬੈਠਾ ਸੁੱਤਾ ਸੀ, ਤੈਨੂੰ ਹੁਣ ਇਹ ਨਹੀਂ ਸੀ ਪਤਾ ਲਗਦਾ ਕਿ ਉਹ ਸੁਪਨਾ ਸੱਚਾ ਹੈ ਕਿ ਇਹ ਸੱਚਾ ਹੈ। ਅਸੀਂ ਇਹ ਕਹਿੰਦੇ ਹਾਂ ਕਿ ਦੋਵੇਂ ਝੂਠੇ ਨੇ।

***ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥***

***ਅੰਗ - ੮੦੮***

ਕਹਿਣ ਲੱਗੇ, ਰਾਜਨ! ਸੁਪਨਾ ਜਿਹੜਾ ਹੈ ਔਹ ਵੀ ਝੂਠਾ, ਕਿਉਂਕਿ ਜਾਗਣ ਤੋਂ ਬਾਅਦ ਰਿਹਾ ਨਾ ਸਭ ਕੁਛ ਜੋ ਕੁਛ ਤੂੰ ਦੇਖਿਆ ਸੀ, ਤੈਨੂੰ ਮਾਰਦੇ ਸੀ ਕੁਟਦੇ ਸੀ, ਫੌਜਾਂ ਕਿੱਥੇ ਚਲੀਆਂ ਗਈਆਂ, ਤੂੰ ਤਾਂ ਤਖਤ ਤੇ ਬੈਠਾ ਹੈਂ। ਜਿਹੜਾ ਹੁਣ ਤੂੰ ਸੰਸਾਰ ਵਿਚ ਰਹਿ ਰਿਹਾ ਹੈਂ ਇਹ ਲੰਮਾ ਸੁਪਨਾ ਹੈ, ਉਹ ਇਕ ਰਾਤ ਦਾ ਥੋੜ੍ਹੇ ਮਿੰਟਾਂ, ਸਕਿੰਟਾਂ ਦਾ ਸੁਪਨਾ ਹੈ। ਇਹ ਸਾਲਾਂ ਦਾ ਸੁਪਨਾ ਹੈ। ਜਦੋਂ ਤੂੰ ਇਥੋਂ ਚਲਿਆ ਜਾਏਂਗਾ ਫੇਰ ਤੈਨੂੰ ਇਹ ਝੂਠਾ ਲੱਗੇਗਾ। ਏਸ ਕਰਕੇ ਇਹ ਵੀ ਝੂਠਾ ਹੈ ਤੇ ਔਹ ਵੀ ਝੂਠਾ ਹੈ। ਉਸ ਵੇਲੇ ਇਹਦੇ ਮਨ ਵਿਚ ਖਿਆਲ ਆਇਆ, ਕਹਿਣ ਲੱਗੇ ਕਿ ਤੂੰ ਸੱਚਮੁੱਚ ਹੀ ਤਕਲੀਫ ਮਿਲਣੀ ਸੀ, ਇਵੇਂ ਜਿਵੇਂ ਤੂੰ ਬੇਇਜ਼ਤ ਹੋ ਕੇ ਨਿਕਲਣਾ ਸੀ ਪਰ ਤੂੰ ਸਾਧੂਆਂ ਦੀ ਸੇਵਾ ਕਰਦਾ ਸੀ, ਉਹਦੇ ਕਰਕੇ ਤੇਰਾ ਜਿਹੜਾ ਕਰਮ ਸੀ, ਉਹ ਪ੍ਰਮੇਸ਼ਰ ਨੇ ਸੁਪਨੇ ਵਿਚ ਕੱਟ ਦਿਤਾ ਤੇ ਮਾਇਆ ਤੇਰੇ ਤੇ ਸੰਤਾਂ ਨੇ ਪਾਈ ਸੀ, ਤੂੰ ਯਾਦ ਕਰ ਓਸਨੂੰ।

ਉਸ ਵੇਲੇ ਰਾਜਾ ਜਨਕ ਕਹਿਣ ਲੱਗਿਆ, ਠੀਕ ਮੁਨੀ ਜੀ। ਇਕ ਵਾਰੀ ਮੈਂ ਸੰਤਾਂ ਦੇ ਨਾਲ ਬਹਿਸ ਪਿਆ ਸੀ ਏਸ ਗੱਲ ਦੇ ਉਤੇ ਕਿ ਮਾਇਆ ਨਹੀਂ ਪੈ ਸਕਦੀ ਜਿਹੜਾ ਬੰਦਾ ਸੋਝੀਵਾਨ ਹੈ। ਜਦੋਂ ਪਤਾ ਹੈ ਕਿ ਸਾਰੇ ਪ੍ਰਮੇਸ਼ਰ ਹੈ ਫੇਰ ਕਿਵੇਂ ਮਾਇਆ ਪੈ ਜਾਏਗੀ? ਉਹ ਹਿੰਡ ਕਰੀ ਸੀ ਪਰ ਮਹਾਂਪੁਰਸ਼ਾਂ ਨੇ ਮਾਇਆ ਪਾ ਤਾਂ ਦਿਤੀ, ਤੈਨੂੰ ਤਕਲੀਫ ਤੋਂ ਵੀ ਬਚਾ ਲਿਆ ਤੇ ਸਾਧੂਆਂ ਦੀ ਸੰਗਤ ਕਰਕੇ, ਸੇਵਾ ਕਰਕੇ ਅੱਠ ਸਾਲ ਤੋਂ ਤੂੰ ਲਗਾਤਾਰ ਸੇਵਾ ਕਰੀ ਹੈ, ਉਹਦੇ ਕਰਕੇ ਤੇਰਾ ਰਾਜ ਭਾਗ ਵੀ ਬਚ ਗਿਆ, ਜਾਣਾ ਸੀਗਾ ਇਹ।

ਉਸ ਵੇਲੇ ਰਾਜਾ ਜਨਕ ਨੇ ਸਾਰੀ ਗੱਲ ਵਿਚਾਰ ਕੇ ਅਧਿਆਸ ਟੁੱਟ ਗਿਆ ਤੇ ਦੋਵੇਂ ਸੁਪਨੇ ਸਮਝ ਲਏ। ਉਸ ਵੇਲੇ ਓਹਨੇ ਐਲਾਨ ਕਰਿਆ ਕਿ ਮਹਾਂਪੁਰਸ਼ੋ! ਸਾਰੇ ਭਾਰਤ ਵਰਸ਼ ਦੇ ਮਹਾਂਪੁਰਸ਼ ਤੁਸੀਂ ਇਕੱਠੇ ਹੋਏ ਹੋਂ ਤੇ ਮੈਂ ਨਿਗੁਰਾ ਪੁਰਸ਼ ਹਾਂ, ਮੈਂ ਗੁਰੂ ਧਾਰਨ ਕਰਨਾ ਹੈ, ਪਰ ਮੈਂ ਕਰਨਾ ਉਹਨੂੰ ਹੈ ਗੁਰੂ, ਜਿਹੜਾ ਮੈਨੂੰ ਘੋੜੇ ਦੀ ਰਕਾਬ ਵਿਚ ਪੈਰ ਪਾਉਣ ਤੋਂ ਬਾਅਦ ਦੂਜੇ ਪਾਸੇ ਪੈਰ ਪਾਉਣ ਤੱਕ ਦੋ ਚਾਰ ਪੰਜ ਸੈਕਿੰਟ ਦੇ ਅੰਦਰ ਮੈਨੂੰ ਗਿਆਨ ਕਰਾ ਦੇਵੇ। ਸਾਰੇ ਮਹਾਂਪੁਰਸ਼ ਚੁੱਪ ਹੋ ਗਏ ਕਿ ਹੈਂ ਗਿਆਨ। ਗਿਆਨ ਦੇ ਵਾਸਤੇ ਤਾਂ ਪਹਿਲਾਂ ਕਰਮ ਦਾ ਅਭਿਆਸ ਕਰਨਾ ਪੈਂਦਾ ਹੈ। ਸ਼ੁੱਭ ਕਰਮ

ਕਰਨੇ ਪੈਂਦੇ ਨੇ, ਨਿਸ਼ਕਾਮ ਕਰਮ ਕਰਨੇ ਪੈਂਦੇ ਨੇ, ਨਿਸ਼ਕਾਮ ਕਰਮਾਂ ਦੇ ਨਾਲ ਮਨ ਦੀ ਮੈਲ ਹੁੰਦੀ ਹੈ, ਚਿੱਤ ਨਿਰਮਲ ਹੁੰਦਾ ਹੈ, ਨਿਰਮਲ ਹੋਣ ਤੋਂ ਬਾਅਦ ਫੇਰ ਉਪਾਸਨਾ ਕਰਨੀ ਪੈਂਦੀ ਹੈ ਟਿਕਾਉਣ ਵਾਸਤੇ। ਚਿੱਤ ਤਾਂ ਟਿਕਿਆ ਨਹੀਂ, ਛਲਾਂਗਾਂ ਮਾਰਦਾ ਹੈ ਮਨ, ਚਿੱਤ ਦੀਆਂ ਭਾਵਨਾਵਾਂ ਆਦਮੀ ਨੂੰ ਲਈਂ ਫਿਰਦੀਆਂ ਨੇ, ਕਿਉਂਕਿ ਜਿਹੜਾ ਸਾਡਾ ਸਰੀਰ ਹੈ ਨਾ ਸਾਧਸੰਗਤ ਜੀ! ਇਹ ਰੱਥ ਹੈ ਰੱਥ। ਜਿਹੜੀਆਂ ਸਾਡੀਆਂ ਇੰਦਰੀਆਂ ਨੇ ਬੜੇ ਹੀ ਬਲਵਾਨ ਘੋੜੇ ਨੇ, ਅਮੋੜ ਘੋੜੇ, ਮੁੜਦੇ ਨਹੀਂ ਹਨ। ਅੱਖਾਂ ਦੇਖਣ ਲਗ ਜਾਣ ਕਿਸੇ ਨੂੰ, ਡੂੰਘੀਆਂ ਚਲੀਆਂ ਜਾਂਦੀਆਂ ਨੇ, ਨਹੀਂ ਮੁੜਦੀਆਂ ਮਨ ਮੋੜ ਕੇ ਦਿਖਾ ਦਿਓ। ਮਨ ਜਿਹੜਾ ਹੈ ਇਹ ਵਾਗਾਂ ਨੇ, ਬੁੱਧੀ ਜਿਹੜੀ ਹੈ ਇਹ ਸਾਰਥੀ ਹੈ, ਡਰਾਈਵਰ ਹੈ ਚਲਾਉਣ ਵਾਲਾ, ਜੀਵ ਆਤਮਾ ਬੈਠਾ ਹੈ ਇਹਦੇ ਤੇ। ਉਹ ਰਾਸਾਂ ਢਿੱਲੀਆਂ ਕਰਕੇ ਬੁੱਧੀ ਨਾਲ ਰਲਾ ਲਈ ਇੰਦਰੀਆਂ ਨੇ ਆਪਣੇ ਨਾਲ। ਉਹਨੇ ਘੋੜਿਆਂ ਦੀਆਂ ਰਾਸਾਂ ਢਿੱਲੀਆਂ ਕਰ ਦਿਤੀਆਂ, ਫੇਰ ਮਨ-ਮਰਜ਼ੀ ਕਰਦੀਆਂ ਨੇ, ਖੱਡਿਆਂ 'ਚ ਸੁੱਟ ਦਿੰਦੀਆਂ ਨੇ। ਜੇ ਬੁੱਧੀ ਡਰਾਈਵਰ ਨੇ ਸ਼ਰਾਬ ਪੀਤੀ ਹੋਵੇ, ਨਸ਼ਾ ਚੜ੍ਹਿਆ ਹੋਵੇ, ਉਹ ਫੇਰ ਕੀ ਕਰਦਾ ਐਕਸੀਡੈਂਟ ਕਰ ਦਿੰਦਾ ਹੈ। ਜੀਵ ਆਤਮਾ ਇਹਦੇ ਵਸ ਵਿਚ ਆਇਆ ਹੋਇਆ, ਬੇਵਸ ਹੋਇਆ ਦੁਖੀ ਹੁੰਦਾ, ਜੰਮਦਾ ਰਹਿੰਦਾ ਹੈ, ਮਰਦਾ ਰਹਿੰਦਾ ਹੈ, ਇੰਦਰੀਆਂ ਭੋਗਦੀਆਂ ਨੇ, ਨਾਲ ਆਪੇ ਭੋਗਤਾ ਕਰਤਾ ਬਣ ਕੇ, ਦੁਖੀ ਸੁਖੀ ਹੋ ਕੇ, ਜੰਮਦਾ ਮਰਦਾ ਤੁਰਿਆ ਰਹਿੰਦਾ ਹੈ। ਸੋ ਜਦੋਂ ਤੱਕ ਗੁਰੂ ਨਹੀਂ ਮਿਲਦਾ ਓਨੀਂ ਦੇਰ ਤੱਕ ਇਨ੍ਹਾਂ ਗੱਲਾਂ ਤੋਂ ਛੁਟਕਾਰਾ ਨਹੀਂ ਹੋਇਆ ਕਰਦਾ। ਪਤਾ ਨਹੀਂ ਲਗਦਾ। ਸੋ ਮਨ ਨਾ ਟਿਕਣ ਕਰਕੇ, ਐਹੋ ਜਿਹੀ ਅਵਸਥਾ 'ਚ ਹੋਣ ਕਰਕੇ ਉਪਾਸਨਾ ਜ਼ਰੂਰੀ ਹੁੰਦੀ ਹੈ। ਤਿੰਨ ਅਵਸਥਾ ਹੁੰਦੀਆਂ ਨੇ ਭਜਨ ਦੀਆਂ ਪਹਿਲਾ ਤਾਂ ਹੁੰਦਾ ਹੈ ਕਰਮ, ਦੂਸਰੀ ਹੁੰਦੀ ਹੈ ਉਪਾਸਨਾ, ਉਪਾਸਨਾ ਹੋਇਆ ਕਰਦੀ ਹੈ ਦੋ ਤਰ੍ਹਾਂ ਦੀ। ਇਕ ਅੰਤਰੰਗ ਹੁੰਦੀ ਹੈ, ਇਕ ਬੈਰੰਗ ਹੁੰਦੀ ਹੈ। ਜਦੋਂ ਤਕ ਆਦਮੀ ਉਪਾਸਨਾ 'ਚ ਨਹੀਂ ਲੰਘਦਾ ਗਿਆਨ ਨਹੀਂ ਆ ਸਕਦਾ। ਗਿਆਨ ਜੇ ਹੋਏਗਾ ਤਾਂ ਗੱਲਾਂ ਦਾ ਗਿਆਨ ਹੋਏਗਾ। ਯਥਾਰਥ ਗਿਆਨ ਨਹੀਂ ਹੋਏਗਾ। ਸੋ ਉਪਾਸਨਾ ਨੂੰ ਹੁਣ ਅਸੀਂ ਨਹੀਂ ਮੰਨਦੇ। ਸਾਡੀਆਂ ਕਿਤਾਬਾਂ ਇਹੋ ਜਿਹੀਆਂ ਮੈਂ ਪੜ੍ਹੀਆਂ ਨੇ ਉਪਾਸਨਾ ਦੇ ਨੇੜੇ ਤੇੜੇ ਨਹੀਂ ਜਾਂਦੀਆਂ। ਉਨ੍ਹਾਂ ਨੂੰ ਪ੍ਰੈਕਟੀਕਲੀ ਗਿਆਨ ਨਹੀਂ। ਖੰਡਨ ਮੰਡਨ ਜਿਹਾ ਕਰੀ ਜਾਂਦੇ ਨੇ ਉਹਦੇ ਨਾਲ ਜਗਿਆਸੂਆਂ ਦਾ ਬੜਾ ਭਾਰਾ ਨੁਕਸਾਨ ਹੋ ਰਿਹਾ ਹੈ। ਉਹਨੇ ਤਾਂ ਕਿਤਾਬ ਲਿਖ ਦਿਤੀ ਕਿ ਪੈਸੇ ਵਟਾਂਗੇ, ਲੇਕਿਨ ਨੁਕਸਾਨ ਲੱਖਾਂ ਜਗਿਆਸੂਆਂ ਦਾ ਕਰ ਦਿਤਾ ਤੇ ਕਈ ਮਹਾਤਮਾ ਇਹ ਕਹਿੰਦੇ ਨੇ ਕਿ ਜਿਹੜਾ ਗਲਤ ਕਿਤਾਬ ਲਿਖ ਦੇਵੇ, ਇਨ੍ਹਾਂ ਲਈ ਨਰਕ ਨਵਾਂ ਬਣਾਉਂਦਾ ਹੈ ਧਰਮਰਾਜ। ਕਿਉਂਕਿ ਉਹਦੀ ਕਿਤਾਬ ਪੜ੍ਹ ਕੇ ਹਜ਼ਾਰਾਂ ਹੀ ਬੰਦਿਆਂ ਨੇ ਬਹਿਕਾਏ ਜਾਣਾ, ਗਲਤ ਚਲੇ ਜਾਣਾ ਹੈ। ਹੁਣ ਤਾਂ ਸਾਰਾ ਲਿਟਰੇਚਰ ਹੀ ਗਲਤ ਹੋਣ ਲਗ ਗਿਆ।

ਸੋ ਉਪਾਸਨਾ ਹੋਇਆ ਕਰਦੀ ਹੈ ਮਨ ਨੂੰ ਠਹਿਰਾਉਣ ਵਾਸਤੇ। ਇਹਦੇ ਵਿਚ ਹੁੰਦੀ ਤ੍ਰਿਕੁਟੀ ਧਿਆਤਾ, ਧਿਆਨ, ਧੇਅ ਦੀ। ਜਦੋਂ ਤ੍ਰਿਕੁਟੀ ਟੁੱਟਦੀ ਹੈ ਫੇਰ ਗਿਆਤਾ, ਗਿਆਨ, ਗੇਅ ਦੀ ਵਾਰੀ ਆਉਂਦੀ ਹੈ ਫੇਰ ਗਿਆਨ ਹੋਇਆ ਕਰਦਾ ਹੈ। ਸੋ ਮਹਾਤਮਾ ਕਹਿੰਦੇ ਕਿ ਨਾ ਇਹਨੇ ਕਰਮ ਦਾ ਸਾਧਨ ਕਰਿਆ ਹੈ, ਨਾ ਉਪਾਸਨਾ ਕਰੀ ਹੈ, ਗਿਆਨ ਕਿਵੇਂ ਹੋ ਜਾਏਗਾ? ਗਿਆਨ ਤਾਂ ਸ਼ੁੱਧ ਮਨ ਨੂੰ ਹੁੰਦਾ ਹੈ। ਉਸ ਵੇਲੇ ਇਹ ਬੱਚਾ ਫੇਰ ਉਠਿਆ। ਕੁਰਸੀ ਉਹਦੀ ਚੰਦਨ ਦੀ ਡਾਹੀ ਹੋਈ ਸੀ। ਇਹ ਜਦੋਂ ਵਧਣ ਲੱਗਿਆ ਕੁਰਸੀ ਵਲ ਨੂੰ ਤਾਂ ਰਾਜਾ ਕਹਿਣ ਲੱਗਿਆ, ਮੁਨੀ ਜੀ! ਸ਼ਰਤ ਆਹ ਹੈ, ਸੁਣ ਲਈ ਤੁਸੀਂ? ਕਹਿੰਦਾ ਹਾਂ ਸੁਣ ਲਈ, ਤੂੰ ਘੋੜਾ ਮੰਗਾ।

ਘੋੜਾ ਮੰਗਾ ਲਿਆ। ਪੈਰ ਰੱਖ ਲਿਆ, ਕਹਿੰਦਾ ਮੈਂ ਹੁਣ ਚੜ੍ਹਨ ਲੱਗਿਆ ਹਾਂ ਮੈਨੂੰ ਗਿਆਨ ਕਰਾਓ। ਕਹਿੰਦਾ, ਠਹਿਰ। ਰਾਜਨ! ਤੈਨੂੰ ਹੋ ਜਾਣਾ ਹੈ ਗਿਆਨ, ਤੈਨੂੰ ਤਤੂ ਦਾ ਗਿਆਨ ਹੋ ਜਾਣਾ ਹੈ, ਤੈਨੂੰ ਹਰ ਥਾਂ ਪ੍ਰਮੇਸ਼ਰ ਦਿਸਣ ਲਗ ਜਾਣਾ ਹੈ, ਜ਼ਰੂਰੀ ਨਹੀਂ ਕਿ ਤੂੰ ਰਾਜ ਗੱਦੀ ਤੇ ਬੈਠੇਂ, ਇਹ ਜਿਹੜਾ ਹੁਣ ਤੂੰ ਜਨਕ ਖੜ੍ਹਾ ਹੈਂ, ਇਹ ਨਹੀਂ ਪਤਾ ਕਿ ਤੂੰ ਉਹ ਰਹੇਂ ਕਿ ਨਾ ਰਹੇਂ ਤੇ ਗੁਰੂ ਦੱਛਣਾ ਰਹਿ ਜਾਣੀ ਹੈ ਤੂੰ ਪਹਿਲਾਂ ਗੁਰੂ ਦੱਛਣਾ ਦੇਹ।

ਰਾਜਾ ਕਹਿਣ, ਦੱਸੋਂ ਕੀ ਚਾਹੀਦਾ ਹੈ? ਜਿਹੜਾ ਕੁਛ ਤੁਸੀਂ ਕਹੋ ਮੈਂ ਗੁਰੂ ਦੱਛਣਾ ਦੇਵਾਂਗਾ। ਕਹਿਣ ਲੱਗੇ, ਤਨ, ਮਨ ਧਨ ਤਿੰਨਾਂ 'ਚੋਂ ਇਕ ਚੀਜ਼ ਦੇ ਦੇ। ਵੈਸੇ ਤਾਂ ਗੁਰੂ ਤਿੰਨੇ ਚੀਜ਼ਾਂ ਲੈਂਦਾ ਹੈ।

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ***
***ਹੁਕਮਿ ਮੰਨਿਐ ਪਾਈਐ ॥ ਅੰਗ - ੯੧੮***

ਸਉਂਪਣ ਤੋਂ ਬਾਅਦ ਕੀ ਹੁੰਦਾ ਹੈ? ਕਹਿੰਦੇ ਫੇਰ ਹੁਕਮ ਮੰਨੋ ਗੁਰੂ ਦਾ।

***'ਹੁਕਮ ਮੰਨਿਐ'***

ਫੇਰ ਨਤੀਜਾ ਕੀ ਹੁੰਦਾ ਹੈ? ਕਹਿੰਦੇ -

***'ਪਾਈਐ'***

ਵਾਹਿਗੁਰੂ ਮਿਲ ਜਾਂਦਾ ਹੈ। ਐਨੀਓ ਹੈ ਸ਼ਰਤ।

ਸੋਚਣ ਲੱਗ ਗਿਆ ਕਿ ਕੀ ਦੇਵਾਂ ਤਨ ਦੇਵਾਂ, ਧਨ ਦੇਵਾਂ ਜਾਂ ਮਨ। ਅਖੀਰ ਬੇਨਤੀ ਕਰੀ ਕਿ ਮਹਾਰਾਜ ਮੈਨੂੰ ਸਲਾਹ ਕਰ ਲੈਣ ਦਿਓ। ਮਹਾਰਾਣੀ ਕੋਲ ਗਿਆ

ਕਹਿਣ ਲੱਗਿਆ ਕਿ ਐਉਂ ਕਹਿੰਦੇ ਨੇ ਸੰਤ। ਉਹ ਕਹਿੰਦੀ ਦੇਖੋ ਜੇ ਤੁਸੀਂ ਤਨ ਦੇ ਦਿਤਾ ਨਾ, ਤਾਂ ਜਿਵੇਂ ਵਿਸ਼ਵਾਮਿਤਰ ਹਰੀਚੰਦ ਨੂੰ ਲੈ ਕੇ ਚਲਿਆ ਗਿਆ ਸੀ, ਐਉਂ ਵੇਚ ਦਏਗਾ ਜਾ ਕੇ। ਤਨ ਨਾ ਦੇਹ। ਫੇਰ ਜੇ ਧਨ ਦੇਹ ਦਿਤਾ ਤਾਂ ਗਰੀਬ ਹੋ ਜਾਵਾਂਗੇ, ਮਜ਼ੂਰੀ ਕਰਾਂਗੇ, ਰਾਜ ਤਾਂ ਇਹਦੇ ਕੋਲ ਚਲਿਆ ਜਾਏਗਾ। ਇਹਨੂੰ ਮਨ ਦੇ ਦਿਓ।

ਸੋ ਆ ਕੇ ਕਹਿਣ ਲੱਗਿਆ ਕਿ ਮੈਂ ਮਨ ਦਿੰਦਾ ਹਾਂ। ਕਹਿੰਦੇ, ਮਨ ਤੈਨੂੰ ਪਤਾ ਹੈ ਰਾਜਨ ਕੀ ਹੁੰਦਾ ਹੈ? ਆਹ ਜਿੰਨਾ ਜਜ਼ਬਾ ਹੈ ਨਾ ਤੇਰੇ ਅੰਦਰ ਕਾਮ ਦਾ, ਕ੍ਰੋਧ ਦਾ, ਲੋਭ ਦਾ, ਈਰਖਾ ਦਾ, ਜਿੰਨੇ ਫੁਰਨੇ ਉਠਦੇ ਨੇ, ਆਸਾ, ਅੰਦੇਸੇ ਉਠਦੇ ਨੇ, ਮੈਂ ਆਹ ਕਰ ਲਵਾਂ, ਔਹ ਕਰ ਲਵਾਂ, ਓਧਰ ਚਲਿਆ ਜਾਵਾਂ, ਇਧਰ ਚਲਿਆ ਜਾਵਾਂ, ਇਹ ਫੁਰਨੇ ਉਠਦੇ ਨੇ? ਕਹਿੰਦਾ ਹਾਂ। ਕਹਿੰਦੇ ਇਹ ਮਨ ਹੁੰਦਾ ਹੈ। ਚੱਲ ਮਨ ਦੇ ਦੇ ਸਾਨੂੰ। ਉਸ ਵੇਲੇ ਚੂਲੀ ਛੱਡ ਦਿਤੀ। ਚੂਲੀ ਛੱਡਣ ਤੋਂ ਬਾਅਦ ਪੈਰ ਚੁੱਕ ਕੇ ਰਕਾਬ ਵਿਚ ਰੱਖਣ ਲੱਗਿਆ।

ਹੁਣ ਗੱਲ ਸਮਝੋ ਇਥੇ। ਜਦੋਂ ਪੈਰ ਰੱਖਣ ਲੱਗਿਆ, ਅਸ਼ਟਾਵਕਰ ਕਹਿਣ ਲੱਗਿਆ, ਰਾਜਨ! ਠਹਿਰ, ਕੀਹਨੇ ਕਿਹਾ ਹੈ ਤੈਨੂੰ ਪੈਰ ਰੱਖ? ਕਹਿਣ ਲੱਗਿਆ, ਮਹਾਰਾਜ! ਤੁਸੀਂ ਗਿਆਨ ਕਰਾਉਣਾ ਹੈ, ਸ਼ਰਤ ਮੇਰੀ ਇਹ ਸੀ। ਕਹਿੰਦੇ, ਪਹਿਲਾਂ ਇਹ ਦੱਸ ਕਿ ਤੈਨੂੰ ਇਹ ਕਿਹਾ ਕੀਹਨੇ ਹੈ। ਵਿਚਾਰ ਅੰਦਰ। ਕਹਿੰਦਾ, ਮਨ ਨੇ। ਕਹਿੰਦੇ, ਮਨ ਤਾਂ ਤੂੰ ਮੈਨੂੰ ਦੇ ਦਿਤਾ। ਜਦੋਂ ਤੂੰ ਮੈਨੂੰ ਦੇ ਦਿਤਾ, ਹੁਣ ਮਨ ਨੇ ਤੇਰੇ ਨਹੀਂ ਕੁਛ ਵੀ ਕਰਨਾ। ਅਮਾਨਤ ਵਿਚ ਖਿਆਨਤ ਨਾ ਕਰ। ਮਨ ਤੂੰ ਮੈਨੂੰ ਦੇ ਦਿਤਾ। ਰਿਸ਼ੀ ਚੁੱਪ ਕਰਕੇ ਬਹਿ ਗਿਆ, ਓਥੇ ਚਲਿਆ ਗਿਆ ਜਾ ਕੇ ਬਹਿ ਗਿਆ। ਰਾਜਾ ਜਨਕ ਘੋੜੇ ਕੋਲ ਖੜ੍ਹਾ ਹੈ, ਜਿਥੇ ਹੱਥ ਹੈ, ਉਥੇ ਹੱਥ ਹੈ, ਜਿਥੇ ਖੜ੍ਹਾ ਹੈ, ਖੜ੍ਹਾ ਹੀ ਹੈ। ਐਨੇ ਨੂੰ ਇਕ ਬ੍ਰਾਹਮਣ ਆ ਗਿਆ, ਆ ਕੇ ਰੌਲਾ ਪਾਉਣ ਲਗ ਗਿਆ ਕਿ ਰਾਜਨ! ਮੈਂ ਲੜਕਾ ਵਿਆਹ ਕੇ ਲਿਜਾ ਰਿਹਾ ਸੀ, ਮੇਰੀ ਬਰਾਤ ਲੁੱਟ ਲਈ ਸਾਰੀ ਲੜਕੇ ਦੀ। ਸਭ ਸਮਾਨ ਲੁੱਟ ਲਿਆ, ਗਹਿਣੇ ਖੋਹ ਲਏ। ਜਲਦੀ ਕਰੋ, ਮੈਨੂੰ ਕੋਈ ਫੌਜ ਦਿਓ, ਕੁਛ ਦਿਓ, ਪੰਦਰਾਂ ਮਿੰਟ ਕਰਦਾ ਰਿਹਾ ਬ੍ਰਾਹਮਣ ਇਸ ਤਰ੍ਹਾਂ। ਉਸ ਤੋਂ ਬਾਅਦ ਕ੍ਰੋਧ ਆ ਗਿਆ ਉਸਨੂੰ, ਕ੍ਰੋਧ ਵਿਚ ਆ ਕੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿਤੀਆਂ। ਰਾਜਨ! ਤੂੰ ਤਾਂ ਅੰਧ ਰਾਜਾ ਹੈ, ਤੂੰ ਰਾਜ ਦੇ ਅਧਿਕਾਰ ਵਿਚ ਨਹੀਂ ਹੈ, ਤੈਨੂੰ ਤਖਤ ਤੇ ਬੈਠਣ ਦਾ ਕੋਈ ਹੱਕ ਨਹੀਂ ਹੈ। ਤੂੰ ਇਕ ਨਿਰਮਲ ਬੰਦੇ ਦੀ ਮਦਦ ਨਹੀਂ ਕਰ ਸਕਦਾ, ਤੂੰ ਰਾਖੀ ਨਹੀਂ ਕਰ ਸਕਦਾ, ਤੂੰ ਮਹਾਂ ਪਾਪੀ ਬੰਦਾ ਹੈਂ। ਬਹੁਤ ਜ਼ਿਆਦਾ ਗੱਲਾਂ ਕਹੀਆਂ। ਪਰ ਰਾਜਾ ਓਵੇਂ ਜਿਵੇਂ ਖੜ੍ਹਾ ਰਿਹਾ, ਅੱਧਾ ਘੰਟਾ ਲੰਘਣ ਤੋਂ ਬਾਅਦ ਮੁੜ ਕੇ ਫੇਰ ਆ ਕੇ ਅਸ਼ਟਾਵਕਰ ਨੇ ਕਿਹਾ ਕਿ ਰਾਜਨ! ਹੁਣ ਦੱਸ। ਮਨ ਦੇ ਨਾਲ ਸਭ ਚੀਜ਼ਾਂ ਦਾ ਸਬੰਧ ਹੈ, ਮਨ ਦੇ ਹੀ ਰਿਸ਼ਤੇਦਾਰ ਨੇ, ਮਨ ਦੇ ਹੀ ਮਿਤਰ ਨੇ, ਮਨ ਦੀਆਂ ਹੀ ਜਾਇਦਾਦਾਂ ਨੇ, ਮਨ ਦਾ ਹੀ ਸਾਰਾ ਸਮਾਜ ਹੈ। ਇਹ ਫੇਰ ਸਾਰਾ ਸਮਾਜ ਗੁਰੂ ਨੂੰ ਸਉਂਪ ਦਿਤਾ ਨਾ, ਹੁਣ ਬਾਕੀ ਤੇਰੇ ਕੋਲ ਕੀ ਰਹਿ ਗਿਆ? ਬਾਕੀ ਤੇਰੇ ਕੋਲ ਸ਼ੁਧ ਅਨੁਭਵ ਰਹਿ ਗਿਆ, ਇਕ ਜੋਤ ਤੈਨੂੰ ਅਨੁਭਵ ਹੋਈ ਹੈ। ਹੋਈ ਹੈ ਕਿ ਨਹੀਂ? ਕਹਿੰਦਾ, ਹਾਂ ਹੋਈ ਹੈ। ਕਹਿੰਦੇ, ਇਹ ਜਿਹੜੀ ਜੋਤੀ ਹੈ–

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ॥***
***ਅਕਾਲ ਉਸਤਤਿ***

ਇਸੇ ਜੋਤੀ ਦਾ ਸਾਰਾ ਪਸਾਰਾ ਹੈ, ਜਿੰਨਾ ਵੀ ਸੰਸਾਰ ਦੇ ਅੰਦਰ ਹੈ, ਇਸੇ ਜੋਤੀ ਦੇ ਅਨੁਭਵ ਨੂੰ ਗਿਆਨ ਕਹਿੰਦੇ ਨੇ। ਹੁਣ ਅਸੀਂ ਤੈਨੂੰ ਤੇਰਾ ਮਨ ਵਾਪਸ ਦਿੰਦੇ ਹਾਂ, ਲੇਕਿਨ ਇਹ ਤੇਰਾ ਨਹੀਂ ਹੈ ਇਹ, ਮਨ ਮੇਰਾ ਹੈ। ਤਖਤ ਤੇ ਬੈਠ, ਮੇਰੇ ਮਨ ਨਾਲ ਤੂੰ ਰਾਜ ਕਰ। ਮੇਰੇ ਮਨ ਦੇ ਨਾਲ ਹੀ ਤੂੰ ਸਾਧਨ ਕਰ। ਸਵੈ ਚਿੰਤਨ ਨੂੰ ਪਕਾ। ਗਿਆਨ ਦ੍ਰਿੜ੍ਹ ਹੋ ਜਾਏਗਾ। ਨਹੀਂ ਗਿਆਨ ਸਿਥਲ ਹੋ ਜਾਂਦਾ ਹੈ। ਸਾਧੂ ਨਾਲੋਂ ਟੁੱਟ ਜਾਓ, ਗਿਆਨ ਸਿਥਲ ਹੋ ਜਾਂਦਾ ਹੈ, ਬਿਲਕੁਲ ਨਹੀਂ ਚਲਦਾ। ਪੂਰਨ ਮਹਾਂਪੁਰਸ਼ ਹੋਵੇ ਬ੍ਰਹਮਗਿਆਨੀ ਉਹਦੇ ਉਤੇ ਤਰਕ ਕਰ ਦਿਓ, ਤਾਂ ਵੀ ਜਾਂਦਾ ਹੈ, ਜੇ ਉਹਦੇ ਨਾਲ ਟੁੱਟ ਜਾਓ ਤਾਂ ਵੀ ਜਾਂਦਾ ਹੈ। ਉਹਦੇ ਕੋਲ ਅਭਿਮਾਨ ਕਰ ਲਓ ਤਾਂ ਵੀ ਜਾਂਦਾ ਹੈ। ਮਹਾਰਾਜ ਦਾ ਇਸ ਤਰ੍ਹਾਂ ਫੁਰਮਾਨ ਹੈ –

***ਮਨੁ ਬੇਚੈ ਸਤਿਗੁਰ ਕੈ ਪਾਸਿ ॥***
***ਤਿਸੁ ਸੇਵਕ ਕੇ ਕਾਰਜ ਰਾਸਿ ॥ ਅੰਗ – ੨੮੬***

ਮਨ ਸਾਡਾ ਸਾਡੇ ਕੋਲ ਹੋਣ ਕਰਕੇ ਸਾਡਾ ਕਾਰਜ ਰਾਸ ਨਹੀਂ ਹੋ ਰਿਹਾ। ਜ਼ੁਬਾਨ ਨਾਲ ਤਾਂ ਅਸੀਂ ਪੜ੍ਹੀ ਜਾਂਦੇ ਹਾਂ ਪਰ ਸਮਝੀ ਨਹੀਂ ਗੱਲ। ਇਹਨੂੰ ਦੇਣਾ ਜਾਣ।

***ਮਨੁ ਤਨੁ ਦੇ ਲੈ ਸਹਜਿ ਸੁਭਾਇ ॥***
***ਨਾਨਕ ਤਿਨ ਕੈ ਲਾਗਉ ਪਾਇ ॥ ਅੰਗ – ੧੫੩***

ਗੁਰੂ ਦੇ ਚਰਨੀਂ ਲਗ ਜਾ ਤੇ ਉਹਨੂੰ ਮਨ ਤੇ ਤਨ ਦੇ ਦੇ। ਆਪਣਾ ਆਪ ਨਾ ਕੁਛ ਵੀ ਬਚਾ। ਜੇ ਬਣਨਾ ਹੈ ਸਿੱਖ ਤਾਂ –

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ***
***ਤਉ ਆਉ ਹਮਾਰੈ ਪਾਸਿ॥ ਅੰਗ – ੧੧੦੨***

ਆਪਣਾ ਆਪ ਵੇਚ ਕੇ ਸਭ ਕੁਛ, ਜੋ ਕੁਛ ਹੈ ਸਾਰਾ ਵੇਚਣਾ ਪੈਂਦਾ ਹੈ। ਮੁਰਦਾ ਹੋਣਾ ਪੈਂਦਾ ਹੈ। ਮੁਰਦੇ ਨੂੰ ਕੋਈ ਚੁੱਕ ਕੇ ਪਰ੍ਹੇ ਸੁੱਟ ਦਿਓ, ਕੋਈ ਕਪੜਾ

ਰੇਸ਼ਮ ਦਾ ਉਹਦੇ ਉਤੇ ਦੇ ਦਿਓ, ਕੋਈ ਫਰਕ ਨਹੀਂ ਪੈਂਦਾ। ਜਦੋਂ ਤੱਕ ਇਹ ਸਮਾਨ ਬਿਰਤੀ ਨਹੀਂ ਹੁੰਦੀ ਓਨੀਂ ਦੇਰ ਤੱਕ ਮੁਰੀਦੀ ਨਹੀਂ ਆਉਂਦੀ, ਗੁਰਸਿੱਖੀ ਨਹੀਂ ਆਇਆ ਕਰਦੀ।

ਇਕ ਰਿਸ਼ੀ ਹੋਇਆ ਹੈ ਸੁਕਦੇਵ ਉਨ੍ਹਾਂ ਦਾ ਨਾਮ ਸੀ। ਛੋਟੀ ਉਮਰ ਤੋਂ ਹੀ, ਲਿਖਿਆ ਤਾਂ ਏਸ ਤਰ੍ਹਾਂ ਹੈ ਕਿ ਉਹ ਜੰਮਦਾ ਹੀ ਚਲਿਆ ਗਿਆ। ਲੇਕਿਨ ਗਰਭ ਦੋ ਤਿੰਨ ਹੁੰਦੇ ਨੇ। ਕਿਸ਼ੋਰ ਗਰਭ, 12 ਸਾਲ ਦੀ ਉਮਰ ਨਿਕਲਣ ਤੋਂ ਬਾਅਦ ਜਦੋਂ ਉਹ ਜਾਣ ਲੱਗਿਆ ਤਾਂ ਪਿਤਾ ਨੇ ਕਿਹਾ ਬੇਟਾ, ਅਜੇ ਤੂੰ ਛੋਟਾ ਹੈਂ ਅਜੇ ਤੈਨੂੰ ਪਤਾ ਨਹੀਂ ਲਗਣਾ। ਉਹਨੇ ਪਿਛਲੇ ਜਨਮ ਦੀਆਂ ਗੱਲਾਂ ਦੱਸ ਕੇ ਇਜਾਜ਼ਤ ਲੈ ਲਈ ਤੇ ਜਾ ਕੇ 36 ਸਾਲ ਤਪਸਿਆ ਕਰਦਾ ਰਿਹਾ। ਐਨਾ ਜ਼ਿਆਦਾ ਤਪਸਿਆ ਦਾ ਬਲ ਸੀ, ਬੇਸੁੱਧ ਹੋ ਜਾਂਦਾ ਸੀ, ਜਾਨਵਰ ਉਹਦੇ ਕੇਸਾਂ ਦੇ ਵਿਚ ਆਲ੍ਹਣੇ ਪਾ ਕੇ ਬੱਚੇ ਕੱਢ ਕੇ ਲੈ ਜਾਂਦੇ ਸੀ ਉਹਨੂੰ ਨਹੀਂ ਸੀ ਪਤਾ ਲਗਦਾ। ਛੇ-ਛੇ ਮਹੀਨੇ ਦੀ ਸਮਾਧੀ, ਸਾਲ-ਸਾਲ ਦੀ ਲਾ ਲੈਂਦਾ ਸੀ। ਲੇਕਿਨ ਮਨ ਸ਼ਾਂਤ ਨਹੀਂ ਸੀ ਹੋਇਆ। ਇਕ ਵਾਰ ਉਹਨੇ ਸੁਣਿਆ ਕਿ ਗੁਰੂ ਤੋਂ ਬਗੈਰ ਮਨ ਸ਼ਾਂਤ ਨਹੀਂ ਹੁੰਦਾ। ਪਿਤਾ ਕੋਲ ਆ ਗਿਆ ਕਹਿਣ ਲੱਗਿਆ, ਪਿਤਾ ਜੀ! ਤਪ ਤਾਂ ਮੈਂ ਬਹੁਤ ਕਰ ਲਿਆ, ਸ਼ਕਤੀਆਂ ਬਹੁਤ ਆ ਗਈਆਂ, ਪਰ ਮਨ ਸ਼ਾਂਤ ਨਹੀਂ ਹੋਇਆ। ਪਿਤਾ ਕਹਿਣ ਲੱਗਿਆ ਕਿ ਬੇਟਾ! ਤੂੰ ਨਿਗੁਰਾ ਹੈਂ, ਗੁਰੂ ਤੋਂ ਬਿਨਾਂ ਮਨ ਸ਼ਾਂਤ ਨਹੀਂ ਹੋਇਆ ਕਰਦਾ। ਕਹਿਣ ਲੱਗਾ, ਤੁਸੀਂ ਤਾਂ ਤ੍ਰਿਕਾਲਦਰਸ਼ੀ ਮਹਾਤਮਾ ਹੋ, ਤੁਸੀਂ ਮੈਨੂੰ ਦੇ ਦਿਓ ਗੁਰਮੰਤਰ। ਕਹਿਣ ਲੱਗੇ, ਮੈਂ ਤੇਰਾ ਪਿਤਾ ਹਾਂ, ਪਿਤਾ ਭਾਵਨਾ ਜਿੱਥੇ ਹੋਵੇ ਉਥੇ ਗੁਰੂ ਨਹੀਂ ਬਣ ਸਕਦਾ। ਜਿਹੜਾ ਮੁਰੀਦ ਹੁੰਦਾ ਹੈ ਉਹ ਮੁਰਦਾ ਹੋਇਆ ਕਰਦਾ। ਮੁਰੀਦ ਦਾ ਹੋਰ ਹੈ, ਪੁੱਤਰ ਦਾ ਹੋਰ ਹੈ। ਪੁੱਤਰ 'ਚੋਂ ਤਾਂ ਹਉਮੈ ਹੀ ਨਹੀਂ ਜਾਂਦੀ। ਕੋਈ ਵਿਰਲਾ ਪੁੱਤਰ ਹੋਣੈ, ਗੁਰੂਆਂ ਨੂੰ ਛੱਡ ਕੇ, ਐਵੇਂ ਹੀ ਗੱਦੀ ਦੇ ਦਿੰਦੇ ਨੇ ਕਿ ਜੀ ਉਹਨੇ ਗੱਦੀ ਤੇ ਬਿਠਾ ਦਿਤਾ। ਇਹ ਤਾਂ ਰਸਮ ਬਣ ਗਈ। ਦਰਗਾਹ ਵਿਚ ਲੇਖੇ ਦੇਣੇ ਪੈਂਦੇ ਨੇ ਇਨ੍ਹਾਂ ਗੱਲਾਂ ਦੇ। ਕਿਉਂਕਿ ਉਸ ਅਵਸਥਾ ਤੇ ਨਹੀਂ ਪਹੁੰਚਦਾ ਕੋਈ। ਜਿਥੇ ਜਾ ਕੇ ਆਤਮ ਵਸਤੂ ਨੂੰ ਸਾਂਭਣ ਵਾਲਾ ਕੋਈ ਪੈਦਾ ਹੋ ਜਾਵੇ।

ਕਹਿਣ ਲੱਗਾ, ਬੇਟਾ! ਤੇਰੀ ਮੇਰੇ ਵਿਚ ਪਿਤਾ ਭਾਵਨਾ ਹੈ। ਗੁਰੂ ਭਾਵਨਾ ਜਦੋਂ ਤਕ ਨਹੀਂ ਆਉਂਦੀ ਉਦੋਂ ਤੱਕ ਤੇਰਾ ਕੁਛ ਨਹੀਂ ਸਿਮਰ ਸਕਦਾ ਕਿਉਂਕਿ ਇਹਦੇ ਵਿਚ ਜੋੜ ਨਹੀਂ ਬਣਨਾ। ਫਰਕ ਰਹਿ ਜਾਏਗਾ। ਤੂੰ ਜਾਹ, ਰਾਜਾ ਜਨਕ ਦੇ ਕੋਲ ਚਲਿਆ ਜਾਹ। ਕਸ਼ਤਰੀ ਹੈ ਉਹ ਰਾਜਾ ਹੈ, ਉਥੇ ਚਲਿਆ ਜਾਹ ਮਿਥਲਾਪੁਰੀ।

ਸੋ ਉਸ ਥਾਂ ਜਾਂਦਾ ਹੈ। ਜਿਸ ਵਕਤ ਗਿਆ ਤਾਂ ਰਾਜੇ ਦੇ ਸਾਮ੍ਹਣੇ ਇਕ ਡਾਕੂਆਂ ਦਾ ਮੁਕੱਦਮਾ ਪੇਸ਼ ਸੀ, ਫੈਸਲਾ ਸੁਣਾ ਦਿਤਾ ਕਿ ਇਹ ਸੌ ਡਾਕੂ ਜਿਹੜਾ ਹੈ ਇਨ੍ਹਾਂ ਨੂੰ ਫਾਂਸੀ ਚਾੜ੍ਹ ਦਿਓ ਕਿਉਂਕਿ ਇਨ੍ਹਾਂ ਨੇ ਦੇਸ਼ ਬਹੁਤ ਬੁਰੀ ਤਰ੍ਹਾਂ ਉਜਾੜਿਆ ਹੈ। ਦੁਨੀਆਂ ਨੂੰ ਮਾਰਿਆ ਹੈ।

ਇਹ ਦੇਖਦਾ ਹੈ ਕਿ ਮੈਂ ਰਾਜੇ ਨੂੰ ਗੁਰੂ ਧਾਰਨ ਕਰਾਂ। ਮੈਂ ਤਪਸੀ ਬੰਦਾਂ, ਇਹਦੇ ਤਾਂ ਰਾਜਸੀ ਕੱਪੜੇ ਪਾਏ ਨੇ। ਮੋਤੀਆਂ ਦੀਆਂ ਮਾਲਾ ਨੇ, ਸੀਸ ਦੇ ਉਤੇ ਜੀਗਾ ਕਲਗੀ ਲਾਈ ਹੋਈ ਹੈ ਤੇ ਬਹੁਤ ਵਧੀਆ ਤਖਤ ਦੇ ਉਤੇ ਬੈਠਾ ਹੈ, ਰੇਸ਼ਮੀ ਵਸਤਰ ਪਹਿਨੇ ਹੋਏ ਨੇ, ਆਹ ਵੈਰਾਗੀ ਹੈ ਕੋਈ। ਤਰਕ ਕਰ ਲਈ, ਮੁੜ ਆਇਆ ਤੇ ਜਿਸ ਵਕਤ ਰਸਤੇ ਵਿਚ ਇਕ ਮੁਨੀ ਮਿਲਿਆ ਉਸ ਨੂੰ ਗੱਲ ਦੱਸੀ, ਨਾਰਦ ਨੂੰ। ਨਾਰਦ ਨੇ ਕਿਹਾ ਕਿ ਸੁਕਦੇਵ ਤੂੰ ਆਪਣਾ ਤਪ ਨਸ਼ਟ ਕਰ ਲਿਆ। ਬ੍ਰਹਮਗਿਆਨੀ ਮਹਾਂਪੁਰਸ਼ ਤੇ ਜੇ ਤਰਕ ਕਰ ਲਓ ਤਾਂ ਛੇ ਕਲਾਂ ਵੈਰਾਗ ਦੀਆਂ ਨਸ਼ਟ ਹੋ ਜਾਂਦੀਆਂ ਨੇ। ਫੇਰ ਵੀ ਪਰਉਪਕਾਰ ਆਇਆ ਕਿ ਇਹਨੂੰ ਮੈਂ ਬਚਾਵਾਂ। ਅੱਗੇ ਚਲੇ ਗਏ ਅੱਗੇ ਜਾ ਕੇ ਬਿਰਧ ਦਾ ਸਰੂਪ ਧਾਰਨ ਕਰ ਲਿਆ, ਇੱਛਿਆ ਦੇ ਨਾਲ। ਟੋਕਰਾ ਲੈ ਲਿਆ, ਕਹੀ ਲੈ ਲਈ, ਰੇਤਾ ਭਰਦੇ ਨੇ, ਮੂਹਰੇ ਦਰਿਆ ਹੈ ਉਹਦੇ ਵਿਚ ਸੁੱਟੀ ਜਾਂਦੇ ਨੇ। ਇਹ ਵੀ ਦਰਖਤ ਥੱਲੇ ਬੈਠਾ ਦੇਖੀ ਜਾਂਦਾ ਹੈ। ਜਦੋਂ ਇਕ ਘੰਟਾ ਹੋ ਗਿਆ ਤਾਂ ਉਹ ਵੀ ਬਹਿ ਗਿਆ ਦਰਖਤ ਦੇ ਥੱਲੇ, ਗਰਮੀ ਸੁਕਾਉਣ ਲਗ ਗਿਆ, ਸੁਕਦੇਵ ਨੇ ਕਿਹਾ ਬਾਬਾ! ਕੀ ਕੰਮ ਕਰਦਾ ਸੀ ਤੂੰ? ਕਹਿੰਦਾ ਬੇਟਾ! ਮੈਂ ਦਰਿਆ ਪਾਰ ਕਰਨਾ ਹੈ, ਪਾਣੀ ਹੈ ਡੂੰਘਾ। ਕਹਿੰਦਾ, ਫੇਰ ਤੂੰ ਇਹ ਕੀ ਕਰਦਾ ਸੀ? ਬਿਰਧ ਨੇ ਕਿਹਾ ਕਿ ਮੈਂ ਪੁਲ ਬੰਨ੍ਹਦਾ ਸੀ। ਕਹਿੰਦਾ, ਦਰਿਆ ਤੇਜ਼ ਚਲਦਾ ਹੈ, ਤੇਰੀ ਤਾਂ ਚਾਰ ਉਂਗਲ ਵੀ ਨਹੀਂ ਮਿਟੀ ਪਈ ਦਰਿਆ 'ਚ। ਕਿੱਡੀ ਮਿਹਨਤ ਤੂੰ ਜਾਇਆ ਕਰਨ ਲੱਗਿਆ ਹੈਂ, ਤੂੰ ਤਾਂ ਮੂਰਖ ਬੰਦਾ ਹੈਂ। ਉਹ ਕਹਿਣ ਲੱਗਿਆ ਕਿ ਸੁਕਦੇਵ! ਤੇਰੇ ਨਾਲੋਂ ਮੈਂ ਮੂਰਖ ਨਹੀਂ, ਮੇਰੀ ਤਾਂ ਇਕ ਘੰਟੇ ਦੀ ਮਿਹਨਤ ਕੀਤੀ ਦਰਿਆ ਹੜ੍ਹਾ ਕੇ ਲੈ ਗਿਆ, ਪਰ ਤੂੰ ਜਿਹੜੀ ਮਹਾਂਪੁਰਸ਼ਾਂ ਤੇ ਤਰਕ ਕੀਤੀ ਹੈ ਰਾਜਾ ਜਨਕ ਤੇ, ਪੂਰਨ ਬ੍ਰਹਮਗਿਆਨੀ ਦੇ ਉਤੇ, ਤੇਰੀਆਂ ਛੇ ਕਲਾਂ ਵੈਰਾਗ ਦੀਆਂ ਨਸ਼ਟ ਹੋ ਗਈਆਂ। ਸਮਝ ਆ ਗਈ ਉਸੇ ਵੇਲੇ ਪਛਤਾਵਾ ਕੀਤਾ ਕਿ ਮੈਂ ਗਲਤ ਲੈ ਲਈ ਗੱਲ। ਫੇਰ ਚਲਿਆ ਜਾਂਦਾ ਹੈ, ਤਪ ਕਰਿਆ, ਦੁਬਾਰਾ ਜਿਸ ਵਕਤ ਜਾਂਦਾ ਹੈ ਉਸ ਵੇਲੇ ਰਾਜਾ ਜਨਕ ਨੇ ਬੁਲਾ ਲਿਆ, ਇਹਦੇ ਮਨ ਵਿਚ ਅਭਿਮਾਨ ਸੀ ਕਿ ਮੈਂ ਤਿਆਗੀ ਹਾਂ। ਮੇਰੇ ਕੋਲ ਇਕ ਚਿੱਪੀ ਹੈ ਤੇ ਇਕ ਕੁਪੀਨ ਹੈ। ਦੋ ਚੀਜ਼ਾਂ ਨੇ, ਉਹਨੇ ਚਿੱਪੀ ਬਾਹਰ ਰੱਖ ਦਿਤੀ ਸਿੰਘ ਦੁਆਰ 'ਚ ਤੇ ਆਪ ਕੁਪੀਨ ਪਹਿਨ ਕੇ ਚਲਿਆ ਗਿਆ। ਜਿਹਨੂੰ ਲੰਗੋਟਾ ਕਹਿੰਦੇ ਨੇ। ਹੋਰ ਕੋਈ ਵਸਤਰ ਨਹੀਂ ਕੋਲ। ਬੜਾ ਅਭਿਮਾਨ ਹੈ ਕਿ ਮੈਂ ਤਿਆਗੀ ਬੰਦਾ ਹਾਂ। ਮੈਂ ਦੁਨੀਆਂ ਨੂੰ ਤਿਆਗਿਆ ਹੈ ਤੇ ਰਾਜਾ ਜਨਕ ਉਥੇ

ਬੈਠਾ ਹੈ ਤੇ ਇਹਨੂੰ ਬੁਲਾ ਲਿਆ। ਉਤੇ ਤਲਵਾਰ ਲਟਕਾ ਦਿਤੀ ਕੱਚੇ ਧਾਗੇ ਦੇ ਨਾਲ, ਇਹਨੇ ਦੇਖ ਲਿਆ ਕਿ ਧਾਗਾ ਕੱਚਾ ਹੈ, ਜਿਥੇ ਮੈਨੂੰ ਬਿਠਾਇਆ ਹੈ, ਤਲਵਾਰ ਲਟਕਦੀ ਹੈ, ਜੇ ਟੁੱਟ ਗਿਆ ਧਾਗਾ ਤਾਂ ਇਹ ਸਿੱਧੀਓ ਸਿਰ 'ਚ ਲੱਗੇਗੀ ਮੇਰੇ। ਮਨ ਨਹੀਂ ਟਿਕਦਾ, ਜਦੋਂ ਉਹ ਬਚਨ ਕਰਕੇ ਨੇ, ਮਨ ਨਹੀਂ ਟਿਕ ਰਿਹਾ ਇਸਦਾ, ਇਕ ਦਮ ਮਨ ਜਾਂਦਾ ਹੈ ਤਲਵਾਰ ਵਲ। ਐਨੇ ਨੂੰ ਖਬਰ ਆ ਗਈ ਕਿ ਮਹਾਰਾਜ! ਅੱਗ ਲਗ ਗਈ ਮਹਿਲਾਂ ਨੂੰ। ਉਹ ਕਹਿੰਦੇ ਬੁਝਾ ਲਓ। ਬਚਨ ਚਲ ਰਹੇ ਨੇ। ਫੇਰ ਆ ਗਿਆ ਸੁਨੇਹਾ ਕਿ ਜੀ ਆਹ ਜਲ ਗਿਆ, ਆਹ ਜਲ ਗਿਆ। ਕਹਿਣ ਲੱਗੇ, ਜੀ ਹੁਣ ਤਾਂ ਸਿੰਘ ਦੁਆਰ ਦੇ ਪੌੜ ਨੂੰ ਅੱਗ ਲਗ ਗਈ ਜਿੱਥੇ ਤੁਸੀਂ ਬੈਠੇ ਓਂ। ਇਹ ਸੁਕਦੇਵ ਇਕ ਦਮ ਉਠ ਕੇ ਨੱਠਿਆ, ਨੱਠ ਕੇ ਜਾ ਕੇ ਆਪਣੀ ਚਿੱਪੀ ਚੁੱਕ ਲਈ, ਲੰਗੋਟੀ ਜਿਹੀ ਸੀ ਉਹ ਚੁੱਕ ਲਈ। ਰਾਜਾ ਜਨਕ ਵੀ ਮਗਰ ਹੀ ਆ ਗਿਆ। ਕਹਿਣ ਲੱਗਿਆ, ਸੁਕਦੇਵ! ਅਜੇ ਤੇਰੇ ਵਿਚ ਪਕੜ ਹੈ ਹੱਦ ਤੋਂ ਜ਼ਿਆਦਾ। ਜਾਹ, ਪਹਿਲਾਂ ਤਿਆਗ ਨੂੰ ਸਿੱਖ ਕੇ ਆ, ਤਿਆਗ ਕੀ ਹੁੰਦਾ ਹੈ। ਦੇਖ, ਖਜ਼ਾਨੇ ਜਲ ਰਹੇ ਸੀ, ਤਬੇਲੇ ਜਲ ਰਹੇ ਸੀ, ਮੇਰੇ ਮਨ ਵਿਚ ਕੋਈ ਪਕੜ ਨਹੀਂ ਸੀ ਤੇ ਤੇਰੀ ਆਹ ਕਉਡੀ ਦੀ ਹੈਗੀ ਕੁਪੀਨ ਤੇ ਚਿੱਪੀ। ਇਹਦੀ ਤੈਨੂੰ ਐਨੀ ਪਕੜ ਹੈ ਕਿ ਤੂੰ ਦੌੜਿਆ ਗਿਆ ਹੈਂ ਸੰਗਤ ਛੱਡ ਕੇ। ਨਾਲ ਉਤੇ ਨੂੰ ਦੇਖਦਾ ਰਿਹਾ ਤੂੰ ਤਲਵਾਰ ਵਲ ਨੂੰ। ਤੇਰਾ ਤਾਂ ਮਨ ਹੀ ਨਹੀਂ ਇਕਾਗਰ ਹੋਇਆ, ਅਜੇ ਤੂੰ ਗੁਰੂ ਦੀਖਸ਼ਾ ਦਾ ਅਧਿਕਾਰੀ ਨਹੀਂ ਜਾਹ ਜਾ ਕੇ ਤਪ ਕਰ।

ਫੇਰ 12 ਸਾਲ ਤਪਸਿਆ ਕਰੀ, ਫੇਰ ਆਉਂਦਾ ਹੈ। ਜਦੋਂ ਫੇਰ ਆਇਆ ਤਾਂ ਉਨ੍ਹਾਂ ਨੇ ਪਰਖਣ ਵਾਸਤੇ ਇਹ ਗੱਲ ਕਹੀ ਕਿ ਇਹਨੂੰ ਧੱਕੇ ਮਾਰੋ, ਕੱਢ ਦਿਓ ਇਥੋਂ। ਉਸ ਵੇਲੇ ਧੱਕੇ ਮਾਰਦੇ ਨੇ ਬੇਇਜ਼ਤੀ ਨਹੀਂ ਮੰਨ ਰਿਹਾ। ਉਥੇ ਹੀ ਖੜ੍ਹਾ ਹੈ, ਫੇਰ ਆ ਜਾਂਦਾ ਹੈ - ਫੇਰ ਆ ਜਾਂਦਾ ਹੈ। ਜਦੋਂ ਬਹੁਤ ਧੱਕੇ ਮਾਰੇ, ਪਰ੍ਹੇ ਕਰ ਦਿਤਾ ਕਹਿੰਦੇ ਇਥੇ ਖੜ੍ਹ। ਅੰਦਰਲੇ ਪਾਸੇ ਜੱਗ ਚਲ ਰਿਹਾ ਸੀ ਹਜ਼ਾਰਾਂ ਬੰਦਾ ਲੰਗਰ ਛਕਣ ਆਇਆ ਹੋਇਆ ਸੀ, ਇਹਨੂੰ ਨਾ ਵੜਨ ਦੇਣ। ਕੋਈ ਮਨ ਵਿਚ ਕ੍ਰੋਧ ਨਹੀਂ ਆਇਆ ਉਵੇਂ ਜਿਵੇਂ ਖੜ੍ਹਾ ਹੈ। ਕਹਿੰਦਾ ਗੁਰੂ ਦੀ ਰਜ਼ਾ ਹੈ। ਉਤੋਂ ਜੂਠੀਆਂ ਪਤਲਾਂ ਰਾਜਾ ਜਨਕ ਸੁੱਟਣੀਆਂ ਸ਼ੁਰੂ ਕਰ ਦਿੰਦਾ ਹੈ। ਸੁਕਦੇਵ ਮੁਨੀ ਜੂਠੀਆਂ ਪੱਤਲਾਂ ਵਿਚ ਲੁਕ ਗਿਆ। ਮਹਾਰਾਜ ਕਹਿੰਦੇ ਨੇ-

*ਬ੍ਰਹਮ ਕਮਲ ਪੁਤੁ ਮੀਨ ਬਿਆਸਾ*
*ਤਪੁ ਤਾਪਨ ਪੂਜ ਕਰਾਵੈਗੋ ॥*
*ਜੋ ਜੋ ਭਗਤੁ ਹੋਇ ਸੋ ਪੂਜਹੁ*
*ਭਰਮਨ ਭਰਮੁ ਚੁਕਾਵੈਗੋ ॥੬॥*
*ਜਾਤ ਨਜਾਤਿ ਦੇਖਿ ਮਤ ਭਰਮਹੁ*
*ਸੁਕ ਜਨਕ ਪਗੀਂ ਲਗਿ ਧਿਆਵੈਗੋ ॥*
*ਜੂਠਨ ਜੂਠਿ ਪਈ ਸਿਰ ਊਪਰਿ*
*ਖਿਨੁ ਮਨੂਆ ਤਿਲੁ ਨ ਡੁਲਾਵੈਗੋ ॥*
*ਅੰਗ - ੧੩੦੯*

ਐਨਾ ਚਿਰ ਵਾਸਤੇ ਵੀ ਉਹਨੇ ਮਨ ਨਹੀਂ ਡੋਲਣ ਦਿਤਾ। ਜੂਠ ਉਤੇ ਪਈ ਗਈ। ਉਹਨੇ ਇਹ ਖਿਆਲ ਨਹੀਂ ਕਰਿਆ ਕਿ ਮੈਂ ਖਤਰੀ ਹਾਂ ਤੇ ਇਹ ਬ੍ਰਾਹਮਣ ਹਾਂ।

*ਜਨਕ ਜਨਕ ਬੈਠੇ ਸਿੰਘਾਸਨਿ*
*ਨਉ ਮੁਨੀ ਧੂਰਿ ਲੈ ਲਾਵੈਗੋ ॥ ਅੰਗ - ੧੩੦੯*

72 ਜਨਕ ਬੈਠੇ ਇਕੋ ਸਿੰਘਾਸਨ ਤੇ। ਜਿਹੜਾ ਬੈਠਦਾ ਸੀ ਸਿੰਘਾਸਨ ਦਾ ਨਾਉਂ ਹੀ ਜਨਕ ਸੀ, ਉਹਦਾ ਨਾਉਂ ਹੀ ਜਨਕ ਹੋ ਜਾਇਆ ਕਰਦਾ ਸੀ। ਜਿਹੜੇ ਜਨਕ ਦੀ ਆਪਾਂ ਗੱਲ ਕਰਦੇ ਹਾਂ, 57ਵਾਂ ਜਨਕ ਸੀ, ਜਿਹੜਾ ਰਾਮ ਚੰਦਰ ਜੀ ਦਾ ਸਹੁਰਾ ਸੀ। ਇਹ 72ਵੇਂ ਜਨਕ ਦੀ ਆਪਾਂ ਗੱਲ ਕਰ ਰਹੇ ਹਾਂ -

ਨੌਂ ਮੁਨੀਆਂ ਦੇ ਤਪ ਕਰਨ ਦੇ ਨਾਲ ਉਨ੍ਹਾਂ ਦੇ ਚਰਨਾਂ ਦੀ ਧੂੜੀ, ਮੱਥੇ ਨਾਲ ਲਾਉਂਦਾ ਸੀ।

*ਨਾਨਕ ਕ੍ਰਿਪਾ ਕ੍ਰਿਪਾ ਕਰਿ ਠਾਕੁਰ*
*ਮੈ ਦਾਸਨਿ ਦਾਸ ਕਰਾਵੈਗੋ ॥ ਅੰਗ - ੧੩੦੯*

ਸੋ ਜੂਠ ਪਈ ਸਿਰ ਦੇ ਉਤੇ। ਰਾਜੇ ਜਨਕ ਨੇ ਕਿਹਾ ਕਿ ਜੂਠ ਦੇ ਥੱਲੇ ਇਕ ਆਹ ਬੰਦਾ ਖੜ੍ਹਾ ਹੈ ਉਹਨੂੰ ਕੱਢ ਲਿਆਓ। ਸ਼ਕਲੋਂ ਬੇ ਸ਼ਕਲ ਹੋਈ ਹੋਈ ਹੈ, ਦਾਲ ਲੱਗੀ ਪਈ ਹੈ, ਜੂਠ ਸਾਰੀ ਸਰੀਰ ਦੇ ਉਤੇ ਚਿੰਮੜੀ ਪਈ ਹੈ। ਉਸ ਵੇਲੇ ਰਾਜੇ ਜਨਕ ਨੇ ਕਿਹਾ ਕਿ ਕੀ ਚਾਹੁੰਦਾ ਹੈਂ? ਮੈਂ ਤੁਹਾਨੂੰ ਗੁਰੂ ਧਾਰਨ ਕਰਨਾ ਹੈ। ਕਹਿੰਦੇ, ਜੇ ਗੁਰੂ ਧਾਰਨ ਕਰਨਾ ਹੈ ਨਾ ਤਾਂ ਆਹ ਤੇਲ ਦਾ ਛੰਨਾ ਹੱਥ ਤੇ ਰੱਖ ਲੈ। ਸਾਰੀ ਨਗਰੀ ਦਾ ਚੱਕਰ ਕੱਢ ਕੇ ਆ। ਓਧਰਲੇ ਪਾਸੇ ਇੰਤਜ਼ਾਮ ਕਰ ਦਿਤਾ ਕਿ ਨਾਚ ਗਾਣੇ, ਖੂਬ ਐਹੋ ਜਿਹੀਆਂ ਚੀਜ਼ਾਂ ਕਰੋ ਕਿ ਇਹ ਦੇਖ ਲਵੇ ਉਨ੍ਹਾਂ ਨੂੰ। ਤਲਵਾਰ ਵਾਲੇ ਪਿੱਛੇ ਦੇ ਦਿਤੇ ਕਿ ਜੇ ਇਕ ਕਤਰਾ ਡੁੱਲ੍ਹਿਆ ਇਹਦਾ ਸਿਰ ਕੱਟ ਦਿਓ ਤਲਵਾਰ ਨਾਲ। ਓਸ ਵੇਲੇ ਤੇਲ ਦਾ ਛੰਨਾ ਹਥੇਲੀ ਤੇ ਰੱਖ ਕੇ ਚਲਦਾ ਹੈ, ਸਾਰੇ ਸ਼ਹਿਰ ਦਾ ਚੱਕਰ ਕੱਢਿਆ ਇਕ ਕਤਰਾ ਵੀ ਨਾ ਡੁੱਲ੍ਹਣ ਦਿਤਾ ਇਹਨੇ। ਜਦੋਂ ਰਾਜੇ ਜਨਕ ਕੋਲ ਆ ਗਿਆ, ਰਾਜੇ ਜਨਕ ਨੇ ਕਿਹਾ, ਕਹਿਣ ਲੱਗੇ ਕਿ ਗਾਣੇ ਹੋ ਰਹੇ, ਨਾਚ ਮੁਜਰੇ ਹੋ ਰਹੇ ਸੀ, ਦੇਖੇ? ਕਹਿੰਦਾ ਨਾ ਮਹਾਰਾਜ! ਮੈਨੂੰ ਤਾਂ ਤੇਲ ਦਾ ਪਤਾ ਹੈ ਜਾਂ ਹੋਰ ਕਾਸੇ ਦਾ ਨਹੀਂ ਪਤਾ। ਕਹਿੰਦੇ, ਹੁਣ ਤੂੰ ਅਧਿਕਾਰੀ ਹੈਂ? ਉਸ ਵੇਲੇ ਇਹਨੂੰ ਨਾਮ ਦਿਤਾ, ਵੱਡਾ ਮਹਾਂਪੁਰਸ਼ ਬਣਿਆ। ਸੋ ਮਹਾਰਾਜ ਕਹਿੰਦੇ -

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*

ਗੁਰੂ ਛੇਵੇਂ ਪਾਤਸ਼ਾਹ ਨੇ ਇਹ ਸਾਰੇ ਬਚਨ ਬੁਰਹਾਨਪੁਰ ਦੀ ਸੰਗਤ ਨੂੰ ਸੁਣਾ ਕੇ ਕਹਿਣ ਲੱਗੇ ਪ੍ਰੇਮੀਓਂ! ਆਹ ਗੱਲ ਹੋਵੇ ਤਾਂ ਅੰਦਰਲਾ ਅਨੁਭਵ ਖੁਲ੍ਹਦਾ ਹੈ ਨਹੀਂ ਤਾਂ ਖੁਲ੍ਹਿਆ ਨਹੀਂ ਕਰਦਾ। ਦੂਸਰਾ ਇਹਦੇ ਵਾਸਤੇ ਸੰਗਤ ਕਰਿਆ ਕਰੋ। ਹਉਮੈ ਨੂੰ ਕੱਟਣ ਦਾ ਹੋਰ ਕੋਈ ਇਲਾਜ ਨਹੀਂ, ਕੇਵਲ ਸੰਗਤ ਇਲਾਜ ਹੈ।

ਇਹ ਜਿਹੜਾ ਅਭਿਮਾਨ ਛੱਡਣਾ ਅਸੀਂ ਕਿਹਾ ਹੈ ਨਾ ਇਹ ਅਭਿਮਾਨ ਕੇਵਲ ਸੰਗਤ ਵਿਚ ਆ ਕੇ ਛੁੱਟਦਾ ਹੈ।

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ ॥ ਅੰਗ - ੬੫੧*

ਦੂਸਰਾ ਹੈ ਗੁਰੂ ਦੇ ਸ਼ਬਦ ਨਾਲ ਲੱਗੋ, ਨਾਮ ਨਾਲ ਲੱਗੋ। ਇਹ ਨਾਮ ਦੇ ਨਾਲ ਲੱਗ ਕੇ ਰਸ ਤਾਂ ਆਇਆ ਕਰਦਾ ਹੈ ਜੇ ਬ੍ਰਹਮਬੇਤਿਆਂ ਦੀ ਸੰਗਤ ਕਰੇ।

*ਬਿਨੁ ਸੰਗਤਿ ਕਰਮ ਕਰੈ ਅਭਿਮਾਨੀ*
*ਕਢਿ ਪਾਣੀ ਚੀਕੜੁ ਪਾਵੈਗੋ ॥ ੩ ॥*
*ਭਗਤ ਜਨਾ ਕੇ ਹਰਿ ਰਖਵਾਰੇ*
*ਜਨ ਹਰਿ ਰਸੁ ਮੀਠ ਲਗਾਵੈਗੋ ॥*
*ਅੰਗ - ੧੩੦੯*

ਸੰਤਾਂ ਦੀ ਸੰਗਤ ਕਰਨ ਤੋਂ ਬਗੈਰ ਨਾਮ ਦਾ ਰਸ ਨਹੀਂ ਆਇਆ ਕਰਦਾ।

*ਹਮ ਪਾਥਰ ਲੋਹ ਲੋਹ ਬਡ ਪਾਥਰ*
*ਗੁਰ ਸੰਗਤਿ ਨਾਵ ਤਰਾਵੈਗੋ ॥*
*ਜਿਉ ਸਤਸੰਗਤਿ ਤਰਿਓ ਜੁਲਾਹੋ*
*ਸੰਤ ਜਨਾ ਮਨਿ ਭਾਵੈਗੋ ॥ ਅੰਗ - ੧੩੦੯*

ਜਿਵੇਂ ਕਬੀਰ ਸਾਹਿਬ ਸੰਤਾਂ ਦੀ ਸੰਗਤ ਕਰਕੇ ਤਰੇ, ਗੁਰੂ ਮਹਾਰਾਜ ਕਹਿਣ ਲੱਗੇ ਇਸ ਤਰ੍ਹਾਂ ਦੇ ਨਾਲ ਸੰਗਤ ਵਿਚ ਜਦੋਂ ਜਾਈਦਾ ਹੈ -

*ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ*
*ਹਰਿ ਕੈ ਨਾਮਿ ਨਿਵਾਸੁ ॥ ਅੰਗ - ੬੩੯*

ਉਸ ਵੇਲੇ ਨਾਮ ਦਾ ਹਿਰਦੇ ਵਿਚ ਨਿਵਾਸ ਹੋ ਜਾਏਗਾ। ਅੰਮ੍ਰਿਤ ਦਾ ਰਸ ਆ ਜਾਏਗਾ, ਜਦੋਂ ਅੰਮ੍ਰਿਤ ਦਾ ਰਸ ਆਇਆ ਜਿਹਨੂੰ ਆਤਮ ਰਸ ਕਹਿੰਦੇ ਨੇ, ਜਿਹਨੂੰ ਬ੍ਰਹਮਗਿਆਨ ਦਾ, ਅੰਮ੍ਰਿਤ ਦਾ ਰਸ ਆ ਗਿਆ, ਆਤਮਾ ਦਾ ਰਸ ਆ ਗਿਆ। ਉਹ ਖਾਲਸਾ ਹੋਇਆ ਕਰਦਾ ਹੈ ਤੇ ਮੇਰੇ ਵਿਚ, ਵਾਹਿਗੁਰੂ ਵਿਚ ਤੇ ਉਹਦੇ ਵਿਚ ਕੋਈ ਭੇਦ ਨਹੀਂ ਹੋਇਆ ਕਰਦਾ।

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ,*
*ਰੰਚਕ ਨਾਹਨ ਭੇਵ॥ ਸਰਬ ਲੋਹ ਗ੍ਰੰਥ 'ਚੋਂ*

ਇਹ ਦਸ਼ਮੇਸ਼ ਪਿਤਾ ਮਹਾਰਾਜ ਜੀ ਦਾ ਫੁਰਮਾਨ ਹੈ। ਸੋ ਇਸ ਤਰ੍ਹਾਂ ਆਪ ਨੇ ਫੁਰਮਾਨ ਕੀਤਾ ਕਿ ਜੋ ਅੰਮ੍ਰਿਤ ਹੈ, ਨਾਮ ਹੈ, ਇਹਦੇ ਨਾਲ ਹਉਮੈ ਦੀ ਵਿਹੁ ਲੈਂਦੀ ਹੈ।

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥ ਅੰਗ - ੫੩੮*

ਗੁਰਮਤਿ ਧਾਰਨ ਕਰਨ ਦੇ ਨਾਲ ਹੀ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ।

*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥*
*ਅੰਗ - ੫੩੮*

ਜਦੋਂ ਇਸ ਨਾਮ ਰੂਪੀ ਅੰਮ੍ਰਿਤ ਨੂੰ ਪੀਵਾਂਗੇ ਤਾਂ ਹਉਮੈ ਦੀ ਮੈਲ ਦੂਰ ਹੋ ਜਾਏਗੀ ਤੇ ਵਿਹੁ ਲਹਿ ਜਾਏਗੀ। ਜਿਹੜੀ ਅੰਗੂਠੇ ਤੋਂ ਲੈ ਕੇ ਸਰੀਰ ਵਿਚ ਸਿਰ ਦੀ ਚੋਟੀ ਤਕ ਫੈਲੀ ਹੋਈ ਹੈ, ਅੰਤਸ਼ਕਰਣ ਦੇ ਚਾਰੇ ਹਿੱਸਿਆਂ 'ਚ ਫੈਲੀ ਹੋਈ ਹੈ, ਪ੍ਰਾਣਮਈ ਕੋਸ਼ ਵਿਚ ਫੈਲੀ ਹੋਈ ਹੈ, ਮਨੋਮਯ ਕੋਸ਼ ਵਿਚ ਫੈਲੀ ਹੋਈ, ਅਗਿਆਨਮਯ ਕੋਸ਼ ਸਭ ਵਿਚ ਫੈਲੀ ਹੋਈ ਹੈ, ਸਾਰੇ ਕੋਸ਼ਾਂ ਵਿਚ ਫੈਲੀ ਹੋਈ ਹਉਮੈ ਦੀ ਮੈਲ ਪ੍ਰਭੂ ਦਾ ਨਾਮ ਜਪ ਕੇ ਲਹਿੰਦੀ ਹੈ। ਸੋ ਫੁਰਮਾਨ ਕੀਤਾ ਮਹਾਰਾਜ ਨੇ ਕਿ ਤੁਹਾਨੂੰ ਸਾਰਾ ਜੋ ਉਪਦੇਸ਼ ਕੀਤਾ ਹੈ ਉਹਦਾ ਸਾਰ ਇਕ ਵਾਰੀ ਸਮਝ ਲਓ ਉਹ ਇਹ ਹੈ ਕਿ ਆਪਣੇ ਆਪ ਨੂੰ ਸਰੀਰ ਨਾ ਮੰਨੋ। ਸਰੀਰ ਤਾਂ ਮਿੱਟੀ ਬਣਿਆ ਹੋਇਆ, ਆਉਂਦਾ ਜਾਂਦਾ ਰਹਿੰਦਾ ਹੈ, ਹਜ਼ਾਰਾਂ ਹੀ ਸਰੀਰ ਅੱਗੇ ਕਰੋੜਾਂ ਮਿਲ ਚੁੱਕੇ ਨੇ, ਜਦੋਂ ਤੱਕ ਹਉਮੈ ਦੇ ਬੰਨ੍ਹੇ ਹੋਏ ਹਾਂ ਕਰੋੜਾਂ ਹੀ ਮਿਲਦੇ ਰਹਿਣਗੇ। ਆਪਣੇ ਆਪ ਨੂੰ ਜੋਤ ਸਮਝੋ। ਇਹ ਜੋਤ ਹੇਠਾਂ ਨੂੰ ਤੁਰ ਕੇ ਆਈ ਹੋਈ ਅੰਨਮਯ ਕੋਸ਼ ਵਿਚ। ਇਹ ਸ਼ੁਭ ਕਰਮਾਂ ਦੇ ਨਾਲ, ਨਾਮ ਜਪਣ ਦੇ ਨਾਲ, ਬਾਣੀ ਪੜ੍ਹਨ ਦੇ ਨਾਲ, ਇਹ ਬੁੱਧੀ ਆਏਗੀ ਕਿ ਮੈਂ ਸਰੀਰ ਨਹੀਂ ਹਾਂ। ਮੈਂ ਪੰਜ ਤੱਤ ਦਾ ਸਰੀਰ ਨਹੀਂ ਹੈ ਤੇ ਫੇਰ ਪ੍ਰਾਣਾਂ ਵਿਚ ਚਲੀ ਜਾਏਗੀ, ਉਪਰ ਨੂੰ ਚੜ੍ਹਾਈ ਕਰੇਗੀ, ਫੇਰ ਪ੍ਰਾਣਾਂ ਦਾ ਨਾਮ ਜਪ ਕੇ -

*ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ*
*ਬਾਹੁੜਿ ਜਨਮਿ ਨ ਆਵਾ ॥ ਅੰਗ - ੭੯੫*

ਉਹ ਪ੍ਰਾਣਾਂ ਦਾ ਨਾਮ ਜਪ ਕੇ ਤੁਸੀਂ ਮਨੋਮਯ ਕੋਸ਼ ਵਿਚ ਚਲੇ ਜਾਓਂਗੇ, ਇਹ ਤੀਸਰਾ ਥਾਂ ਆ ਜਾਓਂਗੇ। ਮਨੋਮਯ ਕੋਸ਼ ਉਪਾਸਨਾ ਨਾਲ ਲੰਘ ਹੁੰਦਾ ਹੈ। ਉਪਾਸਨਾ ਦੇ ਨਾਲ ਅੰਤਰੀਵ ਉਪਾਸਨਾ ਤੇ ਬਾਹਰਲੀ ਉਪਾਸਨਾ। ਦੋਹਾਂ ਦੇ ਨਾਲ ਮਨੋਮਯ ਕੋਸ਼ 'ਚੋਂ ਲੰਘ ਕੇ ਵਿਗਿਆਨਮਯ ਕੋਸ਼ ਵਿਚ ਜਾਵੋਂਗੇ। ਵਿਗਿਆਨਮਯ

ਕੋਸ਼ ਵਿਚਾਰ ਨਾਲ ਲੰਘ ਹੁੰਦਾ ਹੈ ਕਿ ਮੇਰਾ ਸਰੂਪ ਕੀ ਹੈ, ਨਾ ਤਾਂ ਮੈਂ ਪੰਜ ਤੱਤਾਂ ਵਿਚੋਂ ਕੋਈ ਤੱਤ ਹਾਂ, ਨਾ ਮੈਂ 25 ਪ੍ਰਾਕ੍ਰਿਤੀਆਂ 'ਚੋਂ ਕੋਈ ਪ੍ਰਕ੍ਰਿਤੀ ਹਾਂ, ਨਾ ਮੈਂ ਅੱਖਾਂ, ਨੱਕ, ਕੰਨ, ਜੀਭ ਹਾਂ, ਨਾ ਮੈਂ ਮਨ, ਨਾ ਬੁੱਧੀ, ਨਾ ਚਿੱਤ ਹਾਂ। ਜਿਹੜਾ ਅਹੰਭਾਵ ਮੇਰੇ ਵਿਚ ਹੋਇਆ ਹੋਇਆ ਹੈ ਇਹ ਚੀਜ਼ ਵਾਧੂ ਦੀ ਹੈ, ਮੈਂ ਨਹੀਂ ਹਾਂ ਇਹ। ਮੈਂ ਤਾਂ ਸਾਖੀ ਚੇਤਨ ਆਤਮਾ ਹਾਂ। ਇਹਦਾ ਜਦੋਂ ਚਿੰਤਨ ਕਰੋਂਗੇ ਫੇਰ ਤੁਸੀਂ ਬੁੱਧੀ ਦਾ ਜਿਹੜਾ ਵਿਗਿਆਨਮਯ ਕੋਸ਼ ਹੈ ਜਿਉਂ-ਜਿਉਂ ਇਹਦਾ ਨਿਹਚਾ ਵਧਦਾ ਜਾਏਗਾ ਜਿਉਂ-ਜਿਉਂ ਪਰਪੱਕ ਹੁੰਦਾ ਜਾਏਗਾ ਤਿਉਂ-ਤਿਉਂ ਤੁਸੀਂ ਵਿਗਿਆਨਮਯ ਕੋਸ਼ 'ਚੋਂ ਅਨੰਦਮਯ ਕੋਸ਼ ਵਿਚ ਜਾਓਂਗੇ। ਅਨੰਦਮਯ ਕੋਸ਼ ਅਗਿਆਨ ਦਾ ਕੋਸ਼ ਹੁੰਦਾ ਹੈ, ਹੁੰਦਾ ਉਥੇ ਅਨੰਦ ਹੈ। ਲੇਕਿਨ ਗਿਆਨ ਨਹੀਂ ਹੋਇਆ ਕਰਦਾ। ਉਸ ਤੋਂ ਬਾਅਦ ਜਦੋਂ ਗੁਰੂ ਦਾ ਬਚਨ ਕਮਾਓਂਗੇ ਉਸ ਵੇਲੇ ਗਿਆਨ ਹੋ ਜਾਏਗਾ। ਜਦੋਂ ਗਿਆਨ ਹੋਇਆ ਉਸ ਵੇਲੇ ਆਪਾ ਖਤਮ ਹੋ ਜਾਂਦਾ ਹੈ, ਪਰ ਆਪੇ ਵਿਚ ਇਹੀ ਜੀਵ ਜਿਹਨੂੰ ਜੀਵ ਕਹਿੰਦੇ ਸੀ ਆਪਣੇ ਸਰੂਪ ਵਿਚ ਪਹੁੰਚ ਜਾਂਦਾ ਹੈ, ਫੇਰ ਆਪਣਾ ਆਪ ਹੀ ਹੈ ਸਾਰੇ, ਚਾਹੇ ਉਹਨੂੰ ਤੂੰ ਕਹਿ ਲੈ, ਚਾਹੇ ਮੈਂ ਕਹਿ ਲੈ -

*ਗੁਰਹਿ ਦਿਖਾਇਓ ਲੋਇਨਾ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭*

ਸੋ ਸਾਰੀ ਵਿਚਾਰ ਦਾ ਨਤੀਜਾ ਇਹ ਹੈ ਮਹਾਰਾਜ ਕਹਿੰਦੇ ਨੇ ਕਿ ਭਾਈ -

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ ਅੰਗ - ੭੪੭*

ਜੋ ਬਚਨ ਆਪ ਨੂੰ ਹੁਣ ਤੱਕ ਕਹੇ ਨੇ, ਇਨ੍ਹਾਂ ਨੂੰ ਕਮਾ ਲਓ ਉਹ ਤਰ ਜਾਏਗਾ। ਇਨ੍ਹਾਂ ਬਚਨਾਂ ਦੀ ਕਮਾਈ ਕਰੋ, ਆਪਣੇ ਸਰੂਪ ਨੂੰ ਪਛਾਣੋ, ਸਵੈ ਸਰੂਪ ਦੇ ਵਿਚ ਲੀਨ ਹੋਣ ਦੀ ਜੁਗਤ ਸਿੱਖੋ, ਏਸ ਪਉੜੀ ਤੇ ਚੜ੍ਹਨ ਵਾਸਤੇ ਪਹਿਲਾਂ ਗੁਰੂ ਤੋਂ ਮੰਤਰ ਲੈਣਾ ਪੈਂਦਾ ਹੈ, ਉਸ ਮੰਤਰ ਦਾ ਜਦੋਂ ਅਸੀਂ ਜਾਪ ਕਰਦੇ ਹਾਂ। ਉਹ ਸ਼ਬਦ ਸਾਨੂੰ ਆਪਣੇ ਆਪ ਇਨ੍ਹਾਂ ਮੰਜ਼ਲਾਂ 'ਚੋਂ ਲੰਘਾਉਂਦਾ-ਲੰਘਾਉਂਦਾ ਅਖੀਰ ਉਥੇ ਲੈ ਜਾਂਦਾ ਹੈ ਜਿੱਥੇ ਇਹਦਾ ਵਾਸਾ ਹੁੰਦਾ ਹੈ। ਸੋ ਗੁਰੂ ਦੀ ਇਹੀ ਡਿਊਟੀ ਹੁੰਦੀ ਹੈ-

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਪੰਚ ਸਬਦ ਧੁਨਿਕਾਰ ਧੁਨਿ ਤਹ*
*ਬਾਜੈ ਸਬਦੁ ਨੀਸਾਣੁ ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥*
*ਅੰਗ - ੧੨੯੧*

ਸੱਚੇ ਤਖਤ ਦੇ ਕੋਲ ਇਹ ਸ਼ਬਦ ਪਹੁੰਚਾ ਦਿਆ ਕਰਦਾ ਹੈ। ਸ਼ਬਦ ਵਿਚ ਸ਼ਕਤੀ ਹੈ। ਜੋ ਮਹਾਰਾਜ ਨੇ ਫੁਰਮਾਇਆ ਹੈ ਆਪਾਂ ਵੀ ਸੁਣੀਏ, ਪੜ੍ਹੀਏ ਸਾਡਾ ਵੀ ਫਰਜ਼ ਬਣਦਾ ਹੈ ਕਿ ਜੋ ਉਪਦੇਸ਼ ਨੇ ਇਨ੍ਹਾਂ ਨੂੰ ਹਿਰਦੇ ਵਿਚ ਧਾਰਨ ਕਰੀਏ, ਤਰੱਕੀ ਕਰੀਏ ਤੇ ਜਿਹੜਾ ਅਸੀਂ ਮਨੋਰਥ ਪ੍ਰਾਪਤ ਕਰਨ ਵਾਸਤੇ ਸੰਸਾਰ 'ਚ ਆਏ ਹਾਂ, ਉਹ ਸਾਨੂੰ ਪ੍ਰਾਪਤ ਹੋ ਸਕਦਾ ਹੈ।

# ਵਿਸਾਖੀ

*ਮਹਿਮਾ ਨ ਜਾਨਹਿ ਬੇਦ ॥*
*ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ ॥ ੧ ॥*
*ਅਪਨੀ ਗਤਿ ਆਪਿ ਜਾਨੈ ॥*
*ਸੁਣਿ ਸੁਣਿ ਅਵਰ ਵਖਾਨੈ ॥ ੧ ॥ ਰਹਾਉ ॥*
*ਸੰਕਰਾ ਨਹੀ ਜਾਨਹਿ ਭੇਵ ॥*
*ਖੋਜਤ ਹਾਰੇ ਦੇਵ ॥*
*ਦੇਵੀਆ ਨਹੀ ਜਾਨੈ ਮਰਮ ॥*
*ਸਭ ਊਪਰਿ ਅਲਖ ਪਾਰਬ੍ਰਹਮ ॥ ੨ ॥*
*ਅਪਨੈ ਰੰਗਿ ਕਰਤਾ ਕੇਲ ॥*
*ਆਪਿ ਬਿਛੋਰੈ ਆਪੇ ਮੇਲ ॥*
*ਇਕਿ ਭਰਮੇ ਇਕਿ ਭਗਤੀ ਲਾਏ ॥*
*ਅਪਣਾ ਕੀਆ ਆਪਿ ਜਣਾਏ ॥ ੩ ॥*
*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥*
*ਨਾਨਕ ਕਾ ਪ੍ਰਭੁ ਆਪੇ ਆਪਿ ॥ ਅੰਗ - ੮੯੪*

ਅੱਜ ਦਾ ਜੋ ਦਿਹਾੜਾ ਹੈ, ਗੁਰੂ ਦਸ਼ਮੇਸ਼ ਪਿਤਾ ਗੁਰੂ ਨਾਨਕ ਇਕੋ ਹੀ ਹੁੰਦਾ ਹੈ, ਚਾਹੇ ਗੁਰੂ ਦਸਵੇਂ ਪਾਤਸ਼ਾਹ ਨੂੰ ਕਹੋ, ਚਾਹੇ ਗੁਰੂ ਨਾਨਕ ਸਾਹਿਬ ਨੂੰ ਕਹੋ। ਗੱਲ ਇਕੋ ਹੀ ਹੁੰਦੀ ਹੈ, ਅੱਜ ਉਨ੍ਹਾਂ ਦੇ ਮਨ ਵਿਚ ਬੜਾ ਉਤਸ਼ਾਹ ਹੈ ਭਾਵੇਂ ਜਾਣਦੇ ਨੇ ਭਾਵੇਂ ਨਹੀਂ ਜਾਣਦੇ, ਪਰ ਵਿਸਾਖੀ ਦਾ ਦਿਹਾੜਾ ਵੈਸੇ ਹੀ ਜਦੋਂ ਤੋਂ ਸੰਸਾਰ ਬਣਿਆ ਹੈ, ਓਸ ਵੇਲੇ ਤੋਂ ਹੀ ਉਤਸ਼ਾਹ ਦੇਣ ਵਾਲਾ ਦਿਹਾੜਾ ਹੈ। ਵੱਡੀਆਂ-ਵੱਡੀਆਂ ਦੁਨੀਆਂ ਦੀਆਂ ਘਟਨਾਵਾਂ ਨੂੰ ਜੇ ਛਾਂਟਿਆਂ ਜਾਵੇ ਤਾਂ ਏਸ ਦਿਹਾੜੇ ਦੇ ਉਤੇ ਹੀ ਬਹੁਤ ਵੱਡੀਆਂ ਗੱਲਾਂ ਹੋਈਆਂ ਨੇ। ਇਹ ਦਿਨ ਗੁਰਸਿੱਖੀ ਦੇ ਨਾਲ ਬੜਾ ਸਬੰਧ ਰਖਦਾ ਹੈ, ਜ਼ਿਆਦਾ ਸਿੱਖੀ ਪਿੰਡਾਂ ਵਿਚ ਹੋਣ ਕਰਕੇ ਕੀਰਤੀਆਂ ਦੇ ਨਾਲ ਜ਼ਿਆਦਾ ਸਬੰਧ ਰੱਖਦੀ ਹੈ, ਸੋ ਕਿਰਤੀਆਂ ਦਾ ਕੰਮ ਜੋ ਜ਼ਿਆਦਾ ਰੁਝੇਵੇਂ ਵਾਲਾ ਕੰਮ ਹੈ, ਉਹ ਕਿਸਾਨ ਦਾ ਹੈ, ਕਿਉਂਕਿ ਉਹਨੇ ਅੰਨ ਪੈਦਾ ਕਰਨਾ ਹੈ, ਸਾਰੇ ਸੰਸਾਰ ਦੀ, ਜੀਵ ਜੰਤੂਆਂ ਦੀ, ਪਸ਼ੂ ਪੰਖੀਆਂ, ਪੇਟ ਭਾਰ ਤੁਰਨ ਵਾਲੇ ਜੀਵਾਂ ਦੀ, ਕੀੜਿਆਂ ਮਕੌੜਿਆਂ ਦੀ ਪਾਲਣਾ ਕਰਨ ਦੀ ਜੋ ਡਿਊਟੀ ਦਿਤੀ ਹੈ ਪ੍ਰਮੇਸ਼ਰ ਨੇ ਇਹ ਕਿਸਾਨ ਨੂੰ ਦਿਤੀ ਹੈ। ਇਹਦੀ ਕਮਾਈ ਦੇ ਵਿਚੋਂ ਨਿਕਲਦਾ ਹੀ ਰਹਿੰਦਾ ਹੈ ਦਸਵੰਧ, ਆਪਣੇ ਆਪ ਹੀ ਨਿਕਲ ਜਾਂਦਾ ਹੈ। ਮੌਸਮ ਦਾ ਏਸ ਨੂੰ ਟਾਕਰਾ ਕਰਨਾ ਪੈਂਦਾ ਹੈ, ਕਿੰਨੇ ਗੜੇ ਪੈ ਗਏ, ਕਿੰਨੀਆਂ ਕਣਕਾਂ ਖਰਾਬ ਹੋ ਗਈਆਂ, ਪੁਛੋ ਉਨ੍ਹਾਂ ਪ੍ਰੇਮੀਆਂ ਨੂੰ। ਜਿਨ੍ਹਾਂ ਦੀਆਂ ਫਸਲਾਂ ਬਚ ਜਾਣ, ਜਿੱਥੇ ਦਾਤੀ ਪੈ ਜਾਣੀ ਹੈ, ਉਨ੍ਹਾਂ ਦੇ ਮਨਾਂ 'ਚ ਚਾਓ ਹੈ, ਖੁਸ਼ੀਆਂ ਨੇ ਕਿ ਵਾਹਿਗੁਰੂ! ਤੂੰ ਮੌਸਮ ਤੋਂ ਬਚਾ ਕੇ ਸਾਨੂੰ ਉਥੇ ਲਿਆ ਕੇ ਖੜ੍ਹਾ ਕਰ ਦਿਤਾ, ਜਿਥੇ ਹੁਣ ਅਨਾਜ ਸਾਡੇ ਘਰਾਂ ਵਿਚ ਪਹੁੰਚ ਜਾਏਗਾ। ਸੋ ਵਿਸਾਖੀ ਨੂੰ ਕਹਿੰਦੇ ਨੇ ਕਿ -

***ਆਈ ਮੇਖ ਕੱਚੀ ਪੱਕੀ ਨਾ ਦੇਖ***

ਤੇ ਹੁਣ ਤੂੰ ਵਿਸਾਖੀ ਮਨਾ ਕੇ, ਅਨਾਜ ਨੂੰ ਸੰਭਾਲਣਾ ਕਰ। 80% ਦੀ ਆਬਾਦੀ ਇਸ ਚਾਓ ਵਿਚ ਹੈ, ਕੰਬਾਈਨਾਂ ਚੱਲ ਪੈਣੀਆਂ ਨੇ, ਦਾਤੀਆਂ ਚੱਲ ਪੈਣੀਆਂ ਨੇ, ਕਿਸਾਨ ਨੇ ਉਤਸ਼ਾਹ ਲੈਣਾ ਹੈ ਵਿਸਾਖੀ ਤੋਂ, ਚੜ੍ਹਦੀ ਕਲਾ 'ਚ ਹੋ ਕੇ, ਖੁਸ਼ੀਆਂ ਮਨਾ ਕੇ ਅਨਾਜ ਸਾਂਭਣਾ ਹੈ। ਜੇ ਘਰ ਵਿਚ ਦਾਣੇ ਹਨ ਤਾਂ ਅਸੀਂ ਸਿਆਣੇ ਹਾਂ, ਜੇ ਦਾਣੇ ਮੁੱਕ ਗਏ ਸਾਡੀ ਸਿਆਣਪ ਵੀ ਨਾਲ ਹੀ ਮੁੱਕ ਜਾਂਦੀ ਹੈ। ਕਹਿੰਦੇ ਨੇ -

***ਜਿਹਦੇ ਘਰ ਦਾਣੇ ਉਹਦੇ ਕਮਲੇ ਵੀ ਸਿਆਣੇ।***

ਸੋ ਇਸ ਤਰ੍ਹਾਂ ਸਾਡੀ **economy** ਨਾਲ ਇਹਦਾ ਬੜਾ ਭਾਰਾ ਸਬੰਧ ਹੈ।

ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਸੰਸਾਰ ਦਾ ਹਾਲ ਦੇਖਿਆ ਤਾਂ ਕੀ ਦੇਖਦੇ ਨੇ ਕਿ ਸਾਰੀ ਸ੍ਰਿਸ਼ਟੀ ਜਲ ਰਹੀ ਹੈ। ਹਨ੍ਹੇਰ ਛਾ ਗਿਆ, ਕਿਸੇ ਥਾਂ ਵੀ ਸੱਚ ਦਾ ਪ੍ਰਕਾਸ਼ ਨਹੀਂ ਹੈ। ਰਾਜਾ ਜੋ ਹੈ ਉਹਦਾ ਜੀਵਨ ਭ੍ਰਿਸ਼ਟ ਹੋ ਗਿਆ, ਰਿਸ਼ਵਤ ਆ ਗਈ, ਤੇ ਰਾਜੇ ਨੇ ਰੂਪ ਧਾਰ ਲਿਆ ਬਘਿਆੜਾਂ ਦਾ, ਸ਼ੇਰਾਂ ਦਾ, ਸ਼ੇਰ ਤਾਂ ਅਜੇ ਫੇਰ ਚੰਗਾ ਹੁੰਦਾ ਹੈ, ਆਪਣੇ ਖਾਣ ਵਾਸਤੇ ਇਕੋ ਜਾਨਵਰ ਮਾਰਦਾ ਹੈ। ਬਾਕੀ ਭਾਵੇਂ ਉਹਦੇ ਕੋਲ ਦੀ ਲੰਘੀ ਜਾਣ, ਦੁਬਾਰਾ ਨਹੀਂ ਉਹ ਮਾਰਿਆ ਕਰਦਾ। ਲੇਕਿਨ ਜਿਹੜੇ ਬਘਿਆੜ ਹੁੰਦੇ ਨੇ, ਇਨ੍ਹਾਂ ਦਾ ਕੋਈ ਅਸੂਲ ਨਹੀਂ ਹੋਇਆ ਕਰਦਾ ਇਹ ਜਾਨਵਰ ਮਾਰਦੇ ਹੀ ਚਲੇ ਜਾਂਦੇ ਨੇ, ਚਾਹੇ ਇਕ ਨਾਲ ਹੀ ਰੱਜ ਜਾਣ। ਸੋ ਐਸਾ ਰਾਜੇ ਦਾ ਹਾਲ ਹੋ ਚੁੱਕਿਆ ਸੀ। ਸਾਧੂ ਜਿਹੜੇ ਸੀ ਉਹ ਕੇਵਲ ਦਿਖਾਵੇ ਦੇ ਰਹਿ ਗਏ ਸੀ, ਵੱਡੇ-ਵੱਡੇ ਮੱਠਾਂ ਦੇ ਅੰਦਰ, ਕਰਮਕਾਂਡ ਪ੍ਰਧਾਨ ਹੋ ਚੁਕਿਆ ਸੀ ਤੇ ਜਿਹੜਾ ਸਮਾਜ ਸੀ ਇਹਦੇ ਕੋਲ ਇਹੋ ਇਕ ਚੀਜ਼ ਰਹਿ ਗਈ ਸੀ, ਪਹਿਲਾਂ ਨਹੀਂ ਸੀ ਵਰ੍ਣ ਜਾਤਾਂ ਪੱਕੀਆਂ। ਪਾਂਡਵਾਂ ਦੇ ਰਾਜ ਵੇਲੇ ਜੇ ਅਸੀਂ ਦੇਖੀਏ ਤਾਂ ਜਿਹੜੇ-ਜਿਹੜੇ ਮਹਾਂਰਿਸ਼ੀ ਸੀ ਉਨ੍ਹਾਂ ਦੀਆਂ ਜਾਤਾਂ ਕੀ ਸੀ? ਕੋਈ ਮਛੇਰਿਆਂ ਨਾਲ ਸਬੰਧ ਰੱਖਦਾ ਸੀ, ਕੋਈ ਹੋਰ ਨਿੱਕੀ ਜਾਤ ਤੋਂ ਸੀ। ਮਹਾਰਾਜ ਕਹਿੰਦੇ ਨੇ -

*ਰੇ ਚਿਤ ਚੇਤਿ ਚੇਤ ਅਚੇਤ ॥*
*ਕਾਹੇ ਨ ਬਾਲਮੀਕਹਿ ਦੇਖ ॥*

*ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ*
*ਰਾਮ ਭਗਤਿ ਬਿਸੇਖ ॥ ਅੰਗ - ੧੧੨੪*

ਬੰਧਨ ਨਹੀਂ ਸੀ ਉਥੇ ਜਾਤ ਪਾਤ ਦੇ, ਜੇ ਬੰਧਨ ਸੀ ਤਾਂ ਇਕੋ ਸੀ ਕਿ ਆਰੀਆਂ ਹੈ ਜਾਂ ਅਨਆਰੀਆਂ ਹੈ। ਓਸ ਸਕਿਊਰਟੀ ਕਰਕੇ ਇਕ ਦੂਜੇ ਨਾਲ ਮਿਲਦੇ ਨਹੀਂ ਸੀਗੇ, ਉਹ ਰਾਜਸੀ ਕਾਰਨ ਸੀ, ਲੇਕਿਨ ਸਮਾਜ ਦਾ ਕਾਰਨ ਨਹੀਂ ਸੀਗੇ। ਲੇਕਿਨ ਗੁਰੂ ਨਾਨਕ ਪਾਤਸ਼ਾਹ ਤੱਕ ਪਹੁੰਚਦੇ-ਪਹੁੰਚਦੇ ਬਾਕੀ ਚੀਜ਼ਾਂ ਤਾਂ ਸਭ ਖਤਮ ਹੋ ਗਈਆਂ। ਨਾ ਬਹਾਦਰੀ ਰਹੀ, ਨਾ ਸੁੱਚ ਰਹੀ, ਨਾ ਪਵਿੱਤਰਤਾ ਰਹੀ, ਨਾ ਪ੍ਰਮੇਸ਼ਰ ਦੀ ਭਗਤੀ ਰਹੀ, ਕੇਵਲ ਭੇਖ ਦੇ ਵਿਚ ਆ ਗਿਆ ਭਾਰਤ ਵਰਸ਼। ਜਦੋਂ ਕੋਈ ਕੌਮ ਭੇਖ ਦੇ ਅੰਦਰ ਆਉਂਦੀ ਹੈ ਤਾਂ ਪਤਾ ਲਗ ਜਾਂਦਾ ਹੈ ਕਿ ਇਹਦੇ ਕੋਲ ਹੁਣ ਕੋਈ ਚੀਜ਼ ਨਹੀਂ ਰਹੀ ਜਿਹੜੀ ਇਹ ਸੰਸਾਰ ਨੂੰ ਦੇ ਸਕੇ। ਓਸ ਵੇਲੇ ਓਸ ਕੌਮ ਦਾ ਪਤਨ ਹੋਇਆ ਕਰਦਾ ਹੈ ਜਦੋਂ ਇਹ ਭੇਖ ਵਿਚ ਆ ਜਾਵੇ, ਰਹੁ ਰੀਤਾਂ ਦੇ ਵਿਚ ਆ ਜਾਵੇ, ਓਸ ਵੇਲੇ ਕੌਮ ਦੇ ਵਿਚੋਂ ਜਾਨ ਨਿਕਲ ਜਾਂਦੀ ਹੈ, ਫੇਰ ਉਹ ਭੇਖ ਦੇ ਜ਼ੋਰ ਤੇ ਬਚਣਾ ਚਾਹੁੰਦੀ ਹੈ। ਸਾਰਾ ਪ੍ਰਚਾਰ ਉਹਦਾ ਭੇਖ ਦਾ ਹੋਏਗਾ, ਲੋਕਾਂ ਨੂੰ ਭੇਖ ਦੇ ਵਿਚ ਪ੍ਰਵਿਰਤ ਕਰ ਦੇਣਗੇ। ਲੋਕ ਵੀ ਐਨੇ ਅੰਨੇ ਹੋ ਜਾਣਗੇ ਕਿ ਉਨ੍ਹਾਂ ਪਤਾ ਹੀ ਨਹੀਂ ਕਿ ਅੰਮ੍ਰਿਤ ਕਿਉਂ ਛਕਦੇ ਹਾਂ ਅਸੀਂ। ਅੰਮ੍ਰਿਤ ਛਕਣਾ ਹੈ ਸੁਚੇਤ ਹੋ ਕੇ ਛਕੋ ਕਿ ਕਿਉਂ ਛਕਦੇ ਹਾਂ। ਮੈਂ ਨਹੀਂ ਕਦੇ ਕਹਿੰਦਾ ਕਿ ਐਵੇਂ ਅੰਮ੍ਰਿਤ ਛਕ ਲਓ, ਜੇ ਬੰਦਾ ਬਦਲਦਾ ਹੀ ਨਹੀਂ ਹੈ, ਉਹਦਾ ਐਡੀ ਉਚੀ ਚੀਜ਼ ਹਾਸਲ ਕਰਨ ਦਾ ਹੱਕ ਹੀ ਨਹੀਂ ਹੈ, ਜਿਹਨੂੰ ਸੁਰ ਨਰ ਮੁਨ ਜਨ ਦੇਵਤੇ ਖੋਜਦੇ ਫਿਰਦੇ ਨੇ, ਓਸ ਅੰਮ੍ਰਿਤ ਦੀ ਪ੍ਰਾਪਤੀ ਐਉਂ ਥੋੜ੍ਹਾ ਕਿ ਜ਼ੋਰ ਲਾ ਲਾ ਕੇ ਕਹੋ ਕਿ ਤੂੰ ਵੀ ਛਕ ਲੈ, ਤੂੰ ਵੀ ਛਕ ਲੈ। ਬੰਦੇ ਦੀ ਬੁਰਿਆਈ ਪਹਿਲਾਂ ਕੱਢੋ, ਉਹਦੇ ਵਿਚ ਲੋਚਾ ਪੈਦਾ ਕਰੋ, ਉਹ ਫੇਰ ਤੜਫੇ ਅੰਮ੍ਰਿਤ ਵਾਸਤੇ। ਉਹਨੂੰ ਦੱਸੋ ਕਿ ਅੰਮ੍ਰਿਤ ਛਕਣਾ ਕਿਉਂ ਜ਼ਰੂਰੀ ਹੈ।

ਸੋ ਇਹ ਜਦੋਂ ਗੱਲਾਂ ਆ ਜਾਂਦੀਆਂ ਨੇ ਤਾਂ ਸਮਝੋ ਕੌਮ ਦਾ ਪਤਨ ਆ ਗਿਆ, ਹੁਣ ਇਹਦੇ ਕੋਲ ਅੰਦਰਲੀ ਤਰੱਕੀ ਦਾ ਰਾਹ ਬੰਦ ਹੋ ਚੁਕਿਆ ਹੈ ਤੇ ਭੇਖ ਦੇ ਆਸਰੇ ਜੀਉਣਾ ਚਾਹੁੰਦਾ ਹੈ। ਸੋ ਇਹ ਹਾਲਤ ਗੁਰੂ ਪਾਤਸ਼ਾਹ ਦੇ ਵੇਲੇ ਹੋ ਚੁੱਕੀ ਸੀ। ਗੁਰੂ ਨਾਨਕ ਪਾਤਸ਼ਾਹ ਨੇ ਹੁਲਾਰਾ ਦਿਤਾ, ਨੌਂ ਸਾਲ ਦੀ ਉਮਰ ਹੈ ਭਾਈਚਾਰਾ ਸਾਰਾ ਇਕੱਠਾ ਹੋ ਗਿਆ, ਬੜਾ ਭਾਰਾ ਪ੍ਰੋਗਰਾਮ ਕੀਤਾ ਗਿਆ, ਗੁਰੂ ਨਾਨਕ ਦੇਖਦੇ ਨੇ ਕਿ ਇਹ ਰਿਸ਼ਤੇਦਾਰ ਆ ਰਹੇ ਨੇ, ਭਾਈਚਾਰੇ ਦੇ ਲੋਕ ਵਧੀਆ-ਵਧੀਆ ਕਪੜੇ ਪਾ ਕੇ ਆ ਰਹੇ ਨੇ, ਵੱਡੇ ਬ੍ਰਾਹਮਣ ਜੋ ਨੇ ਉਹ ਵੀ ਆ ਰਹੇ ਨੇ, ਖਤਰੀ ਵੀ ਆ ਰਹੇ, ਹੋਰ ਸੇਵਾ ਕਰਨ ਵਾਲੇ ਆ ਰਹੇ ਨੇ, ਭੱਠੀਆਂ ਤਪ ਗਈਆਂ, ਮਠਿਆਈਆਂ ਬਣਨੀਆਂ ਸ਼ੁਰੂ ਹੋ ਗਈਆਂ, ਮਾਸ ਬਣਨਾ ਸ਼ੁਰੂ ਹੋ ਗਿਆ। ਬੜੀ ਰੌਣਕ ਹੈ, ਪੈਰ ਨਹੀਂ ਲਗਦਾ ਕਿਸੇ ਦਾ ਵੀ, ਥੋੜ੍ਹੀ ਜਿਹੀ ਹੁਣ ਕਾਰਵਾਈ ਰਹਿੰਦੀ ਹੈ ਉਸ ਤੋਂ ਬਾਅਦ ਖਾਵਾਂਗੇ। ਪੰਡਤ ਆ ਜਾਂਦਾ ਹੈ, ਗੁਰੂ ਨਾਨਕ ਨੂੰ ਬਿਠਾ ਲਿਆ ਜਾਂਦਾ ਹੈ ਸਾਮ੍ਹਣੇ। ਧਾਗਾ ਹੱਥ ਵਿਚ ਹੈ ਪੰਡਤ ਦੇ, ਗੁਰੂ ਨਾਨਕ ਦੇ ਗਲ ਵਿਚ ਪਾਉਣ ਲੱਗਿਆ ਕਿਉਂਕਿ ਰੀਤ ਸੀ। ਜਿਵੇਂ ਅਸੀਂ ਹੁਣ ਅੰਮ੍ਰਿਤ ਦੀ ਰੀਤ ਬਣਾ ਲਈ ਨਾ, ਐਵੇਂ ਜਿਵੇਂ ਰੀਤ ਸੀ ਜ਼ਬਰਦਸਤ। ਗੁਰੂ ਨਾਨਕ ਹੱਥ ਉਚਾ ਕਰਕੇ ਧਾਗਾ ਫੜ ਲਿਆ। ਕਹਿੰਦੇ, ਪੰਡਤ ਜੀ! ਇਹ ਤੁਸੀਂ ਕੀ ਕਰਨ ਲੱਗੇ ਹੋਂ? ਕਹਿੰਦੇ, ਨਾਨਕ! ਤੂੰ ਹੁਣ ਤੱਕ ਨਿਗੁਰਾ ਸੀ ਤੇ ਮੈਂ ਤੈਨੂੰ ਮੰਤਰ ਦੇਣਾ ਹੈ ਤੇ ਦੇਣਾ ਤਾਂ ਹੈ ਜਿਸ ਵਕਤ ਤੂੰ ਜਨੇਊ ਪਾ ਲਏਂਗਾ, ਮਹਾਰਾਜ ਕਹਿੰਦੇ, ਗੁਰੂ ਦੇ ਤਾਂ ਲੱਛਣ ਬੜੇ ਉਚੇ ਹੁੰਦੇ ਨੇ। ਤੂੰ ਮੇਰਾ ਗੁਰੂ ਕਿਵੇਂ ਬਣ ਜਾਏਂਗਾ? ਮੇਰਾ ਹੀ ਨਹੀਂ ਜਦੋਂ ਤੇਰੇ ਤੇ ਮਨ ਮੰਨਦਾ, ਯਕੀਨ ਹੀ ਨਹੀਂ ਬੱਝਦਾ ਤੇਰੇ ਤੇ, ਤੂੰ ਧਾਗਾ ਪਾ ਕੇ ਮੇਰਾ ਗੁਰੂ ਬਣ ਜਾਏਂਗਾ ਤੇ ਮੈਨੂੰ ਮੰਤਰ ਦੇ ਦੇਵੇਂਗਾ ਤੇ ਮੈਨੂੰ ਸ਼ਾਮਲ ਕਰ ਲਏਂਗਾ ਦੂਸਰਿਆਂ ਦੇ ਅੰਦਰ। ਮੇਰੇ ਅੰਦਰ ਫਰਕ ਕੀ ਪਏਗਾ? ਤੇਰੇ ਧਾਗੇ ਦੇ ਵਿਚ ਕੋਈ ਸ਼ਕਤੀ ਹੈ ਜਿਹਦੇ ਨਾਲ ਤੂੰ ਮੈਨੂੰ ਅੰਦਰੋਂ ਬਦਲ ਦੇਵੇਂ? ਅੰਦਰੋਂ ਇਨਸਾਨ ਬੁਰਾਈਆਂ ਨਾਲ ਭਰਿਆ ਪਿਆ ਹੈ, ਨਿੰਦਿਆ, ਚੁਗਲੀ, ਈਰਖਾ, ਬਖੀਲੀ, ਛਲ, ਕਪਟ ਅਨੇਕਾਂ ਕਿਸਮ ਦੀਆਂ ਬੁਰਿਆਈਆਂ ਭਰੀਆਂ ਪਈਆਂ ਨੇ, ਪੰਡਤ ਜੀ! ਇਹ ਧਾਗਾ ਮੇਰੇ ਗਲ ਵਿਚ ਪੈਂਦੇ ਸਾਰ ਉਹ ਨੱਠ ਜਾਣਗੀਆਂ ਕਿ ਅੰਦਰ ਹੀ ਰਹਿ ਜਾਣਗੀਆਂ ਤੇ ਇਹ ਧਾਗਾ ਕਿਸ ਚੀਜ਼ ਦਾ ਪ੍ਰਤੀਕ ਹੈ ਜੋ ਮੇਰੇ ਗਲ ਵਿਚ ਪਾ ਰਿਹਾ ਹੈਂ? ਇਹਦੇ ਵਿਚ ਕੋਈ ਕਰੰਟ ਹੈ? ਜੇ ਬਿਜਲੀ ਦੀ ਤਾਰ ਨੂੰ ਹੱਥ ਲਾ ਦੇਈਏ ਤਾਂ ਉਹਦੇ ਵਿਚ ਕਿੰਨੀ ਕਰੰਟ ਹੈ, ਬੰਦੇ ਨੂੰ ਮਾਰ ਦਿੰਦੀ ਹੈ, ਕੀ ਇਹਦੇ ਵਿਚ ਵੀ ਕੁਛ ਹੈ? ਆਹ ਸਵਾਲ ਅੱਜ ਤੱਕ ਨਹੀਂ ਸੀ ਸੁਣੇ, ਨਿਰੁੱਤਰ ਹੋ ਕੇ ਬੈਠਾ ਹੈ ਕਿ ਕੀ ਜਵਾਬ ਦੇਵਾਂ, ਉਸੇ ਵਕਤ ਮਹਾਰਾਜ ਨੇ ਦੂਸਰਾ ਸਵਾਲ ਕਰ ਦਿਤਾ ਕਿ ਪਾਧਾ ਜੀ! ਐਥੇ ਤਾਂ ਮੇਰੇ ਗਲ ਵਿਚ ਪਾ ਦਿਓਂਗੇ ਪਰ ਜੇ ਇਹ ਮੈਲਾ ਹੋ ਕੇ ਟੁੱਟ ਗਿਆ ਫੇਰ? ਜਦੋਂ ਆਦਮੀ ਸੰਸਾਰ ਤੋਂ ਜਾਂਦਾ ਹੈ ਫੇਰ ਇਹ ਨਾਲ ਜਾਂਦਾ ਹੈ? ਕੋਈ ਜਵਾਬ ਨਹੀਂ ਆ ਰਿਹਾ ਪੰਡਤ ਨੂੰ। ਇਕ ਨੌਂ ਸਾਲ ਦਾ ਬੱਚਾ ਕਿੱਡਾ ਚੈਲੇਂਜ ਕਰ ਰਿਹਾ ਹੈ। ਗੁਰੂ ਨਾਨਕ ਦੇ ਮੂੰਹ ਵਲ ਦੇਖਦਾ ਹੈ, ਧਾਗਾ ਪਾਉਣ ਤੋਂ ਰੁਕ ਗਿਆ, ਅੰਦਰੋਂ ਜਾਗ ਆ ਗਈ ਪਾਧੇ ਨੂੰ। ਗੁਰੂ ਨਾਨਕ ਪਾਤਸ਼ਾਹ ਦੇ ਸਰੀਰ ਦੇ ਅੰਦਰ ਐਨੀ **vibration** ਸੀ, ਐਨੀ ਜ਼ਬਰਦਸਤ ਕਰੰਟ ਸੀ ਕਿ ਜੇ ਕੋਈ ਉਨ੍ਹਾਂ ਦੇ ਚਰਨਾਂ ਨਾਲ ਛੋਹ ਗਿਆ ਕਿਸੇ ਦਾ ਮਸਤਕ ਤਾਂ ਵੀ ਉਹਦੇ ਬਜਰ ਕਪਾਟ ਖੁਲ੍ਹ ਗਏ। ਜੇ ਕਿਸੇ ਦੇ

ਸੀਸ ਦੇ ਉਤੇ ਹੱਥ ਰੱਖ ਦਿਤਾ, ਤਾਂ ਵੀ ਉਹਦੇ ਕਪਾਟ ਖੁਲ੍ਹ ਗਏ, ਜੇ ਕੋਈ ਉਨ੍ਹਾਂ ਦੇ ਸਰੀਰ ਨਾਲ ਵੈਸੇ ਹੀ ਛੋਹ ਹੋ ਗਿਆ ਤਾਂ ਵੀ ਖੁਲ੍ਹ ਗਏ।

ਕਈ ਪ੍ਰੇਮੀਆਂ ਦੇ ਮਨ ਵਿਚ ਇਹ ਖਿਆਲ ਆ ਜਾਂਦਾ ਹੈ ਕਿ ਬਾਬਾ ਜੀ! ਜਿਹੜੀਆਂ ਤੁਸੀਂ ਗੱਲਾਂ ਕਰਦੇ ਹੋ ਇਹ ਹੋ ਵੀ ਸਕਦੀਆਂ ਨੇ? ਆਦਮੀ ਦੇ ਅੰਦਰ ਕਰੰਟ ਕਿੱਥੇ ਹੈ? ਆਦਮੀ ਦੇ ਨੇਤਰਾਂ ਦੇ ਅੰਦਰ ਕੀ ਕਰੰਟ ਹੈ, ਕੀ ਸ਼ਕਤੀ ਹੈ? ਮਹਾਰਾਜ ਕਹਿੰਦੇ ਤੁਹਾਨੂੰ ਪਤਾ ਹੀ ਨਹੀਂ-

***ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥***
***ਅੰਗ - ੨੭੩***

ਗੁਰੂ ਅੰਗਦ ਸਾਹਿਬ ਮਹਾਰਾਜ ਸੰਗਤ ਨੂੰ ਕਹਿੰਦੇ ਸੀ ਕਿ ਪਿਆਰਿਓ! ਹੁਣ ਤੁਸੀਂ ਆਸਾ ਦੀ ਵਾਰ ਸੁਣ ਲਈ, ਹੁਣ ਇਕ ਕੰਮ ਕਰਿਓ, ਤੁਹਾਡੇ ਰਸਤੇ ਦੇ ਦੋਵੇਂ ਪਾਸੇ, ਮੁਰੀਦ ਬੈਠੇ ਨੇ, ਕੋਹੜ ਦੇ, ਇਕ ਇਕ ਵਾਰੀ, ਇਕ-ਇਕ ਬੰਦੇ ਨੂੰ ਦੇਖ ਲੈਣਾ ਨਿਗ੍ਹਾ ਭਰ ਕੇ। ਤੁਹਾਡਾ ਨਿਗ੍ਹਾ ਭਰ ਕੇ ਦੇਖਣਾ ਹੀ ਅਕਸੀਰ, ਉਨ੍ਹਾਂ ਦਾ ਕੋਹੜ ਦੂਰ ਹੋ ਜਾਣਾ ਹੈ। ਗੁਰੂ ਅੰਗਦ ਪਾਤਸ਼ਾਹ ਦੇ ਦਰ ਤੇ ਲਾਈਨਾਂ ਲਾ ਕੇ ਬਹਿ ਜਾਂਦੇ ਸੀ, ਜਦੋਂ ਕੀਰਤਨ ਦੀ ਸਮਾਪਤੀ ਤੋਂ ਬਾਅਦ ਸੰਗਤ ਜਾਂਦੀ, ਦਇਆ ਦ੍ਰਿਸ਼ਟੀ ਦੇ ਨਾਲ ਦੇਖ ਲੈਂਦੀ ਤੇ ਉਹ ਕੋਹੜੀ ਰਾਜ਼ੀ ਹੋ ਕੇ ਤੁਰ ਪੈਂਦੇ ਸੀ। ਅੱਖਾਂ ਦੇ ਵਿਚ ਕੀ ਚੀਜ਼ ਸੀ, ਜਿਹੜੀ ਉਨ੍ਹਾਂ ਤੇ ਅਸਰ ਕਰਦੀ ਸੀ? ਭਾਈ ਘਨਈਆਂ ਦੇ ਹੱਥਾਂ ਵਿਚ ਕਿਹੜੀ ਸ਼ਕਤੀ ਕਿ ਜਿਹਨੂੰ ਉਹ ਪਾਣੀ ਪਿਲਾ ਦਿੰਦਾ ਸੀ, ਉਹ ਬੁਰਿਆਈ ਛੱਡ ਕੇ ਨੇਕੀ ਵਲ ਚਲ ਪੈਂਦਾ ਸੀ। ਆਦਮੀ ਦੇ ਅੰਦਰ ਕੋਈ ਸ਼ਕਤੀ ਹੁੰਦੀ ਹੈ, ਤਿੰਨ ਚੀਜ਼ਾਂ ਦੇ ਰਾਹੀਂ ਨਿਕਲਦੀ ਹੈ ਬਹੁਤੀ। ਇਕ ਤਾਂ ਨਿਕਲਦੀ ਹੈ ਨੇਤਰਾਂ ਦੇ ਰਾਹੀਂ, ਦ੍ਰਿਸ਼ਟੀ ਭਰ ਕੇ ਝਾਕ ਲਓ। ਮਾੜੀ ਦ੍ਰਿਸ਼ਟੀ ਵੀ ਹੈ ਆਦਮੀ ਕੰਬ ਵੀ ਜਾਂਦਾ ਹੈ, ਜਿਹੜੀ ਪਿਆਰ ਵਾਲੀ ਦ੍ਰਿਸ਼ਟੀ ਹੈ ਉਹਦੇ ਨਾਲ ਖਿੜ ਜਾਂਦਾ ਹੈ। ਬੱਚਿਆਂ ਵਲ ਦੇਖ ਲਓ, ਬੱਚਾ ਖਿੜ ਜਾਂਦੇ ਨੇ, ਕਰੂਰ ਦ੍ਰਿਸ਼ਟੀ ਨਾਲ ਦੇਖ ਲਓ, ਚੀਕ ਮਾਰਦੇ ਨੇ। ਸੀਸ ਤੇ ਹੱਥ ਰੱਖਿਆ ਜਾਵੇ, ਉਹਦੇ ਨਾਲ ਫਰਕ ਪੈ ਜਾਂਦਾ ਹੈ, ਬੇਅੰਤ ਮੈਲ ਹੋਵੇ ਅੰਦਰ ਹਿਲਜੁਲ ਪੈਦਾ ਹੋ ਜਾਂਦੀ ਹੈ ਅੰਦਰ। ਤੁਰਿਆ ਜਾ ਰਿਹਾ ਹੈ ਤੇ ਚਰਨ ਧਰਤੀ ਨਾਲ ਛੋਹ ਗਿਆ, ਧੂੜ ਨਾਲ ਛੋਹ ਗਿਆ, ਧੂੜ ਦੇ ਨਾਲ ਪਵਿਤਰਤਾ ਹੋ ਜਾਂਦੀ ਹੈ।

ਬੀਜੀ (ਬੀਬੀ ਰਣਜੀਤ ਕੌਰ ਜੀ) ਦੇ ਪਿਤਾ ਜੀ ਦੇ ਬਾਰੇ ਭਾਈ ਰਣਧੀਰ ਸਿੰਘ ਜੀ ਲਿਖਦੇ ਨੇ ਕਿ ਉਨ੍ਹਾਂ ਨੇ ਦੇਖਿਆ ਕਿ ਅੰਮ੍ਰਿਤ ਛਕਾਉਣ ਵੇਲੇ ਬੱਚੇ ਵਲ ਨਿਗ੍ਹਾ ਭਰ ਕੇ ਦੇਖ ਲਿਆ, ਓਸ ਬੱਚੇ ਦੀ ਸਮਾਧੀ ਲਗ ਗਈ। 56 ਘੰਟੇ ਉਸਦੀ ਸਮਾਧੀ ਨਾ ਟੁੱਟੀ। ਚਾਚੀ ਆਈ ਬਾਪੂ ਜੀ ਦੀ, ਕਹਿਣ ਲੱਗੀ, ਹੀਰਾ ਸਿੰਘਾ! ਤੂੰ ਸਭ ਦਾ ਨਾਮ ਤੌਰ ਦਿੰਦਾ ਹੈਂ, ਮੇਰਾ ਵੀ ਤੌਰ ਦੇ। ਪਿੱਠ ਤੇ ਹੱਥ ਲਾ ਕੇ ਕਹਿੰਦੇ ਕਿ ਚਾਚੀ! ਤੇਰੇ ਅੰਦਰ ਦਾ ਨਾਮ ਦੀ ਧੁਨ ਚਲ ਰਹੀ ਹੈ, ਸੁਣ! ਬਹਿ ਗਈ, ਨਾ ਕੋਈ ਪਤਾ ਸਮਾਧੀ ਲਾਉਣ ਦਾ, ਨਾ ਆਸਣ ਦਾ ਪਤਾ। ਬਾਪੂ ਜੀ ਉਠ ਕੇ ਤੁਰ ਪੈਂਦੇ ਨੇ ਥੋੜ੍ਹੀ ਦੇਰ ਬਾਅਦ, ਭਰਾ ਮਿਲੇ ਉਨ੍ਹਾਂ ਦੇ ਕਹਿੰਦੇ ਬਾਈ, ਬੇਬੇ ਆਈ ਸੀ ਚੁਬਾਰੇ 'ਚ? ਕਹਿੰਦੇ, ਭਾਈ! ਉਤੇ ਬੈਠੀ ਹੈ, ਹੁਣ ਤਾਂ 24 ਘੰਟੇ ਤੋਂ ਬਾਅਦ ਇਹਨੂੰ ਸੁਰਤ ਆਉਣੀ ਹੈ। ਕਲ੍ਹ ਨੂੰ ਐਸ ਵੇਲੇ ਆਪੇ ਹੀ ਆ ਜਾਏਗੀ, ਹੁਣ ਨਾ ਜਾਇਓ ਹੁਣ ਮੜੌਲੀ ਚੁੱਕ ਕੇ ਲਿਆਉਣੀ ਹੈ, ਕੋਈ ਵਿਗਾੜ ਹੋ ਗਿਆ, ਸੁਰਤ ਦੀ ਤਾਰ ਟੁੱਟ ਗਈ, ਅਸੀਂ ਜ਼ਿੰਮੇਵਾਰ ਨਹੀਂ। ਪੂਰੇ 24 ਘੰਟੇ ਤੋਂ ਬਾਅਦ ਉਹ ਉਤਰ ਆਈ। ਉਸੇ ਪਿੰਡ ਦਾ ਗੰਗਾ ਸਿੰਘ ਨਾਮ ਦਾ ਇਕ ਮਸਕਰਾ ਸੀ, ਹਰੇਕ ਦੀ ਨਕਲ ਉਤਾਰਦਾ ਸੀ। ਬਾਪੂ ਜੀ ਦੇ ਆਲੇ-ਦੁਆਲੇ ਬੈਠੀ ਸੀ ਸੰਗਤ, ਅੰਮ੍ਰਿਤ ਵੇਲਾ ਸੀ ਕਈ ਪ੍ਰੇਮੀ ਮਾਲਾ ਨਾਲ ਨਾਮ ਜਪਦੇ ਸੀ, ਲੋਹੇ ਦੀਆਂ ਮਾਲਾ ਹੁੰਦੀਆਂ ਸੀ, ਉੱਨ ਦੀਆਂ ਹੁੰਦੀਆਂ ਸੀ, ਮਾਲਾ ਦੇ ਨਾਲ ਨਾਮ ਜਪ ਰਹੇ ਨੇ ਤੇ ਗੰਗਾ ਸਿੰਘ ਨੂੰ ਕੀ ਸੁੱਝੀ, ਗੱਡੇ ਦੀ ਲੱਜ ਲੈ ਆਇਆ, ਉਹਨੂੰ ਪੰਜ ਸੱਤ ਗੱਠਾਂ ਦੇ ਲਈਆਂ, ਚਾਰ-ਚਾਰ ਫੁੱਟ ਤੇ, ਉਹ ਇਕ ਗੱਠ ਨੂੰ ਖਿੱਚ ਲੈਂਦਾ ਹੈ, ਦੂਜੀ ਨੂੰ ਫੇਰ ਖਿੱਚਦਾ ਹੈ ਤੇ ਨਾਲ ਆਵਾਜ਼ ਆਉਂਦੀ ਹੈ ਉਹਦੇ, ਆਵਾਜ਼ ਆਈ ਤਾਂ ਜਿਵੇਂ ਖੂਹ 'ਚੋਂ ਪਾਣੀ ਖਿੱਚੇ, ਆਦਮੀ ਦੇ ਮੂੰਹ 'ਚੋਂ ਆਵਾਜ਼ ਆਏ, ਐਸੀ ਆਵਾਜ਼ ਨੂੰ ਸੁਣ ਕੇ ਬਾਪੂ ਜੀ ਨੇਤਰ ਖੋਲ੍ਹ ਲਏ, ਜਦੋਂ ਨੇਤਰ ਖੋਲ੍ਹ ਕੇ ਗੰਗਾ ਸਿੰਘ ਵਲ ਦੇਖਿਆ, ਲੱਜ ਹੱਥੋਂ ਗਿਰ ਗਈ, ਦੇਹਲੀ ਦੇ ਬਾਹਰਲੇ ਪਾਸੇ ਬੈਠਾ ਸੀ, ਮੱਥਾ ਭੰਨੀ ਜਾਵੇ ਦੇਹਲੀ ਨਾਲ, ਦੂਜੀ ਵਾਰੀ ਬਾਪੂ ਜੀ ਨੇ ਦੇਖਿਆ, ਓਸ ਵੇਲੇ ਕਹਿੰਦਾ ਓ ਹੀਰਾ ਸਿੰਆਂ! ਓ ਹੀਰਾ ਸਿੰਆਂ! ਬਾਕੀ ਸਭ ਕੁਛ ਲੈ ਲੈ, ਆਹ ਮੈਨੂੰ ਜਿਹੜਾ ਸਵਾਦ ਜਿਹਾ ਆਇਆ ਹੈ ਨਾ, ਇਹ ਨਾ ਵਾਪਸ ਲੈ। ਬਾਪੂ ਜੀ ਕਹਿਣ ਲੱਗੇ ਕਿ ਕਹਿ ਵਾਹਿਗੁਰੂ। ਵਾਹਿਗੁਰੂ ਕਹਿਣ ਦੀ ਦੇਰ ਸੀ 95 ਸਾਲ ਦਾ ਸੀ, ਜਦੋਂ ਮੈਂ ਮਿਲਿਆ ਓਸ ਨੂੰ, ਮੈਂ ਕਿਹਾ ਬਾਪੂ ਜੀ! ਮੈਨੂੰ ਦੱਸ ਸਕਦਾ ਹੈਂ ਕਿ ਤੇਰੇ ਨਾਲ ਕੀ ਬਣਿਆ ਸੀ? ਕਹਿੰਦਾ ਮੈਂ ਕੀ ਦੱਸਾਂ ਉਹਨੇ ਨਿਗ੍ਹਾ ਕੀਤੀ ਮੇਰੇ ਅੰਦਰ ਸਰਲ-ਸਰਲ ਹੋ ਕੇ ਪਤਾ ਨਹੀਂ ਕੀ ਹੋ ਗਿਆ, ਅਨੰਦ ਨਾਲ ਮੈਂ ਭਰ ਗਿਆ। ਕਹਿੰਦਾ, ਜਦੋਂ ਉਹਨੂੰ ਕਹਿ ਦਿਤਾ ਕਿ ਵਾਹਿਗੁਰੂ ਕਹਿ, ਤਾਂ ਮੇਰੇ ਅੰਦਰ ਸਾਰੇ ਹੀ ਵਾਹਿਗੁਰੂ-ਵਾਹਿਗੁਰੂ ਹੋਣ ਲਗ ਗਿਆ। ਅੱਜ ਏਸ ਗੱਲ ਨੂੰ 60 ਸਾਲ ਤੋਂ ਉਤੇ ਹੋ ਚੁਕਿਆ, ਪਰ ਅੰਦਰੋਂ ਵਾਹਿਗੁਰੂ ਦੀ ਧੁਨ ਨਹੀਂ ਖਤਮ ਹੋ ਰਹੀ, ਮੈਂ ਉਹਦੇ ਆਸਰੇ ਜੀਵਨ ਕੱਟ ਰਿਹਾ ਹਾਂ। 95 ਸਾਲ

ਦਾ ਹੋ ਕੇ ਮੇਰਾ ਸਰੀਰ ਤੰਦਰੁਸਤ ਹੈ, ਕਦੇ ਮੈਂ ਬੀਮਾਰ ਨਹੀਂ ਹੋਇਆ। ਉਹ ਨਿਗ੍ਹਾ ਹੀ ਕੀਤੀ ਸੀ ਨਾ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਦਵਾਈ ਦੇਣ ਲੱਗੇ ਡਾਕਟਰ! ਹਜ਼ਾਰੀ ਬਾਗ ਦੀ ਜੇਲ੍ਹ ਵਿਚ, ਜਦੋਂ ਜ਼ਬਰਦਸਤੀ ਦੇਣ ਲੱਗੇ ਤਾਂ ਜ਼ਹਿਰ ਪਿਲਾ ਰਹੇ ਸੀ। ਜਿਹੜੇ ਚਾਰ ਕੰਮਪਾਊਡਰਾਂ ਨੇ ਫੜੇ ਹੋਏ ਸੀ, ਡਾਕਟਰ ਨੇ ਜਬਰਦਸਤੀ ਮੂੰਹ ਵਿਚ ਪਾਉਣੀ ਸੀ, ਉਹ ਚਾਰੇ ਹੀ ਕੰਮਪਾਉਂਡਰ ਦੋ ਐਧਰ ਕੰਧ ਨਾਲ ਜਾ ਲੱਗੇ, ਦੋ ਓਧਰ ਜਾ ਲੱਗੇ, ਇਕ ਦਮ ਨੱਠ ਕੇ ਬਾਹਰ ਹੋ ਗਏ। ਡਾਕਟਰ ਨੇੜੇ ਨਹੀਂ ਆਇਆ, ਡਾਕਟਰ ਨੱਠ ਗਿਆ। ਕਹਿੰਦੇ, ਫੜੋ। ਕਹਿੰਦੇ, ਫੜੀਏ ਕੀ, ਉਸ ਵਿਚ ਤਾਂ ਬਿਜਲੀ ਨਾਲੋਂ ਵੀ ਜ਼ਿਆਦਾ ਕਰੰਟ ਹੈ ਸਰੀਰ ਵਿਚ।

ਸੋ ਇਸ ਤਰ੍ਹਾਂ ਦੇ ਨਾਲ ਜੋ ਪ੍ਰੇਮੀ ਕਹਿੰਦੇ ਨੇ ਕਿ ਇਹ ਗੱਲ ਹੋ ਸਕਦੀ ਹੈ? ਗੁਰੂ ਅੰਗਦ ਸਾਹਿਬ ਮਹਾਰਾਜ ਨੇ ਕਿਹਾ ਕਿ ਪਿਆਰਿਓ! ਇਕ-ਇਕ ਨਿਗ੍ਹਾ ਮਾਰ ਜਾਇਓ ਗਰੀਬਾਂ ਵਲ ਦੁਖੀ ਨੇ। ਤੁਹਾਡੀ ਨਿਗ੍ਹਾ ਨੇ ਉਹ ਸਹੀ ਕਰ ਦੇਣੇ ਨੇ। ਤੁਹਾਡੇ ਹੱਥ ਲੱਗਣ ਦੇ ਨਾਲ ਸਹੀ ਹੋ ਜਾਣੇ ਨੇ।

ਇਕ ਮਹਾਤਮਾ ਬੈਠੇ ਨੇ ਲਾਹੌਰ ਦੇ ਅੰਦਰ, ਇਕ ਬੀਬੀ ਹੈ ਉਥੇ ਜੋ ਲਾਹੌਰ ਦਾ ਵੱਡਾ ਨਵਾਬ ਸੀ, ਉਹ ਵੀ ਕਿਲ੍ਹੇ ਦੀ ਛੱਤ ਤੇ ਚੜ੍ਹਿਆ ਹੋਇਆ ਸੀ, ਉਧਰੋਂ ਬੀਬੀ ਛੱਤ ਦੇ ਉਤੇ ਕੇਸ ਹਰੇ ਕਰ ਰਹੀ ਹੈ। ਉਹਦੀ ਖੂਬਸੂਰਤੀ ਦੇਖ ਕੇ ਮੋਹਿਤ ਹੋ ਗਿਆ। ਹੁਕਮ ਕਰ ਦਿਤਾ ਕਿ ਓਸ ਔਰਤ ਨੂੰ ਫੜ ਕੇ ਮੇਰੇ ਮਹਿਲਾਂ ਵਿਚ ਲੈ ਆਓ। ਓਸ ਵੇਲੇ ਸਿਪਾਹੀ ਜਾਂਦੇ ਨੇ ਤੇ ਕਿਹਾ ਕਿ ਤੈਨੂੰ ਬੁਲਾਇਆ ਹੈ ਨਵਾਬ ਸਾਹਿਬ ਨੇ, ਜੇ ਤੂੰ ਆਪਣੇ ਆਪ ਆ ਜਾਏਂ ਤਾਂ ਚੰਗਾ ਨਹੀਂ ਤਾਂ ਅਸੀਂ ਫੜ ਕੇ ਲੈ ਜਾਵਾਂਗੇ। ਇਹ ਘਰ ਛੱਡ ਦੇ ਹੁਣ, ਉਥੇ ਹੀ ਮਹਿਲਾਂ ਵਿਚ ਰਹਿਣਾ ਹੈ ਤੂੰ ਉਹਦੀ ਬੇਗਮ ਬਣ ਕੇ। ਐਸਾ ਹੀ ਉਨ੍ਹਾਂ ਦਿਨਾਂ ਵਿਚ ਕੋਈ ਪੁਛਦਾ ਨਹੀਂ ਸੀ। ਉਹ ਕਹਿਣ ਲੱਗੀ ਕਿ ਮੈਂ ਪਤੀਵਰਤਾ ਇਸਤਰੀ ਹਾਂ ਮੇਰਾ ਪਤੀ ਬਾਹਰ ਗਿਆ ਹੋਇਆ ਹੈ ਮੈਂ ਕਿਸ ਤਰ੍ਹਾਂ ਚਲੀ ਜਾਵਾਂ, ਮੈਂ ਜਾਨ ਦੇ ਦੇਵਾਂਗੀ, ਪਰ ਧਰਮ ਨਹੀਂ ਮੈਂ ਹਾਰਦੀ। ਵਾਪਸ ਆ ਗਏ ਤੇ ਉਸ ਦੇ ਵਜ਼ੀਰ ਨੇ ਗੱਲ ਸੁਣੀ ਤਾਂ ਕਹਿਣ ਲੱਗਿਆ ਕਿ ਨਵਾਬ ਸਾਹਿਬ! ਬੜੀ ਬਦਨਾਮੀ ਹੋ ਜਾਏਗੀ। ਏਸ ਸ਼ਹਿਰ ਦੇ ਅੰਦਰ ਤੁਹਾਡਾ ਚੰਗਾ ਨਾਮ ਬਣਿਆ ਹੋਇਆ ਹੈ, ਸਾਰਾ ਸ਼ਹਿਰ ਵਿਗੜ ਜਾਏਗਾ ਇਸ ਗੱਲ ਦੇ ਉਤੇ। ਜੇ ਬਹੁ-ਬੇਟੀਆਂ ਇਸ ਤਰ੍ਹਾਂ ਤੁਸੀਂ ਲਿਆਉਣ ਲੱਗੇ। ਕਾਜ਼ੀ ਨੂੰ ਬੁਲਾਇਆ, ਕਾਜ਼ੀ ਕਹਿਣ ਲੱਗਿਆ ਕਿ ਮੈਂ ਚਿਲ੍ਹੇ ਕੱਟੇ ਹੋਏ ਨੇ ਤੇ ਮੈਂ ਮੰਤਰ ਪੜ੍ਹਦਾ ਹਾਂ, ਮੰਤਰ ਦੇ ਬਲ ਨਾਲ ਮੰਗਾ ਦੇਵਾਂਗਾ ਇਥੇ। ਕਿਉਂਕਿ ਮੰਤਰ ਦਾ ਵੀ ਬਲ ਹੋਇਆ ਕਰਦਾ ਹੈ। ਮੰਤਰ ਪੜ੍ਹਿਆ ਤੇ ਪਾਵੇ ਦੇ ਥੱਲੇ ਪੁੜੀ ਬਣਾ ਕੇ ਰੱਖ ਦਿਤੀ, ਖਿਆਲ ਓਧਰ ਉਹਦੇ ਮਨ ਵਿਚ ਵੀ ਆ ਗਿਆ ਕਿ ਮੇਰੇ ਪਤੀ ਨੂੰ ਨਾ ਮਰਵਾ ਦੇਵੇ, ਬੱਚਿਆਂ ਨੂੰ ਨਾ ਮਰਵਾ ਦੇਵੇ, ਮੈਂ ਚਲੀ ਜਾਂਦੀ ਹਾਂ। ਦੂਸਰਾ ਮੰਤਰ ਪੜ੍ਹ ਕੇ ਪਾਵੇ ਦੇ ਥੱਲੇ ਰੱਖ ਦਿਤਾ। ਹਾਰ-ਸ਼ਿੰਗਾਰ ਲਾਉਣ ਲੱਗ ਗਈ, ਤੀਸਰਾ ਪੜ੍ਹਿਆ ਤਾਂ ਤਿਆਰ ਹੋ ਕੇ ਬਾਹਰ ਨਿਕਲ ਲਈ ਤਿਆਰ ਹੋ ਗਈ। ਚੌਥਾ ਪੜ੍ਹਿਆ ਤਾਂ ਤਾਲਾ ਲਾ ਕੇ ਤੁਰ ਪਈ ਆਪੇ ਹੀ। ਉਹ ਕਹਿਣ ਲੱਗਿਆ ਕਿ ਮੇਰੇ ਮੰਤਰ ਨੇ ਮੈਨੂੰ ਦੱਸ ਦਿਤਾ ਕਿ ਉਹ ਤਾਲਾ ਲਾ ਕੇ ਤੁਰੀ ਆਉਂਦੀ ਹੈ। ਖਿੱਚ ਰਿਹਾ ਹੈ ਮੇਰਾ ਮੰਤਰ, ਆਪਣੇ ਆਪ ਹੀ ਉਹਨੂੰ ਇਥੇ ਲੈ ਕੇ ਆਏਗਾ। ਰਸਤੇ ਵਿਚ ਮਹਾਤਮਾ ਬੈਠੇ ਨੇ, ਉਨ੍ਹਾਂ ਨੇ ਦੇਖ ਲਿਆ, ਸਤਿਸੰਗ 'ਚ ਆਉਣ ਵਾਲੀ ਸੀ, ਔਹ ਕਹਿੰਦੇ ਜਾਂਦੀ ਹੈ ਬੇਟੀ ਉਹਨੂੰ ਬੁਲਾਓ। ਉਹਦੇ ਮਨ ਵਿਚ ਸੀ ਕਿ ਮੈਂ ਨਮਸਕਾਰ ਕਰ ਜਾਵਾਂ। ਕਹਿਣ ਲੱਗੇ, ਬੇਟਾ! ਪਤੀ ਤੇਰਾ ਬਾਹਰ ਗਿਆ ਹੋਇਆ ਹੈ ਤੇ ਤੂੰ ਐਨਾ ਸ਼ਿੰਗਾਰ ਕਰਕੇ ਕਿੱਥੇ ਜਾ ਰਹੀ ਹੈਂ। ਕਹਿਣ ਲੱਗੀ ਕਿ ਮਹਾਰਾਜ! ਮੈਨੂੰ ਕੋਈ ਪਤਾ ਨਹੀਂ ਕਿ ਮੈਂ ਕੀ ਕਰ ਰਹੀ ਹਾਂ, ਮੈਂ ਤਾਂ ਆਹ ਮਾੜਾ ਕੰਮ ਕਰਨ ਜਾ ਰਹੀ ਹਾਂ। ਮਹਾਤਮਾ ਜਿੱਥੇ ਬੈਠੇ ਸੀ ਕੱਚੀ ਧਰਤੀ ਸੀ, ਆਪਣੇ ਚਰਨ ਥੱਲਿਓਂ ਧੂੜੀ ਕੱਢੀ ਤੇ ਉਹਦੇ ਮਸਤਕ ਤੇ ਮਲ ਦਿਤੀ, ਕਹਿੰਦੇ ਜਾਹ ਵਾਪਸ ਮੁੜ ਜਾਹ, ਤੇਰਾ ਲੇਖ ਅਸੀਂ ਬਦਲ ਦਿਤਾ। ਭਾਈ ਗੁਰਦਾਸ ਜੀ ਕਹਿੰਦੇ ਨੇ -

***ਧੂੜੀ ਲੇਖੁ ਮਿਟਾਇਆ***
***ਚਰਣੋਦਕ ਮਨੁ ਵਸਿਗਤਿ ਆਇਆ॥***
***ਭਾਈ ਗੁਰਦਾਸ ਜੀ, ਵਾਰ 23/3***

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਕਹਿਣ ਲੱਗੇ, ਪਾਧਾ ਜੀ! ਤੁਹਾਡੇ ਧਾਗੇ ਦੇ ਵਿਚ ਵੀ ਕੋਈ ਕਰੰਟ ਹੈ? ਬਦਲ ਦੇਏਗੀ ਮੇਰੇ ਅੰਦਰ? ਕਰੂਰ ਬਿਰਤੀ ਖਤਮ ਕਰ ਦਏਗੀ? ਤੇ ਮੇਰੇ ਅੰਦਰ ਤ੍ਰਿਸ਼ਨਾ ਦੀ ਅੱਗ ਲੱਗੀ ਪਈ ਹੈ ਕੀ ਉਹ ਬੁਝਾ ਦੇਵੇਗਾ ਤੇਰਾ ਧਾਗਾ? ਮੇਰਾ ਮਨ ਭਟਕ ਰਿਹਾ ਹੈ ਦੁਨੀਆਂ ਦੀ ਖੂਬਸੂਰਤੀ ਦੇਖ ਕੇ ਤੇਰਾ ਧਾਗਾ ਮੇਰੇ ਮਨ ਨੂੰ ਤਸੱਲੀ ਵਿਚ ਲਿਆ ਦੇਵੇਗਾ ਤੇ ਮੈਂ ਪੈਰ-ਪੈਰ ਤੇ ਝੂਠ ਬੋਲਦਾ ਹੈ, ਠੱਗੀਆਂ ਕਰਦਾ ਹਾਂ, ਲੋਕਾਂ ਨੂੰ ਧੋਖੇ ਦਿੰਦਾ ਹਾਂ ਕੀ ਮੇਰੇ ਅੰਦਰ ਸਤਿ ਦਾ ਜੀਵਨ ਆ ਜਾਏਗਾ। ਪਾਧਾ ਚੁੱਪ ਹੈ, ਕੋਈ ਗੱਲ ਨਹੀਂ ਆ ਰਹੀ ਓਸਨੂੰ। ਗੁਰੂ ਨਾਨਕ ਕਹਿੰਦੇ, ਰੱਖ ਦੇ ਧਾਗਾ, ਮੈਂ ਧਾਗਾ ਨਹੀਂ ਪਾਉਣ ਆਇਆ, ਮੈਂ ਧਾਗੇ ਦੇ ਵਿਚੋਂ ਧਾਗਾ ਪੁਆਉਣ ਆਇਆ ਹਾਂ ਸੱਚ ਦਾ। ਜੇ ਤੂੰ ਮੇਰੇ ਧਾਗਾ ਪਾਉਣਾ ਹੈ ਤਾਂ ਸੱਚ ਦਾ ਪਾ। ਉਸ ਪਾਧੇ ਨੇ ਬੇਨਤੀ ਕਰੀ ਕਿ ਹੇ ਨਾਨਕ! ਅਸੀਂ ਅਣਜਾਣ ਹਾਂ, ਤੂੰ ਦੱਸ ਦੇ ਇਹ ਧਾਗਾ ਕਿਵੇਂ ਪੈਂਦਾ ਹੈ। ਮਹਾਰਾਜ ਕਹਿੰਦੇ-

***ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥***
***ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥***
***ਅੰਗ - ੪੭੧***

ਮੈਂ ਸਰੀਰ ਤੇ ਕੀ ਪਾਉਣਾ ਹੈ, ਮੇਰੇ ਅੰਦਰ ਪਾ ਜਿਹੜਾ ਮੈਂ ਹਾਂ, ਜੇ ਮੈਂ ਤੈਨੂੰ ਲੱਭ ਸਕਿਆ ਤਾਂ ਅੰਦਰੋਂ। ਮੈਨੂੰ ਉਹ ਚੀਜ਼ ਦੇ ਜਿਹੜੀ ਮੈਨੂੰ ਮਿਲਾ ਦੇਵੇ ਪ੍ਰਮੇਸ਼ਰ ਦੇ ਨਾਲ। ਸੋ ਐਸਾ ਨਿਰਾਰਥਕ ਜੀਵਨ ਆ ਚੁਕਿਆ ਸੀ ਸਮਾਜ ਦੇ ਅੰਦਰ। ਭੇਖ ਦੇ ਵਿਚ ਫਸ ਗਏ ਸੀ, ਵੱਡੇ ਤੋਂ ਵੱਡਾ ਭੇਖ। ਭੇਖ ਓਸ ਵੇਲੇ ਆਉਂਦਾ ਹੈ ਜਦੋਂ ਕੋਈ ਧਰਮ ਮਰਨਾ ਹੁੰਦਾ ਹੈ। ਕਿਉਂਕਿ ਉਹਦੇ ਕੁਛ ਰਹਿੰਦਾ ਹੀ ਨਹੀਂ, ਜੀਵਨ ਬਿਲਕੁਲ ਨਿਕੰਮਾ ਹੋ ਜਾਂਦਾ ਹੈ, ਜਿਹੜੇ ਪ੍ਰਚਾਰ ਵਾਲੇ ਨੇ ਉਨ੍ਹਾਂ ਦੇ ਅੰਦਰੋਂ ਆਪਣੇ-ਆਪ ਜੀਵਨ ਨਿਕਲ ਜਾਂਦਾ ਹੈ। ਸੋ ਓਸ ਵੇਲੇ ਦਾ ਜੋ ਹਾਲ ਸੀ ਗੁਰੂ ਨਾਨਕ ਪਾਤਸ਼ਾਹ ਉਸ ਬਾਰੇ ਐਸੇ ਫੁਰਮਾਨ ਕੀਤਾ ਹੈ -

***ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥***
***ਬੀਉ ਬੀਜਿ ਪਤਿ ਲੈ ਗਏ***
***ਅਬ ਕਿਉ ਉਗਵੈ ਦਾਲਿ ॥ ਅੰਗ - ੪੬੮***

ਭਰੋਸਾ ਟੁੱਟ ਗਿਆ ਵਾਹਿਗੁਰੂ ਤੋਂ। ਕੀ ਬਣੇਗਾ ਏਸ ਦਾ, ਐਨੇ ਫੱਟ ਗਏ ਕਿ ਦੂਸਰੇ ਦੀ ਗੁਲਾਮੀ ਸਹਿਨ ਕਰ ਰਹੇ ਨੇ। ਕੇਵਲ ਚੰਦ ਦਿਨ ਦੇ ਜੀਉਣ ਵਾਸਤੇ ਆਪਣੇ ਅਸੂਲਾਂ ਨੂੰ ਤਿਲਾਂਜਲੀ ਦੇ ਰਹੇ ਨੇ। ਸੱਚ ਦਾ ਜੀਵਨ ਕਿੱਥੇ ਗਿਆ, ਧੋਖਾ ਫੈਲ ਗਿਆ ਸਾਰੇ। ਰਾਜਾ ਵੀ ਬਣ ਗਿਆ ਧੋਖੇ ਵਾਲਾ ਤੇ ਪਰਜਾ ਵੀ ਬਣ ਗਈ। ਸੋ ਇਹ ਇਕ ਬੁਨਿਆਦੀ ਮਸਲਾ ਸੀ ਬੜਾ ਜ਼ਬਰਦਸਤ ਜਿਸਨੂੰ ਝੰਜੋੜਨ ਦੀ ਲੋੜ ਪਈ।

ਅੱਠ ਵਜ਼ੀਰ ਹੋਇਆ ਕਰਦੇ ਸੀ, ਵੱਡਾ ਜਿਹੜਾ ਹੁੰਦਾ ਉਹਨੂੰ ਵਜ਼ੀਰ-ਏ-ਆਜ਼ਮ ਕਹਿੰਦੇ ਸੀ, ਜਿਹੜਾ ਹੁੰਦਾ ਫੌਜਾਂ ਦਾ ਮਾਲਕ ਬਖਸ਼ੀ ਆਖਿਆ ਕਰਦੇ ਸੀ, ਜਿਹੜਾ ਹੁੰਦਾ ਹੋਮ ਮਨਿਸਟਰ ਉਹਨੂੰ ਵਜ਼ੀਰ-ਏ-ਖਾਨਾ ਆਨ ਏ ਖਾਨ ਕਹਿੰਦੇ, ਜਿਹੜਾ ਹੁੰਦਾ ਸੀ ਖਰਚਿਆਂ ਦਾ ਉਹ ਦੀਵਾਨ ਕਹਾਉਂਦਾ ਸੀ। ਜਿਵੇਂ ਹੁਣ ਸਿਵਲ ਸਪਲਾਈ ਦਾ ਮਨਿਸਟਰ ਹੈ ਉਸ ਸਮੇਂ ਮੋਦੀ ਹੋਇਆ ਕਰਦਾ ਸੀ। ਉਹਦਾ ਜ਼ਿੰਮਾ ਸੀ ਕਿ ਜਿੰਨੇ ਵੀ ਸਾਧੂ ਸੰਤਾਂ ਨੂੰ, ਮਸਜਿਦਾਂ, ਧਾਰਮਿਕ ਅਸਥਾਨ ਉਨ੍ਹਾਂ ਸਭ ਨੂੰ ਰਸਦ ਪਹੁੰਚਾਉਣੀ। ਗੁਰੂ ਨਾਨਕ ਪਾਤਸ਼ਾਹ ਐਡੀ ਪਦਵੀ ਤੇ ਹੁੰਦੇ ਹੋਏ ਆਪਣੇ ਹੱਥ ਨਾਲ ਤੋਲਣ ਲਗ ਜਾਂਦੇ ਸੀ। ਬੇਅੰਤ ਨੌਕਰ ਚਾਕਰ ਹਿਸਾਬ ਰੱਖਣ ਵਾਲੇ, ਸਭ ਸੀਗੇ। ਲੇਕਿਨ ਆਪ ਤੇਰਾ-ਤੇਰਾ ਕਹੀ ਜਾਂਦੇ ਸੀ। ਕਦੇ ਘਾਟਾ ਨਹੀਂ ਸੀ ਆਉਂਦਾ। ਲੱਖਾਂ ਰੁਪਏ ਅੱਜ ਦੇ ਜਦੋਂ ਗੁਰੂ ਨਾਨਕ ਪਾਤਸ਼ਾਹ ਨੇ ਮੋਦੀਖਾਨਾ ਛੱਡਿਆ, ਸੰਸਾਰ ਨੂੰ ਸੋਧਣ ਵਾਸਤੇ, ਰਸਤਾ ਦਿਖਾਉਣ ਵਾਸਤੇ ਓਸ ਵੇਲੇ ਇਤਿਹਾਸ ਜਾਣਦਾ ਹੈ ਕਿ ਐਨਾ ਮੁਫਤ ਦਿਤਾ ਗੁਰੂ ਨਾਨਕ ਨੇ, ਸ਼ੰਕਾ ਪੈ ਗਿਆ ਨਵਾਬ ਨੇ ਜਦੋਂ ਗੱਲ ਸੁਣੀ, ਵੇਈਂ ਨਦੀ 'ਚ ਗੁਰੂ ਨਾਨਕ ਨੇ ਚੁੱਭੀ ਮਾਰੀ ਤਾਂ ਸ਼ੰਕਾਵਾਦੀ ਕਹਿੰਦੇ ਨੇ ਕਿ ਜੀ, ਘਾਟਾ ਪੈ ਗਿਆ ਤਾਂ ਡੁੱਬ ਗਿਆ। ਜਦੋਂ ਨਿਕਲ ਆਉਂਦੇ ਨੇ ਤੇ ਓਧਰ ਭਾਈਆਂ ਜੈ ਰਾਮ, ਜੇਲ੍ਹ ਵਿਚ ਕਰਿਆ ਹੋਇਆ ਹੈ ਕਿ ਏਸ ਤੋਂ ਘਾਟਾ ਪੂਰਾ ਕਰਾਉਣਾ ਹੈ। ਗੁਰੂ ਨਾਨਕ ਆ ਜਾਂਦੇ ਨੇ ਕਹਿੰਦੇ ਘਾਟਾ ਤਾਂ ਹੈ ਹੀ ਨਹੀਂ ਅਕਾਲ ਪੁਰਖ ਦੇ ਦਰ ਤੇ। ਘਾਟਾ ਆਦਮੀ ਦੇ ਮਨ ਵਿਚ ਹੈ, ਵੰਡਿਆਂ ਤੋਂ ਨਹੀਂ ਘਟਦਾ।

***ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥***
***ਦੇਵੈ ਦਿਲਾਵੈ ਰਜਾਵੈ ਖ਼ੁਦਾਇ॥***
***ਹੋਤਾ ਨ ਰਾਖੈ ਅਕੇਲਾ ਨ ਖਾਇ॥***
***ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥***
***ਨਸੀਹਤਨਾਮਾ***

ਰੱਬ ਦੇ ਨਾਮ ਤੇ ਜਿਹੜਾ ਦੇਵੇਗਾ, ਰੱਬ ਕਿਤੇ ਐਵੇਂ ਪੱਥਰ ਦੀ ਮੂਰਤੀ ਹੈ, ਜੀਉਂਦੀ ਜਾਗਦੀ ਚੀਜ਼ ਹੈ, ਉਹਦੀ ਭਾਵਨਾ ਦੇਖ ਕੇ ਜਿਵੇਂ ਖੂਹ 'ਚੋਂ ਪਾਣੀ ਨਿਕਲਦਾ ਹੈ, ਉੱਭਲ ਦਾ, ਐਵੇਂ ਤਾਜ਼ਾ ਪਾਣੀ ਉਹਦੀ ਕਮਾਈ 'ਚ ਆ ਜਾਂਦਾ ਹੈ। ਜਿਹੜਾ ਨਹੀਂ ਦਿੰਦਾ ਉਥੇ ਬੂਰ ਪੈ ਕੇ ਗੰਦਾ ਹੋ ਜਾਂਦਾ ਹੈ, ਉਹਦੀ ਕਮਾਈ 'ਚ ਵਿਘਨ ਪੈਣੇ ਸ਼ੁਰੂ ਹੋ ਜਾਂਦੇ ਨੇ। ਬੇਅੰਤ ਵਿਘਨ ਪੈਂਦੇ ਨੇ, ਘਾਟੇ ਹੀ ਘਾਟੇ, ਵਾਧੇ ਨੂੰ ਹੱਥ ਪਾਏਗਾ, ਘਾਟਾ ਨਿਕਲੇਗਾ।

ਟੈਲੀਫੋਨ ਆਉਂਦੇ ਨੇ ਅਮਰੀਕਾ ਤੋਂ, ਜੀ ਕੰਮ ਕਰਦੇ ਹਾਂ ਚਲਦਾ ਨਹੀਂ। ਮੈਂ ਕਿਹਾ, ਤੁਸੀਂ ਗੁਰੂ ਨੂੰ ਭਾਈਵਾਲ ਨਹੀਂ ਬਣਾਇਆ, ਸਭ ਬਿਜਨਸਾਂ ਦੇ ਅੰਦਰ ਗੁਰੂ ਨੂੰ ਭਾਈਵਾਲ ਬਣਾ ਲਓ। ਕਹਿੰਦੇ ਕਿਵੇਂ ਬਣਾਈਏ? ਮੈਂ ਕਿਹਾ, ਦੁਕਾਨਦਾਰ ਸੌ ਰੁਪਏ ਪਿਛੇ ਡੇਢ ਰੁਪਿਆ ਕੱਢਿਆ ਕਰੋ, ਕਿਸਾਨ ਜਿਹੜਾ ਹੈ ਸੌ ਬੋਰੀ ਹੋ ਗਈ, ਇਕ ਗੁਰੂ ਦੀ ਕੱਢ ਦਿਓ। ਜੇ ਗੁਰੂ ਦਾ ਹਿੱਸਾ, ਜਿਹੜਾ ਸਭ ਕੁਛ ਦਿੰਦਾ ਹੈ ਉਹਨੂੰ ਧਿਆਨ ਵਿਚ ਨਹੀਂ ਲਿਆਉਂਦੇ, ਫੇਰ ਕਮਾਈ ਤੁਹਾਡੀ ਗਲਤ ਹੋ ਜਾਏਗੀ, ਸ਼ਰਾਬਾਂ ਪੀਣ ਲਗ ਜਾਓਂਗੇ, ਨੁਕਸਾਨ ਕਰੋਂਗੇ, ਲੜਾਈਆਂ ਝਗੜੇ ਕਰੋਂਗੇ, ਜੁਰਮਾਨੇ ਕਰਾਓਂਗੇ, ਬੀਮਾਰੀਆਂ ਦੇ ਵਿਚ ਲਗ ਜਾਏਗਾ, ਪਰੇਸ਼ਾਨੀਆਂ 'ਚ ਲਗ ਜਾਏਗਾ, ਲੱਗਣਾ ਜ਼ਰੂਰ ਹੈ ਇਹ। ਕਿਉਂ ਨਹੀਂ ਕੱਢ ਦਿੰਦੇ ਫੇਰ ਗੁਰੂ ਦਾ ਹਿੱਸਾ। ਗੁਰੂ ਭਾਈਵਾਲ ਬਣਦਾ ਹੈ, ਆਪ ਦੇਖਦਾ ਹੈ ਵਿਘਨਾਂ ਤੋਂ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਕਹਿੰਦੇ ਐਉਂ ਨਹੀਂ ਘਟਦਾ ਹੈਗਾ। 790 ਰੁਪਏ ਵਾਧਾ ਨਿਕਲਿਆ, ਓਸ ਵੇਲੇ ਦਾ ਜਿਹੜਾ ਸਿੱਕਾ ਸੀ 1

ਰੁਪਈਏ ਦੇ ਚਾਰ ਕੁਇੰਟਲ ਛੋਲੇ ਆਉਂਦੇ ਸੀ। ਓਸ ਵਕਤ 790 ਰੁਪਏ ਵਾਧਾ ਨਿਕਲਣੀ ਮਾਅਇਨੇ ਰੱਖਦਾ ਹੈ, ਲੱਖਾਂ 'ਚ ਰਕਮ ਚਲੀ ਜਾਂਦੀ ਹੈ ਅੱਜ ਦੇ। ਗੁਰੂ ਨਾਨਕ ਕਹਿੰਦੇ ਮੈਂ ਲੈਣਾ ਨਹੀਂ ਪੈਸਾ, ਇਹ ਵੰਡ ਦਿਓ ਗਰੀਬਾਂ ਨੂੰ, ਗਰੀਬਾਂ ਦੇ ਹਿੱਸੇ ਵਿਚ ਪਾ ਦਿਓ। ਅਖੀਰ ਮੁਕਦਮਾ ਚਲਦਾ ਹੈ, ਗੁਰੂ ਨਾਨਕ ਪਾਤਸ਼ਾਹ ਦੇ ਸਹੁਰੇ ਨੇ। ਫੈਸਲਾ ਕਰਿਆ ਕਿ ਅੱਧਾ ਇਹਨੂੰ ਦੇ ਦਿਓ, ਅੱਧਾ ਇਹਨੂੰ ਦੇ ਦਿਓ। ਐਨੇ ਕੁ ਰੁਪਈਏ ਨਾਲ ਜ਼ਿੰਦਗੀ ਲੰਘ ਜਾਂਦੀ ਸੀ ਐਨਾ ਸਿੱਕਾ ਬਲੀ ਸੀਗਾ ਓਸ ਵੇਲੇ ਦਾ। ਦੋ ਰੁਪਈਏ ਦੀ ਗਊ ਆਉਂਦੀ ਸੀ। ਪੰਜ ਰੁਪਈਏ ਦੀ ਮੱਝ ਆਉਂਦੀ ਸੀ। ਬੜਾ ਹੀ ਸਸਤਾ ਸੀ ਦੋ ਚਾਰ ਆਨੇ ਦੀ ਬੱਕਰੀ ਆਉਂਦੀ ਸੀ।

ਸੋ ਗੁਰੂ ਨਾਨਕ ਨੇ ਜਦੋਂ ਦੇਖਿਆ ਸੰਸਾਰ ਨੂੰ ਕਿ ਸੰਸਾਰ ਦਾ ਤਾਂ ਬੁਰਾ ਹਾਲ ਹੋ ਗਿਆ, ਐਸ ਵੇਲੇ ਦੋ ਰਸਤੇ ਸੀ ਗੁਰੂ ਨਾਨਕ ਵਾਸਤੇ, ਇਕ ਤਾਂ ਸੀ ਮੌਜ ਦੇ ਨਾਲ ਆਪਣੀ ਉਮਰ ਬਤੀਤ ਕਰਨੀ। ਹੁਣ ਜੇ 790 ਬਚ ਗਿਆ ਸਰਕਾਰੀ ਹਿਸਾਬ ਤੋਂ, ਤਾਂ ਕਿੰਨੇ ਲੱਖ ਰੁਪਈਆ ਹੋ ਗਿਆ। ਕਿੱਡੀਓ ਅਮੀਰੀ ਕੱਟਦੇ, ਕਿੱਡੇ ਵੱਡੇ ਮਹਲ ਪਾ ਲੈਂਦੇ ਪਰ ਉਨ੍ਹਾਂ ਨੇ ਗਰੀਬਾਂ ਵਲ ਨਿਗ੍ਹਾ, ਜਿਹੜੇ ਹਉਕੇ-ਹਾਵੇ ਲੈਂਦੇ ਸੀ ਉਨ੍ਹਾਂ ਵਲ ਕਰੀ, ਦੂਸਰੇ ਜਿਹੜੇ ਰੂਹਾਨੀਅਤ ਦੇ ਵਿਚ ਭਟਕੇ ਹੈ, ਮਨੁੱਖਾ ਜਨਮ ਮਿਲਣ ਤੇ ਕੋਸ਼ਿਸ਼ਾਂ ਕਰਦੇ ਸੀ, ਤਾਂਘਦੇ ਸੀ ਉਨ੍ਹਾਂ ਵਲ ਨਿਗ੍ਹਾ ਕਰੀ। ਜਿਹੜੇ ਰੁਕੇ ਹੋਏ ਸੀ ਉਨ੍ਹਾਂ ਵਲ ਨਿਗ੍ਹਾ ਕਰੀ, ਜਿਹੜੇ ਜਾਬਰ ਸੀ ਉਨ੍ਹਾਂ ਦੇ ਜਬਰ ਵਲ ਨਿਗ੍ਹਾ ਕਰੀ। ਸੁਮੱਤ ਦੇਣ ਸੰਸਾਰ ਨੂੰ, ਜਗਿਆਸੂਆਂ ਨੂੰ ਅੱਗੇ ਤੋਰਨ ਵਾਸਤੇ ਗੁਰੂ ਨਾਨਕ ਦਾ ਮਿਸ਼ਨ ਅੱਜ ਦੇ ਦਿਨ ਸ਼ੁਰੂ ਹੋਇਆ, ਵਿਸਾਖੀ ਦੇ ਦਿਨ। ਅੱਜ ਧਰਤੀ ਨੂੰ ਸੋਧਣ ਵਾਸਤੇ ਗੁਰੂ ਨਾਨਕ ਪਾਤਸ਼ਾਹ ਆਪਣੇ ਘਰ ਤੋਂ ਪੈਰ ਪੁੱਟਦੇ ਨੇ। ਜਦੋਂ ਦੇਹਲੀ ਨਿਕਲਣ ਲੱਗੇ ਓਸ ਵੇਲੇ ਇਕ ਪਾਸਿਓਂ ਬਾਬਾ ਸ੍ਰੀ ਚੰਦ ਤੇ ਦੂਜੇ ਪਾਸਿਓਂ ਲੱਖਮੀ ਦਾਸ ਦੋਹਾਂ ਨੇ ਆ ਕੇ ਪਿੰਜਣੀਆਂ ਫੜ ਲਈਆਂ ਗੁਰੂ ਨਾਨਕ ਪਾਤਸ਼ਾਹ ਦੀਆਂ, ਛੋਟੇ-ਛੋਟੇ ਸੀਗੇ। ਗੁਰੂ ਨਾਨਕ ਨੇ ਆਪਣਾ ਪਵਿੱਤਰ ਹੱਥ ਦੋਹਾਂ ਦੇ ਸੀਸ ਤੇ ਰੱਖਿਆ, ਕਹਿੰਦੇ ਬੱਚਿਓ! ਤੁਹਾਡਾ ਰੋਣਾ ਸੁਣਾਂ ਕਿ ਦੁਨੀਆਂ ਦਾ ਸੁਣਾ। ਐਸ ਵੇਲੇ ਜਗਤ ਵਿਰਲਾਪ ਕਰ ਲਿਆ, ਅੱਗ ਵਿਚ ਜਲ ਰਿਹਾ ਹੈ ਤੇ ਮੈਨੂੰ ਮਾਫ ਕਰਨਾ ਮੈਂ ਤੁਹਾਡਾ ਦੋਹਾਂ ਦਾ ਪਿਆਰ ਨਹੀਂ ਕਰ ਸਕਦਾ, ਮੈਂ ਹੁਣ ਸ੍ਰਿਸਟੀ ਨੂੰ ਪਿਆਰ ਦੇ ਵਿਚ ਲਿਆਉਣਾ ਹੈ। ਤੁਹਾਡੀ ਰੂਪ ਰੇਖਾ ਪ੍ਰਮੇਸ਼ਰ ਨੇ ਲਿਖ ਦਿਤੀ ਹੈ ਤੇ ਹੁਣ ਮੈਨੂੰ ਰੋਕੋ ਨਾ। ਸੋ ਅੱਜ ਗੁਰੂ ਨਾਨਕ ਪਾਤਸ਼ਾਹ ਇਸ ਪਵਿੱਤਰ ਕੰਮ ਨੂੰ ਕਰਨ ਵਾਸਤੇ ਅੱਜ ਘਰੋਂ ਪੈਰ ਪੁੱਟਦੇ ਨੇ।

ਕਲਜੁਗ ਦੇ ਅੰਦਰ ਤੀਰਥ ਭ੍ਰਿਸ਼ਟ ਹੋ ਚੁੱਕੇ ਸੀ, ਕਿਉਂਕਿ ਤੀਰਥਾਂ ਦੇ ਅੰਦਰ ਪਾਪੀ ਬੰਦੇ ਜਦੋਂ ਵਧ ਜਾਂਦੇ ਨੇ ਤਾਂ ਮੈਲ ਵਧ ਜਾਂਦੀ ਹੈ, ਤੀਰਥ ਫਲ ਦੇਣ ਤੋਂ ਹਟ ਜਾਂਦੇ ਨੇ। ਓਸ ਵੇਲੇ ਤੀਰਥ ਕੀ ਕਰਦਾ ਹੈ, ਦਰਗਾਹ ਦੇ ਵਿਚ ਬੇਨਤੀਆਂ ਕਰਦਾ ਹੈ, ਹੇ ਪ੍ਰਭੂ! ਭੇਜ ਕੋਈ ਆਪਣਾ ਪਿਆਰਾ। ਸਾਡੇ ਤੋਂ ਬੋਝ ਨਹੀਂ ਚੁਕਿਆ ਜਾਂਦਾ, ਛਲੀਏ ਕਪਟੀ, ਬੇਈਮਾਨ, ਧੋਖੇਬਾਜ਼, ਪਾਖੰਡੀ ਆ-ਆ ਕੇ ਸਾਡੇ ਵਿਚ ਨਹਾ ਕੇ ਆਪਣੇ ਪਾਪ ਛੱਡ ਜਾਂਦੇ ਨੇ। ਏਸੇ ਕਰਕੇ ਗੁਰੂ ਮਹਾਰਾਜ ਨੇ ਤੀਰਥਾਂ ਦੀ ਲੋਚਾ ਪ੍ਰਗਟ ਕੀਤੀ ਹੈ ਬਾਣੀ ਦੇ ਅੰਦਰ -

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥*

***ਅੰਗ - ੧੨੬੩***

ਉਦਮ ਕਰਦੇ ਨੇ, ਮਹਾਰਾਜ ਕਹਿੰਦੇ ਚੁੱਪ ਕਰਕੇ ਨਹੀਂ ਬੈਠਦੇ। ਉਨ੍ਹਾਂ ਦੇ ਵਿਚ ਇਛਿਆ ਸ਼ਕਤੀ ਹੁੰਦੀ ਹੈ, ਦੇਵ ਲੋਕਾਂ ਦੇ ਵਿਚ ਸਾਡੇ ਨਾਲੋਂ ਜ਼ਿਆਦਾ ਸ਼ਕਤੀ ਹੁੰਦੀ ਹੈ। ਉਹ ਕਿਸੇ ਨਾਲ ਕਿਸੇ ਤਰੀਕੇ ਨਾਲ ਜੇ ਸੰਤ ਨਹੀਂ ਆਉਂਦੇ ਤਾਂ ਜਿੱਥੇ ਸੰਤ ਨੇ ਉਨ੍ਹਾਂ ਦੀ ਧੂੜੀ ਪਰਸਣ ਵਾਸਤੇ, ਤੀਰਥ ਮਨੁੱਖ ਰੂਪ ਧਾਰ ਕੇ, ਪਸ਼ੂ ਰੂਪ ਧਾਰ ਕੇ, ਕਿਸੇ ਰੂਪ ਵਿਚ ਚਲੇ ਜਾਣ। ਜਾ ਕੇ ਇਸ਼ਨਾਨ ਕਰਦੇ ਨੇ।

ਇਕ ਸਾਖੀ ਐਸੀ ਆਉਂਦੀ ਹੈ ਮਹਾਂਪੁਰਸ਼ਾਂ ਦੀ। ਕਿਤਾਬਾਂ ਵਗੈਰਾ ਵਿਚ ਨਹੀਂ ਇਹ ਗੱਲਾਂ ਲਿਖੀਆਂ ਹੁੰਦੀਆਂ ਸੀਨੇ-ਬ-ਸੀਨੇ ਤੁਰੀਆਂ ਆਉਂਦੀਆਂ ਨੇ ਇਹ ਗੱਲਾਂ। ਇਕ ਕੋਈ ਪ੍ਰੇਮੀ ਸੀ ਉਸ ਨੇ ਪ੍ਰਣ ਕਰਿਆ ਹੋਇਆ ਸੀ ਕਿ ਜਿਹਨੇ ਗੰਗਾ 'ਚ ਇਸ਼ਨਾਨ ਨਾ ਕਰਿਆ ਹੋਵੇ ਮੈਂ ਉਹਦੇ ਘਰ ਰੋਟੀ ਨਹੀਂ ਖਾਣੀ, ਇਨ੍ਹਾਂ ਨੂੰ ਕਰਮਕਾਂਡੀ ਕਹਿੰਦੇ ਨੇ ਐਸੇ ਬੰਦੇ ਜਿਹੜੇ ਹੱਠ ਕਰ ਲੈਂਦੇ ਨੇ। ਇਸ਼ਨਾਨ ਕਰਨ ਗਿਆ, ਹਰ ਕਿਸੀ ਤੋਂ ਪੁਛਦਾ ਹੈ, ਪੈਦਲ ਚਲਦੇ ਸੀ ਲੋਕ, ਕਹਿੰਦਾ ਕੋਈ ਹੈ ਇਸ ਪਿੰਡ ਦੇ ਵਿਚ ਜਿਹਨੇ ਗੰਗਾ ਇਸ਼ਨਾਨ ਕਰਿਆ ਹੋਵੇ। ਹੋਵੇ ਤਾਂ ਰੁਕ ਜਾਂਦਾ ਸੀ ਨਹੀਂ ਤਾਂ ਪਿੰਡ ਛੱਡ ਕੇ ਅਗਲੇ ਪਿੰਡ। ਪ੍ਰਸ਼ਾਦਾ ਉਹਦੇ ਹੱਥ ਦਾ ਉਸ ਦੇ ਘਰੋਂ ਛਕਦਾ ਸੀ। ਚਲਦੇ-ਚਲਦੇ ਜਦੋਂ ਗੰਗਾ ਦੇ ਕਿਨਾਰੇ ਚਲਿਆ ਗਿਆ, ਉਥੇ ਮਹਾਤਮਾ ਦਾ ਆਸ਼ਰਮ ਸੀ, ਉਹਨੇ ਕਿਹਾ ਕਿ ਮਹਾਤਮਾ ਨੂੰ ਮੈਂ ਪੁਛਦਾ ਚੰਗਾ ਨਹੀਂ ਲਗਦਾ, ਲੰਗਰ ਚਲਦਾ ਹੈ ਭੁੱਖ ਲੱਗੀ ਹੋਈ ਹੈ, ਇਥੇ ਤਾਂ ਰੋਜ਼ ਹੀ ਗੰਗਾ ਨਾਹੁੰਦੇ ਹੋਣੇ ਨੇ। ਪ੍ਰਸ਼ਾਦਾ ਛਕ ਲਿਆ ਤੇ ਬਾਅਦ ਵਿਚ ਅੰਦਰ ਐਨਾ ਸ਼ੰਕਾ ਪੈ ਗਿਆ ਕਿ ਮਨ ਟਿਕਦਾ ਨਹੀਂ ਹੈ, ਬਾਰ-ਬਾਰ ਓਹੀ ਸਵਾਲ ਆਉਂਦਾ ਹੈ ਕਿ ਮੈਂ ਪੁਛਿਆ ਨਹੀਂ। ਐਹੋ ਜਿਹਾ ਨਾ

ਹੋਵੇ ਕਿ ਮਹਾਤਮਾ ਨਹਾਉਂਦਾ ਹੀ ਨਾ ਹੋਵੇ, ਗੰਗਾ 'ਚ । ਅਖੀਰ ਸੰਗਤ ਬੈਠੀ ਸੀ, ਬੇਨਤੀ ਕਰੀ ਹੱਥ ਜੋੜ ਕੇ, ਕਹਿੰਦਾ ਮਹਾਰਾਜ! ਤੁਸੀਂ ਤਾਂ ਆਸ਼ਰਮ ਹੀ ਬੜੇ ਸੋਹਣੇ ਥਾਂ ਪਾਇਆ ਹੈ। ਕਹਿੰਦੇ, ਪ੍ਰੇਮੀਆ! ਪ੍ਰਮੇਸ਼ਰ ਦਾ ਨਾਉਂ ਜਿਥੇ ਜਪੀਏ, ਉਹ ਥਾਉਂ ਆਪੇ ਹੀ ਸਜ ਜਾਇਆ ਕਰਦਾ ਹੈ, ਸੋਹਣਾ ਹੋ ਜਾਇਆ ਕਰਦਾ ਹੈ। ਜਿਥੇ ਤੁਸੀਂ ਬੈਠੇ ਹੋਂ ਕੋਈ ਮੌਕਾ ਸੀ, ਜਦੋਂ ਗੁ. ਰਤਵਾੜਾ ਸਾਹਿਬ ਦੀ ਇਹ ਧਰਤੀ ਭਰੀ ਪਈ ਸੀ ਸਰਕਰੜਿਆਂ ਦੇ ਨਾਲ। ਲੰਘਦਾ ਕੋਈ ਨਹੀਂ ਸੀ, ਟਿੱਬੇ ਸੀ ਇਥੇ। ਪਰ ਸੰਗਤ ਦੇ ਜਦੋਂ ਚਰਨ ਪਏ, ਗੁਲਜ਼ਾਰ ਬਣੀ ਪਈ ਹੈ ਥਾਉਂ। ਮਸਤਕ ਨਿਵਾ ਕੇ ਲੇਖ ਸਿੱਧੇ ਹੁੰਦੇ ਨੇ, ਚਰਨ ਧੂੜੀ ਲਾ ਕੇ ਲੇਖ ਸਿੱਧੇ ਹੁੰਦੇ ਨੇ, ਓਹੀ ਧਰਤੀ ਸੀ ਜਿੱਥੇ ਕਿ ਕਹਿੰਦੇ ਸੀ ਕਿ ਭੂਤ ਪ੍ਰੇਤ ਰਹਿੰਦੇ ਨੇ ਅਸੀਂ ਨਹੀਂ ਲੰਘਣਾ।

ਸੋ ਮਹਾਤਮਾ ਕਹਿਣ ਲੱਗੇ ਕਿ ਜਿੱਥੇ ਪ੍ਰਮੇਸ਼ਰ ਦਾ ਪਿਆਰਾ ਬੈਠ ਜਾਵੇ, ਉਹ ਥਾਉਂ ਸੁਹਾਵਾ ਹੋ ਜਾਇਆ ਕਰਦਾ ਹੈ। ਪ੍ਰੇਮੀਆ! ਇਹ ਤਾਂ 'ਨਾਮ' ਦੀ ਬਰਕਤ ਹੁੰਦੀ ਹੈ, ਥਾਉਂ ਦੀ ਬਰਕਤ ਨਹੀਂ ਹੁੰਦੀ। ਕਹਿੰਦਾ, ਨਹੀਂ ਮਹਾਰਾਜ! ਮੈਂ ਤਾਂ ਹੋਰ ਤਰ੍ਹਾਂ ਕਹਿੰਦਾ ਸੀ। ਕਹਿੰਦੇ, ਉਹ ਕਿਵੇਂ? ਕਹਿੰਦਾ, ਤੁਸੀਂ ਤਾਂ ਰੋਜ਼ ਹੀ ਗੰਗਾ ਇਸ਼ਨਾਨ ਦਾ ਲਾਹਾ ਲੈਂਦੇ ਹੋਵੋਂਗੇ। ਮਹਾਤਮਾ ਕਹਿੰਦੇ ਗੰਗਾ ਤਾਂ ਸੰਤਾਂ ਦੇ ਅੰਦਰ ਚਲਦੀ ਹੈ, 68 ਤੀਰਥਾਂ ਦਾ ਨਿਵਾਸ ਜਿੱਥੇ ਸੰਤ ਬਚਨ ਕਰਦੇ ਹੋਣ, ਓਸ ਥਾਂ ਤੇ ਹੁੰਦਾ ਹੈ –

***ਹਰਿ ਕੀ ਕਥਾ ਹੋਤ ਜਹਾਂ***
***ਗੰਗਾ ਭੀ ਚਲ ਆਵਤ ਤਹਾਂ।***

ਪ੍ਰੇਮੀਆ! ਤੂੰ ਕਿਹੜੀ ਗੰਗਾ ਦੀ ਗੱਲ ਕਰਦਾ ਹੈਂ, ਵੱਡਾ ਤੀਰਥ ਜਿਹੜਾ ਹੈ ਆਤਮ ਤੀਰਥ ਉਹ ਸੰਤਾਂ ਕੋਲ ਹੋਇਆ ਕਰਦਾ ਹੈ, ਜਿਹਦੇ ਵਿਚ ਨਾਹ ਕੇ ਜੰਮਣਾ ਮਰਨਾ ਕਟ ਜਾਂਦਾ ਹੈ। ਅਸੀਂ ਤਾਂ ਪ੍ਰੇਮੀਆ, ਗੰਗਾ ਵਿਚ ਕਦੇ ਵੀ ਨਹੀਂ ਨਹਾਏ। ਕਹਿੰਦਾ, ਹਾਏ-ਹਾਏ ਮੇਰਾ ਤਾਂ ਪ੍ਰਣ ਟੁੱਟ ਗਿਆ। ਬੜਾ ਮਾੜਾ ਕੰਮ ਹੋਇਆ, ਮੈਨੂੰ ਕੀ ਪਤਾ ਸੀ ਗੰਗਾ ਦੇ ਕਿਨਾਰੇ ਰਹਿ ਕੇ ਇਹ ਮਹਾਤਮਾ ਨਹਾਉਂਦਾ ਹੀ ਨਹੀਂ ਗੰਗਾ 'ਚ। ਸੋ ਮਹਾਤਮਾ ਦੀ ਮਹਿਮਾ ਨਹੀਂ ਜਾਣਦਾ। ਸਭ ਤੋਂ ਵੱਡਾ ਤੀਰਥ ਨਾਮ ਹੈ। ਸੋ ਉਸ ਵੇਲੇ ਰਾਤ ਹੋ ਚੁੱਕੀ ਸੀ, ਪਰ੍ਹੇ ਜਾ ਕੇ ਟਿੱਬੇ ਸੀਗੇ, ਉਥੇ ਜਾ ਕੇ ਪੈ ਗਿਆ, ਨੀਂਦ ਨਹੀਂ ਆਉਂਦੀ ਕਿ ਮੇਰਾ ਤਾਂ ਜ਼ਿੰਦਗੀ ਭਰ ਦਾ ਪ੍ਰਣ ਟੁੱਟ ਗਿਆ, ਕੀ ਦੇਖਦਾ ਹੈ ਤਿੰਨ ਪਰਛਾਵੇਂ ਜਿਹੇ ਕਾਲੇ ਰੰਗ ਦੇ ਕੋਲ ਦੀ ਲੰਘੇ ਜਾਂਦੇ ਨੇ, ਧਿਆਨ ਚਲਿਆ ਗਿਆ ਓਧਰ, ਦੇਖਣ ਲੱਗ ਗਿਆ ਓਧਰ ਕਿ ਸੰਤ ਜਿਥੇ ਨਾਹੁੰਦੇ ਨੇ, ਸੰਗਤ ਨਾਹੁੰਦੀ ਹੈ, ਜਿਹੜਾ ਟੋਆ ਜਿਹਾ ਹੈ ਜਿੱਥੇ ਪਾਣੀ ਆ ਕੇ ਠਹਿਰਦਾ ਹੈ, ਉਹਦੇ ਵਿਚ ਮਲ-ਮਲ ਨਾਹੁੰਦੇ ਨੇ। ਚੰਦ ਦੀ ਪੂਰਨਮਾਸ਼ੀ ਦਾ ਚਾਨਣਾ ਹੈ, ਸਾਰੀ ਕਿਰਿਆ ਦੇਖ ਕੇ ਜਦੋਂ ਕੋਲ ਦੀ ਲੰਘੇ, ਕੀ ਦੇਖਦਾ ਹੈ ਕਿ ਗਏ ਕਿ ਗਏ ਤਾਂ ਕਾਲੇ ਸੀ ਹੁਣ ਮੁੜਦੇ ਹੋਏ, ਸਾਰੇ ਦੇ ਸਾਰੇ ਚਿੱਟੇ ਹੋ ਕੇ ਆ ਗਏ। ਆਵਾਜ਼ ਦੇ ਦਿਤੀ ਕਿ ਓ ਭਾਈਓ! ਸਾਨੂੰ ਗੱਲ ਦੱਸ ਕੇ ਜਾਓ। ਜਦੋਂ ਤੁਸੀਂ ਗਏ ਸੀ ਕਾਲੇ ਸੀ, ਹੁਣ ਤੁਸੀਂ ਚਿੱਟੇ ਹੋ ਕੇ ਆਏ, ਗੰਦੇ ਪਾਣੀ 'ਚ ਨਾਹ ਕੇ ਤੁਸੀਂ ਚਿੱਟੇ ਹੋ ਗਏ? ਉਹ ਕਹਿੰਦੇ, ਪ੍ਰੇਮੀਆ! ਜਿਹਨੂੰ ਤੂੰ ਗੰਦਾ ਪਾਣੀ ਕਹਿੰਦਾ ਹੈ ਉਹ ਤਾਂ ਸਾਰੇ ਸਰੋਵਰਾਂ ਦੇ ਨਾਲੋਂ ਸ਼ਰੋਮਣੀ ਹੈ, ਉਥੇ ਪ੍ਰਮੇਸ਼ਰ ਦਾ ਪਿਆਰਾ ਇਸ਼ਨਾਨ ਕਰਦਾ ਹੈ, ਉਹਦਾ ਛੂਹਿਆ ਹੋਇਆ ਜਲ ਉਹਦੇ ਵਿਚ ਆਉਂਦਾ ਹੈ।

ਕਹਿੰਦਾ, ਤੁਸੀਂ ਕੌਣ ਹੋ?

ਉਹ ਕਹਿੰਦੇ, ਅਸੀਂ ਦੇਵਤੇ ਹਾਂ, ਗੰਗਾ, ਜਮੁਨਾ, ਸੁਰਸਤੀ ਸਾਡੇ ਅੰਦਰ ਤੇਰੇ ਵਰਗੇ ਆ ਕੇ ਨਹਾ ਜਾਂਦੇ ਨੇ, ਮੈਲਾਂ ਹੀ ਮੈਲਾਂ ਛੱਡ ਜਾਂਦੇ ਨੇ ਤੇ ਸਾਡੀ ਪਵਿੱਤਰਤਾ ਹੁੰਦੀ ਹੈ ਤਾਂ ਜੇ ਸਾਧੂ ਆ ਕੇ ਇਸ਼ਨਾਨ ਕਰਨ, ਜੇ ਨਾ ਕਰਨ ਤਾਂ ਅਸੀਂ ਉਦਮ ਕਰਦੇ ਹਾਂ –

***ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ***
***ਉਦਮੁ ਧੂਰਿ ਸਾਧੂ ਕੀ ਤਾਈ ॥ ਅੰਗ - ੧੨੬੩***

ਸਾਧੂ ਦੀ ਧੂੜ ਵਿਚ ਇਸ਼ਨਾਨ ਕਰਨ ਲਈ ਉਦਮ ਕਰਕੇ ਜਾਂਦੇ ਹਾਂ। ਕਿਉਂ ਜਾਂਦੇ ਹਾਂ? ਕਿਉਂਕਿ –

***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥***
***ਅੰਗ - ੧੨੬੩***

ਸੋ ਕਲਜੁਗ ਦੇ ਤੀਰਥ ਜਿੰਨੇ ਵੀ ਸੀਗੇ, ਪਾਪ ਦਾ ਐਨਾ ਪਸਾਰਾ ਹੋ ਗਿਆ, ਨਾਮ ਅਲੋਪ ਹੋ ਗਿਆ, ਰਿਹਾ ਹੀ ਨਾ, ਸੱਚ ਉਡ ਗਿਆ ਮਹਾਰਾਜ ਕਹਿੰਦੇ –

***ਕਲਿ ਕਾਤੀ ਰਾਜੇ ਕਾਸਾਈ***
***ਧਰਮੁ ਪੰਖ ਕਰਿ ਉਡਰਿਆ ॥***
***ਕੂੜੁ ਅਮਾਵਸ ਸਚੁ ਚੰਦ੍ਰਮਾ***
***ਦੀਸੈ ਨਾਹੀ ਕਹ ਚੜਿਆ ॥ ਅੰਗ - ੧੪੫***

ਸੱਚ ਉਡ ਗਿਆ। ਐਸਾ ਹਾਲ ਹੋ ਗਿਆ ਹੁਣ ਕਿਹੜਾ ਹੈ ਜਿਹੜਾ ਤੀਰਥ ਪਵਿੱਤਰ ਕਰੇਗਾ। ਓਸ ਵੇਲੇ ਗੁਰੂ ਮਹਾਰਾਜ ਨੇ ਕਲਜੁਗ ਵਿਚ ਜਿਹੜਾ ਤੀਰਥ ਪ੍ਰਗਟ ਹੋਣਾ ਸੀ ਜਿਸਨੂੰ ਅਸੀਂ ਅੰਮ੍ਰਿਤਸਰ ਦੇ ਨਾਮ ਨਾਲ ਤਸ਼ਵੀਹ ਦਿੰਦੇ ਹਾਂ। ਅੰਮ੍ਰਿਤ ਸਰੋਵਰ ਕਹਿੰਦੇ ਹਾਂ, ਉਥੇ ਗੁਰੂ ਮਹਾਰਾਜ ਕ੍ਰਿਆ ਕਰ ਰਹੇ ਨੇ, ਦੇਖ ਰਹੇ ਨੇ ਕਿ ਕਿੱਥੇ ਹੋਇਆ ਤੀਰਥ। ਉਸ ਵੇਲੇ ਇਕ ਬੀਬੀ ਜਿਹਦਾ ਨਾਮ ਰਜਨੀ ਸੀ ਉਹ ਆਪਣੇ ਪਿੰਗਲੇ ਪਤੀ ਦੀ ਖਾਰੀ ਸਿਰ ਤੇ ਚੁੱਕੀ ਫਿਰਦੀ ਸੀ। ਅੱਜਕਲ੍ਹ ਤਾਂ ਜ਼ਮਾਨਾ ਹੀ

ਬਦਲ ਗਿਆ, ਹੁਣ ਤਾਂ ਪਤਾ ਹੀ ਨਹੀਂ ਕਿ ਪਤੀਵਰਤਾ ਕੀ ਹੁੰਦਾ ਹੈ। ਇਸੇ ਕਰਕੇ ਕਲਜੁਗ ਭ੍ਰਿਸ਼ਟ ਯੁੱਗ ਬਣ ਗਿਆ। ਨਾ ਕਿਸੇ ਦਾ 'ਨਾਮ' ਚੱਲੇ, ਸਾਰੇ ਪਾਪ ਦਾ ਪਸਾਰਾ ਹੋਇਆ ਪਿਆ ਹੈ, ਲੇਕਿਨ ਉਹ ਸਤਿ ਸੀ ਫੇਰ ਵੀ। ਸਤਵੰਤੀਆਂ ਬੀਬੀਆਂ ਸੀ, ਪਿੰਗਲੇ ਨਾਲ ਵਿਆਹ ਦਿਤੀ। ਕਹਿੰਦੀ ਕਿ ਮੇਰੇ ਭਾਗਾਂ ਵਿਚ ਇਹੀ ਮੇਰਾ ਵਾਹਿਗੁਰੂ ਸੀਗਾ। ਮੇਰਾ ਪ੍ਰਭੂ ਹੈ ਪਿੰਗਲਾ ਨਹੀਂ ਹੈ, ਉਹਦੀ ਸੇਵਾ ਕਰਦੀ ਹਾਂ, ਮੈਨੂੰ ਸੇਵਾ ਤੇ ਲਾ ਦਿਤਾ, ਮੇਰੇ ਉਤੇ ਤਾਂ ਪ੍ਰਮੇਸ਼ਰ ਦਿਆਲ ਹੋਇਆ ਹੈ ਕਿ ਮੈਂ ਦਿਨ ਰਾਤ ਇਹਦੀ ਸੇਵਾ ਕਰਦੀ ਹਾਂ, ਨਹੀਂ ਤਾਂ ਇਹਨੇ ਕਮਾਉਣਾ ਸੀ ਮੈਂ ਖਾਣਾ ਸੀ। ਮੈਂ ਇਹਦੇ ਤੇ ਵਜ਼ਨ ਬਣਨਾ ਸੀ, ਪਰ ਹੁਣ ਮੈਨੂੰ ਮੌਕਾ ਮਿਲ ਗਿਆ। ਦਿਨੇ ਜਾਂਦੀ ਹੈ ਪਿੰਡ ਦੇ ਵਿਚ, ਪ੍ਰਸ਼ਾਦੇ ਲੈ ਕੇ ਆਉਂਦੀ ਹੈ, ਆਪ ਦੇ ਵਾਸਤੇ ਉਹਦੇ ਵਾਸਤੇ, ਉਹਨੂੰ ਕਿਸੇ ਸੁਰਖਸ਼ਿਤ ਥਾਂ ਛਾਵੇਂ ਜਿਥੇ ਧੁੱਪ ਨਾ ਆਵੇ, ਉਹਦੇ ਮੁੜਦੀ ਤੱਕ ਐਸਾ ਹਿਸਾਬ ਲਾ ਕੇ ਰੱਖ ਕੇ ਜਾਂਦੀ ਹੈ ਤੇ ਪ੍ਰਸ਼ਾਦਾ ਲਿਆਉਂਦੀ ਹੈ ਪਹਿਲਾਂ ਉਹਨੂੰ ਛਕਾਉਂਦੀ ਹੈ, ਫੇਰ ਆਪ ਛਕਦੀ ਹੈ। ਇਸ਼ਨਾਨ ਕਰਾਉਂਦੀ ਹੈ, ਜ਼ਖਮ ਸਾਫ ਕਰਦੀ ਹੈ ਤੇ ਖੁਸ਼ ਹੈ ਕਿ ਮੈਨੂੰ ਪ੍ਰਮੇਸ਼ਰ ਨੇ ਸੇਵਾ ਕਰਨ ਦਾ ਬਲ ਦੇ ਦਿਤਾ। ਮੇਰਾ ਪ੍ਰਭੂ ਐਸ ਰੂਪ ਵਿਚ ਆ ਗਿਆ। ਮੈਨੂੰ ਹੋਰ ਪ੍ਰਭੂ ਦੀ ਲੋੜ ਨਹੀਂ ਹੈ। ਜੋ ਪਤੀਵਰਤਾ ਇਸਤਰੀ ਹੈ ਉਹਨੂੰ ਕਿਸੇ ਹੋਰ ਰੱਬ ਦੀ ਲੋੜ ਨਹੀਂ ਹੋਇਆ ਕਰਦੀ, ਉਹਦਾ ਪਤੀ ਹੀ ਪ੍ਰਮੇਸ਼ਰ ਹੋਇਆ ਕਰਦਾ ਹੈ।

ਸੋ ਉਥੇ ਆਈ, ਉਥੇ ਆ ਕੇ ਉਥੇ ਛੋਟੀ ਜਿਹੀ ਛਪੜੀ ਹੈ, ਉਹਦੇ ਕੰਢੇ ਰੱਖ ਦਿਤਾ, ਕਹਿਣ ਲੱਗੀ ਮਹਾਰਾਜ ਮੈਂ ਪ੍ਰਸ਼ਾਦਾ ਲੈ ਕੇ ਆਉਂਦੀ ਹਾਂ ਤੇ ਐਥੇ ਜਲ ਵੀ ਹੈਗਾ, ਇਥੇ ਰੌਣਕ ਵੀ ਹੈ, ਔਹ ਸਾਮ੍ਹਣੇ ਗੁਰਸਿੱਖ ਸੇਵਾ ਕਰ ਰਹੇ ਨੇ ਨੇੜੇ, ਇਥੇ ਜੰਗਲੀ ਜਾਨਵਰ ਦਾ ਕੋਈ ਡਰ ਵੀ ਨਹੀਂ ਹੈ, ਕਿਉਂਕਿ ਜੰਗਲ ਹੀ ਜੰਗਲ ਪਿਆ ਸੀ। ਆਪ ਪਿੰਡ ਵਿਚ ਚਲੀ ਜਾਂਦੀ ਹੈ।

ਇਧਰਲੇ ਪਾਸੇ ਕੀ ਘਟਨਾ ਵਾਪਰਦੀ ਹੈ ਕਿ ਕੁਝ ਕਾਂ ਆਉਂਦੇ ਨੇ ਉਹ ਪਾਣੀ ਦੇ ਵਿਚ ਟੁੱਭੀ ਲਾਉਂਦੇ ਨੇ, ਉਹ ਸਫੇਦ ਰੰਗ ਦੇ ਹੋ ਗਏ। ਇਹਦੇ ਮਨ ਵਿਚ ਪ੍ਰੇਰਨਾ ਆਈ ਕਿ ਮੈਂ ਵੀ ਦੇਖਾਂ। ਕੋਈ ਘੜੀ ਐਸੀ ਹੁੰਦੀ ਹੈ, ਹਮੇਸ਼ਾਂ ਤਾਂ ਹੁੰਦਾ ਨਹੀਂ ਹੈ। ਐਸਾ ਮਹਾਂਪੁਰਸ਼ਾਂ ਦਾ ਮਤ ਹੈ ਕਿ 24 ਘੰਟੇ ਦੇ ਅੰਦਰ, ਹਰ ਬੰਦੇ ਤੇ ਇਕ ਸੈਂਤ ਆਉਂਦੀ ਹੈ ਚਾਹੇ ਦੋ ਸੈਕਿੰਡ ਦੀ, ਚਾਹੇ ਇਕ ਦੀ ਓਸ ਵੇਲੇ ਉਹ ਜਿਹੜਾ ਕੁਛ ਮੰਗ ਲਵੇ, ਉਹ ਉਸੇ ਵੇਲੇ ਪੂਰਾ ਹੋ ਜਾਂਦਾ ਹੈ। ਉਸ ਵੇਲੇ ਉਹਨੇ ਕਿਹਾ ਕਿ ਇਹ ਤਾਂ ਕੋਈ ਸੈਂਤ, ਕੋਈ ਘੜੀ ਆ ਚੁੱਕੀ ਹੈ, ਮੈਂ ਵੀ ਕਿਉਂ ਨਾ ਇਸ਼ਨਾਨ ਕਰ ਲਵਾਂ। ਰੁੜ੍ਹਦਾ-ਰੁੜ੍ਹਦਾ ਇਸ਼ਨਾਨ ਕਰਨ ਲੱਗਿਆ, ਹੱਥ ਬਾਹਰ ਪਾ ਲਿਆ ਤੇ ਜਦੋਂ ਚੁੱਭੀ ਮਾਰੀ ਪਾਣੀ ਦੇ ਅੰਦਰ, ਨਵਾਂ ਨਰੋਆ ਹੋ ਗਿਆ। ਸੁੰਦਰ ਸਰੀਰ ਹੋ ਗਿਆ ਉਸਦਾ ਤੇ ਬਹੁਤ ਖੁਸ਼ ਹੋਇਆ ਤੇ ਬਾਹਰ ਨਿਕਲ ਕੇ ਜੋ ਵਸਤਰ ਓਸਨੇ ਧੋ ਕੇ ਰੱਖੇ ਹੋਏ ਸੀ ਉਹ ਪਹਿਨ ਲਏ। ਬੈਠ ਗਿਆ, ਸੁੰਦਰ ਜਵਾਨ ਹੈ, ਬਹੁਤ ਸਜਿਆ ਧਜਿਆ ਲਗਦਾ ਹੈ, ਟੋਕਰੇ ਦੇ ਉਤੇ ਬਹਿ ਗਿਆ, ਉਹ ਬੀਬੀ ਆਉਂਦੀ ਹੈ, ਉਹਨੇ ਦੇਖਿਆ ਕਿ ਆਹ ਬੰਦਾ ਕੌਣ ਬੈਠ ਗਿਆ, ਉਹਦੀ ਥਾਂ ਤੇ? ਉਹਨੇ ਤਕਰਾਰ ਕਰਿਆ ਕਿ ਮੇਰਾ ਪਤੀ ਤੂੰ ਮਾਰ ਕੇ ਸੁੱਟ ਦਿਤਾ। ਉਹ ਕਹਿੰਦਾ, ਨਹੀਂ ਕਿ ਮੈਂ ਤਾਂ ਤੇਰਾ ਪਤੀ ਹੀ ਹਾਂ, ਆਪਾਂ ਫਲਾਣੇ-ਫਲਾਣੇ ਪਿੰਡ ਵਿਚ ਘੁੰਮਦੇ ਰਹੇ ਹਾਂ। ਰੌਲਾ ਸੁਣ ਕੇ ਗੁਰਸਿੱਖ ਆ ਗਏ, ਕਹਿੰਦੇ ਬੇਟਾ! ਕੀ ਰੌਲਾ ਹੈ। ਕਹਿੰਦੀ ਕਿ ਜਦੋਂ ਮੈਂ ਛੱਡ ਕੇ ਗਈ ਹਾਂ ਕਿ ਮੇਰਾ ਪਤੀ ਪਿੰਗਲਾ ਸੀ, ਕੋਹੜ ਦਾ ਰੋਗੀ ਸੀ ਤੇ ਜਦੋਂ ਮੈਂ ਵਾਪਸ ਆਈ ਹਾਂ ਇਹ ਤੰਦਰੁਸਤ ਬੈਠਾ ਹੈ। ਗੁਰੂ ਮਹਾਰਾਜ ਦੇ ਪੇਸ਼ ਹੋ ਗਈ ਗੱਲ। ਮਹਾਰਾਜ ਸਾਰੀ ਸੰਗਤ ਨੂੰ ਲੈ ਆਏ ਉਥੇ, ਮਹਾਰਾਜ ਤਾਂ ਜਾਣੀ ਜਾਣ ਸੀ, ਪਤਾ ਸੀ। ਲੇਕਿਨ ਐਡੀ ਗੱਲ ਹੋਣ ਤੋਂ ਬਗੈਰ ਸੰਸਾਰ ਦਾ ਨਿਸ਼ਚਾ ਨਹੀਂ ਸੀ ਬੱਝਣਾ, ਗੁਰੂ ਸਾਹਿਬ ਦੀ ਗੱਲ ਤੇ।

ਜਿਵੇਂ ਗੁਰੂ ਮਹਾਰਾਜ ਕਹਿੰਦੇ ਨੇ ਕਿ ਤੇਰੇ ਅੰਦਰ ਬਾਹਰ ਸਾਰੇ ਪ੍ਰਮੇਸ਼ਰ ਹੈ ਅਸੀਂ ਮੰਨਦੇ ਹਾਂ? ਅਸੀਂ ਤਾਂ ਭੁੱਲ ਹੀ ਜਾਂਦੇ ਹਾਂ ਗੱਲ, ਦਿਮਾਗ 'ਚ ਹੀ ਨਹੀਂ ਆਉਂਦੀ ਕਿਉਂਕਿ ਅੰਦਰੋਂ ਨਹੀਂ ਮੰਨਦੇ ਅਸੀਂ। ਵੱਡੀ ਗੱਲ ਹੋ ਜਾਏ ਫੇਰ ਮੰਨਦੇ ਹਾਂ, ਕਈ ਵਾਰ ਫੇਰ ਵੀ ਨਹੀਂ ਮੰਨਦੇ।

ਆਹ ਰਤਵਾੜਾ ਸਾਹਿਬ ਦੀ ਧਰਤੀ ਤੇ ਜਿੱਥੇ ਆਪਾਂ ਅੱਜ ਬੈਠੇ ਹਾਂ, ਜਿਸ ਵਕਤ ਇਹ ਜੰਗਲ ਸੀ ਉਸ ਵੇਲੇ ਇਕ ਟਰੈਕਟਰ ਵਾਲਾ ਮੇਰੇ ਕੋਲ ਆਇਆ ਕਿ ਜੀ, ਮੈਂ ਟਰੈਕਟਰ ਕਢਾ ਲਿਆ ਸੀ, ਅਸੀਂ ਉਸ ਦੀ ਤਾਕਤ ਮਾਪਣੀ ਹੈ ਕਿ ਕਿੰਨਾ ਕੁ ਜ਼ੋਰ ਦੇ ਕੇ ਚਲਾਈਏ, ਚੱਲ ਸਕੇ। ਮੈਂ ਕਿਹਾ ਮੈਨੂੰ ਤਾਂ ਪਤਾ ਨਹੀਂ ਉਥੇ ਸਰਕੜੇ ਹੈਗੇ, ਕਿੱਥੇ ਕੁ ਨੇ ਏਸ ਗੱਲ ਦਾ ਮੈਨੂੰ ਨਹੀਂ ਪਤਾ ਹੈ, ਕਹਿੰਦਾ ਜੀ ਮੈਂ ਤਾਂ 13 ਦਿਨਾਂ ਵਾਸਤੇ ਕਢਾ ਲਿਆ, ਮਸਤਗੜ੍ਹ ਤੋਂ ਪਰ੍ਹੇ ਦਾ ਸੀ ਪ੍ਰੇਮੀ। ਮੈਂ ਇਥੇ ਭਾਈ ਹਰਪਾਲ ਸਿੰਘ ਓਨ੍ਹਾਂ ਨੂੰ ਕਿਹਾ ਕਿ ਤੁਸੀਂ ਕੋਈ ਇਥੇ ਦੀ ਹੱਦਬੰਦੀ ਦਸ ਦਿਓ, ਓਧਰੋਂ ਇਹ ਅੰਦਾਜ਼ੇ ਨਾਲ ਪੁੱਟੀ ਜਾਣਗੇ। ਇਥੇ ਜਦੋਂ ਆਏ, ਆਹ ਛੋਟਾ ਰਸਤਾ ਸੀ, ਜਿੱਥੇ ਹੁਣ ਆਹ ਸੜਕ ਬਣੀ ਹੋਈ ਹੈ। ਇਨ੍ਹਾਂ ਨਾਲ ਨੰਬਰਦਾਰ ਰਾਮ ਸਿੰਘ ਸੀ, ਕਹਿੰਦੇ ਬਾਬਾ ਜੀ ਨੇ ਤਾਂ ਨਿਸ਼ਾਨ ਸਾਹਿਬ ਵੀ ਲਾ ਦਿਤਾ। ਆਹ ਜਿੱਥੇ ਨਿਸ਼ਾਨ ਸਾਹਿਬ ਹੈ ਕੀ ਦੇਖਦੇ ਨੇ ਇਥੇ

ਇਕ ਲਾਈਟ ਦਾ ਗੋਲਾ ਖੜ੍ਹਾ ਹੈ, ਚਾਨਣਾ ਹੋਇਆ ਹੋਇਆ ਹੈ, ਜਦੋਂ ਨੇੜੇ ਆ ਗਏ ਤਾਂ ਚਾਨਣਾ ਹਟ ਗਿਆ। ਪਟਵਾਰੀ ਮਿਲੇ ਨਾ, ਦੂਜੇ ਦਿਨ ਫੇਰ ਤੁਰ ਪਏ ਇਸੇ ਰਸਤੇ, ਕਹਿੰਦੇ ਗੋਲਾ ਖੜ੍ਹਾ ਹੈ ਲਾਈਟ ਦਾ। ਮੱਥਾ ਇਨ੍ਹਾਂ ਨੇ ਟੇਕਿਆ ਉਸ ਤੋਂ ਬਾਅਦ ਤੀਸਰੇ ਦਿਨ ਕਹਿਣ ਲੱਗੇ ਕਿ ਦੋ ਦਿਨ ਤਾਂ ਦਿਸਦਾ ਰਿਹਾ, ਅੱਜ ਅਰਦਾਸ ਕਰੀਏ, ਅਰਦਾਸ ਕਰੀ ਉਹ ਫੇਰ ਦਿਸਣ ਲਗ ਗਿਆ। ਫੇਰ ਇਕ ਪ੍ਰੇਮੀ ਸੀ ਇਥੇ ਕਹਿਣ ਲੱਗਿਆ ਇਹ ਤਾਂ ਐਵੇਂ ਕਹੀ ਜਾਂਦੇ ਨੇ, ਅਸੀਂ ਰੋਜ਼ ਉਥੇ ਰਹਿੰਦੇ ਹਾਂ ਸਾਨੂੰ ਤਾਂ ਦਿਸਿਆ, ਉਹ ਪਾਣੀ ਲਾਉਂਦਾ ਸੀ, ਉਹ ਗੋਲਾ ਉਹਦੇ ਪਿੱਛੇ ਪੈ ਗਿਆ। ਉਹ ਗੱਲ ਸਾਰਿਆਂ ਦੇ ਸਾਮ੍ਹਣੇ ਹੋਈ ਹੈ, ਕੋਈ ਬੰਦਾ ਨਹੀਂ ਮੰਨਣ ਨੂੰ ਤਿਆਰ। ਕਹਿੰਦੇ ਨੇ ਹੋ ਸਕਦਾ ਹੈ ਉਨ੍ਹਾਂ ਦੀ ਨਿਗ੍ਹਾ 'ਚ ਕੋਈ ਫਰਕ ਪੈ ਗਿਆ ਹੋਵੇ।

ਸੋ ਬੰਦੇ ਦੇਖ ਕੇ ਵੀ ਨਹੀਂ ਮੰਨਿਆ ਕਰਦੇ, ਬੜੀਆਂ ਗੱਲਾਂ ਹੋਈਆਂ ਨੇ, ਦੇਖ ਕੇ ਵੀ ਨਹੀਂ ਮੰਨਦੇ। ਕਿਉਂਕਿ ਸਾਡਾ ਨਿਸ਼ਚਾ ਐਸਾ ਹੀ ਹੈ। ਗੁਰੂ ਮਹਾਰਾਜ ਨੇ ਐਡਾ ਕੌਤਕ ਨਾ ਵਰਤਦਾ, ਚੌਧਰੀ ਰਾਜੇ ਦੀ ਲੜਕੀ ਸੀ ਪੱਟੀ ਵਾਲੇ ਦੀ, ਸਾਰੀ ਦੁਨੀਆਂ 'ਚ ਮਸ਼ਹੂਰ ਸੀ, ਇਕੱਲੇ-ਇੱਕਲੇ ਪਿੰਡ ਘੁੰਮ ਆਈ ਸੀ, ਟੋਕਰਾ 'ਚ ਲੈ ਕੇ, ਸਾਰੇ ਉਸ ਨਾਲ ਹਮਦਰਦੀ ਰੱਖਦੇ ਸੀ ਤੇ ਜਿਸ ਵਕਤ ਉਥੇ ਆਏ ਇਕੱਠ ਹੋ ਗਿਆ, ਗੱਲਾਂ ਦੂਰ ਤੱਕ ਫੈਲ ਗਈਆਂ। ਜਦੋਂ ਫੇਰ ਮਹਾਰਾਜ ਜੀ ਨੇ ਕਿਹਾ ਕਿ ਬੇਟਾ! ਇਹ ਤੇਰਾ ਹੀ ਪਤੀ ਹੈ, ਕਹਿੰਦੇ ਤੂੰ ਬਹੁਤ ਚੰਗਾ ਕਰਿਆ, ਕਲਜੁਗ ਦੇ ਪਾਪੀ ਬੰਦਿਆਂ ਦੇ ਉਧਾਰ ਵਾਸਤੇ ਤੂੰ ਤੀਰਥ ਪ੍ਰਗਟ ਕਰ ਦਿਤਾ, ਇਹਦੀ ਪਵਿੱਤਰਤਾ ਸਦਾ ਬਣੀ ਰਹਿਣੀ ਹੈ ਕਿਉਂਕਿ ਇਹਦੇ ਅੰਦਰ ਨਾਮ ਦਾ ਜਾਪ ਹੋਣਾ ਹੈ। ਇਹਦੇ ਅੰਦਰ ਹਰੀ ਦਾ ਕੀਰਤਨ ਹੋਣਾ ਹੈ, ਇਹਦੇ ਅੰਦਰ ਗੁਰੂ ਗ੍ਰੰਥ ਸਾਹਿਬ ਦੇ ਪਾਠ ਹੋਣੇ ਨੇ, ਇਥੇ ਬੇਅੰਤ ਸਾਧੂ, ਸੰਤਾਂ, ਮਹਾਤਮਾਵਾਂ ਨੇ ਇਸ਼ਨਾਨ ਕਰਨ ਆਉਣਾ ਹੈ। ਸੋ ਇਹ ਤੀਰਥ ਪਵਿੱਤਰ ਬਣਿਆ ਰਹੇਗਾ, ਕਲਜੁਗ ਦੇ ਜੀਵਾਂ ਦਾ ਉਧਾਰ ਕਰਨ ਵਾਸਤੇ। ਉਹ ਤੀਰਥ ਵੀ ਅੱਜ ਵਿਸਾਖੀ ਵਾਲੇ ਦਿਨ ਪ੍ਰਗਟ ਹੋਇਆ ਸਾਧਸੰਗਤ ਜੀ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਤੀਜੇ ਪਾਤਸ਼ਾਹ ਬਉਲੀ ਦਾ ਕੜ ਨਹੀਂ ਸੀ ਟੁੱਟਦਾ, ਜਦੋਂ ਕੜ ਟੁੱਟਿਆ, ਉਹ ਵੀ ਅੱਜ ਦੇ ਦਿਨ ਹੀ ਟੁੱਟਿਆ। ਪਹਿਲਾਂ ਕਦਮ ਸੀ ਉਹ ਕਿ ਜਾਤ ਪਾਤ ਜਿਹੜੀ ਘੇਰੀ ਬੈਠੀ ਹੈ ਆਦਮੀ ਨੂੰ, ਇਸ ਤੋਂ ਬੰਦੇ ਨੂੰ ਆਜ਼ਾਦ ਕਰ ਦਿਤਾ ਜਾਵੇ। ਉਚਾ ਕਰ ਦਿਤਾ ਜਾਵੇ ਇਹ ਕਮ-ਸ-ਕਮ ਇਕੱਠਾ ਨਹੀਂ ਹੋ ਸਕਦਾ ਤਾਂ ਦੋ ਕੰਮ ਤਾਂ ਕਰ ਲਵੇ, ਇਕ ਤਾਂ ਇਹ ਹੈ ਕਿ ਇਸ਼ਨਾਨ ਇਹ ਇਕੱਠੇ ਹੋ ਕੇ ਕਰ ਲੈਣ, ਐਉਂ ਨਾ ਸਮਝਣ ਕਿ ਫਲਾਣਾ ਨਹਾ ਕੇ ਗਿਆ ਹੈ ਮੈਂ ਭਿੱਟਿਆ ਗਿਆ। ਬਉਲੀ ਦੀ ਐਨੀ ਪਵਿੱਤਰਤਾ ਕਰ ਦਿਤੀ ਕਿ ਇਹਦੇ ਵਿਚ ਇਸ਼ਨਾਨ ਕਰੋ। ਦੂਸਰਾ ਗੁਰੂ ਮਹਾਰਾਜ ਨੇ ਪੰਗਤ ਲਵਾਉਣ ਦਾ ਰਿਵਾਜ ਪਾਇਆ ਕਿ ਇਕ ਪੰਗਤ 'ਚ ਬੈਠ ਕੇ ਪ੍ਰਸ਼ਾਦਾ ਛਕੋ, ਕਿਉਂਕਿ ਇਹ ਬੜਾ ਮਸਲਾ ਸੀ ਜ਼ਬਰਦਸਤ।

ਭਗਤ ਰਵਿਦਾਸ ਜੀ ਨੂੰ ਰਾਣੀ ਝਾਲੀ ਲੈ ਗਈ ਚਿਤੌੜਗੜ੍ਹ ਦੇ ਅੰਦਰ, ਉਥੇ ਰਵਿਦਾਸ ਜੀ ਨੂੰ ਪਹਿਲਾਂ, ਕਿਉਂਕਿ ਗੁਰੂ ਸੀ, ਗੁਰੂ ਨੂੰ ਭੋਗ ਲਵਾਏ ਬਿਨਾਂ ਲੰਗਰ ਨਹੀਂ ਵਰਤਦਾ ਹੁੰਦਾ। ਬ੍ਰਾਹਮਣ ਨੇ ਇਤਰਾਜ਼ ਕਰ ਦਿਤਾ ਕਿ ਇਹ ਚਮਾਰ ਹੈ, ਅਸੀਂ ਨਹੀਂ ਇਹਦਾ ਭੋਗ ਲੱਗਿਆ ਖਾਣਾ, ਜਿਹੜਾ ਭੰਡਾਰਾ ਰਾਣੀ ਘਰ ਰਹੀ ਹੈ ਅਸੀਂ ਇਹਦੇ ਵਿਚ ਸ਼ਾਮਿਲ ਨਹੀਂ ਹੋਣਾ। ਬਥੇਰਾ ਕਿਹਾ ਕਿ ਤੁਹਾਨੂੰ ਦੱਛਣਾ ਦੀ ਲੋੜ ਹੈ, ਅਸੀਂ ਦੁੱਗਣੀ ਤੀਗਣੀ ਕਰ ਦਿੰਦੇ ਹਾਂ, ਮੋਹਰਾਂ ਦੇਵਾਂਗੇ, ਦੁਸ਼ਾਲੇ ਦੇਵਾਂਗੇ ਕਹਿੰਦੇ ਨਹੀਂ ਇਹ ਤਾਂ ਗੱਲ ਅਸੀਂ ਮੰਨਣੀ ਹੀ ਨਹੀਂ। ਰਵਿਦਾਸ ਜੀ ਨੇ ਕਿਹਾ ਕਿ ਬੇਟਾ, ਜਾਤ ਪਾਤ ਦਾ ਐਨਾ ਜ਼ੋਰ ਹੈ ਕਿ ਇਹ ਸੱਚੇ ਨੂੰ ਲਕੋਈ ਬੈਠਾ ਹੈ ਤੇ ਤੁਸੀਂ ਫਿਕਰ ਨਾ ਕਰੋ, ਅਸੀਂ ਬਾਹਰ ਬੈਠ ਜਾਂਦੇ ਹਾਂ ਤੇ ਤੁਸੀਂ ਇਹ ਕੰਮ ਕਰੋ, ਇਨ੍ਹਾਂ ਨੂੰ ਪ੍ਰਸ਼ਾਦ ਪਾਣੀ ਛਕਾ ਦਿਓ, ਬਾਅਦ ਵਿਚ ਮੈਂ ਛਕ ਲਵਾਂਗਾ, ਤੁਹਾਨੂੰ ਕੋਈ ਦੋਸ਼ ਨਹੀਂ ਲਗਣਾ।

ਰਵਿਦਾਸ ਜੀ ਇਕ ਪਾਸੇ ਹੋ ਕੇ ਬਹਿ ਗਏ, ਉਸ ਤੋਂ ਬਾਅਦ ਉਨ੍ਹਾਂ ਨੇ ਮਨਜ਼ੂਰ ਕਰ ਲਿਆ ਕਿ ਹੁਣ ਅਸੀਂ ਛਕ ਲਵਾਂਗੇ ਬ੍ਰਹਮਭੋਜ। ਜਦੋਂ ਵਰਤਾਉਣ ਲੱਗੇ ਤਾਂ ਹੈਰਾਨ ਹੋ ਗਏ ਕਿ ਹੱਥ ਪਾਇਆ ਤੇ ਨਾਲ ਹੀ ਰਵਿਦਾਸ ਜੀ ਦਾ ਹੱਥ। ਉਹ ਆਲੇ ਦੁਆਲੇ ਦੇਖਦਾ ਹੈ ਕਿ ਮੈਨੂੰ ਤਾਂ ਸਾਰਿਆਂ ਨੇ ਦੇਖ ਲਿਆ ਕਿ ਰਵਿਦਾਸ ਜੀ ਨਾਲ ਬੈਠੇ ਨੇ। ਹੁਣ ਰੋਟੀ ਨਹੀਂ ਖਾਂਦਾ। ਪਰਲੇ ਵਲ ਦੇਖਿਆ ਉਹ ਵੀ ਨਹੀਂ ਖਾਂਦਾ। ਕਿਉਂਕਿ ਹੱਥ ਲਾਇਆ ਹੋਇਆ ਹੈ ਪਦਾਰਥਾਂ ਨੂੰ ਕੋਈ ਮੂੰਹ ਵਿਚ ਨਹੀਂ ਪਾ ਰਿਹਾ। ਅਖੀਰ ਪੁਛਿਆ ਉਨ੍ਹਾਂ ਨੇ ਕਿ ਪ੍ਰਸ਼ਾਦਾ ਕਿਉਂ ਨਹੀਂ ਛਕਦੇ? ਕਹਿੰਦੇ, ਅਸੀਂ ਛਕੀਏ ਕਿਵੇਂ ਰਵਿਦਾਸ ਤਾਂ ਮੇਰੇ ਨਾਲ ਆ ਕੇ ਬੈਠ ਗਿਆ। ਦੂਜੇ ਨੂੰ ਪੁਛਿਆ ਤਾਂ ਉਹਨੇ ਕਿਹਾ ਮੇਰੇ ਨਾਲ ਖਾਂਦਾ ਹੈ। ਚੌਥੇ, ਪੰਜਵੇਂ, ਦਸਵੇਂ ਸਭ ਇਹੀ ਕਹਿਣ। ਰਾਣੀ ਕਹਿਣ ਲੱਗੀ ਕਿ ਤੁਹਾਡੀ ਬੁੱਧੀ ਨੂੰ ਕੁਛ ਹੋ ਗਿਆ। ਰਵਿਦਾਸ ਜੀ ਤਾਂ ਅੰਦਰ ਬੈਠੇ ਨੇ। ਫੇਰ ਸਿਆਣਿਆਂ ਨੂੰ ਸੋਝੀ ਆ ਗਈ ਕਿ ਰੱਬ ਨਾਲ ਮੁਕਾਬਲਾ ਨਾ ਕਰੋ, ਆਪਣਾ ਕਲਜੁਗ ਦੇ ਵਿਚ ਤਾਂ ਹੀ ਨਿਰਾਦਰ ਹੋ ਗਿਆ। ਅਸੀਂ ਅਸਲੀਅਤ ਨੂੰ ਛੁਪਾ ਦਿਤਾ ਤੇ ਭੇਖ ਵਿਚ ਆ ਗਏ, ਗੱਲ ਸਮਝੇ ਨਹੀਂ ਹੈਗੇ।

ਮਨੁੱਖ ਦੀ ਜਾਤ ਕੀ ਹੈ ਸਾਧਸੰਗਤ ਜੀ। ਇਕ ਆਤਮਾ ਹੈ, ਆਤਮਾ ਹਉਮੈ ਦੇ ਅਸਰ ਦੇ ਅਧੀਨ ਇਕ ਵੱਖਰੀ, ਜਿਵੇਂ ਪਰਛਾਵਾਂ ਹੁੰਦਾ ਹੈ, ਮੈਂ ਸੱਚੀ ਮੰਨ ਲਈ ਤੇ ਜਿਹੜਾ ਅਸਲੀ ਮੈਂ ਉਹਨੂੰ ਭੁੱਲ ਗਏ ਅਸੀਂ। ਪੰਜ ਢੱਕਣ ਲੱਗੇ ਹੋਏ ਨੇ, ਪੰਜ ਪਰਦੇ ਅੰਦਰ। ਪੰਜਾਂ ਪਰਦਿਆਂ 'ਚ ਨੀਵੀਂ ਐਨੀ ਹੋ ਗਈ ਕਿ ਆਹ ਸਰੀਰ ਮੰਨ ਲਿਆ ਆਪਣੇ ਆਪ ਨੂੰ ਕਿ ਮੈਂ ਸਰੀਰ ਹਾਂ। ਮਹਾਰਾਜ ਕਹਿੰਦੇ, ਸਰੀਰ 'ਚ ਕੀ ਹੈ, ਅੱਖਾਂ 'ਚ ਤੇਰੇ ਮੈਲ ਪਈ ਹੈ, ਨੱਕ 'ਚ ਤੇਰੇ ਪਈ ਹੈ, ਭਰਿਆ ਪਿਆ ਹੈਂ ਤੂੰ ਗਾਰਵੇਜ ਬੈਗ ਹੈ।

*ਬਿਸਟਾ ਅਸਤ ਰਕਤੁ ਪਰੇਟੇ ਚਾਮ ॥*
*ਇਸੁ ਊਪਰਿ ਲੇ ਰਾਖਿਓ ਗੁਮਾਨ ॥*
*ਅੰਗ - ੩੭੪*

ਕਹਿੰਦੇ ਹੈ ਕੀ ਤੂੰ ਧਿਆਨ ਦੇ ਕੇ ਤਾਂ ਦੇਖ। ਐਥੇ ਇਕ ਤੇਰੇ ਨਾਲੋਂ ਵੀ ਵਧੀਆ ਇਕ ਮਨੁੱਖ ਦੀ ਤਸਵੀਰ ਲਿਆ ਦਿੰਦੇ ਹਾਂ, ਗੰਦ ਮੰਦ ਉਹਦੇ ਵਿਚ ਪਾ ਦਿੰਦੇ ਹਾਂ, ਹੱਥ ਲਾ ਕੇ ਦਿਖਾਈਂ ਤੂੰ। ਕਦੇ ਵੀ ਨਹੀਂ ਲਾਉਂਦੇ।

ਤੇਰੇ ਵਿਚ ਗੰਦ ਸਾਖਸ਼ਾਤ ਭਰਿਆ ਪਿਆ ਹੈ, ਕੋਈ ਇੰਦਰਾ ਐਸਾ ਨਹੀਂ, ਸਾਢੇ ਤਿੰਨ ਕਰੋੜ ਰੋਮਾਂ ਵਿਚੋਂ ਤੇਰੇ ਹਰ ਵਕਤ ਮੈਲ ਨਿਕਲਦੀ ਹੈ ਜਿਹੜਾ ਐਨਾ ਮੈਲਾ ਸਰੀਰ ਹੈ ਕਹਿੰਦੇ ਧੋਤੇ ਤੇ ਕਿਵੇਂ ਨਿਰਮਲ ਹੋ ਜਾਏਗਾ।

ਸੋ ਮਹਾਰਾਜ ਕਹਿੰਦੇ ਨੇ ਸਰੀਰ ਤੇਰਾ ਪਵਿੱਤਰ ਨਹੀਂ ਪਿਆਰਿਆ! -

*ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥*
*ਬਿਨੁ ਬੂਝੇ ਤੂੰ ਸਦਾ ਨਾਪਾਕ ॥ ਅੰਗ - ੩੭੪*

ਜੇ ਤਾਂ ਤੂੰ ਬੁੱਝ ਗਿਆ ਆਤਮ ਤੱਤ ਨੂੰ, ਤਾਂ, ਤੇ ਤੂੰ ਪਾਕ। ਜੇ ਬੁੱਝਿਆ ਨਹੀਂ ਤਾਂ ਨਾਪਾਕ ਹੈਂ ਤੂੰ।

ਸੋ ਏਸ ਤਰ੍ਹਾਂ ਦੇ ਨਾਲ ਉਹ ਕਹਿਣ ਲੱਗੇ ਕਿ ਪਿਆਰਿਓ! ਜਦੋਂ ਰੱਬ ਨੂੰ ਇਹ ਗੱਲ ਭਾਉਂਦੀ ਹੈ, ਫੇਰ ਆਪਾਂ ਨੂੰ ਇਤਰਾਜ਼ ਨਹੀਂ ਕਰਨਾ ਚਾਹੀਦਾ। ਚੱਲੀਏ, ਰਵਿਦਾਸ ਜੀ ਦੇ ਕੋਲ ਤੇ ਜਾ ਕੇ ਬੇਨਤੀ ਕਰੀਏ ਕਿ ਮਹਾਰਾਜ! ਪਧਾਰੋ। ਆਪ ਤਖਤ ਤੇ ਬੈਠੋ ਤੇ ਅਸੀਂ ਪ੍ਰਸ਼ਾਦੇ ਛਕਾਂਗੇ। ਐਡੀ ਵੱਡੀ ਗੱਲ, ਐਨੀ ਗੱਲ ਦੇਖਣ ਤੋਂ ਬਾਅਦ ਵੀ ਜਾਤ-ਪਾਤ ਭਰਮ ਸਾਡਾ ਛੁਟਦਾ ਨਹੀਂ ਸੀ। ਗੁਰੂ ਦਸ਼ਮੇਸ਼ ਪਿਤਾ ਨੇ ਏਸ ਮਸਲੇ ਦੇ ਉਤੇ ਐਸਾ ਫੁਰਮਾਨ ਕਰਿਆ ਹੈ -

***ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,***
***ਕੋਈ ਬ੍ਰਹਮਚਾਰੀ ਕੋਊ ਜਤੀਅਨੁ ਮਾਨਬੋ॥***
***ਹਿੰਦੂ ਤੁਰਕ ਕੋਊ, ਰਾਫਜੀ ਇਮਾਮ ਸ਼ਾਫੀ,***
***ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥***
***ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,***
***ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥***
***ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ***
***ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥***

ਮਹਾਰਾਜ ਕਹਿੰਦੇ ਨੇ ਕਿ ਕਿੰਨਾ ਭੁਲੇਖਾ ਪਿਆ ਹੈ, ਜਾਤਾਂ-ਪਾਤਾਂ ਦੇ ਵਿਚ ਵੰਡਿਆ ਪਿਆ ਹੈ ਮਨੁੱਖ। ਸੋ ਤੀਰਥ ਪ੍ਰਗਟ ਹੋ ਗਿਆ, ਜਾਤਾਂ ਕਮਜ਼ੋਰ ਪੈ ਗਈਆਂ। ਇਸ਼ਨਾਨ ਇਕ ਥਾਂ ਕਰਨਾ ਸ਼ੁਰੂ ਹੋ ਗਿਆ, ਪੰਗਤ ਲੱਗਣੀ ਸ਼ੁਰੂ ਹੋ ਗਈ, ਬਉਲੀ ਦਾ ਕੜ ਟੁੱਟ ਗਿਆ, ਰਜਨੀ ਤੇ ਰਾਹੀਂ ਤੀਰਥ ਪ੍ਰਗਟ ਹੋ ਗਿਆ ਅਤੇ ਗੁਰੂ ਅਠਵੇਂ ਪਾਤਸ਼ਾਹ ਜਦੋਂ ਸੰਸਾਰ ਤੋਂ ਅਲੋਪ ਹੋਣ ਲੱਗੇ ਸਰੀਰ ਤੌਰ ਤੇ, ਉਸ ਵੇਲੇ ਗੁਰਸਿੱਖਾਂ ਨੇ ਬੇਨਤੀ ਕੀਤੀ ਕਿ ਪਾਤਸ਼ਾਹ! ਗੁਰੂ ਜਾਣ ਤੋਂ ਪਹਿਲਾਂ ਦੂਸਰੇ ਦੇ ਲੜ ਲਾਉਂਦੇ ਨੇ, ਬਹੁ-ਵਾਟਾਂ 'ਚ ਅਸੀਂ ਚੱਲ ਪਵਾਂਗੇ?

ਅਸੀਂ ਕਿਹਦੇ ਪਿੱਛੇ ਲੱਗਾਂਗੇ, ਕਹਿੰਦੇ ਬਾਬਾ ਬਕਾਲੇ। ਅੱਜ ਦੇ ਦਿਨ ਬੋਲੇ ਸੀ ਉਹ। ਗੁਰੂ ਤੇਗ ਬਹਾਦਰ ਵਾਸਤੇ। ਸੋ ਇਸੇ ਤਰ੍ਹਾਂ ਦੇ ਨਾਲ ਜੋ ਖਾਲਸੇ ਦਾ ਆਦਰਸ਼ ਪ੍ਰਗਟ ਕਰਿਆ, ਗੁਰੂ ਮਹਾਰਾਜ ਨੇ ਅੱਜ ਦੇ ਦਿਨ ਪ੍ਰਗਟ ਕਰਿਆ। ਬਾਕੀ ਰਾਜਸੀ ਗੱਲਾਂ ਤਾਂ ਬੇਅੰਤ ਹੀ ਹੁੰਦੀਆਂ ਨੇ। ਉਨ੍ਹਾਂ ਦੇ ਨਾਲ ਮੇਰਾ ਕੋਈ ਸਬੰਧ ਨਹੀਂ ਹੈ। ਸੋ ਇਸ ਤਰ੍ਹਾਂ ਦੇ ਨਾਲ ਅੱਜ ਦਾ ਦਿਨ ਜੋ ਹੈ ਸਾਡੇ ਇਤਿਹਾਸ ਦੇ ਵਿਚ, ਸਾਡੇ ਨਾਲ ਖਾਸ ਕਰਕੇ ਸਬੰਧਿਤ ਹੈ। ਪ੍ਰਗਟ ਹੋਇਆ ਖਾਲਸਾ, ਇਕ ਆਦਰਸ਼ ਪ੍ਰਗਟ ਹੋਇਆ। ਰਹਿੰਦੀ ਦੁਨੀਆਂ ਤਕ ਇਸ ਆਦਰਸ਼ ਦੇ ਵਿਚੋਂ ਪ੍ਰਕਾਸ਼ ਮਿਲਣਾ ਹੈ। ਸੋ ਐਸੀ ਘਟਨਾ ਹੋਈ ਹੈ ਇਤਿਹਾਸ ਦੇ ਅੰਦਰ ਕਿ ਪਹਿਲਾਂ ਹੀ ਚਾਓ ਸ਼ੁਰੂ ਹੋ ਜਾਂਦੀ ਹੈ ਕਿ ਵਿਸਾਖੀ ਆ ਰਹੀ ਹੈ। ਉਹ ਸਾਡੇ ਅੰਦਰ **vibration** ਪੈਦਾ ਕਰਦੀ ਹੈ। ਜੀਵਨ ਨੂੰ ਉਤਸ਼ਾਹ ਬਖਸ਼ਦੀ ਹੈ। ਜੇ ਤਾਂ ਵਿਸਾਖੀ ਨੂੰ ਵੈਸੇ ਮਨਾ ਲਓ ਕਿ ਚਲੋ ਜੀ ਵਿਸਾਖੀ ਹੈ, ਦੀਵਾਨ ਹੁੰਦਾ ਹੈ, ਫਾਇਦਾ ਤਾਂ ਇਹਦਾ ਵੀ ਹੈ, ਪਰ ਜੇ ਇਹ ਕਹੋ ਕਿ ਪਿਛਲੀ ਵਿਸਾਖੀ 'ਚ ਜਦੋਂ ਮਨਾਈ ਹੈ ਮੇਰਾ ਐਨਾ ਕੁ ਨਾਮ ਚਲਦਾ ਸੀ ਤੇ ਐਸ ਸਾਲ ਦੇ ਅੰਦਰ ਮੈਂ ਐਨੀ ਹੋਰ ਤਰੱਕੀ ਕਰ ਲਈ, ਮੇਰੇ ਅੰਦਰ ਆਹ ਔਗੁਣ ਘਟ ਗਏ।

ਮੇਰੇ ਕੋਲ ਇਥੇ ਪ੍ਰੇਮੀ ਹੁੰਦੀ, ਪਹਿਲਾਂ-ਪਹਿਲਾਂ ਅਸੀਂ ਸਲਾਹ ਕਰੀ ਕਿ ਇਕ **character** ਡਾਇਰੀ ਬਣਾ ਲਈਏ। ਉਹਦੇ ਉਤੇ ਸਾਰੇ ਔਗੁਣ ਲਿਖ ਲਓ, ਗੁਣਾਂ ਦੀ ਗੱਲ ਨਾ ਕਰੋ ਕਿਉਂਕਿ ਗੁਣਾਂ ਦਾ ਤਾਂ ਸਾਨੂੰ ਸੋਚਣਾ ਹੀ ਨਹੀਂ ਚਾਹੀਦਾ, ਔਗੁਣਾਂ ਤੋਂ ਅਸੀਂ ਜ਼ਰੂਰ ਡਰਦੇ ਹਾਂ। ਨੋਟ ਕਰ ਲਓ, ਰਾਤ ਨੂੰ ਰੋਜ਼ ਦੋ ਮਿੰਟ ਰੱਖ

ਲਓ ਤੇ ਸੋਚੋ ਕਿ ਅੱਜ ਨਿੰਦਿਆ ਕਿੰਨੀ ਕਰੀ ਹੈ, ਚੁਗਲੀ ਕਿੰਨੀ ਕਰੀ ਹੈ, ਈਰਖਾ ਕਿੰਨੀ ਕਰੀ ਹੈ, ਧੋਖਾ ਕਿੰਨਾ ਦਿਤਾ ਹੈ, ਝੂਠ ਕਿੰਨਾ ਬੋਲੇ ਹਾਂ ਤੇ ਮਾੜੀਆਂ ਗੱਲਾਂ ਕਿੰਨੀਆਂ ਕੀਤੀਆਂ ਨੇ। ਉਹ ਟੋਟਲ ਬਣਾ ਲਿਆ ਕਰੋ ਮਹੀਨੇ ਤੋਂ ਬਾਅਦ। ਉਹ ਫੇਰ ਆਪਾਂ ਬੈਠ ਕੇ ਵਿਚਾਰ ਕਰਿਆ ਕਰਾਂਗੇ ਕਿ ਆਹ ਬਿਮਾਰੀ ਵਧ ਚਲੀ, ਜਦੋਂ ਬਿਮਾਰੀਆਂ ਦਾ ਪਤਾ ਲਗ ਗਿਆ ਫੇਰ ਆਪਾਂ ਬਚਣ ਵੀ ਲਗ ਜਾਵਾਂਗੇ। ਉਹ ਚਰਿੱਤਰ ਦੀ ਚੈਕਿੰਗ ਹੁੰਦੀ ਹੈ ਕਿ ਮੈਂ ਕਿੱਥੇ ਚੱਲ ਰਿਹਾ ਹਾਂ।

ਇਸੇ ਤਰ੍ਹਾਂ ਦੇ ਨਾਲ ਕੌਮ ਜਿਹੜੀ ਹੁੰਦੀ ਹੈ, ਇਹ ਆਪਣਾ ਪ੍ਰਕਾਸ਼ ਉਤਸਵ ਮਨਾਵੇ। ਜਨਮ ਦਿਨ ਮੈਂ ਤਾਂ ਨਹੀਂ ਕਹਿੰਦਾ ਕਿਉਂਕਿ ਜਨਮ ਦਿਨ ਹਉਮੈ ਦੇ ਸਰਕਲ ਵਿਚ ਹੁੰਦਾ ਹੈ, ਪ੍ਰਕਾਸ਼ ਹਉਮੈ ਤੋਂ ਉਪਰਲੀ ਚੀਜ਼ ਹੁੰਦੀ ਹੈ। ਜੰਮਦਾ ਮਰਦਾ ਹਮੇਸ਼ਾ ਹਉਮੈ ਵਾਲਾ ਹੈ ਕਿ ਜਨਮ ਦਿਨ ਮਨਾਉਂਦੇ ਹਾਂ। ਗੁਰੂ ਜੰਮੇ ਸੀਗੇ? ਉਹ ਤਾਂ ਪ੍ਰਗਟ ਹੋਏ ਨੇ ਸਰੀਰ ਦੇ ਵਿਚ, ਜੋਤ ਪ੍ਰਗਟ ਹੋਈ ਹੈ। ਇਹ ਜ਼ਰੂਰੀ ਨਹੀਂ ਕਿ ਜੋਤ ਉਸੇ ਦਿਨ ਪ੍ਰਗਟ ਹੋ ਗਈ, ਉਹਨੇ ਆਪਣੇ ਸਮੇਂ ਨਾਲ ਪ੍ਰਗਟ ਹੋਣਾ ਹੈ।

ਮੁਹੰਮਦ ਸਾਹਿਬ ਦੇ 40ਵੇਂ ਸਾਲ ਵਿਚ ਜੋਤ ਪ੍ਰਗਟ ਹੋਈ ਸੀ। ਪਹਿਲਾਂ 40 ਸਾਲ ਸਾਡੇ ਵਰਗੇ ਹੀ ਸੀ, ਇਵੇਂ ਜਿਵੇਂ ਈਸਾ ਜੀ ਸੀ, ਕਾਫੀ ਸਮੇਂ ਤੋਂ ਬਾਅਦ ਉਨ੍ਹਾਂ ਨੂੰ ਜੋਤ ਦਾ ਝਲਕਾਰਾ ਵੱਜਿਆ। ਸੋ ਇਸ ਤਰ੍ਹਾਂ ਦੇ ਨਾਲ ਜਿਸ ਦਿਨ ਜੋਤ ਦਾ ਪ੍ਰਕਾਸ਼ ਹੋਵੇ, ਉਸ ਦਿਨ ਤੋਂ ਪ੍ਰਕਾਸ਼ ਉਤਸਵ ਹੁੰਦਾ ਹੈ। ਜਨਮ ਹੁੰਦਾ ਹੈ ਜਿਸ ਦਿਨ ਤੋਂ ਜੰਮ ਪਿਆ। ਸੋ ਇਸ ਕਰਕੇ ਖਾਲਸਾ ਜਿਹੜੇ ਕਹਿੰਦੇ ਨੇ ਆਪਣੇ ਆਪ ਨੂੰ, ਇਹ ਇਕ ਆਦਰਸ਼ ਹੈ, ਇਹ ਆਦਰਸ਼ ਅਸੀਂ ਖਾਸ ਕਰਕੇ ਗੁਰੂ ਨਾਨਕ ਪਾਤਸ਼ਾਹ ਦੇ ਨਾਮ ਲੇਵਾ ਨੇ ਅਪਣਾਅ ਲਿਆ ਕਿ ਅਸੀਂ ਹੀ ਖਾਲਸਾ ਹਾਂ। ਇਹ ਬੜੀ ਸੋਚਣ ਦੀ ਗੱਲ ਹੈ ਤੇ ਗੁਰੂ ਕਹਿੰਦੇ ਨੇ ਕਿ ਖਾਲਸਾ ਜਿਹੜਾ ਹੈ ਇਹ ਹੋਰ ਚੀਜ਼ ਹੈ ਤੇ ਸਾਡਾ ਜਿਹੜਾ ਨਾਲ ਅਸੀਂ ਦੋਹਰਾ ਜਿਹੜਾ ਪੜ੍ਹਦੇ ਹਾਂ 'ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ' ਉਹਦਾ ਮਤਲਬ ਕੀ ਹੈ? ਮੈਨੂੰ ਵੀ ਪੁਛਿਆ ਗਿਆ, ਇਹਦਾ ਮਤਲਬ ਕੀ ਹੈ? ਤਾਂ ਮੈਂ ਕਿਹਾ ਇਹਦਾ ਮਤਲਬ ਹੈ –

*ਰਾਜਾ ਸਗਲੀ ਸ੍ਰਿਸਟਿ ਕਾ*
*ਹਰਿ ਨਾਮਿ ਮਨੁ ਭਿੰਨਾ॥ ਅੰਗ - ੭੧੧*

*ਜਿਸ ਨੋ ਬਖਸੇ ਸਿਫਤਿ ਸਾਲਾਹ ॥*
*ਨਾਨਕ ਪਾਤਿਸਾਹੀ ਪਾਤਿਸਾਹੁ ॥ ਅੰਗ - ੫*
*ਨਾਨਕ ਹੋਰਿ ਪਤਿਸਾਹੀਆ ਕੂੜੀਆ*
*ਨਾਮਿ ਰਤੇ ਪਾਤਿਸਾਹ ॥ ਅੰਗ - ੧੪੧੨*

ਅਸੀਂ ਦੂਜੀਆਂ ਕੂੜੀਆਂ ਪਾਤਸ਼ਾਹੀਆਂ ਤੋਂ ਲੈਣਾ ਕੀ ਹੈ। ਜਿਹੜੇ ਨਾਮ ਦੇ ਵਿਚ ਰੱਤੇ ਪਏ ਨੇ ਉਨ੍ਹਾਂ ਦੀ ਪਾਤਸ਼ਾਹੀ ਹੈ। ਉਹ ਜੇ ਹਵਾ ਨੂੰ ਕਹਿ ਦੇਣ ਠਹਿਰ ਜਾ, ਗੁਰੂ ਅੰਗਦ ਸਾਹਿਬ ਨੇ ਪ੍ਰਸ਼ਾਦਾ ਛਕਣਾ ਹੈ, ਰੇਤਾ ਨਾ ਤੂੰ ਪਾ, ਉਸੇ ਵੇਲੇ ਠਹਿਰ ਜਾਣਾ ਹੈ ਹਨ੍ਹੇਰੀ ਨੇ, ਭਾਈ ਜੀਵੇ ਨੇ ਏਵੇਂ ਹੀ ਕਰਿਆ ਸੀ, ਮਹਾਰਾਜ ਨਰਾਜ਼ ਹੋ ਗਏ। ਕਹਿੰਦੇ, ਭਾਈ ਜੀਵਾ! ਤੈਨੂੰ ਨਹੀਂ ਪਤਾ, ਓਸ ਹਨ੍ਹੇਰੀ ਵਿਚ ਕਿੰਨਾ ਰਿਜ਼ਕ ਜਾ ਰਿਹਾ ਸੀਗਾ, ਵੱਡੇ-ਵੱਡੇ ਅਜ਼ਗਰਾਂ, ਕਿੰਨੀ ਦੇਸ਼ ਦੀ ਬਿਮਾਰੀ ਨੂੰ ਹੂੰਝ ਕੇ ਹਨ੍ਹੇਰੀ ਦੀ ਤੇਜ਼ੀ ਲੈ ਜਾ ਰਹੀ ਸੀ। ਤੂੰ ਰੋਕ ਦਿਤਾ। ਅਸੀਂ ਪ੍ਰਸ਼ਾਦਾ ਫੇਰ ਚਾਰ ਘੜੀਆਂ ਬਾਅਦ ਛਕ ਲੈਂਦੇ, ਕੀ ਫਰਕ ਪੈਂਦਾ ਹੈ। ਸੋ ਏਸ ਤਰ੍ਹਾਂ ਦੇ ਨਾਲ ਇਹ ਜੋ ਆਦਰਸ਼ ਹੈ ਖਾਲਸੇ, ਜੋ ਚੀਜ਼ ਗੁਰੂ ਮਹਾਰਾਜ ਨੇ ਪ੍ਰਗਟ ਕਰੀ ਉਹ ਸਾਨੂੰ ਉਵੇਂ ਜਿਵੇਂ ਰੱਖਣੀ ਚਾਹੀਦੀ ਹੈ। ਐਸ ਤਰ੍ਹਾਂ ਨਹੀਂ ਹੋਣੀ ਚਾਹੀਦੀ ਕਿ ਸ਼ਰਾਬ ਵੀ ਪੀਈ ਜਾਂਦਾ ਹੈ, ਝੂਠ ਵੀ ਬੋਲੀ ਜਾਂਦਾ ਹੈ, ਨਾਉਂ ਨਾਲ ਲਾਇਆ ਹੋਇਆ ਹੈ ਖਾਲਸਾ, ਜੇ ਉਹਨੂੰ ਕਹੋ ਕਿ ਕੀਰਤਨ ਕਰਨਾ ਹੈ ਤਾਂ ਕਹਿੰਦਾ ਹੈ ਕਿ 10 ਹਜ਼ਾਰ ਪਹਿਲਾਂ ਜਮ੍ਹਾਂ ਕਰਵਾ ਜਾਹ, ਜਿੰਨਾ ਪੈਸਾ ਵਾਜੇ ਤੇ ਆਏਗਾ ਉਹ ਮੇਰਾ, ਜਿਹੜਾ ਚੜ੍ਹਾਵਾ ਹੋਏਗਾ ਉਹਦੇ ਵਿਚੋਂ ਮੇਰਾ ਅੱਧ। ਤੇ ਫਲਾਣਾ ਸਿੰਘ ਖਾਲਸਾ ਕੀਰਤਨ ਕਰਨ ਆ ਰਹੇ ਨੇ।

ਫੇਰ ਖਾਲਸਾ ਕਾਹਦਾ ਹੋਇਆ? ਨਾਉਂ ਪਿਛੇ ਲਾਉਣ ਨਾਲ ਨਹੀਂ ਖਾਲਸਾ ਬਣਦਾ। ਖਾਲਸਾ ਇਕ ਆਦਰਸ਼ ਹੈ। ਸੋ ਬੜੇ ਹੀ ਧਿਆਨ ਦੇ ਨਾਲ ਗੁਰੂ ਮਹਾਰਾਜ ਨੇ ਦੱਸ ਜਾਮਿਆਂ ਦੇ ਅੰਦਰ ਤਿਆਰ ਕੀਤਾ ਖਾਲਸਾ, ਇਕ ਦਮ ਨਹੀਂ ਇਹ ਪ੍ਰਗਟ ਹੋਇਆ। ਇਹ ਵਾਹਿਗੁਰੂ ਦਾ ਹੁਕਮ ਹੋਇਆ ਜਿਸ ਵਕਤ ਇਹ ਪ੍ਰਗਟ ਹੋਇਆ।

### *ਪ੍ਰਗਟਿਓ ਖਾਲਸਾ ਅਕਾਲ ਪੁਰਖ ਕੀ ਮੌਜ।*

ਇਕ ਲਹਿਰ ਉਠੀ ਜਿਹਨੇ ਇਕ ਆਦਰਸ਼ ਪ੍ਰਗਟ ਕਰ ਦਿਤਾ, ਸੰਸਾਰ ਦੇ ਅੰਦਰ। ਗੁਰੂ ਵੀ ਆਉਂਦੇ ਨੇ ਉਹ ਵੀ ਆਦਰਸ਼ ਸੀ, ਅਵਤਾਰ ਵੀ ਆਉਂਦੇ ਨੇ ਉਹ ਵੀ ਉਹਦੇ ਹੁਕਮ ਵਿਚ ਆਉਂਦੇ ਨੇ। ਇਸੇ ਤਰ੍ਹਾਂ ਇਕ ਆਦਰਸ਼ ਕਲਜੁਗ ਦੇ ਅੰਦਰ ਐਸਾ ਸਾਮ੍ਹਣੇ ਲਿਆ ਦਿਤਾ ਕਿ ਗੁਰੂ ਦਸ਼ਮੇਸ਼ ਪਿਤਾ ਦੇ ਹੱਥੀਂ ਖਾਲਸਾ ਪ੍ਰਗਟ ਹੋਇਆ। ਓਸ ਤੋਂ ਪਹਿਲੀ ਜੋ ਹਾਲਤ ਹੈ ਉਹ ਮੈਂ ਆਪ ਦੇ ਪਾਸ ਬੇਨਤੀ ਕਰੀ ਹੈ ਕਿ ਕਿੰਨਾ ਆਦਮੀ ਨੀਵਾਂ ਚਲਿਆ ਗਿਆ ਸੀ। ਗੁਲਾਮ ਹੋ ਜਾਣਾ ਆਦਮੀ ਦੇ ਭਾਗ ਦੀ ਗੱਲ ਨਹੀਂ ਉਹਦਾ ਗੁਲਾਮੀ ਨਾਲ ਸਮਝੌਤਾ ਕਰ ਲੈਣਾ ਹੈ। ਜੇ ਕਹੋ ਕਿ ਸਾਡਾ ਵਸ ਕੋਈ ਨਹੀਂ ਚਲਦਾ ਕਿ ਤਾਣ ਤਾਂ ਲਾਉਂਦਾ ਹੈ ਆਦਮੀ, ਸਤਿ ਦੀ ਆਵਾਜ਼ ਦਿੰਦਾ ਹੈ ਤੇ ਨਹੀਂ ਫੇਰ **gility** ਸਾਰੇ ਹੋ ਜਾਂਦੇ ਨੇ।

ਇਕ ਵਾਰੀ ਈਸਾ ਜੀ ਭਜਨ ਕਰ ਰਹੇ ਸੀ। ਭਜਨ ਕਰਦੇ-ਕਰਦੇ ਵੀਜ਼ਨ 'ਚ ਆਇਆ ਕਿ ਸਕੰਦਰੀਆ ਜਿਹੜਾ ਸ਼ਹਿਰ ਹੈ ਉਹਨੇ ਗਰਕ ਹੋ ਜਾਣਾ ਹੈ। ਉਥੇ ਉਨ੍ਹਾਂ ਦਾ 4600 ਈਸਾਈ ਰਹਿੰਦਾ ਸੀ। ਉਨ੍ਹਾਂ ਨੇ ਪ੍ਰਭੂ ਕੋਲ ਬੇਨਤੀ ਕਿ ਹੇ ਪ੍ਰਭੂ! 4600 ਬੰਦਾ ਓਸ ਸ਼ਹਿਰ ਵਿਚ ਬਚਾ ਲੈ, ਉਹ ਤੈਨੂੰ ਮੰਨਣ ਵਾਲੇ ਨੇ। ਐਸੀ ਫਿਲਾਸਫੀ ਆ ਗਈ ਸੀ ਕਿ ਪ੍ਰਮੇਸ਼ਰ ਤੋਂ ਬੇਮੁਖ ਹੋ ਗਏ ਸੀ।

**Eat drink and be marry for we shall have to die.**

ਆਹ ਥਿਊਰੀ ਆ ਗਈ ਸੀ ਸਿਕੰਦਰੀਆ ਦੀ। ਯੂਨੀਵਰਸਿਟੀ ਸੀ ਉਥੋਂ ਨਾਸਤਕ ਪੜ੍ਹ-ਪੜ੍ਹ ਕੇ ਨਿਕਲਦੇ ਸੀ। ਪੜ੍ਹਨ ਵਾਲਾ ਨਾਸਤਕ, ਪ੍ਰਮੇਸ਼ਰ ਦੀ ਹਸਤੀ ਤੋਂ ਮੁਨਕਰ, ਚਰਿੱਤਰ ਦੀ ਉਚਤਾਈ ਤੋਂ ਮੁਨਕਰ, ਹਨ੍ਹੇਰਾ ਪੈ ਰਿਹਾ ਸੀ। ਜਦੋਂ ਐਹੋ ਜਿਹੀ ਗੱਲ ਹੋ ਜਾਵੇ, ਫੇਰ ਪ੍ਰਮੇਸ਼ਰ ਕਿਤੇ ਗਿਆ ਹੋਇਆ ਤਾਂ ਨਹੀਂ ਹੈ। ਉਹਦਾ ਕਾਨੂੰਨ ਐਕਸ਼ਨ ਵਿਚ ਆ ਜਾਂਦਾ ਹੈ। ਬੇਨਤੀ ਸੁਣੀ ਨਾ ਗਈ, ਦੂਜੇ ਦਿਨ ਫੇਰ ਉਹੀ ਵੀਜ਼ਨ ਆ ਗਿਆ। ਫੇਰ ਈਸਾ ਜੀ ਨੇ ਬੇਨਤੀ ਕਰੀ, ਕੋਈ ਜਵਾਬ ਨਾ ਆਇਆ। ਤੀਸਰੇ ਦਿਨ ਭੁਚਾਲ ਆ ਗਿਆ, ਤਾਂ ਇਕ ਵੀ ਬੰਦਾ ਓਸ ਸ਼ਹਿਰ ਦਾ ਨਾ ਬਚਿਆ, ਢਾਈ ਹਜ਼ਾਰ ਸਾਲ ਦੀ ਗੱਲ ਹੈ। ਦੂਸਰੇ ਦਿਨ ਈਸਾ ਜੀ ਨੇ ਪ੍ਰਭੂ ਕੋਲ ਬੇਨਤੀ ਕਰੀ ਕਿ ਹੇ ਪ੍ਰਭੂ! ਠੀਕ ਹੈ ਤੇਰੀ ਰਜ਼ਾ ਨੂੰ ਮੈਂ ਮੰਨਦਾ ਹਾਂ, ਪਰ ਵਜ੍ਹਾ ਵੀ ਮੈਨੂੰ ਪਤਾ ਲਗ ਜਾਵੇ ਕਿ ਜਿਹੜਾ 4600 ਬੰਦਾ ਤੇਰੇ ਉਤੇ ਵਿਸ਼ਵਾਸ਼ ਰੱਖਦਾ ਸੀ ਉਹ ਕਿਉਂ ਮਾਰਿਆ ਗਿਆ। ਉਸ ਵੇਲੇ ਜਵਾਬ ਆਇਆ ਕਿ ਉਨ੍ਹਾਂ ਦਾ ਬੁਰਿਆਈ ਦੇ ਨਾਲ ਸਮਝੌਤਾ ਸੀ।

ਕਹਿਣ ਲੱਗੇ, ਮਹਾਰਾਜ! ਉਹ ਤਾਂ ਬਹੁਤ ਥੋੜ੍ਹੀ ਗਿਣਤੀ ਵਿਚ ਸੀ। ਉਨ੍ਹਾਂ ਦੀ ਆਵਾਜ਼ ਕੋਈ ਨਹੀਂ ਸੀ। ਕਹਿੰਦੇ ਮੈਂ ਆਵਾਜ਼ ਦੀ ਗੱਲ ਨਹੀਂ ਕਰਦਾ, ਮੈਂ ਕਰਦਾ ਹਾਂ ਕਿ ਉਨ੍ਹਾਂ ਦਾ ਅੰਦਰੋਂ ਸਮਝੌਤਾ ਸੀ ਬੁਰਿਆਈ ਦੇ ਨਾਲ। ਬੁਰਿਆਈ ਨੂੰ ਉਹ ਬੁਰਿਆਈ ਨਹੀਂ ਸੀ ਸਮਝਦੇ। ਉਹ ਉਨ੍ਹਾਂ ਨਾਲ ਮਿਲਦੇ ਸੀ, ਵਰਤਦੇ ਸੀ, ਕਦੇ ਵੀ ਉਨ੍ਹਾਂ ਦੇ ਅੰਦਰ ਨਹੀਂ ਸੀ ਆਉਂਦਾ ਕਿ ਲੋਕ ਗਲਤ ਕੰਮ ਕਰ ਰਹੇ ਨੇ। ਇਸ ਕਰਕੇ ਇਹ ਵੀ ਉਨ੍ਹਾਂ ਦੇ ਨਾਲ ਸ਼ਾਮਿਲ ਹੋ ਗਏ। ਸਜ਼ਾ ਉਨ੍ਹਾਂ ਨੂੰ ਵੀ ਨਾਲ ਹੀ ਮਿਲ ਗਈ।

ਗੁਰੂ ਨਾਨਕ ਪਾਤਸ਼ਾਹ ਬੈਠੇ ਨੇ ਤੇ ਬਹੁਤ ਜ਼ਿਆਦਾ ਕਤਲਾਮ ਹੋ ਚੁਕਿਆ ਹੈ ਏਮਨਾਬਾਦ। ਮਰਦਾਨਾ ਉਦਾਸ ਬੈਠਾ ਹੈ। ਕਹਿੰਦੇ ਕੀ ਗੱਲ ਮਰਦਾਨਿਆ! ਕੀ ਗੱਲ ਤੇਰੀ ਤਾਰ ਦੇ ਵਿਚ ਵੀ ਫਰਕ ਪੈ ਰਿਹਾ ਹੈ। ਕਿੱਥੇ ਚਲੀ ਗਈ ਤੇਰੀ ਬਿਰਤੀ, ਕਹਿੰਦਾ ਮਹਾਰਾਜ ਮੈਂ ਕੀ ਦੱਸਾਂ ਕਿੰਨੇ ਸੋਹਣੇ-ਸੋਹਣੇ ਬੰਦੇ, ਕਿੰਨੇ ਸਤਿਕਾਰ ਕਰਨ ਵਾਲੇ ਬੰਦੇ, ਕਿੰਨੇ ਤੇਰੀਆਂ ਪਿਆਰ ਨਾਲ ਗੱਲਾਂ ਕਰਨ ਵਾਲੇ ਬੰਦੇ। ਬੀਬੀਆ, ਬੱਚੇ ਖਿੜ ਜਾਂਦੇ ਸੀ ਸਾਨੂੰ ਦੇਖ ਕੇ, ਸੱਚੇ ਪਾਤਸ਼ਾਹ! ਉਹ ਵੀ ਵਿਚੇ ਮਾਰੇ ਗਏ। ਮੈਨੂੰ ਉਨ੍ਹਾਂ ਦਾ ਅਫਸੋਸ ਆ ਰਿਹਾ ਹੈ ਕਿ ਉਹ ਤਾਂ ਬਚ ਜਾਣੇ ਚਾਹੀਦੇ ਸੀਗੇ। ਮਹਾਰਾਜ ਕਹਿੰਦੇ ਮਰਦਾਨਿਆ! ਜਦੋਂ ਰੱਬ ਦਾ ਹੱਥ ਫਿਰਦਾ ਹੈ ਨਾ, ਫੇਰ ਉਹਦਾ ਹਿਸਾਬ ਕਿਤਾਬ ਹੋਰ ਹੀ ਹੋਇਆ ਕਰਦਾ ਹੈ। ਉਹ ਬੰਦਾ ਜਿਹੜਾ ਆਵਾਜ਼ ਨਹੀਂ ਦਿੰਦਾ ਤੇ ਅੰਦਰੋਂ ਉਹ ਸਮਝਦਾ ਨਹੀਂ ਹੈ ਕਿ ਇਹ ਕੰਮ ਮਾੜੇ ਹੋ ਰਹੇ ਨੇ, ਉਨ੍ਹਾਂ ਦੇ ਨਾਲ ਖੁਸ਼ ਹੋ ਕੇ ਬੋਲਦਾ ਹੈ, ਖੁਸ਼ੀ ਵੀ ਗੱਲਾਂ ਕਰਦਾ ਹੈ ਤੇ ਧਿਆਨ 'ਚੋਂ ਕੱਢ ਦਿੰਦਾ ਹੈ ਉਨ੍ਹਾਂ ਦੀਆਂ ਬੁਰਿਆਈਆਂ, ਫੇਰ ਉਹ ਵੀ **gilty** ਹੋ ਜਾਇਆ ਕਰਦਾ ਹੈ।

ਮਰਦਾਨਾ ਕਹਿਣ ਲੱਗਿਆ ਨਾ ਮਹਾਰਾਜ! ਮੈਂ ਤੁਹਾਡੀ ਤਾਲੀਮ ਰੋਜ਼ ਸੁਣਦਾ ਹਾਂ, ਤੁਸੀਂ ਕਹਿੰਦੇ ਹੋਂ ਭਲਿਆਂ ਦੀ ਰਖਸ਼ਾ ਆਪ ਕਰਦਾ ਹੈ ਵਾਹਿਗੁਰੂ। ਕਹਿੰਦੇ ਉਹ ਗੱਲ ਹੋਰ ਹੈ, ਇਹ ਹੋਰ ਹੈ। ਕਹਿੰਦੇ ਚੰਗਾ ਤੈਨੂੰ ਪ੍ਰੈਕਟੀਕਲੀ ਸਮਝਾਵਾਂਗੇ।

ਗਰਮੀਆਂ ਜਿਹੇ ਦਾ ਮਹੀਨਾ ਸੀ, ਵਸਤਰ ਵਗੈਰਾ ਤਾਂ ਉਦੋਂ ਘੱਟ ਹੀ ਪਾਉਂਦੇ ਹੁੰਦੇ ਸੀ, ਮਰਦਾਨੇ ਦੇ ਸਰੀਰ ਤੇ ਵਸਤਰ ਨਹੀਂ ਸੀ ਪਹਿਨਿਆ ਹੋਇਆ, ਗਰਮੀ ਸੀ। ਬੈਠੇ-ਬੈਠੇ ਨੂੰ ਉਂਘ ਆਉਣ ਲਗ ਗਈ। ਐਨੇ ਨੂੰ ਇਕ ਪ੍ਰੇਮੀ ਨੇ ਗੁੜ ਲਿਆ ਕੇ ਮਹਾਰਾਜ ਨੂੰ ਮੱਥਾ ਟੇਕਿਆ, ਮਹਾਰਾਜ ਜੀ ਨੇ ਨਹੁੰ ਦੇ ਨਾਲ ਚੁੱਕ ਕੇ ਐਉਂ ਮਾਰਿਆ ਮਾਰਿਆ, ਉਹਦੇ ਪੇਟ ਤੇ ਜਾ ਕੇ ਲਗ ਗਿਆ ਥੋੜ੍ਹਾ ਜਿਹਾ ਗੁੜ। ਕੀੜੀਆਂ ਚੜ੍ਹਨ ਲਗ ਗਈਆਂ ਉਸ ਦੇ ਤੇ ਜਾ ਕੇ ਘੇਰਾ ਬਣਾ ਲਿਆ ਗੁੜ ਦੇ ਦੁਆਲੇ। ਜਦੋਂ ਇਕ ਕੀੜੀ ਨੇ ਕੱਟਿਆ ਤਾਂ ਮਰਦਾਨੇ ਨੇ ਜ਼ੋਰ ਨਾਲ ਹੱਥ ਮਾਰਿਆ, ਮਰਦਾਨੇ ਨੇ ਸਾਰੀਆਂ ਕੀੜੀਆਂ ਮਾਰ ਦਿਤੀਆਂ।

ਮਹਾਰਾਜ ਕਹਿੰਦੇ, ਮਰਦਾਨਿਆ! ਆਹ ਕੀ ਗੱਲ ਕਰੀ ਤੂੰ।

ਕਹਿੰਦਾ, ਕੀੜੀ ਲੜ ਗਈ ਸੀ ਮਹਾਰਾਜ!

ਕਹਿੰਦੇ, ਫੇਰ ਉਹਨੂੰ ਹੀ ਸਜ਼ਾ ਦਿੰਦਾ। ਬਾਕੀਆਂ ਨੂੰ ਕਿਉਂ ਦਿਤੀ?

ਕਹਿੰਦਾ, ਮਹਾਰਾਜ! ਹੁਣ ਪਤਾ ਲਗਦਾ ਸੀ ਬਾਕੀਆਂ ਦਾ?

ਕਹਿੰਦੇ, ਆਹੀ ਗੱਲ ਹੈ, ਜੇ ਬੰਦਾ ਬੁਰਿਆਈ ਨਾਲ ਅੰਦਰੋਂ ਸਮਝੌਤਾ ਕਰ ਲਵੇ, ਉਹ ਅੰਦਰੋਂ ਤਾਂ ਕੋਈ ਦੇਖਦਾ ਨਹੀਂ ਨਾ ਹੈ, ਬਾਹਰੋਂ ਠੀਕ ਹੈ ਤੁਸੀਂ ਕੋਈ ਗੱਲ ਨਹੀਂ ਕਰ ਸਕਦੇ, ਉਹ ਗੱਲ ਵਖਰੀ ਹੈ, ਪਰ ਅੰਦਰੋਂ ਤਾਂ ਨਾ ਮੰਨੋ ਨਾ। ਅੰਦਰੋਂ ਤਾਂ ਸਮਝੋ ਕਿ ਚੰਗਿਆਈ ਵਧਾਉਣੀ ਹੈ, ਕੋਸ਼ਿਸ਼ ਕਰੀ ਜਾਓ। ਸੋ ਇਸ ਤਰ੍ਹਾਂ ਦੇ ਨਾਲ ਸਜ਼ਾਵਾਂ ਮਿਲਦੀਆਂ ਨੇ। ਜਿਸ ਵਕਤ ਕੋਈ ਬੁਰਿਆਈ ਵੱਧ ਜਾਵੇ।

ਸੋ ਮਹਾਰਾਜ ਵੇਲੇ ਬੁਰਿਆਈ ਬਹੁਤ ਵੱਧ ਗਈ, ਗੱਲਾਂ ਗਲਤ ਹੋਣੀਆਂ ਸ਼ੁਰੂ ਹੋ ਗਈਆਂ। ਗੁਲਾਮੀ ਦਾ ਅਸਰ, ਉਹਨੂੰ ਸਹਿ ਗਏ। ਕਿੱਥੇ ਤਾਂ ਮੰਦਰਾਂ 'ਚ ਜਾ ਕੇ, ਧਰਮਸਾਲਾ 'ਚ ਜਾ ਕੇ, ਕਥਾ ਸੁਣਦੇ ਨੇ ਮਹਾਂਭਾਰਤ ਦੀ, ਕਥਾ ਸੁਣਦੇ ਨੇ ਰਾਮਾਇਣ ਦੀ ਲੇਕਿਨ **action** ਦੇ ਵਿਚ ਕੀ ਹੈ? -

***ਘਰਿ ਘਰਿ ਮੀਆ ਸਭਨਾਂ ਜੀਆਂ***
***ਬੋਲੀ ਅਵਰ ਤੁਮਾਰੀ ॥ ਅੰਗ - ੧੧੯੧***

ਬੋਲੀ ਵੀ ਬਦਲਾ ਲਈ। ਮੀਆਂ ਜੀ-ਮੀਆਂ ਜੀ ਕਹਿਣ ਲੱਗ ਗਏ ਇਕ ਦੂਜੇ ਨੂੰ। ਵਸਤਰ ਓਹੀ ਪਾ ਲਏ-

***ਨੀਲ ਬਸਤ੍ਰ ਲੇ ਕਪੜੇ ਪਹਿਰੇ***
***ਤੁਰਕ ਪਠਾਣੀ ਅਮਲੁ ਕੀਆ ॥ ਅੰਗ - ੪੭੦***

ਸਭ ਨੇ ਨੀਲੇ ਹੀ ਰੰਗਾ ਲਏ ਕਿ ਰਾਜੇ ਦੇ ਐਹੋ ਜਿਹੇ ਨੇ, ਅਸੀਂ ਵੀ ਰੰਗਾ ਲਈਏ। ਆਪਣੀ ਪੁਸ਼ਾਕ ਆਪਣੀ ਬੋਲੀ, ਆਪਣੀ ਖੁਰਾਕ, ਆਪਣੀ ਸੋਚ ਸਾਰੀ ਭੁੱਲ ਗਈ। ਜਦੋਂ ਇਹ ਚੀਜ਼ ਕਿਸੇ ਕੌਮ 'ਚੋਂ ਨਿਕਲ ਜਾਵੇ, ਉਸ ਵੇਲੇ ਖੁਆਰ ਹੋ ਜਾਇਆ ਕਰਦਾ ਹੈ ਕਿਉਂਕਿ ਆਪਣੇ ਧੁਰੇ ਨਾਲੋਂ ਟੁੱਟ ਗਿਆ। ਹੁਣ ਜਿਹੜੇ ਬੱਚੇ ਸਾਡੇ ਬਾਹਰ ਨੇ, ਅਮਰੀਕਾ, ਇੰਗਲੈਂਡ 'ਚ ਉਥੇ ਚੰਗੇ ਸੁਚੱਜੇ ਮਾਂ-ਬਾਪਾਂ ਨੇ ਕਮੇਟੀਆਂ ਬਣਾ ਕੇ ਫੈਸਲਾ ਕਰ ਲਿਆ ਕਿ ਘਰ ਵਿਚ ਪੰਜਾਬੀ ਬੋਲਣੀ ਹੈ। ਜੇ ਬੱਚਾ ਸਕੂਲ ਤੋਂ ਆ ਕੇ ਅੰਗਰੇਜ਼ੀ ਦੇ ਵਿਚ ਗੱਲ ਕਰਦਾ ਹੈ ਨਾ, ਇੰਗਲਿਸ਼ ਨਹੀਂ ਉਹਦੇ ਨਾਲ ਬੋਲਣੀ। ਜੇ ਉਹ ਅੰਗਰੇਜ਼ੀ ਵਿਚ ਕਹਿੰਦਾ ਹੈ ਕਿ ਮੈਨੂੰ ਪਾਣੀ ਦਿਓ, ਰੋਟੀ ਦਿਓ ਤਾਂ ਬਿਲਕੁਲ ਜਵਾਬ ਨਹੀਂ ਦੇਣਾ, ਰੋਂਦਾ ਹੈ ਰੋਈ ਜਾਣ ਦਿਓ। ਜਦੋਂ ਤੱਕ ਉਹ ਪੰਜਾਬੀ 'ਚ ਨਹੀਂ ਬੋਲਦਾ, ਉਹਨੂੰ **attend** ਹੀ ਨਹੀਂ ਕਰਨਾ। ਹੁਣ ਉਹ ਬੱਚੇ ਘਰ 'ਚ ਪੰਜਾਬੀ ਬੋਲਦੇ ਨੇ ਤੇ ਬਾਹਰ ਸਕੂਲ ਵਿਚ ਇੰਗਲਿਸ਼ ਬੋਲਦੇ ਨੇ। ਬੋਲੀ ਤਾਂ ਆਦਮੀ ਕਾਇਮ ਰੱਖੇ ਨਾ ਆਪਣੀ। ਸਾਡੇ ਉਲਟਾ ਰਿਵਾਜ਼ ਹੈ ਕਿ ਜੇ ਅੰਗਰੇਜ਼ੀ ਨਹੀਂ ਬੱਚਾ ਘਰ 'ਚ ਆ ਕੇ ਬੋਲਦਾ ਤਾਂ ਅਸੀਂ ਕਹਿੰਦੇ ਹਾਂ ਕਿ ਇਹ ਤਾਂ ਬਿਲਕੁਲ ਨਿਕੰਮਾ ਬੱਚਾ ਹੈ। ਮਹਾਰਾਜ ਕਹਿੰਦੇ ਬੋਲੀ ਬਦਲਾਅ ਲਈ ਤੁਸੀਂ। ਜਿਹਦੀ ਬੋਲੀ ਬਦਲ ਜਾਵੇ ਉਹਦੇ ਖਿਆਲ ਸਾਰੇ ਮੁਰਦਾ ਹੋ ਜਾਂਦੇ ਨੇ, ਪਿਛਲੇ ਜਿਹੜੇ ਹੁੰਦੇ ਨੇ ਉਹਦੇ ਨਾਲੋਂ ਟੁੱਟ ਜਾਂਦਾ ਹੈ। ਕਥਾਵਾਂ ਰਮਾਇਣ ਦੀਆਂ ਸੁਣਨੀਆਂ, ਮਹਾਂਭਾਰਤ ਦੀਆਂ ਸੁਣਨੀਆਂ, ਜੋਸ਼ ਆਉਣਾ ਲੇਕਿਨ ਕੱਪੜੇ ਵੀ ਬੇਗਾਨੇ ਤੇ ਬੋਲੀ ਵੀ ਬੇਗਾਨੀ ਜਿਵੇਂ ਪੈਂਟਾਂ ਪਾ ਲਈਆਂ ਅਸੀਂ ਅੰਗਰੇਜ਼ ਦੇ ਆਇਆਂ ਤੇ। ਸਾਰਿਆਂ ਨੂੰ ਹੁਣ ਪੈਂਟ ਹੀ ਵਧੀਆ ਲਗਦੀ ਹੈ। ਇਹਦਾ ਮਤਲਬ ਹੈ ਗੁਲਾਮੀ ਨਾਲ ਸਮਝੌਤਾ ਕਰ ਲਿਆ।

ਸਤਿਗੁਰੂ ਨਾਮਧਾਰੀ ਜੀ ਦਾ ਜੋ ਯੁੱਗ ਹੈ, ਬਹੁਤ ਵੱਡੀਆਂ ਉਨ੍ਹਾਂ ਨੇ ਗੱਲਾਂ ਕਰੀਆਂ ਸੀ। ਉਹ ਕਹਿੰਦੇ ਸੀ ਕਿ ਇਨ੍ਹਾਂ ਦੀਆਂ ਰੇਲਾਂ ਤੇ ਨਹੀਂ ਚੜ੍ਹਨਾ, ਪੈਦਲ ਤੁਰ ਲਓ, ਇਨ੍ਹਾਂ ਦੇ ਨਲਕਿਆਂ ਤੋਂ ਪਾਣੀ ਨਹੀਂ ਪੀਣਾ, ਇਨ੍ਹਾਂ ਦੀਆਂ ਮਿਲਾਂ ਤੋਂ ਲਿਆਂਦੇ ਹੋਏ ਕੱਪੜੇ ਨਹੀਂ ਪਾਉਣੇ ਤੇ ਜਿਹੜੇ ਕੁੰਭਲਾਂ ਦੇ ਬਣੇ ਹੋਏ ਖੱਦਰ ਨੇ ਓਹੀ ਪਾ ਕੇ ਰੱਖਣੇ ਨੇ। ਉਹ ਕਹਿੰਦੇ, ਜੇ ਅਸੀਂ ਇਹ ਚੀਜ਼ਾਂ ਮੰਨ ਲਈਆਂ ਸਾਡੇ ਮਨ ਉਤੇ ਗੁਲਾਮੀ ਛਾ ਜਾਏਗੀ, ਅਸੀਂ ਗੁਲਾਮ ਬਣ ਜਾਵਾਂਗੇ। ਜੇ ਬੰਦਾ ਮਾਨਸਿਕ ਤੌਰ ਤੇ ਗੁਲਾਮੀ ਨੂੰ ਸਹਿ ਲਵੇ ਉਸ ਵੇਲੇ ਉਸਦਾ ਅੰਦਰਲਾ ਸਾਹਸ ਖਤਮ ਹੋ ਜਾਂਦਾ ਹੈ। ਅੰਦਰਲੀ ਅਣਖ ਖਤਮ ਹੋ ਜਾਂਦੀ ਹੈ। ਅੰਦਰੋਂ ਗਿਰ ਜਾਂਦਾ ਹੈ ਬਿਲਕੁਲ ਹੀ। ਫੇਰ ਉਹ ਗੁਲਾਮੀ ਸਹਿ ਲੈਂਦਾ ਹੈ। ਇਥੋਂ ਤੱਕ ਆ ਗਈ ਕਿ ਰਾਜਪੂਤ ਰਾਜਿਆਂ ਨੇ ਆਪਣੇ ਰਾਜਸੀ ਮੰਤਵਾਂ ਨੂੰ ਸਾਮ੍ਹਣੇ ਰੱਖ ਕੇ, ਆਪਣੀਆਂ ਲੜਕੀਆਂ ਨੇ ਬਾਹਰਲੇ ਪਰਦੇਸੀ ਰਾਜਿਆਂ ਮੁਗਲਾਂ ਨਾਲ ਸ਼ਾਦੀਆਂ ਕਰ ਲਈਆਂ। ਇਹ ਚੀਜ਼ਾਂ ਜਿਹੜੀਆਂ ਸਾਰੀਆਂ ਸੀ ਇਹ ਗਿਰਾਵਟ ਦੀਆਂ ਸੀ। ਦੂਸਰਾ ਸੀ ਵਰਣ ਵੰਡ ਸਾਡੇ 'ਚ। ਇਕ ਦੂਜੇ ਨੂੰ ਛੋਂਹਦੇ ਨਹੀਂ ਸੀ, ਐਨੀ ਜ਼ਬਰਦਸਤ ਵੰਡ ਸੀ ਦੱਖਣ ਦੇ ਅੰਦਰ, ਜੇ ਉਥੇ ਅਛੂਤ ਲੰਘ ਜਾਵੇ, ਉਹਦੀ ਪੈੜ ਨਜ਼ਰ ਆ ਜਾਵੇ ਉਹਨੂੰ ਪੰਚਾਇਤ ਲਿਆ ਕੇ ਉਹਦੇ ਕੋਰੜੇ ਲਾਉਂਦੇ ਸੀ। ਕਹਿੰਦੇ ਸੀ ਕਿ ਤੂੰ ਪੈੜ ਕਿਉਂ ਨਹੀਂ ਮੇਟ ਕੇ ਆਇਆ। ਉਹਦਾ ਇਲਾਜ ਕੀ ਸੀ ਹਰੇਕ ਦੇ ਪਿਛਲੇ ਪਾਸੇ ਝਾਫੇ ਬੰਨੇ ਹੁੰਦੇ, ਉਹ ਜਦੋਂ ਜਾਣਾ ਤਾਂ ਪੈੜ ਮਿਟਾਉਂਦੇ ਜਾਣਾ ਹੈ, ਇਸ ਤੋਂ ਜ਼ਿਆਦਾ ਗੁਲਾਮੀ ਕੀ ਹੋ ਸਕਦੀ ਹੈ, ਮਨੁੱਖਤਾ ਦੇ ਨਾਲ ਬੇਦਰਦੀ ਐਨੀ ਜ਼ਿਆਦਾ ਹੋਰ ਕਿੰਨੀ ਕੁ ਹੋ ਸਕਦੀ ਹੈ। ਜਦੋਂ ਇਹੋ ਜਿਹੀ ਵਰਣ ਵੰਡ ਹੋਵੇ ਫੇਰ ਰਾਖੀ ਕੌਣ ਕਰੇ? ਉਹ ਕਹਿੰਦੇ ਨੇ ਕਿ ਆਪੇ ਲੜਨਗੇ ਅਮੀਰ, ਗਰੀਬ ਕਹਿੰਦਾ ਸਾਡੇ ਤਾਂ ਭੇਡਾਂ ਤੋਂ ਉੱਨ ਹੀ ਲਾਹੁਣੀ ਹੈ, ਮੁਗਲਾਂ ਨੇ ਲਾਹ ਲਈ ਚਾਹੇ ਦੂਜੇ ਰਾਜਿਆਂ ਨੇ ਲਾਹ ਲਈ। ਸੋ ਐਸ ਤਰ੍ਹਾਂ ਦੀ ਮਾਨਸਿਕ ਸਥਿਤੀ ਹੋ ਚੁੱਕੀ ਸੀ। ਭਾਈਚਾਰਕ ਸਾਂਝ ਬਿਲਕੁਲ ਖਤਮ। ਅਗਿਆਨ ਐਨਾ ਆ ਗਿਆ ਸੀ, ਕਿੱਕਰ ਆ ਗਈ, ਕਿੱਕਰ ਨੂੰ ਮੱਥਾ ਟੇਕ ਦਿਤਾ, ਜੰਡ ਦੇ ਦਰਖਤ

ਨੂੰ ਮਠਿਆਈ ਚਾੜ੍ਹ ਦਿਤੀ, ਜੇ ਸਰਵਰ ਆ ਗਿਆ, ਉਹਦੇ ਢੋਲ੍ਹ ਢਮੱਕੇ ਦੇ ਵਿਚ ਚਲੇ ਗਏ, ਜੇ ਦੇਵੀ ਆ ਗਈ ਦੇਵੀ ਨੂੰ ਮੰਨਣ ਲਗ ਗਏ। ਜੋ ਹੋਰ ਕੁਛ ਮੂਹਰੇ ਆ ਗਿਆ ਉਹਨੂੰ ਮੰਨਣ ਲਗ ਗਏ। ਤੁਸੀਂ ਇਕ ਨੂੰ ਮੰਨੋ, ਐਨਿਆਂ ਨੂੰ ਮੰਨ ਕੇ ਕੋਈ ਬੋਹੜੂਗਾ ਆ ਕੇ। ਵਿਚੇ ਹੀ ਗੁਰੂ ਨਾਨਕ ਦੇ ਹਿਰਸ ਰਹਿੰਦੀ ਸੀ। ਕਹਿੰਦੇ ਨੇ ਆਹ ਬਾਬਿਆਂ ਦਾ ਗੁਰਦੁਆਰਾ ਬਣਿਆ ਹੋਇਆ ਹੈ ਇਥੇ ਵੀ ਮੱਥਾ ਟੇਕ ਚੱਲੀਏ। ਇਕ ਮੱਤ ਨਹੀਂ ਸੀ, ਇਕ ਨਿਸ਼ਚਾ ਨਹੀਂ ਸੀ। ਇਕ ਸੋਚ ਨਹੀਂ ਸੀ, ਇਕੱਠੇ ਹੋ ਕੇ ਬੈਠ ਨਹੀਂ ਸੀ ਸਕਦੇ। ਕਿੱਡੀ ਵੱਡੀ ਮੁਸ਼ਕਲ ਗੁਰੂ ਦਸਵੇਂ ਪਾਤਸ਼ਾਹ ਦੇ ਸਾਮ੍ਹਣੇ ਸੀ, ਇਨ੍ਹਾਂ ਨੂੰ ਦੂਰ ਕਰਨ ਵਾਸਤੇ ਕਿੰਨਾ ਸਮਾਂ ਲੱਗਿਆ, ਗੁਰਬਾਣੀ ਦਾ ਪਰਸਾਰ ਹੋਇਆ, ਹੌਲੀ-ਹੌਲੀ ਇਹ ਪ੍ਰਸਾਰ ਜਿਹੜਾ ਸੀ ਇਹ ਅੰਦਰ ਜਾਣਾ ਸ਼ੁਰੂ ਹੋ ਗਿਆ। ਕੁਝ ਸਾਹਸ ਬਣਨ ਲੱਗਿਆ, ਉਦਮ ਬਣਨ ਲੱਗਿਆ, ਕੁਛ ਸੋਚ ਆਈ, ਕੁਛ ਅਣਖ ਦੀ ਗੱਲ ਸਮਝ 'ਚ ਆਉਣ ਲੱਗ ਗਈ, ਪਹਿਲਾਂ ਤਾਂ ਇਹੀ ਸੀ ਕਿ ਅਣਖ ਕੀ ਹੁੰਦੀ ਹੈ? ਇਹ ਤਾਂ ਪਤਾ ਹੀ ਨਹੀਂ ਸੀ, ਜਿਹੜਾ ਫੜ ਕੇ ਲੈ ਗਿਆ, ਕਹਿੰਦਾ ਸੀ ਚੁੱਕ ਮੇਰਾ ਮੰਜਾ, ਚਾਰ ਜਣੇ ਚੁੱਕੋ ਮੈਂ ਉਤੇ ਬੈਠਾਂ, ਤੇ ਆਰਾਮ ਨਾਲ ਹੀ ਤੁਰ ਪੈਂਦੇ ਸੀ। ਸੋ ਐਸੀ ਸੁਸਾਇਟੀ ਦੀ ਅਧੋਗਤੀ ਨੂੰ ਮੁਰਦਾ ਸੁਸਾਇਟੀ ਕਹਿੰਦੇ ਨੇ, ਇਸੇ ਕਰਕੇ ਗੁਲਾਮੀ ਆ ਕੇ ਨਾ ਕੋਈ ਧਰਮ, ਨਾ ਕਰਮ, ਨਾ ਕੋਈ ਸ਼ੁਧਤਾ ਰਹੀ, ਕੋਈ ਆਵਾਜ਼ ਨਾ ਰਹੀ। ਮਨੁੱਖ ਜਿਹੜਾ ਸੀ, ਮਨੁੱਖਪੁਣੇ ਤੋਂ ਗਿਰ ਕੇ ਪਸ਼ੂਪੁਣੇ ਤੋਂ ਵੀ ਥੱਲੇ ਜਾ ਚੁੱਕਿਆ ਸੀ, ਸੋ ਇਹ ਵੱਡਾ ਭਾਰਾ ਕੰਮ ਗੁਰੂਆਂ ਦੇ ਕੋਲ ਜਿਨ੍ਹਾਂ ਨੇ ਹੌਲੀ-ਹੌਲੀ ਮਹਿਲ ਰਚਣਾ ਸ਼ੁਰੂ ਕਰਿਆ। ਐਵੇਂ ਤਾਂ ਨਹੀਂ ਗੁਰੂ ਨਾਨਕ ਸਰੀਰਾਂ 'ਚ ਆਈ ਗਏ, ਆਹ ਮੁਰਦੇ ਨੂੰ ਜੀਉਂਦਾ ਕਰਨਾ ਸੀ। ਮਰੇ ਹੋਏ ਨੂੰ ਖੜ੍ਹਾ ਕਰਨਾ ਸੀ, ਪਿੰਗਲੇ ਨੂੰ ਖੜ੍ਹਾ ਕਰਨਾ ਸੀ, ਪੋਲੀਓ ਦੀ ਬਿਮਾਰੀ ਵਾਲੇ ਨੂੰ ਨੱਠਣ ਲਾਉਣਾ ਸੀ। ਕਿੰਨਾ ਸਮਾਂ ਲੱਗਣਾ ਸੀ, ਸੋ ਓਸ ਵੇਲੇ ਜਦੋਂ ਗੁਰਮਤਿ ਦਾ ਪ੍ਰਕਾਸ਼ ਹੋਇਆ, ਗੁਰਮਤਿ ਦਾ ਚਾਨਣ ਹੋਇਆ ਪਿਆਰ ਦੇ ਨਾਲ, ਗੁਰੂ ਦੇ ਨਾਲ -ਜੁੜਿਆ ਸੰਸਾਰ, ਬਾਣੀ ਨੂੰ ਸਮਝਣਾ ਕੀਤਾ, ਉਸ ਵੇਲੇ ਭਾਈਚਾਰਕ ਸਾਂਝ ਜਾਗੀ ਕਿ ਸਾਡੇ ਸਤਿਸੰਗ 'ਚ ਆਉਣ ਵਾਲੇ ਬੰਦੇ ਨੇ। ਇਕੱਠੇ ਜਾਂਦੇ ਹਾਂ ਗੁਰੂਆਂ ਕੋਲ, ਨਮਸਕਾਰ ਅਸੀਂ ਇਕੱਠੇ ਕਰਦੇ ਹਾਂ ਉਹ ਜਿਹੜਾ ਵਖੇਵਾਂ ਸੀ ਉਹ ਘਟਣ ਲੱਗਿਆ। ਹੁਕਮ ਦੀ ਸੋਝੀ ਆਉਣੀ ਸ਼ੁਰੂ ਹੋਈ, ਆਦਰਸ਼ਕ ਜੀਵਨ ਜੀਉਣ ਦੀ ਜਾਂਚ ਆਈ। ਗੁਰੂ ਨੇ ਦੱਸਿਆ ਕਿ ਤੂੰ ਆਤਮਾ ਹੈਂ, ਤੂੰ ਸਰੀਰ ਨਹੀਂ ਹੈ। ਤੂੰ ਕਦੇ ਵੀ ਮਰਦਾ ਨਹੀਂ ਹੈ, ਤੂੰ ਸਦਾ ਅਮਰ ਹੈਂ, ਸਰੀਰ ਦੇ ਵਿਚ ਸਰੀਰ ਮਰਦਾ ਹੈ, ਸਰੀਰ 'ਚ ਘਾਟੇ ਪੈਂਦੇ ਨੇ, ਸਰੀਰ 'ਚ ਵਾਧੇ ਹੁੰਦੇ ਨੇ। ਤੂੰ ਇਨ੍ਹਾਂ ਸਾਰਿਆਂ ਤੋਂ ਪਰ੍ਹੇ ਸਦਾ ਪਰਮ ਸਤਿ ਚਿੱਤ ਅਨੰਦ ਰਹਿਣ ਵਾਲਾ ਤੇਰਾ ਵਜੂਦ ਹੈ।

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥***
***ਅੰਗ - ੪੪੧***

ਦੱਸ ਦਿਤਾ ਕਿ ਤੂੰ ਪੰਜ ਤੱਤ ਦੀ ਦੇਹ ਨਹੀਂ ਹੈਂ, ਤੂੰ ਇਸ ਦੇਹ ਵਿਚ ਜੋ ਗਿਆਨ ਇੰਦਰੇ, ਕਰਮ ਇੰਦਰੇ ਨੇ ਉਹ ਵੀ ਤੂੰ ਨਹੀਂ ਹੈਗਾ, ਇਹਦੇ ਵਿਚ ਪੰਜ ਪ੍ਰਾਣ ਚਲਦੇ ਨੇ ਇਹ ਵੀ ਤੂੰ ਨਹੀਂ ਹੈ, ਇਹਦੇ ਵਿਚ ਮਨ ਫੁਰਨੇ ਕਰਦਾ ਹੈ, ਤੂੰ ਮਨ ਨਹੀਂ ਹੈਂ। ਮਨ, ਚਿੱਤ, ਬੁੱਧ ਵੀ ਨਹੀਂ ਹੈ। ਜਿਹੜਾ ਤੂੰ ਕਹਿੰਦਾ ਹੈਂ ਕਿ ਇਹ ਮੈਂ ਹਾਂ ਇਹ ਮੈਂ ਵੀ ਤੂੰ ਨਹੀਂ ਹੈ ਇਹ ਹਉਮੈ ਦਾ ਪਰਛਾਵਾਂ ਹੈ, ਇਹ ਵੀ ਤੇਰਾ ਰੂਪ ਨਹੀਂ ਹੈ। ਇਸ ਸਭ ਕੁਛ ਨੂੰ ਭੁੱਲ ਕੇ ਤੂੰ ਆਪਣੇ ਸਰੂਪ ਨੂੰ ਪਛਾਣ।

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥***
***ਆਤਮ ਪਸਾਰਾ ਕਰਣਹਾਰਾ***
***ਪ੍ਰਭ ਬਿਨਾ ਨਹੀ ਜਾਣੀਐ॥ ਅੰਗ - ੮੪੬***

ਸੋ ਐਸਾ ਗੁਰਸਿੱਖ ਦੇ ਅੰਦਰ ਗਿਆਨ ਭਰ ਦਿਤਾ, ਉਹ ਦੇਹ ਨੂੰ ਛੱਡ ਕਿ ਇਹ ਮੈਂ ਹਾਂ। ਜਦੋਂ ਦੇਹ ਨੂੰ ਕਹਿਣਾ ਛੱਡ ਜਾਵੇ ਤਾਂ ਦੇਹ ਅਧਿਆਸ ਟੁੱਟ ਜਾਇਆ ਕਰਦਾ ਹੈ। ਜਿਹੜੇ ਪਹਿਲੇ ਮਹਾਤਮਾ ਹੋਏ ਨੇ ਉਨ੍ਹਾਂ ਦਾ ਜਦੋਂ ਦੇਹ ਅਧਿਆਸ ਟੁੱਟ ਜਾਂਦਾ ਸੀ, ਆਤਮ ਗਿਆਨ ਹੁੰਦਾ ਫੇਰ ਉਹ ਸਰੀਰ ਰੱਖਿਆ ਨਹੀਂ ਸੀ ਕਰਦੇ, ਸਮਾਧੀ ਲਾ ਕੇ ਸਰੀਰ ਛੱਡ ਦਿੰਦੇ ਸੀ। ਬਹੁਤ ਸਾਰੇ ਮਹਾਤਮਾ ਬਾਰੇ ਐਸਾ ਆਉਂਦਾ ਹੈ, ਉਨ੍ਹਾਂ ਦੀਆਂ ਯਾਦਗਾਰਾਂ ਬਣੀਆਂ ਹੋਈਆਂ ਨੇ, ਚੌਂਕੜਾ ਮਾਰਿਆ ਤੇ ਸਰੀਰ ਛੱਡ ਦਿਤਾ।

ਸਵਾਮੀ ਰਾਮ ਤੀਰਥ, ਆਪ ਦਰਿਆ ਦੇ ਵਿਚ ਬੈਠ ਗਏ ਗੰਗਾ ਦੇ, ਪਤਾ ਵੀ ਹੈ ਕਿ ਗੰਗਾ ਚੜ੍ਹ ਰਹੀ ਹੈ, ਸਮਾਧੀ ਲਾ ਲਈ, ਕਹਿੰਦੇ ਹੁਣ ਸਰੀਰ ਰੱਖਣਾ ਨਹੀਂ ਕੀ ਲੋੜ ਹੈ, ਜਿਹੜਾ ਕੁਛ ਮੈਨੂੰ ਮਿਲਣਾ ਸੀ ਮੈਂ ਗਿਆਨ ਪ੍ਰਾਪਤ ਕਰ ਲਿਆ, ਮੇਰੀ ਮੈਂ ਮਰ ਗਈ ਤੇ ਹੁਣ ਪ੍ਰਮੇਸ਼ਰ ਹੀ ਆਪ ਹੈ ਮੈਂ ਵਾਧੂ ਦੀ ਚੀਜ਼ ਕਾਹਨੂੰ ਰੱਖਣੀ ਹੈ। ਗੁਰੂ ਸਾਹਿਬ ਨੇ ਕਿਹਾ ਹੈ ਕਿ ਇਹ ਚੀਜ਼ ਐਉਂ ਨਹੀਂ ਗਵਾਉਣੀ ਪਿਆਰਿਓ! ਜਦੋਂ ਗਿਆਨ ਹੋ ਜਾਵੇ ਤਾਂ ਇਹ ਸਰੀਰ ਲੇਖੇ ਲਾਉਣਾ ਹੈ। ਕਈ ਮਹਾਤਮਾ ਇਹ ਕਹਿੰਦੇ ਨੇ ਕਿ ਸਾਡਾ ਸਰੀਰ ਦਰਿਆ ਸਪੁਰਦ ਕਰ ਦਿਓ ਮੱਛੀਆਂ ਖਾ ਲੈਣ। ਐਵੇਂ ਨਾ ਜਾਵੇ ਇਹ। ਦੇਹ ਅਧਿਆਸ ਟੁੱਟਿਆ ਹੁੰਦਾ ਹੈ, ਦੇਹ ਤੋਂ ਉਚੇ ਹੋਏ ਹੁੰਦੇ ਨੇ, ਦੇਹ ਨੂੰ ਕੰਮ ਲਾਉਣ ਵਾਸਤੇ ਸੋਚਦੇ ਨੇ ਕਿ ਕਿਤੇ ਕੰਮ ਲਗ ਜਾਵੇ। ਭਲੇ ਥਾਉਂ ਇਹ ਲੇਖੇ ਵਿਚ ਲਗ ਜਾਵੇ। ਸੋ ਐਸੀ ਭਾਵਨਾ ਗੁਰਸਿੱਖਾਂ ਦੇ ਅੰਦਰ ਭਰੀ ਜਾ ਚੁੱਕੀ ਸੀ। ਅਗਿਆਨ ਦਾ ਨਾਸ਼ ਹੋ ਗਿਆ ਸੀ।

ਆਦਰਸ਼ਕ ਜੀਵਨ ਜੀਉਂਦੇ ਸੀ ਤੇ ਗੁਰਸਿੱਖ ਨੂੰ ਕਿੱਡੀ ਵੱਡੀ ਪਦਵੀ ਮਿਲਦੀ ਹੈ, ਆਪ ਹੈਰਾਨ ਹੋ ਜਾਓਂ।

ਮੁਲਤਾਨ ਦੇ ਅੰਦਰ ਭਾਈ ਤਾਰਾ ਗੁਰਸਿੱਖ ਸੀ ਗੁਰੂ ਸਾਹਿਬ ਦਾ। ਓਸ ਸ਼ਹਿਰ ਵਿਚ ਡਾਕਾ ਪੈ ਗਿਆ, ਕਿਸੇ ਨੇ ਤਾਰੇ ਦਾ ਨਾਉਂ ਲਿਆ। ਸੁਣਨ ਵਾਲੇ ਨੇ ਸੁਣ ਲਿਆ ਕਿ ਤਾਰਾ ਨਾਉਂ ਲੈਂਦੇ ਸੀ। ਦੂਜੇ ਦਿਨ ਜਦੋਂ ਪੁਲਿਸ ਆਈ ਤਾਂ ਉਹ ਕਹਿੰਦੇ ਕਿ ਤਾਰਾ ਨਾਉਂ ਬੋਲਿਆ ਸੀ ਉਥੇ। ਭਾਈ ਤਾਰੇ ਦਾ ਕਾਰੋਬਾਰ ਬੜਾ ਚਲਦਾ ਸੀ, ਅਮੀਰ ਸੀ, ਗੁਰਸਿਖਾਂ ਦੀ ਸੇਵਾ ਕਰਦਾ ਸੀ, ਓਸ ਨੂੰ ਫੜ ਲਿਆ। ਆ ਕੇ ਪੁਛ-ਪੁਛਾਈ ਹੋਈ, ਕਹਿੰਦੇ ਭਾਈ ਤਾਰਾ ਤੇਰਾ ਨਾਉਂ ਲਿਆ ਹੈ। ਤੂੰ ਡਾਕਾ ਮਾਰਿਆ ਹੈ।

ਕਹਿੰਦੇ, ਨਹੀਂ ਮੈਂ ਡਾਕਾ ਤਾਂ ਕੋਈ ਨਹੀਂ ਮਾਰਿਆ। ਪਰ ਇਹ ਹੈ ਕਿ ਮੇਰੇ ਤੇ ਕੋਤਵਾਲ ਸਾਹਿਬ ਨਾਰਾਜ਼ ਨੇ। ਨਰਾਜ਼ ਹੋਣ ਕਰਕੇ, ਕੋਈ ਹੋਣਾ ਤਾਰਾ ਹੋ ਸਕਦਾ ਹੈ, ਪਰ ਮੈਂ ਨਹੀਂ ਡਾਕਾ ਮਾਰਿਆ। ਕੋਤਵਾਲ ਸਾਹਿਬ ਕਿਉਂਕਿ ਏਸ ਕੇਸ ਦਾ ਇਕ ਇਨਾਮ ਰੱਖਿਆ ਗਿਆ, ਤਾਰਾ ਮੇਰਾ ਹੀ ਨਾਉਂ ਹੈ, ਮੈਂ ਫੜਿਆ ਗਿਆ। ਪਰ ਮੈਂ ਸੱਚਾ ਹਾਂ। ਕੋਤਵਾਲ ਸਾਹਿਬ ਨੇ ਏਸ ਗੱਲ ਦੇ ਉਤੇ ਕਿ ਮੈਂ ਇਕ ਮਸ਼ਹੂਰ ਡਾਕੂ ਫੜ ਲਿਆ ਕਿਉਂਕਿ ਤਾਰਾ ਹੀ ਤਾਰਾ ਹੁੰਦੀ ਸੀ ਹਰੇਕ ਥਾਵਾਂ ਦੇ ਉਤੇ। ਜਿਵੇਂ ਮਸ਼ਹੂਰ ਹੋ ਜਾਂਦਾ ਹੈ ਕੋਈ ਬੰਦਾ। ਮੈਨੂੰ ਬੜਾ ਇਨਾਮ ਮਿਲੇਗਾ, ਤਰੱਕੀ ਮਿਲੇਗੀ, ਓਸ ਕਪਟ ਦਾ ਸਹਾਰਾ ਲੈ ਕੇ 80 ਗਵਾਹੀਆਂ ਭਾਈ ਤਾਰੇ ਦੇ ਖਿਲਾਫ ਭੁਗਤਾਅ ਦਿਤੀਆਂ। ਹੁਣ ਕਾਜ਼ੀ ਦੇ ਕੋਲ ਮੁਕਦਮਾ ਸੀ। ਕਾਜ਼ੀ ਕਹਿਣ ਲੱਗਿਆ, ਨਵਾਬ ਸਾਹਿਬ ਨੂੰ ਕਿ ਬੰਦਾ ਕਾਰੋਬਾਰੀ, ਤਾਰਾ ਇਹ ਡਾਕਾ ਮਾਰਦਾ ਹੈ ਤੇ ਸਜ਼ਾ ਇਹਦੀ ਇਹ ਹੈ ਕਿ ਇਹਨੂੰ ਸ਼ਰੇਆਮ ਧਰਤੀ 'ਚ ਅੱਧਾ ਗੱਡ ਕੇ ਉਤੇ ਦਹੀਂ ਪਾ ਕੇ ਕੁੱਤਿਆਂ ਤੋਂ ਜੀਉਂਦਾ ਪੜਵਾ ਦਿਤਾ ਜਾਵੇ। ਬੜੀਆਂ ਸਖਤ ਸਜ਼ਾਵਾਂ ਦਿੰਦੇ ਸੀ।

ਨਵਾਬ ਕਹਿਣ ਲੱਗਿਆ ਕਿ ਮੁਕੱਦਮਾ ਮੇਰੇ ਪੇਸ਼ ਕਰੋ? ਕਹਿੰਦਾ, ਕਿਉਂ ਨਵਾਬ ਸਾਹਿਬ? ਕਹਿੰਦਾ ਮੇਰੇ ਅੰਦਰੋਂ ਆਵਾਜ਼ ਆਉਂਦੀ ਹੈ ਕਿ ਸਿੱਖ ਕਦੇ ਵੀ ਚੋਰੀ ਨਹੀਂ ਕਰੇਗਾ। ਇਹ ਗੁਰੂ ਨਾਨਕ ਦਾ ਸਿੱਖ ਹੋਵੇ ਤੇ ਚੋਰੀ ਕਰੇ। ਗੁਰੂ ਨਾਨਕ ਦਾ ਸਿੱਖ ਹੋਵੇ ਤੇ ਡਾਕੇ ਮਾਰੇ। ਗੁਰੂ ਨਾਨਕ ਦਾ ਸਿੱਖ ਹੋਵੇ ਤੇ ਝੂਠ ਬੋਲੇ। ਨਹੀਂ ਮੇਰਾ ਅੰਦਰੋਂ ਮਨ ਨਹੀਂ ਮੰਨਦਾ। ਕਿਉਂਕਿ ਮੈਂ ਗੁਰੂ ਨਾਨਕ ਦੇ ਸਿੱਖਾਂ ਨਾਲ ਵਾਹ ਪਾ ਕੇ ਦੇਖਿਆ ਹੈ, ਉਹ ਕਦੇ ਝੂਠ ਨਹੀਂ ਬੋਲਦਾ, ਕਦੇ ਉਹ ਕਪਟ ਦੀ ਗੱਲ ਨਹੀਂ ਕਰਦੇ, ਕਦੇ ਛਲ ਦੀ ਗੱਲ ਨਹੀਂ ਕਰਦੇ, ਪਰਇਸਤ੍ਰੀ ਗਮਨ ਨਹੀਂ ਕਰਦੇ, ਸੱਚੇ ਸੁੱਚੇ ਨੇ।

ਕਾਜ਼ੀ ਕਹਿਣ ਲੱਗਿਆ, ਕਿ 90 ਗਵਾਹੀਆਂ ਹੋ ਚੁੱਕੀਆਂ ਨੇ। ਭਾਈ ਤਾਰੇ ਨੂੰ ਕਹਿਣ ਲੱਗੇ ਕਿ ਪੇਸ਼ ਕਰੋ। ਕਹਿਣ ਲੱਗਿਆ, ਭਾਈ ਤਾਰਾ! ਕਾਨੂੰਨ ਦੇ ਮੁਤਾਬਿਕ ਤੇਰੇ ਖਿਲਾਫ 80 ਗਵਾਹੀਆਂ ਹੋ ਗਈਆਂ ਤੇ ਤੇਰੀ ਸ਼ਨਾਖਤ ਹੋ ਚੁੱਕੀ ਹੈ ਤੇ ਪਿਆਰਿਆ ਮੇਰੇ ਅੰਦਰ ਆ ਨਹੀਂ ਰਿਹਾ ਕਿ ਸਿੱਖ ਨਹੀਂ ਹੋ ਸਕਦਾ। ਐਨੇ ਹੋਣ ਦੇ ਬਾਵਜੂਦ ਵੀ ਇਹ ਹੈ ਕਿ ਸਿੱਖ ਕਦੇ ਵੀ ਡਾਕਾ ਨਹੀਂ ਮਾਰੇਗਾ। ਸਿੱਖ ਡਾਕੂਆਂ ਨਾਲ ਲੜ ਕੇ ਸ਼ਹੀਦ ਹੋ ਜਾਏਗਾ, ਪਰ ਸਿੱਖ ਡਾਕਾ ਨਹੀਂ ਮਾਰੇਗਾ। ਸਿੱਖ ਦੂਜੇ ਦੀਆਂ ਬਹੂ ਬੇਟੀਆਂ ਦੀ ਇਜ਼ਤ ਰੱਖਣ ਵਾਸਤੇ ਆਪਣੇ ਪ੍ਰਾਣ ਦੇ ਦਏਗਾ, ਕਦੇ ਦੂਸਰੇ ਦੀਆਂ ਬਹੂ-ਬੇਟੀਆਂ ਦੀ ਬੇਇਜ਼ਤੀ ਨਹੀਂ ਕਰੇਗਾ। ਇਹ ਮੈਂ ਗੁਰੂ ਨਾਨਕ ਦੀ ਤਾਲੀਮ ਸੁਣ ਕੇ, ਪੜ੍ਹ ਕੇ ਇਹ ਮੇਰਾ ਵਿਸ਼ਵਾਸ਼ ਹੈ ਭਾਈ ਤਾਰਾ। ਮੈਨੂੰ ਬੜਾ ਅਫਸੋਸ ਹੁੰਦਾ ਹੈ ਕਿ ਮੈਂ ਅੱਜ ਇਕ ਸਿੱਖ ਨੂੰ ਸਜ਼ਾ ਦੇਣ ਲੱਗਾ ਹਾਂ। ਤੂੰ ਕੋਈ ਸਫਾਈ ਦਾ ਗਵਾਹ ਨਹੀਂ ਲਿਆ ਸਕਦਾ? ਕਹਿਣ ਲੱਗਿਆ, ਨਵਾਬ ਸਾਹਿਬ! ਮੇਰਾ ਗਵਾਹ ਤਾਂ ਮੇਰਾ ਗੁਰੂ ਹੈ, ਗੁਰੂ ਪੰਜਵੇਂ ਪਾਤਸ਼ਾਹ। ਹੋਰ ਕੋਈ ਮੇਰਾ ਗਵਾਹ ਨਹੀਂ ਹੈ। ਕਹਿਣ ਲੱਗੇ, ਐਨਾ ਸ਼ਹਿਰ ਵਸਦਾ ਹੈ? ਕਹਿੰਦੇ ਕੋਤਵਾਲ ਸਾਹਿਬ ਤੋਂ ਡਰਦਾ ਹੈ, ਜੇ ਗਵਾਹੀ ਦੇਣਗੇ ਤਾਂ ਕੋਤਵਾਲ ਸਾਹਿਬ ਨੇ ਉਸੇ ਵਕਤ ਕੇਸ ਵਿਚ ਉਹਨੂੰ ਫੜ ਲੈਣਾ ਹੈ। ਏਸ ਕਰਕੇ ਸਤਿ ਬੋਲਣ ਦੀ ਜ਼ੁਰਅਤ ਨਹੀਂ ਹੈ ਕਿਸੇ ਵਿਚ। ਸੱਚ ਬੋਲ ਨਹੀਂ ਸਕਦਾ ਕੋਈ, ਏਸ ਕਰਕੇ ਮੈਂ ਦੂਜਿਆਂ ਨੂੰ ਕਿਉਂ ਤਕਲੀਫ 'ਚ ਪਾਵਾਂ, ਸਭ ਨੂੰ ਪਤਾ ਹੈ ਮੇਰਾ।

ਉਹ ਕਹਿਣ ਲੱਗਿਆ, ਚੰਗਾ! ਤੂੰ ਗੁਰੂ ਵਾਲਾ ਹੈਂ, ਮੈਂ ਕਾਨੂੰਨ ਦਾ ਰਾਖਾ ਹਾਂ। ਕਾਨੂੰਨ ਦੇ ਮੁਤਾਬਿਕ ਮੈਂ ਤੈਨੂੰ ਸਜ਼ਾ ਦੇਣੀ ਹੀ ਹੈ। ਪਰ ਪੰਦਰਾਂ ਦਿਨ ਦਾ ਮੈਂ ਵਕਫਾ ਦਿੰਦਾ ਹਾਂ। ਪੰਦਰਾਂ ਦਿਨਾਂ ਤੋਂ ਬਾਅਦ ਫੇਰ ਮੁਕੱਦਮਾ ਨਵਾਬ ਸਾਹਿਬ ਦੇ ਕੋਲ ਆਇਆ। ਕਹਿਣ ਲੱਗੇ, ਭਾਈ ਤਾਰਾ! ਤੈਨੂੰ ਸਜ਼ਾ ਇਹ ਮਿਲੀ ਹੈ। ਤੈਨੂੰ ਜੀਉਂਦੇ ਨੂੰ ਚੁਰਾਹੇ ਵਿਚ ਗੱਡ ਕੇ ਕੁੱਤਿਆਂ ਤੋਂ ਪੜਵਾਉਂਣਾ ਹੈ। ਅਜੇ ਵੀ ਇਕ ਮੌਕਾ ਮੈਂ ਤੈਨੂੰ ਦਿੰਦਾ ਹਾਂ ਕਿ ਜੇ ਤੇਰੀ ਸਫਾਈ ਦਾ ਤੇਰਾ ਕੋਈ ਗਵਾਹ ਹੈ ਤਾਂ ਲੈ ਆ। ਕਹਿਣ ਲੱਗਿਆ, ਮੇਰਾ ਤਾਂ ਗਵਾਹ ਮੇਰਾ ਗੁਰੂ ਹੈ, ਹੋਰ ਕੋਈ ਨਹੀਂ ਹੈ। ਮੇਰਾ ਆਪਣਾ ਜੀਵਨ ਹੈ, ਮੇਰੇ ਗੁਰੂ ਦੀ ਬਾਣੀ ਹੈ ਮੇਰੀ ਗਵਾਹ ਜਿਹਨੂੰ ਮੈਂ ਮੰਨਦਾ ਹੈ, ਜਿਹਦੇ ਮੁਤਾਬਿਕ ਮੈਂ ਆਪਣਾ ਜੀਵਨ ਢਾਲ ਰਿਹਾ ਹਾਂ। ਜਿਹਦੀ ਰੋਸ਼ਨੀ ਦੇ ਅੰਦਰ ਮੈਂ ਚਲ ਰਿਹਾ ਹਾਂ। ਮੇਰੇ ਗੁਰੂ ਦੀ ਬਾਣੀ ਨਹੀਂ ਕਹਿੰਦੀ ਕਿ ਡਾਕਾ ਮਾਰੋ, ਮੇਰੇ ਗੁਰੂ ਦੀ ਬਾਣੀ ਨਹੀਂ ਕਹਿੰਦੇ ਕਿ ਕਿਸੇ ਨਾਲ ਵੈਰ ਕਰੋ। ਮੇਰੇ ਗੁਰੂ ਦੀ ਬਾਣੀ ਨਹੀਂ ਕਹਿੰਦੇ ਕਿ ਕਿਸੇ ਦਾ ਬੁਰਾ

ਕਰੋ। ਮੇਰਾ ਗੁਰੂ ਕਹਿੰਦਾ ਹੈ ਕਿ ਜਿਹੜਾ ਬੁਰਾ ਕਰਦਾ ਹੈ ਉਹਦਾ ਵੀ ਭਲਾ ਕਰ। ਮੈਂ ਹੋਰ ਤਰ੍ਹਾਂ ਦੇ ਬੰਦੇ ਸੰਸਾਰ 'ਚ ਲਿਆਉਣੇ ਚਾਹੁੰਦਾ ਹਾਂ ਜਿਹੜੇ ਸੱਚਮੁੱਚ ਰੱਬ ਦੇ ਬੰਦੇ ਨੇ। ਮੇਰਾ ਬੰਦਾ ਕਿਸੇ ਦੀ ਨਿੰਦਿਆ ਨਹੀਂ ਕਰੇਗਾ। ਨਵਾਬ ਸਾਹਿਬ, ਮੈਂ ਗੁਰੂ ਨੂੰ ਮੰਨਣ ਵਾਲਾ, ਮੇਰਾ ਪ੍ਰਥਮ ਗੁਰੂ, ਨਾਨਕ ਕਹਿੰਦਾ ਹੈ ਕਿ 'ਹਮ ਨਹੀ ਚੰਗੇ ਬੁਰਾ ਨਹੀ ਕੋਇ' ਮੇਰੇ ਗੁਰੂ ਨੇ ਅੰਦਰ ਅੱਖ ਖੋਲ੍ਹ ਦਿਤੀ ਤੇ ਮੈਨੂੰ ਹੁਣ ਬੁਰਾ ਦਿਸਣ ਤੋਂ ਹਟ ਗਿਆ।

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥***
***ਤਿਸ ਕੈ ਭਾਣੈ ਕੋਇ ਨ ਭੂਲਾ***
***ਜਿਨਿ ਸਗਲੋ ਬ੍ਰਹਮੁ ਪਛਾਤਾ ॥ ਅੰਗ - ੬੧੦***

ਨਵਾਬ ਨੇ ਪੁਛਿਆ, ਕਿ ਭਾਈ ਤਾਰਾ! ਮੌਤ ਤੋਂ ਡਰ ਨਹੀਂ ਲਗਦਾ?

ਕਹਿਣ ਲੱਗਿਆ, ਨਵਾਬ ਸਾਹਿਬ! ਮੈਂ ਮੌਤ ਦਾ ਜਿਹੜਾ ਕੰਢਾ ਸੀ ਨਾ ਉਹ ਪਾਰ ਕਰਕੇ ਉਥੇ ਬੈਠਾ ਹਾਂ ਜਿੱਥੇ ਮੌਤ ਪਹੁੰਚਦੀ ਨਹੀਂ ਹੈ। ਕਹਿੰਦੇ, ਸਾਰਾ ਸੰਸਾਰ ਡਰਦਾ ਹੈ -

***ਕਬੀਰ ਜਿਸੁ ਮਰਨੇ ਤੇ ਜਗੁ ਡਰੈ***
***ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥***
***ਅੰਗ - ੧੩੬੫***

ਨਵਾਬ ਸਾਹਿਬ! ਜ਼ਿੰਦਗੀ ਦਾ ਜੋ ਆਦਰਸ਼ ਹੈ, ਮੰਤਵ ਹੈ ਉਹ ਮੈਂ ਪਾਰ ਕਰ ਲਿਆ ਉਥੇ ਮੌਤ ਨਹੀਂ ਪਹੁੰਚਦੀ, ਸਰੀਰ ਨੇ ਕਦੇ ਰਹਿਣਾ ਨਹੀਂ, ਇਹ ਤਾਂ ਤ੍ਰੈ ਕਾਲ ਬਿਨਸਣਾ ਹੀ ਬਿਨਸਣਾ ਹੈ, ਅੱਜ ਨਾ ਬਿਨਸਿਆ ਫੇਰ ਬਿਨਸ ਜਾਏਗਾ। ਇਸ ਕਰਕੇ ਮੈਨੂੰ ਮੌਤ ਤੋਂ ਕੋਈ ਡਰ ਨਹੀਂ ਲਗਦਾ। ਸੋਚਣ ਲੱਗ ਗਿਆ, ਕਹਿਣ ਲੱਗਿਆ ਮੈਂ ਥੋੜ੍ਹਾ ਸਮਾਂ ਹੋਰ ਦਿੰਦਾ ਹਾਂ। ਕਾਜ਼ੀ ਕਹਿਣ ਲੱਗਿਆ ਕਿ ਨਵਾਬ ਸਾਹਿਬ, ਹੁਣ ਸਮਾਂ ਕਾਹਦਾ? ਕਹਿੰਦਾ, ਮੇਰਾ ਅੰਦਰੋਂ ਆਵਾਜ਼ ਆ ਰਹੀ ਹੈ ਕਿ ਇਹ ਬੇਕਸੂਰ ਹੈ।

ਕਹਿੰਦਾ, 80 ਗਵਾਹੀਆਂ?

ਕਹਿੰਦਾ, 80 ਗਵਾਹੀਆਂ ਗੁਰੂ ਵਾਲਿਆਂ ਦੀਆਂ ਨਹੀਂ ਹੋਈਆਂ, ਇਹ ਡਰਾਕਲ ਬੰਦਿਆਂ ਦੀਆਂ ਗਵਾਹੀਆਂ ਨੇ ਮੈਂ ਨਹੀਂ ਮੰਨਦਾ। ਅਜੇ ਗੱਲਾਂ ਹੋ ਰਹੀਆਂ ਸੀ, ਭਾਈ ਤਾਰਾ ਕਚਹਿਰੀ ਵਿਚ ਖੜ੍ਹਾ ਹੈ, ਇਕ ਦੂਤ ਆਇਆ ਤੇ ਪਰਵਾਨਾ ਹੱਥ ਵਿਚ ਫੜ੍ਹਾ ਦਿਤਾ ਨਵਾਬ ਦੇ। ਉਸ ਤੇ ਲਿਖਿਆ ਹੋਇਆ ਸੀ, ਨਵਾਬ ਸਾਹਿਬ! ਤੁਹਾਡੇ ਸੂਬੇ ਦੇ ਅੰਦਰ, ਮੁਲਤਾਨ ਦੇ ਅੰਦਰ ਕੋਈ ਤਾਰੇ ਨਾਮ ਦਾ ਸਿੱਖ ਫੜਿਆ ਹੋਇਆ ਹੈ ਕਿ ਇਹਨੇ ਡਾਕਾ ਮਾਰਿਆ ਹੈ, ਤਾਰਾ ਡਾਕੂ ਮੈਂ ਫੜ ਲਿਆ ਹੈ ਤੇ ਸਾਡੀ ਪੁਛ-ਗਿੱਛ ਦੇ ਅੰਦਰ ਹੈ ਤੇ ਉਸਨੇ ਸਾਰਾ ਦੱਸ ਦਿਤਾ ਕਿ ਐਨਾ ਮੈਂ ਸਮਾਨ ਚੁੱਕਿਆ ਸੀ, ਅਸੀਂ ਸਾਰਾ ਸਮਾਨ ਪ੍ਰਾਪਤ ਕਰ ਲਿਆ ਉਸ ਤੋਂ।

ਸਾਰੀ ਗੱਲ ਬਦਲ ਗਈ, ਨਵਾਬ ਖਿੜ ਉਠਿਆ, ਕਹਿਣ ਲੱਗਿਆ, ਕਿਉਂ ਕੋਤਵਾਲ ਸਾਹਿਬ! ਇਕ ਨਾਜ਼ਾਇਜ਼ ਬੰਦੇ ਨੂੰ ਤੁਸੀਂ ਫੜਿਆ, ਕਾਜ਼ੀ ਸਾਹਿਬ, ਤੁਸੀਂ ਵੀ ਨਾ ਅਕਲ ਕਰੀ। ਮੈਂ ਕਹਿੰਦਾ ਸੀ ਨਾ ਕਿ ਗੁਰੂ ਨਾਨਕ ਦਾ ਸਿੱਖ ਕਦੇ ਵੀ ਝੂਠ ਨਹੀਂ ਬੋਲਦਾ, ਕਦੇ ਕਿਸੇ ਨੂੰ ਫਸਾਉਂਦਾ ਨਹੀਂ। ਦੁੱਖ ਦੂਨੀਆਂ ਦਾ ਆਪਣੇ ਸਿਰ ਤੇ ਲੈ ਲੈਂਦਾ ਹੈ। ਦੂਸਰੇ ਨੂੰ ਦੁਖੀ ਨਹੀਂ ਕਰਦਾ, ਦੂਜੇ ਦਾ ਭਲਾ ਕਰਦਾ ਹੈ, ਬੁਰਿਆਈ ਨਹੀਂ ਕਰਦਾ, ਨਿੰਦਿਆ ਨਹੀਂ ਕਰਦਾ, ਚੁਗਲੀ ਨਹੀਂ ਕਰਦਾ, ਸਤਿ ਦੀ ਕਿਰਤ ਕਰਦਾ ਹੈ, ਸੋ ਬਾ-ਇਜ਼ਤ ਤਰੀਕੇ ਨਾਲ ਬਰੀ ਹੀ ਨਹੀਂ ਕੀਤਾ, ਮਾਫੀਆਂ ਮੰਗੀਆਂ, ਕਹਿਣ ਲੱਗੇ, ਭਾਈ ਤਾਰਾ! ਤੈਨੂੰ ਕਿੰਨੇ ਮਹੀਨੇ ਹੋ ਗਏ ਕਾਰਾਗਾਰ ਦੇ ਅੰਦਰ। ਬੜੀ ਤਕਲੀਫ ਹੋਈ, ਮੈਂ ਬੜਾ ਸ਼ਰਮਿੰਦਾ ਹਾਂ ਕਿ ਮੈਂ ਇਕ ਗੁਰੂ ਦੇ ਸਿੱਖ ਨੂੰ ਨਾਜ਼ਾਇਜ਼ ਤਕਲੀਫ ਦਿਤੀ। ਭਾਵੇਂ ਮੈਂ ਅੰਦਰੋਂ ਮੰਨਦਾ ਸੀ।

ਸੋ ਇਹ ਕੋਈ ਜੀਵਨ ਛੋਟਾ ਜਿਹਾ ਹੈ ਸਾਧਸੰਗਤ ਜੀ! ਮੈਦਾਨ-ਏ-ਜੰਗ ਦੇ ਅੰਦਰ ਕਾਜ਼ੀ ਨੂਰਦੀਨ ਆਉਂਦਾ ਹੈ, ਅਹਿਮਦ ਸ਼ਾਹ ਅਬਦਾਲੀ ਦੇ ਨਾਲ, ਉਹ ਜਾ ਕੇ ਲਿਖਦਾ ਹੈ ਕਿ ਇਨ੍ਹਾਂ ਨੂੰ ਝੂਠੇ ਨਾ ਕਹੋ, ਇਹ ਝੂਠ ਨਹੀਂ ਬੋਲਦੇ, ਇਹ ਕਪਟੀ ਨਹੀਂ ਹੈਗੇ। ਇਹ ਪਰਇਸਤ੍ਰੀ ਗਮਨ ਨਹੀਂ ਕਰਦੇ। ਇਹ ਜੇ ਕਿਸੇ ਦਾ ਸ਼ਸਤਰ ਟੁੱਟ ਜਾਵੇ, ਉਹਨੂੰ ਫੇਰ ਨਹੀਂ ਮਾਰਦੇ। ਕਹਿੰਦੇ ਨੇ ਕਿ ਹੋਰ ਸ਼ਸਤਰ ਲੈ ਜੇ ਲੜਨਾ ਹੈ। ਸੂਰਮੇ ਦਾ ਕੰਮ ਨਹੀਂ ਕਿ ਸ਼ਸਤਰ ਟੁੱਟ ਜਾਏ ਤੇ ਮਾਰ ਦਿਓ। ਜੇ ਕੋਈ ਇਨ੍ਹਾਂ ਦੀ ਸ਼ਰਨ ਲੈ ਲਵੇ ਫੇਰ ਇਹ ਮਾਰਦੇ ਨਹੀਂ। ਕਹਿੰਦੇ ਨੇ ਇਨ੍ਹਾਂ ਨੂੰ ਕੁੱਤੇ ਨਾ ਕਹੋ ਇਹ ਸੱਚਮੁੱਚ ਸ਼ੇਰ ਨੇ। ਸੋ ਐਸੀ ਕੁਆਲਿਟੀ ਦੇ ਬੰਦੇ ਗੁਰੂ ਮਹਾਰਾਜ ਨੇ, ਗੁਰੂ ਨਾਨਕ ਪਾਤਸ਼ਾਹ ਨੇ ਆਪਣੀ ਬਾਣੀ ਦੇ ਬਲ ਦੇ ਨਾਲ ਪੈਦਾ ਕਰ ਦਿਤੇ ਸੀ ਤੇ ਗੁਰੂ ਛੇਵੇਂ ਪਾਤਸ਼ਾਹ ਨੂੰ ਜਦੋਂ ਯੁੱਧ ਲੜਨਾ ਪਿਆ, ਇਕ ਦਮ ਪਰਵਾਨਿਆਂ ਵਾਂਗਣ ਆ ਕੇ ਸ਼ਹੀਦੀਆਂ ਪ੍ਰਾਪਤ ਕਰੀਆਂ। ਸੋ ਇਹ ਗੁਰੂ ਮਹਾਰਾਜ ਗੁਰੂ ਦਸ਼ਮੇਸ਼ ਪਿਤਾ ਨੇ ਏਸ ਨੂੰ ਵਿਉਂਤਬੰਦ ਦੇ ਅੰਦਰ ਜਿਵੇਂ ਪੁਸ਼ਾਕ ਪਾਉਣੀ ਹੁੰਦੀ ਹੈ, **uniformity** ਲਿਆਉਣੀ ਸੀ। ਖਾਲਸਾ ਪਹਿਲਾਂ ਹੀ ਤਿਆਰ ਸੀ। ਇਹਦੀ ਤਿਆਰੀ ਸਾਰੀ ਹੋ ਚੁੱਕੀ ਸੀ, ਕੇਵਲ ਰੂਪ ਰੇਖਾ ਦੇਣੀ ਸੀ, ਮਕਾਨ ਬਣਿਆ ਪਿਆ ਸੀ ਸਾਰਾ। ਜਿਸ ਵਕਤ ਗੁਰੂ ਮਹਾਰਾਜ ਜੀ ਖਾਲਸਾ ਆਦਰਸ਼ ਪ੍ਰਗਟ ਕਰਦੇ ਨੇ ਤਾਂ 'ਖਾਲਸਾ' ਨਾਉਂ ਲਿਖੇ ਤੋਂ ਨਹੀਂ ਹੁੰਦਾ।

ਖਾਲਸਾ ਆਦਰਸ਼ ਹੁੰਦਾ ਹੈ। ਮਹਾਰਾਜ ਨੇ ਐਵੇਂ ਨਹੀਂ ਕਹਿ ਦਿਤਾ। ਖਾਲਸਾ ਮੇਰਾ ਸੱਜਣ ਹੈ, ਸੂਰਮਾ ਹੈ, ਖਾਲਸਾ ਮੇਰਾ ਗੁਰੂ ਹੈ, ਸਤਿਗੁਰੂ ਪੂਰਾ ਹੈ ਖਾਲਸਾ ਹੈ ਤੇ ਇਹ ਵੀ ਕਹਿ ਦਿਤਾ –

***ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥***
***(ਸਰਬ ਲੋਹ ਗ੍ਰੰਥ 'ਚੋਂ)***

ਮੇਰੇ ਵਿਚ ਤੇ ਮੇਰੇ ਖਾਲਸੇ ਦੇ ਅੰਦਰ ਤੇ ਵਾਹਿਗੁਰੂ ਦੇ ਅੰਦਰ ਰੰਚਕ ਜਿੰਨਾ ਭੇਦ ਨਾ ਜਾਣੋ। ਇਥੇ ਸ਼ੰਕਾ ਕਰ ਦਿੰਦੇ ਨੇ ਕਿ ਇਥੇ ਗੁਰੂ ਸਾਹਿਬ ਨੇ ਬਰਾਬਰੀ ਕਰ ਲਈ ਅਕਾਲਪੁਰਖ ਦੀ। ਇਕ ਥਾਂ ਤੇ ਉਹ ਕਹਿੰਦੇ ਨੇ –

***ਜੋ ਹਮ ਕੋ ਪਰਮੇਸਰ ਉਚਰਿ ਹੈਂ।***
***ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।***

ਜਦੋਂ ਇਹ ਬਚਨ ਉਚਾਰਿਆ ਗੁਰੂ ਸਾਹਿਬ ਨੇ, ਪਹਿਲਾਂ ਵਚਿੱਤਰ ਨਾਟਕ ਦਾ ਬਚਨ ਭੁੱਲ ਚੁੱਕੇ ਸੀ? ਨਹੀਂ ਸਾਧਸੰਗਤ ਜੀ! ਇਹ ਅਵਸਥਾ ਭੇਦ ਹੁੰਦਾ ਹੈ। **indiviual** ਜੋ ਬੰਦਾ ਹੈ ਉਹ ਕਿੱਡਾ ਹੀ ਉਚਾ ਕਿਉਂ ਨਾ ਹੋਵੇ, ਉਹ ਰੱਬ ਨਹੀਂ ਹੋਇਆ ਕਰਦਾ, **collective** ਜਿਹੜਾ ਹੁੰਦਾ ਹੈ ਉਹ ਰੱਬ ਤੋਂ ਅੱਡ ਨਹੀਂ ਹੁੰਦਾ। **collective** ਜੋ ਕੁਛ ਯੂਨਿਟ ਹੈ ਉਹ ਜਿਹੜਾ ਯੂਨਿਟ ਦਾ ਆਪਣਾ ਫਰਜ਼ ਹੋਇਆ ਕਰਦਾ ਹੈ। ਜਿਹੜੀ **totality** ਹੈ ਉਹ ਪ੍ਰਮੇਸ਼ਰ ਹੈ ਸਾਰੀ। ਇਕ ਬੰਦੇ ਨੂੰ ਤੁਸੀਂ ਪ੍ਰਮੇਸ਼ਰ ਕਹੋ, ਦੂਜੇ ਕੌਣ ਨੇ, ਜੇ ਤੁਹਾਡੀ ਐਨੀ ਸੋਝੀ ਖੁਲ੍ਹ ਗਈ, ਫੇਰ ਵਾਹਿਗੁਰੂ ਤੋਂ ਬਿਨਾਂ ਇਥੇ ਹੈ ਕੋਈ ਨਹੀਂ, ਸਭ ਪ੍ਰਮੇਸ਼ਰ ਹੀ ਹੈ। ਜੇ ਇਕ ਬੰਦੇ ਨੂੰ ਤੁਸੀਂ ਰੱਬ ਕਹਿੰਦੇ ਓਂ, ਇਕ ਨੂੰ ਦੁਸ਼ਟ ਕਹਿੰਦੇ ਹੋਂ ਫੇਰ ਝੂਠ ਬੋਲਦੇ ਹੋਂ। ਫੇਰ ਜਿਹਨੂੰ ਰੱਬ ਕਹਿੰਦੇ ਓਂ ਉਹ ਰੱਬ ਨਹੀਂ ਹੈ, ਜਿਹਨੂੰ ਦੁਸ਼ਟ ਕਹਿੰਦੇ ਓਂ ਉਹ ਦੁਸ਼ਟ ਨਹੀਂ ਹੈ। ਫੇਰ ਝੂਠ ਨਾ ਬੋਲੋ। ਕਿਉਂਕਿ ਅਗਿਆਨ ਦੀਆਂ ਗੱਲਾਂ ਨੇ, ਗਿਆਨ ਦੀ ਗੱਲ ਹੋਰ ਹੁੰਦੀ ਹੈ। ਸੋ ਗੁਰੂ ਸਾਹਿਬ ਐਨਾ ਉਚਾ ਲੈ ਗਏ ਕਿ ਉਨ੍ਹਾਂ ਵਿਚ ਤੇ ਪ੍ਰਮੇਸ਼ਰ ਵਿਚ ਭੇਤ ਨਹੀਂ ਹੈ ਤੇ ਜਿਹੜੇ ਦੇਵਤੇ ਨੇ ਜਿਨ੍ਹਾਂ ਨੂੰ ਮਨੁੱਖਾਂ ਤੋਂ ਉਚਾ ਗਿਣਿਆ ਜਾਂਦਾ ਸੀ ਉਹ ਦੇਵਤੇ ਵੀ ਉਸੇ ਆਦਰਸ਼ ਦੀ ਢੂੰਡ ਦੇ ਵਿਚ ਸੰਸਾਰ ਤੇ ਆ ਕੇ ਗੁਪਤ ਰੂਪ ਵਿਚ ਦੇਖਦੇ ਫਿਰਦੇ ਨੇ।

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
***ਅੰਗ – ੨੭੩***

ਕਿਉਂ ਖੋਜਦਾ ਹੈ? ਨਾਲ ਹੀ ਜਵਾਬ ਹੈ –

***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥***
***ਅੰਗ – ੨੭੩***

ਜਿਹਦੇ 'ਚੋਂ ਮੈਂ ਦਾ ਖਾਤਮਾ ਹੋ ਗਿਆ, ਉਹਦੇ ਵਿਚ ਵਾਹਿਗੁਰੂ ਹੈ। ਹੈ ਤਾਂ ਵਾਹਿਗੁਰੂ ਤੁਹਾਡੇ ਸਾਰਿਆਂ 'ਚ, ਮੇਰੇ ਵਿਚ ਹੈ ਤੁਹਾਡੇ ਵਿਚ ਵੀ ਹੈ, ਪਰ ਇਕ ਮੰਜ਼ਲ ਹੇਠਾਂ ਉਤਰ ਕੇ ਅਸੀਂ ਆਪਣੇ ਆਪ ਨੂੰ ਆਪੇ ਹੀ ਜੀਵ ਆਤਮਾ ਮੰਨ ਲਿਆ। ਜੀਵ ਆਤਮਾ ਵੀ ਨਹੀਂ ਮੰਨਿਆ, ਆਹ ਜਿਹੜਾ ਸਰੀਰ ਹੈ, ਇਹੀ ਬਣ ਗਏ, ਮੇਰਾ ਨਾਉ ਫਲਾਣਾ, ਮੇਰਾ ਫਲਾਣਾ। ਇਹ ਤਾਂ ਸਰੀਰ ਹੈ ਪੰਜ ਤੱਤ ਦਾ ਬਣਿਆ ਹੈ। ਬ੍ਰਹਮਗਿਆਨੀ ਦੇ ਅੰਦਰ ਪੂਰਨ ਪ੍ਰਕਾਸ਼ ਹੁੰਦਾ ਹੈ, ਉਹਦੇ ਵਿਚ ਜਿਹੜੀ ਝੂਠੀ ਮੈਂ ਹੈ ਉਹ ਖਤਮ ਹੋ ਜਾਂਦੀ ਹੈ, ਅਸਲ ਵਿਚ ਪ੍ਰਮੇਸ਼ਰ ਸਾਰੇ ਸਰੀਰਾਂ 'ਚ ਬੈਠਾ ਆਪ ਹੀ ਕੰਮ ਕਰਦਾ ਹੈ, ਸਤਿ ਤਾਂ ਹੈਗਾ ਇਹ। ਲੇਕਿਨ ਮਾਇਆ ਦੇ ਅਸਰ ਅੰਦਰ, ਭੁੱਲ ਦੇ ਅੰਦਰ, ਇਹ ਪਦਵੀ ਤੋਂ ਜਿਹੜੀ ਸੁਰਤ ਸੀ ਹੇਠਾਂ ਉਤਰ ਕੇ ਆ ਕੇ ਸਾਢੇ ਤਿੰਨ ਹੱਥ ਦਾ ਸਰੀਰ ਬਣ ਗਈ। ਬ੍ਰਹਮਗਿਆਨੀ ਜਿਹੜਾ ਹੁੰਦਾ ਹੈ ਉਹ ਸਰੀਰ ਨਹੀਂ ਹੁੰਦਾ, ਉਹ ਪੂਰਨ ਜੋਤ ਦੇ ਵਿਚ ਪ੍ਰਕਾਸ਼ਤ ਹੁੰਦਾ, ਆਪਣੀ ਹਸਤੀ ਖੋ ਬੈਠਦਾ ਹੈ, ਉਥੇ ਕੁਛ ਨਹੀਂ ਹੁੰਦਾ, ਰੱਬ ਤੋਂ ਬਿਨਾਂ।

***ਜਬ ਹਮ ਹੋਤੇ ਤਬ ਤੂ ਨਾਹੀ***
***ਅਬ ਤੂਹੀ ਮੈ ਨਾਹੀ॥***
***ਅਨਲ ਅਗਮ ਜੈਸੇ ਲਹਰਿ ਮਇ ਓਦਧਿ***
***ਜਲ ਕੇਵਲ ਜਲ ਮਾਂਹੀ ॥ ਅੰਗ – ੬੫੭***

ਜਦੋਂ ਹਸਤੀ ਖੋਈ ਤਾਂ ਰੱਬ ਰਹਿ ਗਿਆ ਉਹਦੇ ਵਿਚ, ਮਹਾਰਾਜ ਫੁਰਮਾਨ ਕਰਦੇ ਨੇ –

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ॥***
***ਅੰਗ – ੫੫੦***

ਕਹਿੰਦੇ, ਆਹ ਸਰੀਰ ਰੂਪੀ ਦਰਖਤ ਦੇ ਉਤੇ ਦੋ ਪੰਛੀ ਬੈਠੇ ਨੇ ਇਕ ਤਾਂ ਬੁੱਧੀ ਰੂਪ ਹੈ ਜਿਹਨੂੰ ਜੀਵ ਆਤਮਾ ਕਹਿੰਦੇ ਨੇ, ਇਕ ਪ੍ਰਮੇਸ਼ਰ ਹੈ, ਪ੍ਰਮੇਸ਼ਰ ਅਸਲ ਹੈ ਨਾ ਕਿਤੇ ਜਾਂਦਾ ਹੈ ਨਾ ਕਿਤੇ ਆਉਂਦਾ ਹੈ, ਸਦਾ ਅਨੰਦ ਦੇ ਵਿਚ ਰਹਿੰਦਾ ਹੈ, ਜਿਹੜਾ ਜੀਵ ਆਤਮਾ ਹੈ ਇਹ ਉਡਦਾ ਫਿਰਦਾ ਹੈ –

***ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ॥***
***ਜੇਤਾ ਊਡਹਿ ਦੁਖ ਘਣੇ***
***ਨਿਤ ਦਾਝਹਿ ਤੈ ਬਿਲਲਾਹਿ॥ ਅੰਗ – ੬੬***

ਮਾਇਆ ਵਿਚ ਫਸ ਗਿਆ –

***ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ॥***
***ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ॥***
***ਅੰਗ – ੫੦***

ਹੇਠਲੇ ਪੱਧਰ ਤੇ ਸੁਰਤ ਆ ਗਈ, ਹੇਠਾਂ ਆ ਕੇ ਮੈਂ ਬਣ ਗਈ ਜਿੰਨਾ ਚਿਰ ਮੈਂ ਹੈ ਓਨਾ ਚਿਰ ਗਿਆਨ ਨਹੀਂ ਹੁੰਦਾ। ਜਦੋਂ ਮੈਂ ਮਿਟ ਗਈ ਫੇਰ ਅਸਲ ਰਹਿ ਗਿਆ ਇਹਦੇ ਵਿਚ। ਬ੍ਰਹਮਗਿਆਨ ਆਪ ਪ੍ਰਮੇਸ਼ਰ ਹੁੰਦਾ ਹੈ।

ਗੁਰੂਆਂ ਦੀ ਬਾਣੀ ਨੇ ਮਨੁੱਖ ਨੂੰ ਐਨਾ ਉਚਾ ਚੁੱਕ ਦਿਤਾ ਕਿ ਤੂੰ ਮਨੁੱਖਪੁਣਾ ਭੁੱਲ ਜਾਹ, ਤੂੰ ਆਪਣੇ ਆਪ ਨੂੰ ਪਛਾਣ, ਤੂੰ ਹੈ ਹੀ ਰੱਬ। ਸੋ ਇਕ ਆਦਰਸ਼ ਹੈ ਬਹੁਤ ਉਚਾ ਜਿਹੜਾ ਗੁੰਮ ਹੋ ਚੁਕਿਆ ਸੀ। ਪ੍ਰੈਕਟੀਕਲ ਨਹੀਂ ਸੀ ਰਿਹਾ, ਗ੍ਰੰਥਾਂ ਦੇ ਵਿਚ ਰਹਿ ਗਿਆ ਸੀ। ਸੋ ਉਹ ਜਿਹੜਾ ਆਦਰਸ਼ ਹੈ ਉਹਦੇ ਵਿਚ ਦਇਆ ਪ੍ਰਧਾਨ ਹੁੰਦੀ ਹੈ ਕਿਉਂਕਿ ਦਇਆ ਤੋਂ ਧਰਮ ਪੈਦਾ ਹੁੰਦਾ ਹੈ, ਧਰਮ ਹੀ ਜੀਵਨ ਹੁੰਦਾ ਹੈ। ਸੋ ਇਸ ਉਚੇ ਆਦਰਸ਼ ਦੇ ਉਤੇ ਦਇਆਵੰਤ ਬਣਾਇਆ ਹੈ ਮਨੁੱਖ ਨੂੰ। ਖਿਮਾ ਦਾ ਜੀਵਨ ਬਖਸ਼ਿਆ। ਖਿਮਾ ਦੀਆਂ ਨੀਸ਼ਾਨੀਆਂ - ਕਿਸੇ ਜੀਵਨ 'ਚ ਕੁਛ ਹੁੰਦਾ ਹੈ, ਕਿਸੇ ਵਿਚ ਕੁਛ ਹੁੰਦਾ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਦੇ ਅੰਦਰ ਖਿਮਾ ਦਾ ਗੁਣ ਪ੍ਰਧਾਨ ਸੀ। ਸਾਰੀ ਜ਼ਿੰਦਗੀ ਦੇ ਅੰਦਰ ਉਹਨੇ ਇਕ ਵੀ ਬੰਦੇ ਨੂੰ ਫਾਂਸੀ ਦੀ ਸਜ਼ਾ ਨਹੀਂ ਦਿਤੀ। ਇਕ ਵੀ ਬੰਦੇ ਦਾ ਸਿਰ ਨਹੀਂ ਵੱਢਿਆ ਆਪਣੇ ਆਪ। ਸੋ ਇਸ ਤਰ੍ਹਾਂ ਦੇ ਨਾਲ ਸ਼ਹਿਨਸ਼ੀਲਤਾ, ਧੀਰਜੀ ਹੋਵੇ, ਕਾਹਲਾ ਨਾ ਪਵੇ, ਕਾਹਲਾ ਹਮੇਸ਼ਾ ਗਲਤੀਆਂ ਕਰਦਾ ਹੈ, ਕਾਹਲੇ ਬੰਦੇ ਤੋਂ ਕੋਈ ਇਨਸਾਫ ਦੀ ਉਮੀਦ ਨਹੀਂ ਹੋਇਆ ਕਰਦੀ। ਚੌਥਾ ਗੁਣ ਸੀ ਕਿ ਜੋ ਕੁਛ ਹੋ ਗਿਆ ਅਰਦਾਸ ਕਰੋ, ਇਕੱਲੇ ਹੀ ਨਾ ਖਾਵੋ। ਜੇ ਗੁਰੂ ਨੇ ਅਮੀਰੀ ਦਿਤੀ ਹੈ ਅਮੀਰੀ ਨੂੰ ਵੰਡ ਕੇ ਖਾਓ। ਤੁਹਾਡੇ ਨੇੜੇ ਰਹਿਣ ਵਾਲੇ ਗਰੀਬ ਨੇ, ਧਿਆਨ ਦੇਵੋ ਉਨ੍ਹਾਂ ਦਾ ਵਸਤਰ ਨਹੀਂ ਹੈ ਵਸਤਰ ਦੇਵੋ। ਖੁਰਾਕ ਨਹੀਂ ਹੈ ਤਾਂ ਖੁਰਾਕ ਦੇਵੋ, ਤੁਹਾਡਾ ਕੀ ਵਿਗੜਦਾ ਹੈ, ਤੁਹਾਨੂੰ ਪ੍ਰਮੇਸ਼ਰ ਨੇ ਬੇਅੰਤ ਦਿਤਾ ਹੋਇਆ ਹੈ। ਜਦੋਂ ਵੰਡ ਕੇ ਖਾਵੋਂਗੇ ਪ੍ਰਮੇਸ਼ਰ ਦਇਆਲ ਹੋਵੇਗਾ। ਜਿੰਨੀ ਕੁ ਚੀਜ਼ ਮਿਲ ਗਈ, ਸਾਥੀ ਸਾਰੇ ਵੰਡ ਲਓ। ਇਕ-ਇਕ ਗਰਾਹੀ ਆਉਂਦੀ ਹੈ ਛੋਲਿਆਂ ਦੀ, ਮੁੱਠ-ਮੁੱਠ ਆਉਂਦੀ ਹੈ, ਇਕੱਲੇ ਨਾ ਖਾਓ। ਵੰਡ ਕੇ ਛਕੋ ਜੋ ਕੁਛ ਵੀ ਹੈ। ਜੇ ਪ੍ਰਬੰਧ ਨਹੀਂ ਹੁੰਦਾ ਤਾਂ ਗੁਰਦੁਆਰਾ ਸਾਰਿਆਂ ਦਾ ਸਾਂਝਾ ਹੁੰਦਾ ਹੈ, ਆਪਣੀ ਕਮਾਈ ਦੇ ਵਿਚੋਂ ਸਹਿਜ ਨਾਲ ਜੋ ਦੇ ਸਕਦੇ ਹੋਂ, ਉਥੇ ਆ ਕੇ ਜਮ੍ਹਾਂ ਕਰਾ ਦਿਓ ਤੇ ਉਨ੍ਹਾਂ ਨੂੰ ਤਾਕੀਦ ਕਰ ਦਿਓ ਕਿ ਪਿਆਰਿਆ! ਇਹ ਗੁਰੂ ਨਾਨਕ ਦਾ ਘਰ ਹੈ ਇਥੇ ਨਿਸ਼ਾਨ ਲੱਗਿਆ ਹੋਇਆ ਹੈ, ਇਹਦਾ ਫਰਾਇਰਾ ਹਰ ਵਕਤ ਹਿੱਲਦਾ ਹੈ, ਦੋ ਤਿੰਨ ਗੱਲਾਂ ਕਹਿੰਦਾ ਹੈ ਕਿ ਭੁੱਖਾ ਜੇ ਕੋਈ ਦੇਖਦਾ ਹੈ ਤਾਂ ਆ ਜਾਵੇ, ਮੁਹੰਮਦ ਸਾਹਿਬ ਬਾਰੇ ਲਿਖਦੇ ਨੇ ਕਿ ਸਿਰਫ ਦੋ ਕੱਪੜੇ ਪਹਿਨਦਾ ਸੀ ਮੁਹੰਮਦ ਸਾਹਿਬ, ਇਕ ਤਾਂ ਤੇੜ ਧੋਤੀ ਹੁੰਦੀ, ਤੰਬਾ ਜਿਹਨੂੰ ਕਹਿੰਦੇ ਨੇ, ਦੂਸਰਾ ਸਿਰ ਦੇ ਉਤੇ ਬੰਨਣ ਵਾਸਤੇ ਇਕ ਚਾਦਰ ਹੁੰਦੀ, ਸਰੀਰ ਤੇ ਪਾਉਣ ਨੂੰ ਕੋਈ ਚੀਜ਼ ਨਹੀਂ ਸੀ, ਉਨ੍ਹਾਂ ਦਾ ਇਹ ਨੇਮ ਸੀ ਪ੍ਰਸ਼ਾਦਾ ਤਿਆਰ ਹੋਣ ਤੋਂ ਬਾਅਦ ਕੋਠੇ ਦੀ ਛੱਤ ਤੇ ਚੜ੍ਹ ਕੇ ਪੂਰੇ ਜ਼ੋਰ ਨਾਲ ਕਹਿੰਦੇ ਸੀ ਕਿ ਕੋਈ ਭੁੱਖਾ ਮੇਰੀ ਆਵਾਜ਼ ਸੁਣਦਾ ਹੋਵੇ, ਜਿਹਨੂੰ ਅੱਜ ਪ੍ਰਸ਼ਾਦਾ ਨਾ ਮਿਲਿਆ ਹੋਵੇ, ਉਹ ਐਸ ਆਵਾਜ਼ ਦੀ ਸੇਧ ਵਿਚ ਆ ਜਾਵੇ। ਉਹਦੀ ਸੇਧ ਵਿਚ ਆ ਜਾਣਾ। ਕਈ ਵਾਰੀ ਐਸਾ ਹੋਣਾ ਕਿ ਇਨ੍ਹਾਂ ਵਾਸਤੇ ਕੁਛ ਵੀ ਨਾ ਬਚਣਾ। ਦੂਜੇ ਦਿਨ ਫੇਰ ਇਸੇ ਤਰ੍ਹਾਂ ਕਿ ਕੁਛ ਨਾ ਬਚਿਆ। ਐਸਾ ਆਉਂਦਾ ਹੈ ਕਿ ਕਈ ਵਾਰੀ ਤਿੰਨ-ਤਿੰਨ, ਚਾਰ-ਚਾਰ ਦਿਨ ਇਨ੍ਹਾਂ ਨੂੰ ਖਾਣਾ ਹੀ ਨਾ ਆਪਣੇ ਵਾਸਤੇ ਬਚਿਆ। ਐਵੇਂ ਤਾਂ ਨਹੀਂ ਤਪ ਤੇਜ਼ ਹੋ ਗਿਆ ਉਨ੍ਹਾਂ ਦਾ। ਤਾਲੀਮ ਤਾਂ ਉਨ੍ਹਾਂ ਦੀ ਬਿਲਕੁਲ ਸ਼ੁੱਧ ਸੀ, ਬਾਅਦ ਵਿਚ **pollusion** ਆਉਂਦੀ ਹੈ, ਸਾਡੇ ਵੀ ਆ ਜਾਣੀ ਹੈ, ਆ ਵੀ ਗਈ ਹੈ।

ਸੋ ਇਸ ਤਰ੍ਹਾਂ ਦੇ ਨਾਲ ਵੰਡ ਛਕਣ ਦਾ, ਬਹੁਤ ਹੀ ਵੱਡਾ ਮਹਾਤਮਾ ਹੈ, ਉਹਦਾ ਨਤੀਜਾ ਕੀ ਹੈ ਕਿ ਪੰਜਾਬ ਵਿਚ ਕੋਈ ਬੰਦਾ ਭੁੱਖਾ ਹੀ ਨਹੀਂ ਮਰ ਸਕਦਾ। ਹੋਰ ਬਾਹਰ ਚਲੇ ਜਾਓ ਰੋਟੀ ਨਹੀਂ ਮਿਲਦੀ ਕਿਤੇ ਵੀ। ਪੰਜਾਬ ਵਿਚ ਫਿਰੀ ਜਾਓ, ਕੋਈ ਬੰਦਾ ਜੇ ਕਹੇ ਨਾ ਕਿ ਮੈਂ ਕੋਈ ਕੰਮ ਨਹੀਂ ਕਰਨਾ, ਵੈਸੇ ਤਾਂ ਮਾੜੀ ਗੱਲ ਹੈ ਇਹ ਬਹੁਤ, ਪਰ ਰੋਟੀ ਤੋਂ ਗੁਰੂ ਉਹਨੂੰ ਭੁੱਖਾ ਨਹੀਂ ਮਰਨ ਦਿੰਦਾ, 13-14 ਹਜ਼ਾਰ ਗੁਰਦੁਆਰਾ ਹੈ, ਇਕ ਦਿਨ ਇਕ ਥਾਉਂ ਰਹਿ, ਦੂਜੇ ਦਿਨ ਦੂਜੇ ਥਾਉਂ ਚਲਿਆ ਜਾਹ, ਕਿੰਨੇ ਸਾਲ ਕੱਟ ਲਏ। ਸੋ ਪੰਜਾਬ ਵਿਚ ਤਾਂ ਕੋਈ ਭੁੱਖਾ ਮਰਦਾ ਹੀ ਨਹੀਂ। ਦੇਸ਼ ਹੀ ਐਸਾ ਭਾਗਾਂ ਵਾਲਾ ਹੈ। ਗੁਰੂ ਨੇ ਐਸਾ ਬੰਦੋਬਸਤ ਕਰ ਦਿਤਾ। ਸੋ ਵੰਡ ਕੇ ਛਕਣਾ।

ਸਭ ਤੋਂ ਉਤਮ ਜੋ ਚੀਜ਼ ਹੈ ਉਹ ਇਹ ਹੈ ਕਿ ਸਭ ਦੇ ਵਿਚ ਪ੍ਰਮੇਸ਼ਰ ਦੇਖਣਾ। ਵੈਰ ਭਾਵ ਦੇ ਨਾਲ ਨਹੀਂ ਦੇਖਣਾ। ਜੇ ਕੋਈ ਮਾੜਾ ਬੰਦਾ ਹੈ ਉਹਦੇ ਵਲ ਵੀ ਪਿਆਰ ਦੀ ਦ੍ਰਿਸ਼ਟੀ ਕਰਨੀ ਹੈ, ਉਹਦੇ ਅੰਦਰ ਚਲੇ ਜਾਏਗੀ, ਸੁਧਰ ਜਾਏਗਾ ਉਹ। ਦੂਜਿਆਂ ਦਾ ਦੁੱਖ ਸੁਣ ਕੇ ਜਿੰਨਾ ਤਾਣ ਪ੍ਰਮੇਸ਼ਰ ਨੇ ਦਿਤਾ ਹੈ, ਉਨ੍ਹਾਂ ਕੁ ਅਗਲੇ ਦਾ ਦੁਖ ਜ਼ਰੂਰ ਦੂਰ ਕਰੇ। ਜੇ ਤਾਂ ਗੁਜਾਇਸ਼ ਬਹੁਤ ਵੱਡੀ ਹੈ ਤਾਂ, ਤਾਂ ਉਹਦਾ ਦੁੱਖ ਦੂਰ ਕਰ ਦਿਓ, ਨਹੀਂ ਤਾਂ ਹਮਦਰਦੀ ਜ਼ਰੂਰ ਕਰੇ। ਸੋ ਇਹ ਗੁਰਸਿੱਖ ਦੇ ਅੰਦਰ ਸਿਫਤ ਭਰ ਦਿਤੀ।

ਇਹ ਸਰਦਾਰ ਬਣਾਇਆ ਸਾਰੀ ਸ੍ਰਿਸ਼ਟੀ ਦਾ। ਫੇਰ ਉਹਦੇ ਅੰਦਰ ਅਭਿਮਾਨ ਨਹੀਂ ਹੈ ਕਿ ਮੈਂ ਵੱਡਾ ਅਫਸਰ ਬਣ ਗਿਆ। ਉਹਦੇ ਅੰਦਰ ਵੀ ਹੈ ਕਿ ਮੈਂ ਸੇਵਾ ਕਰ ਲਵਾਂ। ਮੈਨੂੰ ਸੇਵਾ ਦਾ ਮੌਕਾ ਮਿਲੇ ਤੇ ਮੈਂ

ਹੁਣ ਸੇਵਾ ਕਰ ਜਾਵਾਂ। ਪਰਾਈਮ ਮਨਿਸਟਰ ਬਣ ਗਿਆ ਤਾਂ ਹੁਣ ਸੇਵਾ ਕਰ, ਤੈਨੂੰ ਸੇਵਾ ਦੇ ਵਾਸਤੇ ਗੁਰੂ ਸਾਹਿਬ ਨੇ ਮੌਕਾ ਦੇ ਦਿਤਾ, ਹੁਣ ਸੇਵਾ ਕਰ ਪਿਆਰਿਆ -

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬*

ਸੇਵਾ ਕਰਨ ਦਾ ਚਾਓ ਹੋਵੇ ਅੰਦਰ, ਇਹ ਨਹੀਂ ਕਿ ਮੇਰੇ ਨੇੜੇ ਦੀ ਕੋਈ ਲੰਘ ਹੀ ਨਹੀਂ ਸਕਦਾ। ਘੂਰ-ਘੂਰ ਦੇਖਦਾ ਹੈ, ਵੈਰ ਤੋਂ ਬਿਲਕੁਲ ਖਾਲੀ, ਸੀਨੇ ਤੋਂ ਹਿਰਦਾ ਨਿਰਮਲ। ਵੈਰੀ ਕਿਸੇ ਨੂੰ ਸਮਝਣਾ ਹੀ ਨਾ ਤੇ ਫੇਰ ਮਿੱਤਰ ਬਿਲਕੁਲ ਸੱਚਾ। ਮਿੱਤਰ ਦਾ ਕੰਮ ਹੁੰਦਾ ਹੈ ਕਿ ਆਪਣੇ ਤੇ ਗੱਲ ਲੈ ਲੈਂਦਾ ਹੈ ਤੇ ਆਪਣੇ ਮਿੱਤਰ ਨੂੰ ਬਚਾ ਲੈਂਦਾ ਹੈ। ਦੁੱਧ ਦੀ ਤੇ ਪਾਣੀ ਦੀ ਮਿੱਤਰਤਾ ਗਿਣੀ ਹੋਈ ਹੈ। ਹੁੰਦਾ ਕੀ ਹੈ ਗੁਰੂ ਗ੍ਰੰਥ ਸਾਹਿਬ 'ਚ ਆਉਂਦਾ ਹੈ, ਅੱਗ ਜਲ ਜਾਂਦੀ ਹੈ, ਦੁੱਧ ਕੋਮਲ ਮਿੱਤਰ ਹੈ, ਪਾਣੀ ਜਿਹੜਾ ਹੈ ਕੁਛ ਸਹਿ ਸਕਦਾ ਹੈ। ਪਾਣੀ ਕੀ ਕਰਦਾ ਹੈ ਕਿ ਆਪ ਖੱਪਣਾ ਸ਼ੁਰੂ ਹੋ ਜਾਂਦਾ ਹੈ ਅੱਗ ਨੂੰ ਕਹਿੰਦਾ ਹੈ ਕਿ ਜਿੰਨਾ ਚਿਰ ਮੈਂ ਹਾਂ ਤੂੰ ਦੁੱਧ ਦੇ ਨੇੜੇ ਨਹੀਂ ਜਾ ਸਕਦੀ। ਪਾਣੀ ਜਲੀ ਜਾਂਦਾ ਹੈ, ਜਦੋਂ ਪੂਰੀ ਤਰ੍ਹਾਂ ਜਲ ਜਾਂਦਾ ਹੈ ਫੇਰ ਕਹਿੰਦਾ ਹੈ ਕਿ ਦੁੱਧ ਜਿਹੜਾ ਹੈ ਉਹ ਥੱਲੇ ਲੱਗਣ ਲਗ ਗਿਆ। ਪਹਿਲਾਂ ਪਾਣੀ ਨੇ ਬਚਾ ਰੱਖਿਆ, ਕਹਿੰਦੇ ਐਸੀ ਗੁਰਸਿੱਖ ਦੀ ਮਿਤਰਤਾ ਹੈ। ਕਸ਼ਟ ਆਪਣੇ ਸਿਰ ਲੈ ਲੈਂਦਾ ਹੈ, ਲੇਕਿਨ ਮਿੱਤਰ ਨੂੰ ਬਚਾ ਲੈਂਦਾ ਹੈ। ਫੇਰ ਜੀਵਨ ਜਿਹੜਾ ਹੈ ਹੈ ਉਹ ਬਿਲਕੁਲ ਸਤਿ ਦਾ ਕਹਾਉਣਾ। ਬਚਨ ਕਰ ਲਿਆ, ਉਹਦੇ ਉਤੇ ਪਹਿਰਾ ਦੇਣਾ। ਸਤਿ ਦਾ ਪ੍ਰਣ ਕਰਨਾ, ਸਤਿ ਦਾ ਵਰਤ ਰੱਖਣਾ।

ਗੁਰੂ ਅਮਰਦਾਸ ਮਹਾਰਾਜ ਜੀ ਗੁਰੂ ਅੰਗਦ ਸਾਹਿਬ ਮਹਾਰਾਜ ਨਾਲ ਤੁਰੇ ਜਾਂਦੇ ਨੇ ਤੇ ਚਲਦੇ-ਚਲਦੇ ਗੁਰੂ ਮਹਾਰਾਜ ਦੀ ਬਾਂਹ ਗੁਰੂ ਅੰਗਦ ਸਾਹਿਬ ਤੋਂ ਅੱਗੇ ਲੰਘ ਗਈ, ਤੇ ਸਾਰੀ ਜ਼ਿੰਦਗੀ ਬਾਂਹ ਆਪਣੀ ਛਾਤੀ ਨਾਲ ਲਾ ਕੇ ਰੱਖੀ। ਕਿਉਂਕਿ ਸਤਿ ਦਾ ਜੀਵਨ ਸੀ। ਮਨ 'ਚ ਕਰ ਲਿਆ ਕਿ ਅੱਜ ਤੋਂ ਮੈਂ ਤੇਰੇ ਤੋਂ ਕੰਮ ਹੀ ਨਹੀਂ ਲੈਣਾ, ਤੂੰ ਗੁਰੂ ਸਾਹਿਬ ਤੋਂ ਮੂਹਰੇ ਕਿਉਂ ਲੰਘੀ। ਇਹ ਸਤਿ ਦਾ ਜੀਵਨ ਹੁੰਦਾ ਹੈ। ਫੇਰ ਇਸ ਤਰ੍ਹਾਂ ਦੇ ਨਾਲ ਵਾਹਿਗੁਰੂ ਦੇ ਨਾਲ ਹਰ ਵਕਤ ਜੁੜਿਆ ਰਹਿੰਦਾ ਹੈ। ਕਿਉਂਕਿ ਹੁਕਮ ਹੈ ਸ੍ਵਾਸ-ਸ੍ਵਾਸ ਨਾਮ ਜਪ ਕੇ ਹੁਕਮ ਦੀ ਪਾਲਣਾ ਕਰਦਾ ਹੈ।

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥ ਅੰਗ - ੨੯੫*

ਕਾਰੋਬਾਰ ਵੀ ਕਰਨਾ ਹੈ ਤੇ ਨਾਮ ਜਪਦੇ ਰਹਿਣਾ ਹੈ। ਕਾਰੋਬਾਰ ਦੇ ਵਿਚ ਨਾਮ ਨੂੰ ਨਹੀਂ ਭੁੱਲਣਾ, ਵੱਡੀ ਤੋਂ ਵੱਡੀ ਪ੍ਰਾਪਤੀ ਹੋ ਜਾਵੇ, ਜੇ ਨਾਮ ਭੁੱਲ ਗਿਆ ਤਾਂ ਉਸਨੇ ਆਪਣਾ ਸਭ ਤੋਂ ਵੱਡਾ ਨੁਕਸਾਨ ਕਰ ਲਿਆ, ਇਹ ਗੁਰੂ ਦੀ ਮਤ ਹੈ। ਗੁਰੂ ਕਹਿੰਦਾ ਹੈ ਅਮੀਰੀ ਭੋਗੋ, ਜਿੰਨਾ ਜੀਅ ਕਰਦਾ ਹੈ, ਵਧੀਆ ਘਰ ਬਣਾਓ, ਵਧੀਆ ਕਪੜੇ ਪਹਿਨੋ, ਵਧੀਆ ਸਵਾਰੀਆਂ ਰੱਖੋ ਪਰ ਪਿਆਰਿਓ, ਇਨ੍ਹਾਂ ਵਲ ਧਿਆਨ ਦੇ ਕੇ ਜੇ ਤੁਹਾਡੇ ਅੰਦਰੋਂ ਵਾਹਿਗੁਰੂ ਦਾ ਨਾਮ ਵਿਸਰ ਗਿਆ ਤਾਂ ਫੇਰ ਇਹ ਕਿਸੇ ਕੰਮ ਦੀਆਂ ਨਹੀਂ ਹਨ। ਵਾਰਨਿੰਗ ਦਿੰਦੇ ਨੇ ਗੁਰੂ ਮਹਾਰਾਜ ਇਸ ਤਰ੍ਹਾਂ -

*ਮੋਤੀ ਤ ਮੰਦਰ ਊਸਰਹਿ*
*ਰਤਨੀ ਤ ਹੋਹਿ ਜੜਾਉ॥*
*ਕਸਤੂਰਿ ਕੁੰਗੂ ਅਗਰਿ ਚੰਦਨਿ*
*ਲੀਪਿ ਆਵੈ ਚਾਉ ॥*
*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ॥*
*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*
*ਮੈ ਆਪਣਾ ਗੁਰੁ ਪੂਛਿ ਦੇਖਿਆ*
*ਅਵਰੁ ਨਾਹੀ ਥਾਉ॥ ਅੰਗ - ੧੪*

ਇਹ ਨਹੀਂ ਮਹਾਰਾਜ ਕਹਿੰਦੇ ਕਿ ਤੂੰ ਖ਼ੂਬਸੂਰਤ ਘਰ ਨਾ ਬਣਾਈ, ਬਣਾ ਕੇ ਤੈਨੂੰ ਵਾਹਿਗੁਰੂ ਨੇ ਦਿਤੇ ਨੇ। ਪੈਸਾ ਤੈਨੂੰ ਦਿਤਾ, ਸੁੱਖ ਭੋਗ ਉਹਦਾ ਪਰ ਜਿਹੜੀ ਵਾਰਨਿੰਗ ਦਿਤੀ ਹੈ, ਉਹ ਇਹ ਦਿਤੀ ਹੈ ਕਿ ਇਹਦੇ ਵਿਚ ਹੀ ਨਾ ਗੁਆਚ ਜਾਈਂ, ਇਹ ਤਾਂ ਦਿਤੀ ਹੋਈ ਦਾਤ ਹੈ ਪ੍ਰਮੇਸ਼ਰ ਦੀ। ਸ਼ੁਕਰ ਵਿਚ ਰਹਿ ਕਿ ਵਾਹਿਗੁਰੂ ਮੇਰੇ ਵਰਗੇ ਇਨਸਾਨ ਹੋਰ ਵੀ ਨੇ, ਤੂੰ ਮੇਰੇ ਤੇ ਕਿੰਨੀ ਕ੍ਰਿਪਾ ਕੀਤੀ ਹੈ, ਕਿੰਨੇ ਸੁਖ ਦੇ ਸਾਧਨ ਦਿਤੇ ਨੇ ਸਗੋਂ ਹੋਰ ਨਾਮ ਜਪ ਤੇ ਹੋਰ ਉਸ ਦੇ ਵਲ ਨੂੰ ਲੱਗ। ਜੇ ਭੁੱਲ ਗਿਆ ਪਿਆਰਿਆ ਫੇਰ ਤਾਂ ਇਹ ਕਿਸੇ ਕੰਮ ਦੀ ਨਹੀਂ। ਫੇਰ ਤਾਂ ਮਹਾਰਾਜ ਕਹਿੰਦੇ -

*ਰਾਜ ਮਿਲਖ ਸਿਕਦਾਰੀਆ*
*ਅਗਨੀ ਮਹਿ ਜਾਲੁ ॥ ਅੰਗ - ੮੧੧*

ਤਿੰਨ ਚੀਜ਼ਾਂ ਵਾਸਤੇ ਪਾਗਲ ਹੋਇਆ ਫਿਰਦਾ ਹੈ ਸੰਸਾਰ, ਕਹਿੰਦੇ ਰਾਜ ਦੀ ਸ਼ਕਤੀ ਜ਼ਰੂਰ ਚਾਹੀਦੀ ਹੈ, ਬਹੁਤ ਜਾਇਦਾਦ ਚਾਹੀਦੀ ਹੈ, ਹਰ ਸ਼ਹਿਰ ਵਿਚ ਕੋਠੀ ਹੋਵੇ, ਹਰ ਸ਼ਹਿਰ ਵਿਚ ਮੇਰਾ ਕਾਰੋਬਾਰ ਹੋਵੇ। ਮਹਾਰਾਜ ਕਹਿੰਦੇ ਜੇ ਤੈਨੂੰ ਪ੍ਰਮੇਸ਼ਰ ਤੋਂ ਭੁਲਾ ਦਿਤਾ ਨਾ ਤਾਂ ਇਨ੍ਹਾਂ ਦੀ ਕੀਮਤ ਕੋਈ ਨਹੀਂ ਇਨ੍ਹਾਂ ਨੂੰ ਚੁੱਕ ਕੇ ਅੱਗ ਦੇ ਵਿਚ ਸੁੱਟ ਦੇ। ਤੈਨੂੰ ਬਾਰ-ਬਾਰ ਮਨੁੱਖਾ ਜਨਮ ਨਹੀਂ ਮਿਲਣਾ, ਹੁਣ ਤੈਨੂੰ ਮਨੁੱਖ ਦਾ ਜਨਮ ਮਿਲਿਆ ਹੈ ਜੇ ਇਨ੍ਹਾਂ ਦੇ ਵਿਚ ਪੈ ਕੇ ਭੁੱਲ ਗਿਆ, ਤੂੰ ਜਨਮ ਬਰਬਾਦ ਕਰ ਦਏਂਗਾ, ਇਕ ਪਾਸੇ ਜਨਮ ਦੀ ਸਫਲਤਾ, ਇਕ ਪਾਸੇ ਆਪਣੇ ਹੱਥੀਂ ਬਰਬਾਦ ਕਰਦਾ ਹੈਂ ਇਨ੍ਹਾਂ ਚੀਜ਼ਾਂ 'ਚ ਪੈ ਕੇ। ਭੋਗਾਂ ਦੀ ਦੁਨੀਆਂ ਦੇ ਅੰਦਰ ਮਹਾਰਾਜ

ਫ਼ੁਰਮਾਨ ਕਰਦੇ ਨੇ ਕਿ ਪਿਆਰਿਆ! -

*ਧਰਤੀ ਤ ਹੀਰੇ ਲਾਲ ਜੜਤੀ*
*ਪਲਘਿ ਲਾਲ ਜੜਾਉ॥*
*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥*
*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ॥ ਅੰਗ - ੧੪*

ਖੂਬਸੂਰਤ ਇਸਤ੍ਰੀ ਮਿਲ ਗਈ, ਸਜਾਵਟ ਵਾਲੀ ਮਿਲ ਗਈ, ਪਲੰਘ ਜਿਹੜੇ ਨੇ ਉਹ ਵੀ ਮੋਤੀਆਂ ਦੇ ਨਾਲ ਝਿਲਮਿਲ-ਝਿਲਮਿਲ ਕਰਦੇ ਨੇ, ਜੇ ਪਿਆਰਿਆ ਤੈਨੂੰ ਰੱਬ ਭੁੱਲ ਗਿਆ ਕਿਸੇ ਕੰਮ ਨਹੀਂ ਹਨ। ਫੇਰ ਰਿੱਧੀਆਂ-ਸਿੱਧੀਆਂ ਦੁਨੀਆਂ ਮਾਣ ਕਰਦੀ ਹੈ -

*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥*
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*
*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ॥ ਅੰਗ - ੧੪*

ਇਹ ਨਹੀਂ ਕਿ ਰਿੱਧੀਆਂ ਸਿੱਧੀਆਂ ਮਾੜੀਆਂ ਨੇ, ਰਿੱਧੀ ਸਿੱਧੀ ਮਾੜੀ ਹੈ ਜਦੋਂ ਰੱਬ ਨੂੰ ਭੁੱਲਦਾ ਹੈ। ਇਕੋ ਫਤਵਾ ਨਹੀਂ ਦੇ ਦੇਣਾ ਚਾਹੀਦਾ, ਗੁਰਬਾਣੀ 'ਚ ਦੋਵੇਂ ਗੱਲਾਂ ਆਉਂਦੀਆਂ ਨੇ। ਮਨ੍ਹਾਂ ਨਹੀਂ ਹੈ, ਮਨ੍ਹਾਂ ਹੈ ਜੇ ਪ੍ਰਮੇਸ਼ਰ ਭੁੱਲੇ।

ਇਕ ਵਾਰੀ ਸੰਤ ਮਹਾਰਾਜ ਜੀ ਕੋਲ ਮੈਂ ਬੈਠਾ ਸੀ, ਉਥੇ ਕੋਈ ਪ੍ਰੇਮੀ ਅੰਦਰ ਬੈਠਾ ਸੀ, ਮਹਾਰਾਜ ਕਹਿੰਦੇ ਜ਼ਰਾ ਕੁ ਠਹਿਰ ਜਾਓ ਤੁਸੀਂ। ਮੈਂ ਨੇੜੇ ਬੈਠਾ ਦੇਖੀ ਜਾਂਦਾ ਸੀ, ਉਹ ਰੋਈ ਜਾਵੇ-ਰੋਈ ਜਾਵੇ। ਮੇਰੇ ਮਨ 'ਚ ਆਇਆ ਕਿ ਮਨਾਂ ਤੇਰੇ ਨਾਲੋਂ ਤਾਂ ਆਹ ਪ੍ਰੇਮੀ ਕਿੰਨਾ ਚੰਗਾ ਹੈ, ਕਿਵੇਂ ਰੋ ਰਿਹਾ ਹੈ ਮਹਾਂਪੁਰਸ਼ਾਂ ਦੇ ਕੋਲ। ਤੇਰੇ ਕਦੇ ਅੱਖਾਂ 'ਚੋਂ ਹੰਝੂ ਹੀ ਨਹੀਂ ਆਉਂਦੇ। ਉਹ ਸੁਖਾਲਾ ਜਿਹਾ ਮਿਲ ਲੈਂਦੇ ਨੇ, ਤੇ ਤੇਰੇ ਅੰਦਰ ਉਹ ਕਸ਼ਿਸ਼ ਨਹੀਂ ਪੈਦਾ ਹੁੰਦੀ, ਜਿਹੜੀ ਬਾਹਰ ਬੈਠ ਕੇ ਇੰਤਜ਼ਾਰ ਕਰੀਦਾ ਹੈ, ਕਿਉਂਕਿ ਇੰਤਜ਼ਾਰ ਕਰਦੇ ਹੁੰਦੇ ਸੀ ਬੰਦੇ। ਉਹ ਜਦੋਂ ਚਲਿਆ ਗਿਆ ਮੈਂ ਕਿਹਾ ਬੜਾ ਹੀ ਪ੍ਰੇਮੀ ਹੈ, ਸਾਡੇ ਤਾਂ ਐਹੋ ਜਿਹਾ ਪ੍ਰੇਮ ਨੇੜੇ ਤੇੜੇ ਨਹੀਂ ਹੈ। ਕਹਿੰਦੇ, ਛੱਡ ਪਰ੍ਹੇ, ਤੈਨੂੰ ਕੀ ਪਤਾ ਇਨ੍ਹਾਂ ਗੱਲਾਂ ਦਾ। ਮਹਾਰਾਜ ਕਹਿੰਦੇ, ਇਹ ਆਪਣੇ ਰਾੜੇ ਸਾਹਿਬ ਬਰਤਨ ਮਾਂਜਦਾ ਹੁੰਦਾ, ਰਘਬੀਰ ਸਿੰਘ ਹੈ, ਤੂੰ ਦੇਖਿਆ ਹੋਣਾ ਹੈ। ਕਹਿੰਦੇ, ਗੁਰੂ ਘਰ ਦੀ ਜਿਹੜਾ ਸੇਵਾ ਕਰੇ ਉਸ ਸੇਵਕ ਦੇ ਵਿਚ ਸ਼ਕਤੀਆਂ ਆਪਣੇ ਆਪ ਆਉਣੀਆਂ ਹੀ ਆਉਣੀਆਂ ਨੇ। 12 ਸਾਲ ਇਕ ਬਿਰਤੀ ਕਰਕੇ ਗੁਰੂ ਘਰ ਦੀ ਚਾਹੇ ਲੰਗਰ ਦੀ ਸੇਵਾ ਕਰ ਲੈ, ਚਾਹੇ ਡੰਗਰਾਂ ਦੀ ਕਰ ਲੈ, ਚਾਹੇ ਖੇਤੀ ਦੀ ਕਲ ਲੈ, ਸਿੱਧੀ ਨੇ ਆਉਣਾ ਹੀ ਹੈ ਧੱਕੇ ਨਾਲ। ਇਕ ਹੁੰਦਾ ਹੈ ਰਿੱਧੀ ਸਿੱਧੀ ਨੂੰ ਹਾਸਲ ਕਰਨ ਵਾਸਤੇ ਚਿਲ੍ਹੇ ਕੱਟਣੇ, ਉਹਨੂੰ ਮਹਾਰਾਜ ਨੇ ਕਿਹਾ ਹੈ ਧਿਰਕਾਰ ਹੈ ਤੇਰੇ। ਸਿੱਧੀਆਂ ਹਾਸਲ ਕਰਨ ਵਾਸਤੇ ਐਨਾ ਪ੍ਰਮੇਸ਼ਰ ਦੇ ਨਾਮ ਤੋਂ ਬੇਮੁੱਖ ਹੋਇਆ। ਇਹ ਤਾਂ ਰਿੱਧੀਆਂ ਸਿੱਧੀਆਂ ਆਪੇ ਹੀ ਆ ਜਾਣੀਆਂ ਸੀ -

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ*
*ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥*
*ਅੰਗ - ੬੪੯*

ਮਹਾਰਾਜ ਕਹਿਣ ਲੱਗੇ ਕਿ ਬਰਤਨ ਮਾਂਜਦੇ ਨੂੰ ਤਿੰਨ ਸਿੱਧੀਆਂ ਇਹਦੇ ਵਿਚ ਪ੍ਰਗਟ ਹੋ ਗਈਆਂ, ਇਕ ਤਾਂ ਬਚਨ ਸਤਿ ਹੋਣ ਲੱਗ ਗਿਆ। ਇਕ ਕਹਿੰਦੇ ਇਹਦੇ ਵਿਚ ਪ੍ਰੇਰਨਾ ਸ਼ਕਤੀ ਆ ਗਈ ਕਿ ਫਲਾਣੇ ਬੰਦੇ ਨੂੰ ਅੱਜ ਮਿਲਣਾ ਹੈ, ਉਹ ਬੰਦਾ ਦੌੜਿਆ ਹੀ ਆਉਂਦਾ ਸੀ ਕਿ ਇਹ ਕੁਛ ਭੇਟਾ ਵੀ ਕਰੇ। ਭੇਟਾ ਉਹਨੇ ਦੱਸ ਕਰਨੇ ਸੀ ਤਾਂ ਉਹ ਸੌ ਕਰਦਾ ਸੀ। ਕਿਉਂਕਿ ਪ੍ਰੇਰਨਾ ਦਿੰਦਾ ਸੀ ਅੰਦਰ। ਤੀਸਰਾ ਸੀ ਇਹਦੇ ਅੰਦਰ ਅੰਤਰਜਾਮਤਾ। ਜਦੋਂ ਕਿਸੇ ਨੇ ਆਉਣਾ ਤਾਂ ਕਹਿਣਾ ਕਿ ਤੂੰ ਫਲਾਣਾ ਕੰਮ ਕਰਾਉਣ ਆਇਆ ਹੈਂ। ਉਹਨੇ ਕਹਿਣਾ ਜੀ ਇਹ ਤਾਂ ਅੰਤਰਜਾਮੀ ਨੇ। ਕਹਿੰਦੇ, ਵਰਤਦੀਆਂ-ਵਰਤਦੀਆਂ ਮੁੱਕ ਗਈਆਂ, ਮੁੱਕਣ ਤੇ ਭੀੜਾਂ ਘਟਣ ਲਗ ਗਈਆਂ, ਐਨੀਆਂ ਘਟ ਗਈਆਂ ਕਿ ਹੁਣ ਇਕੱਲਾ ਹੀ ਰਹਿ ਗਿਆ, ਹੁਣ ਆਉਂਦਾ ਹੀ ਨਹੀਂ ਇਹਦੇ ਕੋਲ, ਉਹਦੇ ਨਾਲ ਇਹਨੂੰ ਹਾਵਾ ਹੋ ਗਿਆ, ਹਾਵੇ ਨਾਲ ਬੀਮਾਰੀ ਹੋ ਗਈ। ਹੁਣ ਤੂੰ ਕਹਿੰਦਾ ਹੈਂ ਕਿ ਪਿਆਰ 'ਚ ਰੋਂਦਾ ਸੀ, ਪਿਆਰ 'ਚ ਨਹੀਂ ਸੀ ਰੋਂਦਾ ਸਾਨੂੰ ਕਹਿੰਦਾ ਸੀ ਕਿ ਰਿੱਧੀਆਂ-ਸਿੱਧੀਆਂ ਦੇ ਦਿਓ ਮਹਾਰਾਜ, ਮੇਰਾ ਗੁਜ਼ਾਰਾ ਨਹੀਂ ਚੱਲਣਾ, ਦੱਸੋ ਮੈਂ ਕਿੱਥੇ ਜਾਵਾਂ। ਕਹਿੰਦੇ, ਦੂਜੀ ਚੀਜ਼ ਮੰਗਦਾ ਸੀ।

ਇਹ ਤਾਂ ਹੈਗੀ ਬਹੁਤ ਮਾੜੀ। ਜੇ ਪਰਉਪਕਾਰ ਵਾਸਤੇ ਕਰ ਦਿੰਦਾ ਹੈ ਕੋਈ ਗੁਰਮੁਖ ਪਿਆਰਾ, ਬਾਬਾ ਬੀਰ ਸਿੰਘ ਜੀ ਮਹਾਰਾਜ, ਮਹਾਰਾਜ ਰਣਜੀਤ ਸਿੰਘ ਦੇ ਨਾਲ ਜਾਂਦੇ ਨੇ ਜਦੋਂ, ਮਹਾਰਾਜੇ ਨੇ ਕਿਹਾ ਕਿ ਫੌਜ ਬਾਬਾ ਜੀ ਅੱਜ ਲੰਘਣੀ ਚਾਹੀਦੀ ਹੈ, ਅਟਕ ਹੈ ਭਰਿਆ ਹੋਇਆ। ਉਸ ਵੇਲੇ ਬਾਬਾ ਜੀ ਨੇ ਪਰਉਪਕਾਰ ਵਸ ਆ ਕੇ ਅਟਕ ਨੂੰ ਕਿਹਾ ਕਿ ਐ ਅਟਕ ਅਸੀਂ ਸੁਖਮਨੀ ਸਾਹਿਬ ਦਾ ਪਾਠ ਕਰਨ ਜਿੰਨਾ ਸਮਾਂ ਤੇਰੇ ਤੋਂ ਮੰਗਦੇ ਹਾਂ, ਤੂੰ ਗਿੱਟੇ-ਗਿੱਟੇ ਹੋ ਜਾ। ਜਿੱਥੋਂ ਤੱਕ ਪਾਣੀ ਚਲਦਾ ਸੀ, ਸਾਰਾ ਪਾਣੀ ਰੁਕ ਗਿਆ ਤੇ ਫੌਜਾਂ ਲੰਘ ਗਈਆਂ। ਉਹ ਪਰਉਪਕਾਰ ਵਸ ਸੀ। ਉਹ ਕਹਿੰਦੇ ਸੀ ਕਿ ਜੇ ਜਮਰੌਦ ਦਾ ਕਿਲ੍ਹਾ ਟੁੱਟ ਗਿਆ ਮਹਾਰਾਜ, ਸਾਡੇ ਬਾਲ-ਬੱਚੇ, ਧੀਆਂ ਸਭ ਦੀ ਪੱਤ ਰੁਲਣੀ ਹੈ, ਪਠਾਣਾਂ ਨੇ ਫੇਰ ਆ ਜਾਣਾ ਹੈ, ਦੋ ਲੱਖ ਫੌਜ ਹੈ ਜਿਹੜੀ ਤਿਆਰ ਖੜ੍ਹੀ ਹੈ, ਇਨ੍ਹਾਂ ਨੇ ਲਾਹੌਰ ਤੇ ਉਰ੍ਹੇ ਨਹੀਂ ਠਹਿਰਣਾ, ਸੋ ਕ੍ਰਿਪਾ ਕਰੋ ਆਪ। ਕਿਉਂਕਿ -

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ*
*ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥*
*ਅੰਗ - ੬੪੯*

ਉਂਜ ਸਿੱਧੀਆਂ ਮਾੜੀਆਂ ਨੇ। ਮਹਾਰਾਜ ਕਹਿੰਦੇ -

*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥*
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*
*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ॥ ਅੰਗ - ੧੪*

ਚੌਥੀ ਆ ਗਈ ਰਾਜ ਦੀ ਸ਼ਕਤੀ, ਜਿਹਦੇ ਵਾਸਤੇ ਅਸੀਂ ਸਭ ਕੁਛ ਛੱਡਿਆ ਪਿਆ ਹੈ, ਅਸੂਲ ਵੀ ਛੱਡ ਦਿਤੇ, ਭਜਨ ਬੰਦਗੀ ਵੀ ਛੱਡ ਦਿਤੀ, ਨਾਮ ਜਪਣਾ ਵੀ ਛੱਡ ਦਿਤਾ, ਲੈ ਕੀ ਲਿਆ ਨਿੰਦਿਆ ਕਰਨੀ, ਚੁਗਲੀ ਕਰਨੀ, ਧੋਖਾ ਦੇਣਾ, ਮੂੰਹ ਵਿਚ ਕੁਛ ਹਿਰਦੇ 'ਚ ਕੁਛ ਤੇ ਕੱਚੇ ਬੰਦਿਆਂ ਵਾਲੀਆਂ ਗੱਲਾਂ ਕਰਨੀਆਂ, ਕੋਈ ਜਾਇਜ਼-ਨਾਜਾਇਜ਼ ਕੁਛ ਹੋ ਜਾਵੇ, ਉਹਦੇ ਨਾਲ ਰਾਜਸੀ ਸ਼ਕਤੀ ਹਾਸਲ ਕਰਨੀ ਹੈ ਚਾਹੇ ਸਾਥੀਆਂ ਦੀਆਂ ਲਾਸ਼ਾਂ ਤੋਂ ਲੰਘਣਾ ਪਵੇ। ਕਿੱਡੀ ਵੱਡੀ ਮਾੜੀ ਚੀਜ਼ ਹੈ, ਕਿੰਨੀ ਲੋਚਾ ਹੈ ਇਹਦੇ ਅੰਦਰ। ਮਹਾਰਾਜ ਕਹਿੰਦੇ -

*ਸੁਲਤਾਨੁ ਹੋਵਾ ਮੇਲਿ ਲਸਕਰ*
*ਤਖਤਿ ਰਾਖਾ ਪਾਉ॥*
*ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥*
*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ॥ ਅੰਗ - ੧੪*

ਜੇ ਨਾਮ ਨਹੀਂ ਚਿੱਤ ਆਉਂਦਾ ਤਾਂ ਕਿਸੇ ਕੰਮ ਦੀਆਂ ਚੀਜ਼ਾਂ ਨਹੀਂ, ਫੇਰ -

*ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥*
*ਅੰਗ - ੯੧੧*

ਕਿਉਂਕਿ ਇਹਦੇ ਮੁਕਾਬਲੇ ਤੇ ਐਸੀ ਚੀਜ਼ ਹੈ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*
*ਅੰਗ - ੮੧*

ਐਡੀ ਵੱਡੀ ਕੀਮਤੀ ਚੀਜ਼ ਹੈ ਦੁਨੀਆਂ ਦੇ ਅੰਦਰ ਕੋਈ ਐਸੀ ਚੀਜ਼ ਨਹੀਂ ਜਿਹੜੀ ਇਹਦੀ ਕੀਮਤ ਪਾ ਦੇਵੇ, ਬੇ-ਕੀਮਤੀ ਅਮੁੱਲ ਵਸਤੂ ਹੈ। ਉਹ ਜੇ ਅਮੁੱਲ ਵਸਤੂ ਭੁੱਲਦੀ ਹੈ ਮਹਾਰਾਜ ਕਹਿੰਦੇ -

*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*
*ਮੈ ਆਪਣਾ ਗੁਰੁ ਪੂਛਿ ਦੇਖਿਆ*
*ਅਵਰੁ ਨਾਹੀ ਥਾਉ॥ ਅੰਗ - ੧੪*

ਜੇ ਨਾਮ ਨੂੰ ਭੁੱਲਦਾ ਹੈ ਤਾਂ ਦੁਨਿਆਵੀ ਪ੍ਰਾਪਤੀਆਂ ਕਿਸੇ ਕੰਮ ਦੀਆਂ ਨਹੀਂ ਸਾਧਸੰਗਤ ਜੀ। ਐਸਾ ਗੁਰਸਿੱਖ ਬਣ ਚੁੱਕਿਆ ਸੀ ਕਿ ਹਰ ਵਕਤ ਨਾਮ ਜਪਦਾ ਸੀ।

ਕਈ ਪ੍ਰੇਮੀਆਂ ਦੇ ਮਨ ਵਿਚ ਆਉਂਦਾ ਹੈ ਕਿ ਸਾਡਾ ਤਾਂ ਕੰਮ ਬਹੁਤ ਰੁਝੇਵੇਂ ਵਾਲਾ ਹੈ, ਅਸੀਂ ਨਾਮ ਕਿਵੇਂ ਜਪ ਸਕਦੇ ਹਾਂ?

ਭਗਤ ਤ੍ਰਿਲੋਚਨ ਦੀ ਤੇ ਨਾਮਦੇਵ ਜੀ, ਸਮਕਾਲੀ ਇਕੋ ਸਮੇਂ ਦੀ ਮਹਾਤਮਾ ਹੋਏ ਨੇ। ਉਹਨੇ ਨਾਮਦੇਵ ਜੀ ਬਾਰੇ ਸੁਣਿਆ ਕਿ 72 ਵਾਰੀ ਵਾਹਿਗੁਰੂ ਜੀ ਨੇ ਸਰਗੁਣ ਸਰੂਪ ਧਾਰਨ ਕਰਕੇ ਦਰਸ਼ਨ ਦਿੱਤੇ। ਉਹ ਕੈਸੀ ਭਗਤੀ ਕਰਦਾ ਹੋਏਗਾ? ਕਦੇ ਆ ਕੇ ਦੇਹੁਰੇ ਦਾ ਮੁੱਖ ਫੇਰ ਕੇ ਉਹਦੇ ਵਲ ਕਰ ਦਿਤਾ, ਕਦੇ ਆ ਕੇ ਛੱਪਰ ਬਣਾ ਦਿੰਦਾ ਹੈ, ਕਦੇ ਮਰੀ ਹੋਈ ਗਊ ਜੀਉਂਦੀ ਕਰਦਾ ਹੈ, ਬੇਅੰਤ ਕੰਮ ਕਰ ਰਿਹਾ ਹੈ ਪ੍ਰਮੇਸ਼ਰ। ਚਲੋ, ਪੁੱਛ ਲੈਂਦੇ ਹਾਂ ਭਰਾ ਤੋਂ ਕਿ ਕਿਵੇਂ ਭਗਤੀ ਕਰਨੀ ਹੈ। ਉਥੇ ਆ ਗਏ, ਦੇਖ ਲਿਆ ਉਨ੍ਹਾਂ ਨੇ ਕਿ ਗੁਰ ਭਾਈ ਆ ਗਏ, ਲੇਕਿਨ ਕੰਮ ਐਨਾ ਜ਼ਬਰਦਸਤ ਸੀ ਕਿ ਕਿੰਨੀਆਂ ਬੀਬੀਆਂ ਭਾਈ, ਖੜ੍ਹੇ ਉਨ੍ਹਾਂ ਨੇ ਕੱਪੜਿਆਂ ਤੇ ਠੱਪੇ ਲਵਾਉਣੇ ਸੀ। ਨਾਮਦੇਵ ਜੀ ਦੀ ਜਾਤ ਜਿਹੜੀ ਸੀ ਉਹ ਛੀਪਾ ਸੀ। ਛੀਪਾ ਉਹ ਹੁੰਦਾ ਹੈ ਜਿਹੜਾ ਕੱਪੜਿਆਂ ਨੂੰ ਦੱਖਣ ਦੇ ਅੰਦਰ, ਅਜੇ ਵੀ ਛੀਪਾ ਜਾਤ ਹੈ ਜਿਹੜੇ ਕੱਪੜਿਆ ਦੇ ਉਪਰ ਠੱਪੇ ਲਾਉਂਦੇ ਸੀ, ਰੰਗ-ਬਰੰਗੇ, ਡਿਜ਼ਾਇਨ ਬਣਾਉਂਦੇ ਸੀ। ਐਉਂ ਸਮਝ ਲਓ ਡਿਜ਼ਾਇਨਰ ਸੀਗੇ ਉਹ। ਕਿਉਂਕਿ ਸਾਰੇ ਹੀ ਕਹਿ ਰਹੇ ਸੀ ਕਿ ਸਾਡੇ ਵਿਆਹ ਹੈ ਜੀ, ਮੇਰੀ ਰਜਾਈ ਦੇ ਉਤੇ ਚੰਦਾ ਛਾਪ ਦਿਓ, ਸਾਡੇ ਮਹਿਮਾਨ ਆਉਂਣੇ ਨੇ ਉਹ ਸਾਰਿਆਂ ਨੂੰ ਕਹੀ ਜਾਂਦੇ ਨੇ ਕਿ ਤੂੰ ਐਨੇ ਵਜੇ ਆ ਜਾਈਂ, ਭਾਈ ਤੂੰ ਐਨੇ ਵਜੇ ਆ ਜਾਈਂ, ਸਮੇਂ ਦਾ ਫਰਕ ਦੇਈ ਜਾਂਦੇ ਨੇ। ਉਹਨੇ ਕਿਹਾ ਕਿ ਭਜਨ ਦਾ ਸਮਾਂ ਦਾ ਇਹਦੇ ਕੋਲ ਕੋਈ ਬਚਿਆ ਹੀ ਨਹੀਂ। ਉਸ ਵੇਲੇ ਮੇਹਣਾ ਮਾਰਿਆ ਉਸ ਨੇ ਕਿ ਮੈਂ ਤਾਂ ਤੇਰੇ ਕੋਲ ਹੋਰ ਕੁਛ ਸਮਝ ਕੇ ਆਇਆ ਸੀ, ਤੂੰ ਤਾਂ ਬਿਲਕੁਲ ਹੀ ਉਸ ਤੋਂ ਉਲਟ ਨਿਕਲਿਆ। ਤੂੰ ਤਾਂ ਮਾਇਆ ਨੇ ਮੋਹ ਲਿਆ -

*ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ॥*
*ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥*
*ਅੰਗ - ੧੩੭੫*

ਕਹਿਣ ਲੱਗਿਆ, ਨਾਮਦੇਵ ਮੈਂ ਤਾਂ ਬਹੁਤ ਵੱਡਾ ਉਚਾ ਸੰਤ ਸਮਝ ਕੇ ਆਇਆ ਸੀ ਕਿ ਤੇਰੀ ਸਮਾਧੀ ਖੁਲ੍ਹਦੀ ਹੀ ਨਹੀਂ ਹੋਣੀ। ਲੋਕ ਬੈਠੇ ਰਹਿੰਦੇ ਹੋਣੇ ਨੇ, ਤੂੰ ਤਾਂ ਕਿੰਨੇ-ਕਿੰਨੇ ਦਿਨ ਸਮਾਧੀ ਨਹੀਂ ਖੋਲ੍ਹਦਾ ਹੋਏਂਗਾ, ਨਾ ਕੁਛ ਖਾਂਧਾ ਹੋਏਂਗਾ, ਨਾ ਪੀਂਦਾ ਹੋਏਂਗਾ, ਮੈਂ ਤਾਂ ਜਦੋਂ ਦਾ ਆਇਆ ਹਾਂ ਤੂੰ ਤਾਂ ਗੱਲਾਂ ਹੀ ਕਰੀ ਜਾਂਦਾ ਹੈਂ। ਕਿਸੇ ਨੂੰ ਕਹਿੰਦਾ ਹੈਂ ਚਾਰ ਵਜੇ ਆ ਜਾਈਂ,

ਕਿਸੇ ਨੂੰ ਕਹਿੰਦਾ ਹੈਂ ਪੰਜ ਵਜੇ ਆ ਜਾਈਂ। ਸ਼ਾਮ ਦਾ ਵੀ ਸਮਾਂ ਤੂੰ ਵਿਚੇ ਹੀ ਦੇ ਦਿਤਾ, ਸਾਜਰੇ ਦਾ ਵੀ ਦੇ ਦਿਤਾ ਤੇ ਤੂੰ ਭਗਤੀ ਕਿਹੜੇ ਵੇਲੇ ਕਰਦਾ ਹੈਂ। ਤੂੰ ਤਾਂ ਬਿਲਕੁਲ ਹੀ ਪ੍ਰਮੇਸ਼ਰ ਨੂੰ ਭੁੱਲਿਆ ਹੋਇਆ ਬੰਦਾ ਲਗਦਾ ਹੈਂ। ਬੜਾ ਅਫਸੋਸ ਹੈ ਮੈਨੂੰ ਏਸ ਗੱਲ ਦਾ। ਉਸ ਵੇਲੇ ਮੁਸਕਰਾ ਪਏ ਨਾਮਦੇਵ ਜੀ, ਨਾਮਦੇਵ ਕਹਿਣ ਲੱਗੇ ਕਿ ਜਿਹੜੀ ਭਗਤੀ ਕੰਮ ਕਾਰ ਛੱਡ ਕੇ, ਕਰਨੀ ਹੈ ਨਾ ਉਹ ਕਿਸੇ ਕੰਮ ਦੀ ਨਹੀਂ ਹੁੰਦੀ। ਉਹ ਦੁਨੀਆਂ ਦੇ ਉਤੇ ਬੋਝ ਹੁੰਦਾ ਹੈ, ਕੰਮ ਧੰਦਾ ਕੋਈ ਨਹੀਂ ਕਰਦਾ ਭਗਤੀ ਦਾ ਢੋਂਗ ਰਚਦਾ ਹੈ।

ਦੁਨੀਆਂ ਦੇ ਵਿਚ ਰਹਿ, ਗੁਰੂ ਪੂਰਾ ਹੋਣਾ ਚਾਹੀਦਾ ਹੈ।

***ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥***
***ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ***
***ਵਿਚੇ ਹੋਵੈ ਮੁਕਤਿ ॥ ਅੰਗ - ੫੨੨***

ਕਹਿੰਦੇ, ਇਹ ਤਾਂ ਜੁਗਤੀ ਦੀ ਲੋੜ ਹੈ, ਤੂੰ ਪ੍ਰਮੇਸ਼ਰ ਤੋਂ ਬਿਨਾਂ ਸੰਸਾਰ 'ਚ ਕੋਈ ਹੈ, ਮੈਂ ਤਾਂ ਸੇਵਾ ਕਰ ਰਿਹਾ ਹਾਂ ਪ੍ਰਮੇਸ਼ਰ ਦੀ। ਕਹਿੰਦੇ, ਇਹ ਨਹੀਂ ਗੱਲ ਹੁੰਦੀ। ਨਾਮ ਜਪਣਾ ਹੈ ਹਿਰਦੇ ਨੇ, ਅੰਦਰਲੀ ਸੁਰਤ ਨੇ ਹੱਥਾਂ-ਪੈਰਾਂ ਨੇ ਕੰਮ ਕਰਨਾ ਹੈ, ਕਹਿੰਦੇ ਐਉਂ ਦੱਸ ਜੇ ਕੋਈ ਮਰ ਜਾਵੇ, ਉਹ ਜਿਹੜਾ ਅਫਸੋਸ ਹੈ ਕੰਮ ਕਰਨ ਤੇ ਉਹਨੂੰ ਭੁੱਲ ਜਾਂਦਾ ਹੈ, ਕਹਿੰਦਾ ਨਹੀਂ ਹਉਕੇ ਤਾਂ ਆਉਂਦੇ ਰਹਿੰਦੇ ਨੇ। ਕਹਿੰਦੇ ਫੇਰ ਚਿੱਤ ਦਾ ਸਵਾਲ ਹੋਇਆ ਨਾ। ਕਿਸੇ ਚੀਜ਼ ਨਾਲ ਚਿੱਤ ਡੂੰਘਾ ਲਗ ਜਾਵੇ, ਉਹ ਗੱਲ ਆਪੇ ਹੁੰਦੀ ਹੈ। ਕਹਿੰਦੇ, ਲੜਕੀਆਂ ਪਾਣੀ ਲੈਣ ਵਾਸਤੇ ਜਾਂਦੀਆਂ ਨੇ। ਉਹ ਸਹੇਲੀਆਂ ਦੇ ਨਾਲ ਗੱਲਾਂ ਵੀ ਕਰਦੀਆਂ ਨੇ, ਤੇ ਨਾਲ ਇਕ ਘੜੇ ਦੇ ਉਤੇ ਦੂਜਾ, ਤੇ ਇਕ ਕੱਛ ਵਿਚ ਤੇ ਇਕ ਹੱਥ ਵਿਚ ਫੜਿਆ ਹੋਇਆ ਹੈ। ਕਹਿੰਦੇ, ਉਹ ਘੜਾ ਤਾਂ ਨਹੀਂ ਨਾ ਗਿਰਨ ਦਿੰਦੀਆਂ। ਬੱਚਾ ਪਤੰਗ ਉਡਾਉਂਦਾ ਹੈ, ਮਿੱਤਰਾਂ ਨਾਲ ਗੱਲ ਕਰਦਾ ਹੈ, ਨਾਲ ਤੁਣਕਾ ਪਤੰਗ ਨੂੰ ਦਿੰਦਾ ਰਹਿੰਦਾ ਹੈ ਕਿ ਪਤੰਗ ਕਿਤੇ ਗੋਤਾ ਨਾ ਖਾ ਜਾਏ। ਇਹ ਤਾਂ ਕਹਿੰਦੇ ਮਨੁੱਖਾਂ ਦੀ ਗੱਲ ਹੈ, ਇਕ ਆਰਟਿਸਟ ਹੈ ਸੋਨੇ ਦੇ ਗਹਿਣੇ ਬਣਾ ਰਿਹਾ ਹੈ, ਉਹ ਬੀਬੀਆਂ ਨਾਲ ਗੱਲ ਵੀ ਕਰੀ ਜਾਂਦਾ ਹੈ, ਭਾਈ ਐਨੇ ਲੈ ਲਈ ਐਹੋ ਜਿਹਾ ਬਣ ਜਾਏਗਾ, ਤੇ ਨਾਲ ਠੱਕ-ਠੱਕ ਕਰਨ ਤੋਂ ਹਟਦਾ ਹੀ ਨਹੀਂ ਹੈ, ਗਹਿਣਾ ਬਣਾਈ ਜਾਂਦਾ ਹੈ। ਇਹ ਬੰਦਿਆਂ ਦੀ ਗੱਲ ਹੈ ਤੇ ਪਸ਼ੂਆਂ ਦੀ ਗੱਲ ਵੀ ਮੈਂ ਤੈਨੂੰ ਦਸਦਾ ਹਾਂ। ਗਊ ਨਵੀਂ ਸੂਈ ਹੈ ਉਹ ਚੁਗਣ ਵਾਸਤੇ ਛੱਡ ਦਿਤੀ, ਤਿੰਨ ਚਾਰ ਮੀਲ ਤੇ ਚਰਾਗਾਹ ਦੇ ਵਿਚ ਚੁਗਦੀ ਹੈ, ਲੇਕਿਨ ਕਰਦੀ ਕੀ ਹੈ ਥੋੜ੍ਹੀ ਜਿਹੀ ਦੇਰ ਬਾਅਦ ਪਿੰਡ ਵਲ ਨੂੰ ਮੂੰਹ ਕਰਕੇ ਰੰਭਣਾ ਸ਼ੁਰੂ ਕਰ ਦਿੰਦੀ ਹੈ, ਕਿਉਂਕਿ ਉਹਦੇ ਅੰਦਰ ਬੱਚੇ ਦੀ ਯਾਦ ਗਹਿਰਾ ਚਲੀ ਗਈ। ਜਿਹੜੀ ਯਾਦ ਆਦਮੀ ਦੇ ਅੰਦਰ ਗਹਿਰੀ ਚਲੀ ਜਾਵੇ, ਉਹ ਨਹੀਂ ਭੁਲਿਆ ਕਰਦੀ, ਜਿਹੜੀ ਪੇਤਲੀ ਹੋਵੇ, ਓਹਨੂੰ ਆਦਮੀ ਭੁੱਲ ਜਾਂਦਾ ਹੈ ਸੋ ਪਿਆਰਿਆ! ਪ੍ਰਮੇਸ਼ਰ ਨੂੰ ਹਿਰਦੇ 'ਚ ਵਸਾ ਲੈ। ਜਦੋਂ ਪ੍ਰਮੇਸ਼ਰ ਨਾਲ ਪਿਆਰ ਪੈ ਗਿਆ, ਹਿਰਦੇ ਦੀਆਂ ਗਹਿਰੀਆਂ ਪਰਤਾਂ ਵਿਚ ਚਲਿਆ ਗਿਆ, ਤਾਂ ਹੱਥ ਪੈਰ ਤਾਂ ਜਿਹੜੇ ਨੇ ਉਨ੍ਹਾਂ ਨੇ ਤਾਂ ਕੰਮ ਕਰਨਾ ਹੀ ਕਰਨਾ ਹੈ, ਹੱਥਾਂ ਨੇ ਤਾਂ ਨਾਮ ਨਹੀਂ ਨਾ ਜਪਣਾ, ਮਾਲਾਂ ਤਾਂ ਨਹੀਂ ਘੁੰਮਾਉਣੀ ਹੈ। ਨਾਮ ਤਾਂ ਅੰਦਰ ਸੁਰਤੀ ਨੇ ਜਪਣਾ ਹੈ, ਅੰਦਰਲੀ ਲਗਨ ਨੇ ਜਪਣਾ ਹੈ, ਅੰਦਰਲੀ ਤਹਿ 'ਚ ਚਲਿਆ ਗਿਆ, ਨਾਮ ਐਨਾ ਚਲਿਆ ਗਿਆ ਕਿ ਹੁਣ ਜੇ ਨਾਮ ਜ਼ਰਾ ਕੁ ਭੁੱਲ ਜਾਏ ਤਾਂ ਗੁਰੂ ਨਾਨਕ ਪਾਤਸ਼ਾਹ ਦੇ ਦੱਸਣ ਦੇ ਮੁਤਾਬਿਕ ਐਉਂ ਹੋਇਆ ਕਰਦਾ ਹੈ -

***ਆਖਾ ਜੀਵਾ ਵਿਸਰੈ ਮਰਿ ਜਾਉ ॥ ਅੰਗ - ੯***
***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ***
***ਦੇਖਿ ਦਰਸੁ ਅਘਾਵੈ॥ ਅੰਗ - ੭੦੮***

ਕਹਿਣ ਲੱਗੇ ਤ੍ਰਿਲੋਚਨ ਜੀ! ਨਾਮ ਉਪਰਲੀ ਪਰਤ 'ਚ ਨਹੀਂ ਹੁੰਦਾ, ਨਾਮ ਤਾਂ ਹੇਠਲੀ ਪਰਤ 'ਚ ਹੁੰਦਾ ਹੈ, ਕਿਉਂਕਿ ਸਭ ਤੋਂ ਕੀਮਤੀ ਚੀਜ਼ ਕੀਮਤੀ ਥਾਂ ਤੇ ਰੱਖੀ ਜਾਂਦੀ ਹੈ, ਜਦੋਂ ਨਾਮ ਅੰਦਰਲੀਆਂ ਪੜਤਾਂ ਦੇ ਵਿਚੋਂ ਡੂੰਘਿਆਈ 'ਚ ਚਲਿਆ ਗਿਆ, ਫੇਰ ਬਾਹਰਲੀਆਂ ਚੀਜ਼ ਗੌਣ ਹੋ ਜਾਂਦੀਆਂ ਨੇ, ਨਾਮ ਪ੍ਰਥਮ ਹੋ ਜਾਂਦਾ ਹੈ। ਸੋ ਨਾਮ ਇਸ ਤਰ੍ਹਾਂ ਨਹੀਂ ਹੁੰਦਾ ਕਿ ਬੈਠ ਕੇ, ਚੁੱਪ ਕਰਕੇ ਕੋਈ ਜਪ ਰਿਹਾ ਹੈ। ਇਹ ਤਾਂ ਜਿਹੜੇ **very biggner** ਜਿਹੜੇ ਹੁੰਦੇ ਨੇ ਉਹਨੂੰ ਮਹਾਂਪੁਰਸ਼ ਪਹਿਲਾਂ ਕਹਿੰਦੇ ਨੇ ਮਾਲਾ ਨਾਲ ਜਪ, ਫੇਰ ਕਹਿੰਦੇ ਨੇ ਹੁਣ ਰਸਨਾ ਨਾਲ ਵਾਹਿਗੁਰੂ-ਵਾਹਿਗੁਰੂ ਕਰੀ ਜਾਹ, ਫੇਰ ਸ੍ਵਾਸ ਕਰ ਦਿੰਦੇ ਕਿ ਸ੍ਵਾਸ ਨਾਲ ਜਪ। ਅੰਦਰ ਨੂੰ ਸ੍ਵਾਸ ਜਾਂਦਾ ਹੈ, ਬਾਹਰ ਨੂੰ ਆਉਂਦਾ ਹੈ। ਪਹਿਲਾਂ ਤੂੰ ਮੰਜ਼ਲਾਂ ਤਹਿ ਕਰ, ਐਵੇਂ ਨਾ ਸੁਣੀਆਂ ਸੁਣਾਈਆਂ ਗੱਲਾਂ ਤੇ ਚੱਲ। ਨਾਮ ਨਹੀਂ ਟਿਕਿਆ ਕਰਦਾ, ਚਲਦਾ ਨਹੀਂ ਹੈ, ਜਦੋਂ ਤੱਕ ਪਹਿਲੀ, ਦੂਜੀ, ਤੀਜੀ, ਚੌਥੀ, ਪੰਜਵੀਂ, ਅੱਠਵੀਂ ਜਮਾਤ ਨਹੀਂ ਪੜ੍ਹਦਾ। ਸੋ ਉਸ ਤੋਂ ਬਾਅਦ ਨਾਮ ਜਿਹੜਾ ਹੈ ਆਗਿਆ ਚੱਕਰ 'ਚ ਚਲਿਆ ਜਾਂਦਾ ਹੈ, **mental** ਨਾਮ। ਨਾਮ ਉਹਦੇ ਅਨਹਦ ਸ਼ਬਦ ਦੀ ਮਦਦ ਹੋ ਜਾਂਦੀ ਹੈ। ਵਿਵੇਕ ਮੰਡਲ 'ਚ ਨਾਮ ਜਾ ਕੇ ਬਦਲ ਜਾਂਦਾ ਹੈ, ਆਤਮ ਚਿੰਤਨ ਹੋ ਜਾਂਦਾ ਹੈ ਤੇ ਪ੍ਰਕਾਸ਼ ਅੰਦਰ ਹੋ ਜਾਂਦਾ ਹੈ। ਪ੍ਰਕਾਸ਼ ਬਿਜਲੀ ਵਰਗਾ

ਨਹੀਂ ਹੁੰਦਾ, ਸੂਰਜ ਵਰਗਾ ਨਹੀਂ ਹੁੰਦਾ, ਗਿਆਨ ਦਾ ਪ੍ਰਕਾਸ਼ ਉਦੈ ਹੋ ਜਾਂਦਾ ਹੈ। ਆਪਣੇ ਆਪ ਗੱਲ ਅੰਦਰੋਂ ਆਉਣੀ ਸ਼ੁਰੂ ਹੋ ਜਾਂਦੀ ਹੈ। ਇਹਨੂੰ ਅਨੁਭਵ ਦਾ ਨਾਮ ਕਹਿੰਦੇ ਨੇ। ਫੇਰ ਤੂੰ ਦਸਵੇਂ ਦੁਆਰ 'ਚ ਨਾਮ ਜਪ, ਕਿਉਂਕਿ ਇਸ ਤਰ੍ਹਾਂ ਨਾਮ ਦੀਆਂ ਡੂੰਘੀਆਂ ਪੜਤਾਂ 'ਚ ਗਿਆ, ਫੇਰ ਇਹਦੀ ਲੋੜ ਨਹੀਂ ਹੈ। ਲੋੜ ਹੈ –

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥*
*ਹਾਥ ਪਾਉ ਕਰਿ ਕਾਮੁ*
*ਸਭੁ ਚੀਤੁ ਨਿਰੰਜਨੁ ਨਾਲਿ॥ ਅੰਗ – ੧੩੭੬*

ਕਹਿਣ ਲੱਗੇ, ਤਿਲੋਚਨ ਜੀ! ਨਾਮ ਤਾਂ ਹਿਰਦੇ ਨੇ ਜਪਣਾ ਹੈ। ਜਦੋਂ ਹੱਥਾਂ ਨਾਲ ਕੰਮ ਕਰਦੇ ਹਾਂ, ਫੇਰ ਅੰਦਰੋਂ ਵਾਹਿਗੁਰੂ-ਵਾਹਿਗੁਰੂ ਰੋਕਣ ਵਾਲੀ ਤਾਂ ਕੋਈ ਚੀਜ਼ ਨਹੀਂ ਹੈ। ਜੇ ਕਹੋ ਕਿ ਦਿਮਾਗ ਕੰਮ ਕਰਦਾ ਹੈ, ਤਾਂ ਫੇਰ ਰਸਨਾ ਨਾਲ। ਆਟੋਮੈਟਿਕਲੀ ਨਾਮ ਨੇ ਰਸਨਾ ਤੇ ਆ ਜਾਣਾ ਹੈ। ਜਿਨ੍ਹਾਂ ਨੇ ਨਾਮ ਜਪਿਆ ਹੈ ਉਨ੍ਹਾਂ ਨੂੰ ਪਤਾ ਹੈ। ਉਹ ਰੁਝੇਵਿਆਂ ਦੇ ਅੰਦਰ, ਰੇਡੀਓ ਚਲਦਾ ਹੋਵੇ, ਟੈਲੀਵੀਜ਼ਨ ਚਲਦਾ ਹੋਵੇ, ਰੌਲਾ ਪਿਆ ਹੋਵੇ ਜਿਹਦਾ ਪਰਪੱਕ ਹੈ ਨਾਮ ਉਹ ਚਲ ਰਿਹਾ ਹੈ ਆਪਣੇ ਆਪ ਹੀ ਅੰਦਰ। ਧੁਨ ਚਲ ਰਹੀ ਹੈ ਨਾਮ ਦੀ। ਬਾਹਰਲਾ ਨਹੀਂ ਸੁਣਦਾ ਉਸਨੂੰ ਕੁਛ ਵੀ, ਅੰਦਰਲਾ ਸੁਣਦਾ ਹੈ। ਸੋ ਨਾਮ ਤਾਂ ਐਸੀ ਚੀਜ਼ ਹੈ ਇਕ ਵਾਰੀ ਚਲਿਆ ਗਿਆ ਅੰਦਰ, ਫੇਰ ਨਹੀਂ ਇਹ ਨਿਕਲਿਆ ਕਰਦਾ। ਫੇਰ ਅੰਦਰ ਥਾਉਂ ਬਣਾ ਲੈਂਦਾ ਹੈ ਆਪਣੀ, ਦੂਸਰਾ ਹੈਗਾ ਸੋਝੀ ਇਥੇ ਪ੍ਰਮੇਸ਼ਰ ਤੋਂ ਬਗੈਰ ਹੋਰ ਕੋਈ ਨਹੀਂ ਹੈ। ਇਹ ਤਾਂ ਹੱਥ ਪੈਰ ਕੰਮ ਕਰਦੇ ਨੇ ਠੀਕ ਹੈ, ਪਰ ਸੁਰਤੀ ਤਾਂ ਪ੍ਰਮੇਸ਼ਰ ਦੇ ਨਾਲ ਲੱਗੀ ਹੋਈ ਹੈ ਨਾ। ਇਹ ਜੁਗਤ ਗੁਰਸਿੱਖਾਂ ਦੇ ਵਿਚ ਆਮ ਸੀਗੀ। ਲਿਵ ਸੀ, ਲਿਵ ਦਾ ਜੀਵਨ ਬਤੀਤ ਕਰਦੇ ਸੀ। ਜਿਸ ਬੰਦੇ ਦਾ ਜੀਵਨ ਲਿਵ ਵਿਚ ਆ ਜਾਏਗਾ, ਉਹ ਜੀਉਂਦਾ ਜੀਵਨ ਹੋ ਜਾਂਦਾ ਹੈ, ਜਿਹਦੇ ਅੰਦਰ ਲਿਵ ਨਹੀਂ ਅਜੇ ਆਈ, ਉਹ ਕਿੰਨਾ ਹੀ ਪੜ੍ਹਿਆ ਹੋਇਆ ਹੈ ਮਹਾਰਾਜ ਕਹਿੰਦੇ, ਉਹ ਤਾਂ ਮੁਰਦੇ ਨੇ ਸਾਰੇ ਇਕੱਠੇ ਹੋਏ ਹੋਏ। ਉਨ੍ਹਾਂ 'ਚ ਜੀਵਨ ਰਾਓ ਨਹੀਂ ਰੁਮਕਿਆ ਕਰਦੀ, ਮੁਰਦੇ ਹੁੰਦੇ ਨੇ –

*ਅਤਿ ਸੁੰਦਰ ਕੁਲੀਨ ਚਤੁਰ*
*ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ*
*ਜਿਹ ਪ੍ਰੀਤਿ ਨਹੀ ਭਗਵੰਤ ॥ ਅੰਗ – ੨੫੩*

ਪਿਆਰ ਜਿਨ੍ਹਾਂ ਨੇ ਕਰਿਆ ਹੈ ਉਨ੍ਹਾਂ ਨੂੰ ਪਤਾ ਹੈ ਕਿ ਪਿਆਰ ਦੀ ਕਿੰਨੀ ਖਿੱਚ ਹੁੰਦੀ ਹੈ। ਕਿਵੇਂ ਇਕ ਦਮ ਬੈਠੇ-ਬੈਠੇ ਅਚਾਨਕ ਚੁੱਪ ਹੋ ਜਾਂਦੇ ਨੇ। ਸਿਆਣੇ ਜਾਣਦੇ ਨੇ ਕਹਿੰਦੇ ਨੇ ਕਿਹਨੂੰ ਚਿਤਵਦਾ ਹੈਂ ਤੂੰ, ਮਨ ਦੇ ਅੰਦਰ ਕੌਣ ਆ ਗਿਆ, ਬਾਹਰ ਆ ਸੁਰਤ ਦੇ। ਆਦਮੀ ਦੇ ਅੰਦਰ ਇਕ ਐਸੀ ਅਵਸਥਾ ਹੈ ਜਿਥੇ ਨਾਮ ਨਾਲ ਰਹਿ ਕੇ ਫੇਰ ਵੀ ਕੰਮ ਕਾਰ ਕਰ ਸਕਦਾ ਹੈ।

ਸੋ ਗੁਰਸਿੱਖਾਂ ਦਾ ਜੀਵਨ ਨਾਮਮਈ ਜੀਵਨ ਸੀ, ਹਰ ਵਕਤ ਨਾਮ ਵਿਚ ਰਹਿੰਦੇ ਸੀ, ਗੁਰੂ ਦੇ ਪਿਆਰ ਵਿਚ ਰਹਿੰਦੇ ਸੀ। ਗੁਰੂ ਦੇ ਪਿਆਰ ਤੋਂ ਬਾਹਰ ਨਹੀਂ ਸੀ ਹੁੰਦੇ। ਗੁਰੂ ਖਿੱਚਦਾ ਸੀ। ਕਿੰਨਾ ਖਿੱਚਦਾ ਸੀ। ਕਿੱਥੇ ਹੈ ਆਸਾਮ ਪੈਦਲ ਜਾਣਾ, ਹੁਣ ਤਾਂ ਅਸੀਂ ਕਾਰਾਂ ਤੇ ਨਹੀਂ ਜਾਂਦੇ, ਥੱਕ ਜਾਵਾਂਗੇ, ਪੈਦਲ ਚਲਦੇ ਸੀ ਕਿੱਥੇ ਲੰਕਾ ਹੈ, ਕਿੱਥੇ ਤਿੱਬਤ ਤੋਂ ਪਰਲੇ ਪਹਾੜ ਚੀਲ ਦੇ ਨੇ, ਕਿਥੇ ਤਾਸ਼ਕੰਦ ਹੈ, ਕਿੱਥੇ ਈਰਾਨ ਹੈ ਬਗਦਾਦ ਹੈ, ਕਿੱਥੋਂ-ਕਿੱਥੋਂ ਆਉਂਦੇ ਸੀ ਗੁਰਸਿੱਖ ਚੱਲ ਕੇ, ਕਿੰਨੇ ਜਫਰ ਜਾਲਦੇ ਸੀ, ਕਿੰਨੀਆਂ ਤਕਲੀਫਾਂ, ਖਾਣ ਪੀਣ ਦਾ ਪ੍ਰਬੰਧ ਕੋਈ ਨਾ, ਡਾਕੇ ਰਾਹਾਂ 'ਚ ਪੈਂਦੇ, ਕੋਈ ਹੈ ਨਹੀਂ ਸੀ, ਜਥੇ ਬਣਾ-ਬਣਾ ਕੇ ਤੁਰਦੇ ਸੀ, ਹੌਲੀ-ਹੌਲੀ ਗੁਰੂ ਕੋਲ ਪਹੁੰਚਦੇ ਸੀ। ਉਹ ਕੀ ਪਿਆਰ ਤੋਂ ਬਿਨਾਂ ਹੀ ਪਹੁੰਚਦੇ ਸੀ?

ਸੋ ਐਸਾ ਗੁਰਸਿੱਖਾਂ ਦਾ ਜੀਵਨ ਹੋ ਚੁੱਕਿਆ ਸੀ। ਤਨ, ਮਨ, ਧਨ ਗੁਰੂ ਤੋਂ ਪ੍ਰਵਾਨ ਕਰਦੇ ਸੀ। ਸੰਸਾਰ ਨੂੰ ਸੁਮੱਤ ਦਿੰਦੇ ਸੀ। ਸਿੱਧੇ ਰਸਤੇ ਪਾਉਂਦੇ ਸੀ, ਕਿਸੇ ਧਰਮ ਦੇ ਨਾਲ ਭੁੱਲ ਕੇ ਵੀ ਉਨ੍ਹਾਂ ਦੀ ਦੂਜਿਆਈ ਨਹੀਂ ਸੀ। ਉਹ ਕਹਿੰਦੇ ਸੀ ਕਿ ਜੇ ਤੂੰ ਇਸਲਾਮ ਵਾਲਾ ਹੈਂ ਪਿਆਰਿਆ ਨਮਾਜ਼ ਪੜ੍ਹਿਆ ਕਰ। ਗੁਰਸਿੱਖ ਦੇ ਦਿਲ ਵਿਚ ਦ੍ਵੈਸ਼ ਨਹੀਂ ਹੁੰਦੀ, ਉਹ ਰੋਜ਼ੇ ਵਾਲੇ ਨੂੰ ਕਹਿੰਦਾ ਹੈ ਤੂੰ ਰੋਜ਼ਾ ਰੱਖ, ਨਮਾਜ਼ ਵਾਲੇ ਨੂੰ ਕਹਿੰਦਾ ਹੈ ਨਮਾਜ਼ ਪੜ੍ਹ, ਜਿਹੜਾ ਗਾਇਤ੍ਰੀ ਪੜ੍ਹਦਾ ਹੈ ਉਹਨੂੰ ਵੀ ਉਠਾਲ ਦਿੰਦਾ ਹੈ ਕਿ ਚਲ ਤੂੰ ਜਾ ਕੇ ਪਾਠ ਨਹੀਂ ਕਰਿਆ, ਸੰਧਿਆ ਨਹੀਂ ਕਰੀ। ਗੁਰਸਿੱਖ ਨੇ ਸਾਰਿਆਂ ਨੂੰ ਉਨ੍ਹਾਂ ਦੇ ਧਰਮਾਂ 'ਚ ਚਲਾਉਣਾ ਹੈ। ਸੋ ਐਸੇ ਜੀਵਨ ਦੇ ਗੁਰਸਿੱਖ ਦੋ ਸੌ ਸਾਲ 'ਚ ਮਹਿਕ ਗਏ ਸਾਰੇ। ਫੁੱਲ ਵਰਗੀ ਖੁਸ਼ਬੂ ਫੈਲ ਗਈ। ਦੁਸ਼ਮਣ ਵੀ ਜਿਹੜੇ ਸੀਗੇ ਉਹ ਦੁਸ਼ਮਣੀਆਂ ਭੁੱਲ ਗਏ ਇਨ੍ਹਾਂ ਨਾਲ। ਓਸ ਵੇਲੇ ਐਨੇ ਚੰਗਿਆਂ ਦੇ ਵਿਚੋਂ ਗੁਰੂ ਮਹਾਰਾਜ ਨੇ ਕਸਵੱਟੀ ਲਾਈ ਪੰਜ ਦੀ ਲੋੜ ਸੀ ਆਪ ਨੂੰ, ਜੇ ਲੋੜ ਕਹਿੰਦੇ ਸੌ ਦੀ ਹੈ ਤਾਂ ਸੌ ਹੀ ਆ ਜਾਣਾ ਸੀ, ਪਰ ਪੰਜ ਚਾਹੀਦੇ ਸੀ। ਕਿਉਂਕਿ –

*ਪੰਚ ਪਰਵਾਣ ਪੰਚ ਪਰਧਾਨੁ ॥*
*ਪੰਚੇ ਪਾਵਹਿ ਦਰਗਹਿ ਮਾਨੁ ॥ ਅੰਗ – ੩*

ਪੰਚ ਦੇ ਵਿਚ ਕਹਿੰਦੇ ਨੇ ਕਿ ਪ੍ਰਮੇਸ਼ਰ ਪੂਰਾ ਹੁੰਦਾ ਹੈ। ਪੂਰੇ ਨੂੰ ਪੰਜ ਕਹਿੰਦੇ ਨੇ, ਪੂਰੇ ਪੰਜ ਛਾਂਟਣੇ ਸੀ। ਪੰਜਾਂ ਵਿਚ ਇਕ ਤੋਂ ਇਕ ਚੜ੍ਹਦਾ ਸੀ।

ਆਹ ਇਤਿਹਾਸ ਵਾਲੇ ਲਿਖੀ ਜਾਂਦੇ ਨੇ ਨਾ ਕੱਚੀਆਂ ਗੱਲਾਂ ਕਿ ਗੁਰੂ ਸਾਹਿਬ ਨੇ ਆਵਾਜ਼ ਮਾਰੀ ਜੀ

ਨੀਵੀਆਂ ਪਾ ਲਈਆਂ, ਉਹ ਆਪ ਹੀ ਨੀਵੀਆਂ ਪਾਉਂਦੇ ਨੇ। ਜਿਨ੍ਹਾਂ ਦੀ ਕਲਮ ਇਹ ਲਿਖਦੀ ਹੈ ਨਾ, ਉਹ ਆਪਣੀ ਅਵਸਥਾ ਦਸਦੇ ਨੇ ਕਿ ਮੈਂ ਜੇ ਉਸ ਵੇਲੇ ਹੁੰਦਾ ਤੇ ਗੁਰੂ ਸੀਸ ਮੰਗਦਾ ਤੇ ਮੈਂ ਨੱਠ ਹੀ ਜਾਣਾ ਸੀ।

ਉਹ ਕੱਚੇ ਨਹੀਂ ਸੀ ਲਿਖਣ ਵਾਲੇ ਸਾਡੇ ਕੱਚੇ ਨੇ। ਗਲਤ ਗੱਲਾਂ ਲਿਖਦੇ ਨੇ ਇਤਿਹਾਸ ਵਿਚ। ਜਿਨ੍ਹਾਂ ਨੇ ਨਿਧੜਕ ਹੋ ਕੇ ਲਿਖਿਆ ਹੈ ਉਹ ਕਹਿੰਦੇ ਨੇ ਕਿ ਗੁਰੂ ਸਾਹਿਬ ਨੇ ਸਾਮ੍ਹਣੇ ਹੀ ਵੱਢ ਦਿਤੇ ਸੀ ਬੰਦੇ। ਉਹ ਫੇਰ ਜਦੋਂ ਕਿਰਿਆ ਮੁੱਕ ਗਈ, ਉਹ ਤਾਂ ਸਾਰੇ ਹੀ ਤਿਆਰ ਹੋ ਗਏ ਕਿ ਮੈਂ ਆਉਣਾ ਹੈ ਮੈਂ ਆਉਣਾ ਹੈ। ਉਹ ਕਹਿੰਦੇ, ਪਿਆਰੇ ਤੁਸੀਂ ਵੀ ਮੈਨੂੰ ਐਨੇ ਓਂ, ਪਰ ਮੈਂ ਪੰਜ ਹੀ ਲੈਣੇ ਸੀ।

ਕਿਉਂਕਿ ਸਿੱਖ ਆਰਿਆਂ ਨਾਲ ਚੀਰੇ ਜਾ ਚੁੱਕੇ ਸੀ, ਤੇਗਾਂ 'ਚ ਉਬਾਲੇ ਜਾ ਚੁੱਕੇ ਸੀ, ਅੱਗ ਲਾ ਕੇ ਜਾਲੇ ਜਾ ਚੁੱਕੇ ਸੀ, ਫੇਰ ਉਹ ਸਿੱਖੀ ਕਿੱਥੋਂ ਕਮਜ਼ੋਰ ਹੋ ਗਈ? ਉਹ ਤਾਂ ਪੂਰਾ ਕਰਨ ਵਾਸਤੇ ਗੁਰੂ ਮਹਾਰਾਜ ਨੇ ਕੌਤਕ ਰਚਿਆ। ਜਿਹੜਾ ਇਹ ਕਹਿੰਦੇ ਨੇ ਕਿ ਗੁਰੂ ਮਹਾਰਾਜ ਨੇ ਕਿਹਾ ਕਿ ਜਦੋਂ ਐਲਾਨ ਕਰਿਆ ਕਿ ਕੋਈ ਸਿੱਖ ਹੈ, ਜਿਹੜਾ ਆਪਣੇ ਗੁਰੂ ਦਾ ਸੀਸ ਲੈ ਜਾਏ। ਸਿੱਖ ਪਾਗਲ ਤਾਂ ਨਹੀਂ ਸੀਗੇ ਕਿ ਓਧਰ ਤਾਂ ਫੌਜ ਲਈ ਖੜ੍ਹੀ ਹੈ ਹਥਿਆਰ ਤੇ ਨੱਠ ਕੇ ਜਾ ਕੇ ਆਪਣੇ ਆਪ ਨੂੰ ਮਰਵਾਉਣਾ ਸੀ। ਉਹ ਵਿਉਂਤ ਕਰਦੇ ਸੀ। ਐਡਾ ਇਨਾਮ ਸੀ ਕਿ ਉਹਦੇ ਟੁਕੜੇ ਕਰਕੇ ਦਰਵਾਜ਼ਿਆਂ ਤੇ ਲਟਕਾ ਦਿਤਾ ਜਾਏਗਾ। ਜਿਹਨੇ ਗੁਰੂ ਦੇ ਸਿਰ ਨੂੰ ਹੱਥ ਲਾਇਆ ਜਾਂ ਧੜ ਨੂੰ ਲਾਇਆ। ਉਹ ਧੜ ਵੀ ਲੈ ਗਏ ਤੇ ਸੀਸ ਵੀ ਲੈ ਗਏ। ਫੌਜ ਖੜ੍ਹੀ ਝਾਕਦੀ ਹੈ। ਉਹ ਦਲੇਰ ਨਹੀਂ ਸੀ ਤਾਂ ਕੌਣ ਸੀਗੇ, ਕਿੰਨੀ ਸਿੱਖੀ ਨੂੰ ਕਮਜ਼ੋਰ ਕਰਦੇ ਨੇ। ਕਹਿੰਦੇ ਨੇ ਕਿ ਜੀ ਕੋਈ ਨਾ ਨਿਕਲਿਆ, ਉਹ ਕੌਣ ਸੀਗੇ ਫੇਰ?

ਫੇਰ ਜੀ ਗੁਰੂ ਸਾਹਿਬ ਨੇ ਕਿਹਾ ਕਿ ਮੈਂ ਐਹੋ ਜਿਹਾ ਬਣਾਊਂ ਜਿਹੜਾ ਸਾਰਿਆਂ ਦੇ ਵਿਚ ਇਕੱਲਾ ਹੀ ਦਿਸੀ ਜਾਵੇ। ਗੁਰੂ ਸਾਹਿਬ ਐਹੋ ਜਿਹੀਆਂ ਗੱਲਾਂ ਕਰਨ ਵਾਲੇ ਨਹੀਂ ਸੀ ਸਾਧਸੰਗਤ ਜੀ! ਗੁਰੂ ਸਾਹਿਬ ਚਰਿੱਤਰ ਦੀ ਮਹੱਤਤਾ ਦਿੰਦੇ ਸੀ, ਭੇਖ ਦੀ ਨਹੀਂ ਸੀ ਦਿੰਦੇ। ਗੁਰੂ ਮਹਾਰਾਜ ਮੌਲਕਤਾ ਲਿਆਉਣੀ ਚਾਹੁੰਦੇ ਸੀ। ਜੋ ਪੁਰਾਤਨਤਾ, ਜਿਵੇਂ ਇਨ੍ਹਾਂ ਦੇ ਬਜ਼ੁਰਗ ਜੀਉਂਦੇ ਸੀ, ਰਿਸ਼ੀ-ਮੁਨੀ ਜੀਉਂਦੇ ਸੀ, ਰਿਸ਼ੀਆਂ-ਮੁਨੀਆਂ ਨੂੰ ਸੰਸਾਰ ਦੇ ਅੰਦਰ ਗੁਰੂ ਮਹਾਰਾਜ ਨੇ ਲਿਆਂਦਾ। ਸੰਤ ਦੇ ਅੰਦਰ **inject** ਕਰਨਾ ਚਾਹੁੰਦੇ ਸੀਗੇ, ਥੋੜ੍ਹਾ ਜਿਹਾ ਸ਼ਕਤੀ ਇਹ ਨਹੀਂ ਸੀ ਕਿ ਸੰਤਾਂ ਦੀ ਰਾਖੀ ਵਾਸਤੇ ਖਾਲਸਾ ਪ੍ਰਗਟ ਕਰਿਆ।

ਇਥੇ ਇਕ ਬੀਬੀ ਬੋਲੇ, ਬਹੁਤ ਹੀ ਕਿਤਾਬਾਂ ਲਿਖੀਆਂ ਉਸਨੇ। ਕਹਿੰਦੀ, ਗੁਰੂ ਸਾਹਿਬ ਨੇ ਖਾਲਸਾ ਤਾਂ ਪ੍ਰਗਟ ਕਰਿਆ ਕਿ ਸੰਤਾਂ ਦੀ ਰਾਖੀ ਕਰੇ। ਮੈਂ ਕਿਹਾ ਬੀਬੀ! ਚੁੱਪ ਕਰ, ਬਹਿ ਜਾ, ਐਵੇਂ ਨਾ ਉਲਟੀਆਂ ਗੱਲਾਂ ਕਰ।

ਮੈਂ ਕਿਹਾ, ਸੰਤ ਕਿਹੜਿਆਂ ਨੂੰ ਤੂੰ ਕਹਿੰਦੀ ਹੈਂ ਕਿ ਸਿਪਾਹੀ ਬਣਾ ਦਿਤੇ, ਸਿਪਾਹੀ ਆਹ ਥੋੜ੍ਹੇ ਫਿਰਦੇ ਨੇ ਪੁਲਿਸ ਦੇ ਤੇ ਫੌਜ ਦੇ। ਤੈਨੂੰ ਗੱਲ ਕਰਨ ਦੀ ਜਾਚ ਨਹੀਂ। ਸੰਤਾਂ ਤਾਂ ਸਾਰੇ ਸੰਸਾਰ ਦੀ ਰਾਖੀ ਕਰਦੇ ਨੇ। ਆਹ ਧਰਤੀ ਡੋਲ ਜਾਵੇ ਜੇ ਸੰਤ ਨਾ ਹੋਣ। ਗੁਰੂ ਨਾਨਕ ਨੇ ਆ ਕੇ ਸੰਤ ਪੈਦਾ ਕੀਤੇ। ਧਰਤੀ ਦਾ ਸੰਤੁਲਨ ਕਾਇਮ ਰੱਖਣ ਵਾਸਤੇ। ਸੰਤ ਹੀ ਸਿਪਾਹੀ ਸੀਗਾ, ਸੰਤ ਨੂੰ ਕ੍ਰਿਆਸ਼ੀਲ ਕੀਤਾ, ਕਿਉਂਕਿ ਪਹਿਲੇ ਜਿਹੜੇ ਸੰਤ ਸੀ, ਉਹ ਜਦੋਂ ਉਨ੍ਹਾਂ ਨੂੰ ਪ੍ਰਮੇਸ਼ਰ ਮਿਲ ਜਾਂਦਾ ਸੀ, ਫੇਰ ਸਰੀਰ ਨੂੰ ਵਾਧੂ ਸਮਝਦੇ ਸੀ, ਉਹ ਆਪਣੀ ਮਰਜ਼ੀ ਨਾਲ ਸਰੀਰ ਛੱਡ ਜਾਂਦੇ ਸੀ। ਗੁਰੂ ਮਹਾਰਾਜ ਨੇ ਕਿਹਾ ਨਹੀਂ, ਨਹੀਂ ਇਹ ਸਰੀਰ ਪ੍ਰਮੇਸ਼ਰ ਦਾ ਦਿਤਾ ਹੋਇਆ ਹੈ, ਇਹਨੂੰ ਰਹਿਣ ਦਿਓ ਜਿੰਨਾਂ ਚਿਰ ਆਖਰੀ ਸਾਹ ਲਿਖਿਆ ਹੋਇਆ ਹੈ, ਲੇਕਿਨ ਇਹਨੂੰ ਲਾ ਦਿਓ ਲੇਖੇ ਦੇ ਵਿਚ। ਲੇਖੇ ਲਾਉਣ ਦੀ ਜੁਗਤ ਮਹਾਰਾਜ ਨੇ ਦੱਸੀ ਸੀ ਸੰਤਾਂ ਨੂੰ।

***ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥***
***ਸਤਿਗੁਰੁ ਮੇਰਾ ਮਾਰਿ ਜੀਵਾਲੈ॥ ਅੰਗ - ੧੧੪੨***

ਜੇ ਸਤਿਗੁਰੂ 'ਚ ਮਰੇ ਹੋਏ ਨੂੰ ਜੀਉਂਦਾ ਕਰਨ ਦੀ ਸ਼ਕਤੀ ਨਹੀਂ, ਤਾਂ ਗੁਰੂ ਦਸਵੇਂ ਪਾਤਸ਼ਾਹ ਨਾਲੋਂ ਤਾਂ ਬਾਬਾ ਅੱਟਲ ਵੱਡਾ ਸੀ ਜਿਹਨੇ ਮੋਹਨ ਨੂੰ ਮਰੇ ਹੋਏ ਨੂੰ ਰਾਤ ਦੇ ਨੂੰ, ਖੂੰਡੀ ਪਾ ਕੇ ਕਹਿ ਦਿਤਾ ਕਿ ਮੇਰੀ ਪਿੱਤ ਦੇ। ਬਾਬਾ ਗੁਰਦਿੱਤਾ ਜੀ ਵੱਡੇ ਸੀ ਜਿਨ੍ਹਾਂ ਤੋਂ ਗਊ ਮਰ ਗਈ, ਰੌਲਾ ਪੈਣ ਤੇ ਵਾਹਿਗੁਰੂ ਕਹਿ ਕੇ ਉਵੇਂ ਜਿਵੇਂ ਆਂਦਰਾਂ ਬਾਹਰ ਨਿਕਲਦੀਆਂ ਹੋਈਆਂ, ਗਊ ਜੀਉਂਦੀ ਬਗੈਰ ਜਖਮ ਤੋਂ ਖੜ੍ਹੀ ਕਰ ਦਿਤੀ। ਨਾਮਦੇਵ ਜੀ ਨੇ ਬਿਸਮਲ ਕਰੀ ਹੋਈ ਗਊ ਨੂੰ ਜੀਉਂਦੀ ਕਰਕੇ ਦੁੱਧ 'ਚੋ ਦਿਤਾ। ਫੇਰ ਗੁਰੂ ਮਹਾਰਾਜ ਵੇਲੇ ਹੀ ਤੁਹਾਨੂੰ ਸ਼ੱਕ ਪੈ ਜਾਂਦਾ ਹੈ? ਜੀ ਇਨ੍ਹਾਂ ਨੇ ਬੱਕਰੇ ਬੰਨ੍ਹੇ ਹੋਏ ਸੀ ਅੰਦਰ ਜੀ?

ਗੁਰੂ ਐਹੋ ਜਿਹਾ ਨਹੀਂ ਸੀ ਸਾਧਸੰਗਤ ਜੀ! ਆਪ ਹੀ ਐਹੋ ਜਿਹੇ ਨੇ ਲਿਖਣ ਵਾਲੇ। ਉਨ੍ਹਾਂ ਨੂੰ ਵਿਸ਼ਵਾਸ਼ ਨਹੀਂ ਹੈ ਇਨ੍ਹਾਂ ਗੱਲਾਂ ਦੇ ਉਤੇ। ਸੋ ਸਿੱਖੀ ਦੀ ਪਰਖ ਕੀਤੀ ਗੁਰੂ ਮਹਾਰਾਜ ਨੇ। ਪਹਿਲੇ ਪੰਜ, ਜਿਨ੍ਹਾਂ ਦੇ ਇਕੋ ਜਿਹੇ ਨੰਬਰ ਹੋਣ, ਉਹ ਛਾਂਟਣੇ ਸੀ ਉਨ੍ਹਾਂ ਨੇ ਕਿ ਕਿਹੜਾ ਹੈ ਜਿਹੜਾ ਪੂਰੀ ਤਰ੍ਹਾਂ ਦੇ ਨਾਲ ਗੁਰੂ ਦੇ ਵਿਚ ਲੀਨ ਹੋ ਗਿਆ। ਗੁਰੂ ਦੀ ਗੌਰ ਵਿਚ ਜਿਹੜਾ ਸਮਾਅ ਗਿਆ। ਕਿਉਂਕਿ ਸਿੱਖੀ ਦੇ ਵਾਸਤੇ ਤਾਂ

ਮਹਾਰਾਜ ਨੇ ਐਨੇ ਪੱਕੇ ਕਰ ਦਿਤੇ ਸੀ ਕਿ ਐਸੇ ਫੁਰਮਾਨ ਆਉਂਦੇ ਸੀ –

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮੁ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।*

ਕਿੱਡੀ ਉਚੀ ਕਸਵੱਟੀ ਸੀ ਸਿੱਖ ਵਾਸਤੇ। ਇਹਦੇ ਵਿਚੋਂ ਲੰਘ ਕੇ ਸਿੱਖ ਪਹੁੰਚਦੇ ਸੀ ਗੁਰੂ ਦੀ ਗੋਰ 'ਚ ਸਮਾਅ ਜਾਂਦੇ ਸੀ, ਆਪਣਾ ਆਪਾ ਲੀਨ ਕਰਕੇ ਗੁਰੂ ਦਾ ਰੂਪ ਬਣ ਜਾਂਦੇ ਸੀ। ਐਡੇ ਉਚੇ ਗੁਰਸਿੱਖ ਗੁਰੂ ਨਾਨਕ ਤੋਂ ਚੱਲੇ ਹੋਏ, ਨੌਂਵਾਂ ਪਾਤਸ਼ਾਹੀਆਂ ਬਾਅਦ ਐਨੇ ਕਮਜ਼ੋਰ ਕਰ ਦੇਣੇ ਕਿ ਗੁਰੂ ਦੀ ਆਵਾਜ਼ ਸੁਣ ਕੇ ਨੀਵੀਂਆਂ ਪਾ ਲਈਆਂ? ਮੈਂ ਇਤਿਹਾਸ ਨਾਲ ਨਹੀਂ ਸਹਿਮਤ ਹੁੰਦਾ ਸਾਧਸੰਗਤ ਜੀ! ਜਿਹੜਾ ਗੁਰਬਾਣੀ ਤੋਂ ਬਾਹਰ ਕੱਢ ਲਵੇ।

ਸੋ ਸਾਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਹੈ, ਇਹਦੀ ਕਸਵੱਟੀ 'ਚ ਹਰ ਚੀਜ਼ ਤੋਲਣੀ ਹੈ, ਨਾਪਣੀ ਹੈ ਕਿ ਕਿੰਨੇ ਗੁਰਮੁਖ ਪਿਆਰੇ ਸੀਗੇ ਦੇ ਦੱਸੀਏ ਤੁਹਾਨੂੰ। ਸੋ ਇਸ ਤਰ੍ਹਾਂ ਸਾਧਸੰਗਤ ਜੀ ਸਿੱਖੀ ਕਮਜ਼ੋਰ ਨਹੀਂ ਸੀ, ਨਾ ਕਮਜ਼ੋਰ ਹੈਗੀ। ਇਹ ਚੜ੍ਹਦੀਆਂ ਕਲਾ 'ਚ ਗੁਰੂ ਨਾਨਕ ਦਾ ਰੱਖਿਆ ਹੋਇਆ ਬੀਜ ਹੈ, ਫੈਲਿਆ ਹੋਇਆ ਬੂਟਾ ਹੈ ਗੁਰੂ ਨਾਨਕ ਦਾ। ਇਹਦੇ ਵਿਚ ਕਮਜ਼ੋਰੀ ਨਹੀਂ ਆਉਂਦੀ ਕਦੀ, ਕਮਜ਼ੋਰੀ ਆਉਂਦੀ ਹੈ, ਕਮਜ਼ੋਰ ਬੰਦੇ ਇਹਨੂੰ ਕਮਜ਼ੋਰ ਬਣਾਉਂਦੇ ਨੇ। ਇਹ ਤਾਂ ਸਾਰੀ ਦੁਨੀਆਂ ਦਾ ਸਰਦਾਰ ਸਾਜਿਆ ਹੈ, ਖਾਲਸਾ, ਉਹਦੀ ਪਰਖ ਹੋਈ। ਪਰਖ ਇਕ ਕਰਤਬ ਸੀਗਾ, ਉਹ ਕੋਈ ਡਰਾਉਣ ਵਾਲੀ ਗੱਲ ਨਹੀਂ ਸੀ।

ਸੋ ਵਿਸਾਖੀ ਦਾ ਦਿਹਾੜਾ ਸੀ ਉਸ ਦੇ ਉਤੇ ਬਹੁਤ ਵਿਸਥਾਰ ਦੇ ਨਾਲ ਦੱਸਿਆ ਗਿਆ ਸੀ ਕਿ ਗੁਰੂ ਘਰ ਦੇ ਇਤਿਹਾਸ ਦੇ ਨਾਲ ਵਿਸਾਖੀ ਦਾ ਬਹੁਤ ਹੀ ਸਬੰਧ ਹੈ। ਕੀਰਤੀਆਂ, ਕਾਮਿਆਂ ਦੇ ਨਾਲ, ਕਿਸਾਨਾਂ ਦੇ ਨਾਲ ਵਿਸਾਖੀ ਦਾ ਬਹੁਤ ਸਬੰਧ ਹੈ। ਸੋ ਏਸ ਦਿਨ ਦੀ ਮਹੱਤਤਾ ਤੇ ਵਿਚਾਰ ਕਰਕੇ ਏਸ ਗੱਲ ਦੀ ਵਿਚਾਰ ਕੀਤੀ ਗਈ ਸੀ ਕਿ ਗੁਰੂ ਮਹਾਰਾਜ ਨੇ ਖਾਲਸੇ ਦਾ ਆਦਰਸ਼ ਜੋ ਸੀ ਓਸ ਨੂੰ ਰੂਪ ਰੇਖਾ ਦੇ ਕੇ ਇਕ ਨਿਯਮਤ ਚਾਲ ਦੇ ਵਿਚ ਚਾਲੂ ਕੀਤਾ। ਉਹਦੇ ਨਾਲ ਇਹ ਵੀ ਵਿਚਾਰ ਸੀ ਕਿ ਨੌਆਂ ਪਾਤਸ਼ਾਹੀਆਂ ਵੇਲੇ ਸਿੱਖੀ ਕੋਈ ਕਮਜ਼ੋਰ ਨਹੀਂ ਸੀ ਬਿਲਕੁਲ ਹੀ। ਇਹ ਜੋ ਕਹਿ ਦਿੰਦੇ ਨੇ ਕਿ ਗੁਰੂ ਮਹਾਰਾਜ ਨੇ ਆਵਾਜ਼ਾਂ ਦਿਤੀਆਂ ਕੋਈ ਨਾ ਉਠਿਆ ਇਹ ਤਾਂ ਐਉਂ ਲਗਦਾ ਹੈ ਕਿ ਸਿੱਖੀ ਹੁਣੇ ਸ਼ੁਰੂ ਹੋਈ ਸੀ ਥੋੜ੍ਹਾ ਚਿਰ ਤੋਂ। ਗੁਰਸਿੱਖ ਤਾਂ ਵੱਡੇ-ਵੱਡੇ ਸਨ, ਵੱਡੀਆਂ-ਵੱਡੀਆਂ ਕਰਨੀਆਂ ਕਮਾਈਆਂ ਵਾਲੇ, ਵੱਡੀਆਂ ਸ਼ਕਤੀਆਂ ਵਾਲੇ। ਇਕ ਤੋਂ ਇਕ ਚੜ੍ਹਦਾ ਸੀ। ਐਸੇ ਗੁਰਸਿੱਖ ਵੀ ਸਨ ਜਿਹੜੇ ਗੁਰੂ ਨਾਲ ਅਭੇਦ ਅਵਸਥਾ ਦੇ ਹੋਏ, ਗੁਰੂ ਵਰਗੇ ਹੀ ਸਨ।

ਭਾਈ ਪਾਰੋ ਗੁਰੂ ਦੂਸਰੇ ਪਾਤਸ਼ਾਹ ਦੀ ਸਿੱਖ ਹੋਇਆ ਹੈ ਤੇ ਭਾਈ ਦਇਆ ਸਿੰਘ ਜੀ ਦਾ ਦਾਦਾ ਪੜਦਾਦਾ ਸੀ। ਗੁਰੂ ਦੂਸਰੇ ਪਾਤਸ਼ਾਹ ਦੇ ਪਾਸ ਆ ਕੇ ਉਨ੍ਹਾਂ ਨੇ ਬ੍ਰਹਮਗਿਆਨ ਦਾ ਉਪਦੇਸ਼ ਪਹਿਲੇ ਦਿਨ ਪ੍ਰਾਪਤ ਕੀਤਾ। ਕਰਨੀ ਕਮਾਈ ਐਨੀ ਸੀ ਕਿ ਗੁਰੂ ਤੀਸਰੇ ਪਾਤਸ਼ਾਹ ਦੇ ਦਰਸ਼ਨ ਨੂੰ ਹਰ ਰੋਜ਼ ਆਇਆ ਕਰਦੇ ਸੀ, ਜਦੋਂ ਗੁਰਿਆਈ ਬਖਸ਼ੀ ਜਿਸ ਤਰ੍ਹਾਂ ਬਾਬਾ ਬੁੱਢਾ ਜੀ ਤੇ ਗੁਰੂ ਅੰਗਦ ਸਾਹਿਬ ਸਨ, ਇਸੇ ਤਰ੍ਹਾਂ ਦੇ ਨਾਲ ਗੁਰੂ ਅਮਰਦਾਸ ਤੇ ਭਾਈ ਪਾਰੋ, ਇਕੋ ਹੀ ਤੋਲ ਤੇ ਤੁਲਦੇ ਸਨ, ਪਰ ਗੁਰਿਆਈ ਜੋ ਸੀ ਗੁਰੂ ਅਮਰਦਾਸ ਜੀ, ਇਹ ਪ੍ਰਗਟ ਹੋਏ, ਉਹ ਗੁਰਸਿੱਖੀ ਦੇ ਵਿਚ ਪੂਰੇ ਸੀ, ਰੋਜ਼ ਦਰਸ਼ਨ ਕਰਨ ਆਉਂਦੇ, ਇਹ ਨਹੀਂ ਸੀ ਕਿ ਮਨ ਵਿਚ ਮਾਣ ਆ ਗਿਆ ਕਿ ਇਹ ਤਾਂ ਮੇਰੇ ਗੁਰ ਭਾਈ ਨੇ, ਕੱਲ੍ਹ ਤੱਕ ਇਹ ਗਾਗਰਾਂ ਹੀ ਢੋਂਦੇ ਰਹੇ ਨੇ। ਗੁਰੂ ਜੋਤ ਸਮਝ ਕੇ ਉਨ੍ਹਾਂ ਦੀ ਭਗਤੀ ਕਰਦੇ ਸੀ, ਪੂਜਾ ਕਰਦੇ ਸੀ, ਤੇ ਦਰਸ਼ਨ ਕਰਨ ਵਾਸਤੇ ਆਇਆ ਕਰਦੇ ਸੀ। ਇਕ ਦਿਨ ਦਰਸ਼ਨ ਕਰਨ ਵਾਸਤੇ ਆਉਂਦੇ ਨੇ, ਘੋੜੇ ਤੇ ਸਵਾਰ ਹੋ ਕੇ ਡੱਲ੍ਹਾ ਪਿੰਡ ਸੀਗਾ, ਬਿਆਸਾ ਦੇ ਦੂਜੇ ਪਾਸੇ, ਪੱਤਣ ਦੇ ਉਤੇ ਇਕ ਨਵਾਬ ਨੇ ਫੌਜਾਂ ਉਤਾਰੀਆਂ ਹੋਈਆਂ ਨੇ, ਲੇਕਿਨ ਲੰਘਣ ਵਾਸਤੇ ਦਰਿਆ ਰਸਤਾ ਨਹੀਂ ਦੇ ਰਿਹਾ, ਬਹੁਤ ਜ਼ਿਆਦਾ ਉਹਦੇ ਵਿਚ ਹੜ੍ਹ ਆਇਆ ਹੋਇਆ ਹੈ, ਖੱਪਰ ਪੈਂਦੇ ਨੇ, ਘੁੰਮਣਘੇਰੀਆਂ ਬਣਦੀਆਂ ਨੇ, ਛੱਲਾਂ ਉਛਲਦੀਆਂ ਹਨ, ਕਿਸ਼ਤੀਆਂ ਵਾਲਿਆਂ ਨੇ ਜਵਾਬ ਦੇ ਦਿਤਾ ਕਿ ਮਹਾਰਾਜ! ਕਿਸ਼ਤੀਆਂ ਦਾ ਪੁੱਲ ਨਹੀਂ ਬੰਨ੍ਹ ਸਕਦੇ ਕਿਉਂਕਿ ਪਾਣੀ ਦਾ ਜ਼ੋਰ ਐਨਾ ਜ਼ਿਆਦਾ ਹੈ ਇਹ ਪੁੱਲ ਤੋੜ ਕੇ ਲੈ ਜਾਏਗਾ,, ਉਸ ਵੇਲੇ ਕੀ ਦੇਖਦੇ ਨੇ ਕਿ ਇਕ ਘੋੜ ਸਵਾਰ ਪੂਰੀ ਤੇਜ਼ੀ ਦੇ ਨਾਲ ਘੋੜੀ ਨੂੰ ਦੌੜਾਈ ਆ ਰਿਹਾ ਹੈ। ਨਵਾਬ ਨੇ ਕਿਹਾ ਕਿ ਇਹ ਕਿੱਧਰ ਜਾਂਦਾ ਹੈ? ਕਹਿੰਦੇ, ਦਰਿਆ ਵਲ ਨੂੰ ਜਾ ਰਿਹਾ ਹੈ ਮਹਾਰਾਜ, ਸਪੀਡ ਵੀ ਬੜੀ ਹੈ ਇਹਦੀ। ਧਿਆਨ ਸਾਰਿਆਂ ਦਾ ਓਧਰ ਹੋ ਗਿਆ, ਕੀ ਦੇਖਦੇ ਨੇ, ਜਿਸ ਤਰ੍ਹਾਂ ਦੇ ਨਾਲ ਧਰਤੀ ਤੇ ਘੋੜੀ ਉਨ੍ਹਾਂ ਦੀ ਜਾ ਰਹੀ ਹੈ, ਦਰਿਆ ਸ਼ੁਰੂ ਹੋ ਗਿਆ, ਖੱਪਰ ਪੈਂਦੇ ਨੇ ਘੁੰਮਣ-ਘੇਰੀਆਂ ਦੇ ਵਿਚ ਘੁੰਮ ਰਿਹਾ ਹੈ ਪਾਣੀ, ਤੇ ਵੱਡੀਆਂ-ਵੱਡੀਆਂ ਲਹਿਰਾਂ ਉਠ ਕੇ ਆਵਾਜ਼ ਦਿੰਦੀਆਂ ਨੇ, ਦਰਿਆ ਦੀ ਆਵਾਜ਼ ਡਰਾਉਣੀ ਹੈ ਗਰਜ਼ ਪੈ ਰਹੀ ਹੈ, ਲੇਕਿਨ ਉਛਲਦੀਆਂ ਲਹਿਰਾਂ ਦੇ ਉਪਰ ਦੀ ਘੋੜੀ ਤੁਰੀ ਜਾ ਰਹੀ ਹੈ, ਜਿਵੇਂ ਧਰਤੀ ਤੇ ਜਾਂਦੀ ਹੈ, ਨਵਾਬ ਹੈਰਾਨ

ਹੋ ਗਿਆ ਕਿ ਇਹ ਤਾਂ ਕੋਈ ਪੂਰਨ ਪੁਰਸ਼ ਹੈ, ਜਿਹਨੂੰ ਦਰਿਆ ਨੇ ਵੀ ਰਾਹ ਦਿਤਾ ਹੋਇਆ ਹੈ ਤੇ ਦਰਿਆ ਦਾ ਪਾਣੀ ਧਰਤੀ ਵਰਗਾ ਠੋਸ ਬਣਿਆ ਹੋਇਆ ਹੈ, ਪੌੜਾਂ ਦੇ ਥੱਲੇ। ਬਹੁਤ ਮਨ ਦੇ ਅੰਦਰ ਜਗਿਆਸਾ ਆਈ।

ਗੁਰੂ ਤੀਸਰੇ ਪਾਤਸ਼ਾਹ ਦੇ ਦਰਸ਼ਨ ਭਾਈ ਪਾਰੋ ਨੇ ਕਰੇ, ਘੰਟਾ ਦੋ ਘੰਟੇ, ਕਿਉਂਕਿ ਮਹਾਂਪੁਰਸ਼ਾਂ ਦੇ ਸਮੇਂ ਨਿਯਮ ਹੋਇਆ ਕਰਦੇ ਨੇ ਕਿ ਐਨੇ ਤੋਂ ਐਨੇ ਮਿਲ ਸਕਦੇ ਹੋਂ, ਬਾਕੀ ਉਨ੍ਹਾਂ ਦੇ ਆਪਣੇ ਅੰਦਰਲੇ ਰੁਝੇਵੇਂ ਬਹੁਤ ਹੁੰਦੇ ਨੇ, ਥੋੜ੍ਹਾ ਸਮਾਂ ਸੰਗਤਾਂ ਦੇ ਵਾਸਤੇ ਕੱਢ ਦਿੰਦੇ ਨੇ, ਤਾਂ ਕਿ ਇਨ੍ਹਾਂ ਦਾ ਵੀ ਭਲਾ ਹੋ ਜਾਵੇ। ਪਰ ਸੰਗਤਾਂ ਨੂੰ ਪਤਾ ਨਹੀਂ ਹੈ, ਆਪਣੇ ਹੀ ਕਾਰਜਾਂ ਵਾਸਤੇ ਜਿੱਦ ਕਰਨ ਲੱਗ ਜਾਂਦੇ ਨੇ ਕਿ ਮੇਰਾ ਤਾਂ ਜੀ ਐਉਂ ਹੋ ਗਿਆ ਤੁਸੀਂ ਹੀ ਕਰੋ ਠੀਕ। ਸੰਤ ਜੇ ਮਿਲਦੇ ਨੇ ਤਾਂ ਇਸ ਵਾਸਤੇ ਮਿਲਦੇ ਨੇ ਕਿ ਜੇ ਰੂਹਾਨੀ ਤੌਰ ਤੇ ਜੇ ਕੋਈ ਬੰਦਾ ਪਛੜਿਆ ਹੋਇਆ ਹੈ, ਉਹਨੂੰ ਰਾਹ ਨਹੀਂ ਲੱਭ ਰਿਹਾ ਉਹਨੂੰ ਰਾਹ ਦੱਸਣ ਵਾਸਤੇ ਆਪਣਾ ਸਮਾਂ ਓਧਰ ਦਿੰਦੇ ਨੇ। ਪਰ ਸਾਡਾ ਕੀ ਕੰਮ ਹੈ ਜੋਤਸ਼ੀ ਬਣਾ ਲੈਂਦੇ ਹਾਂ, ਜਾਦੂਗਰ ਬਣਾ ਲੈਂਦੇ ਹਾਂ ਸੰਤਾਂ ਨੂੰ ਕਿ ਜਾਦੂ ਮਾਰੇਗਾ ਤੇ ਹੁਣ ਮੇਰਾ ਕੰਮ ਵਿਗੜਿਆ ਹੋਇਆ ਠੀਕ ਹੋ ਜਾਏਗਾ। ਜਦੋਂ ਸੰਤ ਆਵਾਜ਼ ਦਿੰਦੇ ਨੇ, ਰੋਜ਼ ਕਹਿੰਦੇ ਨੇ ਕਿ ਤੁਸੀਂ ਬੰਦਗੀ ਕਰੋ, ਨਾਮ ਜਪੋ ਹੁਣ ਤਾਂ ਸੁਣਨਾ ਨਹੀਂ ਹੈ, ਜਦੋਂ ਫਸ ਜਾਂਦੇ ਨੇ ਫੇਰ ਕਹਿੰਦੇ ਨੇ ਕਿ ਸੰਤ ਜੀ, ਹੁਣ ਤੁਸੀਂ ਆਪਣੇ ਸਿਰ ਲਓ। ਫੇਰ ਜੇ ਸੰਤ ਸਖਤੀ ਕਰਨ ਲੱਗ ਜਾਣ ਤਾਂ ਕਹਿਣਗੇ ਜੀ ਇਹ ਸੰਤ ਤਾਂ ਬਹੁਤ ਗਲਤ ਨੇ, ਮਿਲਦੇ ਹੀ ਨਹੀਂ। ਮਿਲਦੇ ਤਾਂ ਨਹੀਂ ਹਨ ਐਨੇ ਕਰੋੜਾਂ ਵਿਘਨ ਕੀਤੇ ਹੋਏ ਆਪਣੇ ਸਿਰਾਂ ਤੇ ਕਿਵੇਂ ਚੁੱਕ ਲੈਣ? ਮੁਸ਼ਕਲ ਹੋ ਜਾਂਦੀ ਹੈ, ਉਨ੍ਹਾਂ ਕੋਲ ਬੰਦਗੀ ਦੀ ਗੱਲ ਹੁੰਦੀ ਹੈ, ਨਾਮ ਦੀ ਹੁੰਦੀ ਹੈ, ਜਾਂ ਦਰਸ਼ਨ ਦਾ ਫਲ ਵੈਸੇ ਹੀ ਹੋਇਆ ਕਰਦਾ ਹੈ। ਸ਼ਰਧਾ ਧਾਰ ਕੇ ਆਉਂਦਾ ਹੈ, ਦਰਸ਼ਨ ਦਾ ਫਲ ਲੈਂਦਾ ਹੈ, ਚਲਿਆ ਜਾਂਦਾ ਹੈ -

***ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥***
***ਅੰਗ - ੫੨੦***

ਬੰਦਗੀ ਕਰਨ ਵਾਲਿਆਂ ਦੇ ਦਰਸ਼ਨ ਕਰਕੇ ਵਾਹਿਗੁਰੂ ਚਿੱਤ ਆ ਜਾਇਆ ਕਰਦਾ ਹੈ।

ਸੋ ਭਾਈ ਪਾਰੋ ਇਸ ਤਰ੍ਹਾਂ ਨਹੀਂ ਸੀ ਜਾਂਦੇ ਕਿ ਮੇਰੀ ਦੁਕਾਨ ਨਹੀਂ ਚਲਦੀ, ਉਹ ਦਰਸ਼ਨ ਤੇ ਖਿੱਚ ਦੇ ਬੰਨ੍ਹੇ ਹੋਏ ਆਉਂਦੇ, ਤੇ ਕਰਨੀ ਕਮਾਈ ਐਨੀ ਜ਼ਬਰਦਸਤ ਸੀ ਕਿ ਆਰਾਮ ਦੇ ਨਾਲ ਹੀ ਲੰਘ ਜਾਂਦੇ ਸੀ ਪਾਣੀ ਦੇ ਉਤੋਂ ਦੀ। ਨਵਾਬ ਦੇ ਮਨ ਵਿਚ ਬੜੀ ਜਗਿਆਸਾ ਹੋਈ ਕਿ ਐਸਾ ਬੰਦਾ ਵੀ ਹੈ ਕਿ ਦਰਿਆ ਓਹਨੂੰ ਡੋਬੇ ਹੀ ਨਾ। ਵਾਪਸ ਆਉਂਦਿਆਂ ਤੇ ਸਾਮ੍ਹਣੇ ਖੜ੍ਹਾ ਹੋ ਗਿਆ। ਨੇੜੇ ਆਏ, ਹੱਥ ਬੰਨ੍ਹੇ ਸਿੱਜਦਾ ਕੀਤਾ। ਭਾਈ ਪਾਰੋ ਨੇ ਘੋੜੀ ਰੋਕ ਲਈ। ਕਹਿਣ ਲੱਗੇ, ਐ ਫਰਿਸ਼ਤੇ! ਤੂੰ ਐਸ ਧਰਤੀ ਦਾ ਹੈਂ ਜਾਂ ਅਸਮਾਨਾਂ ਦਾ ਹੈਂ। ਮੈਨੂੰ ਆਹ ਗੱਲ ਦੱਸ ਕੇ ਜਾਹ। ਕਹਿਣ ਲੱਗੇ ਮੈਂ ਤੁਹਾਡੇ ਵਰਗਾ ਹੀ ਬੰਦਾ ਹਾਂ ਪ੍ਰੇਮੀਆਂ, ਅਸੀਂ ਗੁਰੂ ਮਨਾਇਆ ਹੈ ਫਰਕ ਐਨਾ ਹੀ ਹੈ ਤੁਸੀਂ ਗੁਰੂ ਰੁਸਾਇਆ ਹੈ। ਕਹਿਣ ਲੱਗਿਆ ਕਿ ਮੈਨੂੰ ਆਪਣਾ ਬਣਾ ਲੈ ਅੱਜ। ਫੌਜ ਦਾ ਮਾਲਕ ਹੈ ਬੇਅੰਤ ਫੌਜ ਹੈ, ਕਹਿੰਦੇ ਐਨੀ ਫੌਜ ਲਈ ਫਿਰਦਾ ਹੈ, ਇਹ ਤਾਂ ਰਸਤਾ ਹੋਰ ਹੈ। ਉਸੇ ਵੇਲੇ ਆਪਣੇ ਲੜਕੇ ਨੂੰ ਵਰਦੀ ਲਾਹ ਕੇ ਦੇ ਦਿਤੀ। ਕਹਿੰਦਾ, ਤੂੰ ਫੌਜ ਦਾ ਕਮਾਂਡਰ ਤੇ ਮੈਂ ਤਾਂ ਹੁਣ ਸਾਧੂ ਬਣਨਾ ਹੈ, ਫਕੀਰ ਬਣਨਾ ਹੈ, ਦਰਵੇਸ਼ ਬਣਨਾ ਹੈ। ਉਨ੍ਹਾਂ ਦੀ ਚਰਨੀਂ ਲੱਗ ਗਿਆ। ਉਹ ਨਵਾਬ ਨੂੰ ਗੁਰੂ ਮਹਾਰਾਜ ਕੋਲ ਲੈ ਗਏ, ਨਵਾਬੀ ਛੱਡ ਦਿਤੀ ਬੰਦਾ ਬਣ ਗਿਆ।

ਗੁਰੂ ਮਹਾਰਾਜ ਕਹਿਣ ਲੱਗੇ ਭਾਈ ਪਾਰੋ, ਇਹਨੂੰ ਉਪਦੇਸ਼ ਤੂੰ ਹੀ ਦੇ ਦੇ, ਆਪ ਹੀ। ਸੋ ਮੇਰਾ ਮਤਲਬ ਹੈ ਕਹਿਣ ਤੋਂ ਕਿ ਐਡੇ ਉਚੇ ਗੁਰਸਿੱਖ, ਐਡੀਆਂ ਪਦਵੀਆਂ ਦੇ ਮਾਲਕ ਨੌਆਂ ਪਾਤਸ਼ਾਹੀਆਂ ਤਾਈਂ ਗੁਰਸਿੱਖੀ ਦੇ ਵਿਚ ਚਲੇ ਆਉਂਦੇ ਸੀ। ਜਿਹੜੇ ਬੰਦੇ ਇਹ ਕਹਿ ਦਿੰਦੇ ਨੇ ਕਿ ਗੁਰਸਿੱਖੀ ਨੂੰ ਨਵੀਂ ਰੂਪ-ਰੇਖਾ ਦਿਤੀ ਗਈ ਤੇ ਉਹਦੇ ਵਿਚ ਆਹ ਭਰਿਆ ਓਹ ਭਰਿਆ, ਉਹ ਤਾਂ ਪਹਿਲਾਂ ਹੀ ਭਰਿਆ ਹੋਇਆ ਸੀ। ਗੁਰੂ ਦਸਵੇਂ ਪਾਤਸ਼ਾਹ ਨੇ ਬੇਅੰਤ ਕਿਸਮ ਦੇ ਫੁੱਲਾਂ ਨੂੰ ਇਕ ਗੁਲਦਸਤੇ ਵਿਚ ਸਜਾ ਦਿਤਾ। ਖਾਲਸੇ ਦੇ ਰੂਪ ਵਿਚ ਪ੍ਰਗਟ ਕਰ ਦਿਤਾ। ਮਿਹਨਤ ਪਹਿਲਾਂ ਹੀ ਹੋਈ-ਹੋਈ ਸੀ ਸਾਰੀ, ਹਰ ਚੀਜ਼ ਤਿਆਰ ਸੀ ਪਹਿਲਾਂ ਹੀ ਦੀਵਾ ਬੱਤੀ, ਤੇ ਤੇਲ ਵੀ ਤਿਆਰ ਸੀ, ਜਗਦੇ ਦੀਵੇ ਨੇ ਉਹਨੂੰ ਜਗਾ ਦੇਣਾ ਸੀ, ਆਪਣਾ ਰੂਪ ਬਣਾਉਣਾ ਸੀ, ਗੁਰੂ ਨੇ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਤੀਸਰੇ ਪਾਤਸ਼ਾਹ ਦਾ ਟੈਸਟ ਬਹੁਤ ਜ਼ਬਰਦਸਤ ਹੋਇਆ। ਚੌਥੇ ਪਾਤਸ਼ਾਹ ਦਾ ਗੁਰੂ ਤੀਸਰੇ ਪਾਤਸ਼ਾਹ ਨੇ ਲਿਆ। ਚੌਥੇ ਪਾਤਸ਼ਾਹ ਨੇ ਗੁਰੂ ਪੰਜਵੇਂ ਪਾਤਸ਼ਾਹ ਦਾ ਲਿਆ। ਉਸ ਤੋਂ ਬਾਅਦ ਛੇਵੇਂ, ਸੱਤਵੇਂ, ਅੱਠਵੇਂ ਤੇ ਨੌਵੇਂ ਤੱਕ ਕੋਈ ਵਿਸ਼ੇਸ਼ ਟੈਸਟ ਸਿੱਖੀ ਦਾ ਨਹੀਂ ਸੀ ਹੋਇਆ। ਕਿਉਂਕਿ ਗੱਦੀ ਜਿਹੜੀ ਸੀ ਗੁਰੂ ਮਹਾਰਾਜ ਕਹਿੰਦੇ ਇਨ੍ਹਾਂ ਨੂੰ ਮਿਲੇ, ਹੋਇਆ ਤਾਂ ਬਹੁਤ ਜ਼ਬਰਦਸਤ ਲੇਕਿਨ ਸਾਨੂੰ ਨਹੀਂ ਪਤਾ ਉਸਦਾ। ਕਿਉਂ ਜਦੋਂ ਗੁਰੂ ਅੱਠਵੇਂ ਪਾਤਸ਼ਾਹ ਨੂੰ ਗੱਦੀ ਦੇਣ ਲੱਗੇ, ਓਸ ਵੇਲੇ ਸੰਗਤਾਂ ਦਾ ਖਿਆਲ ਸੀ ਕਿ ਰਾਮਰਾਏ 15 ਸਾਲ ਦੇ ਨੇ, ਸ੍ਰੀ ਹਰਿਕ੍ਰਿਸ਼ਨ ਬੱਚੇ ਨੇ, ਇਹ ਗੱਦੀ ਉਹਨੂੰ

ਮਿਲਣੀ ਚਾਹੀਦੀ ਹੈ। ਲੇਕਿਨ ਗੁਰੂ ਸਾਹਿਬ ਨੇ ਕਿਹਾ ਕਿ ਨਹੀਂ ਭਾਈ, ਕਰਨੀ ਕਮਾਈ ਦੇ ਵਿਚ, ਗੁਰੂ ਹਰਿਕ੍ਰਿਸ਼ਨ ਮਹਾਰਾਜ ਬਹੁਤ ਅੱਗੇ ਵਧੇ ਹੋਏ ਨੇ। ਕਹਿੰਦੇ ਕਿਵੇਂ ਪਤਾ ਲੱਗੇ? ਮਹਾਰਾਜ ਕਹਿੰਦੇ ਜਿਹੜੀ ਚੌਂਕੀਂ ਤੇ ਬੈਠ ਕੇ ਦੋਵੇਂ ਭਜਨ ਕਰਦੇ ਨੇ ਅੱਡੋ ਅੱਡ, ਆਹ ਸੂਈ ਲੈ ਜਾਓ, ਜਿਹਦੇ ਪਾਵੇ ਵਿਚ ਸੂਈ ਖੁੱਭ ਜਾਏਗੀ, ਤਾਂ ਸਮਝੋ ਓਹਨੇ ਲੱਕੜ ਨੂੰ ਵੀ ਨਰਮ ਕਰ ਦਿਤਾ। ਰਾਮਰਾਇ ਜੀ ਦੇ ਪਾਵੇ ਵਿਚ ਸੂਈ ਖੋਭੀ, ਲੇਕਿਨ ਖੁੱਭ ਨਾ ਸਕੀ, ਜਦੋਂ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਦੇ ਭਾਵੇਂ ਛੋਟੀ ਉਮਰ ਸੀ, ਉਨ੍ਹਾਂ ਦੇ ਪਾਵੇ ਵਿਚ ਖੋਭੀ ਤਾਂ ਸੂਈ ਐਉਂ ਖੁੱਭ ਗਈ ਜਿਵੇਂ ਮੋਮ ਵਿਚ ਖੁੱਭਿਆ ਕਰਦੀ ਹੈ। ਸਾਰਿਆਂ ਸੰਗਤਾਂ ਨੇ ਦੇਖ ਲਿਆ ਕਿ ਟੈਸਟ ਤਾਂ ਬਹੁਤ ਵੱਡਾ ਹੈ। ਮਹਾਰਾਜ ਕਹਿੰਦੇ, ਹੋਰ ਦੱਸਦੇ ਹਾਂ ਤੁਹਾਨੂੰ। ਜਦੋਂ ਇਬ ਭਜਨ ਕਰਨਗੇ ਇਨ੍ਹਾਂ ਦੇ ਸਰੀਰ ਵਿਚ ਸੂਈ ਚੋਭੋ, ਫੇਰ ਮੈਨੂੰ ਦੱਸੋ। ਉਸ ਵੇਲੇ ਰਾਮਰਾਇ ਜੀ ਦੇ ਸਰੀਰ ਵਿਚ ਸੂਈ ਚੋਭੀ ਤਾਂ ਇਕ ਦਮ ਅੱਖਾਂ ਖੋਲ੍ਹ ਲਈਆਂ, ਦਰਦ ਹੋਇਆ, ਪੁੱਛਿਆ ਉਹਨੇ ਕਿ ਇਹ ਕੀ ਕਰਨ ਲੱਗੇ ਹੋ ਤੁਸੀਂ? ਜਦੋਂ ਗੁਰੂ ਹਰਿ ਕ੍ਰਿਸ਼ਨ ਮਹਾਰਾਜ ਦੇ ਸਰੀਰ ਵਿਚ ਸੂਈ ਚੋਭਣ ਲੱਗੇ, ਉਨ੍ਹਾਂ ਨੂੰ ਕੋਈ ਪਤਾ ਨਹੀਂ ਕਿ ਕੀ ਹੋ ਰਿਹਾ ਹੈ ਕੀ ਨਹੀਂ ਹੋ ਰਿਹਾ। ਉਸ ਵੇਲੇ ਗੁਰੂ ਮਹਾਰਾਜ ਨੇ ਕਿਹਾ ਕਿ ਹੁਣ ਤੁਸੀਂ ਆਪੇ ਹੀ ਦੇਖ ਲਓ।

ਪਰ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਨੇ ਸਿੱਖੀ ਦੀ ਜੋ ਪਰਖ ਸੀ, ਸਿੱਖੀ ਦੀ ਸਮੂਹਤ ਦੇ ਵਿਚੋਂ ਪਰਖ ਕੀਤੀ, ਜੇ ਉਹ ਪਰਖ ਸਾਹਿਬਜ਼ਾਦਿਆਂ ਦੀ ਕਰਦੇ, ਸਾਹਿਬਜ਼ਾਦਿਆਂ ਦੀ ਕਾਹਦੀ ਪਰਖ ਸੀ ਉਹ ਤਾਂ ਸਾਰੇ ਹੀ ਪੂਰੇ ਸੀਗੇ। ਲੇਕਿਨ ਆਪ ਨੂੰ ਪਤਾ ਸੀ ਕਿ ਇਹ ਤਾਂ ਪੰਥ ਦੇ ਉਤੋਂ ਵਾਰ ਦਿਤੇ ਜਾਣੇ ਨੇ ਤੇ ਸੰਗਤ ਦੇ ਵਿਚੋਂ ਹੀ ਗੁਰੂ ਰੂਪ ਖਾਲਸਾ ਤਿਆਰ ਕੀਤਾ ਜਾਵੇ, ਜਿਹੜਾ ਗੁਰੂ ਦਾ ਰੂਪ ਬਣੇ। ਸੋ ਉਹਦੇ ਵਾਸਤੇ ਮੈਂ ਪਿੱਛੇ ਬੇਨਤੀ ਕਰੀ ਸੀ ਕਿ ਸਿੱਖੀ ਪੂਰੀ ਹੋਈ ਹੋਈ ਸੀ। ਕੁਰਬਾਨੀਆਂ ਵੀ ਘੱਟ ਨਹੀਂ ਸੀ, ਭਾਈ ਦਿਆਲੇ ਨੇ ਦੇਗ ਵਿਚ ਉਬਲਦੇ ਨੇ ਹਾਏ ਬੂ ਨਹੀਂ ਕੀਤੀ। ਸ਼ਕਤੀ ਦਾ ਮਾਲਕ ਸੀ ਕਿ ਜੇ ਚਾਹੁੰਦਾ ਤਾਂ ਦਿੱਲੀ ਗਰਕ ਕਰ ਦਿੰਦਾ, ਭਾਈ ਮਤੀਦਾਸ ਜੀ ਨੂੰ ਆਰੇ ਨਾਲ ਚੀਰ ਰਹੇ ਨੇ, ਜਪੁਜੀ ਸਾਹਿਬ ਦਾ ਪਾਠ ਹੋ ਰਿਹਾ ਹੈ। ਦੋ ਹਿੱਸਿਆਂ 'ਚ ਸਰੀਰ ਚੀਰਿਆ ਗਿਆ, ਹੈਰਾਨ ਹੋ ਰਹੇ ਨੇ ਕਿ ਦੋਹਾਂ ਦੇ ਵਿਚੋਂ ਜਪੁਜੀ ਸਾਹਿਬ ਦੇ ਪਾਠ ਦੀ ਆਵਾਜ਼ ਆਉਂਦੀ ਹੈ ਤੇ ਜਦੋਂ ਤੱਕ 'ਕੇਤੀ ਛੁਟੀ ਨਾਲਿ' ਦੀ ਆਵਾਜ਼ ਨਹੀਂ ਆਈ, ਉਨ੍ਹਾਂ ਚਿਰ ਸਰੀਰ ਨਹੀਂ ਬੰਦ ਹੋਇਆ। ਜਦੋਂ ਭੋਗ ਪਾ ਦਿਤਾ ਜਪੁਜੀ ਸਾਹਿਬ ਦਾ ਫੇਰ ਉਸ ਸਰੀਰ ਦੇ ਵਿਚੋਂ ਚੇਤਨ ਕਲਾ ਕੱਢੀ ਆਪ ਜੀ ਨੇ। ਇਹ ਕੀ ਅਵਸਥਾ ਹੋਈ?

ਮਹਾਰਾਜ ਕਹਿੰਦੇ ਇਹ ਇਕ ਐਸੀ ਅਵਸਥਾ ਹੈ ਕਿ ਜਿੱਥੇ ਮੌਤ ਜਿਹੜੀ ਹੈ ਗੁਰਸਿੱਖ ਦੇ ਨੇੜੇ ਨਹੀਂ ਆਉਂਦੀ, ਗੁਰਸਿੱਖ ਆਪਣੀ ਮਰਜ਼ੀ ਦੇ ਨਾਲ ਸੰਸਾਰ 'ਚ ਆਉਂਦਾ ਹੈ ਤੇ ਜਦੋਂ ਜੀਅ ਕਰੇ ਉਸ ਵੇਲੇ ਚਲਿਆ ਜਾਂਦਾ ਹੈ।

***ਗੁਰਮੁਖਿ ਆਵੈ ਜਾਇ ਨਿਸੰਗੁ ॥ ਅੰਗ - ੯੩੨***

ਫੇਰ ਵੀ ਐਸੇ ਕੌਤਕ ਹੁੰਦੇ ਨੇ ਜਿਹੜੇ ਹੈਰਾਨ ਕਰ ਦਿੰਦੇ ਨੇ।

ਸਰਮੱਦ ਇਕ ਬਹੁਤ ਵੱਡਾ ਮਹਾਂਪੁਰਸ਼ ਹੋਇਆ ਹੈ, ਔਰੰਗਜ਼ੇਬ ਦਾ ਰਾਜ ਸੀ, ਆਪ ਬੇਪਰਵਾਹ ਸੀ, ਨਾ ਹਿੰਦੂ ਦੀ ਪਰਵਾਹ ਨਾ ਮੁਸਲਮਾਨ ਦੀ, ਜਿੱਥੋਂ ਮਿਲ ਗਿਆ ਪ੍ਰਸ਼ਾਦਾ ਛਕ ਲੈਂਦੇ। ਕੱਟੜ ਬੜੇ ਦੁਖੀ ਹੁੰਦੇ ਸੀ ਕਿ ਹਿੰਦੂ ਦਾ ਬਣਾਇਆ ਹੋਇਆ ਪ੍ਰਸ਼ਾਦਾ ਛੱਕ ਲੈਂਦਾ ਹੈ। ਪਰ ਉਹ ਇਨ੍ਹਾਂ ਨਾਲ ਲੱਗਦਾ ਬੜਾ ਸੀ। ਔਰੰਗਜ਼ੇਬ ਖਾਸ ਕਰਕੇ ਲੱਗਦਾ ਸੀ, ਉਹਦੇ ਮਨ ਵਿਚ ਸੀ ਕਿ ਏਸ ਫਕੀਰ ਨੂੰ ਮੈਂ ਮਰਵਾ ਦੇਵਾਂ। ਬੈਠਦੇ ਜਾਮਾ ਮਸਜਿਦ ਦੇ ਸਾਮ੍ਹਣੇ ਸੀ, ਉਥੇ ਉਨ੍ਹਾਂ ਦਾ ਮਜ਼ਾਰ ਬਣਿਆ ਹੋਇਆ ਹੈ, ਜਿਨ੍ਹਾਂ ਨੇ ਦਿੱਲੀ ਦੇ ਵਿਚ ਦੇਖੀ ਹੈ, ਉਨ੍ਹਾਂ ਨੂੰ ਪਤਾ ਹੈ, ਉਥੋਂ ਦੀ ਲੰਘ ਕੇ ਜਾਂਦੇ ਸੀ ਨਮਾਜ਼ ਪੜ੍ਹਨ ਵਾਲੇ। ਜਦੋਂ ਔਰੰਗਜ਼ੇਬ ਨੇ ਲੰਘਣਾ ਤਾਂ ਹਰ ਵਕਤ ਚਿੜਦਾ ਸੀ ਏਸ ਫਕੀਰ ਨਾਲ ਤੇ ਇਹਨੇ ਕਿਰਿਆ ਕੀ ਬਣਾਈ ਵਸਤਰ ਲਾਹ ਦਿਤੇ ਸਾਰੇ ਹੀ ਨਗਨ ਫਿਰਨ ਲੱਗ ਗਿਆ। ਮਸਜਿਦ ਦੇ ਸਾਮ੍ਹਣੇ ਨਗਨ ਬੈਠਣਾ ਸ਼ਰ੍ਹਾ ਦੀ ਬੇ-ਹੁਰਮਤੀ ਹੋਇਆ ਕਰਦੀ ਹੈ। ਔਰੰਗਜ਼ੇਬ ਆਪ ਹੀ ਕੱਟੜ ਸੀ, ਮੌਲਵੀਆਂ ਨਾਲੋਂ ਜ਼ਿਆਦਾ, ਕਹਿਣ ਲੱਗਿਆ ਕਿ ਫਕੀਰ ਸਾਈਂ ਤੂੰ ਬਰੈਹਿਨਾ ਨਾ ਰਿਹਾ ਕਰ, ਨੰਗਾ ਨਾ ਰਿਹਾ ਕਰ।

ਸੁਰਮੱਦ ਨੇ ਕਿਹਾ, ਮੈਂ ਤੇਰੇ ਪਾਪ ਢਕਾਂ ਕਿ ਆਪਣੇ ਸਰੀਰ ਨੂੰ ਢਕਾਂ?

ਆਹ ਕੰਬਲ ਪਿਆ ਹੈ ਕਹਿੰਦਾ ਉਤੇ ਨਹੀਂ ਲੈ ਸਕਦਾ ਤੂੰ?

ਕਹਿੰਦਾ, ਆ ਜਾ ਨੀਚੇ ਉਤਰ ਆ ਹਾਥੀ ਤੋਂ, ਮੇਰੇ ਉਤੇ ਦੇ ਦੇ। ਹਾਥੀ ਬਿਠਾ ਲਿਆ, ਔਰੰਗਜ਼ੇਬ ਉਤਰਿਆ, ਕਿਉਂਕਿ ਮਸਜਿਦ ਜਾਣਾ ਸੀ। ਚੁੱਕ ਕੇ ਕੰਬਲ ਉਹਦੇ ਉਤੇ ਦੇਣ ਲੱਗਿਆ ਤੇ ਹੇਠਾਂ ਕੀ ਦੇਖਦਾ ਹੈ ਕਿ ਪਿਉ ਦਾ ਸਿਰ ਹੈ, ਭਰਾਵਾਂ ਦੇ ਸਿਰ ਨੇ, ਬੇਅੰਤ ਸਾਧੂ ਸੰਤਾਂ ਦੇ ਜਿਹੜੇ ਇਹਨੇ ਮਾਰੇ ਸੀ ਸਭ ਦੇ ਸਿਰ ਹੀ ਸਿਰ ਨਜ਼ਰ ਆਏ, ਡਰ ਕੇ ਕੰਬਲ ਓਵੇਂ ਜਿਵੇਂ ਰੱਖ ਦਿਤਾ।

ਕਹਿੰਦੇ, ਜੇ ਹਿੰਮਤ ਹੈ ਤਾਂ ਕੰਬਲ ਦੇ ਦੇ ਮੇਰੇ ਉਤੇ। ਮੈਂ ਤੇਰੇ ਦੋਸ਼ਾਂ ਨੂੰ ਢਕਾਂ ਕਿ ਆਪਣਾ ਸਰੀਰ

ਢਕਾਂ। ਡਰ ਗਿਆ, ਸ਼ਰਧਾ ਵਿਚ ਨਹੀਂ ਆਇਆ। ਸ਼ਰਧਾ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੇ ਵੀ ਨਹੀਂ ਆਇਆ। ਰਾਮਰਾਇ ਜੀ ਨੇ 72 ਕਿਸਮ ਦੀਆਂ ਸ਼ਕਤੀਆਂ ਦਿਖਾਈਆਂ ਉਹਨੂੰ, ਉਤੇ ਵੀ ਸ਼ਰਧਾ 'ਚ ਨਹੀਂ ਆਇਆ, ਕੱਟੜ ਸੀ ਬਹੁਤ। ਜੇ ਰੱਬ ਵੀ ਆ ਜਾਂਦਾ, ਉਹਦੇ ਵੀ ਉਹਨੇ ਸ਼ਰਧਾ ਵਿਚ ਨਹੀਂ ਸੀ ਆਉਣਾ। ਸੋ ਐਸਾ ਉਹ ਮਹਾਂਪੁਰਸ਼ ਸੀ।

ਇਕ ਵਾਰੀ ਕੋਈ ਆਇਆ ਗਰੀਬ ਆਦਮੀ ਕਹਿਣ ਲੱਗਿਆ ਮਹਾਰਾਜ, ਮੇਰੀ ਲੜਕੀ ਦੀ ਸ਼ਾਦੀ ਹੈ, ਮੇਰੇ ਕੋਲ ਕੋਈ ਪੈਸਾ ਨਹੀਂ। ਕਹਿੰਦੇ ਐਉਂ ਕਰ, ਆਹ ਕਾਨਾ ਫੜ ਸਾਨੂੰ। ਕਾਨਾ ਤੋੜ ਲਿਆ ਤੇ ਮੰਜਾ ਜਿਹਾ ਬਣਾ ਦਿਤਾ ਉਹਦੇ ਵਿਚ। ਪਾੜ ਕੇ ਉਹਨੂੰ ਜਿਵੇਂ ਮੰਜਾ ਹੁੰਦਾ ਹੈ ਐਉਂ ਬਣਾ ਦਿਤਾ ਤੇ ਕਿਹਾ ਕਿ ਔਰੰਗਜ਼ੇਬ ਦਾ ਤਖਤ ਹੈ ਦੱਸ ਹਜ਼ਾਰ 'ਚ ਵੇਚ ਆ ਬਜ਼ਾਰ ਵਿਚ। ਹੋਕਾ ਦੇਣਾ ਸ਼ੁਰੂ ਕਰ ਦਿਤਾ, ਟੋਕਰੀ 'ਚ ਰੱਖਿਆ ਹੋਇਆ ਹੈ, ਉਹ ਇਕੋ ਗੱਲ ਕਰਦਾ ਜਾਂਦਾ ਹੈ ਕਿ ਔਰੰਗਜ਼ੇਬ ਦਾ ਤਖਤ ਪੀਰ ਸੁਰਮੱਦ ਨੇ ਦੱਸ ਹਜ਼ਾਰ 'ਚ ਵੇਚਣਾ ਕਰ ਲਿਆ, ਮੇਰੇ ਸਿਰ ਦੇ ਉਤੇ ਉਹਦਾ ਤਖਤ ਹੈ। ਔਰੰਗਜ਼ੇਬ ਨੂੰ ਜਾ ਕੇ ਖਬਰ ਕੀਤੀ ਗਈ ਕਿ ਮਹਾਰਾਜ! ਤੁਹਾਡਾ ਤਾਂ ਤਖਤ ਨਿਲਾਮ ਹੋ ਰਿਹਾ ਹੈ ਦੱਸ ਹਜ਼ਾਰ 'ਚ।

ਡਰ ਗਿਆ ਕਿ ਜੇ ਸੁਰਮੱਦ ਕਰ ਰਿਹਾ ਹੈ ਤਾਂ ਸੱਚੀਓਂ ਮੇਰਾ ਤਖਤ ਨਿਲਾਮ ਹੋ ਜਾਣਾ ਹੈ। ਉਸੇ ਵੇਲੇ ਪੈਸੇ ਦਿਤੇ ਕਹਿਣ ਲੱਗਿਆ, ਹੁਣੇ ਖਰੀਦ ਲਿਆਓ। ਦੱਸ ਹਜਾਰ ਰੁਪਿਆ ਦਿਤਾ ਉਸ ਪ੍ਰੇਮੀ ਨੂੰ ਤੇ ਉਹ ਕਾਨਿਆਂ ਦਾ ਤਖਤ ਬਣਿਆ ਹੋਇਆ ਲੈ ਗਏ। ਬਚਾ ਲਿਆ ਰਾਜ ਸਾਧੂ ਤੋਂ।

ਸੋ ਐਸੇ ਬੇਪਰਵਾਹ ਸਨ। ਉਹ ਇਕ ਕਲਮਾ ਪੜ੍ਹਦੇ ਹੁੰਦੇ। 'ਇਲ ਇਲ ਲਾ' ਲਾ ਇਲਾ ਨਹੀਂ ਸੀ ਕਹਿੰਦੇ ਹੁੰਦੇ,। ਔਰੰਗਜ਼ੇਬ ਨੇ ਕਹਿਣਾ ਕਿ ਤੂੰ ਪੂਰਾ ਕਲਮਾ ਕਿਉਂ ਨਹੀਂ ਪੜ੍ਹਦਾ, ਸ਼ਰ੍ਹਾ ਦੀ ਬੇਹੁਰਮਤੀ ਕਰਦਾ ਹੈਂ, ਧੱਜੀਆਂ ਉਡਾਉਂਦਾ ਹੈਂ। ਕਾਜ਼ੀਆਂ ਨੇ ਫਤਵਾ ਦੇ ਦਿਤਾ ਕਿ ਏਸ ਬੰਦੇ ਨੂੰ ਕਤਲ ਕਰ ਦੇਣਾ ਚਾਹੀਦਾ ਹੈ। ਔਰੰਗਜ਼ੇਬ ਨੇ ਕਿਹਾ ਸੁਰਮੱਦ ਤੂੰ ਕਲਮੇ ਦੀ ਬੇਹੁਰਮਤੀ ਕਰਦਾ ਹੈਂ, ਮਰਿਆਦਾ ਭੰਗ ਕਰਦਾ ਹੈਂ, ਤੈਨੂੰ ਸਜ਼ਾ-ਏ-ਮੌਤ ਦੇਣਾ ਦਾ ਹੁਕਮ ਹੋ ਚੁੱਕਿਆ ਹੈ।

ਕਹਿੰਦਾ, ਜੇ ਮੈਨੂੰ ਸਜ਼ਾ-ਏ-ਮੌਤ ਦਿਤੀ ਨਾ ਤਾਂ ਤੇਰਾ ਇਕ ਵੀ ਬਾਲ-ਬੱਚਾ ਨਹੀਂ ਬਚਣਾ। ਜੇ ਤੈਨੂੰ ਇਤਬਾਰ ਨਹੀਂ ਆਉਂਦਾ ਤਾਂ ਮੇਰੀ ਉਂਗਲੀ ਨੂੰ ਕੱਟ ਕੇ ਦੇਖ। ਔਰੰਗਜ਼ੇਬ ਨੇ ਕਿਹਾ ਚੀਰਾ ਦਿਓ ਇਹਦੀ ਉਂਗਲੀ ਤੇ। ਚੀਰਾ ਉਹਦੀ ਉਂਗਲੀ ਤੇ ਦੇਣ ਲੱਗੇ ਨੇ ਤੇ ਔਰੰਗਜ਼ੇਬ ਹਾਏ-ਹਾਏ ਕਰਦਾ ਹੈ, ਕਹਿੰਦਾ ਬੱਸ-ਬੱਸ ਡੂੰਘਾ ਨਾ ਕੱਟ ਦਿਓ। ਐਨੇ ਨੂੰ ਮਹਿਲਾਂ 'ਚੋਂ ਖਬਰਾਂ ਆ ਗਈਆਂ ਕਿ ਰਾਜਕੁਮਾਰ ਦੀ ਉਂਗਲੀ ਕੱਟ ਗਈ, ਬੇਗਮਾਂ ਦੀਆਂ ਉਂਗਲੀਆਂ ਕੱਟ ਗਈਆਂ ਮਹਾਰਾਜ।

ਕਹਿਣ ਲੱਗਿਆ, ਇਹ ਤਾਂ ਨਹੀਂ ਮਾਰਿਆ ਜਾ ਸਕਦਾ। ਕਹਿਣ ਲੱਗਿਆ ਕਿ ਫਕੀਰ ਸਾਈਂ! ਫਕੀਰ ਤਾਂ ਦੇਹ ਅਧਿਆਸ ਤੋਂ ਉਤੇ ਹੁੰਦੇ ਨੇ, ਤੂੰ ਤਾਂ ਆਪਣੇ ਆਪ ਨੂੰ ਦੇਹ ਮੰਨਦਾ ਹੈਂ।

ਸੁਰਮੱਦ ਨੇ ਕਿਹਾ ਕਿ ਤੈਨੂੰ ਚਮੜੇ ਦੀ ਲੋੜ ਹੈ ਦੇ ਦੇਵਾਂਗਾ ਮੈਂ। ਲੈ ਲੈ। ਤੇਰੀ ਵੀ ਮੰਗ ਅਸੀਂ ਜ਼ਰੂਰ ਪੂਰੀ ਕਰਾਂਗੇ। ਸੰਤਾਂ ਦੇ ਦਰ ਤੇ ਜੋ ਕੋਈ ਮੰਗਦਾ ਹੈ ਉਹ ਦੇ ਦਿਆ ਕਰਦੇ ਨੇ।

ਤੇ ਉਹ ਇਹ ਕਹਿੰਦੇ ਨੇ ਕਿ ਇਹ ਜਿਹੜਾ ਦਰ ਹੈ ਉਹ ਬਾਦਸ਼ਾਹਾਂ ਦਾ ਬਾਦਸ਼ਾਹ ਹੈ। ਇਹਨੇ ਆ ਕੇ ਕਿਹਾ ਕਿ ਤੂੰ ਕਿਵੇਂ ਇਹ ਗੱਲ ਕਹੀ ਜਾਂਦਾ ਹੈਂ? ਉਹ ਤਾਂ ਮੇਰੀ ਕੈਦ ਦੇ ਅੰਦਰ ਹੈ, ਮੈਂ ਏਸ ਵੇਲੇ ਦਿੱਲੀ ਦੇ ਤਖਤ ਤੇ ਬੈਠਾ ਹਾਂ।

ਉਹ ਕਹਿੰਦੇ ਜੇ ਦੇਖਣਾ ਹੈ ਤਾਂ ਅੱਜ ਰਾਤ ਨੂੰ ਦੇਖ ਲਈਂ ਤੂੰ। ਤੈਨੂੰ ਦਿਖਾ ਦੇਵਾਂਗੇ ਕਿ ਬਾਦਸ਼ਾਹ ਕਿਹਾ ਜਿਹਾ ਹੈ।

ਜਿਸ ਵਕਤ ਰਾਤ ਪਈ, ਸੁਪਨਾ ਆਉਂਦਾ ਹੈ, ਸੁਪਨੇ ਵਿਚ ਕੀ ਦੇਖਦਾ ਹੈ, ਉਹ ਤਾਂ ਬਹਿਸ਼ਤਾਂ ਦੇ ਤਖਤ ਦੇ ਉਤੇ ਬੈਠਾ ਹੈ। ਨੂਰ ਝਿਲਮਿਲ-ਝਿਲਮਿਲ ਕਰਦਾ ਹੈ ਉਹਦੇ ਦੁਆਲੇ ਤੇ ਆਪ ਕੀ ਹੈ, ਗੰਦ ਮੰਦ ਚੁੱਕਣ ਵਾਲਾ ਬੰਦਾ ਹੈ, ਗੰਦ ਚੋ ਰਿਹਾ ਹੈ, ਦਾੜ੍ਹੀ ਤੇ ਮੂੰਹ ਤੇ ਪੈ ਰਿਹਾ ਹੈ। ਬਦਬੂ ਆ ਰਹੀ ਹੈ, ਸੜਿਆਂਦ ਮਾਰ ਰਹੀ ਹੈ। ਜਾਗ ਆ ਗਈ, ਜਦੋਂ ਆਇਆ ਦੂਸਰੇ ਦਿਨ ਕਹਿਣ ਲੱਗੇ ਦੇਖ ਲਿਆ ਤੇਰਾ ਹਾਲ ਆਹ ਹੋਣਾ ਹੈ ਤੇ ਉਹਦਾ ਆਹ ਹੋਇਆ ਹੈ। ਸੋ ਇਸ ਤਰ੍ਹਾਂ ਦੇ ਨਾਲ ਬਹੁਤ ਡਰਦਾ ਸੀ।

ਅਖੀਰ ਇਹਨੇ ਕੈਦ ਕਰ ਦਿਤਾ, ਕੋਰੜੇ ਲਾਉਣੇ ਸ਼ੁਰੂ ਕਰ ਦਿਤੇ, ਰੋਜ਼ ਦੇ ਸੌ ਕੋਰੜੇ ਮਾਰਦਾ ਸੀ ਤੇ ਨਮਕ ਵਾਲਾ ਪਾਣੀ ਦਿੰਦਾ ਸੀ ਤੇ ਅਖੀਰ ਜਾਮਾ ਮਸਜਿਦ ਦੇ ਅੱਗੇ ਲੈ ਆਉਂਦਾ ਸੀ ਤੇ ਉਥੇ ਕਹਿਣ ਲੱਗੇ ਕਿ ਤੈਨੂੰ ਕਤਲ ਕਰਨਾ ਹੈ। ਕਹਿੰਦੇ ਕਰ ਦੇ, ਫੇਰ ਮੈਂ ਤੇਰਾ ਜਿਹੜਾ ਅੱਧਾ ਕਲਮਾ ਹੈ ਉਹ ਬੋਲਾਂਗਾ, ਤੇਰੀ ਵੀ ਭਾਵਨਾ ਪੂਰੀ ਕਰ ਦੇਵਾਂਗਾ। ਜਦੋਂ ਉਹਦਾ ਸੀਸ ਕੱਟ ਦਿਤਾ, ਉਹ ਸੀਸ ਧਰਤੀ ਤੇ ਟਿਕਿਆ ਨਹੀਂ ਹੈ, ਉਹਦੇ ਵਿਚੋਂ ਆਵਾਜ਼ ਆ ਰਹੀ ਹੈ, 'ਲਾ ਇਲਾ ਇਲ ਇਲ ਲਾ'। ਨਾਲ ਸਰੀਰ ਹਰਕਤ ਕਰ ਰਿਹਾ ਹੈ, ਉਂਗਲੀ ਖੂਨ ਵਿਚ ਭਿਉਂ ਰਿਹਾ ਹੈ, ਆਪਣੇ ਵਿਚ ਹੀ, ਉਹਦੇ

ਨਾਲ ਕੰਧ ਤੇ ਲਿਖ ਰਿਹਾ ਹੈ, ਸਾਰੀ ਕੰਧ ਭਰ ਦਿਤੀ ਲਿਖ ਕੇ। ਸੋ ਐਸੇ-ਐਸੇ ਮਹਾਂਪੁਰਸ਼ ਨੇ, ਸਰੀਰ ਕੱਟ ਦਿਤਾ ਲੇਕਿਨ ਲਿਖ ਰਿਹਾ ਹੈ ਉਹਦਾ ਸਰੀਰ।

ਬਾਬਾ ਦੀਪ ਸਿੰਘ ਜੀ ਦਾ ਸੀਸ ਕੱਟਿਆ ਜਾਂਦਾ ਹੈ, ਲੇਕਿਨ ਸ਼ਸਤਰ ਉਵੇਂ ਜਿਵੇਂ ਚੱਲ ਰਿਹਾ ਹੈ, ਸੀਸ ਹੱਥ ਤੇ ਉਤੇ ਸਾਂਭਿਆ ਹੋਇਆ ਹੈ। ਕਿਉਂਕਿ ਅਜੇ ਜਾਣਾ ਨਹੀਂ ਸੀ ਚਾਹੁੰਦੇ। ਅਜੇ ਪ੍ਰਕਰਮਾ ਤੱਕ ਸੀਸ ਲੈ ਕੇ ਜਾਣਾ ਸੀ। ਸੋ ਇਸ ਤਰ੍ਹਾਂ ਨੇ ਨਾਲ ਭਾਈ ਦਿਆਲਾ ਜੀ ਦੇਗ 'ਚ ਉਬਾਲੇ ਖਾਂਦੇ ਆਪਣੀ ਮਰਜ਼ੀ ਦੇ ਨਾਲ ਚਲੇ ਗਏ। ਭਾਈ ਸਤੀ ਦਾਸ ਜੀ ਨੂੰ ਅੱਗ ਲਾ ਦਿਤੀ, ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਦਿਤਾ। ਸੋ ਮੈਂ ਇਹ ਬੇਨਤੀ ਕਰਦਾ ਹਾਂ ਕਿ ਸਿੱਖੀ ਤਾਂ ਬਹੁਤ ਮਜ਼ਬੂਤ ਸੀ, ਗੁਰੂ ਨਾਨਕ ਸਾਹਿਬ ਵੇਲੇ ਤੋਂ ਹੀ, ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਨੇ ਰੂਪ-ਰੇਖਾ ਦੇਣੀ ਸੀ, ਸੰਗਤ ਨੂੰ ਪਰਖ ਕੇ ਸੰਗਤ ਦੇ ਸਾਮ੍ਹਣੇ। ਸੋ ਇਸ ਪਰਖਣ ਨੂੰ ਕਸਵੱਟੀ ਕਹਿੰਦੇ ਨੇ। ਜਦੋਂ ਕਸਵੱਟੀ ਲਗਦੀ ਹੈ, ਕੱਚੇ ਪਿੱਲੇ, ਗੱਲਾਂ ਵਾਲੇ ਨਹੀਂ ਪਾਸ ਹੋਇਆ ਕਰਦੇ। ਜਦੋਂ ਕਸਵੱਟੀ ਲੱਗਦੀ ਹੈ, ਅਸਲ ਤਾਂ ਨਿਕਲ ਆਉਂਦਾ ਹੈ, ਲੇਕਿਨ ਜਿਹੜੀ ਖੋਟ ਹੈ, ਦਿਖਾਵਾ ਉਹ ਰਹਿ ਜਾਂਦਾ ਹੈ, ਉਹ ਨਹੀਂ ਨਿਕਲਿਆ ਕਰਦਾ।

ਜਿਸ ਨੇ ਆਪਣੇ ਸਿਰ ਤੋਂ ਪਰ੍ਹੇ ਜਾ ਕੇ ਪਿਆਰ ਗੁਰੂ ਦੇ ਨਾਲ ਪਾਇਆ ਹੈ ਉਹ ਤਾਂ ਪਾਸ ਹੋ ਜਾਂਦਾ ਹੈ, ਦੂਸਰਾ ਜਿਹੜਾ ਗਰਜ਼ਾਂ ਦੇ ਨਾਲ ਗੁਰੂ ਦੇ ਕੋਲ ਆਇਆ ਹੈ, ਉਹ ਫੇਲ੍ਹ ਹੋ ਜਾਂਦਾ ਹੈ।

ਗੁਰੂ ਮਹਾਰਾਜ ਨੂੰ ਗੁਰਸਿੱਖਾਂ ਨੇ ਇਕ ਵਾਰ ਸਵਾਲ ਕਰਿਆ ਕਿ ਮਹਾਰਾਜ! ਤੁਹਾਡੇ ਕੋਲ ਆਉਂਦੇ ਸਾਰੇ ਹੀ ਨੇ, ਇਕ ਤਾਂ ਬਹੁਤ ਉਚੀ ਅਵਸਥਾ ਦੇ ਮਾਲਕ ਨੇ, ਇਕ ਉਸ ਤੋਂ ਹੇਠਾਂ ਨੇ, ਇਕ ਉਸ ਤੋਂ ਹੇਠਾਂ ਨੇ, ਇਕਨਾਂ ਨੂੰ ਕੁਝ ਵੀ ਨਹੀਂ ਪਤਾ ਲਗਦਾ। ਕਾਰਨ ਕੀ ਹੈ, ਤੁਹਾਡੇ ਬਚਨ ਵੀ ਸਾਰੇ ਸੁਣਦੇ ਨੇ, ਫੇਰ ਇਹ ਗੱਲ ਕੀ ਹੁੰਦੀ ਹੈ?

ਗੁਰੂ ਮਹਾਰਾਜ ਕਹਿਣ ਲੱਗੇ, ਪਿਆਰਿਓ! ਤੁਹਾਨੂੰ ਇਕ ਪ੍ਰੈਕਟੀਕਲ ਮਿਸਾਲ ਦੇ ਨਾਲ ਅਸੀਂ ਗੱਲ ਸਮਝਾਉਂਦੇ ਹਾਂ। ਕਹਿਣ ਲੱਗੇ, ਤਿੰਨ ਬਾਟੇ ਲਿਆਓ ਪਾਣੀ ਦੇ ਭਰ ਕੇ। ਹੁਕਮ ਦੀ ਤਾਮੀਲ ਹੋ ਗਈ। ਮਹਾਰਾਜ ਕਹਿੰਦੇ, ਆਹ ਪਤਾਸ਼ੇ ਪਏ ਨੇ ਸਾਮ੍ਹਣੇ, ਇਹਦਾ ਊਂਜਲ ਭਰ ਕੇ ਇਕ ਬਾਟੇ ਵਿਚ ਪਾ ਦੇ ਪਿਆਰਿਆ, ਦੂਰ ਨਿਗ੍ਹਾ ਕੀਤੀ ਕਹਿੰਦੇ ਔਹ ਡਲ੍ਹਾ ਪਿਆ ਹੈ ਮਿਟੀ ਦਾ ਚੁੱਕ ਲਿਆ। ਤੂੰ ਦੂਸਰੇ ਬਾਟੇ ਵਿਚ ਪਾ ਦੇ। ਤੀਸਰੇ ਨੂੰ ਕਿਹਾ ਕਿ ਔਹ ਪੱਥਰ ਪਏ ਨੇ ਛੋਟੇ-ਛੋਟੇ ਤੂੰ ਉਹ ਚੁੱਕ ਲਿਆ ਤੂੰ ਓਸ ਬਾਟੇ 'ਚ ਪਾ ਦੇ। ਆਪ ਬਚਨ ਕਰਨ ਲੱਗ ਗਏ। ਕਾਫੀ ਸਮਾਂ ਲੰਘ ਗਿਆ ਤਾਂ ਇਕ ਗੁਰਸਿੱਖ ਨੇ ਕਿਹਾ ਸੱਚੇ ਪਾਤਸ਼ਾਹ! ਤੁਸੀਂ ਅੱਜ ਇਕ ਸ਼ੰਕਾ ਸੀ ਸਾਰਿਆਂ ਦਾ ਉਹਦਾ ਉਤਰ ਦੇਣਾ ਸੀ। ਕਹਿੰਦੇ ਹਾਂ ਉਤਰ ਦੇ ਰਹੇ ਹਾਂ, ਕਾਹਲੇ ਨਾ ਪਓ।

ਕਹਿਣ ਲੱਗੇ, ਭਾਈ ਲਿਆਓ ਤਾਂ ਬਾਟੇ। ਪਤਾਸ਼ਿਆਂ ਵਾਲੇ ਪ੍ਰੇਮੀ ਨੂੰ ਕਹਿਣ ਲੱਗੇ ਕਿ ਭਾਈ ਤੂੰ ਪਤਾਸ਼ੇ ਪਾ ਦਿਤੇ ਸੀ? ਕਹਿੰਦਾ ਹਾਂ ਜੀ। ਕਹਿੰਦੇ, ਫੇਰ ਕੱਢ ਹੁਣ ਉਨ੍ਹਾਂ ਨੂੰ ਪਾਣੀ 'ਚੋਂ।

ਉਹ ਮਾੜੇ-ਮਾੜੇ ਦਿਸਦੇ ਸੀ, ਜਦੋਂ ਹੱਥ ਪਾਇਆ ਉਹ ਵਿਚੇ ਹੀ ਘੁਲ ਗਏ। ਕਹਿੰਦੇ ਕੱਢਦਾ ਨਹੀਂ ਹੈ? ਕਹਿਣ ਲੱਗਿਆ ਕਿ ਮਹਾਰਾਜ! ਇਹਦੇ ਵਿਚ ਕੁਛ ਵੀ ਨਹੀਂ ਹੈ, ਪਾਣੀ ਹੀ ਪਾਣੀ ਹੈ। ਦੂਸਰੇ ਨੂੰ ਕਿਹਾ ਤਾਂ ਉਹਨੇ ਊਂਜਲ ਭਰ ਲਿਆ ਤੇ ਗਾਰਾ ਕੱਢ ਲਿਆ ਬਾਹਰ, ਪਾਣੀ ਹੈ ਹੀ ਨਹੀਂ ਸੀ ਉਹਦੇ ਵਿਚ। ਕਹਿੰਦੇ ਇਹਨੂੰ ਧੁੱਪੇ ਰੱਖ ਆਓ। ਤੀਸਰੇ ਨੂੰ ਕਿਹਾ ਪੱਥਰ ਕੱਢ। ਮੌਸਮ ਗਰਮੀ ਦਾ ਸੀ, ਹਵਾ ਗਰਮ ਚਲਦੀ ਸੀ, ਮਹਾਰਾਜ ਕਹਿਣ ਲੱਗੇ ਕਿ ਕਿਉਂ ਭਾਈ ਇਹ ਗਿੱਲੇ ਹੋਏ ਜਾਂ ਨਹੀਂ? ਉਹ ਦੇਖਦੇ-ਦੇਖਦੇ ਹਵਾ ਗਰਮ ਆਈ ਸੁੱਕ ਗਏ ਉਦੋਂ ਹੀ। ਕਹਿੰਦਾ ਮਹਾਰਾਜ! ਜਦੋਂ ਕੱਢੇ ਸੀ ਉਦੋਂ ਤਾਂ ਗਿੱਲੇ ਸੀ। ਪਰ ਹਵਾ ਲੱਗਣ ਦੇ ਨਾਲ ਇਹ ਤਾਂ ਉਹੋ ਜਿਹੇ ਬਣ ਗਏ ਜਿਵੇਂ ਦੇ ਪਹਿਲਾਂ ਸੀ। ਕਹਿੰਦੇ ਚੰਗਾ ਰੱਖ ਦਿਓ।

ਥੋੜ੍ਹੀ ਦੇਰ ਬਾਅਦ ਗੁਰੂ ਮਹਾਰਾਜ ਕਹਿਣ ਲੱਗੇ ਕਿ ਦੇਖੋ ਪਿਆਰਿਓ! ਇਕ ਉਹ ਨੇ ਜਿਹੜੇ ਗੁਰੂ ਦੀ ਬਾਣੀ ਵਿਚ ਲੀਨ ਹੋ ਕੇ ਆਪਣਾ ਆਪਾ ਗਵਾ ਦਿੰਦੇ ਨੇ ਉਹ ਤਾਂ ਹੈਗੇ ਪਤਾਸ਼ਿਆਂ ਵਰਗੇ। ਦੂਸਰੇ ਉਹ ਨੇ ਤੇ ਜਿਹੜੇ ਬਚਨ ਸੁਣ ਕੇ ਕੁਛ ਮਨ ਢਲ ਗਿਆ ਉਨ੍ਹਾਂ ਦਾ, ਕੁਛ ਗੁਰੂ ਵਲ ਲਗ ਗਿਆ, ਸੁਣਿਆ ਤੇ ਸੁਣ ਕੇ ਅੰਮ੍ਰਿਤ ਵੀ ਛਕ ਲਿਆ ਪਰ ਜਦੋਂ ਥੋੜ੍ਹੀ ਦੇਰ ਬਾਅਦ ਕੁਸੰਗ ਦੀ ਗਰਮ ਹਵਾ ਦਾ ਝੋਲਾ ਆਉਣਾ ਹੈ, ਉਸ ਵੇਲੇ ਜਿਵੇਂ ਮਿੱਟੀ ਦਾ ਡਲਾ ਕੱਢ ਕੇ ਰੱਖਿਆ, ਥੋੜ੍ਹੀ ਦੇਰ ਨੂੰ ਸੁੱਕ ਜਾਣਾ ਹੈ, ਇਕ ਐਸੇ ਹੁੰਦੇ ਨੇ। ਅਸਰ ਤਾਂ ਉਨ੍ਹਾਂ ਤੇ ਹੁੰਦਾ ਹੈ ਪਰ ਛੇਤੀ ਹੀ ਖਤਮ ਹੋ ਜਾਂਦਾ ਹੈ। ਤੀਸਰੇ ਉਹ ਨੇ ਜਿਹੜੇ ਪੱਥਰਾਂ ਵਾਂਗੂੰ ਥੋੜ੍ਹਾ ਜਿਹਾ ਸੁਣਿਆ ਤੇ ਫੇਰ ਉਥੇ ਦੇ ਉਥੇ। ਕਹਿੰਦੇ, ਐਸ ਤਰ੍ਹਾਂ ਦੇ ਸਾਡੇ ਕੋਲ ਆਉਂਦੇ ਨੇ। ਪਰ ਅਸੀਂ ਸਿੱਖੀ ਨੂੰ ਪੰਜ ਹਿੱਸਿਆਂ 'ਚ ਵੰਡਦੇ ਹਾਂ। ਇਕ ਤਾਂ ਉਹ ਨੇ ਜਿਹੜੇ ਆਪਣੇ ਕਾਰਜਾਂ ਦੇ ਵਾਸਤੇ ਆਉਂਦੇ ਨੇ, ਨਾ ਗੁਰੂ ਨਾਲ ਪਿਆਰ ਹੈ, ਨਾ ਬਾਣੀ ਨਾਲ ਪਿਆਰ ਹੈ, ਮੇਰਾ ਕੰਮ ਉਥੇ ਹੋ ਜਾਏਗਾ ਮੈਨੂੰ ਬੱਚੇ ਦੀ ਦਾਤ ਪ੍ਰਾਪਤ ਹੋ ਜਾਏਗੀ, ਮੇਰਾ ਕਾਰੋਬਾਰ ਚੱਲ ਜਾਏਗਾ, ਮੇਰਾ ਆਹ ਹੋ ਜਾਏਗਾ, ਮੇਰਾ ਓਹ ਹੋ ਜਾਏਗਾ। ਉਹ ਮਨਸਾ ਧਾਰ ਕੇ ਆਉਂਦੇ

ਨੇ ਕਿ ਗੁਰੂ ਦੇ ਦਰਸ਼ਨ ਨੂੰ ਮੈਂ ਚੱਲਿਆ ਹਾਂ ਮੇਰਾ ਆਹ ਕਾਰਜ ਸਿੱਧ ਹੋ ਜਾਵੇ। ਕਿਉਂਕਿ ਕਾਰਜ ਸਾਡੇ ਮਨ ਦੇ ਵਿਚ ਬਹੁਤੇ ਸਮਾਏ ਹੋਏ ਨੇ।

ਗੁਰੂ ਨਾਨਕ ਪਾਤਸ਼ਾਹ ਜਦੋਂ ਸਰੀਰ ਛੱਡਣ ਲੱਗੇ ਤਾਂ ਸਾਧਾਰਣ ਸਿੱਖ ਸੀਗਾ ਜਿਹੜਾ ਉਨ੍ਹਾਂ ਦੇ ਕੋਲ ਰਹਿੰਦਾ। ਉਹਨੂੰ ਰਾਤ ਨੂੰ ਕਹਿੰਦੇ ਸਾਧਾਰਨਾ ਅਸੀਂ ਬਈ ਸਵੇਰੇ ਸਰੀਰ ਛੱਡ ਜਾਣਾ, ਤੂੰ ਸਾਡੀ ਸੇਵਾ ਕਰਦਾ ਹੈਂ, ਮੰਗ ਕੀ ਦੇਈਏ ਤੈਨੂੰ। ਪਰ ਅਸੀਂ ਤੇਰੀ ਇਕ ਮੰਗ ਪੂਰੀ ਕਰਨੀ ਹੈ ਮੰਗ ਲੈ ਜਿਹੜਾ ਕੁਛ ਤੂੰ ਮੰਗਣਾ ਹੈ। ਓਧਰ ਤਾਂ ਗੁਰੂ ਮਹਾਰਾਜ ਸੰਸਾਰ ਤੋਂ ਅਲੋਪ ਹੋਣ ਦੀਆਂ ਤਿਆਰੀਆਂ ਕਰ ਰਹੇ ਨੇ, ਓਧਰ ਭਾਈ ਸਾਧਾਰਨ ਕੀ ਮੰਗਦਾ ਹੈ, ਕਹਿੰਦਾ ਸੱਚੇ ਪਾਤਸ਼ਾਹ! ਆਗਰੇ ਦੀ ਜੇਲ੍ਹ ਵਿਚ ਮੇਰਾ ਕੁੜਮ ਫਸਿਆ ਹੋਇਆ ਹੈ ਉਹ ਛੁਟ ਜਾਵੇ। ਮਹਾਰਾਜ ਕਹਿੰਦੇ, ਤੂੰ ਸਾਡੇ ਕੋਲ ਰਿਹਾ ਹੈਂ, ਕੋਈ ਦਰਗਾਹ ਦੀ ਚੀਜ਼ ਮੰਗ ਲੈ। ਕਹਿੰਦਾ, ਫੇਰ ਮੈਨੂੰ ਉਲਾਂਭੇ ਦੇਣਗੇ ਕਿ ਗੁਰੂ ਕੋਲ ਰਹਿ ਕੇ ਮੈਨੂੰ ਵੀ ਨਾ ਛੁਡਾਇਆ। ਉਸ ਤੋਂ ਬਾਅਦ ਮਹਾਰਾਜ ਨੇ ਸਰੀਰ ਛੱਡ ਦਿਤਾ। ਮਾਤਾ ਜੀ ਨੇ ਜਿਸ ਵਕਤ ਕਿਹਾ ਕਿ ਮਹਾਰਾਜ! ਤੁਸੀਂ ਤਾਂ ਸਭ ਕੁਛ ਬਾਹਰਲਿਆਂ ਨੂੰ ਦੇ ਗਏ, ਬੱਚਿਆਂ ਨੂੰ ਤਾਂ ਕੁਛ ਦੇ ਕੇ ਨਾ ਗਏ, ਕ੍ਰਿਪਾ ਕਰੋ, ਥੋੜ੍ਹੀ ਦੇਰ ਹੋਰ ਰਹਿ ਲੈਂਦੇ, ਸ੍ਰੀ ਚੰਦ ਵੀ ਆ ਜਾਂਦਾ, ਲਖਮੀ ਦਾਸ ਵੀ ਆ ਜਾਂਦਾ, ਫੇਰ ਤੁਸੀਂ ਚਲੇ ਜਾਂਦੇ, ਕਾਹਲੀ ਕਾਹਤੋਂ ਕਰੀ ਆਪ ਨੇ। ਮਹਾਰਾਜ ਜੀ ਉਠ ਕੇ ਬੈਠ ਗਏ। ਕਹਿੰਦੇ ਤੁਸੀਂ ਅੱਠ ਪਹਿਰ ਦੀ ਗੱਲ ਕਰੀ ਹੈ, ਅੱਠ ਪਹਿਰ ਤਾਂ ਕੋਈ ਗੱਲ ਹੀ ਨਹੀਂ, ਜੇ ਅੱਠ ਸਾਲ ਮੰਗ ਲੈਂਦੇ ਤਾਂ ਮੈਂ ਅੱਠ ਸਾਲ ਰਹਿਣਾ ਸੀ ਹੋਰ ਸੰਸਾਰ ਤੇ। ਹਾਂ ਦੱਸ, ਕੀ ਗੱਲ ਹੈ? ਕਹਿਣ ਲੱਗੇ ਕਿ ਬੱਚਿਆਂ ਦੀ ਮਾਨਤਾ ਹੋਣੀ ਹੈ, ਏਸ ਘਰ ਦੇ ਕੁੱਤਿਆਂ ਦੀ ਵੀ ਮਾਨਤਾ ਹੋਣੀ ਹੈ, ਐਨੇ ਨੂੰ ਮਹਾਰਾਜ ਜੀ ਦੀ ਨਿਗ੍ਹਾ ਫੇਰ ਸਾਧਾਰਨ ਤੇ ਪੈ ਗਈ ਕਹਿਣ ਲੱਗੇ ਸਾਧਾਰਨਾ ਤੂੰ ਸਾਡੀ ਸੇਵਾ ਕਰੀ ਹੈ, ਮੰਗਿਆ ਨਹੀਂ ਤੂੰ ਕੁਛ, ਸਾਡਾ ਚਿੱਤ ਨਹੀਂ ਖੁਸ਼ ਹੋਇਆ। ਕਹਿੰਦਾ, ਮਹਾਰਾਜ! ਮੈਂ ਤਾਂ ਪਹਿਲਾਂ ਹੀ ਕਹਿ ਦਿਤਾ ਸੀ ਕਿ ਮੇਰਾ ਕੁੜਮ ਛੁਟ ਜਾਵੇ। ਫੇਰ ਵੀ ਨਹੀਂ ਸਮਝ 'ਚ ਆਈ ਉਹਦੇ ਕਿ ਗੁਰੂ ਤੋਂ ਕੀ ਮੰਗੀਦਾ ਹੈ।

ਜੇ ਗੁਰੂ ਪ੍ਰਸੰਨ ਹੋ ਜਾਵੇ, ਕਹਿ ਦੇਵੇ ਕਿ ਮੈਂ ਤੇਰੇ ਤੇ ਪ੍ਰਸੰਨ ਹਾਂ, ਫੇਰ ਕੀ ਮੰਗੇ। ਜੇ ਰਾਜਾ ਪ੍ਰਸੰਨ ਹੋ ਜਾਵੇ, ਉਹ ਕਹੇ ਕਿ ਮੰਗ ਕੀ ਮੰਗਦਾ ਹੈਂ, ਜੋ ਮੰਗੇਂਗਾ ਮੈਂ ਦੇ ਦੇਵਾਂਗਾ? ਕਹਿੰਦਾ, ਸਾਡੇ ਘਰ ਤਾਂ ਤੂੜੀ ਮੁੱਕੀ ਹੋਈ ਹੈ, ਦੋ ਪੰਡਾਂ ਸੁਟਵਾ ਦਿਓ। ਰਾਜਾ ਪ੍ਰਸੰਨ ਹੋਇਆ ਹੈ, ਮੰਗਦਾ ਤੂੜੀ ਹੈ। ਕਿਉਂਕਿ ਮੰਗਣ ਦੀ ਜਾਚ ਨਹੀਂ ਆਉਂਦੀ। ਗੁਰੂ ਸਾਹਿਬ ਦੱਸਦੇ ਨੇ ਕਿ ਪਿਆਰਿਆ! ਜੇ ਗੁਰੂ ਖੁਸ਼ ਹੋ ਜਾਵੇ ਤਾਂ ਸੰਸਾਰ ਦੀ ਜਿਹੜੀ ਸਭ ਤੋਂ ਕੀਮਤੀ ਚੀਜ਼ ਹੈ, ਉਹ ਮੰਗ ਲੈ ਗੁਰੂ ਤੋਂ। ਉਹ ਜੇ ਮੰਗ ਲਈ ਉਹਦੇ ਪਿਛੇ ਸਾਰੀਆਂ ਹੀ ਚੀਜ਼ਾਂ ਆ ਜਾਣੀਆਂ ਨੇ।

ਨਾਮ ਗੁਰੂ ਤੋਂ ਮੰਗਣਾ ਚਾਹੀਦਾ ਹੈ, ਕੀ ਮੰਗੀ ਜਾਂਦਾ ਹੈ, ਸਮਰੱਥ ਗੁਰੂ ਨੇ ਕਹਿੰਦਾ ਮੇਰਾ ਕੁੜਮ ਛੁਟ ਜਾਏ। ਸੋ ਐਸੇ ਜੋ ਗੁਰਸਿੱਖ ਹੋਇਆ ਕਰਦੇ ਨੇ ਉਹ ਲੋੜਾਂ ਵਾਲੇ, ਕੰਮ ਠੀਕ ਕਰਾਉਣ ਵਾਲੇ ਗੁਰੂ ਕੋਲ ਆਇਆ ਕਰਦੇ ਨੇ। ਉਹ ਸਿੱਖੀ ਕੱਚੀ ਹੋਇਆ ਕਰਦੀ ਹੈ। ਗੁਰੂ ਮਹਾਰਾਜ ਕਹਿਣ ਲੱਗੇ ਕਿ ਪਿਆਰਿਓ! ਇਕ ਤਾਂ ਭੇਖ ਦੀ ਸਿੱਖੀ ਹੁੰਦੀ ਹੈ, ਇਕ ਸਿੱਖੀ ਹੁੰਦੀ ਹੈ ਦੇਖਾ ਦੇਖੀ ਦੀ, ਇਕ ਹੁੰਦੀ ਹੈ ਹਿਰਸ ਦੀ। ਭੇਖ ਦੀ ਸਿੱਖੀ ਹੈ, ਭੇਖ ਸੋਹਣਾ ਲੱਗਿਆ, ਉਹੋ ਜਿਹਾ ਸੱਜ ਗਿਆ ਬੰਦਾ, ਲੋਕ ਭੇਖ ਨੂੰ ਦੇਖ ਕੇ ਹੀ ਮੱਥੇ ਟੇਕਣੇ ਸ਼ੁਰੂ ਕਰ ਦਿੰਦੇ ਨੇ। ਕੋਈ ਬੰਦਾ ਕਰਕੇ ਦੇਖ ਲਓ, ਤੁਹਾਡੇ 'ਚੋਂ। ਭੇਖ ਧਾਰ ਲਓ, ਇਥੇ ਹੀ ਘੁੰਮੀ ਜਾਓ, ਬੀਬੀਆਂ ਅੱਧੀਆਂ ਮੱਥਾ ਟੇਕਣ ਨੂੰ ਜਾਣਗੀਆਂ। ਭਾਈ ਵੀ ਦੌੜਨਗੇ, ਵਿਚ ਨਹੀਂ ਕੋਈ ਦੇਖਦਾ ਕਿ ਇਹਦੇ ਵਿਚ ਵੀ ਹੈ, ਕਹਿਣ ਲੱਗੇ, ਬਹੁਰੂਪੀਆ ਬਣਿਆ ਫਿਰਦਾ ਹੈ।

ਦੂਸਰੀ ਸਿੱਖੀ ਹੈ ਦੇਖਾ ਦੇਖੀ ਦੀ, ਨਾਲਦਿਆਂ ਨੂੰ ਦੇਖਿਆ ਬਈ ਇਹ ਬਣ ਗਏ, ਮੈਂ ਰਹਿ ਗਿਆ, ਮੈਨੂੰ ਨਿਗੁਰੇ ਦੀ ਲਾਹਨਤ ਪਏਗੀ, ਉਸ ਲਾਹਨਤ ਤੋਂ ਬਚਣ ਵਾਸਤੇ ਸਿੱਖੀ ਧਾਰਨ ਕਰ ਲੈਂਦਾ ਹੈ। ਤੀਸਰੀ ਹੋਇਆ ਕਰਦੀ ਹੈ ਹਿਰਸ ਦੀ ਆਪਣਾ ਕੰਮ ਬਣਨਾ ਹੈ ਕਿ ਇਹ ਸਿੱਖਾਂ ਦੀ ਆਬਾਦੀ ਹੈ ਇਥੇ ਜੇ ਮੈਂ ਇਨ੍ਹਾਂ ਵਾਂਗੂੰ ਅੰਮ੍ਰਿਤ ਛਕ ਲਵਾਂ ਤਾਂ ਮੇਰੀ ਦੁਕਾਨ ਬਹੁਤ ਚੱਲੇਗੀ ਤੇ ਮੁਨਾਫਾ ਵੀ ਮੈਂ ਜਿੰਨਾ ਜੀਅ ਚਾਹੇ ਕੱਢੀ ਜਾਵਾਂ ਕਿਸੇ ਨੇ ਜਵਾਬ ਹੀ ਨਹੀਂ ਦੇਣਾ, ਆਪਣਾ ਗੁਰ ਭਾਈ ਸਮਝ ਕੇ, ਮੈਨੂੰ ਵਧਵੀਂ ਕੀਮਤ ਦੇਈ ਜਾਣੀ ਹੈ। ਇਹ ਹਿਰਸ ਦੀ ਸਿੱਖੀ ਹੁੰਦੀ ਹੈ। ਚੌਥੀ ਸਿੱਖੀ ਹੋਇਆ ਕਰਦੀ ਹੈ ਸਿਦਕ ਦੀ ਸਿੱਖੀ, ਸਿਦਕ ਦੇ ਵਿਚ ਰਹਿਣਾ, ਗੁਰੂ ਨੂੰ ਪ੍ਰਮੇਸ਼ਰ ਮੰਨਣਾ। ਪੰਜਵੀਂ ਹੋਇਆ ਕਰਦੀ ਹੈ ਭਾਵਨਾ ਦੀ, ਇਹ ਦੋ ਕਿਸਮ ਦੀ ਸਿੱਖੀ ਜਿਹੜੀ ਹੈ ਉਹ ਤਾਂ ਹੁੰਦੀ ਹੈ ਪੂਰੀ, ਤਿੰਨ ਕਿਸਮ ਦੀ ਜਿਹੜੀ ਹੈ ਉਹ ਅਧੂਰੀ ਹੁੰਦੀ ਹੈ। ਕਹਿੰਦੇ, ਸੱਚੇ ਪਾਤਸ਼ਾਹ ਪਤਾ ਕਿਵੇਂ ਲੱਗੇ?

ਮਹਾਰਾਜ ਕਹਿਣ ਲੱਗੇ, ਐਤਕੀਂ ਵਿਸਾਖੀ ਤੇ ਤੁਹਾਨੂੰ ਪਤਾ ਲਾ ਦੇਵਾਂਗੇ। ਬਹੁਤ ਵੱਡਾ ਇਕੱਠ ਕਰਿਆ ਉਸ ਤੋਂ ਬਾਅਦ ਜਦੋਂ ਭੋਗ ਪਿਆ, ਮਹਾਰਾਜ ਕਹਿੰਦੇ ਭਾਈ ਸਾਡੀ ਇਜਾਜ਼ਤ ਬਗੈਰ ਕਿਸੇ ਨੂੰ ਨਹੀਂ ਜਾਣ ਦੇਣਾ। ਪਹਿਰੇ ਲੱਗ ਗਏ ਸਾਰੇ, ਅਨੰਦਪੁਰ ਸਾਹਿਬ ਦੇ ਆਲੇ ਦੁਆਲੇ, ਹਰ ਪਾਸੇ ਪਹਿਰੇ ਲਾ ਦਿਤੇ, ਜਦੋਂ ਨਿਕਲਣ ਲਗਦਾ ਹੈ, ਕਹਿੰਦੇ ਨੇ ਇਜਾਜ਼ਤ ਨਹੀਂ ਗੁਰੂ ਤੋਂ ਇਜਾਜ਼ਤ ਲਓ, ਫੇਰ ਅਸੀਂ ਤੁਹਾਨੂੰ ਲੰਘਣ ਦੇ

ਦੇਵਾਂਗੇ। ਇਸ ਤਰ੍ਹਾਂ ਕਰਦੇ-ਕਰਦੇ ਪੰਜ ਛੇ ਦਿਨ ਲੰਘ ਗਏ। ਕਹਿਣ ਲੱਗੇ, ਬਹੁਤ ਬੁਰੇ ਫਸੇ ਇਥੇ ਆ ਕੇ ਤਾਂ। ਘਰ ਡੰਗਰ ਪਸ਼ੂ ਨੇ, ਕਣਕਾਂ ਵੱਢਣੀਆਂ ਨੇ, ਇਹ ਗੁਰੂ ਨੇ ਕੀ ਕਰ ਦਿਤਾ? ਇਕ ਬੰਦਾ ਸੀ ਉਨ੍ਹਾਂ ਵਿਚ ਕਹਿਣ ਲੱਗਿਆ ਜੇ ਮੇਰਾ ਕਿਹਾ ਮੰਨੋ ਨਾ, ਕਿਸੇ ਨੂੰ ਦੱਸੋ ਨਾ ਤਾਂ ਮੈਂ ਲੰਘਾ ਸਕਦਾ ਹਾਂ ਤੁਹਾਨੂੰ। ਕਹਿੰਦੇ, ਸਾਨੂੰ ਕੀ ਚਾਹੀਦਾ ਹੈ ਹੋਰ। ਕਹਿੰਦਾ, ਮੈਨੂੰ ਸਾਹ ਖਿੱਚਣਾ ਆਉਂਦਾ ਹੈ, ਮੈਂ ਸਾਹ ਖਿੱਚ ਲਵਾਂਗਾ ਅੰਦਰ ਤੇ ਮੈਨੂੰ ਤੁਸੀਂ ਮੁਰਦਾ ਬਣਾ ਕੇ ਅਰਥੀ ਤੇ ਪਾ ਕੇ ਰਾਮ ਨਾਮ ਸਤਿ ਹੈ ਸ਼ਬਦ ਪੜ੍ਹਦੇ ਲੰਘ ਜਾਇਓ।

ਉਹ ਜਦੋਂ ਮੁਰਦਾ ਬਣ ਗਿਆ, ਤਿੰਨ ਚਾਰ ਸੌ ਬੰਦਾ ਇਕੱਠਾ ਹੋ ਗਿਆ ਨਾਲ ਤੇ ਗੁਰੂ ਮਹਾਰਾਜ ਦੇ ਕੋਲ ਦੀ ਲੰਘੇ ਜਾਂਦੇ ਨੇ। ਕਹਿੰਦੇ, ਜੇ ਦੂਰ ਦੀ ਲੰਘੇ ਸਿੱਖਾਂ ਨੇ ਰੋਕ ਲੈਣਾ, ਮੂਹਰੇ ਦੀ ਲੰਘੋ। ਮਹਾਰਾਜ ਦਾ ਦੀਵਾਨ ਲੱਗਿਆ ਹੋਇਆ ਸੀ, ਮਹਾਰਾਜ ਨੇ ਕਿਹਾ ਕਿ ਆਹ ਕੌਣ ਜਾਂਦੇ ਨੇ? ਕਹਿੰਦੇ, ਸੱਚੇ ਪਾਤਸ਼ਾਹ ਇਕ ਗੁਰਸਿੱਖ ਚੜ੍ਹਾਈ ਕਰ ਗਿਆ, ਪਿੱਛੇ ਵਿਚਾਰੇ ਦੇ ਛੋਟੇ-ਛੋਟੇ ਬੱਚੇ ਨੇ, ਕਾਰੋਬਾਰ ਫੈਲਿਆ ਹੋਇਆ ਹੈ, ਬੜਾ ਅਫਸੋਸ ਮੰਨਿਆ ਓਸ ਪਿੰਡ ਦੇ, ਇਲਾਕੇ ਦੇ ਲੋਕਾਂ ਨੇ। ਕਹਿੰਦੇ, ਹੁਣ ਕਿੱਧਰ ਜਾਂਦੇ ਨੇ? ਕਹਿੰਦੇ ਮਹਾਰਾਜ! ਸਸਕਾਰ ਕਰਨ ਲਈ ਜਾਂਦੇ ਨੇ। ਕਹਿੰਦੇ, ਰੋਕੋ ਇਨ੍ਹਾਂ ਨੂੰ। ਰੋਕ ਲਏ, ਪੁਛਿਆ ਕਿੱਧਰ ਜਾਂਦੇ ਹੋਂ, ਕਹਿੰਦੇ ਮਹਾਰਾਜ ਸਸਕਾਰ ਕਰਾਂਗੇ, ਹੁਣ ਮੁਰਦਾ ਰੱਖਿਆ ਨਹੀਂ ਜਾ ਸਕਦਾ। ਬਾਲ ਬੱਚਿਆਂ ਨੂੰ ਬੁਲਾਵਾਂਗੇ, ਉਨ੍ਹਾਂ ਨੂੰ ਅੰਤਮ ਦਰਸ਼ਨ ਕਰਾਵਾਂਗੇ। ਮਹਾਰਾਜ ਕਹਿੰਦੇ ਸਸਕਾਰ ਹੀ ਕਰਨਾ ਹੈ, ਬੁਲਾ ਕੇ ਕੀ ਕਰਨਾ ਹੈ ਤੁਸੀਂ, ਆਹ ਘਾਹ ਬਥੇਰਾ ਪਿਆ ਹੈ, ਇਥੇ ਸਸਕਾਰ ਕਰ ਦੇਣਾ ਹੈ, ਕਿਥੇ ਲਕੜਾਂ ਭਾਲੋਂਗੇ, ਇਹਦੇ ਉਤੇ ਹੀ ਰੱਖ ਦਿਓ। ਲਾਂਗਰੀ ਸਿੰਘ ਨੂੰ ਕਹੋ ਕਿ ਅੱਗ ਲੈ ਕੇ ਆਵੇ। ਉਹ ਬਲਦੀ-ਬਲਦੀ ਚੁਆਤੀ ਲੈ ਕੇ ਚਲਿਆ ਗਿਆ। ਮਹਾਰਾਜ ਨੇ ਕਿਹਾ ਕਿ ਇਹਨੂੰ ਘਾਹ ਨੂੰ ਲਾ ਦੇ। ਹੁਣ ਉਹ ਸੁਣੀ ਜਾਂਦਾ ਹੈ ਕਿ ਹੁਣ ਕੀ ਹੋਏਗਾ। ਜਦੋਂ ਘਾਹ ਤਿੜ-ਤਿੜ ਕਰਨ ਲੱਗਿਆ, ਕੱਫਣ ਬੰਨਿਆ ਹੋਇਆ ਮਾਰਿਆ ਜ਼ੋਰ ਨਾਲ ਚੁੱਕ ਕੇ ਪਰ੍ਹੇ, ਛਾਲ ਮਾਰੀ ਨੱਠ ਲਿਆ। ਮਹਾਰਾਜ ਤਾੜੀ ਮਾਰ ਕੇ ਹੱਸ ਪਏ ਕਹਿੰਦੇ ਲਓ ਭਾਈ ਗੁਰਮੁਖੋ, ਤੁਹਾਡਾ ਮੁਰਦਾ ਸਣ ਦੇਹੀ ਸੱਚਖੰਡ ਨੂੰ ਨੱਠਿਆ ਜਾ ਰਿਹਾ ਹੈ। ਸਾਰੇ ਹੈਰਾਨ ਹੋ ਗਏ, ਸਾਰਿਆਂ ਨੂੰ ਬੁਲਾ ਲਿਆ, ਕਹਿੰਦੇ ਐਨੀ ਕੱਚੀ ਸਿੱਖੀ ਤੁਹਾਡੀ। ਕਹਿੰਦੇ ਆਹ ਹੈ ਸਾਧਸੰਗਤ ਜੀ ਭੇਖ ਦੀ ਸਿੱਖੀ, ਦੇਖਾਦੇਖੀ ਦੀ, ਹਿਰਸ ਦੀ। ਜਿਹੜੀ ਸਿਦਕ ਦੀ ਸਿੱਖੀ ਹੁੰਦੀ ਹੈ ਉਹ ਤਾਂ ਤਨ ਦੇ ਨਾਲ, ਸਿਰ ਦੇ ਨਾਲ ਨਿਭਦੀ ਹੈ। ਉਨ੍ਹਾਂ ਦਾ ਜਿਹੜਾ ਇਰਾਦਾ ਹੈ ਉਹ ਬਹੁਤ ਮਜ਼ਬੂਤ ਹੁੰਦਾ ਹੈ।

ਐਸਾ ਵਿਸ਼ਵਾਸ਼ ਉਨ੍ਹਾਂ ਸਿੱਖਾਂ ਦੇ ਹਿਰਦੇ ਵਿਚ ਹੁੰਦਾ ਹੈ ਜੋ ਭਾਵਨੀ ਦੇ ਤੇ ਸਿਦਕ ਦੇ ਸਿੱਖ ਹੁੰਦੇ ਨੇ। ਸੋ ਐਸੇ ਜੋ ਸਿਦਕੀ ਸਿੱਖ ਨੇ, ਉਹ ਪਰਵਾਨ ਹੋਇਆ ਕਰਦੇ ਨੇ ਤੇ ਅੱਜ ਗੁਰੂ ਮਹਾਰਾਜ ਨੇ ਉਨ੍ਹਾਂ ਸਿਦਕੀ ਸਿੱਖਾਂ 'ਚੋਂ ਪਰਖਣ ਵਾਸਤੇ ਇਕ ਕਸਵੱਟੀ ਲਾ ਦਿਤੀ। ਗੁਰੂ ਦੀ ਕਸਵੱਟੀ ਸਹਿਣੀ ਹੱਦ ਤੋਂ ਜ਼ਿਆਦਾ ਔਖੀ ਹੈ, ਜੇ ਤਾਂ ਗੁਰੂ ਸਹਾਇਤਾ ਕਰੇ ਤਾਂ, ਤਾਂ ਲੰਘ ਜਾਇਆ ਕਰਦਾ ਹੈ ਜੇ ਗੁਰੂ ਦੀ ਸਹਾਇਤਾ ਨਾ ਹੋਵੇ, ਰਿਆਇਤੀ ਨੰਬਰ ਨਾ ਦੇਵੇ ਸਿੱਖ ਦੀ ਤਾਕਤ ਨਹੀਂ ਹੈ ਕਿ ਗੁਰੂ ਦੇ ਇਮਤਿਹਾਨ ਅੱਗੇ ਲੰਘ ਜਾਵੇ।

ਸੋ ਕਸਵੱਟੀ ਲਾ ਦਿਤੀ, ਕਸਵੱਟੀ ਪਾਰ ਹੋਣਾ ਬਹੁਤ ਮੁਸ਼ਕਲ ਹੈ। ਜਦੋਂ ਤੋਂ ਸਾਧੂ ਸੰਪਰਦਾ ਚੱਲੀ ਹੈ, ਮਹਾਂਪੁਰਸ਼ ਪਹਿਲਾਂ ਤੋਂ ਸ਼ੁਰੂ ਹੋਏ ਨੇ, ਇਸਲਾਮ ਦੇ ਅੰਦਰ ਜਿਹੜੇ ਸੂਫੀ ਪੀਰ ਸੀ ਇਹ ਵੀ ਕਸਵੱਟੀ ਲਾਇਆ ਕਰਦੇ ਸੀ ਬੜੀ ਕਰੜੀ, ਔਖਾ ਸੀ ਬਹੁਤ ਕਸਵੱਟੀ 'ਚੋਂ ਪਾਰ ਹੋਣਾ। ਸ਼ਕਤੀਆਂ ਸੰਪੰਨ ਹੋਇਆ ਕਰਦੇ ਸੀ।

ਬਾਬਾ ਫਰੀਦ ਜੀ, ਕਿਉਂਕਿ ਬਾਣੀ ਉਨ੍ਹਾਂ ਦੀ ਆਉਂਦੀ ਹੈ, ਉਨ੍ਹਾਂ ਦੇ ਬਾਰੇ ਐਸਾ ਬਾਣੀ ਦੇ ਅੰਦਰ ਫੁਰਮਾਨ ਆਉਂਦਾ ਹੈ ਕਿ ਆਪ ਦੇ ਮਨ ਵਿਚ ਪ੍ਰਮੇਸ਼ਰ ਨੂੰ ਮਿਲਣ ਦਾ ਬਹੁਤ ਹੀ ਵੱਡਾ ਸ਼ੌਂਕ ਸੀ, ਆਪ ਵੈਰਾਗੀ ਹੋ ਗਏ, ਤਪ ਕਰਨ ਲੱਗ ਗਏ। ਤਪ ਵੀ ਐਨਾ ਕਰਿਆ ਕਿ ਖਾਣਾ ਪੀਣਾ ਹੀ ਛੱਡ ਦਿਤਾ, ਸਰੀਰ ਸੁੱਕ ਗਿਆ ਤੇ ਇਕ ਵਾਰੀ ਆਪਣੇ ਸਰੀਰ ਨੂੰ ਦੇਖਦੇ ਨੇ ਕਿ ਕਿੰਨਾ ਤੰਦਰੁਸਤ ਸੀ, ਇਹ ਤਾਂ ਹੁਣ ਇਕ ਢਾਂਚਾ ਜਿਹਾ ਰਹਿ ਗਿਆ, ਪਰ ਅਜੇ ਤੱਕ ਪ੍ਰਮੇਸ਼ਰ ਮੈਨੂੰ ਮਿਲਿਆ ਨਹੀਂ ਹੈ। ਪਤਾ ਨਹੀਂ ਬਗੈਰ ਮਿਲੇ ਹੀ ਮੇਰਾ ਸਰੀਰ ਸ਼ਾਂਤ ਹੋ ਜਾਵੇ। ਉਸ ਵੇਲੇ ਆਪਣੇ ਅੰਦਰ ਇਸ ਤਰ੍ਹਾਂ ਦਾ ਖਿਆਲ ਕਰਦੇ ਨੇ -

***ਫਰੀਦਾ ਤਨੁ ਸੁਕਾ ਪਿੰਜਰੁ ਥੀਆ***
***ਤਲੀਆਂ ਖੂੰਡਹਿ ਕਾਗ ॥***
***ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥***
***ਅੰਗ - ੧੩੮੨***

ਐਸਾ ਵੈਰਾਗ ਕਿਸੇ ਵੀ ਸਾਧੂ ਦੇ ਜੀਵਨ ਵਿਚ ਵੇਖਣ ਨੂੰ ਨਹੀਂ ਮਿਲਦਾ, ਜੋ ਬਾਬੇ ਫਰੀਦ ਦੇ ਅੰਦਰ ਸੀ। ਤਨ ਸੁੱਕ ਗਿਆ, ਹਿਲਿਆ ਜੁਲਿਆ ਨਹੀਂ ਜਾਂਦਾ, ਤਾਕਤ ਮੁੱਕ ਗਈ, ਬਾਂਹ ਵੀ ਬੜੀ ਮੁਸ਼ਕਲ ਨਾਲ ਹਿਲਾਉਂਦੇ ਨੇ, ਕਾਵਾਂ ਨੇ ਸਮਝ ਲਿਆ ਕਿ ਮੁਰਦਾ ਪਿਆ ਹੈ। ਉਸ ਵੇਲੇ ਜੀਉਂਦੇ ਦੀਆਂ ਹੀ ਤਲੀਆਂ ਵਿਚ ਚੁੰਝਾਂ ਮਾਰ-ਮਾਰ ਕੇ ਮਾਸ ਕੱਢਣਾ ਸ਼ੁਰੂ ਕਰ ਦਿਤਾ। ਅਖੀਰ ਇਹ ਨਿਰਣਾ ਕਰਨ ਵਾਸਤੇ ਕਿ ਇਹ ਜੀਉਂਦਾ ਹੈ ਕਿ ਮਰਿਆ ਪਿਆ ਹੈ, ਕਾਉਂ ਆ ਕੇ ਮੱਥੇ ਤੇ ਬੈਠ ਗਿਆ ਤੇ ਜਦੋਂ ਚੁੰਝ ਮਾਰਨ ਲੱਗਿਆ ਓਸ

ਵੇਲੇ ਫਰੀਦ ਨੇ ਹੱਥ ਹਿਲਾਇਆ ਥੋੜ੍ਹਾ ਜਿਹਾ, ਕਹਿਣ ਲੱਗੇ, ਓ ਕਾਵਾਂ ਮੈਂ ਤਾਂ ਪ੍ਰਮੇਸ਼ਰ ਦੇ ਦਰਸ਼ਨ ਕਰਨ ਵਾਸਤੇ ਇਨ੍ਹਾਂ ਅੱਖਾਂ ਨੂੰ ਬਚਾ ਕੇ ਰੱਖਿਆ ਹੈ, ਮੇਰਾ ਸਾਰਾ ਸਰੀਰ ਜੇ ਪਿੰਜਰ ਬਣ ਗਿਆ ਤੇ ਮੈਂ ਅਜੇ ਵੀ ਆਸ ਵਿਚ ਹਾਂ ਕਿ ਮੇਰੀਆਂ ਅੱਖਾਂ ਸਾਬਤ ਨੇ ਤੇ ਮੈਨੂੰ ਦਰਸ਼ਨ ਹੋ ਜਾਣਗੇ। ਪਰ ਪਿਆਰਿਆ ਤੂੰ ਤਾਂ ਮੇਰੀਆਂ ਅੱਖਾਂ ਹੀ ਮੇਰੇ ਤੋਂ ਖੋਹਣ ਲੱਗਿਆ ਹੈਂ, ਮੈਂ ਦਰਸ਼ਨ ਕਾਹਦੇ ਨਾਲ ਕਰਾਂ। ਦੇਖ ਮੈਂ ਬੜੀ ਨਿਮਰਤਾ ਦੇ ਨਾਲ, ਤੇਰੇ ਅੱਗੇ ਬੇਨਤੀ ਕਰਦਾ ਹਾਂ ਕਿ ਹੋਰ ਮੇਰਾ ਸਰੀਰ ਚਾਹੇ ਖਾ ਲੈ, ਮੈਂ ਕੁਛ ਨਹੀਂ ਕਹਿੰਦਾ, ਕਸੀਸ ਵੀ ਨਹੀਂ ਵੱਟਦਾ ਪਰ ਆਹ ਅੱਖਾਂ ਤੂੰ ਛੱਡ ਦੇ ਕਿਉਂਕਿ ਮੇਰੇ ਮਨ ਦੇ ਅੰਦਰ ਦਰਸ਼ਨਾਂ ਦੀ ਲੋਚਾ ਹੈ।

*ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ॥*
*ਏ ਦੁਇ ਨੈਨਾ ਮਤਿ ਛੁਹਉ*
*ਪਿਰ ਦੇਖਨ ਕੀ ਆਸ॥ ਅੰਗ - ੧੩੭੮*

ਐਸਾ ਵੈਰਾਗ ਹੈ ਮਨ ਦੇ ਅੰਦਰ, ਲੋਚਾ ਹੈ, ਸਰੀਰ ਪਿੰਜਰ ਬਣਾ ਲਿਆ, ਭੁਲੇਖਾ ਪੈ ਗਿਆ ਪੰਛੀਆਂ ਨੂੰ ਕਿ ਮਰਿਆ ਹੋਇਆ ਬੰਦਾ ਹੈ, ਅੱਖਾਂ ਪਹਿਲਾਂ ਖਾ ਲਈਏ, ਫੇਰ ਬਾਕੀ ਦਾ ਸਰੀਰ ਚੂੰਡ ਲਵਾਂਗੇ। ਸੋ ਐਸੇ ਵੈਰਾਗ ਦੇ ਅੰਦਰ ਬੇਨਤੀ ਕਰਦੇ ਨੇ, ਨਾ ਮੇਰੀਆਂ ਅੱਖਾਂ ਨਾ ਖਾਇਓ, ਮੈਨੂੰ ਦਰਸ਼ਨਾਂ ਦੀ ਆਸ ਹੈ, ਜਦੋਂ ਇਹ **extreem** ਹੋ ਗਈ ਤਾਂ ਉਸ ਵੇਲੇ ਅੰਦਰ ਆਵਾਜ਼ ਆਈ -

*ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ॥*
*ਸਿਰਿ ਪੈਰੀ ਕਿਆ ਫੇੜਿਆ*
*ਅੰਦਰਿ ਪਿਰੀ ਨਿਹਾਲਿ॥ ਅੰਗ - ੧੩੮੪*

ਕਹਿਣ ਲੱਗੇ, ਤੇਰੇ ਤਾਂ ਅੰਦਰ ਪਾਤਸ਼ਾਹ ਆਪ ਬੈਠਾ ਹੈ, ਤੂੰ ਆਪਣਾ ਸਰੀਰ ਕਿਹੋ ਜਿਹਾ ਬਣਾ ਲਿਆ। ਕਿਵੇਂ ਪ੍ਰਮੇਸ਼ਰ ਨੂੰ ਚੰਗਾ ਲੱਗੇਗਾ ਇਹ। ਤੇਰੇ ਅੰਦਰ ਹੈ ਪ੍ਰਮੇਸ਼ਰ ਤਾਂ।

*ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ ॥*
*ਨਾਨਕ ਅਲਖੁ ਨ ਲਖੀਐ*
*ਗੁਰਮੁਖਿ ਦੇਇ ਦਿਖਾਲਿ॥ ਅੰਗ - ੧੩੮੪*

ਗੁਰਮੁਖ ਦੀ ਸ਼ਰਨ ਵਿਚ ਜਾਹ, ਪੂਰੇ ਮਹਾਂਪੁਰਸ਼ ਦੀ ਸ਼ਰਨ ਵਿਚ ਚਲਿਆ ਜਾਹ, ਉਹ ਤੈਨੂੰ ਅੰਦਰੋਂ ਚਾਬੀ ਦੇ ਦੇਵੇਗਾ, ਤਾਲੇ ਖੋਲ੍ਹ ਦੇਵੇਗਾ, ਫੇਰ ਤੈਨੂੰ ਪ੍ਰਮੇਸ਼ਰ ਮਿਲ ਜਾਏਗਾ, ਕਿਉਂਕਿ ਅੰਦਰ ਹੈ ਪ੍ਰਮੇਸ਼ਰ ਤੇਰੇ। ਅੰਦਰ ਵਸਦੇ ਪ੍ਰਮੇਸ਼ਰ ਨੂੰ ਦੇਖਣ ਵਾਸਤੇ ਤਾਲੇ ਖੋਲ੍ਹਣ ਦੀ ਲੋੜ ਹੈ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ॥ ਅੰਗ - ੨੦੫*

ਸਤਿਗੁਰ ਦੀ ਸ਼ਰਨ 'ਚ ਜਾਏਂਗਾ -

*ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥*
*ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ*
*ਅਵਰ ਨ ਕੁੰਜੀ ਹਥਿ ॥ ਅੰਗ - ੧੨੩੭*

ਪਿਆਰਿਆ ਦਰਵਾਜ਼ੇ ਤਾਂ ਅੰਦਰੋਂ ਬੰਦ ਨੇ, ਤੂੰ ਬਾਹਰ ਟੋਲਦਾ ਫਿਰਦਾ ਹੈਂ। ਤੇਰੇ ਅੰਦਰ ਹੈ ਵਾਹਿਗੁਰੂ -

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥*
*ਤਿਤੁ ਘਟ ਅੰਤਰਿ ਚਾਨਣਾ*
*ਕਰਿ ਭਗਤਿ ਮਿਲੀਜੈ॥ ਅੰਗ - ੯੫੪*

ਫਰੀਦਾ! ਜਿਹਨੂੰ ਤੂੰ ਤਲਾਸ਼ ਕਰਦਾ ਹੈਂ, ਉਹ ਇਨ੍ਹਾਂ ਅੱਖਾਂ ਨਾਲ ਨਹੀਂ ਤੈਨੂੰ ਦਿਸਣਾ, ਪਹਿਲਾਂ। ਉਹ ਅੱਖ ਹੋਰ ਹੈ ਜਿਹਦੇ ਨਾਲ ਤੂੰ ਅੱਲਾਹ ਤਾਲਾ ਨੂੰ ਮਿਲਣਾ ਚਾਹੁੰਦਾ ਹੈਂ, ਪਹਿਲਾਂ ਪਤਾ ਕਰ ਕਿ ਉਹ ਰਹਿੰਦਾ ਕਿੱਥੇ ਹੈ। ਤੇਰਾ ਸਰੀਰ ਨੌਂ ਦਰਵਾਜਿਆਂ ਵਾਲਾ ਕਿਲ੍ਹਾ ਹੈ। ਉਹ ਇਹਦੇ ਵਿਚ ਇਕ ਦਸਵਾਂ ਗੁਪਤ ਦਰਵਾਜ਼ਾ ਹੈ, ਜੇ ਉਹ ਖੁਲ੍ਹ ਜਾਵੇ, ਓਸ ਤੋਂ ਪਰ੍ਹੇ ਓਹਦਾ ਹੀ ਦੇਸ਼ ਹੈ ਸਾਰਾ। ਉਹਦੇ ਵਿਚ ਰਹਿੰਦਾ ਹੈ, ਓਸ ਦਰਵਾਜ਼ੇ 'ਚੋਂ ਲੰਘ ਕੇ ਫੇਰ ਉਹਦਾ **base** ਅਗੰਮ ਅਗੋਚਰ ਉਹ ਦੇਸ਼ ਆ ਜਾਂਦਾ ਹੈ। ਜਦੋਂ ਖੁਲ੍ਹ ਗਏ ਕਹਿੰਦੇ ਫੇਰ ਧੁਨੀ ਆਉਂਦੀ ਹੈ ਨੌਂ ਦਰਵਾਜਿਆਂ ਦੀ, ਐਨਾ ਸੰਗੀਤ ਸੁਣਦਾ ਹੈ -

*ਅਨਹਤ ਬਾਣੀ ਥਾਨੁ ਨਿਰਾਲਾ ॥*
*ਤਾ ਕੀ ਧੁਨਿ ਮੋਹੇ ਗੋਪਾਲਾ ॥ ਅੰਗ - ੧੯੬*

ਕਹਿੰਦੇ ਗੋਪਾਲ ਵੀ ਮੋਹਿਆ ਪਿਆ ਹੈ ਓਸ ਸ਼ਬਦ ਦੇ ਉਤੇ। ਫੇਰ ਹਨ੍ਹੇਰਾ ਨਹੀਂ ਹੈ ਉਥੇ -

*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥*
*ਅੰਗ - ੯੫੪*

ਨੌਂ ਕਿਸਮ ਦੀ ਭਗਤੀ ਕਰਨ ਦੇ ਨਾਲ, ਉਹ ਮਿਲ ਜਾਂਦਾ ਹੈ। ਕੀਰਤਨ ਭਗਤੀ ਸ਼੍ਰੋਮਣੀ ਹੈ।

*ਕਲਜੁਗ ਮਹਿ ਕੀਰਤਨੁ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥*
*ਅੰਗ - ੧੦੭੬*

ਫੇਰ ਦਿਸਦਾ ਕੀ ਹੈ ਚਾਨਣੇ ਵਿਚ।

*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥*
*ਅੰਗ - ੯੫੪*

ਆਹ ਸ੍ਰਿਸ਼ਟੀ ਨੂੰ ਬਣਾਉਣ ਵਾਲਾ ਮਾਲਕ ਫੇਰ ਅੰਦਰ ਨਜ਼ਰ ਆਉਂਦਾ ਹੈ।

*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥*
*ਅੰਗ - ੯੪੭*

ਕਹਿਣ ਲੱਗੇ, ਫਰੀਦਾ! ਤੇਰੀ ਤਾਂ ਤਲਾਸ਼ ਹੀ ਗਲਤ ਹੈ, ਕਿਉਂ ਖਪਦਾ ਹੈਂ -

*ਤਨੁ ਨ ਤਪਾਇ ਤਨੂਰ ਜਿਉ*
*ਬਾਲਣੁ ਹਡ ਨ ਬਾਲਿ॥*
*ਸਿਰਿ ਪੈਰੀ ਕਿਆ ਫੇੜਿਆ*
*ਅੰਦਰਿ ਪਿਰੀ ਨਿਹਾਲਿ ॥ ਅੰਗ - ੧੩੮੪*

ਇਨ੍ਹਾਂ ਨੇ ਕਿਹੜਾ ਕਸੂਰ ਕਰ ਦਿਤਾ, ਤੇਰੇ ਸਿਰ ਨੇ ਤੇ ਪੈਰਾਂ ਨੇ। ਐਨਾ ਤੂੰ ਸੁੱਕ ਗਿਆ, ਕਾਵਾਂ ਨੇ ਤੈਨੂੰ ਖਾ ਲਿਆ, ਪਿਆਰਿਆ! ਕਸੂਰ ਤਾਂ ਦੱਸ ਇਨ੍ਹਾਂ ਨੇ ਕੀ ਕਰਿਆ ਹੈ। ਤਲਾਸ਼ ਤੇਰੀ ਗਲਤ ਹੈ ਤੇ ਸਜ਼ਾ ਤੂੰ ਇਨ੍ਹਾਂ ਨੂੰ ਦੇ ਰਿਹਾ ਹੈਂ, ਨਾ ਤੂੰ ਅੰਦਰ ਖੋਜ, ਲੇਕਿਨ ਖੋਜ ਮੁਰਸ਼ਦ ਨੂੰ ਮਿਲੇ ਤੋਂ ਬਗੈਰ ਨਹੀਂ ਹੋ ਸਕਦੀ। ਮੁਰਸ਼ਦ ਨੂੰ ਖੁਸ਼ ਕਰ ਲੈ, ਪ੍ਰਸੰਨ ਕਰ ਲੈ। ਮੁਰਸ਼ਦ ਕੋਲ ਚਾਬੀ ਹੈ, ਚਾਬੀ ਦੇ ਦਏਗਾ, ਭੇਤ ਖੋਲ੍ਹ ਦੇਵੇਗਾ, ਇਥੇ ਨਾ ਤੂੰ ਖਪ।

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ*
*ਵਣਿ ਕੰਡਾ ਮੋੜੇਹਿ ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥*
*ਅੰਗ - ੧੩੭੮*

ਫਰੀਦਾ ਐਉਂ ਨਹੀਂ ਬਈ ਪ੍ਰਮੇਸ਼ਰ ਮਿਲਣਾ। ਜਿਸ ਥਾਂ ਤੇ ਰਹਿੰਦਾ ਹੈ ਉਥੇ ਤਾਂ ਤੂੰ ਤਲਾਸ਼ ਨਹੀਂ ਕਰਦਾ। ਜਿਥੇ ਤੈਨੂੰ ਦਿਸਣਾ ਨਹੀਂ ਹੈ ਉਥੇ ਤਲਾਸ਼ ਕਰਦਾ ਹੈਂ। ਜਿਹੜੀਆਂ ਅੱਖਾਂ ਦੇਖਣ ਵਾਲੀਆਂ ਨੇ ਪ੍ਰਮੇਸ਼ਰ ਦੀਆਂ ਉਨ੍ਹਾਂ ਦਾ ਤੈਨੂੰ ਪਤਾ ਨਹੀਂ ਹੈ। ਬਾਹਰਲੀਆਂ ਅੱਖਾਂ ਜਿਹੜੀਆਂ ਪ੍ਰਕ੍ਰਿਤੀ ਨੂੰ ਦੇਖਦੀਆਂ ਨੇ, ਇਨ੍ਹਾਂ ਨਾਲ ਤੂੰ ਦੇਖਣਾ ਚਾਹੁੰਦਾ ਹੈਂ। ਪਿਆਰਿਆ! ਪਹਿਲਾਂ ਰੱਬ ਅੰਦਰ ਦਿਸੇਗਾ, ਫੇਰ ਬਾਹਰ ਦਿਸੇਗਾ। ਸੋ ਮੁਰਸ਼ਦ ਦੀ ਤਲਾਸ਼ ਦੇ ਅੰਦਰ ਫਰੀਦ ਨੂੰ ਸੇਧ ਮਿਲ ਗਈ। ਤਲਾਸ਼ ਕਰਦਾ ਫਿਰਦਾ ਹੈ ਤੇ ਅਖੀਰ ਅਜਮੇਰ ਸ਼ਰੀਫ ਦੇ ਅੰਦਰ, ਬੁਖਿਆਤਾਰ ਕਾਕੀ ਪੂਰੇ ਮਹਾਂਪੁਰਸ਼ ਮਿਲ ਗਏ। ਜਿਹੜੇ ਪ੍ਰਮੇਸ਼ਰ ਨੂੰ ਮਿਲਾਉਣ ਦੀ ਪੂਰੀ ਸਮਰਥਾ ਰਖਦੇ ਸੀ। ਉਹਦੀ ਸੇਵਾ ਵਿਚ ਗਿਆ, ਨਿਰ ਅਭਿਮਾਨ ਹੋ ਕੇ ਸੇਵਾ ਕਰੀ, ਕੋਈ ਸਵਾਰ ਨਹੀਂ ਕਰਿਆ, ਚੌਦਾਂ ਸਾਲ ਲੰਘ ਗਏ, ਨਾ ਮੁਰਸ਼ਦ ਨੇ ਬੁਲਾਇਆ, ਲਗਾਤਾਰ ਇਕੋ ਰਸ ਸੇਵਾ ਕਰ ਰਿਹਾ ਹੈ, ਨਾ ਕਦੇ ਕ੍ਰੋਧ ਵਿਚ ਆਉਂਦਾ ਹੈ, ਹੁਕਮ ਦੇ ਵਿਚ ਖੇਲ੍ਹਦਾ ਹੈ। ਕਦੇ ਕੋਈ ਮੌਕਾ ਨਹੀਂ ਦਿਤਾ ਕਿ ਮੁਰਸ਼ਦ ਦੇ ਮਨ ਵਿਚ ਆ ਜਾਵੇ ਕਿ ਇਹ ਤਾਂ ਕੱਚਾ ਬੰਦਾ ਹੈ। ਕਿਉਂਕਿ ਬਹੁਤ ਮਿਹਨਤ ਕਰ ਚੁੱਕਿਆ ਸੀ, 24 ਸਾਲ ਤਪ ਸਾਧਣ ਤੋਂ ਬਾਅਦ ਸੱਚਾ ਜਗਿਆਸੂ ਹੋ ਕੇ ਰੱਬ ਦੀ ਤਲਾਸ਼ ਵਿਚ ਆਇਆ ਸੀ। ਜਿਹੜਾ ਮਾਣ ਤੇ ਅਭਿਮਾਨ ਕਰਦਾ ਹੋਵੇ ਸੇਵਾਦਾਰ। ਕਿੱਡਾ ਹੀ ਵੱਡਾ ਸੇਵਾਦਾਰ ਕਿਉਂ ਨਾ ਹੋਵੇ, ਇਥੇ ਅੱਖਰ 'ਸੇਵਾਦਾਰ' ਹੈ। ਚਾਹੇ ਤਾਂ ਉਹ ਕੋਈ ਵੱਡਾ ਕੀਰਤਨ ਕਰਨ ਵਾਲਾ ਹੈ, ਚਾਹੇ ਉਹ ਵੱਡਾ ਲੰਗਰ ਚਲਾਉਣ ਵਾਲਾ ਹੈ, ਚਾਹੇ ਉਹ ਵੱਡੀਆਂ ਖੇਤੀਆਂ ਕਰਨ ਵਾਲਾ ਹੈ, ਚਾਹੇ ਸੰਗਤਾਂ ਨੂੰ ਸਾਂਭਣ ਵਾਲਾ ਹੈ, ਚਾਹੇ ਗੁਰੂ ਦੀ ਹੋਰ ਸੇਵਾ ਕਰਦਾ ਹੈ ਅਨੇਕ ਕਿਸਮ। ਜੇ ਉਹਦੇ ਮਨ ਵਿਚ ਆ ਜਾਵੇ ਨਾ ਕਿ ਮੇਰੇ ਬਗੈਰ ਕੰਮ ਨਹੀਂ ਚਲਣਾ, ਤਾਂ ਉਹ ਸੇਵਾਦਾਰ ਉਸੇ ਵੇਲੇ ਫੇਲ੍ਹ ਹੋ ਜਾਇਆ ਕਰਦਾ ਹੈ। ਉਹਦੀ ਸੇਵਾ ਨਿਹਫਲ ਹੋ ਜਾਂਦੀ ਹੈ। ਕਿਉਂਕਿ ਮਹਾਰਾਜ ਨੇ ਐਸਾ ਫੁਰਮਾਨ ਕਰ ਦਿਤਾ ਉਹਨੂੰ ਅਸੀਂ ਲੰਘ ਨਹੀਂ ਸਕਦੇ। ਮਹਾਰਾਜ ਕਹਿੰਦੇ -

*ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥*
*ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥*
*ਅੰਗ - ੫੧*

ਉਹਨੂੰ ਨਾ ਸੇਵਕ ਗਿਣੋ, ਉਹ ਤਾਂ ਆਪਣੀ ਹਉਮੈ ਨੂੰ ਪੱਠੇ ਪਾਉਂਦਾ ਹੈ। ਹਉਮੈ ਦੇ ਵਿਚ ਮਾਨਤਾ ਹੁੰਦੀ ਹੈ, ਮਾਨਤਾ ਤੋਂ ਖੁਸ਼ ਹੁੰਦਾ ਹੈ। ਸੇਵਾਦਾਰ ਕਾਹਦਾ ਹੋ ਗਿਆ, ਲੋਕ ਉਹਦੀ ਮਾਨਤਾ ਕਰਦੇ ਨੇ, ਬੜਾ ਕੀਰਤਨ ਕਰ ਰਿਹਾ ਹੈ ਜੀ, ਬੜੀ ਸੇਵਾ ਕਰ ਰਿਹਾ ਹੈ ਜੀ, ਬੜਾ ਅੰਮ੍ਰਿਤ ਛਕਾ ਰਿਹਾ ਹੈ, ਜੇ ਦੂਜੇ ਪਾਸੇ ਦੀ ਗੱਲ ਚੱਲ ਪਵੇ ਫੇਰ ਹੈਰਾਨ ਹੋ ਜਾਂਦਾ ਹੈ, ਉਦਾਸ ਹੋ ਜਾਂਦਾ ਹੈ। ਗੁਰਦੁਆਰਿਆਂ 'ਚ ਦੇਖੀਦੇ ਨੇ।

ਇਕ ਵਾਰੀ ਇਕ ਪ੍ਰੇਮੀ ਸਾਡੇ ਕੋਲ ਆਇਆ, ਉਦਾਸ ਹੋਇਆ ਹੋਇਆ, ਬੀਬੀ ਸੀ ਨਾਲ। ਬੀਬੀ ਨੂੰ ਪੁਛਿਆ ਕਿ ਤੁਸੀਂ ਐਨੇ ਉਦਾਸ ਕਿਉਂ ਹੋ ਗਏ, ਤੁਸੀਂ ਬੜੇ ਖਿੜੇ-ਖਿੜੇ ਰਹਿੰਦੇ ਸੀ, ਸੱਚ-ਸੱਚ ਦੱਸੋ, ਤੁਹਾਡੇ ਮਨ ਦੇ ਉਤੇ ਕੋਈ ਸੱਟ ਲੱਗੀ।

ਕਹਿੰਦੇ, ਹਾਂ।

ਤੁਸੀਂ ਕਿਹਾ ਕਿ ਕੀ ਲੱਗੀ ਸੱਟ?

ਕਹਿੰਦੇ, ਇਥੇ ਕੋਈ ਨਹੀਂ ਸੀ ਗੁਰਦੁਆਰੇ ਦਾ ਨਾਉਂ ਲੈਂਦਾ, ਅਸੀਂ ਆਪ ਦਿਨ ਰਾਤ ਦੋਵੇਂ ਜਣਿਆਂ ਨੇ, ਚੱਕੀ ਦੇ ਵਿਚ ਚੂਨਾ ਪੀਸਿਆ, ਆਪਣੇ ਸਿਰਾਂ ਦੇ ਤਾਂ ਅਸੀਂ ਚੁਕਦੇ ਰਹੇ। ਸੀਮਿੰਟ ਵਗੈਰਾ, ਸਵੇਰੇ ਹੀ ਆ ਜਾਣਾ, ਆਥਣੇ ਜਾਣਾ, ਘਰ ਜਾ ਕੇ ਰੋਟੀ ਖਾਣੀ, ਘਰੋਂ

ਖਾ ਕੇ ਆਉਣਾ ਲੰਗਰ, ਅਖੀਰ ਗੁਰਦੁਆਰਾ ਸਾਹਿਬ ਬਣਾ ਲਿਆ ਅਸੀਂ ਹੌਲੀ-ਹੌਲੀ ਤੇ ਜਦੋਂ ਬਣ ਗਿਆ ਤਾਂ ਕਹਿੰਦੇ ਇਲੈਕਸ਼ਨ ਕਰੋ। ਇਲੈਕਸ਼ਨ ਦੇ ਵਿਚ ਸਾਨੂੰ ਦੋਹਾਂ ਨੂੰ ਹੀ ਬਾਹਰ ਕੱਢ ਦਿਤਾ, ਸਾਨੂੰ ਸੇਵਾਦਾਰ ਵੀ ਨਹੀਂ ਰਹਿਣ ਦਿਤਾ, ਸਾਨੂੰ ਗੁਰਦੁਆਰੇ ਆਉਣ ਜੋਗਾ ਵੀ ਨਹੀਂ ਆਉਣ ਦਿਤਾ। ਤਾਂ ਅਸੀਂ ਉਦਾਸ ਹੋ ਗਏ, ਸਾਡੇ ਤਾਂ ਅੰਦਰ ਬਿਮਾਰੀ ਲੱਗ ਗਈ ਬਲੱਡ ਪਰੈਸ਼ਰ ਹੋ ਗਿਆ। ਮੈਂ ਕਿਹਾ ਉਹ ਕਾਹਦੀ ਸੇਵਾ ਹੋਈ ਜਿਹਨੇ ਖੁਸ਼ੀ ਹੀ ਨਾ ਦਿਤੀ ਤੁਹਾਨੂੰ। ਕਹਿੰਦੇ, ਅਸੀਂ ਤਾਂ ਬਹੁਤ ਸੇਵਾ ਕੀਤੀ ਸੀ ਖੁਸ਼ੀ ਤਾਂ ਸਾਨੂੰ ਮਿਲਣੀ ਚਾਹੀਦੀ ਸੀ। ਮੈਂ ਕਿਹਾ ਨਹੀਂ ਸੇਵਾ ਨਹੀਂ ਕਰੀ ਤੁਸੀਂ। ਤੁਸੀਂ ਆਪਣੀ ਹਉਮੈ ਨੂੰ ਪੱਠੇ ਪਾ ਰਹੇ ਸੀ, ਉਹਨੂੰ ਵਧਾ ਰਹੇ ਸੀ। ਲੋਕ ਕਹਿੰਦੇ ਸੀ ਬੜੀ ਸੇਵਾ ਕਰਦੇ ਹਾਂ ਜੀ, ਇਨ੍ਹਾਂ ਵਰਗੀ ਸੇਵਾ ਨਹੀਂ ਹੈ। ਮਹਾਰਾਜ ਕਹਿੰਦੇ -

***ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥***
***ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥***
***ਅੰਗ - ੫੧***

ਕਰੋੜਾਂ ਦੇ ਵਿਚ ਇਕ ਹੈ ਜਿਹਨੂੰ ਅਸੀਂ ਸੇਵਾਦਾਰ ਕਹਿ ਸਕਦੇ ਹਾਂ। ਬਾਕੀ ਤਾਂ ਮਾਣ ਦੇ ਵਿਚ ਪਏ ਹੋਏ ਨੇ। ਲੋਕ ਵਡਿਆਈਆਂ ਕਰਦੇ ਨੇ, ਜਿਹਦੇ ਅੰਦਰ ਮੈਂ ਹੈ, ਮੈਂ ਸਮਝ ਕੇ ਕਰਦਾ ਹੈ, ਕਹਿੰਦਾ ਹੈ ਕਿ ਮੇਰੇ ਨਾਲ ਤਾਂ ਇਨਸਾਫ ਹੀ ਨਹੀਂ ਹੁੰਦਾ, ਮੈਨੂੰ ਤਾਂ ਗਿਣਦੇ ਹੀ ਕੱਖ ਨਹੀਂ ਹਨ, ਭਾਈ ਗੁਰਮੁਖਾ ਇਹ ਤਾਂ ਰਾਹ ਹੀ ਤੂੰ ਗਲਤ ਲੈ ਲਿਆ। ਇਹ ਰਾਹ ਨਹੀਂ ਹੈ ਗੁਰਮੁਖਾਂ ਦਾ। ਗੁਰਮੁਖਾਂ ਦਾ ਤਾਂ ਹੈ -

***ਸੇਵਾ ਕਰਤ ਹੋਇ ਨਿਹਕਾਮੀ ॥***
***ਤਿਸ ਕਉ ਹੋਤ ਪਰਾਪਤਿ ਸੁਆਮੀ ॥***
***ਅੰਗ - ੨੮੬***

ਨਾ ਮਾਣ ਦੀ ਕਾਮਨਾ ਆਵੇ, ਜਿਹੜਾ ਆਪਣੇ ਆਪ ਨੂੰ ਮਾਰ ਕੇ ਸੇਵਾ ਕਰਦਾ ਹੈ ਉਹਦੀ ਥਾਂ ਪੈਂਦੀ ਹੈ।

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਵਾਰ 3 ਪਉੜੀ 18***

ਗੱਲਾਂ ਨਾਲ ਨਹੀਂ ਮੁਰੀਦ ਹੋਇਆ ਕਰਦਾ। ਗੱਲਾਂ ਨਾਲ ਨਹੀਂ ਸੇਵਾਦਾਰ ਹੋਇਆ ਕਰਦਾ। ਮਾਣ ਤੇ ਅਭਿਮਾਨ ਤਾਂ ਅੰਦਰ ਲਈ ਫਿਰਦਾ ਹੈ ਕਿ ਲੋਕ ਮੇਰੀ ਪ੍ਰਸੰਸਾ ਕਰਨ। ਮਾਣ ਤੇ ਅਭਿਮਾਨ ਤਾਂ ਅੰਦਰ ਲਈ ਫਿਰਦਾ ਹੈ ਕਿ ਲੋਕ ਮੇਰੀ ਪ੍ਰਸੰਸਾ ਕਰਨ। ਜੀਉਂਦੇ ਬੰਦੇ ਦੀ ਤਾਂ ਪ੍ਰਸੰਸਾ ਹੁੰਦੀ ਹੈ ਜਿਹਨੇ ਮਰਨਾ ਹੀ ਕਬੂਲ ਕਰ ਲਿਆ, ਉਹ ਤਾਂ ਸ਼ੁਕਰ 'ਚ ਰਹਿੰਦਾ ਹੈ ਕਿ ਹੇ ਪ੍ਰਭੂ! ਤੂੰ ਮੈਨੂੰ ਸੇਵਾ 'ਚ ਲਾ ਲਿਆ, ਕ੍ਰਿਪਾ ਕਰੀਂ, ਕਿਤੇ ਮੈਨੂੰ ਵਖਰਾ ਨਾ ਕਰ ਦੇਵੀਂ। ਮੇਰੀ ਕੋਈ ਕਾਮਨਾ ਨਹੀਂ ਹੈ ਮੈਂ ਕੋਈ ਬਦਲਾ ਨਹੀਂ ਮੰਗਦਾ ਸੇਵਾ ਦਾ। ਤੇਰੀ ਮਰਜ਼ੀ ਹੈ ਭਾਵੇਂ ਧੀਰਜ ਦੇ ਦੇ ਮੈਨੂੰ, ਚਾਹੇ ਧੱਕੇ ਮਰਵਾ ਕੇ ਬਾਹਰ ਕੱਢ ਦੇ, ਪਰ ਹਾਂ ਮੈਂ ਤੇਰਾ ਮੈਂ ਜਾਣਾ ਨਹੀਂ ਕਿਤੇ। ਤੇਰਾ ਹੀ ਹਾਂ ਮੈਂ, ਤੇਰਾ ਬਣ ਕੇ ਰਹਿਣਾ ਹੈ ਮੈਂ ਸੰਸਾਰ ਦੇ ਉਤੇ। ਐਵੇਂ ਤਾਂ ਨਹੀਂ ਹੈ, ਮੁਰਦਾ ਬਣਨਾ ਕੋਈ ਖੇਡ ਚੀਜ਼ ਹੈ-

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***

ਇਕ ਗੁਲਾਮ ਸੀ, ਪਹਿਲੇ ਜ਼ਮਾਨੇ ਦੇ ਅੰਦਰ ਬੰਦਿਆਂ ਨੂੰ ਤੁਰੇ ਜਾਂਦਿਆਂ ਨੂੰ ਫੜ ਕੇ ਲੈ ਜਾਂਦੇ ਸੀ, ਐਧਰਲੇ ਓਧਰ ਲੈ ਜਾਣੇ, ਓਧਰਲੇ ਐਧਰ ਲੈ ਆਉਣੇ ਤੇ ਆਪਣੇ ਦੇਸ਼ਾਂ 'ਚ ਲਿਜਾ ਕੇ ਵੇਚ ਦੇਣੇ ਜਾਂ ਹਮਲਾ ਕਰਨਾ, ਫੌਜਾਂ ਲੈ ਕੇ ਚੜ੍ਹਾਈ ਕਰਨੀ ਨਾਲੇ ਘਰ ਬਾਰ ਲੁੱਟਣੇ, ਨਾਲੇ ਬੰਦੇ ਫੜ ਲੈਣੇ, ਬੱਚਾ ਕਿਤੇ ਵਿਕ ਗਿਆ, ਘਰਵਾਲੀ ਕਿਤੇ ਵਿਕ ਗਈ ਤੇ ਆਪ ਕਿਤੇ ਵਿਕ ਗਿਆ, ਖੇਰੂੰ-ਖੇਰੂੰ ਪਰਿਵਾਰ ਹੋ ਜਾਇਆ ਕਰਦਾ ਸੀ। ਨੱਠ ਨਹੀਂ ਸੀ ਸਕਦਾ, ਮੱਥੇ ਦੇ ਉਤੇ ਦਾਗ ਲਾ ਦਿੰਦੇ ਸੀ, ਰੁਪਈਆ ਗਰਮ ਕਰਕੇ, ਜਾਲ ਕੇ ਮੱਥੇ ਦੇ ਉਤੇ ਲਾ ਦੇਣਾ, ਉਹ ਫੇਰ ਨੱਠ ਨਹੀਂ ਸੀ ਸਕਦਾ, ਕਿਸੇ ਪਾਸੇ। ਪਤਾ ਲਗ ਜਾਂਦਾ ਸੀ ਕਿ ਗੁਲਾਮ ਹੈ ਇਹ। ਹਰ ਬੰਦਾ ਉਹਨੂੰ ਫੜਦਾ ਸੀ, ਜਿਵੇਂ ਡੰਗਰ ਨੱਠਿਆ ਜਾਂਦਾ ਹੋਵੇ, ਓਹਨੂੰ ਫੜਦੇ ਨੇ ਕਿ ਮੇਰਾ ਬਣ ਜਾਏਗਾ, ਐਸੇ ਤਰ੍ਹਾਂ ਬੰਦਾ ਜੇ ਦੌੜ ਕੇ ਦੇਸ਼ 'ਚੋਂ ਨਿਕਲਣਾ ਚਾਹੁੰਦਾ ਸੀ ਉਹਨੂੰ ਫੜ ਲੈਂਦੇ ਸੀ, ਉਹਦੀ ਕੋਈ ਕਦਰ ਨਹੀਂ ਸੀ।

ਇਕ ਵਾਰੀ ਵਾਰੀ ਕਿਸੇ ਦੇਸ਼ ਦੇ ਅੰਦਰ ਅਫਗਾਨਿਸਤਾਨ ਦੀਆਂ ਫੌਜਾਂ ਨੇ ਗੁਲਾਮ ਫੜ ਲਏ, ਬਹੁਤ ਚੰਗਾ ਬੰਦਾ ਅੜਿੱਕੇ ਆ ਗਿਆ, ਬੰਦਗੀ ਕਰਨ ਵਾਲਾ, ਸੋਝੀ ਵਾਲਾ। ਬਾਦਸ਼ਾਹ ਬੜਾ ਰਹਿਮ ਦਿਲ ਸੀ ਉਹਨੇ ਖਰੀਦ ਲਏ ਗੁਲਾਮ, ਉਨ੍ਹਾਂ ਦੇ ਵਿਚ ਉਹਨੇ ਜਦੋਂ ਦੇਖਿਆ ਤਾਂ ਦੇਖਦੇ ਸਾਰ ਉਹਦੇ ਮਨ 'ਚ ਆਇਆ ਕਿ ਆਹ ਜਿਹੜਾ ਬੰਦਾ ਹੈ ਇਹ ਆਮ ਬੰਦਾ ਨਹੀਂ, ਇਹ ਤਾਂ ਕੋਈ ਸਪੈਸ਼ਲ ਬੰਦਾ ਹੈ। ਕਹਿਣ ਲੱਗਿਆ, ਮੇਰੀ ਖਾਸ ਸੇਵਾ ਦੇ ਵਿਚ ਇਹਨੂੰ ਲਾਓ। 10-20 ਦਿਨ ਦੇਖਦਾ ਰਿਹਾ, ਉਹਦੀ ਚਾਲ ਦੇਖੀ, ਬੋਲਣ ਚਾਲਣ ਦੇਖਿਆ, ਸੇਵਾ ਕਰਨ ਦਾ ਢੰਗ ਦੇਖਿਆ। ਓਸ ਵੇਲੇ ਮਨ 'ਚ ਰਹਿਮ ਆਇਆ, ਕਹਿੰਦਾ ਓਸ ਗੁਲਾਮ ਨੂੰ ਹਾਜ਼ਰ ਕਰੋ ਮੇਰੇ। ਉਹ ਹਾਜ਼ਰ ਕਰਿਆ ਤਾਂ ਕਹਿਣ ਲੱਗਿਆ, ਐ ਗੁਲਾਮ! ਮੈਂ ਜਦੋਂ ਤੈਨੂੰ ਦੇਖਦਾ ਹਾਂ ਤਾਂ ਮੇਰੇ ਮਨ ਵਿਚ ਕੁਛ ਰਹਿਮ ਉਠ ਜਾਂਦਾ ਹੈ। ਕੁਛ ਤੇਰੇ ਨਾਲ ਨੇਹੁੰ ਪਿਆਰ ਜਿਹਾ ਉਠਦਾ ਹੈ ਤੇ ਮੈਂ ਇਹ ਚਾਹੁੰਦਾ ਹਾਂ ਕਿ ਮੈਂ ਤੈਨੂੰ ਕੁਝ ਸਹੂਲਤਾਂ ਦੇਵਾਂ। ਤੂੰ ਇਹ ਦੱਸ ਕਿ ਤੇਰਾ ਨਾਉਂ ਕੀ ਹੈ? ਦੂਸਰਾ ਇਹ ਦੱਸ ਕਿ ਤੂੰ ਕੱਪੜੇ ਕਿਹੋ ਜਿਹੇ ਪਾਉਣਾ ਚਾਹੁੰਦਾ ਹੈਂ। ਤੀਸਰਾ

ਇਹ ਦੱਸ ਕਿ ਤੂੰ ਖਾਣਾ ਕਿਹੋ ਜਿਹਾ ਖਾਣਾ ਚਾਹੁੰਦਾ ਹੈਂ? ਚੌਥਾ ਇਹ ਵੀ ਦੱਸ ਦੇ ਕਿ ਕਦੋਂ ਸੌਣਾ ਚਾਹੁੰਦਾ ਹੈਂ, ਕਦੋਂ ਜਾਗਣਾ ਚਾਹੁੰਦਾ ਹੈਂ?

ਦੋਵੇਂ ਹੱਥ ਜੋੜੇ ਕਹਿਣ ਲੱਗਿਆ, ਹਜ਼ੂਰ ਜਦੋਂ ਮੈਂ ਆਜ਼ਾਦ ਸੀ ਉਸ ਵੇਲੇ ਮੇਰਾ ਹੱਕ ਸੀ ਮੈਂ ਆਪਣੀ ਮਰਜ਼ੀ ਨਾਲ ਸੌਂਦਾ ਸੀ, ਆਪਣੀ ਮਰਜ਼ੀ ਨਾਲ ਉਠਦਾ ਸੀ, ਜੋ ਮਰਜ਼ੀ ਹੁੰਦੀ ਖਾਂਦਾ ਸੀ। ਜੋ ਮਰਜ਼ੀ ਹੁੰਦੀ ਪਹਿਨਦਾ ਸੀ ਤੇ ਮੇਰਾ ਨਾਉਂ ਵੱਡਾ ਸੀ, ਬੜੀ ਇੱਜ਼ਤ ਦੇ ਨਾਲ ਮੈਨੂੰ ਬਲਾਇਆ ਜਾਂਦਾ ਸੀ। ਕਹਿਣ ਲੱਗਿਆ ਕਿ ਐ ਬਾਦਸ਼ਾਹ! ਜਦੋਂ ਮੈਂ ਗੁਲਾਮ ਬਣ ਗਿਆ, ਹੁਣ ਮੇਰਾ ਕਾਹਦਾ ਨਾਉਂ ਹੈ, ਕੁੱਤਾ ਬਿੱਲਾ ਨਾਉਂ ਰੱਖ ਲੈ, ਕੁੱਛ ਰੱਖ ਲੈ। ਜਿਹੜਾ ਕੁਛ ਕਹਿ ਦਏਂਗਾ ਕਿ ਤੇਰਾ ਨਾਉਂ ਆਹ ਹੈ, ਜਦੋਂ ਤੂੰ ਉਹ ਨਾਉਂ ਲਏਂਗਾ ਮੈਂ ਉਸੇ ਵੇਲੇ ਬੋਲ ਪਿਆ ਕਰਾਂਗਾ। ਮੇਰਾ ਗੁਲਾਮ ਦਾ ਕੀ ਨਾਉ। ਜਦੋਂ ਆਵਾਜ਼ ਦੇ ਦਿਤੀ ਮੈਂ ਉਠ ਜਾਇਆ ਕਰਾਂਗਾ, ਜਦੋਂ ਕਹਿ ਦਿਓਂਗੇ ਕਿ ਸੌਂ ਜਾ ਮੈਂ ਸੌਂ ਜਾਇਆ ਕਰਾਂਗਾ। ਜਿਹੜਾ ਤੁਹਾਡੀਆਂ ਅੱਖਾਂ ਨੂੰ ਚੰਗਾ ਲੱਗੇ ਉਹ ਮੈਨੂੰ ਪਹਿਨਾ ਦਿਓ। ਖਾਣ ਪੀਣ ਦੀ ਗੱਲ ਹੈ, ਹੁਣ ਮੇਰਾ ਧਰਮ ਵੀ ਕੋਈ ਨਹੀਂ ਗੁਲਾਮ ਦਾ, ਬਚਨ ਤਾਂ ਮੇਰਾ ਰਿਹਾ ਹੀ ਨਹੀਂ ਜਦੋਂ ਮੈਂ ਵਿਕ ਗਿਆ, ਮੈਨੂੰ ਚਾਹੇ ਜੂਠੇ ਦੇ ਦਿਓ, ਬਚਦੇ ਦੇ ਦਿਓ, ਬਾਸੀ ਦੇ ਦਿਓ, ਮੈਂ ਤਾਂ ਪੇਟ ਭਰਨਾ ਹੈ ਤੁਹਾਡੇ ਵਾਸਤੇ ਕੰਮ ਕਰਨਾ ਹੈ ਜੇ ਮੇਰਾ ਪੇਟ ਭਰਿਆ, ਤਕੜਾ ਰਿਹਾ ਤਕੜਾ ਕੰਮ ਕਰਾਂਗਾ, ਜੇ ਮਾੜਾ ਹੋਇਆ ਤਾਂ ਮਾੜਾ ਕੰਮ ਹੋਇਆ ਕਰੇਗਾ। ਇਸ ਕਰਕੇ ਮੇਰੀ ਕਾਹਦੀ ਮਰਜ਼ੀ ਹੈ। ਭਾਈ ਗੁਰਦਾਸ ਜੀ ਕਹਿੰਦੇ ਨੇ ਕਿ ਪਿਆਰਿਓ! ਇਹ ਤਾਂ ਗੋਲਾ ਬਣਨਾ ਪੈਂਦਾ ਹੈ। ਗੁਲਾਮ ਬਣਨਾ ਪੈਂਦਾ ਹੈ, ਗੁਰੂ ਦੇ ਨਾਲ ਗੁਰੂ ਦੇ ਕੋਲ ਰਹਿ ਕੇ ਆਪਣੀ ਮੈਂ ਬਿਲਕੁਲ ਛੱਡਣੀ ਪੈਂਦੀ ਹੈ ਤਾਂ, ਤਾਂ ਲੰਘ ਜਾਂਦਾ ਹੈ, ਜੇ ਮੈਂ ਨੂੰ ਨਾਲ ਲਈਂ ਫਿਰੀ ਜਾਵੇ ਕਿ ਮੈਂ ਐਉਂ ਕਰਦਾ ਹਾਂ ਕਿ ਮੇਰੀ ਐਨੀ ਮਾਨਤਾ, ਮੈਂ ਐਨਾ ਪ੍ਰਚਾਰ ਕਰਦਾਂ, ਮੈਂ ਐਨੀ ਸੇਵਾ ਕਰਦਾ ਹਾਂ, ਮੈਂ ਨਾ ਹੋਵਾਂ ਖੇਤੀ ਹੀ ਨਾ ਹੋਵੇ, ਮੈਂ ਨਾ ਹੋਵਾਂ ਲੰਗਰ ਹੀ ਨਾ ਚੱਲੇ, ਉਹ ਸੇਵਾਦਾਰ ਨਹੀਂ ਹੋਇਆ ਕਰਦਾ। ਬੜੀ ਦੂਰ ਰਹਿ ਗਈ ਉਸ ਤੋਂ ਸੇਵਾ। ਰਸਤਾ ਖੁੰਝ ਗਿਆ, ਉਲਟੇ ਚੱਕਰ 'ਚ ਪੈ ਗਿਆ। ਰਾਹ ਭੁੱਲ ਗਿਆ, ਜਿਹੜਾ ਰਾਹ ਜਾਂਦਾ ਸੀ ਪ੍ਰਮੇਸ਼ਰ ਨੂੰ ਮਿਲਣ ਦਾ। ਆਇਆ ਤਾਂ ਸੀ ਮਿਲਣ ਵਾਸਤੇ, ਪਰ ਰਾਹ ਤੋਂ ਉਖੜ ਕੇ ਗਲਤ ਹੋ ਗਿਆ ਕਿਉਂਕਿ ਮਨ ਦੀ ਮੱਤ ਵਿਚ ਆ ਰਲੀ। ਮੈਂ ਰਲ ਗਈ ਕਿ ਮੈਂ ਕਰਦਾ ਹਾਂ। ਮੈਂ ਆਹ ਕਰਦਾ ਹਾਂ, ਮੈਂ ਨਾ ਹੋਵਾਂ ਆਹ ਕੰਮ ਹੋਵੇ ਹੀ ਨਾ। ਨਹੀਂ ਹੁੰਦਾ ਨਾ ਹੋਵੇ, ਫੇਰ ਕੀ ਫਰਕ ਪੈਂਦਾ ਹੈ। ਗੁਰੂ ਦੇ ਕੰਮ ਨੇ ਇਹ ਤਾਂ ਚਲਦੇ ਹੀ ਚਲਦੇ ਨੇ, ਜਦੋਂ ਤੋਂ ਸੰਸਾਰ ਰਚਿਆ ਹੈ, ਜਦ ਤਕ ਰਹਿਣਾ ਹੈ ਚਲਣੇ ਹੀ ਨੇ। ਆਪਣੇ ਹਿਸਾਬ ਨਾਲ ਚੱਲੀ ਜਾਂਦੇ ਨੇ, ਇਹਦੇ ਵਿਚ ਜਿਹੜਾ ਮੈਂ ਆ ਜਾਂਦਾ ਹੈ ਕਿ ਮੈਂ ਚਲਾਇਆ ਹੈ, ਮੈਂ ਆਹ ਮਿਸ਼ਨ ਚਲਾ ਰਿਹਾ ਹਾਂ। ਉਹ ਫੇਰ ਨਾ ਚਲਾਉਣਾ ਹੀ ਚੰਗਾ ਹੈ। ਐਵੇਂ ਕੋਹਲੂ ਦੇ ਬੈਲ ਵਾਲਾ ਹੀ ਕੰਮ ਹੈ, ਸਾਰਾ ਦਿਨ ਚਲਿਆ ਜਦੋਂ ਖੋਪੇ ਖੁਲ੍ਹੇ, ਉਥੇ ਹੀ ਖੜ੍ਹਾ ਹੈ, ਤਰੱਕੀ ਨਹੀਂ ਕੋਈ ਵੀ ਹੁੰਦੀ। ਸੋ ਇਸ ਕਰਕੇ ਇਹ ਰਸਤਾ ਬਹੁਤ ਔਖਾ ਹੈ –

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।***
***ਪੀਹਣਿ ਹੋਇ ਜਦੀਦ ਪਾਣੀ ਢੋਵਣਾ।***
***ਪਖੇ ਦੀ ਤਾਗੀਦ ਪਗ ਮਲਿ ਧੋਵਣਾ।***
***ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।***
***ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।***
***ਚੰਦ ਮੁਮਾਰਖ ਈਦ ਪੁਗ ਖਲੋਵਣਾ।***

***ਵਾਰ 3 ਪਉੜੀ 18***

ਸਾਰੀਆਂ ਸ਼ਕਤੀਆਂ ਦਾ ਮਾਲਕ ਹੁੰਦਾ ਹੋਇਆ ਕੋਈ ਵੀ ਸ਼ਕਤੀ ਨਹੀਂ ਦਿਖਾ ਰਿਹਾ, ਇਹਨੂੰ ਸਾਬਰ ਕਹਿੰਦੇ ਨੇ। ਸਬਰ ਕਰਨਾ। ਸਿਦਕ ਦੇ ਵਿਚ ਪੂਰਾ ਹੁੰਦਾ ਹੈ। ਸੋ ਆਪਣੇ ਸਾਹਿਬ ਦਾ ਗੁਲਾਮ ਬਣਨਾ ਪੈਂਦਾ ਹੈ, ਉਹਦੀ ਮਰਜ਼ੀ ਹੈ ਚਾਹੇ ਦੁਖਾਂ ਦੀ ਬਾਰਿਸ਼ ਕਰੀ ਜਾਵੇ, ਚਾਹੇ ਸੁਖਾਂ ਦੀ। ਜੇ ਸੁਖ ਦੇ ਦੇਵੇਂ ਤਾਂ ਤੇਰੀ ਮਿਹਰ, ਜੇ ਤੂੰ ਦੁਖ ਦੇ ਦਿਤੇ ਫੇਰ ਵੀ ਅਸੀਂ ਕਿਹੜਾ ਤੇਰੇ ਤੋਂ ਦੂਰ ਹੋਣਾ ਹੈ, ਪਾਰਬ੍ਰਹਮ ਪ੍ਰਮੇਸ਼ਰ ਜੀ, ਫੇਰ ਵੀ ਅਸੀਂ ਤੁਹਾਡੇ ਹੀ ਹਾਂ, ਤੁਹਾਡਾ ਹੀ ਪਿਆਰ ਸਾਡੇ ਹਿਰਦੇ 'ਚ ਰਹਿਣਾ ਹੈ, ਇਹ ਤਾਂ ਤੇਰੀ ਦਾਤ ਹੈ –

***ਕੇਤਿਆ ਦੂਖ ਭੂਖ ਸਦ ਮਾਰ ॥***
***ਏਹਿ ਭਿ ਦਾਤਿ ਤੇਰੀ ਦਾਤਾਰ ॥ ਅੰਗ – ੫***

ਜੇ ਸੁਖ ਵੇਲੇ ਰੱਬ ਦਾ ਨਾਉਂ ਲੈਂਦਾ ਹੈ ਮਾੜਾ ਜਿਹਾ ਦੁੱਖ ਆ ਜਾਏ, ਭਾਈ ਕਿਸਮਤ ਹੈ, ਕਰਮ ਨੇ ਜੀਵ ਦੇ, ਕਰਮ ਕਰਕੇ ਆਇਆ ਹੈ, ਇਥੇ ਸਾਨੂੰ ਕਈ ਕਹਿੰਦੇ ਨੇ ਕਿ ਜੀ ਅੰਮ੍ਰਿਤ ਛਕ ਲਿਆ ਸਾਡਾ ਐਨਾ ਨੁਕਸਾਨ ਹੋ ਗਿਆ। ਮੈਂ ਕਿਹਾ ਤੁਹਾਨੂੰ ਛਕਣ ਨੂੰ ਕੀਹਨੇ ਕਿਹਾ ਸੀਗਾ। ਤੂੰ ਤਾਂ ਸੌਦਾ ਕਰਦਾ ਹੈਂ ਰੱਬ ਦੇ ਨਾਲ, ਤੇਰੇ ਕਰਮਾਂ ਨੂੰ ਕੌਣ ਕੱਟੇਗਾ, ਤੂੰ ਤਾਂ ਕਰਮ ਮਾੜੇ ਕਰਕੇ ਆਇਆ ਹੈਂ ਤੇ ਅੰਮ੍ਰਿਤ ਛਕ ਕੇ ਤੂੰ ਗੁਰੂ ਦੇ ਉਤੇ ਕੋਈ ਅਹਿਸਾਨ ਕਰ ਦਿਤਾ? ਕਹਿੰਦਾ ਜੀ ਮੈਂ ਐਨੀ ਬਾਣੀ ਪੜ੍ਹਦਾ ਹਾਂ ਮੇਰਾ ਵੀ ਨੁਕਸਾਨ ਹੋ ਗਿਆ? ਮੈਂ ਐਨੀ ਸੇਵਾ ਕਰਦਾ ਹਾਂ ਜੀ ਦੂਜੇ ਵਧਦੇ ਫੁਲਦੇ ਨੇ, ਤੇ ਮੈਂ ਘਟ ਰਿਹਾ ਹਾਂ? ਭਾਈ! ਫੇਰ ਨਾ ਕਰਿਆ ਕਰ, ਜੇ ਤੈਨੂੰ ਇਹ ਗੱਲ ਹੈ ਤਾਂ, ਤੈਨੂੰ ਕੀਹਨੇ ਕਿਹਾ ਹੈ ਕਿ

ਸੇਵਾ ਕਰਿਆ ਕਰ। ਓ ਪਿਆਰਿਆ! ਗੁਰੂ ਦਾ ਤੇ ਸਿੱਖ ਦਾ ਰਸਤਾ ਸੌਦੇਬਾਜ਼ੀ ਨਹੀਂ ਹੈ, ਇਹਦੇ ਵਿਚ ਮਰਜ਼ੀ ਹੈ ਉਹਦੀ –

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ ॥ ੨ ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੂਖ ਮਨਾਈ ॥ ਅੰਗ – ੭੫੭*

ਦੁੱਖ ਮਿਲ ਗਿਆ ਤਾਂ ਕੀ ਨੱਠ ਜਾਵਾਂਗੇ ਅਸੀਂ, ਪਿੱਠ ਦੇ ਦੇਵਾਂਗੇ। ਕਹਿੰਦੇ ਨੇ ਕਿ ਅਸੀਂ ਮਹਾਂਪੁਰਸ਼ਾਂ ਕੋਲ ਜਾਂਦੇ ਸੀ, ਉਨ੍ਹਾਂ ਨੇ ਸਾਡਾ ਨੁਕਸਾਨ ਹੋਣੋ ਨਾ ਬਚਾਇਆ? ਨੁਕਸਾਨ ਹੋਣਾ ਤੇਰੇ ਕਰਮਾਂ ਦੀ ਖੇਡ ਹੈ। ਮਹਾਂਪੁਰਸ਼ ਨੇ ਤੈਨੂੰ ਤਾਰਨਾ ਹੈ, ਸੰਸਾਰ 'ਚ ਫਸਾਉਣਾ ਨਹੀਂ ਹੈ। ਸੋ ਉਲਟੀ ਸੋਚ ਹੋਣ ਕਰਕੇ ਅਸੀਂ ਸੇਵਾਦਾਰ ਨਹੀਂ ਬਣ ਸਕਦੇ। ਕਹਿੰਦੇ, ਉਹ ਤਾਂ ਗੁਲਾਮ ਬਣਨਾ ਪੈਂਦਾ ਹੈ –

*ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।*

ਕਰਕੇ ਦੇਖ ਲਓ, ਕਹਿੰਦਾ ਮੈਂ ਜਾਗਦਾ ਹਾਂ ਬਾਕੀ ਸਾਰੇ ਸੌਂ ਗਏ। ਬਹੁਤ ਹੈ, ਮਹਾਰਾਜ ਕਹਿੰਦੇ ਕਰੋੜ ਦੇ ਵਿਚ ਇਕ ਸੇਵਾਦਾਰ ਹੈ, ਬਾਕੀ ਤਾਂ ਵਿਹਾਰੀ ਨੇ ਸਾਰੇ। ਗੁਰੂ ਦੇ ਬਣੇ ਨਹੀਂ ਹਨ, ਗੁਰੂ ਤੋਂ ਕੁਰਬਾਨੀ ਨਹੀਂ ਦੇ ਸਕਦੇ। ਗੁਰੂ ਨਾਲ ਸੌਦੇਬਾਜ਼ੀ ਹੈ।

ਮਾੜਾ ਜਿਹਾ ਗੁਰੂ ਦਾ ਬਣ ਜਾ ਸਹੀ, ਭੰਡਾਰੇ ਖੋਲ੍ਹ ਦਿੰਦਾ ਹੈ ਦਾਤਾਂ ਦੇ, ਲੇਕਿਨ ਫੇਰ ਬਣਦਾ ਨਹੀਂ ਉਹਦੇ ਵਿਚ ਮਸਤ ਹੋ ਜਾਂਦਾ ਹੈ। ਸਿੱਖੀ ਪ੍ਰਾਪਤ ਹੁੰਦੀ ਹੈ –

*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥*
*ਅੰਗ – ੨੮੬*

ਸੇਵਾ ਕਰਦਾ ਜਿਹੜਾ ਨਿਹਕਾਮੀ ਹੋ ਜਾਂਦਾ ਹੈ, ਕਾਮਨਾ ਨਹੀਂ ਕੋਈ ਰੱਖਦਾ –

*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੂਖ ਮਨਾਈ ॥ ਅੰਗ – ੭੫੭*

ਦੁਖ ਦੇ ਵਿਚ ਸੁੱਖ ਮਨਾਉਣ ਦੀ ਜਿਹਨੂੰ ਜਾਂਚ ਆ ਗਈ, ਅਪਮਾਨ ਦੇ ਵਿਚ ਜਿਹੜਾ ਮਾਨ ਦੀ ਜਾਚ ਆ ਗਈ, ਧੱਕਿਆਂ ਦੇ ਵਿਚ ਜਿਹਨੂੰ ਪਿਆਰ ਦੀ ਰਮਜ਼ ਪੈ ਗਈ ਸਮਝ, ਉਹ ਤਾਂ ਕਹਿੰਦੇ ਲੰਘ ਜਾਂਦਾ ਹੈ। ਸੌਦੇਬਾਜ਼ੀ ਨਾਲ ਨਹੀਂ ਕਹਿੰਦੇ ਲੰਘਦਾ। ਕਿਉਂਕਿ ਡਾਹਢਾ ਹੈ ਗੁਰੂ। ਸਾਡਾ ਵਸ ਨਹੀਂ ਚਲਦਾ।

*ਨਾਨਕ ਜਿਸੁ ਬਿਨੁ ਘੜੀ ਨ ਜੀਵਣਾ*
*ਵਿਸਰੇ ਸਰੈ ਨ ਬਿੰਦ ॥*
*ਤਿਸੁ ਸਿਉ ਕਿਉ ਮਨ ਰੂਸੀਐ*
*ਜਿਸਹਿ ਹਮਾਰੀ ਚਿੰਦ ॥ ਅੰਗ – ੧੦੯੨*

ਉਹਦੇ ਵਿਚ ਉਹਦੇ ਨਾਲ ਕਾਹਦਾ ਰੋਸਾ। ਉਥੇ ਤਾਂ ਸੀਸ ਹੀ ਨਿਵਾਉਣਾ ਹੈ ਆਗਿਆ ਹੀ ਮੰਨਣੀ ਹੈ।

ਸੋ ਬਾਬਾ ਫਰੀਦ ਇਸ ਤਰ੍ਹਾਂ ਦੇ ਨਾਲ ਨਿਸ਼ਕਾਮ ਹੋ ਕੇ ਮੁਰਦਾ ਹੋ ਕੇ ਸੇਵਾ ਕਰ ਰਿਹਾ ਹੈ। ਚੌਦਾਂ ਸਾਲ ਲੰਘ ਗਏ, ਮੁਰਸ਼ਦ ਨੇ ਮੁੜ ਕੇ ਬੁਲਾਇਆ ਹੀ ਨਹੀਂ। ਗੱਲ ਹੀ ਨਹੀਂ ਕਰੀ। ਅੱਜਕਲ੍ਹ ਤਾਂ ਕਿਸੇ ਨੂੰ ਥੋੜ੍ਹਾ ਜਿਹਾ ਨਾ ਬੁਲਾਓ, ਕਹਿੰਦੇ ਨੇ ਜੀ ਮੈਨੂੰ ਤਾਂ **ignore** ਕਰ ਦਿਤਾ। ਮੇਰੇ ਖਿਲਾਫ ਚੁਗਲੀਆਂ ਕਰਦਾ ਹੈ ਕੋਈ ਬੰਦਾ। ਸੰਤਾਂ ਦੀ ਤਾਂ ਆਪਣੀ ਮੌਜ ਹੁੰਦੀ ਹੈ ਕਿਸੇ ਨੂੰ ਬੁਲਾਉਣ ਕਿਸੇ ਨੂੰ ਨਾ ਬੁਲਾਉਣ। ਉਹ ਤਾਂ ਸੇਵਾ ਕਰ ਰਹੇ ਨੇ, ਕਰਦੇ ਜਾਓ–ਕਰਦੇ ਜਾਓ। ਕੀ ਪਤਾ ਕਿਹੜੇ ਵੇਲੇ ਜਾ ਕੇ ਤੁਹਾਡਾ ਤਪ ਪੂਰਾ ਹੋਣਾ ਹੈ, ਫੇਰ ਮਿਲਣਾ, ਸੰਤਾਂ ਦੀ ਕੋਈ ਡਿਊਟੀ ਲੱਗੀ ਹੋਈ ਹੈ ਕਿ ਤੁਹਾਨੂੰ ਬੁਲਾਉਂਦੇ ਫਿਰਨ, ਤੁਹਾਡੇ ਪਿਛੇ–ਪਿਛੇ ਤੁਰੇ ਫਿਰਨ। ਸੰਤ ਆਪ ਬੇਪਰਵਾਹ ਹੋਇਆ ਕਰਦੇ ਨੇ। ਕੋਈ ਬੁਲਾਵੇ, ਕੋਈ ਪਿਆਰ ਕਰੇ ਉਹਨੂੰ ਫਲ ਮਿਲ ਜਾਂਦਾ ਹੈ, ਨਾ ਕਰੇ ਉਹਦੀ ਭਾਵਨਾ ਹੈ। ਦਰਵਾਜ਼ਾ ਬੰਦ ਹੋ ਜਾਂਦਾ ਹੈ, ਹੋਰ ਕੁਛ ਨਹੀਂ। ਇਹ ਰਸਤਾ ਹੀ ਹੋਰ ਤਰ੍ਹਾਂ ਦਾ ਹੈ। ਸੋ ਬਾਬੇ ਫਰੀਦ ਨੇ ਕਦੇ ਮਨ ਵਿਚ ਨਹੀਂ ਸੀ ਲਿਆਂਦਾ ਕਿ ਮੈਂ ਐਡੇ ਤਪ ਕਰੇ, ਮੇਰੇ ਕੋਲ ਸ਼ਕਤੀਆਂ, ਸ਼ਕਤੀ ਕਿੰਨੀ ਸੀ, ਜਦੋਂ ਪਹਿਲੀ ਵਾਰੀ ਗੁਰੂ ਕੋਲ ਆਇਆ ਤਾਂ ਜੋ ਵੱਡੇ ਮਹਾਂਪੁਰਸ਼ ਸੀ ਬੁਖਤਿਆਰਕਾਕੀ ਸੀ ਉਨ੍ਹਾਂ ਦਾ ਨਾਮ। ਉਹ ਬੱਚਿਆਂ ਦੇ ਨਾਲ ਖੇਲ੍ਹਦੇ ਸੀ, ਉਨ੍ਹਾਂ ਨੇ ਗੇਂਦ ਮਾਰਨੀ ਉਪਰ ਨੂੰ ਹੇਠਾਂ ਬੋਚਣੀ ਫੇਰ ਲਿਆ ਕੇ ਉਨ੍ਹਾਂ ਨੂੰ ਦੇ ਦੇਣੀ। ਮੌਜ ਹੈ ਮਹਾਂਪੁਰਸ਼ਾਂ ਦੀ। ਬਾਬਾ ਫਰੀਦ ਆਇਆ, ਉਨ੍ਹਾਂ ਨੇ ਗੇਂਦ ਜਦੋਂ ਉਤੇ ਨੂੰ ਮਾਰੀ ਇਹਨੇ ਉਤੇ ਹੀ ਰੋਕ ਦਿਤੀ ਸ਼ਕਤੀ ਨਾਲ। ਦੱਸ ਦਿਤਾ ਕਿ ਕੋਈ ਆ ਗਿਆ। ਉਨ੍ਹਾਂ ਨੇ ਦੇਖਿਆ ਕਿ ਉਹ ਬੰਦਾ ਆਇਆ ਹੈ, ਗੇਂਦ ਵਲ ਦੇਖਿਆ ਗੇਂਦ ਥੱਲੇ ਆ ਗਈ। ਖੇਲ੍ਹ ਖਤਮ ਕਰ ਦਿਤੀ। ਪੁਛਿਆ, ਪ੍ਰੇਮੀਆ! ਕਿਵੇਂ ਆਇਆ ਹੈਂ? ਕਹਿਣ ਲੱਗਿਆ, ਮਹਾਰਾਜ! ਮੈਂ ਤੁਹਾਨੂੰ ਮੁਰਸ਼ਦ ਧਾਰਨ ਆਇਆ ਹਾਂ। ਕਹਿੰਦੇ, ਮੇਰਾ ਮੁਰਸ਼ਦ ਬਣਨ ਆਇਆ ਹੈਂ ਕਿ ਮੁਰਸ਼ਦ ਧਾਰਨ ਆਇਆ ਹੈਂ? ਕਹਿੰਦਾ, ਮਹਾਰਾਜ ਤੁਹਾਡੀ ਕ੍ਰਿਪਾ ਦੇ ਨਾਲ ਸ਼ਕਤੀਆਂ ਨੇ। ਕਹਿੰਦੇ, ਪਿਆਰਿਆ, ਤੇਰਾ ਸਾਡੇ ਨਾਲ ਕੋਈ ਮੇਲ ਨਹੀਂ। ਗੁਰੂ ਕੋਲ ਤਾਂ ਉਹ ਆਉਣਾ ਚਾਹੀਦਾ ਹੈ –

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ*
*ਤਉ ਆਉ ਹਮਾਰੈ ਪਾਸਿ॥ ਅੰਗ – ੧੧੦੨*

ਇਹ ਰਸਤਾ ਪਿਆਰ ਦਾ ਹੈ, ਪਿਆਰ ਦੇ ਰਸਤੇ ਤੇ ਆਪਾ ਕੁਰਬਾਨ ਕਰਨਾ ਪੈਂਦਾ ਹੈ। ਜਿੰਨੀ ਦੇਰ ਤੱਕ

ਆਪਾ ਕੁਰਬਾਨ ਕਰਨ ਦਾ ਜਜ਼ਬਾ ਅੰਦਰ ਪੈਦਾ ਨਹੀਂ ਹੁੰਦਾ। ਗੁਰੂ ਦੀ ਸੰਧੀ ਸਿੱਖ ਨਾਲ ਨਹੀਂ ਹੋਇਆ ਕਰਦੀ। ਮੁਰਸ਼ਦ ਦੀ ਜੋ ਸੋਝੀ ਹੈ ਉਹ ਮੁਰੀਦ ਦੇ ਨਾਲ ਇਕਮਿਕ ਨਹੀਂ ਹੋਇਆ ਕਰਦੀ। ਕਿਉਂਕਿ ਉਹਦੀ ਹੋਰ ਸੋਚ ਹੈ, ਉਹਦੀ ਹੋਰ ਹੈ। ਕਹਿਣ ਲੱਗੇ, ਇਹ ਰਸਤਾ ਹੋਰ ਹੈ ਇਹਦੇ ਵਿਚੋਂ ਮੁਰੀਦ ਨੂੰ ਆਪਣੀ ਮੈਂ ਛੱਡਣੀ ਪੈਂਦੀ ਹੈ।

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ - ੧੪੧੨*

ਆਖਣ ਲੱਗੇ, ਕੀ ਨਾਮ ਹੈ ਤੇਰਾ। ਕਹਿੰਦੇ, ਮੇਰਾ ਨਾਮ ਹੈ ਫਰੀਦ। ਕਹਿੰਦੇ, ਫਰੀਦਾ! ਤੂੰ ਮੁਰੀਦ ਬਣਨ ਆਇਆ ਹੈਂ ਕਿ ਮੇਰਾ ਮੁਰਸ਼ਦ ਬਣਨ ਆਇਆ ਹੈਂ? ਪਿਆਰਿਆ ਦੋ ਦਾ ਥਾਂ ਨਹੀਂ ਹੁੰਦਾ, ਇਕ ਦਾ ਹੋਇਆ ਕਰਦਾ ਹੈ। ਇਕ ਨੂੰ ਮਰਨਾ ਪੈਂਦਾ ਹੈ ਤਾਂ ਉਹਦੀ ਗੌਰ ਵਿਚ ਸਮਾਉਂਦਾ ਹੈ। ਜਾਹ ਅਜੇ ਤੂੰ ਅਧਿਕਾਰੀ ਨਹੀਂ ਹੈਂ।

ਰੂਹਾਨੀਅਤ ਦਾ ਰਸਤਾ ਹੋਰ ਹੈ ਸਾਧਸੰਗਤ ਜੀ! ਇਹ ਜਿਹੜਾ ਸਾਡੇ ਲੋਕਾਂ ਦਾ ਕੰਮ ਹੈ ਇਹ ਹੋਰ ਹੈ। ਮੁਰਸ਼ਦ ਜਿਹੜੇ ਨੇ ਆਪਣਾ ਮੁਰੀਦ ਬਣਾਉਣ ਵਾਸਤੇ ਵੱਡੇ-ਵੱਡੇ ਟੈਸਟ ਲੈਂਦੇ ਨੇ, ਤਾਂ ਕਿਤੇ ਬਣਾਉਂਦੇ ਨੇ। ਕਹਿੰਦੇ, ਫਰੀਦਾ! ਤੇਰੇ ਵਿਚੋਂ ਅਜੇ ਮੈਂ ਨਹੀਂ ਮਰੀ। ਤੂੰ ਤਾਂ ਆਪਣੀਆਂ ਸ਼ਕਤੀਆਂ ਪਹਿਲਾਂ ਹੀ ਦਿਖਾਉਣ ਲਗ ਗਿਆ। ਆਪਣਾ ਮੇਲ ਕਿਵੇਂ ਹੋਏਗਾ? ਵਾਪਸ ਮੋੜ ਦਿਤਾ। ਬੜਾ ਪਛਤਾਇਆ ਕਿ ਮੈਂ ਮਾੜਾ ਕਰਿਆ। ਦੁਬਾਰਾ ਜਦੋਂ ਆਇਆ ਤਾਂ ਕੀ ਦੇਖਦਾ ਹੈ ਕਿ ਉਹਦਾ ਮੁਰਸ਼ਦ ਇਕ ਸੁੱਕੇ ਹੋਏ ਦਰਖਤ ਦੇ ਥੱਲੇ ਬੈਠਾ ਸੀ, ਜੇਠ ਦਾ ਮਹੀਨਾ ਸੀ, ਧੁੱਪ ਪੈ ਰਹੀ ਸੀ ਕੜਕਦੀ, ਸਹੀ ਨਹੀਂ ਜਾਂਦੀ। ਉਹਨੇ ਕਿਹਾ ਕਿ ਇਨ੍ਹਾਂ ਦੀ ਸਮਾਧੀ ਲੱਗ ਗਈ, ਸਵੇਰੇ-ਸਵੇਰੇ ਆ ਕੇ ਬੈਠੇ ਹੋਣੇ ਨੇ ਤੇ ਮੇਰਾ ਫਰਜ਼ ਬਣਦਾ ਹੈ ਕਿ ਮੈਂ ਇਨ੍ਹਾਂ ਉਤੇ ਛਾਉਂ ਕਰ ਦੇਵਾਂ। ਦਰਖਤ ਵਲ ਨਿਗ੍ਹਾ ਕੀਤੀ, ਓਸੇ ਵੇਲੇ ਟਾਹਣੀਆਂ ਨਿਕਲ ਆਈਆਂ, ਪੱਤੇ ਨਿਕਲ ਆਏ, ਦੇਖਦੇ-ਦੇਖਦੇ ਛਾਉਂਦਾਰ ਬ੍ਰਿਛ ਬਣ ਗਿਆ। ਜਦੋਂ ਬ੍ਰਿਛ ਬਣਿਆ ਬੁਖਤਿਆਰ ਕਾਕੀ ਜੀ ਨੇ ਉਤੇ ਨੂੰ ਦੇਖਿਆ ਕਿ ਇਹ ਤਾਂ ਦਰਖਤ ਸਾਰਾ ਹੀ ਹਰਾ ਕਰ ਦਿਤਾ ਕਿਸੇ ਨੇ। ਦੇਖਿਆ, ਤਾਂ ਫਰੀਦ ਖੜ੍ਹਾ ਹੈ। ਉਪਰ ਨੂੰ ਦੇਖਿਆ ਸਾਰਾ ਹੀ ਦਰਖਤ ਗੁੰਮ ਕਰ ਦਿਤਾ, ਮੁੜ ਕੇ ਡੁੰਡ ਦਾ ਡੁੰਡ ਫੇਰ ਰਹਿ ਗਿਆ। ਕਹਿੰਦੇ, ਕੀ ਗੱਲ ਹੈ? ਬੜੀ ਅਧੀਨਗੀ ਨਾਲ ਆਇਆ, ਮੱਥਆ ਟੇਕਿਆ ਕਹਿਣ ਲੱਗਿਆ ਕਿ ਮੈਂ ਆਪ ਨੂੰ ਮੁਰਸ਼ਦ ਬਣਾਉਣਾ ਹੈ ਕ੍ਰਿਪਾ ਕਰੋ। ਕਹਿੰਦੇ, ਫਰੀਦਾ! ਤੇਰੇ ਵਿਚ ਤਾਂ ਮੈਂ ਬਹੁਤ ਜ਼ਿਆਦਾ ਹੈ। ਮੈਂ ਤੇ ਤੂੰ ਦਾ ਤਾਂ ਕਦੇ ਇਕੱਠ ਹੋਇਆ ਹੀ ਨਹੀਂ ਕਰਦਾ। ਅਸੀਂ ਤੈਨੂੰ ਤੂੰ ਬਣਾਉਣਾ ਹੈ, ਤੇਰੀ ਮੈਂ ਨੇ ਤਾਂ ਮਰਨਾ ਨਹੀਂ ਹੈ। ਮੈਂ ਨੇ ਮਰਨਾ ਨਹੀਂ ਤਾਂ ਤੇਰੀ ਮਿਹਨਤ ਐਵੇਂ ਜਾਏਗੀ। ਐਵੇਂ ਸਮਾਂ ਬਰਬਾਦ ਕਰੇਂਗਾ, ਓਸ ਵੇਲੇ ਬਾਬੇ ਫਰੀਦ ਨੂੰ ਗੱਲ ਸਮਝ 'ਚ ਪੈ ਗਈ ਕਿ ਮੁਰਸ਼ਦ ਕੋਲ ਬਣ ਕੇ ਨਹੀਂ ਜਾਈਦਾ। ਜਿਹੜਾ ਬਣਿਆ ਉਹ ਦਾਤ ਤੋਂ ਖਾਲੀ ਰਹਿ ਗਿਆ।

ਬੁਲ੍ਹਾ ਆਇਆ ਅਨਾਇਤਸ਼ਾਹ ਕੋਲ, ਬੁਲ੍ਹੇ ਦੀ ਜਾਤ ਉਚੀ ਸੀ ਸੱਯਦ ਸੀ, ਇਹ ਅਰਾਈਂ ਸੀ। ਸਾਰੀਆਂ ਗੱਲਾਂ ਛੱਡ ਕੇ ਆਇਆ। ਅੱਗੇ ਅਨਾਇਤਸ਼ਾਹ ਮਿਹਨਤ ਕਰ ਰਹੇ ਸੀ, ਪਿਆਜ ਲਾ ਰਹੇ ਸੀ, ਵੱਟ ਦੇ ਕੋਲ ਆ ਕੇ ਬਹਿ ਗਿਆ, ਇਹ ਨਹੀਂ ਕਿ ਪਿਆਜ ਫੜ ਲਏ ਕਿ ਮੈਨੂੰ ਵੀ ਦੇ ਦਿਓ ਮਹਾਰਾਜ, ਮੈਂ ਵੀ ਲਾਉਣੇ ਸ਼ੁਰੂ ਕਰ ਦੇਵਾਂ। ਨਾ, ਕਿਉਂਕਿ ਸੱਯਦ ਸੀ। ਉਸ ਜਾਤ ਦਾ ਅਭਿਮਾਨ ਸੀ। ਬੈਠ ਗਿਆ, ਉਨ੍ਹਾਂ ਨੇ ਪੁਛਿਆ ਪ੍ਰੇਮੀਆ! ਕਿਵੇਂ ਆਇਆ ਹੈਂ? ਕਹਿੰਦਾ ਜੀ, ਮੈਂ ਖੁਦਾ ਪਾਉਣਾ ਹੈ। ਕਹਿੰਦੇ ਕੀ ਨਾਉਂ ਹੈ? ਕਹਿੰਦੇ, ਬੁਲਾ! ਕਹਿੰਦੇ, ਬੁਲ੍ਹਿਆ ਖੁਦਾ ਦਾ ਕੀ ਪਾਉਣਾ, ਐਧਰੋਂ ਪੁੱਟਣਾ ਤੇ ਐਧਰ ਲਾਉਣਾ। ਪਿਆਜ਼ ਲਾ ਦਿਤਾ। ਬੱਸ ਐਨਾ ਹੀ ਫਰਕ ਹੈ। ਪਰ ਤੂੰ ਅਜੇ ਕਾਬਿਲ ਨਹੀਂ ਹੈਂ ਮੁਰੀਦੀ ਦੇ। ਤੂੰ ਬਣ ਕੇ ਆਇਆ ਹੈਂ, ਤੂੰ ਹੈਂ ਸੱਯਦ। ਤੇਰੇ ਮਨ ਵਿਚ ਆ ਗਿਆ ਕਿ ਅਰਾਈਂ ਦਾ ਮੈਂ ਚੇਲਾ ਬਣਨ ਲੱਗਿਆ ਹਾਂ। ਮੁਰੀਦ ਬਣਨ ਲੱਗਿਆ ਹਾਂ ਅਜੇ ਤਾਂ ਤੇਰੇ ਮਨ ਵਿਚ ਅਭਿਮਾਨ ਦੇ ਪਹਾੜ ਪਏ ਨੇ। ਜਾਹ ਪਹਿਲਾਂ ਇਨ੍ਹਾਂ ਪਹਾੜਾਂ ਨੂੰ ਢਾਹ ਕੇ ਪਰ੍ਹੇ ਸੁੱਟ ਕੇ ਆ, ਖਾਲੀ ਹੋ ਕੇ ਆ ਜੇ ਆਉਣਾ ਹੈ ਸਾਡੇ ਕੋਲ।

ਬੁਲ੍ਹਾ ਬੜਾ ਪਛਤਾਇਆ ਕਿ ਠੀਕ ਹੈ, ਮੈਂ ਮਾਣ ਨਾਲ ਗਿਆ ਸੀ, ਮਾਣ ਨਾਲ ਜਿਹੜਾ ਆਉਂਦਾ ਹੈ ਉਹ ਖਾਲੀ ਰਹਿ ਜਾਂਦਾ ਹੈ। ਦੁਬਾਰਾ ਫੇਰ ਆਇਆ ਬੜੀ ਅਧੀਨਗੀ ਦੇ ਨਾਲ, ਉਨ੍ਹਾਂ ਨੇ ਪ੍ਰਵਾਨ ਕਰ ਲਿਆ ਕਿ ਆ ਜਾ ਕੋਈ ਗੱਲ ਨਹੀਂ। ਓਸ ਵੇਲੇ ਉਨ੍ਹਾਂ ਨੂੰ ਰੂਹਾਨੀ ਮੰਤਰ ਦਿਤਾ ਕਿ ਇਹਦਾ ਜਾਪ ਕਰਿਆ ਕਰ, ਸੇਵਾ ਕਰਿਆ ਕਰ।

ਸੇਵਾ ਕਰਦਾ ਹੈ ਬਹੁਤ, ਹੁਕਮ ਦੇ ਵਿਚ ਖੜ੍ਹਾ ਰਹਿੰਦਾ ਹੈ ਹਰ ਵਕਤ। ਉਹ ਬਾਲ-ਬੱਚੇਦਾਰ ਪੀਰ ਸੀਗਾ। ਬੱਚੇ ਵੀ ਕਹਿੰਦੇ ਨੇ ਉਹਨੂੰ ਕੰਮ। ਘਰਵਾਲੀ ਵੀ ਕਹਿੰਦੀ ਹੈ, ਨੌਕਰਾਂ ਵਾਂਗ ਹੋ ਗਿਆ। ਗੁਲਾਮ ਹੁੰਦਾ ਹੈ ਜਿਵੇਂ ਮੁੱਲ ਲਿਆ ਹੋਇਆ ਤੇ ਪੀਰ ਨੂੰ ਪ੍ਰਸੰਨ ਕਰ ਲਿਆ ਉਹਨੇ। ਪ੍ਰਸੰਨ ਹੋਇਆ ਤਾਂ ਸੁਨੇਹਾ ਆ ਗਿਆ ਕਿ ਕਿਸੇ ਰਿਸ਼ਤੇਦਾਰ ਦੇ ਸ਼ਾਦੀ ਸੀ, ਬੱਚੇ ਕਹਿੰਦੇ ਅਸੀਂ ਸ਼ਾਦੀ ਤੇ ਜਾਣਾ ਹੈ। ਉਹ ਕਹਿੰਦੇ ਕਿ ਮੈਂ ਲੁੱਟਿਆ

ਜਾਵਾਂਗਾ ਜੇ ਤੁਸੀਂ ਸ਼ਾਦੀ ਤੇ ਜਾਣਾ ਹੈ, ਰਹੋ ਇਥੇ ਕੋਈ, ਫੇਰ ਨਾ ਕਿਹੋ ਕਿ ਲੁਟਿਆ ਗਿਆ। ਓਸ ਵੇਲੇ ਗੱਲ ਸਮਝ ਵਿਚ ਨਾ ਆਈ, ਚਲੇ ਗਏ। ਦੋਵੇਂ ਜਦੋਂ ਇਕੱਲੇ ਰਹਿ ਗਏ ਤਾਂ ਬੁਲ੍ਹੇਸ਼ਾਹ ਨੇ ਬੜੀ ਸੇਵਾ ਕਰੀ ਪਿਛੋਂ, ਪ੍ਰਸੰਨ ਹੋ ਗਏ। ਕਹਿਣ ਲੱਗੇ, ਆ ਬਈ ਬੁਲਿਆ! ਅੱਧਾ ਪਾਨੀ ਪੀ ਕੇ ਬਾਕੀ ਬਚਦਾ ਦੇ ਦਿਤਾ ਕਹਿੰਦੇ ਲੈ ਤੂੰ ਪੀ ਲੈ। ਸਰੀਰ ਦੇ ਵਿਚ ਐਨੀ ਤਾਕਤ ਆ ਗਈ ਕਿ ਸਾਂਭਿਆ ਹੀ ਨਾ ਜਾਵੇ। ਉਛਲੇ ਉਹ, ਜਰ ਨਾ ਸਕੇ, ਹੌਲੀ-ਹੌਲੀ ਜਰਿਆ ਓਸ ਨੇ ਸ਼ਕਤੀ ਨੂੰ। ਤਾਂ ਦੇਖਿਆ ਕਿ ਇਹਨੇ ਜ਼ਰ ਲਈ ਕਿ ਨਹੀਂ। ਬਾਲ-ਬੱਚੇ ਆ ਗਏ, ਸਮਾਂ ਲੰਘ ਗਿਆ। ਇਕ ਦਿਨ ਕੋਈ ਗੁਰਭਾਈ ਸੀ ਇਨ੍ਹਾਂ ਦਾ ਉਥੇ ਕੋਈ ਸਮਾਗਮ ਸੀ, ਕਹਿਣ ਲੱਗੇ ਬੁੱਲ੍ਹਿਆ ਸਾਡੇ ਤੋਂ ਤਾਂ ਜਾ ਨਹੀਂ ਹੁੰਦਾ ਪਿਆਰਿਆ, ਤੂੰ ਜਾਹ, ਪਰ ਆਥਣੇ ਆ ਜਾਈਂ ਮੁੜ ਕੇ। ਉਸ ਵੇਲੇ ਚਲਿਆ ਦੂਰ ਦਾ ਪੈਂਡਾ ਸੀ, ਸ਼ਾਮ ਹੋ ਗਈ। ਉਥੇ ਭੀੜ-ਭੜੱਕਾ ਬਹੁਤ ਸੀ, ਇਹਦੀ ਵਾਰੀ ਨੂੰ ਜਦੋਂ ਵਾਰੀ ਆਉਣ ਲੱਗੀ ਤਾਂ ਸੂਰਜ ਛਿਪਣ ਵਾਲਾ ਹੋ ਗਿਆ। ਉਸ ਵੇਲੇ ਦੱਸਿਆ ਕਿ ਮੈਨੂੰ ਪੀਰ ਜੀ ਨੇ ਭੇਜਿਆ ਹੈ, ਬੜੇ ਪਿਆਰ ਦੇ ਅਧੀਨਗੀ ਦੇ ਬਚਨ ਇਹਨੇ ਕੀਤੇ, ਖੁਸ਼ੀਆਂ ਪ੍ਰਾਪਤ ਕੀਤੀਆਂ। ਕਹਿਣ ਲੱਗੇ, ਹੁਣ ਪਿਆਰਿਆ! ਕਹਿਣ ਲੱਗੇ ਮੈਨੂੰ ਹੁਕਮ ਹੈ ਕਿ ਮੈਂ ਹੁਣ ਵਾਪਸ ਜਾਣਾ ਹੈ। ਕਹਿੰਦੇ ਰਾਤ ਪੈਣ ਵਾਲੀ ਹੋ ਗਈ ਮੂਹਰੇ, ਉਜਾੜ ਦਾ ਰਸਤਾ ਹੈ, ਤੂੰ ਇਥੇ ਹੀ ਰਹਿ ਪੈ। ਕਹਿੰਦਾ ਹੁਕਮ ਨਹੀਂ ਹੈ ਜੀ। ਜਦੋਂ ਬੁਲ੍ਹਾ ਬਾਹਰ ਆਇਆ ਤਾਂ ਕਹਿਣ ਲੱਗਿਆ ਕਿ ਹੁਣ ਹਨ੍ਹੇਰਾ ਹੋ ਜਾਣਾ ਹੈ, ਕਿਉਂ ਨਾ ਸ਼ਕਤੀ ਤੋਂ ਕੰਮ ਲਈਏ ਇਕ ਕੰਧ ਖੜ੍ਹੀ ਸੀ ਉਹਦੇ ਉਤੇ ਬਹਿ ਗਿਆ ਕਹਿੰਦਾ ਚਲ ਹਮਾਰੀ ਘੋੜੀ। ਪੂਰੀ ਚਾਲ ਨਾਲ ਚਲ। ਨਠਾ ਕੇ ਲੈ ਆਇਆ। ਪੀਰ ਨੂੰ ਜਾ ਕੇ ਇਹਨੇ ਸਿਜਦਾ ਕੀਤਾ, ਪੀਰ ਕਹਿਣ ਲੱਗਿਆ ਬੁੱਲਿਆ! ਉਹ ਰਸਤਾ ਤਾਂ ਦੂਰ ਬੜੀ ਸੀ, ਕਿਵੇਂ ਆ ਗਿਆ ਤੂੰ ਐਨੀ ਛੇਤੀ। ਕਹਿੰਦਾ, ਮਹਾਰਾਜ ਜਾਂਦੇ ਨੂੰ ਤਾਂ ਮੈਨੂੰ ਹਨ੍ਹੇਰਾ ਹੋਣ ਵਾਲਾ ਹੋ ਗਿਆ ਸੀ। ਪੀਰ ਨੂੰ ਮੈਂ ਮਿਲਿਆ ਹਨ੍ਹੇਰਾ ਹੋ ਗਿਆ ਸੀ, ਤੁਹਾਡਾ ਹੁਕਮ ਸੀ ਕਿ ਤੂੰ ਵਾਪਸ ਆ ਜਾਈਂ ਫੇਰ ਮੈਂ ਕੰਧ ਨੂੰ ਘੋੜੀ ਬਣਾ ਲਿਆ, ਉਹ ਲੈ ਆਈ ਮੈਨੂੰ। ਉਹਨੇ ਸਾਰੀ ਸ਼ਕਤੀ ਖਿੱਚ ਲਈ। ਕਹਿੰਦੇ, ਐਹੋ ਜਿਹੇ ਬੰਦੇ ਨੂੰ, ਇਹ ਕੰਧਾਂ ਨਠਾਈ ਫਿਰਦਾ ਹੈ, ਕੱਲ੍ਹ ਨੂੰ ਕੋਠੇ ਨਠਾ ਲਊਗਾ।

ਐਨੀਆਂ ਸ਼ਕਤੀਆਂ ਹੁੰਦੇ ਹੋਏ -

***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ॥***

ਸਾਬਰ ਰਹਿਣਾ, ਸ਼ਕਤੀ ਨਾ ਦਿਖਾਉਣੀ। ਗੁਰੂ ਮਹਾਰਾਜ ਨੇ ਨਾ ਦਿਖਾਈਆਂ, ਜਦੋਂ ਤੱਤੀ ਤਵੀ ਤੇ ਬੈਠੇ ਸੀ। ਉਨ੍ਹਾਂ 'ਚ ਕੀ ਸ਼ਕਤੀ ਘੱਟ ਸੀ। ਜੇ ਬੁੱਲ੍ਹੇ 'ਚ ਐਨੀ ਸ਼ਕਤੀ ਸੀ ਤਾਂ ਗੁਰੂ ਮਹਾਰਾਜ ਜੀ ਵਿਚ ਕੀ ਘੱਟ ਸੀ। ਸ਼ਕਤੀਆਂ ਨਹੀਂ ਦਿਖਾਈਆਂ ਨਿੱਜ ਵਾਸਤੇ। ਪਰਉਪਕਾਰ ਵਾਸਤੇ ਬੇਅੰਤ ਨੇ ਗੁਰੂ ਘਰ ਦੇ ਅੰਦਰ।

ਬੜੀ ਸੇਵਾ ਕਰੀ, ਬੜੀ ਸੇਵਾ ਕਰਨ ਤੋਂ ਬਾਅਦ ਗੁਰੂ ਪ੍ਰਸੰਨ ਹੋ ਗਿਆ। ਵਾਪਸ ਕਰ ਦਿਤੀਆਂ ਸ਼ਕਤੀਆਂ, ਕਹਿੰਦੇ ਬੁਲ੍ਹਿਆ! ਹੁਣ ਸ਼ੇਰ ਇਕ ਜੰਗਲ 'ਚ ਨਹੀਂ ਰਹਿੰਦੇ, ਦੋ ਤਲਵਾਰਾ ਇਕ ਮਿਆਨ 'ਚ ਨਹੀਂ ਪੈਂਦੀਆਂ ਜਾਹ ਤੂੰ ਆਪਣੇ ਸ਼ਹਿਰ ਵਾਪਸ ਚਲਿਆ ਜਾਹ। ਉਥੇ ਸਤਿਸੰਗ ਲਾਉਣ ਲੱਗ ਗਿਆ, ਬੇਅੰਤ ਸੰਗਤਾਂ ਆਉਂਦੀਆਂ ਨੇ, ਬਹੁਤ ਜ਼ਿਆਦਾ ਮਹਿਮਾ ਵਧ ਗਈ ਤੇ ਅਨਾਇਤਸ਼ਾਹ ਤੱਕ ਵਧ ਗਈ। ਉਨ੍ਹਾਂ ਨੇ ਆਪਣਾ ਲੜਕਾ ਭੇਜ ਦਿਤਾ ਕਹਿੰਦੇ ਲੈ ਕਾਕਾ! ਤੂੰ ਮਿਲ ਆ ਉਹਨੂੰ, ਪਰ ਸਾਰੀਆਂ ਗੱਲਾਂ ਨੋਟ ਕਰ ਆਈ। ਜਿਹੜੀ ਵੀ ਗੱਲ ਤੇਰੇ ਨਾਲ ਹੋਈ।

ਉਥੇ ਗਿਆ ਤਾਂ ਬੁੱਲ੍ਹੇਸ਼ਾਹ ਨੇ ਬੜਾ ਆਦਰ ਕਰਿਆ, ਆਪਣੇ ਬਰਾਬਰ ਗੱਦੀ ਲਾ ਕੇ ਬਿਠਾਇਆ, ਗੁਰੂ ਪੁੱਤਰ ਸੀ। ਕਿਉਂਕਿ ਫਰਜ਼ ਬਣ ਜਾਂਦਾ ਹੈ ਕਿ ਗੁਰੂ ਪੁੱਤਰ ਦੀ ਇਜ਼ਤ ਕਰਨੀ। ਜਿਸ ਵਕਤ ਵਾਪਸ ਆਏ, ਓਸ ਵੇਲੇ ਬਹੁਤ ਸੰਗਤ ਬੈਠੀ ਸੀ, ਕਹਿੰਦਾ ਜੀ ਮੈਂ ਹੁਣ ਵਾਪਸ ਜਾਂਦਾ ਹਾਂ, ਬਹੁਤ ਗੱਲਾਂ ਕਹੀਆਂ ਕਿ ਪੀਰ ਜੀ ਨੂੰ ਆਹ ਕਹਿਣਾ, ਸਾਡੀ ਆਹ ਬੇਨਤੀ ਕਰ ਦੇਣਾ, ਲੇਕਿਨ ਉਠ ਕੇ ਛੱਡਣ ਨਾ ਆਏ। ਜਦੋਂ ਘਰ ਆ ਕੇ ਪੀਰ ਨੇ ਪੁਛਿਆ ਆਪਣੇ ਲੜਕੇ ਤੋਂ, ਸਾਰੀਆਂ ਗੱਲਾਂ ਠੀਕ-ਠੀਕ ਕਰੀ ਗਿਆ। ਕਹਿੰਦੇ ਐਉਂ ਦੱਸ ਤੈਨੂੰ ਉਠ ਕੇ ਛੱਡਣ ਆਇਆ ਸੀ? ਕਹਿੰਦੇ ਨਹੀਂ ਮਹਾਰਾਜ! ਉਹਦੇ ਬਹੁਤ ਸਾਰੇ ਮੁਰੀਦ ਬੈਠੇ ਸੀ। ਕਹਿੰਦੇ ਫੇਰ ਤਾਂ ਉਹ ਅਭਿਮਾਨੀ ਹੋ ਗਿਆ ਨਾ। ਸਾਰੀਓ ਸ਼ਕਤੀ ਫੇਰ ਖਿੱਚ ਲਈ। ਨਾਲ ਕਹਿ ਦਿਤਾ ਕਿ ਸਾਡੇ ਮੱਥੇ ਨਾ ਲੱਗੇ। 12 ਸਾਲ ਨੱਚਦਾ ਰਿਹਾ ਬੁੱਲ੍ਹਾ, ਕਵਾਲੀਆਂ ਗਾਉਂਦਾ ਰਿਹਾ। ਤਿੰਨ-ਚਾਰ ਸੌ ਗਜ਼ ਦੇ ਉਤੇ ਜਿੱਥੇ ਗੁਰੂ ਨੇ ਠਹਿਰਣਾ, ਓਸ ਤੋਂ ਪਰ੍ਹੇ ਗਾਉਂਦੇ ਰਹਿਣਾ, ਆਵਾਜ਼ ਆਈ ਜਾਣੀ। ਅਖੀਰ ਪ੍ਰਸੰਨ ਹੋਇਆ ਜਦੋਂ ਜ਼ਬਤ ਕਰ ਲਿਆ, ਸ਼ਕਤੀਆਂ ਸਹਿ ਗਿਆ। ਓਸ ਵੇਲੇ ਉਹਨੂੰ ਬ੍ਰਹਮਗਿਆਨੀ ਦੀ ਦਾਤ ਦਿਤੀ।

ਐਉਂ ਬਾਬਾ ਫਰੀਦ ਸ਼ਕਤੀਆਂ ਸੰਪੰਨ ਹੋ ਕੇ ਆਇਆ ਸੀ। ਲੈਣ ਦੇਣ ਨੂੰ ਕੀ ਹੈ ਜਿਹੜਾ ਭਰਿਆ ਹੋਇਆ ਆਵੇ, ਲੈਣ ਦੇਣ ਨੂੰ ਤਾਂ ਉਹ ਹੀ ਜਿਹੜਾ ਖਾਲੀ ਹੋ ਕੇ ਆਵੇ। ਜਿਹਦੇ ਵਿਚ ਮੈਂ ਪਈ ਹੈ, ਮੈਂ ਐਉਂ ਕਰਦਾ ਹਾਂ, ਮੈਂ ਐਉਂ ਕਰਦਾ ਹਾਂ, ਮੇਰੀ ਕਦਰ ਨਹੀਂ ਹੈ। ਮੈਨੂੰ ਪੁੱਛਦੇ ਨਹੀਂ ਹੈ। ਮੇਰਾ ਧਿਆਨ ਨਹੀਂ ਦਿੰਦੇ, ਮੈਨੂੰ

**ignore** ਕਰ ਦਿਤਾ, ਉਹਨੇ ਲੈਣਾ ਦੇਣਾ ਕੀ ਹੈ ਸਾਧਸੰਗਤ ਜੀ! ਉਹਦੇ ਤਾਂ ਮੈਂ ਬਹੁਤ ਜ਼ਬਰਦਸਤ ਅੰਦਰ ਪਈ ਹੈ। ਉਹ ਰੂਹਾਨੀਅਤ ਦੇ ਵਿਚ ਨਹੀਂ ਲੰਘਿਆ ਕਰਦਾ, ਮਾਣ ਉਹਦਾ ਬੇਅੰਤ ਹੋਏਗਾ। ਸੰਸਾਰ ਮਾਣ ਕਰੇਗਾ, ਸਭ ਕੁਛ ਕਰੇਗਾ ਲੇਕਿਨ ਰਸਤਾ ਨਹੀਂ ਉਹਨੂੰ ਮਿਲਿਆ ਕਰਦਾ।

ਸੋ ਸਾਧਸੰਗਤ ਜੀ! ਬਹੁਤ ਔਖਾ ਰਸਤਾ ਹੈ। ਚੌਦਾਂ ਸਾਲ ਬਾਬਾ ਫਰੀਦ ਨਿਸ਼ਕਾਮ ਸੇਵਾ ਕਰਦਾ ਰਿਹਾ। ਮੁਰਸ਼ਦ ਨੇ ਨਹੀਂ ਬੁਲਾਇਆ, ਲੇਕਿਨ ਅੰਦਰੋਂ ਅੰਦਰ ਬੜੇ ਪ੍ਰਸੰਨ ਸੀ ਕਿ ਹੁਣ ਇਹਦੇ ਵਿਚੋਂ ਮੈਂ ਪੂਰੀ ਤਰ੍ਹਾਂ ਖਤਮ ਹੋ ਗਈ। ਕਿਉਂਕਿ ਜਿੰਨਾ ਚਿਰ ਮੈਂ ਹੈ ਮੁਰਸ਼ਦ ਕੁਛ ਨਹੀਂ ਦਿਆ ਕਰਦਾ। ਮੈਂ ਨਿਕਲ ਜਾਵੇ ਸਾਰੀਆਂ ਦਾਤਾਂ ਆਪਣੇ ਆਪ ਆ ਜਾਂਦੀਆਂ ਨੇ। ਖਾਲੀ ਹੋ ਜਾਵੇ –

***ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥***
***ਅੰਗ – ੪੭੪***

ਜੇ ਅਭਿਮਾਨ ਨਾਲ ਭਾਂਡਾ ਭਰਿਆ ਪਿਆ ਹੈ, ਗੁਰੂ ਦੀ ਬਰਕਤ ਉਥੇ ਕਿੱਥੋਂ ਆ ਜਾਏਗੀ। ਨਹੀਂ ਆਉਂਦੀ, ਖਾਲੀ ਰਹਿ ਜਾਏਗਾ। ਉਹ ਜੇ ਖਾਲੀ ਹੋ ਕੇ ਗੁਰੂ ਕੋਲ ਜਾਏਗਾ ਤਾਂ ਭਰਿਆ ਜਾਏਗਾ। ਬੇਅੰਤ ਮਿਸਾਲਾਂ ਨੇ, ਕਬੀਰ ਸਾਹਿਬ ਦੇ ਕੋਲ ਅਫਗਾਨਿਸਤਾਨ ਦਾ ਬਾਦਸ਼ਾਹ ਆ ਕੇ ਸੇਵਾ ਕਰਦਾ ਹੈ, 6 ਸਾਲ ਲੰਘੇ ਤਾਂ ਮਾਤਾ ਲੋਈ ਕਹਿਣ ਲੱਗੀ ਕਿ ਸਵਾਮੀ ਜੀ! ਦੇਖੋ ਰਾਜਾ ਹੋ ਕੇ ਝਾੜੂ ਦਿੰਦਾ ਹੈ, ਵਸਤਰ ਧੋਂਦਾ ਹੈ, ਮਹਾਂਪੁਰਸ਼ਾਂ ਦੇ ਜੂਠੇ ਬਰਤਨ ਮਾਂਜਦਾ ਹੈ, ਤੁਸੀਂ ਅਜੇ ਤੱਕ ਇਨ੍ਹਾਂ ਤੇ ਕ੍ਰਿਪਾ ਹੀ ਨਹੀਂ ਕਰੀ ਕੋਈ, ਕਹਿੰਦੇ ਲੋਈ ਅਜੇ ਤਾਂ ਇਹ ਜੀਉਂਦਾ ਜਾਗਦਾ ਹੈ, ਭਰਿਆ ਪਿਆ ਹੈ ਕਿ ਮੈਂ ਬਾਦਸ਼ਾਹ ਹਾਂ। ਕਹਿੰਦੇ, ਪਤਾ ਕਿਵੇਂ ਲੱਗੇ। ਕਹਿੰਦੇ, ਜਦੋਂ ਗੰਗਾ ਤੋਂ ਨਾਹ ਕੇ ਆਏਗਾ ਇਹਦੇ ਸਿਰ ਵਿਚ ਸਾਰੇ ਘਰ ਦਾ ਕੂੜਾ ਪਾ ਦੇਈਂ। ਕੋਠੇ ਤੇ ਖੜ੍ਹ ਕੇ। ਫੇਰ ਜਿਹੜੀਆਂ ਗੱਲਾਂ ਕਹੇਗਾ ਉਹ ਮੈਨੂੰ ਦੱਸੀਂ। ਜਿਸ ਵਕਤ ਨਹਾ ਕੇ ਆਇਆ ਕੂੜਾ ਪਾ ਦਿਤਾ ਉਤੇ ਨੂੰ ਦੇਖਿਆ ਤਾਂ ਕਹਿੰਦਾ ਕਿ ਜੇ ਅੱਜ ਮੈਂ ਆਪਣੇ ਰਾਜ 'ਚ ਹੁੰਦਾ, ਕੋਈ ਮੇਰੇ ਸਿਰ 'ਚ ਪਾ ਕੇ ਦਿਖਾਉਂਦਾ। ਐਨੀ ਗੱਲ ਜਦੋਂ ਕਬੀਰ ਸਾਹਿਬ ਨੂੰ ਦੱਸੀ ਤਾਂ ਕਹਿੰਦੇ ਫੇਰ ਇਹ ਜੀਉਂਦਾ ਹੈ ਨਾ, ਮਰਿਆ ਤਾਂ ਹੈ ਨਹੀਂ ਅਜੇ –

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***

ਗੱਲਾਂ ਨਾਲ ਨਹੀਂ ਬਣਦਾ। ਛੇ ਸਾਲ ਹੋਰ ਲੰਘ ਗਏ। ਕਬੀਰ ਸਾਹਿਬ ਕਹਿਣ ਲੱਗੇ, ਲੋਈ! ਇਕ ਵਾਰੀ ਹੁਣ ਇਮਤਿਹਾਨ ਲੈ ਇਹਦਾ। ਕਹਿੰਦੀ ਮਹਾਰਾਜ! ਓਹੋ ਜਿਹਾ ਹੀ ਹੈ? ਕਹਿੰਦੇ ਨਹੀਂ ਓਹਾ ਜਿਹਾ ਨਹੀਂ, ਹੁਣ ਬਦਲ ਗਿਆ। ਜਦੋਂ ਇਸ਼ਨਾਨ ਕਰਕੇ ਆਇਆ ਦੱਸ ਵਜੇ ਗੰਗਾ ਤੋਂ ਉਹਦੇ ਸਿਰ 'ਚ ਜਦੋਂ ਕੂੜਾ ਪਾਇਆ, ਉਥੇ ਹੀ ਨਚਣ ਲੱਗ ਗਿਆ, ਬਜਦ 'ਚ ਆ ਗਿਆ, ਮਾਂ! ਪੁੱਤਰਾਂ ਦੇ ਨਾਲ ਮਾਂ ਕਿੰਨੀ ਰਿਆਇਤ ਕਰਦੀ ਹੈ, ਸੰਤਾਂ ਦੀ ਧੂੜੀ ਮੇਰੇ ਸਿਰ ਵਿਚ ਪਾ ਦਿਤੀ, ਮੇਰੇ ਜਨਮਾਂ–ਜਨਮਾਂ ਦੇ ਪਾਪ ਕੱਟੇ ਗਏ। ਮੇਰੀ ਮਾਂ ਨੇ ਮੇਰੇ ਸਿਰ ਵਿਚ ਕੇਸਰ ਪਾ ਦਿਤਾ, ਸੁਗੰਧੀਆਂ ਪਾ ਦਿਤੀਆਂ, ਮੇਰੇ ਵਰਗਾ ਧੰਨਭਾਗੀ ਕੌਣ ਹੈ, ਨੱਚੀ ਜਾਂਦਾ ਹੈ ਉਥੇ, ਮਸਤਾਨਾ ਹੋਇਆ ਹੋਇਆ ਹੈ। ਕਬੀਰ ਸਾਹਿਬ ਕੋਲ ਕਹਿਣ ਲੱਗੀ ਕਿ ਉਹ ਤਾਂ ਐਉਂ ਕਰ ਰਿਹਾ ਹੈ। ਕਹਿੰਦੇ, ਹੁਣ ਅਧਿਕਾਰੀ ਹੈ। ਜਦੋਂ ਕਬੀਰ ਸਾਹਿਬ ਦੇ ਕੋਲ ਆ ਕੇ ਮਸਤਕ ਨਿਵਾਇਆ, ਕਬੀਰ ਸਾਹਿਬ ਆਪਣੀ ਗੱਦੀ ਤੋਂ ਉਠੇ ਬੁੱਕਲ 'ਚ ਲੈ ਲਿਆ, ਬਗੈਰ ਬੋਲੇ ਬ੍ਰਹਮਗਿਆਨ ਦੇ ਭੰਡਾਰੇ ਸਾਰੀਆਂ ਸ਼ਕਤੀਆਂ ਦੇ ਭੰਡਾਰੇ ਉਹਦੇ ਹਵਾਲੇ ਕਰ ਦਿਤੇ। ਕਹਿੰਦੇ ਲੈ ਇਬਰਾਹੀਮ ਹੁਣ ਤੂੰ ਆਪਣੇ ਦੇਸ਼ ਜਾ ਕੇ ਰੂਹਾਨੀਅਤ ਦਾ ਪ੍ਰਚਾਰ ਕਰ। ਖਾਲੀ ਨਹੀਂ ਜਦੋਂ ਤਕ ਹੁੰਦਾ, ਜਿੰਨਾ ਚਿਰ ਮੈਂ ਕੰਮ ਕਰਦੀ ਹੈ, ਲੈਣ ਦੇਣ ਨੂੰ ਕੀ ਹੈ? ਜੇ ਤਾਂ ਸੰਤ ਵੀ ਓਹੋ ਜਿਹਾ ਹੀ ਹੋਵੇ ਕਿ ਆਹ ਚੇਲਾ ਜੇ ਨੱਠ ਗਿਆ ਤਾਂ ਕੰਮ ਨਹੀਂ ਚੱਲਣਾ, ਤਾਂ ਤਾਂ ਸੰਤ ਵੀ ਨਿਕੰਮਾ ਹੈ, ਉਹ ਕਿਸੇ ਕੰਮ ਦਾ ਨਹੀਂ ਹੈ। ਜੇ ਸੰਤ ਬੇਪਰਵਾਹ ਪ੍ਰਮੇਸ਼ਰ ਨਾਲ ਜੁੜਿਆ ਹੋਇਆ ਹੈ, ਉਹ ਇਕ ਖੇਲ੍ਹ ਕਰ ਰਿਹਾ ਹੈ, ਖੇਲ੍ਹ ਦੇ ਵਿਚ ਠੀਕ ਹੈ ਜਿਹੜਾ ਕੁਛ ਹੁੰਦਾ ਹੈ ਹੋਈ ਜਾਵੇ।

ਸੋ ਬਾਬਾ ਫਰੀਦ ਬਿਲਕੁਲ ਮੁਰਦਾ ਹੋ ਕੇ ਸੇਵਾ ਕਰਦੇ ਨੇ। 14 ਸਾਲ ਲੰਘ ਗਏ। ਅੱਜ ਮੁਰਸ਼ਦ ਨੇ ਦੇਖਿਆ ਕਿ ਇਹਦਾ ਹੁਣ ਇਮਤਿਹਾਨ ਲਿਆ ਜਾਵੇ, ਕਸਵੱਟੀ ਲਾਈ ਗਈ। ਉਹਦਾ ਮੁੱਖ ਕੰਮ ਸੀ ਕਿ ਅੰਮ੍ਰਿਤ ਵੇਲੇ ਇਸ਼ਨਾਨ ਕਰਾਉਣਾ, ਸਰਦੀ ਦਾ ਮਹੀਨਾ ਹੈ ਤਾਂ ਗਰਮ ਪਾਣੀ ਕਰਨਾ, ਦੂਸਰਾ ਜਿਹੋ ਜਿਹਾ ਕੰਮ ਮੁਰਸ਼ਦ ਕਹਿੰਦਾ ਹੈ ਉਹੋ ਜਿਹਾ ਕੰਮ ਕਰਨਾ। ਬਾਕੀ ਸਾਰਾ ਦਿਨ ਸੇਵਾ ਕਰਨੀ, ਪ੍ਰਸ਼ਾਦੇ ਲਾਹੁੰਣੇ, ਬਰਤਨ ਮਾਂਜਣੇ, ਪਾਣੀ ਢੋਣਾ, ਝਾੜੂ ਦੇਣੇ, ਹੋਰ ਵਸਤਰ ਵਗੈਰਾ ਧੋਣੇ। ਹਰੇਕ ਆਏ ਗਿਆਂ ਦੀ ਸੇਵਾ ਸੰਭਾਲ ਕਰਨੀ। ਓਸ ਦਿਨ ਮੁਰਸ਼ਦ ਨੇ ਐਨੀ ਬਾਰਿਸ਼ ਕਰਾ ਦਿਤੀ ਰਾਤ ਨੂੰ, ਛਾਛੜੇ ਦਾ ਮੀਂਹ ਪੈਂਦਾ ਹੈ, ਹਵਾ ਚਲਦੀ ਹੈ, ਆਵਾਜ਼ ਦੇ ਰਹੀ ਹੈ ਗੂੰਜਦੀ ਹੈ ਹਵਾ, ਛਰਾਟੇ ਐਨੇ ਤੇਜ਼ ਆ ਰਹੇ ਨੇ, ਜਿਥੇ ਅੱਗ ਦੱਬੀ ਹੋਈ ਸੀ ਉਥੇ ਤੱਕ ਪਾਣੀ ਪਹੁੰਚ ਗਿਆ, ਉਹ ਟੋਆ ਭਰ ਗਿਆ ਜਿੱਥੇ ਅੱਗ ਦੱਬੀ ਸੀ। ਬਾਬਾ ਫਰੀਦ ਨੇ ਦੇਖਿਆ ਕਿ ਹੁਣ ਸਮਾਂ ਹੋ ਗਿਆ, ਉਸ ਵੇਲੇ ਜਾ ਕੇ ਜਦੋਂ ਹੱਥ ਲਾਉਂਦਾ

ਹੈ, ਪੈਰਾਂ ਥੱਲਿਓਂ ਮਿੱਟੀ ਨਿਕਲ ਗਈ ਕਿ ਹੁਣ ਕੀ ਹੋਏਗਾ। ਮੁਰਸ਼ਦ ਦੇ ਇਸ਼ਨਾਨ ਦਾ ਸਮਾਂ ਆ ਗਿਆ ਤੇ ਇਥੇ ਤਾਂ ਅੱਗ ਬੁਝੀ ਪਈ ਹੈ, ਮੈਂ ਪਾਣੀ ਕਿਵੇਂ ਗਰਮ ਕਰਾਂ। ਓਸ ਵੇਲੇ ਬਾਹਰ ਦੇਖਦਾ ਹੈ ਤਾਂ ਬੜਾ ਝਾਂਜਾ ਚੱਲ ਰਿਹਾ ਹੈ, ਹਨ੍ਹੇਰੀ ਚੱਲ ਰਹੀ ਹੈ, ਗਲੀਆਂ 'ਚ ਚਿੱਕੜ ਹੋਇਆ ਪਿਆ ਹੈ, ਓਸ ਵੇਲੇ ਮਨ ਵਿਚ ਖਿਆਲ ਆਉਂਦਾ ਹੈ, ਬਹੁਤ ਹਵਾ ਚਲਦੀ ਹੈ ਕਿੱਥੇ ਜਾਵਾਂ, ਲੇਕਿਨ ਪਰਵਾਹ ਨਹੀਂ ਕਰੀ ਓਸ ਨੇ ਕਿ ਪਏ ਮੇਰੇ ਕੱਪੜੇ ਭਿੱਜ ਜਾਣ। ਲੇਕਿਨ ਮੇਰੀ ਜੋ ਡਿਊਟੀ ਹੈ ਉਹ ਮੈਂ ਪੂਰੀ ਕਰਨੀ ਹੀ ਕਰਨੀ ਹੈ।

*ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥*
*ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥*
*ਅੰਗ - ੧੩੭੯*

ਅਜਮੇਰ ਸ਼ਰੀਫ ਸ਼ਹਿਰ ਵਲ ਨੂੰ ਚੱਲ ਪੈਂਦਾ ਹੈ, ਹਨ੍ਹੇਰ ਹੀ ਹਨ੍ਹੇਰ ਪਿਆ ਹੈ, ਹੱਥ ਮਾਰਿਆਂ ਨਜ਼ਰ ਨਹੀਂ ਆਉਂਦਾ, ਚਿੱਕੜ ਹੱਦ ਤੋਂ ਜ਼ਿਆਦਾ ਹੈ, ਪੈਰ-ਪੈਰ ਤੇ ਤਿਲਕਦਾ ਹੈ, ਓਸ ਵੇਲੇ ਇਕ ਘਰ ਦੇ ਅੰਦਰ ਰੋਸ਼ਨੀ ਨਜ਼ਰ ਆਈ, ਉਥੇ ਜਾ ਕੇ ਦਸਤਕ ਦਿਤੀ।

ਆਵਾਜ਼ ਆਈ ਅੰਦਰੋਂ ਕੌਣ?

ਕਹਿਣ ਲੱਗਿਆ, ਮੈਂ ਫਰੀਦ।

ਕੌਣ ਫਰੀਦ?

ਮੈਂ ਮੁਰਸ਼ਦ ਦਾ ਮੁਰੀਦ ਹਾਂ।

ਬੜੀ ਕੜਕਵੀਂ ਆਵਾਜ਼ ਆਈ, ਫਰੀਦਾ! ਗਲਤ ਥਾਂ ਤੇ ਤੂੰ ਤੁਰਿਆ ਫਿਰਦਾ ਹੈਂ। ਇਹ ਜਿਹੜਾ ਘਰ ਹੈ ਇਥੋਂ ਤਾਂ ਨਰਕਾਂ ਦੇ ਟਿਕਟ ਮਿਲਦੇ ਨੇ, ਵੇਸਵਾ ਦਾ ਘਰ ਹੈ, ਪੀਰਾਂ ਦਾ ਇਥੇ ਕੀ ਕੰਮ, ਐਸ ਵੇਲੇ। ਕਹਿਣ ਲੱਗਿਆ, ਬੇਟੀ! ਮੈਨੂੰ ਤੇਰੇ ਤੱਕ ਬਹੁਤ ਜ਼ਰੂਰੀ ਕੰਮ ਹੈ, ਕ੍ਰਿਪਾ ਕਰ ਮੇਰੀ ਮਦਦ ਕਰ। ਕਹਿਣ ਲੱਗੀ, ਕੀ ਕੰਮ ਹੈ? ਕਹਿਣ ਲੱਗਿਆ, ਮੇਰੇ ਮੁਰਸ਼ਦ ਨੂੰ ਇਸ਼ਨਾਨ ਕਰਾਉਣ ਦਾ ਵੇਲਾ ਹੋ ਚੁੱਕਿਆ ਹੈ, ਗਰਮ ਪਾਣੀ ਕਰਕੇ ਮੈਂ ਇਸ਼ਨਾਨ ਕਰਾਉਂਦਾ ਹਾਂ, ਅੱਗ ਬੁੱਝ ਚੁੱਕੀ ਹੈ, ਮੈਨੂੰ ਅੱਗ ਦੇ। ਕ੍ਰਿਪਾ ਕਰ ਮੇਰੇ ਉਤੇ

ਉਨ੍ਹਾਂ ਦਿਨਾਂ ਵਿਚ ਡੱਬੀਆਂ ਨਹੀਂ ਸੀ ਹੁੰਦੀਆਂ, ਅੱਗਾਂ ਦੱਬ ਕੇ ਰੱਖਦੇ ਸੀ।

ਸੋ ਕਹਿਣ ਲੱਗੀ, ਫਰੀਦਾ! ਐਨਾ ਪਿਆਰ ਤੇਰਾ ਮੁਰਸ਼ਦ ਦੇ ਨਾਲ। ਪਿਆਰਿਆ! ਅੱਗ ਮੁਫਤ ਨਹੀਂ ਮਿਲਣੀ, ਸਰੀਰ ਦਾ ਅੰਗ ਦੇਣਾ ਪੈਣਾ ਹੈ। ਕਹਿਣ ਲੱਗੇ, ਬੇਟਾ! ਜੋ ਅੰਗ ਚਾਹੀਦਾ ਹੈ, ਉਹ ਮੇਰੇ ਤੋਂ ਲੈ ਲੈ। ਜੇ ਮੇਰਾ ਸਿਰ ਚਾਹੀਦਾ ਹੈ ਤਾਂ ਵੀ ਕੋਈ ਮਹਿੰਗਾ ਨਹੀਂ ਹੈ।

*ਤਨ ਗੰਦਗੀ ਕੀ ਕੋਠੜੀ*
*ਹਰਿ ਹੀਰਿਆਂ ਕੀ ਖਾਣ।*
*ਸਿਰ ਦਿਤਿਆਂ ਜੇ ਹਰਿ ਮਿਲੇ*
*ਤਾਂ ਵੀ ਸਸਤਾ ਜਾਣ।*

ਫੇਰ ਤਾਂ ਬੜਾ ਸਸਤਾ ਸੌਦਾ ਹੈ, ਸਰੀਰ ਦੇ ਬਦਲੇ ਜੇ ਮੇਰਾ ਮੁਰਸ਼ਦ ਪ੍ਰਸੰਨ ਹੋ ਜਾਵੇ। ਐਨੇ ਨੂੰ ਦਰਵਾਜ਼ਾ ਖੋਲ੍ਹਿਆ। ਕਹਿਣ ਲੱਗੀ, ਲਿਆ ਸਰੀਰ ਦਾ ਕਿਹੜਾ ਅੰਗ ਦਿੰਦਾ ਹੈਂ। ਕਹਿਣ ਲੱਗਿਆ, ਬੀਬਾ! ਜਿਹੜਾ ਕਹੇਂ। ਕਹਿੰਦੀ, ਅੱਖ ਦਾ ਡੇਲਾ ਕੱਢ ਕੇ ਦੇ ਦੇ। ਅੱਖ ਅੱਗੇ ਕਰ ਦਿਤੀ ਫਰੀਦ ਨੇ। ਕਹਿਣ ਲੱਗੀ, ਮੈਂ ਨਹੀਂ ਕੱਢਣਾ, ਆਪੇ ਹੀ ਕੱਢ ਕੇ ਦੇ। ਪਲੇਟ ਦੇ ਦਿਤੀ।

ਕਿਵੇਂ ਡੇਲਾ ਕੱਢਿਆ, ਕਿਵੇਂ ਖਿੱਚਿਆ ਵਾਹਿਗੁਰੂ ਜਾਣਦਾ ਹੈ। ਕੱਢ ਕੇ ਪਲੇਟ ਦੇ ਉਤੇ ਰੱਖ ਦਿਤਾ, ਸੀ ਨਾ ਹਾਏ, ਕੁਛ ਨਹੀਂ। ਦਸਤਾਰ ਦਾ ਲੜ ਪਾੜਿਆ, ਪਾੜ ਕੇ ਉਤੇ ਦੀ ਲੰਘਾ ਲਿਆ, ਘੁੱਟ ਕੇ ਬੰਨ੍ਹ ਲਿਆ। ਉਹਦੇ ਬਦਲੇ ਇਕ ਅੱਗ ਦਾ ਕੋਲਾ ਮਿਲ ਗਿਆ।

ਸੋ ਮਹਾਰਾਜ ਕਹਿੰਦੇ ਇਹ ਕੋਈ ਸੁਖਾਲੇ ਰਾਹ ਨਹੀਂ। ਇਹ ਤਾਂ ਬਹੁਤ ਔਖੇ ਰਸਤੇ ਨੇ। ਇਸ਼ਨਾਨ ਕਰਾ ਦਿਤਾ ਲੇਕਿਨ ਕੋਈ ਗੱਲ ਨਹੀਂ ਕਿ ਮਹਾਰਾਜ! ਅੱਜ ਪਾਣੀ ਮੈਂ ਬਹੁਤ ਔਖਾ ਲਿਆਂਦਾ ਹੈ। ਅੱਜ ਮੈਂ ਬਹੁਤ ਔਖਾ ਪਾਣੀ ਗਰਮ ਕਰਿਆ ਹੈ। ਅੱਖ ਦੇ ਕੇ ਮੈਂ ਇਕ ਅੱਗ ਦਾ ਕੋਲਾ ਲਿਆਂਦਾ। ਖਾਮੋਸ਼ੀ ਦੇ ਨਾਲ ਇਸ਼ਨਾਨ ਕਰਾ ਕੇ, ਆਪ ਇਸ਼ਨਾਨ ਕਰਿਆ, ਚੁੱਪ ਕਰਕੇ ਜਾ ਕੇ ਕੋਨੇ 'ਚ ਜਾ ਕੇ ਬੈਠ ਕੇ ਭਗਤੀ ਕਰਨ ਲੱਗ ਗਏ। ਦਿਨ ਚੜ੍ਹ ਗਿਆ, ਮੁਰਸ਼ਦ ਨੇ ਕਿਉਂਕਿ ਪੇਪਰ ਆਪ ਪਾਇਆ ਸੀ, ਜਾਣਦਾ ਸੀ ਪਰਚਾ ਪਾਇਆ ਹੋਇਆ। ਦੇਖਣਾ ਚਾਹੁੰਦਾ ਸੀ ਕਿ ਵਿਦਿਆਰਥੀ ਨੇ ਕਿੰਨੇ ਨੰਬਰ ਲਏ ਨੇ। ਪ੍ਰਸੰਨ ਹੋ ਗਿਆ। ਫਰੀਦ ਨੂੰ ਬੁਲਾਇਆ। ਹਾਜ਼ਰ ਕਰਿਆ।

ਪੁਛਿਆ ਫਰੀਦਾ! ਪਿਆਰਿਆ! ਅੱਖ ਬੰਨ੍ਹੀ ਹੈ?

ਕਹਿਣ ਲੱਗੇ, ਮੁਰਸ਼ਦ! ਆਈ ਹੋਈ ਹੈ।

ਪੰਜਾਬੀ 'ਚ ਦੁਖਦੀ ਅੱਖ ਨੂੰ ਅਸੀਂ ਕਹਿੰਦੇ ਹਾਂ ਕਿ ਮੇਰੀਆਂ ਅੱਖਾਂ ਆਈਆਂ ਹੋਈਆਂ ਨੇ। ਕਹਿੰਦੇ, ਫਰੀਦਾ! ਆਈਆਂ ਹੋਈਆਂ ਅੱਖਾਂ ਨਹੀਂ ਬੰਨ੍ਹੀਦੀਆਂ, ਗਈਆਂ ਹੋਈਆਂ ਬੰਨ੍ਹੀਦੀਆਂ ਨੇ। ਖੋਲ੍ਹ ਪੱਟੀ। ਪੱਟੀ ਖੋਲ੍ਹੀ, ਓਵੇਂ ਜਿਵੇਂ ਅੱਖ ਪ੍ਰਮੇਸ਼ਰ ਦੀ ਦਿਤੀ ਹੋਈ ਜਿਹੋ

ਜਿਹੀ ਹੈ, ਮੁਰਸ਼ਦ ਵਲੋਂ ਓਹੀ ਜਿਹੀ ਅੱਖ ਮਿਲੀ। ਉਠ ਕੇ ਬੁੱਕਲ 'ਚ ਲੈ ਲਿਆ। ਕਹਿੰਦੇ ਫਰੀਦਾ! ਤੂੰ ਪਾਸ ਹੋ ਗਿਆ ਪਿਆਰਿਆ, 100% ਤੋਂ ਉਪਰ ਨੰਬਰ ਲਏ ਨੇ। ਮੈਂ ਪ੍ਰਸੰਨ ਹਾਂ। ਉਸੇ ਵੇਲੇ ਬ੍ਰਹਮਗਿਆਨ ਦੇ ਚਾਰ ਬਚਨ ਹੁੰਦੇ ਨੇ, ਚਾਰੋਂ ਕਰ ਦਿਤੇ। ਕਿਉਂਕਿ ਪੂਰਾ ਅਧਿਕਾਰੀ ਸੀ, ਪੂਰੇ ਅਧਿਕਾਰੀ ਵਾਸਤੇ ਬਿਨਾਂ ਇਹ ਬਚਨ ਨਹੀਂ ਹੋਇਆ ਕਰਦੇ। ਇਹ ਬਚਨ ਉਥੇ ਹੁੰਦੇ ਨੇ ਜਿੱਥੇ ਮੁਰੀਦ ਬਿਲਕੁਲ ਮੁਰਦਾ ਹੋ ਜਾਵੇ। ਨਹੀਂ ਤਾਂ ਮਹਾਤਮਾ ਚੁੱਪ ਕਰਕੇ ਆਪਣੇ ਨਾਲ ਗਿਆਨ ਲੈ ਜਾਂਦੇ ਨੇ। ਕਿਉਂਕਿ ਅਧਿਕਾਰੀ ਨਹੀਂ ਮਿਲਦਾ, ਮੱਲੋ-ਮੱਲੀ ਕਿਸੇ ਦੇ ਪੱਲੇ ਪਾਉਣੈ? ਹੁੰਦਾ ਨਹੀਂ ਹੈ ਅਧਿਕਾਰੀ, ਬੜਾ ਮੁਸ਼ਕਲ ਹੈ ਕਲਜੁਗ ਵਿਚ? ਸੋ ਇਸ ਤਰ੍ਹਾਂ ਦੇ ਨਾਲ ਪਰਖ ਦੇ ਵਿਚ ਪੂਰਾ ਉਤਰ ਗਿਆ।

ਗੁਰੂ ਦਸ਼ਮੇਸ਼ ਪਿਤਾ ਨੇ ਅੱਜ ਪੁੱਗੀ ਹੋਈ ਗੁਰਸਿੱਖੀ ਦੀ ਪਰਖ ਸ਼ੁਰੂ ਕਰ ਦਿਤੀ। ਦੀਵਾਨ ਲੱਗਿਆ ਹੋਇਆ ਹੈ ਤੇ ਉਥੇ ਆਪ ਤਖਤ ਦੇ ਉਤੇ ਖੜ੍ਹੇ ਹੋ ਗਏ, ਸ੍ਰੀ ਸਾਹਿਬ ਕੱਢ ਲਈ, ਬਹੁਤ ਹੀ ਕਰੜੇ ਸ਼ਬਦਾਂ ਦੇ ਨਾਲ ਆਵਾਜ਼ ਦਿਤੀ ਕਿ ਅਸੀਂ ਇਸ ਦੇਵੀ ਨੂੰ ਪ੍ਰਸੰਨ ਕਰਨਾ ਹੈ ਇਹਦੇ ਵਾਸਤੇ ਇਕ ਸਿੱਖ ਦੇ ਸਿਰ ਦੀ ਲੋੜ ਹੈ।

ਕਮਜ਼ੋਰ ਬੰਦਿਆਂ ਦੇ ਲਿਖੇ ਹੋਏ ਇਤਿਹਾਸ ਕਹਿੰਦੇ ਨੇ ਕਿ ਗੁਰੂ ਮਹਾਰਾਜ ਨੇ ਆਵਾਜ਼ ਦਿਤੀ ਤਾਂ ਸਾਰੀ ਸੰਗਤ ਸੋਚਾਂ 'ਚ ਪੈ ਗਈ। ਤਾਂ ਫੇਰ ਪਤਲਾ ਹੀ ਪਿਆਰ ਸੀ ਗੁਰੂ ਸਾਹਿਬ ਨਾਲ, ਬਾਬੇ ਫਰੀਦ ਵਰਗਾ ਤਾਂ ਹੈ ਨਹੀਂ ਸੀ। ਗੁਰੂ ਕਹਿੰਦਾ ਹੈ ਕਿ 'ਤਨ ਮਨ ਸਭ ਸਉਪਿ ਗੁਰੂ ਕੋ, ਹੁਕਮਿ ਮੰਨਿਐ ਪਾਈਐ' ਜਾਂ ਤਾਂ ਕਿਸੇ ਗੁਰਸਿੱਖ ਨੇ ਤਨ, ਮਨ, ਧਨ ਸੌਂਪਿਆ ਹੀ ਨਹੀਂ ਸੀ। ਸਭ ਕੁਝ ਆਪਣਾ ਰੱਖੀਂ ਬੈਠੇ ਸੀ। ਜੇ ਇਸ ਗੱਲ ਦਾ ਗਿਆਨ ਸੀ, ਪਹੁੰਚੇ ਹੋਏ ਸੀ, ਉਨ੍ਹਾਂ ਦੀ ਦੇਹ ਹੰਗਤਾ ਟੁੱਟੀ ਹੁੰਦੀ ਹੈ। ਦੇਹ ਹੰਗਤਾ ਟੁੱਟ ਕੇ ਆਤਮ ਦੇਸ਼ ਦੇ ਵਾਸੀ ਹੋਇਆ ਕਰਦੇ ਨੇ। ਆਤਮਾ ਨੂੰ ਨਾ ਤਲਵਾਰ ਕੱਟ ਸਕਦੀ ਹੈ, ਨਾ ਪਾਣੀ ਡੋਬ ਸਕਦਾ ਹੈ, ਨਾ ਅੱਗ ਜਲਾ ਸਕਦੀ ਹੈ, ਨਾ ਹਵਾ ਸੁਕਾ ਸਕਦੀ ਹੈ, ਉਹ ਤਾਂ ਸਦਾ ਅਮਰ ਵਸਤੂ ਹੈ, ਜਿਹਦੇ ਮਨ ਵਿਚ ਇਹ ਗਿਆਨ ਹੈ ਉਹ ਤਾਂ ਦੇਹ ਨੂੰ ਗੁਰੂ ਦੀ ਅਮਾਨਤ ਸਮਝ ਕੇ ਚੁਕੀਂ ਫਿਰਦਾ ਹੈ, ਉਹ ਇਹ ਨਹੀਂ ਹੈ ਕਿ ਆਵਾਜ਼ ਮਾਰੀ, ਦੂਜੀ ਆਵਾਜ਼ ਮਾਰੀ ਕੰਬਣ ਲੱਗ ਗਏ, ਨੀਵੀਆਂ ਪਾ ਲਈਆਂ, ਉਹ ਆਪੇ ਹੀ ਪਾਉਂਦੇ ਨੇ, ਜਿਹੜੇ ਲਿਖਦੇ ਨੇ। ਕਿਉਂਕਿ ਉਨ੍ਹਾਂ ਨੂੰ ਗੁਰਸਿੱਖੀ ਦੀ ਉਚਾਈ ਦਾ ਪਤਾ ਨਹੀਂ ਲੱਗ ਸਕਿਆ। ਲਿਖ ਦਿਤਾ। ਕਹਿੰਦੇ ਜੀ ਫਲਾਣੇ ਨੇ ਲਿਖਿਆ ਸੀ ਤਾਂ ਲਿਖ ਦਿਤਾ। ਅਖੀਰ ਦੇ ਉਤੇ ਕੱਢੋ ਕਿ ਕੀਹਨੇ ਲਿਖਿਆ ਹੈ ਸਭ ਤੋਂ ਪਹਿਲਾਂ। ਜਿਹੜਾ ਜਾਣਦਾ ਹੀ ਸਿੱਖੀ ਨੂੰ ਓਸ ਬੰਦੇ ਦਾ ਨਾਉਂ ਲੈ ਦਿੰਦੇ ਨੇ ਕਿ ਉਹਨੇ ਲਿਖਿਆ ਹੈ।

ਸਾਧਸੰਗਤ ਜੀ! ਗੁਰੂ ਦੀ ਲਹਿਰ ਐਨੀ ਜ਼ਬਰਦਸਤ ਸੀ, ਪਿਆਰ ਦੀ ਖਿੱਚ ਦੇ ਵਿਚ ਆਦਮੀ ਹਰ ਵਕਤ ਰਹਿੰਦਾ ਸੀ ਕਿ ਆਪਣੇ ਪਿਆਰੇ ਨੂੰ ਮੈਂ ਕੀ ਦੇਵਾਂ। ਕੀ ਇਹਦੀ ਭੇਟਾਂ ਚੜ੍ਹਾਵਾਂ। ਬਾਰ-ਬਾਰ ਬਾਣੀ ਕਹਿੰਦੀ ਹੈ ਕਿ ਜੇ ਭੇਟਾਂ ਚੜ੍ਹਾਉਣੀ ਹੈ -

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ***
***ਹੁਕਮਿ ਮੰਨਿਐ ਪਾਈਐ ॥ ਅੰਗ - ੯੧੮***

ਤੇ ਕੀ ਅਜੇ ਕੋਈ ਵੀ ਗੁਰਸਿੱਖ ਐਹੋ ਜਿਹਾ ਨਹੀਂ ਸੀ ਜਿਹੜਾ ਤਨ ਮਨ ਧਨ ਸਉਂਪ ਦਿੰਦਾ। ਇਹ ਗੱਲਾਂ ਲਿਖੀਆਂ ਹੋਈਆਂ ਨੇ ਪਰ ਮੈਂ ਇਨ੍ਹਾਂ ਤੇ ਵਿਸ਼ਵਾਸ਼ ਨਹੀਂ ਕਰਦਾ। ਮੇਰੇ ਮਨ ਵਿਚ ਇਹ ਵਿਸ਼ਵਾਸ਼ ਹੈ ਕਿ ਪੂਰਨ ਗੁਰਸਿੱਖ ਗੁਰੂ ਦਸ਼ਮੇਸ਼ ਪਿਤਾ ਵੇਲੇ ਨਾ ਹੋਏ ਤਾਂ ਫੇਰ ਹੁਣ ਕਿੱਥੋਂ ਹੋ ਜਾਣ। ਉਹ ਤਾਂ ਗੁਰੂ ਦੀ ਖਿੱਚ ਐਨੀ ਸੀ, ਉਹਦੇ ਨੇਤਰਾਂ ਦੇ ਵਿਚ ਐਨਾ ਪਿਆਰ ਸੀ ਕਿ ਆਦਮੀ ਕੁਰਬਾਨ ਹੋ ਹੋ ਗਿਰਦਾ ਸੀ ਕਿ ਮੇਰੇ ਕੋਲ ਤਾਂ ਕੁਛ ਨਹੀਂ। ਤਾਂ ਉਸ ਵੇਲੇ ਪਹਿਲੀਓ ਆਵਾਜ਼ ਦੇ ਉਤੇ ਭਾਈ ਦਇਆ ਸਿੰਘ ਜੀ ਦੋਵੇਂ ਹੱਥ ਬੰਨ੍ਹੇ ਹੋਏ ਨੇ ਤੇ ਗੁਰੂ ਮਹਾਰਾਜ ਦੇ ਪਾਸ ਜਾ ਕੇ ਬੇਨਤੀ ਕਰਦੇ ਨੇ -

***ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥ ਅੰਗ - ੮੨੭***

ਹੇ ਪ੍ਰਭੂ! ਮੈਂ ਤਾਂ ਆਪਣੇ ਕੋਲ ਕੁਛ ਰੱਖਿਆ ਹੀ ਨਹੀਂ, ਮੇਰੀ ਤਾਂ ਮੈਂ ਵੀ ਮੇਰੀ ਨਹੀਂ ਹੈ, ਇਹ ਸਭ ਕੁਛ ਤੇਰਾ ਹੀ ਹੈ। ਤੇਰਾ ਤੈਨੂੰ ਹੀ ਸਉਂਪਣਾ ਹੈ, ਮੈਂ ਤਾਂ ਕੁਛ ਨਹੀਂ ਦੇ ਰਿਹਾ। ਸੀਸ ਵੀ ਤੇਰਾ ਹੈ, ਮਨ ਵੀ ਤੇਰਾ, ਤਨ ਵੀ ਤੇਰਾ ਹੈ, ਬੁੱਧੀ ਵੀ ਤੇਰੀ ਹੈ, ਚਿੱਤ ਵੀ ਤੇਰਾ, ਆਹ ਝੂਠੀ ਮੈਂ ਵੀ ਤੇਰੀ ਹੈ। ਮੈਂ ਤਾਂ ਹੈ ਹੀ ਨਹੀਂ ਕੁਛ। ਜਿਹੜਾ ਮੈਂ ਨਹੀਂ ਹੈ ਉਹ ਉਹ ਪ੍ਰਮੇਸ਼ਰ ਹੁੰਦਾ ਹੈ।

***ਜਬ ਹਮ ਹੋਤੇ ਤਬ ਤੂ ਨਾਹੀ***
***ਅਬ ਤੂਹੀ ਮੈ ਨਾਹੀ॥***
***ਅਨਲ ਅਗਮ ਜੈਸੇ ਲਹਰਿ ਮਇ ਓਦਧਿ***
***ਜਲ ਕੇਵਲ ਜਲ ਮਾਂਹੀ ॥ ਅੰਗ - ੬੫੭***

ਇਹ ਗੱਲ ਸਮਝਣ ਦੀ ਹੈ, ਇਥੇ ਹੀ ਅਸੀਂ ਪਹੁੰਚਣਾ ਹੈ। ਮੈਂ ਦਾ ਅਭਾਵ ਕਰਨਾ ਹੈ। ਪਹਿਲਾਂ ਤਨ ਹੰਗਤਾ ਦਾ ਹੁੰਦਾ ਹੈ, ਮਨ ਦਾ ਹੁੰਦਾ ਹੈ, ਫੇਰ ਬੁੱਧੀ ਦਾ ਹੁੰਦਾ ਹੈ, ਫੇਰ ਚਿੱਤ ਦਾ ਹੁੰਦਾ ਹੈ, ਫੇਰ ਜਿਹੜੀ ਮੇਰੀ ਮੈਂ ਹੈ, ਜਿਹਨੂੰ ਜੀਵ ਆਤਮਾ ਕਹਿੰਦੇ ਨੇ, ਉਹਦਾ ਵੀ ਤਿਆਗ ਕਰਨਾ ਪੈਂਦਾ ਹੈ। ਜੀਵ ਆਤਮਾ ਤਿਆਗ ਕੇ

ਪਿਛੇ ਆਤਮਾ ਹੀ ਰਹਿ ਜਾਂਦਾ ਹੈ। ਆਤਮਾ ਤੇ ਪ੍ਰਮਾਤਮਾ ਇਕੋ ਹੀ ਹੈ।

ਸੋ ਗੁਰੂ ਮਹਾਰਾਜ ਨੇ ਸੀਸ ਪ੍ਰਵਾਨ ਕਰ ਲਿਆ। ਬਹੁਤ ਸਾਰੇ ਪ੍ਰੇਮੀ ਨੇ ਉਹ ਕਈ ਤਰ੍ਹਾਂ ਦੇ ਨਾਲ ਕਹਿੰਦੇ ਨੇ। ਕਈ ਜਿਹੜੇ ਸਿਆਣੇ ਨੇ ਉਹ ਕਹਿੰਦੇ ਨੇ ਕਿ ਅਸੀਂ ਤੰਬੂ ਵਿਚ ਕਿਉਂ ਝਾਕੀਏ ਕਿ ਮਹਾਰਾਜ ਨੇ ਕੀ ਕਰਿਆ? ਲੇਕਿਨ ਬਹੁਤ ਸਾਰੇ ਐਸੇ ਵੀ ਨੇ, ਉਹ ਕਹਿੰਦੇ ਨੇ ਗੁਰੂ ਸਾਹਿਬ ਨੇ ਸਿੱਖ ਦਾ ਸਿਰ ਉਸੇ ਵੇਲੇ ਝਟਕਾ ਦਿਤਾ। ਜਿਹੜੇ ਕਮਜ਼ੋਰ ਸੀ, ਪਹਿਲੀ ਤਿੰਨ ਕਿਸਮ ਦੀ ਸਿੱਖੀ ਦੇ, ਭੇਖ ਵਾਲੇ, ਦੇਖਾ ਦੇਖੀ ਵਾਲੇ, ਹਿਰਸ ਵਾਲੇ, ਉਨ੍ਹਾਂ ਦੇ ਮਨ ਕੰਬੇ, ਪਰ ਜਿਹੜੇ ਸਿਦਕੀ ਸਿੱਖ ਸੀ, ਭਾਵਨੀ ਵਾਲੇ ਉਨ੍ਹਾਂ ਨੂੰ ਖੁਸ਼ੀ ਚੜ੍ਹੀ ਕਿ ਜੇ ਗੁਰੂ ਹੁਣ ਸੀਸ ਮੰਗੇ ਤਾਂ ਮੈਂ ਦੇਵਾਂ। ਐਹੋ ਜਿਹਾ ਸਮਾਂ ਕਦੇ ਮਿਲਣਾ ਹੈ ਕਿ ਸਿੱਖ ਦਾ ਸਿਰ ਗੁਰੂ ਆਪ ਲਵੇ। ਗੁਰੂ ਦੇ ਹੱਥੋਂ ਜੇ ਇਹ ਗੱਲ ਹੋਵੇ ਤਾਂ ਫੇਰ ਤਾਂ ਸਭ ਤੋਂ ਉਚੀ ਪਦਵੀ ਸਾਨੂੰ ਪ੍ਰਾਪਤ ਹੋਣੀ ਹੈ, ਸਰੀਰ ਨੇ ਤਾਂ ਰਹਿਣਾ ਹੀ ਨਹੀਂ।

ਦੂਸਰੀ ਆਵਾਜ਼ ਮਾਰੀ, ਉਸੇ ਵੇਲੇ ਭਾਈ ਧਰਮ ਸਿੰਘ ਜੀ, ਹਸਤਨਾਪੁਰ ਦੇ ਰਹਿਣ ਵਾਲੇ, ਜੱਟ ਜਾਤੀ ਨਾਲ ਸਬੰਧ ਰੱਖਣ ਵਾਲੇ, ਉਹ ਗੁਰੂ ਮਹਾਰਾਜ ਦੇ ਹਜ਼ੂਰ ਪਹੁੰਚ ਜਾਂਦੇ ਨੇ, ਉਸੇ ਤਰ੍ਹਾਂ ਨਾਲ ਉਨ੍ਹਾਂ ਨਾਲ ਹੋਇਆ। ਤੀਸਰੀ ਆਵਾਜ਼ ਮਾਰੀ ਤਾਂ ਓਸ ਵੇਲੇ ਭਾਈ ਹਿੰਮਤ ਸਿੰਘ ਜੀ, ਜਗਨਨਾਥ ਪੁਰੀ ਦੇ ਉਹ ਹਾਜ਼ਰ ਹੁੰਦੇ ਨੇ ਤੇ ਨਾਲ ਬੇਨਤੀ ਕਰਦੇ ਨੇ ਕਿ ਪਾਤਸ਼ਾਹ! ਜਦੋਂ ਤੁਸੀਂ ਦੋ ਸਿਰ ਲੈ ਲਏ ਤਾਂ ਮੇਰੇ ਮਨ ਵਿਚ ਵੀ ਚਾਓ ਜਾਗ ਪਿਆ, ਤੂੰ ਕ੍ਰਿਪਾ ਕਰ ਮੇਰਾ ਜੋ ਚਾਓ ਹੈ ਉਹ ਪੂਰਾ ਕਰ ਦੇ।

***ਕਬੀਰ ਮੁਹਿ ਮਰਨੇ ਕਾ ਚਾਉ ਹੈ***
***ਮਰਉ ਤ ਹਰਿ ਕੈ ਦੁਆਰ ॥***
***ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥***

***ਅੰਗ - ੧੩੬੭***

***ਕਬੀਰ ਜਿਸੁ ਮਰਨੇ ਤੇ ਜਗੁ ਡਰੈ***
***ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥***

***ਅੰਗ - ੧੩੬੫***

ਏਸ ਤਰ੍ਹਾਂ ਦੇ ਨਾਲ ਵਾਰੀ-ਵਾਰੀ ਆਵਾਜ਼ ਆਉਂਦੀ ਹੈ ਕਿ ਹੁਣ ਕਿਹੜਾ ਉਠੇਗਾ, ਹਰੇਕ ਦੇ ਮਨ ਵਿਚ ਚਾਓ, ਜਿਹੜਾ ਪਹਿਲਾਂ ਉਠ ਕੇ ਚਲਿਆ ਗਿਆ, ਉਹਦਾ ਸੀਸ ਪ੍ਰਵਾਨ ਹੋ ਗਿਆ। ਇਹ ਨਹੀਂ ਕਿ ਦੀਵਾਨ ਖਾਲੀ ਹੋ ਗਿਆ, ਨੱਠ ਗਏ ਸਾਰੇ। ਸਿਦਕੀ ਸਿੱਖ ਨਹੀਂ ਕਦੇ ਵੀ ਨੱਠਿਆ ਕਰਦਾ। ਭਾਵਨੀ ਵਾਲਾ ਜਿਹੜਾ ਸਮਝ ਗਿਆ ਕਿ ਮੇਰਾ ਤਾਂ ਪ੍ਰਮੇਸ਼ਰ ਇਹੀ ਹੈ, ਉਹ ਨਹੀਂ ਦੌੜਿਆ ਕਰਦਾ। ਸੋ ਇਸ ਤਰ੍ਹਾਂ ਟੈਸਟ ਹੋਇਆ। ਸੋ ਮਹਾਰਾਜ ਕਹਿਣ ਲੱਗੇ ਪਿਆਰਿਓ! ਗੁਰੂ ਨਾਨਕ ਨੂੰ ਇਕ ਮਿਲਿਆ ਸੀ, ਪਰ ਅੱਜ ਸਿੱਖੀ ਐਨੀ ਮਜ਼ਬੂਤ ਹੋ ਚੁੱਕੀ ਹੈ ਕਿ ਪੰਜ ਤਾਂ ਮਿਲ ਚੁੱਕੇ, ਉਤਸ਼ਾਹ ਪਿਆ ਹੈ ਸੰਗਤਾਂ ਦੇ ਚਿਹਰੇ ਉਤੇ ਕਿ ਮੇਰੀ ਵਾਰੀ ਆ ਜਾਏ, ਮੇਰੀ ਆ ਜਾਏ। ਪਰ ਮੈਨੂੰ ਪੰਜਾਂ ਦੀ ਹੀ ਲੋੜ ਸੀ। ਸੋ ਇਸ ਤਰ੍ਹਾਂ ਦੇ ਨਾਲ ਸੀਸ ਭੇਟ ਦਾ ਮਹਾਰਾਜ ਨੇ ਪਰਚਾ ਪਾਇਆ, ਇਸ ਪਰਚੇ ਦੇ ਵਿਚ ਇਕ ਤੋਂ ਇਕ ਵੱਧ ਨੰਬਰ ਲੈ ਕੇ ਪਾਸ ਹੋਏ। ਜਾਣਾ ਤਾਂ ਇਕ ਨੇ ਹੀ ਸੀ। ਇਕ ਉਠਿਆ ਦੂਜਾ ਇੰਤਜ਼ਾਰ ਕਰਦਾ ਸੀ ਕਿ ਹੁਣ ਫੇਰ ਆਵਾਜ਼ ਆਵੇ ਕਿ ਮੈਂ ਜਾਵਾਂ।

***ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ***
***ਅਬ ਪਤੀਆਰੁ ਕਿਆ ਕੀਜੈ ॥***
***ਬਚਨੀ ਤੋਰ ਮੋਰ ਮਨੁ ਮਾਨੈ***
***ਜਨ ਕਉ ਪੂਰਨੁ ਦੀਜੈ ॥ ੧ ॥***
***ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥***
***ਕਾਰਨ ਕਵਨ ਅਬੋਲ ॥ ਰਹਾਉ ॥***
***ਬਹੁਤ ਜਨਮ ਬਿਛੁਰੇ ਥੇ ਮਾਧਉ***
***ਇਹੁ ਜਨਮੁ ਤੁਮ੍ਹਾਰੇ ਲੇਖੇ ॥***
***ਕਹਿ ਰਵਿਦਾਸ ਆਸ ਲਗਿ ਜੀਵਉ***
***ਚਿਰ ਭਇਓ ਦਰਸਨੁ ਦੇਖੇ ॥ ੨ ॥***

***ਅੰਗ - ੬੯੪***

***ਕਈ ਜਨਮ ਭਏ ਕੀਟ ਪਤੰਗਾ ॥***
***ਕਈ ਜਨਮ ਗਜ ਮੀਨ ਕੁਰੰਗਾ ॥***
***ਕਈ ਜਨਮ ਪੰਖੀ ਸਰਪ ਹੋਇਓ ॥***
***ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥***
***ਮਿਲੁ ਜਗਦੀਸ ਮਿਲਨ ਕੀ ਬਰੀਆ ॥***
***ਚਿਰੰਕਾਲ ਇਹ ਦੇਹ ਸੰਜਰੀਆ ॥***

***ਅੰਗ - ੧੭੬***

***ਫਰੀਦਾ ਤਨੁ ਸੁਕਾ ਪਿੰਜਰੁ ਥੀਆ***
***ਤਲੀਆਂ ਖੂੰਡਹਿ ਕਾਗ ॥***
***ਅਜੈ ਸੁ ਰਬੁ ਨ ਬਾਹੁੜਿਓ***
***ਦੇਖੁ ਬੰਦੇ ਕੇ ਭਾਗ ॥ ਅੰਗ - ੧੩੮੨***

ਪਿਛਲੇ ਕਈ ਦਿਨਾਂ ਤੋਂ ਇਕ ਵੀਚਾਰ ਚਲ ਰਹੀ ਹੈ ਉਹਦੇ ਵਿਚ ਵਿਸਾਖੀ ਵਾਲੇ ਦਿਨ ਦੀ ਮਹੱਤਤਾ ਦੱਸੀ ਗਈ ਸੀ ਤੇ ਨਾਲ ਇਕ ਵੀਚਾਰ ਸੀ ਕਿ ਗੁਰੂ ਮਹਾਰਾਜ ਜੀ ਨੇ ਜੋ ਕੌਤਕ ਕੀਤਾ, ਉਹ ਸਾਰੀ ਦੁਨੀਆਂ ਦੇ ਇਤਿਹਾਸ ਵਿਚ ਕਿਤੇ ਆਉਂਦਾ ਨਹੀਂ ਹੈ, ਬੰਦਾ ਨਹੀਂ ਮਿਲਦਾ ਅੱਗੇ ਕੰਮ ਚਲਾਉਣ ਵਾਲਾ, ਬੜੀ ਮੁਸ਼ਕਲ ਹੈ ਸਾਧੂਆਂ, ਪੀਰਾਂ, ਗੁਰੂਆਂ, ਮੁਰਸ਼ਦਾਂ ਨੂੰ। ਹਨ ਬੰਦੇ ਪਰ ਕਿਸੇ ਵਿਚ ਕੋਈ ਕੁਆਲਿਟੀ ਕਿਸੇ 'ਚ ਕੋਈ, ਰਲ ਮਿਲ ਕੇ ਤਾਂ ਹੋ ਜਾਂਦਾ ਹੈ, ਇਕ ਬੰਦਾ ਨਹੀਂ

ਮਿਲਦਾ। ਪਰ ਗੁਰੂ ਨਾਨਕ ਪਾਤਸ਼ਾਹ ਨੂੰ ਇਕ ਪੂਰਾ ਮਿਲ ਗਿਆ ਸੀ। ਨੌਂਆਂ ਪਾਤਸ਼ਾਹੀਆਂ ਤਕ ਪੂਰੇ ਮਿਲਦੇ ਗਏ, ਬਹੁਤ ਸਾਰੇ ਮਹਾਂਪੁਰਸ਼ਾਂ ਨੂੰ ਮਿਲਿਆ ਹੀ ਨਹੀਂ ਹੈ। ਈਸਾ ਜੀ ਨੇ ਸਾਰੀ ਜ਼ਿੰਦਗੀ ਬਤੀਤ ਕਰੀ, ਬੜੇ ਸੋਹਣੇ ਉਪਦੇਸ਼ ਦਿਤੇ। ਆਪ ਦਾ ਜੋ ਮੁਖੀ ਸੇਵਕ ਸੀ ਉਸ ਦਾ ਨਾਉਂ ਪਿਤਰਸ ਸੀ। ਜਿਸ ਵਕਤ ਈਸਾ ਜੀ ਨੂੰ ਸੂਲੀ ਤੇ ਚੜ੍ਹਾਉਣ ਦਾ ਹੁਕਮ ਹੋ ਗਿਆ, ਉਸ ਵੇਲੇ ਡਰ ਕੇ ਨੱਠ ਗਏ, 12 ਬੰਦੇ ਨੇੜੇ ਸੀ ਉਹ ਵੀ ਚਲੇ ਗਏ। ਇਕੱਲਿਆਂ ਨੂੰ ਆਪਣੇ ਮੋਢੇ ਦੇ ਉਤੇ ਬਹੁਤ ਭਾਰਾ ਸ਼ਤੀਰ ਚੁੱਕਣਾ ਪਿਆ। ਥੋੜ੍ਹੇ ਕਦਮ ਤੁਰਦੇ ਨੇ, ਧਰਤੀ ਤੇ ਗਿਰ ਜਾਂਦੇ ਨੇ। ਕਈ ਪ੍ਰੇਮੀਆਂ ਦੇ ਮਨਾਂ ਵਿਚ ਇਹ ਸ਼ੱਕ ਪੈ ਜਾਂਦਾ ਹੈ ਕਿ ਬੱਸ ਈਸਾ ਜੀ ਤੇ ਸਾਡੇ ਵਿਚ ਕੋਈ ਫਰਕ ਨਹੀਂ ਸੀ? ਨਹੀਂ ਸਾਧਸੰਗਤ ਜੀ! ਸ਼ਕਤੀ ਸੰਪੰਨ ਪੁਰਸ਼ ਸਨ ਪਰ ਮਹਾਂਪੁਰਸ਼ ਆਪ ਦੇ ਵਾਸਤੇ ਕੋਈ ਵੀ ਸ਼ਕਤੀ ਨਹੀਂ ਦਿਖਾਇਆ ਕਰਦੇ। ਨਾ ਗੁਰੂ ਅਰਜਨ ਪਾਤਸ਼ਾਹ ਜੀ ਨੇ ਸ਼ਕਤੀ ਦਿਖਾਈ ਤੱਤੀ ਤਵੀ ਤੇ ਬੈਠਣ ਵੇਲੇ, ਨਾ ਗੁਰੂ ਨੌਂਵੇਂ ਪਾਤਸ਼ਾਹ ਨੇ। ਕੋਈ ਸਬਕ ਦੇਣਾ ਹੁੰਦਾ ਹੈ। ਸੋ ਆਪ ਜੀ ਬਹੁਤ ਮੁਸ਼ਕਲ ਦੇ ਨਾਲ ਓਸ ਸ਼ਤੀਰ ਨੂੰ ਲੈ ਕੇ ਆਏ ਜਿਹੜਾ ਐਨਾ ਭਾਰੀ ਸੀ ਕਿ ਚੁੱਕਿਆ ਨਹੀਂ ਸੀ ਜਾਂਦਾ, ਪਿੱਠ ਦੇ ਉਤੇ ਹੰਟਰ ਪੈ ਰਹੇ ਨੇ। ਗਿਰ ਜਾਂਦੇ ਸੀ, ਚੁਕਦੇ ਸੀ ਫੇਰ ਗਿਰ ਜਾਂਦੇ ਸੀ। ਜਦੋਂ ਸੂਲੀ ਗੱਡ ਲਈ, ਉਸ ਵੇਲੇ ਸਵਾਲ ਹੋਇਆ ਕਿ ਤੁਹਾਡੀ ਕੋਈ ਸਾਰੀ ਦੁਨੀਆਂ ਦੇ ਅੰਦਰ ਇਹ ਗਵਾਹੀ ਦੇਣ ਨੂੰ ਤਿਆਰ ਹੈ ਕਿ ਤੁਸੀਂ ਜੋ ਕੁਛ ਕਰਿਆ ਹੈ, ਨੇਕ ਕੰਮ ਕਰਿਆ ਹੈ।, ਜੋ ਕੋਈ ਕੰਮ ਤੁਸੀਂ ਜ਼ਿੰਦਗੀ ਦੇ ਅੰਦਰ ਕਰੇ ਨੇ ਉਹ ਪ੍ਰਸੰਸਾਯੋਗ ਨੇ, ਇਕ ਬੰਦਾ ਕੱਢ ਕੇ ਸਾਨੂੰ ਦੱਸੋ ਕੋਈ ਹੈ? ਓਸ ਵੇਲੇ ਕਹਿਣ ਲੱਗੇ ਕਿ ਹਾਂ ਹੈ, ਉਹ ਪਿਤਰਸ ਹੈ। ਪਿਤਰਸ ਕੌਣ ਸੀ? ਰਾਜਿਆਂ ਦੀ ਜੇਲ੍ਹ ਵਿਚ ਕਿਉਂਕਿ ਰਾਜਿਆਂ ਕੋਲ ਕੋਈ ਕਾਨੂੰਨ ਨਹੀਂ ਸੀ ਹੁੰਦਾ, ਆਪਣੀ ਮਰਜ਼ੀ ਹੁੰਦੀ ਸੀ। ਉਹ ਜੇਲ੍ਹ ਦੇ ਵਿਚ ਬਹੁਤ ਸਖਤੀ ਦੇ ਨਾਲ ਬੰਦ ਕਰ ਦਿਤਾ ਸਕਿਊਰਟੀ ਐਨੀ ਜ਼ਬਰਦਸਤ ਸੀ ਕਿ ਸੱਤ ਤਾਲੇ ਲਗਦੇ ਸੀ ਦਰਵਾਜ਼ਿਆਂ ਨੂੰ ਜਿਨ੍ਹਾਂ ਦੇ ਅੰਦਰ ਸੈਲ ਦੇ ਵਿਚ ਉਹ ਡੱਕਿਆ ਹੋਇਆ ਸੀ। ਉਸ ਵੇਲੇ ਈਸਾ ਜੀ ਦਾ ਧਿਆਨ ਧਰਦਾ ਸੀ ਕਿ ਮਹਾਰਾਜ! ਮੈਨੂੰ ਇਸ ਜੇਲ੍ਹ 'ਚੋਂ ਬਾਹਰ ਕੱਢੋ, ਕੋਈ ਨਹੀਂ ਮੇਰਾ ਸੰਸਾਰ ਦੇ ਅੰਦਰ। ਜੇ ਕੋਈ ਹੈ ਤਾਂ ਕੇਵਲ ਤੁਸੀਂ ਹੋ। ਓਸ ਵੇਲੇ ਐਸੀ ਘਟਨਾ ਵਾਪਰੀ ਜਿਸ ਤਰ੍ਹਾਂ ਕ੍ਰਿਸ਼ਨ ਮਹਾਰਾਜ ਵੇਲੇ, ਕ੍ਰਿਸ਼ਨ ਮਹਾਰਾਜ ਜਿਸ ਵਕਤ ਪੈਦਾ ਹੋਏ ਨੇ, ਸੰਸਾਰ ਦੇ ਉਤੇ ਪ੍ਰਗਟ ਹੋਏ ਨੇ, ਸਾਰੇ ਤਾਲੇ ਖੁਲ੍ਹ ਗਏ ਸੀ, ਸਾਰੇ ਪਹਿਰੇਦਾਰ ਸੌਂ ਗਏ ਸੀ। ਇਸੇ ਤਰ੍ਹਾਂ ਦੇ ਨਾਲ ਇਥੇ ਹੋਇਆ, ਇਹਦੀ ਅਰਦਾਸ ਸੁਣੀ ਗਈ। ਸਾਰੇ ਪਹਿਰੇਦਾਰ ਸੌਂ ਗਏ, ਦਰਵਾਜ਼ੇ ਸਾਰੇ ਖੁਲ੍ਹ ਗਏ, ਪਿਤਰਸ ਅਜ਼ਾਦ ਹੋ ਕੇ ਈਸਾ ਜੀ ਦੇ ਪਾਸ ਆ ਗਿਆ। ਉਨ੍ਹਾਂ ਦੇ ਉਪਦੇਸ਼ ਸੁਣਦਾ ਰਿਹਾ ਪਰ ਜਦੋਂ ਕਸਵੱਟੀ ਲੱਗੀ, ਇਮਤਿਹਾਨ ਆ ਗਿਆ ਤਾਂ ਉਸ ਵੇਲੇ ਪੁਛਿਆ ਐ ਪਿਤਰਸ! ਤੈਨੂੰ ਯਸੂ ਮਸੀਹ ਇਹ ਕਹਿੰਦਾ ਹੈ ਕਿ ਜੇ ਮੇਰੇ ਬਾਰੇ ਪੁਛਣਾ ਹੈ ਤਾਂ ਏਸ ਨੂੰ ਪੁਛ ਲਓ। ਤੂੰ ਦੱਸ ਇਨ੍ਹਾਂ ਦੇ ਬਾਰੇ ਕੀ ਜਾਣਦਾ ਹੈਂ? ਉਸ ਵੇਲੇ ਕਹਿਣ ਲੱਗਿਆ, ਕਿ ਮੈਂ ਤਾਂ ਇਸ ਸਖਸ਼ ਨੂੰ ਸਿਰਫ ਅੱਜ ਦੇਖਿਆ ਹੈ, ਹੁਣੇ ਹੀ। ਮੈਂ ਨਹੀਂ ਇਹਦੇ ਬਾਰੇ ਕੁਛ ਵੀ ਜਾਣਦਾ। ਜਦੋਂ ਐਡਾ ਟਰਸਟਿਡ ਸਾਥੀ ਸਾਥ ਛੱਡ ਜਾਵੇ ਫੇਰ ਤਾਂ ਬੜੀ ਵੱਡੀ ਘਟਨਾ ਹੁੰਦੀ ਹੈ। ਮਹਾਂਪੁਰਸ਼ ਕਿੱਡਾ ਹੀ ਵੱਡਾ ਕਿਉਂ ਨਾ ਹੋਵੇ ਇਕ ਵਾਰੀ ਝੂਟਾ ਖਾ ਜਾਂਦਾ ਹੈ, ਲੇਕਿਨ ਗੁਰੂ ਨਾਨਕ ਪਾਤਸ਼ਾਹ ਨੂੰ ਮਿਲ ਗਿਆ, ਪੂਰਾ ਮਿਲਿਆ। ਪੂਰੇ ਮਿਲਦੇ ਚਲੇ ਗਏ, ਦਸਵੇਂ ਗੁਰੂ ਦੇ ਸਾਮ੍ਹਣੇ ਬੱਚਿਆਂ ਨੂੰ ਗੱਦੀ ਦੇ ਉਤੇ ਬਿਠਾਉਣ ਦਾ ਪ੍ਰੋਗਰਾਮ ਨਹੀਂ ਸੀਗਾ। ਕੋਈ ਪ੍ਰੋਗਰਾਮ ਹੋਰ ਤਰ੍ਹਾਂ ਦਾ ਸੀ, ਕੋਈ ਸੋਚ ਹੋਰ ਤਰ੍ਹਾਂ ਦੀ ਸੀ, ਜਿਸਨੂੰ ਕੋਈ ਸਮਝ ਨਹੀਂ ਸੀ ਸਕਦਾ। ਸੋ ਸਾਰਾ ਜਿਹੜਾ ਕੌਤਕ ਸੀ ਉਹ ਅਗੰਮ ਤੇ ਅਗੋਚਰ ਸੀ, ਸਮਝ ਆਉਣ ਤੋਂ ਬਾਹਰ ਸੀ, ਸੋ ਇਸ ਤਰ੍ਹਾਂ ਦੇ ਨਾਲ ਸਾਰਾ ਕੌਤਕ ਨਿਰਾਲਾ ਸੀ।

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।***
***ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।***
***ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।***

***ਵਾਰ 34, ਪਉੜੀ 1***

ਨਿਰਵੈਰ ਨਿਰਾਲਾ, ਅਗੰਮ ਕਹਿੰਦੇ ਨੇ ਜਿਹੜਾ ਮਨ, ਚਿਤ, ਬੁੱਧੀ, ਸਾਡੀ ਜਾਣ-ਪਛਾਣ, ਸਾਡੀ ਵਿਦਵਤਾ ਕੋਈ ਵੀ ਉਥੇ ਤੱਕ ਪਹੁੰਚ ਨਾ ਸਕੇ। ਜਾਣ ਹੀ ਨਾ ਸਕੇ, ਸੋ ਨਿਰਵੈਰ ਹੈ ਕਿਸੇ ਨਾਲ ਵੈਰ ਨਹੀਂ ਹੁੰਦਾ ਤੇ ਨਿਰਾਲਾ ਹੋਇਆ ਕਰਦਾ ਹੈ। ਸੋ ਪਿਛਲੇ ਤਿੰਨ ਦਿਨਾਂ ਤੋਂ ਲਗਾਤਾਰ ਏਸ ਵਿਸ਼ੇ ਦੇ ਉਤੇ ਵਿਚਾਰ ਚੱਲ ਰਹੀ ਹੈ। ਸੋ ਬੇਨਤੀ ਕਰੀ ਸੀ ਕਿ ਗੁਰੂ ਮਹਾਰਾਜ ਉਨ੍ਹਾਂ ਦੇ ਸਮੇਂ ਤੱਕ ਸਿੱਖੀ ਐਨੀ ਪ੍ਰਫੁੱਲਤ ਹੋ ਚੁੱਕੀ ਸੀ ਕਿ ਕੇਵਲ ਓਸ ਨੂੰ ਜਿਵੇਂ ਗੁਲਦਸਤਾ ਬਣਾਈਦਾ ਹੈ, ਉਹ ਗੁਲਦਸਤਾ ਬਣਾਉਣ ਦੀ ਲੋੜ ਸੀ ਤੇ ਸਿੱਖ ਅੰਦਰ ਜੋ ਬ੍ਰਹਮਗਿਆਨ ਦੀ ਅਵਸਥਾ ਤੱਕ ਪਹੁੰਚ ਚੁਕਿਆ ਸੀ। ਉਸ ਤੋਂ ਬਾਅਦ ਮੈਂ ਬੇਨਤੀ ਕਰੀ ਸੀ ਕਿ ਬ੍ਰਹਮਗਿਆਨੀ ਨੂੰ ਸਰੀਰ ਦੀ ਲੋੜ ਨਹੀਂ ਹੋਇਆ ਕਰਦੇ। ਪੁਰਾਣੇ ਮਹਾਂਪੁਰਸ਼ ਜਿੰਨੇ ਵੀ ਹੋਏ ਨੇ ਵੱਡੇ-ਵੱਡੇ, ਉਨ੍ਹਾਂ ਨੂੰ ਜਦੋਂ ਖਿਆਲ ਆਇਆ ਕਿ ਜੋ ਕੁਛ ਮਿਲਣਾ ਸੀ ਮਿਲ ਗਿਆ, ਏਸ ਤੋਂ ਜ਼ਿਆਦਾ ਜਾਨਣ ਨੂੰ ਗੱਲ ਹੋਰ ਕੋਈ ਨਹੀਂ ਹੈ, ਪ੍ਰਮੇਸ਼ਰ ਨੂੰ ਮਹਿਸੂਸ ਕਰ

ਲਿਆ, ਉਹਦੇ ਵਿਚ ਲੀਨ ਹੋ ਗਏ ਤੇ ਹੁਣ ਇਹ ਸਰੀਰ ਕੀ ਕਰਨਾ, ਵਾਧੂ ਐਵੇਂ ਤੁਰਿਆ ਫਿਰਦਾ ਹੈ, ਪਰਾਲਬਧ ਦੇ ਅਨੁਸਾਰ, ਸਰੀਰ ਦਾ ਅੰਤ ਓਦੋਂ ਹੋਇਆ ਕਰਦਾ ਹੈ ਜਦੋਂ ਪਰਾਲਬਧ ਮੁੱਕ ਜਾਂਦੀ ਹੈ। ਉਹ ਮਰਜ਼ੀ ਦੇ ਮਾਲਕ ਸੀ, ਖੁਦਕਸ਼ੀ ਨਹੀਂ ਹੋਇਆ ਕਰਦੀ। ਮਰਜ਼ੀ ਨਾਲ ਆ ਜਾਂਦੇ ਨੇ, ਮਰਜ਼ੀ ਨਾਲ ਚਲੇ ਜਾਂਦੇ ਨੇ, ਤੱਤ ਬੇਤੇ ਮਹਾਂਪੁਰਸ਼ਾਂ ਦੇ ਉਤੇ ਇਹ **Law** ਲਾਗੂ ਨਹੀਂ ਹੈ ਕਿ ਅਗਿਆਨੀ ਜੀਵਾਂ ਦੇ ਉਤੇ ਹੈ। ਕਿਉਂਕਿ ਉਹ ਜਨਮ ਮਰਨ ਦਾ ਚੱਕਰ ਕੱਟ ਚੁੱਕੇ ਹੁੰਦੇ ਨੇ, ਮਾਇਆ ਦੇ ਮੰਡਲ 'ਚੋਂ ਬਾਹਰ ਨਿਕਲ ਚੁੱਕੇ ਹੁੰਦੇ ਨੇ, ਸਰੀਰ ਉਨ੍ਹਾਂ ਨੂੰ ਵਾਧੂ ਲਗਦਾ ਹੈ। ਲੇਕਿਨ ਗੁਰੂ ਘਰ ਦੇ ਅੰਦਰ ਇਕ ਸਿਧਾਂਤ ਹੋ ਉਹ ਇਹ ਹੈ ਕਿ ਸੱਚ ਦੀ ਪ੍ਰਾਪਤੀ ਤਾਂ ਸਾਰੇ ਕਰ ਲੈਂਦੇ ਨੇ, ਠੀਕ ਹੈ ਅਸੀਂ ਉਨ੍ਹਾਂ ਨੂੰ ਗਲਤ ਨਹੀਂ ਕਹਿੰਦੇ, ਪਰ ਸੱਚ ਦੀ ਪ੍ਰਾਪਤੀ ਤੋਂ ਉਪਰ ਇਕ ਜੀਵਨ ਹੈ ਜੋ ਗੁਰੂ ਨਾਨਕ ਸਾਹਿਬ ਨੇ ਬੜੇ ਹੀ ਸਪਸ਼ਟ ਤਰੀਕੇ ਨਾਲ ਸੰਸਾਰ ਨੂੰ ਦੱਸਿਆ ਕਿਉਂਕਿ ਆਮ ਤੌਰ ਤੇ ਉਤੇ ਜੋ ਉਚੀਆਂ ਆਤਮਾਵਾਂ ਹਨ ਉਨ੍ਹਾਂ ਦਾ ਨਿਸ਼ਾਨਾ ਇਹ ਹੁੰਦਾ ਹੈ ਕਿ ਪ੍ਰਮੇਸ਼ਰ ਨੂੰ ਮਿਲਣਾ ਹੈ, ਉਸ ਤੋਂ ਅੱਗੇ ਉਨ੍ਹਾਂ ਦਾ ਕੋਈ ਵੀ ਪ੍ਰੋਗਰਾਮ ਨਹੀਂ ਸੀ ਹੁੰਦਾ। ਭਾਵੇਂ ਹੁਕਮ ਦੇ ਅੰਦਰ ਹੁੰਦਾ ਹੈ ਸਭ ਕੁਛ ਪਰ ਉਨ੍ਹਾਂ ਦਾ ਇਹ ਸੀ ਕਿ ਉਹ ਬਾਕੀ ਦਾ ਜੀਵਨ ਗੁਫਾਵਾਂ ਦੇ ਅੰਦਰ ਬੈਠ ਕੇ ਜਾਂ ਇਕ ਸੁਰੱਖਿਸ਼ਤ ਥਾਂ ਦੇ ਉਤੇ ਬੈਠ ਕੇ ਉਪਦੇਸ਼ ਵਗੈਰਾ ਕਰਦੇ ਸੀ। ਸੰਸਾਰ ਦਾ ਉਧਾਰ ਹੁੰਦਾ। ਉਹ ਆਪਣੇ ਹਿਸਾਬ ਨਾਲ ਜੀਵਨ ਜੀਉਂਦੇ ਸੀ। ਬਹੁਤ ਸਾਰੇ ਐਸੇ ਸੀ ਜਿਹੜੇ ਜੀਵਨ ਨੂੰ ਇਕ ਬੰਨਣ ਜਾਣ ਕੇ ਮਰਜ਼ੀ ਦੇ ਨਾਲ ਬ੍ਰਹਮ ਰੁੰਦਰ ਨੂੰ ਭੰਨ ਕੇ ਬਾਹਰ ਨੂੰ ਚਲੇ ਜਾਇਆ ਕਰਦੇ ਸੀ। ਉਨ੍ਹਾਂ ਤੇ ਦੋਸ਼ ਨਹੀਂ ਲੱਗਿਆ ਕਰਦਾ ਕਿ ਉਹਨੇ ਆਤਮ ਘਾਤ ਕਰ ਲਿਆ। ਗੁਰੂ ਮਹਾਰਾਜ ਨੇ ਕਿਹਾ ਠੀਕ ਹੈ, ਰੱਬ ਨੂੰ ਪਾ ਲੈਣਾ, ਰੱਬ ਨੂੰ ਜਾਣ ਜਾਣਾ, ਆਪਣੀ ਮੈਂ ਨੂੰ ਖਤਮ ਕਰ ਦੇਣਾ ਤੇ ਰੱਬ ਵਿਚ ਲੀਨ ਹੋ ਜਾਣਾ। ਇਹ ਕਰ ਸਕਦੇ ਨੇ ਸਾਰੇ, ਲੇਕਿਨ ਇਸ ਤੋਂ ਉਪਰ ਇਕ ਜੀਵਨ ਹੈ ਜਿਹੜਾ ਜੀਉਣਾ ਪੈਂਦਾ ਹੈ ਜਿਸ ਤੋਂ ਪਤਾ ਲਗ ਜਾਵੇ ਕਿ ਇਹ ਰੱਬ ਵਾਲੇ ਬੰਦੇ ਨੇ। ਉਹਦੇ ਬਾਰੇ ਜੋ ਫੁਰਮਾਨ ਹੈ ਉਹ ਇਹ ਹੈ ਕਿ –

***ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥***

***ਅੰਗ – ੬੨***

ਰੱਬ ਨੂੰ ਪ੍ਰਾਪਤ ਕਰਨ ਚੀਜ਼ਾਂ ਬਾਕੀ ਸਾਰੀਆਂ ਉਰ੍ਹੇ ਨੇ, ਰਿੱਧੀਆਂ-ਸਿੱਧੀਆਂ, ਪ੍ਰਾਪਤੀਆਂ ਮਾਨਤਾਵਾਂ, ਲੇਕਿਨ ਇਸ ਤੋਂ ਉਪਰ ਇਕ ਗੱਲ ਹੋਰ ਹੈ ਜਿਥੇ ਰੱਬ ਪ੍ਰਾਪਤ ਹੋ ਜਾਂਦਾ ਹੈ, ਉਹ ਹੈ ਸੱਚ ਦਾ ਜੀਵਨ ਕਿਵੇਂ ਜੀਆ ਜਾ ਸਕਦਾ ਹੈ। ਉਹ ਇਕ ਟੀਚਰ ਦੀ ਤਰ੍ਹਾਂ ਹੁੰਦੇ ਨੇ। ਆਪ ਨਹੀਂ ਉਨ੍ਹਾਂ ਨੂੰ ਕੋਈ ਸਬੰਧ ਹੁੰਦਾ। ਲੇਕਿਨ ਦੁਨੀਆਂ ਨੂੰ ਦੱਸਣ ਵਾਸਤੇ ਉਹ ਇਕ ਜੀਵਨ ਜਾਂਚ ਦਸਦੇ ਨੇ ਕਿ ਉਚੀਆਂ ਆਤਮਾਵਾਂ ਜਿਹੜੀਆਂ ਨੇ ਉਹ ਆਮ ਬੰਦਿਆਂ ਦੇ ਵਿਚ ਕਿਵੇਂ ਆਪਣਾ ਜੀਵਨ ਬਤੀਤ ਕਰਦੀਆਂ ਨੇ। ਸੋ ਇਹ ਵੱਡੀ ਚੀਜ਼ ਸੀ ਗੁਰੂ ਮਹਾਰਾਜ ਦੇ ਸਾਮ੍ਹਣੇ। ਬ੍ਰਹਮਗਿਆਨ ਦੀ ਅਵਸਥਾ ਪ੍ਰਾਪਤ ਕਰਕੇ ਦੁਨੀਆਂ ਤੋਂ ਕਿਨਾਰਾ ਨਹੀਂ ਸੀ ਗੁਰੂ ਸਾਹਿਬ ਕਰਾਉਂਦੇ। ਉਹ ਕਹਿੰਦੇ ਹੁਣ ਵਿਚ ਆਓ ਦੁਨੀਆਂ ਦੇ, ਕਰਮਯੋਗ ਨੂੰ ਪ੍ਰਧਾਨਤਾ ਦਿਤੀ ਹੋਈ ਸੀ। ਕ੍ਰਿਸ਼ਨ ਮਹਾਰਾਜ ਵੀ ਕਹਿੰਦੇ ਨੇ ਕਿ ਅਰਜਨ! **realization** ਠੀਕ ਹੈ ਬਹੁਤ ਵੱਡੀ ਚੀਜ਼ ਹੈ, ਕਰਮ ਯੋਗੀ ਜਿਹੜਾ ਹੈ ਉਹ ਸੰਸਾਰ ਦਾ ਭਲਾ ਕਰਦਾ ਹੈ। ਸੰਸਾਰ ਦੇ ਵਾਸਤੇ ਆਪਣੇ ਪ੍ਰਾਣ ਨਿਛਾਵਰ ਕਰਦਾ ਹੈ।

ਸੋ ਏਸ ਆਦਰਸ਼ ਨੂੰ ਮੁੱਖ ਰਖਦੇ ਹੋਏ ਗੁਰੂ ਮਹਾਰਾਜ, ਗੁਰੂ ਦਸਵੇਂ ਪਾਤਸ਼ਾਹ ਬਲਵਾਨ ਹੋਈ ਹੋਈ ਸਿੱਖੀ ਨੂੰ ਹੋਰ ਅੱਗੇ ਸੇਧ ਦੇਣਾ ਚਾਹੁੰਦੇ ਸੀ। ਓਸ ਵੇਲੇ ਦੇ ਹਾਲਾਤ ਐਨੇ ਨਿਘਰੇ ਹੋਏ ਸੀ, ਐਨੇ ਗਿਰੇ ਹੋਏ ਸੀ ਕਿ ਵੀਚਾਰ ਕਰਨੀ ਵੀ ਔਖੀ ਸੀ। ਆਦਮੀ ਆਪਣੀ ਇਨਸਾਨੀਅਤ ਨੂੰ ਛੱਡ ਕੇ ਪਸ਼ੂਪੁਣੇ ਵਿਚ ਜੀਵਨ ਬਤੀਤ ਕਰ ਰਿਹਾ ਸੀ। ਨਾ ਕੋਈ ਸਾਂਝ ਸੀ, ਨਾ ਕੋਈ ਭਾਈਚਾਰਕ ਮਰਿਆਦਾ ਸੀ, ਵਰਨਾਂ ਨੇ, ਜਾਤਾਂ ਪਾਤਾਂ ਨੇ ਇਕ ਦੂਜੇ ਨਾਲੋਂ ਨਖੇੜ ਕੇ ਵੱਖਰੇ-ਵੱਖਰੇ ਕਰ ਦਿਤਾ ਸੀ। ਜਿਹੜੀ ਵਿਦਵਾਨ ਕਲਾਸ ਸੀ ਉਹ ਕਹਿੰਦੇ ਸਾਡਾ ਕੰਮ ਤਾਂ ਪੜ੍ਹਾਉਣਾ, ਲਿਖਾਉਣਾ, ਦਾਨ ਲੈਣਾ, ਦਾਨ ਦੇਣਾ, ਜਗ ਕਰਨਾ ਤੇ ਜਗ ਕਰਾਉਣਾ ਹੀ ਹੈ। ਜਿਹੜੇ ਵੈਸ਼ ਸੀ ਉਹ ਕਹਿੰਦੇ ਸਾਡਾ ਕੰਮ ਹੈ ਅੰਨ੍ਹ ਪੈਦਾ ਕਰਨਾ, ਦੇਸ਼ ਨੂੰ ਮਾਲੋ-ਮਾਲ ਕਰਨਾ, ਇਸ ਤੋਂ ਵੱਧ ਸਾਡੀ ਕੋਈ ਡਿਊਟੀ ਨਹੀਂ। ਸ਼ੂਦਰ ਜੋ ਸੀ ਉਹ ਵਰਗ ਕਹਿੰਦਾ ਸੀ ਕਿ ਅਸੀਂ ਤਾਂ ਮਜ਼ੂਦਰੀ ਕਰਨੀ ਹੈ। ਕਿਉਂਕਿ ਸ਼ੂਦਰ ਦਾ ਇਹ ਸੀ ਕਿ ਜਿਸਨੂੰ ਕੰਮ ਕਰਨ ਵੇਲੇ ਪਸੀਨਾ ਆ ਜਾਵੇ, ਜੇ ਉਹ ਪਸੀਨੇ ਦੀ ਧਾਰ ਚਲ ਕੇ ਸਰੀਰ ਦੇ ਉਤੇ ਵਹਿ ਜਾਵੇ, ਉਹ ਬੰਦਾ ਸ਼ੂਦਰ ਗਿਣਿਆ ਜਾਂਦਾ ਸੀ। ਉਹਦੀਆਂ ਦੋ ਕਿਸਮਾਂ ਸੀ ਇਕ ਤਾਂ ਉਹ ਸ਼ੂਦਰ ਸੀ ਜਿਹਦੇ ਘਰੋਂ ਖਾਇਆ ਜਾ ਸਕਦਾ ਸੀ, ਪਾਣੀ ਹੱਥੋਂ ਲੈ ਕੇ ਪੀਆ ਜਾ ਸਕਦਾ ਸੀ। ਇਕ ਉਹ ਸੀ ਜਿਨ੍ਹਾਂ ਦਾ ਪਰਛਾਵਾਂ ਵੀ ਨਹੀਂ ਸੀ ਲਿਆ ਜਾ ਸਕਦਾ। ਸੋ ਐਸ ਤਰ੍ਹਾਂ ਦਾ ਹਿੰਦੋਸਤਾਨ ਬਾਵਜੂਦ ਇਸ ਦੇ ਕਿ ਵੱਡੇ-ਵੱਡੇ ਯੋਧੇ ਬਹਾਦਰ, ਕਰਨੀਆਂ ਕਮਾਈਆਂ ਵਾਲੇ ਹੁੰਦੇ ਹੋਏ ਥੋੜ੍ਹੇ ਜਿਹੇ ਬੰਦਿਆਂ ਤੋਂ ਹਾਰ ਖਾ ਜਾਂਦੇ ਸੀ। ਦੁਆਪਰ ਯੁੱਗ ਤੱਕ ਬੜੇ ਚੰਗੇ ਰਹੇ। ਆਰੀਅਨ ਆਏ, ਆਰੀਅਨ ਨੇ ਆਪਣਾ ਰਹਿਣ ਸਹਿਣ ਦਾ ਤਰੀਕਾ ਆਪਣਾ ਗਿਆਨ ਭਾਰਤ ਵਰਸ਼ ਨੂੰ ਦਿਤਾ, ਲੇਕਿਨ ਉਨ੍ਹਾਂ ਤੋਂ ਬਾਅਦ ਬੜਾ ਭਾਰਾ ਮਹਾਂ ਭਿਆਨਕ ਯੁੱਧ ਹੋਣ ਦੇ ਨਾਲ 18 ਦਿਨਾਂ 'ਚ 45 ਲੱਖ ਬੰਦਾ ਖਤਮ

ਹੋ ਗਿਆ। ਵਰਨ ਸ਼ੰਕਰ ਓਲਾਦ ਹੋਈ, ਮਰਿਆਦਾ ਟੁੱਟ ਗਈ। ਟੁੱਟਣ ਦੇ ਨਾਲ ਹਮਲੇ ਹੋਣੇ ਸ਼ੁਰੂ ਹੋ ਗਏ, ਵੱਡੇ-ਵੱਡੇ ਹਮਲਾਵਰ ਆਏ, ਪਹਿਲਾਂ ਵੀ ਆਏ, ਸਿਕੰਦਰ ਤੋਂ ਅਸੀਂ ਜਾਣਦੇ ਹਾਂ ਕਿ ਸਿਕੰਦਰ ਵੇਲੇ ਤੋਂ ਇਹ ਸ਼ੁਰੂ ਹੋ ਗਏ, ਹੂਨ ਆਏ, ਸ਼ੱਕ ਆਏ ਹੋਰ ਬਹੁਤ ਕੌਮਾਂ ਆਈਆਂ। ਉਸ ਤੋਂ ਬਾਅਦ ਸੱਤਵੀਂ ਸਦੀ ਦੇ ਵਿਚ ਪੱਛਮ ਦੇਸ਼ ਵਾਲੇ ਆਉਣੇ ਸ਼ੁਰੂ ਹੋ ਗਏ ਇਸਲਾਮ ਵੱਲ। ਆਰੀਅਨ ਸੀਗੇ ਉਹ ਵੀ ਲੇਕਿਨ ਇਥੇ ਆ ਕੇ ਜਦੋਂ ਦੇਖਿਆ ਕਿ ਇਹ ਤਾਂ ਸੁਖਾਲੇ ਹੀ ਲੁੱਟੇ ਜਾਂਦੇ ਨੇ, ਮੁਹੰਮਦ ਬਿਨ ਕਾਸਮਿਕ ਆਇਆ, ਰਾਜੇ ਤੇ ਹਮਲਾ ਕੀਤਾ, ਰਾਜੇ ਨੇ ਬਗੈਰ ਯੁੱਧ ਕਰੇ ਤੇ ਚਾਬੀਆਂ ਫੜਾ ਦਿਤੀਆਂ। ਬੁਰੀ ਤਰ੍ਹਾਂ ਨਾਲ ਉਸ ਨੇ ਸ਼ਹਿਰ ਲੁੱਟਿਆ, ਬੇਅੰਤ ਗੁਲਾਮ ਬਣਾਏ, ਦੋ ਲੜਕੀਆਂ ਉਸ ਦੀਆਂ ਫੜ ਕੇ ਲੈ ਗਿਆ। ਰਾਜੇ ਨੂੰ ਖੱਲ੍ਹ ਵਿਚ ਪਾ ਕੇ ਮਾਰ ਦਿਤਾ। ਪਤਾ ਲੱਗ ਗਿਆ ਏਸ ਦੇਸ਼ ਦੇ ਰਾਜੇ ਕਮਜ਼ੋਰ ਨੇ। ਇਥੇ ਰਾਜਾ ਹੀ ਲੜਦਾ ਹੈ ਹੋਰ ਕੋਈ ਲੜਦਾ ਨਹੀਂ। ਨਤੀਜਾ ਇਹ ਹੋਇਆ ਕਿ ਦੇਸ਼ ਦੇ ਵਿਚ ਹਮਲਾਵਰ ਆਉਣ ਲਗ, ਕਲਚਰ 'ਚ ਫਰਕ ਪੈ ਗਿਆ, ਲੁੱਟ ਮਾਰ ਹੋਣ ਲੱਗ ਗਈ, ਚਰਿੱਤਰ ਨਾਲ ਦੀ ਕੋਈ ਚੀਜ਼ ਨਾ ਰਹੀ, ਸੱਚ ਦੀ ਸ਼ਹਾਦਤ ਦੇਣ ਵਾਲਾ ਇਕ ਵੀ ਬੰਦਾ ਨਾ ਨਜ਼ਰ ਆਇਆ। ਗੁਰੂ ਨਾਨਕ ਕਹਿੰਦੇ -

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ ॥*
*ਹਉ ਭਾਲਿ ਵਿਕੁੰਨੀ ਹੋਈ ॥*
*ਆਧੇਰੈ ਰਾਹੁ ਨ ਕੋਈ ॥*
*ਵਿਚਿ ਹਉਮੈ ਕਰਿ ਦੁਖੁ ਰੋਈ ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥*

**ਅੰਗ - ੧੪੫**

ਕਹਿੰਦੇ, ਅਸੀਂ ਭਾਲਿਆ ਚਾਰੇ ਕੁੰਟਾਂ 'ਚ ਕਿ ਕਿਤੇ ਸੱਚ ਲੱਭ ਜਾਵੇ, ਪਰ ਹੈਰਾਨ ਹੋ ਗਏ ਸੱਚ ਹੈ ਹੀ ਨਹੀਂ। ਕੋਈ ਬੰਦਾ ਮੈਨੂੰ ਐਸਾ ਨਾ ਲੱਭਿਆ ਜਿਹਦੇ ਅੱਗੇ ਮੈਂ ਸੀਸ ਨਿਵਾ ਦੇਵਾਂ।

ਸੋ ਗੁਰੂ ਨਾਨਕ ਨੇ ਏਸ ਗਿਰੇ ਹੋਏ ਬੰਦੇ ਨੂੰ ਅੰਧਰੰਗ ਹੋਈ ਹੋਈ ਸੁਸਾਇਟੀ ਨੂੰ ਮੁੜ ਕੇ ਉਭਾਰਨ ਵਾਸਤੇ ਰੂਹਾਨੀ ਟੀਕਾ ਲਾਇਆ। ਸੋਝੀ ਦਿਤੀ, ਆਤਮਾ ਦੀ ਸੋਝੀ ਦਿਤੀ। 'ਏਕੋ ਬ੍ਰਹਮੁ ਦੁਤੀਯਾ ਨਾਸਤਿ' ਦਾ ਸਿਧਾਂਤ ਲਿਆਂਦਾ। ਕਰਮਕਾਂਡਾਂ 'ਚੋਂ ਕੱਢਿਆ, ਜਿਹੜੀ ਫੁੱਟ ਪਈ ਹੋਈ ਸੀ ਆਪਸੀ ਵਰਣ ਵੰਡ ਦੇ ਨਾਲ ਉਹਨੂੰ ਨੇੜੇ ਕੀਤਾ। ਜ਼ਿੰਮੇਵਾਰੀ ਦਾ ਅਹਿਸਾਸ ਕਰਾਇਆ, ਜ਼ਿੰਮੇਵਾਰੀਆਂ ਜਿਹੜੀਆਂ ਇਨਸਾਨ ਤੇ ਨੇ ਉਨ੍ਹਾਂ ਦੇ ਬਾਰੇ ਉਹਨੂੰ ਗਿਆਤ ਕਰਾਇਆ ਤੇ ਧਰਮ ਦੇ ਅੰਦਰ ਉਚੀ ਮੰਜ਼ਲ ਦੇ ਵਿਚ ਓਸਨੂੰ ਗਿਣਿਆ ਗਿਆ। ਸੇਵਾ ਨੂੰ ਬਹੁਤ ਵੱਡਾ ਦਰਜ਼ਾ ਦਿਤਾ ਗੁਰੂ ਮਹਾਰਾਜ ਨੇ। ਸੇਵਾ ਹੁੰਦੀ ਹੈ ਆਪਣੇ ਵਾਸਤੇ ਤਾਂ ਦੁਗਣਾ ਕਰਦੀ ਹੈ, ਪਰ ਦੂਸਰਿਆਂ ਵਾਸਤੇ ਆਪਣੀ ਲਿਆਕਤ, ਆਪਣੀ ਸ਼ੋਹਰਤ, ਆਪਣਾ ਪੈਸਾ, ਆਪਣੀ ਤਾਕਤ, ਆਪਣੀ ਵਿਅਕਤੀਤ੍ਵ ਇਹ ਸਾਰਾ ਦੂਸਰਿਆਂ ਵਾਸਤੇ ਉਨ੍ਹਾਂ ਦੇ ਸੁਖ ਵਾਸਤੇ ਲਾ ਦੇਣਾ, ਇਹਨੂੰ ਸੇਵਾ ਕਹਿੰਦੇ ਨੇ। ਜਿਹਦਾ ਅਫਜ਼ਾਨਾ ਕੋਈ ਨਾ ਲੈਣਾ। ਖੁਸ਼ ਹੋਣਾ ਕਿ ਮੈਂ ਸੇਵਾ ਕਰ ਰਿਹਾ ਹਾਂ ਗੁਰੂ ਦੀ ਸੇਵਾ, ਅਕਾਲਪੁਰਖ ਦੀ ਸੇਵਾ, ਦੇਸ਼ ਦੀ ਸੇਵਾ, ਜਨ ਸਮੂੰਹ ਦੀ ਸੇਵਾ ਇਹ ਸਾਰੀਆਂ ਸੇਵਾਵਾਂ ਜਿਹੜੀਆਂ ਸੀ, ਉਹ ਗੁਰੂ ਦੀ ਸੇਵਾ ਦੇ ਨਾਲ ਹੀ **addition** ਕਰ ਦਿਤੀਆਂ ਤੇ -

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ੪ ॥ ੩੩ ॥*

**ਅੰਗ - ੨੬**

ਸੇਵਾ ਨੂੰ ਗੁਰੂ ਮਹਾਰਾਜ ਨੇ ਪ੍ਰਧਾਨਤਾ ਦੇ ਦਿਤੀ ਜਿਹਨੂੰ ਸ਼ੂਦਰਾਂ ਦਾ ਕੰਮ ਕਹਿੰਦੇ ਸੀ। ਜ਼ਰੂਰੀ ਕਰ ਦਿਤਾ ਕਿ ਜੇ ਤੈਨੂੰ ਪ੍ਰਮੇਸ਼ਰ ਦੇ ਮਿਲਣ ਦੀ ਲੋੜ ਹੈ -

*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥*

**ਅੰਗ - ੨੮੬**

ਕਿਰਤ ਨੂੰ ਮਹਾਨਤਾ ਦੇ ਦਿਤੀ। ਨਾਲ ਇਹ ਹੈ ਕਿ ਆਪਣੇ ਵਾਸਤੇ ਨਹੀਂ ਜੀਉਣਾ ਪਿਆਰਿਓ, ਸਾਰੇ ਸੰਸਾਰ ਦੀ ਜੋ ਦੁਨੀਆਂ ਹੈ ਪ੍ਰਮੇਸ਼ਰ ਦੀ ਹੈ ਇਹਦੇ ਵਾਸਤੇ ਜ਼ਿੰਦਗੀ ਬਤੀਤ ਕਰਨੀ ਹੈ। ਸੋ ਉਹਦੇ ਵਾਸਤੇ ਆਪ ਜੀ ਨੇ ਕੌਤਕ ਰਚਿਆ ਜਿਸਨੂੰ ਸਾਰੇ ਜਾਣਦੇ ਨੇ, ਸੀਸ ਭੇਟ ਦੇ ਨਾਮ ਨਾਲ ਆਪਾਂ ਸਾਰੇ ਜਾਣਦੇ ਹਾਂ। ਪੰਜ ਗੁਰਸਿੱਖਾਂ ਨੇ ਆਪਣਾ ਸੀਸ ਭੇਟ ਕੀਤਾ। ਉਹ ਸੱਚਮੁੱਚ ਹੀ ਸੀਸ ਭੇਟ ਕੀਤਾ ਗਿਆ, ਵੱਡੀ ਭਾਰੀ ਕੁਰਬਾਨੀ ਸੀ ਇਹ। ਪਰ ਜਿਸ ਤਰ੍ਹਾਂ ਕੋਈ ਬਹੁਤ ਸੁਆਦੂ ਚੀਜ਼ ਬਣੀ ਹੋਈ ਹੋਵੇ ਕੋਈ ਈਰਖਾ ਵਾਲਾ ਚਾਰ ਮੱਖੀਆਂ ਮਾਰ ਕੇ ਉਹਦੇ ਵਿਚ ਸੁੱਟ ਜਾਵੇ, ਜਾਂ ਕਿਰਲੀ ਮਾਰ ਕੇ ਸੁੱਟ ਜਾਵੇ ਫੇਰ ਕੀ ਹੋਏਗਾ? ਕਹਿੰਦੇ ਨੇ ਵਾਸ਼ਨਾ ਤਾਂ ਬਹੁਤ ਵਧੀਆ ਆਉਂਦੀ ਹੈ, ਪਰ ਖਾਣ ਨੂੰ ਜੀਅ ਨਹੀਂ ਕਰਦਾ ਕਿਉਂਕਿ ਇਹਦੇ ਵਿਚ ਤਾਂ ਕਿਰਲੀ ਮਰੀ ਪਈ ਹੈ। ਐਸੇ ਤਰ੍ਹਾਂ ਦੇ ਨਾਲ ਸਾਡੇ ਜੋ ਲਿਖਣ ਵਾਲੇ ਸੀ ਪਤਾ ਨਹੀਂ ਕਿਸ ਚੀਜ਼ ਤੋਂ ਪ੍ਰੇਰਿਤ ਹੋਏ, ਕਿਵੇਂ ਕਹਾਣੀਆਂ ਬਣ ਗਈਆਂ। ਪੰਦਰਾਂ ਇਤਿਹਾਸ ਇਕੱਠੇ ਕਰ ਲਓ, ਉਨ੍ਹਾਂ ਸਾਰਿਆਂ ਵਿਚ ਵੱਖਰੀ-ਵੱਖਰੀ ਗੱਲ ਲਿਖੀ ਹੋਈ। ਤਿੰਨ ਚਾਰ ਨੇ ਤਾਂ ਲਿਖ ਦਿਤਾ ਕਿ ਤੰਬੂ ਦੇ ਵਿਚ ਬੱਕਰੇ ਬੰਨ੍ਹੇ

ਹੋਏ ਸੀਗੇ, ਜਾ ਕੇ ਗੁਰੂ ਸਾਹਿਬ ਬੱਕਰੇ ਦਾ ਗਲ ਵੱਢ ਦਿੰਦੇ ਸੀ ਤੇ ਸਿੱਖ ਨੂੰ ਉਥੇ ਬਿਠਾ ਦਿੰਦੇ ਸੀ ਕਿ ਤੂੰ ਇਥੇ ਬੈਠਾ ਰਹਿ ਆਰਾਮ ਨਾਲ। ਦੋ ਤਿੰਨ ਮੇਰੇ ਕੋਲ ਐਸੇ ਪਏ ਨੇ ਜਿਨ੍ਹਾਂ 'ਚ ਲਿਖਿਆ ਹੋਇਆ ਹੈ ਕਿ ਗੁਰੂ ਮਾਹਾਰਾਜ ਤੰਬੂ 'ਚ ਲਿਜਾ ਕੇ ਸੀਸ ਕੱਟ ਦਿੰਦੇ ਸੀ ਸੱਚਮੁੱਚ। ਇਕ ਮੇਰੇ ਕੋਲ ਐਸਾ ਵੀ ਹੈ ਜਿਹਦੇ ਵਿਚ ਲਿਖਿਆ ਹੋਇਆ ਹੈ ਕਿ ਗੁਰੂ ਸਾਹਿਬ ਨੇ ਕੋਈ ਢੌਂਗ ਨਹੀਂ ਰਚਿਆ, ਕੋਈ ਪਰਦਾ ਨਹੀਂ ਕਰਿਆ, ਸਿੱਧੇ ਹੀ ਵੱਢ ਦਿਤਾ, ਮੈਂ ਵਿਚ ਬੈਠਆ ਸੀ। ਕਹਿੰਦਾ, ਮੈਂ ਜਾਸੂਸੀ ਕਰਨ ਵਾਸਤੇ ਗਿਆ ਸੀ ਤੇ ਮੈਂ ਓਸ ਵੇਲੇ ਬੈਠਾ ਰਿਪੋਰਟ ਦੇ ਰਿਹਾ ਸੀ ਔਰੰਗਜ਼ੇਬ ਨੂੰ ਕਿ ਕੀ ਹੋ ਰਿਹਾ ਹੈ? ਖੁਫੀਆ ਪੁਲਿਸ ਦਾ ਜਾਸੂਸ ਸੀਗਾ, ਗੋਲਕੰਡੇ ਦੇ ਰਹਿਣ ਵਾਲਾ ਸੀ। ਪਹਿਲਾਂ ਹਕੀਮ ਸੀ, ਹਿੰਦੂ ਸੀ, ਕਿਉਂਕਿ ਉਹ ਜਾਣਦਾ ਸੀ ਸਾਰਾ ਕੁਝ ਏਸ ਵਾਸਤੇ ਇਹਨੂੰ ਭੇਜਿਆ ਗਿਆ ਕਿ ਵਿਸ਼ਵਾਸ਼ ਪ੍ਰਾਪਤ ਕਰਕੇ ਤੂੰ ਸਾਨੂੰ ਗੁਰੂ ਗੋਬਿੰਦ ਸਿੰਘ ਦੀ ਸੀ.ਆਈ.ਡੀ ਦਿਆ ਕਰ। ਉਹ ਕਹਿਣ ਲੱਗਿਆ ਕਿ ਮੈਂ ਬਹੁਤ ਡਰ ਗਿਆ ਕਿ ਜੇ ਗੁਰੂ ਥੱਲੇ ਉਤਰ ਆਇਆ ਤਾਂ ਕਿਤੇ ਮੇਰਾ ਹੀ ਨਾ ਗਲ ਵੱਢ ਦੇਵੇ। ਪਰ ਕਿਉਂਕਿ ਮੈਂ ਰਿਪੋਰਟ ਲਿਖਣੀ ਸੀ, ਮੈਂ ਕਿਹਾ ਕਿ ਮੇਰੇ ਮੂਹਰੇ ਅਜੇ ਦੋ ਸਿੱਖ ਬੈਠੇ ਨੇ, ਇਹਨਾਂ ਦਾ ਵੱਢੇਗਾ ਪਹਿਲਾਂ, ਫੇਰ ਮੇਰੇ ਤੱਕ ਪਹੁੰਚੇਗਾ, ਜਦੋਂ ਨੱਠ ਜਾਵਾਂਗੇ। ਕਹਿੰਦਾ, ਪੰਜ ਨੱਠ-ਨੱਠ ਕ ਜਾਣ, ਅਜੇ ਆਵਾਜ਼ ਦਿੰਦੇ ਸੀ ਪਹਿਲਾਂ ਹੀ ਨੱਠ-ਨੱਠ ਕੇ ਜਾਂਦਾ ਸੀ। ਇਕ ਦਮ ਜਾ ਕੇ ਸਟੇਜ ਤੇ ਚਲੇ ਜਾਣ ਤੇ ਗੁਰੂ ਮਹਾਰਾਜ ਬੜੇ ਹੀ ਡਰਾਮੇਟਿਕ ਤਰੀਕੇ ਦੇ ਨਾਲ ਸਿੱਖ ਨੂੰ ਫੜਨ ਉਥੇ ਹੀ ਵੱਢ ਦੇਣ। ਕਹਿੰਦਾ ਉਸ ਤੋਂ ਬਾਅਦ ਉਹ ਬੜੇ ਹੀ ਖੁਸ਼ ਹੋਏ, ਕਹਿਣ ਲੱਗੇ ਸਿੱਖੀ ਦਾ ਬੀਜ ਦੇਖੋ ਤਕੜਾ ਕਿੰਨਾ ਰਹਿ ਗਿਆ। ਗੁਰੂ ਨਾਨਕ ਨੂੰ ਇਕ ਮਿਲਿਆ, ਅੱਜ ਜਦੋਂ ਸਿੱਖੀ ਪੂਰੀ ਸਿਖਰ ਤੇ ਪਹੁੰਚ ਗਈ, ਹੁਣ ਪੰਜ ਮਿਲ ਗਏ। ਮੈਨੂੰ ਪੰਜਾਂ ਦੀ ਲੋੜ ਹੈ। ਉਹ ਕਹਿੰਦਾ ਕਿ ਐਨੇ ਬੰਦੇ ਤਿਆਰ ਹੋਏ ਉਡੀਕ ਰਹੇ ਸੀ ਕਿ ਪਹਿਲਾਂ ਬੈਠੇ ਉਡੀਕਦੇ ਸੀ, ਫੇਰ ਖੜ੍ਹੇ ਹੋ ਗਏ ਸਾਰੇ। ਕਹਿਣ ਲੱਗੇ ਕਿ ਸਤਿਗੁਰੂ! ਸਾਡੀ ਵਾਰੀ ਕਿਉਂ ਨਹੀਂ ਆਈ? ਉਹ ਕਹਿੰਦੇ, ਪਿਆਰਿਓ! ਮੈਂ ਸਿਰਫ ਪੰਜ ਲੈਣੇ ਸੀ, ਤੁਸੀਂ ਵੀ ਘੱਟ ਨਹੀਂ ਹੋ। ਉਸ ਤੋਂ ਬਾਅਦ ਉਹ ਉਨ੍ਹਾਂ ਵਲ ਮੁਖਾਤਬ ਹੋ ਕੇ ਜਿਹਦੇ ਵਲ ਦੇਖਦੇ ਨੇ ਆਵਾਜ਼ ਦਿੰਦੇ ਨੇ ਕਹਿੰਦਾ, ਸਿਰ ਇਕ ਦਮ ਜੁੜ ਜਾਂਦਾ ਹੈ ਤੇ ਉਹ ਸਿੱਖ ਖੜ੍ਹਾ ਹੋ ਕੇ ਨਮਸਕਾਰ ਕਰਦਾ ਹੈ।

ਸਾਧਸੰਗਤ ਜੀ! ਸਾਨੂੰ ਇਹ ਗੱਲਾਂ ਬਹੁਤ ਅਜੀਬ ਲਗਦੀਆਂ ਨੇ ਕਿਉਂਕਿ ਸਾਡੇ ਵਿਚ ਵਿਸ਼ਵਾਸ਼ ਨਹੀਂ ਹੈ ਕਿ ਗੁਰੂ ਕੀ ਸੀਗਾ। ਅਸੀਂ ਗੁਰੂ ਨੂੰ ਇਕ ਆਮ ਬੰਦਾ ਸਮਝਦੇ ਹਾਂ। ਕਹਿੰਦੇ ਨੇ ਜਿਹੜਾ ਗੁਰੂ ਨੂੰ ਬੰਦਾ ਸਮਝਦਾ ਹੈ, ਨਾ ਤਾਂ ਉਹਦਾ ਨਾਮ ਚਲ ਸਕਦਾ, ਨਾ ਉਹ ਕਿਸੇ ਕਿਨਾਰੇ ਪਹੁੰਚ ਸਕਦਾ ਹੈ, ਕਿਉਂਕਿ ਉਹ ਪ੍ਰਤੀਤ ਤੋਂ ਹੀਣਾ ਹੈ।

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥*
*ਅੰਗ - ੨੮੩*

ਜੇ ਪ੍ਰਤੀਤ ਹੀ ਨਹੀਂ ਗੁਰੂ ਉਪਰ, ਗੁਰੂ ਨੂੰ ਐਵੇਂ ਮਨੁੱਖ ਮੰਨਦਾ ਹੈ, ਸੁਪਰ ਮਨੁੱਖ ਮੰਨ ਲਓ ਚਲੋ। ਤਾਂ ਫੇਰ ਸਾਡਾ ਉਹਦੇ ਨਾਲ ਸਬੰਧ ਕਿਵੇਂ ਜੁੜੇਗਾ। ਸਦੀਆਂ ਬੀਤਣ ਤੋਂ ਬਾਅਦ ਸਾਡੀ ਪ੍ਰਤੀਤ ਪਤਲੀ ਪੈ ਜਾਵੇਗੀ। ਗੁਰੂ ਹੈ ਕੀ? ਕਹਿੰਦੇ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ਅੰਗ - ੪੪੨*

ਉਹ ਸਰਬ ਕਲਾ ਸਮਰੱਥ ਹੁੰਦਾ ਹੈ, ਤ੍ਰਿਕਾਲਦਰਸੀ ਹੁੰਦਾ ਹੈ, ਸਾਰੀਆਂ ਸ਼ਕਤੀਆਂ ਤ੍ਰਿਗੁਣ ਅਤੀਤ ਅਵਸਥਾ ਹੁੰਦੀ ਹੈ ਗੁਰੂ ਦੀ। ਏਸ ਤਰ੍ਹਾਂ ਨਾਲ-

*ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥*
*ਸਤਿਗੁਰੁ ਮੇਰਾ ਮਾਰਿ ਜੀਵਾਲੈ ॥*
*ਅੰਗ - ੧੧੪੨*

ਡਾ. ਸਵਾਮੀ ਰਾਮ ਜੀ ਲਿਖਦੇ ਨੇ ਕਿ ਇਕ ਕਿਤਾਬ 'ਹਿਮਾਲੀਅਲ ਯੋਗੀ ਦਾ ਸੰਗ' ਵਿਚ ਕਿ ਮੈਂ ਮੌਤ ਦੇ ਉਤੇ ਲੈਕਚਰ ਦੇ ਰਿਹਾ ਸੀ, ਵਿਦਿਆਰਥੀਆਂ ਨੂੰ ਸਵਾਮੀਆਂ ਨੂੰ, ਕੁਦਰਤੀ ਉਨ੍ਹਾਂ ਨੇ ਆਪਣੀ ਕੋਈ ਗੱਲ ਛੁਪਾਈ ਨਹੀਂ ਹੈ। ਕਹਿੰਦੇ ਮੇਰੇ ਮਨ ਵਿਚ ਬੜਾ ਗੁਮਾਨ ਸੀਗਾ ਕਿ ਮੇਰੇ ਨਾਲ ਦਾ ਕੋਈ ਪੜ੍ਹਿਆ ਹੋਇਆ ਕੋਈ ਹੋਰ ਨਹੀਂ, ਮੈਂ ਡਾਕਟਰੇਟ ਇੰਗਲੈਂਡ ਤੋਂ ਕਰ ਲਈ ਸੀ ਤੇ ਡਾਕਟਰੀ ਮੈਂ ਜਰਮਨ ਤੋਂ ਕਰ ਲਈ ਸੀ, ਤਜਰਬਾ ਸੀ। ਵੇਦ ਸ਼ਾਸਤਰ, ਕੋਈ ਗ੍ਰੰਥ ਐਨਾ ਨਹੀਂ ਜਿਹੜਾ ਮੈਂ ਨਾ ਪੜ੍ਹਿਆ ਹੋਵੇ ਤੇ ਮੈਂ ਇਕ ਦਿਨ ਆਪਣੇ ਗੁਰੂ ਨੂੰ ਕਹਿ ਵੀ ਦਿਤਾ ਕਿ ਗੁਰੂਦੇਵ ਮੈਨੂੰ ਐਉਂ ਲਗਦਾ ਹੈ ਕਿ ਮੈਂ ਸਭ ਤੋਂ ਵਿਦਵਾਨ ਹਾਂ ਕਿਉਂਕਿ ਜੇ ਮੈਂ ਇਹ ਗੱਲ ਕਹਾਂ ਮੇਰੇ ਮਨ ਵਿਚ ਐਉਂ ਸੀ ਕਿ ਮੈਂ ਆਪਣੀ ਮੈਂ ਦਿਖਾਉਂਦਾ ਹਾਂ। ਲੇਕਿਨ ਉਨ੍ਹਾਂ ਨੇ ਆਪਣੇ ਅੰਦਰਲੀ ਗੱਲ ਲਿਖ ਦਿਤੀ। ਵੱਡਾ ਆਦਮੀ ਓਹੀ ਹੁੰਦਾ ਹੈ ਜਿਹੜਾ ਆਪਣੀ ਕਮਜ਼ੋਰੀ ਬਾਹਰ ਲੈ ਆਵੇ। ਕੋਈ-ਕੋਈ ਲਿਆ ਸਕਦਾ ਹੈ। ਉਹ ਕਹਿੰਦੇ, ਤੈਨੂੰ ਨਹੀਂ ਪਤਾ ਤੂੰ ਜਾ ਕੇ ਪੜ੍ਹਾ। ਕਹਿੰਦੇ ਸੌਂ ਸਵਾਮੀਆਂ ਦੀ ਕਲਾਸ ਲੱਗੀ ਹੋਈ ਸੀ ਮੈਂ ਮੌਤ ਬਾਰੇ ਪੜ੍ਹਾ ਰਿਹਾ ਸੀ, ਉਥੇ ਇਕ ਸਾਧੂ ਆ ਕੇ ਬੈਠ ਗਿਆ। ਕਹਿੰਦਾ, ਜਦੋਂ ਮੈਂ ਬੋਲਾਂ ਉਚੀ ਦੇ ਕੇ ਹੱਸ ਪਵੇ ਤਾੜੀ

ਮਾਰ ਕੇ। ਮੈਨੂੰ ਬੜਾ ਬੁਰਾ ਲੱਗਿਆ ਕਿ ਕਲਾਸ ਦੇ ਵਿਚ ਆ ਕੇ ਹਸਦਾ ਹੈ ਤੇ ਮੈਂ ਕਲਾਸ ਥੋੜ੍ਹੇ ਮਿੰਟ ਪਹਿਲਾਂ ਬੰਦ ਕਰ ਦਿਤੀ। ਮੈਨੂੰ ਗੁੱਸਾ ਬੜਾ ਆਇਆ ਹੋਇਆ ਸੀ ਕਿ ਤੈਨੂੰ ਕੀਹਨੇ ਵੜਨ ਦਿਤਾ ਸੀ, ਤੂੰ ਹੱਸਦਾ ਕਿਉਂ ਸੀ? ਉਹਦੇ ਤੋਂ ਬਾਅਦ ਅਜੇ ਮੈਂ ਸਲਾਹ ਹੀ ਕਰਦਾ ਸੀ, ਮੇਰੇ ਕੋਲ ਉਹ ਆਪੇ ਹੀ ਆ ਗਿਆ। ਕਹਿੰਦੇ ਦੇਖ ਕੇ ਮੈਨੂੰ ਫੇਰ ਹੱਸਿਆ। ਮੈਂ ਕਿਹਾ, ਸੰਤ ਜੀ! ਤੁਸੀਂ ਉਥੇ ਵੀ ਹੱਸੀ ਗਏ, ਤੇ ਹੁਣ ਵੀ ਹੱਸੀ ਜਾਂਦੇ ਹੋ। ਕਹਿੰਦੇ ਹਾਂ, ਮੈਂ ਤੇਰੀ ਨਾਕਾਬਲੀਅਤ ਨੂੰ ਦੇਖ ਕੇ ਹੱਸ ਰਿਹਾ ਹਾਂ। ਕਹਿੰਦੇ, ਤੂੰ ਨਿੱਕਾ ਜਿਹਾ ਬੱਚਾ ਹੈਂ ਤੂੰ ਕੀ ਜਾਣਦਾ ਹੈਂ ਕਿ ਮੌਤ ਕੀ ਹੁੰਦੀ? ਮੈਨੂੰ ਬੜਾ ਬੁਰਾ ਲੱਗਿਆ, ਮੈਂ ਟੀਚਰ ਹਾਂ ਤੇ ਮੈਂ ਹੁਣੇ ਹੀ ਗੁਰੂ ਨੂੰ ਕਹਿ ਕੇ ਹਟਿਆ ਹਾਂ ਕਿ ਮੇਰੇ ਨਾਲ ਵਿਦਵਾਨ ਕੋਈ ਹੈ ਨਹੀਂ ਕਿਤੇ ਵੇ, ਸੰਸਕ੍ਰਿਤ ਦਾ ਮੈਂ ਸਕਾਲਰ ਹਾਂ, ਸਾਰੀਆਂ ਵਿਦਿਆਵਾਂ ਇੰਗਲਿਸ਼ ਦਾ ਪੋਇਟ ਵੀ ਹਾਂ, (ਔਖੀਆਂ ਤੋਂ ਔਖੀਆਂ ਬਾਣੀਆਂ ਉਨ੍ਹਾਂ ਨੇ ਪੋਇਟਰੀ ਵਿਚ ਕੀਤੀਆਂ ਹੋਈਆਂ ਨੇ) ਤੇ ਮੈਂ ਕਿਹਾ ਤੂੰ ਮੈਨੂੰ ਬੱਚਾ ਦਸਦਾ ਹੈਂ। ਉਸ ਨੇ ਕਿਹਾ ਕਿ ਤੈਨੂੰ ਹਾਲੇ ਇਸ ਗੱਲ ਦਾ ਗਿਆਨ ਨਹੀਂ ਹੈ ਕਿ ਮੌਤ ਕੀ ਹੁੰਦੀ ਹੈ? ਕਹਿੰਦਾ ਜਾਹ ਕੋਈ ਜੀਵ ਫੜ ਕੇ ਲਿਆ। ਮੈਂ ਕਿਹਾ ਕਿ ਕਿੱਥੇ ਕੋਈ ਡੱਡੂ ਲੱਭਾਂਗਾ, ਜਾਂ ਹੋਰ ਕੁਛ ਲੱਭਾਂਗਾ, ਇਕ ਵੱਡਾ ਕੀੜਾ ਜਾਂਦਾ ਸੀ ਮੈਂ ਕਪੜੇ ਨਾਲ ਫੜ ਕੇ ਲੈ ਆਇਆ। ਕਹਿੰਦਾ, ਕਿ ਬੱਸ ਆਹੀ? ਮੈਂ ਕਿਹਾ ਹਾਂ। ਕਹਿੰਦਾ, ਚਾਕੂ ਲਿਆ। ਚਾਕੂ ਲਿਆਂਦਾ, ਵਿਚਾਲੇ ਤੋਂ ਕੱਟ ਕੇ ਅੱਧਾ ਫੁੱਟ ਐਧਰ ਕਰ ਦਿਤਾ ਅੱਧਾ ਓਧਰ ਕਰ ਦਿਤਾ। ਮੈਂ ਕਿਹਾ, ਮੈਂ ਕੀ ਸਿਖਿਆ ਦੇਵੇਗਾ। ਦੋਵੇਂ ਹਿੱਸੇ ਪਏ ਨੇ, ਦੇਖਣ ਲੱਗ ਗਿਆ ਉਨ੍ਹਾਂ ਨੂੰ। ਮੈਂ ਹੈਰਾਨ ਹੋ ਗਿਆ ਕਿ ਸਿਰ ਵਾਲਾ ਪਾਸਾ ਪਿਛੇ ਨੂੰ ਤੁਰ ਪਿਆ, ਧੜ ਵਾਲਾ ਅੱਗੇ ਨੂੰ ਤੁਰ ਪਿਆ। ਕਹਿੰਦਾ, ਓਸੇ ਪੁਆਇੰਟ ਤੇ ਜਿੱਥੇ ਇੱਕਠੇ ਸੀ ਦੋਵੇਂ ਇਕੱਠੇ ਹੋ ਗਏ, ਕੀੜਾ ਤੁਰਨ ਲੱਗ ਗਿਆ। ਕਹਿੰਦਾ ਆਹ ਹੁੰਦਾ ਹੈ, ਤੂੰ ਨਹੀਂ ਜਾਣਦਾ ਤੂੰ ਕਿਤਾਬਾਂ ਹੀ ਪੜ੍ਹਿਆ ਹੋਇਆ ਹੈਂ। ਜਿਹੜੀਆਂ ਤੂੰ ਗੱਲਾਂ ਦੱਸਦਾ ਹੈਂ ਨਾ ਇਹ ਪ੍ਰੈਕਟੀਕਲ ਨਹੀਂ ਤੈਨੂੰ ਆਉਂਦੀਆਂ। ਮੈਂ ਕਿਹਾ ਸੰਤ ਜੀ, ਮੈਨੂੰ ਦੱਸ ਦਿਓ। ਕਹਿੰਦਾ ਦੱਸਣ ਵਾਸਤੇ ਬੜਾ ਸਮਾਂ ਚਾਹੀਦਾ ਹੈ। ਐਉਂ ਨਹੀਂ ਕਿ ਤੁਰੇ ਜਾਂਦੇ ਹੀ ਤੈਨੂੰ ਫੜਾ ਦੇਈਏ।

ਨਾਮਦੇਵ ਜੀ ਦੇ ਸਾਮ੍ਹਣੇ ਗਊ ਮਰੀ ਪਈ ਹੈ, ਬੜਾ ਕਲੇਸ਼ ਹੋਇਆ। ਬਾਦਸ਼ਾਹ ਸਲੇਮਸ਼ਾਹ ਕਹਿੰਦਾ ਕਿ ਜੇ ਗਊ ਜੀਉਂਦੀ ਨਾ ਕਰੀ ਤਾਂ ਮੈਂ ਤੈਨੂੰ ਮਾਰ ਦੇਵਾਂਗਾ। ਨਾਮਦੇਵ ਕਹਿੰਦੇ ਕਿ ਬਿਸਮਲ ਕਰਿਆ ਹੋਇਆ, ਖ਼ੂਨ ਸਾਰਾ ਨਿਕਲ ਗਿਆ, ਜੀਉਂਦੀ ਕਿਵੇਂ ਹੋ ਸਕਦੀ ਹੈ? ਅਖੀਰ ਸਾਢੇ ਸੱਤ ਘੜੀਆਂ ਦਾ ਸਮਾਂ ਸੀ। ਤਿੰਨ ਘੰਟੇ ਦਾ। ਉਸ ਤੋਂ ਬਾਅਦ ਗਊ ਜੀਉਂਦੀ ਹੋ ਜਾਂਦੀ ਹੈ। ਨਾਮਦੇਵ ਜੀ ਨੇ ਪ੍ਰਮੇਸ਼ਰ ਅਰਪਣ ਕਰ ਦਿਤੀ ਕਿ ਵਾਹਿਗੁਰੂ ਨੇ ਆ ਕੇ ਜੀਉਂਦੀ ਕਰ ਦਿਤੀ। ਆਇਆ ਤਾਂ ਸੀ ਨਾ ਫੇਰ ਜੀਉਂਦੀ ਕਰਨ ਵਾਸਤੇ।

ਸ਼ਮਸ ਤਬਰੇਜ਼ ਇਕ ਵੱਡਾ ਪੀਰ ਹੋਇਆ ਹੈ ਮੁਲਤਾਨ ਦੇ ਵਿਚ। ਕਰਨੀ ਕਮਾਈ ਵਾਲਾ ਬਚਪਨ ਤੋਂ ਹੀ ਸੀ। ਉਹ ਜਾਂਦਾ ਹੈ ਦਿੱਲੀ ਦੇ ਅੰਦਰ, ਮਕਤਵ ਵਿਚ ਬੱਚੇ ਪੜ੍ਹਦੇ ਨੇ, ਕਿਤਾਬਾਂ ਲੈ ਕੇ ਚੁਬੱਚੇ ਵਿਚ ਸੁੱਟ ਦਿਤੀਆਂ। ਕਹਿੰਦਾ, ਛੱਡੋ ਓਏ ਇਨ੍ਹਾਂ ਨੂੰ, 'ਇਲਮ ਵਸ ਕਰੀ ਹੁਣ ਯਾਰ ਇਕੋ ਅਲਫ਼ ਤੈਨੂੰ ਦਰਕਾਰ'। ਕਹਿੰਦਾ ਓਹਨੂੰ ਮੌਲਵੀ ਨੂੰ ਕਹੋ, ਅਸਲੀ ਪੜ੍ਹਾਈ ਪੜ੍ਹਾਵੇ। ਜਦੋਂ ਮੌਲਵੀ ਆਇਆ ਓਸ ਵੇਲੇ ਬੱਚੇ ਰੋਣ ਲਗ ਗਏ ਕਿ ਸਾਡੀਆਂ ਸਾਰੀਆਂ ਕਿਤਾਬਾਂ ਮੌਲਾਨਾ, ਬੜਾ ਮਸ਼ਹੂਰ ਹੋਇਆ ਹੈ ਉਹ। ਰੂਮੀ ਕਹਿੰਦੇ ਨੇ ਉਹਨੂੰ। ਉਹ ਕਹਿਣ ਲੱਗਿਆ ਕਿ ਕੌਣ ਸੀ? ਬੱਚਿਆਂ ਨੇ ਕਿਹਾ ਕਿ ਇਕ ਦਰਵੇਸ਼ ਆਇਆ ਸੀ। ਦੇਖਿਆ ਕਿ ਸਾਰੀਆਂ ਕਿਤਾਬਾਂ ਚੁਵੱਚੇ ਵਿਚ ਸੁੱਟ ਦਿਤੀਆਂ, ਜਦੋਂ ਕੱਢੀਆਂ ਸਾਰੀਆਂ ਹੀ ਸੁੱਕੀਆਂ, ਕੋਈ ਨਾ ਗਿੱਲੀ। ਕਹਿਣ ਲੱਗਿਆ ਕਿ ਇਹ ਤਾਂ ਕਰਨੀ ਕਮਾਈ ਵਾਲਾ ਹੈ। ਕਹਿੰਦੇ, ਦੱਸ ਵੀ ਗਿਆ ਕੁੱਛ? ਕਹਿੰਦੇ ਹਾਂ। ਕਹਿੰਦਾ ਮੈਂ ਮੁਲਤਾਨ ਵਿਚ ਰਹਿੰਦਾ ਹਾਂ। ਮੁਹੱਲਾ ਏ ਖਬਰਸਾਂ। ਉਥੇ ਚਲਿਆ ਗਿਆ, ਜਾ ਕੇ ਸਭ ਨੂੰ ਪੁੱਛਦਾ ਹੈ। ਇਕ ਸਿਆਣਾ ਮਿਲ ਗਿਆ ਉਸ ਨੇ ਕਿਹਾ ਕਿ ਮੁਹੱਲਾ ਏ ਖਬਰਸਾਂ। ਕਬਰਸਤਾਨ ਕਹਿੰਦੇ ਨੇ, ਜਿਥੇ ਕੋਈ ਬੋਲਦਾ ਨਹੀਂ ਰਹਿੰਦੇ ਸਾਰੇ ਹੀ ਨੇ। ਉਥੇ ਗਿਆ ਤਾਂ ਉਸ ਥਾਂ ਦੇ ਉਤੇ ਮਿਲਿਆ। ਮੌਲਾਨਾ ਰੂਮ ਦੀਆਂ ਬਹੁਤ ਕਿਤਾਬਾਂ ਮਿਲਦੀਆਂ ਨੇ ਬ੍ਰਹਮਗਿਆਨ ਦੀਆਂ। ਇਹਦੇ ਨਾਲ ਖਾਰ ਖਾਂਦੇ ਸੀ ਮੌਲਾਨੇ ਸਾਰੇ। ਕਿਉਂਕਿ ਜੋ ਸਤਿ ਪੁਰਸ਼ ਹੁੰਦੇ ਨੇ, ਸਤਿ ਨੂੰ ਜਾਨਣ ਵਾਲੇ ਉਹ ਹੱਦਬੰਦੀਆਂ ਟੱਪ ਜਾਇਆ ਕਰਦੇ ਨੇ, ਸ਼ਰ੍ਹਾ ਵਿਚ ਨਹੀਂ ਰਹਿੰਦੇ। ਜਿਨ੍ਹਾਂ ਕੋਲ ਲੌਜਿਕ ਨਹੀਂ ਹੁੰਦੀ, ਹਨ੍ਹੇਰਾ ਹੁੰਦਾ ਹੈ, ਉਹ ਇਨ੍ਹਾਂ ਨੂੰ ਕਾਫਰ ਕਹਿਣ ਲੱਗ ਜਾਂਦੇ ਨੇ।

ਗੁਰੂ ਨਾਨਕ ਸਾਹਿਬ ਨੂੰ ਕੋਈ ਦੀਵਾਨਾ ਕਹਿੰਦਾ ਹੈ, ਕੋਈ ਬਉਰਾ ਕਹਿੰਦਾ ਹੈ। ਕੋਈ ਭੂਤਨਾ ਕਹਿੰਦਾ ਹੈ। ਕਿਉਂਕਿ ਜਿਥੇ ਉਹ ਖੇਡਦੇ ਸੀ, ਉਥੇ ਉਨ੍ਹਾਂ ਦੀ ਪਹੁੰਚ ਨਹੀਂ ਸੀ ਤੇ ਇਹ ਫੇਰ ਨੁਕਸਾਨ ਪਹੁੰਚਾਂਦੇ ਸੀ। ਬੜੀ ਖਾਰ ਖਾਣ ਲੱਗ ਗਏ।

ਇਕ ਵਾਰੀ ਉਥੇ ਦੇ ਨਵਾਬ ਦਾ ਲੜਕਾ ਬਿਮਾਰ ਹੋ ਗਿਆ। ਇਨ੍ਹਾਂ ਨੇ ਬੜੀ ਧੁੰਮ ਮਚਾਈ ਹੋਈ ਸੀ, ਕਾਜ਼ੀਆਂ ਨੇ ਤੇ ਮੌਲਵੀਆਂ ਨੇ। ਕਾਜ਼ੀ ਜੱਜ ਨੂੰ ਕਹਿੰਦੇ ਨੇ, ਜੱਜ ਕੁਰਾਨ ਸ਼ਰੀਫ ਪੜ੍ਹ ਕੇ ਵਿਚੋਂ ਮੰਤਰ ਸਿੱਧ ਕਰ ਲੈਂਦੇ ਹੁੰਦੇ ਸੀ ਤੇ ਉਹਨੇ ਸਾਰੇ ਕਾਜ਼ੀ ਤੇ ਮੁੱਲਾਂ ਬੁਲਾ ਲਏ, ਕਹਿੰਦਾ ਬੱਚਾ ਰਾਜ਼ੀ ਕਰੋ ਮੇਰਾ। ਕਈ

ਦਿਨ ਲੰਘੇ ਜਦੋਂ ਰਾਜ਼ੀ ਨਾ ਹੋਇਆ, ਕਹਿੰਦਾ ਤੁਸੀਂ ਦਿੰਦੇ ਹੋ ਲੋਕਾਂ ਨੂੰ ਧੋਖਾ। ਜੇ ਹੁਣ ਮੇਰਾ ਲੜਕਾ ਮਰ ਗਿਆ, ਮੈਂ ਤੁਹਾਨੂੰ ਸਾਰਿਆਂ ਨੂੰ ਮਾਰ ਦੇਵਾਂਗਾ। ਰੋਣਾ ਪਿਟਣਾ ਪੈ ਗਿਆ। ਸੋਚਣ ਲੱਗ ਗਏ, ਕਹਿੰਦੇ ਹੁਣ ਤਾਂ ਸ਼ਮਸਤਬਰੇਜ਼ ਹੀ ਬੁਲਾਉਣਾ ਪੈਣਾ ਹੈ ਆਪਾਂ ਨੂੰ। ਓਸ ਵੇਲੇ ਕਹਿਣ ਲੱਗੇ, ਨਵਾਬ ਸਾਹਿਬ! ਇਕ ਸਾਡੇ ਨਾਲ ਦਾ ਬਾਹਰ ਹੈ, ਜੇ ਉਹ ਆ ਜਾਵੇ, ਤਾਂ ਤੇਰਾ ਲੜਕਾ ਜੀਉਂਦਾ ਹੋ ਸਕਦਾ ਹੈ। ਕਹਿੰਦੇ, ਉਹ ਕੌਣ ਹੈ? ਕਹਿੰਦੇ, ਇਥੇ ਗਲੀਆਂ 'ਚ ਫਿਰੀ ਜਾਂਦਾ ਹੁੰਦਾ ਹੈ ਘੁੰਮਦਾ ਤੇ ਆਪਣੇ ਆਪ ਨੂੰ ਸ਼ਮਸ਼ ਕਹਿੰਦਾ ਹੈ। ਸ਼ਮਸ਼ ਸੂਰਜ ਦਾ ਵੀ ਨਾਉਂ ਹੈ ਉਹ ਵੀ ਆਪਣੇ ਆਪ ਨੂੰ ਸ਼ਮਸ਼ ਕਹਿੰਦਾ ਹੈ। ਕੁਫਰ ਦੀਆਂ ਗੱਲਾਂ ਬੋਲਦਾ ਹੈ, ਹੈ ਸਾਡੇ ਨਾਲ ਦਾ ਹੀ। ਸ਼ਮਸ਼ ਤਬਰੇਜ਼ ਨੂੰ ਫੜ ਕੇ ਜੇਲ੍ਹਖਾਨੇ ਲੈ ਆਂਦਾ। ਨਵਾਬ ਨੇ ਕਿਹਾ ਕਿ ਦੇਖੋ ਮੇਰਾ ਲੜਕਾ ਬੀਮਾਰ ਹੈ ਜੇ ਜੀਉਂਦਾ ਨਾ ਹੋਇਆ ਤਾਂ ਮੈਂ ਤੁਹਾਨੂੰ ਸਭ ਨੂੰ ਮਾਰ ਦੇਣਾ। ਉਹ ਖੁਸ਼ ਹੋ ਗਿਆ ਸ਼ਮਸ਼ਤਬਰੇਜ਼, ਨਵਾਬ ਸਾਹਿਬ! ਫਕਰ ਤਾਂ ਸਾਰੇ ਇਸੇ ਗੱਲ ਵਾਸਤੇ ਫਿਰਦੇ ਨੇ ਕਿਉਂਕਿ ਆਹ ਸਾਢੇ ਤਿੰਨ ਹੱਥ ਦੀ ਦੇਹ ਦੀ ਹੁਣ ਸਾਨੂੰ ਕੋਈ ਲੋੜ ਨਹੀਂ ਹੈ। ਤੇਰਾ ਬੜਾ ਭਲਾ ਹੋਵੇ ਜੇ ਤੂੰ ਆਹ ਕੰਮ ਕਰ ਦੇਵੇਂ। ਕਾਜ਼ੀ ਸਾਰੇ ਹੀ ਰੋਣ ਲੱਗ ਗਏ, ਮੁਲਾਂ ਵੀ। ਸਾਰੀ ਰਾਤ ਰੋਈ ਗਏ। ਕਹਿੰਦੇ, ਤੈਨੂੰ ਤਾਂ ਰੌਣ ਵਾਲਾ ਕੋਈ ਨਹੀਂ, ਸਾਡੇ ਤਾਂ ਬਾਲ-ਬੱਚੇ ਬੀਵੀਆਂ ਨੇ ਅਸੀਂ ਕੀ ਕਰਾਂਗੇ? ਅਖੀਰ ਮਨਾ ਲਿਆ ਕਹਿਣ ਲੱਗੇ ਕਿ ਗੱਲ ਐਨੀ ਹੈ ਕਿ ਪਰਉਪਕਾਰ ਵਸ ਮੈਂ ਕਰ ਤਾਂ ਦਿੰਦਾ ਹਾਂ ਪਰ ਤੁਸੀਂ ਮੈਨੂੰ ਫਤਵਾ ਦੇ ਦੇਣਾ ਹੈ ਕਿਉਂਕਿ ਤੁਹਾਨੂੰ ਸ਼ਰ੍ਹਾ ਦੇ ਸੰਗਲ ਪਏ ਹੋਏ ਨੇ। ਜਿੰਨਾ ਬੰਦਾ ਕੱਟੜ ਹੋਏਗਾ, ਉਹ ਕਦੇ ਵੀ ਦੂਸਰੇ ਤੇ ਵਿਸ਼ਵਾਸ਼ ਨਹੀਂ ਕਰਦਾ। ਆਪਣੀ ਧਾਰਨਾ **positive mind** ਹੋਣ ਕਰਕੇ, ਐਨੀ ਪੱਕੀ ਹੁੰਦੀ ਹੈ ਉਹਨੂੰ ਛੱਡਣ ਨੂੰ ਤਿਆਰ ਨਹੀਂ ਹੁੰਦਾ। ਜਿਹੜਾ **negetive mind** ਦਾ ਹੁੰਦਾ ਹੈ ਓਸ ਬੰਦੇ ਦਾ ਓਧਾਰ ਛੇਤੀ ਹੋ ਜਾਇਆ ਕਰਦਾ ਹੈ। ਪੋਜ਼ਟਿਵ ਵਾਲੇ ਦਾ ਬਹੁਤ ਔਖਾ ਹੈ ਕਿਉਂਕਿ ਉਹਦੀਆਂ ਧਾਰਨਾਵਾਂ ਬਣ ਚੁੱਕੀਆਂ, ਬਦਲਣੀਆਂ ਬਹੁਤ ਮੁਸ਼ਕਲ ਨੇ। ਦੂਜੇ ਦਿਨ ਨਵਾਬ ਨੂੰ ਕਿਹਾ ਕਿ ਲੜਕਾ ਮਰ ਚੁੱਕਿਆ ਸੀ। ਕਹਿਣ ਲੱਗਿਆ ਕਿ ਮੇਰੇ ਲੜਕੇ ਦੀ ਅਰਥੀ ਐਥੇ ਲਿਆਓ, ਇਕ ਨਹੀਂ ਚੁੱਕਣੀ, ਆਹ ਦੇਖੋ ਕਿੰਨੇ ਮੁਲਾਂ ਮੁਲਾਣੇ ਨੇ, ਸਭ ਨਾਲ ਹੀ ਜਾਣਗੇ। ਅਰਥੀਆਂ ਤਿਆਰ ਕਰ ਲਈਆਂ। ਕਹਿੰਦਾ ਜਾਂ ਤਾਂ ਲੜਕਾ ਮੇਰਾ ਜੀਉਂਦਾ ਕਰ ਦਿਓ ਤੇ ਨਹੀਂ ਤਾਂ ਤਿਆਰ ਹੋ ਜਾਓ ਮਰਨ ਵਾਸਤੇ। ਸਾਰਿਆਂ ਨਾਲੋਂ ਪਹਿਲਾਂ ਸ਼ਮਸ਼ਤਬਰੇਜ਼ ਆ ਗਿਆ ਕਹਿੰਦਾ ਨਵਾਬ ਸਾਹਿਬ ਛੇਤੀ ਕਰੋ। ਇਹ ਕਿੱਥੇ ਜੀਉਂਦਾ ਹੋਏਗਾ ਇਹ ਤਾਂ ਰੱਬ ਨੇ ਮਾਰ ਦਿਤਾ। ਓਸ ਵੇਲੇ ਉਹਦੇ ਪੈਰ ਫੜ ਲਏ। ਸ਼ਮਸ਼ ਨੇ ਕਿਹਾ ਕਿ ਤੁਸੀਂ ਮੇਰੇ ਹੀ ਖਿਲਾਫ ਫਤਵਾ ਲਾ ਦੇਣਾ ਹੈ। ਕਹਿੰਦੇ ਇਕ ਤਾਂ ਤੂੰ ਸਾਨੂੰ ਜੇਲ੍ਹ 'ਚੋਂ ਛੁਡਾਵੇਂ, ਅਸੀਂ ਕਿਉਂ ਫਤਵਾ ਲਾਵਾਂਗੇ। ਕਹਿੰਦਾ, ਚਲੋ ਲਿਆਓ ਅਰਥੀ। ਜੇਲ੍ਹ 'ਚੋਂ ਨਿਕਲ ਆਇਆ ਬਾਹਰ। ਮੁਰਦੇ ਦੇ ਬਰਾਬਰ ਟਹਿਲਣਾ ਸ਼ੁਰੂ ਕਰ ਦਿਤਾ। ਜਦੋਂ ਇਕ ਗੇੜਾ ਕੱਢਿਆ, ਦੂਸਰੇ ਨੂੰ ਆਇਆ ਤਾਂ ਕਹਿਣ ਲੱਗਿਆ ਕਿ ਓ ਲੜਕੇ! ਖੁਦਾ ਕੇ ਹੁਕਮ ਸੇ ਖੜ੍ਹਾ ਹੋ। ਕੁਛ ਵੀ ਨਾ ਹੋਇਆ। ਇਸ ਨੇ ਫੇਰ ਦੋ ਗੇੜੇ ਕੱਢੇ, ਫੇਰ ਕਿਹਾ। ਫੇਰ ਨਾ ਹੋਇਆ। ਤੀਸਰੀ ਵਾਰੀ ਫੇਰ ਕਿਹਾ। ਚਲੋ! ਅਬ ਦਰਵੇਸ਼ ਕੇ ਹੁਕਮ ਸੇ ਖੜ੍ਹਾ ਹੋ। ਬੱਚਾ ਇਕ ਦਮ ਉਠ ਕੇ ਖੜ੍ਹਾ ਹੋ ਗਿਆ। ਸਾਰੇ ਜੈ-ਜੈਕਾਰ ਹੋ ਗਈ। ਨਵਾਬ ਖੁਸ਼ ਹੋ ਗਿਆ, ਲੇਕਿਨ ਉਹ ਜਿਹੜੇ ਮੁਲਾਣੇ ਸੀ ਉਸ ਵੇਲੇ ਤਾਂ ਕਹਿੰਦੇ ਕਿ ਠੀਕ ਹੈ। ਘਰ ਜਾ ਕੇ ਕਹਿਣ ਲੱਗੇ ਕਿ ਜੀਉਂਦਾ ਤਾਂ ਕਰ ਦਿਤਾ ਉਹਨੇ, ਪਰ ਸ਼ਰ੍ਹਾ ਦੇ ਤਾਂ ਖਿਲਾਫ ਗੱਲ ਕਰੀ ਹੈ। ਮਾੜੀ ਗੱਲ ਕਰੀ ਹੈ। ਅਖੀਰ ਇਹ ਹੋਇਆ ਕਿ ਫਤਵਾ ਲੱਗਿਆ, ਉਹਦੀ ਜੀਉਂਦੇ ਦੀ ਖੱਲ ਲਾਹੀ ਗਈ। ਜਾਣੀਂ ਸ਼ਮਸ਼ਤਬਰੇਜ਼ ਨੇ ਮਰਿਆ ਹੋਇਆ ਲੜਕਾ ਐਨੀ ਗੱਲ ਕਹਿ ਕੇ ਕਿ ਉਠ ਦਰਵੇਸ਼ ਕੇ ਹੁਕਮ ਸੇ ਖੜ੍ਹਾ ਹੋ ਜਾ।

ਬਾਬਾ ਗੁਰਦਿਤਾ ਜੀ ਕੀਰਤਪੁਰ ਸਾਹਿਬ ਵਾਲੇ ਗਊ ਮਰ ਜਾਂਦੀ ਹੈ ਉਨ੍ਹਾਂ ਤੋਂ। ਜਦੋਂ ਪਹਾੜੀ ਲੋਕ ਰੋਲਾ ਪਾਉਂਦੇ ਨੇ ਅਸੀਂ ਰਾਜੇ ਕੋਲ ਸ਼ਿਕਾਇਤ ਕਰਾਂਗੇ। ਤਾਂ ਉਸ ਵੇਲੇ ਕਈ ਵੀਚਾਰਾਂ ਆਪ ਦੇ ਮਨ 'ਚ ਆਈਆਂ ਕਿ ਗੁਰੂ ਮਹਾਰਾਜ ਨੇ ਸ਼ਸਤਰ ਲਾਹ ਦਿਤੇ, ਹੁਣ ਜੰਗ ਨਹੀਂ ਕਰਨਾ, ਇਹ ਫੌਜਾਂ ਚਾੜ੍ਹ ਲਿਆਉਣਗੇ। ਬੜੀ ਮਾੜੀ ਗੱਲ ਹੋਏਗੀ, ਇਹ ਝਗੜਾ ਇਥੇ ਹੀ ਨਿਬੇੜ ਦੇਈਏ। ਜੋ ਗੜਵਾ ਪਾਣੀ ਦਾ ਰੱਖਦੇ ਹੁੰਦੇ ਸੀ ਨਾਲ ਭਜਨ ਕਰਨ ਵੇਲੇ। ਉਹ ਪਾਣੀ ਜਿਹੜਾ ਸੀ ਉਹ ਸ਼ਕਤੀਸ਼ਾਲ ਹੋਇਆ ਕਰਦਾ ਹੈ। ਭਜਨ ਕਰਨ ਵੇਲੇ ਕੋਈ ਵੀ ਜਲ ਕੋਲ ਰੱਖ ਲਓ, ਉਹਦੇ ਵਿਚ ਅਸਰ ਪੈ ਜਾਂਦਾ ਹੈ ਸੁਰਤੀ ਦਾ। ਗੁਪਤ ਜਿਹੜੀਆਂ ਲਹਿਰਾਂ ਨੇ ਉਹਦੇ 'ਚ ਪ੍ਰਵੇਸ਼ ਕਰ ਜਾਂਦਾ ਹੈ। ਉਨ੍ਹਾਂ ਨੇ ਪਾਣੀ ਦੀ ਚੂਲੀ ਲਈ, ਕਹਿੰਦੇ ਸਤਿਨਾਮ ਵਾਹਿਗੁਰੂ। ਕਹਿ ਕੇ ਮਾਰੀ ਤੇ ਕਿਹਾ ਕਿ ਉਠ ਕੇ ਖੜ੍ਹੀ ਹੋ। ਗਊ ਉਸੇ ਤਰ੍ਹਾਂ ਉਠ ਕੇ ਖੜ੍ਹੀ ਹੋ ਗਈ।

ਬਾਬਾ ਅਟੱਲ ਜੀ, ਮੋਹਨ ਦੀ ਪਿੱਤ ਦਿੰਦਾ ਰਾਤ ਨੂੰ ਘਰ ਗਿਆ, ਸੱਪ ਨੇ ਡੰਗ ਲਿਆ। ਉਸ ਵੇਲੇ ਸਵੇਰ ਨੂੰ ਜਾ ਕੇ ਖੂੰਡੀ ਪਾਈ ਗਲ 'ਚ ਕਹਿੰਦੇ ਉਠ ਖੜ੍ਹਾ ਹੋ, ਪਿੱਤ ਦੇਣ ਦਾ ਮਾਰਾ ਆਰਾਮ ਨਾਲ ਪੈ ਗਿਆ। ਰਾਤ ਦਾ ਮਰਿਆ ਹੋਇਆ ਜੀਉਂਦਾ ਕਰ ਦਿਤਾ।

ਗੁਰੂ ਨਾਨਕ ਪਾਤਸ਼ਾਹ ਦਿੱਲੀ ਗਏ ਹੋਏ ਨੇ

ਮਜਨੂੰ ਦੇ ਟਿੱਲੇ ਕੋਲ। ਰਾਤ ਨੂੰ ਮਹਾਵਤ ਖਾਨੇ 'ਚ ਹਾਥੀ ਮਰ ਗਿਆ, ਸਾਰੇ ਹਥਵਾਨਾਂ ਨੇ ਰੋਣਾ ਸ਼ੁਰੂ ਕਰ ਦਿਤਾ। ਉਸ ਵੇਲੇ ਮਹਾਰਾਜ ਨੇ ਕਿਹਾ, ਮਰਦਾਨਿਆਂ, ਐਨਾ ਵੈਰਾਗ ਕਿਉਂ ਹੋ ਰਿਹਾ ਹੈ। ਪਤਾ ਕਰ? ਮਰਦਾਨੇ ਨੇ ਕਿਹਾ ਕਿ ਪਾਤਸ਼ਾਹ! ਮੈਂ ਪਤਾ ਕਰ ਆਇਆ, ਹਾਥੀ ਮਰ ਗਿਆ, ਉਨ੍ਹਾਂ ਦਾ ਰੁਜ਼ਗਾਰ ਜਾਂਦਾ ਰਿਹਾ। ਕਹਿੰਦੇ, ਉਨ੍ਹਾਂ ਨੂੰ ਕਹਿ ਦੇ ਕਿ ਰੋਣ ਨਾ ਹਾਥੀ ਤਾਂ ਜੀਉਂਦਾ ਹੈ, ਐਵੇਂ ਭੁਲੇਖਾ ਪੈ ਗਿਆ ਮਰਨ ਦਾ। ਜਿਸ ਵਕਤ ਜਾ ਕੇ ਕਿਹਾ ਕਿ ਤੁਸੀਂ ਹਾਥੀ ਨੂੰ ਉਠਾ ਕੇ ਤਾਂ ਦੇਖੋ। ਵੱਡੇ ਦਰਵੇਸ਼ ਸਾਂਈ ਸਤਿਗੁਰੂ ਨੇ ਕਿਹਾ ਹੈ ਕਿ ਹਾਥੀ ਤਾਂ ਜੀਉਂਦਾ ਹੈ। ਉਸ ਤੋਂ ਬਾਅਦ ਹਾਥੀ ਖੜ੍ਹਾ ਹੋ ਗਿਆ, ਸਾਰੇ ਗੱਲ ਚੱਲ ਪਈ। ਚਲਦੀ-ਚਲਦੀ ਰਾਜੇ ਤੱਕ ਪਹੁੰਚ ਗਈ। ਦੂਸਰੇ ਦਿਨ ਆਇਆ ਕਹਿਣ ਲੱਗਿਆ, ਦਰਵੇਸ਼ ਸਾਂਈ ਮੈਂ ਸੁਣਿਆ ਹੈ ਤੂੰ ਹਾਥੀ ਜੀਉਂਦਾ ਕਰ ਦਿਤਾ। ਮਹਾਰਾਜ ਕਹਿੰਦੇ, ਮਾਰਨਾ ਜੀਵਾਉਣਾ ਪ੍ਰਮੇਸ਼ਰ ਦੇ ਹੱਥ ਵਿਚ ਹੈ। ਕਹਿੰਦਾ, ਹੁਣ ਮਾਰ ਕੇ ਦਿਖਾਓ। ਕਹਿੰਦੇ, ਇਹਨੂੰ ਮਾਰ ਕੇ ਕੀ ਦਿਖਾਉਣਾ ਹੈ ਇਹ ਤਾਂ ਪਹਿਲਾਂ ਹੀ ਮਰਿਆ ਹੋਇਆ ਸੀ। ਦੜੰਮ ਕਰਕੇ ਹਾਥੀ ਗਿਰ ਗਿਆ। ਕਹਿੰਦੇ, ਹੁਣ ਜੀਉਂਦਾ ਕਰਕੇ ਦਿਖਾਓ। ਕਹਿਣ ਲੱਗੇ ਬਾਦਸ਼ਾਹ! ਰੱਬ ਦੀ ਮਾਰੀ ਨੂੰ ਦਰਵੇਸ਼ ਚੁੱਕ ਲਿਆ ਕਰਦੇ ਨੇ, ਦਰਵੇਸ਼ ਦੀ ਮਾਰੀ ਹੋਈ ਨੂੰ ਦੁਨੀਆਂ ਦੀ ਕੋਈ ਤਾਕਤ ਨਹੀਂ ਹੈ ਜਿਹੜੀ ਓਸਨੂੰ ਫੇਰ ਚੁੱਕ ਲਵੇ। ਸੋ ਹੁਣ ਜੀਉਂਦਾ ਨਹੀਂ ਹੁੰਦਾ।

***ਮੇਰੀ ਬਾਂਧੀ ਭਗਤੁ ਛਡਾਵੈ***
***ਬਾਂਧੈ ਭਗਤੁ ਨ ਛੂਟੈ ਮੋਹਿ ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥੧॥***

***ਅੰਗ - ੧੨੫੩***

ਮਹਾਰਾਜ ਕਹਿੰਦੇ, ਬਾਦਸ਼ਾਹ! ਦਰਵੇਸ਼ਾਂ ਦੀ ਸੁੱਟੀ ਹੋਈ ਨੂੰ ਕੋਈ ਨਹੀਂ ਚੁੱਕ ਸਕਦਾ। ਕਹਿੰਦਾ ਕਿਉਂ? ਕਹਿੰਦੇ, ਦੇਖ ਅੱਗ ਜਲ ਰਹੀ ਹੈ, ਅੱਗ ਦੇ ਅੰਦਰੋਂ ਕੋਲਾ ਕੱਢ ਲਿਆ। ਹੱਥ ਤੇ ਰੱਖ ਲਿਆ, ਇਕ ਦੋ ਚਾਰ ਸਕਿੰਟ ਉਹਨੂੰ ਘੁੰਮਾ ਕੇ ਰੱਖ ਸਕਦੇ ਹਾਂ, ਹੱਥ ਜਲਦਾ ਨਹੀਂ। ਪਰ ਜਿਹੜੇ ਦਰਵੇਸ਼ ਹੁੰਦੇ ਨੇ, ਉਹ ਪ੍ਰਮੇਸ਼ਰ ਦੇ ਨਾਲ ਰੱਤੇ ਹੋਏ ਹੁੰਦੇ ਨੇ, ਜਿਵੇਂ ਲੋਹਾ ਅੱਗ ਦੇ ਵਿਚ ਸੁੱਟ ਦਿਤਾ ਜਾਵੇ। ਉਹ ਅੱਗ ਦਾ ਰੂਪ ਹੋਇਆ ਹੁੰਦਾ ਹੈ, ਤਦਰੂਪ ਹੋਇਆ ਹੁੰਦਾ ਹੈ। ਲੋਹੇ ਨੂੰ ਮਾੜਾ ਜਿਹਾ ਹੱਥ ਲਾ ਦਿਓ, ਅੱਗ ਨੂੰ ਲਾਇਆ ਹੋਇਆ ਜਲਦਾ ਨਹੀਂ, ਲੋਹੇ ਨੂੰ ਲਾ ਕੇ ਦੇਖੋ ਇਕ ਸਕਿੰਟ ਵਿਚ ਜਾਲ ਦਿੰਦਾ ਹੈ। ਕਹਿੰਦੇ, ਦਰਵੇਸ਼ ਪ੍ਰਮੇਸ਼ਰ ਦੇ ਰੰਗ ਵਿਚ ਲਾਲ ਹੁੰਦੇ ਨੇ, ਉਨ੍ਹਾਂ ਦਾ ਕੀਤਾ ਹੋਇਆ ਕੋਈ ਨਹੀਂ ਮੇਟਣ ਨੂੰ ਸਮਰੱਥ। ਸੋ ਏਸ ਤਰ੍ਹਾਂ ਬੇਅੰਤ ਇਤਿਹਾਸ ਦੇ ਅੰਦਰ ਮਿਸਾਲਾਂ ਨੇ ਐਸੀਆਂ।

ਨਾਮਦੇਵ ਜੀ ਦਾ ਜਿਥੋਂ ਰੌਲਾ ਪਿਆ ਸੀ ਗਊ ਦਾ ਉਹ ਇਹ ਸੀ ਕਿ ਇਕ ਬੀਬੀ ਸਤੀ ਹੋਣ ਵਾਸਤੇ ਜਾ ਰਹੀ ਸੀ, ਆਪਣੇ ਮਿਰਤਕ ਪਤੀ ਦੇ ਨਾਲ। ਉਹ ਮੱਥਾ ਟੇਕਣ ਚਲੀ ਗਈ, ਗਹਿਣਿਆਂ ਦੀ ਛਣਕਾਰ ਹੋਈ, ਆਪ ਦੇ ਨੇਤਰ ਬੰਦ ਸੀ ਆਪ ਨੇ ਕਿਹਾ ਬੀਬੀ! ਸੁਹਾਗ ਮਾਣ। ਉਸ ਵੇਲੇ ਬੀਬੀ ਬੜੀ ਸਮਝਦਾਰ ਸੀ। ਉਹ ਕਹਿੰਦੀ ਕਿ ਮੈਂ ਸਤਿਸੰਗਾਂ ਦੇ ਵਿਚ ਸੁਣਿਆਂ ਹੈ ਕਿ ਤਾਂ ਚੀਜ਼ਾਂ ਜਿਹੜੀਆਂ ਨੇ ਟਲ ਜਾਣ ਸੰਤਾਂ ਦਾ ਬਚਨ ਨਹੀਂ ਟਲਦਾ। ਕਾਰਨ ਕੀ ਹੈ ਕਿਉਂਕਿ ਉਨ੍ਹਾਂ ਦੀ ਰਸਨਾ ਦੇ ਉਤੇ ਵਾਹਿਗੁਰੂ ਦਾ ਆਪਣਾ ਨਿਜ ਵਾਸਾ ਹੋਇਆ ਕਰਦਾ ਹੈ।

ਕਹਿਣ ਲੱਗੀ, ਮਹਾਰਾਜ! ਸਾਡੇ ਗ੍ਰਿਹਸਤੀ ਲੋਕਾਂ ਦੇ ਵਿਸ਼ਵਾਸ਼ ਨੇ ਕਿ ਸਾਧੂ ਦਾ ਬਚਨ ਟਲਦਾ ਨਹੀਂ ਤੇ ਮੇਰਾ ਸੁਹਾਗ ਆ ਪਿਆ ਹੈ ਇਥੇ, ਹੁਣ ਮੈਂ ਕਿਹੜੇ ਸੁਹਾਗ ਨੂੰ ਮਾਣਾਂ। ਮੈਂ ਤਾਂ ਸਤੀ ਹੋਣ ਵਾਸਤੇ ਜਾ ਰਹੀ ਹਾਂ। ਉਸ ਵੇਲੇ ਨਾਮਦੇਵ ਜੀ ਥੋੜ੍ਹਾ ਚੁੱਪ ਕਰ ਗਏ ਕਿ ਕਾਹਲੀ ਵਿਚ ਬਚਨ ਕਰ ਦਿਤਾ। ਅੰਦਰੋਂ ਆਵਾਜ਼ ਆਈ ਕਿ ਨਾਮਦੇਵ, ਕੋਈ ਗੱਲ ਇਹ ਇਹ ਕੀ ਗੱਲ ਹੈ। ਸੰਤਾਂ ਦੇ ਵਿਚ ਲਾਈਫ ਕਰੰਟ ਹੋਇਆ ਕਰਦੀ ਹੈ, ਰੱਬ ਨਾਲ ਜਦੋਂ ਜੁੜ ਜਾਂਦੇ ਨੇ, ਉਹ ਕਰੰਟ ਉਨ੍ਹਾਂ ਵਿਚ ਪ੍ਰਵੇਸ਼ ਕਰੀ ਹੁੰਦੀ ਹੈ। ਕਹਿੰਦੇ ਮੋਢੇ ਤੋਂ ਫੜ ਰਾਮ ਕਹਿ ਕੇ ਉਠਾਲ ਲੈ। ਮੋਢੇ ਤੋਂ ਫੜਿਆ, ਰਾਮ ਕਿਹਾ ਕਹਿੰਦੇ ਉਠ। ਉਠ ਕੇ ਬੈਠ ਗਿਆ।

ਸੋ ਇਸ ਤਰ੍ਹਾਂ ਦੀਆਂ ਬੇਅੰਤ ਮਿਸਾਲਾਂ ਨੇ ਜਿੱਥੇ ਐਸੀਆਂ ਬਾਤਾਂ ਹੁੰਦੀਆਂ ਨੇ। ਆਪਣੀ ਮਰਜ਼ੀ ਹੁੰਦੀ ਹੈ ਸਾਧੂਆਂ ਦੇ ਆਪ ਚਲੇ ਜਾਣ, ਨਾਲ ਦੇ ਨੂੰ ਭੇਜ ਦੇਣ। ਮੌਤ ਜਿਹੜੀ ਹੈ ਉਹ ਕੁਛ ਹੋਰ ਚੀਜ਼ ਹੈ ਜਿਹੜੀ ਸਾਡੀ ਸਮਝ ਵਿਚ ਨਹੀਂ ਆਉਂਦੀ, ਮਹਾਂਪੁਰਸ਼ਾਂ ਨੇ ਸਮਝੀ ਹੋਈ ਹੈ।

ਐਸੇ ਜਾਦੂਗਰਾਂ ਦਾ ਵੀ ਜ਼ਿਕਰ ਆਉਂਦਾ ਹੈ ਭਾਰਤ ਵਰਸ਼ ਦੇ ਵਿਚ। ਇਕ ਬੰਬਈ ਦੇ ਹੁੰਦੇ ਪ੍ਰੋਫੈਸਰ ਐਮ ਹੁਸੈਨ। ਡਾਕਟਰ ਜ਼ਾਕਰ ਹੁਸੈਨ ਨੇ ਉਨ੍ਹਾਂ ਨੂੰ ਸਰਟੀਫਿਕੇਟ ਦਿਤਾ ਸੀ ਤੇ ਦੂਸਰੇ ਹੋਰ ਸੀਗੇ ਉਨ੍ਹਾਂ ਨੇ ਵੀ ਦਿਤਾ ਸੀ। ਉਨ੍ਹਾਂ ਨੇ ਇਕ ਲੜਕੀ ਆਕਾਸ਼ ਦੇ ਵਿਚ ਲਟਕਾ ਦਿਤੀ। ਆਰੇ ਨਾਲ ਚੀਰਨ ਲੱਗ ਗਏ, ਦੋ ਫਾੜ ਹੋ ਗਏ, ਸਾਰਿਆਂ ਨੇ ਦੇਖੇ। ਮੁੜ ਕੇ ਫੇਰ ਜੋੜ ਦਿਤੀ। ਉਨ੍ਹਾਂ ਨੂੰ ਤਾਂ ਅਸੀਂ ਕਹਿ ਦਿੰਦੇ ਹਾਂ ਕਿ ਹਿਪਨੋਟਾਇਸ ਕਰਦੇ ਨੇ। ਸੋ ਇਹ ਕੋਈ ਵੱਡੀ ਗੱਲ ਨਹੀਂ ਹੈ। ਇਹਨੂੰ ਇਹ ਕਮਜ਼ੋਰੀ ਦੇ ਨਾਲ ਕਹਿਣਾ ਕਿ ਬੱਕਰੇ ਬੰਨ੍ਹੇ ਸੀ, ਅਸੀਂ ਕਹਿੰਦੇ ਹਾਂ ਕਿ ਗੁਰੂ ਸਾਹਿਬ ਦੇ ਆਲੇ-ਦੁਆਲੇ ਤਾਂ ਹਰ ਵਕਤ ਪਹਿਰੇ ਰਹਿੰਦੇ ਸੀਗੇ।

ਗੁਰੂ ਸਾਹਿਬ ਕਿਹੜੇ ਵੇਲੇ ਕਿਸੇ ਦੇ ਵਾੜੇ 'ਚੋਂ ਬੱਕਰੇ ਚੁੱਕ ਲਿਆਏ। ਐਹੋ ਜਿਹੀਆਂ ਗੱਲਾਂ ਕਮਜ਼ੋਰ ਕਰਦੇ ਨੇ ਕਿ ਲੋਕਾਂ ਦਾ ਭਰੋਸਾ ਹੀ ਤੋੜ ਦਿੰਦੇ ਨੇ।

ਗੁਰੂ ਮਹਾਰਾਜ ਸਰਬ ਕਲਾ ਸਮਰੱਥ ਸੀ। ਚਾਹੇ ਉਨ੍ਹਾਂ ਨੇ ਕੋਈ ਕੌਤਕ ਕਰਿਆ, ਹੁੰਦਾ ਦਿਖਾ ਦਿਤਾ, ਜਾਂ ਪ੍ਰੈਕਟੀਕਲੀ ਹੋ ਗਿਆ। ਪਰ ਹੋਇਆ ਇਵੇਂ ਜਿਵੇਂ ਹੀ। ਸੋ ਉਨ੍ਹਾਂ ਪੰਜਾਂ ਨੂੰ ਆਪਣਾ ਰੂਪ ਬਣਾ ਲਿਆ।

ਮੁਹੰਮਦ ਸਾਹਿਬ ਦੇ ਬਾਰੇ ਹੈ ਕਿ 40 ਸਾਲਾਂ ਤੋਂ ਬਾਅਦ ਇਹ ਗੁਫਾ ਵਿਚ ਜਾਂਦੇ ਹੁੰਦੇ ਸੀ। ਬੰਦਗੀ ਬਹੁਤ ਕਰੀ ਹੈ ਹਜ਼ਰਤ ਮੁਹੰਮਦ ਸਾਹਿਬ ਨੇ। ਐਵੇਂ ਨਹੀਂ ਉਨ੍ਹਾਂ ਦਾ ਐਡਾ ਵੱਡਾ ਪੈਗਾਮ ਫੈਲ ਗਿਆ। ਉਹ 40 ਸਾਲ ਦੇ ਸੀ ਜਿਸ ਵਕਤ ਐਸਾ ਲਿਖਿਆ ਹੋਇਆ ਹੈ ਕਿ ਉਨ੍ਹਾਂ ਦਾ ਕਲਬ ਕੱਢ ਕੇ ਜਿਹੜਾ ਹਜ਼ਰਤ ਸੁਪਰੀਮ ਹੁੰਦਾ ਹੈ ਸਾਰਿਆਂ ਤੋਂ ਉਹ ਪਾ ਦਿਤਾ ਸਰੀਰ ਦੇ ਵਿਚ। ਉਸ ਵੇਲੇ ਉਨ੍ਹਾਂ ਨੂੰ ਗਿਆਨ ਹੋਇਆ, ਫੇਰ ਉਨ੍ਹਾਂ ਨੇ ਆਪਣਾ ਪੰਥ ਸ਼ੁਰੂ ਕਰਿਆ।

ਸੋ ਇਸ ਤਰ੍ਹਾਂ ਪੰਜ ਪਿਆਰਿਆਂ ਨੂੰ ਗੁਰੂ ਮਹਾਰਾਜ ਨੇ ਸੁਰਜੀਤ ਕੀਤਾ, ਦੂਸਰੇ ਦਿਨ ਆਪ ਨੇ ਕੌਤਕ ਕੀਤਾ ਤੇ ਅੰਮ੍ਰਿਤ ਦੀ ਦਾਤ ਦਿਤੀ, ਅੰਮ੍ਰਿਤ ਛਕਾਇਆ। ਉਸ ਵੇਲੇ ਆਪ ਨੇ ਫੁਰਮਾਨ ਕੀਤਾ ਏਸ ਤਰ੍ਹਾਂ –

***ਖ਼ਾਲਸਾ ਮੇਰੋ ਰੂਪ ਹੈ ਖ਼ਾਸ॥***
***ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥***
***ਖ਼ਾਲਸਾ ਮੇਰੋ ਮੁਖ ਹੈ ਅੰਗਾ॥***
***ਖ਼ਾਲਸਾ ਕੇ ਹੌਂ ਸਦ ਸਦ ਸੰਗਾ॥***

***(ਸਰਬ ਲੋਹ ਗ੍ਰੰਥ 'ਚੋਂ)***

ਕਹਿਣ ਲੱਗੇ, ਸਾਧਸੰਗਤ ਜੀ! ਇਹ ਪੰਜੇ ਜੋ ਹਨ ਇਹ ਮੇਰਾ ਰੂਪ ਹਨ। ਕਹਿੰਦੇ, ਗੁਰਸਿੱਖੋ! ਤੁਸੀਂ ਹੁਣ ਗੁਰੂ ਗੋਬਿੰਦ ਸਿੰਘ ਦਾ ਆਪਣਾ ਰੂਪ ਬਣ ਚੁੱਕੇ ਹੋਂ ਤੇ ਮੈਂ ਤੁਹਾਡਾ ਰੂਪ ਬਣ ਚੁੱਕਿਆ ਹਾਂ। ਪੂਰਨ ਬ੍ਰਹਮਗਿਆਨ ਦੇ ਵਿਚ ਦਾਤ ਲੈ ਕੇ, ਵਾਹਿਗੁਰੂ ਦੇ ਵਿਚ ਲੀਨ ਹੋ ਗਏ। ਪੂਰੀ ਤਰ੍ਹਾਂ ਨਾਲ ਮੈਂ ਖਤਮ ਹੋ ਗਈ। ਜਿਥੇ ਮੈਂ ਖਤਮ ਹੋ ਜਾਏ ਉਥੇ ਵਾਹਿਗੁਰੂ ਦਾ ਪ੍ਰਕਾਸ਼ ਹੋ ਜਾਇਆ ਕਰਦਾ ਹੈ।

***ਜਬ ਹਮ ਹੋਤੇ ਤਬ ਤੂ ਨਾਹੀ***
***ਅਬ ਤੂਹੀ ਮੈ ਨਾਹੀ ॥***
***ਅਨਲ ਅਗਮ ਜੈਸੇ ਲਹਰਿ ਮਇ ਓਦਧਿ***
***ਜਲ ਕੇਵਲ ਜਲ ਮਾਂਹੀ ॥ ਅੰਗ – ੬੫੭***

ਮੈਂ ਤੇ ਤੂੰ ਦਾ ਝਗੜਾ ਹੈ ਸਾਰਾ ਹੀ। ਉਸ ਵੇਲੇ ਸੰਗਤ ਵਲ ਮੁਖਾਤਬ ਹੋ ਕੇ ਕਹਿਣ ਲੱਗੇ –

***ਸਭਿਨਿ ਸੁਨਾਵਨਿ ਕਾਰਨੇ ਊਚੇ ਕੀਨਿ ਬਖਾਨ॥***
***ਰਾਖ਼ਯੋ ਸਿੱਖੀ ਬੀਜ ਜਗ ਅੰਦਰ ਗੁਰੂ ਸਮਾਨ॥***
***ਸਭਿ ਸੰਗਤਿ ਕੇ ਤਾਰਿਬੇ ਸਮਰਥ ਭੇ ਇਹ ਪੰਚ॥***
***ਜਾਨਹੁਂ ਮੋਹਿ ਸਮਾਨ ਤਿਨ ਭੇਦ ਰਹਯੋ ਨਹਿਂ ਰੰਚ॥***
***ਅੰਗ – 5053, ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

***ਮਮ ਸਰੂਪ ਤੁਮ ਅਬਿ ਭਏ, ਹੌਂ ਭਾ ਤੁਮਹਿਂ ਸਰੂਪ॥***
***ਬ੍ਰਹਮ ਗਯਾਨ ਦਿਢ ਰਿਦੇ ਹ੍ਵੈ ਪਦ ਅਤਿ ਲੀਨਿ ਅਨੂਪ॥***
***ਪੰਨਾ 5053, ਸ਼੍ਰੀ ਗੁ ਪ੍ਰਤਾਪ ਸੂਰਜ ਗ੍ਰੰਥ***

ਸਾਰੀ ਸੰਗਤ ਨੂੰ ਤਾਰਨ ਵਾਸਤੇ ਇਹ ਪੰਜ ਹੁਣ ਗੁਰੂ ਜਿੰਨੀ ਸਮਰਥਾ ਰੱਖਦੇ ਨੇ। ਹੁਣ ਭੇਦ ਨਹੀਂ ਰਿਹਾ ਮੇਰੇ ਵਿਚ ਤੇ ਇਨ੍ਹਾਂ ਵਿਚ। ਮੇਰੇ ਤੋਂ ਵੱਖਰੇ ਨਹੀਂ ਹੈਗੇ, ਇਨ੍ਹਾਂ ਨੂੰ ਵੱਖਰੇ ਨਾ ਜਾਣਿਓ। ਸੋ ਕੌਤਕ ਨਿਰਾਲਾ ਕੀਤਾ। ਅੰਮ੍ਰਿਤ ਛਕਾਉਣ ਲੱਗੇ, ਜਲ ਮੰਗਾ ਲਿਆ ਬਾਣੀ ਉਹਦੇ ਵਿਚ। ਉਸ ਤੋਂ ਬਾਦ ਛੋਟਾ ਜਿਹਾ ਬਰਤਨ ਲੈ ਕੇ ਆਪ ਨੇ ਥੋੜ੍ਹਾ ਜਿਹਾ ਜਲ ਪਰ੍ਹੇ ਕਰਕੇ ਰੱਖ ਦਿਤਾ। ਉਸ ਵੇਲੇ ਕੀ ਦੇਖਦੇ ਨੇ ਕਿ ਦੋ ਚਿੜ੍ਹੇ ਆ ਗਏ, ਦੋਹਾਂ ਨੇ ਚੁੰਝਾਂ ਭਰ ਲਈਆਂ, ਉਥੇ ਹੀ ਲੜਨ ਲਗ ਗਏ। ਖੂਬ ਹਾਸਾ ਪੈ ਗਿਆ ਸੰਗਤ ਵਿਚ। ਲੇਕਿਨ ਬਾਬਾ ਬੁੱਢਾ ਜੀ ਨੇ, ਬਾਬਾ ਰਾਮ ਕੌਰ ਜੀ ਉਹ ਦੇਖ ਕੇ ਗੰਭੀਰ ਹੋ ਗਏ। ਇਕ ਦਮ ਉਠ ਕੇ ਖੜ੍ਹੇ ਹੋ ਗਏ ਤੇ ਮਾਤਾ ਜੀ ਪਾਸ ਚਲੇ ਗਏ ਤੇ ਮਾਤਾ ਜੀਤੋ ਜੀ ਅੱਗੇ ਮਿਲ ਗਏ। ਕਹਿਣ ਲੱਗੇ ਮਾਤਾ! ਬਹੁਤ ਹੀ ਕਰੂਰ ਪੰਥ ਸਾਜਿਆ ਜਾਣਾ ਹੈ। ਦੋ ਚਿੜੇ ਮਰ ਤਾਂ ਗਏ ਲੇਕਿਨ ਪਿੱਛੇ ਨਹੀਂ ਹਟੇ। ਖੂਨ ਚਲ ਰਿਹਾ ਹੈ ਉਨ੍ਹਾਂ ਦਾ। ਉਨ੍ਹਾਂ ਨੇ ਦੋ ਘੁੱਟਾਂ ਭਰ ਲਈਆਂ ਸੀ ਉਸ ਪਾਣੀ ਦੀਆਂ। ਕ੍ਰਿਪਾ ਕਰੋ, ਇਹਦੇ ਵਿਚ ਮਿਠਾਸ ਪਾਓ ਤੁਸੀਂ। ਉਸ ਵੇਲੇ ਮਾਤਾ ਜੀ ਨੇ ਪਤਾਸ਼ੇ ਲਏ ਤੇ ਗੁਰੂ ਮਹਾਰਾਜ ਜੀ ਦੇ ਸਨਮੁੱਖ ਖੜ੍ਹੇ ਹੋ ਗਏ ਜਾ ਕੇ। ਮਹਾਰਾਜ ਜੀ ਨੇ ਨੇਤਰ ਉਚੇ ਕੀਤੇ, ਰਜ਼ਾ ਸਮਝ ਗਏ ਕਿ ਹਾਂ ਰਜ਼ਾਬੰਦੀ ਹੈ ਇਨ੍ਹਾਂ ਦੀ। ਪਿਆਰ ਨਾਲ ਦੇਖਿਆ ਹੈ, ਉਸ ਵੇਲੇ ਝੋਲੀ ਦੇ ਵਿਚੋਂ ਪਤਾਸ਼ੇ ਇਨ੍ਹਾਂ ਨੇ ਕੱਢੇ ਤੇ ਜੋ ਅੰਮ੍ਰਿਤ ਤਿਆਰ ਹੋ ਰਿਹਾ ਸੀ, ਉਹਦੇ ਵਿਚ ਪਾ ਦਿਤੇ। ਮਹਾਰਾਜ ਜੀ ਬੜੇ ਪ੍ਰਸੰਨ ਹੋਏ ਕਹਿਣ ਲੱਗੇ, ਤੁਸੀਂ ਆਪਣਾ ਫਰਜ਼ ਪਛਾਣ ਲਿਆ। ਅੱਜ ਤੱਕ ਕੋਈ ਵੱਡਾ ਜੱਗ ਨਹੀਂ ਹੈ ਜੋ ਇਸਤ੍ਰੀ ਤੋਂ ਬਗੈਰ ਸੰਪੂਰਨ ਹੋਇਆ ਹੋਵੇ। ਚਾਹੇ ਰਾਮਚੰਦਰ ਜੀ ਨੇ ਕੀਤਾ ਚਾਹੇ ਕਿਸੇ ਨੇ ਕੀਤਾ। ਉਹਦੇ ਵਿਚ ਅਰਧੰਗੀ ਤੋਂ ਬਗੈਰ ਪੂਰਾ ਨਹੀਂ ਹੋਇਆ ਕਰਦਾ, ਜੇ ਨਹੀਂ ਹੈ ਤਾਂ ਚੜ੍ਹਾਈ ਕਰ ਗਈ ਜਾਂ ਹੋਰ ਕੁਛ ਹੋ ਗਿਆ ਤਾਂ ਉਹਦੀ ਮੂਰਤੀ ਬਣਾ ਕੇ ਰੱਖ ਦਿੰਦੇ ਸੀ। ਕਹਿੰਦੇ ਚੰਗਾ ਹੋਇਆ–

***ਭਲੋ ਭਯੋ ਤੂੰ ਚਲਿ ਕਰਿ ਆਈ॥***
***ਨੀਰ ਬਿਖੈ ਪਾਈ ਮਧੁਰਾਈ॥***
***ਨਾਤੁਰ ਪੰਥ ਹੋਤਿ ਬਡ ਕ੍ਰੂਰਾ॥***
***ਤੇਜ ਕ੍ਰੋਧ ਕਲਹਾ ਕਰਿ ਪੂਰਾ॥***

***ਪੰਨਾ 5056, ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਕਹਿੰਦੀ, ਇਨ੍ਹਾਂ ਨੇ ਤਾਂ ਹਰ ਵਕਤ ਲੜੀ ਜਾਣਾ ਸੀ। ਕਈ ਪ੍ਰੇਮੀਆਂ ਦਾ ਇਹ ਖਿਆਲ ਹੁੰਦਾ ਹੈ ਕਿ ਕਿਰਿਆ ਹੋਈ ਤਾਂ ਕੁਛ ਨਹੀਂ ਪੰਜ ਬਾਣੀਆਂ ਪੜ੍ਹੀਆਂ ਨੇ। ਖੰਡਾ ਫੇਰਿਆ ਹੈ ਜਲ ਦੇ ਵਿਚ, ਇਹਦੇ ਵਿਚ ਕੀ ਭੇਤ ਛੁਪਿਆ ਹੋਇਆ ਹੈ। ਸਾਧਸੰਗਤ ਜੀ! ਹਰ ਬੰਦੇ ਦੇ ਵਿਚੋਂ ਉਹਦੇ ਖਿਆਲਾਂ ਦੀ ਕਰੰਟ ਹਰ ਵਕਤ ਨਿਕਲਦੀ ਹੈ। ਦੂਰ ਤੱਕ ਜਾਂਦੀ ਹੈ। ਇਹਨੂੰ ਓਰਾ ਕਹਿੰਦੇ ਨੇ ਅੰਗਰੇਜ਼ੀ ਦੇ ਵਿਚ। ਇਕ ਬਹੁਤ ਸਖਤ ਕਿਸਮ ਦਾ ਅਫਸਰ ਹੋਵੇ। ਉਹਦੇ ਕਮਰੇ ਦੇ ਵਿਚ ਜਾ ਕੇ ਆਦਮੀ ਬੋਲਣ ਤੋਂ ਰਹਿ ਜਾਂਦੇ ਨੇ ਬਹੁਤ ਬੰਦੇ, ਕਿਉਂਕਿ **over power** ਕਰ ਜਾਂਦਾ ਹੈ ਉਹਦਾ ਓਰਾ। ਸਾਧੂ ਮਹਾਂਪੁਰਸ਼ਾਂ ਦੇ ਕੋਲ ਜਾ ਕੇ ਸਾਰੇ ਹੀ ਪਾਪ ਨੱਠ ਜਾਂਦੇ ਨੇ ਤੇ ਜਿਹੜੀ ਗੱਲ ਪੁੱਛਣ ਆਇਆ ਹੁੰਦਾ ਹੈ ਨਾਮ ਦੀ ਆਟੋਮੈਟਿਕਲੀ ਉਹਨੂੰ ਆਪੇ ਹੀ ਪਤਾ ਲੱਗ ਜਾਂਦੀ ਹੈ।

ਮਹਾਰਾਜ ਜੀ ਦੇ ਪਾਸ ਅਸੀਂ ਜਾਣਾ, ਦਬਲਾਨ ਆਏ ਹੁੰਦੇ ਪਟਿਆਲੇ ਤੋਂ ਤੁਰਨਾ। ਸਾਰਿਆਂ ਨੇ ਕਹਿਣਾ ਕਿ ਮੈਂ ਆਹ ਪੁੱਛਾਂਗਾ, ਆਹ ਪੁੱਛਾਂਗਾ। ਮੈਂ ਕਹਿਣਾ ਕਿ ਕਿਸੇ ਨੇ ਕੁਛ ਨਹੀਂ ਪੁਛਣਾ। ਕਹਿੰਦੇ ਕਿਉਂ? ਮੈਂ ਕਿਹਾ ਉਥੇ ਜਾ ਕੇ ਹਨ੍ਹੇਰਾ ਤੁਹਾਡਾ ਹਟ ਜਾਣਾ ਹੈ। ਜਦੋਂ ਮਹਾਂਪੁਰਸ਼ਾਂ ਨੂੰ ਜਾ ਕੇ ਨਮਸ਼ਕਾਰ ਕਰਨੀ। ਉਸ ਤੋਂ ਬਾਅਦ ਇਕ ਦੂਜੇ ਵਲ ਦੇਖਣਾ ਕਿ ਪੁਛਣਾ ਹੈ ਕੁਛ? ਕਹਿੰਦੇ ਰਿਹਾ ਹੀ ਨਹੀਂ ਕੁਛ ਪੁਛਣ ਵਾਸਤੇ, ਉਹਦੇ ਸਭ ਦੇ ਜਵਾਬ ਆ ਗਏ ਸਾਨੂੰ। ਕਿਉਂਕਿ ਪ੍ਰਕਾਸ਼ ਹੈ, ਉਹ ਪ੍ਰਕਾਸ਼ ਹਿਰਦੇ ਦੇ ਵਿਚ, ਆਪਣੇ ਆਪ ਹੀ ਪ੍ਰਗਟ ਹੋ ਜਾਂਦਾ ਹੈ –

***ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥***
***ਅੰਗ – ੫੨੦***

ਕੇਵਲ ਦਰਸ਼ਨ ਮਾਤਰ ਕਰਨ ਦੇ ਨਾਲ ਲਿਵ ਲਗ ਜਾਂਦੀ ਸੀ। ਆਪੇ ਹੀ ਵਾਹਿਗੁਰੂ–ਵਾਹਿਗੁਰੂ ਹੋਣ ਲਗ ਜਾਣਾ। ਬਾਕੀ ਕੋਈ ਗੱਲ ਹੀ ਨਾ ਰਹਿਣੀ, ਸ਼ਿਕਾਇਤਾਂ ਲੈ ਕੇ ਮਹਾਰਾਜ! ਬਿਰਤੀ ਨਹੀਂ ਲਗਦੀ, ਨਾਮ ਨਹੀਂ ਚਲਦਾ। ਸ਼ਰਧਾ ਭਾਵਨਾ ਨਾਲ ਜਾਂਦੇ ਸੀ, ਨਾਮ ਪਟਿਆਲੇ ਸਟੇਸ਼ਨ ਤੋਂ ਹੀ ਚੱਲਣ ਲਗ ਜਾਣਾ। ਦਬਲਾਨ ਉਤਰਨਾ, ਤੁਰੇ ਜਾਣਾ ਫੇਰ ਬੋਲਣ ਤੋਂ ਹਟ ਜਾਣਾ। ਨਾਮ ਦੀ ਧੁਨ ਚਲ ਪੈਂਦੀ ਸੀ ਅੰਦਰ। ਉਹ ਸ਼ਕਤੀ ਹੋਇਆ ਕਰਦੀ ਹੈ ਮਹਾਂਪੁਰਖਾਂ ਦੇ ਵਿਚ, ਹਰੇਕ ਬੰਦੇ ਦੇ ਵਿਚ ਆਪਣੀ ਕਿਸਮ ਦੀ ਸ਼ਕਤੀ ਹੁੰਦੀ ਹੈ। ਤਿੰਨ ਚੀਜ਼ਾਂ ਦੇ ਰਾਹੀਂ ਇਹ ਬਾਹਰ ਆਉਂਦੀ ਹੈ, ਇਕ ਤਾਂ ਆਉਂਦੀ ਹੈ ਨੇਤਰਾਂ ਦੇ ਰਾਹੀਂ। ਦੂਸਰਾ ਆਉਂਦੀ ਹੈ ਹੱਥ ਦੀ ਜੋ ਤਲੀ ਹੈ ਉਹਦੇ ਰਾਹੀਂ। ਤੀਸਰੀ ਹੁੰਦੀ ਹੈ ਜਿਥੇ ਧਰਤੀ ਦੇ ਨਾਲ ਚਰਨ ਛੋਹ ਜਾਵੇ, ਰੇਤਾ ਛੋਹ ਜਾਵੇ ਉਹ ਇਕ ਦਮ ਪਵਿੱਤਰਤਾ ਹਾਸਲ ਕਰ ਲੈਂਦਾ ਹੈ। ਫੇਰ ਇਹਦਾ ਹੁੰਦਾ ਹੈ ਕਿ ਕੋਈ ਤਜਰਬਾ ਹੈ। ਐਵੇਂ ਗੱਲ ਤੁਹਾਡੀ ਕਿਵੇਂ ਮੰਨ ਲਈਏ।

ਸਾਡੇ ਕੋਲ ਬਿਮਾਰ ਆਉਂਦੇ ਨੇ, ਕਹਿੰਦੇ ਪੀ.ਜੀ ਆਈ ਤੋਂ ਇਲਾਜ ਨਹੀਂ ਹੋਇਆ ਇਕ ਬੜੀ ਛੋਟੀ ਜਿਹੀ ਮਿਸਾਲ ਦਿੰਦਾ ਹਾਂ। ਸੁਲਝੇ ਹੋਏ ਦੀ ਨਹੀਂ, ਨਾਮ ਬਾਣੀ ਪੜ੍ਹਨ ਵਾਲੇ ਦੀ ਨਹੀਂ, ਜਿਹਨੇ ਬਾਣੀ ਦੇਖੀ ਨਹੀਂ ਉਹਦੀ ਮੈਂ ਗੱਲ ਕਰਦਾ ਹਾਂ। ਜਿਹਨੇ ਸੁਣਿਆ ਹੀ ਨਹੀਂ ਗੁਰੂ ਨਾਨਕ ਨੂੰ ਉਹਦੀ ਬਾਤ ਦੱਸਦਾਂ। ਇਥੇ ਜਦੋਂ ਮੈਂ ਇਸ ਕੋਠੀ ’ਚ ਆਇਆ, ਇਥੇ ਸਵਰਾਜ ਦੇ ਅੰਦਰ ਇਕ ਯਾਦਵ ਨਾਮ ਦਾ ਪ੍ਰੇਮੀ ਨੌਕਰੀ ਕਰਦਾ ਹੈ। ਉਹਦਾ ਭਰਾ ਬੀਮਾਰ ਸੀ। ਇਥੇ ਬਹਾਦਰ ਸਿੰਘ ਸ਼ਾਹੀਮਾਜਰੇ ਵਾਲੇ ਨੇ ਦੱਸ ਦਿਤਾ ਕਿ ਉਥੇ ਚਲੇ ਜਾਓ। ਉਹ ਪੀ.ਜੀ.ਆਈ ਤੋਂ ਗਿਆ ਇਥੇ ਆ ਕੇ ਕਹਿਣ ਲੱਗਿਆ ਕਿ ਮੈਂ ਬੀਮਾਰ ਹਾਂ, ਮੈਂ ਕਿਹਾ ਚੰਗਾ ਤੂੰ ਗੁਟਕਾ ਲਿਆ ਹਿੰਦੀ ਦਾ। ਉਹ ਫਿਰ ਤੁਰ ਕੇ ਆ ਗਿਆ ਕਹਿੰਦਾ ਮੈਨੂੰ ਤਾਂ ਮਿਲਦਾ ਨਹੀਂ। ਮੈਂ ਕਿਹਾ ਤੂੰ 22 ਸੈਕਟਰ ਮੂਹਰੇ ਜਾਹ, ਉਥੇ ਲੱਭ ਜਾਣਾ ਹੈ। ਉਥੇ ਚਲਿਆ ਗਿਆ, ਇਕ ਸ਼ਬਦ ਦੱਸ ਦਿਤਾ ਕਿ ਇਹਦਾ ਪਾਠ ਨਾ ਐਉਂ ਕਰੀ ਜਾਣਾ। ਸਿਗਰਟ ਨਾ ਘਰ ’ਚ ਆਉਣਾ ਦੇਈਂ, ਸ਼ਰਾਬ ਅੰਡੇ ਨਾ ਆਉਣ ਦੇਈ, ਨਿੰਦਿਆ, ਚੁਗਲੀ, ਈਰਖਾ ਨਾ ਕਰੀ, ਰੁਖਾ ਨਾ ਬੋਲੀਂ। ਰਹਿਤਾਂ ਦੱਸ ਦਿਤੀਆਂ। ਤੇ ਗੁਰਦੁਆਰਾ ਹੈ ਕੋਈ ਨੇੜੇ? ਕਹਿੰਦਾ ਪੰਦਰਾਂ ਮੀਲ ਤੇ ਹੈ। ਮੈਂ ਕਿਹਾ ਸੱਤੀਂ ਦਿਨੀ ਗੁਰਦੁਆਰੇ ਝਾੜੂ ਦੇਣ ਜਾਇਆ ਕਰੀਂ। ਜਦੋਂ ਸਾਇਕਲ ਤੇ ਚੜ੍ਹਿਆ ਕਰੇ ਨਾ ਇਕ ਗੱਲ ਕਹੀਂ ਜਾਈ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ। ਜਦੋਂ ਤੈਨੂੰ ਤੇਰੇ ਭਾਈਚਾਰੇ ਦੇ ਮਿਲੇ ਤੂੰ ਉਚੀ ਦੇ ਕੇ ਕਹਿ ਦੇਵੀਂ ਬੋਲ ਗੁਰੂ ਨਾਨਕ ਦੇਵ ਕੀ ਜੈ। ਇਕ ਭਾਵਨਾ ਰਖਣੀ ਸੀ ਉਸ ਦੇ ਅੰਦਰ। ਉਹ ਸ਼ਬਦ ਲੈ ਕੇ ਚਲਿਆ ਗਿਆ, ਵੀਹ ਦਿਨ ਬਾਅਦ ਆਇਆ ਮੇਰੇ ਕੋਲ। ਮੈਂ ਕਿਹਾ ਤੂੰ ਗਿਆ ਨਹੀਂ, ਕਹਿੰਦਾ ਜੀ, ਉਥੇ ਤਾਂ ਸਿਗਰਟਾਂ ਪੀਣ ਵਾਲੇ ਸਾਡੇ ਆ ਜਾਂਦੇ ਨੇ। ਮੈਂ ਇਥੇ ਹੀ ਕੰਮ ਲਾ ਲਿਆ। ਮੈਂ ਕਿਹਾ ਗੁਰਦੁਆਰੇ ਝਾੜੂ ਕਿਥੇ ਦਿੰਦਾ ਹੈ? ਕਹਿੰਦਾ ਜੀ ਮੈਂ ਦਾਊਂ ਜਾਂਦਾ ਹਾਂ। ਮੈਂ ਕਿਹਾ ਕੋਈ ਮਹਾਰਾਜ ਪ੍ਰਕਾਸ਼ ਨੇ ਉਥੇ ਵੀ। 42 ਦਿਨ ਬਾਅਦ ਆਇਆ, ਨਵਾਂ ਨਰੋਆ, ਵਧੀਆ ਸਿਹਤ। ਪਹਿਲਾਂ ਬਿਲਕੁਲ ਸੁਕਿਆ ਪਿਆ ਸੀ। ਉਸ ਤੋਂ ਬਾਅਦ ਕਹਿਣ ਲੱਗਿਆ ਕਿ ਮੈਂ ਪ੍ਰਸ਼ਾਦ ਕਰਾਉਣਾ ਹੈ, ਮੈਂ ਰਾਜ਼ੀ ਹੋ ਗਿਆ। ਮੈਂ ਕਿਹਾ ਤੈਨੂੰ ਬਿਮਾਰੀ ਕੀ ਸੀ। ਕਹਿੰਦਾ, ਮੈਨੂੰ ਬੀਮਾਰੀ ਸੀ ਟੀ.ਬੀ ਦੀ। ਪਹਿਲਾਂ ਮੈਂ ਕਾਸ਼ੀ ਇਲਾਜ ਕਰਾਇਆ। ਫੇਰ ਮੈਂ ਵਲਿੰਕਟਨ ਹਾਸਪੀਟਲ ’ਚ ਕਰਾਇਆ, ਸਾਰੇ ਪੈਸੇ ਮੁੱਕ ਗਏ। ਫੇਰ ਮੈਂ ਆਪਣੇ ਭਰਾ ਦੇ ਕੋਲ ਆ ਕੇ ਪੀ.ਜੀ.ਆਈ ਕਰਾਉਣ ਲਗ ਗਿਆ, ਉਥੋਂ

ਮੈਨੂੰ ਬਹਾਦਰ ਸਿੰਘ ਨੇ ਕਹਿ ਦਿਤਾ ਕਿ ਥਰਅਡ ਸਟੇਜ ਦੀ ਟੀ.ਬੀ ਹੈ। ਮੈਂ ਉਹਦੇ ਭਰਾ ਨੂੰ ਪੁਛਿਆ ਕਿ ਇਹ ਕਿਵੇਂ ਸੀ ? ਕਹਿੰਦਾ ਜੀ, ਅਸੀਂ ਤਾਂ ਕਹਿੰਦੇ ਸੀ ਕਿ ਇਹ ਮਰ ਜਾਵੇ, ਸਾਡੇ ਕੋਲ ਖਰਚ ਦੇਣ ਨੂੰ ਕੁਛ ਵੀ ਨਹੀਂ ਸੀ ਰਿਹਾ। ਪਰ ਕਹਿੰਦਾ ਮੈਂ ਹੈਰਾਨ ਹਾਂ ਕਿ ਇਹ ਰਾਜ਼ੀ ਹੋ ਗਿਆ। ਰਾਜ਼ੀ ਕਿਵੇਂ ਹੋਇਆ ? ਕਿਉਂ ਹੋਇਆ ? ਉਹ ਸਿਰਫ ਇਕ ਸ਼ਬਦ ਜਲ ਸਾਮ੍ਹਣੇ ਰੱਖ ਕੇ ਉਸ ਦੇ ਉਤੇ ਪੜ੍ਹਦਾ ਸੀ। ਬਾਣੀ ਜਿਹੜੀ ਹੈ ਸਾਰੀ ਜਿਉਂਦੀ ਜਾਗਦੀ ਕਰੰਟ ਹੈ। ਬਾਣੀ ਦੇ ਅੱਖਰ ਜੀਉਂਦੇ ਨੇ, ਆਦਮੀ ਦੇ ਵਿਚ ਹੁਲਾਰੇ ਮਾਰਦੇ ਨੇ, ਜੀਵਨ ਬਖਸ਼ਦੇ ਨੇ। ਇਹ ਜਦੋਂ ਸੁਰਤ ਇਕਾਗਰ ਹੋ ਕੇ ਜਲ ਦੇ ਉਤੇ ਪੜ੍ਹਿਆ ਜਾਂਦਾ ਹੈ ਤਾਂ ਜਲ ਦੇ ਵਿਚ ਸ਼ਕਤੀ ਆ ਜਾਂਦੀ ਹੈ। ਜਿਹੜੀ ਭਾਵਨਾ ਦੇ ਨਾਲ ਪੜ੍ਹਿਆ ਜਾਂਦਾ ਹੈ ਉਹ ਭਾਵਨਾ ਪੂਰੀ ਹੋ ਜਾਂਦੀ ਹੈ। ਉਹ ਰਾਜ਼ੀ ਹੋ ਗਿਆ ਬਗੈਰ ਦਵਾਈ ਤੋਂ।

ਐਸੇ ਪ੍ਰੇਮੀ ਜਿਨ੍ਹਾਂ ਦੇ ਵਿਚ ਨਾ ਤਾਂ ਕੋਈ ਸਚਾਈ ਹੈ, ਨਾ ਇਨ੍ਹਾਂ ਦਾ ਜੀਵਨ ਉਚਾ ਹੈ, ਆਮ ਸਾਧਾਰਨ ਲੋਕ ਨੇ, ਉਹ ਜੇ ਬਾਣੀ ਪੜ੍ਹ ਕੇ ਪਾਣੀ ਦੇ ਅਸਰ ਹੋ ਜਾਂਦਾ ਹੈ ਕਿ ਉਨ੍ਹਾਂ ਨੂੰ ਬਗੈਰ ਦਵਾਈ ਤੋਂ ਆਰਾਮ ਹੋ ਜਾਂਦਾ ਹੈ। ਫੇਰ ਸਾਧਸੰਗਤ ਜੀ! ਅੰਦਾਜ਼ਾ ਲਾਓ, ਜਿਹੜੀ ਬਾਣੀ ਗੁਰੂ ਗੋਬਿੰਦ ਸਿੰਘ ਦੇ ਮੁਖਾਰਬਿੰਦ ਤੋਂ ਉਚਾਰੀ ਗਈ ਤੇ ਉਨ੍ਹਾਂ ਦੇ ਨੇਤਰਾਂ ਦੀ ਸ਼ਕਤੀ ਜਲ ਵਿਚ ਪ੍ਰਵੇਸ਼ ਕਰ ਗਈ। ਹੱਥ ਦੇ ਨਾਲ ਖੰਡੇ ਦੇ ਨਾਲ ਪਾਣੀ ਦੇ ਅੰਦਰ, ਉਹ ਜੀਵਨ ਕਰੰਟ ਚਲੀ ਗਈ। ਤਾਂ ਤੁਸੀਂ ਆਪੇ ਹੀ ਦੇਖੋ ਕਿ ਉਸ ਪਾਣੀ ਦੀ ਕੀਮਤ ਕਿੰਨੀ ਕੁ ਹੈ? ਉਹਦੇ ਵਿਚ ਕਿੰਨੀ ਕੁ ਸ਼ਕਤੀ ਆ ਸਕਦੀ ਹੈ। ਇਹ ਅੰਦਾਜ਼ੇ ਤੋਂ ਬਾਹਰਲੀ ਗੱਲ ਹੈ ਸਾਰੀ। ਸੋ ਇਸੇ ਕਰਕੇ ਬਾਰ-ਬਾਰ ਤਾਕੀਦ ਕਰਦੇ ਨੇ-

***ਹਰਿ ਸੱਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾ ਖੇਲਾ।***
***ਗੁਰੁ ਸਿਮਰ ਮਨਾਈ ਕਾਲਕਾ ਖੰਡੇ ਕੀ ਵੇਲਾ।***
***ਪੀਵਹੁ ਪਾਹੁਲ ਖੰਡਧਾਰ ਹੁਇ ਜਨਮ ਸੁਹੇਲਾ।***
***ਗੁਰ ਸੰਗਤਿ ਕੀਨੀ ਖ਼ਾਲਸਾ ਮਨਮੁਖੀ ਦੁਹੇਲਾ।***
***ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।***
***ਭਾਈ ਗੁਰਦਾਸ ਜੀ, ਵਾਰ 41/1***

ਅੰਮ੍ਰਿਤ ਛਕਾ ਦਿਤਾ, ਨਾਉਂ ਬਦਲ ਦਿੱਤੇ। ਉਸ ਵੇਲੇ ਆਪ ਨੇ ਮੁਖੀ ਜਥੇਦਾਰ ਭਾਈ ਦਇਆ ਸਿੰਘ ਜੀ ਨੂੰ ਕਹਿਣ ਲੱਗੇ ਕਿ ਜਿਵੇਂ ਤੁਸੀਂ ਮੇਰੇ ਤੋਂ ਅੰਮ੍ਰਿਤ ਛਕਿਆ ਹੈ, ਰਹਿਤ ਦੱਸੀ ਹੈ। ਹੁਣ ਤੁਸੀਂ ਮੈਨੂੰ ਅੰਮ੍ਰਿਤ ਛਕਾਓ, ਚਰਨਾਂ ਤੇ ਢਹਿ ਪਏ ਭਾਈ ਦਇਆ ਸਿੰਘ ਜੀ, ਕਹਿੰਦੇ ਪਾਤਸ਼ਾਹ! ਇਹ ਤਾਂ ਉਲਟੀ ਗੰਗਾ ਹੈ। ਕਹਿੰਦੇ ਨਹੀਂ, ਐਉਂ ਨਾ ਕਰੋ ਗੁਰੂ ਅੰਗਦ ਸਾਹਿਬ ਦੇ ਚਰਨਾਂ ਤੇ ਗੁਰੂ ਨਾਨਕ ਨੇ ਮਸਤਕ ਨਿਵਾਇਆ। ਗੁਰੂ ਅਮਰਦਾਸ ਦੇ ਚਰਨਾਂ ਤੇ ਗੁਰੂ ਅੰਗਦ ਸਾਹਿਬ ਨੇ ਮਸਤਕ ਨਿਵਾਇਆ। ਤੁਸੀਂ ਪੂਰੇ ਹੋ ਚੁੱਕੇ ਹੋਂ, ਪੂਰੇ ਨੂੰ ਮੈਂ ਮਸਤਕ ਨਿਵਾਉਣੈ ਤੇ ਇਸੇ ਤਰ੍ਹਾਂ ਦੇ ਨਾਲ ਤੁਸੀਂ ਮੈਨੂੰ ਅੰਮ੍ਰਿਤ ਛਕਾਓ।

ਓਸ ਵੇਲੇ ਅੰਮ੍ਰਿਤ ਤਿਆਰ ਕੀਤਾ ਗਿਆ ਤੇ ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਜੀ ਨੂੰ ਅੰਮ੍ਰਿਤ ਛਕਾਇਆ ਗਿਆ।

***ਸਚਾ ਅਮਰ ਗੋਬਿੰਦ ਦਾ ਸੁਣ ਗੁਰੂ ਪਿਆਰੇ।***
***ਸਤਿ ਸੰਗਤਿ ਮੇਲਾਪ ਕਰਿ ਪੰਚ ਦੂਤ ਸੰਘਾਰੇ।***
***ਵਿਚਿ ਸੰਗਤਿ ਢੋਈ ਨ ਲਹਿਨਿ ਜੋ ਖਸਮੁ ਵਿਸਾਰੇ।***
***ਗੁਰਸਿਖਾਂ ਮੱਥੇ ਉੱਜਲੇ ਸੱਚੇ ਦਰਬਾਰੇ।***
***ਹਰਿ ਗੁਰੁ ਗੋਬਿੰਦ ਧਿਆਈਐ ਸਦ ਅੰਮ੍ਰਿਤ ਵੇਲਾ।***
***ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ।***
***ਭਾਈ ਗੁਰਦਾਸ ਜੀ ਵਾਰ 41/2***

ਐਸਾ ਨਿਰਾਲਾ ਕੌਤਕ, ਕੋਈ ਦੁਨੀਆਂ ਦੇ ਅੰਦਰ ਐਸਾ ਗੁਰੂ ਨਹੀਂ ਜਿਸਨੇ ਆਪਣੇ ਚੇਲਿਆਂ ਤੋਂ ਅੰਮ੍ਰਿਤ ਲਿਆ ਹੋਵੇ, ਨਾਮ ਲਿਆ ਹੋਵੇ। ਇਹ ਕੇਵਲ ਗੁਰੂ ਦਸ਼ਮੇਸ਼ ਪਿਤਾ ਨੇ ਪ੍ਰੈਕਟੀਕਲੀ ਅਭੇਦ ਅਵਸਥਾ ਦਾ ਇਕ ਕੌਤਕ ਕਰਕੇ ਦਿਖਾ ਦਿਤਾ ਕਿਉਂਕਿ ਅਭੇਦ ਅਵਸਥਾ ਦਾ ਆਪ ਨੇ ਫੁਰਮਾਨ ਕਰਿਆ ਹੈ -

***ਆਤਮ ਰਸ ਜਿਹ ਜਾਨਹੀ ਸੋ ਖ਼ਾਲਸ ਦੇਵ॥***
***ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ।***

ਇਕ ਰੂਪ ਬਣਾ ਲਿਆ। ਜੇ ਇਕ ਰੂਪ ਨਾ ਬਣਾਉਂਦੇ, ਨਹੀਂ ਅੰਮ੍ਰਿਤ ਗੁਰੂ ਮਹਾਰਾਜ ਨੇ ਪੰਜ ਪਿਆਰਿਆਂ ਤੋਂ ਛਕਣਾ ਸੀ, ਅਸੀਂ ਆਪੇ ਹੀ ਆਪਣੇ ਮੁਖ 'ਚ ਪਾ ਲੈਂਦੇ ਸੀ ਕਿਉਂਕਿ ਅਭੇਦ ਕਰਨੇ ਸੀ। ਪੂਰਨ ਰੂਪ ਦੇ ਅੰਦਰ ਆਪ ਖਾਲਸੇ 'ਚ ਸਮਾਉਣਾ ਸੀ। ਖਾਲਸੇ ਨੇ ਗੁਰੂ ਵਿਚ ਸਮਾਉਣਾ ਸੀ।

***ਖ਼ਾਲਸਾ ਅਕਾਲ ਪੁਰਖ ਕੀ ਫੌਜ॥***
***ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥***
***ਸਰਬ ਲੋਹ ਗ੍ਰੰਥ 'ਚੋਂ***

ਇਕ ਐਸਾ ਆਦਰਸ਼ ਸੰਸਾਰ ਦੇ ਉਤੇ ਪ੍ਰਗਟ ਕਰਕੇ ਆਪ ਨੇ ਦਿਖਾ ਦਿਤਾ। ਕੱਲ੍ਹ ਮੈਂ ਬੜੇ ਵਿਸਥਾਰ ਦੇ ਨਾਲ ਦੱਸਿਆ ਸੀ ਕਿ ਉਹ ਆਦਰਸ਼ ਕਿਹੋ ਜਿਹਾ ਸੀ। ਉਹ ਆਦਰਸ਼ ਵਾਲਾ ਜਿਹੜਾ ਪ੍ਰੇਮੀ ਸੀ, ਉਹਨੂੰ ਟੋਲ੍ਹਣ ਵਾਸਤੇ ਸਾਕਾਰ ਮੰਡਲ ਦੇ ਜਿਹੜੇ ਸਭ ਤੋਂ ਵੱਡੇ ਦੇਵਤੇ ਨੇ ਬ੍ਰਹਮਾ ਵਿਸ਼ਨੂੰ ਮਹੇਸ਼, ਉਹ ਵੀ ਤਲਾਸ਼ ਕਰਦੇ ਫਿਰਦੇ ਨੇ ਕਿ ਉਹਦੇ ਦਰਸ਼ਨ ਕਰ ਲਈਏ। ਕਿਉਂਕਿ ਉਨ੍ਹਾਂ ਨੂੰ ਪ੍ਰਮੇਸ਼ਰ ਦੇ ਦਰਸ਼ਨ ਨਹੀਂ ਹੁੰਦੇ।

***ਏਕਾ ਮਾਈ ਜੁਗਤਿ ਵਿਆਈ***
***ਤਿਨਿ ਚੇਲੇ ਪਰਵਾਣੁ॥***

*ਇਕੁ ਸੰਸਾਰੀ ਇਕੁ ਭੰਡਾਰੀ*
*ਇਕੁ ਲਾਏ ਦੀਬਾਣੁ ॥*
*ਜਿਵ ਤਿਸੁ ਭਾਵੈ ਤਿਵੈ ਚਲਾਵੈ*
*ਜਿਵ ਹੋਵੈ ਫੁਰਮਾਣੁ॥*
*ਓਹੁ ਵੇਖੈ ਓਨਾ ਨਦਰਿ ਨ ਆਵੈ*
*ਬਹੁਤਾ ਏਹੁ ਵਿਡਾਣੁ ॥ ਅੰਗ - ੭*

ਫੇਰ ਉਹ ਦੇਖਦੇ ਕਿਥੇ ਫਿਰਦੇ ਸੀ? ਉਹ ਦੇਖਦੇ ਸੀ ਖਾਲਸੇ ਦੇ ਰੂਪ ਵਿਚ, ਖਾਲਸਾ pure man ਜਿਸਨੂੰ ਆਪਾਂ ਸੁਖਮਨੀ ਸਾਹਿਬ ਦੇ ਅੰਦਰ ਬ੍ਰਹਮਗਿਆਨੀ ਕਹਿੰਦੇ ਹਾਂ, ਸੰਤ ਕਹਿੰਦੇ ਹਾਂ। ਸੰਤ ਦੀ ਪਦਵੀ -

*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*
*ਅੰਗ - ੩੯੭*

ਉਹ ਪ੍ਰਮੇਸ਼ਰ ਨੂੰ ਸਾਕਾਰ ਰੂਪ ਦੇ ਅੰਦਰ ਪੂਰੀ ਤਰ੍ਹਾਂ ਪ੍ਰਗਟ ਹੋਏ ਨੂੰ ਉਹਦੇ ਦਰਸ਼ਨ ਕਰਨ ਵਾਸਤੇ ਵੱਡੇ-ਵੱਡੇ ਜਿਹੜੇ ਦੇਵਤੇ ਨੇ, ਮਹਾਰਾਜ ਫੁਰਮਾਨ ਕਰਦੇ ਨੇ ਕਿ ਉਹ ਵੀ ਆ ਕੇ ਦਰਸ਼ਨ ਕਰਦੇ ਨੇ, ਟੋਲ੍ਹਦੇ ਫਿਰਦੇ ਨੇ-

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਅੰਗ - ੨੭੩*

ਕਿਉਂ ਖੋਜਦਾ ਫਿਰਦਾ ਹੈ, ਕਿਉਂ ਖੋਜਦੇ ਫਿਰਦੇ ਨੇ ਕਿਉਂਕਿ -

*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥*
*ਅੰਗ - ੨੭੩*

ਪ੍ਰਮੇਸ਼ਰ ਦਾ ਤੇ ਉਹਦਾ ਕੋਈ ਭੇਦ ਨਾ ਰਹਿ ਗਿਆ-

*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*
*ਅੰਗ - ੩੯੭*

ਜਿਹੜੇ ਨਾਮ ਦੇ ਮੰਡਲ 'ਚੋਂ ਕਦੇ ਥੱਲੇ ਆਉਂਦੇ ਨਹੀਂ, ਇਕ ਗੱਲ ਯਾਦ ਰੱਖੋ ਜਿੰਨਾ ਚਿਰ ਆਦਮੀ ਦੇ ਅੰਦਰ ਮੈਂ ਹੈ ਨਾ, ਓਨਾਂ ਚਿਰ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਉਹ ਨਾਮ ਮੰਡਲ ਵਿਚ ਪ੍ਰਵੇਸ਼ ਕਰ ਜਾਵੇ। ਜਦੋਂ ਮੈਂ ਖਤਮ ਹੋ ਜਾਂਦੀ ਹੈ, ਗੁਰੂ ਦੇ ਮੰਤਰ ਨਾਲ। ਏਸ ਮੰਤਰ ਨੂੰ ਹਉਮੈ ਦਾ ਨਾਸ਼ ਕਰ ਦਿਤਾ, ਜਦੋਂ ਹਉਮੈ ਮਾਰੀ ਗਈ ਫੇਰ ਕੀ ਹੁੰਦਾ ਹੈ, ਵਿਰੋਧੀ ਮਰ ਗਿਆ।

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥ ਅੰਗ - ੫੬੦*

ਜਦੋਂ ਵਿਰੋਧੀ ਮਰ ਗਿਆ ਤਾਂ ਨਾਮ ਨੇ ਵਸਣਾ ਹੀ ਹੈ ਉਥੇ ਆ ਕੇ। ਜਦੋਂ ਨਾਮ ਵਸਿਆ -

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ*
*ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥*
*ਅੰਗ - ੬੪੯*

ਤੇ ਉਹਦੀ ਪਦਵੀ ਕਿੱਡੀ ਉਚੀ ਹੋ ਜਾਂਦੀ ਹੈ ਫੁਰਮਾਨ ਕਰਦੇ ਨੇ, ਦੁਨੀਆਦਾਰੀ ਦੇ ਪੈਮਾਨੇ ਨਾਲ -

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥*
*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥*
*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥*
*ਅੰਗ - ੭੦੭*

ਸਾਰੀ ਸ੍ਰਿਸ਼ਟੀ, ਸਾਰੀ ਕਾਇਨਾਤ ਤੇ ਹੁਕਮ ਚਲਦਾ ਹੈ।

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥*
*ਅੰਗ - ੧੮੬*

ਸੋ ਇਸ ਤਰ੍ਹਾਂ ਦੀ ਪਦਵੀ ਪ੍ਰਾਪਤ ਹੁੰਦੀ ਹੈ ਜਿਹਦੇ ਅੰਦਰ ਨਾਮ ਦਾ ਨਿਵਾਸ ਹੋ ਜਾਂਦਾ ਹੈ। ਸੋ ਖਾਲਸਾ ਜੋ ਹੈ ਉਹ ਨਾਮ ਦੇ ਨਿਵਾਸ ਵਾਲੀ ਸਥਿਤੀ ਨੂੰ ਖਾਲਸਾ ਕਹਿੰਦੇ ਨੇ। ਮਹਾਰਾਜ ਨੇ ਐਸਾ ਫੁਰਮਾਨ ਕੀਤਾ ਹੈ -

***ਪੂਰਨ ਜੋਤ ਜਗੈ ਘਟ ਮੈ***
***ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥***

ਐਵੇਂ ਤਾਂ ਨਹੀਂ ਬਣ ਜਾਂਦਾ, ਲਿਖ ਲਓ ਨਾਉਂ ਦੇ ਪਿਛੇ ਬ੍ਰਹਮਗਿਆਨੀ। ਖਾਲਸਾ ਲਿਖ ਲਓ। ਕਹਿੰਦੇ ਨੇ ਕਿ ਨਾਉਂ ਦੇ ਮਗਰ ਖਾਲਸਾ ਲਿਖ ਲਓ। ਉਹਨੂੰ ਪਤਾ ਹੀ ਨਹੀਂ ਕਿ ਖਾਲਸੇ ਦਾ ਆਦਰਸ਼ ਕੀ ਹੁੰਦਾ ਹੈ। ਗੱਲ ਨਹੀਂ ਸਮਝਦੇ। ਆਪ ਵੀ ਡੁਬਦੇ ਨੇ ਤੇ ਦੂਸਰਿਆਂ ਨੂੰ ਵੀ ਡੋਬ ਦਿੰਦੇ ਨੇ। ਬੜੀ ਮੁਸ਼ਕਲ ਹੋਈ ਹੋਈ ਹੈ। ਨਾ ਪੜ੍ਹਨਾ ਨਾ ਲਿਖਣਾ, ਨਾ ਕਮਾਈ ਕਰਨੀ, ਨਾ ਅੰਦਰਲੇ ਭੇਤਾਂ ਤੋਂ ਜਾਣੂੰ ਹੋਣਾ, ਲਿਖ ਲਓ ਜੀ ਖਾਲਸਾ, ਚਾਹੇ ਪੰਜਾਹ ਵਾਰੀ ਲਿਖ ਲੈ ਖਾਲਸਾ ਬਣ ਜਾਏਂਗਾ। ਖਾਲਸਾ ਤਾਂ ਬਣਨਾ ਹੀ ਉਦੋਂ ਹੈ ਜਿਸ ਵਕਤ ਆਤਮ ਰਸ ਦਾ ਰਸੀਆ ਬਣ ਜਾਏਂਗਾ।

***ਖ਼ਾਲਸਾ ਮੇਰੋ ਰੂਪ ਹੈ ਖ਼ਾਸ॥***
***ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥***

ਬਚਨ ਹੈ ਗੁਰੂ ਪਾਤਸ਼ਾਹ ਦਾ। ਜਿਹੜਾ ਐਨੀ **purity** ਦੇ ਵਿਚ ਹੋਏਗਾ ਉਹਦੇ ਵਿਚ ਮੇਰਾ ਨਿਵਾਸ ਹੋਏਗਾ। ਅਨੰਦਪੁਰ ਸਾਹਿਬ ਬਾਬਾ ਸੋਭਾ ਸਿੰਘ ਜੀ ਜੋ ਰਾੜੇ ਸਾਹਿਬ ਵਾਲੀ ਸੰਪਰਦਾ ਜਾਂ ਹੋਤੀ ਮਰਦਾਨ ਵਾਲੀ ਸੰਪਰਦਾ ਜਾਂ ਕੋਈ ਵੀ ਨਾਉਂ ਰੱਖ ਲਓ। ਇਹ ਇਕ ਚੇਨ ਚੱਲੀ ਆ ਰਹੀ ਹੈ ਮਹਾਤਮਾਵਾਂ ਦੀ। ਦੋ ਨੰਬਰ ਤੇ ਜਿਹੜੇ ਮਹਾਤਮਾ ਹੋਏ ਨੇ ਉਨ੍ਹਾਂ ਦਾ ਨਾਉਂ ਬਾਬਾ ਸੋਭਾ ਸਿੰਘ ਸੀ। ਗੁਰੂ ਮਹਾਰਾਜ ਦੇ ਚਰਨਾਂ 'ਚ ਹਾਜ਼ਰ ਹੋਏ ਕਹਿਣ ਲੱਗੇ ਪਾਤਸ਼ਾਹ! ਆਪ ਨੇ ਰੀਤ ਚਲਾ ਦਿਤੀ।

ਰਹਿਤ ਬਣਾ ਦਿਤੀ ਕਿ ਜੇ ਗੁਰਮੰਤ੍ਰ, ਮੂਲਮੰਤਰ ਲੈਣਾ ਹੈ ਤਾਂ ਪੰਜ ਪਿਆਰੇ ਦਿੰਦੇ ਨੇ। ਪਾਤਸ਼ਾਹ! ਮੈਂ ਤਾਂ ਆਪ ਤੋਂ ਗੁਰਮੰਤਰ ਲੈਣਾ ਹੈ, ਆਪ ਨੂੰ ਗੁਰੂ ਧਾਰਨ ਕਰਨਾ ਹੈ, ਕਹਿਣ ਲੱਗੇ, ਸੋਭਾ ਸਿੰਘ ਜੀ! ਇਹ ਓਸ ਵੇਲੇ ਤੱਕ ਬਿਲਕੁਲ ਠੀਕ ਸੀ ਤੁਹਾਡੇ ਧਾਰਨਾ ਮਨ ਦੀ, ਜਦੋਂ ਤੱਕ ਅਸੀਂ ਆਪਣੇ ਆਪ ਨੂੰ ਅਭੇਦ ਨਹੀਂ ਕਰਿਆ ਪੰਜਾਂ ਦੇ ਵਿਚ। ਹੁਣ ਮੈਂ ਇਕੱਲਾ ਕੁਛ ਨਹੀਂ ਹੈਗਾ ਤੇ ਮੈਂ ਜਿਹੜਾ ਆਪਣਾ ਆਪਾ ਹੈ ਉਹ ਪੰਜਾਂ ਦੇ ਵਿਚ ਸਮਾਅ ਦਿਤਾ ਤੇ ਹੁਣ ਤੁਸੀਂ ਭਾਈ ਦਇਆ ਸਿੰਘ ਜੀ ਤੋਂ ਜਾ ਕੇ ਬੇਨਤੀ ਕਰਕੇ ਅੰਮ੍ਰਿਤ ਛਕੋ। ਬ੍ਰਹਮਗਿਆਨ ਦੇ ਭੰਡਾਰ ਉਨ੍ਹਾਂ ਕੋਲ ਨੇ, ਸ਼ਬਦ ਸੁਰਤਿ ਮਾਰਗ ਦੇ ਭੰਡਾਰ ਉਨ੍ਹਾਂ ਨੂੰ ਬਖਸ਼ੇ ਨੇ ਰਿੱਧੀਆਂ ਸਿੱਧੀਆਂ ਵਿਚ ਪੂਰੇ। ਮੈਨੂੰ ਤੇ ਭਾਈ ਦਇਆ ਸਿੰਘ ਨੂੰ ਹੋਰ ਨਾ ਸਮਝੋ, ਤੁਸੀਂ ਜਾ ਕੇ ਉਨ੍ਹਾਂ ਤੋਂ ਅੰਮ੍ਰਿਤ ਛਕੋ। ਓਸ ਵੇਲੇ ਕਹਿਣ ਲੱਗੇ ਕਿ ਮੇਰੀ ਤਾਂ ਬੜੀ ਪ੍ਰਬਲ ਇੱਛਾ ਸੀ ਕਿ ਮੈਂ ਆਪ ਦੇ ਦਸਤ-ਏ-ਮੁਬਾਰਕ ਤੋਂ ਅੰਮ੍ਰਿਤ ਛਕਾਂ। ਕਹਿੰਦੇ ਮੈਂ ਜੋ ਬਚਨ ਕਰਿਆ ਹੈ ਉਹ ਯਥਾਰਥ ਹੈ। ਆਪਣਾ ਆਪ ਮੈਂ ਗੁਰਸਿੱਖਾਂ 'ਚ ਲੀਨ ਕਰ ਦਿਤਾ, ਹੁਣ ਮੈਂ ਕਿਵੇਂ ਵਾਪਸ ਲਵਾਂ, ਮੈਂ ਤਾਂ ਤੇਜ ਦੇ ਦਿਤਾ ਆਪਣਾ, ਸਾਰਾ ਖਾਲਸਾ ਨੂੰ।

***ਜਬ ਲਗ ਖ਼ਾਲਸਾ ਰਹੇ ਨਿਆਰਾ॥***
***ਤਬ ਲਗ ਤੇਜ ਦੀਉ ਮੈਂ ਸਾਰਾ॥***
***ਜਬ ਇਹ ਗਹੈ ਬਿਪਰਨ ਕੀ ਰੀਤ॥***
***ਮੈਂ ਨ ਕਰੋਂ ਇਨ ਕੀ ਪ੍ਰਤੀਤ॥***

ਮੈਂ ਤਾਂ ਆਪਣਾ ਆਪ ਸੌਂਪ ਦਿਤਾ, ਤੁਸੀਂ ਜਾਓ। ਬਾਬਾ ਸੋਭਾ ਸਿੰਘ ਜੀ ਨੇ ਭਾਈ ਦਇਆ ਸਿੰਘ ਜੀ ਤੋਂ ਜਾ ਕੇ ਅੰਮ੍ਰਿਤ ਛਕਿਆ। ਬ੍ਰਹਮਗਿਆਨ ਦੀ ਦਾਤ ਪ੍ਰਾਪਤ ਕੀਤੀ ਤੇ ਏਸ ਸੰਪਰਦਾ ਦੇ ਦੋ ਨੰਬਰ ਦੇ ਮਹਾਤਮਾ ਨੇ। ਬਾਬਾ ਸਾਹਿਬ ਸਿੰਘ ਜੀ ਊਨੇ ਵਾਲੇ ਪੂਰੇ ਦੀ ਤਲਾਸ਼ ਕਰ ਰਹੇ ਨੇ, ਮੈਂ ਪੂਰਿਆਂ ਤੋਂ ਅੰਮ੍ਰਿਤ ਛਕਣਾ ਹੈ। ਓਸ ਵੇਲੇ ਬਾਬਾ ਸੋਭਾ ਸਿੰਘ ਜੀ ਦੇ ਪਾਸ ਜਾਂਦੇ ਨੇ। ਬਾਬਾ ਸੋਭਾ ਸਿੰਘ ਜੀ ਕੋਲ ਬੇਨਤੀ ਕਰੀ ਕਿ ਬਾਬਾ ਜੀ! ਗੁਰੂ ਦਸ਼ਮੇਸ਼ ਪਿਤਾ ਦੇ ਰੂਹਾਨੀ ਭੰਡਾਰੇ ਆਪ ਦੇ ਹੱਥ ਵਿਚ ਪਹੁੰਚ ਚੁੱਕੇ ਨੇ, ਭਾਈ ਦਇਆ ਸਿੰਘ ਜੀ ਤੋਂ ਬਾਅਦ। ਕ੍ਰਿਪਾ ਕਰੋ ਹੁਣ ਮੈਨੂੰ ਉਹ ਭੰਡਾਰੇ ਬਖਸ਼ੋ। ਮੈਨੂੰ ਆਪਣਾ ਬਣਾਓ। ਓਸ ਵੇਲੇ ਬਾਬਾ ਸੋਭਾ ਸਿੰਘ ਜੀ ਨੇ ਬਾਬਾ ਸਾਹਿਬ ਸਿੰਘ ਜੀ ਊਨੇ ਵਾਲਿਆਂ ਨੂੰ ਗੁਰੂ ਨਾਨਕ ਪਾਤਸ਼ਾਹ ਤੋਂ 11ਵੀਂ ਬਿੰਦੀ ਵੰਸ ਨੂੰ ਅੰਮ੍ਰਿਤ ਛਕਾਇਆ ਸੀ। ਬਾਬਾ ਭਾਗ ਸਿੰਘ ਜੀ ਕੁਰੀ ਵਾਲੇ ਪੂਰੇ ਸਮਰੱਥ ਸਨ, ਗੁਰੂ ਧਾਰਨ ਤੋਂ ਪਹਿਲਾਂ। ਪਿਛਲੇ ਜਨਮ ਦੀ ਕਮਾਈ ਐਨੀ ਜ਼ਬਰਦਸਤ ਸੀ ਕਿ ਜਿਹਦੇ ਵਲ ਨੈਣ ਭਰ ਕੇ ਦੇਖ ਲੈਂਦੇ ਸੀ ਓਸ ਵੇਲੇ ਹੀ ਓਹਨੂੰ ਬਦਲ ਦਿੰਦੇ ਸੀ।

ਆਪ ਇਕ ਵਾਰੀ ਰਾਵਲਪਿੰਡੀ ਮੌਜ ਵਿਚ ਆਏ, 12-13 ਸਾਲ ਦੀ ਉਮਰ ਸੀ, ਲਟਬੌਰਿਆ ਜਿਹਾ ਕੇਸ ਖਿਲਰੇ ਹੋਏ, ਉਤੇ ਛੋਟੀ ਜਿਹੀ ਪਗੜੀ ਬੰਨ੍ਹੀ ਹੋਈ, ਤੇ ਚੋਲਾ ਪਾਇਆ ਹੋਇਆ। ਦਗ ਦਗ ਕਰਦਾ ਚਿਹਰਾ, ਨੇਤਰਾਂ ਦੇ ਵਿਚ ਲਾਲੀ, ਪਰ ਅਪਣੱਤ ਤੇ ਪਿਆਰ ਦੀ ਝਲਕ। ਡਰਾਉਣ ਵਾਲੀ ਨਹੀਂ ਪਿਆਰ ਵਾਲੀ। ਜਿਹਦੇ ਵਲ ਨੇਤਰ ਕਰਨ ਖਿਚਿਆ ਜਾਵੇ, ਆਪ ਇਕ ਨੌਜਵਾਨ ਵੇਸਵਾ ਦੇ ਕੋਲ ਚਲੇ ਗਏ। ਸਾਰੇ ਹੈਰਾਨ ਹੋ ਗਏ, ਕਹਿਣ ਲੱਗੇ ਬਾਬਾ, ਇਹ ਵੇਸਵਾਵਾਂ ਦੇ ਚੌਬਾਰੇ ਤੇ ਚੜ੍ਹ ਗਿਆ, ਦੇਖਣ ਨੂੰ ਤਾਂ ਬੜਾ ਚੰਗਾ ਸੀ, ਆਪ ਗਏ ਨੇ ਖੜ੍ਹੇ ਨੇ, ਵੇਸਵਾ ਨੇ ਦੇਖਿਆ, ਦੇਖਦੇ ਸਾਰ ਅੰਦਰ ਕੁਛ ਜਾਗਣਾ ਸ਼ੁਰੂ ਹੋ ਗਿਆ। ਪਾਪ ਉਡ ਗਏ, ਨਿਰਮਲਤਾ ਆ ਗਈ, ਆ ਕੇ ਬਾਬਾ ਜੀ ਦੇ ਚਰਨਾਂ ਤੇ ਨਮਸਕਾਰ ਕਰ ਦਿਤੀ। ਕਹਿੰਦੀ, ਬਾਬਾ! ਮੇਰੀ ਸੁੱਤੀ ਹੋਈ ਆਤਮਾ ਤੂੰ ਜਗਾ ਦਿਤੀ। ਅੱਜ ਤੂੰ ਏਸ ਚੁਬਾਰੇ ਵਿਚ, ਪਾਪ ਦੇ ਮੰਦਰ ਵਿਚ ਆ ਗਿਆ, ਕੋਈ ਮੇਰੇ ਭਾਗ ਜਾਗ ਪਏ। ਮੈਂ ਸੁਣਦੀ ਸੀ ਕਹਾਣੀ ਕਿ ਇਕ ਗਨਕਾ ਹੋਈ ਹੈ ਕੋਈ, ਉਹਦੇ ਕੋਲ ਵੀ ਕੋਈ ਸਾਧੂ ਆਇਆ ਸੀ ਉਹਨੇ ਤੋਤਾ ਦਿਤਾ ਸੀ, ਕਹਿਣ ਲੱਗੇ, ਮੈਨੂੰ ਵੀ ਕੁਛ ਐਸੀ ਚੀਜ਼ ਦੇ ਜਾ, ਜਿਹਦੇ ਨਾਲ ਮੇਰਾ ਭੀ ਉਧਾਰ ਹੋ ਜਾਏ। ਕਹਿਣ ਲੱਗੇ, ਬੀਬਾ! ਤੈਨੂੰ ਮੰਤਰ ਦੇ ਦਿੰਦੇ ਹਾਂ ਗੁਰੂ ਦਾ। ਮੂਲਮੰਤ੍ਰ ਦੇ ਦਿੰਦੇ ਹਾਂ, ਤੂੰ ਜਾਪ ਕਰੀਂ, ਅੱਜ ਤੋਂ ਬਾਅਦ ਇਕੱਲੀ ਨਾ ਕਰੀ, ਜਿੰਨੇ ਤੇਰੇ ਗਾਹਕ ਨੇ ਸਾਰਿਆਂ ਨੂੰ ਏਸ ਪਾਸੇ ਲਾ ਲਈਂ। ਕਿੱਡੀ ਵੱਡੀ ਮਸ਼ਹੂਰ ਹੋਈ ਉਹ। ਪਰਮਪਦ ਦੀ ਪ੍ਰਾਪਤੀ ਬਾਬਿਆਂ ਤੋਂ ਹੋਈ। ਲੇਕਿਨ ਓਦੋਂ ਤੱਕ ਬਾਬਿਆਂ ਨੂੰ ਗੁਰੂ ਨਹੀਂ ਸੀ ਮਿਲਿਆ, ਜਾ ਕੇ ਬਾਬਾ ਸਾਹਿਬ ਸਿੰਘ ਜੀ ਦੇ ਕੋਲ ਬੇਨਤੀ ਕਰੀ, ਕਹਿੰਦੇ ਭਾਗ ਸਿੰਘਾ! ਤੇਰਾ ਤਾਂ ਅਸੀਂ ਇੰਤਜ਼ਾਰ ਬਹੁਤ ਦੇਰ ਤੋਂ ਕਰ ਰਹੇ ਹਾਂ, ਤੈਨੂੰ ਅਸੀਂ ਟੋਲ੍ਹਦੇ ਫਿਰਦੇ ਸੀ ਕਿ ਭਾਗ ਸਿੰਘ ਕਿੱਥੇ ਲੁੱਕ ਗਿਆ, ਆਹ ਅੱਜ ਤੈਨੂੰ ਭੰਡਾਰੇ ਸੰਭਾਲੀਏ ਗੁਰੂ ਨਾਨਕ ਦੇ। ਅੰਮ੍ਰਿਤ ਦੀ ਦਾਤ ਦਿਤੀ, ਬ੍ਰਹਮਗਿਆਨ ਦੀ ਦਾਤ ਦਿਤੀ, ਸਬਦਿ ਸੁਰਤਿ ਮਾਰਗ ਦੀ ਸੋਝੀ ਦਿਤੀ, ਅੰਦਰਲੀ ਲਿਵ ਦੀ ਸੋਝੀ ਦਿਤੀ ਤੇ ਪੂਰਨ ਪੁਰਖ ਬਣਾ ਦਿਤੇ। ਬਾਬਾ ਬੀਰ ਸਿੰਘ ਜੀ ਚਰਨਾਂ 'ਚ ਆਉਂਦੇ ਨੇ ਬਾਬਾ ਸਾਹਿਬ ਸਿੰਘ ਦੇ, ਉਹ ਕਹਿੰਦੇ ਬੀਰ ਸਿੰਘਾ! ਤੇਰਾ ਥਾਂ, ਤੇਰੀ ਅਮਾਨਤ ਮੈਂ ਮੈਂ ਸੰਭਾਲ ਕੇ ਰੱਖੀ ਹੋਈ ਹੈ ਉਹ ਬਾਬਾ ਭਾਗ ਸਿੰਘ ਤੋਂ ਉਨ੍ਹਾਂ ਨੂੰ ਮੈਂ ਫੜਾ ਦਿਤੀ ਹੈ ਤੂੰ ਉਨ੍ਹਾਂ ਤੋਂ ਜਾ ਕੇ ਲੈ ਲੈ। ਬਾਬਾ ਭਾਗ ਸਿੰਘ ਜੀ ਨੇ ਬ੍ਰਹਮਗਿਆਨ ਦੀ ਦਾਤ ਦਿਤੀ ਬਾਬਾ ਬੀਰ ਸਿੰਘ ਜੀ ਨੂੰ। ਬਾਬਾ ਬੀਰ ਸਿੰਘ ਜੀ ਨੇ ਬਾਬਾ ਮਹਾਰਾਜ ਸਿੰਘ ਜੀ ਨੂੰ। ਇਸ ਤਰ੍ਹਾਂ ਦੇ ਨਾਲ ਲੜੀ ਚਲੀ ਆਉਂਦੀ ਹੈ, ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ। ਸੋ ਓਹੀ

ਅੰਮ੍ਰਿਤ ਜਿਹੜਾ ਹੈ ਉਹ ਪ੍ਰਗਟ ਹੋਇਆ ਹੋਇਆ ਹੈ ਅੰਮ੍ਰਿਤ। ਸਾਨੂੰ ਏਸ ਗੱਲ ਦੀ ਸੋਝੀ ਨਹੀਂ ਆਉਂਦੀ ਕਿ ਅੰਮ੍ਰਿਤ ਹੋਇਆ, ਅੰਮ੍ਰਿਤ ਦੀ ਗੱਲ ਬਾਤ ਬਹੁਤ ਚਲਦੀ ਹੈ, ਗੁਰੂ ਨਾਨਕ ਐਸ ਤਰ੍ਹਾਂ ਨਾਲ ਫੁਰਮਾਉਂਦੇ ਨੇ -

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥ ਅੰਗ - ੫੩੮*

ਮਿਲਦਾ ਕਿੱਥੋਂ ਹੈ? ਗੁਰਮਤਿ ਧਾਰਨ ਕਰਨ ਦੇ ਨਾਲ ਇਹ ਅੰਮ੍ਰਿਤ ਮਿਲਦਾ ਹੈ।

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ ॥ ਅੰਗ - ੯੧੮*

ਜਿਹਨੂੰ ਦੇਵਤਾ ਖੋਜਦੇ ਫਿਰਦੇ ਨੇ, ਉਹ ਅੰਮ੍ਰਿਤ ਹੈ ਕਿੱਥੇ? ਅਲੱਗ-ਅਲੱਗ ਥਾਵਾਂ ਤੇ ਅੰਦਾਜ਼ੇ ਲਾਏ। ਜਿਹੜਾ ਅਮਰ ਕਰ ਦੇਵੇ, ਉਹ ਹੈ ਕਿੱਥੇ? ਮਹਾਰਾਜ ਕਹਿੰਦੇ ਅੰਮ੍ਰਿਤ ਤੇਰੇ ਅੰਦਰ ਹੈ, ਮਨ ਵਿਚ ਹੈ। ਮਨ ਕੀ ਹੈ, ਚਿੱਤ, ਬੁੱਧ ਅੰਤਸ਼ਕਰਣ, ਮੈਂ। ਕਹਿੰਦੇ ਇਸ ਸਰੀਰ ਦੇ ਅੰਦਰ ਅੰਮ੍ਰਿਤ ਦਾ ਕੁੰਡ ਭਰਿਆ ਪਿਆ ਹੈ।

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ - ੨੯੩*

ਨਿਸ਼ਾਨੀ ਕੀ ਹੋਏਗੀ? ਕਹਿੰਦੇ -

*ਸੁੰਨ ਸਮਾਧਿ ਅਨਹਤ ਤਹ ਨਾਦ॥ ਅੰਗ-੨੯੩*

ਉਥੇ ਕੋਈ ਫੁਰਨਾ ਨਹੀਂ ਆਉਂਦਾ ਹੋਏਗਾ, ਜਿਥੇ ਫੁਰਨਾ ਖਤਮ ਹੋ ਜਾਵੇ, ਮਨੋ ਨਾਸ਼ ਹੋ ਜਾਵੇ, ਵਾਸ਼ਨਾ ਖ੍ਹੈ ਹੋ ਜਾਵੇ, ਤੱਤ ਗਿਆਨ ਦਾ ਝਲਕਾਰਾ ਵੱਜ ਜਾਵੇ, ਕਹਿੰਦੇ ਉਥੇ ਅੰਮ੍ਰਿਤ ਹੈ। ਉਥੇ ਆਤਮਕ ਸੰਗੀਤ ਦੀ ਧੁਨ ਚਲ ਰਹੀ ਹੈ ਜਿਸ ਥਾਂ ਦੇ ਉਤੇ ਅੰਮ੍ਰਿਤ ਦਾ ਭੰਡਾਰਾ ਹੈ। ਕਹਿੰਦੇ ਉਥੇ ਸਰੀਰ ਦੇ ਉਤੇ ਕੀ ਪ੍ਰਭਾਵ ਪਏਗਾ? ਮਹਾਰਾਜ ਕਹਿੰਦੇ, ਐਨਾ ਪ੍ਰਭਾਵ ਪੈ ਜਾਏਗਾ-

*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਅੰਗ - ੨੯੩*

ਐਸਾ ਅਚਰਜ ਬਿਸਮਾਦ ਅਨੰਦ ਹੋਏਗਾ ਕਿ ਕਿਹਾ ਨਹੀਂ ਜਾ ਸਕਦਾ। ਕਹਿੰਦੇ ਉਹ ਅੰਮ੍ਰਿਤ ਅੰਦਰ ਪਿਆ ਹੈ।

ਜਦੋਂ ਗੁਰੂ ਦੀ ਕ੍ਰਿਪਾ ਦੇ ਨਾਲ ਮਨ ਦੇ ਵਿਚ ਅੰਮ੍ਰਿਤ ਦੀ ਸਾਨੂੰ ਪ੍ਰਾਪਤੀ ਹੋ ਗਈ, ਕਹਿੰਦੇ ਪਿਆਰ ਦੇ ਨਾਲ ਉਨ੍ਹਾਂ ਨੇ ਹੀ ਪੀਤਾ ਹੈ ਜਿਨ੍ਹਾਂ ਦੇ ਮਸਤਕ ਦੇ ਵਿਚ ਦਰਗਾਹ ਵਿਚ ਲੇਖ ਲਿਖਿਆ ਗਿਆ। ਦੂਜੇ ਦੇ ਹਿੱਸੇ ਵਿਚ ਨਹੀਂ ਆਉਂਦਾ। ਜਿਸ ਥਾਂ ਤੇ ਅੰਮ੍ਰਿਤ ਸੁਰਖਿਸ਼ਤ ਰੱਖਿਆ ਹੋਇਆ ਹੈ, ਉਥੇ ਦਰਵਾਜ਼ਾ ਬੰਦ ਹੈ। ਉਹ ਦਰਵਾਜ਼ਾ ਬੰਦ ਹੈ ਖੁਲ੍ਹਦਾ ਨਹੀਂ ਹੈ। ਲੇਕਿਨ ਖੋਲ੍ਹਦਾ ਕੌਣ ਹੈ ਪ੍ਰਮੇਸ਼ਰ ਦਇਆ ਕਰਕੇ ਖੋਲ੍ਹ ਦਿੰਦਾ ਹੈ। ਤ੍ਰਿਸ਼ਨਾ ਦੀ ਅੱਗ ਬੁਝ ਜਾਂਦੀ ਹੈ।

ਅਮਰ ਪਦਵੀ ਮਿਲ ਗਈ ਮੁੜ ਕੇ ਜੰਮਣ ਮਰਣ ਦਾ ਚੱਕਰ ਛੁਟ ਗਿਆ। ਬੜੀ ਵੱਡੀ ਚੀਜ਼ ਹੈ ਸਾਧਸੰਗ ਜੀ ਜੇ ਕਿਸੇ ਦੇ ਹਿੱਸੇ 'ਚ ਆ ਜਾਵੇ, ਉਹਨੂੰ ਨਾਮ ਕਹਿੰਦੇ ਨੇ। ਉਥੇ ਤੱਕ ਪਹੁੰਚਣ ਦਾ ਰਸਤਾ ਕੀ ਹੈ? ਪਹਿਲਾਂ ਗੁਰੂ ਦਾ ਸ਼ਬਦ ਪਹੁੰਚਾਉਂਦਾ ਹੈ, ਗੁਰੂ ਤੋਂ ਸ਼ਬਦ ਪ੍ਰਾਪਤ ਕਰੋ, ਗੁਰੂ ਘਰ ਦੇ ਅੰਦਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਦੇ ਅੰਦਰ ਗੁਰੂ ਦੀ ਮੱਤ ਦੇ ਅਨੁਸਾਰੀ ਪੰਜ ਗੁਰਸਿੱਖ ਕਰਨੀ ਕਮਾਈ ਵਾਲੇ ਜਿਨ੍ਹਾਂ ਵਿਚ ਮੈਂ ਅਲੋਪ ਹੋ ਗਈ, ਨਿੰਦਿਆ ਅਲੋਪ ਹੋ ਗਈ, ਚਿੰਤਾ ਉਨ੍ਹਾਂ ਦੇ ਮਨ ਵਿਚ ਨਹੀਂ ਆਉਂਦੀ, ਕ੍ਰੋਧ ਦੇ ਉਹ ਵਸੀਭੂਤ ਨਹੀਂ ਉਹ ਹੁੰਦੇ। ਲੋਭ ਉਨ੍ਹਾਂ ਦੇ ਨੇੜੇ ਤੇੜੇ ਨਹੀਂ ਲੰਘਦਾ। ਟੋਲ੍ਹ ਲਓ ਐਹੋ ਜਿਹੇ ਤਾਂ ਲੱਭਦੇ ਹੀ ਨਹੀਂ, ਬੜੀ ਮੁਸ਼ਕਲ ਹੈ। ਪਰ ਜੇ ਲੱਭ ਜਾਣ ਕਿਸੇ ਦੀ ਕਿਸਮਤ ਹੋਵੇ, ਤਾਂ ਅਸਰ ਕੀ ਹੁੰਦਾ ਹੈ?

ਮੈਂ ਕਈ ਵਾਰੀ ਦੱਸਿਆ ਹੈ ਕਿ ਅੰਮ੍ਰਿਤ ਦਾ ਅਸਰ ਕਿੰਨਾ ਜ਼ਬਰਦਸਤ ਹੋਇਆ ਕਰਦਾ ਹੈ।

ਬਾਪੂ ਜੀ ਅੰਮ੍ਰਿਤ ਛਕਾਉਂਦੇ ਸੀ, ਖਾਲਸਾ ਸਕੂਲ ਲੁਧਿਆਣਾ, ਆਪ ਨੇ ਅੰਮ੍ਰਿਤ ਛਕਾ ਕੇ ਜਦੋਂ ਨੇਤਰਾਂ 'ਚ ਨੇਤਰ ਕਰਕੇ ਛਿੱਟਾ ਮਾਰਿਆ ਤਾਂ ਬੱਚੇ ਦੀ ਸੁਰਤ ਚੜ੍ਹ ਗਈ, 56 ਘੰਟੇ ਸੁਰਤ ਹੀ ਨਾ ਹੇਠਾਂ ਆਈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਸੀ, ਕਹਿਣ ਲੱਗੇ ਹੁਣ ਕੀ ਹੋਏਗਾ। 56 ਘੰਟੇ ਤਾਂ ਇਹਨੇ ਥੱਲੇ ਉਤਰਨਾ ਨਹੀਂ, ਫੇਰ ਉਤਰੇਗੀ।

ਸੋ ਇਹ ਕਰਨੀ ਕਮਾਈ ਦੇ ਹਿਸਾਬ ਵਾਲੀ ਬਾਤ ਹੋਇਆ ਕਰਦੀ ਹੈ। ਐਸੇ ਪੰਜ ਮਿਲ ਜਾਣ ਜਿਨ੍ਹਾਂ ਦਾ ਗੁਰੂ ਨਾਲ ਪਿਆਰ ਹੋਵੇ। ਐਥੇ ਅਸੀਂ ਭੁੱਲ ਕਰ ਜਾਂਦੇ ਹਾਂ, ਨਿੰਦਿਆ ਕਰਨ ਵਾਲੇ, ਚੁਗਲੀਆਂ ਕਰਨ ਵਾਲੇ, ਈਰਖਾ ਕਰਨ ਵਾਲੇ ਕਹਿੰਦੇ ਨੇ ਪੰਜ ਪਿਆਰੇ ਛਾਂਟ ਲਓ ਜੀ। ਅਜੇ ਬਹੁਤ ਸਾਰੀਆਂ ਸੰਪਰਦਾਵਾਂ ਐਸੀਆਂ ਨੇ ਜਿੱਥੇ ਬੜੀ ਸਾਵਧਾਨੀ ਵਰਤੀ ਜਾਂਦੀ, ਪਹਿਲਾ ਨਿਸ਼ਚਾ ਸੰਗਤ ਨੂੰ ਆਉਂਦਾ ਹੈ ਕਿ ਇਹ ਪੰਜ ਪਿਆਰੇ ਨੇ। ਉਹ ਪੰਜ ਪਿਆਰਿਆਂ ਦੇ ਅੰਦਰ ਜਦੋਂ ਸੰਗਤ ਨੇ ਪ੍ਰਵਾਨਗੀ ਦੇ ਦਿਤੀ ਫੇਰ ਗੁਰੂ ਵਰਤਦਾ ਹੈ ਉਨ੍ਹਾਂ ਦੇ ਵਿਚ। ਹੁੰਦਾ ਤਾਂ ਪਹਿਲਾਂ ਹੀ ਹੈ। ਪਰ ਇਕ ਰਸ ਸਾਰਿਆਂ ਦੇ ਅੰਦਰ, ਇਕ ਤਾਰ ਹੋ ਕੇ, ਇਕ ਸਰੀਰ ਬਣ ਜਾਂਦਾ ਹੈ ਗੁਰੂ ਦਾ। ਉਹ ਜਿਸ ਵਕਤ ਪਾਹੁਲ ਤਿਆਰ ਕਰਦੇ ਨੇ, ਉਹਦੇ ਨਾਲ ਮੂਲਮੰਤ੍ਰ ਗੁਰਮੰਤ੍ਰ ਦਿੰਦੇ ਨੇ। ਨਾਮ ਦੀ ਜੜ੍ਹ ਅੰਦਰ ਲਗ ਜਾਂਦੀ ਹੈ। ਸ਼ਬਦ ਦਿੰਦੇ ਨੇ ਗੁਰੂ ਦਾ। ਉਹਦੀ ਜੜ੍ਹ ਅੰਦਰ ਲਗ ਜਾਂਦੀ ਹੈ, ਨਹੀਂ ਲੱਗਿਆ ਨਹੀਂ ਕਰਦੀ। ਜਿਵੇਂ ਬੋਹੜ ਦਾ ਦਰਖਤ ਹੈ ਇਹਨੂੰ ਚਾਹੇ ਰੂੜੀ ਵਿਚ ਬੀਜ ਦਿਓ ਨਹੀਂ ਹਰਾ ਹੁੰਦਾ। ਜਾਨਵਰ ਦੇ ਪੇਟ ਵਿਚ ਹੀ ਹੋ ਕੇ ਢਲ ਕੇ ਜਿਸ ਵਕਤ

ਇਹ ਆਉਂਦਾ ਹੈ, ਮਾੜੀ ਜਿਹੀ ਗੱਲ ਮਿਲ ਜਾਵੇ, ਉਥੇ ਹੀ ਹਰਾ ਹੋ ਜਾਂਦਾ ਹੈ ਫੇਰ ਇਹਦੀ ਜੜ੍ਹ ਲਗ ਜਾਇਆ ਕਰਦੀ ਹੈ। ਜਿਸ ਤਰ੍ਹਾਂ ਇਹਦੀ ਜੜ੍ਹ ਲਗਦੀ ਹੈ, ਇਸੇ ਤਰ੍ਹਾਂ ਕਮਾਏ ਹੋਏ ਹਿਰਦੇ ਦੇ ਵਿਚੋਂ ਸ਼ਬਦ ਦੀ ਧੁਨ ਕੰਨਾਂ ਦੇ ਰਾਹੀਂ ਜਦੋਂ ਸਾਡੇ ਹਿਰਦੇ 'ਚ ਪਹੁੰਚੇਗੀ। ਉਸੇ ਵੇਲੇ ਨਾਮ ਦੀ ਧੁਨ ਅੰਦਰ ਚਲਣੀ ਸ਼ੁਰੂ ਹੋ ਜਾਏਗੀ। ਇਹ ਨਿਸ਼ਾਨੀ ਹੈ ਕਿ ਅੰਮ੍ਰਿਤ ਮਿਲ ਗਿਆ, ਮੈਨੂੰ ਸ਼ਬਦ ਮਿਲ ਗਿਆ। ਹੁਣ ਸ਼ਬਦ ਦੇ ਨਾਲ ਮੈਂ ਜਿਹੜੇ ਬਜਰ ਕਪਾਟ ਲੱਗੇ ਹੋਏ ਨੇ, ਵੱਡੇ ਅੰਮ੍ਰਿਤ ਦੇ ਖਜ਼ਾਨੇ ਦੇ ਅੱਗੇ, ਕੁੰਡ ਦੇ ਅੱਗੇ, ਉਹ ਮੈਂ ਕਪਾਟ ਦੂਰ ਕਰਨੇ ਨੇ। ਕਪਾਟ ਦੂਰ ਕਰਨ ਵਾਸਤੇ ਜੋ ਮਰਿਆਦਾ ਹੈ, ਉਹਦੇ ਬਾਰੇ ਫੁਰਮਾਨ ਹੈ –

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ ॥ ਅੰਗ – ੨੦੫*

ਕਿਉਂਕਿ ਚਾਬੀ ਗੁਰੂ ਦੇ ਕੋਲ ਹੈ ਗੁਰੂ ਨੇ ਆਪਣੀ ਅਮਾਨਤ ਪੰਜ ਪਿਆਰਿਆਂ ਨੂੰ ਸਉਂਪ ਦਿਤੀ, ਜਿਹੜਾ ਸੌਂਕ ਦੇ ਨਾਲ ਆਏਗਾ, ਤੁਸੀਂ ਉਹਨੂੰ ਇਹ ਚਾਬੀ ਦੇ ਦਿਓ, ਅੰਮ੍ਰਿਤ ਦੇ ਕੁੰਡ ਤੱਕ ਉਹ ਪਹੁੰਚ ਜਾਏਗਾ, ਕਿਉਂਕਿ ਰਸਤੇ ਦੇ ਵਿਚ ਬਹੁਤ ਕਰੜੇ ਦਰਵਾਜ਼ੇ ਨੇ, ਜਿਹੜੇ ਬੰਦ ਕਰੇ ਹੋਏ ਨੇ ਉਹਦੀ ਰਾਖੀ ਵਾਸਤੇ।

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ ॥ ੧ ॥*
*ਅੰਦਰਿ ਕੋਟ ਛਜੇ ਹਟਨਾਲੇ ॥*
*ਆਪੇ ਲੇਵੈ ਵਸਤੁ ਸਮਾਲੇ ॥*
*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ ॥ ੨ ॥*
*ਭੀਤਰਿ ਕੋਟ ਗੁਫਾ ਘਰ ਜਾਈ ॥*
*ਨਉ ਘਰ ਥਾਪੇ ਹੁਕਮਿ ਰਜਾਈ ॥*
*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ ॥ ਅੰਗ – ੧੦੩੩*

ਜਦੋਂ ਪੰਜ ਪਿਆਰਿਆਂ ਨੇ ਸ਼ਬਦ ਦੇ ਦਿਤਾ ਨਾ ਗੁਰੂ ਦਾ, ਓਸ ਵੇਲੇ ਬਜਰ ਕਪਾਟ ਖੁਲ੍ਹ ਜਾਂਦੇ ਨੇ। ਫੇਰ ਕੀ ਹੁੰਦਾ ਹੈ? ਅਗਲਾ ਸਫਰ ਸ਼ੁਰੂ ਹੁੰਦਾ ਹੈ –

*ਭੀਤਰਿ ਕੋਟ ਗੁਫਾ ਘਰ ਜਾਈ ॥*
*ਨਉ ਘਰ ਥਾਪੇ ਹੁਕਮਿ ਰਜਾਈ ॥*
*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ ॥ ਅੰਗ – ੧੦੩੩*

ਅੱਖਾਂ, ਕੰਨ, ਨੱਕ ਇਹ ਨੌਵੇਂ ਦਰਵਾਜ਼ੇ ਥਾਪ ਦਿਤੇ, ਹੁਣ ਨਹੀਂ ਇਹ ਆਪਣੀ ਮਰਜ਼ੀ ਕਰਦੇ, ਵਸ ਵਿਚ ਆ ਗਏ। ਅੱਖਾਂ ਨਹੀਂ ਦੇਖਦੀਆਂ –

*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਅੰਗ – ੨੭੪*

*ਨੀਚੇ ਲੋਇਨ ਕਿਉ ਕਰਉ*
*ਸਭ ਘਟ ਦੇਖਉ ਪੀਉ॥ ਅੰਗ – ੧੩੭੭*

ਠਾਕੀਆਂ ਗਈਆਂ ਨਾ ਅੱਖਾਂ, ਹੁਣ ਵਾਹਿਗੁਰੂ ਹੀ ਦਿਸਦਾ ਹੈ ਸਾਰੇ। ਸ਼ਬਦ ਸੁਣਦਾ ਹੈ, ਨਾਮ ਹੀ ਸੁਣਦਾ ਹੈ –

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥*
*ਅੰਗ – ੧੨੬੫*
*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ॥*
*ਅੰਗ – ੧੪੨੦*

ਕਿਉਂ ਠਾਕ ਦਿਤੇ, ਹੁਣ ਇਹ ਪ੍ਰਮੇਸ਼ਰ ਨੂੰ ਅਨੁਭਵ ਕਰਦੀ ਹੈ। ਰਸਨਾ ਜਿਹੜੀ ਹੈ ਰਸ ਨਾਲ ਭਰ ਜਾਂਦੀ ਹੈ, ਹੁਣ ਉਹ ਕੁਰਸ ਨਹੀਂ ਚਾਹੁੰਦੀ। ਛੱਡ ਦਿੰਦੀ ਹੈ ਸਾਰੇ ਰਸ ਵਿਸਰ ਗਏ ਜਿਹੜੇ ਕੁਰਸ ਸੀਗੇ। ਅਸਲੀ ਰਸ ਪ੍ਰਾਪਤ ਹੋ ਗਿਆ। ਨਾਸਕਾ ਦੇ ਅੰਦਰ ਦਿਬਯ ਸੁਗੰਧੀ ਪੈਦਾ ਹੋ ਗਈ। ਸਪਰਸ਼ ਦੇ ਅੰਦਰ ਦਿਬਯ ਸਪਰਸ਼ ਪੈਦਾ ਹੋ ਗਿਆ। ਇਹ ਸਾਰੇ ਹੀ ਦਰਵਾਜ਼ੇ ਜਿਹੜੇ ਸੀ ਠਾਕੇ ਗਏ। ਹੁਣ ਅੱਗੇ ਚੱਲਣ ਨੂੰ ਰਾਹ ਮਿਲ ਗਿਆ। ਕਿਉਂਕਿ ਇਹੀ ਦੁਖੀ ਕਰਦੇ ਸੀ।

*ਨਉ ਘਰ ਦੇਖਿ ਜੁ ਕਾਮਨਿ ਭੂਲੀ*
*ਬਸਤੁ ਅਨੂਪ ਨ ਪਾਈ ॥*
*ਕਹਤੁ ਕਬੀਰ ਨਵੈ ਘਰ ਮੂਸੇ*
*ਦਸਵੈਂ ਤਤੁ ਸਮਾਈ ॥ ਅੰਗ – ੩੩੯*

ਹੁਣ ਸਫਰ ਸ਼ੁਰੂ ਹੋ ਗਿਆ, ਦਰਵਾਜ਼ਾ ਖੁਲ੍ਹ ਗਿਆ, ਅੰਦਰ ਚਲਿਆ ਗਿਆ, ਨਉ ਜਿਹੜੇ ਦਰਵਾਜ਼ੇ ਸੀ ਠਾਕੇ ਗਏ। ਹੁਣ ਪਹੁੰਚ ਗਿਆ ਨੇੜੇ –

*ਨਉ ਘਰ ਥਾਪੇ ਹੁਕਮਿ ਰਜਾਈ ॥*
*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ ॥ ਅੰਗ – ੧੦੩੩*

ਦੁਨੀਆਂ ਦਾ ਮਾਲਕ ਅੰਦਰ ਬੈਠਾ ਹੈ। ਪਾਰਾਵਾਰ ਤੋਂ ਰਹਿਤ। ਕਿਉਂਕਿ ਪਰਵਾਨਾ ਮਿਲ ਗਿਆ ਏਸ ਜੀਵ ਨੂੰ। ਦਾਖਲਾ ਮਿਲ ਗਿਆ। ਉਹ ਦਾਖਲਾ ਦਿਖਾਉਂਦਾ ਹੈ ਪ੍ਰਮੇਸ਼ਰ ਨੂੰ, ਪ੍ਰਮੇਸ਼ਰ ਨੇ ਦੇਖ ਲਿਆ ਕਿ ਗੁਰੂ ਨੇ ਇਹਨੂੰ ਚਾਬੀ ਦੇ ਦਿਤੀ, ਹੁਣ ਮੈਂ ਇਹਨੂੰ ਮੇਲ ਲਵਾਂ। ਫੇਰ ਆਪਣੇ ਆਪ ਹੀ ਇਹਨੂੰ ਮੇਲ ਲੈਂਦਾ ਹੈ। ਸੋ ਅੰਮ੍ਰਿਤ ਦੀ ਆਹ ਜੋ ਥਿਊਰੀ ਹੈ, ਗੁਰੂ ਦਸ਼ਮੇਸ਼ ਪਿਤਾ ਨੇ ਅੰਮ੍ਰਿਤ ਦੀ ਲਿਆਂਦੀ ਤੇ ਸਦਾ ਹੀ ਗੁਰੂ ਦੀ ਜੋਤ ਕਾਇਮ ਰਹਿਣੀ ਹੈ, ਪੰਜਾਂ ਦੇ ਅੰਦਰ। ਸੋ ਵਿਸਾਖੀ ਵਾਲਾ ਦਿਨ ਏਸ ਦਿਨ ਸੰਸਾਰ ਨੂੰ ਨਵੀਂ ਸੋਚ, ਨਵੀਂ

ਥਿਊਰੀ, ਨਰੋਈ ਚੀਜ਼ ਦਿਤੀ ਹੈ ਤੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੋ ਅਕਾਲ ਪੁਰਖ ਦੀ ਆਪਣੀ ਬਾਣੀ, ਆਪਣਾ ਸ਼ਬਦ, ਆਪਣਾ ਕਾਨੂੰਨ ਹੈ, ਆਪ ਵਿਚੋਂ ਨਿਕਲ ਗਏ, ਉਨ੍ਹਾਂ ਦੇ ਲੜ ਲਾ ਦਿਤਾ। ਹੁਣ ਸਿੱਖਾ ਤੂੰ ਜਾਣ, ਤੈਨੂੰ ਮੈਂ ਬਣਾ ਦਿਤਾ –

***ਵਾਹਿਗੁਰੂ ਜੀ ਕਾ ਖਾਲਸਾ***

ਤੈਨੂੰ ਮੈਂ ਵਾਹਿਗੁਰੂ ਜੀ ਕਾ ਬਣਾ ਦਿਤਾ। ਹੁਣ ਵਾਹਿਗੁਰੂ ਜੀ ਦੀ ਕਦੇ ਹਾਰ ਨਹੀਂ ਕਦੇ ਹੋਈ, ਏਸ ਕਰਕੇ –

***ਵਾਹਿਗੁਰੂ ਜੀ ਕੀ ਫਤਹਿ***

ਏਸ ਤਰ੍ਹਾਂ ਤੂੰ ਚੜ੍ਹਦੀ ਕਲਾ 'ਚ ਜੀਵਨ ਬਤੀਤ ਕਰੀਂ, ਢਹਿੰਦੀ ਕਲਾ 'ਚ ਨਾ ਆਈਂ, ਉਦਾਸ ਨਾ ਹੋਈ, ਚਿੰਤਾ 'ਚ ਨਾ ਆਈਂ, ਪਿਆਰਿਆ! ਮੈਂ ਤੈਨੂੰ ਤੇਜ ਦੇ ਦਿਤਾ –

***ਜਬ ਲਗ ਰਹੇ ਨਿਆਰਾ॥***
***ਤਬ ਲਗ ਤੇਜ ਦੀਉ ਮੈਂ ਸਾਰਾ॥***

ਜੇ ਕਿਤੇ ਇਹ ਕਰ ਰਿਹਾ ਹੈ ਬੁਰਕਾ ਸ਼ੇਰ ਦਾ ਤੇ ਅੰਦਰ ਗਧਾ ਬੋਲਦਾ ਹੈ ਤਾਂ ਫੇਰ ਤੇਰੇ ਤੇ ਲੋਕ ਛੱਟ ਪਾ ਲੈਣਗੇ, ਐਵੇਂ ਭੇਖੀ ਤੁਰਿਆ ਫਿਰਦਾ ਹੈ। ਡਰਾਈਂ ਨਾ ਲੋਕਾਂ ਨੂੰ, ਭੈ ਦੇਣਾ ਸਾਡਾ ਕੰਮ ਨਹੀਂ –

***ਭੈ ਕਾਹੂ ਕਉ ਦੇਤ ਨਹਿ***
***ਨਹਿ ਭੈ ਮਾਨਤ ਆਨ ॥***
***ਕਹੁ ਨਾਨਕ ਸੁਨਿ ਰੇ ਮਨਾ***
***ਗਿਆਨੀ ਤਾਹਿ ਬਖਾਨਿ॥ ਅੰਗ – ੧੪੨੭***

ਪਿਆਰ ਨਾਲ ਵਰਤੀਂ, ਜਿਹਨੂੰ ਤੂੰ ਮਿਲਣਾ ਚਾਹੁੰਦਾ ਹੈਂ ਉਹਦੇ ਮਿਲਣ ਦੀ ਕੁੰਜੀ ਹੈ –

***ਸਾਚੁ ਕਹੂੰ ਸੁਨ ਲੇਹੁ ਸਭੈ***
***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

ਪ੍ਰੇਮ ਕਿਥੇ ਕਰਾਂਗੇ, ਆਹ ਦੁਨੀਆਂ ਵਾਹਿਗੁਰੂ ਦਾ ਰੂਪ ਹੈ, ਇਹਦੇ ਨਾਲ ਪ੍ਰੇਮ ਕਰੋ, ਇਹਦੀ ਸੇਵਾ ਕਰੋ, ਨਿਸ਼ਕਾਮ ਹੋ ਕੇ ਇਹਦੀ ਸੇਵਾ ਦੇ ਵਿਚ ਜੁਟ ਜਾਓ, ਇਹ ਵਾਹਿਗੁਰੂ ਦੀ ਸੇਵਾ ਹੈ ਤੇ ਇਹ ਪਿਆਰ ਜਿਹੜਾ ਤੁਹਾਡਾ ਹੈ, ਚਾਹੇ ਦਵਾਈਆਂ ਰਾਹੀਂ ਕਰ ਰਹੇ ਹੋਂ, ਚਾਹੇ ਉਪਦੇਸ਼ਾਂ ਰਾਹੀਂ ਕਰ ਰਹੇ ਹੋਂ, ਚਾਹੇ ਸਕੂਲ ਬਣਾ ਬਣਾ ਕੇ ਕਰ ਰਹੇ ਹੋਂ, ਪਰ ਜਾਗ ਕੇ ਕਰੋ ਸੌਂ ਕੇ ਨਾ ਕਰੋ। ਜਦੋਂ ਅਸੀਂ ਇਸ ਤਰ੍ਹਾਂ ਕਰਾਂਗੇ ਫੇਰ ਜੋ ਗੁਰੂ ਮਹਾਰਾਜ ਦਾ ਸਾਨੂੰ ਦਿਤਾ ਹੋਇਆ ਉਪਦੇਸ਼ ਹੈ ਉਹ ਫਲੀਭੂਤ ਹੋਏਗਾ, ਜਿਹੜੇ ਇਹ ਕਹਿੰਦੇ ਨੇ ਕਿ ਤੁਸੀਂ ਅੰਮ੍ਰਿਤ ਛਕ ਲਿਆ, ਫੇਰ ਹੁਣ ਛੁੱਟੀਆਂ, ਹੁਣ ਤਾਂ ਤੁਹਾਨੂੰ ਛੁੱਟੀ ਹੋ ਗਈ। ਹੁਣ ਨਹੀਂ ਤੁਸੀਂ ਚੌਰਾਸੀ 'ਚ ਆਉਂਦੇ। ਕੌਣ ਕਹਿੰਦਾ ਕਿ ਗੁਰੂ ਗ੍ਰੰਥ ਸਾਹਿਬ 'ਚ ਦਿਖਾਓ। ਪਹਿਲਾਂ ਤਾਂ ਇਹ ਨਹੀਂ ਪਤਾ ਕਿ ਅੰਮ੍ਰਿਤ ਕਿਸਨੂੰ ਕਿਹਾ ਹੈ। ਮੈਂ ਵੀ ਕਹਿੰਦਾ ਹਾਂ ਜਿਹੜਾ ਅੰਮ੍ਰਿਤ ਦੇ ਕੁੰਡ ਤੱਕ ਪਹੁੰਚ ਗਿਆ, ਉਹ ਅਮਰ ਹੋ ਜਾਂਦਾ ਹੈ ਸਦਾ ਵਾਸਤੇ। ਲੇਕਿਨ ਉਹ ਅੰਮ੍ਰਿਤ ਅੰਦਰ ਹੈ, ਗੁਰੂ ਨੇ ਸ਼ਬਦ ਦੇ ਦਿਤਾ ਪਾਹੁਲ ਦੇ ਨਾਲ, ਸ਼ਬਦ ਨੇ ਤਰੱਕੀ ਕਰਕੇ ਸਾਨੂੰ ਅੰਮ੍ਰਿਤ ਦੇ ਕੁੰਡ ਤੱਕ ਲੈ ਜਾਣਾ ਹੈ, ਉਥੇ ਅਸੀਂ ਨਾਮ ਰੂਪੀ ਅੰਮ੍ਰਿਤ ਪੀਣਾ ਹੈ, ਜਿਹਨੇ ਨਾਮ ਰੂਪੀ ਅੰਮ੍ਰਿਤ ਪੀਤਾ ਉਹ ਮੁੜ ਕੇ ਜਨਮ ਮਰਣ 'ਚ ਨਹੀਂ ਆਉਂਦਾ। ਭੇਖ ਨੂੰ ਮਹਾਰਾਜ ਨਹੀਂ ਮੰਨਿਆ।

***ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ ॥***
***ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ ॥***
***ਅੰਗ – ੭੮੫***

ਬਣਾ ਲੈ ਜਿਹੋ ਜਿਹੇ ਬਣਾਉਣੇ ਨੇ। ਮਹਾਰਾਜ ਨਹੀਂ ਮੰਨਦੇ, ਗੁਰੂ ਦਸ਼ਮੇਸ਼ ਪਿਤਾ ਨੂੰ ਪੜ੍ਹ ਕੇ ਦੇਖੋ, ਉਹ ਮੰਨਦੇ ਹੀ ਨਹੀਂ। ਵੀਹ ਕਬਿੱਤ ਮਹਾਰਾਜ ਨੇ ਐਸੇ ਲਿਖ ਦਿਤੇ ਕਿ ਉਹਦੇ ਵਿਚ ਕਿਤੇ ਖੜ੍ਹਨ ਨੂੰ ਥਾਉਂ ਹੀ ਨਹੀਂ ਮਿਲਦਾ। ਉਸ ਤੋਂ ਬਾਅਦ ਜਿਹੜਾ ਅਗਲਾ ਕੰਮ ਆਉਂਦਾ ਹੈ ਅਕਾਲ ਉਸਤਤਿ ਦਾ ਉਹਦੇ ਵਿਚ ਫੇਰ ਨਹੀਂ ਖੜ੍ਹਨ ਨੂੰ ਥਾਉਂ ਮਿਲਦਾ। ਅਖੀਰ ਦੇ ਉਤੇ ਜਾ ਕੇ ਕਹਿੰਦੇ ਨੇ ਕਿ ਕੇਵਲ ਇਕ 'ਨਾਮ' ਹੈ ਜਿਹਨੇ ਤੁਹਾਨੂੰ ਪਾਰ ਉਤਾਰਨਾ ਹੈ। ਗਿਆਨ ਤੋਂ ਅਤੇ ਭਾਵਨਾ ਤੋਂ ਬਿਨਾਂ ਨਹੀਂ ਤਰਿਆ ਜਾਂਦਾ। ਸੋ ਗੁਰੂ ਘਰ ਦੇ ਅੰਦਰ, ਬਾਣੀ ਦੇ ਅੰਦਰ ਨਿਰਾ ਹੀ ਗਿਆਨ ਹੈ। ਬਾਣੀ ਪੜ੍ਹੋ, ਪਿਆਰ ਦੀ ਜ਼ਿੰਦਗੀ ਬਤੀਤ ਕਰੋ ਤੇ ਅੰਮ੍ਰਿਤ ਤੁਹਾਡੇ ਅੰਦਰ ਹੈ ਓਸ ਅੰਮ੍ਰਿਤ ਤਕ ਪਹੁੰਚਣ ਦਾ ਯਤਨ ਕਰੋ, ਆਹ ਸਰੀਰ ਵਿਚ ਰਹਿੰਦੇ-ਰਹਿੰਦੇ। ਅਮਰਾਪਦ ਪ੍ਰਾਪਤ ਹੋ ਜਾਏਗਾ ਜਦੋਂ ਅਸੀਂ ਓਸ ਅੰਮ੍ਰਿਤ ਨੂੰ ਛੱਕ ਲਵਾਂਗੇ। ਸੋ ਉਹਦਾ ਜੋ ਪਹਿਲਾ ਕਦਮ ਹੈ ਉਹ ਪੰਜ ਪਿਆਰਿਆਂ ਤੋਂ ਸ਼ਬਦ ਲੈਣਾ ਹੈ ਵਿਧੀ ਪੂਰਵਕ, ਫੇਰ ਇਹ ਜਾ ਕੇ ਹੋਏਗਾ। ਕਿਉਂਕਿ ਨਾਮ ਜਿਹੜਾ ਹੈ ਆਪਣੇ ਆਪ ਤਾਂ ਚਲਦਾ ਹੀ ਨਹੀਂ ਹੈ।

***ਰਾਮ ਰਾਮ ਸਭੁ ਕੋ ਕਹੈ***
***ਕਹਿਐ ਰਾਮੁ ਨ ਹੋਇ ॥***
***ਗੁਰ ਪਰਸਾਦੀ ਰਾਮੁ ਮਨਿ ਵਸੈ***
***ਤਾ ਫਲੁ ਪਾਵੈ ਕੋਇ ॥ ਅੰਗ – ੪੯੧***

ਮਾਤਾ ਲੋਈ ਨਾ ਰਾਮ ਕਿਹਾ ਸੀ, ਤਿੰਨ ਵਾਰੀ ਕਹਿਣਾ ਪਿਆ ਉਹਨੇ ਕੋਹੜੀ ਦਾ ਰੋਗ ਹਟਾ ਦਿਤਾ। ਕਬੀਰ ਸਾਹਿਬ ਨਰਾਜ਼ ਹੋ ਗਏ, ਕਹਿੰਦੇ ਤੂੰ ਰਾਮ ਸਵੱਲਾ ਲਾ ਦਿਤਾ? ਕਹਿੰਦੀ ਨਾ ਮਹਾਰਾਜ! ਪਹਿਲਾ ਰਾਮ ਕਿਹਾ ਸੀ ਕਿ ਇਹਦੇ ਕਰੋੜਾਂ ਜਨਮਾਂ ਦੇ ਪਾਪ ਕੱਟੇ ਜਾਣ। ਦੂਸਰਾ ਰਾਮ ਮੈਂ ਕਿਹਾ ਸੀ ਕਿ ਇਹਦਾ ਸਰੀਰ ਰੋਗੀ ਹੈ, ਸਵਸਥ ਹੋ ਜਾਵੇ। ਤੀਸਰਾ ਰਾਮ ਮੈਂ ਗੁਰਮੰਤਰ ਦਿਤਾ, ਉਹਦੇ ਹਿਰਦੇ ਵਿਚ ਰਾਮ ਦੀ ਜੜ੍ਹ ਲਾ ਦਿਤੀ, ਤਾਂ ਕਿ

ਹੁਣ ਇਹ ਮੁੜ ਕੇ ਪਾਪਾਂ ਵਿਚ ਪਰਵਿਰਤ ਨਾ ਹੋਵੇ। ਸੋ ਭੇਤ ਹੈ ਰਾਮ ਕਹਿਣ ਦੇ ਅੰਦਰ। ਆਪਣੇ ਆਪ ਸੌ ਸਾਲ ਦਾ ਕੀਤਾ ਹੋਇਆ ਜਾਪ, ਗੁਰੂ ਵਾਲੇ ਦੀ ਘੜੀ ਦੇ ਜਾਪ ਤੋਂ ਘੱਟ ਫਲ ਰੱਖਦਾ ਹੈ। ਏਸ ਕਰਕੇ ਇਹ ਤਰੀਕਾ ਤਾਂ ਅਪਨਾਉਣਾ ਹੀ ਪੈਣਾ ਹੈ ਸਾਧਸੰਗਤ ਜੀ, ਫੇਰ ਕਮਾਈ ਆਪੋ ਆਪਣੀ ਹੈ, ਚਾਹੇ ਕੋਈ ਥੋੜ੍ਹਾ ਕਰ ਲਓ, ਚਾਹੇ ਬਹੁਤਾ ਕਰ ਲਓ। ਇਕ ਜਨਮ, ਦਸ ਜਨਮ, ਵੀਹ ਜਨਮ, ਸੌ ਜਨਮ ਪਤਾ ਨਹੀਂ ਵਾਹਿਗੁਰੂ ਦੀ ਮਿਹਰ ਹੈ, ਕਿੰਨੇ ਜਨਮ ਧਾਰਨ ਤੋਂ ਬਾਅਦ ਇਹਦੀ ਹਉਮੈ ਦੂਰ ਕਰਨ ਵਾਲਾ ਮਿਲ ਜਾਵੇ ਕੋਈ ਪੂਰਾ, ਫਿਰਦੇ ਫਿਰਦੇ ਨੂੰ ਕਿਤੇ ਸਾਧੂ ਦੀ ਸੰਗਤ ਮਿਲ ਜਾਵੇ।

*ਕਬਹੂ ਸਾਧਸੰਗਤਿ ਇਹੁ ਪਾਵੈ ॥*
*ਉਸੁ ਅਸਥਾਨ ਤੇ ਬਹੁਰਿ ਨ ਆਵੈ ॥*
*ਅੰਤਰਿ ਹੋਇ ਗਿਆਨ ਪਰਗਾਸੁ ॥*
*ਉਸੁ ਅਸਥਾਨ ਕਾ ਨਹੀ ਬਿਨਾਸੁ ॥*
*ਮਨ ਤਨ ਨਾਮਿ ਰਤੇ ਇਕ ਰੰਗਿ ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥*
*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥ ਅੰਗ - ੨੭੮*

ਸੋ ਇਹ ਮੰਜ਼ਲ ਹੈ ਜੋ ਮੈਂ ਆਪ ਦੇ ਸਾਮ੍ਹਣੇ ਰੱਖੀ ਹੈ। ਏਸ ਕਰਕੇ ਇਹਦੀ ਵਿਸਥਾਰਪੂਰਵਕ ਵਿਚਾਰ ਚੱਲੀ ਹੈ ਤਾਂ ਸਾਡੀ ਸਮਝ 'ਚ ਆ ਜਾਵੇ ਕਿ ਅੰਮ੍ਰਿਤ ਕਾਸਨੂੰ ਕਹਿੰਦੇ ਨੇ, ਇਹਦਾ ਕੀ ਫਾਇਦਾ ਹੈ।

ਗੁਰੂ ਦਸ਼ਮੇਸ਼ ਪਿਤਾ ਨੇ ਸਾਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਹੈ। ਅਸੀਂ ਜਿੰਨੀ ਰੋਸ਼ਨੀ ਲੈਣੀ ਹੈ ਗੁਰੂ ਗ੍ਰੰਥ ਸਾਹਿਬ 'ਚੋਂ ਲੈਣੀ ਹੈ। ਅਸੀਂ ਲੋਕਾਂ ਦਾ ਕਿਹਾ, ਇਤਿਹਾਸਾਂ ਦਾ ਕਿਹਾ ਨਹੀਂ ਮੰਨਣਾ। ਗੁਰੂ ਦੀ ਬਾਣੀ ਨੂੰ ਨਾ ਛੱਡਿਓ ਸਾਧਸੰਗਤ ਜੀ! ਇਹਦੇ ਉਤੇ ਯਕੀਦਤ ਰੱਖੋ, ਇਹਦੀ ਰੌਸ਼ਨੀ ਵਿਚ ਚੱਲੋ ਫੇਰ ਸਾਨੂੰ ਅੰਮ੍ਰਿਤ ਅੰਦਰੋਂ ਪ੍ਰਾਪਤ ਹੋ ਜਾਏਗਾ। ਅਮਰ ਅਵਸਥਾ ਸਾਨੂੰ ਪ੍ਰਾਪਤ ਹੋ ਜਾਏਗੀ ਕਿਉਂਕਿ ਅੰਮ੍ਰਿਤ ਤਾਂ ਕਹਿੰਦੇ ਹੀ 'ਨਾਮ' ਨੂੰ ਨੇ। **perfect** ਗੁਰੂ ਤੋਂ ਇਹ ਅੰਮ੍ਰਿਤ ਦੀ ਦਾਤ ਮਿਲਦੀ ਹੈ। ਸੋ ਵਿਸਾਖੀ ਬਾਰੇ ਲੰਮੀ ਵਿਚਾਰ ਚੱਲੀ ਹੈ, ਏਸ ਨੂੰ ਵਿਚਾਰ ਕੇ ਆਪਣਾ ਜੀਵਨ ਸਫਲਾ ਕਰੋ।

# ਗੁਰ ਕੀ ਪ੍ਰਤੀਤ

ਸ਼ਾਨ..............................।

***ਸਤਿਨਾਮ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ***

*ਡੰਡਉਤਿ ਬੰਦਨ ਅਨਿਕ ਬਾਰ*
*ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

***ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,***
***ਮੈ ਕਿਛੁ ਨਾਹੀ-ਮੈਂ ਕਿਛੁ ਨਾਹੀ।***

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ ੧ ॥ ਰਹਾਉ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥ ੧ ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥*
***ਅੰਗ - ੮੨੭***

***ਧਾਰਨਾ - ਗੁਰ ਕੀ ਪ੍ਰਤੀਤ ਜੀ, ਜਿਸ ਦੇ ਮਨ ਵਿਚ ਹੈ ਭਾਈ।***

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥*
***ਅੰਗ - ੨੮੩***

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਫੀ ਸਮੇਂ ਤੋਂ ਆਪ ਗੁਰੂ ਦਰਬਾਰ ਵਿਚ ਬੈਠੇ ਹਰੀ ਦਾ ਜਸ ਸਰਵਣ ਕਰ ਰਹੇ ਹੋਂ। ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਦੇ ਇਕ ਗੁਰਸਿੱਖ ਦੇ ਬਾਰੇ ਆਪ ਨੇ ਸਰਵਣ ਕੀਤਾ ਮਨ ਵਿਚ ਪ੍ਰਤੀਤ ਸੀ ਉਸਦੇ ਕਿ ਮੇਰਾ ਗੁਰੂ ਸਮਰੱਥ ਹੈ, ਮੇਰਾ ਗੁਰੂ ਸਰਬ ਕਲਾ ਸਮਰੱਥ ਸਭ ਕੁਛ ਕਰਨਹਾਰਾ ਹੈ, ਮੇਰੇ ਅੰਦਰ ਦੀ ਗੱਲ ਉਹ ਹਰ ਵਕਤ ਜਾਣਦਾ ਹੈ, ਮੇਰੀ ਅਰਦਾਸ ਸੁਣਦਾ ਹੈ।

ਗੁਰੂ ਉਪਰ ਜੇ ਨਿਹਚਾ ਪੂਰਾ ਨਾ ਹੋਵੇ ਤਾਂ ਗੱਲ ਨਹੀਂ ਬਣਿਆ ਕਰਦੀ। ਚਾਰ ਕਿਸਮ ਦੇ ਨਿਹਚੇ (ਨਿਸ਼ਚੇ) ਹੁੰਦੇ ਨੇ, ਪਹਿਲਾ ਨਿਹਚਾ ਹੁੰਦਾ ਹੈ ਮੇਰਾ ਗੁਰੂ ਚੰਗਾ ਸੰਤ ਹੈ, ਇਸ ਤੋਂ ਉਚਾ ਨਿਹਚਾ ਹੁੰਦਾ ਹੈ ਕਿ ਮੇਰਾ ਗੁਰੂ ਸਾਰੇ ਸੰਤਾਂ ਤੋਂ ਚੰਗਾ ਸੰਤ ਹੈ, ਤੀਸਰਾ ਨਿਹਚਾ ਹੁੰਦਾ ਹੈ ਕਿ ਮੇਰਾ ਗੁਰੂ ਤਾਂ ਰੱਬ ਵਰਗਾ ਹੈ, ਚੌਥੀ ਕਿਸਮ ਦਾ ਤੇ ਸੁਪਰੀਮ ਨਿਸ਼ਚਾ ਹੁੰਦਾ ਹੈ ਕਿ ਮੇਰਾ ਗੁਰੂ ਤਾਂ ਆਪ ਪ੍ਰਮੇਸ਼ਰ ਹੈ। ਇਹਦੇ ਵਿਚ ਕੋਈ ਅਤਿਕਥਨੀ ਨਹੀਂ ਹੈ, ਮਨੋਕਲਪਤ ਬਾਤ ਨਹੀਂ ਹੈ। ਇਹ ਧੁਰ ਦਰਗਾਹ ਤੋਂ ਆਇਆ ਹੋਇਆ **status** ਹੈ ਗੁਰੂ ਦਾ, ਜੋ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਅੰਦਰ ਆਉਂਦਾ ਹੈ, ਉਸ ਦੇ ਮੁਤਾਬਿਕ ਬੇਨਤੀ ਕੀਤੀ ਹੈ, ਪੜ੍ਹੋ ਪਿਆਰ ਨਾਲ –

***ਧਾਰਨਾ - ਗੁਰ ਗੋਬਿੰਦ ਗੋਬਿੰਦ ਗੁਰੂ ਹੈ,***
***ਨਾਨਕ ਭੇਦ ਨ ਭਾਈ।***

ਐਸਾ ਨਿਸ਼ਚਾ ਆਪਣੇ ਆਪ ਬਣਾਇਆ ਹੋਇਆ ਨਿਸ਼ਚਾ ਨਹੀਂ ਹੈ। ਜੇ ਇਹ ਕਿਹਾ ਜਾਵੇ ਕਿ ਨਿਸ਼ਚਾ ਐਸਾ ਬਣਾਓ, ਇਹ ਗੱਲ ਨਹੀਂ ਹੈ। ਇਹ ਤਾਂ ਧੁਰ ਦਰਗਾਹ ਤੋਂ ਫੁਰਮਾਨ ਹੈ –

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ਅੰਗ - ੪੪੨*

ਭਰੋਸਾ ਸਰਲ ਮਨ ਵਿਚ ਹੋਇਆ ਕਰਦਾ ਹੈ, ਸਾਦਾ ਮਨ, ਸਾਧਾਰਨ ਮਨ। ਬਹੁਤਾ ਪੜ੍ਹਿਆ ਲਿਖਿਆ, ਤਰਕ ਦੀ ਵਿਦਿਆ ਦੀ ਜਾਨਣ ਵਾਲਾ ਹੋਵੇ, ਉਸਦਾ ਭਰੋਸਾ ਨਹੀਂ ਹੋਇਆ ਕਰਦਾ। ਗੁਰੂਆਂ ਤੇ ਭਰੋਸਾ ਪੂਰਾ ਹੋਇਆ ਕਰਦਾ ਸੀ, ਪਰ ਸਮਾਂ ਜਿਉਂ-ਜਿਉਂ ਬੀਤਦਾ ਹੈ। ਮੈਂ ਇਕ ਬੇਨਤੀ ਕਰਾਂ ਕਿ ਆਹ ਜਿਹੜੇ ਲੋਕ ਤਰਕ-ਬਤਰਕ ਵਾਲੇ ਪੈਦਾ ਹੋ ਗਏ ਨਾ, ਸਿੱਖ ਪੰਥ ਦੇ ਅੰਦਰ। ਇਹ ਐਨਾ ਨੁਕਸਾਨ ਕਰ ਰਹੇ ਨੇ ਕਿ ਕੋਈ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਹਰ ਗੱਲ ਦੇ ਉਤੇ ਤਰਕ, ਹਰ ਗੱਲ ਤੇ ਉਤੇ ਤਰਕ। ਆਹ ਨਹੀਂ ਹੈ, ਔਹ ਨਹੀਂ ਹੈ, ਆਹ ਨਹੀਂ ਹੋ ਸਕਦਾ, ਓਹ ਨਹੀਂ ਹੋ ਸਕਦਾ। ਪੰਜ-ਪੰਜ ਸੌ ਸਾਲ ਲੰਘ ਗਏ ਤੇ ਅੱਜ ਆ ਕੇ ਹੋਸ਼ ਆਈ ਹੈ ਕਿ ਆਹ ਗੱਲ ਨਹੀਂ ਹੋ ਸਕਦੀ।

ਇਕ ਮੈਨੂੰ ਕਿਸੇ ਨੇ ਲਿਆ ਕੇ ਦਿਤੀ ਛੋਟੀ ਜਿਹੀ ਰਸਾਲੀ ਜਿਹੀ ਸੀ, ਉਹਦੇ ਉਤੇ ਲਿਖਿਆ ਹੋਇਆ ਸੀ ਕਿ ਬਾਬੇ ਬੁੱਢੇ ਦੇ ਪਾਸ ਮਾਤਾ ਗੰਗਾ ਜੀ ਗਏ ਹੀ ਨਹੀਂ। ਅੱਜ ਤੱਕ ਓਹੀ ਗੱਲ ਚਲਦੀ ਹੈ, ਸੀਨਾ-ਬ-ਸੀਨਾ ਚਲੀ ਆਉਂਦੀ ਹੈ, ਉਹ ਥਾਂ ਹੈਗੇ ਜਿਥੇ ਜਾ ਕੇ ਬਚਨ ਕੀਤੇ ਸੀ ਤੇ ਅੱਜ ਕਹਿ ਦਿਤਾ ਪੰਜ ਸੌ ਸਾਲ ਬਾਅਦ ਕਿ ਗੁਰੂ ਸਾਹਿਬ ਨੂੰ ਕੀ ਲੋੜ

ਪਈ ਸੀ, ਮਾਤਾ ਜੀ ਨੂੰ ਉਥੇ ਭੇਜਣ ਦੀ, ਆਪ ਹੀ ਕਰ ਲੈਂਦੇ। ਇਹ ਮਨੁੱਖ ਦੀ ਅਲਪੱਗ ਬੁੱਧੀ ਹੈ, ਇਹ ਤਿੰਨ ਯੂਨੀਵਰਸਿਟੀਆਂ ਸਾਡੀਆਂ ਬਣ ਤਾਂ ਗਈਆਂ, ਪਰ ਇਹਦੇ ਵਿਚ ਨਾਸਤਿਕਤਾ ਐਨੀ ਆ ਜਾਣੀ ਹੈ, ਤੁਸੀਂ ਜਿਹੜੇ ਬੱਚੇ ਹੋ ਨਾ ਅੱਜਕਲ੍ਹ ਜਦੋਂ ਸਾਡੀ ਉਮਰ ਵਿਚ ਆਓਂਗੇ ਨਾ, ਤੁਸੀਂ ਹੈਰਾਨ ਹੋ ਜਾਓਂਗੇ ਕਿ ਸਿੱਖੀ ਦਾ ਕੀ ਬਣ ਗਿਆ, ਨਾਸਤਕ ਖਿਆਲ ਆ ਰਹੇ ਨੇ, ਭਰੋਸਾ ਨਹੀਂ ਆ ਰਿਹਾ, ਭਰੋਸਾ ਜਿੰਨੀ ਚਿਰ ਤਕ ਨਹੀਂ ਆਉਂਦਾ ਓਨੀ ਦੇਰ ਤੱਕ ਗੱਲ ਨਹੀਂ ਬਣਿਆ ਕਰਦੀ। ਕਿਉਂਕਿ ਗੁਰੂ ਜਿਹੜਾ ਹੈ ਇਹ ਵੱਖਰਾ ਨਹੀਂ ਹੈ, ਪ੍ਰਮੇਸ਼ਰ ਦਾ ਸਰਗੁਣ ਰੂਪ ਹੈ, ਵਾਹਿਗੁਰੂ ਦਾ ਹੀ ਰੂਪ ਹੈ ਇਹ, ਆਪ ਹੀ ਹੈ। ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਜਿਹਨੂੰ ਕੋਈ ਜਾਣ ਨਹੀਂ ਸਕਦਾ, ਜਿਹੜਾ ਸਰੀਰਕ ਇੰਦਰੀਆਂ ਦੇ ਰਾਹੀਂ ਜਾਣਿਆ ਨਹੀਂ ਜਾ ਸਕਦਾ। ਸੋਚਿਆ ਤੱਕ ਨਹੀਂ ਜਾ ਸਕਦਾ, ਬੁੱਧੀ ਦੀ ਪਹੁੰਚ ਨਹੀਂ ਉਥੇ। ਤੂੰ ਮੇਰਾ ਰੂਪ, ਤੂੰ ਗੁਰ ਪ੍ਰਮੇਸ਼ਰ। ਤੇਰੇ ਤੇ ਮੇਰੇ ਵਿਚ ਜਿਹੜਾ ਫਰਕ ਜਾਣੇਗਾ ਉਹਦਾ ਭਲਾ ਨਹੀਂ ਹੋਣਾ। ਆਹ ਬਚਨ ਸਿੱਧੇ ਸਾਧੇ ਜਨਮ ਸਾਖੀਆਂ 'ਚ ਆਇਆ ਕਰਦੇ ਸੀ। ਸਿੱਧੀਆਂ ਗੱਲਾਂ ਲਿਖੀਆਂ ਹੁੰਦੀਆਂ, ਉਹਨੇ ਸਿੱਖ ਕਿਹੋ ਜਿਹੇ ਪੈਦਾ ਕੀਤੇ, ਆਰਿਆ ਨਾਲ ਚੀਰ ਦਿਤੇ ਗਏ, ਮੁੱਖ ਨਹੀਂ ਮੋੜਿਆ। ਬੰਦ-ਬੰਦ ਕੱਟੇ ਗਏ, ਮੁੱਖ ਨਹੀਂ ਮੋੜਿਆ। ਖੋਪਰੀਆਂ ਲਹਿ ਗਈਆਂ ਮੁੱਖ ਨਹੀਂ ਮੋੜਿਆ, ਬਹੁਤ ਸਿੱਧੇ ਸਾਧੇ ਅੱਖਰਾਂ ਦੇ ਵਿਚ ਜਾਦੂ ਸੀ। ਉਹ ਪ੍ਰਤੀਤ ਗੁਰੂ ਦੇ ਉਤੇ ਸੀ। ਅੰਦਰ-ਬਾਹਰ ਸਾਰੇ ਗੁਰੂ ਹੀ ਨਜ਼ਰ ਆਉਂਦਾ ਸੀ। ਸੋ ਐਨੀ ਪ੍ਰਤੀਤ ਜਿੰਨੀ ਦੇਰ ਤੱਕ ਸਿੱਖ ਦੇ ਮਨ ਵਿਚ ਨਾ ਆਵੇ, ਸਿੱਖ ਤੇ ਗੁਰੂ ਦਾ ਸਬੰਧ ਨਹੀਂ ਕਾਇਮ ਹੋਇਆ ਕਰਦਾ। ਭਾਈ ਤਿਲੋਕੇ ਦੇ ਅੰਦਰ ਜੇ ਐਨੀ ਪ੍ਰਤੀਤ ਸੀ, ਨਹੀਂ ਤਾਂ ਉਹ ਡਰ ਜਾਂਦਾ ਕਿ ਮੇਰੀ ਕਾਠ ਦੀ ਤਲਵਾਰ ਹੈ ਤੇ ਜੇ ਕੱਢੀ ਤਾਂ ਗੁਰੂ ਸਾਹਿਬ ਤਾਂ ਅੰਮ੍ਰਿਤਸਰ ਬੈਠੇ ਨੇ, ਇਥੇ ਕਿਵੇਂ ਆ ਜਾਣਗੇ? ਅੱਜ ਦੇ ਜਿਹੜੇ ਨੇ ਲਿਖਾਰੀ, ਖਾਸ ਕਰਕੇ ਜਿਹੜੇ ਮਿਸ਼ਨਰੀ ਤੁਰੇ ਫਿਰਦੇ ਨੇ, ਇਹ ਬੜਾ ਭੁਲੇਖਾ ਪਾ ਰਹੇ ਨੇ। ਸਿੱਖੀ ਖੁਰ ਰਹੀ ਹੈ ਕਿਉਂਕਿ ਮਿਲਦਾ ਨਹੀਂ ਇਨ੍ਹਾਂ ਨੂੰ ਕੁਛ, ਸ਼ਾਂਤੀ ਨਹੀਂ ਮਿਲ ਰਹੀ। ਦੂਜਾ ਦੇਖਦਾ ਹੈ ਕਿ ਮਾਨਸ ਜਨਮ ਮਸਾਂ ਮਿਲਿਆ ਹੈ ਆਪਾਂ ਕਾਹਨੂੰ ਇਹਨਾਂ ਦੀਆਂ ਗੱਲਾਂ ਵਿਚ ਆਉਣਾ ਹੈ, ਕੋਈ ਕਿਸੇ ਪਾਸੇ, ਕੋਈ ਕਿਸੇ ਪਾਸੇ ਚਲਿਆ ਜਾਂਦਾ ਹੈ। ਸੋ ਨੁਕਸਾਨ ਹੋ ਰਿਹਾ ਹੈ ਬਹੁਤ ਵੱਡਾ, ਭਰੋਸਾ ਨਹੀਂ ਆਉਣ ਦਿੰਦੇ ਕਿਸੇ ਤੇ। ਤੇ ਇਨ੍ਹਾਂ ਨੂੰ ਪੁਛੋ ਕਿ ਆਹ ਗੱਲ ਹੋ ਸਕਦੀ ਹੈ? ਕਹਿੰਦੇ ਨੇ ਕਿ ਬਿਲਕੁਲ ਗਲਤ ਹੋ ਹੀ ਨਹੀਂ ਸਕਦੀ ਗੁਰੂ ਸਾਹਿਬ ਤਾਂ ਕਰਾਮਾਤਾਂ ਦਿਖਾਉਣ ਦੇ ਖਿਲਾਫ ਸੀ, ਇਹਨੂੰ ਕਰਾਮਾਤਾਂ ਕਹਿੰਦੇ ਨੇ। ਇਹ ਤਾਂ ਸੇਵਕਾਂ ਦੀ ਭਾਵਨਾ ਹੈ, ਭਾਵਨਾ ਐਡੀ ਜ਼ਬਰਦਸਤ ਸੀ ਉਹ ਜਿਹੜਾ ਆਤਮ ਮੰਡਲ ਦੇ ਅੰਦਰ ਖੇਲ੍ਹ ਵਰਤਿਆ, ਓਸ ਭਾਵਨਾ ਦੇ ਬਲ ਦੇ ਨਾਲ ਉਹਦੀ ਜਿਹੜੀ ਸ੍ਰੀ ਸਾਹਿਬ ਸੀ, ਤਲਵਾਰ ਸੀ ਉਹ ਐਨੀ ਚਮਕਦਾਰ ਹੋ ਗਈ ਕਿ ਨਵਾਬ ਦੇਖ ਕੇ ਪਿਛੇ ਹਟ ਗਿਆ ਕਿ ਐਸੀ ਤਾਂ ਦੇਖੀ ਨਹੀਂ। ਐਧਰਲੇ ਪਾਸੇ ਓਸੇ ਭਾਵਨਾ ਨੇ ਕੌਤਕ ਕੀਤਾ ਗੁਰੂ ਸਾਹਿਬ ਛੇਵੇਂ ਪਾਤਸ਼ਾਹ ਅਚਾਨਕ ਆਪਣਾ ਸ੍ਰੀ ਸਾਹਿਬ ਕੱਢ ਕੇ ਹੱਥ ਵਿਚ ਲੈ ਲੈਂਦੇ ਨੇ, ਜਿਵੇਂ ਕਿਸੇ ਨੂੰ ਦਿਖਾ ਰਹੇ ਹੁੰਦੇ ਨੇ।

ਇਹ ਚੀਜ਼ਾਂ ਨੇ ਜੋ ਭਾਵਨਾ ਪੈਦਾ ਕਰਦੀਆਂ ਨੇ, ਪ੍ਰਤੀਤ ਪੈਦਾ ਕਰਦੀਆਂ ਨੇ। ਪ੍ਰਤੀਤ ਤੋਂ ਬਿਨਾਂ ਤਾਂ ਮਹਾਰਾਜ ਕਹਿੰਦੇ -

***ਜੋ ਬਿਨੁ ਪਰਤੀਤੀ ਕਪਟੀ***
***ਕੂੜੀ ਕੂੜੀ ਅਖੀ ਮੀਟਦੇ***
***ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥***
***ਅੰਗ - ੭੪੦***

ਅੰਦਰ ਤਾਂ ਪ੍ਰਤੀਤ ਨਹੀਂ ਆਈ ਤੇ ਸ਼ਬਦ ਦੇ ਨਾਲ ਨਹੀਂ ਲੱਗਿਆ ਪਿਆਰ।

***ਸਤਿਗੁਰ ਕੀ ਪਰਤੀਤਿ ਨ ਆਈਆ***
***ਸਬਦਿ ਨ ਲਾਗੋ ਭਾਉ ॥ ਅੰਗ - ੫੯੧***

ਫੇਰ ਕਹਿੰਦੇ, ਸੁਖ ਕਿਥੋਂ ਭਾਲਦਾ ਹੈਂ ਪਿਆਰਿਆ! ਦੋ ਗੱਲਾਂ ਤੇਰੇ ਅੰਦਰ ਆਈਆਂ ਨਹੀਂ, ਸ਼ਬਦ ਨਾਲ ਤੇਰਾ ਪਿਆਰ ਨਹੀਂ ਪਿਆ। ਗੁਰੂ ਦੇ ਉਤੇ ਤੇਰੇ ਪ੍ਰਤੀਤ ਨਹੀਂ ਆਈ। ਕਹਿੰਦੇ -

***ਓਸ ਨੋ ਸੁਖੁ ਨ ਉਪਜੈ***
***ਭਾਵੈ ਸਉ ਗੇੜਾ ਆਵਉ ਜਾਉ॥ ਅੰਗ - ੫੯੧***

ਨਹੀਂ ਉਹਦੇ ਅੰਦਰ ਕਦੇ ਸੁੱਖ ਆਏਗਾ। ਚਾਹੇ ਗੁਰੂ ਦੇ ਆਲੇ ਦੁਆਲੇ ਘੁੰਮਦਾ ਫਿਰਦਾ ਹੈ, ਨਹੀਂ ਸੁੱਖ ਆਏਗਾ, ਕਿਉਂਕਿ ਅੰਦਰੋਂ ਪ੍ਰਤੀਤ ਤੋਂ ਖਾਲੀ ਹੈ। ਗੁਰੂ ਦਾ ਤੇ ਸਿੱਖ ਦਾ ਸਬੰਧ ਪ੍ਰਤੀਤ ਨਾਲ ਜੁੜਦਾ ਹੈ, ਏਸ ਕਰਕੇ -

***ਜਾ ਕੈ ਮਨਿ ਗੁਰ ਕੀ ਪਰਤੀਤਿ ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਅੰਗ-੨੮੩***

ਸ਼ਰਤ ਹੈ ਜਿਹਦੇ ਅੰਦਰ ਪ੍ਰਤੀਤ ਨਹੀਂ ਹੋਏਗੀ, ਉਹ ਨਾਮ ਨਹੀਂ ਜਪ ਸਕੇਗਾ। ਜੇ ਜਪੇਗਾ ਵਾਹਿਗੁਰੂ-ਵਾਹਿਗੁਰੂ, ਮਨ ਹੱਠ ਕਰੇਗਾ ਤਾਂ ਉਹ ਥੱਕ ਜਾਏਗਾ ਕਿਉਂਕਿ ਅੰਦਰ ਰਸ ਨਹੀਂ ਆਉਣਾ। ਰਸ ਪਿਆਰ ਦਾ ਤੇ ਪ੍ਰਤੀਤ ਦਾ ਹੁੰਦਾ ਹੈ। ਇਹ ਦੋ ਗੁਣ ਜੇ ਆਦਮੀ ਦੇ ਅੰਦਰ ਪੈਦਾ ਨਹੀਂ ਹੁੰਦੇ ਤਾਂ ਉਹ ਕੁਛ ਵੀ ਨਹੀਂ ਹਾਸਲ ਕਰਦਾ। ਖਾਲੀ ਰਹਿ ਜਾਏਗਾ। ਜਦੋਂ ਪ੍ਰਤੀਤ ਆ ਜਾਂਦੀ ਹੈ, ਪਿਆਰ ਆ ਜਾਂਦਾ ਹੈ, ਉਸ ਵੇਲੇ ਗੁਰੂ ਤੇ ਸਿੱਖ ਦਾ ਸਬੰਧ ਐਨਾ ਜੁੜ ਜਾਂਦਾ ਹੈ ਕਿ ਕਦੇ ਵੀ ਗੁਰੂ

ਵੱਖਰਾ ਨਹੀਂ ਹੁੰਦਾ ਸਿੱਖ ਨਾਲੋਂ। ਐਥੇ ਤੱਕ ਹੈ ਕਿ ਸਿੱਖ ਦੀ ਜ਼ੁਬਾਨ ਦੇ ਉਤੇ ਚੜ੍ਹ ਕੇ ਆਪ ਬੋਲਦਾ ਹੈ, ਇਸ ਤਰ੍ਹਾਂ ਫੁਰਮਾਨ ਹੈ –

*ਧਾਰਨਾ – ਪ੍ਰਭ ਜੀ ਦਾ ਵਾਸਾ ਹੈ,*
*ਸੰਤਾਂ ਦੀ ਰਸਨਾ ਉਤੇ।*

*ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥*
*ਨਾਨਕ ਜਨ ਕਾ ਦਾਸਨਿ ਦਸਨਾ॥ ਅੰਗ – ੨੬੩*

ਜੋ ਅਭੇਦ ਪੁਰਸ਼ ਨੇ, ਹਰ ਵਕਤ ਨਾਮ ਦੇ ਰੰਗ ਵਿਚ ਰੰਗੇ ਰਹਿੰਦੇ ਨੇ, ਉਹ ਆਪ ਨਹੀਂ ਬੋਲਦੇ ਉਨ੍ਹਾਂ ਦੀ ਰਸਨਾ ਦੇ ਉਤੇ ਪਾਰਬ੍ਰਹਮ ਪ੍ਰਮੇਸ਼ਰ ਗੁਰੂ ਆਪ ਬੋਲਿਆ ਕਰਦਾ ਹੈ। ਸੋ ਐਨਾ ਨੇੜ ਦਾ ਸਬੰਧ ਪੈਂਦਾ ਹੈ, ਸਿੱਖ ਦਾ ਤੇ ਗੁਰੂ ਦਾ। ਗੁਰੂ ਆਪ ਰਾਖਾ ਬਣਦਾ ਹੈ ਉਹਦਾ।

ਇਕ ਵਾਰੀ ਲਾਹੌਰ ਦੇ ਅੰਦਰ ਇਕ ਬਹੁਤ ਬੰਦਗੀ ਵਾਲਾ, ਬਹੁਤ ਕਰਨੀ ਕਮਾਈ ਵਾਲਾ, ਪ੍ਰਵਾਨ ਗੁਰਸਿੱਖ ਰਿਹਾ ਕਰਦਾ ਸੀ ਜਿਸਦਾ ਨਾਮ ਭਾਈ ਛੱਜੂ ਸੀ, ਧੇਅ ਸੀ ਬਹੁਤ ਸਾਰਿਆਂ ਦਾ ਉਹ। ਧੇਅ ਉਹਨੂੰ ਕਹਿੰਦੇ ਨੇ ਜਿਹਦਾ ਨਮੂਨਾ ਲੈ ਕੇ ਭਜਨ ਬੰਦਗੀ ਕੀਤੀ ਜਾਵੇ ਜਾਂ ਕੋਈ ਕੰਮ ਕੀਤਾ ਜਾਵੇ, ਉਹਨੂੰ ਧੇਅ ਕਿਹਾ ਕਰਦੇ ਸੀ। ਨਾਮ ਜਪਣ ਵਾਲਿਆਂ ਦਾ, ਸ਼ੁੱਭ ਜੀਵਨ ਗੁਜ਼ਾਰਨ ਵਾਲਿਆਂ ਦਾ ਧੇਅ ਸੀ ਉਹ। ਅਮਾਨਤਾਂ ਲੋਕ ਉਸ ਦੇ ਪਾਸ ਰੱਖਦੇ ਸੀ। ਸਮਾਂ ਲੰਘ ਜਾਣਾ ਅਮਾਨਤਾਂ ਵਾਪਸ ਲੈ ਜਾਣੀਆਂ। ਬਹੁਤ ਸਾਰੇ ਅਮਾਨਤਾਂ ਰੱਖ ਕੇ ਪੈਸਾ ਲੈਂਦੇ ਸੀ। ਸੋ ਸਮੇਂ ਤੇ ਪੈਸਾ ਮੋੜ ਦੇਣਾ ਤੇ ਆਪਣੀ ਅਮਾਨਤ ਵਾਪਸ ਲੈ ਲੈਣੀ। ਐਸਾ ਹੀ ਉਨ੍ਹਾਂ ਦਾ ਕੰਮ ਸੀ। ਜਿਸ ਤਰ੍ਹਾਂ ਅੱਜਕਲ੍ਹ ਬੈਂਕਾਂ ਦੇ ਅੰਦਰ ਅਮਾਨਤਾਂ ਰਖਾਈਆਂ ਜਾਂਦੀਆਂ ਨੇ, ਲੌਕਰਾਂ ਦੇ ਅੰਦਰ। ਸੋ ਇਕ ਵਾਰੀ ਐਸਾ ਹੋਇਆ ਕਿ ਇਕ ਪਠਾਣ ਜਿਸਦਾ ਨਾਉਂ ਜਮਾਲ ਸੀ। ਫੌਜ ਦੇ ਵਿਚ ਸੀ ਤੇ ਹੁਕਮ ਹੋ ਗਿਆ ਕਿ ਪਿਸ਼ਾਵਰ ਦੇ ਉਤੇ ਚੜ੍ਹਾਈ ਕਰਨੀ ਹੈ, ਅਫਗਾਨਿਸਤਾਨ 'ਚ ਕੋਈ ਦੂਰ ਦੇਸ਼ ਦੇ ਅੰਦਰ ਗੜਬੜ ਹੋਈ ਤੇ ਫੌਜ ਨੂੰ ਹੁਕਮ ਹੋ ਗਿਆ ਚੱਲਣ ਦਾ। ਘਰ ਵਿਚ 500 ਮੋਹਰਾਂ ਸੋਨੇ ਦੀਆਂ ਜੋੜ ਕੇ ਰੱਖੀਆਂ ਹੋਈਆਂ ਸੀ। ਖਿਆਲ ਕਰਿਆ ਕਿ ਜੇ ਮੈਂ ਘਰ ਰੱਖਿਆ, ਘਰਵਾਲੀ ਕੋਲੋਂ ਚੋਰ ਲੈ ਜਾਣਗੇ। ਹੋਵੇ ਨਾ ਤਾਂ ਮੈਂ ਭਾਈ ਛੱਜੂ ਜੀ ਪਾਸ ਅਮਾਨਤ ਰੱਖ ਦੇਵਾਂ। ਸੋ ਏਸ ਆਸ਼ੇ ਦੇ ਨਾਲ ਭਾਈ ਸਾਹਿਬ ਦੇ ਪਾਸ ਆਉਂਦਾ ਹੈ, ਆ ਕੇ ਕਹਿਣ ਲੱਗਿਆ ਕਿ ਭਾਈ ਛੱਜੂ ਜੀ! ਮੈਨੂੰ ਹੁਕਮ ਹੋ ਗਿਆ ਹੈ ਯੁੱਧ ਵਿਚ ਜਾਣ ਦਾ। ਅੱਲਾਹ ਤਾਲਾ ਜਾਣਦਾ ਹੈ ਕਿ ਵਾਪਸ ਆਉਣਾ ਹੈ ਕਿ ਨਹੀਂ ਆਉਣਾ। ਆਹ ਦੇਖ ਮੈਂ ਤੇਰੇ ਕੋਲ ਅਮਾਨਤ ਰੱਖਦਾ ਹਾਂ, ਜੇ ਤਾਂ ਮੈਂ ਆ ਗਿਆ ਤਾਂ, ਤਾਂ ਮੈਂ ਵਾਪਸ ਲੈ ਲਵਾਂਗਾ, ਜੇ ਮੈਂ ਨਾ ਆਇਆ ਤਾਂ ਤੂੰ ਇਮਾਨਦਾਰੀ ਦੇ ਨਾਲ ਤੂੰ ਖੁਦਾ ਦੇ ਨਮਿਤ ਇਹ ਪੈਸੇ ਨੂੰ ਖਰਚ ਦੇਵੀਂ ਤਾਂ ਕਿ ਮੈਨੂੰ ਸਵਾਬ ਮਿਲੇ, ਪੁੰਨ ਮਿਲੇ ਤੇ ਮੇਰੀ ਰੂਹ ਦਾ ਕੁਛ ਭਲਾ ਹੋ ਜਾਵੇ, ਕੁਛ ਮੈਨੂੰ ਅਗਲੇ ਲੋਕ ਵਿਚ ਜਾ ਕੇ ਸੁਖਾਲ ਹੋ ਜਾਵੇ। ਇਥੇ ਬੀਜਦੇ ਹਾਂ ਅੱਗੇ ਮਿਲਦਾ ਹੈ ਕਿਉਂਕਿ ਮਹਾਰਾਜ ਦਾ ਐਸਾ ਫੁਰਮਾਨ ਹੈ। ਇਹ ਅਜਾਈਂ ਨਹੀਂ ਜਾਇਆ ਕਰਦਾ ਕਰਦਾ, ਬੀਜਿਆ ਹੋਇਆ। ਪਰ ਮਹਾਰਾਜ ਕਹਿੰਦੇ ਇਹਦੇ ਵਿਚ ਇਕ ਸ਼ਰਤ ਹੈ ਬੜੀ ਜ਼ਬਰਦਸਤ ਉਹ ਜੇ ਤੁਸੀਂ ਪੂਰੀ ਕਰ ਲਓ ਤਾਂ ਅੱਗੇ ਮਿਲਦਾ ਹੈ। ਉਹ ਕੀ ਹੈ? ਕਹਿੰਦੇ –

*ਘਾਲਿ ਖਾਇ ਕਿਛੁ ਹਥਹੁ ਦੇਇ ॥*
*ਨਾਨਕ ਰਾਹੁ ਪਛਾਣਹਿ ਸੇਇ ॥ ਅੰਗ – ੧੨੪੫*

ਦੱਸਾਂ ਨੌਹਾਂ ਦੀ ਕਿਰਤ ਕਰਕੇ, ਉਹਦੇ ਵਿਚ ਮਿਲਾਵਟ ਨਾ ਹੋਵੇ, ਠੱਗੀ ਠੋਰੀ ਦੀ, ਰਿਸ਼ਵਤ ਦੀ। ਕਹਿੰਦੇ, ਉਹ ਚੀਜ਼ ਮਿਲਦੀ ਹੈ ਅੱਗੇ ਜਾ ਕੇ ਤੇ ਉਸੇ ਨੂੰ ਰੱਬ ਦੇ ਰਾਹ ਦੀ ਪਛਾਣ ਵੀ ਆ ਜਾਂਦੀ ਹੈ, ਬੜੀ ਵੱਡੀ ਗੱਲ ਹੋ ਜਾਂਦੀ ਹੈ। ਕਿਉਂਕਿ ਰੱਬ ਅੰਦਰ ਹੀ ਰਹਿੰਦਾ ਹੈ ਸਾਡੇ, ਲੇਕਿਨ ਸਾਨੂੰ ਪਛਾਣ ਨਹੀਂ ਹੈ ਓਸ ਰਸਤੇ ਦੀ ਜਿਹੜਾ ਅੰਦਰ ਹੈ।

ਸੰਤ ਮਹਾਰਾਜ ਸੰਤ ਈਸ਼ਰ ਸਿੰਘ ਜੀ ਤੇ ਸੰਗਤ ਨੇ ਸਵਾਲ ਕਰਿਆ ਸੀ ਕਿ ਮਹਾਰਾਜ! ਅੱਗੇ ਦੇ ਰਸਤੇ ਬਾਰੇ ਬੜਾ ਕੁਛ ਸੁਣਦੇ ਹਾਂ। ਬਹੁਤ ਸਾਰੇ ਪ੍ਰੇਮੀ ਹੋਰ ਸੰਪਰਦਾਵਾਂ ਦੇ ਆਏ ਹੋਏ ਨੇ, ਬਹੁਤ ਸਾਰੇ ਹਿੰਦੂ ਵੀਰ ਬੈਠੇ ਨੇ, ਬਹੁਤ ਸਾਰੇ ਰਾਧਾ ਸਵਾਮੀ ਬੈਠੇ ਨੇ, ਨਾਮਧਾਰੀ ਸਿੰਘ ਬੈਠੇ ਨੇ, ਹੋਰ ਵੀ ਬੰਦਗੀ ਕਰਨ ਵਾਲੇ ਬੈਠੇ ਨੇ, ਸਾਰਿਆਂ ਦਾ ਆਪਣਾ–ਆਪਣਾ ਖਿਆਲ ਹੈ ਤੇ ਬਹੁਤ ਵਾਰੀ ਜਦੋਂ ਅਸੀਂ ਆਪਸ ਵਿਚ ਬਚਨ ਕਰਦੇ ਹਾਂ ਤਾਂ ਉਸ ਵੇਲੇ ਜ਼ਿਕਰ ਚਲਦਾ ਹੈ ਕਿ ਰੱਬ ਦੇ ਘਰ ਵਾਸਤੇ ਅੰਦਰ ਇਕ ਰਾਹ ਹੈ, ਉਹਦੇ ਬਾਰੇ ਇਸ ਤਰ੍ਹਾਂ ਸੁਣਦੇ ਹਾਂ ਕਿ ਬੜਾ ਔਖਾ ਰਸਤਾ ਹੈ ਤੇ ਉਹਦੇ ਵਿਚ ਚੱਕਰ ਆਉਂਦੇ ਨੇ, ਰੁਕਾਵਟਾਂ ਆਉਂਦੀਆਂ ਨੇ, ਐਨਰਜੀ ਸੈਂਟਰ ਆਉਂਦੇ ਨੇ ਪੰਜ ਛੇ, ਇਕ ਤੋਂ ਇਕ ਐਨਰਜੀ ਵਧਦੀ ਤੁਰੀ ਜਾਂਦੀ ਹੈ। ਕ੍ਰਿਪਾ ਕਰਕੇ ਆਪ ਜੇ ਇਸ ਤੇ ਚਾਨਣਾ ਪਾਵੋਂ ਤਾਂ ਸਾਨੂੰ ਸਾਰਿਆਂ ਨੂੰ ਗਿਆਨ ਹੋ ਜਾਵੇ।

ਸੰਤ ਮਹਾਰਾਜ ਜੀ ਕਹਿਣ ਲੱਗੇ, ਦੇਖੋ ਪਿਆਰਿਓ! ਸਰੀਰ ਆਪਣਾ ਹੈ, ਖੋਜ ਆਪਣੀ ਹੈ। ਇਹਦੇ ਵਿਚ ਅਸੀਂ ਐਉਂ ਨਹੀਂ ਕਹਿ ਸਕਦੇ ਕਿ ਆਹ ਖੋਜ ਨਾ ਕਰੋ, ਔਹ ਨਾ ਕਰੋ ਕਿਉਂਕਿ ਸਰੀਰ ਆਪਣਾ ਹੈ, ਖੋਜ ਵੀ ਆਪਣੀ ਹੈ ਤੇ ਨਤੀਜਾ ਵੀ ਸਾਂਝਾ ਹੈ ਸਾਰਿਆਂ ਦਾ। ਲੇਕਿਨ ਜਿਹੜੀ ਚੀਜ਼ ਹੈ ਆਚਾਰੀਏ, ਬੰਦਗੀ ਕਰਨ ਵਾਲੇ, ਅਨੁਭਵੀ ਮਹਾਂਪੁਰਸ਼ ਸਾਧਨ

ਬਦਲਦੇ ਰਹਿੰਦੇ ਨੇ। ਲੋਕਾਂ ਦੀਆਂ ਪ੍ਰਸਥਿਤੀਆਂ ਦੇਖ ਕੇ, ਸਿਹਤ ਦੇਖ ਕੇ, ਰੁਝੇਵੇਂ ਦੇਖ ਕੇ ਸਾਧਨ ਬਦਲਦੇ ਤੁਰੇ ਜਾਂਦੇ ਨੇ। ਇਹ ਸਾਧਨ ਜਿਹੜੇ ਸੀ ਇਹ ਉਸ ਵੇਲੇ ਦੇ ਸੀ ਜਿਸ ਵਕਤ ਬਹੁਤ ਸ਼ਾਂਤੀ ਹੋਇਆ ਕਰਦੀ ਸੀ ਤੇ ਬੜੀ ਖੋਜ ਅੰਦਰ ਆਦਮੀ ਕਰ ਸਕਦਾ ਸੀ। ਸਰੀਰ ਬਹੁਤ ਨਰੋਏ ਹੁੰਦੇ, ਦਿਮਾਗ ਬਹੁਤ ਕੰਮ ਦੇ ਹੁੰਦੇ, ਬ੍ਰਹਮਚਰੀਅ ਕਾਇਮ ਹੁੰਦਾ, ਚੁਗਲੀਆਂ ਵਗੈਰਾ ਵਰਗੀਆਂ ਚੀਜ਼ਾਂ ਵਿਚ ਨਹੀਂ ਸੀ ਗੁਲਤਾਨ ਹੁੰਦੇ। ਮਨ ਟਿਕਿਆ ਹੋਇਆ ਹੁੰਦਾ ਸੀ ਪਰ ਹੁਣ ਕਲਜੁਗ ਦਾ ਸਮਾਂ ਹੈ, ਹੁਣ ਗੁਰੂ ਨਾਨਕ ਦਾ ਜੋ ਸੁਖੈਨ ਰਸਤਾ ਹੈ, ਉਹ ਹੈ-

*ਅਬ ਕਲੂ ਆਇਓ ਰੇ ॥*
*ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥*
*ਮਤੁ ਭਰਮਿ ਭੂਲਹੁ ਭੂਲਹੁ ॥ ਅੰਗ - ੧੧੮੫*

ਪਰ ਫੇਰ ਵੀ ਤੁਸੀਂ ਹੁਣ ਪ੍ਰਸ਼ਨ ਕਰਿਆ ਹੈ, ਜਾਨਣ ਦੇ ਲਈ ਉਤਸੁਕ ਹੋ ਤੁਸੀਂ ਸਾਰੇ। ਸੋ ਉਹਦੇ ਬਾਰੇ ਮਹਾਰਾਜ ਜੀ ਦੱਸਦੇ ਨੇ ਉਹ ਆਤਮ ਮਾਰਗ ਮੈਗਜ਼ੀਨ 1995 ਅਗਸਤ ਦੇ ਵਿਚ ਆਹ ਚੀਜ਼ ਆ ਗਈ ਹੈ। ਉਹ ਰਸਤਾ ਹੈ ਸਾਡੇ ਅੰਦਰ ਕਿ ਅਸੀਂ ਕਿਸ ਤਰ੍ਹਾਂ ਦੇ ਨਾਲ ਇਨ੍ਹਾਂ ਐਨਰਜੀ ਸੈਂਟਰਾਂ 'ਚੋਂ ਹੁੰਦੇ ਹੋਏ ਉਪਰ ਪਹੁੰਚ ਸਕਦੇ ਹਾਂ, ਸੋ ਉਹ ਰਾਹ ਨੇ ਆਪਣੇ ਅੱਡ-ਅੱਡ। ਉਸ ਦੇ ਮੁਤਾਬਿਕ ਸਾਰੇ ਭੇਤ ਲਗ ਜਾਂਦੇ ਨੇ, ਇਸੇ ਕਰਕੇ ਸਾਧੂ ਦੀ ਲੋੜ ਹੋਇਆ ਕਰਦੀ ਹੈ ਕਿਉਂਕਿ ਉਹ ਅਨੁਭਵੀ ਹੁੰਦਾ ਹੈ, ਉਹਨੂੰ ਪਤਾ ਹੁੰਦਾ ਹੈ। ਸੋ ਮਹਾਰਾਜ ਕਹਿੰਦੇ ਨੇ ਭਾਈ, ਆਹ ਸੰਸਾਰ ਤੋਂ ਅੱਗੇ ਹੋਰ ਸੰਸਾਰ ਹੈ। ਜੇ ਕੋਈ ਦੇਖਣਾ ਹੈ ਤਾਂ ਮਹਾਰਾਜ ਕਹਿੰਦੇ ਕਿ ਤੂੰ ਦੇਖ ਸਕਦਾ ਹੈਂ, ਤੇਰੇ ਅੰਦਰ ਇਕ ਅਵਸਥਾ ਹੈ, ਇਕ ਮੰਡਲ ਹੈ ਜਿਹਨੂੰ ਧਰਮਖੰਡ ਕਹਿੰਦੇ ਨੇ, ਉਸ ਧਰਮਖੰਡ ਦੇ ਅੰਦਰ ਇਕ ਐਸੀ ਬੁੱਧੀ, ਐਸੀ ਅੱਖ ਪੈਦਾ ਹੁੰਦੀ ਹੈ, ਜਿਹਦੇ ਨਾਲ ਤੂੰ ਇਥੇ ਵੀ ਦੇਖ ਸਕਦਾ ਹੈਂ ਤੇ ਦਰਗਾਹ ਵਿਚ ਵੀ ਦੇਖ ਸਕਦਾ ਹੈਂ। ਹੁਣ ਓਸ ਦਰਗਾਹ ਦੇ ਵਿਚ ਖੱਟਣ ਵਾਸਤੇ ਆਹ ਵੇਲਾ ਹੈ ਜਿਹੜਾ ਸਾਨੂੰ ਮਿਲਿਆ ਹੋਇਆ ਹੈ। ਇਕ ਥਾਂ ਖੱਟ ਕੇ, ਲੱਦ ਕੇ ਚਲੇ ਗਏ, ਇਕ ਉਜਾੜਾ ਪਾ ਕੇ ਇਥੇ ਚਲੇ ਗਏ, ਉਹ ਇਥੇ ਵੀ ਭੁੱਖੇ ਤੇ ਦਰਗਾਹ ਵਿਚ ਭੁੱਖੇ। ਸੋ ਮਹਾਰਾਜ ਕਹਿੰਦੇ ਪਿਆਰਿਆ! ਉਥੇ ਮਿਲਦਾ ਹੈ -

*ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥*
*ਅੰਗ - ੪੭੨*

ਜਿਹੜਾ ਇਥੇ ਖੱਟਦਾ ਹੈ ਮਿਹਨਤ ਕਰਕੇ, ਫੇਰ ਉਹ ਦਿੰਦਾ ਹੈ, ਉਹ ਚੀਜ਼ ਅੱਗੇ ਮਿਲਦੀ ਹੈ, ਇਹ ਸਾਰੇ ਧਰਮਾਂ ਦਾ ਜਿੰਨੇ ਵੀ ਆਸਤਕ ਧਰਮ ਨੇ, ਸਾਰਿਆਂ ਦਾ ਵਿਸ਼ਵਾਸ਼ ਹੈ। ਇਸਲਾਮ ਵਾਲਿਆਂ ਦਾ ਇਹ ਹੈ ਕਿ ਰੂਹਾਂ ਕਬਰਾਂ ਵਿਚ ਪਈਆਂ ਰਹਿੰਦੀਆਂ ਨੇ। ਰੋਜ਼ੇ, ਕਿਆਮਤ ਫੇਰ ਰੂਹਾਂ ਦਾ ਹਿਸਾਬ ਕਿਤਾਬ ਹੁੰਦਾ ਹੈ ਉਸ ਵੇਲੇ ਜਿਨ੍ਹਾਂ ਨੇ ਪੁੰਨ ਕਰੇ ਨੇ, ਸਵਾਬ ਕਰੇ ਨੇ, ਉਹ ਸਵਰਗਾਂ ਵਿਚ ਸੁੱਖ ਪਾਉਂਦੇ ਨੇ ਤੇ ਜਿਨ੍ਹਾਂ ਨੇ ਪਾਪ ਕਰੇ ਨੇ ਉਹ ਦੋਜਕਾਂ ਦੇ ਵਿਚ ਸੜਦੇ ਨੇ। ਖਿਆਲ ਹੈ ਉਨ੍ਹਾਂ ਦਾ। ਰਲਦਾ ਮਿਲਦਾ ਹੀ ਹੈ। ਸਾਡੇ ਵੀ ਇਸੇ ਤਰ੍ਹਾਂ ਹੀ ਹੈ ਕਿ ਜਿਹੋ ਜਿਹਾ ਬੀਜੇਂਗਾ -

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥*
*ਅੰਗ - ੧੩੪*

ਐਥੇ ਵੀ ਮਿਲੇਗਾ ਤੇ ਦਰਗਾਹ 'ਚ ਜਾ ਕੇ ਵੀ ਮਿਲੇਗਾ। ਸੋ ਇਸ ਤਰ੍ਹਾਂ ਦੇ ਨਾਲ ਭਾਈ ਜਮਾਲ ਕਹਿਣ ਲੱਗਿਆ ਕਿ ਭਾਈ ਛੱਜੂ! ਜੇ ਤਾਂ ਮੈਂ ਆ ਗਿਆ ਤਾਂ ਤੇ ਮੈਂ ਲੈ ਲਵਾਂਗਾ ਆਪਣੀ ਅਮਾਨਤ, ਜੇ ਮੈਂ ਨਾ ਆਇਆ ਤਾਂ ਐਉਂ ਕਰੀ ਰੱਬ ਦੀ ਖੈਰਾਇਤ ਦੇ ਵਿਚ ਦੇ ਦੇਵੀਂ, ਨੇਕ ਕੰਮਾਂ 'ਚ ਐਸਿਆਂ 'ਚ ਖਰਚ ਕਰੀ ਕਿ ਮੈਨੂੰ ਰੱਬ ਦੀ ਦਰਗਾਹ ਦੇ ਵਿਚ ਜਾ ਕੇ ਮਿਲ ਜਾਵੇ। ਐਨੇ ਬਚਨ ਕਰਕੇ ਚਲਿਆ ਗਿਆ। ਇਹ ਬੜਾ ਰੁਝਿਆ ਹੋਇਆ ਸੀ ਉਸ ਵਕਤ। ਉਤੋਂ-ਉਤੋਂ ਗੱਲ ਸੁਣੀ, ਗਹਿਰੇ ਮਨ ਨਾਲ ਨਹੀਂ ਸੁਣੀ। ਜਦੋਂ ਅਸੀਂ ਗਹਿਰੇ ਮਨ ਨਾਲ ਮਨ ਨਾ ਸੁਣੀਏ ਅਸੀਂ ਉਦੋਂ ਹੀ ਭੁੱਲ ਜਾਂਦੇ ਹਾਂ, ਯਾਦ ਨਹੀਂ ਰਹਿੰਦੀ, ਕਿਉਂਕਿ ਉਪਰਲੀ ਪੇਤਲੀ ਪੜਤ 'ਚ ਗੱਲ ਹੁੰਦੀ ਹੈ। ਗਹਿਰੀ ਪੜਤ ਵਿਚ ਗਈ ਹੋਈ ਗੱਲ ਨਹੀਂ ਭੁੱਲਿਆ ਕਰਦੀ।

ਛੇ ਮਹੀਨੇ ਲੰਘਣ ਤੋਂ ਬਾਅਦ ਉਹ ਵਾਪਸ ਆਉਂਦਾ ਹੈ, ਅਮਾਨਤ ਲੈਣ ਵਾਸਤੇ ਭਾਈ ਛੱਜੂ ਦੇ ਕੋਲ ਆਉਂਦਾ ਹੈ। ਆਪਸ ਵਿਚ ਸਤਿ ਕਰਤਾਰ ਤੇ ਸਲਾਮ-ਏ-ਲੇਕੁਮ ਹੋਇਆ। ਕਹਿਣ ਲੱਗੇ, ਦੱਸੋ ਕਿਵੇਂ ਆਏ? ਕਹਿਣ ਲੱਗਿਆ, ਛੱਜੂ ਜੀ! ਮੈਂ ਆ ਗਿਆ, ਖੁਦਾ ਦੀ ਬੜੀ ਮਿਹਰ ਹੈ ਕਿ ਮੈਨੂੰ ਯੁੱਧਾਂ ਦੇ ਵਿਚੋਂ ਉਨ੍ਹਾਂ ਨੇ ਰੱਖ ਲਿਆ ਤੇ ਮੈਂ ਸਹੀ ਸਲਾਮਤ ਆ ਗਿਆ। ਕਹਿੰਦੇ, ਬੜੀ ਖੁਸ਼ੀ ਹੋਈ ਤੁਹਾਡੇ ਆਉਣ ਦੀ, ਹੋਰ ਕੋਈ ਸੇਵਾ ਦੱਸੋ? ਕਹਿਣ ਲੱਗਿਆ ਪਠਾਣ ਕਿ ਸੇਵਾ ਤਾਂ ਇਹ ਹੈ ਕਿ ਮੈਂ ਤੁਹਾਡੇ ਪਾਸ ਅਮਾਨਤ ਰੱਖ ਗਿਆ ਸੀ, ਪੰਜ ਸੌ ਮੋਹਰ ਦੀ, ਉਹ ਮੈਨੂੰ ਦੇ ਦਿਓ, ਰਜਿਸਟਰ ਮੰਗਾ ਲਿਆ ਉਸੇ ਵੇਲੇ ਕਹਿਣ ਲੱਗੇ, ਮੁਨੀਮਾਂ ਨੂੰ ਕਿ ਦੇਖੋ ਅਮਾਨਤ ਏਸ ਦੀ, ਸਾਰੇ ਖਾਤੇ ਫਰੋਲ ਦਿਤੇ ਲੇਕਿਨ ਜਮਾਲ ਦਾ ਖਾਤਾ ਨਾ ਨਿਕਲਿਆ। ਹੈਰਾਨ ਹੋ ਗਏ ਕਿ ਅੱਜ ਤੱਕ ਤਾਂ ਐਸੀ ਗੱਲ ਨਹੀਂ ਹੋਈ। ਕਹਿਣ ਲੱਗੇ ਕਿ ਜੇ ਇਹ ਕਹਿੰਦਾ ਹੈ ਕਿ ਤੁਹਾਡੇ ਪਾਸ ਜ਼ਰੂਰ ਹੋਣਾ ਹੈ ਕੋਈ ਖਾਤਾ। ਕਹਿੰਦੇ ਨਾ ਸ਼ਾਹ ਜੀ! ਸਾਡੇ ਰਜਿਸਟਰਾਂ ਦੇ ਅੰਦਰ, ਸਾਡੀਆਂ

ਵਹੀਆਂ ਦੇ ਅੰਦਰ ਤਾਂ ਜਮਾਲ ਦਾ ਨਾਉਂ ਹੀ ਨਹੀਂ ਹੈ।

ਕਹਿਣ ਲੱਗੇ, ਅੱਜ ਤੱਕ ਇਹ ਗੱਲ ਹੋਈ ਨਹੀਂ, ਇਹ ਭਲਾ ਬੰਦਾ ਹੈ, ਇਹ ਐਵੇਂ ਆ ਕੇ ਮੰਗਦਾ ਹੈ? ਅੱਛਾ ਐਸ ਤਰ੍ਹਾਂ ਕਰੋ ਸਾਰੀਆਂ ਅਮਾਨਤਾਂ ਦੇ ਬਕਸੇ ਫਰੋਲੋ, ਇਕੱਲਾ-ਇਕੱਲਾ ਬਕਸਾ ਫਰੋਲਿਆ, ਇਕੱਲੀਆਂ-ਇਕੱਲੀਆਂ ਜਿਹੜੀਆਂ ਬੰਨ੍ਹ ਕੇ ਰੱਖੀਆਂ ਹੋਈਆਂ ਸੀ ਪੋਟਲੀਆਂ ਉਹ ਰਜਿਸਟਰਾਂ ਦੇ ਨਾਲ ਮਿਲਾ ਕੇ ਨੰਬਰਾਂ ਦੇ ਹਿਸਾਬ ਨਾਲ ਰੱਖੀ ਜਾਂਦੇ ਨੇ। ਬੜੀ ਮਿਹਨਤ ਤੋਂ ਬਾਅਦ ਕਹਿਣ ਲੱਗੇ, ਸ਼ਾਹ ਜੀ! ਨਾ ਬਕਸਿਆ ਵਿਚੋਂ ਇਹਦੀ ਕੋਈ ਚੀਜ਼ ਨਿਕਲੀ ਹੈ। ਬੜੇ ਹੈਰਾਨ ਹੋਏ, ਨੀਵੀਂ ਪਾ ਲਈ ਕਹਿਣ ਲੱਗੇ ਗਈ ਫੇਰ ਕਿੱਥੇ? ਇਹ ਵੀ ਝੂਠ ਨਹੀਂ ਬੋਲਦਾ।

ਉਹ ਕਹਿਣ ਲੱਗੇ ਕਿ ਸ਼ਾਹ ਜੀ! ਹੋ ਸਕਦਾ ਹੈ ਇਹਨੇ ਕਿਤੇ ਹੋਰ ਰੱਖ ਦਿਤੀ ਹੋਵੇ। ਅਖੀਰ ਗੱਲ ਸ਼ੱਕ ਵਿਚ ਪੈ ਗਈ, ਝਗੜੇ ਵਿਚ ਪੈ ਗਈ, ਉਹ ਕਹਿੰਦਾ ਮੈਂ ਤੁਹਾਨੂੰ ਦੇ ਕੇ ਗਿਆ, ਗੱਲਾਂ ਕਰੀਆਂ ਨੇ ਤੁਹਾਡੇ ਨਾਲ। ਇਧਰ ਭਾਈ ਛੱਜੂ ਬਿਲਕੁਲ ਭੁੱਲ ਗਿਆ ਕਿ ਇਹ ਆਇਆ ਵੀ ਸੀ ਮੇਰੇ ਕੋਲ। ਜਦੋਂ ਕੋਈ ਫੈਸਲਾ ਨਾ ਹੋਇਆ, ਪੰਚਾਇਤਾਂ ਕੀਤੀਆਂ, ਭਾਈਚਾਰਾ ਇਕੱਠਾ ਕਰਿਆ, ਸ੍ਰੇਸ਼ਟ ਪੁਰਸ਼ ਇਕੱਠੇ ਕਰੇ ਅਖੀਰ ਕਾਜ਼ੀ ਦੇ ਪਾਸ ਗਿਆ, ਕਾਜ਼ੀ ਕਹਿਣ ਲੱਗਿਆ ਦੇਖੋ, ਸਬੂਤ ਕੋਈ ਹੈ ਨਹੀਂ ਤੇ ਭਾਈ ਛੱਜੂ ਜਿਹੜਾ ਹੈ ਇਹਦੀ ਰੈਪੂਟੇਸ਼ਨ ਐਨੀ ਜ਼ਬਰਦਸਤ ਹੈ ਕਿ ਇਹਨੇ ਕਦੇ ਗਲਤੀ ਨਹੀਂ ਕਰੀ ਅੱਜ ਤੱਕ। ਹੋਵੇ ਨਾ ਤਾਂ ਮੈਂ ਇਹ ਕੇਸ ਨਵਾਬ ਨੂੰ ਦੇ ਦੇਵਾਂ। ਲਾਹੌਰ ਦੇ ਨਵਾਬ ਕੋਲ ਚਲਿਆ ਗਿਆ। ਨਵਾਬ ਨੇ ਦੋਹਾਂ ਨੂੰ ਬੁਲਾਇਆ, ਬਿਆਨ ਸੁਣੇ। ਕਹਿਣ ਲੱਗਿਆ ਕਿ ਦੇਖ ਭਾਈ ਜਮਾਲ! ਚਾਹੇ ਗੱਲ ਠੀਕ ਹੈ ਚਾਹੇ ਗਲਤ ਹੈ, ਮੇਰਾ ਮਨ ਇਹ ਨਹੀਂ ਮੰਨਦਾ ਕਿ ਗੁਰੂ ਦਾ ਸਿੱਖ ਹੋ ਕੇ ਝੂਠ ਬੋਲੇ ਤੇ ਜਿਨ੍ਹਾਂ ਨੂੰ ਅਸੀਂ ਕਹਿੰਦੇ ਸੀ ਕਿ ਉਨ੍ਹਾਂ ਦਾ ਰਾਜ ਹੈ, ਇਸਲਾਮ ਵਾਲੇ ਨੇ। ਉਹ ਵੀ ਬੰਦੇ ਸੀ ਸਾਧਸੰਗਤ ਜੀ! ਮਾੜੇ ਬੰਦੇ ਹਰੇਕ ਦੇ ਵਿਚ ਹੁੰਦੇ ਨੇ, ਜ਼ੁਰਮ ਕਰਨ ਵਾਲੇ ਹਰੇਕ ਕਮਿਊਨਟੀ 'ਚ ਹੁੰਦੇ ਨੇ। ਰਾਜਸੀ ਪੱਧਰ ਤੇ ਵਿਰੋਧਤਾ ਸੀ, ਲੇਕਿਨ ਜਿਹੜੀ ਸਮਾਜਿਕ ਪੱਧਰ ਸੀ ਉਸ ਦੇ ਮੁਤਾਬਿਕ ਸਿੱਖ ਦੀ ਬੜੀ ਕਦਰ ਸੀ। ਸ਼ਰਧਾ ਸੀ, ਸੀਸ ਝੁਕਦਾ ਸੀ। ਉਨ੍ਹਾਂ ਦੇ ਜੀਵਨ ਨੂੰ ਦੇਖ ਕੇ ਇਸਲਾਮ ਵਾਲੇ ਗੁਰੂਆਂ ਦੇ ਚਰਨੀਂ ਆ ਕੇ ਨਾਮ ਦੀ ਦਾਤ ਪ੍ਰਾਪਤ ਕਰਦੇ ਸੀ। ਇਕ ਨਹੀਂ ਹਜ਼ਾਰਾਂ ਦੀ ਤਾਦਾਦ 'ਚ।

ਕੀੜੀ ਪਿੰਡ ਦੇ ਪਠਾਣ ਜਦੋਂ ਗੁਰੂ ਨਾਨਕ ਪਾਤਸ਼ਾਹ ਜੋਤੀ ਜੋਤ ਸਮਾਏ ਤਾਂ ਝਗੜਾ ਪੈ ਗਿਆ ਕਿ ਸਰੀਰ ਦੇ ਉਪਰ। ਸਾਰੇ ਪਠਾਣ ਕਹਿਣ ਕਿ ਇਹ ਸਾਡੇ ਪੀਰ ਨੇ, ਅਸੀਂ ਤਾਂ ਦਫਨਾਉਣੇ, ਦੂਜੇ ਪਾਸੇ ਕਹਿਣ ਕਿ ਇਹ ਸਾਡੇ ਗੁਰੂ ਨੇ ਅਸੀਂ ਸਸਕਾਰ ਕਰਨਾ ਹੈ। ਹੁਣ ਨਿਬੇੜਾ ਕਿਵੇਂ ਹੋਏ? ਨਿਬੇੜਾ ਆਪੇ ਹੀ ਹੋ ਗਿਆ, ਮਹਾਰਾਜ ਨੇ ਤੱਤ ਤੱਤਾਂ 'ਚ ਰਲਾ ਦਿਤੇ। ਉਥੇ ਕੁਛ ਵੀ ਨਾ ਰਿਹਾ, ਫੁੱਲ ਰਹਿ ਗਏ, ਫੁੱਲ ਅੱਧੇ-ਅੱਧੇ ਵੰਡ ਲਏ, ਚਾਦਰ ਪਾੜ ਕੇ ਵੰਡ ਲਈ।

ਸੋ ਕਦਰ ਸੀ ਗੁਰਸਿੱਖਾਂ ਦੇ ਜੀਵਨ ਦੀ ਸਾਰਿਆਂ ਦੇ ਮਨਾਂ 'ਚ। ਕੁਛ ਬੰਦੇ ਹੀ ਮਾੜੇ ਹੁੰਦੇ ਨੇ, ਹੁਣ ਵੀ ਐਸੇ ਹੈਗੇ ਨੇ ਬੰਦੇ ਜਿਹੜੇ ਦੂਜਿਆਂ ਨੂੰ ਗਾਲ੍ਹਾਂ ਕੱਢਦੇ ਨੇ, ਮਾੜਾ ਬੋਲਦੇ ਨੇ, ਨਫਰਤ ਕਰਦੇ ਨੇ, ਉਹ ਤਾਂ ਸਦਾ ਹੀ ਰਹਿਣਗੇ। ਕਿਉਂਕਿ ਇਹ ਫੌਜਾਂ ਕਲਜੁਗ ਦੀਆਂ ਨੇ, ਕਲਜੁਗ ਦਾ ਰਾਜ ਹੈ, ਇਹਨੇ ਰਹਿਣਾ ਹੀ ਰਹਿਣਾ ਹੈ। ਰੂਪ ਵਟਾ ਲੈਂਦੇ ਨੇ, ਧਰਮੀਆਂ ਦਾ ਰੂਪ ਵਟਾ ਕੇ ਧਰਮਾਂ 'ਚ ਦਾਖਲ ਹੋ ਗਏ, ਕਹਿੰਦੇ ਨੇ ਅਸੀਂ ਪ੍ਰਚਾਰ ਕਰਾਂਗੇ। ਪ੍ਰਚਾਰ ਕੀ ਹੈ ਕਿ ਸੰਤ ਨੁਕਸਾਨ ਕਰ ਰਹੇ ਨੇ ਪੰਥ ਦਾ। ਜੇ ਸੰਤਾਂ ਨੂੰ ਕੱਢ ਦਿਓ ਤਾਂ ਅੰਮ੍ਰਿਤ ਛਕਣ ਵਾਲਿਆਂ ਦੀ ਗਿਣਤੀ ਹਜ਼ਾਰਾਂ ਵਿਚ ਰਹਿ ਜਾਏਗੀ, ਸੰਤਾਂ ਨੂੰ ਰਲਾ ਲਓ ਤਾਂ ਕਰੋੜਾਂ 'ਚ ਚਲੀ ਜਾਂਦੀ ਹੈ। ਸਾਰੇ ਸਾਧੂ ਅੰਮ੍ਰਿਤ ਛਕਾਉਂਦੇ ਨੇ, ਗੁਰੂ ਦੇ ਲੜ ਲਾਉਂਦੇ ਨੇ। ਸੋ ਗੁਰਸਿੱਖ ਦੀ ਬੜੀ ਕਦਰ ਸੀ ਉਨ੍ਹਾਂ ਦਿਨਾਂ ਵਿਚ ਕਿਉਂਕਿ ਜੀਵਨ ਬੜਾ ਉਚਾ ਸੀ।

ਸੋ ਨਵਾਬ ਕਹਿਣ ਲੱਗਿਆ ਕਿ ਭਾਈ ਜਮਾਲ ਮੈਂ ਸ਼ੱਕ ਨਹੀਂ ਕਰਦਾ ਇਹਦੇ ਬਿਆਨ ਦੇ ਉਤੇ। ਭਾਈ ਛੱਜੂ ਦੀ ਕਦੇ ਸ਼ਿਕਾਇਤ ਨਹੀਂ ਆਈ। ਹਾਂ ਇਕ ਜੋ ਅਖਤਿਆਰ ਹੈ ਮੇਰੇ ਉਹ ਮੈਂ ਫੈਸਲਾ ਖੁਦਾ ਤੋਂ ਲਵਾਂਗਾ ਕਿਉਂਕਿ ਖੁਦਾ ਸਭ ਨੂੰ ਜਾਣਦਾ ਹੈ। ਉਸ ਤੋਂ ਉਪਰ ਕੋਈ ਨਹੀਂ ਹੈ। ਫਲਾਣੀ ਤਰੀਕ ਨੂੰ ਤੁਸੀਂ ਪੇਸ਼ ਹੋਇਓ, ਓਦਣ ਫੈਸਲਾ ਹੋ ਜਾਏਗਾ, ਸਾਰੀ ਪਬਲਿਕ ਦੇ ਸਾਮ੍ਹਣੇ। ਉਹ ਇਹ ਹੋਏਗਾ ਕਿ ਓਸ ਦਿਨ ਕੜਾਹੀ ਤੇਲ ਦੀ ਉਬਾਲ ਕੇ ਉਹਦੇ ਵਿਚ ਦੋ ਰੁਪਈਏ ਪਾਏ ਜਾਣਗੇ, ਉਹ ਤੁਸੀਂ ਉਬਲਦੇ ਤੇਲ ਦੇ ਵਿਚੋਂ ਰੁਪਈਆ ਕੱਢਣਾ ਹੈ, ਜਿਹਦਾ ਤਾਂ ਹੱਥ ਜਲ ਗਿਆ ਉਹ ਤਾਂ ਝੂਠਾ, ਜਿਹਦਾ ਨਾ ਜਲਿਆ ਉਹ ਸੱਚਾ। ਇਹਨੂੰ ਪ੍ਰੀਕਸ਼ਾ ਕਹਿੰਦੇ ਸੀ। ਪੁਰਾਣੇ ਯੁੱਗ ਦੇ ਅੰਦਰ ਇਸੇ ਤਰ੍ਹਾਂ ਹੁੰਦਾ ਸੀ।

ਜਦੋਂ ਸੀਤਾ ਜੀ ਦੀ ਅਗਨ ਪ੍ਰੀਕਸ਼ਾ ਹੋਈ ਤਾਂ ਉਸ ਨੇ ਇਹ ਬਚਨ ਕਿਹਾ ਕਿ ਮੈਂ ਜੇ ਰਾਮ ਜੀ ਤੋਂ ਬਗੈਰ ਜੇ ਕਿਸੇ ਮਨੁੱਖ ਨੂੰ ਦੇਖਿਆ ਹੋਵੇ, ਤਾਂ ਮੈਂ ਅੱਗ ਦੇ ਵਿਚੋਂ ਨਿਕਲ ਨਾ ਸਕਾਂ, ਐਥੇ ਹੀ ਜਲ ਜਾਵਾਂ। ਅੱਗ ਮਚਾਈ ਗਈ, ਕਿਉਂਕਿ ਸੱਚੀ ਸੀ ਨਿਕਲ ਗਈ।

ਪਹਿਲੇ ਜ਼ਮਾਨਿਆਂ 'ਚ ਐਸੇ ਤਰ੍ਹਾਂ ਦੇ ਨਾਲ ਇਮਤਿਹਾਨ ਹੋਇਆ ਕਰਦਾ ਸੀ। ਅਰ ਵਾਹਿਗੁਰੂ ਬਿਲਕੁਲ ਨੇੜੇ ਹੋ ਕੇ ਬਹੁੜਿਆ ਕਰਦੇ ਸੀ।

ਸੋ ਇਸ ਤਰ੍ਹਾਂ ਦੇ ਨਾਲ ਤਰੀਕ ਬੰਨ੍ਹ ਦਿਤੀ, ਲਾਹੌਰ ਦੇ ਵਿਚ ਖਬਰ ਕਰ ਦਿਤੀ। ਭਾਈ ਛੱਜੂ ਮਨੋ, ਤਨੋ, ਸੱਚਾ ਸੀ। ਭਰੋਸਾ ਸੀ ਆਪਣੇ ਗੁਰੂ ਦੇ ਉਤੇ। ਸੋ ਉਸ ਵੇਲੇ ਚਲੇ ਜਾਂਦੇ ਨੇ, ਜਾ ਕੇ ਆਲੇ-ਦੁਆਲੇ ਬਹੁਤ ਵੱਡਾ ਘੇਰਾ ਘੱਤ ਲਿਆ ਪਬਲਿਕ ਨੇ। ਵਿਚਾਲੇ ਤੇਲ ਉਬਾਲਿਆ ਗਿਆ, ਇਹ ਦੋਵੇਂ ਖੜ੍ਹੇ ਨੇ, ਨਵਾਬ ਖੜ੍ਹਾ ਹੈ, ਕਾਜ਼ੀ ਖੜ੍ਹਾ ਹੈ, ਪੰਜ ਚਾਰ ਬੰਦੇ ਖੜ੍ਹੇ ਨੇ ਤੇ ਕਹਿਣ ਲੱਗੇ ਕਿ ਹੁਣ ਖੁਦਾ ਤੇ ਫੈਸਲਾ ਛੱਡਦੇ ਹਾਂ ਤੇ ਤੇਲ ਉਬਲਣ ਲਗ ਗਿਆ। ਸੇਕ ਮਾਰਦਾ ਹੈ। ਨਵਾਬ ਨੇ ਕਿਹਾ ਕਿ ਮੈਂ ਦੋ ਰੁਪਈਏ ਅੱਲਾਹ ਨੂੰ ਯਾਦ ਕਰਕੇ ਇਹਦੇ ਵਿਚ ਪਾਉਂਦਾ ਹਾਂ ਤੇ ਜਿਹੜਾ ਸਹੀ ਸਲਾਮਤ ਕੱਢ ਲਿਆਇਆ ਉਹ ਸੱਚਾ ਤੇ ਦੂਜਾ ਝੂਠਾ। ਨਾਲ ਇਹ ਕਿਹਾ ਕਿ ਭਾਈ ਜਮਾਲ ਤੇ ਭਾਈ ਛੱਜੂ ਇਹ ਰੱਬ ਵਲੋਂ ਤੁਹਾਡਾ ਫੈਸਲਾ ਹੋਣਾ ਹੈ, ਆਪਣੇ-ਆਪਣੇ ਜਿੱਥੇ ਤੁਹਾਡੀ ਕੋਈ ਨੇਸ਼ਟਾ ਹੈ ਉਹਨੂੰ ਧਿਆ ਲਓ, ਯਾਦ ਕਰ ਲਓ, ਐਨੇ ਮਿੰਟਾਂ ਤੋਂ ਬਾਅਦ ਮੈਂ ਰੁਪਈਏ ਪਾਵਾਂਗਾ, ਉਸ ਤੋਂ ਬਾਅਦ ਤੁਸੀਂ ਕੱਢਣਾ। ਉਸ ਵੇਲੇ ਜਦੋਂ ਇਹ ਬਚਨ ਕਿਹਾ ਗਿਆ ਤਾਂ ਗੁਰਸਿੱਖ ਉਵੇਂ ਜਿਵੇਂ ਬੈਠਾ ਹੈ। ਬੈਠਾ-ਬੈਠਾ ਗੁਰੂ ਨਾਲ ਜੁੜ ਗਿਆ, ਗੁਰੂ ਪੰਜਵੇਂ ਪਾਤਸ਼ਾਹ ਦੇ ਚਰਨਾਂ 'ਚ ਸੁਰਤ ਪਹੁੰਚ ਗਈ। ਹੱਥ ਜੋੜ ਲਏ, ਕਹਿਣ ਲੱਗਿਆ ਪਾਤਸ਼ਾਹ! ਮੈਂ ਚਾਹੇ ਚੰਗਾ ਹਾਂ, ਚਾਹੇ ਮੰਦਾ ਹਾਂ, ਹੁਣ ਮੈਨੂੰ ਨਾ ਦੇਖ, ਤੇਰੇ ਸਿੱਖ ਦੀ ਇੱਜ਼ਤ ਜਿਹੜੀ ਹੈ ਸੰਸਾਰ ਦੇ ਅੰਦਰ ਫਿਕੀ ਪੈ ਜਾਏਗੀ, ਜੇ ਐਸ ਵੇਲੇ ਮੇਰੀ ਰਾਖੀ ਨਾ ਹੋਈ ਤੇ ਇਹ ਲਾਜ ਤੂੰ ਮੇਰੀ ਹੀ ਨਹੀਂ ਰੱਖਣੀ ਸਾਰੇ ਸਿੱਖਾਂ ਦੀ ਰੱਖਣੀ ਹੈ। ਮੇਰੀ ਲਾਜ ਦੇ ਵਿਚ ਸਾਰੇ ਸਿੱਖਾਂ ਦੀ ਲਾਜ ਹੈ।

***ਧਾਰਨਾ - ਹੋਰ ਸਾਰੀਆਂ ਢੇਰੀਆਂ ਢਾਹ ਕੇ,***
***ਤੇਰੀ ਆਸ ਰੱਖੀ ਮਾਲਕਾ।***

***ਅਵਰ ਓਟ ਮੈ ਸਗਲੀ ਦੇਖੀ***
***ਇਕ ਤੇਰੀ ਓਟ ਰਹਾਈਐ ॥ ਅੰਗ - ੬੨੫***

ਹੇ ਪ੍ਰਭੂ! ਮੇਰਾ ਤੇਰੇ ਬਿਨਾਂ ਸੰਸਾਰ ਦੇ ਅੰਦਰ ਕੋਈ ਨਹੀਂ ਹੈ। ਮੈਂ ਚੰਗਾ ਹਾਂ, ਮੈਂ ਮੰਦਾ ਹਾਂ ਇਹ ਤੂੰ ਲਾਜ ਰੱਖਣੀ ਹੈ ਪਾਤਸ਼ਾਹ।

ਵਾਹਿਗੁਰੂ ਨੂੰ ਕੋਈ ਯਾਦ ਕਰਦਾ ਹੈ, ਵਾਹਿਗੁਰੂ ਕਿਤੇ ਦੂਰ ਨਹੀਂ ਰਹਿੰਦਾ ਸਾਧਸੰਗਤ ਜੀ! ਇਸ ਵਿਸ਼ਵਾਸ਼ ਵਿਚ ਆਓ। ਅਸੀਂ ਉਸ ਵੇਲੇ ਗਲਤੀ ਖਾਂਦੇ ਹਾਂ ਜਦੋਂ ਸਾਨੂੰ ਪ੍ਰਮੇਸ਼ਰ ਭੁੱਲ ਜਾਂਦਾ ਹੈ। ਜੇ ਨਾ ਭੁੱਲੇ ਸਾਨੂੰ ਯਾਦ ਹੋਵੇ ਫੇਰ ਮਹਾਰਾਜ ਕਹਿੰਦੇ ਓਹਦਾ ਵਾਲ ਵੀ ਵਿੰਗਾ ਨਹੀਂ ਹੋਇਆ ਕਰਦਾ।

***ਰੋਗਨ ਤੇ ਅਰ ਸੋਗਨ ਤੇ,***
***ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥***
***ਸਤ੍ਰੁ ਅਨੇਕ ਚਲਾਵਤ ਘਾਵ***
***ਤਊ ਤਨ ਏਕ ਨ ਲਾਗਨ ਪਾਵੈ॥***
***ਰਾਖਤ ਹੈ ਅਪਨੋ ਕਰ ਦੈ ਕਰ***
***ਪਾਪ ਸਮੂੰਹ ਨ ਭੇਟਨ ਪਾਵੈ॥***
***ਔਰ ਕੀ ਬਾਤ ਕਹਾ ਕਹ ਤੋ ਸੌਂ***
***ਸੁ ਪੇਟ ਹੀ ਕੇ ਪਟ ਬੀਚ ਬਚਾਵੈ॥***

ਵਿਸ਼ਵਾਸ਼ ਨਹੀਂ ਹੈ ਸਾਨੂੰ। ਨਹੀਂ ਆਉਂਦਾ ਕਿੰਨਾ ਹੀ ਸੰਤ ਕਹੀ ਜਾਣ, ਵਿਸ਼ਵਾਸ਼ ਤਾਂ ਕਰੋ। ਪਰ ਵਿਸ਼ਵਾਸ਼ ਆਉਂਦਾ ਹੀ ਨਹੀਂ। ਮਹਾਰਾਜ ਕਹਿੰਦੇ, ਜੇ ਵਿਸ਼ਵਾਸ਼ ਆ ਜਾਵੇ ਨਾ ਕਿਸੇ ਦੇ ਮਨ 'ਚ ਵਾਹਿਗੁਰੂ ਦਾ, ਉਸ ਵੇਲੇ ਅਸਰ ਕੀ ਹੁੰਦਾ ਹੈ, ਤੱਤ ਗਿਆਨ ਉਹਦੇ ਮਨ ਵਿਚ ਪ੍ਰਗਟ ਹੋ ਜਾਂਦਾ ਹੈ, ਆਪਣੀ ਆਤਮਾ ਸਾਖਸ਼ਾਤਕਾਰ ਹੋ ਜਾਂਦੀ ਹੈ।

***ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥***
***ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥***
***ਅੰਗ - ੨੮੫***

ਪਹਿਲਾ ਹੈ ਕਿਹੜੀ ਚੀਜ਼ ਚਾਹੀਦੀ ਹੈ? ਦੂਸਰਾ ਉਹਦਾ ਨਤੀਜਾ ਹੈ। ਪਹਿਲਾ ਹੈਗਾ ਕਿ ਵਿਸ਼ਵਾਸ਼, ਦੂਸਰਾ ਹੈ ਕਿ ਉਹਦਾ ਨਤੀਜਾ ਕੀ ਹੋਏਗਾ। ਕਿਉਂਕਿ ਵਿਸ਼ਵਾਸ਼ ਵਾਸਤੇ ਫੁਰਮਾਨ ਕਰਦੇ ਨੇ ਕਿ ਪ੍ਰਮੇਸ਼ਰ ਸਾਡੇ ਅੰਦਰ ਬਾਹਰ ਐਉਂ ਹੈ ਜਿਵੇਂ ਮੱਛੀ ਸਮੁੰਦਰ 'ਚ ਤੈਰ ਰਹੀ ਹੈ, ਲਹਿਰਾਂ ਦੇ ਵਿਚ ਫਿਰ ਰਹੀ ਹੈ, ਉਹਦੇ ਅੰਦਰ ਬਾਹਰ ਸਾਰੇ ਪਾਣੀ ਹੀ ਪਾਣੀ ਹੈ।

ਇਕ ਵਾਰੀ ਇਕ ਮੱਛੀ ਦੇ ਮਨ ਵਿਚ ਆਇਆ ਕਿ ਮੈਨੂੰ ਦੱਸਦੇ ਨੇ ਕਿ ਮੈਂ ਪਾਣੀ ਤੋਂ ਬਗੈਰ ਮਰ ਜਾਂਦੀ ਹਾਂ, ਮੇਰਾ ਐਨਾ ਪਿਆਰ ਹੈ ਪਾਣੀ ਨਾਲ। ਲੇਕਿਨ ਮੈਨੂੰ ਪਾਣੀ ਦਾ ਨਹੀਂ ਪਤਾ ਲਗਦਾ ਕਿ ਕੀ ਹੈ। ਕਿਸੇ ਸਮਝਦਾਰ ਨੂੰ ਕਿਹਾ। ਉਹਨੇ ਕਿਹਾ ਕਿ ਇਹ ਤਾਂ ਮੈਂ ਦੱਸ ਦੇਵਾਂਗਾ ਤੈਨੂੰ ਇਹ ਤਾਂ ਮਾਮੂਲੀ ਗੱਲ ਹੈ। ਕੰਢੇ ਜਾਣਾ ਪਵੇਗਾ। ਕੰਢੇ ਚਲੀ ਗਈ, ਉਨ੍ਹਾਂ ਨੇ ਚੁੱਕੀ ਤੇ ਚੁੱਕ ਕੇ ਬਾਹਰ ਰੱਖ ਦਿਤੀ, ਮੱਛੀ ਕਹਿਣ ਲੱਗੀ ਕਿ ਹੁਣ ਨਹੀਂ ਮੈਂ ਬਚ ਸਕਦੀ, ਮੈਂ ਮਰ ਜਾਵਾਂਗੀ, ਛੇਤੀ ਕਰ। ਜਦੋਂ ਚੁੱਕ ਕੇ ਸੁੱਟਣ ਲੱਗੇ ਤਾਂ ਕਿਹਾ ਕਿ ਆਹੀ ਪਾਣੀ ਹੈ, ਜਿਹੜਾ ਤੇਰਾ ਜੀਵਨ ਹੈ, ਜ਼ਿੰਦਗੀ ਹੈ। ਇਸੇ ਤਰ੍ਹਾਂ ਸਾਡਾ ਜੋ ਜੀਵਨ ਹੈ। ਇਸੇ ਤਰ੍ਹਾਂ ਸਾਡਾ ਜੋ ਜੀਵਨ ਹੈ ਇਹ ਵਾਹਿਗੁਰੂ ਹੈ। ਜਿਵੇਂ ਆਕਸੀਜਨ ਤੋਂ ਬਗੈਰ ਅਸੀਂ ਮਰ ਜਾਂਦੇ ਹਾਂ, ਸਾਹ ਨਹੀਂ ਆਉਂਦਾ ਏਵੇਂ ਜਿਵੇਂ ਵਾਹਿਗੁਰੂ ਤੋਂ ਬਗੈਰ ਇਹ ਜਿੰਨਾਂ ਵੀ ਜੀਵਨ ਹੈ ਸੰਸਾਰ ਦਾ, ਉਸੇ ਵੇਲੇ ਖਤਮ ਹੋ ਜਾਇਆ ਕਰਦਾ ਹੈ। ਉਹਦੇ ਨਾਮ ਨੇ ਇਹ ਧਾਰਨ ਕਰਿਆ ਹੋਇਆ ਹੈ, ਓਸ ਸੁਪਰ ਐਨਰਜੀ ਨੇ ਇਸਨੂੰ ਕਾਇਮ ਰੱਖਿਆ ਹੋਇਆ ਹੈ-

***ਨਾਮ ਕੇ ਧਾਰੇ ਸਗਲੇ ਜੰਤ ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਅੰਗ - ੨੮੪***

ਓਸ ਨਾਮ ਧੁਨ ਦੇ ਆਸਰੇ ਹੈ। ਮਹਾਰਾਜ ਕਹਿੰਦੇ ਨੇ-

***ਪ੍ਰਥਮ ਓਅੰਕਾਰ ਤਿਨ ਕਹਾ***
***ਸੋ ਧੁਨ ਪੂਰ ਜਗਤ ਮੋ ਰਹਾ।***

ਵਾਹਿਗੁਰੂ ਦੇ ਵਿਚ ਅਸੀਂ ਰਹਿੰਦੇ ਹਾਂ, ਲੇਕਿਨ ਰਹਿੰਦੇ ਹੋਏ ਸਾਨੂੰ ਪਤਾ ਨਹੀਂ ਲਗਦਾ। ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਪਿਆਰਿਓ! –

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ॥***
***ਅਕਾਲ ਉਸਤਤਿ***

ਸਾਰਾ ਸੰਸਾਰ ਜਿੰਨੀ ਰਚਨਾ ਹੈ ਸਾਰੀ ਪ੍ਰਮੇਸ਼ਰ ਦੇ ਵਿਚ ਹੈ, ਉਹ ਨਾਲ ਰਹਿੰਦਾ ਹੈ ਪਰ ਸਾਡੀ ਮੂਰਖਤਾ ਹੱਦ ਤੱਕ ਵਧੀ ਹੋਈ ਹੈ –

***ਧਾਰਨਾ – ਪੇਖਤ ਸੁਨਤ ਸਦਾ ਹੈ ਸੰਗੇ,***
***ਮੈ ਮੂਰਖ ਜਾਨਿਆ ਦੂਰੀ ਰੇ।***

ਕਿੰਨਾ ਨੇੜੇ ਹੈ ਵਾਹਿਗੁਰੂ, ਨਾਲੇ ਤਾਂ ਸਾਨੂੰ ਦੇਖ ਰਿਹਾ ਹੈ, ਨਾਲੇ ਸਾਡੇ ਗੱਲਾਂ ਸੁਣ ਰਿਹਾ ਹੈ, ਜੇ ਕਿਤੇ ਇਹ ਵਿਸ਼ਵਾਸ਼ ਮਨ ਵਿਚ ਆ ਜਾਵੇ ਨਾ ਕਿਸੇ ਦੇ ਵੀ, ਫੇਰ ਇਹਦਾ ਅਸਰ ਕੀ ਹੋਏਗਾ, ਨਾਮ ਵਿਚ ਸਮਾਧੀ ਲੱਗ ਜਾਏਗੀ, ਨਿਰਵਿਕਲਪ ਸਮਾਧੀ, ਕੇਵਲ ਵਿਸ਼ਵਾਸ਼ ਦੇ ਨਾਲ। ਵਿਸ਼ਵਾਸ਼ ਨਾ ਹੋਣ ਨਾਲ ਹੈਰਾਨ ਹੋਈ ਜਾਂਦੇ ਕਿ ਰੱਬ ਕਿੱਥੇ ਕੁ ਹੈ, ਕਿੱਡਾ ਕੁ ਹੈ, ਪ੍ਰਮਾਣੂ ਵਰਗਾ, ਕਿਹਦੇ ਵਰਗਾ ਹੈ ਆਹ ਸਵਾਲ ਸਾਡਾ ਪਿੱਛਾ ਨਹੀਂ ਛੱਡਦੇ। ਏਸ ਕਰਕੇ ਸਾਡੀ ਤਰੱਕੀ ਨਹੀਂ ਹੁੰਦੀ ਰੂਹਾਨੀ ਤੌਰ ਤੇ। ਭਜਨ ਦੇ ਵਿਚ ਅਸੀਂ ਕਿਸੇ ਕਿਨਾਰੇ ਨਹੀਂ ਪਹੁੰਚਦੇ। ਸੋ ਇਹ ਚੀਜ਼ਾਂ ਜ਼ਰੂਰੀ ਹੁੰਦੀਆਂ ਨੇ, ਜਦੋਂ ਤੱਕ ਵਿਸ਼ਵਾਸ਼ ਨਹੀਂ ਆਉਂਦਾ, ਗੱਲ ਨਹੀਂ ਬਣਿਆ ਕਰਦੀ। ਜਿਸ ਨੇ ਵੀ ਭਰੋਸਾ ਕਰਿਆ ਹੈ, ਵਾਹਿਗੁਰੂ ਤਾਂ ਦੂਰ ਹੈ ਹੀ ਨਹੀਂ, ਉਹਨੂੰ ਬੁਲਾਓ। ਮਹਾਰਾਜ ਕਹਿੰਦੇ ਉਹ ਤਾਂ ਐਨੀ ਛੇਤੀ ਆਉਂਦਾ ਹੈ, ਤੁਹਾਨੂੰ ਉਚੀ ਬੋਲਣ ਦੀ ਲੋੜ ਨਹੀਂ ਹੈ ਗੁਰੂ ਦਸਵੇਂ ਪਾਤਸ਼ਾਹ ਕਹਿੰਦੇ। ਜਿਹੜੀ ਤੁਹਾਡੀ ਮੱਧਮ ਤੋਂ ਮੱਧਮ, ਧੀਮੀ ਤੋਂ ਧੀਮੀ ਆਵਾਜ਼ ਹੈ ਉਹ ਰੱਬ ਸੁਣ ਲੈਂਦਾ ਹੈ। ਅਜੇ ਅਵਾਜ਼ ਬਣਦੀ ਨਹੀਂ ਹੈ, ਆਵਾਜ਼ ਤਾਂ ਅੱਗੇ ਆ ਕੇ ਚੌਥੇ ਦਰਜੇ ਤੇ ਬਣਦੀ ਹੈ, ਪਹਿਲਾਂ ਪਰਾ ਬਾਣੀ ਹੁੰਦੀ ਹੈ, ਫੇਰ ਭਾਵਾਂ ਦੀ ਬਾਣੀ ਹੁੰਦੀ ਹੈ, ਭਾਵਾਂ ਦੀ ਬਾਣੀ ਜਿਹੜੀ ਹੈ ਉਹਨੂੰ ਪਸੰਤੀ ਬਾਣੀ ਕਹਿੰਦੇ ਨੇ, ਇਹ ਰੱਬ ਨਾਲ ਗੱਲ ਕਰਨ ਵਾਲੀ ਬਾਣੀ ਹੈ। ਜਿਹੜੀਆਂ ਦੋ ਬਾਣੀਆਂ ਉਪਰਲੀਆਂ ਨੇ ਇਹ ਹੋਰ ਨੇ ਇਹ ਨਹੀਂ ਰੱਬ ਨਾਲ ਗੱਲ ਕਰਨ ਵਾਲੀਆਂ ਹੁੰਦੀਆਂ। ਦੂਸਰੇ ਨੰਬਰ ਦੇ ਉਤੇ ਗੱਲ ਹੁੰਦੀ ਹੈ ਰੱਬ ਦੇ ਨਾਲ। ਅੰਤਰ ਆਤਮੇ ਅਰਦਾਸ ਹੁੰਦੀ ਹੈ, ਥੋੜ੍ਹਾ ਜਿਹਾ ਕਿਹਾ ਹੋਇਆ ਨਾ, ਮਾੜਾ ਜਿਹਾ ਕਿਹਾ ਹੋਇਆ ਵੀ ਰੱਬ ਉਸੇ ਵੇਲੇ ਸੁਣ ਲੈਂਦਾ ਹੈ।

***ਹਾਥੀ ਕੀ ਚਿੰਘਾਰ ਪਲ ਪਾਛੈ ਪਹੁਚਤ ਤਾਹਿ॥***
***ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤ ਹੈ॥***

ਕੀੜੀ ਦੀ ਪੁਕਾਰ ਪਹਿਲਾਂ ਸੁਣ ਲੈਂਦਾ ਹੈ, ਹਾਥੀ ਦੀ ਚਿੰਘਾਰ ਤੋਂ। ਜਿਹੜਾ ਐਨਾ ਨੇੜੇ ਹੈ ਉਹਦੇ ਉਤੇ ਸਾਡਾ ਵਿਸ਼ਵਾਸ਼ ਨਹੀਂ ਬੱਝਦਾ। ਗੈਰ ਹਾਜ਼ਰ ਰਹਿੰਦੇ ਹਾਂ, ਟੁੱਟੇ ਰਹਿੰਦੇ ਹਾਂ, ਸਤਿਸੰਗ ਅਸੀਂ ਕਰਦੇ ਹਾਂ ਇਸੇ ਕਰਕੇ ਕਰਦੇ ਹਾਂ ਕਿ ਸਾਨੂੰ ਜੁੜਨ ਦਾ ਪਤਾ ਲੱਗ ਜਾਵੇ। ਉਹ ਮਾਲਕ-ਏ-ਕੁੱਲ ਜੋ ਹੈ ਉਹ ਹੈ ਕੀ, ਸਾਡਾ ਉਹਦੇ ਨਾਲ ਸਬੰਧ ਕੀ ਹੈ? ਉਹ ਸਾਡੇ ਅੰਦਰ ਰਹਿੰਦਾ ਹੈ, ਘਟ-ਘਟ ਵਿਚ ਵਿਆਪਕ ਰਹਿੰਦਾ ਕਿਵੇਂ ਹੈ? ਭੂਤਾਂ ਵਾਂਗੂੰ ਰਹਿੰਦਾ ਹੈ? ਭੂਤ ਦਾ ਤਾਂ ਪਤਾ ਲਗ ਜਾਂਦਾ ਹੈ। ਸਾਧਸੰਗਤ ਜੀ! ਉਹ ਰਹਿੰਦਾ ਹੈ ਪਿਆਰ ਦਾ ਰੂਪ ਹੋ ਕੇ –

***ਜੜ੍ਹ ਤੜ੍ਹ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥***
***ਜਾਪੁ ਸਾਹਿਬ***

ਮਹਾਰਾਜ ਕਹਿੰਦੇ ਗੁਰੂ ਦਸਵੇਂ ਪਾਤਸ਼ਾਹ ਕਿ ਪਿਆਰਿਓ! ਜਿਹੜੀ ਵਾਹਿਗੂਰੂ ਦੀ ਜੋਤ ਹੈ ਫੈਲੀ ਹੋਈ ਉਹ ਨਿਰਾ ਹੀ ਪਿਆਰ ਹੈ ਇਸੇ ਕਰਕੇ ਬਹੁਤ ਸਾਰੇ ਕਹਿੰਦੇ ਨੇ **Love is God.** ਪਿਆਰ ਉਹਦਾ ਇਕ ਸਰੂਪ ਹੈ, ਸਤਿ, ਚਿੱਤ, ਤੇ ਅਨੰਦ, ਪ੍ਰਿਅ। ਉਹ ਸਤਿ ਹੈ ਉਹ ਕਦੇ ਜਾਂਦਾ ਨਹੀਂ ਹੈ, ਚਿੱਤ ਉਹ ਚੇਤਨ ਹੈ ਸਭ ਕੁਛ ਜਾਣਦਾ ਹੈ, ਪੂਰਨ ਅਨੰਦ ਹੈ ਉਹ। ਜਿਵੇਂ ਰੱਬ ਦਾ ਪਾਰਾਵਾਰ ਨਹੀਂ ਇਵੇਂ ਅਨੰਦ ਦਾ ਪਾਰਾਵਾਰ ਨਹੀਂ। ਚੌਥਾ ਉਹਦਾ ਹੈ ਪ੍ਰਿਅ, ਪਿਆਰ ਕਰਦਾ ਹੈ ਉਹ ਹਰੇਕ ਨੂੰ। ਉਹਦੇ ਵਲ ਨੂੰ ਜੇ ਥੋੜ੍ਹਾ ਜਿਹਾ ਵੀ ਵਧੇ ਨਾ ਉਹ ਹਜ਼ਾਰਾਂ ਕਦਮ ਵਧਦਾ ਹੈ।

***ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ***
***ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ॥***
***ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ***
***ਸਿਮਰਨ ਤਾਂਹਿ ਬਾਰੰਬਾਰ ਗੁਰੁ ਹੇਤ ਹੈ॥***
***ਕਬਿੱਤ ਭਾਈ ਗੁਰਦਾਸ ਜੀ***

ਅਸੀਂ ਤਾਂ ਇਕ ਵਾਰੀ ਯਾਦ ਕਰਿਆ, ਉਹ ਹਜ਼ਾਰਾਂ ਵਾਰੀ ਸਾਨੂੰ ਬਾਰ-ਬਾਰ ਚੇਤੇ ਕਰੀ ਜਾਂਦਾ ਹੈ।

***ਭਾਵਨੀ ਭਗਤਿ ਭਾਇ ਕੌਡੀ ਅਗ੍ਰਭਾਗ ਰਾਖੈ,***
***ਤਾਹਿ ਗੁਰੁ ਸਰਬ ਨਿਧਾਨ ਦਾਨ ਦੇਤ ਹੈ॥***
***ਸਤਿਗੁਰੁ ਦਯਾ ਨਿਧਿ ਮਹਿਮਾ ਅਗਾਧਿ ਬੋਧ,***
***ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ॥***
***ਕਬਿੱਤ ਭਾਈ ਗੁਰਦਾਸ ਜੀ***

ਇਕ ਕਉਡੀ ਪਿਆਰ ਦੀ ਲੈ ਆਓ, ਭਾਵਨਾ ਦੇ ਨਾਲ ਚਰਨਾਂ ਤੇ ਭੇਟ ਕਰ ਦਿਓ। ਸੁਦਾਮੇ ਨੇ ਕੀ ਭੇਟ ਕਰਿਆ ਸੀ। ਗੁਰੂ ਗ੍ਰੰਥ ਸਾਹਿਬ ਜੀ ਵਿਚ ਸੁਦਾਮੇ ਦਾ ਕਈ ਥਾਵਾਂ ਤੇ ਜ਼ਿਕਰ ਆਇਆ ਹੈ। ਕੁੱਛ ਵੀ ਨਹੀਂ

ਸੀ ਉਹਦੇ ਕੋਲ। ਚੌਲ ਸੀਗੇ। ਚਾਰ ਪਦਾਰਥ ਦੇ ਦਿਤੇ ਉਹਦੀ ਭਾਵਨਾ ਦੇਖ ਕੇ। ਪਹਿਲਾਂ ਹੀ ਪਹੁੰਚਾ ਦਿਤੇ। ਜਦੋਂ ਪਿੰਡ ਮੁੜ ਕੇ ਆਇਆ ਆਪਣੇ, ਘਰ ਹੀ ਨਾ ਲੱਭੇ ਉਹਨੂੰ ਆਪਣਾ। ਹੈਰਾਨ ਹੀ ਹੋਈ ਜਾਵੇ ਕਿ ਘਰ ਕਿੱਥੇ ਗਿਆ। ਆਹ ਤਾਂ ਮਹੱਲ ਪਏ ਨੇ, ਆਹ ਤਾਂ ਬੇਅੰਤ ਕੰਮ ਚਲ ਰਿਹਾ ਹੈ। ਉਹਦੀ ਰਹਿਮਤ ਦਾ ਕੋਈ ਪਾਰਾਵਾਰ ਨਹੀਂ। ਸਾਰਿਆਂ ਖਜ਼ਾਨਿਆਂ ਦੀ ਚਾਬੀ ਉਹਦੇ ਹਵਾਲੇ ਕਰ ਦਿੰਦਾ ਹੈ, ਭਾਵਨਾ ਹੋਣੀ ਚਾਹੀਦੀ ਹੈ ਅੰਦਰ। ਭਾਵਨਾ ਤੇ ਪ੍ਰਤੀਤ ਦੋ ਚੀਜ਼ਾਂ ਵੱਡੀਆਂ ਨੇ। ਇਹ ਜਿੰਨਾਂ ਚਿਰ ਸਾਡੇ ਅੰਦਰ ਆਉਂਦੀਆਂ ਨਹੀਂ, ਕੋਈ ਰਾਹ ਨਹੀਂ ਲੱਭਦਾ ਸਾਨੂੰ। ਸਾਖੀਆਂ ਏਸ ਵਾਸਤੇ ਹੁੰਦੀਆਂ ਨੇ ਤਾਂ ਕਿ ਗੱਲ ਸਮਝ ਵਿਚ ਆ ਜਾਵੇ। ਇਕ ਐਸੀ ਧਾਰਮਿਕ ਇਤਿਹਾਸ ਵਿਚ ਸਾਖੀ ਚਲਦੀ ਹੈ ਕਿ ਇਕ ਰਾਜਾ ਉਸ ਦੇ ਉਲਾਦ ਨਹੀਂ ਹੁੰਦੀ। ਬੜੇ ਯਤਨ ਕਰੇ, ਅਖੀਰ ਤਾਂਤਰੀ ਲੋਕ ਆ ਗਏ, ਤੰਤਰ ਵਿਦਿਆ ਦੇ ਮਾਹਰ। ਉਨ੍ਹਾਂ ਨੇ ਰਾਜੇ ਨੂੰ ਭਰਮਾ ਲਿਆ, ਕਿਉਂਕਿ ਲੋੜਵੰਦ ਸੀ, ਉਸ ਕਹਿੰਦੇ ਰਾਜਨ! ਇਹ ਤਾਂ ਕੋਈ ਗੱਲ ਨਹੀਂ ਹੈ, ਆਹ ਦੇਵਤੇ ਦਾ ਮੰਦਰ ਹੈ ਇਥੇ ਸਾਨੂੰ ਸਾਮੱਗਰੀ ਦੇ ਅਸੀਂ ਸਾਧਨਾ ਕਰਦੇ ਹਾਂ ਤੇਰੇ ਪੁੱਤਰ ਹੋ ਜਾਏਗਾ। ਲੱਖਾਂ ਰੁਪਏ ਦੀ ਸਾਮਗਰੀ ਲਿਖਾ ਦਿਤੀ, ਉਥੇ ਰਹਿੰਦੇ ਨੇ, 10-11 ਮਹੀਨੇ ਲੰਘ ਗਏ ਉਸ ਤੋਂ ਬਾਅਦ ਰਾਜੇ ਨੇ ਕਿਹਾ ਕਿ ਕੋਈ ਗੱਲ ਤਾਂ ਹੋਈ ਨਹੀਂ, ਕਹਿੰਦੇ ਗੱਲ ਤਾਂ ਹੋ ਜਾਏਗੀ ਮਹਾਰਾਜ! ਇਹਦੇ ਵਿਚ ਇਕ ਪੁਰਸ਼ ਦੀ ਬਲੀ ਚਾਹੀਦੀ ਹੈ। ਐਸਾ ਪੁਰਸ਼ ਦੱਸ ਦਿਤਾ ਜਿਹੜਾ ਰਾਜੇ ਨੂੰ ਲੱਭੇ ਹੀ ਨਾ। ਕਹਿੰਦੇ, 18 ਸਾਲ ਦਾ ਹੋਵੇ ਲੜਕਾ, ਉਹਦੇ ਮਾਂ-ਬਾਪ ਖੁਸ਼ੀ ਨਾਲ ਉਸਨੂੰ ਵੇਚ ਦੇਣ, ਇਕ ਵੀ ਹੰਝੂ ਨਾ ਸੁੱਟਣ, ਉਹ ਲੜਕਾ ਖੁਸ਼ੀ ਨਾਲ ਬਲੀ ਚੜ੍ਹ ਜਾਏ, ਫੇਰ ਤੇਰੇ ਲੜਕਾ ਹੋ ਸਕਦਾ ਹੈ। ਰਾਜੇ ਨੇ ਢੰਡੋਰਾ ਫਿਰਾ ਦਿਤਾ। ਢੰਡੋਰਾ ਫਿਰਾਇਆ ਹੋਇਆ ਤਾਂ ਇਕ ਪਰਿਵਾਰ ਐਸਾ ਸੀ ਉਨ੍ਹਾਂ ਦੇ ਅੱਠ ਪੁੱਤਰ ਸੀ। ਸੱਤ ਪੁੱਤਰ ਤਾਂ ਕੰਮ ਕਰਨ ਵਾਲੇ ਸੀ, ਅੱਠਵਾਂ ਜਿਹੜਾ ਸੀ ਉਹ ਜਮਾਂਦਰੂ ਹੀ ਨਾ ਬੋਲਦਾ ਸੀ, ਨਾ ਮਾਂ ਨੂੰ ਮਾਂ, ਨਾ ਪਿਉ ਨੂੰ ਪਿਉ, ਨਾ ਭਰਾ ਨੂੰ ਭਰਾ, ਸਾਰਾ ਦਿਨ ਚੁੱਪ ਕਰਕੇ ਬੈਠਾ ਰਹਿੰਦਾ ਸੀ ਬਚਪਨ ਤੋਂ ਹੀ। ਜਿੱਥੇ ਬਹਿ ਗਿਆ ਬਹਿ ਗਿਆ ਰੋਟੀ ਕਿਸੇ ਨੇ ਦੇ ਦਿਤੀ ਖਾ ਲਈ, ਨਾ ਦਿੱਤੀ ਚੁੱਪ ਕਰ ਰਿਹਾ। ਉਨ੍ਹਾਂ ਨੇ ਜਦੋਂ ਢੰਡੋਰਾ ਸੁਣਿਆ ਤਾਂ ਭਰਾਵਾਂ ਨੇ ਕਿਹਾ ਕਿ ਆਹ ਸਾਡੇ ਵਾਧੂ ਹੈ, ਲੱਖਾਂ ਰੁਪਏ ਮਿਲਦੇ ਨੇ ਇਹਦੇ। ਇਹ ਹੁਣ ਕਿਹੜਾ ਸਾਡੇ ਕਿਸੇ ਕੰਮ ਹੈ, ਬਾਹਰ ਹੀ ਬੈਠਾ ਰਹਿੰਦਾ ਹੈ। ਕਿਉਂ ਨਾ ਇਹਨੂੰ ਵੇਚ ਦੇਈਏ। ਮਾਂ ਪਿਓ ਨੂੰ ਰਜ਼ਾਮੰਦ ਕਰ ਲਿਆ। ਉਸ ਵੇਲੇ ਰਾਜੇ ਕੋਲ ਵੇਚ ਦਿਤਾ। ਰਾਜੇ ਨੇ ਲੈ ਲਿਆ, ਇਸ਼ਨਾਨ ਵਗੈਰਾ ਕਰਾਇਆ, ਕੱਪੜੇ ਸੋਹਣੇ ਪਾਏ, ਉਸ ਤੋਂ ਬਾਅਦ ਕਹਿਣ ਲੱਗੇ, ਐ ਲੜਕੇ ਤੇਰੀ ਬਲੀ ਦੇਣੀ ਹੈ ਦੇਵਤੇ ਨੂੰ, ਤੈਨੂੰ ਕੋਈ ਰੰਜ ਤਾਂ ਨਹੀਂ ਹੈ? ਕਹਿੰਦਾ, ਮੈਨੂੰ ਕਾਹਦਾ ਰੰਜ ਹੋਣਾ ਹੈ। ਇਥੇ ਤਾਂ ਜੰਮਦਾ ਮਰਦਾ ਹੀ ਨਹੀਂ ਕੁਛ ਵੀ, ਆਉਂਦਾ ਜਾਂਦਾ ਕੁਛ ਨਹੀਂ, ਇਕ ਆਤਮਾ ਆਪਣਾ ਖੇਲ੍ਹ ਕਰ ਰਹੀ ਹੈ। ਆਤਮਾ ਕਦੇ ਤਿੰਨ ਕਾਲ ਨਾ ਜੰਮੀ ਹੈ ਨਾ ਕਦੇ ਮਰੀ ਹੈ। ਸੋ ਤਰੀਕ ਬੰਨ੍ਹ ਦਿਤੀ ਗਈ। ਉਸ ਦਿਨ ਪੁਛਿਆ ਕਿ ਤੇਰੀ ਕੋਈ ਖਾਸ ਖ੍ਵਾਹਿਸ਼ ਹੈ? ਕਹਿਣ ਲੱਗਿਆ, ਰਾਜਨ! ਮੇਰੀ ਖ੍ਵਾਹਿਸ਼ ਤਾਂ ਕੋਈ ਨਹੀਂ ਹੈ। ਪਰ ਇਹ ਹੈ ਕਿ ਮੈਂ ਇਸ਼ਨਾਨ ਕਰਕੇ ਢਾਈ ਘੰਟੇ ਆਹ ਤੇਰੇ ਮਹਿਲਾਂ ਦੇ ਪਿਛੇ ਦੀ ਦਰਿਆ ਚਲਦਾ ਹੈ ਇਹ ਕੰਢੇ ਬੈਠਣਾ ਚਾਹੁੰਦਾ ਹਾਂ। ਇਹ ਮੈਨੂੰ ਆਗਿਆ ਦੇ ਦੇ ਤੇ ਤੇਰੀ ਪੁਲਿਸ ਜਿਹੜੀ ਹੈ ਉਹ ਮੇਰੇ ਨੇੜੇ ਨਾ ਹੋਵੇ, ਦੂਰ-ਦੂਰ ਹੋਵੇ। ਇਨ੍ਹਾਂ ਦੀ ਕੋਈ ਆਵਾਜ਼ ਨਾ ਮੈਨੂੰ ਕੋਈ ਸੁਣੇ, ਕਿਸੇ ਬੰਦੇ ਦੀ ਨਾ ਸੁਣੇ। ਢਾਈ ਘੰਟੇ ਬਾਅਦ ਮੈਂ ਆਪੇ ਹੀ ਆ ਜਾਵਾਂਗਾ। ਜਾਂਦਾ ਨਹੀਂ ਕਿਤੇ ਨੱਠਦਾ ਨਹੀਂ। ਇਜਾਜ਼ਤ ਮਿਲ ਗਈ, ਪੁਲਿਸ ਨੂੰ ਕਿਹਾ ਕਿ ਦੂਰ-ਦੂਰ ਹੋ ਜਾਓ ਸਾਰੇ। ਮਹਿਲਾਂ ਦੇ ਵਿਚ ਬੈਠ ਕੇ ਰਾਜਾ ਤੇ ਰਾਣੀ ਦੇਖਣ ਲੱਗ ਗਏ ਕਿ ਇਹ ਕੀ ਕਰਦਾ ਹੈ। ਉਸ ਨੇ ਇਸ਼ਨਾਨ ਕਰਿਆ ਤੇ ਉਸ ਤੋਂ ਬਾਅਦ ਢਾਈ ਘੰਟੇ ਬੈਠ ਕੇ ਨਦੀ ਦੇ ਕਿਨਾਰੇ ਇਕ ਚਿੱਤ ਲਾ ਕੇ, ਪ੍ਰਮੇਸ਼ਰ ਨਾਲ ਮਨ ਜੋੜਿਆ, ਆਤਮ ਚਿੰਤਨ ਕਰਿਆ। ਉਠਿਆ ਉਥੋਂ ਤੇ ਬਰੇਤੀ ਦੇ ਉਤੇ ਚਾਰ ਢੇਰੀਆਂ ਬਣਾ ਲਈਆਂ। ਰਾਜੇ ਨੇ ਦੇਖਿਆ ਕਿ ਢੇਰੀਆਂ ਬਣਾ ਰਿਹਾ ਹੈ। ਉਸ ਤੋਂ ਬਾਅਦ ਪਹਿਲੀ ਢੇਰੀ ਕੋਲ ਗਿਆ, ਉਥੇ ਕੁਛ ਦੇਰ ਖੜ੍ਹਾ ਰਿਹਾ, ਪੰਜ ਚਾਰ ਮਿੰਟ ਉਥੇ ਖੜ੍ਹ ਕੇ ਲਾਏ ਉਸ ਤੋਂ ਬਾਅਦ ਦੂਸਰੀ ਢੇਰੀ ਕੋਲ ਗਿਆ ਤਾਂ ਉਸ ਤੇ ਜਾਂਦੇ ਹੀ ਲੱਤ ਮਾਰੀ। ਪਹਿਲੀ ਵੀ ਢਾਹ ਦਿਤੀ, ਦੂਸਰੀ ਵੀ ਢਾਹ ਦਿਤੀ, ਤੀਸਰੀ ਵੀ ਢਾਹ ਦਿਤੀ ਜੋ ਚੌਥੀ ਢੇਰੀ ਸੀ ਉਹਦੇ ਕੋਲ ਗਿਆ ਤਾਂ ਨਮਸਕਾਰ ਕੀਤੀ, ਪ੍ਰਕਰਮਾ ਕੀਤੀਆਂ ਪੰਜ, ਬੜੀ ਦੇਰ ਤੱਕ ਅਰਦਾਸ ਦੇ ਵਿਚ ਖੜ੍ਹਾ ਰਿਹਾ, ਉਸ ਤੋਂ ਬਾਅਦ ਉਸ ਨੂੰ ਨਮਸਕਾਰ ਕਰਕੇ ਵਾਪਸ ਤੁਰ ਪਿਆ। ਆਪਣੇ ਥਾਂ ਆ ਗਿਆ, ਰਾਜੇ ਨੇ ਬੁਲਾਇਆ, ਰਾਣੀ ਵੀ ਕੋਲ ਹੈ ਤੇ ਮਨ ਦੇ ਵਿਚ ਜਗਿਆਸਾ ਜਾਗੀ ਕਿ ਇਹ ਕੀ ਗੱਲ ਕਰੀ ਹੈ ਇਸਨੇ ਸਾਨੂੰ ਪਤਾ ਲਗਣਾ ਚਾਹੀਦਾ ਹੈ। ਥੋੜ੍ਹੀ ਦੇਰ ਤੋਂ ਬਾਅਦ ਤਾਂ ਇਹਦੀ ਬਲੀ ਦੇ ਦੇਣੀ ਹੈ, ਫੇਰ ਇਹ ਗੱਲ ਰਹਿ ਜਾਣੀ ਹੈ। ਹੋਵੇ ਨਾ ਤਾਂ ਏਸ ਬੱਚੇ ਨੂੰ ਪੁੱਛੀਏ।

ਬੁਲਾ ਕੇ ਪੁਛਿਆ ਤਾਂ ਬੱਚੇ ਨੇ ਕਿਹਾ ਕਿ ਰਾਜਨ! ਇਹ ਜੋ ਮੈਂ ਕਿਰਿਆ ਕੀਤੀ ਹੈ ਉਹ ਇਹ ਸੀ ਕਿ ਮੈਂ ਪਹਿਲੀ ਢੇਰੀ ਮਾਂ ਬਾਪ ਦੀ ਬਣਾਈ ਕਿਉਂਕਿ ਐਸ ਵੇਲੇ ਨਾ ਮੇਰੀ ਮਾਂ, ਨਾ ਮੇਰਾ ਬਾਪ, ਨਾ ਕੋਈ ਦੇਵਤਾ, ਨਾ ਕੋਈ ਰਾਜਾ, ਕੋਈ ਸੰਸਾਰ ਦੇ ਅੰਦਰ

ਵਿਅਕਤੀ ਨਹੀਂ ਹੈ ਜਿਹੜਾ ਮੇਰੀ ਮਦਦ ਕਰ ਦੇਵੇ। ਜਿੰਨੀ ਹੱਦ ਤੋਂ ਜ਼ਿਆਦਾ ਮੁਸ਼ਕਲ ਬਣ ਸਕਦੀ ਹੈ, ਉਹ ਮੇਰੇ ਦੇ ਐਸ ਵੇਲੇ ਬਣੀ ਹੋਈ ਹੈ। ਜਿਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ –

*ਧਾਰਨਾ – ਢੋਈ ਕੋਈ ਦੇਵੇ ਨਾ ਮੁਸ਼ਕਲ ਹੁਣ ਬਹੁਤੀ ਬਣ ਗਈ।*

ਕਹਿਣ ਲੱਗੇ ਰਾਜਨ! ਨਾ ਤਾਂ ਹੁਣ ਕਾਨੂੰਨ ਸਹਾਇਤਾ ਦੇਵੇ, ਨਾ ਕੋਈ ਭਾਈ, ਮਾਂ-ਬਾਪ ਸਾਥ ਦੇਵੇ, ਇਸ ਤੋਂ ਜ਼ਿਆਦਾ ਤਾਂ ਮੁਸ਼ਕਲ ਹੋਇਆ ਨਹੀਂ ਕਰਦੀ। ਤੂੰ ਮੈਨੂੰ ਖਰੀਦ ਲਿਆ। ਆਪਣੇ ਸਵਾਰਥ ਦੇ ਵਾਸਤੇ। ਸੋ ਮੈਂ ਪਹਿਲੀ ਢੇਰੀ ਮਾਂ-ਬਾਪ, ਰਿਸ਼ਤੇਦਾਰਾਂ ਦੀ ਬਣਾਈ ਕਿਉਂਕਿ ਸੰਸਾਰ ਦੇ ਅੰਦਰ ਇਹੀ ਸਬੰਧ ਸਭ ਤੋਂ ਨੇੜੇ ਹੁੰਦੇ ਨੇ, ਮਾਂ-ਬਾਪ ਕੋਈ ਵੀ ਆਪਣੇ ਬੱਚੇ ਨੂੰ ਮਰਨ ਵਾਸਤੇ ਨਹੀਂ ਵੇਚਦਾ। ਦੂਸਰਾ ਜੋ ਭਰਾ ਹੁੰਦੇ ਨੇ, ਬਾਹਾਂ ਹੁੰਦੀਆਂ ਨੇ, ਐਸਾ ਸੁਣਦੇ ਆਏ ਹਾਂ, ਭਰਾ ਨੂੰ ਫੇਰ ਵੀ ਦਰਦ ਆ ਜਾਂਦਾ ਹੈ, ਆਪਣੇ ਨੂੰ ਦਰਦ ਆ ਜਾਂਦਾ ਹੈ।

ਰਾਣਾ ਪ੍ਰਤਾਪ ਇਕੋ ਇਕ ਰਾਜਪੂਤ ਸੀ ਜਿਸਦੇ ਮਨ ਵਿਚ ਸੀ ਕਿ ਭਾਰਤੀ ਕਲਚਰ ਜਿਹੜਾ ਹੈ ਇਸਦਾ ਨਾਸ਼ ਨਹੀਂ ਹੋਣ ਦੇਣਾ, ਬਾਕੀ ਰਾਜਪੂਤਾਂ ਨੇ ਅਕਬਰ ਨੂੰ ਰਿਸ਼ਤੇ ਦੇ ਦਿਤੇ, ਹੋਰ ਆਪਸ ਵਿਚ ਰਿਸ਼ਤੇ ਆਉਣ ਲੱਗ ਗਏ। ਲੇਕਿਨ ਇਕੋ ਕਿ ਰਾਣਾ ਸੀ ਜਿਸਨੇ ਰਿਸ਼ਤਾ ਨਾ ਲਿਆ। ਅਖੀਰ ਇਕ ਲੜਾਈ ਹੁੰਦੀ ਹੈ ਹਲਦੀ ਘਾਟ ਤੇ 13 ਹਜ਼ਾਰ ਰਾਜਪੂਤ ਇਹਦੇ ਨਾਲ ਸੀ, ਓਧਰਲੇ ਪਾਸੇ ਮਾਨ ਸਿੰਘ ਫੌਜਾਂ ਦਾ ਜਰਨੈਲ ਸੀ, ਇਹਦਾ ਰਿਸ਼ਤੇਦਾਰ ਸੀ, ਬਹੁਤ ਸਖਤ ਲੜਾਈ ਹੋਈ। ਕਈ ਵਾਰ ਰਾਣੇ ਨੇ ਮਾਨ ਸਿੰਘ ਦੇ ਹਾਥੀ ਦੇ ਮੱਥੇ ਨਾਲ ਆਪਣਾ ਘੋੜੇ ਦੇ ਪੌੜ ਲਵਾਏ ਤੇ ਹਾਥੀ ਦੇ ਸੁੰਡ ਦੇ ਨਾਲ ਤਲਵਾਰਾਂ ਸੀ ਉਹਨੇ ਵੀ ਆਪਣਾ ਵਾਰ ਕਰਕੇ ਘੋੜਾ ਜ਼ਖਮੀ ਕਰ ਦਿਤਾ। ਜਦੋਂ ਰਾਣੇ ਪ੍ਰਤਾਪ ਨੇ ਦੇਖਿਆ, ਇਕੱਲਾ ਰਹਿ ਗਿਆ, ਫੌਜ ਜੂਝ ਰਹੀ ਹੈ, ਉਸ ਵੇਲੇ ਸਿਆਣਪ ਕਰਕੇ ਜੰਗ ਦੇ ਵਿਚੋਂ ਨਿਕਲਿਆ, ਘੋੜਾ ਨਠਾਇਆ, ਜ਼ਖਮੀ ਹੈ ਖੂਨ ਚਲ ਰਿਹਾ ਹੈ, ਬਹੁਤੀ ਉਮੀਦ ਨਹੀਂ ਕਿ ਐਨੀ ਦੂਰ ਲੈ ਜਾਏਗਾ, ਥੋੜ੍ਹਾ ਜਿਹਾ ਕਿ ਪੰਜ ਦੱਸ ਮੀਲ ਤੇ ਲਿਜਾ ਕੇ ਸ਼ਾਇਦ ਮੈਂ ਸੁਰਖਿਸ਼ਿਤ ਹੋ ਸਕਾਂ। ਦੋ ਮੁਗਲ ਸਰਦਾਰ ਜਰਨੈਲ ਪਿਛੇ ਜਾ ਰਹੇ। ਇਹਦਾ ਭਰਾ ਉਸ ਵੇਲੇ ਸਕਤ ਸਿੰਘ ਅਕਬਰ ਦੀਆਂ ਫੌਜਾਂ ਵੱਲੋਂ ਹੋ ਕੇ ਬੜੇ ਜ਼ੋਰ ਨਾਲ ਲੜਾਈ ਲੜ ਰਿਹਾ ਸੀ, ਉਹਦੀ ਨਿਗ੍ਹਾ 'ਚ ਪੈ ਗਿਆ ਕਿ ਮੇਰਾ ਭਰਾ ਏਸ ਵੇਲੇ ਇਕੱਲਾ ਹੈ ਤੇ ਮੁਗਲ ਸਰਦਾਰ ਪਿੱਛੇ ਨੇ, ਉਨ੍ਹਾਂ ਦੇ ਘੋੜੇ ਵੀ ਤਕੜੇ ਨੇ, ਇਹਦਾ ਘੋੜਾ ਖੂਨ ਚੋਂਦਾ ਜਾਂਦਾ ਹੈ, ਐਨਾ ਜਾ ਨਹੀਂ ਸਕਦਾ, ਉਸੇ ਵੇਲੇ ਘਮਸਾਨ ਦੀ ਲੜਾਈ 'ਚੋਂ ਘੋੜਾ ਉਸਨੇ ਨਠਾਇਆ, ਪਿੱਛੇ ਚਲਿਆ ਤੇ ਦੋਵੇਂ ਮੁਗਲ ਸਰਦਾਰਾਂ ਨੂੰ ਮਾਰ ਦਿਤਾ। ਉਸ ਤੋਂ ਬਾਅਦ ਉਹਨੇ ਅੱਗੇ ਇਕ ਨਾਲਾ ਆਇਆ ਘੋੜਾ ਟਪਾਇਆ ਤੇ ਘੋੜਾ ਜਿਸਦਾ ਨਾਂ ਚੇਤਕ ਸੀ ਗਿਰ ਕੇ ਮਰ ਗਿਆ। ਇਹ ਵੀ ਉਤੋਂ ਗਿਰ ਗਿਆ। ਐਨੇ ਨੂੰ ਇਹਦਾ ਭਰਾ ਸਕਤ ਸਿੰਘ ਪਹੁੰਚ ਗਿਆ, ਉਹਦੇ ਮਨ ਵਿਚ ਖਿਆਲ ਆਇਆ ਕਿ ਇਹ ਮੇਰੇ ਤੇ ਹੁਣ ਵਾਰ ਕਰੇਗਾ, ਪਰ ਉਸ ਨੇ ਵਾਰ ਨਹੀਂ ਕਰਿਆ, ਘੋੜੇ ਤੋਂ ਉਤਰ ਆਇਆ, ਅੱਖਾਂ ਵਿਚੋਂ ਜਲ ਜਾਂਦਾ ਹੈ, ਕਹਿੰਦਾ ਭਰਾ ਯੁੱਧ ਦੇ ਵਿਚ ਤਾਂ ਮੈਂ ਤੇਰੀ ਕੋਈ ਮਦਦ ਨਹੀਂ ਸੀ ਕਰ ਸਕਦਾ, ਪਰ ਹੁਣ ਕਿਉਂਕਿ ਭਰਾ ਹੈਂ ਤੂੰ, ਮੈਂ ਇਹ ਵੀ ਨਹੀਂ ਕਰ ਸਕਦਾ ਕਿ ਮੈਂ ਤੇਰੇ ਨਾਲ ਐਸ ਵੇਲੇ ਲੜਾਂ, ਆਹ ਮੇਰਾ ਘੋੜਾ ਲੈ ਲੈ ਤੇ ਤੂੰ ਬਚ ਜਾ। ਇਕ ਅਣਖ ਵਾਲਾ ਬੰਦਾ ਸਾਡੇ 'ਚੋਂ ਬਚਿਆ ਹੈਂ ਤੇ ਜਾਹ ਆਪਣੇ ਮਿਸ਼ਨ ਨੂੰ ਪੂਰਾ ਕਰ।

ਸੋ ਬੱਚਾ ਕਹਿਣ ਲੱਗਿਆ, ਬਾਦਸ਼ਾਹ! ਭਰਾ ਭਰਾਵਾਂ ਦੇ ਕੰਮ ਆਉਂਦੇ ਨੇ ਸਦਾ। ਲੇਕਿਨ ਮੇਰੇ ਭਰਾਵਾਂ ਨੇ ਤਾਂ ਮੈਨੂੰ ਵੇਚ ਦਿਤਾ। ਸੋ ਮਾਂ ਬਾਪ ਨੇ ਮੈਨੂੰ ਵੇਚ ਦਿਤਾ, ਰਿਸ਼ਤੇਦਾਰ ਕੋਈ ਨਹੀਂ ਬਹੁੜਿਆ ਅੱਜ ਤਕ ਕੋਈ ਹਾਅ ਦਾ ਨਾ ਮਾਰੇ। ਕਹਿਣ ਲੱਗਿਆ ਜੇ ਮੈਂ ਚੁੱਪ ਸੀ ਉਹਦਾ ਕਾਰਨ ਸੀ। ਮੇਰੀ ਚੁੱਪ ਐਵੇਂ ਨਹੀਂ ਜੀ। ਜੜ੍ਹ ਮੇਰਾ ਨਾਉਂ ਪਿਆ ਹੈ, ਉਹ ਏਸ ਕਰਕੇ ਪਿਆ ਹੈ ਕਿ ਮੈਂ ਇਕ ਜਨਮ ਪਹਿਲਾਂ ਏਸ ਤੋਂ ਹਰਨ ਸੀ, ਓਸ ਤੋਂ ਪਹਿਲਾਂ ਮੈਂ ਇਕ ਜੰਗਲ ਵਿਚ ਰਹਿਣ ਵਾਲਾ ਰਿਸ਼ੀ ਸੀ, ਬੰਦਗੀ ਕੀਤੀ, ਉਚੀਆਂ ਅਵਸਥਾਵਾਂ ਵਿਚ ਮੈਂ ਪਹੁੰਚ ਗਿਆ ਪਰ ਮੈਨੂੰ ਮੋਹ ਵਿਆਪ ਗਿਆ। ਓਸ ਮੋਹ ਨੇ ਮੈਨੂੰ ਮਾਰ ਲਿਆ। ਮੈਂ ਸਭ ਕੁਛ ਛੱਡੀਂ ਬੈਠਾ ਸੀ, ਨਾ ਕਿਸੇ ਘਰ ਦਾ ਨਾ, ਬਾਹਰ ਦਾ, ਮੋਹ ਕਾਹਦਾ ਪੈ ਗਿਆ ਇਕ ਦਿਨ ਭਜਨ ਮੈਂ ਕਰ ਰਿਹਾ ਸੀ, ਇਕ ਦਿਨ ਇਕ ਡਾਰ ਲੰਘੀ ਹਰਨਾਂ ਦੀ, ਉਹਦੇ ਵਿਚੋਂ ਇਕ ਹਰਨ ਵਿਛੜ ਕੇ ਮੇਰੇ ਕੋਲ ਆ ਗਿਆ। ਬੱਚਾ ਸੀ ਨਿੱਕਾ ਜਿਹਾ। ਜਦੋਂ ਮੈਂ ਦੇਖਿਆ, ਮੈਨੂੰ ਵੀ ਤਰਸ ਆ ਗਿਆ ਕਿ ਜੇ ਮੈਂ ਇਹਨੂੰ ਨਠਾਇਆ ਇਹਨੂੰ ਇਥੇ ਹੀ ਬਘਿਆੜ ਖਾ ਜਾਣਗੇ, ਸ਼ੇਰ ਖਾ ਜਾਣਗੇ, ਹੋਰ ਜਾਨਵਰ ਖਾ ਜਾਣਗੇ, ਮੈਂ ਪਿਆਰ ਕਰਿਆ ਉਸਨੂੰ, ਗਊ ਸੀ ਮੇਰੇ ਕੋਲ ਦੁੱਧ ਕੱਢਿਆ ਤੇ ਇਹਨੂੰ ਪਿਲਾਉਣਾ ਸ਼ੁਰੂ ਕਰਿਆ, ਅਖੀਰ ਵੱਡਾ ਹੋ ਗਿਆ। ਜਿੱਥੇ ਮੈਂ ਬੈਠਾਂ ਮੇਰੇ ਕੋਲ ਬੈਠੇ, ਨਾਹੁੰਣ ਜਾਵਾਂ ਤਾਂ ਮੇਰੇ ਨਾਲ ਜਾਵੇ, ਬਹੁਤ ਪਿਆਰ ਪੈ ਗਿਆ, ਉਹ ਥੋੜ੍ਹਾ ਜਿਹਾ ਐਧਰ ਓਧਰ ਹੋ ਜਾਏ ਤਾਂ ਮੇਰਾ ਮਨ ਨਾ ਲੱਗੇ, ਇਕ ਦਿਨ ਕੋਈ ਡਾਰ ਆਈ ਤੇ ਉਹਦੇ ਵਿਚ ਨਾਲ ਚਲਿਆ ਗਿਆ, ਮੈਨੂੰ ਪਤਾ ਨਾ ਲੱਗਿਆ ਮੈਂ ਬੜਾ ਜੰਗਲ ਵਿਚ ਟੋਲਿਆ ਕਿ ਕੋਈ ਸ਼ੇਰ ਨਾ ਖਾ ਗਿਆ ਹੋਵੇ ਓਸਨੂੰ ਤੇ ਐਸੀ ਭਾਵਨਾ ਦੇ ਅੰਦਰ ਮੇਰਾ ਅੰਤ ਸਮਾਂ ਆ ਗਿਆ, ਮੇਰੇ ਅੰਤ ਸਮੇਂ ਦੇ ਵਿਚ,

ਮਨਸਾ ਮੇਰੀ ਜੋ ਸੀ ਉਹ ਹਰਨ ਦੀ ਹੋਣ ਕਰਕੇ ਮਰਨ ਤੋਂ ਬਾਅਦ ਮੈਨੂੰ ਹਰਨ ਦੀ ਜੋਨੀ ਮਿਲਦੀ, ਮੈਨੂੰ ਪਤਾ ਸੀ ਮੈਨੂੰ ਪਿਛਲੇ ਤਪ ਕਰਕੇ ਗਿਆਨ ਸੀ, ਮੈਂ ਜੂਨੀ ਉਹ ਕੱਟ ਲਈ ਕਿ ਮਾੜਾ ਜਿਹਾ ਮੋਹ ਕਰਨ ਦੇ ਨਾਲ ਕਿੱਡਾ ਵੱਡਾ ਮੈਨੂੰ ਕਸ਼ਟ ਝਲਣਾ ਪਿਆ। ਜਿਹੜੇ ਲੋਕ ਮੋਹ ਵਿਚ ਹੀ ਰਹਿੰਦੇ ਨੇ, ਉਨ੍ਹਾਂ ਦਾ ਕੀ ਹਾਲ ਹੁੰਦਾ ਹੋਏਗਾ।

ਕਹਿਣ ਲੱਗਿਆ, ਰਾਜਨ! ਐਸ ਜਨਮ ਵਿਚ ਮੈਨੂੰ ਜਨਮ ਤੋਂ ਹੀ ਪਤਾ ਸੀ ਕਿ ਮੈਂ ਮੋਹ ਨਹੀਂ ਪਾਉਣਾ, ਇਹ ਸੰਸਾਰ ਦੇ ਸੰਜੋਗਾਂ ਦੇ ਨਾਲ ਮਿਲੇ ਹੋਏ ਸਬੰਧੀ ਨੇ।

***ਪੂਰਬ ਜਨਮ ਕੇ ਮਿਲੇ ਸੰਜੋਗੀ***
***ਅੰਤਹਿ ਕੋ ਨ ਸਹਾਈ ॥ ਅੰਗ - ੭੦੦***

ਅੰਤ ਨਹੀਂ ਕਿਸੇ ਨੇ ਸਹਾਇਤਾ ਕਰਨੀ, ਇਹ ਤਾਂ ਆਪਣੇ ਸੰਜੋਗ, ਕਰਮਾਂ ਦੇ ਵਸ, ਲੈਣ ਦੇਣ ਦੇ ਸਬੰਧ ਦਾ ਪਰਿਵਾਰ ਬਣਿਆ ਹੋਇਆ ਹੈ। ਸੋ ਮੈਂ ਮਸਤ ਰਿਹਾ, ਚੁੱਪ ਰਿਹਾ, ਭਜਨ ਬੰਦਗੀ ਕਰਦਾ ਰਿਹਾ, ਇਨ੍ਹਾਂ ਨੇ ਜੜ੍ਹ ਸਮਝ ਕੇ, ਨਿਕੰਮਾ ਸਮਝ ਕੇ ਮੈਨੂੰ ਵੇਚ ਦਿਤਾ।

ਮੈਂ ਜਦੋਂ ਮਾਂ-ਬਾਪ ਦੀ ਢੇਰੀ ਕੋਲ ਖੜ੍ਹਾ ਹੋਇਆ ਮੈਂ ਸੋਚਿਆ ਕਿ ਆਹ ਪਿਆ ਹੈ? ਬਹੁਤਾ ਮੈਨੂੰ ਪੁੱਛਣ ਦੀ ਲੋੜ ਨਾ ਪਈ ਤੇ ਮੈਂ ਠੇਡਾ ਮਾਰ ਕੇ ਢਾਹ ਦਿਤੀ। ਹੁਣ ਜਿਸਦਾ ਸੰਸਾਰ ਵਿਚ ਕੋਈ ਸਬੰਧੀ ਨਾ ਹੋਵੇ, ਉਹਦਾ ਕਾਨੂੰਨ ਰਾਖਾ ਹੁੰਦਾ ਹੈ, ਓਸ ਕਾਨੂੰਨ ਦਾ ਮਾਲਕ ਤੂੰ ਹੈਂ। ਤੂੰ ਮੈਨੂੰ ਬਿਨਾਂ ਕਿਸੇ ਕਸੂਰ ਤੋਂ ਬਲੀ ਦੇਣਾ ਚਾਹੁੰਦਾ ਹੈਂ, ਆਪਣੇ ਹਿਤ ਵਾਸਤੇ ਤੇ ਮੈਂ ਤੇਰੇ ਤੋਂ ਕੀ ਸਹਾਇਤਾ ਮੰਗਣੀ ਸੀ ਰਾਜਨ! ਤੇਰੀ ਢੇਰੀ ਵੀ ਮੈਂ ਢਾਹ ਦਿਤੀ। ਇਹ ਜਿਹੜੇ ਸਬੰਧੀ ਸੀ ਸਾਰੇ ਨਾ ਰਹੇ, ਇਹ ਤਾਂ ਦੁਸ਼ਮਣ ਬਣ ਗਏ।

***ਧਾਰਨਾ - ਭੈਣਾਂ ਤੇ ਭਾਈ ਜੀ,***
***ਲਾਗੂ ਸਭ ਦੁਸ਼ਮਣ ਬਣ ਗਏ।***
***ਜਾ ਕਉ ਮੁਸਕਲੁ ਅਤਿ ਬਣੈ***
***ਢੋਈ ਕੋਇ ਨ ਦੇਇ॥***
***ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥***
***ਅੰਗ - ੭੦***

ਸੋ ਰਾਜਨ! ਭਰਾ, ਮਾਂ-ਪਿਓ, ਰਿਸ਼ਤੇਦਾਰ ਸਭ ਦੌੜ ਗਏ। ਮੇਰੀ ਸਹਾਇਤਾ ਵਾਸਤੇ ਇਕ ਵੀ ਨਹੀਂ ਆਇਆ। ਸੋ ਮੈਂ ਤੇਰਾ ਆਸਰਾ ਵੀ ਲੱਤ ਮਾਰ ਕੇ ਭੰਨ ਦਿਤਾ। ਤੀਸਰੀ ਢੇਰੀ ਹੁੰਦੀ ਹੈ ਗੁਪਤ ਸ਼ਕਤੀਆਂ ਦੀ, ਦੇਵੀ ਦੇਵਤਿਆਂ ਦੀ। ਸੋ ਦੇਵਤੇ ਵਾਸਤੇ ਤਾਂ ਮੇਰਾ ਖੂਨ ਹੀ ਤੁਸੀਂ ਬਹਾ ਰਹੇ ਓਂ, ਉਹਦੇ ਕੋਲ ਮੇਰੀ ਕਾਹਦੀ ਅਰਦਾਸ ਹੈ, ਜਿਹੜਾ ਤਿਹਾਇਆ ਹੈ ਮੇਰੇ ਖੂਨ ਦਾ। ਸੋ ਏਸ ਕਰਕੇ ਰਾਜਨ! ਉਹ ਢੇਰੀ ਵੀ ਮੈਂ ਢਾਹ ਦਿਤੀ। ਹੁਣ ਦੁਨੀਆਂ ਦਾ ਕੋਈ ਆਸਰਾ ਨਹੀਂ ਰਿਹਾ।

***ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥***
***ਚਿਤਿ ਆਵੈ ਓਸੁ ਪਾਰਬ੍ਰਹਮੁ***
***ਲਗੈ ਨ ਤਤੀ ਵਾਉ॥ ਅੰਗ - ੭੦***

ਹੁਣ ਇਕ ਆਸਰਾ ਰਹਿ ਗਿਆ, ਚੌਥੀ ਢੇਰੀ ਪਾਰਬ੍ਰਹਮ ਪ੍ਰਮੇਸ਼ਰ, ਨਿਰੰਕਾਰ, ਅਕਾਲ ਪੁਰਖ ਵਾਹਿਗੁਰੂ ਦੀ ਸੀ। ਜਿਹਦਾ ਸੰਸਾਰ ਦੇ ਅੰਦਰ ਕੋਈ ਨਾ ਹੋਵੇ ਉਹਦਾ ਉਹ ਹੋਇਆ ਕਰਦਾ ਹੈ। ਇਹ ਧੁਰ ਦਰਗਾਹ ਤੋਂ ਬਾਣ ਚੱਲੀ ਆਉਂਦੀ ਹੈ, ਐਸਾ ਫੁਰਮਾਨ ਹੈ -

***ਧਾਰਨਾ - ਜਿਹਦਾ ਰਾਖਾ ਨਾ ਕੋਈ ਜਗ ਤੇ ਹੋਵੇ,***
***ਉਹਦਾ ਰਾਖਾ ਹੁੰਦੈ ਵਾਹਿਗੁਰੂ।***

ਸੰਸਾਰ ਦੇ ਉਤੇ ਹਰੇਕ ਬੰਦੇ ਦਾ ਕੋਈ ਨਾ ਕੋਈ ਆਸਰਾ ਹੈ, ਕੋਈ ਨਾ ਕੋਈ ਸਹਾਰਾ ਹੈ, ਕੋਈ ਨਾ ਕੋਈ ਹਾਅ ਦਾ ਨਾਅਰਾ ਮਾਰਨ ਵਾਲਾ ਹੈ, ਮਹਾਰਾਜ ਕਹਿੰਦੇ ਜੇ ਕੋਈ ਐਸਾ ਬੰਦਾ ਹੋਵੇ -

***ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥***
***ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥***
***ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥***
***ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥***
***ਅੰਗ - ੭੦***

ਮਸ਼ਹੂਰ ਸਾਖੀ ਆਉਂਦੀ ਹੈ, ਪਾਂਡਵਾਂ ਨੇ ਦਰੋਪਤੀ ਹਾਰ ਦਿਤੀ, ਦੁਰਯੋਧਨ ਬਦਲਾ ਲੈਣਾ ਚਾਹੁੰਦਾ ਸੀ ਉਸ ਤੋਂ। ਬਦਲਾ ਵੀ ਐਸਾ, ਬਹੁਤ ਘਿਨਾਉਣਾ ਬਦਲਾ, ਸਾਰੀ ਸਭਾ 'ਚ ਨਗਨ ਕਰਕੇ ਆਪਣੇ ਬਰਾਬਰ ਬਿਠਾਉਣਾ ਚਾਹੁੰਦਾ ਸੀ। ਹੁਕਮ ਦੇ ਦਿਤਾ ਕਿ ਉਸਨੂੰ ਲੈ ਕੇ ਆਓ, ਜਿਵੇਂ ਵੀ ਹੈ ਓਵੇਂ ਹੀ ਲੈ ਕੇ ਆਓ। ਉਸੇ ਵੇਲੇ ਦੁਸਾਸਣ, ਇਹਦੇ ਨਾਲੋਂ ਵੀ ਉਪਰ ਸੀਗਾ ਤੇ ਉਹਨੇ ਜਾ ਕੇ ਇਸ਼ਨਾਨ ਕਰਨ ਲੱਗੀ, ਇਕ ਧੋਤੀ ਪਹਿਨੀ ਹੋਈ, ਇਕ ਦਮ ਖਿੱਚ ਕੇ ਲੈ ਆਇਆ -

***ਅੰਦਰਿ ਸਭਾ ਦੁਸਾਸਣੈ ਮਥੇਵਾਲ ਦ੍ਰੋਪਤੀ ਆਂਦੀ।***
***ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਦੀ।***
***ਭਾਈ ਗੁਰਦਾਸ ਜੀ, ਵਾਰ 10/8***

ਕੇਸਾਂ ਤੋਂ ਫੜ ਕੇ ਖਿੱਚ ਲਿਆਇਆ। ਫੁਰਮਾਨ ਕਰ ਦਿਤਾ ਸਾਰੇ ਸਿਆਣੇ ਬੰਦੇ ਬੈਠੇ ਨੇ, ਭੀਸ਼ਮ ਪਿਤਾਮਾ ਜੋ ਸਾਰਿਆਂ ਦੇ ਬਜ਼ੁਰਗ ਸੀ, ਦਰੋਣਾਚਾਰੀਆ, ਕ੍ਰਿਪਾ ਚਾਰੀਆ ਗੁਰੂ ਸੀ ਇਨ੍ਹਾਂ ਦਾ, ਸਾਰਿਆਂ ਦੇ ਸਾਮ੍ਹਣੇ ਇਹ ਹੁਕਮ ਦੇ ਦਿਤਾ। ਰਾਜਾ ਅੱਖਾਂ ਤੋਂ ਹੀਣਾ ਸੀ ਉਹ ਵੀ ਸੁਣ ਰਿਹਾ ਸੀ ਕਿ ਇਹ ਕੀ ਕਰ ਰਿਹਾ ਹੈ? ਲੇਕਿਨ ਜ਼ੋਰ ਨਹੀਂ ਚਲ ਰਿਹਾ। ਬੜਾ ਸਮਝਾਇਆ, ਨਹੀਂ ਹਟਿਆ। ਦਰੋਪਤੀ ਨੇ ਵੀ ਬਹੁਤ ਕਿਹਾ, ਨੀਤੀ

ਦੇ ਬਚਨ ਕਹੇ। ਕਿਸੇ ਦੀ ਗੱਲ ਨਹੀਂ ਉਸਨੇ ਮੰਨੀ ਤੇ ਉਸ ਨੇ ਉਸ ਵੇਲੇ ਪੰਜੇ ਪਾਂਡਵਾਂ ਵਲ ਝਾਕਿਆ ਕਿ ਇਹ ਤਾਂ ਮਹਾਂਬਲੀ ਨੇ ਇਨ੍ਹਾਂ ਦੇ ਹੁੰਦੇ ਕੌਣ ਹੈ ਦੁਨੀਆਂ ਦੇ ਅੰਦਰ ਜੋ ਮੇਰੀ ਪੱਤ ਲਾਹ ਦੇਵੇ। ਜਦੋਂ ਇਕੱਲੇ-ਇਕੱਲੇ ਵਲ ਦੇਖਿਆ, ਭੀਮ ਵਲ ਦੇਖਿਆ, ਉਸ ਨੇ ਨੀਵੀਂ ਪਾ ਲਈ, ਅਰਜਨ ਵਲ ਦੇਖਿਆ ਉਸਨੇ ਨੀਵੀਂ ਪਾ ਲਈ, ਗੁਲਾਮ ਹੋਏ ਬੈਠੇ ਦੇਖਦੇ ਨੇ -

***ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨ੍ਹਾਂ ਦੀ।***
***ਭਾਈ ਗੁਰਦਾਸ ਜੀ, ਵਾਰ 10/8***

ਐਨੇ ਨੂੰ ਦੁਸਾਸਣ ਨੇ ਆ ਕੇ ਝਟਕਾ ਮਾਰਿਆ ਅੱਧੀ ਧੋਤੀ ਲਹਿ ਗਈ, ਅੱਧੀ ਰਹਿ ਗਈ ਜਦੋਂ ਕੁਛ ਨਾ ਚਾਰਾ ਚਲਿਆ, ਤਾਂ ਉਸ ਵੇਲੇ ਆਵਾਜ਼ ਮਾਰੀ ਹੇ ਪ੍ਰਭੂ! ਹੁਣ ਮੇਰਾ ਕੋਈ ਨਹੀਂ ਹੈ, ਮੇਰਾ ਰਾਖਾ ਤੂੰ ਹੀ ਹੈਂ।

***ਅਖੀ ਮੀਟਿ ਧਿਆਨੁ ਧਰਿ***
***ਹਾਹਾ ਕ੍ਰਿਸਨ ਕਰੈ ਬਿਲਲਾਂਦੀ।***
***ਭਾਈ ਗੁਰਦਾਸ ਜੀ, ਵਾਰ 10/8***

ਮਹਾਰਾਜ ਕਹਿੰਦੇ ਨਾਮ ਦੀ ਸ਼ਕਤੀ ਦੇ ਉਤੇ ਵਿਸ਼ਵਾਸ਼ ਆ ਗਿਆ ਓਸਨੂੰ। ਨਾਮ ਦੇ ਮਾਲਕ ਨੂੰ ਆਵਾਜ਼ ਦੇ ਦਿਤੀ, ਹੋਇਆ ਕੀ? ਕਹਿੰਦੇ -

***ਕਪੜੁ ਕੋਟੁ ਉਸਾਰਿਓਨੁ***
***ਥਕੇ ਦੂਤ ਨ ਪਾਰਿ ਵਸਾਂਦੀ॥***
***ਭਾਈ ਗੁਰਦਾਸ ਜੀ, ਵਾਰ 10/8***

ਦਸਮ ਗ੍ਰੰਥ ਵਿਚ ਲਿਖਿਆ ਹੋਇਆ ਹੈ ਕਿ ਸੱਤ ਦਿਨ ਸੱਤ ਰਾਤਾਂ ਲਗਾਤਾਰ ਕਪੜਾ ਲਾਹੀ ਗਏ। ਉਡੀਕ 'ਚ ਸੀ ਕਿ ਕਿੰਨਾ ਕੁ ਆ ਜਾਏਗਾ, ਕਿਤੇ ਤਾਂ ਅੰਤ ਆਏਗਾ ਹੀ, ਅਖੀਰ ਦੋਵੇਂ ਭਰਾ ਬੇਹੋਸ਼ ਹੋ ਕੇ ਗਿਰ ਗਏ। ਹੱਥ ਮਰੋੜਦੇ ਨੇ, ਸਿਰ ਹਿਲਾਉਂਦੇ ਨੇ ਕਿ ਕੁਛ ਨਹੀਂ ਹੋਇਆ।

***ਹਥ ਮਰੋੜਨਿ ਸਿਰੁ ਧੁਣਨਿ***
***ਪਛੋਤਾਨਿ ਕਰਨਿ ਜਾਹਿ ਜਾਂਦੀ।***
***ਭਾਈ ਗੁਰਦਾਸ ਜੀ, ਵਾਰ 10/8***

ਛੱਡ ਦਿਤੀ। ਘਰ ਆਈ ਤਾਂ ਕ੍ਰਿਸ਼ਨ ਮਹਾਰਾਜ ਆਏ ਹੋਏ ਨੇ -

***ਘਰਿ ਆਈ ਠਾਕੁਰ ਮਿਲੈ***
***ਪੈਜ ਰਹੀ ਬੋਲੇ ਸ਼ਰਮਾਂਦੀ।***
***ਭਾਈ ਗੁਰਦਾਸ ਜੀ, ਵਾਰ 10/8***

ਕਹਿੰਦੇ ਦਰੋਪਤੀ, ਕੀ ਹਾਲ ਰਿਹਾ? ਕਹਿੰਦੀ ਮਹਾਰਾਜ ਪੈਜ ਰਹਿ ਗਈ। ਮਹਾਰਾਜ! ਤੁਸੀਂ ਵੀ ਮਸਾਂ ਹੀ ਬੋਹੜੇ। ਕਹਿਣ ਲੱਗੇ, ਦਰੋਪਤੀ! ਤੂੰ ਆਪੇ ਹੀ ਦੇਖ, ਤੂੰ ਮੈਨੂੰ ਕਿਹੜੇ ਵੇਲੇ ਹਾਕ ਮਾਰੀ ਹੈ, ਜਦੋਂ ਕੋਈ ਚਾਰਾ ਨਹੀਂ ਰਿਹਾ, ਇੱਕ ਝਟਕੇ ਨੂੰ ਕਿੰਨਾ ਸਮਾਂ ਲਗਦਾ ਹੈ, ਇਕ ਛਿਨ ਲਗਣਾ ਸੀ, ਇਕ ਛਿਨ ਦੇ ਵਿਚ ਤੂੰ ਮੈਨੂੰ ਆਵਾਜ਼ ਮਾਰੀ, ਕਿਉਂਕਿ -

***ਨਾਥ ਅਨਾਥਾਂ ਬਾਣਿ ਧੁਰਾਂਦੀ॥***
***ਭਾਈ ਗੁਰਦਾਸ ਜੀ, ਵਾਰ 10/8***

ਜਿਹਦਾ ਕੋਈ ਸੰਸਾਰ 'ਚ ਨਾ ਹੋਵੇ, ਉਹਦੀ ਰਾਖੀ ਵਾਸਤੇ ਮੈਨੂੰ ਆਉਣਾ ਪੈਂਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਲੜਕਾ ਕਹਿਣ ਲੱਗਿਆ ਕਿ ਰਾਜਨ! ਜਿਹਦਾ ਸੰਸਾਰ ਤੇ ਕੋਈ ਨਾ ਹੋਵੇ ਉਹਦਾ ਪ੍ਰਮੇਸ਼ਰ ਹੁੰਦਾ ਹੈ। ਸੋ ਮੈਂ ਪ੍ਰਮੇਸ਼ਰ ਦੀ ਢੇਰੀ ਰੱਖ ਕੇ ਇਕ ਮਨ ਇਕ ਚਿੱਤ ਹੋ ਕੇ ਉਹਦੇ ਚਰਨਾਂ 'ਚ ਅਰਦਾਸ ਕਰੀ-

***ਧਾਰਨਾ - ਹੋਰ ਸਾਰੀਆਂ ਢੇਰੀਆਂ ਢਾਹ ਕੇ,***
***ਤੇਰੀ ਆਸ ਰੱਖੀ ਮਾਲਕਾ।***

ਸੋ ਰਾਜਨ! ਸੰਸਾਰ ਦਾ ਮਾਲਕ, ਜੋ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਆਸਰਿਆਂ ਦਾ ਆਸਰਾ ਹੈ, ਮੈਂ ਉਹਦੇ ਕੋਲ ਅਰਦਾਸ ਕਰਕੇ ਪੰਜ ਪ੍ਰਕਰਮਾ ਕਰੀਆਂ ਤੇ ਨਮਸਕਾਰ ਕੀਤੀ ਤੇ ਮੈਂ ਤੁਹਾਡੇ ਵਲ ਨੂੰ ਆ ਗਿਆ, ਇਹ ਹੈ ਮੇਰੀ ਕਹਾਣੀ।

ਸੁਣਦੇ-ਸੁਣਦੇ ਪ੍ਰਮੇਸ਼ਰ ਨੇ ਐਸੀ ਪ੍ਰੇਰਨਾ ਕਰੀ ਕਿ ਰਾਜੇ ਦੇ ਨੇਤਰਾਂ 'ਚੋਂ ਵੀ ਜਲ ਆ ਰਿਹਾ ਹੈ, ਰਾਣੀ ਦੇ ਵੀ ਆ ਰਿਹਾ ਹੈ। ਦੋਵੇਂ ਉਠ ਕੇ ਚਲੇ ਗਏ। ਰਾਜਾ ਕਹਿਣ ਲੱਗਿਆ, ਰਾਣੀ ਸਾਹਿਬਾ! ਇਕ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਜੇ ਤੁਸੀਂ ਮੰਨ ਲਓ। ਕਹਿੰਦੀ ਦੱਸੋ? ਕਹਿੰਦਾ, ਦੇਖੋ ਬਲੀ ਦੇ ਦੇਵਾਂਗਾ, ਕੀ ਪਤਾ ਫੇਰ ਨਾ ਹੋਵੇ ਨਾ ਹੋਵੇ, ਜੇ ਹੋ ਗਿਆ ਕਿਹੋ ਜਿਹਾ ਹੋਵੇ, ਕਿਉਂ ਨਾ ਆਪਾਂ ਇਸੇ ਨੂੰ ਰਾਜਕੁਮਾਰ ਗੋਦ ਲੈ ਲਈਏ। ਕਹਿਣ ਲੱਗੀ, ਮੈਂ ਵੀ ਇਹੀ ਖਿਆਲ ਕਰਦੀ ਹਾਂ। ਸੋ ਵਾਹਿਗੁਰੂ ਨੇ ਰਾਖੀ ਕਰੀ।

***ਅਪੁਨੇ ਸੇਵਕ ਕੀ ਆਪੇ ਰਾਖੈ***
***ਆਪੇ ਨਾਮੁ ਜਪਾਵੈ ॥***
***ਜਹ ਜਹ ਕਾਜ ਕਿਰਤਿ ਸੇਵਕ ਕੀ***
***ਤਹਾ ਤਹਾ ਉਠਿ ਧਾਵੈ ॥ ਅੰਗ - ੪੦੩***

ਬੜੀ ਖੁਸ਼ੀ ਹੋਈ, ਰਿਆਇਆ ਵਿਚ ਬੜੀ ਖੁਸ਼ੀ ਹੋਈ। ਰਾਜਗੱਦੀ ਦੇਣ ਲੱਗੇ, ਲੜਕਾ ਕਹਿਣ ਲੱਗਿਆ, ਰਾਜਨ! ਮੈਂ ਰਾਜ ਲੈਣ ਨਹੀਂ ਆਇਆ, ਮੈਂ ਤਾਂ ਆਹ ਜਨਮ ਜਿਹੜਾ ਹੈ, ਜਿਹੜੀ ਮੈਂ ਪਿਛਲੇ ਜਨਮ ਵਿਚ ਗਲਤੀ ਕਰੀ ਉਹਨੂੰ ਸਵਾਰਨ ਵਾਸਤੇ ਆਇਆ ਹਾਂ, ਤੁਸੀਂ ਭਰੋਸਾ ਰੱਖੋ, ਦੱਸ ਮਹੀਨੇ ਤੋਂ ਬਾਅਦ ਤੁਹਾਨੂੰ ਪ੍ਰਮੇਸ਼ਰ ਇਕ ਪੁੱਤਰ ਦੇਵੇਗਾ ਤੇ ਉਹਨੂੰ ਰਾਜ ਗੱਦੀ ਤੇ ਬਿਠਾਉਣਾ। ਮੈਂ ਤਾਂ ਆਤਮ ਚਿੰਤਨ ਕਰਨਾ ਹੈ, ਪ੍ਰਭੂ ਦੇ ਨਾਲ ਮਿਲਾਪ ਕਰਨਾ ਹੈ। ਐਨਾ ਕਹਿ ਕੇ ਚਲਿਆ

ਗਿਆ, ਬਹੁਤ ਵੱਡਾ ਰਿਸ਼ੀ ਹੋਇਆ, ਜਿਸਨੂੰ ਜੜ੍ਹ ਭਰਤ ਕਹਿੰਦੇ ਨੇ।

ਬੇਅੰਤ ਉਹਦੀਆਂ ਕਥਾਵਾਂ ਨੇ। ਬਹੁਤ ਵਿਸ਼ਾਲ ਉਸਦਾ ਗਿਆਨ ਜਿਹੜਾ ਮਹਾਂਪੁਰਸ਼ਾਂ ਤੋਂ ਸੁਣਦੇ ਹਾਂ। ਆਤਮ ਗਿਆਨ ਹੈ, ਉਨ੍ਹਾਂ ਦੇ ਬਚਨ ਇਕ ਵਾਰੀ ਪੜ੍ਹ ਲਓ, ਗਿਆਨ ਹੋ ਜਾਂਦਾ ਹੈ ਅੰਦਰ, ਪ੍ਰਕਾਸ਼ ਹੋ ਜਾਂਦਾ ਹੈ। ਸੋ ਇਹ ਪ੍ਰਮੇਸ਼ਰ ਦੀ ਲੀਲਾ ਹੈ, ਜਿਹੜਾ ਉਹਨੂੰ ਯਾਦ ਕਰਦਾ ਹੈ, ਉਹਦਾ ਰਾਖਾ ਹੋ ਜਾਂਦਾ ਹੈ, ਉਹਦਾ ਹੱਥ ਜਿਹੜਾ ਵੱਡਾ ਹੈ, ਉਹਦੇ ਸਿਰ ਤੇ ਹੋ ਜਾਂਦਾ ਹੈ।

ਕਈ ਪ੍ਰੇਮੀਆਂ ਦੇ ਮਨਾਂ ਵਿਚ ਇਹ ਖਿਆਲ ਆਏਗਾ ਕਿ ਜੇ ਇਸ ਤਰ੍ਹਾਂ ਸੀ ਤਾਂ ਭਾਈ ਮਨੀ ਸਿੰਘ ਦੀ ਰਾਖੀ ਕਿਉਂ ਨਾ ਕਰੀ, ਭਾਈ ਤਾਰੂ ਸਿੰਘ ਨੂੰ ਕਿਉਂ ਨਾ ਰੱਖਿਆ। ਅਨੇਕਾਂ ਗੁਰਸਿੱਖਾਂ ਨੇ ਬੜੀਆਂ ਤਕਲੀਫਾਂ ਉਠਾਈਆਂ, ਉਨ੍ਹਾਂ ਦੀ ਰਾਖੀ ਕਿਉਂ ਨਾ ਹੋਈ। ਇਹ ਸਵਾਲ ਕੁਦਰਤੀ ਹੈ, ਸਾਡੇ ਮਨ 'ਚ ਕੀ, ਹਰੇਕ ਦੇ ਮਨ ਵਿਚ ਆਉਂਦਾ ਹੈ। ਉਹ ਇਹ ਹੈ ਕਿ ਸਾਧਸੰਗਤ ਜੀ! ਇਹ ਜਿਹੜੀਆਂ ਕੁਰਬਾਨੀਆਂ ਸੀ, ਇਹ ਹੋਰ ਚੀਜ਼ ਸੀ, ਇਹ ਸਾਰੀਆਂ ਮੁਕਤ ਆਤਮਾਵਾਂ ਸੀ, ਇਕ ਕੌਤਕ ਕਰਨ ਵਾਸਤੇ ਸੰਸਾਰ ਤੇ ਆਈਆਂ ਸੀ, ਮੌਤ ਤੋਂ ਪਾਰ ਹੋ ਚੁੱਕੇ ਸੀ। ਜੀਵਨ ਤੇ ਮੌਤ ਦਾ ਭੇਤ ਜੋ ਹੈ ਉਸਨੂੰ ਗਵਾ ਚੁੱਕੇ ਸੀ। ਉਨ੍ਹਾਂ ਨੇ ਕੋਈ ਅਰਦਾਸ ਨਹੀਂ ਕਰੀ ਕਿ ਵਾਹਿਗੁਰੂ ਸਾਨੂੰ ਰੱਖ, ਜੇ ਅਰਦਾਸ ਕਰੀ ਹੈ ਤਾਂ ਭਾਈ ਤਾਰੂ ਸਿੰਘ ਨੇ ਕਿਹਾ ਸੱਚੇ ਪਾਤਸ਼ਾਹ! ਕੇਸਾਂ ਤੇ ਸੁਆਸਾਂ ਨਾਲ ਨਿਬਾਹ ਦੇਵੀਂ ਮੇਰੀ। ਇਹ ਨਹੀਂ ਕਿਹਾ ਕਿ ਇਹਦੀਆਂ ਰੰਬੀਆਂ ਖੁਲ੍ਹੀਆਂ ਕਰ ਦੇ। ਉਹ ਚਾਹੁੰਦੇ ਨਹੀਂ ਕਿਉਂਕਿ ਐਸੀ ਅਵਸਥਾ ਗੁਰੂ ਨਾਨਕ ਨੇ ਗੁਰਸਿੱਖਾਂ ਦੇ ਅੰਦਰ ਪੈਦਾ ਕਰ ਦਿਤੀ ਕਿ ਉਡੀਕਦੇ ਨੇ ਕਿ –

***ਕਬੀਰ ਜਿਸੁ ਮਰਨੇ ਤੇ ਜਗੁ ਡਰੈ***
***ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥***
***ਅੰਗ - ੧੩੬੫***

ਉਸ ਤੋਂ ਬਾਅਦ ਪੂਰਨ ਅਨੰਦ ਆਉਂਦਾ ਹੈ, ਏਸ ਕਰਕੇ ਇਹ ਸਵਾਲ ਨਹੀਂ ਪੈਦਾ ਹੁੰਦਾ ਕਿਉਂਕਿ ਕਿਸੇ ਨੇ ਵੀ ਅਰਦਾਸ ਕਰੀ, ਅਰਦਾਸ ਤਾਂ ਇਹੀ ਕਰੀ ਹੈ ਕਿ ਮੇਰੀ ਨਿਭ ਜਾਵੇ ਤੇਰੇ ਨਾਲ। ਪੀਰਾਂ ਤੇ ਮੁਰੀਦਾਂ ਦੀ ਪ੍ਰੀਤ ਨਿਭਿਆ ਕਰਦੀ ਹੈ ਇਸੇ ਤਰ੍ਹਾਂ ਉਹਦੀ ਰਜ਼ਾ ਵਿਚ ਚੱਲ ਕੇ।

ਸੋ ਇਸ ਤਰ੍ਹਾਂ ਦੇ ਨਾਲ ਅੱਜ ਭਾਈ ਛੱਜੂ ਜੀ ਅਰਦਾਸ ਕਰ ਰਹੇ ਨੇ, ਗੁਰੂ ਪੰਜਵੇਂ ਪਾਤਸ਼ਾਹ ਦੇ ਚਰਨਾਂ 'ਚ। ਹੇ ਪ੍ਰਭੂ! –

***ਅਵਰ ਓਟ ਮੈ ਸਗਲੀ ਦੇਖੀ***
***ਇਕ ਤੇਰੀ ਓਟ ਰਹਾਈਐ॥ ਅੰਗ - ੬੨੫***

ਓਧਰ ਭਾਈ ਜਮਾਲ ਬੈਠਾ ਹੈ ਅੱਖਾਂ ਮੀਚੀ, ਉਹ ਵੀ ਆਪਣੇ ਮਨ 'ਚ ਕੋਈ ਨਾ ਕੋਈ ਅਰਦਾਸ ਕਰਦਾ ਹੀ ਹੋਣਾ। ਐਨੇ ਨੂੰ ਹੁਕਮ ਹੋ ਗਿਆ ਕਿ ਭਾਈ, ਦੋਵੇਂ ਜਣੇ ਤਿਆਰ ਹੋ ਕੇ ਆ ਜਾਓ, ਤੇਲ ਦੀ ਕੜਾਹੀ ਉਬਲ ਰਹੀ ਹੈ, ਨਵਾਬ ਕਹਿਣ ਲੱਗਿਆ ਕਿ ਮੈਂ ਖ਼ੁਦਾ ਤੋਂ ਫੈਸਲਾ ਲੈਣਾ ਹੈ, ਏਸ ਕਰਕੇ ਆਹ ਮੈਂ ਰੁਪਈਏ ਦੋ ਸੁੱਟ ਰਿਹਾ ਹਾਂ, ਭਾਈ ਜਮਾਲ ਇਕ ਤੂੰ ਕੱਢਣਾ ਹੈ ਤੇ ਇਕ ਭਾਈ ਛੱਜੂ ਜੀ ਤੂੰ ਕੱਢਣਾ ਹੈ। ਇਕ ਮਿੰਟ ਤੁਹਾਨੂੰ ਮੈਂ ਦਿੰਦਾ ਹਾਂ, ਆਪਣੇ ਅੱਲਾਹ ਤਾਲਾ ਨੂੰ, ਆਪਣੇ ਪੀਰ ਨੂੰ, ਆਪਣੇ ਗੁਰੂ ਨੂੰ ਧਿਆ ਲਓ। ਉਸ ਤੋਂ ਬਾਅਦ ਆਵਾਜ਼ ਹੋਏਗੀ, ਉਸ ਵੇਲੇ ਤੁਹਾਨੂੰ ਦੋਹਾਂ ਨੂੰ ਹੱਥ ਪਾਉਣਾ ਪਵੇਗਾ।

ਉਸ ਵੇਲੇ ਚਿੱਤ ਇਕਾਗਰ ਕਰਕੇ ਭਾਈ ਛੱਜੂ ਜੀ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਦੇ ਚਰਨਾਂ 'ਚ ਅਰਦਾਸ ਕਰਦੇ ਨੇ –

***ਧਾਰਨਾ – ਜਿਵੇਂ ਰੱਖੀ ਸੀ ਦਰੋਪਤੀ ਆ ਕੇ,***
***ਐਵੇਂ ਮੇਰੀ ਲਾਜ ਰੱਖ ਲੈ।***

ਪਾਤਸ਼ਾਹ! ਮੈਂ ਚਾਹੇ ਝੂਠਾ ਹਾਂ, ਚਾਹੇ ਸੱਚਾ ਹਾਂ ਜੇ ਐਸ ਵੇਲੇ ਮੇਰੀ ਲਾਜ ਨਾ ਰੱਖੀ ਪਾਤਸ਼ਾਹ! ਸਾਰੇ ਸਿੱਖ ਝੂਠੇ ਕਹੇ ਜਾਣਗੇ, ਕਿਸੇ ਨੇ ਇਤਬਾਰ ਨਹੀਂ ਕਰਨਾ, ਤੂੰ ਜਾਣਦਾ ਹੈਂ ਪਾਤਸ਼ਾਹ! ਮੇਰੇ ਮਨ ਵਿਚ ਕੋਈ ਗੱਲ ਨਹੀਂ। ਕ੍ਰਿਪਾ ਕਰ। ਉਸ ਨੇ ਵੀ ਅਰਦਾਸਾਂ ਕਰੀਆਂ, ਦੋਹਾਂ ਨੇ ਜਦੋਂ ਹੱਥ ਪਾਇਆ ਤਾਂ ਭਾਈ ਛੱਜੂ ਨੂੰ ਤਾਂ ਐਉਂ ਲੱਗਿਆ ਜਿਵੇਂ ਠੰਢੇ ਪਾਣੀ ਵਿਚ ਹੱਥ ਪਾਇਆ ਹੋਵੇ ਇਹਨੇ ਤੇ ਰੁਪਿਆ ਕੱਢ ਲਿਆ। ਉਹਨੇ ਜਦੋਂ ਹੱਥ ਪਾਇਆ ਤਾਂ ਅਜੇ ਉਂਗਲੀਆਂ ਹੀ ਪਾਈਆਂ ਸੀ ਤੇ ਉਸੇ ਵੇਲੇ ਜਲ ਗਈਆਂ, ਚੀਕ ਮਾਰ ਕੇ ਹੱਥ ਦੂਰ ਕਰ ਲਿਆ, ਰੋਣ ਲਗ ਗਿਆ। ਨਵਾਬ ਕਹਿਣ ਲੱਗਿਆ, ਜਮਾਲ ਰੋ ਨਾ। ਕਿਉਂ ਰੋਂਦਾ ਹੈ ਭਾਈ? ਕਹਿਣ ਲੱਗਿਆ, ਮੈਂ ਸੱਚਾ ਸੀ ਮੈਨੂੰ ਖ਼ੁਦਾ ਨੇ ਝੂਠਾ ਕਰ ਦਿਤਾ ਮੈਂ ਏਸ ਗੱਲ ਤੇ ਰੋਂਦਾ ਹਾਂ। ਇਹ ਝੂਠਾ ਸੀ ਤੇ ਖੁਦਾ ਨੇ ਇਹਨੂੰ ਸੱਚਾ ਕਰ ਦਿਤਾ, ਮੇਰੀ ਸਮਝ ਤੋਂ ਬਾਹਰ ਗੱਲ ਹੈ। ਮੈਂ ਪੰਜ ਸੌ ਮੋਹਰ ਦੇ ਕੇ ਗਿਆ ਹਾਂ ਇਹਨੂੰ। ਕਹਿਣ ਲੱਗਿਆ, ਹੁਣ ਤਾਂ ਕੁਛ ਨਹੀਂ ਹੋ ਸਕਦਾ ਕਿਉਂਕਿ ਹੁਣ ਫੈਸਲਾ ਖੁਦਾ ਤੇ ਛੱਡ ਦਿਤਾ, ਜੇ ਖੁਦਾ ਨੇ ਹੀ ਤੈਨੂੰ ਝੂਠਾ ਕਰ ਦਿਤਾ, ਮੈਂ ਤਾਂ ਹੁਣ ਸੱਚਾ ਨਹੀਂ ਕਰ ਸਕਦਾ। ਏਸ ਕਰਕੇ ਤੁਹਾਡਾ ਮੁਕੱਦਮਾ ਖਾਰਜ।

ਭਾਈ ਛੱਜੂ ਨੂੰ ਲੋਕ ਵਧਾਈਆਂ ਦਿੰਦੇ ਨੇ, ਲੇਕਿਨ ਭਾਈ ਛੱਜੂ ਖੁਸ਼ ਨਹੀਂ ਹੋਇਆ, ਅੰਦਰ ਇਹ

ਹੈ ਕਿ ਹੋ ਸਕਦਾ ਹੈ ਇਹ ਸੱਚਾ ਹੋਵੇ, ਮੈਂ ਭੁੱਲ ਗਿਆ ਹੋਵਾਂ। ਪਰ ਅੰਦਰੋਂ ਸ਼ੁਕਰ ਵਿਚ ਹੈ ਕਿ ਹੇ ਮਹਾਰਾਜ! ਸਤਿਗੁਰੂ! ਤੂੰ ਮੇਰੀ ਲਾਜ ਰੱਖ ਲਈ, ਮੇਰੀ ਹੀ ਨਹੀਂ ਰੱਖੀ, ਸਾਰੇ ਸਿੱਖਾਂ ਦੀ ਰੱਖ ਲਈ। ਨਹੀਂ ਅੱਜ ਸਿੱਖ ਝੂਠੇ ਹੋ ਜਾਣੇ ਸੀ। ਅੱਜ ਤੱਕ ਇਹ ਹੈ ਕਿ ਸਿੱਖ ਕਦੇ ਝੂਠ ਨਹੀਂ ਬੋਲਦਾ। ਸੱਚ ਬੋਲਦਾ ਹੈ, ਇਹ ਮੌਤ ਤੋਂ ਨਹੀਂ ਡਰਦਾ, ਇਹ ਚੰਗੇ ਨੇਕ ਕੰਮ ਕਰਦਾ ਹੈ, ਮਾੜੇ ਕੰਮ ਦੇ ਨੇੜੇ ਨਹੀਂ ਜਾਂਦਾ, ਪਰਇਸਤ੍ਰੀਆਂ ਵਲ ਨਿਗ੍ਹਾ ਨਹੀਂ ਕਰਦਾ, ਪਰਇਸਤ੍ਰੀ ਦੇ ਨੇੜੇ ਨਹੀਂ ਜਾਂਦਾ, ਇਹ ਖ਼ੂਬੀਆਂ ਨੇ ਸਿੱਖਾਂ ਦੇ ਅੰਦਰ ਤੇ ਨਹੀਂ ਤਾਂ ਪਾਤਸ਼ਾਹ ਅੱਜ ਬਦਨਾਮ ਹੋ ਜਾਣਾ ਸੀ।

ਘਰ ਚਲਿਆ ਗਿਆ, ਦੂਸਰੇ ਦਿਨ ਦੀਵਾਲੀ ਸੀ, ਕਹਿਣ ਲੱਗਿਆ, ਸਮਾਨ ਸਾਰਾ ਬਾਹਰ ਕੱਢੋ ਤੇ ਸਫਾਈ ਕਰੋ। ਸਫੈਦੀਆਂ ਹੋਣ ਲੱਗ ਗਈਆਂ, ਸਮਾਨ ਚੁੱਕੀ ਜਾਂਦੇ ਨੇ, ਬਾਹਰ ਕੱਢਦੇ ਨੇ, ਜਦੋਂ ਗੱਦੀ ਚੁੱਕੀ, ਜੋ ਵਿਛਿਆ ਹੋਇਆ ਸੀ ਹੇਠਾਂ ਕਾਰਪੈਟ ਜਿਹਾ ਛੋਟਾ ਜਿਹਾ, ਕੀ ਦੇਖਦੇ ਨੇ ਧਰਤੀ ਦੇ ਨਾਲ ਲੱਗੀ ਹੋਈ ਇਕ ਢਿੱਲੀ ਜਿਹੀ ਪੋਟਲੀ ਪਈ ਹੈ ਤੇ ਮੋਹਰਾਂ ਪਈਆਂ ਨੇ ਥੱਲੇ। ਸਾਰੇ ਹੈਰਾਨ ਹੋ ਗਏ ਕਿ ਮੋਹਰਾਂ ਤਾਂ ਇਥੇ ਹੀ ਪਈਆਂ ਸੀ। ਭਾਈ ਛੱਜੂ ਨੂੰ ਦੱਸਿਆ ਕਿ ਮੋਹਰਾਂ ਤਾਂ ਇਥੇ ਪਈਆਂ ਨੇ, ਪੰਜ ਸੌ ਮੋਹਰ ਹੈ।

ਭਾਈ ਛੱਜੂ ਕਹਿਣ ਲੱਗਿਆ ਇਹ ਤਾਂ ਬੜਾ ਮਾੜਾ ਕੰਮ ਹੋਇਆ, ਇਹ ਤਾਂ ਜਮਾਲ ਦੀਆਂ ਨੇ। ਹੁਣ ਕੀ ਕਰਿਆ ਜਾਵੇ? ਕਹਿਣ ਲੱਗਿਆ ਮੈਨੂੰ ਮੋਹਰਾਂ ਦਿਓ। ਲੈ ਕੇ ਤੁਰ ਪਿਆ, ਭਾਈ ਜਮਾਲ ਦੇ ਘਰ ਗਿਆ, ਆਵਾਜ਼ ਦਿਤੀ ਭਾਈ ਜਮਾਲ-ਭਾਈ ਜਮਾਲ। ਅੰਦਰੋਂ ਦਰਦ ਦੇ ਨਾਲ ਕਰਹਾ ਰਿਹਾ ਹੈ, ਹਾਏ-ਹਾਏ ਦੀ ਆਵਾਜ਼ ਆ ਰਹੀ ਹੈ। ਆਵਾਜ਼ ਪਛਾਣ ਲਈ ਕਹਿਣ ਲੱਗੇ, ਭਾਈ ਛੱਜੂ! ਕਿਵੇਂ ਆਏ। ਕਹਿੰਦੇ, ਦਰਵਾਜ਼ਾ ਤਾਂ ਖੋਲ੍ਹੋ। ਦਰਵਾਜ਼ਾ ਖੋਲ੍ਹਿਆ, ਹੱਥ ਵਿਚ ਥੈਲੀ ਫੜੀ ਹੋਈ ਹੈ, ਕਹਿਣ ਲੱਗੇ ਆਹ ਲੈ ਤੇਰੀਆਂ ਮੋਹਰਾਂ ਨਿਕਲ ਆਈਆਂ। ਭਾਈ ਜਮਾਲ ਕਹਿਣ ਲੱਗਿਆ ਕਿ ਹੁਣ ਮੈਂ ਕੀ ਕਰਨੀਆਂ ਨੇ, ਜਦੋਂ ਖੁਦਾ ਨੇ ਹੀ ਮੈਨੂੰ ਝੂਠਾ ਕਰ ਦਿਤਾ, ਪਰ ਇਹ ਗੱਲ ਹੈ ਕਿ ਮੈਂ ਤੇਰੇ ਪੀਰ ਜੀ ਕੋਲ ਜਾਣਾ ਚਾਹੁੰਦਾ ਹਾਂ। ਮੇਰੇ ਅੰਦਰ ਕੁਛ ਸ਼ੰਕਾ ਹੈ ਉਹ ਮੈਂ ਨਵਿਰਤ ਕਰਨਾ ਹੈ, ਮੋਹਰਾਂ ਨਹੀਂ ਮੈਂ ਹੁਣ ਲੈਣੀਆਂ ਕਿਉਂਕਿ ਮੈਨੂੰ ਅੱਲਾਹ ਤਾਲਾ ਨੇ ਝੂਠਾ ਕਰ ਦਿਤਾ ਇਹ ਮੇਰੀਆਂ ਨਹੀਂ ਰਹੀਆਂ, ਹੁਣ ਤੇਰੀਆਂ ਹੋ ਗਈਆਂ।

ਸੋ ਦੂਸਰੇ ਦਿਨ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਦੇ ਦਰਬਾਰ ਵਿਚ ਪਹੁੰਚਦੇ ਨੇ, ਮੋਹਰਾਂ ਦੀ ਥੈਲੀ ਭਾਈ ਛੱਜੂ ਦੇ ਹੱਥ ਵਿਚ ਹੈ। ਦੋਹਾਂ ਨੇ ਜਾ ਕੇ ਨਮਸਕਾਰ ਕਰੀ, ਨਾਲ ਥੈਲੀ ਭੇਟ ਕਰ ਦਿਤੀ, ਭਾਈ ਛੱਜੂ ਨੇ ਕਿਹਾ ਪਾਤਸ਼ਾਹ! ਮੈਨੂੰ ਇਕ ਗੱਲ ਦਾ ਭਰਮ ਹੈ, ਕ੍ਰਿਪਾ ਕਰਕੇ ਮੇਰਾ ਭਰਮ ਦੂਰ ਕਰੋ। ਕਹਿੰਦੇ, ਦੱਸ।

ਕਹਿਣ ਲੱਗਿਆ ਕਿ ਖੁਦਾ ਇਕ ਹੈ ਕਿ ਦੋ ਨੇ?

ਗੁਰੂ ਮਹਾਰਾਜ ਨੇ ਕਿਹਾ ਕਿ ਜਮਾਲ, ਖੁਦਾ ਤਾਂ ਇਕ ਹੈ। ਕਹਿਣ ਲੱਗਿਆ ਕਿ ਪਾਤਸ਼ਾਹ! ਮੈਂ ਸੱਚਾ ਸੀ ਆਹ ਥੈਲੀ ਮੇਰੀ ਸੀ, ਆਹ ਵਾਰਤਾ ਹੋਈ। ਸਾਡੇ ਹੱਥ ਪੁਆਏ ਗਏ, ਉਬਲਦੇ ਤੇਲ 'ਚ। ਅਜੇ ਤੱਕ ਇਹ ਭਾਈ ਛੱਜੂ ਦੇ ਕੋਲ ਹੈ। ਥੈਲੀ ਮੇਰੀ ਹੈ ਫੇਰ ਖੁਦਾ ਨੇ ਮੈਨੂੰ ਕਿਉਂ ਝੂਠਾ ਕਰ ਦਿਤਾ, ਇਹਨੂੰ ਸੱਚਾ ਕਿਉਂ ਕਰ ਦਿਤਾ।

ਕਹਿਣ ਲੱਗੇ, ਭਾਈ ਜਮਾਲ! ਇਥੇ ਅੰਦਰਲੀ ਖੇਲ੍ਹ ਚੱਲੀ ਹੈ, ਤੂੰ ਉਸ ਖੇਲ੍ਹ ਦੇ ਵਿਚ ਫੇਲ੍ਹ ਹੋ ਗਿਆ। ਤੂੰ ਸੱਚਾ ਸੀ, ਲੇਕਿਨ ਉਸ ਗੱਲ ਦੇ ਉਤੇ, ਉਸ ਸ਼ਰਤ ਦੇ ਉਤੇ ਤੂੰ ਪੂਰਾ ਨਾ ਉਤਰ ਸਕਿਆ, ਜਿਥੇ ਉਤਰਨਾ ਸੀ।

ਕਹਿਣ ਲੱਗਿਆ, ਉਹ ਕਿਵੇਂ?

ਕਹਿਣ ਲੱਗਿਆ, ਦੇਖੋ, ਭਾਈ ਛੱਜੂ ਭੁੱਲ ਗਿਆ, ਜਦੋਂ ਬਿਲਕੁਲ ਭੁੱਲ ਗਿਆ ਤਾਂ ਇਹਦਾ ਦੋਸ਼ ਨਹੀਂ ਸੀ ਉਸ ਵੇਲੇ। ਇਹਨੇ ਬੇਈਮਾਨੀ ਕੋਈ ਨਹੀਂ ਕਰੀ, ਕਪਟ ਕਰਕੇ ਤੇਰੀ ਥੈਲੀ ਨਹੀਂ ਰੱਖੀ, ਕੇਵਲ ਦਿਮਾਗ 'ਚੋਂ ਨਿਕਲ ਗਿਆ ਤੇ ਤੁਸੀਂ ਦੋਵੇਂ ਜਣੇ ਗਏ, ਇਹਨੂੰ ਵੀ ਨਹੀਂ ਸੀ ਪਤਾ, ਇਹ ਕੋਈ ਠੱਗੀ ਨਹੀਂ ਸੀ ਕਰ ਰਿਹਾ। ਅਰ ਅੰਦਰੋਂ ਪੂਰੀ ਤਰ੍ਹਾਂ ਸੀ ਕਿ ਮੇਰੇ ਕੋਲ ਨਹੀਂ ਹੈ, ਤੂੰ ਵੀ ਸੱਚਾ ਸੀ, ਪਰ ਜਦੋਂ ਮੌਕਾ ਆਇਆ ਖੁਦਾ ਦੀ ਸ਼ਰਨ ਲੈਣ ਦਾ, ਤੂੰ ਪਿਆਰਿਆ! ਕਦੇ ਤਾਂ ਤੇਰੀ ਸੁਰਤੀ ਜਾਂਦੀ ਹੈ ਇਕ ਪੀਰ ਤੇ ਕਦੇ ਦੂਜੇ ਤੇ, ਕਦੇ ਤੂੰ ਚਿਸ਼ਤੀਆਂ ਨੂੰ ਯਾਦ ਕਰਦਾ ਹੈਂ, ਤੂੰ ਟਿਕ ਹੀ ਨਹੀਂ ਸਕਿਆ ਕਿਸੇ ਥਾਂ ਦੇ ਉਤੇ, ਆਖਰੀ ਦਮ ਤੇਰਾ ਮਨ ਨਹੀਂ ਟਿਕਿਆ। ਜਦੋਂ ਟਿਕਿਆ ਨਹੀਂ ਫੇਰ ਬਹੁੜਦਾ ਕੌਣ? ਇਹਨੂੰ ਸਤਿਗੁਰੂ ਦੀ ਪ੍ਰਤੀਤ ਸੀ, ਆਪਣੇ ਗੁਰੂ ਦੀ। ਉਹ ਪ੍ਰਤੀਤ ਸੀ, ਗੁਰੂ ਨੇ ਵਿਚਾਰਿਆ ਕਿ ਇਸ ਵੇਲੇ ਇਹ ਸੱਚਾ ਹੈ, ਇਹਦੀ ਰਾਖੀ ਹੋਣੀ ਚਾਹੀਦੀ ਹੈ, ਸੋ ਭਾਈ ਜਮਾਲ! ਇਹ ਸੱਚਾ ਸੀ। ਜੇ ਸੱਚਾ ਨਾ ਹੁੰਦਾ ਤਾਂ ਤੇਰੀ ਥੈਲੀ ਨਾ ਲੈ ਕੇ ਆਉਂਦਾ। ਕਸੂਰ ਇਥੇ ਹੋ ਗਿਆ ਕਿ ਇਹਦੇ ਮਨ ਵਿਚ 100% ਭਰੋਸਾ ਸੀ, 1% ਵੀ ਸ਼ੱਕ ਨਹੀਂ ਸੀ, ਪਰ ਤੇਰੇ ਮਨ ਵਿਚ ਠਹਿਰਾਓ ਨਹੀਂ ਸੀ। ਕਿਤੇ ਤੇਰਾ ਧਿਆਨ ਨਾ ਠਹਿਰਨ ਕਰਕੇ ਤੇਰੀ ਰਖਸ਼ਾ ਨਹੀਂ ਹੋ ਸਕੀ। ਸੋ ਹੋਰ ਭੇਤ ਨਹੀਂ, ਭੇਤ ਸੀ ਪ੍ਰਤੀਤ ਦਾ, ਏਸ ਕਰਕੇ ਮਹਾਰਾਜ ਐਸਾ ਫੁਰਮਾਨ ਕਰਦੇ ਨੇ -

***ਧਾਰਨਾ - ਗੁਰ ਕੀ ਪ੍ਰਤੀਤ ਜੀ,***
***ਜਿਸਦੇ ਮਨ ਵਿਚ ਹੈ ਭਾਈ।***

ਸੋ ਪ੍ਰਤੀਤ ਦੇ ਬਾਰੇ ਚਲ ਰਿਹਾ ਸੀ, ਭਾਈ ਤਿਲੋਕੇ ਦੇ ਮਨ ਵਿਚ ਪ੍ਰਤੀਤ ਸੀ ਆਪਣੇ ਗੁਰੂ ਦੇ

ਪ੍ਰਤੀ। ਕਾਠ ਦੀ ਪਾਈ ਹੋਈ ਤਲਵਾਰ ਫੌਲਾਦ ਦੀ ਬਣ ਜਾਂਦੀ ਹੈ। ਭਾਈ ਕਟਾਰੂ ਦਾ ਵੱਟਾ ਪੰਜ ਪੈਸੇ ਘਟ ਗਿਆ, ਉਥੇ ਰੂਲ ਇਹ ਸੀ ਕਿ ਜਿੰਨਾ ਘੱਟ ਵੱਟਾ ਹੋਵੇ, ਓਨਾ ਓਹਦਾ ਮਾਸ ਕੱਟ ਕੇ ਪਾ ਦਿੰਦੇ ਸੀ। ਗੁਰਸਿੱਖ ਸੀ, ਜੀਵਨ ਵਾਲਾ, ਜਿਹਦਾ ਸਤਿਕਾਰ ਇਸਲਾਮ ਵਾਲੇ ਵੀ ਕਰਦੇ ਸੀ, ਦੂਸਰੇ ਵੀ ਕਰਦੇ ਸੀ, ਉਹਦਾ ਝੂਠਾ ਹੋ ਜਾਣਾ ਬਹੁਤ ਵੱਡੀ ਗੱਲ ਸੀ, ਪਰ ਉਸ ਨੇ ਜਦੋਂ ਗੁਰੂ ਕੋਲ ਅਰਦਾਸ ਕਰੀ ਕਿ ਹੇ ਪਾਤਸ਼ਾਹ! ਮੈਨੂੰ ਕੋਈ ਪਤਾ ਨਹੀਂ ਕਿ ਵੱਟਾ ਘੱਟ ਹੈ ਪਰ ਇਹ ਵੱਟਾ ਮੇਰਾ ਨਹੀਂ ਹੈ, ਕਿਸੇ ਨੇ ਸੁੱਟ ਦਿਤਾ ਮੇਰੇ ਵੱਟਿਆਂ ਵਿਚ। ਹੁਣ ਮੇਰਾ ਰਾਖਾ ਤੂੰ ਹੈਂ, ਤੇਰਾ ਸਿੱਖ ਬਦਨਾਮ ਹੋ ਗਿਆ, ਸਾਰੀ ਸਿੱਖੀ ਬਦਨਾਮ ਹੋ ਜਾਏਗੀ। 100% ਪ੍ਰਤੀਤ ਦੇ ਨਾਲ ਅਰਦਾਸ ਕਰਦਾ ਹੈ। ਜਦੋਂ! 100% ਪ੍ਰਤੀਤ ਹੋਵੇ ਤਾਂ ਅਰਦਾਸ ਦਾ ਮੁੱਲ ਪੈਂਦਾ ਹੈ –

***ਧਾਰਨਾ – ਜਨ ਕੀ ਅਰਦਾਸ ਜੀ,***
***ਬਿਰਥੀ ਨਾ ਹੋਵੇ ਕਬਹੂੰ।***

*ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥*
*ਅੰਗ – ੮੧੯*

ਵੱਟਾ ਘੱਟ ਹੈ, ਗੁਰੂ ਮਹਾਰਾਜ ਦੇ ਹੱਥ ਸਾਮ੍ਹਣੇ ਜੋ ਮਸਤਕ ਨਿਵਾਏ ਸੀ, ਮਾਇਆ ਚਾੜ੍ਹੀ ਸੀ ਉਹਦੇ 'ਚੋਂ ਪੰਜ ਪੈਸੇ ਆਪ ਚੁੱਕ ਲੈਂਦੇ ਨੇ। ਸੱਜੇ ਪਾਸੇ ਵੱਟਾ ਪਾਉਂਦੇ ਨੇ, ਮਹਾਰਾਜ ਨਾਲ ਪੰਜ ਪੈਸੇ ਸੱਜੇ ਹੱਥ ਵਿਚ ਲੈ ਲੈਂਦੇ ਨੇ। ਖੱਬੇ ਪਾਸੇ ਪਾਉਂਦੇ ਨੇ ਮਹਾਰਾਜ ਖੱਬੇ ਹੱਥ ਲੈ ਲੈਂਦੇ ਨੇ। ਸੋ ਇਹ ਅਰਦਾਸ ਵਿਚ ਸ਼ਕਤੀ, ਪ੍ਰਤੀਤ ਦੇ ਵਿਚ, ਭਰੋਸੇ ਦੇ ਵਿਚ ਸ਼ਕਤੀ, ਇਹ ਕੋਈ ਐਵੇਂ ਨਹੀਂ ਹੈ ਅੰਨਾ ਵਿਸ਼ਵਾਸ਼। ਮਹਾਰਾਜ ਕਹਿੰਦੇ ਅੰਨਾ ਵਿਸ਼ਵਾਸ਼ ਹੀ ਕੰਮ ਦਿੰਦਾ ਹੈ। ਜਿਹੜਾ ਚਤੁਰ ਬੰਦਾ ਹੈ, ਕਹਿੰਦੇ –

*ਕਹੁ ਕਬੀਰ ਭਗਤਿ ਕਰਿ ਪਾਇਆ ॥*
*ਭੋਲੇ ਭਾਇ ਮਿਲੇ ਰਘੁਰਾਇਆ ॥ ਅੰਗ – ੩੨੪*

ਧੰਨਾ ਜੇ ਚਤੁਰ ਹੁੰਦਾ ਤਾਂ ਰੱਬ ਕਦੇ ਨਹੀਂ ਸੀ ਪ੍ਰਗਟ ਹੁੰਦਾ। ਭੋਲਾ ਭਾਅ ਸੀ ਪ੍ਰਗਟ ਹੋ ਗਿਆ, ਲੱਸੀ ਵੀ ਪੀ ਲਈ, ਪ੍ਰਸ਼ਾਦਾ ਵੀ ਛਕ ਲਿਆ।

*ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥*
*ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥*
*ਅੰਗ – ੪੮੮*

ਸੋ ਇਹ ਜੋ ਬੇਨਤੀ ਪ੍ਰਤੀਤ ਦੀ ਹੈ, ਮਹਾਰਾਜ ਕਹਿੰਦੇ ਜੇ ਪ੍ਰਤੀ ਨਹੀਂ ਫਿਰੀ ਜਾਹ ਗੁਰੂ ਦੇ ਦੁਆਰੇ ਤੈਨੂੰ ਕੋਈ ਸੁੱਖ ਨਹੀਂ ਹੋਣਾ।

*ਸਤਿਗੁਰ ਕੀ ਪਰਤੀਤਿ ਨ ਆਈਆ*
*ਸਬਦਿ ਨ ਲਾਗੋ ਭਾਉ ॥*
*ਓਸ ਨੋ ਸੁਖੁ ਨ ਉਪਜੈ*
*ਭਾਵੈ ਸਉ ਗੇੜਾ ਆਵਉ ਜਾਉ ਅੰਗ – ੫੯੧*

ਜੇ ਪ੍ਰਤੀਤ ਆ ਗਈ, ਉਹਦੀ ਪਦਵੀ ਉਚੀ ਹੋ ਜਾਂਦੀ ਹੈ। ਆਪਾਂ ਕਰ ਰਹੇ ਹਾਂ ਪ੍ਰਤੀਤ ਵਾਲਿਆਂ ਦਾ ਜ਼ਿਕਰ, ਉਨ੍ਹਾਂ ਦੀ ਪਦਵੀ ਉਚੀ ਹੋ ਗਈ –

*ਪਰਤੀਤਿ ਹੀਐ ਆਈ ਜਿਨ ਜਨ ਕੈ*
*ਤਿਨ੍ ਕਉ ਪਦਵੀ ਉਚ ਭਈ॥ ਅੰਗ – ੧੪੦੨*

ਸੋ ਜਿਨ੍ਹਾਂ ਦੇ ਹਿਰਦੇ 'ਚ ਪ੍ਰਤੀਤ ਨਹੀਂ ਆਈ –

*ਜੋ ਬਿਨੁ ਪਰਤੀਤੀ ਕਪਟੀ*
*ਕੂੜੀ ਕੂੜੀ ਅਖੀ ਮੀਟਦੇ*
*ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥*
*ਅੰਗ – ੭੩੪*

ਕੁਛ ਵੀ ਨਹੀਂ ਹੈ, ਅੰਦਰੋਂ ਖਾਲੀ ਨੇ। ਬਗਲੇ ਦੀਆਂ ਅੱਖਾਂ ਮੀਚਣ ਤੋਂ ਵੱਧ ਕੁਛ ਨਹੀਂ ਹੋਇਆ ਕਰਦਾ। ਸੋ ਇਸ ਕਰਕੇ ਦੋ ਚੀਜ਼ਾਂ ਇਕ ਪ੍ਰਤੀਤ ਤੇ ਇਕ ਪਿਆਰ। ਇਹ ਦੋ ਚੀਜ਼ਾਂ ਪ੍ਰਮੇਸ਼ਰ ਨੂੰ ਰਿਝਾਉਂਦੀਆਂ ਨੇ। ਪ੍ਰਤੀਤ ਜੇ ਹੋਵੇ ਤਾਂ ਪਿਆਰ ਨਿਭਦਾ ਹੈ, ਜੇ ਪ੍ਰਤੀਤ ਨਾ ਹੋਵੇ ਤਾਂ ਪਿਆਰ ਹੀ ਨਹੀਂ ਨਿਭਿਆ ਕਰਦਾ।

ਪਿਛਲਾ ਗੁਰਸਿੱਖ ਆਤਮ ਦੇਸ਼ ਦਾ ਵਾਸੀ ਸੀ, ਵਲਵਲੇ ਦੇ ਦੇਸ਼ ਦਾ ਵਾਸੀ ਸੀ, ਹੁਣ ਦਾ ਖੋਜੀ, ਹੁਣ ਦਾ ਪੜ੍ਹਾਕੂ, ਹੁਣ ਦਾ ਪ੍ਰਚਾਰਕ ਇਹ ਬੁੱਧੀ ਮੰਡਲ ਤੋਂ ਉਪਰ ਨਹੀਂ ਟੱਪਦਾ, ਬੱਧੀ ਮੰਡਲ ਦੇ ਅੰਦਰ ਸਾਧਸੰਗਤ ਜੀ! ਹਨ੍ਹੇਰਾ ਹੀ ਹਨ੍ਹੇਰਾ ਹੁੰਦਾ ਹੈ। ਮਹਾਰਾਜ ਕਹਿੰਦੇ ਨੇ ਕਿ ਇਹਦੀ ਸਿਖਿਆ ਨਾਲ ਨਹੀਂ ਤਰਦਾ, ਸਿਖਿਆ ਨਾਲ ਤਰਦਾ ਹੈ –

*ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥*
*ਤਿਸ ਕੀ ਸੀਖ ਤਰੈ ਸੰਸਾਰੁ ॥ ਅੰਗ – ੨੯੯*

ਜਿਹਦੇ ਅੰਦਰ ਨਿਰੰਕਾਰ ਵਸ ਗਿਆ, ਸਾਖਸ਼ਾਤਕਾਰ ਕਰ ਲਿਆ ਉਹਨੇ ਆਤਮਾ –

*ਆਤਮਾ ਪਰਾਤਮਾ ਏਕੋ ਕਰੈ ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ ॥ ਅੰਗ – ੬੬੧*

ਉਹਦੀ ਬਚਨ ਤੱਤ ਬਚਨ ਹੋਇਆ ਕਰਦੇ ਨੇ, ਬਾਕੀ ਜਿਹੜੇ ਨੇ ਐਹੋ ਜਿਹੇ ਕੱਪੜੇ ਪਾ ਲਏ, ਐਉਂ ਕਰੋ ਆਹ ਕਹੋ। ਕਹਿੰਦੇ ਨੇ ਸਿੱਖੀ ਦਾ ਪ੍ਰਚਾਰ ਅਸੀਂ ਕਰ ਰਹੇ ਹਾਂ। ਪਹਿਲਾਂ ਜੀਵਨ ਤਾਂ ਬਣਾ ਲਓ ਸਿੱਖੀ ਦੇ ਪ੍ਰਚਾਰ ਕਰਨ ਵਾਲਾ। ਮਹਾਰਾਜ ਕਹਿੰਦੇ ਜੀਵਨ ਬਣਾ ਪਿਆਰਿਆ! –

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮੁ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ।*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*
*ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।*
*ਦਰ ਦਰਵੇਸ ਰਸੀਦ ਪਿਰਮ ਰਸ ਭੋਵਣਾ।*
*ਚੰਦ ਮੁਮਾਰਖ ਈਦ ਪੁਗ ਖਲੋਵਣਾ॥*
***ਭਾਈ ਗੁਰਦਾਸ ਜੀ, ਵਾਰ 3/18***

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ*
*ਤਉ ਆਉ ਹਮਾਰੈ ਪਾਸਿ॥ ਅੰਗ - ੧੧੦੨*

ਤੇ ਜੀਉਂਦਾ ਵੀ ਆਪਣੇ ਆਪ ਨੂੰ ਰੱਖ ਰਿਹਾ ਹੈਂ ਤੇ ਪ੍ਰਚਾਰ ਵੀ ਸਿੱਖੀ ਦਾ ਕਰ ਰਿਹਾ ਹੈਂ। ਦੋ ਗੱਲਾਂ ਤਾਂ ਨਹੀਂ ਚੱਲਣੀਆਂ, ਹਨ੍ਹੇਰੇ 'ਚ ਪਾ ਲਏਗਾ। ਬਚੋ ਇਨ੍ਹਾਂ ਤੋਂ ਜੇ ਬਚ ਹੁੰਦਾ ਹੈ।

ਸੋ ਇਸ ਕਰਕੇ ਪਿਆਰ 'ਚ ਆਓ, ਸ਼ਰਧਾ 'ਚ ਆਓ, ਭਰੋਸੇ 'ਚ ਆਓ। ਜਿਹੋ ਜਿਹੀ ਵਾਹਿਗੁਰੂ ਮਤ ਦਿੰਦਾ ਹੈ ਸਮਝਣ ਦਾ ਯਤਨ ਕਰੋ। ਭੁੱਲ ਭਲਾਈਆਂ 'ਚ ਨਾ ਪਵੋ, ਪਖੰਡਾਂ 'ਚ ਕੁਛ ਨਹੀਂ ਹੈ, ਭੇਖਾਂ 'ਚ ਕੁਛ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਰੀ ਸ੍ਰਿਸ਼ਟੀ ਦੇ ਸਾਂਝੇ ਨੇ, ਸਾਰੀਆਂ ਜਾਤੀਆਂ ਦੇ ਸਾਂਝੇ ਨੇ, ਇਹਨੂੰ ਫੈਲਾਓ। ਫੈਲਦਾ ਇਹ ਜੀਵਨ ਨਾਲ ਹੈ, ਗੱਲਾਂ ਨਾਲ ਨਹੀਂ ਫੈਲਦਾ। ਆਪਣਾ ਜੀਵਨ ਐਨਾ ਖੁਸ਼ਬੂਦਾਰ ਹੋਵੇ ਕਿ ਦੂਸਰਿਆਂ ਨੂੰ ਸੁਗੰਧੀ ਆਵੇ, ਖਿੱਚ ਪਵੇ ਤਾਂ ਇਹ ਫੈਲਦਾ ਹੈ ਨਹੀਂ ਤਾਂ ਗੱਲਾਂ ਬਾਤਾਂ ਬੁੱਧੀ ਮੰਡਲ 'ਚ ਰਹਿ ਜਾਂਦੀਆਂ ਨੇ। ਜਿੱਥੇ ਸੈਂਕੜੇ ਕਿਤਾਬਾਂ ਹੋਰ ਪੜ੍ਹੀਆਂ ਨੇ, ਉਥੇ ਇਹ ਵੀ ਇਸੇ ਸਟੋਰ ਵਿਚ ਜਮ੍ਹਾਂ ਹੋ ਜਾਣਗੀਆਂ। ਅੱਗੇ ਆਤਮ ਮੰਡਲ ਵਿਚ ਪ੍ਰਵੇਸ਼ ਨਹੀਂ ਇਹ ਗੱਲਾਂ ਨਹੀਂ ਕਰਾ ਸਕਦੀਆਂ। ਸੋ ਉਹਦੇ ਵਾਸਤੇ ਸਾਨੂੰ ਪ੍ਰਤੀਤ ਭਰੋਸਾ, ਯਕੀਨ ਕੁਛ ਕਹਿ ਲਓ ਤੇ ਨਾਲ ਪਿਆਰ ਦੀ ਲੋੜ ਹੈ।

# ਗੁਰੂ ਅਰਜਨ ਦੇਵ ਜੀ

*ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥*
*ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥*
*ਅੰਗ - ੭੨੬*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਸਭ ਤੋਂ ਵੱਧ ਗਰਮੀ ਦੇ ਦਿਨ ਕਹਿੰਦੇ ਨੇ ਇਨ੍ਹਾਂ ਦਿਨਾਂ ਨੂੰ। ਉਨ੍ਹਾਂ ਹੀ ਦਿਨਾਂ ਦੇ ਅੰਦਰ ਐਸਾ ਇਕ ਸਾਕਾ ਵਰਤਿਆ ਸੰਸਾਰ ਦੇ ਅੰਦਰ। ਜਿਸ ਦੇ ਬਾਰੇ ਕੁਛ ਕਹਿਣਾ, ਸੁਣਨਾ ਬਹੁਤ ਹੀ ਮੁਸ਼ਕਲ ਹੈ। ਇਤਿਹਾਸਕਾਰ ਇਤਿਹਾਸ ਲਿਖਦੇ ਨੇ, ਉਨ੍ਹਾਂ ਦਾ ਆਪਣਾ ਨਜ਼ਰੀਆ ਹੈ। ਰੂਹਾਨੀ ਪੁਰਸ਼ ਰੂਹਾਨੀਅਤ ਦੇ ਨਜ਼ਰੀਏ ਨਾਲ ਦੇਖਦੇ ਨੇ, ਉਨ੍ਹਾਂ ਦਾ ਆਪਣਾ ਹੈ। ਸਮਰੱਥ ਪੁਰਸ਼ ਦਾ, ਸਾਰੀਆਂ ਸ਼ਕਤੀਆਂ ਦੇ ਮਾਲਕ ਦਾ, ਤੱਤੀਆਂ ਤਵੀਆਂ ਤੇ ਬੈਠ ਜਾਣਾ, ਉਬਲਦੇ ਪਾਣੀਆਂ 'ਚ ਬੈਠ ਜਾਣਾ, ਹੈਰਾਨ ਕਰਨ ਵਾਲੀ ਗੱਲ ਹੈ। ਉਹਦਾ ਕੁਛ ਪਤਾ ਨਹੀਂ ਲਗਦਾ, ਉਹ ਆਪ ਹੀ ਜਾਣਦੇ ਨੇ ਕਿ ਐਸਾ ਖੇਲ੍ਹ ਕਿਉਂ ਰਚਿਆ। ਜੋ ਇਤਿਹਾਸਕਾਰ ਨੇ ਉਹ ਘਟਨਾਵਾਂ ਨੂੰ ਦੇਖਦੇ ਨੇ ਕਿ ਆਹ ਗੱਲ ਹੋਈ, ਫੇਰ ਆਹ ਹੋਈ ਫੇਰ ਆਹ ਹੋਈ, ਤਾਂ ਇਹ ਗੱਲ ਐਉਂ ਹੋਈ। ਜਿਹੜੇ ਰੂਹਾਨੀ ਸੂਝ ਵਾਲੇ ਨੇ ਉਹ ਕਹਿੰਦੇ ਨੇ ਕਿ ਸਮਰੱਥ ਪੁਰਸ਼ਾਂ ਦੇ ਆਪਣੇ ਹੱਥ ਵਿਚ ਹੁੰਦਾ ਹੈ ਸਾਰਾ, **part** ਜੋ **play** ਕਰਨਾ ਹੈ ਉਨ੍ਹਾਂ ਦੇ ਹੱਥ ਵਿਚ ਹੁੰਦਾ ਹੈ। ਮਰਜ਼ੀ ਹੈ ਉਨ੍ਹਾਂ ਦੀ ਹੋਣ ਦੇਣ ਨਾ ਹੋਣ ਦੇਣ। ਕੱਟ ਦੇਣ ਸੀਨ ਕੋਈ ਦੋਸ਼ ਨਹੀਂ ਉਨ੍ਹਾਂ 'ਤੇ ਲਗਦਾ। ਤੱਤੀ ਤਵੀ ਹੈ ਉਹ ਸੇਕ ਮਾਰਦੀ ਹੈ, ਨਾ ਮਾਰਨ ਦੇਣ, ਇਹ ਵੀ ਉਨ੍ਹਾਂ ਦੇ ਹੱਥ ਵਿਚ ਹੈ। ਪਾਣੀ ਖੌਲਦਾ ਹੈ ਨਾ ਉਹਦੇ ਵਿਚ ਗਰਮੀ ਆਉਣ ਦੇਣ, ਉਹ ਵੀ ਉਨ੍ਹਾਂ ਦੇ ਹੱਥ ਵਿਚ ਹੈ। ਬਿਲਕੁਲ ਸਹੀ ਤਰੀਕੇ ਨਾਲ ਅੱਗ ਵੀ ਕੰਮ ਕਰੇ, ਪਾਣੀ ਆਪਣਾ ਕੰਮ ਕਰੇ ਉਹ ਵੀ ਉਨ੍ਹਾਂ ਦੇ ਹੱਥ ਵਿਚ ਹੈ। ਇਹਦੇ ਵਿਚ ਪ੍ਰਸ਼ਨ ਚਿੰਨ੍ਹ ਆ ਜਾਂਦਾ ਹੈ ਕਿ ਕਿਉਂ ਐਉਂ ਹੋਇਆ? ਸੋ ਉਹਦੀ ਵਿਚਾਰ ਕਰਨ ਵਾਸਤੇ ਆਪਾਂ ਇਕੱਠੇ ਹੋਏ ਹਾਂ। ਦੋਵੇਂ ਤਰ੍ਹਾਂ ਦੇ ਨਜ਼ਰੀਏ ਨੇ, ਇਕ ਦੁਨੀਆਂਦਾਰੀ ਦਾ ਹੈ, ਇਕ ਰੂਹਾਨੀ ਹੈ। ਦੁਨੀਆਂਦਾਰੀ ਦੇ ਨਜ਼ਰੀਏ ਦੇ ਨਾਲ ਆਦਮੀ ਜਿਸ ਘਟਨਾ ਵਿਚੋਂ, ਜਿਹੋ ਜਿਹੀ ਹਾਲਤ ਵਿਚੋਂ ਲੰਘਦਾ ਹੈ, ਉਹ ਗਿਣੀਆਂ ਜਾਂਦੀਆਂ ਨੇ ਕਿ ਪਹਿਲਾਂ ਆਹ ਗੱਲ ਹੋਈ, ਫੇਰ ਆਹ ਹੋਈ। ਐਸ ਤਰ੍ਹਾਂ ਵਤੀਰਾ ਗਲਤ ਹੁੰਦਾ ਗਿਆ, ਘਟਨਾਵਾਂ ਗਲਤ ਹੁੰਦੀਆਂ ਗਈਆਂ। ਉਹਦਾ ਨਤੀਜਾ ਅਖੀਰ ਵਿਚ ਐਸਾ ਨਿਕਲਿਆ।

ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ, ਗੁਰੂ ਨਾਨਕ ਦਾ ਪੰਜਵਾਂ ਸਰੂਪ, ਮਹਾਨ ਵਿਦਵਤਾ ਦਾ ਭਰਿਆ, ਅੱਧੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਗੁਰੂ ਪੰਜਵੇਂ ਪਾਤਸ਼ਾਹ ਦੀ ਸਿਧਾਂਤਕ ਫਿਲੋਸਫੀ, ਭਗਤੀ ਭਾਵ ਦੀ, ਕਰਮ ਦੀ ਤੇ ਪੂਰਨ ਬ੍ਰਹਮਗਿਆਨ ਦੀ। ਸੁਖਮਨੀ ਸਾਹਿਬ ਦੇ ਅੰਦਰ ਪੂਰੀਆਂ ਹੀ ਬਾਣੀਆਂ ਦਾ ਸਿਧਾਂਤ ਆ ਜਾਂਦਾ ਹੈ, - ਕਰਮ, ਉਪਾਸ਼ਨਾ, ਗਿਆਨ ਵਿਗਿਆਨ। ਆਪ ਪੂਰੇ ਸੰਗੀਤਕਾਰ, ਭੱਟਾਂ ਨੇ ਲਿਖਿਆ ਹੈ ਕਿ ਉਹ ਤਾਂ ਆਪ ਹੀ ਪ੍ਰਮੇਸ਼ਰ, ਗੁਰੂ ਅਰਜਨ ਪਰਤੱਖ ਹਰਿ, ਉਹ ਆਪ ਹੀ ਪਰਤੱਖ ਰੂਪ ਦੇ ਅੰਦਰ, ਵਾਹਿਗੁਰੂ ਸੀਗੇ। ਜੇ ਕੋਈ ਕਹੇ ਅਤਕਥਨੀ ਹੈ, ਉਪਮਾ ਦਾ ਸ਼ਬਦ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਕੋਈ ਵੀ ਐਸਾ ਸ਼ਬਦ ਨਹੀਂ ਆਉਂਦਾ, ਜਿਹਨੂੰ ਪ੍ਰਵਾਨ ਨਾ ਕੀਤਾ ਗਿਆ ਹੋਵੇ। ਇਕ-ਇਕ ਅੱਖਰ ਪ੍ਰਵਾਨ ਕੀਤਾ ਹੈ, ਜੇ ਦੋ ਅੱਖਰ ਬਦਲੇ ਗਏ ਸੀ, 'ਮਿਟੀ ਬੇਈਮਾਨ ਕੀ ਪੇੜੈ ਭਈ ਘੁਮਿਆਰ' ਮੁਸਲ ਦੀ ਥਾਂ ਤੇ ਬੇਈ ਲਾ ਦਿਤਾ ਗਿਆ। ਉਸੇ ਥਾਂ ਦੇ ਉਤੇ ਵੱਡੇ ਸਾਹਿਬਜ਼ਾਦੇ ਰਾਮਰਾਇ ਜੀ ਨੂੰ ਸਾਰੀ ਜ਼ਿੰਦਗੀ ਗੁਰਸਿੱਖੀ ਤੋਂ ਕੱਟ ਕੇ ਜੀਵਨ ਬਤੀਤ ਕਰਨਾ ਪਿਆ। ਇਥੇ ਜੇ ਇਹ ਗੱਲ ਗਲਤ ਹੋਵੇ, ਪਰਤੱਖ ਹਰਿ ਨਹੀਂ, ਭਾਵੇਂ ਗੁਰੂ ਅਰਜਨ ਦੇਵ ਜੀ ਦੇ ਸਾਮ੍ਹਣੇ ਹੀ ਕਹਿੰਦੇ ਸੀ, ਪਰ ਉਹ ਬਿਲਕੁਲ ਸਤਿ ਬੋਲਦੇ ਸੀ ਤੇ ਗੁਰੂ ਸਾਹਿਬ ਵੀ ਇਹ ਜਾਣਦੇ ਸੀ ਕਿ ਇਹ ਸੱਚ ਬੋਲਦੇ ਨੇ। ਇਨ੍ਹਾਂ ਨੂੰ ਸੱਚ ਦਾ ਪਤਾ ਲੱਗ ਗਿਆ। ਇਹ ਉਸ ਅਵਸਥਾ ਤੇ ਪਹੁੰਚ ਗਏ ਨੇ, ਜਿਥੇ ਜਾ ਕੇ ਇਨ੍ਹਾਂ ਦੇ ਨੇਤਰ ਖੁਲ੍ਹ ਗਏ ਤੇ ਗੁਰੂ ਨੂੰ ਦੇਖ ਲਿਆ ਕਿ ਇਹ ਤਾਂ ਪਰਤੱਖ ਆਪ ਹੀ ਵਾਹਿਗੁਰੂ ਹੈ। ਨਿਰਗੁਨ ਸਰੂਪ ਦੇ ਅੰਦਰ ਵੀ ਆਪ ਹੈ ਤੇ ਸਰਗੁਨ ਦੇ ਵਿਚ ਵੀ ਇਹ ਆਪ ਦਰਸ਼ਨ ਦੇ ਰਿਹਾ ਹੈ। ਸੋ ਜੀਵਨ ਪੰਧ ਦੇ ਅੰਦਰ, ਜੀਵਨ ਦੇ ਨਾਲ ਅਨੇਕ ਘਟਨਾਵਾਂ ਵਾਪਰਦੀਆਂ ਨੇ, ਇਕ ਜੀਵਨ ਹੈ ਜਿਹੜਾ ਸਤਿ ਦੀ ਸੇਧ ਵਿਚ ਚੱਲ ਕੇ, ਸਤਿ ਨੂੰ ਦ੍ਰਿੜ ਕਰਾਉਂਦਾ, ਸਤਿ ਦੇ ਮਾਰਗ ਦੇ ਉਤੇ ਚਲਦਾ ਸੰਸਾਰ ਨੂੰ ਚਲਾਉਂਦਾ ਹੈ। ਇਕ ਜੀਵਨ ਹੈ ਜਿਹੜਾ ਅਸਤਿ ਝੂਠ ਦੀ ਓਟ ਲੈ ਕੇ ਚਲਦਾ ਹੈ, ਆਪ ਵੀ ਚਲਦਾ ਹੈ ਤੇ ਦੂਜਿਆਂ ਨੂੰ ਵੀ ਚਲਾਉਂਦਾ ਹੈ। ਇਹ ਦੋਹਾਂ ਦਾ ਸੰਘਰਸ਼ ਜਦੋਂ ਤੋਂ ਸੰਸਾਰ ਬਣਿਆ ਹੈ, ਉਸ ਵੇਲੇ ਤੋਂ ਚਲਿਆ ਆਉਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਆਉਂਦਾ ਹੈ -

*ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥*
*ਅੰਗ - ੧੪੫*

ਕਿਉਂਕਿ ਦੋਹਾਂ ਦੇ ਇਕ ਦੂਸਰੇ ਦੇ ਉਲਟ ਪੱਖ ਨੇ। ਇਕੋ ਹੀ ਲਾਈਨ ਜੇ ਇਕ ਪੁਆਇੰਟ ਤੋਂ ਕੱਢ

ਦਿਤੀ ਜਾਵੇ ਇਕ ਪੂਰਬ ਤੇ ਇਕ ਪੱਛਮ ਵਲ ਨੂੰ ਕੱਢ ਦਿਤੀ ਜਾਵੇ ਤਾਂ ਲਾਈਨਾਂ ਖਿੱਚੀਆਂ, ਪੂਰਬ ਵਾਲੀ ਪੂਰਬ ਵਲ ਨੂੰ ਚਲ ਪੈਂਦੀ ਹੈ, ਪੱਛਮ ਵਾਲੀ ਪੱਛਮ ਨੂੰ ਚਲਦੀ ਹੈ ਇਨ੍ਹਾਂ ਦਾ ਜੋੜ ਨਹੀਂ ਹੁੰਦਾ। ਜੋੜ ਆ ਵੀ ਜਾਂਦਾ ਹੈ ਇਨ੍ਹਾਂ ਦਾ ਐਸਾ ਨਹੀਂ ਜੋੜ ਨਾ ਆਵੇ। ਲਾਇਨ ਲੰਮੀ ਚਲੀ ਜਾਵੇ, ਹਜ਼ਾਰਾਂ ਮੀਲ ਚਲੀ ਜਾਵੇ, ਕਿਉਂਕਿ ਧਰਤੀ ਗੋਲਾਈ ਵਿਚ ਹੈ, ਓਧਰਲੀ ਲਾਇਨ ਏਧਰ ਆ ਰਲਣੀ ਹੈ, ਤੇ ਇਧਰਲੀ ਉਧਰ ਜਾ ਰਲਣੀ ਹੈ ਤੇ ਉਹ ਲਾਈਨ ਦਾ ਪਤਾ ਹੀ ਨਹੀਂ ਲਗਣਾ ਕਿ ਪੂਰਬ ਵਾਲੀ ਕਿਹੜੀ ਹੈ ਤੇ ਪੱਛਮ ਵਾਲੀ ਕਿਹੜੀ ਹੈ। ਪੂਰਨ ਬ੍ਰਹਮਗਿਆਨ ਦੀ ਅਵਸਥਾ ਦੇ ਵਿਚ ਜਾ ਕੇ ਦੋਵੇਂ ਲਾਈਨਾਂ ਮਿਲ ਜਾਂਦੀਆਂ ਨੇ –

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ॥ ਅੰਗ – ੬੧੦*

ਸੋ ਇਸ ਤਰ੍ਹਾਂ ਦੇ ਨਾਲ ਦੋ ਪੱਖ ਨੇ ਦੁਨੀਆਂ ਦੇ। ਇਕ ਦੁਨੀਆਂਦਾਰੀ ਦੀ ਸੋਚ ਨਾਲ ਹੈ, ਇਕ ਰੂਹਾਨੀ ਸੋਚ ਨਾਲ ਹੈ। ਦੋਹਾਂ ਦਾ ਜੋੜ ਨਹੀਂ ਹੁੰਦਾ। ਦੋਹਾਂ ਦੇ ਜੀਵਨ ਵਿਚ ਹਮੇਸ਼ਾਂ ਹੀ ਸੰਘਰਸ਼ ਹੋਏਗਾ। ਇਕ ਹਉਮੈ ਦਾ ਭਰਿਆ ਹੋਇਆ ਜੀਵਨ ਹੈ, ਅੰਨ੍ਹਾ ਜੀਵਨ ਹੈ। ਇਕ ਪ੍ਰਕਾਸ਼ਮਈ ਜੀਵਨ ਹੈ। ਦੋਹਾਂ ਦੇ ਵੱਖਰੇ-ਵੱਖਰੇ ਪੱਖ ਨੇ। ਜਿਹੜਾ ਹਉਮੈ ਦਾ ਜੀਵਨ ਹੈ ਉਹਦੇ ਵਾਸਤੇ ਆਪਣਾ ਕੋਈ ਨਹੀਂ ਹੁੰਦਾ, ਉਹਦੀ ਹਉਮੈ ਐਨੀ ਆਪਣੇ ਨਿਜ ਦੇ ਹੱਟ ਜਾਂਦੀ ਹੈ ਕਿ ਉਹ ਆਪ ਬਚਣਾ ਚਾਹੀਦਾ ਹੈ ਚਾਹੇ ਉਹਦੇ ਸਰੀਰ ਦਾ ਅੰਗ ਵੀ ਕੱਟਿਆ ਜਾਵੇ। ਪਹਿਲਾਂ ਜ਼ਮੀਨ ਜਾਇਦਾਦ ਜਾਵੇ ਕਹਿੰਦਾ ਹੈ ਜਾਵੇ ਮੈਂ ਬਚ ਜਾਵਾਂ। ਭਾਈ ਭਰਾ ਪੁੱਤਰ ਧੀਆਂ ਜਾਂਦੇ ਨੇ, ਕਹਿੰਦਾ ਹੈ ਜਾਂਦੇ ਰਹਿਣ ਮੈਂ ਬਚ ਰਹਾਂ। ਡਾਕਟਰ ਕਹਿੰਦੇ ਤੇਰੇ ਅੰਗ ਖਰਾਬ ਹੋ ਗਏ, ਬਾਹਾਂ ਕੱਟਣੀਆਂ ਪੈਣੀਆਂ ਨੇ, ਕਹਿੰਦਾ ਕੱਟ ਦਿਓ ਮੈਂ ਬਚ ਰਹਾਂ. ਕਹਿੰਦਾ ਲੱਤਾਂ ਕੱਟਣੀਆਂ ਪੈਣੀਆਂ ਨੇ, ਕਹਿੰਦਾ ਕੱਟ ਦਿਓ ਮੈਂ ਬਚ ਰਹਾਂ। ਉਹਦੇ ਵਿਚ ਮੈਂ ਬਚਦੀ ਹੈ, ਮੈਂ ਦਾ ਜੀਵਨ ਆਪਣੇ ਆਪ ਵਾਸਤੇ ਹੈ, ਸੰਸਾਰ ਵਾਸਤੇ ਨਹੀਂ ਹੋਇਆ ਕਰਦਾ। ਦੂਸਰਾ ਜੀਵਨ ਹੈ ਜਿਹੜਾ ਕਹਿੰਦਾ ਹੈ ਕਿ ਸੰਸਾਰ ਦੇ ਵਾਸਤੇ ਮੇਰਾ ਜੀਵਨ ਲਗ ਜਾਵੇ, ਮੈਂ ਰਹਾਂ ਚਾਹੇ ਨਾ ਰਹਾਂ, ਪਰ ਸੰਸਾਰ ਦੇ ਵਿਚ ਖੁਸ਼ਹਾਲੀ ਹੋਵੇ। ਸੰਸਾਰ ਨੂੰ ਕੋਈ ਐਸਾ ਰਾਹ ਲੱਭ ਜਾਵੇ ਜਿਹਦੇ ਨਾਲ ਇਹ ਸੁਖੀ ਰਹਿਣ। ਸੋ ਇਹ ਸਾਰੀ ਕਹਾਣੀ ਜੋ ਵਰਤੀ ਹੈ ਇਹ ਏਸੇ ਆਧਾਰ ਦੇ ਉਤੇ ਹੈ।

ਇਕ ਪਾਸੇ ਸਾਰੇ ਬਦੀ ਦੀਆਂ ਤਾਕਤਾਂ ਨੇ ਇਕ ਪਾਸੇ ਸਤਿ ਦੀ ਸ਼ਕਤੀ ਹੈ। ਨੇਕੀ ਦੀ ਸ਼ਕਤੀ ਹੈ। ਨੇਕੀ ਤੇ ਬਦੀ ਦਾ ਘੋਲ ਜ਼ਬਰਦਸਤ ਹੋਇਆ ਹੈ ਤੇ ਉਸ ਘੋਲ ਦੇ ਵਿਚ ਬਦੀ ਹਾਰ ਗਈ, ਫਿਟਕਾਰੀ ਗਈ। ਬਦੀ ਨੂੰ ਬੁਰਾ ਕਿਹਾ ਗਿਆ, ਲੇਕਿਨ ਨੇਕੀ ਚਮਕ ਗਈ। ਜਿਉਂ-ਜਿਉਂ ਸਮਾਂ ਲੰਘਦਾ ਹੈ, ਉਹਦੀ ਚਮਕ ਵਧਦੀ ਜਾਂਦੀ ਹੈ। ਸੰਸਾਰ ਤੇ ਤਾਂ ਰਹਿਣਾ ਕਿਸੇ ਨੇ ਨਹੀਂ ਸੀ, ਨਾ ਉਨ੍ਹਾਂ ਨੇ ਨਾ ਉਨ੍ਹਾਂ ਨੇ। ਲੇਕਿਨ ਇਕ ਨਾਟਕ ਸੀ ਇਕ ਲੋਕ ਪ੍ਰਿਅ ਹੋ ਗਿਆ, ਇਕ ਲੋਕਾਂ ਦੀ ਨਫਰਤ ਦਾ ਕਾਰਨ ਬਣ ਗਿਆ। ਸੰਸਾਰ ਤੋਂ ਤਾਂ ਫੇਰ ਵੀ ਉਨ੍ਹਾਂ ਨੇ ਚਲੇ ਹੀ ਜਾਣਾ ਸੀ। ਸੋ ਆਪਾਂ ਥੋੜ੍ਹੀ ਜਿਹੀ ਵਿਚਾਰ ਕਰਨੀ ਹੈ ਕਿ ਕਿਸ ਤਰ੍ਹਾਂ ਦੇ ਨਾਲ ਬਦੀ ਦੀਆਂ ਸ਼ਕਤੀਆਂ ਨੇਕੀ ਨਾਲ ਟਕਰਾਈਆਂ। ਗੁਰਸਿੱਖੀ ਦਾ ਜੋ ਰਾਹ ਸੀ ਗੁਰੂ ਨਾਨਕ ਨੇ ਲਿਆਂਦਾ, ਇਹਨੂੰ ਧਰਮ ਦਾ ਮਾਲਕ ਕਹਿੰਦੇ ਨੇ, ਧਰਮ ਦਾ ਪੰਥ ਕਹਿੰਦੇ ਨੇ। ਇਹਦਾ ਸੰਘਰਸ਼ ਹੋਇਆ –

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ ॥*
*ਹਉ ਭਾਲਿ ਵਿਕੁੰਨੀ ਹੋਈ ॥*
*ਆਧੇਰੈ ਰਾਹੁ ਨ ਕੋਈ ॥*
*ਵਿਚਿ ਹਉਮੈ ਕਰਿ ਦੁਖੁ ਰੋਈ ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥*
*ਅੰਗ – ੧੪੫*

ਗੁਰੂ ਨਾਨਕ ਨੇ ਗੁੰਮ ਹੋਇਆ ਹੋਇਆ ਪ੍ਰਕਾਸ਼ ਸੰਸਾਰ 'ਚ ਲਿਆਉਣ ਦਾ ਬਾਨਣੂੰ ਬੰਨ੍ਹਿਆ। ਦੂਜੇ ਪਾਸੇ ਹਨ੍ਹੇਰੇ ਵਾਲਿਆਂ ਨੇ ਹਨ੍ਹੇਰੇ ਨੂੰ ਹੋਰ ਫੈਲਾਉਣ ਦਾ ਬਾਨਣੂੰ ਬੰਨ੍ਹਿਆ ਕਿਉਂਕਿ ਉਨ੍ਹਾਂ ਦਾ ਫਾਇਦਾ ਹਨ੍ਹੇਰੇ ਵਿਚ ਸੀ। ਗੁਰੂ ਨਹੀਂ ਸੀ ਚਾਹੁੰਦੇ ਕਿ ਹਨ੍ਹੇਰਾ ਵਧੇ, ਕਿਉਂਕਿ –

*ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥*
*ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥*
*ਅੰਗ – ੩੨੫*

ਹਨ੍ਹੇਰਾ ਹੋ ਜਾਵੇ ਦੋਵੇਂ ਰੋਂਦੇ ਨੇ। ਰਾਜਾ ਵੀ ਰੋਏਗਾ, ਗਰੀਬ ਵੀ ਰੋਏਗਾ ਕਿਉਂਕਿ ਜਦੋਂ ਪ੍ਰਕਾਸ਼ ਹੀ ਨਹੀਂ ਹੈ। ਗੁਰੂ ਨਾਨਕ ਚਾਹੁੰਦੇ ਸੀ ਕਿ ਪ੍ਰਕਾਸ਼ ਹੋਵੇ ਸੰਸਾਰ ਦੇ ਉਤੇ, ਸ਼ਾਂਤੀ ਆਵੇ, ਇਨਸਾਫ ਹੋਵੇ, ਮਨੁੱਖੀ ਅਧਿਕਾਰ ਪੂਰੀ ਤਰ੍ਹਾਂ ਨਾਲ ਮਿਲਣ, ਕੋਈ ਧਰਮ ਕਿਸੇ ਨੂੰ ਪਸੰਦ ਹੈ, ਉਹਦੇ ਵਿਚ ਉਹ ਜੀਵੇਂ। ਕਿਸੇ ਨੂੰ ਪੂਜਾ ਪਸੰਦ ਹੈ, ਕਰੇ ਆਪਣੀ ਪੂਜਾ, ਕਿਸੇ ਨੂੰ ਕੋਈ ਬੁੱਤ ਪਸੰਦ ਹੈ, ਉਹਨੂੰ ਪ੍ਰਮੇਸ਼ਰ ਦਾ ਰੂਪ ਸਮਝ ਕੇ ਉਹਦੇ ਅੱਗੇ ਬੇਨਤੀਆਂ ਕਰਦਾ ਹੈ। ਰੋਂਦਾ ਹੈ, ਰੋ-ਰੋ ਕੇ ਕਹਿੰਦਾ ਹੈ ਹੇ ਪ੍ਰਭੂ ਪ੍ਰਸ਼ਾਦਾ ਛਕ ਲਓ, ਸਾਮ੍ਹਣੇ ਕੀ ਹੈ ਇਕ ਪੱਥਰ ਪਿਆ ਹੈ, ਹੋਇਆ ਕੀ ਇਕ ਪੱਥਰ ਦੇ ਵਿਚੋਂ –

*ਮਿਲੇ ਪਰਤਖਿ ਗੁਸਾਈਆ ਧੰਨਾ ਵਡਭਾਗਾ॥*

ਪਰਤੱਖ ਹੋ ਗਿਆ। ਰੋਟੀ ਵੀ ਖਾਂਦਾ ਹੈ ਤੇ ਲੱਸੀ ਵੀ ਪੀਂਦਾ ਹੈ। ਫੇਰ ਉਹਦੀ ਭਗਤੀ ਦੇ ਵਿਚ ਕਿਉਂ ਰੁਕਾਵਟ ਪਾਈ ਜਾਵੇ। ਉਹਦਾ ਆਪਣਾ ਨਿਜ ਦਾ ਸਬੰਧ ਹੈ ਰੱਬ ਦੇ ਨਾਲ। ਰੱਬ ਦਾ **collective** ਸਬੰਧ ਨਹੀਂ ਹੋਇਆ ਕਰਦਾ। ਜੇ ਕੋਈ ਬੰਦੇ ਇਕੱਠੇ ਹੋ ਕੇ ਕਹਿਣ ਕਿ ਰੱਬ ਨੂੰ ਐਉਂ ਮੰਨ ਬਿਲਕੁਲ ਗਲਤ ਹੈ। ਪਿਆਰ ਜਿਹੜਾ ਹੈ ਕਿਸੇ ਦੀ ਗਾਈਡੈਂਸ ਨਹੀਂ ਮੰਗਦਾ। ਪਿਆਰ ਆਪਣੇ ਆਪ ਹਿਰਦੇ ਵਿਚੋਂ ਨਿਕਲਦਾ ਹੈ, ਉਹਦੇ ਆਪਣੇ ਰਸਤੇ ਨੇ, ਆਪਣਿਆ ਰਾਹਾਂ ਤੇ ਉਹ ਚਲਦਾ ਹੈ। ਪਿਆਰ ਨੂੰ ਜੇ ਕਹੋ ਕਿ ਆਹ-ਆਹ ਰਸਤੇ ਤੋਂ ਚੱਲ, ਬਿਲਕੁਲ ਨਹੀਂ ਚਲਦਾ। ਪਿਆਰ ਤਾਂ ਇਕ ਜਜ਼ਬਾ ਹੈ ਓਵਰ ਪਾਵਰ ਕਰਦਾ ਹੈ ਉਹ। ਸੋ ਪੱਥਰ ਦੇ ਸਾਮ੍ਹਣੇ ਹੀ ਉਹਨੇ ਕਰ ਲਿਆ। ਨਾਮਦੇਵ ਜੀ ਬੈਠ ਗਏ ਦੁੱਧ ਪਿਲਾਉਣ ਤੋਂ ਬਿਨਾਂ ਉਠੇ ਹੀ ਨਾ। ਕਿਸੇ ਨੇ ਕਿਸੇ ਤਰੀਕੇ ਨਾਲ ਭਗਤੀ ਕਰੀ, ਕਿਸੇ ਨੇ ਕਿਸੇ ਨਾਲ ਕਰੀ। ਲੇਕਿਨ ਦੂਜੇ ਪਾਸੇ ਇਹ ਜ਼ਬਰ ਚੀਜ਼ ਹੈ ਕਿ ਨਹੀਂ ਕਰਨ ਦੇਣੀ ਅਸੀਂ ਐਸ ਤਰ੍ਹਾਂ ਭਗਤੀ। ਜੋ ਤਰੀਕਾ ਅਸੀਂ ਦੱਸਦੇ ਹਾਂ ਓਸ ਤਰੀਕੇ ਨਾਲ ਚੱਲੋ। ਮਸਜਿਦ ਵਿਚ ਆਓ, ਪੰਜ ਵਾਰੀ ਨਮਾਜ਼ ਪੜ੍ਹੋ। ਜੋ ਤਰੀਕੇ ਸਾਡੇ ਨੇ ਉਹ ਵਰਤੋ, ਆਹ ਤਰੀਕੇ ਅਸੀਂ ਚੱਲਣ ਨਹੀਂ ਦੇਣੇ। ਕੁਫਰ ਨਹੀਂ ਅਸੀਂ ਸੰਸਾਰ ਵਿਚ ਚੱਲਣ ਦੇਣਾ। ਕਾਫਰ ਨਹੀਂ ਵਧਣ ਦੇਣੇ ਇਹ ਮਾਰ ਦੇਣੇ ਨੇ ਖਤਮ ਕਰ ਦੇਣੇ ਨੇ। ਜਦੋਂ ਧਰਮ ਇਹ ਰੂਪ ਅਖਤਿਆਰ ਕਰ ਜਾਵੇ ਫੇਰ ਉਹ ਧਰਮ ਨਹੀਂ ਅਧਰਮ ਹੋਇਆ ਕਰਦਾ ਹੈ। ਬਦੀ ਦਾ ਸੂਚਕ ਹੋ ਜਾਇਆ ਕਰਦਾ ਹੈ। ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ। ਭਗਤੀ ਕਰਨ ਦਾ ਜੋ ਨਿੱਜੀ ਭਾਵ ਹੈ ਉਹ ਬਹੁਤ ਹੀ ਪਤਲਾ ਜਜ਼ਬਾ ਹੈ, ਉਹਦੇ ਵਿਚ ਦਖਲ ਅੰਦਾਜ਼ੀ ਹੈ, ਪਿਆਰ ਦੇ ਵਿਚ ਕਿਸੇ ਦਾ ਦਖਲ ਸਹਿਨ ਕਰਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ, ਪਿਆਰ ਦੀ ਆਪਣੀ ਮੌਜ ਹੈ, ਆਪਣਾ ਰਾਹ ਹੈ, ਆਪਣਾ ਤਰੀਕਾ ਹੈ। ਉਹਦੇ ਨਾਲ ਉਹਨੇ ਉਹਨੂੰ ਮਿਲਾਉਣਾ ਹੈ। ਉਹਨੂੰ ਜੇ ਰਾਹ ਕੱਢੋ, ਲਕੀਰਾਂ ਕੱਢੋ ਨਹੀਂ ਪਿਆਰ ਚੱਲਿਆ ਕਰਦਾ ਕਿਉਂਕਿ ਇਹ ਆਦਿ ਜੁਗਾਦਿ ਤੋਂ ਚਲੀ ਹੋਈ ਚੀਜ਼ ਹੈ।

ਸੋ ਐਸਾ ਰੌਲਾ ਰੱਪਾ ਸੀ ਇਕ ਪਾਸੇ ਉਹ ਚੀਜ਼ ਸੀ, ਹਨ੍ਹੇਰਾ ਸੀ, ਇਕ ਪਾਸੇ ਗੁਰੂ ਨਾਨਕ ਪਾਤਸ਼ਾਹ ਪ੍ਰਕਾਸ਼ ਲਿਆਉਣਾ ਚਾਹੁੰਦੇ ਸੀ। ਮਨੁੱਖੀ ਅਧਿਕਾਰ ਲਿਆਉਣਾ ਚਾਹੁੰਦੇ ਸੀ। ਦੁਨੀਆਂ ਨੂੰ ਚਾਹੁੰਦੇ ਸੀ ਕਿ ਆਪਣੇ ਤਰੀਕੇ ਨਾਲ ਅਮਨ ਤੇ ਅਮਾਨ ਨਾਲ ਵੱਸਣ, ਰਾਜਾ ਜਿਹੜਾ ਹੈ ਉਹ ਸਾਰੀ ਪਰਜਾ ਦੇ ਵਾਸਤੇ ਇਕੋ ਜਿਹੇ ਕਾਨੂੰਨ ਬਣਾਵੇ। ਉਹ ਇਹ ਨਾ ਕਹੇ ਕਿ ਹਿੰਦੂ ਜਿਹੜਾ ਹੈ ਇਹ ਜੀਉਣ ਦਾ ਟੈਕਸ ਦੇਵੇਗਾ। ਹਿੰਦੂ ਜੇ ਕਿਸੇ ਤੀਰਥ ਤੇ ਜਾ ਰਿਹਾ ਹੈ ਤਾਂ ਤੀਰਥ ਦਾ ਟੈਕਸ ਦੇਵੇਗਾ, ਪੈਸੇ ਦੇਵੇਗਾ ਤਾਂ ਜਾ ਕੇ ਨਾਹ ਸਕਦਾ ਹੈ, ਪੈਸੇ ਦੇਵੇਗਾ ਤਾਂ ਕਿਸੇ ਮੂਰਤੀ ਨੂੰ ਜਾ ਕੇ ਮੱਥਾ ਟੇਕ ਸਕਦਾ ਹੈ। ਪਾਬੰਦੀਆਂ ਲਾ ਦਿਤੀਆਂ ਗਈਆਂ, ਗੁਰੂ ਨਹੀਂ ਸੀ ਚਾਹੁੰਦਾ ਕਿ ਇਹ ਪਾਬੰਦੀਆਂ ਲੱਗਣ। ਸੱਚ ਦੇ ਰਸਤੇ ਤੇ ਦੁਨੀਆਂ ਜੀਵੇ, ਭਰਾਤਰੀ ਭਾਵ ਹੋਵੇ ਜਦੋਂ ਇਕ ਰੱਬ ਨੂੰ ਮੰਨਦੇ ਹਾਂ, ਫੇਰ ਇਹ ਕਹੋ-

***ਸਭੇ ਸਾਝੀਵਾਲ ਸਦਾਇਨਿ***
***ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥***

***ਅੰਗ - ੯੭***

ਅਸੀਂ ਤਾਂ ਸਾਰੇ ਇਕ ਦੇ ਉਪਾਸ਼ਕ ਹਾਂ, ਇਕ ਨੂੰ ਮੰਨਦੇ ਹਾਂ ਕੋਈ ਅਰਬੀ ਬੋਲਦਾ ਹੈ, ਕੋਈ ਫਾਰਸੀ ਬੋਲਦਾ ਹੈ, ਕੋਈ ਸੰਸਕ੍ਰਿਤ 'ਚ ਕਰਦਾ ਹੈ, ਕੋਈ ਹਿੰਦੀ ਬੋਲਦਾ ਹੈ, ਆਪਣੀ ਬੋਲੀ 'ਚ ਗੱਲ ਕੀਤੀ ਜਾਂਦੀ ਹੈ। ਕਿਉਂ ਬੋਲੀ ਮਜ਼ਬੂਰ ਕਰਦੇ ਹੋਂ ਕਿ ਸਾਰੇ ਅਰਬੀ ਦੇ ਵਿਚ ਜਾ ਕੇ ਇਬਾਦਤ ਕਰੋ। ਅਰਬੀ ਨਾਲ ਦਿਲ ਨਹੀਂ ਮਿਲਦਾ ਆਪਣੀ ਬੋਲੀ ਨਾਲ ਮਿਲਦਾ ਹੁੰਦਾ ਹੈ। ਸੋ ਮਹਾਰਾਜ ਦਾ ਇਹ ਜੋ ਤੋਰ ਤਰੀਕਾ ਸੀ ਇਹ ਚੁੱਭਦਾ ਸੀ। ਹਨ੍ਹੇਰਾ ਨਹੀਂ ਸੀ ਚਾਹੁੰਦਾ ਕਿ ਪ੍ਰਕਾਸ਼ ਦੀ ਕਿਰਨ ਆ ਜਾਵੇ। ਸੋ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਪ੍ਰਕਾਸ਼ ਦੇ ਪ੍ਰਤੀਕ ਸੀ। ਉਨ੍ਹਾਂ ਦੇ ਰਸਤੇ ਵਿਚ ਥਾਂ-ਥਾਂ ਤੇ ਹਨ੍ਹੇਰੇ ਨੇ ਰੋੜ੍ਹੇ ਅਟਕਾਏ। ਹਉਮੈ ਨੇ, ਮਾਇਆ ਨੇ ਰੋੜੇ ਅਟਕਾਏ, ਚਾਹੇ ਭਰਾ ਸੀ ਉਹ ਵੀ ਮਾਇਆਧਾਰੀ, ਚਾਹੇ ਸਮਾਜ ਸੀ ਉਹ ਵੀ ਮਾਇਆਧਾਰੀ, ਏਧਰ ਪ੍ਰਕਾਸ਼ ਸੀ ਓਧਰ ਹਨ੍ਹੇਰਾ ਸੀ।

ਗੁਰੂ ਮਹਾਰਾਜ ਜੀ ਅੰਮ੍ਰਿਤਸਰ ਨੇ, ਅਕਬਰ ਦਾ ਇਕ ਵਜ਼ੀਰ ਸੀ, ਉਹਦਾ ਨਾਉਂ ਸੀ ਬੀਰਬਲ। ਉਹਨੂੰ ਹੁਕਮ ਹੋਇਆ ਕਿ ਯੂਸਨ ਦਈਆਂ ਦੀ ਬਗਾਵਤ ਦਬਾਉਣ ਵਾਸਤੇ ਫੌਜ ਲੈ ਕੇ ਜਾਵੇ ਕਿਉਂਕਿ ਪਹਿਲੇ ਕਮਾਂਡਰ ਮਾਰੇ ਜਾ ਚੁੱਕੇ ਸੀ, ਨਾਲ ਜਰਨੈਲ ਸੀ, ਸਾਰੀ ਫੌਜ ਦਾ ਜ਼ਿੰਮੇਵਾਰ ਬਣਾ ਕੇ ਉਸਨੂੰ ਭੇਜਿਆ। ਉਹਨੇ ਇਕ ਅਕਬਰ ਤੋਂ ਪਰਵਾਨਾ ਲਿਖਾ ਕਹਿਣ ਲੱਗਿਆ ਮਹਾਰਾਜ! ਮੈਂ ਬ੍ਰਾਹਮਣ ਜਾਤ ਹਾਂ। ਤੁਹਾਡੀ ਸੇਵਾ ਦੇ ਵਿਚ ਰਹਿ ਕੇ ਮੈਂ ਦੱਛਣਾ ਨਹੀਂ ਲੈ ਸਕਿਆ, ਜਜ਼ਮਾਨਾਂ ਤੋਂ। ਤੁਸੀਂ ਇਕ ਪਰਵਾਨਾ ਲਿਖ ਦਿਓ ਕਿ ਬੀਰਬਲ ਪੰਜਾਬ ਦਾ ਬ੍ਰਾਹਮਣ ਹੈ। ਸਾਰੇ ਪੰਜਾਬ ਦਾ। ਇਹ ਦੱਛਣਾ ਲੈ ਸਕਦਾ ਹੈ ਸਾਰਿਆਂ ਤੋਂ, ਕਿਉਂਕਿ ਮੰਗਤ ਬਿਰਤੀ ਸੀ। ਦਿੱਲੀ ਤੋਂ ਚਲ ਪਿਆ, ਬੜੇ-ਬੜੇ ਚੌਧਰੀ ਆਏ, ਬੜੇ-ਬੜੇ ਬਿਜ਼ਨਸਮੈਨ ਆਏ, ਸਾਰਿਆਂ ਤੋਂ ਦੱਛਣਾ ਲੈਂਦਾ-ਲੈਂਦਾ ਜਦੋਂ ਅੰਮ੍ਰਿਤਸਰ ਪਹੁੰਚਦਾ ਹੈ, ਉਥੇ ਵੀ ਸੁਨੇਹਾ ਭੇਜ ਦਿਤਾ ਗੁਰੂ ਮਹਾਰਾਜ ਨੂੰ ਕਿ ਮੈਂ ਬ੍ਰਾਹਮਣ ਹਾਂ, ਲਿਖ ਕੇ ਦਿਤਾ ਕਿ ਮੈਂ ਸਾਰੇ ਪੰਜਾਬ ਦਾ ਬ੍ਰਾਹਮਣ ਤੇ ਤੁਸੀਂ ਮੈਨੂੰ ਕਦੇ ਦੱਛਣਾ ਨਹੀਂ ਦਿਤੀ, ਐਨੇ ਲੱਖ

ਰੁਪਈਆ ਮੈਨੂੰ ਦੱਛਣਾ ਦੇਵੋ।

ਗੁਰੂ ਮਹਾਰਾਜ ਕੋਲ ਅਹਦੀਏ ਜਾਂਦੇ ਨੇ, ਮਹਾਰਾਜ ਨੇ ਕਿਹਾ ਕਿ ਸਾਡਾ ਤਾਂ ਕੋਈ ਪੰਡਤ ਹੀ ਨਹੀਂ ਹੈ, ਸਾਡਾ ਤਾਂ ਜਿਹੜਾ ਪੰਡਤ ਹੈ ਉਹ ਵਾਹਿਗੁਰੂ ਹੀ ਹੈ, ਅਸੀਂ ਤਾਂ ਉਹਨੂੰ ਹੀ ਦੱਛਣਾ ਭੇਟ ਕਰਨੀ ਹੈ। ਸਾਡੀ ਦੱਛਣਾ ਜਿਹੜੀ ਹੈ ਉਹ ਲੰਗਰਾਂ ਦੇ ਰੂਪ ਵਿਚ ਹੈ। ਧਰਮਸਾਲਾ ਦੇ ਰੂਪ ਵਿਚ ਲੱਗ ਰਹੀ ਹੈ। ਅਸੀਂ ਕੋਈ ਵਪਾਰੀ ਬੰਦੇ ਨਹੀਂ ਹਾਂ, ਜ਼ਿਮੀਦਾਰ ਨਹੀਂ ਹਾਂ ਸਾਡੇ ਤਾਂ ਪਹਿਲਾਂ ਲਗ ਰਹੀ ਹੈ ਜੋ ਵੀ ਹੈ। ਸੋ ਅਸੀਂ ਬ੍ਰਹਮ ਦੇ ਬੰਦਿਆਂ ਦੇ ਵਾਸਤੇ ਹੀ ਸਾਰਾ ਖਰਚ ਕਰ ਰਹੇ ਹਾਂ। ਕਹਿਣ ਲੱਗਿਆ, ਨਹੀਂ ਮੈਂ ਦੱਛਣਾ ਲੈਣੀ ਹੈ। ਓਧਰੋਂ ਕਾਹਲੀ ਸੀ ਜਾਣ ਵਾਸਤੇ, ਸੁਨੇਹਾ ਭੇਜ ਦਿਤਾ ਮਹਾਰਾਜ ਜੀ ਨੂੰ ਕਿ ਤਿਆਰ ਰਹਿਓ, ਮੈਂ ਹੁਣੇ ਜੰਗ ਜਿੱਤ ਕੇ ਆਇਆ ਤੇ ਮੈਂ ਸਮੇਤ ਵਿਆਜ ਦੱਛਣਾ ਤੁਹਾਡੇ ਤੋਂ ਵਸੂਲ ਕਰਕੇ ਦਿਖਾਵਾਂਗਾ ਕਿ ਕਿਵੇਂ ਕਰੀਦੀ ਹੈ। ਮਹਾਰਾਜ ਕਹਿੰਦੇ ਪਿਆਰਿਆ! ਅਭਿਮਾਨ ਨਹੀਂ ਕਰੀਦਾ, ਕਿਉਂਕਿ ਅਭਿਮਾਨ ਕਰਨ ਵਾਲੇ ਦੀ ਹਮੇਸ਼ਾ ਹੀ ਸ਼ਿਕਸ਼ਤ ਹੋਇਆ ਕਰਦੀ ਹੈ। ਜਿਸਦੇ ਅੰਦਰ ਅਹੰਕਾਰ ਹੈ ਮਹਾਰਾਜ ਕਹਿੰਦੇ –

*ਹਰਿ ਜੀਉ ਅਹੰਕਾਰੁ ਨ ਭਾਵਈ*
*ਵੇਦ ਕੂਕਿ ਸੁਣਾਵਹਿ ॥*
*ਅਹੰਕਾਰਿ ਮੁਏ ਸੇ ਵਿਗਤੀ ਗਏ*
*ਮਰਿ ਜਨਮਹਿ ਫਿਰਿ ਆਵਹਿ॥ ਅੰਗ – ੧੦੮੯*

ਮਹਾਰਾਜ ਨੂੰ ਦਿਖਾਇਆ ਜਾ ਕੇ ਕਿ ਸੱਚੇ ਪਾਤਸ਼ਾਹ! ਬੜਾ ਬੁਰਾ ਮੰਨਿਆ ਉਸ ਨੇ ਆਪ ਦੇ ਬਚਨਾਂ ਨੂੰ। ਕਹਿਣ ਲੱਗਿਆ ਕਿ ਮੈਨੂੰ ਕਾਹਲੀ ਹੈ, ਨਹੀਂ ਤਾਂ ਮੈਂ ਹੁਣੇ ਵਸੂਲ ਕਰਦਾ, ਮੈਂ ਹੁਣ ਆ ਕੇ ਦੱਸਾਂਗਾ ਕਿ ਮੈਂ ਕੌਣ ਹਾਂ। ਮਹਾਰਾਜ ਕਹਿੰਦੇ ਉਹਦਾ ਤਾਂ ਕਾਗਜ਼ ਉਥੇ ਪਾਟ ਜਾਣਾ ਹੈ ਦੱਸੇਗਾ ਕੀਹਨੂੰ ਆ ਕੇ। ਉਹ ਤਾਂ ਧੁਰ ਦਰਗਾਹ ਤੋਂ ਚਿੱਠੀ ਪਾੜ ਦਿਤੀ ਇਹਦੀ। ਇਹ ਜਾ ਹੀ ਉਥੇ ਮਰਨ ਵਾਸਤੇ ਰਿਹਾ ਹੈ। ਐਡਾ ਅਹੰਕਾਰ ਮਨ ਵਿਚ, ਕਿਉਂਕਿ ਕਾਲ ਨੂੰ ਭੁਲਿਆ ਹੋਇਆ ਹੈ। ਜੋ ਬੰਦਾ ਕਾਲ ਨੂੰ ਭੁੱਲ ਜਾਂਦਾ ਹੈ ਉਹਦੇ ਅੰਦਰ ਅਭਿਮਾਨ ਹੁੰਦਾ ਹੈ। ਜਿਹਦੇ ਕਾਲ ਯਾਦ ਰਹਿੰਦਾ ਹੈ ਉਹ ਨਹੀਂ ਮਾਣ ਕਰਿਆ ਕਰਦਾ। ਯੂਸਵ ਦੇਈ ਦੇ ਪਠਾਨਾਂ ਦੇ ਨਾਲ ਲੜਦਾ ਹੋਇਆ, ਸਮੇਤ ਜਰਨੈਲ ਦੇ ਆਪਣੇ ਦੇ ਉਥੇ ਮਾਰਿਆ ਜਾਂਦਾ ਹੈ।

ਸੋ ਏਸ ਤਰ੍ਹਾਂ ਦੇ ਨਾਲ ਇਹ ਜੀਵਨ ਦੇ ਨਾਲ ਸੰਘਰਸ਼ ਹੁੰਦਾ ਹੈ ਨੇਕੀ ਦਾ ਤੇ ਬਦੀ ਦਾ। ਬਦੀ ਚਾਹੁੰਦੀ ਹੈ ਕਿ ਮੇਰੇ ਤਰੀਕੇ ਨਾਲ ਚੱਲੇ, ਜੋ ਕੁਛ ਮੈਂ ਕਹਾਂ ਉਵੇਂ ਜਿਵੇਂ ਕਰੇ। ਜਿਥੇ ਪ੍ਰਕਾਸ਼ ਹੁੰਦਾ ਹੈ ਉਹ ਕਹਿੰਦੇ ਇਹ ਤਾਂ ਖੂਹ ਵਿਚ ਗਿਰਦੇ ਨੇ, ਅਸੀਂ ਖੂਹ ਵਿਚ ਕਿਉਂ ਗਿਰੀਏ। ਇਥੋਂ ਰੌਲਾ ਪੈ ਜਾਂਦਾ ਹੈ।

ਰਿਸ਼ਤੇ ਦੀ ਬਾਤ ਦੂਸਰੀ ਇਸ ਕੜੀ ਦੀ ਘਟਨਾ ਹੈ। ਚੰਦੂ ਲਾਗੀ ਭੇਜਦਾ ਹੈ, ਉਨ੍ਹਾਂ ਦਿਨਾਂ 'ਚ ਲਾਗੀ ਭੇਜੇ ਜਾਂਦੇ ਸੀ ਕਿ ਮੈਨੂੰ ਤੁਸੀਂ ਜਾਣਦੇ ਹੋਂ, ਕਿ ਮੇਰੇ ਵਰਗਾ ਹੀ, ਸਾਡੇ ਖਾਨਦਾਨ ਵਰਗਾ ਹੀ ਹੋਵੇ, ਉਥੇ ਜਾ ਕੇ ਰਿਸ਼ਤਾ ਕਰ ਆਇਓ। ਇਕ ਰੁਪਈਆ ਦੇ ਦਿੰਦੇ ਸੀ, ਉਸ ਰੁਪਈਏ ਦਾ ਮਤਲਬ ਸੀ ਰਿਸ਼ਤਾ ਹੋ ਗਿਆ, ਹੁਣ ਨਹੀਂ ਇਹ ਟੁੱਟ ਸਕਦਾ। ਜਾਂ ਸੇਧ ਕਰ ਆਵੇ, ਬਚਨ ਤੋਂ ਨਹੀਂ ਫਿਰਿਆ ਕਰਦੇ, ਬਚਨ ਕਮਾਇਆ ਕਰਦੇ ਸੀ। ਜੇ ਕਿਸੇ ਲੜਕੀ ਦਾ ਰਿਸ਼ਤਾ ਨਾ ਹੋਵੇ, ਕੀਤਾ ਹੋਇਆ ਟੁੱਟ ਜਾਵੇ ਉਹ ਲੜਕੀ ਸਾਰੀ ਜ਼ਿੰਦਗੀ ਵਿਆਹ ਨਹੀਂ ਸੀ ਕਰਾਇਆ ਕਰਦੀ ਕਿ ਮੇਰਾ ਤਾਂ ਰਿਸਤਾ ਹੋ ਗਿਆ ਸੀ ਟੁੱਟ ਗਿਆ।

ਸੋ ਏਸ ਤਰ੍ਹਾਂ ਦੇ ਨਾਲ ਲਾਗੀ ਵਗੈਰਾ ਆਉਂਦੇ ਨੇ, ਉਨ੍ਹਾਂ ਨੇ ਜਾ ਕੇ ਚੰਦੂ ਨੂੰ ਦੱਸਿਆ ਕਿ ਸ਼ਾਹ ਜੀ! ਬਹੁਤ ਵੱਡਾ ਘਰ ਅਸੀਂ ਦੇਖਿਆ ਹੈ, ਐਨਾ ਹੋਣਹਾਰ ਸ਼ਹਿਜ਼ਾਦਾ ਹੈ ਗੁਰੂ ਹਰਿਗੋਬਿੰਦ ਪਾਤਸ਼ਾਹ, ਗੁਰੂ ਅਰਜਨ ਦੇਵ ਜੀ ਦਾ ਪੁੱਤਰ, ਬਹੁਤ ਸੋਹਣੀ ਕੁਲ ਦੇ ਖੱਤਰੀ ਨੇ ਉਹ। ਸੋਢੀ ਨੇ ਤੇ ਬੜਾ ਚੰਗਾ ਤੁਹਾਡਾ ਮੇਲ ਹੋਏਗਾ। ਸੁਣਦੇ ਸਾਰ ਸਿਰ ਹਿਲਾਉਣ ਲਗ ਗਿਆ। ਕਹਿੰਦਾ ਤੁਸੀਂ ਬੜਾ ਮਾੜਾ ਕੰਮ ਕਰਿਆ, ਉਹ ਫਕੀਰ ਨੇ ਮੈਂ ਬਾਦਸ਼ਾਹ ਦਾ ਵੱਡਾ ਅਹਿਲਕਾਰ ਹਾਂ ਤੇ ਫੇਰ ਮੇਰੀ ਕੁਲ ਵੀ ਬੜੀ ਵੱਡੀ ਹੈ, ਤੁਸੀਂ ਤਾਂ ਬੜੀ ਛੋਟੀ ਥਾਂ ਤੇ ਰਿਸ਼ਤਾ ਦੇ ਆਏ। ਇਹ ਨਹੀਂ ਸੀ ਚਾਹੀਦਾ। ਪਰ ਮੈਂ ਹੁਣ ਤੁਹਾਡਾ ਕੀਤਾ ਹੋਇਆ ਤਾਂ ਬਦਲ ਨਹੀਂ ਸਕਦਾ, ਜਿਥੇ ਕਰ ਦਿਤਾ ਉਥੋਂ ਬਦਲਿਆ ਨਹੀਂ ਜਾ ਸਕਦਾ। ਸ਼ਗਨ ਭੇਜਣ ਦੀ ਤਿਆਰੀ ਕਰ ਲਈ। ਓਧਰ ਇਹਦੇ ਬਚਨ ਜਾ ਕੇ ਸੰਗਤ ਨੂੰ ਪਤਾ ਲੱਗਿਆ, ਬੜਾ ਭਾਰਾ ਇਕੱਠ ਹੋਇਆ ਦਿੱਲੀ ਦੇ ਅੰਦਰ ਕਿ ਐਸ ਤਰ੍ਹਾਂ ਰਿਸ਼ਤਾ ਹੋ ਰਿਹਾ ਹੈ, ਇਹ ਹੰਕਾਰੀ ਹੈ ਤੇ ਕੰਨਿਆ ਦੇ ਅੰਦਰ ਵੀ ਇਹਦਾ ਅੰਸ ਹੋਣਾ ਅਹੰਕਾਰ ਦਾ, ਮਾਤਾ ਹੋਣਾ ਹੈ ਉਨ੍ਹਾਂ ਨੇ ਸਾਡੀ, ਜਗਤ ਮਾਤਾ ਹੋਣਾ ਹੈ, ਕਿਸ ਤਰ੍ਹਾਂ ਦੇ ਨਾਲ ਬਾਤ ਹੋਏਗੀ, ਗੁਰੂ ਸਾਹਿਬ ਨੂੰ ਭਾਵੇਂ ਅੰਤਰਜਾਮੀ ਨੇ ਖਬਰ ਕਰ ਦਿਤੀ ਜਾਵੇ। ਉਸ ਵੇਲੇ ਇਕ ਚਿੱਠੀ ਲਿਖੀ ਜਾਂਦੀ ਹੈ, ਚਿੱਠੀ ਦਾ ਸਾਰ ਅੰਸ਼ ਹੈ ਕਿ ਮਹਾਰਾਜ –

***ਆਪ ਹੰਕਾਰੀ ਬਨਯੋ ਚੁਬਾਰਾ***
***ਤੁਮਹਿ ਕਹਯੋ ਮੋਰੀ ਸੰਕਾਸ॥***
***ਬਿਨ ਸ਼ਰਧਾ ਤੇ ਮੂਰਖ ਬੋਲੋ***
***ਇੱਤਯਾਦਿਕ ਨਿੰਦਾ ਕਰਿ ਰਾਸ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ 2241***

ਪਾਤਸ਼ਾਹ ਗੁਰੂ ਦੀ ਗੱਦੀ ਨੂੰ ਨਿੰਦਿਆ ਹੈ ਏਸ

ਪਾਪੀ ਨੇ। ਕਹਿੰਦਾ ਹੈ ਕਿ ਮੇਰੀ ਜੋ ਕੰਨਿਆ ਸੀ ਉਹ ਤਾਂ ਚੌਬਾਰੇ ਦੀ ਇੱਟ ਸੀ, ਤੁਸੀਂ ਤਾਂ ਮੋਰੀ 'ਚ ਲਾ ਦਿਤੀ। ਬੜਾ ਮਾੜਾ ਕੰਮ ਕਰਿਆ, ਚਿੱਠੀ ਆ ਜਾਂਦੀ ਹੈ। ਓਸ ਵੇਲੇ ਲਾਗੀਆਂ ਨੂੰ ਮਹਾਰਾਜ ਨੇ ਜਵਾਬ ਦਿਤਾ ਕਿ ਅਸੀਂ ਰਿਸ਼ਤਾ ਨਹੀਂ ਲੈਣਾ ਕਿਉਂਕਿ ਸੰਗਤ ਦੇ ਬਚਨ ਅਸੀਂ ਟਾਲ ਨਹੀਂ ਸਕਦੇ। ਜੋ ਕੁਛ ਉਨ੍ਹਾਂ ਨੇ ਬੇਨਤੀ ਕਰ ਦਿਤੀ ਸਿੱਖਾਂ ਦੀ ਬੇਨਤੀ ਸਾਡੇ ਤੋਂ ਨਹੀਂ ਟਾਲੀ ਜਾਣੀ। ਸਾਡੇ ਬਚਨ ਨੂੰ ਗੁਰਸਿੱਖ ਇਕੱਠੇ ਹੋ ਟਾਲ ਸਕਦੇ ਨੇ, ਪਰ ਗੁਰਸਿੱਖਾਂ ਦਾ ਜੋ ਬਚਨ ਹੈ ਓਸ ਨੂੰ ਟਾਲ੍ਹਣ ਤੋਂ ਮੈਂ ਅਸਮਰਥ ਹਾਂ।

*ਮੇਰੀ ਬਾਂਧੀ ਭਗਤੁ ਛਡਾਵੈ*
*ਬਾਂਧੈ ਭਗਤੁ ਨ ਛੂਟੈ ਮੋਹਿ ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥*

*ਅੰਗ - ੧੨੫੩*

ਦੂਸਰੀ ਘਟਨਾ ਇਸ ਕੜੀ ਦੀ ਬਣ ਗਈ, ਨਾਲ ਪ੍ਰਿਥੀ ਚੰਦ ਰਲ ਗਿਆ ਦੋਹਾਂ ਦੀ ਚੌਕੜੀ ਬਣ ਗਈ, ਹਾਂ ਇਸ ਤਰ੍ਹਾਂ ਹੀ ਇਹ ਕਰਦੇ ਨੇ, ਬੜਾ ਅਭਿਮਾਨ ਹੈ ਇਨ੍ਹਾਂ ਨੂੰ। ਜਹਾਂਗੀਰ ਪੰਜਾਬ ਆਇਆ ਮਾਇਆ ਟੋਲ੍ਹਦਾ ਹੈ, ਤਾਂ ਖਜ਼ਾਨੇ ਦਾ ਜੋ ਮਾਲਕ ਸੀ ਉਸ ਨੇ ਕਿਹਾ ਕਿ ਮਹਾਰਾਜ! ਖਜ਼ਾਨੇ ਦੀ ਚੋਰੀ ਹੋਈ ਸੀ, ਓਸ ਚੋਰੀ ਦੇ ਵਿਚ ਆਪ ਦੀ ਮਾਲਾ ਵਿਚ ਚਲੀ ਗਈ। ਕਹਿਣ ਲੱਗੇ, ਕੌਣ ਹੈ ਐਸਾ ਬੰਦਾ ਜੋ ਮੇਰੇ ਰਾਜ ਵਿਚ ਰਹਿ ਕੇ ਇਹੋ ਜਿਹੇ ਕੰਮ ਕਰ ਸਕਦਾ ਹੈ। ਕਹਿਣ ਲੱਗੇ, ਕਿ ਮਹਾਰਾਜ! ਹੋਰ ਕੌਣ ਹੋ ਸਕਦਾ ਹੈ, ਸਿਰਫ ਐਥੇ ਇਕ ਗੁਰੂ ਅਰਜਨ ਦੇਵ ਹੈ ਜਿਹਦੇ ਵਿਚ ਐਨੀ ਤਾਕਤ ਹੈ ਕਿ ਬਾਦਸ਼ਾਹ ਨਾਲ ਤਾਕਤ ਲੈ ਸਕਦਾ ਹੈ। ਉਹਦੇ ਕੋਲ ਬੜੇ ਚੋਰ ਤੇ ਧਾੜਵੀ, ਨਾਮੀ ਚੋਰ ਰਹਿੰਦੇ ਨੇ, ਮਾਲ ਲੁਟਦੇ ਨੇ, ਉਹਦੇ ਖਜ਼ਾਨੇ ਵਿਚ ਜਮ੍ਹਾਂ ਕਰ ਦਿੰਦੇ ਨੇ, ਬੇਅੰਤ ਧਨ ਹੈ ਉਥੇ ਹੋਈ ਹਿਸਾਬ ਕਿਤਾਬ ਹੈ। ਤੁਸੀਂ ਹੁਣੇ ਹੀ ਲਓ, ਫੌਜ ਦਿਓ ਹੁਣੇ ਜਾ ਕੇ ਲੈ ਆਂਦੇ ਹਾਂ, ਘਰ ਬਾਰ ਜ਼ਬਤ ਕਰ ਲੈਂਦੇ ਹਾਂ, ਵਿਚੋਂ ਹੀ ਨਿਕਲ ਆਏਗੀ ਤੁਹਾਡੀ ਮਾਲਾ। ਲੇਕਿਨ ਜਹਾਂਗੀਰ ਚੁੱਪ ਕਰ ਰਿਹਾ ਕਿ ਐਹੋ ਜਿਹੀ ਗੱਲ ਤਾਂ ਨਹੀਂ ਹੋ ਸਕਦੀ, ਇਹ ਤਾਂ ਵਾਧੂ ਦੀਆਂ ਗੱਲਾਂ ਮੇਰੇ ਨਾਲ ਕਰਦੇ ਨੇ। ਪਰ ਐਉਂ ਕਹਿ ਦਿਤਾ ਕਿ ਉਨ੍ਹਾਂ ਕੋਲ ਬੰਦਾ ਭੇਜ ਦਿਓ ਕੋਈ, ਦੱਸ ਵੀਹ ਬੰਦੇ ਇਕੱਠੇ ਹੋ ਜਾ ਆਓ, ਹੋਏਗੀ ਤਾਂ ਉਹ ਜ਼ਰੂਰ ਦੇ ਦੇਣਗੇ, ਪਰ ਮੇਰਾ ਮਨ ਨਹੀਂ ਮੰਨਦਾ ਕਿ ਉਹ ਐਸੀ ਗੱਲ ਕਰ ਦੇਣਗੇ। ਇਸ਼ਾਰਾ ਹੋ ਗਿਆ, ਉਸ ਵੇਲੇ ਸੁਲਭੀ ਖਾਂ ਨੂੰ ਭੇਜ ਦਿਤਾ ਦੋ ਸੌ ਸਵਾਰ ਦੇ ਕੇ। ਮਹਾਰਾਜ ਜੀ ਨੂੰ ਦੱਸਿਆ ਕਹਿੰਦੇ ਕੋਈ ਨਾ ਪਿਆਰਿਓ! ਇਥੇ ਤੱਕ ਨਹੀਂ ਉਹ ਪਹੁੰਚ ਸਕਦਾ। ਬਿਆਸਾ ਦੇ ਕੰਢੇ ਆ ਕੇ ਇਕ ਸੱਯਦ ਨੇ ਤਨਖਾਹ ਲੈਣੀ ਸੀ ਉਸ ਨੇ ਓਸ ਨੂੰ ਮਾਰ ਦਿਤਾ। ਹਸਨ ਅਲੀ ਸੀ ਸੱਯਦ ਦਾ ਨਾਮ। ਉਹਨੇ ਕਿਹਾ ਕਿ ਤੂੰ ਤਨਖਾਹ ਨਹੀਂ ਤੂੰ ਮੇਰੀ ਦਿਤੀ ਝਗੜਾ ਹੋ ਗਿਆ, ਤਲਵਾਰ ਸੀ ਉਹਦੇ ਕੋਲ ਉਹਨੇ ਉਥੇ ਹੀ ਮਾਰ ਦਿਤਾ। ਉਸ ਤੋਂ ਸੁਲਹੀ ਖਾਨ ਪ੍ਰਿਥੀਏ ਦਾ ਮਿਤਰ ਸੀ। ਓਸ ਨੂੰ ਕਿਹਾ ਗਿਆ ਕਿ ਹੁਕਮ ਤਾਂ ਹੋਇਆ ਹੋਇਆ ਹੈ, ਤੂੰ ਲੈ ਕੇ ਆਹ। ਘਰ-ਬਾਰ ਲੁੱਟ ਲੈ ਇਹਦਾ, ਨਾਲ ਚੰਦੂ ਰਲਿਆ ਹੋਇਆ ਸੀ। ਹੋ ਸਕੇ ਤਾਂ ਇਹ ਮਾਰ ਹੀ ਦਿਓ। ਮਹਾਰਾਜ ਨੂੰ ਦੱਸਿਆ ਕਿ ਮਹਾਰਾਜ! ਹੁਣ ਤਾਂ ਸੁਲਹੀ ਖਾਨ ਆ ਰਿਹਾ ਹੈ। ਦੱਸੋ ਕੀ ਕਰੀਏ, ਕੋਈ ਬੰਦੇ ਭੇਜੀਏ ਜਾਂ ਚਿੱਠੀ ਲਿਖੀਏ। ਜਾਂ ਕੋਈ ਹੋਰ ਉਪਾਅ ਕਰੀਏ, ਜਾਂ ਪੈਸਾ ਟਕਾ ਦੇਈਏ, ਮਹਾਰਾਜ ਕਹਿੰਦੇ ਭਾਈ ਲੋੜ ਹੀ ਨਹੀਂ ਹੈ ਪ੍ਰਮੇਸਰ ਦੀ ਸ਼ਰਨ ਵਿਚ ਰਹੋ, ਕੁਛ ਨਹੀਂ ਹੋ ਸਕਦਾ। ਜਿਹੜਾ ਗੁਰੂ ਘਰ ਵੱਲ ਗਹਿਰੀ ਅੱਖ ਕਰਕੇ ਆਏਗਾ, ਉਹ ਕਾਮਯਾਬ ਨਹੀਂ ਹੋਏਗਾ, ਸੁਖੀ ਨਹੀਂ ਹੋਏਗਾ।

*ਸੁਖੁ ਨ ਪਾਇਨਿ ਮੁਗਧ ਨਰ*
*ਸੰਤ ਨਾਲਿ ਖਹੰਦੇ ॥* *ਅੰਗ - ੩੦੬*

ਫੌਜ ਲੈ ਕੇ ਆ ਰਿਹਾ ਹੈ ਤੇ ਜਾਂਦਾ-ਜਾਂਦਾ ਪ੍ਰਿਥੀ ਚੰਦ ਦੇ ਪਿੰਡ, ਨਵਾਂ ਅਬਾਦ ਕੀਤਾ, ਜਿਸਦਾ ਨਾਮ ਕੋਠਾ ਸੀ, ਉਥੇ ਪਹੁੰਚ ਜਾਂਦੇ ਨੇ। ਉਹਨੇ ਬਹੁਤ ਸਾਰੇ ਆਵੇ ਲਾਏ ਹੋਏ ਸੀ, ਦਿਖਾਉਣ ਵਾਸਤੇ ਚਲਿਆ ਜਾਂਦਾ ਹੈ, ਇਕ ਪੰਛੀ ਉਡਿਆ ਤੇ ਘੋੜਾ ਤ੍ਰਬਕ ਗਿਆ, ਤ੍ਰਬਕ ਕੇ ਸਿੱਧਾ ਹੀ ਆਵੇ ਦੇ ਵਿਚ ਚਲਿਆ ਗਿਆ, ਆਵੇ ਨੂੰ ਅੱਗ ਦਿਤੀ ਹੋਈ ਸੀ, ਅੱਗ ਲੱਗ ਗਈ ਤੇ ਉਹ ਗਿਰ ਗਿਆ ਨਾ ਕੋਈ ਚੁੱਕਣ ਨੂੰ ਵਿਚ ਵੜ ਸਕਦਾ ਸੀ, ਅੱਗ ਨਾਲ ਝੁਲਸ ਕੇ ਮਰ ਗਿਆ।

ਸੋ ਐਸੀਆਂ ਘਟਨਾਵਾਂ ਹੋਈ ਜਾਂਦੀਆਂ ਸੀ। ਅਕਬਰ ਬਾਦਸ਼ਾਹ ਦਾ ਜੋ ਰਾਜ ਹੈ ਭਾਰਤ ਵਰਸ਼ ਦੇ ਅੰਦਰ। ਉਹ ਸੁਨਿਹਰੀ ਯੁੱਗ ਕਹਾਉਂਦਾ ਹੈ। ਬਹੁਤ ਚੰਗਾ ਬਾਦਸ਼ਾਹ ਹੋਇਆ ਹੈ ਬਾਵਜੂਦ ਇਸ ਦੇ ਕਿ ਇਸਲਾਮ ਦੇ ਵਿਚ ਹੁੰਦਾ ਹੋਇਆ। ਵੇਦਾਂ ਦੀ ਕਥਾ ਉਸ ਦੇ ਦਰਬਾਰ ਵਿਚ ਹੁੰਦੀ, ਪੁਰਾਣਾਂ ਦੀ ਉਸਦੇ, ਸਾਰੇ ਧਰਮਾਂ ਨੂੰ ਉਹ ਸਮਾਂ ਦਿੰਦਾ ਸੀ, ਗੁਰਸਿੱਖੀ ਦਾ ਉਸ ਦੇ ਉਤੇ ਬਹੁਤ ਵੱਡਾ ਅਸਰ ਸੀ। ਗੁਰੂ ਅਮਰਦਾਸ ਜੀ ਮਹਾਰਾਜ ਦੇ ਦਰਸ਼ਨ ਕਰਨ ਜਦੋਂ ਆਇਆ ਲੰਗਰ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ ਨਾਲ ਬਹੁਤ ਸ਼ਰਧਾ ਦਿਖਾਈ ਤੇ ਨਾਲ 12 ਪਿੰਡਾਂ ਦਾ ਪਟਾ ਲਿਖ ਕੇ ਦੇ ਦਿਤਾ, ਲੰਗਰ ਵਾਸਤੇ। ਮਹਾਰਾਜ ਨੇ ਲਿਆ ਨਾ। ਬੀਬੀ ਭਾਨੀ ਦੇ ਨਾਉਂ ਕਰ ਦਿਤਾ ਗਿਆ। ਬਾਬੇ ਫਰੀਦ ਦਾ ਜੋ ਖਾਨਦਾਨ ਸੀ ਚਿਸ਼ਤੀ, ਮਯਉਦੀਨ ਤੋਂ ਸ਼ੁਰੂ ਹੋ ਕੇ ਉਹਦੇ ਨਾਲ ਸਬੰਧ ਰੱਖਦਾ ਸੀ, ਇਸੇ ਕਰਕੇ ਬਾਬੇ ਫਰੀਦ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ

ਹੈ। ਉਥੇ ਜਾਇਆ ਕਰਦਾ ਹੈ, ਜਦੋਂ ਪੁੱਤਰ ਕਾਫੀ ਸਮਾਂ ਨਾ ਹੋਇਆ ਤਾਂ ਇਹਨੇ ਮੰਨਤ ਮੰਨੀ ਕਿ ਮੇਰੇ ਪੁੱਤਰ ਦਿਓ ਤਾਂ ਪੁੱਤਰ ਲਈ ਵੀ ਉਥੇ ਕਿੰਨੀ ਸ਼ਰਧਾ ਨਾਲ ਜਾਂਦਾ ਹੈ। ਜਹਾਂਗੀਰ ਦਾ ਜਨਮ ਹੋਇਆ, ਉਸ ਵੇਲੇ ਜਿਹੜਾ ਉਥੇ ਪੀਰ ਸੀ ਉਸ ਦਾ ਨਾਉਂ ਸਲੇਮ ਸੀ, ਫਤਹਿਪੁਰ ਸੀਕਰੀ ਤੋਂ ਪੈਦਲ ਚੱਲਿਆ ਅਜਮੇਰ, ਰੋਜ਼ 17 ਮੀਲ ਸਫਰ ਕੱਢਿਆ ਕਰਦਾ ਸੀ। ਸਲੇਮ ਜਿਹੜਾ ਪੁੱਤਰ ਦਿਤਾ ਉਹ ਵੀ ਨਾਲ ਲਿਆ ਹੋਇਆ ਸੀ ਪਾਲਕੀ ਦੇ ਅੰਦਰ। 17 ਮੀਲ ਤੇ ਕੈਂਪ ਕਰਦੇ ਨੇ, ਕਿੰਨੇ ਦਿਨਾਂ ਦੇ ਅੰਦਰ ਉਥੇ ਪਹੁੰਚਦਾ ਹੈ, ਛਾਲੇ ਪੈ ਗਏ, ਨੰਗੇ ਪੈਰੀਂ ਗਿਆ ਉਥੇ ਉਥੇ ਜਾ ਕੇ ਪੁੱਤਰ ਨੂੰ ਭੇਟਾ ਕੀਤਾ ਤੇ ਪੀਰ ਜੀ ਨੇ ਪੁੱਤਰ ਦੇ ਮਸਤਕ ਤੇ ਹੱਥ ਰੱਖ ਕੇ ਵਾਪਸ ਮੋੜ ਦਿਤਾ। ਸਲੇਮ ਉਸਦਾ ਨਾਉਂ ਰੱਖਿਆ, ਕਿਉਂਕਿ ਉਹਦਾ ਨਾਮ ਵੀ ਸਲੇਮ ਸੀ। ਅਕਬਰ ਜਿਹੜਾ ਬਾਦਸ਼ਾਹ ਸੀ, ਗੁਰੂ ਗ੍ਰੰਥ ਸਾਹਿਬ ਦੀ ਸ਼ਿਕਾਇਤ ਹੋਈ ਜਦੋਂ ਕਿ ਇਹਦੇ ਵਿਚ ਦੂਸਰੇ ਧਰਮਾਂ ਦੀ ਨਿੰਦਿਆ ਕੀਤੀ ਗਈ ਹੈ ਤਾਂ ਉਨ੍ਹਾਂ ਨੇ ਬੁਲਾ ਕੇ, ਗੁਰੂ ਚੌਥੇ ਪਾਤਸ਼ਾਹ ਵੇਲੇ, ਪੰਜਵੇਂ ਪਾਤਸ਼ਾਹ ਵੇਲੇ ਬੁਲਾਇਆ, ਮਹਾਰਾਜ ਜੀ ਨੇ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੂੰ ਭੇਜ ਦਿਤਾ। ਜਿਸ ਪੰਨੇ ਦੇ ਉਤੇ ਉਹ ਹੱਥ ਰੱਖੇ, ਉਹ ਸ਼ਬਦ ਪੜ੍ਹਨ ਸਾਰਾ ਐਸੀ ਹੀ ਬਾਣੀ ਐਸੀ ਆਵੇ, ਪੰਜ ਨਿਵਾਜਾ ਵਖਤ ਪੰਜਾ ਪੰਜੇ ਪੰਜਾ ਨਾਉਂ। ਜਿਥੇ ਕਹੋ ਐਹੋ ਜਿਹੇ ਬਚਨ ਆਉਣ। ਉਹ ਕਹਿਣ ਲੱਗਿਆ ਇਹ ਤਾਂ ਸੁਲਹਕੁਨ ਹੈ। ਕੌਣ ਕਹਿੰਦਾ ਹੈ? ਸੋ ਬੜੀ ਭੇਟਾ ਓਸ ਨੇ ਚਾੜ੍ਹੀ। ਗੁਰੂ ਅਰਜਨ ਪਾਤਸ਼ਾਹ ਦੇ ਦਰਸ਼ਨ ਕਰਨ ਗਿਆ, ਕਾਲ ਪਿਆ ਹੋਇਆ ਸੀ। ਮਹਾਰਾਜ ਜੀ ਕੋਈ ਸੇਵਾ ਬਖਸ਼ੋ ਆਪ। ਮਹਾਰਾਜ ਕਹਿਣ ਲੱਗੇ ਕਿ ਪੰਜਾਬ ਦੇ ਲੋਕ ਕਾਲ ਪੈਣ ਦੇ ਨਾਲ ਗਰੀਬ ਹੋ ਗਏ ਨੇ ਮਾਮਲੇ ਦੇ ਵਿਚ ਛੋਟ ਦੇ ਦਿਓ, ਸੋ ਆਪ ਨੇ ਮਾਮਲੇ ਵਿਚ ਬੜੀ ਭਾਰੀ ਛੋਟ ਦਿਵਾ ਦਿਤੀ। ਸਾਰੇ ਪੰਜਾਬ ਦੇ ਵਿਚ ਗੁਰੂ ਮਹਾਰਾਜ ਦੀ ਮਹਿਮਾ ਤੇ ਬੜੀ ਨੇਕੀ ਦਾ ਕੰਮ ਹੋਇਆ। ਸੋ ਏਸ ਤਰ੍ਹਾਂ ਦਾ ਉਹ ਬਾਦਸ਼ਾਹ ਸੀ, ਸਭ ਧਰਮਾਂ ਦਾ ਸਤਿਕਾਰ ਕਰਦਾ ਸੀ। ਉਹਦੇ ਵਾਸਤੇ ਮੰਦਰ ਵੀ ਓਹੀ ਸੀ, ਮਸਜਿਦ ਵੀ ਓਹੀ ਸੀ। ਜਦੋਂ ਚੜ੍ਹਾਈ ਕੀਤੀ ਉਹਨੇ ਲਿਖਿਆ ਕਿ ਸਿਰ ਕਾਹਬੇ ਵਲ ਨਾ ਕਰਿਆ ਜਾਵੇ, ਮੇਰੇ ਜਿਹੜੇ ਪੈਰ ਨੇ ਉਹ ਕਹਬੇ ਵਲ ਹੋਣ ਮੇਰਾ ਜਿਹੜਾ ਸਿਰ ਹੈ ਉਹ ਜਿਧਰੋਂ ਸੂਰਜ ਚੜ੍ਹਦਾ ਹੈ, ਓਧਰ ਨੂੰ ਹੋਵੇ। ਹੁਣ ਵੀ ਜਾ ਕੇ ਦੇਖ ਲੋ ਉਹ ਸਿਰ ਹੁਣ ਵੀ ਸੂਰਜ ਵਲ ਹੈ। ਅਜੀਬ ਤਰ੍ਹਾਂ ਦਾ ਬਾਦਸ਼ਾਹ ਸੀ, ਏਸੇ ਕਰਕੇ ਉਹਨੂੰ ਸਾਰੇ ਪਿਆਰ ਕਰਦੇ ਸੀ। ਲੇਕਿਨ ਉਹਦੇ ਰਾਜ ਵਿਚ ਇਕ ਸਰਹੰਦ ਵਿਚ ਪੀਰ ਸੀਗਾ, ਅਹਿਮਦ ਉਹਦਾ ਨਾਉਂ ਸੀ। ਉਹ ਬੜਾ ਹੀ ਕੱਟੜ ਬੰਦਾ ਸੀ, ਉਹ ਚਾਹੁੰਦਾ ਸੀ ਕਿ ਸਾਰੇ ਹੀ ਇਸਲਾਮ ਹੀ ਇਸਲਾਮ ਹੋ ਜਾਏ। ਲੇਕਿਨ ਪੰਜਾਬ ਵਿਚ ਹੋਇਆ ਉਹਦੇ ਮਨ ਵਿਚ ਇਹ ਗੱਲ ਰੜਕਦੀ ਸੀ ਕਿ ਜਿੰਨੀ ਦੇਰ ਗੁਰੂ ਨਾਨਕ ਦੀ ਗੱਦੀ ਹੈ ਇਹ ਕੰਮ ਹੋ ਨਹੀਂ ਸਕਣਾ। ਜੱਟ ਤਾਂ ਅੱਧੇ ਆਪੇ ਹੀ ਸਰਵਰੀਏ ਬਣੇ ਹੋਏ ਨੇ, ਭਰਾਈ ਦਾ ਜੂਠਾ ਖਾਂਦੇ ਨੇ, ਨਿਗਾਹੀਏ ਕਹਾਉਂਦੇ ਨੇ, ਸਰਵਰੀਏ ਕਹਾਉਂਦੇ ਨੇ, ਜੇ ਵੱਡੀ ਰੁਕਾਵਟ ਹੈ ਤਾਂ ਗੁਰੂ ਅਰਜਨ ਦੀ ਰੁਕਾਵਟ ਹੈ ਜੇ ਇਹ ਦੂਰ ਹੋ ਜਾਵੇ ਵਿਚੋਂ ਤਾਂ ਫੇਰ ਪੰਜਾਬ ਤਾਂ ਮੁਸਲਮਾਨ ਬਣਿਆ ਹੀ ਬਣਾਇਆ ਹੈ। ਕੱਟੜ ਸੀ। ਜਹਾਂਗੀਰ ਜਦੋਂ ਗੱਦੀ ਤੇ ਬੈਠਿਆ ਇਸਨੇ ਏਸ ਸ਼ਰਤ ਦੇ ਉਤੇ ਇਹਦੀ ਮਦਦ ਕਰੀ ਕਿ ਜੇ ਤੂੰ ਇਸਲਾਮ ਨੂੰ ਫੈਲਾਵੇਂ, ਆਪਣੇ ਬਾਪ ਦੀ **policy** ਤੋਂ ਬਿਲਕੁਲ ਉਲਟਾ ਕੰਮ ਕਰੇਂ ਤਾਂ ਸਾਰੇ ਮੋਮਨ ਤੇਰੇ ਨਾਲ ਰਲ ਜਾਣਗੇ। ਹੁਣ ਕਿੰਨਾ ਬੁਰਾ ਹਾਲ ਹੋ ਰਿਹਾ ਹੈ ਜਿਹੜੇ ਮੁਸਲਮਾਨ ਬਣਾਏ ਸੀ ਉਨ੍ਹਾਂ ਨੇ ਫਟਾਫਟ ਜਨੇਊ ਪਾਉਣਾ ਸ਼ੁਰੂ ਕਰ ਦਿਤਾ। ਉਹ ਫੇਰ ਆਪਣੀ ਕੌਮ ਵਿਚ ਜਾ ਰਲੇ। ਇਨ੍ਹਾਂ ਵਿਚ ਜਿਹੜੇ ਵੱਡੇ-ਵੱਡੇ ਰੁਕਾਵਟ ਪਾਉਣ ਵਾਲੇ ਨੇ ਉਨ੍ਹਾਂ ਨੂੰ ਖਤਮ ਕਰਨਾ ਚਾਹੀਦਾ ਹੈ।

ਗੁਰੂ ਅਰਜਨ ਪਾਤਸ਼ਾਹ ਦੇ ਖਿਲਾਫ ਉਸਦੇ ਕੰਨ ਭਰੇ, ਜਹਾਂਗੀਰ ਦੇ ਮਨ ਵਿਚ ਵੀ ਬਦੀ ਸੀ, ਬਹੁਤ ਦੇਰ ਦਾ ਸੁਣਦਾ ਸੀ ਇਹ ਗੱਲਾਂ, 1605 ਵਿਚ ਅਕਬਰ ਕਾਲ ਵਸ ਹੋ ਗਿਆ। ਥੋੜ੍ਹੇ ਮਹੀਨਿਆਂ ਤੋਂ ਬਾਅਦ ਇਸ ਦੇ ਪੁੱਤਰ ਖੁਸਰੋ ਨੇ ਬਗਾਵਤ ਕਰ ਦਿਤੀ, ਖੁਸਰੋ ਜਿਹੜਾ ਸੀ ਉਹ ਇਕ ਤਰ੍ਹਾਂ ਨਾਲ ਐਉਂ ਹੀ ਕਹਿ ਦਿੰਦਾ ਸੀ ਕਿ ਮੈਂ ਤਾਂ ਗੁਰੂ ਨਾਨਕ ਦਾ ਮੁਰੀਦ ਹਾਂ। ਅੰਮ੍ਰਿਤਸਰ ਵੀ ਆਉਂਦਾ ਸੀ, ਮਹਾਰਾਜ ਤੋਂ ਅਸ਼ੀਰਵਾਦ ਵੀ ਲੈਂਦਾ ਸੀ। ਪਰ ਜਦੋਂ ਬਗਾਵਤ ਕਰੀ ਜਦ ਨਹੀਂ ਗੁਰੂ ਮਹਾਰਾਜ ਨੂੰ ਮਿਲਿਆ। ਇਤਿਹਾਸਾਂ 'ਚ ਕਈ ਗੱਲਾਂ ਆਉਂਦੀਆਂ ਨੇ, ਕਹਿੰਦਾ ਮਿਲ ਆਇਆ ਸੀ, ਕੋਈ ਕਹਿੰਦਾ ਲੰਗਰ 'ਚ ਪ੍ਰਸ਼ਾਦਾ ਛਕ ਆਇਆ ਸੀ, ਕੋਈ ਕਹਿੰਦਾ ਹੈ ਕਿ ਮਹਾਰਾਜ ਨੇ ਉਸ ਨੂੰ ਪੰਜ ਹਜ਼ਾਰ ਰੁਪਿਆ ਵੀ ਦਿਤਾ ਰਾਹ ਦਾ ਖਰਚਾ।

ਸੋ ਮਹਾਰਾਜ ਨੇ ਇਸ ਤੋਂ ਪਹਿਲਾਂ ਜਦੋਂ ਰਾਜ ਬਦਲਿਆ। ਇਕ ਦਿਨ ਗੁਰਸਿੱਖਾਂ 'ਚ ਬੈਠੇ ਸੀ ਸਾਰਿਆਂ ਨੂੰ ਕਹਿਣ ਲੱਗੇ ਕਿ ਹੁਣ ਸਾਡੀ ਟੱਕਰ ਜਿਹੜੀ ਹੈ, ਉਹ ਵੱਡੇ ਹਨ੍ਹੇਰੇ ਨਾਲ ਹੋਣੀ ਹੈ, ਹਨ੍ਹੇਰੇ ਦੇ ਸੈਂਟਰ 'ਚ ਜਾਣਾ ਹੈ ਅਸੀਂ। ਉਥੇ ਪ੍ਰਕਾਸ਼ ਕਰਨਾ ਹੈ, ਉਥੇ ਅਸੀਂ ਉਨ੍ਹਾਂ ਦੀ ਗੱਲ ਨਹੀਂ ਮੰਨਣੀ ਤੇ ਸਾਨੂੰ ਸੀਸ ਦੇਣਾ ਪੈਣਾ ਹੈ ਆਪਣਾ। ਕਿਉਂਕਿ ਸਾਨੂੰ ਦਿਸਦਾ ਹੈ ਅਸੀਂ ਜਾਣਾ ਹੈ, ਗੱਲਬਾਤ ਹੋਣੀ ਹੈ, ਅਕਬਰ ਚੜ੍ਹਾਈ ਕਰ ਗਿਆ, ਨੀਤੀ ਬਦਲ ਗਈ ਰਾਜ ਦੀ। ਉਨ੍ਹਾਂ ਦੀ ਨਿਗ੍ਹਾ ਦੇ ਵਿਚ ਅਸੀਂ ਹੋਰ ਤਰ੍ਹਾਂ ਹਾਂ। ਕਿਉਂਕਿ ਤਉਜਕੇ ਜਹਾਂਗੀਰੀ

ਦੇ ਅੰਦਰ ਜਹਾਂਗੀਰ ਨੇ ਆਪ ਬੜੇ ਭੈੜੇ ਅੱਖਰ ਲਿਖੇ ਨੇ। ਜੇ ਕੋਈ ਰੁਕਾਵਟ ਹੈ, ਬੜਾ ਭਾਰਾ ਪਾਖੰਡ ਦਾ ਅੱਡਾ ਹੈ ਤਾਂ ਗੁਰੂ ਅਰਜਨ ਦੇ ਹੇਠ ਚਲ ਰਿਹਾ ਹੈ, ਬੜੇ ਭੈੜੇ ਸ਼ਬਦ ਨੇ ਮੈਂ ਤਾਂ ਕਹਿਣੇ ਨਹੀਂ ਚਾਹੁੰਦਾ। 100% ਖਿਲਾਫ ਸੀ।

ਗੁਰੂ ਮਹਾਰਾਜ ਨੇ ਇਹ ਬਚਨ ਪਹਿਲਾਂ ਕਹਿ ਦਿਤੇ ਸੀ। ਅਖੀਰ ਇਹ ਹੋਇਆ ਕਿ ਬਗਾਵਤ ਕਰ ਦਿਤੀ ਖੁਸਰੋ ਨੇ, ਉਹ ਅਪ੍ਰੈਲ 29 ਨੂੰ ਗ੍ਰਿਫਤਾਰ ਹੋ ਜਾਂਦਾ ਹੈ ਤੇ ਉਸ ਤੋਂ ਬਾਅਦ ਜਹਾਂਗੀਰ ਲਾਹੌਰ ਪਹੁੰਚ ਜਾਂਦਾ ਹੈ। ਉਥੇ ਬੁਲਾ ਕੇ ਇਹਦੇ ਸਾਥੀਆਂ ਨੂੰ ਖੱਲਾਂ 'ਚ ਮੜ੍ਹਾ ਦਿਤਾ ਤੇ ਸੂਲੀ ਤੇ ਚਾੜ੍ਹ ਦਿਤਾ। ਇਹਨੂੰ ਦਿਖਾਇਆ ਗਿਆ ਕਿ ਆਹ ਦੇਖ ਲੈ ਤੇਰੇ ਨਾਲਦਿਆਂ ਦਾ ਕੀ ਹਾਲ ਹੋ ਰਿਹਾ ਹੈ, ਖੁਸਰੋ ਦੀਆਂ ਅੱਖਾਂ ਦੇ ਵਿਚ ਇਕ ਦਵਾਈ ਪਾ ਕੇ ਅੰਨ੍ਹਾ ਕਰ ਦਿਤਾ ਗਿਆ, ਉਸ ਤੋਂ ਬਾਅਦ ਦਿੱਲੀ ਲਿਜਾ ਕੇ ਉਸਨੂੰ ਕਤਲ ਕਰ ਦਿਤਾ ਜਾਂਦਾ ਹੈ। ਸੋ ਇਸ ਤਰ੍ਹਾਂ ਉਥੇ ਹੀ ਇਹਦੇ ਕੰਨ ਭਰ ਦਿਤੇ ਕਿ ਮਹਾਰਾਜ! ਗੁਰੂ ਅਰਜਨ ਨੇ ਇਹਦੀ ਸਹਾਇਤਾ ਕਰੀ ਹੈ।

ਉਸ ਵੇਲੇ ਉਸ ਨੇ ਹੁਕਮ ਕਰ ਦਿਤਾ ਕਿ ਗੁਰੂ ਅਰਜਨ ਪਾਤਸ਼ਾਹ ਨੂੰ ਗ੍ਰਿਫਤਾਰ ਕਰਕੇ ਮੇਰੇ ਪੇਸ਼ ਕਰੋ। ਫੌਜ ਚਲੀ ਜਾਂਦੀ ਹੈ ਤੇ ਓਧਰ ਮਹਾਰਾਜ ਜੀ ਨੇ ਭਾਈ ਗੁਰਦਾਸ ਜੀ ਨੂੰ, ਬਾਬਾ ਬੁੱਢਾ ਜੀ ਤੇ ਹੋਰ ਪ੍ਰਮੁੱਖ ਗੁਰਸਿੱਖਾਂ ਨੂੰ ਬੁਲਾਇਆ ਤੇ ਕਹਿਣ ਲੱਗੇ ਦੇਖੋ, ਅਸੀਂ ਲਾਹੌਰ ਜਾਣਾ ਹੈ, ਤੇ ਮੁੜ ਕੇ ਨਹੀਂ ਅਸੀਂ ਆਉਣਾ, ਉਥੇ ਹੀ ਸਾਡਾ ਸੀਸ ਲਗ ਜਾਣਾ ਹੈ।

ਗੁਰੂ ਹਰਿਗੋਬਿੰਦ ਪਾਤਸ਼ਾਹ ਨੂੰ ਗੱਦੀ ਦੇ ਦਿਤੀ ਤੇ ਨਾਲ ਹੁਕਮ ਕਰ ਦਿਤਾ ਕਿ ਹੁਣ ਸ਼ਸ਼ਤਰ ਸੰਭਾਲਣਾ ਹੈ ਹੁਣ ਸਮਾਂ ਐਸਾ ਆ ਗਿਆ ਕਿ ਆਪਣੀ ਅਣਖ ਵਾਸਤੇ, ਜੀਉਣ ਵਾਸਤੇ ਸ਼ਸਤਰ ਦੀ ਲੋੜ ਹੈ। ਐਵੇਂ ਮੁਰਗੀਆਂ ਵਾਂਗੂੰ ਕਟਾਉਣ ਦੀ ਲੋੜ ਨਹੀਂ ਹੈ। ਕਿਉਂਕਿ ਇਨ੍ਹਾਂ ਦੀ ਆਤਮਾ ਜਾਗਦੀ ਨਹੀਂ। ਮੈਂ ਜਾ ਰਿਹਾ ਹਾਂ, ਇਨ੍ਹਾਂ ਦੀ ਆਤਮਾ ਜਗਾਉਣ ਵਾਸਤੇ। ਪਰ ਐਨਾ ਅੰਧਕਾਰ ਛਾ ਗਿਆ, ਅਨਿਆ ਦਾ ਐਨਾ ਵੱਡਾ ਗੁਬਾਰ ਚੜ੍ਹ ਗਿਆ ਕਿ ਇਹਦੇ ਵਿਚ ਪ੍ਰਕਾਸ਼ ਨਹੀਂ ਹੋ ਸਕਦਾ। ਸੋ ਰਾਖੀ ਵਾਸਤੇ ਸ਼ਸਤਰਾਂ ਦੀ ਲੋੜ ਹੈ। ਸ਼ਸਤਰਧਾਰੀ ਹੋਣਾ ਪੈਣਾ ਹੈ। ਉਸ ਵੇਲੇ ਸਿੱਖੀ ਦਾ ਜਿਹੜਾ ਚਲਣ ਸੀ ਥੋੜ੍ਹਆ ਬਦਲਿਆ।

ਗੁਰੂ ਮਹਾਰਾਜ ਜੀ ਉਸ ਵੇਲੇ ਪੰਜ ਗੁਰਸਿੱਖਾਂ ਨੂੰ ਨਾਲ ਲੈ ਕੇ ਲਾਹੌਰ ਜਾਂਦੇ ਨੇ, ਆਪ ਦੇ ਨਾਲ ਪੰਜ ਗੁਰਸਿੱਖ ਭਾਈ ਪ੍ਰਾਣਾ, ਭਾਈ ਲੰਗਾਹਾ, ਭਾਈ ਬਿਧੀ ਚੰਦ, ਭਾਈ ਪੈੜਾ, ਭਾਈ ਜੇਠਾ ਪੰਜਾਂ ਦੇ ਨਾਲ ਭਾਈ ਸੰਧੂ ਦੇ ਘਰ ਚਲੇ ਜਾਂਦੇ ਨੇ। ਕਿਉਂਕਿ ਉਹ ਬਹੁਤ ਦੇਰ ਦਾ ਇੰਤਜ਼ਾਰ ਕਰਦਾ ਸੀ। ਜਦੋਂ ਦਰਬਾਰ ਸਾਹਿਬ ਤੋਂ ਚੱਲਣ ਲੱਗਦੇ ਨੇ ਉਸ ਵੇਲੇ ਆਪ ਨੇ ਮਾਤਾ ਗੰਗਾ ਜੀ ਨਾਲ ਬਾਤ ਕਰੀ ਕਹਿਣ ਲੱਗੇ ਦੇਖੋ ਅਸੀਂ ਹੁਣ ਆਉਣਾ ਨਹੀਂ ਹੈ, ਭਾਣਾ ਵਰਤਣਾ ਹੈ, ਤੁਸੀਂ ਸਾਹਿਬਜ਼ਾਦੇ ਦਾ ਪਿਛੋਂ ਧਿਆਨ ਰੱਖਣਾ ਹੈ। ਐਸ ਤਰ੍ਹਾਂ ਸਿੱਖੀ ਚਲਾਉਣੀ ਹੈ, ਸਾਰੀਆਂ ਹਦਾਇਤਾਂ ਦੇ ਦਿਤੀਆਂ।

ਸੋ ਮਾਤਾ ਜੀ ਕਹਿਣ ਲੱਗੇ ਪਾਤਸ਼ਾਹ! ਬਹੁਤ ਮੁਸ਼ਕਲ ਹੈ, ਨੇਤਰ ਭਰ ਗਏ, ਬੋਲਿਆ ਨਹੀਂ ਜਾਂਦਾ, ਕਹਿੰਦੇ ਕਿਵੇਂ ਹੋਏਗਾ?

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***

***ਅੰਗ - ੭੦੮***

***ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥***
***ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥***

***ਅੰਗ - ੮੩***

ਵਿਛੋੜਾ ਨਹੀਂ ਮੇਰੇ ਤੋਂ ਸਹਿ ਹੋਣਾ, ਅੱਛਾ ਹੈ ਕਿ ਮੇਰੇ ਪ੍ਰਾਣ ਪੰਖੇਰੂ ਤੁਹਾਡੇ ਸਾਮ੍ਹਣੇ ਹੀ ਉਡਾਰੀ ਮਾਰ ਜਾਣ। ਕਹਿਣ ਲੱਗੇ, ਦੇਖੋ ਸੰਸਾਰ ਤੇ ਜੋ ਵੀ ਆਇਆ ਹੈ ਉਸ ਨੇ ਜਾਣਾ ਹੀ ਜਾਣਾ ਹੈ। ਪਹਿਲਾ ਲੇਖ ਇਹ ਲਿਖਿਆ ਜਾਂਦਾ ਹੈ ਕਿ ਐਨੀ ਦੇਰ ਇਹ ਰਹੇਗਾ ਸੰਸਾਰ ਤੇ, ਐਸ ਕਾਰਨ ਨਾਲ, ਐਸ ਦਿਨ, ਐਸ ਥਾਂ ਦੇ ਉਤੇ ਆਹ ਘਟਨਾ ਵਾਪਰੇਗੀ, ਜਿਹਦੇ ਨਾਲ ਇਹ ਵਾਪਸ ਆ ਜਾਏਗਾ।

ਸੋ ਸੰਸਾਰ ਤੇ ਧਿਆਨ ਦੇ ਲਓ ਵੱਡੇ-ਵੱਡੇ ਆਏ ਨੇ। ਕੋਈ ਰਿਹਾ ਹੈ ਇਸ ਅਸਥਾਨ ਤੇ ਉਤੇ? ਵਿਚਾਰ ਦੇ ਨਾਲ ਗੱਲ ਸੋਚੋ -

***ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥***
***ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,***
***ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥***
***ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ***
***ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥***
***ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ,***
***ਭੂਮ ਹੀ ਤੇ ਹੁਇਕੈ ਫੇਰੇ ਭੂਮ ਹੀ ਮਿਲਏ ਹੈਂ॥***

ਕਹਿਣ ਲੱਗੇ ਵਿਚਾਰ ਕਰੋ, ਸੰਸਾਰ ਤੇ ਕੋਈ ਨਹੀਂ ਰਿਹਾ ਆਹ ਨਛੱਤਰ ਵੀ ਚਲੇ ਜਾਣੇ ਨੇ, ਧਰਤੀ ਵੀ ਚਲੀ ਜਾਣੀ ਹੈ, ਸੂਰਜ ਵੀ ਚਲਿਆ ਜਾਣਾ ਹੈ,

ਚੰਦਰਮਾ ਵੀ ਚਲਿਆ ਜਾਣਾ ਹੈ, ਸਮੁੰਦਰ ਨੇ ਵੀ ਖਤਮ ਹੋ ਜਾਣਾ ਹੈ, ਪਹਾੜਾਂ ਨੇ ਵੀ ਖਤਮ ਹੋ ਜਾਣਾ ਹੈ।

ਇਹ ਤਾਂ ਸਾਰਾ ਕਾਲ ਵਿਚ ਲੀਨ ਹੋ ਜਾਣਾ ਹੈ, ਮੁੜ ਕੇ ਕੋਈ ਆਉਂਦਾ ਨਹੀਂ, ਆਪਣਾ ਆਪਣਾ ਹੈ, ਜੋ **part** ਦਿਤਾ ਹੋਇਆ ਹੈ ਪ੍ਰਭੂ ਨੇ ਉਹ ਪੂਰਾ ਕਰਕੇ ਚਲੇ ਜਾਣਾ ਹੈ। ਸੋ ਏਸ ਗੱਲ ਦਾ ਤੁਸੀਂ ਮਨ ਵਿਚ ਨਾ ਕਰੋ। ਵਿਚਾਰ ਦੇ ਨਾਲ ਰਹੋ। ਸੋ ਇਸ ਤਰ੍ਹਾਂ ਨਾਲ ਸਮਝਾ ਕੇ ਆਪ ਪੰਜ ਪ੍ਰਕਰਮਾ ਦਰਬਾਰ ਸਾਹਿਬ ਦੀਆਂ ਕੀਤੀਆਂ, ਮਸਤਕ ਨਿਵਾਇਆ, ਉਸ ਤੋਂ ਬਾਅਦ ਬਹੁਤ ਸੰਗਤ ਨਾਲ ਚੱਲ ਪਈ, ਉਹ ਵਾਪਸ ਭੇਜ ਦਿਤੀ ਗਈ। ਕੇਵਲ ਪੰਜ ਗੁਰਸਿੱਖਾਂ ਨੂੰ ਹੀ ਨਾਲ ਲੈ ਕੇ ਲਾਹੌਰ ਨੂੰ ਜਾਂਦੇ ਹਨ।

ਮਹਾਰਾਜ ਜੀ ਨੇ ਅਰਥਮੱਲ ਜੀ ਨੂੰ ਸੁਨੇਹਾ ਭੇਜ ਦਿਤਾ, ਜੋ ਬਾਬਾ ਅਮਰਦਾਸ ਜੀ ਦੇ ਖਾਨਦਾਨ 'ਚੋਂ ਸੀਗੇ ਕਿ ਸਾਨੂੰ ਲਾਹੌਰ ਮਿਲੋ। ਲਾਹੌਰ ਉਸ ਗੁਰਸਿੱਖ ਦੇ ਜੋ ਪਪੀਹੇ ਵਾਂਗੂੰ ਇਨ੍ਹਾਂ ਦੇ ਦਰਸ਼ਨਾਂ ਨੂੰ ਤਰਸਦਾ ਸੀ, ਉਥੇ ਚਲੇ ਗਏ। ਉਥੇ ਹੀ ਅਰਥਮੱਲ ਜੀ ਆ ਗਏ। ਦੱਸਿਆ ਕਿ ਅਸੀਂ ਭਾਣਾ ਵਰਤਾਉਣਾ ਹੈ। ਕਹਿਣ ਲੱਗੇ, ਮਹਾਰਾਜ! ਐਸਾ ਭਾਣਾ ਨਾ ਵਰਤਾਓ। ਕਹਿੰਦੇ ਜ਼ਰੂਰੀ ਹੈ ਇਹ ਵਰਤਾਉਣਾ।

ਅਰਥਮੱਲ ਜੀ ਨੇ ਕਿਹਾ ਕਿ ਤੁਸੀਂ ਸਮਰੱਥ ਪੁਰਸ਼ ਹੋਂ, ਟਾਲ ਵੀ ਸਕਦੇ ਹੋਂ ਇਹਨੂੰ, ਕੋਈ ਔਖੀ ਗੱਲ ਨਹੀਂ ਹੈ। ਐਨਾ ਕਸ਼ਟ ਸਰੀਰ ਤੇ ਸਹੋਂਗੇ?

ਕਹਿੰਦੇ, ਹਾਂ ਇਹ ਸਾਨੂੰ ਸਹਿਣਾ ਪੈਣਾ ਹੈ ਕਿਉਂਕਿ ਸਾਡੇ ਪਿਛੋਂ ਜੋ ਗੁਰਸਿੱਖੀ ਦੀ ਲੜੀ ਚੱਲਣੀ ਹੈ, ਉਹਦੇ ਵਿਚ ਸ਼ਹਾਦਤ ਜਿਹੜੀ ਹੈ ਉਹ ਅਵੱਸ਼ ਦੇਣੀ ਪੈਣੀ ਹੈ। ਬੇਅੰਤ ਸ਼ਹਾਦਤਾਂ ਦੇਣੀਆਂ ਪੈਣੀਆਂ ਨੇ। ਜਦੋਂ ਅਸੀਂ ਦੇਵਾਂਗੇ, ਸਾਨੂੰ ਦੇਖ ਕੇ ਉਨ੍ਹਾਂ ਦਾ ਹੌਂਸਲਾ ਬੁਲੰਦ ਹੋਏਗਾ, ਉਹ ਵੀ ਸ਼ਹਾਦਤ ਦੇ ਦੇਣਗੇ। ਸੱਚ ਦੀ ਗਵਾਹੀ ਦੇਣੀ ਹੈ। ਸਰੀਰ ਨਿਛਾਵਰ ਕਰਨਾ ਹੈ, ਕੁਰਬਾਨ ਕਰਨਾ ਹੈ। ਸੋ ਇਸ ਕਰਕੇ ਸਾਨੂੰ ਇਹ ਸਾਰੀ ਖੇਲ੍ਹ ਕਰਨੀ ਪੈਣੀ ਹੈ, ਮਹਾਰਾਜ ਕਹਿੰਦੇ ਫੇਰ ਮੈਂ ਵੀ ਤੁਹਾਡੇ ਨਾਲ ਹੀ ਚਲਦਾ ਹਾਂ, ਕਹਿੰਦੇ ਨਹੀਂ। 40 ਦਿਨ ਅਜੇ ਤੁਹਾਡੇ ਬਚਦੇ ਨੇ, ਤੁਸੀਂ 40 ਦਿਨ ਹੋਰ ਠਹਿਰੋ, ਫੇਰ ਤੁਸੀਂ ਆ ਜਾਣਾ। ਅਸੀਂ ਕੱਲ੍ਹ ਨੂੰ ਜਾਣਾ ਹੈ ਫੇਰ ਵਾਪਸ ਨਹੀਂ ਆਉਣਾ, ਫੇਰ ਮਿਲਣਾ ਨਹੀਂ ਹੈ। ਉਥੇ ਹੀ ਭਾਣਾ ਵਰਤਣਾ ਹੈ।

ਸੋ ਮਹਾਰਾਜ ਜੀ ਦੀ ਦੂਸਰੇ ਦਿਨ ਪੇਸ਼ੀ ਹੁੰਦੀ ਹੈ ਕਿ ਤੁਹਾਡੇ ਪਾਸ ਚੋਰ ਰਹਿੰਦੇ ਨੇ। ਮਹਾਰਾਜ ਕਹਿੰਦੇ ਸਾਡੇ ਪਾਸ ਤਾਂ ਸਾਰੇ ਸਾਧੂ ਨੇ। ਸਾਡੇ ਕੋਲ ਤਾਂ ਆ ਕੇ ਡਾਕੂ ਵੀ, ਚੋਰ ਵੀ ਸਾਧੂ ਬਣ ਜਾਂਦੇ ਨੇ। ਇਹ ਦਰ ਹੀ ਐਸਾ ਹੈ ਇਥੇ ਜੋ ਵੀ ਆਇਆ ਸਾਧੂ ਬਣ ਗਿਆ। ਡਾਕੇ ਮਾਰਦੇ ਨੇ, ਚੋਰੀਆਂ ਕਰਦੇ ਨੇ, ਮਹਾਰਾਜ ਕਹਿੰਦੇ ਚੋਰੀਆਂ ਧਨ ਦੀਆਂ ਨਹੀਂ ਕਰਦੇ। ਸੱਚੇ ਧਨ ਦੀਆਂ ਕਰਦੇ ਨੇ। ਜਦੋਂ ਸੰਸਾਰ ਸੁੱਤਾ ਪਿਆ ਹੁੰਦਾ ਹੈ, ਅੰਮ੍ਰਿਤ ਵੇਲੇ ਜਾਗਦੇ ਨੇ, ਇਸ਼ਨਾਨ ਕਰਦੇ ਨੇ, ਉਸ ਵੇਲੇ ਚੌਂਕੜੀ ਮਾਰ ਕੇ ਨਾਮ ਧਨ ਖੱਟਦੇ ਨੇ। ਸੰਸਾਰ ਦੀਆਂ ਚੋਰੀਆਂ ਇਨ੍ਹਾਂ ਨੇ ਕੀ ਕਰਨੀਆਂ ਨੇ, ਡਾਕੇ ਕੀ ਮਾਰਨੇ ਨੇ।

ਕਹਿਣ ਲੱਗੇ, ਤੁਸੀਂ ਖੁਸਰੋ ਨੂੰ ਮਦਦ ਦਿਤੀ ਹੈ?

ਮਹਾਰਾਜ ਕਹਿੰਦੇ, ਗੁਰੂ ਨਾਨਕ ਦਾ ਲੰਗਰ ਸਭ ਵਾਸਤੇ ਖੁਲ੍ਹਾ ਹੈ। ਤੁਹਾਡੇ ਦਾਦਾ ਜੀ, ਤੁਹਾਡੇ ਪਿਤਾ ਜੀ ਵੀ ਇਥੇ ਪ੍ਰਸ਼ਾਦਾ ਛਕਦੇ ਰਹੇ, ਬੜੀ ਸ਼ਰਧਾ ਦੇ ਨਾਲ। ਤੁਸੀਂ ਵੀ ਏਸ ਘਰ ਨੂੰ ਜਾਣਦੇ ਹੋਂ, ਤੁਸੀਂ ਵੀ ਜਾਣਦੇ ਹੋਂ, ਇਹ ਗੁਰੂ ਨਾਨਕ ਦਾ ਘਰ ਹੈ, ਜਿਹਨੇ ਬਰਕਤ ਕੀਤੀ ਹੈ। ਜਿਹਨੇ ਤੁਹਾਨੂੰ ਭਾਰਤ ਵਰਸ਼ ਦਾ ਰਾਜ ਦੁਆਇਆ। ਬਚਨ ਲਿਆ ਸੀ ਕਿ ਤੁਸੀਂ ਨੇਕ ਕਦਮ ਚੱਲਿਓ, ਸਾਰਿਆਂ ਨੂੰ ਇਕ ਅੱਖ ਦੇ ਨਾਲ ਦੇਖਿਓ। ਫਰਕ ਨਾ ਪਾਇਓ ਕਿ ਇਹ ਹਿੰਦੂ ਹੈ ਇਹ ਮੁਸਲਮਾਨ ਹੈ, ਇਨ੍ਹਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਦੇਈਏ। ਪਰ ਨਾਲ ਇਹ ਗੱਲ ਕਹੀ ਸੀ ਕਿ ਰਾਜਾ ਜਦੋਂ ਤਖਤ ਤੇ ਬੈਠਦਾ ਹੈ, ਉਹ ਦੈਂਤ ਬਣ ਜਾਂਦਾ ਹੈ। ਉਸ ਵੇਲੇ ਰਾਖਸ਼ਸ਼ ਬਣ ਜਾਂਦਾ ਹੈ ਅਸੀਂ ਫੇਰ ਆਪਣੇ ਸੀਸ ਦੇ ਕੇ ਗੱਦੀ ਵਾਪਸ ਲੈ ਲਵਾਂਗੇ। ਸੋ ਹੁਣ ਅਨਿਆ ਹੋ ਰਿਹਾ ਹੈ, ਵਿਤਕਰਾ ਸ਼ੁਰੂ ਹੋ ਗਿਆ, ਪਿਤਾ ਦੀ ਤੁਹਾਡੇ ਜੋ **policy** ਸੀ ਉਹਨੂੰ ਉਲੰਘਣਾ ਸ਼ੁਰੂ ਕਰ ਦਿਤਾ। ਸੋ ਇਹ ਗੱਲ ਕੋਈ ਅੱਛੀ ਨਹੀਂ ਹੈ। ਖੁਸਰੋ ਹੈ ਉਹ ਪਹਿਲਾਂ ਵੀ ਆਇਆ ਹੈ, ਹੁਣ ਵੀ ਪ੍ਰਸ਼ਾਦਾ ਛਕ ਗਿਆ ਲੰਗਰ 'ਚ। ਛਕ ਗਿਆ ਜਾਂ ਨਾ ਛਕ ਗਿਆ, ਕਿਉਂਕਿ ਅਸੀਂ ਤਾਂ ਅੰਮ੍ਰਿਤਸਰ ਸੀ, ਤਰਨ ਤਾਰਨ ਦੇ ਕੋਲ ਦੀ ਲੰਘਿਆ ਉਹ ਗੋਇੰਦਵਾਲ ਦੇ ਪੱਤਣ ਤੋਂ। ਸਾਡਾ ਉਹਦੇ ਨਾਲ ਤੁਅਲਕ ਨਹੀਂ।

ਫੇਰ ਕਹਿੰਦੇ ਤੁਸੀਂ, ਧਰਮ ਪੁਸਤਕ ਬਣਾਈ ਹੈ?

ਨਾਲ ਦਾ ਕਹਿਣ ਲੱਗਿਆ ਕਿ ਉਹ ਪੁਸਤਕ ਦੇ ਵਿਚ ਤੁਸੀਂ ਮੁਹਮੰਦ ਸਾਹਿਬ ਦੀ ਤਾਰੀਫ ਲਿਖ ਦਿਓ। ਮਹਾਰਾਜ ਕਹਿੰਦੇ ਅਸੀਂ ਤਾਂ ਨਹੀਂ ਬਣਾਈ, ਇਹ ਜਿਵੇਂ ਪੈਗੰਬਰ ਨੂੰ ਫਰਿਸ਼ਤੇ ਦੇ ਰਾਹੀਂ ਸੁਨੇਹਾ ਆਉਂਦਾ ਸੀ ਪ੍ਰਮੇਸ਼ਰ ਦਾ ਇਹ ਜੋ ਬਾਣੀ ਹੈ, ਇਹ ਕਿਸੇ ਦੀ ਕਿਰਤ ਨਹੀਂ ਹੈ।

ਬੜਾ ਫਰਕ ਹੈ ਅੱਜਕਲ੍ਹ ਦੇ ਜਿਹੜੇ ਬੁੱਧੀਜੀਵੀ ਨੇ, ਪਤਾ ਨਹੀਂ ਤਾਂ ਇਨ੍ਹਾਂ ਨੂੰ ਗਿਆਨ ਨਹੀਂ ਹੈ, ਗੁਰੂ ਸਾਹਿਬ ਨੂੰ ਕਵੀ ਲਿਖੀ ਜਾਂਦੇ ਨੇ। ਕਿਵੇਂ ਸਮਝਾਵੇ ਇਨ੍ਹਾਂ ਬੰਦਿਆਂ ਨੂੰ, ਕਲਮਾਂ ਇਨ੍ਹਾਂ ਦੇ ਹੱਥਾਂ ਵਿਚ ਆ

ਗਈਆਂ, ਸਿੱਖੀ ਦਾ ਸਤਿਨਾਸ ਕਰ ਦੇਣਗੇ। ਉਹ ਕਹਿੰਦੇ ਨੇ ਕਿ ਸੰਤ ਕਰ ਰਹੇ ਨੇ ਸਿੱਖੀ ਦਾ ਨਾਸ਼। ਉਨ੍ਹਾਂ ਨੂੰ ਪੁੱਛੋ ਕਿ ਤੁਸੀਂ ਕਿਸੇ ਇਕ ਬੰਦੇ ਨੂੰ ਵੀ ਅੰਮ੍ਰਿਤ ਛਕਾਇਆ ਹੈ, ਕਿ ਇਥੇ ਹੀ ਕੁਰਸੀਆਂ ਮੇਜ਼ਾਂ ਤੇ ਬੈਠ ਕੇ ਰੌਲਾ ਪਾਈ ਜਾਂਦੇ ਓਂ। ਸੰਤ ਦਿਨ ਰਾਤ ਲੰਗਰ ਚਲਾਉਂਦੇ ਨੇ, ਦਿਨ ਰਾਤ ਤੁਰੇ ਫਿਰਦੇ ਨੇ। ਕੋਈ ਤਨਖਾਹ ਨਹੀਂ ਲੈਂਦੇ, ਕੋਈ ✣✣☛↔✪✪▲♡ ਜਾਇਦਾਦ ਨਹੀਂ ਬਣਾਉਂਦੇ। ਸਾਰੀ ਜਾਇਦਾਦ ਸਾਂਝੀ ਬਣਾ ਕੇ ਦਿੰਦੇ ਨੇ, ਨੇਕ ਕੰਮ ਚਲ ਰਹੇ ਨੇ, ਕਿਤੇ ਹਸਪਤਾਲ ਚਲ ਰਹੇ ਨੇ, ਕਿਸੇ ਸਕੂਲ ਚਲ ਰਹੇ ਨੇ, ਕਿਤੇ ਲੰਗਰ ਚਲ ਰਹੇ ਨੇ, ਕਿਸੇ ਜਿਨ੍ਹਾਂ ਬਿਰਧਾਂ ਨੂੰ ਥਾਂ ਨਹੀਂ ਉਹ ਦਿੰਦੇ ਨੇ, ਉਹ ਸਿੱਖੀ ਦਾ ਸਤਿਆਨਾਸ਼ ਕਰਦੇ ਨੇ ਤੇ ਤੁਸੀਂ ਜਿਹੜੇ ਕੁਰਸੀਆਂ ਤੇ ਬੈਠ ਕੇ ਕਲਮਾਂ ਘਸਾਉਂਦੇ ਓਂ ਤੁਸੀਂ ਕੀ ਭਲਾ ਕਰ ਰਹੇ ਹੋਂ। ਮਾੜਾ ਜਿਹਾ ਲੇਖ ਲਿਖਣਾ ਪੈ ਜਾਏ, ਕਹਿਣਗੇ 1500 ਦਿਓ ਸਾਡਾ।

ਸੋ ਇਸ ਤਰ੍ਹਾਂ ਉਲਟ-ਪੁਲਟ ਗੱਲਾਂ ਸੰਸਾਰ ਦੇ ਅੰਦਰ ਹੁੰਦੀਆਂ ਨੇ ਤੇ ਗੁਰੂਆਂ ਨੂੰ ਕਵੀ ਕਹਿੰਦੇ ਨੇ। ਕਵੀ ਹੁੰਦਾ ਹੈ ਜਿਹਦੀ ਪਹੁੰਚ ਬੁੱਧੀ ਮੰਡਲ ਤੱਕ ਹੋਵੇ। ਉਹ ਕਵਿਤਾ ਲਿਖਦਾ ਹੈ, ਉਹਦੀ ਕਵਿਤਾ ਦੇ ਵਿਚ ਕਾਂਟ-ਛਾਂਟ ਹੋਏਗੀ, ਲਿਖੇਗਾ ਫੇਰ ਕੱਟੇਗਾ ਕਿ ਇਹ ਸਹੀ ਨਹੀਂ ਲਿਖਿਆ ਗਿਆ, ਲਾਈਨ ਬਦਲੇਗਾ। ਇਹ ਜਿਹੜੀ ਬਾਣੀ ਹੈ ਇਹ ਕਵਿਤਾ ਨਹੀਂ ਹੈ। ਇਹ ਤਾਂ ਬਾਣੀ ਆਉਂਦੀ ਹੈ, ਘਟਨਾ ਤੋਂ 13 ਸਾਲ ਪਹਿਲਾਂ ਹੀ ਆਈ ਸੀ –

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ॥ ਅੰਗ - ੭੨੨*

ਜਿਸ ਵਿਚ ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਇਆ ਸੀ –

*ਕਾਇਆ ਕਪੜੁ ਟੁਕੁ ਟੁਕੁ ਹੋਸੀ*
*ਹਿਦੁਸਤਾਨੁ ਸਮਾਲਸੀ ਬੋਲਾ ॥*
*ਆਵਨਿ ਅਠਤਰੈ ਜਾਨਿ ਸਤਾਨਵੈ*
*ਹੋਰੁ ਭੀ ਉਠਸੀ ਮਰਦ ਕਾ ਚੇਲਾ ॥*
*ਸਚ ਕੀ ਬਾਣੀ ਨਾਨਕੁ ਆਖੈ ਸਚੁ*
*ਸੁਣਾਇਸੀ ਸਚ ਕੀ ਬੇਲਾ ॥ ਅੰਗ - ੭੨੩*

ਬਾਣੀ ਆ ਗਈ ਤੇਰਾ ਸਾਲ ਪਹਿਲਾਂ, 13 ਸਾਲ ਪਹਿਲਾਂ ਲਿਖ ਦਿਤੀ। ਇਹਨੂੰ ਇਲਹਾਮ ਕਹਿੰਦੇ ਨੇ, ਧੁਰ ਤੋਂ ਦਰਗਾਹ ਤੋਂ ਆਉਂਦੇ ਨੇ। ਆਪੇ ਰਚੀ ਹੋਈ ਕਵਿਤਾ ਜਿਹੜੀ ਹੈ, ਡਾ. ਸਵਾਮੀ ਜੀ ਲਿਖਦੇ ਨੇ ਕਿ ਮੈਂ ਟੈਗੋਰ ਦੇ ਕੋਲ ਕਾਫੀ ਦੇਰ ਰਿਹਾ, ਗੀਤਾਂਜਲੀ ਉਨ੍ਹਾਂ ਦੀ ਬੜੀ ਮਸ਼ਹੂਰ ਪੁਸਤਕ ਸੀ। ਕਹਿੰਦੇ, ਉਹ ਜਦੋਂ ਲਿਖਦੇ ਸੀ, ਲਿਖਦੇ-ਲਿਖਦੇ ਲਾਈਨ ਕੱਟ ਦੇਣੀ, ਫੇਰ ਅਗਲੀ ਲਿਖ ਦਿਤੀ ਉਹ ਵੀ ਕੱਟ ਦਿਤੀ, ਰਾਤ ਨੂੰ ਰੱਖ ਦਿਤੀ, ਸਵੇਰੇ ਉਠ ਕੇ ਸਾਰੀ ਹੀ ਕੱਟ ਦਿਤੀ। ਨਵੀਂ ਲਿਖ ਦਿਤੀ। ਇਹ ਤਾਂ ਹੁੰਦੀ ਹੈ ਕਵਿਤਾ। ਜਿਹੜੀ ਬਾਣੀ ਹੈ ਇਹ ਤਾਂ ਆਈ ਜਾਂਦੀ ਹੈ, ਮਰਦਾਨਾ ਰਬਾਬ ਵਜਾ ਰਿਹਾ ਹੈ, ਗੁਰੂ ਨਾਨਕ ਮਹਾਰਾਜ ਦੀ ਪਵਿੱਤਰ ਰਸਨਾ ਤੋਂ ਬਾਣੀ ਦਾ ਉਚਾਰਨ ਹੋ ਰਿਹਾ ਹੈ, ਬਾਣੀ ਆ ਰਹੀ ਹੈ ਉਹ ਬੋਲ ਰਹੇ ਨੇ।

ਕਹਿਣ ਲੱਗੇ, ਇਹ ਤਾਂ ਦਰਗਾਹ ਦੀ ਹੈ। ਜੇ ਦਰਗਾਹ ਦੇ ਵਿਚੋਂ ਮੁਹੰਮਦ ਸਾਹਿਬ ਆਉਂਦਾ ਜ਼ਰੂਰ ਲਿਖਿਆ ਜਾਂਦਾ ਪਰ ਇਹ ਤਾਂ ਸਾਰੀ ਰੂਹਾਨੀ ਚੀਜ਼ ਹੈ, ਕਿਸੇ ਦਾ ਵੀ ਨਹੀਂ ਲਿਖਿਆ ਹੋਇਆ ਇਹਦੇ ਵਿਚ ਕੁਛ ਵੀ। ਸੋ ਇਸ ਤਰ੍ਹਾਂ ਦੇ ਬਚਨ ਬਿਲਾਸ ਤੋਂ ਬਾਅਦ ਮਹਾਰਾਜ ਨੂੰ ਸਜ਼ਾ ਸੁਨਾ ਦਿਤੀ। ਯਾਸ਼ਾ ਦੀ। ਯਾਸ਼ਾ ਇਕ ਕਾਨੂੰਨ ਸੀ ਕਿ ਐਸੇ ਤਰੀਕੇ ਨਾਲ ਮਾਰਿਆ ਜਾਵੇ, ਖੂਨ ਨਾ ਉਸ ਦਾ ਨਿਕਲੇ। ਚਾਹੇ ਭੁੱਖਾ ਰੱਖ ਕੇ, ਚਾਹੇ ਕਿਸੇ ਹੋਰ ਢੰਗ ਨਾਲ, ਚਾਹੇ ਪਾਣੀ ਵਿਚ ਡੁਬੋ ਕੇ, ਚਾਹੇ ਤੱਤੀਆਂ ਤਵੀਆਂ ਤੇ ਬਿਠਾ ਕੇ, ਉਬਲਦੇ ਬਾਣੀ ਵਿਚ ਮਾਰਿਆ ਜਾਵੇ। ਕਿਉਂਕਿ ਉਹਦੇ ਵਿਚ ਇਕ 'ਅ' ਸੀ ਕਿ ਸਾਧੂ ਸੰਤ ਦਾ ਖੂਨ ਡੁੱਲ੍ਹ ਜਾਵੇ ਤਾਂ ਦੋਸ਼ ਲਗੇਗਾ, ਖੂਨ ਨਹੀਂ ਡੁਲ੍ਹਣ ਦੇਣਾ। ਸੋ ਯਾਸ਼ਾ ਦੇ ਕਾਨੂੰਨ ਦੇ ਮੁਤਾਬਿਕ ਸਜ਼ਾ ਦਿਤੀ ਜਾਂਦੀ ਹੈ, ਬੜਾ ਜੰਗਲੀ ਕਾਨੂੰਨ ਹੈ।

ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਨੂੰ ਇਹ ਲੈ ਜਾਂਦਾ ਹੈ, ਉਥੇ ਜਾ ਕੇ ਚੰਦੂ ਨੇ ਫੇਰ ਕਿਹਾ ਕਿ ਦੇਖੋ, ਗੱਲ ਸਾਰੀ ਹੋ ਸਕਦੀ ਹੈ, ਅਜੇ ਵੀ ਲੜਕੀ ਦਾ ਰਿਸ਼ਤਾ ਲੈ ਲਓ, ਕੁਆਰੀ ਹੈ ਉਹ। ਮਹਾਰਾਜ ਕਹਿੰਦੇ, ਜਿਹੜਾ ਬਚਨ ਅਸੀਂ ਇਕ ਵਾਰੀ ਕਹਿਣਾ ਸੀ ਕਹਿ ਦਿਤਾ, ਹੁਣ ਤੂੰ ਕਿਉਂ ਵਿਚ ਲਿਆਉਂਦਾ ਹੈ। ਠੀਕ ਹੈ ਸਜ਼ਾ ਉਥੋਂ ਹੋਈ, ਤੂੰ ਭੁਗਤਾਉਣ ਦਾ ਜ਼ਿੰਮਾ ਲਿਆ ਹੈ, ਤੂੰ ਆਪਣਾ ਕੰਮ ਕਰ।

ਉਹਦੇ ਮੁਤਾਬਿਕ ਹੁਕਮ ਦੇ ਦਿਤਾ ਕਿ ਇਨ੍ਹਾਂ ਨੂੰ ਖੜ੍ਹੇ ਰੱਖਿਆ ਜਾਵੇ, ਧੁੱਪ ਵਿਚ। ਪਾਣੀ ਨਾ ਦਿਤਾ ਜਾਵੇ, ਪ੍ਰਸ਼ਾਦਾ ਨਾ ਦਿਤਾ ਜਾਵੇ, ਪ੍ਰਸ਼ਾਦਾ ਨਾ ਦਿਤਾ ਜਾਵੇ। ਸਾਰੀ ਰਾਤ, ਸਾਰਾ ਦਿਨ, ਦੋ ਦਿਨ ਇਸ ਤਰ੍ਹਾਂ ਲੰਘਾ ਦਿਤੇ। ਉਸ ਤੋਂ ਬਾਅਦ ਤੀਸਰਾ ਦਿਨ ਹੋਇਆ, ਸਜ਼ਾ ਬਦਲ ਦਿਤੀ, ਵੱਡਾ ਦੇਗਾ ਮੰਗਾ ਲਿਆ, ਪਾਣੀ ਨਾਲ ਭਰ ਲਿਆ, ਪਾਣੀ ਉਬਲਣ ਲਗ ਗਿਆ ਤੇ ਹੁਕਮ ਕਰਿਆ ਨੌਕਰਾਂ ਨੂੰ ਕਿ ਏਸ ਨੂੰ ਫੜ ਕੇ ਪਾਣੀ ਦੀ ਦੇਗ ਵਿਚ ਬਿਠਾ ਦਿਓ।

ਮਹਾਰਾਜ ਕਹਿੰਦੇ, ਫੜਦੇ ਕਿਉਂ ਹੋ, ਮੈਂ ਨੱਠਣਾ ਹੈਂ ਇਥੋਂ? ਮੈਂ ਆਪੇ ਹੀ ਬਹਿ ਜਾਨਾਂ। ਉਬਾਲੇ ਖਾਂਦੀ

ਦੇਗ ਵਿਚ ਆਪੇ ਹੀ ਬਹਿ ਗਏ। ਨਾਲ ਬਚਨ ਕਰਿਆ–

***ਜਹ ਬੈਸਾਲਹਿ ਤਹ ਬੈਸਾ ਸੁਆਮੀ***
***ਜਹ ਭੇਜਹਿ ਤਹ ਜਾਵਾ॥***
***ਸਭ ਨਗਰੀ ਮਹਿ ਏਕੋ ਰਾਜਾ***
***ਸਭੇ ਪਵਿਤੁ ਹਹਿ ਥਾਵਾ ॥ ਅੰਗ - ੯੯੩***

ਹੇ ਪ੍ਰਭੂ! ਜਿਥੇ ਤੇਰੀ ਮਰਜ਼ੀ ਹੈ ਬਿਠਾਉਣ ਦੀ ਮੈਂ ਬੈਠ ਜਾਂਦਾ ਹਾਂ, ਚਾਹੇ ਤਖਤ ਤੇ ਬਿਠਾ ਦੇ, ਚਾਹੇ ਉਬਲਦੇ ਪਾਣੀ ਵਿਚ ਬਿਠਾ ਦੇ। ਸੋ ਇਸ ਤਰ੍ਹਾਂ ਆਪ ਉਬਲਦੇ ਪਾਣੀ ਵਿਚ ਬੈਠ ਜਾਂਦੇ ਨੇ।

ਇਥੇ ਇਕ ਵੀਚਾਰ ਆਉਂਦੀ ਹੈ, ਉਹ ਵਿਚਾਰ ਇਹ ਆਉਂਦੀ ਹੈ ਕਿ ਕਬੀਰ ਸਾਹਿਬ ਨੂੰ ਜਦੋਂ ਪਾਣੀ ਦੇ ਵਿਚ ਡੋਬਿਆ ਗਿਆ, ਸੰਗਲ ਬੰਨ੍ਹ ਕੇ, ਪੱਥਰ ਬੰਨ੍ਹ ਦਿਤੇ ਸੰਗਲਾਂ ਦੇ ਨਾਲ, ਕਿਸ਼ਤੀ ਦੇ ਵਿਚੋਂ ਚੁੱਕ ਕੇ, ਕਬੀਰ ਸਾਹਿਬ ਨੂੰ ਪਾਣੀ ਦੀ ਮੰਝਲੀ ਧਾਰ ਵਿਚ ਗੰਗਾ ਦੇ ਸੁੱਟ ਦਿਤਾ। ਉਥੇ ਕੀ ਹੋਇਆ ਕਿ ਇਕ ਵਾਰੀ ਕਬੀਰ ਸਾਹਿਬ ਥੱਲੇ ਨੂੰ ਗਏ, ਸੰਗਲ ਵਗੈਰਾ ਕੋਈ ਵੀ ਨਾ ਰਿਹਾ ਤੇ ਦੇਖਦੇ ਕੀ ਨੇ, ਕਬੀਰ ਸਾਹਿਬ ਇਕ ਪਾਣੀ ਦੇ ਉਤੇ ਇਕ ਆਸਣ ਵਿਛਿਆ ਹੋਇਆ ਹੈ, ਉਹਦੇ ਉਤੇ ਚੌਂਕੜਾ ਮਾਰੀਂ ਬੈਠੇ ਨੇ–

***ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥***
***ਮ੍ਰਿਗਛਾਲਾ ਪਰ ਬੈਠੇ ਕਬੀਰ ॥ ਅੰਗ - ੧੧੬੧***

ਇਹ ਗੱਲ ਜਦੋਂ ਸਾਡੇ ਸਾਮ੍ਹਣੇ ਆਉਂਦੀ ਹੈ ਕਿ ਇਹ ਫਰਕ ਕੀ ਹੋਇਆ? ਇਹ ਉਬਲਦੀ ਦੇਗ ਹੈ। ਜੇ ਗੁਰੂ ਮਹਾਰਾਜ ਚਾਹੁੰਦੇ ਤਾਂ ਮਰਦਾਨੇ ਨੂੰ ਜਿਸ ਵਕਤ ਸੁੱਟਣ ਲੱਗਿਆ ਕੌਡਾ ਰਾਕਸ਼ ਉਬਲਦੇ ਕੜਾਹੇ ਵਿਚ, ਗੁਰੂ ਨਾਨਕ ਦੀ ਨਿਗ੍ਹਾ ਹੀ ਪਈ ਹੈ ਤੇ ਕੜਾਹਾ ਠੰਢਾ, ਸ਼ਾਂਤ ਹੋ ਗਿਆ। ਹੱਥ ਲਾ ਕੇ ਦੇਖਿਆ ਕਿਥੇ ਉਬਲਦਾ ਸੇਕ ਮਾਰਦਾ ਸੀ, ਕਿੱਥੇ ਬਰਫ ਨਾਲੋਂ ਵੀ ਠੰਢਾ ਹੋ ਗਿਆ। ਕਹਿਣ ਲੱਗਿਆ, ਕੀ ਗੱਲ ਹੋ ਗਈ? ਉਚਾ ਦੇਖਿਆ ਤਾਂ ਗੁਰੂ ਨਾਨਕ ਪਾਤਸ਼ਾਹ ਖੜ੍ਹੇ ਨੇ। ਉਨ੍ਹਾਂ ਦੀ ਨਿਗ੍ਹਾ ਦੇ ਨਾਲ ਉਬਲਦਾ ਕੜਾਹਾ ਠੰਢਾ ਹੋ ਗਿਆ ਤੇ ਹੁਣ ਉਹੀ ਗੁਰੂ ਨਾਨਕ ਪੰਜਵੇਂ ਜਾਮੇ ਦੇ ਅੰਦਰ, ਉਹੀ ਹਾਲਾਤ ਨੇ ਕੀ ਹੁਣ ਸ਼ਕਤੀ ਘਟ ਗਈ ਉਨ੍ਹਾਂ ਦੀ ਕਿ ਕੌਤਕ ਕੋਈ ਹੋਰ ਵਰਤ ਗਿਆ। ਇਹ ਵਿਚਾਰ ਹੈ ਜਿਹੜੀ ਆਮ ਸਾਰਿਆਂ ਦੇ ਦਿਲਾਂ 'ਚ ਆਉਂਦੀ ਹੈ ਕਿ ਉਬਲਦਾ ਪਾਣੀ ਨਹੀਂ ਸੀ ਚਾਹੀਦਾ, ਹੱਥ ਲਾ ਕੇ ਦੇਖਦੇ ਬਰਫ ਵਰਗਾ ਹੋ ਜਾਣਾ ਚਾਹੀਦਾ ਸੀ। ਸਰੀਰ ਤੇ ਕੋਈ ਅਸਰ ਨਹੀਂ ਸੀ ਹੋਣਾ ਚਾਹੀਦਾ ਕਿਉਂਕਿ –

***ਜਲ ਅਗਨੀ ਵਿਚਿ ਘਤਿਆ***
***ਜਲੈ ਨ ਡੁਬੈ ਗੁਰ ਪਰਸਾਦਿ॥ ਭਾਈ ਗੁਰਦਾਸ ਜੀ***

ਨਾਮ ਜਪਣ ਵਾਲੇ ਨੂੰ ਨਾ ਜਲ ਨੇ ਡੋਬਿਆ ਨਾ ਅੱਗ ਨੇ ਸਾੜਿਆ, ਅੱਗ ਦੇ ਵਿਚੋਂ ਪ੍ਰਹਿਲਾਦ ਉਸੇ ਤਰ੍ਹਾਂ ਨਿਕਲ ਆਇਆ, ਕਬੀਰ ਸਾਹਿਬ ਨੂੰ ਅੱਗ ਦੇ ਵਿਚ ਬਿਠਾ ਦਿਤਾ, ਕਹਿੰਦੇ ਮਹਾਰਾਜ ਕੁਛ ਕਰੋ? ਕਹਿੰਦੇ ਕੀ ਕਰਨਾ ਹੈ?

***ਆਪੇ ਪਾਵਕੁ ਆਪੇ ਪਵਨਾ ॥***
***ਜਾਰੈ ਖਸਮੁ ਤ ਰਾਖੈ ਕਵਨਾ ॥ ਅੰਗ - ੩੨੯***

ਕਹਿੰਦੇ ਪ੍ਰਮੇਸ਼ਰ ਰੂਪ ਹੈ ਇਹ ਅੱਗ। ਐਸਾ ਸਾਖੀ ਰੂਪ ਵਿਚ ਆਉਂਦਾ ਹੈ ਕਿ ਅੱਗ ਜਲ ਗਈ, ਲੱਕੜਾਂ ਜਲ ਗਈਆਂ, ਕਬੀਰ ਸਾਹਿਬ ਉਠ ਕੇ ਰਾਮ-ਰਾਮ ਕਰਦੇ ਬਾਹਰ ਨਿਕਲ ਆਏ। ਇਸੇ ਤਰ੍ਹਾਂ ਨਾਲ ਬਹੁਤ ਮਿਸਾਲਾਂ ਨੇ।

ਨਾਮਦੇਵ ਜੀ ਨੂੰ ਹਾਥੀ ਦੇ ਅੱਗੇ ਸੁੱਟ ਦਿਤਾ। ਕਬੀਰ ਸਾਹਿਬ ਨੂੰ ਹਾਥੀ ਦੇ ਅੱਗੇ ਸੁੱਟ ਦਿਤਾ। ਉਹ ਮੱਥੇ ਟੇਕੀ ਜਾਂਦਾ ਹੈ, ਹੈਰਾਨ ਹੁੰਦੀ ਹੈ ਕਿ ਉਹਦਾ ਸੁਭਾਅ ਬਦਲ ਗਿਆ, ਭਗਤ ਨੂੰ ਦੇਖ ਕੇ, ਸੰਤ ਨੂੰ ਦੇਖ ਕੇ? ਇਹਦਾ ਜਵਾਬ ਤਾਂ ਸਾਡੇ ਕੋਲ ਹੈਗਾ ਕਿ ਉਹਦੀ ਦ੍ਰਿਸ਼ਟੀ ਐਸੀ ਹੁੰਦੀ ਹੈ ਕਿ ਅੰਮ੍ਰਿਤ ਦੀ ਵਰਖਾ ਹੁੰਦੀ ਹੈ, ਜਿਧਰ ਦੇਖ ਲੈਣ ਉਹਦੇ ਹਿਰਦੇ 'ਚੋਂ ਪਾਪ ਸਾਰੇ ਖਤਮ ਕਰ ਦੇਂਦੇ ਨੇ।

ਇਹ ਜੋ ਗੁਰੂ ਮਹਾਰਾਜ ਨੇ ਕੌਤਕ ਰਚਿਆ ਹੈ, ਇਹਦੇ ਬਾਰੇ ਬਹੁਤ ਮੁਸ਼ਕਲ ਹੈ ਬਚਨ ਕਰਨਾ। ਕਿਉਂਕਿ ਆਮ ਆਦਮੀ ਇਹੀ ਕਹੇਗਾ ਕਿ ਗੁਰੂ ਸਾਹਿਬ ਸਮਰੱਥ ਸੀਗੇ, ਸਮਰੱਥ ਹੁੰਦੇ ਹੋਏ ਇਹ ਕੀ ਗੱਲ ਕਰੀ। ਕਿਉਂ ਛਾਲੇ ਪੈ ਗਏ? ਸਾਡੇ ਨਿਹਚੇ ਹੋਰ ਤਰ੍ਹਾਂ ਨੇ ਅਸੀਂ ਨਹੀਂ ਇਨ੍ਹਾਂ ਗੱਲਾਂ ਨੂੰ ਮੰਨਦੇ। ਅਸੀਂ ਕਹਿੰਦੇ ਹਾਂ ਕਿ ਦਿਸਣ ਵਾਸਤੇ ਹੋਣੇ ਨੇ ਲੇਕਿਨ ਐਸਾ ਬਹੁਤ ਇਤਿਹਾਸਾਂ 'ਚ ਆਉਂਦਾ ਹੈ ਕਿ ਮਾਇਆ ਦਾ ਸਰੀਰ ਮਹਾਤਮਾ ਪੇਸ਼ ਕਰ ਦਿੰਦੇ ਨੇ ਕਿ ਇਹਨੂੰ ਕਰੀ ਜਾਓ ਜਿਹੜਾ ਕੁਛ ਕਰਨਾ ਹੈ, ਆਪ ਅਲੋਪ ਹੋ ਜਾਂਦੇ ਨੇ। ਗੁਰੂ ਮਹਾਰਾਜ ਨੇ ਐਸਾ ਵੀ ਨਹੀਂ ਕਰਿਆ, ਪਰਤੱਖ ਰੂਪ ਵਿਚ ਆਪ ਜਿਸ ਵਕਤ ਤੱਤੀ ਤਵੀ ਤੇ ਬੈਠਦੇ ਨੇ ਤਾਂ ਉਸ ਵੇਲੇ ਭਾਈ ਪ੍ਰਾਣਾਂ ਜਿਹੜਾ ਹੈ ਉਸ ਤੋਂ ਸਹਿਆ ਨਾ ਗਿਆ। ਦੋਵੇਂ ਬਾਹਾਂ ਚੁੱਕ ਲਈਆਂ ਤਾਲੀ ਮਾਰਨ ਲੱਗਿਆ, ਮਹਾਰਾਜ ਦੀ ਨਿਗ੍ਹਾ ਪੈ ਗਈ। ਕਹਿੰਦੇ ਕੀ ਕਰਦਾ ਹੈਂ? ਕਹਿਣ ਲੱਗਿਆ, ਮੈਂ ਨਹੀਂ ਦੇਖ ਸਕਦਾ, ਮੈਂ ਲਾਹੌਰ ਗਰਕ ਕਰ ਦੇਣਾ ਹੈ ਸਾਰਾ। ਐਨੀ-ਐਨੀ ਸਮਰੱਥਾ ਦੇ ਗੁਰਸਿੱਖ ਸੀਗੇ ਉਸ ਵੇਲੇ, ਜਿਹੜੇ ਇਕ ਨਿਗ੍ਹਾ ਇਕਹਿਰੀ ਕਰਕੇ ਸਾਰੇ ਸ਼ਹਿਰ ਨੂੰ ਗਰਕ ਕਰ ਦਿੰਦੇ। ਮਹਾਰਾਜ ਕਹਿੰਦੇ, ਦੇਖ ਇਹ ਸਾਡਾ ਜੋ ਚੱਲ ਰਿਹਾ ਹੈ ਨਾ ਸਬਕ ਇਹਦੇ ਵਿਚ ਤੂੰ ਨਹੀਂ ਦਖਲ ਦੇਣਾ।

ਭਾਈ ਪ੍ਰਾਨਾ! ਸਾਡੀ ਕ੍ਰਿਆ 'ਚ ਤੂੰ ਨਹੀਂ ਦਖਲ ਦੇਣਾ। ਕਿਸੇ ਨੇ ਵੀ ਨਹੀਂ ਦੇਣਾ, ਇਹ ਜੋ ਕੁਛ ਹੋਇਆ ਹੈ -

*ਜੋ ਤੁਧੁ ਕਰਣਾ ਸੋ ਕਰਿ ਪਾਇਆ ॥*
*ਭਾਣੇ ਵਿਚਿ ਕੋ ਵਿਰਲਾ ਆਇਆ ॥*
*ਭਾਣਾ ਮੰਨੇ ਸੋ ਸੁਖੁ ਪਾਏ*
*ਭਾਣੇ ਵਿਚਿ ਸੁਖੁ ਪਾਇਦਾ॥ ਅੰਗ - ੧੦੬੩*

***ਹਮਨੇ ਇਮ ਹੀ ਕਾਰਨ ਕਰਨਾ॥***
***ਤੂੰ ਨਹਿਂ ਲਖੈਂ ਏਵ ਆਚਰਨਾ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ 2365***

ਸੋ ਉਸ ਵੇਲੇ ਮਹਾਰਾਜ ਜੀ ਨੂੰ ਪਾਣੀ ਦੇ ਵਿਚੋਂ ਕੱਢਿਆ ਗਿਆ। ਲੇਕਿਨ ਜਿਹੜੀ ਸੁਰਤ ਹੈ ਉਹ ਚੜ੍ਹਦੀ ਕਲਾ ਵਿਚ ਹੈ ਉਵੇਂ ਜਿਵੇਂ।

ਕਹਿੰਦੇ ਜਿਵੇਂ ਪੱਥਰ ਨੂੰ ਕੋਈ ਹਿਲਾ ਨਹੀਂ ਸਕਦਾ, ਪਹਾੜ ਨੂੰ ਐਵੇਂ ਕਿਸੇ ਦੀ ਤਾਕਤ ਨਹੀਂ ਸੀ ਕਿ ਉਨ੍ਹਾਂ ਨੂੰ ਹਿਲਾ ਦਿੰਦਾ।

ਉਸ ਵੇਲੇ ਮੀਆਂ ਮੀਰ ਨੂੰ ਜਦੋਂ ਪਤਾ ਲੱਗਿਆ ਮਹਾਰਾਜ ਜੀ ਦੇ ਕੋਲ ਆ ਗਿਆ। ਕਹਿਣ ਲੱਗਿਆ, ਦੇਖਦੇ ਸਾਰ ਕਿ ਇਹ ਕੀ? ਦੋਵੇਂ ਬਾਹਾਂ ਚੁੱਕ ਲਈਆਂ। ਮਹਾਰਾਜ ਕਹਿੰਦੇ ਕੀ ਗੱਲ ਪੀਰ ਜੀ? ਕਹਿੰਦੇ ਮੈਂ ਨਹੀਂ ਦੇਖ ਸਕਦਾ ਮੈਂ ਇਸ ਲਾਹੌਰ ਸ਼ਹਿਰ ਨੂੰ ਗਰਕ ਕਰ ਦੇਵਾਂਗਾ। ਮਹਾਰਾਜ ਕਹਿੰਦੇ ਨਾ-ਨਾ ਇਸ ਤਰ੍ਹਾਂ ਨਹੀਂ ਕਰਨਾ। ਕਾਹਦੇ ਵਾਸਤੇ ਤੁਸੀਂ ਕਰਦੇ ਓਂ? ਆਤਮਾ ਸਦਾ ਅਸੰਗ ਹੈ।

ਕਹਿਣ ਲੱਗਿਆ, ਧੰਨ ਹੋ ਮਹਾਰਾਜ! ਜੋ ਤੁਸੀਂ ਸੁਖਮਨੀ ਸਾਹਿਬ ਵਿਚ ਵਰਣਨ ਕਰਿਆ ਹੈ -

*ਬ੍ਰਹਮ ਗਿਆਨੀ ਕੈ ਧੀਰਜੁ ਏਕ ॥*
*ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥*
*ਅੰਗ - ੨੭੨*

ਕੋਈ ਧਰਤੀ ਨੂੰ ਪੁੱਟਦਾ ਹੈ, ਕੋਈ ਚੰਦਨ ਨੂੰ ਲੇਪ ਕਰਦਾ ਹੈ, ਬ੍ਰਹਮਗਿਆਨੀ ਐਸੀ ਧੀਰਜ ਹੈ ਕੋਈ ਇੱਟਾਂ ਵੱਟੇ ਮਾਰਦਾ ਹੈ, ਤੱਤੀਆਂ ਤਵੀਆਂ ਤੇ ਬਿਠਾਉਂਦਾ ਹੈ, ਮਸਤਕ ਨਿਵਾਉਂਦਾ ਹੈ, ਭੇਟਾ ਚਾੜ੍ਹਦਾ ਹੈ, ਤਾਂ ਵੀ ਧੀਰਜ ਦੋਵੇਂ ਪਾਸੇ ਹੀ।

ਮਹਾਰਾਜ ਕਹਿੰਦੇ, ਪੀਰ ਜੀ! ਤੁਸੀਂ ਅਰਥ ਪੁੱਛੇ ਸੀ, ਤੁਹਾਨੂੰ ਕਿਹਾ ਸੀ ਕਿ ਕੋਈ ਸਮਾਂ ਆਏਗਾ, ਪ੍ਰਤੱਖ ਰੂਪ ਵਿਚ ਦਿਖਾਵਾਂਗੇ। ਉਹ ਇਹ ਹੈ -

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥ ਅੰਗ - ੨੭੫*

ਵਾਹਿਗੁਰੂ ਦੀ ਜਿਹੜੀ ਆਤਮਾ ਹੋਵੇਗੀ, ਉਹਨੂੰ ਆਤਮਾ ਹਿਤ ਦੇ ਨਾਲ ਮੰਨ ਲਵੇ।

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*
*ਅੰਗ - ੨੭੫*

ਸੋ ਸ਼ਕਤੀ ਨਹੀਂ ਦਿਖਾਉਂਦੇ। ਤਵੀ ਗਰਮ ਕਰ ਦਿਤੀ, ਵੱਡਾ ਤਵਾ ਸੀ, ਪਲੇਟ ਸੀ ਵੱਡੀ। ਲੱਕੜਾਂ ਬੇਅੰਤ ਜਾਲ ਦਿਤੀਆਂ, ਲਾਲ ਸੁਰਖ ਕਰ ਦਿਤੀ। ਉਸ ਵੇਲੇ ਗੁਰੂ ਮਹਾਰਾਜ ਨੂੰ ਕਿਹਾ ਕਿ ਇਹਦੇ ਉਤੇ ਬੈਠੋ, ਨਹੀਂ ਤਾਂ ਅਸੀਂ ਬਿਠਾ ਦੇਵਾਂਗੇ। ਮਹਾਰਾਜ ਕਹਿੰਦੇ, ਤੁਹਾਨੂੰ ਕੀ ਬਿਠਾਉਣ ਦੀ ਲੋੜ ਹੈ। ਅਸੀਂ ਆਪ ਹੀ ਬੈਠ ਜਾਂਦੇ ਹਾਂ, ਓਧਰ ਤੱਤੀ ਤਵੀ ਤੇ ਪੈਰ ਧਰ ਕੇ ਚੌਂਕੜਾ ਮਾਰਦੇ, ਓਧਰ ਮੁਖ ਤੋਂ ਇਹ ਬਚਨ ਨਿਕਲਦੇ ਨੇ -

*ਤੇਰਾ ਕੀਆ ਮੀਠਾ ਲਾਗੈ ॥*
*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥*
*ਅੰਗ - ੩੯੪*

ਅਜਰ ਨੂੰ ਜਰ ਜਾਣ ਦੀ ਕਹਿੰਦੇ ਐਸੀ ਅਉਧ ਦਿਖਾਈ ਕਿ ਸਵਰਗ ਲੋਕਾਂ 'ਚ ਜਿੰਨੇ ਵੀ ਵੀ ਸੀ ਤਖਤ ਹਿੱਲ ਗਏ ਸਾਰਿਆਂ ਦੇ। ਉਸ ਵੇਲੇ ਇੰਦਰ ਸਮੇਤ ਦੇਵਤਿਆਂ ਦੇ ਨਮਸਕਾਰਾਂ ਕਰਦਾ ਹੈ -

***ਅਜਰ ਜਰਨਿ ਕੀ ਔਧਿ ਜਨਾਈ।***
***ਇਤੇ ਕਸ਼ਟ ਤੇ ਨਹੀਂ ਦਿਖਾਈ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 2369***

ਸ਼ਕਤੀ ਨਹੀਂ ਦਿਖਾਈ। ਨਾ ਕਿਸੇ ਨੂੰ ਦਿਖਾਉਣ ਦਿਤੀ ਹੈ ਸ਼ਕਤੀ।

***ਇੰਦ੍ਰ ਆਦਿ ਜੇਤਿਕ ਸੁਰ ਸਾਰੇ।***
***ਚੱਕ੍ਰਿਤ ਚਿਤ ਗੁਰਿ ਚਲਿਤ ਨਿਹਾਰੇ॥***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 2369***

ਹੈਰਾਨ ਹੋਏ ਬੈਠੇ ਨੇ, ਕਿਉਂਕਿ ਪਹਿਲਾਂ ਕਦੇ ਇਹੋ ਜਿਹਾ ਹੋਇਆ ਹੀ ਨਹੀਂ ਸੀ। ਰਿਸ਼ੀਆਂ ਮੁਨੀਆਂ ਨੂੰ ਕੋਈ ਛੇੜ ਸਕਦਾ ਸੀ? ਇਕ ਚੂਲੀ ਭਰ ਕੇ ਸਰਾਫ ਦਿੰਦੇ ਸੀ ਗਰਕ ਕਰ ਦਿੰਦੇ ਸੀ ਸਾਰਿਆਂ ਨੂੰ। ਡਰਦੇ ਸੀ ਸਾਰੇ। ਇਹ ਸਬਕ ਹੀ ਹੋਰ ਦੇਣਾ ਸ਼ੁਰੂ ਕਰ ਦਿਤਾ ਗੁਰੂ ਮਹਾਰਾਜ ਨੇ, ਸਮੇਂ ਦੇ ਮੁਤਾਬਿਕ। ਉਹ ਹੈਰਾਨ ਹੁੰਦੇ ਨੇ ਕਿ ਐਨੀਆਂ ਸ਼ਕਤੀਆਂ ਦੇ ਮਾਲਕ ਜੇ ਇਕ ਫੁਰਨਾ

ਕਰ ਦੇਣ, ਸੰਸਾਰ ਹੀ ਖਤਮ ਹੋ ਜਾਵੇ ਸਾਰਾ, ਕੁਛ ਨਾ ਰਹੇ। ਐਡੀ ਸ਼ਕਤੀ ਦੇ ਬਾਵਜੂਦ ਤੱਤੀਆਂ ਤਵੀਆਂ ਤੇ ਬੈਠ ਰਹੇ ਨੇ।

***ਧੰਨਜ ਧੰਨਜ ਸਭਿ ਕਰਹਿੰ ਬਖਾਨਾ।***
***ਇਨ ਤੇ ਬਿਨਾ ਨ ਐਸੋ ਆਨਾ।***

ਕੋਈ ਹੋਰ ਕਰ ਹੀ ਨਹੀਂ ਸੀ ਸਕਦਾ। ਸੋ ਐਸ ਤਰ੍ਹਾਂ ਦੀ ਘਟਨਾ ਨੇ ਸਿੱਧ ਵੀ ਹਿਲਾ ਦਿਤੇ ਤੇ ਸਮਾਧੀਆਂ ਦੇ ਅੰਦਰੋਂ ਗੋਰਖ ਆ ਗਿਆ, ਗੋਰਖ ਦਾ ਸੁਭਾਅ ਸੀ, ਸ਼ਕਤੀਆਂ ਵਾਲਾ ਸੀ, ਆਇਆ, ਆਉਂਦੇ ਨੇ ਹੀ ਸਾਰੇ ਪਹਿਰੇਦਾਰ ਬੇਹੋਸ਼ ਕਰ ਦਿਤੇ, ਮਹਾਰਾਜ ਕੋਲ ਆ ਗਿਆ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਇਹ ਤੁਸੀਂ ਕੀ ਕਰ ਰਹੇ ਹੋਂ। ਇਹ ਤਾਂ ਇਹ ਚਾਮਲ ਜਾਣਗੇ, ਜੇ ਨਾ ਦਿਖਾਇਆ ਤਾਂ ਇਹ ਤਾਂ ਸਾਰੇ ਸੰਤਾਂ ਨੂੰ ਕਸ਼ਟ ਦੇਣ ਲਗ ਜਾਣਗੇ। ਇਨ੍ਹਾਂ ਨੂੰ ਤਾਂ ਸਬਕ ਦੇਣਾ ਚਾਹੀਦਾ। ਮੈਨੂੰ ਇਹ ਆਗਿਆ ਦੇਵੋ ਕਿ ਮੈਂ ਇਸ ਸ਼ਹਿਰ ਨੂੰ, ਇਸ ਹਵੇਲੀ ਨੂੰ ਹੀ ਗਰਕ ਕਰ ਦੇਵਾਂ। ਮੀਆਂ ਮੀਰ ਵੀ ਆ ਗਏ ਮਹਾਰਾਜ! ਕ੍ਰਿਪਾ ਕਰੋ।

ਮਹਾਰਾਜ ਕਹਿਣ ਲੱਗੇ, ਮੀਆਂਮੀਰ! ਗੋਰਖ! ਕਬੀਰ ਸਾਹਿਬ ਦਾ ਅੱਗ ਵਿਚ ਨਿਕਲ ਆਉਂਣਾ, ਠੀਕ ਹੈ ਉਨ੍ਹਾਂ ਦਾ ਨਿੱਜੀ ਕੰਮ ਸੀ। ਉਥੇ ਸਵਾਲ ਹੋਰ ਸੀ। ਸਾਡੇ ਵਾਲਾ ਨਹੀਂ ਸੀ। ਉਥੇ ਇਹ ਸੀ ਕਿ ਸੰਤ ਦਾ ਰਾਜਸੀ ਸ਼ਕਤੀ ਨਾਲ ਵਾਹ ਪਿਆ ਹੈ ਤੇ ਉਥੇ ਅਕਾਲ ਪੁਰਖ ਦਾ ਜਿਹੜਾ ਅਸੂਲ ਹੈ ਉਹ ਇਹ ਹੈ -

***ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥***
***ਸਦਾ ਅਭਗੁ ਦੀਬਾਣੁ ਹੈ***
***ਹਉ ਤਿਸੁ ਨਮਸਕਾਰਦਾ॥ ਅੰਗ - ੫੧੯***

ਉਥੇ ਇਹ ਅਸੂਲ ਕੰਮ ਕਰਦਾ ਸੀ। ਭਗਤਾਂ ਨੂੰ ਦੁਖੀ ਕੀਤਾ ਜਾਵੇ ਪ੍ਰਮੇਸ਼ਰ ਉਨ੍ਹਾਂ ਦੀ ਰਖਸ਼ਾ ਕਰਦਾ ਸੀ। ਚਾਹੇ ਪ੍ਰਹਿਲਾਦ ਵੇਲੇ ਥੰਮ ਦੇ ਵਿਚੋਂ ਪ੍ਰਗਟ ਹੋ ਗਿਆ ਸੀ, ਚਾਹੇ ਕਬੀਰ ਸਾਹਿਬ ਨੇ ਉਹ ਨਾ ਜਲਣ ਦਿਤੇ, ਨਾ ਪਾਣੀ ਵਿਚ ਡੁਬਣ ਦਿਤੇ। ਨਾ ਧਰਤੀ ਵਿਚ ਦਬਣ ਦਿਤੇ, ਚਾਹੇ ਨਾਮਦੇਵ ਜੀ ਨੇ, ਕੋਈ ਹੈ ਵਾਹਿਗੁਰੂ ਜੀ ਨੇ ਸੰਤਾਂ ਦੇ ਰਖਸ਼ਾ ਕਰਨੀ ਹੀ ਕਰਨੀ ਹੈ। ਪਰ ਇਹ ਜਿਹੜਾ ਅਸੀਂ ਇਕ ਸਬਕ ਦੇ ਰਹੇ ਹਾਂ ਸਬਰ ਤੇ ਸ਼ੁਕਰ ਦਾ। ਐਸੇ ਹਾਲਾਤ ਵਿਚ ਕਿਵੇਂ ਸਬਰ ਤੇ ਸ਼ੁਕਰ ਰੱਖਿਆ ਜਾ ਸਕਦਾ ਹੈ, ਸਾਰੀਆਂ ਸ਼ਕਤੀਆਂ ਦੇ ਹੁੰਦੇ ਹੋਏ।

ਸ਼ਕਤੀ ਗੁਰੂ ਘਰ 'ਚ ਘੱਟ ਹੈ? ਬਗਦਾਦ ਦੇ ਪੀਰ ਨੇ ਸਾਰੇ ਬਗਦਾਦ ਨੂੰ ਕਹਿ ਦਿਤਾ ਕਿ ਪੱਥਰ ਮਾਰ ਕੇ ਮਾਰ ਦਿਓ, ਸੰਗ ਸਾਰ ਕਰ ਦਿਓ ਗੁਰੂ ਨਾਨਕ ਸਾਹਿਬ ਨੂੰ। ਸਾਰਾ ਬਗਦਾਦ ਪੱਥਰ ਚੁੱਕੀਂ ਆਉਂਦਾ ਹੈ, ਮਰਦਾਨਾ ਕਹਿੰਦਾ ਸੱਚੇ ਪਾਤਸ਼ਾਹ! ਦੇਖੋ ਕਿੰਨੇ ਬੰਦਿਆਂ ਦੇ ਹੱਥ ਵਿਚ ਪੱਥਰ ਨੇ। ਕਹਿੰਦੇ, ਤੈਨੂੰ ਕੀ ਫਿਕਰ ਹੈ? ਦੇਖ ਨਿਰੰਕਾਰ ਦੇ ਰੰਗ।

ਇਕ ਦਮ ਬਾਹਾਂ ਚੁੱਕ ਕੇ ਜਦੋਂ ਸਭ ਮਾਰਨ ਲੱਗੇ, ਪੱਥਰ ਹੱਥਾਂ ਨਾਲ ਹੀ ਚਿੰਬੜ ਗਏ, ਬਾਹਾਂ ਉਪਰ ਹੀ ਰਹਿ ਗਈਆਂ ਸਭ ਦੀਆਂ। ਉਹ ਕਹਿੰਦੇ ਇਹ ਸਮਾਂ ਹੀ ਐਸਾ ਸੀ, ਉਥੇ ਖੇਲ੍ਹ ਹੀ ਐਸੀ ਹੋਣੀ ਸੀ।

ਇਹ ਤਾਂ ਹੁਣ ਬਦੀ ਤੇ ਨੇਕੀ ਦਾ ਬੜਾ ਭਾਰਾ ਸੰਘਰਸ਼ ਹੈ। ਇਹ ਕਿਤੇ ਹਟਣ ਵਾਲਾ ਹੈ ਇਹ ਤਾਂ ਚੱਲਣਾ ਹੈ। ਬਹੁਤ ਦੇਰ ਤੱਕ ਚਲਣਾ ਹੈ, ਸੋ ਅਸੀਂ ਗਾਈਡ ਲਾਈਨਜ਼ ਦੇ ਰਹੇ ਹਾਂ ਸਾਰਿਆਂ ਵਾਸਤੇ, ਜਿਹੜੀਆਂ ਆਉਣ ਵਾਲੀਆਂ ਨਸਲਾਂ ਨੇ, ਗੁਰਸਿੱਖ ਨੇ ਉਨ੍ਹਾਂ ਨੇ ਬੇਅੰਤ ਕਸ਼ਟਾਂ ਵਿਚੋਂ ਆਪਣੇ ਆਪ ਨੂੰ ਲੰਘਾਉਣਾ ਹੈ। ਉਹ ਥਿਰ ਨਹੀਂ ਰਹਿਣੇ ਫੇਰ ਗੋਰਖ ਡੋਲ ਜਾਣਗੇ ਸਾਰੇ। ਸੋ ਅਸੀਂ ਸਬਰ ਤੇ ਸ਼ੁਕਰ ਦਾ ਸਬਕ ਦੇ ਰਹੇ ਹਾਂ।

ਇਕ ਵਾਰੀ ਈਰਾਨ ਦੇ ਬਾਦਸ਼ਾਹ ਨੂੰ ਇਹਦੇ ਮਾਇਅਨੇ ਸਮਝਣ ਦੀ ਲੋੜ ਪਈ, ਪਤਾ ਲੱਗਿਆ ਕਿ ਦਿੱਲੀ ਔਰੰਗਜ਼ੇਬ ਦੀ ਕੈਦ ਵਿਚ ਪੂਰਨ ਤੱਤ ਬੇਤਾ ਮਹਾਂਪੁਰਸ਼ ਕੈਦ ਹੈ। ਉਹ ਇਹਦੇ ਅਰਥ ਸਹੀ ਕਰ ਸਕਦਾ ਹੈ। ਕਾਜ਼ੀਆਂ ਮੁਲਾਣਿਆਂ ਤੋਂ ਨਹੀਂ ਹੋ ਸਕਦਾ। ਅਬੈਂਸਡਰ ਭੇਜ ਦਿਤਾ ਗਿਆ ਤੇ ਉਥੇ ਗਿਆ ਤਾਂ ਸੱਤ ਤਾਲਿਆਂ ਦੇ ਅੰਦਰ ਬੰਦ ਹੈ। ਜਾਂਦੇ ਸਾਰ ਸਾਰੇ ਤਾਲੇ ਖੁਲ੍ਹ ਗਏ, ਅੰਦਰ ਗਿਆ ਦੇਖਿਆ ਤਾਂ ਫਕੀਰ ਬੈਠਾ ਹੈ ਜੇਲ੍ਹ ਦੇ ਵਿਚ। ਕਹਿਣ ਲੱਗਿਆ, ਕਿਵੇਂ ਆਏ? ਉਸ ਨੇ ਕਿਹਾ ਕਿ ਮੈਨੂੰ ਬਾਦਸ਼ਾਹ ਨੇ ਭੇਜਿਆ ਹੈ, ਈਰਾਨ ਦੇ ਨੇ। ਇਨ੍ਹਾਂ ਤੋਂ ਮੈਂ ਮਨਜ਼ੂਰੀ ਲਈ ਹੈ ਤੇ ਮੈਂ ਸਬਰ ਤੇ ਸ਼ੁਕਰ ਦਾ ਅਰਥ ਪੁੱਛਣ ਆਇਆ ਹਾਂ। ਕਹਿੰਦੇ ਜੇ ਪੁੱਛਣਾ ਹੈ ਤਾਂ ਦੋ ਗਜ਼ ਕੱਪੜਾ ਲੈ ਕੇ ਆਈਂ, ਇਕ ਮਸਕ ਪਾਣੀ ਦੀ ਲਿਆਈਂ ਇਸ਼ਨਾਨ ਕਰਿਆ ਨੂੰ ਬੜੀ ਦੇਰ ਹੋ ਗਈ, ਸੈਲ 'ਚ ਪਾ ਛੱਡਿਆ ਇਸ ਮੂਰਖ ਬਾਦਸ਼ਾਹ ਨੇ। ਦੂਸਰੇ ਦਿਨ ਅਬੈਂਸਡਰ ਆਇਆ ਕੱਪੜਾ ਤੇੜ ਪਹਿਨ ਲਿਆ, ਬੈਠ ਗਏ ਐਨੇ ਨੂੰ ਕੋਰੜੇ ਮਾਰਨ ਵਾਲਾ ਆ ਗਿਆ, 101 ਕੋਰੜਾ ਰੋਜ਼ ਮਾਰਿਆ ਕਰਦੇ ਸੀ, ਜਦੋਂ ਸ਼ੁਰੂ ਕਰਿਆ ਪਹਿਲੇ ਕੋਰੜੇ ਤੇ ਹੀ ਆਪ ਉਂਗਲੀ ਹਿਲਾਉਣ ਲੱਗ ਗਏ ਉਪਰ ਨੂੰ ਦੇਖ ਕੇ। 51 ਲੱਗ ਗਏ। ਜਲਾਦ ਪਰ੍ਹੇ ਹੱਟ ਗਿਆ, ਥੋੜ੍ਹੀ ਦੇਰ ਦਮ ਲੈਣ ਲਗ ਗਿਆ। ਸੁਰਮੱਦ ਕਹਿਣ ਲੱਗਿਆ ਕਿ ਸਮਝ ਵਿਚ ਆਇਆ ਤੇਰੇ ਕੁੱਛ? ਉਸ ਨੇ ਕਿਹਾ ਕਿ ਨਾ ਮਹਾਰਾਜ! ਮੇਰੇ ਕੁਛ ਨਹੀਂ ਸਮਝ ਆਇਆ।

ਕਹਿੰਦੇ, ਹੁਣ ਸਮਝੀਂ ਅਸੀਂ ਤੈਨੂੰ ਉਹ ਨੇਤਰ

ਦੇ ਦਿੰਦੇ ਹਾਂ ਜਿਹੜੇ ਗੈਬ ਵਿਚ ਝਾਕ ਸਕਣ। ਜਦੋਂ ਪੰਜਾਹ ਦੂਜੀ ਵਾਰੀ ਮਾਰੇ, ਕੀ ਦੇਖਦਾ ਹੈ, ਸਾਰੀਆਂ ਸ਼ਕਤੀਆਂ, ਅਸਮਾਨੀ ਫਰਿਸ਼ਤੇ ਖੜ੍ਹੇ ਹੱਥ ਬੰਨ੍ਹੀਂ ਖੜ੍ਹੇ ਨੇ ਕਿ ਹੁਕਮ ਕਰੋ, ਅਸੀਂ ਇਹਦਾ ਮੂਲ ਹੀ ਪੁੱਟ ਦੇਈਏ, ਖਤਮ ਕਰ ਦੇਈਏ। ਸੁਰਮੱਦ ਨਾ-ਨਾ ਕਰੀ ਜਾਂਦਾ ਹੈ। ਜਦੋਂ ਪੂਰੇ ਲੱਗ ਚੁੱਕੇ ਤਾਂ ਕਹਿੰਦੇ ਹੁਣ ਤੇਰੀ ਸਮਝ ਵਿਚ ਆਇਆ ਕੁਛ?

ਕਹਿੰਦਾ ਨਹੀਂ ਮਹਾਰਾਜ! ਤੁਸੀਂ ਸਮਝਾਓ। ਮੇਰੀ ਸਮਝ ਵਿਚ ਨਹੀਂ ਆਇਆ।

ਕਹਿੰਦੇ ਦੇਖ, ਐਨੀਆਂ ਗੈਬੀ ਸ਼ਕਤੀਆਂ ਮੇਰੇ ਹੱਥ ਵਿਚ ਨੇ। ਜੇ ਮੈਂ ਇਕ ਫੁਰਨਾ ਕਰ ਦੇਵਾਂ ਔਰੰਗਜ਼ੇਬ ਦਾ ਰਾਜ ਐਉਂ ਉਡ ਜਾਏਗਾ ਜਿਵੇਂ ਰੂੰ ਦੇ ਫੰਬੇ ਉਡ ਜਾਂਦੇ ਨੇ। ਕੁਛ ਨਹੀਂ ਬਚਣਾ। ਲੇਕਿਨ ਮੈਂ ਐਨੀਆਂ ਸ਼ਕਤੀਆਂ ਦਾ ਮਾਲਕ ਹੁੰਦਾ ਹੋਇਆ, 101 ਕੋਰੜਾ ਰੋਜ਼ ਖਾ ਰਿਹਾ ਹੈ, ਇਹਨੂੰ ਸਬਰ ਕਹਿੰਦੇ ਨੇ।

ਐਨੇ ਨੂੰ ਪਿਆਲਾ ਆ ਗਿਆ ਪਾਣੀ ਪੀਣ ਵਾਲਾ। ਨਮਕ ਪਾਇਆ ਹੋਇਆ। ਉਸ ਵੇਲੇ ਕੀ ਦੇਖਦਾ ਹੈ ਅਸਮਾਨੀ ਸ਼ਕਤੀਆਂ ਹੱਥ ਬੰਨ੍ਹਦੀਆਂ ਨੇ, ਪੀਰ ਜੀ! ਆਹ ਚੀਜ਼ਾਂ ਅਸੀਂ ਤੁਹਾਡੇ ਵਾਸਤੇ ਲੈ ਕੇ ਆਏ ਹਾਂ, ਤੁਸੀਂ ਅੰਗੀਕਾਰ ਕਰੋ। ਰਿਧੀਆਂ ਸਿਧੀਆਂ 36 ਪ੍ਰਕਾਰ ਦੇ ਭੋਜਨ ਲਈ ਖੜ੍ਹੀਆਂ ਨੇ। ਕਹਿੰਦੇ, ਨਹੀਂ। ਪਿਆਲਾ ਪੀ ਕੇ ਕਹਿਣ ਲੱਗੇ ਕਿ ਅੱਲਾਹ ਤਾਲਾ! ਤੇਰੇ ਸ਼ੁਕਰ ਹੈ, ਤੂੰ ਭੇਜਦਾ ਤਾਂ ਹੈਂ ਨਾ ਪਾਣੀ। ਚਾਹੇ ਨਮਕ ਵਾਲਾ ਹੀ ਭੇਜੇ।

ਸੋ ਮਹਾਰਾਜ ਕਹਿਣ ਲੱਗੇ ਕਿ ਪਿਆਰਿਓ! ਅਸੀਂ ਤਾਂ ਸਬਕ ਦੇ ਰਹੇ ਹਾਂ, ਸਬਰ ਤੇ ਸ਼ੁਕਰ ਦਾ। ਓਸ ਵੇਲੇ ਗੋਰਖ ਕਹਿਣ ਲੱਗਿਆ ਕਿ ਠੀਕ ਹੈ ਮਹਾਰਾਜ। ਲੇਕਿਨ ਇਹ ਖੇਲ੍ਹ ਬੜੀ ਔਖੀ ਹੈ, ਆਉਣ ਵਾਲੇ ਸੰਤਾਂ ਨੂੰ ਇਹ ਬੜਾ ਦੁਖ ਦੇਣਗੇ ਇਹ ਲੋਕ। ਤੁਸੀਂ ਸਰਾਫ ਦੇ ਦਿਓ, ਸ਼ਕਤੀ ਵਰਤ ਲਓ। ਮਹਾਰਾਜ ਕਹਿੰਦੇ ਕੀਹਨੂੰ ਸਰਾਫ ਦੇ ਲਈਏ-

***ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,***
***ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥***
***ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,***
***ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥***
***ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,***
***ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥***
***ਕਹੂੰ ਬੇਦ ਗੀਤ ਕਹੂੰ ਤਾ ਸਿਉ ਬਿਪ੍ਰੀਤ***
***ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥***
***ਤ੍ਵਪ੍ਰਸਾਦਿ ਕਬਿੱਤ***

ਕਹਿਣ ਲੱਗੇ, ਮਹਾਂਪੁਰਸ਼ੋ! ਸਰਾਫ ਤਾਂ ਦਿਤਾ ਜਾਂਦਾ ਹੈ, ਜੇ ਇਥੇ ਕੋਈ ਹੋਰ ਹੋਵੇ।

***ਮਨਿ ਸਾਚਾ ਮੁਖਿ ਸਾਚਾ ਸੋਇ ॥***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥***
***ਅੰਗ - ੨੭੨***

ਇਹ ਤਾਂ ਆਪੇ ਹੀ ਹੈ।

***ਏਕੋ ਏਕੁ ਕਹੈ ਸਭੁ ਕੋਈ***
***ਹਉਮੈ ਗਰਬੁ ਵਿਆਪੈ ॥***
***ਅੰਤਰਿ ਬਾਹਰਿ ਏਕੁ ਪਛਾਣੈ***
***ਇਉ ਘਰੁ ਮਹਲੁ ਸਿਞਾਪੈ ॥ ਅੰਗ - ੯੩੦***

ਮਹਾਰਾਜ ਕਹਿੰਦੇ ਨੇ ਕਿ ਪਛਾਣ ਵੀ ਹੈ ਕਿ ਐਵੇਂ ਹੀ ਕਹੀ ਜਾਂਦਾ ਹੈ ਕਿ ਰੱਬ ਹੀ ਐਥੇ।

ਇਹ ਇਕ ਅਵਸਥਾ ਹੈ ਜੋ ਗੁਰੂ ਨਾਨਕ ਪਾਤਸ਼ਾਹ ਨੇ ਤੱਤੀਆਂ ਤਵੀਆਂ ਤੇ ਬੈਠ ਕੇ ਪ੍ਰਤੱਖ ਰੂਪ ਵਿਚ ਉਹਦਾ ਹੱਲ ਕਰ ਦਿਤਾ।

ਬਾਬਾ ਕਰਮ ਸਿੰਘ ਜੀ ਮਹਾਰਾਜ ਨੇ ਐਲਾਨ ਕਰ ਦਿਤਾ ਕਿ ਅਸੀਂ ਫਲਾਣੀ ਤਰੀਕ ਨੂੰ ਚਲੇ ਜਾਣਾ, ਸੰਗਤਾਂ ਇਕੱਠੀਆਂ ਹੋ ਗਈਆਂ, ਬਹੁਤ ਬਿਰਹਾ ਹੋਣ ਲਗ ਗਿਆ। ਉਸ ਵੇਲੇ ਬਾਬਾ ਜੀ ਦੇ ਪਾਸ ਛੋਟੇ ਸੰਤ ਬਾਬਾ ਲਾਲ ਸਿੰਘ ਜੀ ਸੰਗਤ ਨੂੰ ਲੈ ਕੇ, ਬਾਬਾ ਜੀ ਤੁਸੀਂ ਸਮਰੱਥ ਪੁਰਸ਼ ਹੋਂ। ਹੋਰ ਠਹਿਰੋ। ਕਹਿੰਦੇ, ਲਾਲ ਸਿੰਘਾ! ਫੇਰ ਐਉਂ ਕਰ ਜਾਂਦੇ ਹਾਂ, ਦੋ ਸਾਲ, ਦੋ ਮਹੀਨੇ, ਦੋ ਦਿਨ ਤੇਰਾ ਸਮਾਂ ਰਹਿੰਦਾ ਹੈ, ਅਸੀਂ ਤੇਰੇ ਵਾਲੇ ਸਮਾਂ ਲੈ ਲੈਂਦੇ ਹਾਂ, ਤੂੰ ਸਾਡੇ ਵਾਲਾ ਲੈ ਲੈ, ਕਹਿੰਦੇ ਸਾਢੇ ਚਾਰ ਵਜੇ ਵਾਸਤੇ ਤਿਆਰ ਹੋ ਜਾ, ਸਾਢੇ ਚਾਰ ਠੀਕ ਅਸੀਂ ਚਲੇ ਜਾਣਾ ਹੈ ਇਥੋਂ। ਬਾਬਾ ਜੀ ਇਸ਼ਨਾਨ ਕਰਕੇ ਲੰਗਰ ਵਰਤਾਉਂਦੇ ਸੀ। ਚਾਰ ਵਜੇ ਇਸ਼ਨਾਨ ਕਰਕੇ ਪਹੁੰਚ ਕੇ ਬਹੁਤ ਬੇਨਤੀ ਦੇ ਸ਼ਬਦ ਪੜ੍ਹਨ ਤੋਂ ਬਾਅਦ ਚਾਰ ਵਜ ਕੇ 25 ਮਿੰਟ ਤੇ ਜਪੁਜੀ ਸਾਹਿਬ ਦਾ ਭੋਗ ਪੈ ਕੇ ਬਕਸੇ ਵਿਚ ਪੈ ਗਏ। ਅੰਦਰ ਹੀ ਬੇਨਤੀਆਂ ਕਰਦੇ ਨੇ, ਬਾਬਾ ਕਰਮ ਸਿੰਘ ਜੀ ਕਹਿਣ ਲੱਗੇ, ਭਾਈ ਸਾਢੇ ਚਾਰ ਹੋ ਗਏ ਦੇਖੋ ਜਾ ਬਾਬਾ ਲਾਲ ਸਿੰਘ ਉਹਨੇ ਚਲੇ ਗਏ। ਗੋਰੇ ਵੀ ਬੈਠੇ ਨੇ ਜਰਨੈਲ ਉਥੇ, ਸਾਰੀ ਦੁਨੀਆਂ ਬੈਠੀ ਹੈ। ਹੱਥ ਲਾਇਆ, ਉਥੇ ਕੁਛ ਨਹੀਂ ਹੈ।

ਅੱਜਕਲ੍ਹ ਦਾ ਜ਼ਮਾਨਾ ਹੁੰਦਾ ਤਾਂ ਕਹਿੰਦੇ ਬਕਸੇ ਦੇ ਥੱਲੇ ਬਿਜਲੀ ਲਾਈ ਹੋਣੀ ਹੈ। ਗੁਰੂ ਮਹਾਰਾਜ ਦਾ ਫੁਰਮਾਨ ਹੈ-

***ਗੁਰਮੁਖ ਆਵੈ ਜਾਏ ਨਿਸੰਗੁ॥***

ਸਰੀਰ ਛੱਡਣ ਤੋਂ ਬਾਅਦ ਫੇਰ ਆ ਜਾਂਦਾ ਹੈ। ਸਵਾਮੀ ਰਾਮ ਜੀ ਲਿਖਦੇ ਨੇ 'ਹਿਮਾਲੀਅਨ ਯੋਗੀ ਦੇ ਸੰਗ' ਵਿਚ ਇਕ ਸੰਤ ਕੋਲ ਇਨ੍ਹਾਂ ਦੇ ਗੁਰੂ ਜੀ ਨੇ

ਭੇਜਿਆ ਕਿ ਜਾਹ ਉਹਦੇ ਕੋਲ ਤੇ ਜਾ ਕੇ ਪੁਛ ਕਿ ਉਹ ਕਿਵੇਂ ਭਜਨ ਕਰਦੇ ਨੇ। ਸਵਾਮੀ ਜੀ ਲਿਖਦੇ ਨੇ ਕਿ 89 ਸੰਤਾਂ ਦੇ ਕੋਲ ਮੈਂ ਗਿਆ, ਉਨ੍ਹਾਂ ਦੇ ਭਗਤੀ ਦੇ ਤਰੀਕੇ, ਉਨ੍ਹਾਂ ਦੀਆਂ ਗੱਲਾਂ ਸਾਰੀਆਂ ਦਾ ਅਨੁਭਵ ਹੈ। ਜਦੋਂ ਉਥੇ ਗਿਆ, 9 ਮੀਲ ਦੂਰ ਸੀ, ਉਥੇ ਉਨ੍ਹਾਂ ਨੇ ਪ੍ਰਸ਼ਾਦਾ ਭੇਜ ਦਿਤਾ 9 ਮੀਲ ਤੇ। ਜਿਹੜਾ ਲੈ ਕੇ ਆਇਆ, ਉਸ ਨੇ ਕਿਹਾ ਕਿ ਤੁਸੀਂ ਆ ਰਹੇ ਸੀ, ਉਨ੍ਹਾਂ ਨੇ ਕਿਹਾ ਕਿ ਉਹ ਭੁੱਖਾ ਹੈ, ਜਾਹ 9 ਮੀਲ ਚਲਿਆ ਜਾਹ, ਉਥੇ ਜਾ ਕੇ ਪ੍ਰਸ਼ਾਦਾ ਦੇ ਦੇਈਂ ਫਲਾਣੇ ਰਸਤੇ ਆ ਜਾਈਂ। ਉਹ ਕਹਿਣ ਲੱਗੇ ਕਿ ਮੈਂ ਏਸ ਗੱਲ ਨੂੰ ਕੋਈ ਬਹੁਤਾ ਨਾ ਗੋਲਿਆ। ਕਿਉਂਕਿ ਅਸੀਂ ਵੀ **sense** ਕਰ ਜਾਂਦੇ ਹਾਂ ਕਿ ਫਲਾਣਾ ਬੰਦਾ ਆ ਰਿਹਾ ਹੈ। ਇਹ ਕੋਈ ਵੱਡੀ ਗੱਲ ਨਹੀਂ ਹੈ ਸਾਧਾਰਣ ਗੱਲ ਹੈ ਯੋਗ ਦੇ ਅੰਦਰ। ਉਸ ਤੋਂ ਬਾਅਦ ਜਦੋਂ ਮੈਂ ਚਲਿਆ ਗਿਆ ਉਥੇ ਤਾਂ ਮੈਂ ਜਾ ਕੇ ਉਹਨੂੰ ਪੁਛਿਆ ਕਿ ਕਿਵੇਂ ਆਏ, ਮੈਂ ਕਿਹਾ ਮੈਂ ਤਾਂ ਤੁਹਾਡੇ ਤੋਂ ਆਹ ਗੱਲਾਂ ਪੁੱਛਣ ਆਇਆ ਸੀ। ਕਹਿਣ ਲੱਗੇ, ਮਿਸਟਰ ਯੂ ਆਰ ਟੂ ਲੇਟ। ਕਿਉਂਕਿ ਮੈਂ ਫੈਸਲਾ ਕਰ ਲਿਆ ਸੰਸਾਰ ਤੋਂ ਜਾਣ ਦਾ। ਸਵੇਰੇ ਮੈਂ ਚਲਿਆ ਜਾਣਾ। ਰਹਿ ਤੂੰ ਇਥੇ। ਕਹਿੰਦੇ, ਮੈਂ ਰਹਿ ਪਿਆ, ਸਵੇਰੇ ਉਹਦੇ ਸਾਰੇ ਸੇਵਕ ਇਕੱਠੇ ਹੋ ਗਏ। ਐਉਂ ਆਰਾਮ ਨਾਲ ਬੈਠਾ ਸੀ, ਬੈਠਾ-ਬੈਠਾ ਕਹਿਣ ਲੱਗਿਆ ਕਿ ਮੈਂ ਤਾਂ ਚੱਲਿਆ। ਵਿਚੋਂ ਸਰੀਰ ਦੇ ਨਿਕਲ ਗਿਆ, ਮੁਰਦਾ ਸਰੀਰ ਹੋ ਗਿਆ, ਝਗੜਾ ਪੈ ਗਿਆ, ਈਸਾਈ ਕਹਿੰਦੇ ਅਸੀਂ ਲੈ ਕੇ ਜਾਣਾ ਹੈ, ਮੁਸਲਮਾਨ ਕਹਿੰਦੇ ਅਸੀਂ ਕਬਰਸਤਾਨ 'ਚ ਲੈ ਕੇ ਜਾਣਾ ਹੈ, ਹਿੰਦੂ ਕਹਿੰਦੇ ਇਹ ਤਾਂ ਹੈ ਹੀ ਹਿੰਦੂ ਸਵਾਮੀ ਹੈ, ਅਸੀਂ ਤਾਂ ਇਹਨੂੰ ਸ਼ਮਸ਼ਾਨ ਭੂਮੀ 'ਚ ਲੈ ਕੇ ਜਾਣਾ ਹੈ।

ਡੀ.ਸੀ. ਆ ਗਿਆ, ਐਸ.ਪੀ. ਆਗਿਆ, ਪੁਲਿਸ ਆ ਗਈ। ਉਹ ਵੀ ਆਪਣੇ ਸੋਟੇ ਵਗੈਰਾ ਚੁੱਕ ਲਿਆਏ ਕਿ ਅਸੀਂ ਜ਼ਬਰਦਸਤੀ ਚੁੱਕ ਲਿਆਉਣਾ ਹੈ ਸਵਾਮੀ ਜੀ ਨੂੰ। ਚਾਰ ਘੰਟੇ ਰੌਲਾ ਪੈਂਦਾ ਰਿਹਾ। ਜਦੋਂ ਚਾਰ ਘੰਟੇ ਹੋ ਗਏ, ਉਹ ਸਾਰਿਆਂ ਪੁੱਛਣ ਕਿ ਮੁਸਲਮਾਨ ਕਿ ਕਿਵੇਂ ਹੈ। ਈਸਾਈਆਂ ਨੂੰ ਪੁੱਛਣ ਈਸਾਈ ਕਿਵੇਂ ਹੈ, ਉਹ ਕਹਿੰਦੇ ਕਿ ਇਹ ਸਾਨੂੰ ਕੁਰਾਨ ਸ਼ਰੀਫ ਦਾ ਉਪਦੇਸ਼ ਦਿੰਦਾ ਹੈ। ਈਸਾਈ ਕਹਿੰਦੇ ਸਾਨੂੰ ਬਾਈਬਲ ਦਾ ਦਿੰਦਾ ਸੀ। ਹਿੰਦੂਆਂ ਨੂੰ ਪੁਛਿਆ ਉਹ ਕਹਿੰਦੇ ਸਾਨੂੰ ਤਾਂ ਗੀਤਾ ਦਾ, ਵੇਦਾਂ ਦਾ ਉਪਦੇਸ਼ ਦਿੰਦਾ ਸੀ। ਉਪਦੇਸ਼ ਤਾਂ ਮਹਾਤਮਾ ਦਾ ਸਾਂਝਾ ਹੁੰਦਾ ਹੈ, ਉਹਨੂੰ ਚਾਹੇ ਬਾਈਬਲ ਨਾਲ ਜੋੜ ਲਓ, ਚਾਹੇ ਕੁਰਾਨ ਸ਼ਰੀਫ ਨਾਲ ਜੋੜ ਲਓ, ਚਾਹੇ ਗੁਰੂ ਗ੍ਰੰਥ ਸਾਹਿਬ ਨਾਲ ਜੋੜ ਲਓ ਇਕੋ ਹੀ ਗੱਲ ਹੈ। ਤੱਤ ਦੀ ਗੱਲ ਇਕੋ ਹੀ ਹੈ। ਫੈਸਲਾ ਓਹ ਵੀ ਨਾ ਕਰ ਸਕੇ।

ਤਾਂ ਮੈਨੂੰ ਕਹਿਣ ਲੱਗੇ ਕਿ ਸਵਾਮੀ! ਤੂੰ ਦੱਸ ਕਿ ਤੇਰੀ ਕੀ ਰਾਏ ਹੈ। ਮੈਂ ਕਿਹਾ, ਮੈਂ ਤਾਂ ਕੱਲ੍ਹ ਆਇਆ ਸੀ, ਏਸ ਸੰਤ ਨੇ ਤਾਂ ਝਗੜਾ ਹੀ ਪਾ ਦਿਤਾ, ਖਾਹਮਖਾਹ, ਮਰਿਆ ਕਾਹਦਾ ਹੈ। ਕਹਿੰਦਾ, ਮੈਂ ਹੈਰਾਨ ਹੋ ਗਿਆ, ਉਠ ਕੇ ਬੈਠ ਕੇ ਮੈਨੂੰ ਕਹਿੰਦਾ ਕਿ ਕਿਹੜਾ ਝਗੜਾ ਪਾਇਆ ਹੈ ਮੈਂ। ਕਹਿੰਦਾ, ਹਿੰਦੂ ਗੈਟ ਆਉਟ, ਸਾਰਿਆਂ ਨੂੰ ਕੱਢ ਦਿਤਾ, ਮੁਸਲਮਾਨ ਕਹਿੰਦੇ ਅਸੀਂ ਰਹਿ ਗਏ, ਉਨ੍ਹਾਂ ਨੂੰ ਵੀ ਕੱਢ ਦਿਤਾ, ਈਸਾਈ ਵੀ ਕੱਢ ਦਿਤੇ। ਕਹਿੰਦਾ ਕਿੰਨੇ ਮੂਰਖ ਬੰਦੇ ਨੇ। ਹੁਣ ਨਹੀਂ ਤੁਹਾਡੇ ਹੱਥ ਆਉਂਦਾ।

ਮੈਂ ਸੰਤ ਜੀ! ਤੁਸੀਂ ਇਨ੍ਹਾਂ ਨੂੰ ਦੱਸਿਆ ਕਿਉਂ ਨਹੀਂ। ਕਹਿੰਦਾ, ਮੈਂ ਕੀ ਦੱਸਦਾ, ਸੰਤਾਂ ਦੀ ਕੋਈ ਜਾਤ ਹੁੰਦੀ ਹੈ। ਜਿਹੜੇ ਸੰਤ ਦੀ ਜਾਤ ਹੈ ਉਹ ਸੰਤ ਹੀ ਨਹੀਂ ਹੈ।

ਇਹ ਵੀ ਉਚੀ ਗੱਲ ਹੈ ਬਹੁਤ। ਸੰਤ ਦੀ ਜਾਤ ਅੱਲਾਹ ਹੁੰਦੀ ਹੈ, ਵਾਹਿਗੁਰੂ ਹੁੰਦੀ ਹੈ।

ਕਹਿਣ ਲੱਗਿਆ, ਹੁਣ ਮੈਂ ਚਾਰ ਪੰਜ ਦਿਨ ਹੋਰ ਰਹਾਂਗਾ, ਤੂੰ ਪੁੱਛ ਲੈ ਜਿਹੜੀਆਂ ਗੱਲਾਂ ਮੇਰੇ ਤੋਂ ਪੁਛਣੀਆਂ ਨੇ। ਮੈਂ ਬਹੁਤ ਬਚਨ ਉਸ ਤੋਂ ਪੁੱਛੇ। ਪੰਜਵੇਂ ਦਿਨ ਕਹਿੰਦਾ ਕਿ ਚਲ, ਸਵਾਮੀ ਆਪਾਂ ਨਾਹ ਕੇ ਆਈਏ। ਕਹਿੰਦੇ, ਮੈਂ ਤਾਂ ਹੁਣ ਚਲਿਆ ਜਾਣਾ ਹੈ, ਲੱਭਣਾ ਨਹੀਂ ਕਿਸੇ ਨੂੰ ਵੀ ਜ਼ੋਰ ਲਾ ਲੈਣ। ਕਹਿੰਦੇ, ਮੈਂ ਵੀ ਨਾਹ ਰਿਹਾ ਸੀ ਤੇ ਉਹ ਵੀ, ਟੁੱਭੀ ਮਾਰੀ, ਮੁੜ ਕੇ ਨਿਕਲੇ ਹੀ ਨਹੀਂ। ਮੈਂ ਰੌਲਾ ਪਾ ਦਿਤਾ ਕਿ ਤੁਹਾਡਾ ਸੰਤ ਤਾਂ ਗਿਆ।

ਬਥੇਰੇ ਨੱਠੇ ਫਿਰੇ, ਥੋੜ੍ਹਾ-ਥੋੜ੍ਹਾ ਪਾਣੀ ਸੀ, ਪਰ ਲੱਭਿਆ ਹੀ ਨਹੀਂ ਉਹ ਕਿਸੇ ਨੂੰ। ਸਰੀਰ ਹੀ ਗੁੰਮ ਕਰ ਲਿਆ।

ਮੈਂ ਬੇਨਤੀ ਕਰਦਾਂ ਹਾਂ ਕਿ ਚਾਹੇ ਗੁਰੂ ਘਰ ਹੈ ਚਾਹੇ ਹੋਰ ਹੈ ਜਿਹੜੀ ਬਿਰਤੀ ਪਹੁੰਚੀ ਹੋਈ ਹੈ, ਕਾਲ ਉਹਦੇ ਹੱਥ ਵਿਚ ਹੁੰਦਾ ਹੈ ਜਦੋਂ ਜੀਅ ਕਰੇ ਆ ਜਾਵੇ, ਜਦੋਂ ਜੀਅ ਕਰੇ ਚਲਿਆ ਜਾਵੇ। ਚਾਰ ਪੰਜ ਘੰਟੇ ਮਰੇ ਨੂੰ ਹੋ ਗਏ ਸੀ, ਫੇਰ ਉਠ ਕੇ ਬਹਿ ਗਿਆ। ਮਰਜ਼ੀ ਨਾਲ ਫੇਰ ਚਲਿਆ ਗਿਆ।

ਗੁਰੂ ਮਹਾਰਾਜ ਜੀ ਸਾਰੀਆਂ ਤਕਲੀਫਾਂ ਸਹਿ ਰਹੇ ਨੇ ਉਸ ਤੋਂ ਬਾਅਦ ਆਪ ਜੀ ਐਸਾ ਇਤਿਹਾਸ ਲਿਖਦੇ ਨੇ ਕਿ ਮਹਾਰਾਜ ਕਹਿੰਦੇ ਨੇ ਕਿ ਇਸ਼ਨਾਨ ਕਰਨਾ ਹੈ, ਕਈਆਂ ਵਿਚ ਐਉਂ ਲਿਖਿਆ ਹੋਇਆ ਹੈ ਕਿ ਉਥੇ ਬਰੇਤੀ ਤੇ ਹੀ ਉਨ੍ਹਾਂ ਨੂੰ ਰੱਖਿਆ ਗਿਆ, ਉਥੇ ਹੀ ਤੜਫ-ਤੜਫ ਕੇ ਉਨ੍ਹਾਂ ਦਾ ਸਰੀਰ ਛੁਟ ਗਿਆ। ਕਈਆਂ ਵਿਚ ਇਹ ਲਿਖਿਆ ਹੋਇਆ ਹੈ ਕਿ ਉਨ੍ਹਾਂ

ਨੂੰ ਹੋਰ ਸਜ਼ਾ ਦੇਣ ਵਾਸਤੇ, ਠੰਢੇ ਪਾਣੀ ਵਿਚ ਗੋਤੇ ਦੇਣ ਲਗ ਗਏ ਕਿ ਛਾਲੇ ਜਿਹੜੇ ਨੇ ਪਏ ਹੋਏ, ਉਹ ਹੋਰ ਦੁਖਣ। ਆਪਣੀ-ਆਪਣੀ ਮੱਤ ਹੈ। ਮਹਿਮਾ ਪ੍ਰਕਾਸ਼ ਨੇ ਕੁਛ ਵੀ ਨਹੀਂ ਲਿਖਿਆ, ਕਿਤੇ ਵੀ ਨਹੀਂ ਕਿ ਤੱਤੀ ਤਵੀ ਤੇ ਬੈਠੇ, ਹੁਣ ਕਿਹੜੇ ਇਤਿਹਾਸ ਨੂੰ ਮੰਨੀਏ ਕਿਹੜੇ ਨੂੰ ਛੱਡੀਏ। ਜੇ ਅਸੀਂ ਆਪਣਾ ਮਤਲਬ ਸਿੱਧ ਕਰਨ ਵਾਸਤੇ ਕਿਸੇ ਦੀ ਬਾਂਹ ਕਿਸੇ ਦੀ ਲੱਤ ਖਿਚਦੇ ਹਾਂ, ਐਉਂ ਕਰਕੇ ਗੁਜ਼ਾਰਾ ਕਰਦੇ ਨੇ ਇਤਿਹਾਸ ਵਿਚ ਤਾਂ ਤੁਹਾਨੂੰ ਸਿੱਧੀ ਗੱਲ ਦੱਸੀਏ। ਇਹ ਤਾਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਨੇ ਕ੍ਰਿਪਾ ਕਰ ਦਿਤੀ, ਸਿੱਕੇਬੰਧ ਕਰ ਦਿਤਾ, ਇਹਦੇ ਕਰਕੇ ਆਪਾਂ ਬਚੇ ਹੋਏ ਹਾਂ, ਇਤਿਹਾਸ ਨਾਲ ਨਹੀਂ ਸੀ ਬਚਣਾ। ਬਹੁਤ ਗਲਤ ਗੱਲਾਂ ਲਿਖ ਦਿੰਦੇ ਨੇ।

ਖੈਰ, ਗੁਰੂ ਮਹਾਰਾਜ ਨੇ ਸਰੀਰ ਛੱਡ ਦਿਤਾ, ਐਸਾ ਲਿਖਿਆ ਹੋਇਆ ਹੈ ਕਿ ਚੰਦਨ ਦੀ ਚਿਖਾ ਤਿਆਰ ਕਰਕੇ ਉਥੇ ਸਸਕਾਰ ਕੀਤਾ। ਕਈ ਥਾਂ ਤੇ ਐਸਾ ਲਿਖਿਆ ਹੈ ਕਿ ਗੁਰੂ ਮਹਾਰਾਜ ਨੇ ਇਸ਼ਨਾਨ ਕਰਨ ਵਾਸਤੇ ਵੜੇ, ਕਹਿੰਦੇ ਲਓ ਬਈ ਅਸੀਂ ਆਪਣਾ ਸਰੀਰ ਜਿਹੜਾ ਹੈ, ਜਿਵੇਂ ਗੁਰੂ ਨਾਨਕ ਸਾਹਿਬ ਨੇ ਅਲੋਪ ਕਰਿਆ ਸੀ, ਅਸੀਂ ਵੀ ਕਰ ਲੈਂਦੇ ਹਾਂ। ਨਹੀਂ ਤਾਂ ਜੇ ਐਨੀ ਪਬਲਿਕ ਸੀ ਗਈ ਹੋਈ, ਤਾਂ ਪਾਣੀ ਤਾਂ ਡੂੰਘਾ ਨਹੀਂ ਸੀ, ਉਥੇ ਟੋਲ੍ਹ ਟਾਲ ਲੈਣਾ ਸੀ ਕਿ ਆਹ ਗੁਰੂ ਸਾਹਿਬ ਦਾ ਸਰੀਰ ਜਾ ਰਿਹਾ ਹੈ।

ਇਹ ਤਾਂ ਉਨ੍ਹਾਂ ਦੀ ਮੌਜ ਦੀ ਪ੍ਰਗਟ ਕਰ ਲੈਣਾ, ਗੁਪਤ ਹੋ ਜਾਣਾ। ਸਰੀਰ ਗੁਪਤ ਕਰ ਲਿਆ। ਸੋ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਐਸੀ ਜੋ ਘਟਨਾ ਹੈ, ਗੁਰ ਇਤਿਹਾਸ ਦੇ ਅੰਦਰ ਬਹੁਤ ਵੱਡੀ ਘਟਨਾ ਹੈ ਜਿਹੜੀ ਸਾਨੂੰ ਬਹੁਤ ਸਾਰੇ ਸਬਕ ਦਿੰਦੀ ਹੈ। ਕੌਮ ਦੀ ਮਜ਼ਬੂਤੀ ਇਸ ਘਟਨਾ ਤੋਂ ਸ਼ੁਰੂ ਹੁੰਦੀ ਹੈ। ਜੇ ਗੁਰੂ ਮਹਾਰਾਜ ਸ਼ਕਤੀਆਂ ਦਿਖਾ ਦਿੰਦੇ, ਨਾ ਅੱਗ ਜਲਣ ਦਿੰਦੇ, ਨਾ ਪਾਣੀ ਗਰਮ ਹੋਣ ਦਿੰਦੇ, ਨਾ ਉਨ੍ਹਾਂ ਦੀਆਂ ਹਥਕੜੀਆਂ ਰਹਿੰਦੀਆਂ, ਫੇਰ ਕੀ ਹੁੰਦਾ। ਫੇਰ ਤਾਂ ਇਹ ਹੋਣਾ ਸੀ ਕਿ ਉਹ ਸ਼ਕਤੀ ਵਾਲੇ ਸੀ, ਸਾਡੇ 'ਚ ਸ਼ਕਤੀ ਨਹੀਂ ਹੈ, ਇਹ ਸੰਘਰਸ਼ ਨਹੀਂ ਸੀ ਚਲ ਸਕਣਾ। ਕੌਮ ਦਾ ਸੰਘਰਸ਼ ਗੁਰੂ ਤੇਗ ਬਹਾਦਰ ਸਾਹਿਬ, ਗੁਰੂ ਦਸਵੇਂ ਪਾਤਸ਼ਾਹ ਮਹਾਰਾਜ, ਗੁਰੂ ਅੱਠਵੇਂ ਪਾਤਸ਼ਾਹ, ਗੁਰੂ ਛੇਵੇਂ ਪਾਤਸ਼ਾਹ, ਗੁਰੂ ਪੰਜਵੇਂ ਪਾਤਸ਼ਾਹ, ਹੋਰ ਅਨੇਕਾਂ ਗੁਰਸਿੱਖ ਭਾਈ ਮਨੀ ਸਿੰਘ ਵਰਗੇ, ਭਾਈ ਤਾਰੂ ਸਿੰਘ ਵਰਗੇ ਸ਼ਕਤੀਆਂ ਸੰਪੰਨ ਸੀਗੇ ਸਾਰੇ। ਲੇਕਿਨ ਉਨ੍ਹਾਂ ਨੇ ਇਕ ਲਾਈਨ ਤੋਰ ਦਿਤੀ ਕਿ ਸੱਚ ਦੇ ਉਤੋਂ ਕੁਰਬਾਨ ਹੋਣਾ, ਸੱਚ ਦੀ ਸ਼ਹਾਦਤ ਦੇਣੀ ਅਤੇ ਸੱਚ ਦੀ ਸ਼ਹਾਦਤ ਦਿੰਦੇ ਜੇ ਸਰੀਰ ਜਾਂਦਾ ਹੈ ਤਾਂ ਜਾਣ ਦਿਓ ਕੋਈ ਗੱਲ ਨਹੀਂ ਹੈ। ਕਿਉਂਕਿ ਸਰੀਰ ਨੇ ਤਾਂ ਲੇਖੇ ਲਗਣਾ ਹੀ ਲਗਣਾ ਹੈ। ਇਹ ਗੱਲ ਉਹ ਹੈ ਕਿ -

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥*

**ਅੰਗ - ੬੨**

ਪਹਿਲੇ ਸਾਧੂ ਜਦੋਂ ਬ੍ਰਹਮਗਿਆਨ ਹੋ ਜਾਂਦਾ, ਪ੍ਰਕਾਸ਼ ਹੋ ਜਾਂਦਾ, ਉਸ ਤੋਂ ਬਾਅਦ ਸਰੀਰ ਦੀ ਲੋੜ ਨਹੀਂ ਸੀ ਸਮਝਦੇ, ਆਪਣੇ ਆਪ ਹੀ ਛੱਡ ਦਿਆ ਕਰਦੇ ਸੀ, ਕਿ ਹੁਣ ਮੈਨੂੰ ਲੋੜ ਨਹੀਂ ਹੈ, ਜੋ ਕੁਛ ਲੈਣਾ ਸੀ ਮਿਲ ਗਿਆ, ਜੋ ਕੁਛ ਪਾਉਣਾ ਸੀ ਪਾ ਲਿਆ, ਜੋ ਕੁਛ ਜਾਨਣਾ ਸੀ ਜਾਣ ਲਿਆ, ਹੁਣ ਇਸ ਤੋਂ ਅੱਗੇ ਕੋਈ ਚੀਜ਼ ਨਹੀਂ। ਲੇਕਿਨ ਗੁਰੂ ਘਰ ਦੇ ਅੰਦਰ ਹੈ ਕਿ ਬ੍ਰਹਮਗਿਆਨ ਦੀ ਪ੍ਰਾਪਤੀ ਕਰਨ ਤੋਂ ਬਾਅਦ ਇਹ ਸਰੀਰ ਨੂੰ ਸ਼ੁਭ ਲੇਖੇ ਵਿਚ ਲਾਓ। ਚਾਹੇ ਤਾਂ ਸੇਵਾ ਕਰੋ ਸੰਗਤਾਂ ਦੀ, ਚਾਹੇ ਕੀਰਤਨ ਨਾਲ ਸੇਵਾ ਕਰੋ, ਚਾਹੇ ਹੋਰ ਤਰੀਕੇ ਨਾਲ ਸੇਵਾ ਕਰੋ। ਸੇਵਾ ਕਰੋ, ਏਸ ਸਰੀਰ ਨੂੰ ਅੰਤ ਸਮੇਂ ਤੱਕ ਜਦੋਂ ਤਕ ਆਖਰੀ ਸ੍ਵਾਸ ਨਹੀਂ ਆਉਂਦਾ ਇਹਨੂੰ ਲੇਖੇ ਵਿਚ ਲਾਓ।

ਸੋ ਗੁਰੂ ਅਰਜਨ ਪਾਤਸ਼ਾਹ ਜੀ ਦੀ ਜੋ ਮਹਿਮਾ ਹੈ, ਉਹਦੇ ਬਾਰੇ ਭੱਟਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਅੰਦਰ, ਐਸੀ ਸ਼ਰਧਾ ਪ੍ਰਗਟਾਈ ਹੈ।

*ਜਪ੍ਉ ਜਿਨ੍ ਅਰਜੁਨ ਦੇਵ ਗੁਰੂ*
*ਫਿਰਿ ਸੰਕਟ ਜੋਨਿ ਗਰਭ ਨ ਆਯਉ ॥*

**ਅੰਗ - ੧੪੦੯**

ਜਿਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਜਪਿਆ, ਸੁਣਿਆ ਹੈ, ਉਹਦਾ ਫਲ ਕੀ ਹੋਇਆ ਉਹ ਗਰਬ ਜੂਨ ਦੇ ਵਿਚ ਫੇਰ ਨਹੀਂ ਆਉਂਦੇ, ਦੁਬਾਰਾ ਨਹੀਂ ਨਜ਼ਰ ਵਿਚ ਆਉਣਗੇ -

*ਜਬ ਲਉ ਨਹੀ ਭਾਗ ਲਿਲਾਰ ਉਦੈ*
*ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ॥*

**ਅੰਗ - ੧੪੦੯**

ਜਿਨ੍ਹਾਂ ਚਿਰ ਮੱਥੇ ਦੇ ਵਿਚ ਭਾਗ ਨਹੀਂ ਸੀ ਲਿਖਿਆ। ਸਾਰੀ ਜ਼ਿੰਦਗੀ ਕੱਢ ਦਿਤੀ ਭਰਮਦਿਆਂ ਨੇ, ਕੋਈ ਥਾਂ ਨਾ ਮਿਲਿਆ,

*ਕਲਿ ਘੋਰ ਸਮੁਦ੍ਰ ਮੈ ਬੂਡਤ ਥੇ*
*ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ ॥*
*ਤਤੁ ਬਿਚਾਰੁ ਯਹੈ ਮਥੁਰਾ*
*ਜਗ ਤਾਰਨ ਕਉ ਅਵਤਾਰੁ ਬਨਾਯਉ ॥*

**ਅੰਗ - ੧੪੦੯**

ਤੱਤ ਵਿਚਾਰ ਤਾਂ ਇਹ ਹੈ ਕਿ ਗੁਰੂ ਅਰਜਨ ਪਾਤਸ਼ਾਹ ਜੀ ਨੇ ਨਿਰਗੁਨ ਸਰੂਪ 'ਚੋਂ ਸੰਸਾਰ ਦਾ ਉਧਾਰ ਕਰਨ ਵਾਸਤੇ ਇਹ ਅਵਤਾਰ ਬਣਾਇਆ ਸੀ, ਸਰੀਰ ਬਣਾਇਆ ਸੀ ਤੇ ਹੁਣ ਜਿਨ੍ਹਾਂ ਨੇ ਇਨ੍ਹਾਂ ਦਾ ਧਿਆਨ ਧਰਿਆ ਹੈ -

*ਸ੍ਰੀ ਗੁਰੂ ਹਰਿ ਕ੍ਰਿਸ਼ਨ ਧਿਆਈਐ*
*ਜਿਸੁ ਡਿਠੈ ਸਭੁ ਦੁਖ ਜਾਇ॥*

ਹੁਣ ਜਿਹੜਾ ਗੁਰੂ ਅਰਜਨ ਪਾਤਸ਼ਾਹ ਦਾ ਧਿਆਨ ਕਰਦਾ ਹੈ, ਉਹਦੇ ਨਾਲ ਕੀ ਹੁੰਦਾ ਹੈ।

*ਜਪ੍ਉ ਜਿਨ੍ ਅਰਜੁਨ ਦੇਵ ਗੁਰੂ*
*ਫਿਰਿ ਸੰਕਟ ਜੋਨਿ ਗਰਭ ਨ ਆਯਉ ॥*
*ਅੰਗ - ੧੪੦੯*

ਫੇਰ ਨਹੀਂ ਉਹਨੂੰ ਸੰਕਟ ਪੈਣਾ, ਗਰਭ ਜੋਨੀ 'ਚ ਨਹੀਂ ਆਵੇਗਾ ਜਿਨ੍ਹਾਂ ਨੇ ਉਨ੍ਹਾਂ ਦਾ ਜਸ ਸੁਣਿਆ ਹੈ, ਜਸ ਗਾਇਆ ਹੈ, ਜਸ ਨੂੰ ਹਿਰਦੇ 'ਚ ਵਸਾਇਆ ਹੈ ਕਿਉਂਕਿ ਉਹ ਆਪ ਹੀ ਪ੍ਰਮੇਸ਼ਰ ਸੀਗੇ। ਪ੍ਰਮੇਸ਼ਰ ਉਨ੍ਹਾਂ ਦੇ ਸਰੀਰ 'ਚ ਸਾਖਸ਼ਾਤ ਵਸਦਾ ਸੀ, ਉਥੇ ਦੋ ਨਹੀਂ ਸੀਗੇ ਆਪ ਹੀ ਪ੍ਰਮੇਸ਼ਰ ਸੀ।

*ਧਰਨਿ ਗਗਨ ਨਵ ਖੰਡ ਮਹਿ*
*ਜੋਤਿ ਸ੍ਵਰੂਪੀ ਰਹਿਓ ਭਰਿ॥*
*ਭਨਿ ਮਥੁਰਾ ਕਛੁ ਭੇਦੁ ਨਹੀ*
*ਗੁਰੁ ਅਰਜੁਨੁ ਪਰਤਖ੍ ਹਰਿ॥ ਅੰਗ - ੧੪੦੯*

ਸੋ ਐਸੇ ਮਹਾਨ ਗੁਰੂਆਂ ਬਾਰੇ ਆਪ ਨੇ ਪੜ੍ਹਿਆ ਹੈ। ਸੋ ਜਿੰਨੀ ਕੁ ਬੁੱਧੀ ਬਖਸ਼ੀ ਹੈ ਉਸਦੇ ਮੁਤਾਬਿਕ ਮੈਂ ਬੇਨਤੀ ਕਰੀ ਹੈ, ਕਿਉਂਕਿ ਸਾਨੂੰ ਸ਼ੱਕ ਪੈ ਜਾਂਦੇ ਨੇ ਕਿ ਗੁਰੂ ਮਹਾਰਾਜ ਨੇ ਸ਼ਕਤੀ ਕਿਉਂ ਨਾ ਦਿਖਾਲੀ। ਆਹ ਬੁੱਧੀਜੀਵੀ ਲੋਕ ਨੇ ਕਈ ਪ੍ਰੋਫੈਸਰ ਕਹਿੰਦੇ ਨੇ ਕਿ ਸ਼ਕਤੀ ਹੈ ਹੀ ਨਹੀਂ ਸੀ, ਜੇ ਹੁੰਦੀ ਤਾਂ ਦਿਖਾਂਦੇ। ਉਹ ਆਪਣੇ ਹਿਸਾਬ ਨਾਲ ਚੱਲੀ ਜਾਂਦੇ ਨੇ। ਜਗਿਆਸੂ ਡੋਲਦਾ ਹੈ ਕਿ ਜਿਹੜੇ ਆਪਣੀ ਮਦਦ ਨਹੀਂ ਕਰ ਸਕੇ, ਸਾਡੀ ਕੀ ਕਰਨਗੇ। ਡੋਲਦਾ ਹੈ ਨਾ ਕੁਦਰਤੀ ਕਿ ਆਪ ਹੀ ਤੱਤੀਆਂ ਤਵੀਆਂ 'ਤੇ ਬਹਿ ਗਏ, ਆਪ ਹੀ ਦੇਗਾਂ 'ਚ ਉਬਾਲੇ ਖਾਏ, ਸਾਡੀ ਰਾਖੀ ਕੀ ਕਰਨਗੇ? ਗੁਰੂ ਤਾਂ ਇਹ ਕਹਿੰਦਾ ਹੈ -

*ਰੋਗਨ ਤੇ ਅਰ ਸੋਗਨ ਤੇ*
*ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥*
*ਸਤ੍ਰੁ ਅਨੇਕ ਚਲਾਵਤ ਘਾਵ*
*ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰ ਦੈ ਕਰ*
*ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੋਂ,*
*ਸੁ ਪੇਟ ਹੀ ਕੇ ਪਟ ਬੀਚ ਬਚਾਵੈ॥*

ਲੱਖ ਬੰਦਾ ਬਰਖਿਲਾਫ ਹੋਵੇ, ਜੇ ਗੁਰੂ ਵਲ ਹੈ ਤਾਂ ਉਸ ਦਾ ਕੁਛ ਨਹੀਂ ਵਿਗੜਦਾ। ਪਰ ਇਥੇ ਅਸੀਂ ਦੇਖਦੇ ਹਾਂ ਕਿ ਗੁਰੂ ਆਪ ਹੀ ਤੱਤੀਆਂ ਤਵੀਆਂ ਤੇ ਬੈਠ ਗਏ।

ਨਹੀਂ ਸਾਧਸੰਗਤ ਜੀ! ਇਹ ਗੁਰੂ ਦਾ ਆਪਣਾ **part** ਸੀ ਜਿਹੜਾ ਉਨ੍ਹਾਂ ਨੇ ਕੌਮ ਦੀ ਉਸਾਰੀ ਵਾਸਤੇ ਕਰਨਾ ਹੀ ਕਰਨਾ ਸੀ। ਇਹਦੇ ਵਿਚ ਸ਼ਰਧਾ ਤੋੜ ਕੇ, ਇਸ ਤਰ੍ਹਾਂ ਦੀ ਗਲਤ ਸੋਚ ਨਹੀਂ ਸੋਚਣੀ ਚਾਹੀਦੀ। ਗੁਰੂ ਮਹਾਰਾਜ ਸਮਰੱਥ ਸੀਗੇ, ਜੋ ਕੁਛ ਕਰਨਾ ਚਾਹੁੰਦੇ ਕਰ ਸਕਦੇ ਸੀ, ਕਿਹਦੀ ਤਾਕਤ ਸੀ ਉਨ੍ਹਾਂ ਵਲ ਝਾਕਣ ਦੀ। ਕਿਉਂਕਿ ਗੁਰੂ ਤੇ ਪ੍ਰਮੇਸ਼ਰ 'ਚ ਫਰਕ ਨਹੀਂ ਹੁੰਦਾ।

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ਅੰਗ - ੪੪੨*

ਉਹ ਤਾਂ ਮਹਾਨ ਸ਼ਕਤੀਆਂ ਦੇ ਮਾਲਕ ਹੁੰਦੇ ਨੇ, ਫੁਰਨਾ ਕਰਨ ਦੀ ਲੋੜ ਹੈ, ਕੁਛ ਵੀ ਨਹੀਂ ਰਹਿੰਦਾ। ਲੇਕਿਨ ਉਨ੍ਹਾਂ ਨੇ ਆਉਣ ਵਾਲੀ ਜਿਹੜੀ ਕੌਮ ਸੀ ਉਹਦੇ ਵਿਚ ਜਾਨ ਭਰਨ ਵਾਸਤੇ, ਉਹਦੇ ਵਿਚ ਤਕਲੀਫਾਂ ਨੂੰ ਸਹਿ ਲੈਣ ਵਾਸਤੇ ਆਪ ਨੇ ਇਕ ਮਾਰਗ ਦਰਸ਼ਨ ਦਿਤਾ।

ਫੌਜ ਦੇ ਅੰਦਰ ਜਿਹੜਾ ਪੀ ਟੀ ਮਾਸਟਰ ਹੁੰਦਾ ਹੈ, ਜਾਂ ਦੂਸਰਾ ਹੁੰਦਾ ਹੈ ਉਹ ਪਹਿਲਾਂ ਆਪ ਕਰਕੇ ਦਿਖਾਉਂਦਾ ਹੈ, ਚਾਹੇ ਉਹਨੂੰ ਕਰਨ ਦੀ ਲੋੜ ਨਹੀਂ ਕੋਈ ਹੁੰਦੀ, ਕਿਉਂਕਿ ਉਹਦੀ ਡਿਊਟੀ ਲੱਗੀ ਹੋਈ ਹੈ ਕਿ ਇਹ ਉਸਤਾਦ, ਉਸਤਾਦ ਨੇ ਜਿਹੜੇ ਰੰਗਰੂਟ ਨੇ ਸਿਖਾਉਣਾ ਹੀ ਸਿਖਾਉਣਾ ਹੈ। ਉਵੇਂ ਜਿਵੇਂ ਸਾਰਾ ਕੁਛ ਕਰਕੇ ਦਿਖਾਉਂਦਾ ਹੈ, ਹਾਲਾਂਕਿ ਉਹ ਤਾਂ ਪਾਸ ਹੋਇਆ ਹੋਇਆ ਹੈ। ਸੋ ਗੁਰੂਆਂ ਨੇ ਜੇ ਤਾਂ ਇਹ ਧਰਮ ਦਾ ਮਾਰਗ ਨਾ ਚੱਲਣਾ ਹੁੰਦਾ ਫੇਰ ਤਾਂ ਕਿਸੇ ਦੀ ਤਾਕਤ ਨਹੀਂ ਸੀ ਗੁਰੂ ਸਾਹਿਬ ਨੂੰ ਕੋਈ ਤੱਤੀ ਤਵੀ ਤੇ ਬਿਠਾ ਦਿੰਦਾ, ਇਹ ਇਕ ਮਾਰਗ ਸੀ। ਇਹ ਇਕ ਲੰਮਾ ਰਸਤਾ ਹੈ ਜਿਹੜਾ ਸੰਸਾਰ ਦੇ ਉਤੇ ਫੈਲਣਾ ਹੈ, ਕਿਸੇ ਸਮੇਂ ਤੇ ਜਦੋਂ ਸਾਨੂੰ ਸੁਮੱਤ ਆ ਗਈ, ਅਜੇ ਸਾਨੂੰ ਅਕਲ ਨਹੀਂ ਆਈ। ਕਮਲਿਆਂ ਦੇ ਹੱਥ ਪੈ ਗਈ ਬਹੁਤ ਵੱਡੀ ਗੱਲ। ਕਮਲੇ ਆਪਸ ਵਿਚ ਹੀ ਲੜੀ ਜਾਂਦੇ ਨੇ, ਅੰਨ੍ਹੇ ਹਾਂ ਅਸੀਂ। ਦੁਨੀਆਂ ਨੂੰ ਨਹੀਂ ਦੱਸ ਸਕਦੇ, ਜੇ ਕੋਈ ਦੱਸਣ ਦੀ ਕੋਸ਼ਿਸ਼ ਕਰਦਾ ਹੈ, ਕਹਿੰਦੇ ਨੇ ਇਹਨੂੰ ਖਿੱਚ ਕੇ ਥੱਲੇ ਸੁੱਟ ਦਿਓ।

ਆ ਜਾਣਾ ਹੈ ਸਮਾਂ ਛੇਤੀ ਹੀ, ਇਹ ਤਾਂ ਫੈਲ ਜਾਣਾ ਹੈ ਸੰਦੇਸ਼ ਸਾਰੀ ਦੁਨੀਆਂ 'ਚ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾ ਛੱਡੋ, ਜਿਹੜਾ ਕੁਛ ਇਹ ਕਹਿੰਦੀ ਹੈ ਉਹਦੇ ਮੁਤਾਬਿਕ ਆਪਣਾ ਜੀਵਨ ਬਤੀਤ ਕਰੋ। ਫੇਰ ਅਸੀਂ ਇਥੇ ਵੀ ਸੁਖੀ ਤੇ ਦਰਗਾਹ ਵਿਚ ਵੀ ਸੁਖੀ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

# ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ

ਸ਼ਾਨ--------------।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਧਾਰਨਾ - ਆਪੇ ਇਕ ਤੋਂ ਅਨੇਕ ਰੂਪ ਧਾਰ ਕੇ*
*ਆਪੇ ਖੇਲੇ ਖੇਲ ਆਪਣੀ*
*ਕਤਹੂੰ ਸੁਚੇਤ ਹੁਇਕੈ ਚੈਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥*

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥*
*ਅੰਗ - ੧੨੯੧*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਅੱਖਾਂ, ਨੱਕ, ਕੰਨ, ਹੋਰ ਸਾਥੀ ਸਰੀਰ ਦੇ ਨਾਲ ਆਉਂਦੇ ਨੇ, ਐਸੀ ਮਸਤੀ ਆਉਂਦੀ ਹੈ ਕਿ ਲਗਦਾ ਹੈ ਕਿ ਹੋਰ ਸੰਸਾਰ ਤੋਂ ਜਾ ਰਹੇ ਨੇ ਮੈਂ ਨਹੀਂ ਜਾਣਾ। ਜਿਸ ਕੰਮ ਨੂੰ ਆਦਮੀ ਸੰਸਾਰ ਤੇ ਕਰਨ ਵਾਸਤੇ ਆਇਆ ਹੈ ਉਸਨੂੰ ਭੁੱਲ ਜਾਂਦਾ, ਇਹ ਚਿੱਤ ਚੇਤੇ ਵੀ ਨਹੀਂ ਰਹਿੰਦਾ, ਫੇਰ ਸਮਾਂ ਨਹੀਂ ਰਹਿੰਦਾ। ਜੇ ਬਚਪਨ ਦੇ ਵਿਚ ਹੀ ਨਾਮ ਜਪ ਲਿਆ ਜਾਵੇ, ਓਹੀ ਫਲੀਭੂਤ ਹੁੰਦਾ ਹੈ ਕਿਉਂਕਿ ਉਸ ਵੇਲੇ ਰਾਗ ਤੇ ਦ੍ਵੈਸ਼ ਦੋਵੇਂ ਨਹੀਂ ਹੋਇਆ ਕਰਦੀਆਂ। ਦੂਸਰਾ ਇਹ ਹੈ ਕਿ ਉਸ ਵੇਲੇ ਚਿੱਤ ਖਿੰਡਿਆ ਨਹੀਂ ਹੁੰਦਾ-

*ਰਾਮ ਜਪਉ ਜੀ ਐਸੇ ਐਸੇ ॥*
*ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥ ਅੰਗ - ੩੩੭*

ਜਿਸ ਤਰ੍ਹਾਂ ਧਰੂੰ, ਪ੍ਰਹਿਲਾਦ ਨੇ ਜਪ ਲਿਆ ਸੀ, ਮਹਾਰਾਜ ਕਹਿੰਦੇ ਨੇ ਐਉਂ ਜਪ ਲੈ। ਸੋ ਅਸਲੀ ਜੋ ਸਰੀਰ ਧਾਰਨ ਦਾ ਕਾਰਨ ਜੋ ਹੈ ਜੀਵ ਆਤਮਾ ਦਾ, ਵੱਡੇ-ਵੱਡੇ ਜਨਮ ਲੰਘੇ ਨੇ, ਮਹਾਂਪੁਰਸ਼, ਅਨੁਭਵੀ ਮਹਾਂਪੁਰਸ਼ ਉਨ੍ਹਾਂ ਨੂੰ ਆਪ ਪਤਾ ਲਗਦਾ ਹੈ। ਜਿਹੜੇ ਸਾਡੇ ਇਤਿਹਾਸਕਾਰ, ਲਿਖਾਰੀ ਨੇ ਇਹ ਕਹਿੰਦੇ ਨੇ ਕਿ ਇਨ੍ਹਾਂ ਨੇ ਕਿੱਥੋਂ ਲਿਖ ਲਿਆ, ਇਨ੍ਹਾਂ ਨੇ ਕਿਹੜੀ ਕਿਤਾਬ ਵਿਚੋਂ ਪੜ੍ਹ ਲਿਆ, ਸੰਤ ਕਿਤਾਬਾਂ 'ਚੋਂ ਨਹੀਂ ਪੜ੍ਹਦੇ ਹੁੰਦੇ, ਸੰਤਾਂ ਦੇ ਅੰਦਰ ਆਉਂਦਾ ਹੁੰਦਾ ਹੈ। ਸਾਰੀ ਜ਼ਿੰਦਗੀ ਦਾ ਗਿਆਨ ਅੰਦਰ ਹੁੰਦਾ ਹੈ, ਇਹ ਨਹੀਂ ਹੁੰਦਾ ਕਿ ਫਲਾਣੀ ਕਿਤਾਬ 'ਚੋਂ ਪੜ੍ਹਿਆ ਹੈ ਤੇ ਕਿਹੜੇ ਮਹਾਂਪੁਰਸ਼ ਤੋਂ ਸੁਣਿਆ ਹੈ। ਉਹ ਸੁਣ ਕੇ ਸਾਰਾ ਗਿਆਨ ਬਣਦਾ ਤੁਰਿਆ ਜਾਂਦਾ ਹੈ। ਅਖੀਰ ਜਦ ਉਹ ਟਿਕ ਜਾਂਦਾ ਹੈ, ਜਦੋਂ ਸਟੋਰ ਹੋਇਆ ਹੁੰਦਾ ਹੈ, ਉਹਦੇ ਵਿਚੋਂ ਕੱਢੀ ਜਾਂਦੇ ਨੇ, ਦੱਸੀ ਜਾਂਦੇ ਨੇ। ਸੋ ਕਿੰਨੇ-ਕਿੰਨੇ ਜਨਮ ਲੈਣੇ ਪੈਂਦੇ ਨੇ, ਐਵੇਂ ਨਹੀਂ ਭਗਤ ਬਣੇ।

ਬੇਣੀ ਭਗਤ ਨੂੰ ਜਿਸ ਵਕਤ ਲਾਗ ਲੱਗੀ ਹੈ, ਉਸ ਵੇਲੇ ਇਹਦਾ ਜਨਮ ਸੁਨਿਆਰੇ ਦਾ ਸੀ, ਸੋਨੇ ਦੀਆਂ ਮੂਰਤੀਆਂ ਬਣਾਇਆ ਕਰਦਾ ਸੀ, ਬੁੱਤਘਾੜਾ ਸੋਨੇ ਦਾ ਸੀਗਾ, ਇਕ ਨ੍ਰਿਤਕੀ ਸੀ। ਉਹ ਭਗਵਾਨ ਦੀ ਮੂਰਤੀ ਦੇ ਅੱਗੇ ਨ੍ਰਿਤਕਾਰੀ ਕਰਿਆ ਕਰਦੀ ਸੀ, ਉਹਨੂੰ ਰਿਝਾਉਂਦੀ ਸੀ, ਇਹ ਵੀ ਇਕ ਭਗਤੀ ਹੈ। ਭਗਤੀ ਦਾ ਇਕ ਅੰਗ ਹੈ, ਨ੍ਰਿਤਯ ਕਰਨਾ। ਉਸ ਨੇ ਸੋਨਾ ਦਿਤਾ ਏਸ ਨੂੰ, ਅੰਬਰੀਕ ਨੂੰ, ਰਾਜਾ ਅੰਬਰੀਕ ਸਤਿਜੁਗ ਦਾ ਇਕ ਭਗਤ ਹੋਇਆ ਹੈ ਤੇ ਕਿਹਾ ਕਿ ਤੂੰ ਇਕ ਮੂਰਤੀ ਬਣਾ ਦੇ। ਉਹਨੂੰ ਮੂਰਤੀ ਬਣਾਉਂਦੇ-ਬਣਾਉਂਦੇ ਐਨੀ ਚੰਗੀ ਲੱਗੀ ਕਿ ਉਹਨੇ ਕਿਹਾ ਕਿ ਮੈਂ ਤਾਂ ਇਹ ਦੇਣੀ ਨਹੀਂ ਹੈ। ਉਹ ਕਹੇ ਕਿ ਦੇਹ। ਉਹ ਦੇਵੇ ਨਾ ਤੇ ਕਿਹਾ ਕਿ ਮੈਂ ਇਥੇ ਮੰਦਰ ਬਣਾ ਦਿੰਦਾ ਹਾਂ, ਆਪਣੇ ਘਰ 'ਚ ਹੀ, ਇਥੇ ਹੀ ਨ੍ਰਿਤਕਾਰੀ ਕਰ ਲਿਆ ਕਰ। ਉਹ ਜ਼ਿਆਦਾ ਹੀ ਭਗਤੀ ਕਰਨ ਲੱਗ ਗਿਆ ਉਹਦੀ। ਇਸ ਤਰ੍ਹਾਂ ਕਰਦੇ-ਕਰਦੇ ਇਕ ਜਨਮ ਉਹਦਾ ਲੰਘ ਗਿਆ। ਦੂਜਾ ਉਸ ਨੇ ਫੇਰ ਜਨਮ ਧਾਰਿਆ। ਅਗਲੇ ਜਨਮ ਵਿਚ ਉਹਨੂੰ ਏਸ ਤੋਂ ਜ਼ਿਆਦਾ ਲਗਨ ਲੱਗ ਗਈ, ਤੀਸਰਾ ਜਨਮ ਜਦੋਂ ਧਾਰਿਆ ਤਾਂ ਉਹ ਨਾਲ ਹੀ ਤੁਰੀ ਆਉਂਦੀ ਹੈ, ਤੀਸਰੇ ਜਨਮ ਦੇ ਵਿਚ ਉਹਦੀ ਛੋਟੀ ਰਾਣੀ ਉਹ ਬਣੀ ਤੇ ਇਹ ਵੱਡਾ ਸੀ ਤੇ ਇਹਨੇ ਫੇਰ ਭਗਤੀ ਕੀਤੀ ਬਹੁਤ। ਵਾਹਿਗੁਰੂ ਜੀ ਇਹਦੇ ਉਤੇ ਪ੍ਰਸੰਨ ਹੋ ਗਏ। ਤਿੰਨ ਜਨਮ ਦੀ ਭਗਤੀ ਲਗਾਤਾਰ ਹੋ ਚੁੱਕੀ ਸੀ, ਪ੍ਰਸੰਨ ਹੋਏ-ਹੋਏ ਤਾਂ ਇਹ ਹਰ ਵਕਤ ਭਗਤੀ 'ਚ ਰਹਿੰਦਾ ਸੀ। ਅੰਦਰ ਮੰਦਰ ਬਣਾਇਆ ਹੋਇਆ ਸੀ, ਉਥੇ ਏਸ ਨੂੰ ਭਗਵਾਨ ਦੀ ਭਗਤੀ ਕਰਨੀ। ਜਿਸ ਵਕਤ ਇਹਨੇ ਰਾਜ ਕਾਜ ਵਿਚ ਜਾਣਾ, ਪਹਿਲੀ ਪਉੜੀ ਜਦੋਂ ਉਤਰਦਾ ਸੀ, ਪਹਿਲੇ ਕਮਰੇ 'ਚੋਂ ਦੂਸਰੇ 'ਚ ਆਉਂਦਾ

ਸੀ, ਉਸ ਵੇਲੇ ਇਹ ਆਪਣੇ ਜਿਹੜੇ ਵਸਤਰ ਸੀਗੇ, ਸਾਧੂਆਂ ਵਾਲੇ ਉਹ ਉਥੇ ਲਾਹ ਦਿੰਦਾ ਸੀ। ਜਦੋਂ ਤੀਸਰੇ 'ਚ ਆਉਂਦਾ ਸੀ ਉਤੇ ਫੇਰ ਰਾਜਸੀ ਵਸਤਰ ਪਹਿਨਦਾ ਸੀ। ਜਦੋਂ ਚੌਥੇ ਵਿਚ ਆਉਂਦਾ ਸੀ, ਉਸ ਵੇਲੇ ਸ਼ਸਤਰ ਧਾਰਨ ਕਰਦਾ ਸੀ, ਜਦੋਂ ਪੰਜਵੇਂ ਕਮਰੇ 'ਚ ਆਉਂਦਾ ਸੀ, ਤਾਂ ਉਸ ਵੇਲੇ ਇਹ ਤਾਜ ਸਿਰ ਤੇ ਰੱਖਦਾ ਸੀ, ਛੇਵੇਂ ਕਮਰੇ ਵਿਚ ਇਹਦੇ ਵਜ਼ੀਰ ਜਿਹੜੇ ਵੱਡੇ ਸੀ, ਜਰਨੈਲ ਵਗੈਰਾ ਉਹ ਲੈਣ ਵਾਸਤੇ ਆਉਂਦੇ ਸੀ। ਸੱਤਵੇਂ 'ਚੋਂ ਲੰਘ ਕੇ ਤਖਤ ਤੇ ਬੈਠਦਾ ਸੀ। ਆਪਣਾ ਰਾਜ-ਕਾਜ ਦਾ ਕੰਮ ਛੇਤੀ ਨਿਬੇੜ ਕੇ ਵਾਪਸ ਚਲਿਆ ਜਾਂਦਾ ਸੀ। ਉਸੇ ਤਰ੍ਹਾਂ ਕੱਪੜੇ ਲਾਹੁੰਦਾ ਚਲਿਆ ਜਾਂਦਾ ਸੀ। ਇਹਦਾ ਪ੍ਰਤਾਪ ਬਹੁਤ ਵੱਧ ਗਿਆ, ਦੋਹਾਂ ਜਣਿਆ ਦਾ ਤੇ ਕੁਦਰਤੀ ਤੌਰ ਤੇ ਜਿਹੜੇ ਤਪ ਕਰਨ ਵਾਲੇ ਹੁੰਦੇ ਨੇ, ਨਾਮ ਜਪਣ ਵਾਲੇ ਤੇ ਤਪ ਕਰਨ ਵਾਲਿਆਂ ਦਾ ਫਰਕ ਹੁੰਦਾ ਹੈ, ਨਾਮ ਜਪਣ ਵਾਲਾ ਅੰਦਰੋਂ ਬਾਹਰੋਂ ਸ਼ਾਂਤ ਹੁੰਦਾ ਹੈ। ਉਹ ਸਰਾਪ ਨਹੀਂ ਦਿੰਦਾ ਕਿਸੇ ਨੂੰ ਵੀ। ਜਿਹੜਾ ਤਪੀਆ ਹੁੰਦਾ ਹੈ ਉਹ ਬਹੁਤ ਛੇਤੀ ਸਰਾਪ ਦੇ ਦਿੰਦਾ ਹੈ। ਇਹੀ ਗੱਲ ਗੁਰੂ ਨਾਨਕ ਸਾਹਿਬ ਨੇ ਸਮਝਾਈ ਸੀ ਸਾਰਿਆਂ ਨੂੰ। ਵਲੀ ਕੰਧਾਰੀ ਨੂੰ ਕਿਹਾ ਦੇਖ ਤੂੰ ਤਪ ਕਿੰਨਾ ਕਰਿਆ ਹੈ। ਕਿੰਨੀ ਤੇਰੀ ਮਾਨਤਾ ਹੈ, ਪਰ ਤੇਰੇ ਮਨ 'ਚੋਂ ਅਜੇ ਈਰਖਾ ਨਹੀਂ ਨਿਕਲੀ। ਕ੍ਰੋਧ ਨਹੀਂ ਨਿਕਲ ਸਕਿਆ, ਤਪ ਦਾ ਸਬੰਧ ਇਨ੍ਹਾਂ ਚੀਜ਼ਾਂ ਨਾਲ ਨਹੀਂ। ਭਗਤੀ ਦਾ ਸਬੰਧ ਇਨ੍ਹਾਂ ਚੀਜ਼ਾਂ ਨਾਲ ਹੈ।

ਉਸ ਵੇਲੇ ਵਿਸ਼ਵਾਮਿੱਤਰ ਆਏ, ਇਹ ਇਕਾਦਸ਼ੀ ਦਾ ਵਰਤ ਰੱਖਦਾ ਹੁੰਦਾ ਸੀ। ਇਹਨੇ ਕਿਹਾ ਕਿ ਪ੍ਰਸਾਦ ਪਾਣੀ ਛਕੋ, ਕਹਿੰਦੇ ਅਸੀਂ ਇਸ਼ਨਾਨ ਕਰ ਆਈਏ। ਦਰਿਆ ਤੇ ਜਾਣ ਕੇ ਦੇਰ ਲਾ ਦਿਤੀ ਕਿ ਇਹਦਾ ਵਰਤ ਭੰਗ ਕਰਾ ਦੇਈਏ। ਏਸ ਨੂੰ ਸਾਰਿਆਂ ਨੂੰ ਮਿਲ ਮਿਲਾ ਕੇ ਕਿਹਾ ਕਿ ਮੇਰਾ ਵਰਤ ਕਿਵੇਂ ਕਾਇਮ ਰਹਿ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਤੂੰ ਚਰਨਾਮ੍ਰਿਤ ਲੈ ਲੈ। ਇਸ ਨੇ ਚਰਨਾਮ੍ਰਿਤ ਲੈ ਕੇ ਵਰਤ ਖੋਲ੍ਹ ਲਿਆ। ਦਰਬਾਸਾ ਰਿਸ਼ੀ ਨਰਾਜ਼ ਹੋ ਗਿਆ, ਉਹਨੇ ਇਕ ਵਾਲ ਪੁੱਟਿਆ ਆਪਣਾ, ਕਿਉਂਕਿ ਰਿਸ਼ੀ ਮੁਨੀ ਸੀ ਪਿਛਲੇ ਸਮੇਂ ਦੇ ਅੰਦਰ, ਪੂਰਨ ਤੌਰ ਤੇ ਜਟਾ ਜੂਟ ਹੁੰਦੇ ਸੀ, ਕੋਈ ਉਨ੍ਹਾਂ ਦਾ ਕੇਸ ਨਹੀਂ ਕੱਟ ਸਕਦਾ, ਨਾ ਉਖਾੜ ਸਕਦਾ। ਉਹਨੇ ਇਕ ਵਾਲ ਪੁੱਟਿਆ, ਵਾਲ ਪੁੱਟ ਕੇ ਧਰਤੀ ਤੇ ਮਾਰਿਆ ਤੇ ਉਹਦੇ ਸਿਰ 'ਚੋਂ ਅੱਗ ਹੀ ਅੱਗ ਨਿਕਲ ਆਈ। ਇਹਨੂੰ ਸਾੜਨ ਲੱਗੀ, ਉਸ ਵੇਲੇ ਭਗਵਾਨ ਨੇ ਸੁਦਰਸ਼ਨ ਚੱਕਰ ਇਹਦੇ ਦੁਆਲੇ ਰਾਖੀ ਲਈ ਕਰ ਦਿਤਾ ਤੇ ਇਹਦੇ ਪਿੱਛੇ ਪੈ ਗਿਆ ਚੱਕਰ ਉਹ। ਇਹ ਸਵਰਗ ਲੋਕਾਂ 'ਚ ਨੱਠਿਆ, ਸਾਰੇ ਸਵਰਗ ਲੋਕਾਂ ' ਗਿਆ, ਇੰਦਰ ਦੇ ਕੋਲ ਗਿਆ ਉਹਨੇ ਵੀ ਦਰਵਾਜ਼ਾ ਬੰਦ ਕਰ ਲਿਆ, ਕਰਮਦੇਵ ਲੋਕ 'ਚ ਗਿਆ ਉਥੇ ਵੀ ਦਰਵਾਜ਼ਾ ਬੰਦ, ਅਯਾਨ ਦੇਵ ਲੋਕ 'ਚ ਗਿਆ ਉਥੇ ਵੀ ਦਰਵਾਜ਼ਾ ਬੰਦ ਹੋ ਗਿਆ। ਪਰਜਾਪਤ ਲੋਕ 'ਚ ਗਿਆ, ਉਹਨੇ ਕਿਹਾ ਕਿ ਮੈਂ ਤੇਰੀ ਰਾਖੀ ਨਹੀਂ ਕਰ ਸਕਦਾ। ਬ੍ਰਹਮ ਲੋਕ 'ਚ ਪਹਿਲਾਂ ਹੀ ਦਰਵਾਜ਼ੇ ਬੰਦ ਕਰ ਦਿਤੇ, ਸ਼ਿਵ ਲੋਕ ਵਾਲਿਆਂ ਨੇ ਇਹਨੂੰ ਆਉਣ ਹੀ ਨਾ ਦਿਤਾ ਅੰਦਰ, ਅਖੀਰ ਬੈਕੁੰਠ ਪਤੀ ਦੇ ਪਾਸ ਗਿਆ, ਉਥੇ ਜਾ ਕੇ ਇਹਨੇ ਕਿਹਾ ਕਿ ਮੈਨੂੰ ਬਚਾਓ, ਕਹਿੰਦੇ ਅਸੀਂ ਨਹੀਂ ਬਚਾ ਸਕਦੇ, ਇਹ ਅਕਾਲ ਸ਼ਕਤੀ ਹੈ, ਇਹਦਾ ਇਕੋ ਹੀ ਤਰੀਕਾ ਹੈ ਕਿ ਤੂੰ ਉਹਦੀ ਸ਼ਰਨ ਪੈ ਜਾ, ਜਾ ਕੇ। ਸ਼ਰਨ ਪਿਆ ਤਾਂ ਭਗਤ ਸੀ ਇਹ ਤਾਂ, ਵੈਰ ਨਹੀਂ ਸੀ ਕੋਈ ਇਹਦਾ ਤਾਂ। ਉਹਨੇ ਅਰਦਾਸ ਕਰੀ ਕਿ ਮਹਾਰਾਜ! ਇਹਦੀ ਰਾਖੀ ਹੋ ਜਾਏ। ਉਹ ਗੱਲ ਮੰਨ ਲਈ।

ਸੋ ਭਗਤੀ ਜਿਹੜੀ ਹੈ, ਨਾਮ ਜਪਣਾ ਉਹ ਇਕੋ ਜਨਮ ਵਿਚ ਨਹੀਂ ਆਉਂਦਾ, ਬੜੇ ਜਨਮ ਲਗਦੇ ਨੇ, ਕਿਸੇ ਦੇ 40, ਕਿਸੇ ਦੇ 50 ਕਿਸੇ ਦਾ ਸੌ। ਭੰਗਣਾ ਪਈ ਜਾਂਦੀ ਹੈ ਹਰ ਜਨਮ 'ਚ ਭੰਗਣਾ ਪਈ ਜਾਂਦੀ ਹੈ, ਕੋਈ ਨਾ ਕੋਈ ਬਿਆਧੀ ਆ ਜਾਏਗੀ, ਉਹ ਜਨਮ ਬਣਿਆ ਬਣਾਇਆ ਜਾਂਦਾ ਰਹਿੰਦਾ ਹੈ। ਤਿਆਰੀ ਕਰਕੇ ਆਉਂਦਾ ਹੈ, ਇਕੋ ਕਦਮ ਰਹਿੰਦਾ ਹੁੰਦਾ ਹੈ, ਮਹਾਂਪੁਰਸ਼ ਜਾਣਦੇ ਹੁੰਦੇ ਨੇ ਕਿ ਤੇਰਾ ਇਕ ਕਦਮ ਬਾਕੀ ਹੈ, ਸਾਰੀ ਜ਼ਿੰਦਗੀ 'ਚ ਇਕੋ ਕਦਮ ਹੀ ਨਹੀਂ ਪੁੱਟ ਹੁੰਦਾ, ਐਨੀ ਤੇਜ਼ੀ ਨਾਲ ਤਾਂ ਨਹੀਂ ਨਾ ਭਗਤੀ ਹੁੰਦੀ। ਉਹ ਤਾਂ ਸੰਸਕਾਰ ਪਹਿਲਾਂ ਹੀ ਬਹੁਤ ਜ਼ਬਰਦਸਤ ਹੋਇਆ ਕਰਦੇ ਨੇ, ਜਿਹਦੇ ਕਰਕੇ ਆਦਮੀ ਭਗਤੀ 'ਚ ਲਗਦਾ ਹੈ। ਦੂਜਾ ਇਹ ਮਹਾਂਪੁਰਸ਼ਾਂ ਦਾ ਮੱਤ ਹੈ ਕਿ ਪੰਜ ਛੇ ਜਨਮ ਜੇ ਪਹਿਲਾਂ ਲੱਗੇ ਹੋਣ ਨਾ ਉਹਦੇ, ਤਾਂ ਉਹ ਸਤਿਸੰਗ 'ਚ ਆਉਣ ਲਗ ਜਾਂਦਾ ਹੈ, ਸਤਿਸੰਗ ਪਿਆਰਾ ਲੱਗਣ ਲਗ ਜਾਂਦਾ ਹੈ। ਉਹਦੇ ਬਾਰੇ ਐਸਾ ਫੁਰਮਾਨ ਹੈ ਕਿ ਸਤਿਸੰਗ ਪ੍ਰਾਪਤ ਕਰਨਾ ਹੀ, ਪਿਛਲੇ ਜਨਮਾਂ ਦੀ ਕਮਾਈ ਹੋਇਆ ਕਰਦੀ ਹੈ। ਐਸਾ ਫੁਰਮਾਨ ਹੈ -

***ਧਾਰਨਾ - ਸਤਿਸੰਗ ਨਾ ਮਿਲਦਾ ਭਾਗ ਬਿਨਾਂ,***
***ਬਿਨ ਸੰਗਤ ਮੈਲ ਭਰੀਜੈ।***

***ਬਿਨੁ ਭਾਗਾ ਸਤਸੰਗੁ ਨ ਲਭੈ***
***ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ - ੯੫***

ਇਹ ਬਚਨ ਮਹਾਰਾਜ ਜੀ ਦੱਸਿਆ ਕਰਦੇ ਸੀ ਕਿ ਪਹਿਲੇ ਜਨਮ ਦੇ ਅੰਦਰ ਜਦੋਂ ਪੁੰਨ ਕਰਮ ਜਾਗਦੇ ਨੇ, ਛੋਟੇ-ਛੋਟੇ ਪੁੰਨ ਕਰਮ ਕਰਦਾ ਹੈ, ਕੀੜਿਆਂ ਨੂੰ ਤਿਲਚੌਲੀ ਪਾਉਣ ਲਗ ਜਾਂਦਾ ਹੈ, ਪੰਛੀਆਂ ਦੇ ਪੀਣ ਵਾਸਤੇ ਪਾਣੀ ਦਾ ਪ੍ਰਬੰਧ ਕਰ ਦਿੰਦਾ ਹੈ, ਉਨ੍ਹਾਂ ਦੇ ਚੋਗੇ

ਦਾ ਪ੍ਰਬੰਧ ਕਰਦਾ ਹੈ, ਫਿਕਰ ਪੈਂਦਾ ਹੈ ਏਸ ਨੂੰ ਉਨ੍ਹਾਂ ਦੇ ਚੋਗੇ ਦਾ। ਜਦ ਕਿਸੇ ਚੰਗੇ ਥਾਂ ਦੇ ਉਤੇ ਪੈਸੇ ਲਗਣੇ ਹੁੰਦੇ ਨੇ, ਆਪਣੀ ਕਮਾਈ 'ਚੋਂ ਕੱਢ ਕੇ ਦਿੰਦਾ ਹੈ, ਸੋ ਇਹ ਛੋਟੇ-ਛੋਟੇ ਕਰਮਾਂ ਦਾ ਫਲ ਦੂਸਰੇ ਜਨਮ ਦੇ ਅੰਦਰ, ਉਹਦੀ ਜਿਹੜੀ ਬਿਰਤੀ ਹੈ ਉਹ ਪਾਪਾਂ ਵਲ ਘੱਟ ਜਾਂਦੀ ਹੈ, ਰੱਬ ਵਲ ਜ਼ਿਆਦਾ ਜਾਏਗੀ। ਦੂਸਰਾ ਜਨਮ ਵੀ ਇਵੇਂ ਜਿਵੇਂ ਲੰਘ ਜਾਂਦਾ ਹੈ, ਥੋੜ੍ਹਾ ਨੇਕ ਹੋ ਜਾਂਦਾ ਹੈ, ਸੇਵਾ ਵਾਸਤੇ ਸਮਾਂ ਕੱਢਣ ਲਗ ਜਾਂਦਾ ਹੈ, ਬਾਣੀ ਪੜ੍ਹਨ ਲਗ ਜਾਂਦਾ ਹੈ, ਗਾਇਤ੍ਰੀ ਵਗੈਰਾ ਜੋ ਵੀ ਹੈ। ਕਿਤੇ ਸੰਗਤ ਹੋ ਰਹੀ ਹੋਵੇ, ਮੌਕਾ ਮਿਲੇ ਸੁਣਨ ਲਗ ਜਾਂਦਾ ਹੈ। ਏਸ ਤਰ੍ਹਾਂ ਕਰਦੇ-ਕਰਦੇ ਜਦੋਂ ਸਰੀਰ ਦਾ ਅੰਤ ਹੋ ਜਾਂਦਾ ਹੈ, ਦੂਸਰਾ ਜਨਮ ਓਸਨੂੰ ਫੇਰ ਮਿਲ ਜਾਂਦਾ ਹੈ ਮਨੁੱਖ ਦਾ ਹੀ। ਮਨੁੱਖ ਦੇ ਜਨਮ ਵਿਚ ਫੇਰ ਉਹਦੀ ਰੁਚੀ ਜਿਹੜੀ ਹੈ, ਜਵਾਨੀ ਦੇ ਵਿਚ ਵਿਗੜਦੀ ਨਹੀਂ ਹੈ। ਸਤਿਸੰਗ ਵਲ ਨੂੰ ਝੁਕਾਓ ਹੁੰਦਾ ਹੈ ਓਹਦਾ, ਨਾਮ ਜਪਣ ਵਾਸਤੇ ਖਿਆਲ ਆਉਂਦੇ ਨੇ, ਬਾਣੀ ਪੜ੍ਹਨ ਵਾਸਤੇ ਖਿਆਲ ਆਉਂਦੇ ਨੇ, ਲੇਕਿਨ ਅਜੇ ਪ੍ਰੈਕਟੀਕਲ ਨਹੀਂ ਚੱਲਿਆ। ਸਤਿਸੰਗ ਹੁੰਦਾ ਹੈ, ਧਿਆਨ ਨਾਲ ਸੁਣਦਾ ਹੈ, ਯਾਦ ਰੱਖਣ ਦੀ ਕੋਸ਼ਿਸ਼ ਕਰਦਾ ਹੈ, ਸੋ ਇਸ ਤਰ੍ਹਾਂ ਸ਼ੁੱਭ ਕਰਮ ਕਰਦਾ ਹੈ, ਪਾਪਾਂ ਤੋਂ ਬਚਿਆ ਰਹਿੰਦਾ ਹੈ। ਕੋਈ ਮਾੜਾ ਕਰਮ ਕਰਦਾ ਨਹੀਂ ਹੈ, ਗਿਆਨ ਹੁੰਦਾ ਹੈ ਕਿ ਮੈਨੂੰ ਲੇਖਾ ਦੇਣਾ ਪੈਣਾ ਹੈ। ਉਸ ਵੇਲੇ ਚਾਰ ਜਨਮ ਲੰਘ ਗਏ। ਪੰਜਵਾਂ ਜਨਮ ਜਦੋਂ ਆਉਂਦਾ ਹੈ ਤਾਂ ਉਹਨੂੰ ਖਿਆਲ ਆਉਂਦਾ ਹੈ ਕਿ ਮੈਂ ਕੋਈ ਗੁਰੂ ਧਾਰਨ ਕਰਾਂ, ਐਸਾ ਗੁਰੂ ਧਾਰਨ ਕਰਾਂ ਜਿਹੜਾ ਮੈਨੂੰ ਰਸਤੇ ਪਾ ਦੇਵੇ, ਉਹ ਫੇਰ ਜਿਹੜੇ ਕੁਲ ਗੁਰੂ ਵਗੈਰਾ ਹੁੰਦੇ ਨੇ, ਛੋਟੀ ਲੈਵਲ ਦੇ ਗੁਰੂ ਹੁੰਦੇ ਨੇ ਉਹ ਮਿਲਦੇ ਨੇ ਉਹਨੂੰ। ਉਹ ਇਹਨੂੰ ਥੋੜ੍ਹਾ-ਥੋੜ੍ਹਾ ਏਸ ਰਸਤੇ ਤੇ ਚਲਾਉਂਦੇ ਨੇ। ਕਹਿੰਦੇ ਨੇ ਨਾਮ ਜਪ, ਭਾਈ ਫਲਾਣਾ ਕਰ, ਪਰ ਉਹਦਾ ਸਮਾਂ ਅਜੇ ਜਾਗਿਆ ਨਹੀਂ ਹੁੰਦਾ, ਉਹ ਕਰਦਾ ਹੈ ਕਦੇ ਨਹੀਂ ਕਰਦਾ, ਬੰਨਵਾਂ ਨਹੀਂ ਕਰਦਾ। ਦ੍ਰਿੜ੍ਹਤਾ ਨਹੀਂ ਉਹਦੇ ਵਿਚ ਆਉਂਦੀ। ਉਸ ਤਰ੍ਹਾਂ ਉਹਦਾ ਧਿਆਨ ਹਮੇਸ਼ਾ ਨੇਕੀ ਵਲ ਨੂੰ ਰਹੇਗਾ। ਨਾਮ ਜਪਣ ਵਲ, ਬਾਣੀ ਪੜ੍ਹਨ ਵਲ ਪਰ ਪੜ੍ਹ ਨਹੀਂ ਸਕਦਾ। ਇਸੇ ਤਰ੍ਹਾਂ ਛੇਵਾਂ ਜਨਮ ਮਿਲਿਆ। ਛੇਵੇਂ ਜਨਮ ਦੇ ਵਿਚ ਇਹ ਤਲਾਸ਼ ਕਰਦਾ ਹੈ, ਸੱਚੇ ਦਿਲੋਂ ਕਿ ਮੈਨੂੰ ਕੋਈ ਗੁਰੂ ਮਿਲ ਜਾਵੇ, ਕੋਈ ਮਹਾਤਮਾ ਮਿਲ ਜਾਵੇ, ਜਿਹਦੇ ਨਾਲ ਮੈਂ ਰਲ ਕੇ ਨਾਮ ਜਪਾਂ, ਇਹ ਜਨਮ ਵੀ ਲੰਘ ਜਾਂਦਾ ਹੈ, ਅਗਲਾ ਜਨਮ ਆਉਂਦਾ ਹੈ ਤਾਂ ਅਜੇ ਬੱਚਾ ਹੀ ਹੁੰਦਾ ਤਿੰਨ-ਚਾਰ ਸਾਲ ਦਾ, ਮਾਂ ਬਾਪ ਨੂੰ ਕਹਿੰਦਾ ਹੈ ਕਿ ਸਤਿਸੰਗ 'ਚ ਚੱਲੋ। ਉਹਦੇ ਸੰਸਕਾਰ ਜਾਗਦੇ ਨੇ, ਪੁਰਾਣੇ ਸੰਸਕਾਰ ਉੱਗਣਾ ਚਾਹੁੰਦੇ ਨੇ। ਉਹਨੂੰ ਕੋਈ ਮਿਲ ਜਾਂਦਾ ਹੈ ਮਹਾਤਮਾ, ਗੁਰੂ ਧਾਰਨ ਕਰ ਲੈਂਦਾ ਹੈ, ਜਿੰਨਾ ਉਹ ਪਾਠ ਵਗੈਰਾ ਕਹਿੰਦਾ ਹੈ ਕਰਨ ਨੂੰ, ਕਰਦਾ ਹੈ, ਪਰ ਅਜੇ ਅਸਲੀ ਚੀਜ਼ ਫੇਰ ਨਹੀਂ ਪ੍ਰਾਪਤ ਹੋਈ। ਜਨਮ ਲੰਘ ਜਾਂਦਾ ਹੈ। ਏਸ ਤਰ੍ਹਾਂ ਦੇ ਨਾਲ ਦਸਵੇਂ ਜਨਮ 'ਚ ਜਾ ਕੇ ਉਹਨੂੰ ਬਚਪਨ 'ਚ ਵਾਹਿਗੁਰੂ ਜੀ ਵਲੋਂ ਗੁਰੂ ਦਾ ਮਿਲਾਪ ਕਰਾ ਦਿਤਾ ਜਾਂਦਾ ਹੈ। ਧਰੂੰ ਵਗੈਰਾ ਐਵੇਂ ਨਹੀਂ ਸੀ ਲੱਗੇ, ਬੇਅੰਤ ਜਨਮਾਂ ਦੀ ਤਪਸਿਆ ਸੀ ਉਨ੍ਹਾਂ ਦੀ ਪਹਿਲਾਂ, ਪ੍ਰਹਿਲਾਦ ਦੀ, ਧਰੂੰ ਦੀ। ਫੇਰ ਉਹਨੂੰ ਲਗਦੀ ਹੈ ਲਗਨ, ਲਗਨ ਲੱਗ ਕੇ ਫੇਰ ਉਹ ਨਾਮ ਜਪਦਾ ਹੈ। ਜਵਾਨੀ ਆਉਂਦੀ ਹੈ, ਗ੍ਰਹਿਸਤ ਵਿਚ ਪੈਂਦਾ ਹੈ, ਉਸ ਵੇਲੇ ਇਹਦੀ ਲੜਾਈ ਹੁੰਦੀ ਹੈ ਦੂਜੇ ਤੱਤਾਂ ਦੇ ਨਾਲ। ਕਦੇ ਗਿਰ ਜਾਂਦਾ ਹੈ, ਕਦੇ ਉਠ ਜਾਂਦਾ ਹੈ। ਘੋਲ ਲੱਗਿਆ ਰਹਿੰਦਾ ਹੈ। ਨੇਕੀ ਤੇ ਬਦੀ ਦੇ ਘੋਲ ਵਿਚ ਆ ਜਾਂਦਾ ਹੈ ਪਤਾ ਲਗ ਜਾਂਦਾ ਹੈ ਕਿ ਨੇਕੀ ਕਰਨੀ ਹੈ, ਬਦੀ ਮੈਨੂੰ ਥੱਲੇ ਸੁੱਟਦੀ ਹੈ। ਏਸ ਤਰ੍ਹਾਂ ਜਨਮ ਦਰ ਜਨਮ ਤਪਸਿਆ ਨਾਮ ਜਪਦੇ-ਜਪਦੇ ਅਖੀਰ ਐਸਾ ਜਨਮ ਆ ਜਾਂਦਾ ਹੈ ਜਿੱਥੇ ਇਹਨੂੰ ਗਿਆਨ ਪੈਦਾ ਹੋ ਜਾਂਦਾ ਹੈ, ਆਪੇ ਹੀ-

*ਕਬਹੂ ਸਾਧਸੰਗਤਿ ਇਹੁ ਪਾਵੈ ॥*
*ਉਸੁ ਅਸਥਾਨ ਤੇ ਬਹੁਰਿ ਨ ਆਵੈ ॥*
*ਅੰਤਰਿ ਹੋਇ ਗਿਆਨ ਪਰਗਾਸੁ ॥*
*ਉਸੁ ਅਸਥਾਨ ਕਾ ਨਹੀ ਬਿਨਾਸੁ ॥*
*ਮਨ ਤਨ ਨਾਮਿ ਰਤੇ ਇਕ ਰੰਗਿ ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥*
*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥ ਅੰਗ - ੨੭੮*

ਮਹਾਰਾਜ ਕਹਿੰਦੇ ਨੇ ਚਲਦਾ-ਚਲਦਾ, ਕਿਤੇ ਸਾਧੂ ਦੀ ਸੰਗਤ ਹੁੰਦੀ, ਪੂਰੇ ਮਹਾਂਪੁਰਸ਼ ਦੀ, ਹੁਣ ਉਹਦੀ ਸੰਗਤ ਦੇ ਵਿਚ ਬੜਾ ਭੇਤ ਹੈ। ਇਕ ਤਾਂ ਗਰਜ਼ ਨਾਲ ਕਰਦਾ ਹੈ, ਇਕ ਅੱਧੇ ਦਿਲ ਨਾਲ ਕਰਦਾ ਹੈ, ਇਕ ਨੂੰ ਭਰੋਸਾ ਨਹੀਂ ਆਉਂਦਾ, ਰਹਿੰਦਾ ਸੰਤਾਂ ਦੇ ਕੋਲ ਹੈ। ਬਣਦਾ ਨਹੀਂ ਉਹਦਾ ਕੰਮ। ਪਰ ਉਹ ਕੁੱਛ ਕਰਦਾ ਹੈ ਥੋੜ੍ਹਾ ਬਹੁਤ। ਥੋੜ੍ਹਾ ਬਹੁਤ ਲੇਖੇ 'ਚ ਪੈ ਜਾਂਦਾ ਹੈ ਉਹਦਾ।

ਕਿਸੇ ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਮਿਲ ਗਈ। ਇਹ ਚਾਰ ਚੀਜ਼ਾਂ ਉਸਨੂੰ ਪ੍ਰਾਪਤ ਹੋ ਜਾਇਆ ਕਰਦੀਆਂ ਨੇ। ਉਹਦਾ ਜੀਅ ਨਹੀਂ ਲਗਦਾ, ਹਰ ਵਕਤ ਉਹਦੇ ਮਨ ਦੇ ਵਿਚ ਰਹੇਗਾ, ਵਾਹਿਗੁਰੂ ਦਾ ਪਿਆਰ, ਵਾਹਿਗੁਰੂ ਦੀ ਖਿੱਚ ਬਣੀ ਰਹੇਗੀ ਤੇ ਨਾਲ ਦਰਸ਼ਨਾਂ ਦੀ ਲੋਚਾ ਲੱਗੀ ਰਹੇਗੀ, ਚੰਗਾ ਨਹੀਂ ਕੁਛ ਲੱਗੇਗਾ।

ਇਸ ਤਰ੍ਹਾਂ ਨਾਲ ਪੜ੍ਹ ਲਓ –

***ਧਾਰਨਾ – ਦੇਖ ਦਰਸ ਆਘਾਵੈ ਜੀ,***
***ਸੰਤ ਜਨਾ ਹਰਿ ਪ੍ਰੀਤ ਹੈ।***

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ***
***ਦੇਖਿ ਦਰਸ ਆਘਾਵੈ॥ ਅੰਗ – ੭੦੮***

ਇਸ ਤਰ੍ਹਾਂ ਦੇ ਨਾਲ ਪਿਆਰ ਲਗ ਜਾਂਦਾ ਹੈ, ਪਿਆਰ ਲੱਗਣ ਤੇ ਮਹਾਤਮਾ ਕਹਿੰਦੇ ਨੇ ਕਿ ਹੁਣ ਇਹਨੂੰ ਵੈਰਾਗ ਲਗ ਗਿਆ। ਪਹਿਲੀ ਚੀਜ਼ ਵਾਹਿਗੁਰੂ ਨੂੰ ਮਿਲਣ ਵਾਸਤੇ ਪ੍ਰਤੀਤੀ ਹੋਇਆ ਕਰਦੀ ਹੈ। ਪ੍ਰਤੀਤ, ਭਰੋਸਾ, ਸ਼ਰਧਾ, ਯਕੀਨ। ਵਾਹਿਗੁਰੂ ਪਰੀਪੂਰਨ ਹੈ। ਪਹਿਲਾਂ ਤਾਂ ਵਾਹਿਗੁਰੂ ਦਾ ਪਤਾ ਹੀ ਨਹੀਂ ਲਗਦਾ ਕਿ ਕਿੱਥੇ ਹੈ, ਕਿਹੋ ਜਿਹਾ ਹੈ? ਜਿਹੋ ਜਿਹਾ ਕਿਸੇ ਨੇ ਦੱਸ ਦਿਤਾ ਅਸੀਂ ਮੰਨ ਲੈਂਦੇ ਹਾਂ। ਫੇਰ ਪ੍ਰਤੀਤ ਆ ਜਾਂਦੀ ਹੈ।

ਮਹਾਰਾਜ ਕਹਿੰਦੇ ਜੇ ਪ੍ਰਤੀਤ ਆ ਗਈ, ਫੇਰ ਉਹਦਾ ਨਾਮ ਨਾਲ ਪਿਆਰ ਲਗ ਜਾਂਦਾ ਹੈ। ਦੂਸਰਾ ਫੇਰ ਮੰਤਰ ਤੇ ਪ੍ਰਤੀ ਆ ਜਾਂਦੀ ਹੈ, ਜਿਹੜਾ ਮੈਨੂੰ ਮੰਤਰ ਮਿਲਿਆ ਹੈ, ਪੰਜ ਪਿਆਰਿਆਂ ਨੇ ਦਿਤਾ ਹੈ, ਇਹ ਬਹੁਤ ਵੱਡਾ ਹੈ ਕਿਉਂਕਿ ਐਸਾ ਸਾਡੇ ਇਤਿਹਾਸਾਂ 'ਚ ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ 36 ਜੁਗ ਦੇ ਵਿਚ ਇਹ ਵਾਹਿਗੁਰੂ ਮੰਤਰ ਪ੍ਰਗਟ ਕੀਤਾ ਹੈ। ਪਹਿਲਾਂ ਆਪ ਨੇ 9 ਜੁਗ 'ਵ' ਵਾਸਤੇ ਸਿੱਧ ਕਰਿਆ ਹੈ। ਫੇਰ ਹਰੀ ਸਿੱਧ ਕੀਤਾ, ਗੋਬਿੰਦ, ਫੇਰ ਰਾਮ ਚਾਰਾਂ ਨੂੰ ਜੋੜ ਕੇ ਇਹ ਵਾਹਿਗੁਰੂ ਮੰਤਰ ਬਣਿਆ। ਐਸਾ ਹੁੰਦਾ ਹੈ ਸਰਬ ਲੋਹ ਗ੍ਰੰਥ 'ਚ ਲਿਖਿਆ ਹੋਇਆ ਹੈ ਪੜ੍ਹ ਲਿਓ। ਇਹ ਫੇਰ ਮੰਤ੍ਰ ਖਾਲਸੇ ਨੂੰ ਦਿੱਤਾ। ਪਹਿਲਾਂ ਨੌਂ ਪਾਤਸ਼ਾਹੀਆਂ ਤੱਕ ਸਤਿਨਾਮ ਵਾਹਿਗੁਰੂ, ਗੁਰੂ ਦਸਵੇਂ ਪਾਤਸ਼ਾਹ ਨੇ ਵਾਹਿਗੁਰੂ ਮੰਤਰ ਦਿੱਤਾ, ਪੰਜ ਪਿਆਰਿਆਂ ਦੇ ਰਾਹੀਂ। ਇਹਦੇ ਉਤੇ ਪੂਰੀ ਪ੍ਰਤੀਤ ਕਿ ਮੈਨੂੰ ਮੰਤਰ ਸਭ ਤੋਂ ਚੰਗਾ ਮਿਲ ਗਿਆ ਤੇ ਇਹਨੇ ਬੜੀ ਛੇਤੀ ਸਿੱਧ ਹੋ ਜਾਣਾ ਹੈ। ਤੀਸਰਾ ਹੋਇਆ ਕਰਦਾ ਹੈ ਗੁਰੂ ਦੇ ਉਤੇ ਪ੍ਰਤੀਤ ਕਿ ਮੇਰਾ ਗੁਰੂ ਸਮਰੱਥ ਹੈ, ਮੈਨੂੰ ਕਿਸੇ ਹੋਰ ਥਾਂ ਜਾਣ ਦੀ ਲੋੜ ਨਹੀਂ। ਚੌਥੀ ਗੱਲ ਹੋਇਆ ਕਰਦੀ ਹੈ, ਲਗਨ ਦੀ। ਲਗਨ ਹੋਵੇ ਮਨ ਦੇ ਵਿਚ ।

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ***
***ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ***
***ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ***
***ਹੈ ਟੋਰ ਅਨੰਤ ਉਨ੍ਹਾਂ ਦੀ***
***ਵਸਲੋਂ ਉਰੇ ਮੁਕਾਮ ਨ ਕੋਈ***
***ਸੋ ਚਾਲ ਪਏ ਨਿਤ ਰਹਿੰਦੇ।***

ਫੇਰ ਇਹਦੀ ਕੀਮਤ ਦੇਣ ਦਾ ਇਰਾਦਾ ਹੋਵੇ। ਇਹਦੀ ਕੀਮਤ ਕੀ ਹੈ? ਆਪਣਾ ਆਪਾ ਅਰਪ ਦੇਣਾ ਗੁਰੂ ਨੂੰ। ਕੋਈ ਚੀਜ਼ ਨਾ ਆਪਣੇ ਕੋਲ ਰੱਖਣੀ। ਤਨ ਵੀ, ਮਨ ਵੀ, ਧਨ ਵੀ। ਫੇਰ ਮਨ ਵਿਚ ਵੈਰਾਗ ਹੋਣਾ ਜ਼ਰੂਰੀ ਹੈ, ਜਿਸ ਤਰ੍ਹਾਂ ਮੱਛੀ ਪਾਣੀ ਤੋਂ ਬਗੈਰ ਜੀਉਂਦੀ ਨਹੀਂ ਰਹਿੰਦੀ, ਫੇਰ ਇਹਦੇ ਬਾਅਦ ਆਉਂਦਾ ਹੈ ਕਿ ਧਰਮ ਦਾ ਧਾਰਨੀ ਹੋਵੇ। ਧਰਮ ਇਕ **character** ਹੈ, ਮਜ਼ਹਬ ਹੋਰ ਚੀਜ਼ ਹੈ, ਧਰਮ ਹੋਰ ਚੀਜ਼ ਹੈ। ਮਜ਼ਹਬ ਹੁੰਦੀ ਹੈ, ਸੰਪਰਦਾਇਕ ਮਰਿਯਾਦਾ। ਰਹਿਤ, ਬਹਿਤ ਹੁੰਦੀ ਹੈ, ਕੋਈ ਗਾਇਤ੍ਰੀ ਪੜ੍ਹਦਾ ਹੈ, ਕੋਈ ਨਮਾਜ਼ ਪੜ੍ਹਦਾ ਹੈ, ਕੋਈ ਜਨੇਊ ਪਾਉਂਦਾ ਹੈ, ਇਹਨੂੰ ਮਜ਼ਹਬ ਕਹਿੰਦੇ ਨੇ, ਸਾਰੀਆਂ ਚੀਜ਼ਾਂ ਮਜ਼ਹਬ ਨਾਲ ਸਬੰਧ ਰੱਖਦੀਆਂ ਨੇ। ਧਰਮ ਨਾਲ ਨਹੀਂ। ਧਰਮ ਦਾ ਇਕ **character** ਹੈ, ਜੇ **character** ਹੋਵੇ ਤਾਂ ਤਰੱਕੀ ਹੋਇਆ ਕਰਦੀ ਹੈ। ਉਹਦੇ ਵਿਚ ਸਭ ਤੋਂ ਮੁੱਖ ਹੈ ਮਾਂ ਯਾਦ ਰੱਖਣੀ, ਧਰਮ ਦੀ ਮਾਂ ਕੌਣ ਹੈ ਦਇਆ।

***ਧੌਲ ਧਰਮ ਦਇਆ ਕਾ ਪੂਤੁ॥***

ਜੇ ਦਇਆ ਹੋਏਗੀ ਤਾਂ ਧਰਮ ਪੈਦਾ ਹੁੰਦਾ ਹੈ, ਨਹੀਂ ਤਾਂ ਹੁੰਦਾ ਨਹੀਂ। ਜੇ ਕਹਿੰਦੇ ਜੀਵ ਵੱਢ-ਵੱਢ ਖਾਈ ਜਾਓ, ਦਇਆ ਤਾਂ ਆਈ ਨਾ ਮਨ 'ਚ।

***ਜੀਅ ਬਧਹੁ ਸੁ ਧਰਮੁ ਕਰਿ ਥਾਪਹੁ***
***ਅਧਰਮੁ ਕਹਹੁ ਕਤ ਭਾਈ ॥***
***ਆਪਸ ਕਉ ਮੁਨਿਵਰ ਕਰਿ ਥਾਪਹੁ***
***ਕਾ ਕਉ ਕਹਹੁ ਕਸਾਈ ॥ ਅੰਗ – ੧੧੦੩***

ਮਹਾਰਾਜ ਕਹਿੰਦੇ, ਦੇਖੋ, ਜੀਵ ਵੱਢਦੇ ਓਂ। ਇਹਨੂੰ ਤੁਸੀਂ ਧਰਮ ਕਹਿੰਦੇ ਓਂ ਇਹ ਧਰਮ ਹੈ? ਧਰਮ ਤਾਂ ਦਇਆ ਤੋਂ ਬਗੈਰ ਪ੍ਰਗਟ ਹੋਣਾ ਹੀ ਨਹੀਂ ਹਿਰਦੇ 'ਚ। ਪਹਿਲਾਂ ਦਇਆ ਆਏਗੀ, ਮਾਂ ਹੈ ਧਰਮ ਦੀ ਤੇ ਜੀਵ ਵੱਢ ਕੇ ਤੁਸੀਂ ਕਹਿੰਦੇ ਓਂ ਕਿ ਅਸੀਂ ਇਨ੍ਹਾਂ ਦਾ ਭਲਾ ਕਰਦੇ ਹਾਂ। ਫੇਰ ਕਸਾਈ ਕੀਹਨੂੰ ਕਹੋਂਗੇ ਤੁਸੀਂ? ਬੜਾ ਸਾਫ ਸੁਥਰਾ ਬਚਨ ਹੈ ਕੋਈ ਇਹਦੇ ਵੀ ਲਾ ਕੇ ਗੱਲ ਨਹੀਂ ਕਰੀ ਹੋਈ।

ਜੋਰ ਕਰਕੇ ਜੀਅ ਮਾਰਦਾ ਹੈਂ ਤੇ ਇਹਨੂੰ ਹਲਾਲ ਕਹੀ ਜਾਂਦਾ ਹੈਂ, ਇਹ ਤਾਂ ਅਧਰਮ ਦੀ ਗੱਲ ਕਰ ਰਿਹਾ ਹੈਂ ਤੂੰ। ਧਰਮ ਤਾਂ ਨਹੀਂ ਕਰ ਰਿਹਾ। ਸੋ ਜੇ ਦਇਆ ਆਏਗੀ, ਕੁਦਇਆ ਦੀ ਗੱਲ ਕਰਦਾ ਹੈ, ਧਰਮ ਨਹੀਂ ਹਿਰਦੇ 'ਚ ਪੈਦਾ ਹੋਣਾ। ਪਹਿਲਾਂ ਦਇਆ ਆਏਗੀ।

ਜਦੋਂ ਦਇਆ ਆਉਂਦੀ ਹੈ ਸਭ ਦਾ ਭਲਾ ਲੋਚਦਾ ਹੈ।

*ਨਾਨਕ ਨਾਮ ਚੜ੍ਹਦੀ ਕਲਾ,*
*ਤੇਰੇ ਭਾਣੇ ਸਰਬੱਤ ਦਾ ਭਲਾ।*

ਫੇਰ ਦਇਆ ਨਹੀਂ ਹੈ ਫੇਰ ਨਹੀਂ ਮੰਗਦਾ। ਫੇਰ ਖਿਮਾ ਦੀ ਸ਼ਕਤੀ ਪੈਦਾ ਹੁੰਦੀ ਹੈ। ਬਦਲਾ ਨਾ ਲੈਣਾ, ਮਾਫ ਕਰ ਦੇਣਾ, ਜਦੋਂ ਗਲਤੀ ਮੰਨ ਲੈਣੀ ਫੇਰ ਉਹਨੂੰ ਪੂਰੇ ਮਨੋ ਮਾਫ ਕਰਕੇ ਫੇਰ ਨਹੀਂ ਦਿਲ 'ਚ ਰੱਖਣਾ ਕਿ ਇਹ ਐਉਂ ਸੀ। ਖਿਮਾ ਕਰ ਦੇਣਾ। ਫੇਰ ਧੀਰਜ ਹੋਇਆ ਕਰਦੀ ਹੈ, ਸੁਭਾਅ ਧੀਰਜੀ। ਉਹਦੇ ਬਾਅਦ ਅਹਿੰਸਾ ਹੁੰਦੀ ਹੈ, ਕਿਸੇ ਨੂੰ ਕਿਸੇ ਵੀ ਤਰੀਕੇ ਨਾਲ ਨਾ ਬੋਲ ਕੇ, ਨਾ ਲਿਖ ਕੇ, ਨਾ ਕਾਨੂੰਨ 'ਚ, ਕਿਸੇ ਦਾ ਨੁਕਸਾਨ ਨਾ ਕਰਨਾ। ਪਰੇਸ਼ਾਨੀਆਂ 'ਚ ਨਾ ਪਾਉਣਾ, ਇਹਨੂੰ ਅਹਿੰਸਾ ਕਹਿੰਦੇ ਨੇ। ਫੇਰ ਸੰਤੋਖ ਹੋਇਆ ਕਰਦਾ ਹੈ, ਕੰਮ ਕਰਨਾ ਜੀਅ ਭਰ ਕੇ ਜੋ ਕੁਛ ਆ ਗਿਆ, ਉਹਦੇ 'ਤੇ ਸੰਤੁਸ਼ਟ ਰਹਿ ਕੇ ਫੇਰ ਫੁਰਨੇ ਨਾ ਕਰਨੇ। ਫੇਰ ਸੌਚ ਹੋਇਆ ਕਰਦੀ ਹੈ, ਪਵਿੱਤਰਤਾ - ਸਰੀਰ ਦੀ ਪਵਿੱਤਰਤਾ, ਵਸਤਰਾਂ ਦੀ ਪਵਿੱਤਰਤਾ, ਬੋਲ ਦੀ ਪਵਿੱਤਰਤਾ, ਸੌਚ ਦੀ ਪਵਿੱਤਰਤਾ, ਮਨ ਦੇ ਫੁਰਨਿਆਂ ਦੀ ਪਵਿੱਤਰਤਾ, ਬੁੱਧੀ ਦੀ ਪਵਿੱਤਰਤਾ, ਚਿੱਤ ਦੀ ਪਵਿੱਤਰਤਾ। ਫੇਰ ਹੋਇਆ ਕਰਦਾ ਹੈ ਸ਼ੀਲ, ਸ਼ੀਲ ਕਹਿੰਦੇ ਨੇ **character** ਨੂੰ, ਇਕ ਆਦਮੀ ਗੱਲ ਕਰਕੇ ਮੁੱਕਰ ਜਾਵੇ ਕਹਿੰਦੇ ਨੇ ਇਹਦਾ ਕੋਈ ਚਰਿੱਤਰ ਹੈ। ਸੋ ਇਸ ਤਰ੍ਹਾਂ ਬਚਨ ਦੀ ਪਵਿੱਤਰਤਾ ਹੋਵੇ, ਸੋਚਣ ਦੀ ਪਵਿੱਤਰਤਾ ਹੋਵੇ, ਕ੍ਰੋਧੀ ਨਾ ਹੋਵੇ, ਲੋਭੀ ਨਾ ਹੋਵੇ, ਅਹੰਕਾਰੀ ਨਾ ਹੋਵੇ, ਕਾਮੀ ਨਾ ਹੋਵੇ, ਇਹ ਸਾਰੀਆਂ ਚੀਜ਼ਾਂ ਸ਼ੀਲ ਕਹਾਉਂਦੀਆਂ ਨੇ। ਫੇਰ ਧਰਮੀ ਹੋਵੇ, ਸੇਵਾ ਕਰਨ ਦਾ ਚਾਓ ਮਨ ਵਿਚ ਹੋਵੇ, ਦੂਸਰਿਆਂ ਦੇ ਕੰਮ ਆਉਣ ਦਾ ਚਾਓ ਹੋਵੇ, ਇਹਨੂੰ ਧਰਮ ਕਹਿੰਦੇ ਨੇ। ਇਹ ਪੈਦਾ ਹੁੰਦਾ ਹੈ, ਇਹ ਹੁੰਦਾ ਦਇਆ ਤੋਂ ਹੈ।

*ਧੌਲੁ ਧਰਮ ਦਇਆ ਕਾ ਪੂਤੁ॥*

ਜਦੋਂ ਇਹ ਗੁਣ ਆਦਮੀ 'ਚ ਆ ਜਾਂਦੇ ਨੇ, ਫੇਰ ਜਿਹੜਾ ਇਹ ਗੁਣ ਧਾਰਨ ਕਰਦਾ ਹੈ, ਉਹ ਹੋਇਆ ਕਰਦਾ 'ਨਾਮ' ਦਾ ਅਧਿਕਾਰੀ। ਉਸ ਖੇਤੀ ਦੇ ਵਿਚ ਨਾਮ ਪਲਦਾ ਹੈ।

*ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥*
*ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥*
*ਅੰਗ - ੫੯੫*

ਆਹ ਜਿਹੜੇ ਮੈਂ ਦੱਸੇ ਨੇ, ਇਨ੍ਹਾਂ ਕਰਮਾਂ ਦੇ ਨਾਲ ਉਹ ਉਥੇ ਜਾਂਦਾ ਹੈ। ਉਹ ਭਾਗਾਂ ਵਾਲੇ ਘਰ ਨੇ ਜਿਥੇ ਧਰਮ ਪੈਦਾ ਹੋ ਜਾਵੇ। ਸੋ ਧਰਮ ਦਾ ਧਾਰਨੀ ਹੋਵੇ। ਇਹ ਧਾਰਨੀ ਹੋ ਕੇ ਨਾਮ ਦਾ ਅਧਿਕਾਰੀ ਹੋਇਆ ਕਰਦਾ ਹੈ।

ਸਾਡੇ ਚਿੱਤ ਦੇ ਵਿਚ ਤਿੰਨ ਦੋਸ਼ ਨੇ ਜਿਹਦੇ ਕਰਕੇ ਪ੍ਰਮੇਸ਼ਰ ਦੇ ਦਰਸ਼ਨ ਨਹੀਂ ਹੁੰਦੇ। ਪਹਿਲਾਂ ਤਾਂ ਹੈ ਕਿ ਉਹਦੇ ਵਿਚ ਬੇਅੰਤ ਮੈਲ ਪਈ ਹੈ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ ॥*
*ਗੁਰ ਪਰਸਾਦੀ ਜੀਵਤੁ ਮਰੈ*
*ਉਲਟੀ ਹੋਵੈ ਮਤਿ ਬਦਲਾਹੁ ॥*
*ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ॥*
*ਅੰਗ - ੬੫੧*

ਐਨੀ ਮੈਲ ਪਈ ਹੈ ਜਨਮਾਂ ਜਨਮਾਂਤਰਾਂ ਦੀ ਉਹਦੇ 'ਚੋਂ ਦਿਸਣਾ ਕੀ ਹੈ। ਬੇਅੰਤ ਗੰਧਲਿਆ ਹੋਇਆ ਪਾਣੀ ਹੋਵੇ, ਜਾਂ ਡੀਜ਼ਲ ਵਿਚ ਪੈ ਕੇ ਪਾਣੀ ਕਾਲਾ ਹੋਇਆ ਹੋਵੇ, ਦੱਸੋ ਉਹਦੇ ਵਿਚੋਂ ਆਪਣਾ ਚਿਹਰਾ ਦਿਸ ਜਾਏਗਾ? ਸ਼ੀਸ਼ੇ ਦੇ ਉਤੇ ਮੈਲ ਜੰਮੀ ਪਈ ਹੋਵੇ, ਉਹਦੇ ਵਿਚ ਆਪਣਾ ਮੂੰਹ ਦਿਸ ਜਾਏਗਾ? ਕਦੇ ਵੀ ਨਹੀਂ ਦਿਸਦਾ ਜਦੋਂ ਤਕ ਮੈਲ ਨਹੀਂ ਲਾਹੁੰਦੇ। ਦੂਸਰਾ ਇਹਦੇ 'ਚ ਹੋਇਆ ਕਰਦਾ ਹੈ ਵਿਖਸ਼ੇਪ। ਵਿਖਸ਼ੇਪ ਜਿਹੜਾ ਹੈ ਇਹਦੇ ਵਿਚ ਇਹ ਕੋਈ ਭਰੋਸੇ ਵਿਚ ਨਹੀਂ ਆਉਂਦਾ, ਨਿਸ਼ਚਾ ਨਹੀਂ ਇਹਦਾ ਕਾਇਮ ਹੁੰਦਾ, ਹਰ ਵਕਤ ਡੋਲਦਾ ਰਹਿੰਦਾ ਹੈ। ਇਕ ਪੁਆਇੰਟ ਤੇ ਨਹੀਂ ਆਉਂਦਾ ਹੈ। ਤੀਸਰਾ ਇਹਦੇ ਵਿਚ ਦੋਸ਼ ਹੋਇਆ ਕਰਦਾ ਹੈ ਆਵਰਨ ਜਿਹਨੂੰ ਪੜਦਾ ਕਹਿੰਦੇ ਨੇ, ਕਬਰ ਕਹਿੰਦੇ ਨੇ, ਜਿਵੇਂ ਕਾਰ ਨੂੰ ਕਵਰ ਨਾਲ ਢਕ ਦੇਈਦਾ ਹੈ ਐਉਂ ਉਹਨੇ ਗਿਆਨ ਨੂੰ ਢਕਿਆ ਹੋਇਆ ਹੈ। ਅੱਖ ਦੇ ਉਤੇ ਕੁਛ ਬੰਨ੍ਹ ਲਈਏ ਕਾਲਾ, ਅੱਖ ਤਾਂ ਦੇਖ ਸਕਦੀ ਹੈ, ਰੋਸ਼ਨੀ ਹੈ ਉਹਦੇ ਵਿਚ ਪਰ ਦੇਖੇ ਕਿਵੇਂ ਜਦੋਂ ਉਤੇ ਕਾਲੀ ਪੱਟੀ ਬੰਨ੍ਹੀ ਹੋਈ ਹੈ। ਇਹਨੂੰ ਆਵਰਨ ਕਹਿੰਦੇ ਨੇ, ਜਿੰਨਾ ਚਿਰ ਇਹ ਅੰਦਰ ਨੇ ਓਨੀ ਦੇਰ ਤੱਕ, ਵਾਹਿਗੁਰੂ ਦੇ ਰਸਤੇ ਤੇ ਅਸੀਂ ਲੱਗ ਨਹੀਂ ਸਕਦੇ। ਹੁਣ ਇਹ ਹੁੰਦਾ ਹੈ ਕਿਵੇਂ ਹੈ? ਹੌਲੀ-ਹੌਲੀ ਪਉੜੀ ਦਰ ਪਉੜੀ ਇਨ੍ਹਾਂ ਨੂੰ ਚੜ੍ਹਾਉਣਾ ਹੈ ਤਾਂ ਇਹ ਹੋਏਗਾ। ਜਿਹੜਾ ਪਹਿਲਾ ਸਵਾਲ ਸਾਡੇ ਕੋਲ ਹੈ ਕਿ ਮੈਲ ਦੂਰ ਕਿਵੇਂ ਕਰੀ ਜਾਵੇ? ਮੈਲ ਦੂਰ ਹੁੰਦੀ ਹੈ ਕਰਮ ਨਾਲ, ਨਿਸ਼ਕਾਮ ਕਰਮਾਂ ਨਾਲ। ਕਰਮ ਕਰਨੇ, ਸੇਵਾ ਕਰਨੀ, ਮੰਗ ਨਾ ਕੋਈ ਮੰਗਣੀ। ਜੇ ਮੰਗ ਮੰਗੀ ਜਾਓ, ਸੇਵਾ ਕਰੀ ਉਹਦੀ ਮੰਗ ਆ ਗਈ। ਸੰਤਾਂ ਕੋਲ ਜਾਂਦੇ ਓਂ ਜੇ ਮੰਗਾਂ ਵਾਸਤੇ ਜਾਂਦੇ ਹੋਂ, ਫੇਰ ਤਾਂ ਗੱਲ ਨਹੀਂ ਬਣਦੀ।

ਕਈ ਮੈਨੂੰ ਕਹਿ ਦਿੰਦੇ ਨੇ ਕਿ ਅਸੀਂ ਐਨੀ ਦੇਰ ਦੇ ਸਤਿਸੰਗ 'ਚ ਆਉਂਦੇ ਹਾਂ, ਸਾਡਾ ਆਹ ਕੰਮ ਤਾਂ ਹੋਇਆ ਨਹੀਂ। ਮੈਂ ਕਿਹਾ ਕੋਈ ਠੇਕਾ ਤਾਂ ਹੈ ਨਹੀਂ ਇਥੇ,

ਨਾ ਅਸੀਂ ਠੇਕਾ ਲੈਂਦੇ ਹਾਂ। ਤੁਹਾਡੀ ਮਰਜ਼ੀ ਹੈ ਆਉਣਾ ਹੈ ਆਓ, ਨਹੀਂ ਆਉਣਾ ਨਾ ਆਓ। ਕਿਉਂਕਿ ਤੁਸੀਂ ਤਾਂ ਸੌਦਾ ਕਰਦੇ ਓਂ। ਇਹ ਕਰਮ ਨਹੀਂ ਹੁੰਦੇ। ਆਉਂਦੇ ਸਤਿਸੰਗ 'ਚ ਜ਼ਰੂਰ ਨੇ, ਪਰ ਜਿਹੜਾ ਕਰਮ ਹੈ ਉਹ ਗਰਜ਼ ਦੇ ਅਧੀਨ ਹੋਣ ਕਰਕੇ ਨਿਸ਼ਕਾਮ ਨਾ ਬਣਿਆ। ਸੋ ਨਿਸ਼ਕਾਮ ਕਰਮ ਜਿਹੜੇ ਨੇ, ਜਦੋਂ ਆਦਮੀ ਕਰਦਾ ਹੈ ਨਿਸ਼ਕਾਮ ਹੀ ਕਰਦਾ ਹੈ। ਉਸ ਵੇਲੇ ਮੈਲ ਜਿਹੜੀ ਹੈ ਅੰਤਸ਼ਕਰਣ ਦੇ ਅੰਦਰ ਉਹ ਮੈਲ ਧੋ ਦਿੰਦੇ ਨੇ, ਉਹ ਨਿਰਮਲ ਹੋ ਜਾਂਦਾ ਹੈ। ਹੁਣ ਉਹਦੇ ਵਿਚ ਦੋ ਦੋਸ਼ ਰਹਿ ਗਏ ਇਕ ਰਹਿ ਗਿਆ ਵਿਖਸ਼ੇਪਤਾ ਦਾ, ਵਿਖਸ਼ੇਪਤਾ ਦਾ ਦੋਸ਼ ਜਿਹੜਾ ਹੈ ਉਪਾਸ਼ਨਾ ਤੋਂ ਬਿਨਾਂ ਨਹੀਂ ਜਾਂਦਾ। ਉਪਾਸ਼ਨਾ ਜਿਹੜੀ ਹੈ ਸੰਤਾਂ ਤੋਂ ਬਗੈਰ ਆਉਂਦੀ ਨਹੀਂ, ਨਹੀਂ ਪਤਾ ਲਗਦਾ, ਕਿੰਨਾ ਹੀ ਜ਼ੋਰ ਲਾਈ ਜਾ ਜਿੰਨਾ ਲਗਦਾ ਹੈ।

ਉਪਾਸ਼ਨਾ ਦੇ ਵਿਚ ਬਿਰਤੀ ਦੇ ਵਿਚ ਇਕਾਗਰਤਾ ਤੇ ਨਿਰੁੱਧ ਦੋ ਚੀਜ਼ਾਂ ਹੁੰਦੀਆਂ ਨੇ। ਜਦੋਂ ਪੂਰਨ ਰੂਪ ਦੇ ਵਿਚ ਇਕਾਗਰ ਹੋ ਗਿਆ, ਉਸ ਵੇਲੇ ਉਪਾਸਨਾ ਨੇ ਫਲ ਦੇ ਦਿਤਾ ਤੇ ਉਹਦੇ ਨਾ ਵਿਖਸ਼ੇਪਤਾ ਦੂਰ ਹੋ ਗਈ। ਹੁਣ ਤੀਸਰਾ ਰਹਿ ਗਿਆ ਆਵਰਨ। ਆਵਰਨ ਜਿਹੜਾ ਹੈ ਉਹ ਪਰਦਾ ਹੈ, ਉਹ ਪਰਦਾ ਜਿਹੜਾ ਹੈ ਗਿਆਨ ਤੋਂ ਬਿਨਾਂ ਦੂਰ ਨਹੀਂ ਹੁੰਦਾ। ਗਿਆਨ ਵਾਸਤੇ ਸੌ ਜਨਮ ਵੀ ਲੈ ਸਕਦਾ ਹੈ, ਪੰਜਾਹ ਵੀ ਲੈ ਸਕਦਾ ਹੈ, ਚਾਲੀ ਵੀ ਲੈ ਸਕਦਾ ਹੈ, ਇਹ ਐਡੀ ਵੱਡੀ ਚੀਜ਼ ਹੈ।

***ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥***
***ਅੰਗ - ੪੬੫***

ਸੋ ਇਸ ਕਰਕੇ ਪਿਆਰਿਓ! ਗੁਰੂ ਮਹਾਰਾਜ ਦਾ ਇਕੋ ਸ਼ਬਦ ਜਿਹਦੇ ਵਿਚ ਸਾਰਾ ਕੁਛ ਦਸ ਦਿਤਾ। ਇਕੋ ਸ਼ਬਦ ਦੇ ਵਿਚ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਦਾ ਹਾਲ ਲਿਖਿਆ ਹੈ, ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਹੈ -

***ਭਾਂਡਾ ਧੋਇ ਬੈਸਿ ਧੂਪੁ ਦੇਵਹੁ***
***ਤਉ ਦੂਧੈ ਕਉ ਜਾਵਹੁ ॥ ਅੰਗ - ੭੨੮***

ਇਕ ਮਿਸਾਲ ਨਾਲ ਗੱਲ ਸਮਝ 'ਚ ਆ ਜਾਏਗੀ। ਇਕ ਕੋਈ ਮਹਾਤਮਾ ਸੀ, ਇਕਾਂਤ ਵਾਸ ਵਿਚ ਰਿਹਾ ਕਰਦੇ ਸੀ। ਜੋ ਕੁਛ ਕਿਸੇ ਨੇ ਲਿਆ ਦੇਣਾ, ਪਹਿਲਾਂ ਉਹ ਛਕ ਲੈਣਾ ਬਾਕੀ ਫੇਰ ਜਵਾਬ ਦੇ ਦੇਣਾ। ਇਕ ਪ੍ਰੇਮੀ, ਉਸਦੀ ਜ਼ਮੀਨ ਨਾਲ ਲਗਦੀ ਸੀ, ਜਿਥੇ ਉਨ੍ਹਾਂ ਨੇ ਕੁਟੀਆ ਪਾਈ ਹੋਈ ਸੀ। ਉਹ ਖੂਹ ਦੇ ਵਿਚੋਂ ਪਾਣੀ ਵਗੈਰਾ ਭਰ ਕੇ ਰੱਖ ਦਿੰਦਾ ਸੀ, ਛਿੜਕਾਅ ਕਰ ਦਿੰਦਾ ਸੀ, ਫੇਰ ਮਹਾਂਪੁਰਸ਼ਾਂ ਨੂੰ ਕਹਿਣਾ ਕਿ ਮਹਾਂਪੁਰਸ਼ੋ! ਮੈਨੂੰ ਨਾਮ ਦੇ ਦਿਓ, ਉਨ੍ਹਾਂ ਨੇ ਕਹਿਣਾ ਕਿ ਪ੍ਰੇਮੀਆ! ਤੇਰਾ ਭਾਂਡਾ ਅਜੇ ਠੀਕ ਨਹੀਂ ਹੈਗਾ। ਪਹਿਲਾਂ ਇਹਨੂੰ ਧੋ। ਇਕੋ ਹੀ ਗੱਲ ਦੀ ਰੱਟ ਲਾ ਲਈ। ਜਦੋਂ ਸੰਤਾਂ ਦੇ ਦਰਸ਼ਨ ਕਰਨੇ, ਨਾਮ ਦਾਨ ਬਖਸ਼ੋ। ਇਥੇ ਮੈਨੂੰ ਵੀ ਕਹਿੰਦੇ ਰਹਿੰਦੇ ਨੇ ਪ੍ਰੇਮੀ, ਪਹਿਲੇ ਦਿਨ ਹੀ ਆ ਕੇ। ਮੈਂ ਕਿਹਾ ਇਹ ਕੋਈ ਸੁਖਾਲੀ ਜਿਹੀ ਚੀਜ਼ ਥੋੜ੍ਹਾ ਨਹੀਂ ਹੈ। ਪਹਿਲਾਂ ਤਿਆਰੀ ਕਰੋ, ਅਧਿਕਾਰੀ ਹੋਵੇ ਤਾਂ ਹੀ ਚੀਜ਼ ਦਿਤੀ ਜਾਂਦੀ ਹੈ। ਐਵੇਂ ਤਾਂ ਨਹੀਂ, ਅਧਿਕਾਰ ਤਾਂ ਹੁੰਦਾ ਨਹੀਂ ਵੱਡਿਆਂ-ਵੱਡਿਆਂ ਨੂੰ। ਲੱਖਾਂ 'ਚੋਂ ਇਕ ਨਿਕਲ ਆਵੇ ਤਾਂ ਨਿਕਲ ਆਵੇ ਅਧਿਕਾਰੀ। ਬਾਕੀ ਤਾਂ ਸਫਰ ਕਰਨ ਵਾਲੇ ਚੱਲ ਰਹੇ ਹੁੰਦੇ ਨੇ। ਉਚੀ ਚੀਜ਼ ਦੇ ਅਧਿਕਾਰੀ ਨਹੀਂ ਹੁੰਦੇ ਸਾਰੇ, ਟਾਂਵਾਂ-ਟਾਵਾਂ ਹੀ ਹੁੰਦਾ ਹੈ ਕੋਈ।

ਸੋ ਉਹ ਪ੍ਰੇਮੀ ਬਾਰ-ਬਾਰ ਕਹੀ ਜਾਵੇ। ਸੰਤਾਂ ਨੇ ਕਿਹਾ ਕਿ ਐਉਂ ਤਾਂ ਇਹ ਹਟਦਾ ਨਹੀਂ ਇਹਨੂੰ ਕੋਈ ਜੁਗਤ ਨਾਲ ਹਟਾਈਏ।

ਇਕ ਦਿਨ ਚਿੱਪੀ ਲੈ ਕੇ ਦੁੱਧ ਲੈਣ ਵਾਸਤੇ ਆਉਂਦੇ ਨੇ, ਉਸ ਚਿੱਪੀ ਦੇ ਵਿਚ ਚੁੱਕ ਕੇ ਲਿੱਦ ਪਾ ਲਈ। ਉਥੇ ਜਾ ਕੇ ਸਤਿਨਾਮ ਦਾ ਆਵਾਜ਼ ਦੇ ਦਿਤਾ, ਤੇ ਉਹ ਆਇਆ ਕਿ ਲੈ ਬਈ ਸੰਤ ਆ ਗਏ ਅੱਜ, ਮੈਂ ਇਹਦੀ ਸੇਵਾ ਕਰਾਂ। ਕਹਿੰਦਾ, ਮਹਾਰਾਜ! ਕੀ ਲਿਆਵਾਂ। ਕਹਿੰਦੇ, ਭਾਈ, ਪਾਈਆ ਦੁੱਧ ਚਾਹੀਦਾ ਹੈ। ਕਹਿੰਦਾ, ਨਹੀਂ ਮਹਾਰਾਜ! ਮੈਂ ਵੱਧ ਦੇ ਦਿੰਦਾ ਹਾਂ। ਸੰਤ ਕਹਿਣ ਲੱਗੇ, ਨਹੀਂ ਸਿਰਫ ਇਕ ਪਾ ਦੁੱਧ ਚਾਹੀਦਾ ਹੈ। ਉਹ ਪਾਈਆ ਦੁੱਧ ਲੈ ਜਿਸ ਵਕਤ ਆਇਆ, ਸੰਤਾਂ ਨੇ ਚਿੱਪੀ ਲੈ ਕੇ ਅੱਗੇ ਕਰ ਦਿਤੀ, ਉਹਦੇ ਵਿਚ ਲਿੱਦ ਪਈ ਤੇ ਉਹਨੇ ਦੇਖ ਲਈ। ਕਹਿਣ ਲੱਗਿਆ, ਮਹਾਰਾਜ! ਦੁੱਧ ਤਾਂ ਮੈਂ ਇਹਦੇ ਵਿਚ ਪਾ ਨਹੀਂ ਸਕਦਾ, ਇਹ ਤਾਂ ਗੰਦੀ ਹੈ ਇਹਦੇ ਵਿਚ ਲਿੱਦ ਪਈ ਹੈ। ਪਹਿਲਾਂ ਲਿੱਦ ਨੂੰ ਕੱਢੋ, ਫੇਰ ਸੁੱਚੀ ਮਿੱਟੀ ਲਓ, ਪਾਣੀ ਨਾਲ ਫੇਰ ਦੋ ਤਿੰਨ ਵਾਰ ਮਲ-ਮਲ ਕੇ ਧੋਵੋ। ਤਾਂ ਉਹਦੀ ਦੁਰਗੰਧ ਇਹਦੇ ਵਿਚੋਂ ਨਿਕਲਣੀ ਹੈ, ਫੇਰ ਦੁੱਧ ਪਾ ਸਕਦੇ ਹਾਂ ਐਉਂ ਤਾਂ ਨਹੀਂ ਪਾ ਸਕਦੇ। ਕਹਿੰਦੇ ਐਵੇਂ ਹੀ ਪਾ ਦੇ ਤੂੰ। ਦੱਸ ਕੁ ਵਾਰੀ ਉਹਨੇ ਕਿਹਾ, ਦੱਸ ਕੁ ਵਾਰੀ ਸੰਤਾਂ ਨੇ ਕਹਿ ਦਿਤਾ। ਕਹਿੰਦਾ, ਮਹਾਰਾਜ! ਤੁਸੀਂ ਤਾਂ ਗੱਲ ਹੀ ਨਹੀਂ ਮੰਨਦੇ। ਕਹਿੰਦੇ, ਤੂੰ ਮੰਨਦੈ? ਜਦੋਂ ਵੀ ਤੂੰ ਮੇਰੇ ਕੋਲ ਆਉਂਦਾ ਹੈਂ ਇਹ ਕਹਿੰਦਾ ਹੈਂ ਨਾਮ ਦੇ ਦਿਓ, ਨਾਮ ਦੇ ਦਿਓ। ਅਸੀਂ ਤੈਨੂੰ ਕਹਿੰਦੇ ਹਾਂ ਕਿ ਤੇਰਾ ਭਾਂਡਾ ਬਹੁਤ ਮਾੜਾ ਹੈ। ਪਹਿਲਾਂ ਭਾਂਡੇ ਨੂੰ ਸਾਫ ਕਰ ਪ੍ਰੇਮੀਆ! ਫੇਰ ਜਾ ਕੇ ਚੀਜ਼ ਮੰਗੀਦੀ ਹੈ। ਦੇਖ ਤੇਰਾ ਦੁੱਧ ਕਿੰਨੇ ਕੁ ਦਾ, ਪਾਈਆ ਦੁੱਧ ਹੈ। ਤੂੰ ਦੋ ਰੁਪਈਏ ਦੀ ਚੀਜ਼ ਨਹੀਂ ਪਾ ਰਿਹਾ, ਮੇਰੇ ਤੋਂ ਤੂੰ ਨਾਮ ਮੰਗ ਰਿਹਾ ਹੈਂ, ਜਿਹਦਾ ਕੋਈ ਮੁੱਲ ਹੀ ਨਹੀਂ ਹੈ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ*
*ਸੇ ਨਾਨਕ ਹਰਿ ਰੰਗੁ ਮਾਣਦੋ॥ ਅੰਗ - ੮੧*

ਆਹ ਹਾਲ ਸਾਡਾ ਹੈ। ਭਾਂਡਾ ਸਾਡਾ ਗੰਦਾ ਪਿਆ ਹੈ, ਗੰਦੇ ਭਾਂਡੇ ਨੂੰ ਮਹਾਰਾਜ ਕਹਿੰਦੇ, ਪਹਿਲਾਂ ਧੋਵੋ ਉਹਨੂੰ। ਪਹਿਲਾਂ ਇਹ ਦੇਖੋ ਕਿ ਮੈਲ ਕਾਹਦੀ ਲੱਗੀ ਹੋਈ ਹੈ। ਕੀ ਗੰਦ-ਮੰਦ ਪਿਆ ਹੈ ਇਹਦੇ ਵਿਚ। ਮਹਾਰਾਜ ਕਹਿੰਦੇ, ਇਹਦੇ ਵਿਚ ਚਲੋ ਬਾਕੀ ਤਾਂ ਠੀਕ ਹੈ, ਵਾਸ਼ਨਾਵਾਂ ਦਾ ਵੀ ਗੰਦ ਪਿਆ ਹੈ, ਵਾਸ਼ਨਾਵਾਂ ਜਿੰਨਾ ਚਿਰ ਧੋਂਦਾ ਨਹੀਂ ਹੈ, ਮੰਦ ਵਾਸ਼ਨਾਵਾਂ ਨੇ। ਬੇਅੰਤ ਕਿਸਮ ਦੀਆਂ ਵਾਸ਼ਨਾਵਾਂ ਨੇ, ਧਨ ਦੀ ਵਾਸ਼ਨਾ ਹੈ, ਭੋਗਾਂ ਦੀ ਵਾਸ਼ਨਾ ਹੈ।

ਇਕ ਵਾਰੀ ਸ੍ਰੀ ਰਾਮ ਚੰਦਰ ਜੀ ਮਹਾਰਾਜ ਦੇ ਦਰਬਾਰ ਵਿਚ ਰਿਸ਼ੀ-ਮੁਨੀ ਸਾਰੇ ਆਏ ਬੈਠੇ ਨੇ, ਵਸ਼ਿਸ਼ਟ ਜੀ ਅਧਿਆਤਮਕ ਕਥਾ ਵਾਰਤਾ ਕਰ ਰਹੇ ਨੇ। ਬਚਨ ਸੁਣਾ ਰਹੇ ਨੇ, ਸਾਰੇ ਸੁਣ ਰਹੇ ਨੇ, ਟਿਕਿਆ ਹੋਇਆ ਸੀ ਮਨ ਸਾਰਿਆਂ ਦਾ।

ਸ੍ਰੀ ਰਾਮ ਚੰਦਰ ਜੀ ਤਾੜੀ ਮਾਰ ਕੇ ਉਚੀ ਸਾਰੀ ਹੱਸ ਪਏ। ਵਸ਼ਿਸ਼ਟ ਜੀ ਨੇ ਕਿਹਾ, ਮਹਾਂਪੁਰਸ਼ਾਂ ਦਾ ਬੋਲਣਾ, ਹੱਸਣਾ, ਕਿਸੇ ਗੱਲ ਤੋਂ ਬਗੈਰ ਕਦੇ ਨਹੀਂ ਹੋਇਆ ਕਰਦਾ। ਕੋਈ ਬਹੁਤ ਭਾਰੀ ਭੇਤ ਹੈ ਜਿਹੜਾ ਇਹ ਹੱਸੇ ਨੇ ਅਚਾਨਕ। ਉਸ ਵੇਲੇ ਕਹਿਣ ਲੱਗੇ, ਹੇ ਰਾਮ ਜੀ! ਕਥਾ ਹੋ ਰਹੀ ਹੈ ਤੇ ਤੁਸੀਂ ਹੱਸੇ ਹੋਂ, ਹੱਸਣ ਦਾ ਕਾਰਨ ਕੀ ਹੈ? ਕਹਿੰਦੇ, ਕੁਛ ਵੀ ਨਹੀਂ ਮੈਂ ਤਾਂ ਇਸ ਕੀੜੇ ਨੂੰ ਦੇਖ ਕੇ ਹੱਸਿਆ ਹਾਂ? ਵਸ਼ਿਸ਼ਟ ਜੀ ਨੇ ਗਹੁ ਨਾਲ ਦੇਖਿਆ, ਕੀੜੇ ਦੀਆਂ ਪਿਛਲੀਆਂ ਲੱਤਾਂ ਟੁੱਟੀਆਂ ਹੋਈਆਂ ਨੇ, ਕੰਧ ਤੇ ਚੜ੍ਹਦਾ ਹੈ, ਥੋੜ੍ਹਾ ਜਿਹਾ ਚੜ੍ਹ ਜਾਂਦਾ ਹੈ ਫੇਰ ਗਿਰ ਪੈਂਦਾ ਹੈ।

ਕਹਿਣ ਲੱਗੇ, ਮਹਾਰਾਜ! ਆਪ ਅਵਤਾਰ ਹੋਂ, ਤੁਹਾਡਾ ਹੱਸਣਾ ਬੇਮਤਲਬਾ ਨਹੀਂ ਹੁੰਦਾ। ਬਹੁਤ ਗਹਿਰੀ ਗੱਲ ਹੈ ਜਿਸ ਕਰਕੇ ਤੁਸੀਂ ਹੱਸੇ ਓਂ। ਕ੍ਰਿਪਾ ਕਰਕੇ ਸਾਰੀ ਸਭਾ ਨੂੰ ਇਸ ਗੱਲ ਦੀ ਜਾਣਕਾਰੀ ਦਿਓ। ਮਾਇਆ ਸੰਕੋਚ ਲਓ ਤਾਂ ਕਿ ਸਾਨੂੰ ਪ੍ਰਤੱਖ ਰੂਪ ਵਿਚ ਦਿਸ ਜਾਵੇ। ਕਿਉਂਕਿ ਸੰਤ ਅਨੁਭਵ ਦੀ ਗੱਲ ਤਾਂ ਕਹਿ ਦਿੰਦੇ ਨੇ ਕਿ ਇਹ ਫਲਾਣੀ ਚੀਜ਼ ਸੀ, ਫਲਾਣਾ ਐਉਂ, ਫਲਾਣੈ ਏਸ ਤਰ੍ਹਾਂ। ਜਿੰਨਾਂ ਚਿਰ ਅਸੀਂ ਦੇਖਦੇ ਨਹੀਂ ਸਾਡੇ ਤੋਂ ਮੰਨ ਨਹੀਂ ਹੁੰਦਾ। ਕਹਿੰਦੇ, ਪ੍ਰਤੱਖ ਦਿਖਾ ਦਿਓ।

ਉਸ ਵੇਲੇ ਮਾਇਆ ਸੰਕੋਚ ਲਈ, ਦਿਬਜ ਦ੍ਰਿਸ਼ਟੀ ਦੇ ਦਿਤੀ, ਕੀ ਦੇਖਿਆ ਕਿ ਇਹ ਜਿਹੜਾ ਕੀੜਾ ਹੈ, ਸ੍ਰੀ ਰਾਮ ਚੰਦਰ ਜੀ ਕਹਿਣ ਲੱਗੇ ਕਿ ਗੁਰੂਦੇਵ ਅੱਜ ਤੋਂ ਪਹਿਲਾਂ ਜਦੋਂ ਤੋਂ ਸੰਸਾਰ ਬਣਿਆ ਹੈ ਇਹ ਚੌਦਾਂ ਵਾਰੀ ਇੰਦਰ ਦੇ ਤਖਤ ਤੇ ਬੈਠ ਚੁੱਕਿਆ ਹੈ। ਹੁਣ ਇਹ ਚੌਰਾਸੀ ਦੇ ਵਿਚ ਗਿਰਿਆ ਹੈ, ਚੱਕਰ ਕੱਟ ਰਿਹਾ ਹੈ ਫਟਾ ਫਟ। ਦੋ ਲੱਤਾਂ ਟੁੱਟੀਆਂ ਹੋਈਆਂ ਨੇ, ਕੰਧ ਤੇ ਚੜ੍ਹ ਨਹੀਂ ਹੁੰਦਾ, ਇਹਦੇ ਮਨ ਦੇ ਵਿਚ ਕੀ ਹੈ ਕਿ ਮੈਂ ਛੇਤੀ-ਛੇਤੀ ਜੂਨਾਂ ਪੂਰੀਆਂ ਕਰ ਲਵਾਂ ਤੇ ਮੁੜ ਕੇ ਮਨੁੱਖ ਦਾ ਜਨਮ ਧਾਰ ਕੇ, ਫੇਰ ਮੈਂ ਇਕ ਸੌ ਇਕ ਯੱਗ ਕਰਾਂ ਤੇ ਇੰਦਰ ਦੇ ਤਖਤ ਤੇ ਜਾ ਕੇ ਬੈਠਾਂ। ਕਹਿੰਦੇ ਦੇਖੋ, ਵਾਸ਼ਨਾ ਨੇ ਕਿੰਨੀ ਖਿੱਚ ਪਾਈ ਹੋਈ ਹੈ ਇਹਨੂੰ। ਐਨੇ ਜਨਮ ਇਹ ਧਾਰ ਚੁੱਕਿਆ ਹੈ, ਕੀੜਿਆਂ ਮਕੌੜਿਆਂ ਦੇ।

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥*
*ਅੰਗ - ੧੭੬*

ਔਰ ਇਹਦੀ ਵਾਸ਼ਨਾ ਦੇਖੋ ਕਿੰਨੀ ਗਹਿਰੀ ਚਲੀ ਗਈ। ਜੂਨੀਆਂ 'ਚ ਜਾਣ ਤੋਂ ਬਾਅਦ ਵੀ ਇਹਦੀ ਵਾਸ਼ਨਾ ਲੈਅ ਨਹੀਂ ਹੋਈ। ਉਹੀ ਜਿਹੜੇ ਭੋਗ ਨੇ ਬਾਰ-ਬਾਰ ਏਸ ਨੂੰ ਸਤਿ ਤੇ ਨਹੀਂ ਆਉਣ ਦਿੰਦੇ। ਮਨੁੱਖ ਬਣ ਜਾਂਦਾ ਹੈ ਲੇਕਿਨ ਇਸ ਨੂੰ ਸੋਝੀ ਨਹੀਂ ਹੋਣ ਦਿੰਦੇ।

*ਧਾਰਨਾ - ਇਹੋ ਤੇਰੀ ਵਾਰੀ ਹੈ*
*ਗੋਬਿੰਦ ਮਿਲਣੇ ਦੀ।*

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥*
*ਅੰਗ - ੧੨*

ਕਿੰਨਾ ਸਪਸ਼ਟ ਮਹਾਰਾਜ ਕਹਿ ਰਹੇ ਨੇ। ਮਾਇਆ ਦੇ ਪਿਆਰ ਵਿਚ ਪੈ ਕੇ ਸਾਰਾ ਜਨਮ ਬਿਰਥਾ ਜਾ ਰਿਹਾ ਹੈ। ਕਹਿੰਦੇ ਦੇਖੋ, ਏਸ ਮੂਰਖ ਨੂੰ ਇਹ ਨਹੀਂ ਪਤਾ, ਚੌਦਾਂ ਵਾਰੀ ਇੰਦਰ ਦੇ ਤਖਤ ਤੇ ਤਾਂ ਬੈਠ ਗਿਆ। ਇਹਦੇ ਦਿਮਾਗ 'ਚ ਨਹੀਂ ਹੈ ਕਿ ਕੋਈ ਪਦ ਐਸਾ ਨਹੀਂ ਹੈ ਜਿਥੇ ਜਾ ਕੇ ਫੇਰ ਨਾ ਗਿਰਨਾ ਪਵੇ, ਉਹ ਮੈਂ ਹਾਸਲ ਕਰਾਂ। ਪਦ ਤਾਂ ਉਹ ਹੈ ਜਿਥੇ ਜਾ ਕੇ ਫੇਰ ਗਿਰਨਾ ਨਾ ਪਵੇ, ਟਿਕ ਜਾਵੇ ਆਦਮੀ। ਇਹਦੀ ਥਾਂ ਤੇ ਪਰਮਪਦ ਪ੍ਰਾਪਤ ਕਰਨ ਵਾਸਤੇ ਐਨੀ ਮਿਹਨਤ ਕਰਦਾ ਤਾਂ ਇਹਦੇ ਜਨਮ ਮਰਨ ਦੇ ਚੱਕਰ ਮਿਟ ਜਾਣੇ ਸੀ। ਇਸ ਕਰਕੇ ਵਸ਼ਿਸ਼ਟ ਜੀ ਇਸਦੀ ਮੂਰਖਤਾ ਦੇਖ ਕੇ ਸਾਨੂੰ ਹਾਸਾ ਆ ਗਿਆ।

ਸੋ ਇਹ ਨਹੀਂ ਪਤਾ ਲਗਦਾ ਕਿ ਅਸੀਂ ਕਿਸ ਕੰਮ ਲਈ ਸੰਸਾਰ ਤੇ ਆਏ ਹਾਂ। ਇਹ ਕਿਉਂ ਹੈ?

ਕਿਉਂਕਿ ਭੋਗ ਵਾਸ਼ਨਾ ਸੀ ਉਹਦੇ ਮਨ ਦੇ ਅੰਦਰ। ਇਨ੍ਹਾਂ ਨੂੰ ਮੰਦ ਵਾਸ਼ਨਾ ਕਿਹਾ ਜਾਂਦਾ ਹੈ। ਇਕ ਸ਼ੁੱਭ ਵਾਸ਼ਨਾ ਹੈ, ਇਕ ਮੰਦ ਵਾਸ਼ਨਾ ਹੈ, ਧਨ ਪ੍ਰਾਪਤੀ ਵਾਸਤੇ ਬੇਅੰਤ ਯਤਨ ਕਰਦਾ ਹੈ, ਸਾਰਾ ਹੀ ਸੰਸਾਰ ਧਨ ਦੇ ਪਿੱਛੇ ਪਿਆ ਹੋਇਆ ਹੈ। ਕਾਨੂੰਨ ਤੋਂ ਉਲਟ ਗੱਲਾਂ ਕਰਦਾ ਹੈ, ਰਿਸ਼ਵਤਾਂ ਖਾਂਦੇ ਨੇ, ਝੂਠ ਬੋਲਦੇ ਨੇ, ਦੂਜੇ ਦੀ ਜਾਇਦਾਦ ਦੱਬਦੇ ਨੇ ਕਿ ਕਿਸੇ ਤਰ੍ਹਾਂ ਮੇਰੇ ਕੋਲ ਧਨ ਹੋ ਜਾਵੇ।

ਗੁਰੂ ਨਾਨਕ ਪਾਤਸ਼ਾਹ ਲਾਹੌਰ ਰਾਵੀ ਨਦੀ ਦੇ ਕੰਢੇ ਬੈਠੇ ਨੇ ਤੇ ਅੰਮ੍ਰਿਤ ਵੇਲਾ ਹੈ। ਓਸ ਵੇਲੇ ਆਪ ਦੇ ਮੁਖਾਰਬਿੰਦ ਤੋਂ ਇਕ ਸ਼ਬਦ ਇਸ ਤਰ੍ਹਾਂ ਦੇ ਨਾਲ ਉਚਾਰਨ ਹੁੰਦਾ ਹੈ –

***ਧਾਰਨਾ – ਰੱਬ ਲੇਖਾ ਮੰਗਦਾ ਨੀਂ,***
***ਜਿੰਦੇ ਕਰ ਭਜਨ ਹਿਸਾਬ ਮੁਕਾਈਏ।***

ਅੰਮ੍ਰਿਤ ਵੇਲਾ ਟਿਕਿਆ ਹੋਇਆ। ਭਾਈ ਮਰਦਾਨੇ ਨੇ ਰਾਗਾਂ ਦੇ ਵਿਚ ਇਹ ਗਾਇਆ। ਸੰਗਤ ਬੈਠੀ ਹੈ, ਸੁਣ ਰਹੀ ਹੈ, ਉਹਦਾ ਭਾਵ ਅਰਥ ਸਮਝ ਰਹੇ ਨੇ।

***ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥***
***ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥***
***ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥***
***ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥***
***ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥***
***ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥***
***ਅੰਗ – ੯੫੩***

ਕਈਆਂ ਨੇ ਜ਼ੁਬਾਨੀ ਯਾਦ ਕਰ ਲਿਆ ਤੇ ਇਕ ਕਿੰਗ ਵਾਲਾ, ਇਕ ਤਾਰੇ ਵਾਲਾ ਇਕ ਸੇਠ ਦੇ ਦਰਵਾਜ਼ੇ ਖੜ੍ਹਾ ਇਹੀ ਸ਼ਬਦ ਪੜ੍ਹ ਰਿਹਾ ਹੈ। ਸੇਠ ਸਮਝਦਾਰ ਸੀ, ਮਨ ਵਿਚ ਖਿਆਲ ਆਇਆ ਕਿ ਕਿਸੇ ਬਹੁਤ ਉਚੇ ਮਹਾਂਪੁਰਸ਼ ਦੀ ਬਾਣੀ ਹੈ। ਉਸਨੂੰ ਬੁਲਾ ਲਿਆ, ਬੁਲਾ ਕੇ ਕਹਿਣ ਲੱਗੇ ਕਿ ਇਹ ਜਿਹੜਾ ਤੁਸੀਂ ਪੜ੍ਹ ਰਹੇ ਓਂ, ਕਿਸ ਮਹਾਂਪੁਰਸ਼ ਦਾ ਹੈ। ਕਹਿਣ ਲੱਗੇ, ਗੁਰੂ ਨਾਨਕ ਪਾਤਸ਼ਾਹ ਦਾ ਹੈ, ਕੋਈ ਉਸਨੂੰ ਨਾਨਕ ਤਪਾ ਕਹਿੰਦਾ ਹੈ, ਕੋਈ ਗੁਰੂ ਨਾਨਕ ਕਹਿੰਦਾ ਹੈ, ਕੋਈ ਨਾਨਕ ਸ਼ਾਹ ਕਹਿੰਦਾ ਹੈ, ਮੁਸਲਮਾਨ ਨਾਨਕ ਸ਼ਾਹ ਕਹੀ ਜਾਂਦੇ ਨੇ, ਦੂਜੇ ਤਪਾ ਕਹੀ ਜਾਂਦੇ ਨੇ, ਪਿਆਰ ਵਾਲੇ ਗੁਰੂ ਨਾਨਕ ਕਹਿੰਦੇ ਨੇ। ਇਹ ਉਨ੍ਹਾਂ ਦਾ ਹੈ, ਅੰਮ੍ਰਿਤ ਵੇਲੇ ਇਥੇ ਆਸਾ ਜੀ ਦੀ ਵਾਰ ਦਾ ਕੀਰਤਨ ਕਰਦਾ ਹੈ ਭਾਈ ਮਰਦਾਨਾ। ਉਹ ਸਮਾਧੀ ਲਾ ਕੇ ਬੈਠੇ ਹੁੰਦੇ ਨੇ। ਉਥੋਂ ਹੀ ਬਚਨ ਮੈਂ ਨੋਟ ਕਰੇ ਨੇ। ਕਹਿਣ ਲੱਗੇ, ਕਦੋਂ ਕੀਰਤਨ ਹੁੰਦਾ ਹੈ? ਇਸ ਨੇ ਦੱਸਿਆ, ਕਿ ਅੰਮ੍ਰਿਤ ਵੇਲੇ ਹੁੰਦਾ ਹੈ, ਪਹਿਰ ਰਾਤ ਰਹਿੰਦੀ ਜਾਗਦੇ ਨੇ, ਫੇਰ ਇਸ਼ਨਾਨ ਕਰਦੇ ਨੇ, ਉਸ ਤੋਂ ਬਾਅਦ ਚੌਂਕੜਾ ਮਾਰ ਕੇ ਬੈਠ ਜਾਂਦੇ ਨੇ, ਅਸੀਂ ਤਾਂ ਪਹਿਲਾਂ ਹੀ ਜਾਂਦੇ ਹਾਂ, ਬੜਾ ਅਨੰਦ ਆਉਂਦਾ ਹੈ, ਨਾਮ ਜਪਦੇ ਨੇ, ਉਸ ਤੋਂ ਬਾਅਦ ਫੇਰ ਦਿਨ ਚੜ੍ਹਨ ਦੇ ਨੇੜੇ ਆ ਕੇ ਫੇਰ ਉਹ ਕੀਰਤਨ ਕਰਦੇ ਨੇ। ਵੀਚਾਰ ਦਿੰਦੇ ਨੇ, ਕੀਰਤਨ ਵੀ ਕਰਦੇ ਨੇ, ਸੋ ਬੜਾ ਅਨੰਦ ਆਉਂਦਾ ਹੈ। ਦੁਨੀਚੰਦ ਕਹਿਣ ਲੱਗਿਆ ਕਿ ਮੈਂ ਵੀ ਚੱਲਾਂਗਾ। ਉਹ ਵੀ ਚਲਿਆ ਜਾਂਦਾ ਹੈ ਤੇ ਬੜਾ ਪ੍ਰਭਾਵ ਪਿਆ ਉਸ ਦੇ ਉਤੇ, ਦੂਜੇ ਦਿਨ, ਤੀਜੇ ਦਿਨ, ਚੌਥੇ ਦਿਨ ਸ਼ਰਧਾ ਬਣ ਗਈ ਕਿ ਉਚੇ ਮਹਾਂਪੁਰਖ ਨੇ, ਇਨ੍ਹਾਂ ਦੇ ਬਚਨ ਸਾਰੇ ਹੀ ਉਚੇ ਨੇ।

ਉਸ ਵੇਲੇ ਇਹਦੇ ਪਿਤਾ ਦਾ ਸ਼ਰਾਧ ਸੀ, ਏਸ ਨੇ ਗੁਰੂ ਨਾਨਕ ਪਾਤਸ਼ਾਹ ਦੇ ਪਾਸ ਬੇਨਤੀ ਕਰੀ ਕਿ ਪਾਤਸ਼ਾਹ! ਮੇਰੇ ਪਿਤਾ ਜੀ ਦਾ ਸ਼ਰਾਧ ਹੈ ਕ੍ਰਿਪਾ ਕਰਕੇ ਆਪ ਚਰਨ ਪਾਓ ਤਾਂ ਕਿ ਉਨ੍ਹਾਂ ਨੂੰ ਵੀ ਕੋਈ ਫਾਇਦਾ ਪਹੁੰਚੇ। ਗੁਰੂ ਨਾਨਕ ਪਾਤਸ਼ਾਹ ਸ਼ਰਾਧਾਂ ਨੂੰ ਚੰਗੀ ਤਰ੍ਹਾਂ ਜਾਣਦੇ ਸੀ ਕਿ ਜੀਵ ਤਾਂ ਕਿਤੇ ਫਿਰਦਾ ਹੈ, ਸ਼ਰਾਧ ਇਥੇ ਹੋਈ ਜਾਂਦੇ ਨੇ। ਇਹ ਠੀਕ ਹੈ, ਪਹਿਲੇ ਯੁੱਗਾਂ ਦੇ ਵਿਚ ਕਰਮ ਕਾਂਡ ਦੇ ਵਿਚ ਲੋਕ ਪੂਰੇ ਸੀ, ਮਾੜੇ ਕੰਮ ਨਹੀਂ ਸੀ ਕਰਦੇ ਤਿੰਨਾਂ ਯੁੱਗਾਂ 'ਚ। ਐਵੇਂ ਕਿਤੇ ਮਾੜਾ ਮੋਟਾ ਹੋ ਗਿਆ, ਹੋ ਗਿਆ, ਨਹੀਂ ਆਪ ਨਹੀਂ ਸੀ ਕਰਦੇ। ਮਹਾਰਾਜ ਨੇ ਕਿਹਾ ਹੈ –

***ਕਲਿ ਮਹਿ ਪ੍ਰੇਤ ਜਿਨ੍ਹੀ ਰਾਮੁ ਨ ਪਛਾਤਾ***
***ਸਤਜੁਗਿ ਪਰਮ ਹੰਸ ਬੀਚਾਰੀ ॥***
***ਦੁਆਪੁਰਿ ਤ੍ਰੇਤੈ ਮਾਣਸ ਵਰਤਹਿ***
***ਵਿਰਲੈ ਹਉਮੈ ਮਾਰੀ॥ ਅੰਗ – ੧੧੩੧***

ਸਤਿਜੁਗ ਦੇ ਵਿਚ ਬ੍ਰਹਮਗਿਆਨੀ ਸੀਗੇ। ਕਲਜੁਗ ਦੇ ਵਿਚ ਪ੍ਰੇਤ ਹਨ, ਤ੍ਰੇਤੇ ਅਤੇ ਦੁਆਪਰ ਦੇ ਵਿਚ ਮਨੁੱਖੀ ਪੱਧਰ ਦੇ ਸੀਗੇ। ਪਰ ਮੈਂ ਭਾਵ ਪੈਦਾ ਹੋ ਗਿਆ ਸੀ, ਉਹ ਵਿਰਲੇ-ਵਿਰਲੇ ਨੇ ਮਾਰਿਆ ਬਾਕੀਆਂ ਨੂੰ ਕਰਮ ਜਿਹੜੇ ਸੀ ਚਿੰਬੜ ਕੇ ਜੂਨਾਂ ਦੇ ਵਿਚ ਘੁੰਮਦੇ ਫਿਰਦੇ ਨੇ। ਇਥੇ ਜੰਮਣੇ ਸ਼ੁਰੂ ਹੋ ਗਏ।

***ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥***
***ਪੁਤੁ ਜਿਨੂਰਾ ਧੀਅ ਜਿੰਨੂਰੀ***
***ਜੋਰੂ ਜਿੰਨਾ ਦਾ ਸਿਕਦਾਰੁ॥ ਅੰਗ – ੫੫੬***

ਸੋ ਇਹਨੇ ਸ਼ਰਾਧ ਕਰਿਆ ਤੇ ਮਨ ਵਿਚ ਖਿਆਲ ਆਇਆ ਕਿ ਜੇ ਇਹ ਮੇਰੇ ਪਿਤਾ ਦੇ ਸ਼ਰਾਧ ਵਿਚ ਆ ਜਾਣ ਤਾਂ ਉਹ ਪਿੱਤਰ ਲੋਕ ਦੇ ਵਿਚ ਤ੍ਰਿਪਤ ਹੋ ਜਾਏਗਾ। ਇਹ ਵਹਿਮ ਹੈ ਸਾਡਾ ਪਿੱਤਰ ਲੋਕ ਵਿਚ ਸਾਰੇ ਹੀ ਨਹੀਂ ਜਾਂਦੇ। ਉਥੇ ਦੋ ਤਰ੍ਹਾਂ ਦੇ ਹੁੰਦੇ ਨੇ ਕਿ ਆਦਮੀ ਨੇਕੀ ਵੀ ਕਰਦਾ ਹੈ, ਬਦੀ ਵੀ ਕਰਦਾ ਹੈ। ਨੇਕੀ ਦਾ ਫਲ ਜੇ ਪਹਿਲਾਂ ਚਾਹੁੰਦਾ ਹੈ ਉਹ ਤੋਲਿਆ ਜਾਂਦਾ ਹੈ, ਉਸ ਤੋਂ ਬਾਅਦ ਉਹਨੂੰ ਗੰਧਰਬ ਲੋਕ ਦੇ ਵਿਚ ਦਾਖਲਾ ਮਿਲਦਾ ਹੈ। ਸੌ ਗੁਣਾਂ ਜ਼ਿਆਦਾ ਸੁਖ ਹੈ

ਇਥੇ ਨਾਲੋਂ। ਦੱਸ ਹਜ਼ਾਰ ਗੁਣਾਂ ਜ਼ਿਆਦਾ ਸੁਖ ਹੈ ਦੇਵ ਗੰਧਰਬ ਲੋਕ 'ਚ। ਉਸ ਤੋਂ ਉਚੇ ਹੋਵੋਂਗੇ, ਉਥੇ ਦਾਖਲਾ ਮਿਲਦਾ ਹੈ। ਦਸ ਲੱਖ ਗੁਣਾਂ ਸੁਖ ਹੈਗਾ ਪਿੱਤਰ ਲੋਕ 'ਚ ਇਥੇ ਨਾਲੋਂ, ਦੱਸ ਕਰੋੜ ਗੁਣਾਂ ਜ਼ਿਆਦਾ ਸੁਖ ਇਥੇ ਦੇ ਬਾਦਸ਼ਾਹ ਨਾਲੋਂ ਸਵਰਗ ਲੋਕ ਵਿਚ ਜਿਨ੍ਹਾਂ ਨੂੰ ਵਾਸਾ ਮਿਲ ਜਾਂਦਾ ਹੈ। ਇੰਦਰ ਲੋਕ 'ਚ ਜਿਹੜੇ ਜਾਂਦੇ ਨੇ ਉਨ੍ਹਾਂ ਨੂੰ 10 ਅਰਬ ਗੁਣਾ ਇਥੇ ਦੇ ਬਾਦਸ਼ਾਹ ਨਾਲੋਂ ਜ਼ਿਆਦਾ ਸੁਖ ਹੋ ਜਾਂਦਾ ਹੈ। ਇਸੇ ਤਰ੍ਹਾਂ ਬਾਕੀ ਲੋਕਾ ਦੇ ਵਿਚ ਜਿਉਂ-ਜਿਉਂ ਚੜ੍ਹਦਾ ਜਾਂਦਾ ਹੈ, ਸੁਖ ਵਧਦਾ ਜਾਂਦਾ ਹੈ। ਉਸ ਤੋਂ ਬਾਅਦ ਜਦੋਂ ਉਨ੍ਹਾਂ ਦਾ ਪੂਰਾ ਹੋ ਜਾਂਦਾ ਹੈ ਸਮਾਂ ਉਥੋਂ ਕੱਢ ਦਿਤੇ ਜਾਂਦੇ ਨੇ, ਫੇਰ ਨਰਕਾਂ ਦੀ ਵਾਰੀ ਆ ਜਾਂਦੀ ਹੈ, ਚਾਹੇ ਤਾਂ ਉਹ ਇਥੇ ਨਰਕ ਭੁਗਵਾਉਣ, ਚਾਹੇ ਉਥੇ ਹੀ ਨਰਕ ਭੋਗਵਾ ਦੇਣ। ਬਾਕੀ ਥੋੜ੍ਹਾ ਬਹੁਤ ਰੱਖ ਦਿੰਦੇ ਨੇ, ਸੋ ਇਹ ਸਾਰੇ ਜੀਵ ਪਿੱਤਰ ਲੋਕ 'ਚ ਨਹੀਂ ਜਾਂਦੇ। ਪਿੱਤਰ ਲੋਕ ਦੇ ਵਿਚ ਸ਼ਰਾਧ ਜਾਂਦੇ ਨੇ। ਕਈ ਪ੍ਰੇਮੀਆਂ ਦੇ ਮਨ ਵਿਚ ਇਹ ਖਿਆਲ ਹੁੰਦਾ ਹੈ ਕਿ ਅਸੀਂ ਅਖੰਡਪਾਠ ਕਰਾਉਂਦੇ ਹਾਂ, ਬਰਸੀਆਂ ਮਨਾਉਂਦੇ ਹਾਂ ਆਪਣੇ ਮਾਤਾ ਪਿਤਾ ਦੀਆਂ, ਕੀ ਉਨ੍ਹਾਂ ਨੂੰ ਕੋਈ ਫਾਇਦਾ ਵੀ ਹੁੰਦਾ ਹੈ? ਇਹ ਆਮ ਸਵਾਲ ਹੈ।

ਇਹਦੇ ਦੋ ਜਵਾਬ ਨੇ ਇਕ ਇਹ ਹੈ ਕਿ ਜੇ ਨਾਸਤਕ ਮਤ ਦੇ ਵਿਚ ਵਰਤੀਏ ਕਿ ਭਾਈ, ਆਪਣਾ ਕੀਤਾ ਆਪੇ ਹੀ ਮਿਲਦਾ ਹੈ। ਕਿਸੇ ਦੀ ਮਦਦ ਕਿਸੇ ਨੂੰ ਪਹੁੰਚਦੀ ਨਹੀਂ ਹੈ। ਦੂਸਰਾ ਇਹ ਹੈ ਜਿਹੜਾ **facts** ਦੇ ਉਤੇ ਆਧਾਰਿਤ ਹੈ, ਉਹ ਇਹ ਹੈ ਕਿ ਕੋਈ ਜੀਵ ਭੁੱਲ ਗਿਆ। ਜੇ ਉਹਦੇ ਪਿਛਲੇ ਪਹੁੰਚਾਉਣਾ ਚਾਹੁੰਦੇ ਨੇ, ਪਹੁੰਚ ਜਾਂਦਾ ਹੈ। ਕਈ ਬੰਦੇ ਕਹਿਣਗੇ ਕਿ ਬਾਣੀ ਵਿਚ ਵੀ ਕੋਈ ਹੈ? ਮਹਾਰਾਜ ਕਹਿੰਦੇ ਜਿਹੜਾ ਬੰਦਗੀ ਕਰਦਾ ਹੈ ਨਾ, ਜਿਸ ਕੁਲ ਵਿਚ ਇਕ ਭਗਤ ਹੋ ਜਾਏ, ਉਸ ਦੀ 101 ਕੁਲ ਤਰ ਜਾਂਦੀ ਹੈ। 24 ਦਾਦਕਿਆਂ ਦੀਆਂ, 20 ਨਾਨਕਿਆਂ ਦੀਆਂ, 16 ਜਿਥੇ ਵਿਆਹਿਆ ਹੋਇਆ ਹੈ, 12 ਜਿੱਥੇ ਲੜਕੀ ਵਿਆਹੀ ਹੋਈ ਹੈ, ਇਸੇ ਤਰ੍ਹਾਂ ਦੇ ਨਾਲ 11 ਜਿੱਥੇ ਮਾਸੀ ਹੈ, 8 ਜਿਥੇ ਭੂਆ ਹੈ। ਇਕ ਸੌ ਇਕ ਕੁਲ ਦਾ ਉਧਾਰ ਹੋ ਜਾਂਦਾ ਹੈ ਉਹ ਤਾਂ ਹੀ ਹੁੰਦਾ ਹੈ ਜੇ ਉਥੇ ਕੋਈ ਮਿਲਦਾ ਹੈ ਤਪ ਕਰਨ ਵਾਲਾ।

ਗੁਰੂ ਨਾਨਕ ਪਾਤਸ਼ਾਹ ਜੀ ਨੇ ਜਦੋਂ ਮਹਿਤਾ ਕਾਲੂ ਜੀ ਤੋਂ ਮਾਇਆ ਹਟਾ ਦਿਤੀ, ਦਰਗਾਹ ਦਾ ਨਕਸ਼ਾ ਦਿਖਾ ਦਿਤਾ, ਉਥੇ ਕੀ ਦੇਖਦੇ ਨੇ, ਉਨ੍ਹਾਂ ਦਾ ਪਿਤਾ, ਪਿਤਾ ਦਾ ਪਿਤਾ, ਉਹਦੇ ਪਿਤਾ, ਰਿਸ਼ਤੇਦਾਰ, ਸਾਰਾ ਧੰਨ-ਧੰਨ ਕਰ ਰਹੇ ਨੇ। ਕਹਿੰਦੇ, ਕਾਲੂ ਜੀ ਤੁਸੀਂ ਤਾਂ ਬਹੁਤ ਭਾਗਾਂ ਵਾਲੇ ਓਂ, ਗੁਰੂ ਨਾਨਕ ਏਸ ਕੁਲ 'ਚ ਹੋਇਆ ਹਜ਼ਾਰ੍ਹਾਂ ਕੁਲਾਂ ਦਾ ਉਧਾਰ ਹੋ ਗਿਆ, ਜਿਹੜੀਆਂ ਲੰਘ ਚੁੱਕੀਆਂ ਸੀ। ਇਸ ਤੋਂ ਬਾਅਦ ਜਿਹੜਾ ਗਲਤ ਕੰਮ ਕਰਦਾ ਹੈ, ਉਹਦਾ ਵੀ ਅਸਰ ਉਨ੍ਹਾਂ ਕੁਲਾਂ ਤੇ ਪੈਂਦਾ ਹੈ, ਸ਼ਰਾਬ ਪੀਣ ਵਾਲਾ ਸੱਤ ਕੁਲਾਂ ਦਾ ਨਾਸ਼ ਕਰ ਦਿੰਦਾ ਹੈ। ਆਪਣਾ, ਤਿੰਨ ਆਉਣ ਵਾਲੀਆਂ ਦਾ ਤੇ ਤਿੰਨ ਬਾਪ, ਦਾਦਾ ਤੇ ਪੜਦਾਦਾ। ਭੰਗ ਜਿਹੜੀ ਹੈ ਇਕ ਕੁਲ ਦਾ ਉਸੇ ਦਾ ਨਾਸ਼ ਕਰਦੀ ਹੈ। ਤਮਾਕੂ 100 ਕੁਲ ਦਾ ਨਾਸ਼ ਕਰ ਦਿੰਦਾ ਹੈ। ਜੇ ਨਿੰਦਕ ਪੁੱਤਰ ਆ ਗਿਆ ਤਾਂ ਕੁਲਾਂ ਦੀ ਕੋਈ ਗਿਣਤੀ ਮਿਣਤੀ ਨਹੀਂ ਰਹਿੰਦੀ ਨਾਸ਼ ਹੋਣ ਦੀ। ਏਸੇ ਵਾਸਤੇ ਮਹਾਰਾਜ ਏਸ ਜੀਵ ਨੂੰ ਵੀ ਉਲਾਂਭਾ ਦਿੰਦੇ ਨੇ। ਮਾਤਾ ਨੂੰ ਵੀ ਉਲਾਂਭਾ ਦਿੰਦੇ ਨੇ। ਮਾਤਾ ਨੂੰ ਬੜੀ ਸਖਤ ਸਜ਼ਾ ਦਿੰਦੇ ਨੇ। ਐਉਂ ਪੜ੍ਹ ਲਓ ਸਾਰੇ -

***ਧਾਰਨਾ - ਜੇ ਤੈਂ ਭਗਤ ਪੁੱਤਰ ਨਹੀਂ ਸੀ ਜੰਮਣਾ,***
***ਵਿਧਵਾ ਹੋ ਜਾਂਦੀ।***

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥*
*ਬਿਧਵਾ ਕਸ ਨ ਭਈ ਮਹਤਾਰੀ ॥੧॥*
*ਜਿਹ ਨਰ ਰਾਮ ਭਗਤਿ ਨਹਿ ਸਾਧੀ ॥*
*ਜਨਮਤ ਕਸ ਨ ਮੁਓ ਅਪਰਾਧੀ ॥*

*ਅੰਗ - ੩੨੮*

ਕਿੱਡੀ ਵੱਡੀ ਗੱਲ ਮਹਾਰਾਜ ਜੀ ਨੇ ਕਹਿ ਦਿਤੀ ਕਿ ਜੇ ਭਗਤ ਪੁੱਤਰ ਨਹੀਂ ਸੀ ਪੈਦਾ ਕਰਨਾ ਤਾਂ ਵਿਧਵਾ ਹੋ ਜਾਂਦੀ। ਕਿਉਂ? ਸ਼ਰਾਬੀ ਪੁੱਤਰ ਆ ਗਿਆ ਘਰ 'ਚ। ਉਸਨੇ ਸੱਤ ਕੁਲਾਂ ਦਾ ਨਾਸ਼ ਕਰ ਦਿਤਾ ਤੇ ਤਮਾਕੂ ਪੀਣ ਵਾਲਾ ਆ ਗਿਆ ਸੌ ਕੁਲ ਦਾ ਨਾਸ਼ ਕਰ ਦਿੰਦਾ। ਨਿੰਦਾ ਵਾਲੇ ਦਾ ਤਾਂ ਕੋਈ ਹਿਸਾਬ ਕਿਤਾਬ ਨਹੀਂ, ਉਹਨੂੰ ਤਾਂ ਸਿੱਧਾ ਮਹਾਰਾਜ ਇਹ ਕਹਿੰਦੇ ਨੇ -

***ਧਾਰਨਾ - ਕਾਹਨੂੰ ਜੰਮਣਾ ਸੀ ਭਗਤੀ ਤੋਂ ਹੀਣਿਆਂ***
***ਓਏ, ਕਾਹਨੂੰ ਜੰਮਣਾ।***

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥*
*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ ॥*
*ਮਨਮੁਖਾ ਨੋ ਫਿਰਿ ਜਨਮੁ ਹੈ*
*ਨਾਨਕ ਹਰਿ ਭਾਏ ॥* *ਅੰਗ - ੪੫੦*

ਕੀ ਫਾਇਦਾ ਹੈ ਜੇ ਨਾਮ ਨਹੀਂ ਸੀ ਜਪਣਾ। ਨਾਮ ਇਥੇ ਵੀ ਸਹਾਇਤਾ ਕਰਦਾ ਹੈ ਤੇ ਦਰਗਾਹ ਵਿਚ ਵੀ ਕਰਦਾ ਹੈ।

***ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ।***

ਇਹ ਨਹੀਂ ਕਿ ਅਸੀਂ ਹੀ ਉਨ੍ਹਾਂ ਦੀ ਮਦਦ ਕਰਦੇ ਹਾਂ, ਉਹ ਵੀ ਸਾਡੀ ਮਦਦ ਕਰਦੇ ਨੇ ਜਿਹੜੇ ਚਲੇ ਜਾਂਦੇ ਨੇ ਸਾਡਾ ਮਾਂ-ਬਾਪ, ਦਾਦੇ-ਪੜਦਾਦੇ। ਸਵਰਗ ਲੋਕਾਂ 'ਚੋਂ ਦਇਆ ਦ੍ਰਿਸ਼ਟੀ ਰਖਦੇ ਨੇ, ਮਦਦ

ਹੋ ਜਾਂਦੀ ਹੈ। ਪਰ ਜੇ ਓਲਾਦ ਗਲਤ ਹੋ ਜਾਵੇ, ਬੱਚਾ ਗਲਤ ਹੋ ਜਾਵੇ ਫੇਰ ਉਹ ਬੇਦਾਵਾ ਦੇ ਦਿੰਦੇ ਨੇ। ਦੇਵਤਾ ਲੋਕ ਵੀ ਛੱਡ ਦਿੰਦੇ ਨੇ।

***ਪਾਣੀ ਤਾ ਕੇ ਹਾਥ ਮਦਰਾ ਸਮ ਅਘਦਾਇ।***

ਜੇ ਉਹਦੇ ਹੱਥ ਦਾ ਪਾਣੀ ਪੀ ਲਓ ਜਿਹੋ ਜਿਹੀ ਸ਼ਰਾਬ ਪੀ ਲਈ, ਜਿਹੋ ਉਹਦੇ ਹੱਥ ਦਾ ਪਾਣੀ ਪੀ ਲਿਆ। ਫੇਰ ਅੱਗੇ ਪੁੱਛਿਆ ਕਿ ਸ਼ਰਾਬ ਦਾ ਦੋਸ਼ ਕੀ ਹੈ? ਕਹਿੰਦੇ –

***ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ॥***

ਸੱਤ ਕੁਲਾਂ ਦਾ ਨਾਸ਼ ਕਰਦੀ ਹੈ। ਉਹ ਕਿਸੇ ਦਾ ਮਿਤਰ ਹੀ ਨਹੀਂ ਹੁੰਦਾ, ਉਹ ਪਿਉ ਨੂੰ ਵੀ ਖੱਡੇ 'ਚ ਸੁੱਟੇਗਾ, ਦਾਦੇ ਨੂੰ ਵੀ, ਪੜਦਾਦੇ ਨੂੰ ਵੀ। ਆਪਣੇ ਪੁੱਤਰ ਨੂੰ ਵੀ, ਪੋਤੇ ਨੂੰ, ਪੜੋਤੇ ਨੂੰ ਵੀ। ਐਨੀ ਮਾੜੀ ਹੈ ਜਿਹੜੇ ਸਾਡੇ ਬੋਤਲਾਂ ਲੈ-ਲੈ ਕੇ ਪੀਈ ਜਾਂਦੇ ਨੇ ਸਿੰਘ। ਨਾਲੇ ਫੇਰ ਸਿੰਘ ਦੇ ਸਿੰਘ ਬਣੇ ਫਿਰਦੇ ਨੇ। ਨੀਲਾ ਸਾਫਾ ਬੰਨ੍ਹਿਆ ਹੋਇਆ, ਮੇਰੇ ਕੋਲ ਆਏ ਜੀ। ਮੈਂ ਕਿਹਾ, ਜਾਂ ਤਾਂ ਨੀਲੇ ਸਾਫੇ ਲਾਹ ਦਿਓ। ਸਾਨੂੰ ਪੈਂਦਾ ਹੈ ਭੁਲੇਖਾ ਕਿ ਤੁਸੀਂ ਸਿੰਘ ਓਂ, ਅਜੇ ਸਾਡੇ ਮਨਾਂ 'ਚ ਸਤਿਕਾਰ ਹੈ ਵਰਦੀ ਦਾ ਕਿ ਨੀਲਾ ਸਾਫਾ ਬੰਨ੍ਹਿਆ ਹੈ, ਕਿਰਪਾਨ ਪਾਈ ਹੋਈ ਹੈ, ਸਿੰਘ ਹੈ ਬਹੁਤ ਸੋਹਣਾ। ਜੀਅ ਕਰਦਾ ਹੈ ਕਿ ਇਹਦਾ ਆਦਰ ਸਤਿਕਾਰ ਕਰੀਏ। ਪਰ ਉਪਰੋਂ ਤਾਂ ਇਹ ਹੈਗਾ ਬੁਰਕਾ ਸ਼ੇਰ ਦਾ ਤੇ ਅੰਦਰੋਂ ਤਾਂ ਗਧੇ ਹੋਂ। ਛੱਡ ਦਿਓ ਇਹਨੂੰ, ਨਾ ਪੀਆ ਕਰੋ। ਸਿੰਘ ਨੂੰ ਤਾਂ ਸ਼ਰਾਬ ਦੇ ਨੇੜੇ ਵੀ ਨਹੀਂ ਜਾਣਾ ਚਾਹੀਦਾ, ਅੰਮ੍ਰਿਤ ਦੀ ਘੁੱਟ ਇਹਦੇ ਅੰਦਰ ਗਈ ਹੋਈ ਹੈ। ਸਭ ਤੋਂ ਕੀਮਤੀ ਚੀਜ਼ ਇਹਨੂੰ ਮਿਲੀ ਹੋਈ ਹੈ, ਫੇਰ ਉਹਨੂੰ ਗੁਆ ਦਿੰਦਾ।

ਸੋ ਇਸ ਤਰ੍ਹਾਂ ਦੋਵੇਂ ਪਾਸੇ ਹੀ ਸਾਧਸੰਗਤ ਜੀ! ਓਧਰੋਂ ਵੀ ਰਿਆਇਤ ਆਉਂਦੀ ਹੈ, ਸਾਡੇ ਵਲੋਂ ਵੀ ਉਨ੍ਹਾਂ ਦੀ ਮਦਦ ਹੁੰਦੀ ਹੈ, ਫੇਰ ਤਾਂ ਪਾਠ ਵਗੈਰਾ ਕਰਾਉਣੇ ਸਭ ਖਤਮ ਹੋ ਜਾਣ।

ਮੈਂ ਤੁਹਾਨੂੰ ਦਸਦਾ ਹਾਂ ਕਿ ਧਮੋਟ ਦੇ ਸੈਂਕੜੇ ਬਿਰਧ ਮੈਨੂੰ ਕਹਿੰਦੇ ਸੀ ਕਿ ਅਸੀਂ ਬੜੇ ਦੁਖੀ ਹਾਂ। ਪੰਦਰਾਂ ਅਖੰਡਪਾਠ ਮੈਂ ਕਰਾ ਦਿਤੇ, ਸਾਡੇ ਪਿਤਾ ਜੀ ਸੀ ਉਹ ਨਾਮ ਜਪਣ ਵਾਲੇ ਸੀ, ਬਾਬਾ ਵੀ ਚੰਗਾ ਸੀ ਉਹਦਾ ਵੀ ਕਰਾਇਆ, ਕਿਉਂਕਿ ਉਹ ਮੈਨੂੰ ਦਿਸਦਾ ਰਹਿੰਦਾ ਸੀ। ਪੜਦਾਦਾ, ਨਕੜਦਾਦਾ ਸਭ ਦੇ ਕਰਾਏ। ਉਹ ਸਾਰੀਆਂ ਰੂਹਾਂ ਸ਼ਾਂਤ ਹੋ ਗਈਆਂ। ਫੇਰ ਦੂਜੀਆਂ ਆਉਣ ਲੱਗ ਗਈਆਂ। ਮੈਂ ਕਿਹਾ ਐਉਂ ਤਾਂ ਨਹੀਂ ਹੋਣਾ, ਚਲੋ ਉਥੇ ਦੀਵਾਨ ਲਾ ਕੇ, ਉਹਦਾ ਪੁੰਨ ਉਨ੍ਹਾਂ ਨੂੰ ਦੇ ਦਿਓ।

ਧਮੋਟ ਦੀਵਾਨ ਆਪਣੇ ਖਰਚ ਤੇ ਸਿੰਘਾਂ ਨੇ ਆਪੇ ਹੀ ਲਾਏ। ਉਥੇ ਜਾਣਦੇ ਨਹੀਂ ਸੀ ਲੋਕ, ਕਿਉਂਕਿ ਮੈਂ 50 ਸਾਲ ਦਾ ਉਥੋਂ ਆਇਆ ਹੋਇਆ ਸੀ, ਦੋ ਪੁਸ਼ਤਾਂ ਲੰਘ ਗਈਆਂ ਸੀ, ਤੀਸਰੀ ਚੱਲ ਰਹੀ ਹੈ, ਭੁੱਲ ਭੱਲ ਜਾਂਦੇ ਨੇ। ਦੇਖਦੇ ਸੀ ਕਿ ਦੀਵਾਨ ਲਾ ਰਿਹਾ ਹੈ ਕੋਈ। ਉਹਦੀ ਅਰਦਾਸ ਕਰਾਈ ਕਿ ਸੱਚੇ ਪਾਤਸ਼ਾਹ! ਇਹ ਜਿਹੜਾ ਕੀਰਤਨ ਦਾ ਫਲ ਹੈ ਇਹ ਉਨ੍ਹਾਂ ਅਵਗੱਤ ਰੂਹਾਂ ਨੂੰ ਜਾਵੇ, ਜਿਹੜੇ ਭਟਕਦੇ ਫਿਰਦੇ ਨੇ। ਬਹੁਤ ਫਾਇਦਾ ਹੋ ਗਿਆ, ਫੇਰ ਵੀ ਮੈਨੂੰ ਟਾਵੇਂ-ਟਾਵੇਂ ਫੇਰ ਦਿਖੀ ਜਾਣ। ਜਿਨ੍ਹਾਂ ਨੂੰ ਮੈਂ ਜਾਣਦਾ ਵੀ ਨਹੀਂ ਸੀ, ਕਹਿੰਦੇ ਅਸੀਂ ਬਹੁਤ ਔਖੇ ਹਾਂ। ਦੂਸਰੇ ਸਾਲ ਮੈਂ ਫੇਰ ਕਰਾਇਆ, ਫੇਰ ਉਹਦਾ ਫਲ ਉਨ੍ਹਾਂ ਨੂੰ ਪਹੁੰਚਾਇਆ, ਫੇਰ ਮੈਂ ਕਿਹਾ ਕਿ ਮੈਂ ਹੁਣ ਦੀਵਾਨ ਆਪ ਨਹੀਂ ਲਾਉਣੇ, ਤੁਸੀਂ ਲਵਾਓਗੇ ਅਸੀਂ ਲਾ ਦੇਵਾਂਗੇ। ਮੇਰਾ ਕੰਮ ਐਨਾ ਹੀ ਸੀ, ਉਹ ਪੂਰਾ ਹੋ ਗਿਆ, ਮੈਂ ਨਹੀਂ ਹੁਣ ਆਉਣਾ। ਸ਼ਾਂਤੀ ਆ ਗਈ। ਮੈਨੂੰ ਦਿਸਣ ਤੋਂ ਸਾਰੇ ਹੀ ਹਟ ਗਏ।

ਸੋ ਇਹ ਜਿਹੜੇ ਪੁੰਨ ਕਰਮ ਹੁੰਦੇ ਨੇ ਇਥੋਂ ਉਨ੍ਹਾਂ ਦੀ ਮਦਦ ਕਰਦੇ ਨੇ, ਪ੍ਰਤੱਖ ਦੇ ਵਿਚ ਮੈਂ ਦੇਖਿਆ ਹੈ। ਆਹ ਕਿੰਨੀਆਂ ਅਵਗਤ ਰੂਹਾਂ ਸਾਡੇ ਕੋਲ ਆਈਆਂ ਨੇ। ਬੜਾ ਦੁਖੀ ਕਰਿਆ ਇਕ ਨੇ, ਤਿੰਨ ਪੋਤੇ ਮਾਰ ਦਿਤੇ, ਮੈਂ ਕਿਹਾ, ਮਾਈ ਤੇਰਾ ਪਾਠ ਕਰਾਉਂਦੇ ਹਾਂ ਤੇਰੇ ਨਮਿਤ, ਤੈਨੂੰ ਪੁੰਨ ਭੇਜ ਕੇ ਪ੍ਰੇਤ ਦੇ ਸਰੀਰ 'ਚੋਂ ਕਢਾਉਂਦੇ ਹਾਂ। ਪ੍ਰੇਤ ਦਾ ਸਰੀਰ ਉਹਦਾ ਸ਼ਾਂਤ ਹੋ ਗਿਆ। ਇਧਰਲੇ ਪਾਸੇ ਤਿੰਨ ਬੱਚੇ ਹੋ ਗਏ। ਪਹਿਲਾਂ ਜਿਹੜਾ ਹੋਵੇ, ਉਹਨੂੰ ਮਾਰ ਦਿੰਦੀ ਸੀ।

ਸੋ ਸਰਾਧ ਕਰਾਇਆ ਕਰਦਾ ਸੀ ਦੁਨੀਚੰਦ। ਹੁਣ ਸਰਾਧ ਜੇ ਤਾਂ ਉਹ ਕਾਉਂ ਬਣਿਆ ਹੋਵੇ, ਤਾਂ, ਤਾਂ ਕਾਵਾਂ ਨੂੰ ਖਿਲਾਉਂਦੇ ਨੇ ਜ਼ਰੂਰ ਇਹ। 'ਕਊਆ ਕੂਕਰ ਖਾਏ'। ਪਰ ਇਹ ਨਹੀਂ ਸੀ ਪਤਾ ਕਿ ਉਹਦੀ ਮਦਦ ਹੁੰਦੀ ਹੈ ਕਿ ਨਹੀਂ ਹੁੰਦੀ। ਸੋ ਮਹਾਰਾਜ ਕਹਿਣ ਲੱਗੇ, ਚੰਗਾ ਦੁਨੀਚੰਦ ਅਸੀਂ ਆਵਾਂਗੇ, ਜ਼ਰੂਰ ਆਵਾਂਗੇ।

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਜਾਂਦੇ ਨੇ, ਸ਼ਰਾਧ ਹੋਇਆ। ਪੂਰੀ ਵਿਧੀ ਨਾਲ ਪੜ੍ਹਿਆ ਗਿਆ, ਸਲੋਕ ਪੜ੍ਹੇ, ਵੇਦਾਂ ਦੀਆਂ ਰੀਚਾਂ ਪੜ੍ਹੀਆਂ, ਪੂਰੀ ਮਰਿਆਦਾ ਨਾਲ ਕਰਿਆ। ਸਭ ਛਕ ਹਟੇ ਤੇ ਕਹਿਣ ਲੱਗਿਆ ਕਿ ਗੁਰੂ ਨਾਨਕ ਸਾਹਿਬ ਨੇ ਪ੍ਰਸ਼ਾਦਾ ਨਹੀਂ ਛਕਿਆ। ਮਹਾਰਾਜ ਕੋਲ ਲੈ ਆਏ ਥਾਲ।

ਮਹਾਰਾਜ ਕਹਿੰਦੇ, ਪ੍ਰੇਮੀਆ! ਕਾਹਦੇ ਨਮਿਤ ਕਰਾਇਆ ਹੈ ਸ਼ਰਾਧ?

ਕਹਿੰਦਾ ਜੀ ਆਪਣੇ ਪਿਤਾ ਦੇ ਨਮਿਤ।

ਕਹਿੰਦੇ, ਉਹਨੂੰ ਮਿਲ ਗਿਆ? ਕਿੰਨਵਾਂ ਸ਼ਰਾਧ ਹੈ?

ਕਹਿੰਦਾ, ਜੀ! ਦੋ ਤਿੰਨ ਪਹਿਲਾਂ ਕਰਾ ਚੁੱਕਿਆ।

ਕਹਿੰਦੇ, ਉਹਨੂੰ ਮਿਲ ਜਾਂਦਾ ਹੈ?

ਕਹਿੰਦਾ, ਜੀ ਕਹਿੰਦੇ ਤਾਂ ਹੈਂ ਕਿ ਮਿਲ ਜਾਂਦਾ ਹੈ। ਮੇਰੇ ਕੋਲ ਤਾਂ ਉਹ ਅੱਖ ਨਹੀਂ ਜਿਹਦੇ ਨਾਲ ਮੈਂ ਦੇਖ ਲਵਾਂ।

ਮਹਾਰਾਜ ਜੀ, ਹੱਸ ਪਏ ਕਹਿਣ ਲੱਗੇ ਕਿ ਉਹਨੂੰ ਤਾਂ ਅੱਜ ਤੱਕ ਕੁਛ ਨਹੀਂ ਗਿਆ ਤੇਰਾ ਦਿਤਾ ਹੋਇਆ। ਤੂੰ ਲੱਖਾਂ ਰੁਪਏ ਖਰਚ ਦਿੰਦਾ ਹੈਂ, ਉਹਨੂੰ ਕੁਛ ਨਹੀਂ ਜਾ ਰਿਹਾ। ਕਿਉਂਕਿ ਇਨ੍ਹਾਂ 'ਚ ਅਭਿਆਗਤ ਕੋਈ ਨਹੀਂ ਹੈ।

***ਅਭਿਆਗਤ ਏਹਿ ਨ ਆਖੀਅਨਿ***
***ਜਿਨ ਕੇ ਚਿਤ ਮਹਿ ਭਰਮੁ ॥ ਅੰਗ - ੯੪੯***

ਜਿਹਦੇ ਚਿੱਤ ਵਿਚ ਭਰਮ ਹੈ। ਇਹ ਭਰਮ ਕੀ ਹੁੰਦਾ ਹੈ, ਇਹ ਸਾਰਾ ਸੰਸਾਰ ਵਾਹਿਗੁਰੂ ਆਪ ਹੀ ਹੈ। ਭਰਮ ਕਰਕੇ ਸਾਨੂੰ ਇਹ ਅੱਡ ਲਗਦਾ ਹੈ। ਅਸੀਂ ਇਹਦੇ ਵਿਚ ਹਾਂ। ਪੰਜ ਭਰਮ ਹੋਇਆ ਕਰਦੇ ਨੇ। ਜਿਹਦੇ ਚਿੱਤ ਵਿਚ ਭਰਮ ਨੇ ਉਹਦਾ ਦਾਨ ਨਹੀਂ ਲਗਦਾ ਕੀਤਾ ਹੋਇਆ। ਜਿਹੜੇ ਅਭਿਆਗਤ ਨੇ ਹਰ ਵਕਤ ਵਾਹਿਗੁਰੂ ਦੇ ਗਿਆਨ ਵਿਚ ਰਹਿੰਦੇ ਨੇ, ਉਨ੍ਹਾਂ ਨੂੰ ਚਾਹੇ ਇਕ ਬੁਰਕੀ ਛਕਾ ਦਿਓ, ਉਹਦਾ ਹਜ਼ਾਰਾਂ ਗੁਣੰ ਦਾਨ ਉਥੇ ਲੱਗੇਗਾ। ਉਹਨੂੰ ਦਿਤਾ ਹੋਇਆ ਵੀ ਲਗਦਾ ਹੈ।

ਮਹਾਰਾਜ ਕਹਿੰਦੇ ਦੁਨੀਚੰਦ! ਇਹ ਰਸਮੀ ਲੋਕ ਨੇ। ਰਸਮਾਂ ਦੇ ਵਿਚ ਨੇ, ਪਰ ਇਨ੍ਹਾਂ ਦੇ ਰਾਹੀਂ ਤੇਰੇ ਪਿਤਾ ਤਕ ਪਹੁੰਚ ਨਹੀਂ ਸਕਦਾ।

ਸੱਚੇ ਪਾਤਸ਼ਾਹ! ਫੇਰ ਸਭ ਐਵੇਂ ਹੀ ਗਿਆ?

ਕਹਿੰਦੇ, ਹਾਂ ਸਭ ਐਵੇਂ ਹੀ ਗਿਆ।

ਕਹਿੰਦੇ, ਅਸੀਂ ਤਾਂ ਤੇਰੇ ਪਿਤਾ ਨੂੰ ਛਕਾ ਕੇ ਫੇਰ ਛਕਾਂਗੇ। ਆਹ ਥਾਲ ਜਿਹੜਾ ਸਾਨੂੰ ਲਿਆਂਦਾ ਹੈ ਇਹ ਲੈ ਜਾ ਪ੍ਰਸ਼ਾਦ। ਚਾਰ ਕੋਹ ਚਲਿਆ ਜਾਹ, ਰਾਵੀ ਦੇ ਕੰਢੇ ਜਿਧਰ ਨੂੰ ਪਾਣੀ ਜਾਂਦਾ ਹੈ, ਅੱਗੇ ਇਕ ਸੰਘਣਾ ਜੰਗਲ ਆਏਗਾ, ਇਕ ਝੁੰਡ ਸੰਘਣੇ ਦਰਖਤਾਂ ਦਾ ਉਥੇ ਤੇਰਾ ਪਿਤਾ ਪਿਆ ਹੈ ਅਤੇ ਭੁੱਖਾ ਹੈ ਸੱਤ ਦਿਨਾਂ ਦਾ। ਕੋਈ ਸ਼ਿਕਾਰ ਨਹੀਂ ਮਿਲਿਆ ਉਹਨੂੰ।

ਕਹਿੰਦਾ ਜੀ, ਉਹ ਕੀ ਹੈ?

ਕਹਿੰਦੇ, ਬਘਿਆੜ। ਡਰੀਂ ਨਾ।

ਉਥੇ ਚਲਿਆ ਗਿਆ। ਜਾ ਕੇ ਦੇਖਿਆ, ਬਘਿਆੜ, ਅਧਮੋਇਆ ਜਿਹਾ ਭੁੱਖਾ ਪਿਆ ਹੈ। ਉਠਿਆ, ਉਠ ਕੇ ਆਪਣਾ ਪਿੰਡਾ ਝਾੜਿਆ, ਉਸ ਤੋਂ ਬਾਅਦ ਦੁਨੀਚੰਦ ਵਲ ਨੂੰ ਆਗਿਆ, ਕੁਛ ਇਹ ਵਧ ਗਿਆ। ਇਹਨੇ ਉਸ ਵੇਲੇ ਪ੍ਰਸ਼ਾਦ ਜਿਹੜਾ ਮਹਾਰਾਜ ਜੀ ਦਾ ਸੀਗਾ ਦ੍ਰਿਸ਼ਟੀ ਪਾਈ ਹੋਈ, ਦ੍ਰਿਸ਼ਟੀ ਭੋਗ ਲੱਗਿਆ ਹੋਇਆ ਉਹ ਪ੍ਰਸ਼ਾਦ ਅੱਗੇ ਰੱਖ ਦਿਤਾ। ਉਹਨੇ ਜਦੋਂ ਛਕਿਆ, ਉਹਦਾ ਜਿਹੜਾ ਬਘਿਆੜ ਦਾ ਸਰੀਰ ਸੀ ਉਹ ਤਾਂ ਗਿਰ ਗਿਆ ਉਥੇ ਹੀ ਤੇ ਉਹਦੇ ਵਿਚੋਂ ਇਕ ਦੇਵ ਦੇਹ ਨਿਕਲੀ, ਚਿੱਟੇ ਰੰਗ ਦੀ। ਇਹ ਪਛਾਣ ਗਿਆ ਕਿ ਇਹ ਤਾਂ ਮੇਰਾ ਪਿਤਾ ਹੈ। ਕਹਿਣ ਲੱਗਿਆ, ਪਿਤਾ ਜੀ! ਆਹ ਕੀ ਗੱਲ? ਮੈਂ ਸ਼ਰਾਧ ਕਰਦਾ ਸੀ ਕੀ ਤੁਹਾਡੇ ਕੋਲ ਪਹੁੰਚਦੇ ਸੀ? ਕਹਿੰਦਾ, ਨਾ ਪੁੱਤਰ! ਮੇਰੇ ਕੋਲ ਤਾਂ ਕਦੇ ਵੀ ਨਹੀਂ ਪਹੁੰਚੇ। ਮੈਂ ਤਾਂ ਹੁਣ ਵੀ ਸੱਤ ਦਿਨਾਂ ਦਾ ਭੁੱਖਾ ਹਾਂ। ਕਹਿਣ ਲੱਗਿਆ, ਕੀ ਗੱਲ ਹੋਈ? ਕਹਿੰਦਾ, ਦੇਖ ਜਿਹੜੇ ਤੁਹਾਡੇ ਘਰ ਆਏ ਨੇ ਨਾ, ਗੁਰੂ ਨਾਨਕ ਸਾਹਿਬ ਨੇ ਉਹ। ਉਹ ਦੀਨ ਦੁਨੀਆਂ ਦੇ ਪਾਤਸ਼ਾਹ ਨੇ। ਕਰੋੜਾਂ ਖੰਡਾਂ ਬ੍ਰਹਿਮੰਡਾਂ ਦੇ ਮਾਲਕ ਨੇ। ਕਹਿੰਦਾ, ਤੁਹਾਨੂੰ ਕਿਵੇਂ ਪਤਾ ਹੈ? ਕਹਿੰਦਾ ਮੈਨੂੰ ਗਿਆਨ ਆ ਰਿਹਾ ਹੈ, ਉਤੋਂ ਆ ਰਹੀਆਂ ਨੇ ਗੱਲਾਂ, ਜਿਹੜੀਆਂ ਮੈਂ ਤੈਨੂੰ ਦੱਸ ਰਿਹਾ ਹਾਂ। ਉਨ੍ਹਾਂ ਤੋਂ ਆਪਣਾ ਉਧਾਰ ਕਰਾ ਲੈ। ਮੇਰੇ ਵਾਂਗੂੰ ਨਾ ਰੁਲੀਂ।

ਕਹਿੰਦਾ, ਤੁਸੀਂ ਇਸ ਤਰ੍ਹਾਂ ਕਿਉਂ ਹੋਏ?

ਕਹਿੰਦਾ, ਮੈਂ ਤਾਂ ਹੋਇਆ ਜਦੋਂ ਮੇਰੇ ਪ੍ਰਾਣ ਨਿਕਲ ਰਹੇ ਸੀ, ਪੜੋਸ ਦੇ ਵਿਚ ਕੋਈ ਮਾਸ ਨੂੰ ਰਾੜ੍ਹਾ ਲਾ ਰਿਹਾ ਸੀ, ਉਹਦੀ ਜਦੋਂ ਮੈਨੂੰ ਮੁਸਕ ਆਈ, ਮਾਸ ਵਿਚ ਮੇਰੀ ਸੁਰਤੀ ਚਲੀ ਗਈ ਤੇ ਮੈਂ ਬਘਿਆੜ ਬਣ ਗਿਆ। ਸੋ ਜਿਹੋ ਜਿਹੀ ਵਾਸ਼ਨਾ ਉਹੋ ਜਿਹਾ ਅੱਗੋਂ ਸਰੀਰ ਮਿਲਦਾ ਹੈ। ਕਹਿਣ ਲੱਗਿਆ ਕਿ ਮੈਨੂੰ ਸਰੀਰ ਇਹ ਮਿਲ ਗਿਆ ਕਿਉਂਕਿ ਮੇਰੀ ਅੰਤ ਵਾਸ਼ਨਾ ਚੰਗੀ ਨਹੀਂ ਸੀ।

ਬੰਦਾ ਬਹਾਦਰ ਦੇ ਕੋਲ ਜਦੋਂ ਗੁਰੂ ਸਾਹਿਬ ਗਏ ਨੇ, ਸਾਰਾ ਕੁਛ ਹੋ ਹਟਿਆ। ਚਰਨਾਂ ਤੇ ਢਹਿ ਪਿਆ।

ਮਹਾਰਾਜ ਕਹਿੰਦੇ, ਤੇਰੇ ਗੁਰੂ ਦਾ ਕੀ ਨਾਉਂ ਸੀ?

ਕਹਿੰਦਾ, ਅਗੜਨਾਥ।

ਕਹਿੰਦੇ, ਕਿੱਥੇ ਨੇ ਉਹ?

ਕਹਿੰਦਾ, ਜੀ ਉਹ ਤਾਂ ਬੈਕੁੰਠ ਧਾਮ 'ਚ ਚਲੇ ਗਏ।

ਮਹਾਰਾਜ ਜੀ ਮੁਸਕਰਾ ਪਏ।

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਉਹ ਗਏ ਨਹੀਂ ਹਨ ਉਥੇ?

ਕਹਿੰਦੇ, ਨਾ ਉਥੇ ਨਹੀਂ ਗਏ।

ਕਹਿੰਦਾ, ਫੇਰ ਕਿੱਥੇ ਨੇ ਉਹ, ਉਹ ਤਾਂ ਬੜੀ ਕਰਨੀ ਕਮਾਈ ਵਾਲੇ ਸੀ।

ਕਹਿੰਦੇ ਉਹ ਬਿੱਲ ਲੱਗਿਆ ਹੋਇਆ ਹੈ ਨਾ ਉਹਦੇ ਵਿਚ ਕੀੜਾ ਬਣ ਕੇ ਬੈਠਾ ਹੈ।

ਦੇਖੋ! ਗਤੀ ਕਿਹੋ ਜਿਹੀ ਹੁੰਦੀ ਹੈ।

ਬਿੱਲ ਤੋੜਿਆ, ਭੰਨਿਆ ਵਿਚੋਂ ਨਿਕਲ ਆਇਆ। ਚਿਰੜ-ਚਿਰੜ ਕਰਦਾ ਹੈ। ਮਹਾਰਾਜ ਕਹਿੰਦੇ, ਇਹਦੀ ਬੋਲੀ ਤੈਨੂੰ ਸਮਝ 'ਚ ਨਹੀਂ ਆਉਂਦੀ?

ਕਹਿੰਦਾ, ਨਾ ਮਹਾਰਾਜ।

ਕਿਉਂਕਿ ਸਾਧਸੰਗਤ ਜੀ! ਪਿਛਲੇ ਜੁਗਾਂ ਦੇ ਅੰਦਰ ਸਾਡੇ ਅੰਦਰ ਟੈਲੀਪੈਥੀ ਸਮਝਣ ਦੀ ਤੇ ਭੇਜਣ ਦੀ ਪੂਰੀ ਸ਼ਕਤੀ ਸੀ। ਕਿਉਂਕਿ ਮਨ ਇਕਾਗਰ ਹੋਇਆ ਕਰਦੇ ਸੀ। ਕੁੱਤਿਆਂ ਦੀ, ਬਿਲਿਆਂ ਦੀ, ਸੱਪਾਂ ਦੀ, ਜਾਨਵਰਾਂ ਦੀ ਪੰਛੀਆਂ ਦੀ ਸਭ ਦੀ ਬੋਲੀ ਸਮਝ ਲੈਂਦੇ ਸੀ ਕਿ ਕੀ ਕਹਿੰਦਾ ਹੈ ਇਹ।

ਬਹੁਤੀਆਂ ਸਾਖੀਆਂ ਵੀ ਇਸ ਤਰ੍ਹਾਂ ਆਉਂਦੀਆਂ ਨੇ, ਫੇਰ ਘਬਰਾ ਜਾਂਦੇ ਹਾਂ ਕਿ ਪੰਛੀ ਵੀ ਬੋਲਦੇ ਹੁੰਦੇ ਨੇ। ਇਹ ਇਕ ਸਰਬ ਵਿਦਿਆ ਯੋਗ ਹੈ, ਅੱਜ ਵੀ ਹੈਗੇ ਜਿਹੜੇ ਇਹ ਗੱਲਾਂ ਸਮਝਦੇ ਨੇ। ਗੁਰੂ ਨਾਨਕ ਸਾਹਿਬ ਜਿੱਥੇ ਜਾਂਦੇ ਸੀ, ਉਹਦੀ ਬੋਲੀ 'ਚ ਗੱਲ ਕਰਦੇ ਸੀ। ਉਹਦੀ ਬੋਲੀ 'ਚ ਹੀ ਉਹਨੂੰ ਸਮਝਾਉਂਦੇ ਸੀ। ਜੇ ਗਏ ਨੇ ਮਹਾਰਾਜ ਜੀ ਤਾਮਿਲਨਾਡੂ ਦੇ ਵਿਚ, ਲੰਕਾ ਪਹੁੰਚੇ ਨੇ, ਉਥੇ ਮਹਾਰਾਜ ਨੇ ਉਨ੍ਹਾਂ ਦੀ ਬੋਲੀ 'ਚ ਹੀ ਗੱਲ ਕਰੀ, ਉਥੇ ਪੰਜਾਬੀ ਨਹੀਂ ਬੋਲੇ। ਇਸੇ ਤਰ੍ਹਾਂ ਦੇ ਨਾਲ ਜੇ ਬਘਿਆੜ ਨੇ ਮਰਦਾਨੇ ਨੂੰ ਦੱਸਿਆ, ਉਹ ਟੈਲੀਪੈਥੀ 'ਚ ਗੱਲ ਕਰ ਰਿਹਾ ਸੀ।

ਅਸੀਂ ਤਾਂ ਸੁਖਾਲਾ ਕਹਿ ਦਿੰਦੇ ਹਾਂ ਕਿ ਐਵੇਂ ਰੌਲਾ ਪਏਗਾ, ਕਿ ਉਹ ਮਨੁੱਖ ਬੋਲੀ 'ਚ ਬੋਲਣ ਲੱਗ ਪਿਆ, ਸ਼ਕਤੀ ਦੇ ਦਿਤੀ ਮਹਾਰਾਜ ਨੇ।

ਸੋ ਉਹ ਕਹਿਣ ਲੱਗਿਆ ਕਿ ਮੇਰੇ ਉਤੇ ਗੁਰੂ ਨਾਨਕ ਦੀ ਕ੍ਰਿਪਾ ਹੋ ਰਹੀ ਹੈ, ਮੈਨੂੰ ਹੁਣ ਪ੍ਰਲੋਕ ਨਜ਼ਰ ਆ ਰਿਹਾ ਹੈ ਸਾਰਾ। ਉਹਨੇ ਫੇਰ ਸਾਰਾ ਦੱਸਿਆ ਕਿ -

***ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥***
***ਨਾਨਕ ਜਿਉ ਮਥਨਿ ਮਾਧਾਣੀਆ***
***ਤਿਉ ਮਥੇ ਧ੍ਰਮ ਰਾਇ ॥*** ***ਅੰਗ - ੧੪੨੫***

ਕਹਿੰਦੇ, ਜਾਹ ਉਹ ਤਾਂ ਕਰੋੜਾਂ ਬ੍ਰਹਿਮੰਡਾਂ ਦੇ ਮਾਲਕ ਨੇ। ਜੋ ਕੁਛ ਕਹਿਣਗੇ ਮੰਨ ਲਈਂ, ਤੂੰ ਆਪਣਾ ਉਧਾਰ ਕਰਾ, ਮੇਰਾ ਉਨ੍ਹਾਂ ਨੇ ਕਰ ਦਿਤਾ।

ਉਸ ਵੇਲੇ ਵਾਪਸ ਆ ਗਿਆ, ਮਹਾਰਾਜ ਜੀ ਨੂੰ ਪ੍ਰਸਾਦਾ ਛਕਾਇਆ। ਕਹਿੰਦਾ, ਸੱਚੇ ਪਾਤਸ਼ਾਹ! ਮੈਨੂੰ ਕੋਈ ਸੇਵਾ ਦੱਸੋ। ਉਹਦੇ ਘਰ ਦੇ ਉਤੇ ਸੱਤ ਝੰਡੇ ਲੱਗੇ ਹੋਏ ਸੀ, ਕਰੋੜ-ਕਰੋੜ ਦੇ। ਕਰੋੜੀਆ ਸੀਗਾ। ਮਹਾਰਾਜ ਨੇ ਮਰਦਾਨੇ ਨੂੰ ਕਿਹਾ ਕਿ ਮਰਦਾਨਿਆ! ਸੂਈ ਤਾਂ ਦੇਹ। ਮਰਦਾਨੇ ਨੇ ਸੂਈ ਦੇ ਦਿਤੀ। ਕਹਿੰਦੇ, ਲੈ ਆਹ ਸੂਈ ਸਾਡੀ ਸਾਂਭ ਕੇ ਰੱਖ ਲੈ, ਅਸੀਂ ਤੇਰੇ ਤੋਂ ਅਗਲੇ ਜਨਮ 'ਚ ਲੈ ਲਵਾਂਗੇ।

ਸਮਝ 'ਚ ਨ ਆਈ ਗੱਲ। ਸੂਈ ਲੈ ਕੇ ਅੰਦਰ ਚਲਿਆ ਗਿਆ ਘਰਵਾਲੀ ਨੂੰ ਕਹਿਣ ਲੱਗਿਆ ਕਿ ਆਹ ਸੂਈ ਦਿਤੀ ਹੈ ਮਹਾਂਪੁਰਸ਼ਾਂ ਨੇ, ਕਹਿੰਦੇ ਕਿ ਅਗਲੇ ਜਨਮ 'ਚ ਲੈ ਲਵਾਂਗੇ ਤੇਰੇ ਤੋਂ।

ਕਹਿੰਦੀ, ਤੁਸੀਂ ਤਾਂ ਸਿੱਧੇ ਹੀ ਹੋਂ, ਭੋਲੇ ਹੀ ਹੋਂ। ਆਪਣਾ ਤਾਂ ਸਰੀਰ ਵੀ ਨਾਲ ਨਹੀਂ ਜਾਣਾ, ਕੋਈ ਕੱਪੜਾ ਨਾਲ ਨਹੀਂ ਜਾਣਾ, ਘਰ ਨਹੀਂ ਜਾਣਾ, ਸਵਾਰੀਆਂ ਨਹੀਂ ਜਾਣੀਆਂ, ਇਹ ਤਾਂ ਇਥੇ ਦਾ ਇਥੇ ਹੀ ਰਹਿ ਜਾਣਾ ਹੈ। ਇਹ ਤਾਂ ਕੋਈ ਚੀਜ਼ ਵੀ ਨਹੀਂ ਜਾਣੀ। ਫੇਰ ਦੱਸੋ ਸੂਈ ਕਿਵੇਂ ਲੈ ਜਾਵਾਂਗੇ ਆਪਾਂ? ਕੋਈ ਹੈ ਤਰੀਕਾ?

ਵਾਪਿਸ ਆ ਗਿਆ, ਸੂਈ ਵਾਪਸ ਕਰ ਦਿਤੀ।

ਮਹਾਰਾਜ ਕਹਿੰਦੇ, ਬੱਸ ਐਨੀ ਕੁ ਸੇਵਾ ਨਹੀਂ ਹੋਈ ਤੇਰੇ ਤੋਂ ਦੁਨੀਚੰਦ?

ਕਹਿੰਦਾ, ਮਹਾਰਾਜ! ਤੁਸੀਂ ਤਾਂ ਮੇਰੇ ਨੇਤਰ ਖੋਲ੍ਹ ਦਿਤੇ, ਮੈਂ ਤਾਂ ਬੰਦ ਕਰੀਂ ਬੈਠਾ ਸੀ।

ਕਹਿੰਦਾ, ਕਿੱਥੇ ਰੱਖਾਂ?

ਕਹਿੰਦੇ, ਘਰ 'ਚ ਰੱਖ ਲੈ। ਘਰ ਤੇਰੇ ਨਾਲ ਜਾਏਗਾ।

ਕਹਿੰਦਾ, ਸੱਚੇ ਪਾਤਸ਼ਾਹ! ਜਦ ਮੇਰੇ ਨਾਲ ਮੇਰਾ ਸਰੀਰ ਹੀ ਨਹੀਂ ਜਾਣਾ ਤੇ ਮੇਰੇ ਨਾਲ ਸੂਈ ਕਿਵੇਂ ਚਲੀ ਜਾਏਗੀ? ਕਹਿੰਦੇ, ਫੇਰ ਦੁਨੀਚੰਦ! ਕਰੋੜਾਂ ਦਾ ਮਾਲਕ ਬਣਿਆ ਹੋਇਆ ਹੈਂ, ਇਹ ਤੇਰੀ ਵਾਸ਼ਨਾ ਹੈ, ਇਹ ਦਮੜਾ ਨਾਲ ਨਹੀਂ ਜਾਂਦਾ। ਦਮੜਾ ਓਹੀ ਨਾਲ ਜਾਂਦਾ ਹੈ ਜਿਹੜਾ ਸਹੀ ਲੇਖੇ ਦੇ ਵਿਚ ਲਗ ਜਾਵੇ।

***ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥***
***ਦੇਵੈ ਦਿਲਾਵੈ ਰਜਾਵੈ ਖੁਦਾਇ॥***
***ਹੋਤਾ ਨ ਰਾਖੈ ਅਕੇਲਾ ਨ ਖਾਇ॥***
***ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥***
***(ਨਸੀਹਤਨਾਮਾ)***

ਇਹ ਤਾਂ ਪਿਆਰਿਆ ਤੈਨੂੰ ਤਾਂ ਮਿਲੇਗਾ ਜੇ ਤੂੰ ਇਹਨੂੰ ਸ਼ੁੱਭ ਕਾਰਜਾਂ ਦੇ ਵਿਚ ਲਾ ਦੇਵੇਂਗਾ। ਦੂਜੀ ਗੱਲ ਇਹ ਹੈ, ਇਹ ਤੇਰਾ ਮਾਨਸ ਜਨਮ ਲੰਘਦਾ ਤੁਰਿਆ ਜਾ

ਰਿਹਾ ਹੈ, ਤੂੰ ਆਇਆ ਸੀ ਬੰਦਗੀ ਕਰਨ ਵਾਸਤੇ, ਤੂੰ ਪੈਸੇ ਦੇ ਚੱਕਰ 'ਚ ਪੈ ਗਿਆ, ਇਹ ਤੇਰੀ ਪਰਾਲਬਧ ਸੀ, ਇਹ ਰੱਬ ਵਲੋਂ ਦਾਤ ਸਮਝ ਕੇ ਖਰਚੀ ਖਾਈ ਜਾਂਦਾ। ਲੇਕਿਨ ਏਸ ਵਾਸ਼ਨਾ ਨੇ ਤੈਨੂੰ ਫੜ ਲਿਆ। ਵਾਸ਼ਨਾ ਦੇ ਵਿਚ ਫਸ ਕੇ ਤੇਰਾ ਪਿਉ ਤਾਂ ਬਣਿਆ ਬਘਿਆੜ ਤੂੰ ਬਣੇਂਗਾ ਸੱਪ। ਆਪਣੇ ਖਜ਼ਾਨਿਆਂ ਤੇ ਮੇਲ੍ਹੇਗਾ।

ਓਸ ਵੇਲੇ ਕਹਿਣ ਲੱਗਿਆ ਪਾਤਸ਼ਾਹ! ਮੇਰੇ ਤਾਂ ਨੇਤਰ ਖੋਲ੍ਹ ਦਿਤੇ ਆਪ ਨੇ। ਕ੍ਰਿਪਾ ਕਰੋ।

ਮਹਾਰਾਜ ਨੇ ਕਿਹਾ ਕਿ ਕ੍ਰਿਪਾ ਇਹੀ ਹੈ ਵੱਡੀ ਕਿ ਆਪਣੀ ਕੋਠੀ ਨੂੰ ਤਾਂ ਬਣਾ ਲੈ ਸਤਿਸੰਗ ਘਰ। ਇਹ ਜਿਹੜੀ ਮਾਇਆ ਹੈ ਇਹ ਲਾ ਦੇ ਧਰਮ ਕਾਰਜਾਂ ਤੇ। ਦੇ ਦੇ ਗਰੀਬਾਂ ਨੂੰ, ਜਿਨ੍ਹਾਂ ਦੇ ਗੁਜ਼ਾਰੇ ਨਹੀਂ ਚਲਦੇ। ਸੋ ਧਨ ਦੇ ਦਿਤਾ। ਧਰਮਸਾਲਾ ਬਣ ਗਿਆ ਘਰ, ਬੰਦਗੀ ਹੋਣੀ ਸ਼ੁਰੂ ਹੋ ਗਈ। ਓਹੀ ਦੁਨੀਚੰਦ ਮਹਾਰਾਜ ਦੇ ਚਰਨਾਂ 'ਚ ਪਹੁੰਚ ਗਿਆ।

ਸੋ ਇਹ ਜਿਹੜੀ ਧਨ ਵਾਸ਼ਨਾ ਹੈ ਮਹਾਰਾਜ ਕਹਿੰਦੇ ਨੇ –

***ਕਬੀਰ ਇਹੁ ਤਨੁ ਜਾਇਗਾ***
***ਸਕਹੁ ਤ ਲੇਹੁ ਬਹੋਰਿ॥***
***ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥***
***ਅੰਗ – ੧੩੬੫***

ਦੱਸ ਖਰਬ ਨੂੰ ਲੱਖ ਕਰੋੜ ਕਹਿੰਦੇ ਨੇ। ਜਿਨ੍ਹਾਂ ਕੋਲ ਐਨਾ ਵੀ ਸੀ ਉਹ ਵੀ ਖਾਲੀ ਹੱਥ, ਨੰਗੇ ਪੈਰੀਂ ਸੰਸਾਰ ਤੋਂ ਜਾਂਦੇ ਨੇ। ਸੋ ਇਕੋ ਵਾਸ਼ਨਾ ਆਦਮੀ ਨੂੰ ਕਿੱਥੇ ਲੈ ਜਾਂਦੀ ਹੈ।

ਸੋ ਮੈਂ ਬੇਨਤੀ ਜੋ ਕਰਦਾ ਸੀ ਕਿ ਮਹਾਰਾਜ ਕਹਿੰਦੇ ਨੇ ਕਿ ਪਹਿਲਾਂ ਤੂੰ ਭਾਂਡਾ ਧੋ, ਇਹਦੇ ਵਿਚ ਮੰਦ ਵਾਸ਼ਨਾਵਾਂ ਪਈਆਂ ਨੇ। ਮੰਦ ਵਾਸ਼ਨਾਵਾਂ ਦੇ ਵਿਚ ਜਿਵੇਂ ਮੈਂ ਦੱਸਿਆ ਕਿ ਉਹ ਸੰਤਾਂ ਦੇ ਕੋਲ ਇਕ ਪਾ ਦੁੱਧ ਨਾ ਪਾ ਸਕਿਆ, ਕਿਉਂਕਿ ਲਿੱਦ ਪਈ ਸੀ ਵਿਚ। ਉਹ ਨਾਮ ਕਿੱਥੋਂ ਆ ਜਾਏਗਾ ਜਿੰਨੀ ਦੇਰ ਤੱਕ ਭਾਂਡਾ ਨਹੀਂ ਧੋਂਦਾ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

– ਅਨੰਦ ਸਾਹਿਬ –

– ਗੁਰ ਸਤੋਤਰ –

– ਅਰਦਾਸ –

# ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ

*ਠਾਕੁਰ ਤੁਮ੍ ਸਰਣਾਈ ਆਇਆ ॥*
*ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ*
*ਦਰਸਨੁ ਪਾਇਆ ॥ ੧ ॥ ਰਹਾਉ ॥*
*ਅਨਬੋਲਤ ਮੇਰੀ ਬਿਰਥਾ ਜਾਨੀ*
*ਅਪਨਾ ਨਾਮੁ ਜਪਾਇਆ ॥*
*ਦੁਖ ਨਾਠੇ ਸੁਖ ਸਹਜਿ ਸਮਾਏ*
*ਅਨਦ ਅਨਦ ਗੁਣ ਗਾਇਆ ॥ ੧ ॥*
*ਬਾਹ ਪਕਰਿ ਕਢਿ ਲੀਨੇ ਅਪੁਨੇ*
*ਗ੍ਰਿਹ ਅੰਧ ਕੂਪ ਤੇ ਮਾਇਆ ॥*
*ਕਹੁ ਨਾਨਕ ਗੁਰਿ ਬੰਧਨ ਕਾਟੇ*
*ਬਿਛੁਰਤ ਆਨਿ ਮਿਲਾਇਆ ॥ ਅੰਗ - ੧੨੧੮*

***ਧਾਰਨਾ - ਸੰਸਾ ਮੇਰਾ ਜੀ ਉਤਰ ਗਿਆ,***
***ਪਿਆਰੇ ਜਬ ਤੇ ਦਰਸ਼ਨ ਪਾਇਆ।***

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਧਿਆਨ ਗੁਰੂ ਨਾਨਕ ਪਾਤਸ਼ਾਹ ਦਾ ਹਿਰਦੇ 'ਚ ਧਾਰਨ ਕਰੋ, ਜੋ ਵਿਚਾਰ ਗੁਰੂ ਮਹਾਰਾਜ ਜੀ ਨੇ ਸਾਨੂੰ ਦਿਤੀ ਹੈ, ਇਕੋ ਹੀ ਸ਼ਬਦ ਦੀ ਜੋ ਆਪਾਂ ਪੜ੍ਹਿਆ ਹੈ, ਜੇ ਇਹਦਾ ਅਰਥ ਸਮਝ 'ਚ ਆ ਜਾਵੇ, ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ। ਸੁੱਖ ਜਿਹੜੇ ਨੇ ਸਹਿਜ ਨਾਲ ਹੀ ਘਰ ਵਿਚ ਆ ਕੇ ਸਰੀਰ ਦੇ ਵਿਚ ਵੀ ਤੇ ਬਾਹਰ ਵੀ, ਭਾਈਚਾਰੇ 'ਚ ਵੀ, ਸੰਸਾਰ 'ਚ ਵੀ; ਸੁੱਖ ਵਸ ਜਾਂਦੇ ਨੇ ਤੇ ਦੁਖ ਨੱਠ ਜਾਂਦੇ ਨੇ, ਪਰ ਇਹ ਤਾਂ ਹੁੰਦੇ ਨੇ ਜੇ ਪੂਰਾ ਸਤਿਗੁਰੂ ਬਾਂਹ ਫੜ ਕੇ ਕੱਢ ਲਵੇ, ਨਹੀਂ ਤਾਂ ਨਹੀਂ ਸੰਸਾ ਉਤਰਦਾ।

ਇਹ ਇਕ ਵਿਚਾਰ ਹੈ ਜਿਸਨੂੰ ਆਪ ਨੇ ਮਨ ਚਿੱਤ ਲਾ ਕੇ ਸਰਵਣ ਕਰਨਾ, ਸਾਖੀਆਂ ਬਹੁਤ ਆਪਾਂ ਵਿਚਾਰਦੇ ਰਹਿੰਦੇ ਹਾਂ ਕਿਉਂਕਿ ਉਹ ਪ੍ਰਤੀਕ ਹੋਇਆ ਕਰਦੀਆਂ ਨੇ, ਗੱਲ ਛੇਤੀ ਸਮਝ 'ਚ ਆ ਜਾਇਆ ਕਰਦੀ ਹੈ, ਸਤਿਸੰਗ ਦਾ ਮਤਲਬ ਇਹ ਹੈ ਕਿ ਅਸੀਂ ਕੋਈ ਖਾਸ ਕੰਮ ਕਰਨ ਆਏ ਹਾਂ, ਕੁਝ ਖਾਸ ਲਾਹਾ ਲੈਣ ਵਾਸਤੇ ਅਸੀਂ ਦੂਰ-ਦਰਾਜ਼ ਤੋਂ ਆਏ ਹਾਂ। ਡੇਢ ਸੌ, ਦੋ ਸੌ ਮੀਲ ਤੋਂ, ਦੂਰ-ਦੂਰ ਤੋਂ ਸੰਗਤ ਆਈ ਬੈਠੀ ਹੈ। ਧੰਨ ਹਨ ਉਹ ਜਿਨ੍ਹਾਂ ਦੇ ਉਤੇ ਪ੍ਰਮੇਸ਼ਰ ਦੀ ਐਸੀ ਕ੍ਰਿਪਾ ਹੈ ਕਿ ਉਹ ਸਤਿਸੰਗ ਦਾ ਲਾਹਾ ਲੈਂਦੇ ਨੇ। ਸਤਿਸੰਗ ਹੁੰਦਾ ਹੀ ਲਾਹੇ ਵਾਸਤੇ ਹੈ, ਇਹ ਨੁਮਾਇਸ਼ ਨਹੀਂ ਹੁੰਦੀ, ਉਹ ਬੋਲ ਪਿਆ, ਫਲਾਣਾ ਬੋਲ ਪਿਆ, ਉਹਨੇ ਕੁਛ ਹੋਰ ਕਹਿ ਦਿਤਾ, ਸਤਿਸੰਗ ਤਾਂ ਲਗਾਤਾਰ ਇਕ ਕਲਾਸ ਹੁੰਦੀ ਹੈ, ਜਿਸ ਵਿਚ ਮਾਸਟਰ ਜਿਹੜੇ ਨੇ, ਪੜ੍ਹੇ-ਲਿਖੇ ਉਹ ਆ ਕੇ ਪੜ੍ਹਾਉਂਦੇ ਨੇ। ਜੇ ਉਥੇ ਉਜੱਡ ਮਾਸਟਰ ਆ ਜਾਣ, ਅਣਜਾਣ ਆ ਜਾਣ, ਤਾਂ ਵਿਦਿਆਰਥੀ ਕਿਸੇ ਪਾਸੇ ਜੋਗਾ ਵੀ ਨਹੀਂ ਰਹਿੰਦਾ। ਮਹਾਰਾਜ ਜੀ ਨੇ ਇਸੇ ਵਾਸਤੇ ਕਿਹਾ ਹੈ ਕਿ ਜੋ ਸਤਿਸੰਗ ਹੈ ਉਥੇ ਕੇਵਲ ਨਾਮ ਦੀ ਵਿਚਾਰ ਹੁੰਦੀ ਹੈ-

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨*

ਇਕ ਸਤਿਸੰਗ ਨਾਲ ਵੀ ਪਾਰ ਉਤਾਰਾ ਹੋ ਸਕਦਾ ਹੈ, ਪਰ ਉਹਦੇ ਵਾਸਤੇ ਤਿਆਰੀ ਚਾਹੀਦੀ ਹੈ, ਸ਼ੇਰਨੀ ਦਾ ਦੁੱਧ ਕੱਢਣਾ ਹੋਵੇ, ਪਿੱਤਲ ਦੇ ਭਾਂਡੇ 'ਚ ਕੱਢ ਲਓ, ਲੋਹੇ ਦੇ 'ਚ ਕੱਢ ਲਓ, ਗਲੀ ਕਰਕੇ ਡੁੱਲ੍ਹ ਜਾਏਗਾ, ਕਿਉਂਕਿ ਸਾਂਭਿਆ ਨਹੀਂ ਜਾਂਦਾ ਉਨ੍ਹਾਂ ਭਾਂਡਿਆਂ 'ਚ। ਉਹਦੇ 'ਚ ਐਨੀ ਤੇਜ਼ ਤੇਜ਼ਾਬ ਹੁੰਦੀ ਹੈ ਕਿ ਉਹ ਗਲੀ ਕਰ ਦਿੰਦੀ ਹੈ ਭਾਂਡੇ 'ਚ। ਫੇਰ ਉਹਦਾ ਦੁੱਧ ਕਿਸ ਤਰ੍ਹਾਂ ਕੱਢਿਆ ਜਾਵੇ? ਦਵਾਈਆਂ 'ਚ ਬਥੇਰੀਆਂ 'ਚ ਪੁਰਾਣੇ ਜ਼ਮਾਨੇ ਵਿਚ ਖੋਜ ਕੀਤੀ ਗਈ, ਹੁਣ ਜੇ ਕੋਈ ਕਹੇ ਕਿ ਸ਼ੇਰਨੀ ਦਾ ਦੁੱਧ ਲੈ ਕੇ ਆਓ, ਬੜਾ ਮੁਸ਼ਕਲ ਹੈ। ਜੇ ਭਲਾ ਚੋ ਵੀ ਲਿਆਓ, ਬਗੈਰ ਸੰਭਾਲਣ ਤੋਂ ਸਹੀ ਪਾਤਰ ਹੋਣ ਤੇ ਉਹ ਡੁੱਲ੍ਹ ਜਾਏਗਾ ਸਾਰਾ। ਉਹਦੇ ਵਾਸਤੇ ਸੋਨੇ ਦਾ ਬਰਤਨ ਚਾਹੀਦਾ ਹੈ। ਇਸੇ ਤਰ੍ਹਾਂ ਦੇ ਨਾਲ ਸਤਿਸੰਗ ਦੇ ਵਿਚ ਨਾ ਲੱਖਾਂ, ਨਾ ਕਰੋੜਾਂ ਨਾ ਅਰਬਾਂ ਐਸੇ ਬਚਨ ਆਉਂਦੇ ਨੇ ਜਿਨ੍ਹਾਂ ਨੂੰ ਸਾਂਭਣ ਵਾਸਤੇ ਉਹ ਹਿਰਦਾ ਚਾਹੀਦਾ ਹੈ, ਜਿਹਦੇ ਅੰਦਰ 100% ਸ਼ਰਧਾ ਹੈ। ਉਹ ਸੁਣਦੇ ਸਾਰ ਹੀ ਸ਼ੁਰੂ ਹੋ ਜਾਂਦਾ ਹੈ। ਮਹਾਰਾਜ ਨੇ ਚਾਰ ਪਉੜੀਆਂ ਸੁਣਨ ਦੀਆਂ ਦੱਸੀਆਂ ਨੇ।

*ਸੁਣਿਐ ਸਿਧ ਪੀਰ ਸੁਰਿ ਨਾਥ ॥*
*ਸੁਣਿਐ ਧਰਤਿ ਧਵਲ ਆਕਾਸ ॥*
*ਸੁਣਿਐ ਦੀਪ ਲੋਅ ਪਾਤਾਲ ॥*
*ਸੁਣਿਐ ਪੋਹਿ ਨ ਸਕੈ ਕਾਲੁ ॥*
*ਨਾਨਕ ਭਗਤਾ ਸਦਾ ਵਿਗਾਸੁ ॥*
*ਸੁਣਿਐ ਦੂਖ ਪਾਪ ਕਾ ਨਾਸੁ ॥ ਅੰਗ - ੨*

ਸੁਣਨ ਦੀ ਅਵਸਥਾ ਕਦੋਂ ਆਉਂਦੀ ਹੈ, ਇਹਦਾ ਅਨੁਭਵ ਵਿਰਲਿਆਂ-ਵਿਰਲਿਆਂ ਨੂੰ ਹੈ ਸਾਰਿਆਂ ਨੂੰ ਨਹੀਂ ਹੈ। ਸਹਿਜ ਨਾਲ ਹੀ ਮੈਂ ਦੱਸਦਾ ਹੁੰਦਾ ਹਾਂ ਕਿ ਜਦੋਂ ਨਾਮ ਜਪਦੇ ਹੋਂ, ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾਹ-ਅੱਲਾਹ, ਜ਼ੁਬਾਨ ਨੇ ਤਾਂ ਕਹੀ ਜਾਣਾ ਹੈ। ਕਿਉਂਕਿ ਜਿਹਬਾ ਜੇ ਨਾਮ ਨਹੀਂ ਜਪਦੀ ਮਹਾਰਾਜ ਕਹਿੰਦੇ ਇਹਨੂੰ ਕੱਟ ਦਿਓ।

*ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥*
*ਅੰਗ - ੧੩੬੨*

ਫੇਰ ਤਾਰ ਵੀ ਦਿੰਦੀ ਹੈ। ਜੇ ਇਹਦੇ ਨਾਲ ਪ੍ਰਮੇਸ਼ਰ ਦਾ ਨਾਮ ਜਪਿਆ ਜਾਵੇ, ਝੂਠ ਨਾ ਬੋਲਿਆ ਜਾਏ, ਕੱਚੀ ਬਾਣੀ ਨਾ ਬੋਲੀ ਜਾਵੇ, ਨਿੰਦਿਆ ਨਾ ਕੀਤੀ ਜਾਵੇ, ਫੇਰ ਇਹ ਨਾਮ ਜਪ ਕੇ ਬੇਅੰਤ ਫਲ ਇਕੱਠਾ ਕਰ ਲੈਂਦੀ ਹੈ। ਐਨਾ ਹੀ ਕਹਿਣਾ ਹੈ ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅਲਾਹ-ਅਲਾਹ, ਮਹਾਰਾਜ ਕਹਿੰਦੇ ਏਸ ਤਰ੍ਹਾਂ ਹੀ ਕਹਿ ਕੇ ਕੋਈ ਜੁਗਤੀ ਦਾ ਪਤਾ ਨਹੀਂ ਸੀਗਾ ਬਾਲਮੀਕ ਨੂੰ।

***ਰੇ ਚਿਤ ਚੇਤਿ ਚੇਤ ਅਚੇਤ ॥***
***ਕਾਹੇ ਨ ਬਾਲਮੀਕਹਿ ਦੇਖ ॥***
***ਕਿਸੁ ਜਾਤਿ ਤੇ ਕਿਹ ਪਦਹਿ***
***ਅਮਰਿਓ ਰਾਮ ਭਗਤਿ ਬਿਸੇਖ॥ ਅੰਗ - ੧੧੨੪***

ਬੰਦੇ ਮਾਰ ਕੇ ਉਨ੍ਹਾਂ ਦਾ ਸਾਮਾਨ ਖੋਹ ਲਿਆ ਕਰਦਾ ਸੀ, ਪਹਿਲਾਂ ਮਾਰ ਦੇਣਾ ਫੇਰ ਤਲਾਸ਼ੀ ਲੈ ਲੈਣੀ, ਜੇ ਕੁਛ ਨਿਕਲ ਆਇਆ ਤਾਂ ਵੀ ਵਾਹਵਾ, ਜੇ ਨਾ ਕੁਛ ਨਿਕਲਿਆ ਤਾਂ ਵੀ ਉਹਦੇ ਹੌਲ ਨਹੀਂ ਸੀ ਪੈਂਦਾ, ਕਿ ਬੰਦਾ ਮੈਂ ਐਵੇਂ ਮਾਰ ਦਿਤਾ। ਸੁਭਾਅ ਬਣ ਚੁੱਕਿਆ ਸੀ। ਜਿੱਥੇ ਸੋਚ ਹੈ, ਜਿਥੇ ਆਤਮਕ ਆਵਾਜ਼ ਹੈ, ਜ਼ਮੀਰ ਦੀ ਆਵਾਜ਼ ਹੈ ਉਹਦੇ ਉਤੇ ਪੱਥਰ ਦਾ ਢੱਕਣ ਲਗ ਗਿਆ ਸੀ। ਆਵਾਜ਼ ਸਾਰ-ਪਾਰ ਨਹੀਂ ਜਾਂਦੀ, ਅੰਦਰ ਹੀ ਰਹਿ ਜਾਂਦੀ ਸੀ। ਜ਼ਮੀਰ ਤਾਂ ਸਭ ਦੀ ਬੋਲਦੀ ਹੈ, ਕੌਣ ਹੈ ਜਿਹਦੀ ਜ਼ਮੀਰ ਨਹੀਂ ਬੋਲਦੀ। ਪਾਪ ਕਰਨ ਤੋਂ ਪਹਿਲਾਂ ਇਕ ਵਾਰੀ ਕਹਿ ਜਾਂਦੀ ਹੈ ਤੂੰ ਫਸ ਜਾਏਂਗਾ, ਮਾੜਾ ਕੰਮ ਕਰ ਰਿਹਾ ਹੈਂ, ਇਹ ਚੀਜ਼ ਚੁੱਕ ਨਾ, ਮਾੜਾ ਕੰਮ ਕਰ ਰਿਹਾ ਹੈਂ। ਲੇਕਿਨ ਜਿਨ੍ਹਾਂ ਦੇ ਢੱਕਣ ਲਗ ਜਾਂਦਾ ਹੈ ਪੱਥਰ ਦਾ, ਉਹ ਆਵਾਜ਼ ਥੱਲੇ ਦੀ ਥੱਲੇ ਰਹਿ ਜਾਂਦੀ ਹੈ, ਬਾਹਰ ਨਹੀਂ ਆਉਂਦੀ, **sound proof** ਹੋ ਜਾਂਦਾ ਹੈ ਉਹ। ਸੋ ਇਸ ਤਰ੍ਹਾਂ ਦਾ ਉਹਦਾ ਹਿਰਦਾ ਹੋ ਚੁੱਕਿਆ ਸੀ। ਅਚਾਨਕ ਮਹਾਂਪੁਰਸ਼ ਆ ਗਏ, ਉਨ੍ਹਾਂ ਦੇ ਦਰਸ਼ਨ ਦਾ ਪ੍ਰਭਾਵ, ਉਨ੍ਹਾਂ ਦੀ ਦ੍ਰਿਸ਼ਟੀ ਦਾ ਪ੍ਰਭਾਵ ਇਹ ਆਦਮੀ ਦੇ ਉਤੇ ਸਹਿਜ ਸੁਭਾਅ ਪੈਂਦਾ ਹੈ। ਦਰਸ਼ਨ ਕਰਨ ਦਾ ਹੀ ਬੇਅੰਤ ਫਲ ਹੋਇਆ ਕਰਦਾ ਹੈ।

ਗੁਰੂ ਨਾਨਕ ਪਾਤਸ਼ਾਹ ਨੂੰ ਇਕ ਗੁਰਸਿੱਖ ਨੇ ਇਹ ਸਵਾਲ ਕੀਤਾ ਸੀ ਕਿ ਕੇਵਲ ਦਰਸ਼ਨ ਕਰਨ ਦਾ ਵੀ ਕੋਈ ਫਲ ਹੈ? ਮਹਾਰਾਜ ਕਹਿੰਦੇ ਫਲ ਆਪਣੇ-ਆਪਣੇ ਥਾਂ ਨੇ। ਬਹੁਤ ਵੱਡਾ ਸਫਰ ਜਿਹੜਾ ਹੈ ਉਹ ਤਹਿ ਹੋ ਜਾਇਆ ਕਰਦਾ ਹੈ, ਕੇਵਲ ਦਰਸ਼ਨਾਂ ਨਾਲ।

ਗੁਰੂ ਮਹਾਰਾਜ ਨੇ ਕਿਹਾ ਕਿ ਤੈਨੂੰ ਪ੍ਰੈਕਟੀਕਲੀ ਦਿਖਾਉਂਦੇ ਹਾਂ, ਸਵੇਰੇ ਉਠ ਕੇ ਤੂੰ ਚੜ੍ਹਦੇ ਵਲ ਜੋ ਸਰੋਵਰ ਹੈ ਉਹਦੇ ਕੰਢੇ ਜਾਈਂ, ਉਥੇ ਤੈਨੂੰ ਦੱਸਣ ਵਾਲਾ ਆਏਗਾ, ਬਹੁਤਾ ਚਿਰ ਨਾ ਠਹਿਰੀਂ, ਆ ਜਾਈਂ, ਉਥੇ ਗਿਆ ਤਾਂ ਕੋਈ ਨਾ ਆਇਆ। ਮਹਾਰਾਜ ਨੇ ਪੁੱਛਿਆ ਤਾਂ ਕਹਿਣ ਲੱਗਿਆ ਕਿ ਮਹਾਰਾਜ ਉਥੇ ਤਾਂ ਇਕ ਕਾਵਾਂ ਦਾ ਜੋੜਾ ਕਾਂ-ਕਾਂ ਕਰਦਾ ਸੀ, ਹੋਰ ਤਾਂ ਕੋਈ ਆਇਆ ਨਹੀਂ। ਮਹਾਰਾਜ ਨੇ ਕਿਹਾ ਕਿ ਸਵੇਰੇ ਫੇਰ ਜਾਈਂ। ਦੂਸਰੇ ਦਿਨ ਗਿਆ, ਫੇਰ ਵਾਪਸ ਆ ਗਿਆ। ਕਹਿਣ ਲੱਗਿਆ ਮਹਾਰਾਜ! ਉਥੇ ਤਾਂ ਕੋਈ ਨਹੀਂ ਆਇਆ ਜਿੱਥੇ ਕਾਂ ਬੈਠੇ ਸੀ, ਉਥੇ ਬਗਲਿਆਂ ਦਾ ਜੋੜਾ ਬੈਠਾ ਸੀ। ਕਹਿੰਦੇ ਕੱਲ੍ਹ ਫੇਰ ਜਾਈਂ, ਫੇਰ ਵਾਪਸ ਆ ਗਿਆ ਕਹਿਣ ਲੱਗਿਆ ਮਹਾਰਾਜ! ਬੰਦਾ ਤਾਂ ਕੋਈ ਨਹੀਂ ਆਇਆ ਪਰ ਜਿੱਥੇ ਕਾਂ ਬੈਠੇ ਸੀ, ਬਗਲੇ ਬੈਠੇ ਸੀ ਉਥੇ ਅੱਜ ਹੰਸਾਂ ਦਾ ਜੋੜਾ ਬੈਠਾ ਸੀ। ਕਹਿੰਦੇ ਚੰਗਾ ਫੇਰ, ਕੱਲ੍ਹ ਨੂੰ ਫੇਰ ਜਾਈਂ। ਅਗਲੇ ਦਿਨ ਗਿਆ ਤਾਂ ਉਥੇ ਦੋ ਦੇਵ ਦੇਹਾਂ ਪ੍ਰਕਾਸ਼ ਵਾਲੀਆਂ ਇਹਦਾ ਇੰਤਜ਼ਾਰ ਕਰ ਰਹੀਆਂ ਸੀ, ਜਦੋਂ ਇਹ ਗਿਆ ਤਾਂ ਇਹਦੇ ਚਰਨੀਂ ਮੱਥਾ ਟੇਕਣ ਲੱਗੀਆਂ ਤਾਂ ਇਸਨੇ ਕਿ ਤੁਸੀਂ ਇਹ ਕੀ ਕਰਦੀਆਂ ਹੋਂ ਤੁਸੀਂ ਦੇਵ ਦੇਹਾਂ ਹੋਂ, ਮੈਂ ਤਾਂ ਪੰਜ ਤੱਤ ਦਾ ਗੰਦ ਮੰਦ ਵਾਲਾ ਮਨੁੱਖ ਹਾਂ। ਉਹ ਕਹਿਣ ਲੱਗੇ ਅਸੀਂ ਤੇਰਾ ਅਹਿਸਾਨ ਨਹੀਂ ਭੁੱਲ ਸਕਦੇ, ਤੂੰ ਸਾਡੇ ਉਤੇ ਐਨਾ ਉਪਕਾਰ ਕੀਤਾ ਹੈ। ਹੈਰਾਨ ਹੋ ਜਾਂਦਾ ਹੈ, ਕਹਿਣ ਲੱਗਿਆ, ਪਿਆਰਿਓ! ਮੈਂ ਤਾਂ ਤੁਹਾਡੇ ਉਤੇ ਕੋਈ ਉਪਕਾਰ ਕੀਤਾ ਹੀ ਨਹੀਂ? ਕਹਿੰਦੇ, ਤੂੰ ਗੁਰੂ ਨਾਨਕ ਪਾਤਸ਼ਾਹ ਦਾ ਦਰਸ਼ਨ ਕਰਕੇ, ਫੇਰ ਇਥੇ ਆ ਕੇ ਸਾਨੂੰ ਦਰਸ਼ਨ ਦਿੰਦਾ ਸੀ, ਤਿੰਨ ਦਿਨ ਹੋ ਗਏ, ਪਹਿਲਾਂ ਅਸੀਂ ਕਾਂ, ਓਸ ਪਵਿੱਤਰ ਦਰਸ਼ਨ ਦੇ ਫਲਸਰੂਪ ਅਸੀਂ ਬਗਲੇ ਬਣੇ। ਬਾਹਰੋਂ ਚਿੱਟੇ ਹੋ ਗਏ, ਲੇਕਿਨ ਅੰਦਰਲੇ ਪਾਸੇ ਅਜੇ ਮੈਲ ਲੱਗੀ ਹੋਈ ਸੀ। ਫੇਰ ਅਸੀਂ ਹੰਸ ਬਣੇ, ਉਸੇ ਦਰਸ਼ਨ ਦੇ ਪ੍ਰਭਾਵ ਨੇ ਸਾਨੂੰ ਚੌਥੇ ਦਿਨ ਦੇਵ ਦੇਹੀ ਪ੍ਰਾਪਤ ਕਰ ਦਿਤੀ। ਹੁਣ ਅਸੀਂ ਦੇਵ ਲੋਕ ਨੂੰ ਚੱਲੇ ਹਾਂ, ਦੇਖਦੇ-ਦੇਖਦੇ ਬਿਵਾਨ ਆ ਗਏ, ਉਹਦੇ ਵਿਚ ਉਹ ਚਲੇ ਗਏ।

ਹੈਰਾਨ ਹੋਈ ਜਾਂਦਾ ਹੈ। ਗੁਰੂ ਮਹਾਰਾਜ ਕੋਲ ਆ ਗਿਆ। ਮਹਾਰਾਜ ਕਹਿਣ ਲੱਗੇ ਕਿ ਪ੍ਰੇਮੀਆ! ਦੇਖ ਲਿਆ ਫੇਰ ਤੂੰ। ਐਨਾ ਫਲ ਹੋਇਆ ਕਰਦਾ ਹੈ ਪਰ ਸਾਧੂ ਹੋਵੇ ਪਾਖੰਡੀ ਨਾ ਹੋਵੇ। ਭੇਖਧਾਰੀ ਨਾ ਹੋਵੇ, ਗੱਲਾਂਬਾਤਾਂ ਦਾ ਗਿਆਨੀ ਨਾ ਹੋਵੇ। ਜਿਹੜੇ ਤੱਤ ਬੇਤੇ ਮਹਾਂਪੁਰਸ਼ ਨੇ ਜਿਨ੍ਹਾਂ ਨੂੰ ਤਤੂ ਦਾ ਗਿਆਨ ਹੈ, ਜਿਨ੍ਹਾਂ ਦੀ ਦ੍ਰਿਸ਼ਟੀ ਜਿਹੜੀ ਹੈ ਪਾਰਦਰਸ਼ਕ ਹੈ। ਪਾਰਦਰਸ਼ਕ ਉਹਨੂੰ ਕਹਿੰਦੇ ਨੇ ਕਿ ਮੂਹਰੇ ਕੋਈ ਕੰਧ ਹੋਵੇ, ਪਰਲੇ ਪਾਸੇ ਕੁਛ ਹੁੰਦਾ ਹੋਵੇ, ਜਿਹੜਾ ਉਹਨੂੰ ਵੀ ਦੇਖ ਲਵੇ ਉਹਨੂੰ ਪਾਰਦਰਸ਼ਕ ਕਹਿੰਦੇ ਨੇ। ਮਹਾਂਪੁਰਸ਼ਾਂ ਨੂੰ ਪਾਰਦਰਸ਼ਕ ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ।

ਇਥੇ ਮੈਂ ਇਕ ਸਾਖੀ ਦਸਦਾ ਹਾਂ, ਉਹ ਇਹ ਹੈ ਕਿ ਇਕ ਵਾਰੀ ਸੰਤ ਮਹਾਰਾਜ ਜੀ ਦੇ ਪਾਸ ਕਲਕੱਤੇ

ਤੋਂ ਕੁਝ ਟਰਾਂਸਪੋਰਟਰ ਸੀ ਵੱਡੇ, ਬੱਸਾਂ ਚਲਦੀਆਂ ਸੀ ਉਨ੍ਹਾਂ ਦੀਆਂ, ਉਹ ਆਏ। ਉਥੇ ਮਹਾਰਾਜ ਨਾਲ ਕੋਈ ਗੱਲਬਾਤ ਹੋਈ, ਉਨ੍ਹਾਂ ਨੇ ਕਿਹਾ ਕਿ ਅਸੀਂ ਵਰਿਆਮ ਸਿੰਘ ਨੂੰ ਮਿਲਾ ਦਿੰਦੇ ਹਾਂ। ਫੁਰਨਾ ਜਿਹੜਾ ਮਹਾਂਪੁਰਸ਼ਾਂ ਦਾ ਹੁੰਦਾ ਹੈ ਉਹ ਬੜਾ ਅਮੋਘ ਬਾਣ ਹੁੰਦਾ ਹੈ। ਉਨ੍ਹਾਂ ਨੇ ਫੁਰਨਾ ਕਰਿਆ, ਮੈਂ ਦੂਸਰੇ ਦਿਨ ਛੁੱਟੀ ਲੈ ਲਈ। ਲੈ ਕੇ 17 ਸੈਕਟਰ ਆਇਆ, ਲਾਈਨ 'ਚ ਲੱਗਿਆ ਲੁਧਿਆਣੇ ਵਾਲੀ ਬੱਸ ਲੈਣ ਵਾਸਤੇ, ਉਹ ਲਾਈਨ ਹੀ ਨਾ ਮੁੱਕੀ, ਦੂਸਰੀ ਬੱਸ ਵੀ ਚਲੀ, ਤੀਸਰੀ ਵੀ ਚੱਲ ਗਈ, ਮੈਨੂੰ ਖੜ੍ਹੇ ਨੂੰ 9 ਵਜ ਗਏ, ਮੈਂ ਕਿਹਾ ਕਿ ਹੁਣ ਮੈਨੂੰ ਤਿੰਨ ਘੰਟੇ ਜਾਣ ਨੂੰ ਲੱਗਣੇ ਨੇ, ਓਦੋਂ ਨੂੰ ਮਹਾਰਾਜ ਜੀ ਨੇ ਅੰਦਰ ਚਲੇ ਜਾਣਾ ਹੈ, ਫੇਰ ਦਰਸ਼ਨ ਨਹੀਂ ਹੋਣੇ, ਦੂਸਰੇ ਦਿਨ ਮੈਂ ਦਫਤਰ ਜਾਣਾ ਸੀ। ਆਉਣ ਦਾ ਸਾਧਨ ਕੋਈ ਹੈ ਨਹੀਂ ਸੀ, ਇਸੇ ਤਰ੍ਹਾਂ ਬੱਸਾਂ ਵਿਚ ਫੇਰ ਆਉਣਾ ਸੀ, ਮੈਂ ਕਿਹਾ ਕਿ ਫੇਰ ਚਲੇ ਜਾਵਾਂਗਾ। ਉਧਰਲੇ ਪਾਸੇ ਮਹਾਰਾਜ ਜੀ ਨੇ ਬਹਾਦਰ ਸਿੰਘ ਨੂੰ ਕਿਹਾ, ਡਰਾਈਵਰ ਸੀਗਾ ਉਨ੍ਹਾਂ ਦਿਨਾਂ 'ਚ, ਕਹਿੰਦੇ, ਬਹਾਦਰ ਸਿੰਘ ਤੂੰ ਸਵੇਰੇ ਹੀ ਚਲਿਆ ਜਾਈਂ ਵਰਿਆਮ ਸਿੰਘ ਨੂੰ ਲੈ ਕੇ ਆਈਂ। ਉਹ ਤਿਆਰ ਮਿਲੇਗਾ ਤੈਨੂੰ। ਦਫਤਰ ਨਹੀਂ ਉਹਨੇ ਜਾਣਾ ਕੱਲ੍ਹ ਨੂੰ। ਐਡੀ ਪੱਕੀ ਖਬਰ ਮਹਾਰਾਜ ਨੇ ਰਾਤ ਨੂੰ ਹੀ ਉਹਨੂੰ ਕਹਿ ਦਿਤੀ। ਤੇ ਮੈਂ ਇਧਰ ਛੁੱਟੀ ਲੈ ਲਈ। ਸੋ ਬਚਨ ਹੋਣਾ ਹੀ, **powerful** ਹੁੰਦਾ ਹੈ ਸਾਧਸੰਗਤ ਜੀ।

ਉਹ ਬਚਨ ਬਾਣ ਹੁੰਦੇ ਨੇ ਜਿਹੜਾ ਕਹਿ ਹੋ ਗਿਆ, ਕਹਿ ਹੋ ਗਿਆ। ਫੇਰ ਉਹਨੂੰ ਕੋਈ ਟਾਲ ਨਹੀਂ ਸਕਦਾ, ਰੱਬ ਵੀ ਨਹੀਂ ਟਾਲ ਸਕਦਾ। ਪ੍ਰਮੇਸ਼ਰ ਦੁਨੀਆਂ ਬਣਾ ਸਕਦਾ ਹੈ, ਤੋੜ ਸਕਦਾ ਹੈ, ਸਾਰੀ ਦੁਨੀਆਂ ਨੂੰ ਰਿਜ਼ਕ ਦੇ ਸਕਦਾ ਹੈ, ਪੈਦਾ ਕਰ ਸਕਦਾ ਹੈ, ਮਾਰ ਸਕਦਾ ਹੈ, ਸਾਰੀਆਂ ਤਾਕਤਾਂ ਨੇ ਓਸ ਕੋਲ ਪਰ ਇਕ ਤਾਕਤ ਨਹੀਂ ਹੈ ਇਹ ਕਿਸੇ ਨੂੰ ਨਹੀਂ ਪਤਾ ਕਿ ਵਾਹਿਗੁਰੂ ਇਕ ਤਾਕਤ ਤੋਂ ਖਾਲੀ ਹੈ, ਪੂਰਾ ਹੈ ਵੈਸੇ ਉਹ।

***ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥***
***ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥***

***ਅੰਗ - ੨੯੫***

ਲੇਕਿਨ ਇਕ ਤਾਕਤ ਘੱਟ ਹੈ ਉਹਦੇ ਕੋਲ, ਉਹ ਤਾਕਤ ਉਹਨੇ ਆਪਣੇ ਸੰਤਾਂ ਨੂੰ ਦੇ ਦਿਤੀ। ਇਹ ਨਹੀਂ ਕਿ ਉਹਦੇ ਕੋਲ ਅਧੂਰਾਪਨ ਸੀ, ਲੇਕਿਨ ਆਪਣੀ ਤਾਕਤ ਸੰਤਾਂ ਨੂੰ ਦੇ ਦਿਤੀ। ਉਹ ਇਹ ਤਾਕਤ ਸੀ ਕਿ ਜੇ ਵਾਹਿਗੁਰੂ ਨੇ ਕੁਛ ਕਰ ਦਿਤਾ ਤੇ ਉਹਦੇ ਪਿਆਰੇ ਉਹਦੇ ਉਲਟ ਗੱਲ ਕਹਿ ਦੇਣ, ਮੁੜ ਕੇ ਪ੍ਰਮੇਸ਼ਰ ਦੇ ਵਿਚ ਇਹ ਨਹੀਂ ਹੈ ਕਿਉਂਕਿ ਇਹ ਸ਼ਕਤੀ ਮਹਾਂਪੁਰਸ਼ਾਂ ਨੂੰ ਦੇ ਚੁੱਕਿਆ ਹੈ, ਫੇਰ ਜੇ ਉਹਦੇ ਕੋਲ ਮਿੰਨਤਾਂ ਕਰੋ, ਚਿੱਲੇ ਕੱਟੋ, ਬੇਨਤੀਆਂ ਕਰੋ ਉਹ ਟੱਸ ਤੇ ਮਸ ਨਹੀਂ ਹੁੰਦਾ। ਉਹ ਇਹ ਕਹਿੰਦਾ ਹੈ ਕਿ -

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ***
***ਭਗਤੁ ਨ ਛੂਟੈ ਮੋਹਿ ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥***

***ਅੰਗ - ੧੨੫੩***

ਜੇ ਮੈਨੂੰ ਇਕ ਵਾਰੀ ਬੰਨ੍ਹ ਲੈਣ ਮੇਰੇ ਪਿਆਰੇ, ਮੈਂ ਫੇਰ ਜਵਾਬ ਨਹੀਂ ਦੇ ਸਕਦਾ। ਸੋ ਏਸ ਤਰ੍ਹਾਂ ਦੇ ਨਾਲ ਇਹ ਸ਼ਕਤੀ ਵਾਹਿਗੁਰੂ ਜੀ ਨੇ ਮਹਾਤਮਾਵਾਂ ਨੂੰ ਦਿਤੀ ਹੋਈ ਹੈ। ਇਹ ਨੂੰ ਅਮੋਘ ਬਾਣ ਕਹਿੰਦੇ ਨੇ ਉਨ੍ਹਾਂ ਦੇ ਬਚਨ। ਮਿਲਿਆ ਹੋਵੇ ਪ੍ਰਮੇਸ਼ਰ ਦੇ ਨਾਲ, ਜੋ ਨਿਕਲ ਗਿਆ ਮੂੰਹ 'ਚੋਂ ਨਿਕਲ ਗਿਆ, ਟਲਿਆ ਨਹੀਂ ਕਰਦਾ।

ਦਰਵਾਸਾ ਜੀ ਦੇ ਮੂੰਹ 'ਚੋਂ ਨਿਕਲ ਗਿਆ, ਜਦੋਂ ਉਨ੍ਹਾਂ ਦੇ ਪੁੱਤ ਪੋਤੇ ਬਹੁਤਾ ਤੰਗ ਕਰਨ ਲੱਗੇ ਕਿ ਮਹਾਤਮਾ ਜੀ ਇਹ ਦੱਸੋ ਕਿ ਆਹ ਬੀਬੀ! ਸੰਗਦੀ ਬੋਲਦੀ ਨਹੀਂ ਹੈ ਕਿ ਇਹਦੇ ਪੇਟ 'ਚ ਲੜਕਾ ਹੋਏਗਾ ਜਾਂ ਲੜਕੀ। ਉਹ ਜਾਣਦੇ ਸੀ, ਤ੍ਰਿਕਾਲਦਰਸ਼ੀ ਸੀਗੇ, ਉਨ੍ਹਾਂ ਨੇ ਕਿਹਾ ਬੱਚਿਓ! ਮਹਾਂਪੁਰਸ਼ਾਂ ਨੂੰ ਛੇੜੋ ਨਾ।

ਜਿਹਨੇ ਡੁੱਬਣਾ ਹੋਵੇ ਸਾਧਸੰਗਤ ਜੀ! ਸੰਤਾਂ ਨੂੰ ਮਸ਼ਕਰੀਆਂ ਕਰਨ ਲਗ ਜਾਓ। ਅਖੀਰ ਜਦੋਂ ਉਹ ਬੱਚੇ ਨਾ ਹੀ ਹਟੇ ਪੁੱਛਣ ਤੋਂ ਤਾਂ ਕਹਿਣ ਲੱਗੇ ਚੰਗਾ! ਇਹਦੇ ਪੇਟ 'ਚੋਂ ਉਹ ਪੈਦਾ ਹੋਏਗਾ ਜਿਹੜਾ ਤੁਹਾਡੇ ਯਾਦਵ ਕੁਲ ਦਾ ਨਾਸ਼ ਕਰ ਦੇਵੇਗਾ। ਉਸ ਵੇਲੇ ਯਾਦਵ ਕੁਲ ਲੱਖਾਂ, ਕਰੋੜਾਂ 'ਚ ਫੈਲੀ ਹੋਈ ਸੀ। ਕ੍ਰਿਸ਼ਨ ਮਹਾਰਾਜ ਦੇ ਜਿੰਨੇ ਪੁੱਤ, ਪੋਤੇ, ਸਾਰੇ ਰਿਸ਼ਤੇਦਾਰ, ਬਹੁਤ ਲੰਮਾ ਚੌੜਾ ਪਰਿਵਾਰ ਦਸਦੇ ਨੇ, ਕਿਉਂਕਿ 16 ਹਜ਼ਾਰ 108 ਰਾਣੀਆਂ, ਨਰਸਿੰਘ ਰਾਜੇ ਤੋਂ 16 ਹਜ਼ਾਰ ਰਾਣੀ ਛੁਡਾਈ ਸੀ। ਉਨ੍ਹਾਂ ਨੇ ਕਿਹਾ ਕਿ ਅਸੀਂ ਨਹੀਂ ਜਾਣਾ ਅਸੀਂ ਤੁਹਾਡੇ ਕੋਲ ਹੀ ਰਹਿਣਾ ਹੈ। ਯੋਗ ਮਾਇਆ ਦੇ ਉਨ੍ਹਾਂ ਨੇ ਹਜ਼ਾਰਾਂ ਸਰੀਰ ਧਾਰਨ ਕੀਤੇ ਸਨ। ਸਾਰਿਆਂ ਦੇ ਓਲਾਦ ਸੀ। ਉਹ ਇਕ ਵੀ ਨਾ ਬਚਿਆ, ਖੇਲ੍ਹ ਉਨ੍ਹਾਂ ਦੀ ਆਪਣੀ ਸੀ, ਮਹਾਂਪੁਰਸ਼ਾਂ ਦਾ ਬਚਨ ਸਫਲਾ ਕਰਨਾ ਸੀਗਾ। ਜਦੋਂ ਉਨ੍ਹਾਂ ਨੇ ਕਿਹਾ ਕਿ ਮਹਾਰਾਜ! ਹੁਣ ਤੁਸੀਂ ਮਦਦ ਕਰੋ ਤਾਂ ਕਹਿਣ ਲੱਗੇ ਮੈਂ ਨਹੀਂ ਕਰ ਸਕਦਾ ਹੁਣ। ਇਹ ਤਾਂ ਆਦਿ ਜੁਗਾਦਿ ਤੋਂ ਹੈ ਪਿਆਰੇ ਦਾ ਕੀਤਾ ਹੋਇਆ ਬਚਨ, ਜੋ ਪ੍ਰੀਤਮ ਹੈ ਉਹ ਬਦਲ ਨਹੀਂ ਸਕਿਆ ਕਰ ਸਕਦਾ।

ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਭਾਈ ਲੱਖੂ ਦਾ ਬਚਨ ਕੀਤਾ ਹੋਇਆ ਜਦੋਂ ਭਾਈ ਬੁੱਧੂ ਨੇ ਆ ਕੇ

ਕਿਹਾ ਕਿ ਮਹਾਰਾਜ ਤੁਸੀਂ ਤਾਂ ਸਮਰੱਥ ਹੋਂ ਬਚਨ ਬਦਲ ਦਿਓ ਕਹਿੰਦੇ ਅੱਜ ਤੱਕ ਤਾਂ ਕਿਸੇ ਨੇ ਬਦਲਿਆ ਨਹੀਂ ਹੈ। ਮੈਂ ਆਪਣੇ ਸਿੱਖ ਦਾ ਬਚਨ ਨਿਹਫਲ ਨਹੀਂ ਕਰ ਸਕਦਾ। ਮੇਰੀ ਸੱਤਾ ਨਾਲ ਉਹ ਬਚਨ ਜਿਹੜਾ ਹੈ ਉਹ ਪੂਰਾ ਹੋਏਗਾ। ਚਾਹੇ ਉਹਦੇ ਆਵੇ ਪੱਕੇ ਹੀ ਨਿਕਲੇ ਪਰ ਪੱਕੇ ਦੇ ਭਾਅ ਵਿਕਾ ਦਿਤੇ ਮਹਾਰਾਜ ਨੇ। ਪਰ ਉਸ ਸਿੱਖ ਦਾ ਬਚਨ ਨਹੀਂ ਟਾਲਿਆ। ਸੋ ਇਸ ਤਰ੍ਹਾਂ ਦੇ ਨਾਲ ਮਹਾਂਪੁਰਸ਼ਾਂ ਦੇ ਬਚਨਾਂ ਵਿਚ ਬਹੁਤ ਜ਼ਬਰਦਸਤ ਤਾਕਤ ਹੈ।

ਪਰ ਐਉਂ ਨਹੀਂ ਹੈ ਕਿ ਮਹਾਂਪੁਰਸ਼ ਇਕ ਦਮ ਹੀ ਬਣ ਗਿਆ। ਸੈਂਕੜੇ ਜਨਮਾਂ ਦਾ ਤਪ ਹੋਵੇ, ਨਾਮ ਜਪਿਆ ਹੋਵੇ, ਫੇਰ ਪਰਵਾਨ ਹੋ ਕੇ ਪ੍ਰਮੇਸ਼ਰ ਦੇ ਦਰ ਤੇ ਗਏ ਹੋਣ, ਉਥੋਂ ਪ੍ਰਮੇਸ਼ਰ ਭੇਜੇ ਉਨ੍ਹਾਂ ਨੂੰ ਕਿ ਜਾਓ ਅਧਰਮ ਫੈਲ ਗਿਆ, ਤੁਸੀਂ ਜਾ ਕੇ ਆਹ ਡਿਊਟੀ ਦੇ ਕੇ ਆ ਜਾਓ, ਪ੍ਰਮੇਸ਼ਰ ਆਪਣੀ ਸੱਤਾ ਦੇ ਕੇ ਨਾਲ ਭੇਜਦਾ ਹੈ ਉਨ੍ਹਾਂ ਨੂੰ।

ਗੁਰੂ ਮਹਾਰਾਜ ਨੇ ਜਦੋਂ ਕਿਹਾ ਕਿ ਬੜਾ ਔਖਾ ਕੰਮ ਹੈ ਹੇ ਪ੍ਰਭੂ! ਕਹਿੰਦੇ –

***ਮੈ ਅਪਨਾ ਸੁਤ ਤੁਹਿ ਨਿਵਾਜਾ॥***
***ਪੰਥ ਪ੍ਰਚੁਰ ਕਰਬੈ ਕਉ ਸਾਜਾ॥***

ਸੋ ਇਸ ਤਰ੍ਹਾਂ ਡਿਊਟੀ ਦੇ ਦਿੰਦੇ ਨੇ। ਉਹ ਜਿਹੜੇ ਮਹਾਂਪੁਰਸ਼ ਨੇ ਉਹ ਬਹੁਤ **rare** ਹੁੰਦੇ ਨੇ, ਬਹੁਤੇ ਨਹੀਂ ਹੁੰਦੇ, ਐਵੇਂ ਨਾ ਭੁਲੇਖੇ 'ਚ ਰਹਿਓ। ਪੜ੍ਹਿਆ ਕਰੋ ਆਤਮ ਮਾਰਗ ਇਹਦੇ ਵਿਚ ਬਹੁਤ ਖੋਲ੍ਹ ਕੇ ਦੱਸਿਆ ਜਾਂਦਾ ਹੈ ਕਿ ਬਾਣੀ ਦੇ ਆਧਾਰ ਤੇ ਕਿ ਸੰਤ ਬਣਨਾ ਬਹੁਤ ਔਖਾ ਹੈ। ਫੇਰ ਕਹਿੰਦੇ ਨੇ ਭਾਈ ਸਾਹਿਬ ਲਗਾ ਲਓ, ਅਸੀਂ ਗੁਰੂ ਸਾਹਿਬ ਦੀ ਬਰਾਬਰੀ ਕਿਵੇਂ ਕਰ ਲਈਏ, ਭਾਈ ਸਾਹਿਬ ਕਹਾ ਕੇ। ਆਹ ਇਕ ਸਿੰਘ ਨੇ ਮੇਰਾ ਨਾਉ ਜੋੜ ਦਿਤਾ ਰਾੜੇ ਸਾਹਿਬ ਦੀ ਸੰਪਰਦਾ ਨਾਲ, ਮੈਂ ਕਿਹਾ ਤੈਨੂੰ ਕੀਹਨੇ ਕਿਹਾ ਸੀ ਕਿ ਮੇਰਾ ਉਸ ਸੰਪਰਦਾ ਦੇ ਨਾਲ ਨਾਮ ਜੋੜ, ਮੈਂ ਤਾਂ ਕਾਬਲ ਹੀ ਨਹੀਂ ਹਾਂ ਉਨ੍ਹਾਂ ਨਾਲ ਜੁੜਨ ਦੇ। ਉਹ ਐਡੀਆਂ ਵੱਡੀਆਂ ਉਚੀਆਂ ਹਸਤੀਆਂ ਤੇ ਤੂੰ ਮੇਰਾ ਨਾਉਂ ਲਿਖ ਦਿਤਾ, ਮੈਂ ਤਾਂ ਸੇਵਕ ਬਣ ਕੇ ਰਹਿਣਾ ਹੈ। ਅਸੀਂ ਤਾਂ ਸੇਵਾਦਾਰ ਹਾਂ, ਇਹ ਉਨ੍ਹਾਂ ਦੀ ਮਿਹਰਬਾਨੀ ਹੈ ਕਿ ਉਹ ਬਲ ਬਖ਼ਸ਼ੀ ਜਾਂਦੇ ਨੇ, ਅਸੀਂ ਅੱਗੇ ਕਰੀ ਜਾਂਦੇ ਹਾਂ। ਸੋ ਇਸ ਤਰ੍ਹਾਂ ਦੇ ਨਾਲ ਮੈਂ ਬਚਨ ਦੀ ਗੱਲ ਕਰਦਾ ਸੀ ਕਿ ਜਿਹੜਾ ਮਹਾਂਪੁਰਸ਼ ਹੈ ਨਾ ਉਹ ਟਾਂਵਾ ਟਾਂਵਾ ਹੁੰਦਾ ਹੈ, ਹਰ ਥਾਂ ਨਹੀਂ ਹੁੰਦਾ।

ਗੁਰੂ ਨਾਨਕ ਪਾਤਸ਼ਾਹ ਨੇ ਸਿਰਫ 74 ਮਹਾਂਪੁਰਸ਼ਾਂ ਦਾ ਜ਼ਿਕਰ ਕਰਿਆ ਹੈ ਅਜਿੱਤੇ, ਰੰਧਾਵੇ ਨਾਲ। ਕਿਹਾ ਸੀ ਅਜਿੱਤਿਆ 10 ਰੂਪ ਅਸੀਂ ਪ੍ਰਗਟ ਗੁਰੂ ਰੂਪ ਦੇ ਵਿਚ ਅਸੀਂ ਸੰਸਾਰ ਦਾ ਉਧਾਰ ਕਰਨਾ ਹੈ, ਦਸਵਾਂ ਸਰੂਪ ਜਿਹੜਾ ਮੇਰਾ ਹੋਏਗਾ ਉਸ ਤੋਂ ਬਾਅਦ ਸਰੀਰਕ ਤੌਰ ਤੇ ਗੁਰੂ ਨਹੀਂ ਆਏਗਾ। ਹਾਂ ਬਾਕੀ ਹੈ ਮਹਾਤਮਾ ਨੇ ਉਹ ਗੁਰੂ ਨਹੀਂ ਹਨ ਜੋ ਗੁਰੂ ਨਾਨਕ ਸਾਹਿਬ ਨੇ। ਸਾਧੂ ਸੰਤ ਆਉਣਗੇ ਤਾਂ ਸਹੀ ਪਰ 74 ਐਸੇ ਹੋਣਗੇ ਜਿਹੜੇ ਸਾਡਾ ਰੂਪ ਹੋਣਗੇ। 74 ਜਾਮੇ ਧਾਰ ਕੇ ਅਸੀਂ ਕਲਜੁਗ ਦੇ ਵਿਚ ਸੰਸਾਰ ਦਾ ਉਧਾਰ ਕਰਨਾ ਹੈ। ਸੋ ਇਸ ਤਰ੍ਹਾਂ ਦੇ ਨਾਲ ਜਿਨ੍ਹਾਂ ਨੂੰ ਅਸੀਂ ਸੰਤ ਕਹਿ ਕੇ ਗੱਲ ਕਰਦੇ ਹਾਂ ਉਹ ਬਹੁਤ ਉਚੇ ਹੋਇਆ ਕਰਦੇ ਨੇ, ਐਵੇਂ ਹੀ ਚੌਲਾ ਪਾ ਲਿਆ ਤੇ ਚਾਰ ਧਾਰਨਾ ਯਾਦ ਕਰ ਲਈਆਂ, ਉਹ ਆਪ ਹਨ੍ਹੇਰੇ ਵਿਚ ਰਹਿੰਦੇ ਨੇ, ਹਨ੍ਹੇਰੇ ਵਿਚ ਜਿਹੜਾ ਰਹਿੰਦਾ ਹੈ ਮਹਾਰਾਜ ਕਹਿੰਦੇ ਆਪ ਤਾਂ ਕਰਦਾ ਨਹੀਂ –

***ਅਵਰ ਉਪਦੇਸੈ ਆਪਿ ਨ ਕਰੈ ॥***
***ਆਵਤ ਜਾਵਤ ਜਨਮੈ ਮਰੈ ॥ ਅੰਗ – ੨੬੯***

ਦੂਜਿਆਂ ਨੂੰ ਤਾਂ ਕਹਿੰਦਾ ਹੈ ਨਾਮ ਜਪੋ, ਅੰਮ੍ਰਿਤ ਵੇਲੇ ਉਠੋ, ਪਰ ਆਪ ਜਪਦਾ ਨਹੀਂ ਹੈ। ਕਹਿੰਦੇ ਫੇਰ ਹੁੰਦਾ ਕੀ ਹੈ, ਜੰਮਦਾ ਰਹੇਗਾ, ਮਰਦਾ ਰਹੇਗਾ। ਇਹ ਉਹਦੇ ਗਲ 'ਚੋਂ ਨਹੀਂ ਲਹਿਣਾ।

ਦੂਸਰਾ ਭੇਖ ਦਿਖਾ ਕੇ ਜੇ ਕੋਈ ਕਿਸੇ ਨੂੰ ਮੋਹਿਤ ਕਰਦਾ ਹੈ। ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਨੇ ਮੈਂ ਕਿਸੇ ਭੇਖ ਤੇ ਭਿੱਜਣ ਵਾਲਾ ਨਹੀਂ ਹਾਂ। ਮੈਂ ਕੰਨਾਂ 'ਚ ਮੁੰਦਰਾਂ ਪਾਈਆਂ ਨੂੰ ਮਹੱਤਤਾ ਨਹੀਂ ਦੇਣੀ। ਕੋਈ ਭੇਖ ਧਾਰ ਰਿਹਾ ਹੈ ਮੈਂ ਕੋਈ ਮਹੱਤਤਾ ਨਹੀਂ ਦੇਣੀ। ਮੈਂ ਸਤਿ ਦੀ ਗੱਲ ਕਰਨ ਆਇਆ ਹਾਂ, ਸਤਿ ਦੇ ਰਸਤੇ ਤੇ ਚਲਾਉਣ ਆਇਆ ਹਾਂ। ਸਤਿ ਦਾ ਮਾਰਗ ਦੱਸਣ ਆਇਆ ਹਾਂ। ਸੋ ਇਸ ਤਰ੍ਹਾਂ ਅਸੀਂ ਭੇਖ ਵਿਚ ਭੁੱਲ ਜਾਂਦੇ ਹਾਂ। ਭੇਖ ਦੇ ਵਿਚ ਸ਼ਕਤੀ ਹੁੰਦੀ ਹੈ 50% ਨੰਬਰ ਭੇਖ ਨੂੰ ਮਿਲਦੇ ਨੇ। ਅੰਦਰੋਂ ਚਾਹੇ ਕਿਹੋ ਜਿਹਾ ਹੀ ਹੋਵੇ, 50% ਨਾਲ 2% ਹੋਰ ਰਲਾ ਦਿਓ ਦੂਜਾ ਪਾਸਾ 48 ਰਹਿ ਗਿਆ, ਉਹ 2% ਨਾਲ ਜਿੱਤ ਜਾਂਦਾ ਹੈ ਭੇਖੀ। ਚਾਹੇ ਸ਼ਰਾਬ ਦੀਆਂ ਬੋਤਲਾਂ ਪੀਈ ਜਾਵੇ। ਇਹ ਤਾਂ ਬੜਾ ਸਾਨੂੰ ਸਾਵਧਾਨ ਹੋਣਾ ਪੈਂਦਾ ਹੈ। ਮਹਾਰਾਜ ਕਹਿੰਦੇ ਨੇ ਕਿ ਸਾਨੂੰ ਪਤਾ ਕਿਵੇਂ ਲੱਗੇ? ਤੁਸੀਂ ਤਾਂ ਆਮ ਆਦਮੀ ਹੋਂ ਤੁਹਾਨੂੰ ਕਿਵੇਂ ਪਤਾ ਲੱਗੇ ਇਸ ਚੀਜ਼ ਦਾ। ਪਰ ਇਕ ਨਿਸ਼ਾਨੀ ਮਹਾਰਾਜ ਨੇ ਕਹੀ ਹੈ –

***ਧਾਰਨਾ – ਸਾਹਿਬ ਚਿੱਤ ਆਉਂਦਾ ਹੈ***
***ਸੰਤਾਂ ਦਾ ਦਰਸ਼ਨ ਕਰਕੇ।***

ਜੇ ਤਾਂ ਉਹਦੇ ਨੇੜੇ ਜਾ ਕੇ ਵਾਹਿਗੁਰੂ–ਵਾਹਿਗੁਰੂ ਹੋਣ ਲਗ ਜਾਵੇ, ਮਨ ਦੇ ਅੰਦਰ ਕੋਈ ਰੋਸ਼ਨੀ ਆ ਜਾਏ, ਕੋਈ ਅਪਣੱਤ ਆ ਜਾਏ, ਕੋਈ ਪਿਆਰ ਆ

ਜਾਏ, ਕੋਈ ਖਿੱਚ ਆ ਜਾਏ, ਫੇਰ ਤਾਂ ਤੁਸੀਂ ਸਮਝ ਲਓ ਇਥੇ ਕੁਛ ਹੈਗਾ। ਜੇ ਆਉਂਦਾ ਹੀ ਨਹੀਂ, ਤੁਸੀਂ ਸੱਚੇ ਦਿਲ ਨਾਲ ਆਏ ਹੋਂ, ਤਰਕ ਨਾਲ ਆਓਗੇ ਤਾਂ ਕੁਛ ਨਹੀਂ ਹੁੰਦਾ। ਇਮਤਿਹਾਨ ਲੈਣਾ ਆਇਆ ਹੋਵੇ ਸੰਤਾਂ ਦਾ ਤਾਂ ਉਹਦੇ ਪੱਲੇ ਕੁਛ ਨਹੀਂ ਪੈਂਦਾ। ਸੰਤਾਂ ਦੀ ਮਾਇਆ ਐਸੀ ਪ੍ਰਬਲ ਹੈ, ਉਹਨੂੰ ਹੋਰ ਧੱਕਾ ਮਾਰਦੀ ਹੈ, ਸੱਚੀ-ਮੁਚੀ ਜਿਹੜਾ ਆਉਂਦਾ ਹੈ ਉਹਨੂੰ ਭੇਤ ਲਗ ਜਾਂਦਾ ਹੈ। ਸੋ ਐਸੇ ਮਹਾਤਮਾ ਦੇ ਦਰਸ਼ਨ ਦਾ ਫਲ ਹੈ -

*ਸਾਧ ਕੈ ਸੰਗਿ ਨਹੀ ਕਛੁ ਘਾਲ ॥*
*ਦਰਸਨੁ ਭੇਟਤ ਹੋਤ ਨਿਹਾਲ ॥ ਅੰਗ - ੨੭੨*

ਮਹਾਰਾਜ ਕਹਿਣ ਲੱਗੇ ਪ੍ਰੇਮੀਆ! ਤੇਰੇ ਦਰਸ਼ਨ ਉਨ੍ਹਾਂ ਨੇ ਕੀਤੇ, ਜਿਹੜੇ ਮੰਦੀਆਂ ਬਿਰਤੀਆਂ ਵਾਲੇ ਜਿਹੜੇ ਅੰਦਰੋਂ ਵੀ ਕਾਲੇ, ਬਾਹਰੋਂ, ਨਿੰਦਿਆ, ਚੁਗਲੀ, ਈਰਖਾ, ਬੇਅੰਤ ਕਿਸਮ ਦੀਆਂ ਮਾੜੀਆਂ ਗੱਲਾਂ ਕਰਨ ਵਾਲੇ, ਤੇਰੇ ਦਰਸ਼ਨ ਦਾ ਫਲ ਇਹ ਹੋਇਆ ਕਿ ਬਾਹਰੋਂ ਤਾਂ ਚਿੱਟੇ ਹੋ ਗਏ ਲੇਕਿਨ ਸੁਭਾਅ ਅੰਦਰੋਂ ਅਜੇ ਬਦਲੇ ਨਹੀਂ ਸੀ। ਬਗਲੇ ਬਣ ਗਏ। ਫੇਰ ਦਰਸ਼ਨ ਕੀਤੇ ਉਹਦਾ ਫਲ ਇਹ ਹੋਇਆ ਕਿ ਅੰਦਰੋਂ ਵੀ ਚਿੱਟੇ ਹੋ ਗਏ ਤੇ ਬਾਹਰੋਂ ਵੀ ਤੇ ਹੰਸ ਬਿਰਤੀ ਧਾਰਨ ਕਰ ਲਈ। ਤੱਤ ਬਚਨਾਂ ਦੇ ਗਰਾਹੀ ਹੋ ਗਏ। ਉਸ ਤੋਂ ਬਾਅਦ -

*ਜਿਨਿ ਮਾਣਸ ਤੇ ਦੇਵਤੇ*
*ਕੀਏ ਕਰਤ ਨ ਲਾਗੀ ਵਾਰ ਅੰਗ - ੪੬੩*

ਫੇਰ ਇਹ ਪ੍ਰਵਰਤਨ ਆਉਂਦਾ ਹੈ, ਉਹਨੂੰ ਦੇਵਤਾ ਬਿਰਤੀ ਮਿਲ ਜਾਂਦੀ ਹੈ। ਸੋ ਇਹ ਦਰਸ਼ਨ ਦਾ ਫਲ ਮੈਂ ਦਸ ਰਿਹਾ ਸੀ ਕਿ ਦਰਸ਼ਨਾਂ ਦਾ ਹੀ ਫਲ ਹੋ ਜਾਇਆ ਕਰਦਾ ਹੈ। ਸੰਗਤ ਵਿਚ ਆਉਂਦੇ ਹੋਂ ਤੁਸੀਂ ਫਲ ਪ੍ਰਾਪਤ ਹੁੰਦਾ ਹੈ। ਸੋ ਮੈਂ ਇਹ ਗੱਲ ਕਰ ਰਿਹਾ ਸੀ ਕਿ ਮਹਾਂਪੁਰਸ਼ਾਂ ਹੁੰਦੇ ਨੇ ਇਹ ਪਾਰਦਰਸ਼ਕ ਹੋਇਆ ਕਰਦੇ ਨੇ। ਜਿਹਦੇ ਮੂਹਰੇ ਦੂਰੀਆਂ ਦੀ ਕੋਈ ਰੁਕਾਵਟ ਨਾ ਹੋਵੇ ਉਹਨੂੰ ਪਾਰਦਰਸ਼ਕ ਕਹਿੰਦੇ ਨੇ, ਬੈਠਾ ਹੀ ਘਰੋਂ ਦੇਖ ਲਵੇ, ਦਿਬਯ ਦ੍ਰਿਸ਼ਟ ਖੁੱਲ੍ਹ ਜਾਇਆ ਕਰਦੀ ਹੈ ਉਨ੍ਹਾਂ ਦੀ, ਜਿਥੇ ਜੀਅ ਕਰਦਾ ਹੈ ਦੇਖ ਸਕਦੇ ਨੇ। ਬੇਅੰਤ ਮਿਸਾਲਾਂ ਨੇ ਗੁਰੂ ਘਰ ਦੇ ਅੰਦਰ।

ਗੁਰੂ ਮਹਾਰਾਜ ਦੇ ਜੀਵਨ ਵਿਚ ਦੱਸੀਆਂ ਹੀ ਨਹੀਂ ਜਾ ਸਕਦੀਆਂ ਐਨੀਆਂ ਮਿਸਾਲਾਂ ਨੇ, ਜਿਥੇ ਸਿੱਖ ਫਸ ਗਿਆ, ਭਾਈ ਤਿਲੋਕੇ ਨੇ ਕਾਠ ਦੀ ਤਲਵਾਰ ਪਾ ਲਈ ਉਹਨੇ, ਕਿਉਂਕਿ ਹਰਨੀ ਮਰ ਗਈ ਸੀ ਉਸ ਤੋਂ, ਦੋ ਬੱਚੇ ਸਾਮ੍ਹਣੇ ਤੜਫ ਕੇ ਮਰ ਗਏ ਸੀ ਉਹਦੇ। ਜਦੋਂ ਪਰੇਡ ਦੇ ਵਿਚ ਹੁਕਮ ਹੋਇਆ ਕਿ ਕੱਢ ਤਲਵਾਰ, ਕਿੰਨਾ ਕੁ ਸਮਾਂ ਸੀ ਉਸ ਵੇਲੇ ਉਸ ਕੋਲ? ਉਸ ਵੇਲੇ ਨਿੱਕੀ ਜਿਹੀ ਅਰਦਾਸ ਹੋਈ ਹੇ ਪ੍ਰਭੂ! ਮੇਰੀ ਲਾਜ ਰੱਖ ਜਿਵੇਂ ਦਰੋਪਤੀ ਦੀ ਰੱਖੀ ਸੀ। ਵਾਹਿਗੁਰੂ ਕਹਿ ਕੇ ਤਲਵਾਰ ਖਿੱਚ ਲਈ ਐਨੀ ਚਮਕਦਾਰ ਸੀ ਕਿ ਜਿਵੇਂ ਬਿਜਲੀ ਚਮਕਦੀ ਹੈ, ਨਵਾਬ ਪਿੱਛੇ ਹਟ ਗਿਆ। ਕਹਿਣ ਲੱਗਿਆ ਕਿ ਭਾਈ ਤਿਲੋਕਾ ਇਹ ਕਿੱਥੋਂ ਦੀ ਬਣੀ ਹੋਈ ਹੈ, ਕੀ ਮਾਰਕਾ ਹੈ ਇਹਦੇ ਉਤੇ, ਬਣਾਉਣ ਵਾਲੇ ਨੇ ਕੋਈ ਮਾਰਕਾ ਲਿਖਿਆ ਹੈ। ਕਹਿਣ ਲੱਗੇ ਕਿ ਹਾਂ ਜੀ ਲਿਖਿਆ ਹੈ, ਇਹਦੇ ਉਤੇ ਲਿਖਿਆ ਹੈ ੧ਓ। ਕਹਿਣ ਲੱਗਿਆ ਇਹ ਬਣਦੀ ਕਿੱਥੇ ਹੈ? ਇਹਨੇ ਕਿਹਾ ਕਿ ਇਹ ਤਾਂ ਮੇਰੇ ਸਤਿਗੁਰੂ ਦੇ ਹਜ਼ੂਰ ਬਣਦੀ ਹੈ। ਕਹਿੰਦੇ, ਕੀਮਤ ਇਹਦੀ ਕੀ ਹੈ? ਕਹਿੰਦੇ, ਆਪਣਾ ਜੀਵਨ ਸਾਰਾ ਦੇ ਦੇਣਾ, ਤਾਂ ਵੀ ਇਹਦੀ ਕੀਮਤ ਨਹੀਂ ਬਣਦੀ।

ਸੋ ਇਹ ਚੀਜ਼ਾਂ ਪਾਰਦਰਸ਼ਕ ਹੋਣ ਦੇ ਨਾਲ, ਗੁਰੂ ਸਾਹਿਬ ਤਾਂ ਇਥੇ ਬੈਠੇ ਨੇ, ਤੇ ਉਹ ਕੰਧਾਰ ਦੇ ਵਿਚ ਗਜ਼ਨੀ 'ਚ ਹੈ। ਇਹ ਨਹੀਂ ਕਿ ਸਿੱਖ ਨੂੰ ਜਾਣਦੇ ਨਹੀਂ?

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥*
*ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ ॥*
*ਅੰਗ - ੩੯੪*

ਡਰਨਾ ਚਾਹੀਦਾ ਹੈ ਸਿੱਖ ਨੂੰ ਕਿ ਮੇਰਾ ਗੁਰੂ ਮੈਨੂੰ ਦੇਖ ਰਿਹਾ ਹੈ। ਇਹ ਕੋਈ ਐਵੇਂ ਗੱਲਾਂ ਨਹੀਂ ਹਨ ਅਟਕਲਪੱਚੂ, ਮਨਮੱਤ ਦੀਆਂ।

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥*
*ਜਿਹ ਪੈਡੈ ਮਹਾ ਅੰਧ ਗੁਬਾਰਾ ॥*
*ਹਰਿ ਕਾ ਨਾਮੁ ਸੰਗਿ ਉਜੀਆਰਾ ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥*
*ਅੰਗ - ੨੬੪*

ਜਿਥੇ ਰਸਤੇ ਦੇ ਕੋਹ ਨਹੀਂ ਗਿਣੇ ਜਾਂਦੇ, ਉਥੇ ਵੀ ਜਿਹੜਾ ਪਹੁੰਚ ਕੇ ਬੈਠਾ ਹੈ ਉਹਦਾ ਵੀ ਧਿਆਨ ਹੈ, ਮਹਾਂਪੁਰਸ਼ਾਂ ਨੂੰ। ਉਥੋਂ ਵੀ ਕੱਢ ਲੈਂਦੇ ਨੇ ਨਰਕਾਂ 'ਚੋਂ। ਡਿੱਗਣ ਨਹੀਂ ਦਿੰਦੇ।

ਗੁਰੂ ਦਸ਼ਮੇਸ਼ ਪਿਤਾ ਨੇ ਕਿਹਾ ਦਾਨਿਆ! ਤੂੰ ਕੇਸ ਰੱਖਿਆ ਕਰ। ਕਹਿੰਦਾ ਮੇਰੀ ਦਾੜ੍ਹੀ ਬੜੀ ਵੱਡੀ ਹੈ। ਕਹਿੰਦੇ, ਕੇਸ ਕਿਉਂ ਰਖਾਉਂਦੇ ਓਂ? ਕਹਿੰਦੇ, ਜਦੋਂ ਸਿੱਖ ਡੁੱਬੇਗਾ ਨਾ ਨਰਕ 'ਚ ਅਸੀਂ ਕੇਸਾਂ ਤੋਂ ਫੜ ਕੇ ਖਿੱਚ ਲਵਾਂਗੇ। ਕਹਿੰਦਾ, ਮੇਰੀ ਦਾੜ੍ਹੀ ਤਾਂ ਦੇਖੋ ਕਿੱਡੀ ਵੱਡੀ ਹੈ, ਇਥੋਂ ਫੜ ਲੈਣਾ? ਮਹਾਰਾਜ ਨੇ ਸੱਚੀਓਂ ਦਾੜ੍ਹੀ ਫੜ ਲਈ, ਝਟਕਾ ਲੱਗਿਆ, ਧਰਤੀ ਨਾਲ ਮੱਥਾ ਲੱਗਿਆ

ਜਾ ਕੇ। ਕਹਿੰਦਾ, ਮਹਾਰਾਜ! ਇਹ ਕੀ? ਮਹਾਰਾਜ ਕਹਿਣ ਲੱਗੇ ਕਿ ਜੇ ਮੈਂ ਦਾੜ੍ਹੀ ਤੋਂ ਫੜਿਆ ਤਾਂ ਹੋਰ ਡੁੱਬੇਗਾਂ ਥੱਲੇ।

ਉਹਨੂੰ ਤਰੀਕੇ ਨਾਲ ਗੱਲ ਸਮਝਾਈ ਸੀ ਕਿ ਦਾਨਿਆ! ਅਸੀਂ ਆਪਣੇ ਸਿੱਖ ਨੂੰ ਦਰਗਾਹ 'ਚ ਗਏ ਨੂੰ ਵੀ ਉਹਦਾ ਖਹਿੜਾ ਨਹੀਂ ਛੱਡਦੇ –

*ਨਾਨਕ ਕਚੜਿਆ ਸਿਉ ਤੋੜਿ*
*ਢੂਢਿ ਸਜਣ ਸੰਤ ਪਕਿਆ ॥*
*ਓਇ ਜੀਵੰਦੇ ਵਿਛੁੜਹਿ*
*ਓਇ ਮੁਇਆ ਨ ਜਾਹੀ ਛੋੜਿ॥ ਅੰਗ - ੧੧੦੨*

ਫੇਰ ਰਿਸ਼ਤਾ ਤਾਂ ਇਹ ਪੱਕਾ ਹੋਇਆ ਨਾ ਜਿਹੜਾ ਮਰਿਆਂ ਤੋਂ ਬਾਅਦ ਵੀ ਸਹਾਇਤਾ ਕਰੇ। ਸਾਡੇ ਸਨਬੰਧੀਆਂ ਦਾ ਕੀ ਰਿਸ਼ਤਾ ਹੈ ਪਹਿਲਾਂ ਤਾਂ ਜੀਉਂਦੇ-ਜੀਉਂਦੇ ਨੂੰ ਹੀ ਛੱਡ ਦਿੰਦੇ ਨੇ। ਆਪਣੇ ਪਿਤਾਵਾਂ ਤੇ ਮੁਕੱਦਮੇ ਕਰ ਦਿੰਦੇ ਨੇ, ਮਜ਼ਬੂਰ ਕਰ ਦਿੰਦੇ ਨੇ ਕਿ ਫਲਾਣੇ ਨੂੰ ਬੇਦਖਲ ਕਰ ਦੇ, ਉਹਦੇ ਕੋਲ ਨਾ ਜਾਇਦਾਦ ਜਾਵੇ, ਮੇਰੇ ਕੋਲ ਆਵੇ। ਬਿਮਾਰ ਹੋਇਆ-ਹੋਇਆ ਮਦਦ ਕਰਨ ਵਾਲਾ ਕੋਈ ਹੈ ਨਹੀਂ ਉਹਦੇ ਕੋਲ, ਉਹਨੂੰ ਮਜ਼ਬੂਰਨ ਦਸਤਖਤ ਕਰਨੇ ਪੈਂਦੇ ਨੇ। ਆਹ ਸਾਡੀ ਰਿਸ਼ਤੇਦਾਰੀ ਹੈ, ਪਿਆਰ ਹੈ। ਮਹਾਰਾਜ ਕਹਿੰਦੇ ਸਭ ਕੱਚੇ ਪਿਆਰ ਨੇ। ਸੋ ਇਸ ਤਰ੍ਹਾਂ ਗੁਰੂ ਜੋ ਹੈ ਉਹ ਪਾਰਦਰਸ਼ਕ ਹੈ। ਹਰ ਥਾਂ ਦੇਖਦਾ ਹੈ, ਹਰ ਥਾਂ ਸਿੱਖ ਨੂੰ **watch** ਕਰਦਾ ਹੈ। ਸਹਾਇਤਾ ਮੰਗਦਾ ਹੈ ਉਸੇ ਸਮੇਂ ਦਿੰਦਾ ਹੈ। ਲੰਮੀ ਅਰਦਾਸ ਦੀ ਲੋੜ ਨਹੀਂ ਹੁੰਦੀ, ਕਿਉਂਕਿ ਸਿੱਧੀ ਗੱਲ ਕਰੋ, ਕੋਲ ਹੀ ਗੁਰੂ ਸਾਹਿਬ ਨੇ ਤੁਸੀਂ ਕਹੋ ਕਿ ਮਹਾਰਾਜ ਹੁਣ ਬਚਾ ਲਓ। ਉਹ ਤਾਂ ਐਨੀਓਂ ਗੱਲ ਸੁਣ ਕੇ ਪਤੀਜ ਜਾਂਦੇ ਨੇ। ਕਿਉਂਕਿ ਡਿਊਟੀ ਹੈ ਉਨ੍ਹਾਂ ਦੀ। ਸਾਡਾ ਕੀ ਹੈ ਅਸੀਂ ਗੁਰੂ ਨੂੰ ਭੁੱਲ ਕੇ ਉਹ ਕਰਮ ਕਰਦੇ ਹਾਂ, ਪੜਦੇ ਰਖਦੇ ਹਾਂ, ਛੁਪਾ-ਛੁਪਾ ਕੇ ਗੱਲਾਂ ਕਰਦੇ ਹਾਂ, ਨਾਸਤਕਾਂ ਦੀ ਹੱਦ ਹੈ ਸਾਧਸੰਗਤ ਜੀ ਇਹ। ਪਰ ਗੁਰੂ ਤਾਂ ਅੱਗੇ ਤਾਂ ਕੋਈ ਪੜਦਾ ਹੈ ਹੀ ਨਹੀਂ, ਉਹਦੀ ਦ੍ਰਿਸ਼ਟੀ ਤਾਂ ਪਾਰਦਰਸ਼ਕ ਹੈ।

ਮਾਤਾ ਜੀ ਨੇ ਕਿਹਾ ਜੋ ਉਨ੍ਹਾਂ ਦੇ ਕੋਲ ਸੇਵਾਦਾਰਨੀ ਸੀ ਬੀਬੀ, ਕਹਿਣ ਲੱਗੇ ਤੁਲਸਾਂ! ਮੈਂ ਪ੍ਰਸ਼ਾਦਾ ਤਿਆਰ ਕਰ ਲਿਆ, ਤੂੰ ਨਾਨਕ ਨੂੰ ਲੈ ਕੇ ਆ। ਮੈਨੂੰ ਲਗਦਾ ਹੈ ਉਹ ਆਰਾਮ ਕਰ ਰਹੇ ਨੇ। ਉਥੇ ਚਲੀ ਗਈ। ਉਹਨੇ ਦੇਖਿਆ ਕਿ ਆਰਾਮ ਕਰ ਰਹੇ ਨੇ। ਉਹਨੇ ਕਿਹਾ ਕਿ ਮੈਨੂੰ ਜਗਾਉਣ ਦਾ ਹੁਕਮ ਹੈ, ਮੈਂ ਕਿਵੇਂ ਜਗਾਵਾਂ? ਆਵਾਜ਼ ਦਿਤੀ ਤਾਂ ਬੇਅਕਲੀ ਹੈ। ਕਿਉਂਕਿ ਉਹਦੇ ਅੰਦਰ ਨਿਸ਼ਚਾ ਸੀ ਕਿ ਇਹ ਤਾਂ ਆਪ ਹੀ ਪੂਰਨ ਪ੍ਰਮੇਸ਼ਰ ਨੇ। ਉਸਨੇ ਆਪਣਾ ਮਸਤਕ ਅੰਗੂਠੇ ਦੇ ਨਾਲ ਲਾ ਦਿਤਾ। ਪਾਰਦਰਸ਼ਨ ਉਸੇ ਵੇਲੇ ਅੱਖ ਮਿਲ ਗਈ। ਜਿਹੜੀ ਨਾ ਦੂਰੀਆਂ ਨੂੰ ਜਾਣਦੀ ਹੈ, ਨਾ ਕੰਧਾਂ, ਨਾ ਪਹਾੜ, ਕੁਛ ਵੀ ਨਹੀਂ ਉਹਦੇ ਮੂਹਰੇ ਆਇਆ ਕਰਦਾ, ਉਹਨੂੰ ਦਿਬਯ ਦ੍ਰਿਸ਼ਟ ਵੀ ਕਹਿੰਦੇ ਨੇ, ਕੀ ਦੇਖਦੀ ਹੈ, ਗੁਰੂ ਨਾਨਕ ਪਾਤਸ਼ਾਹ ਦੇ ਅੱਗੇ ਸਿੱਖ ਜੋਦੜੀ ਕਰ ਰਿਹਾ ਹੈ, ਮਨਸੁੱਖ ਕਿ ਹੇ ਪ੍ਰਭੂ! ਮੈਂ ਬੁਰਾ ਫਸ ਗਿਆ। ਬੇਗਾਨੇ ਪਾਣੀਆਂ 'ਚ ਆ ਕੇ ਮੇਰਾ ਜਹਾਜ਼ ਬਰੇਤੇ ਤੇ ਲਗ ਗਿਆ। ਜਵਾਹਰਭਾਟਾ ਬੜਾ ਪਤਲਾ ਆਇਆ ਹੈ, ਮੈਨੂੰ ਇਥੇ ਮਹੀਨਾ ਬੈਠਣਾ ਪੈਣਾ ਹੈ। ਹੁਣ ਤੁਸੀਂ ਕੱਢੋ ਮੈਨੂੰ ਇਥੋਂ। ਕੀ ਦੇਖਦੀ ਹੈ, ਗੁਰੂ ਨਾਨਕ ਪਾਤਸ਼ਾਹ ਆਪਣੀ ਸੱਤਾ ਦੇ ਕੇ ਜਹਾਜ਼ ਨੂੰ ਡੂੰਘੇ ਪਾਣੀਆਂ ਵਿਚ ਕੱਢ ਰਹੇ ਨੇ ਤਾਂ ਕਿ ਇਹ ਬਰੇਤੇ ਤੇ ਨਾ ਚੜ੍ਹ ਜਾਵੇ। ਦੇਖ ਤਾਂ ਲਿਆ ਉਸ ਬੀਬੀ ਨੇ ਆ ਕੇ ਮਾਤਾ ਜੀ ਨੇ ਕਿਹਾ ਕਿ ਤੂੰ ਜਗਾ ਕੇ ਨਹੀਂ ਲਿਆਈ। ਕਹਿੰਦੀ, ਕੀਹਨੂੰ ਜਗਾ ਕੇ ਲਿਆਵਾਂ, ਉਹ ਇਥੇ ਹੋਣ ਤਾਂ ਮੈਂ ਜਗਾਵਾਂ। ਉਹ ਤਾਂ ਲੰਕਾਂ ਦਾ ਨੇੜੇ-ਤੇੜੇ ਸਮੁੰਦਰ ਦੇ ਵਿਚ ਮਨਸੁਖ ਨਾਮ ਦੇ ਸਿੱਖ ਦਾ ਜਹਾਜ਼ ਗਹਿਰੇ ਪਾਣੀ 'ਚ ਕਰ ਰਹੇ ਨੇ। ਸੋ ਗੱਲ ਤਾਂ ਸੱਚ ਸੀ। ਉਹਨੇ ਦੇਖ ਲਈ। ਇਹਨੂੰ ਪਾਰਦਰਸ਼ਕ ਨਿਗ੍ਹਾ ਕਹਿੰਦੇ ਨੇ। ਇਹ ਮਹਾਤਮਾ ਨੂੰ ਪ੍ਰਾਪਤ ਹੁੰਦੀ ਹੈ।

ਮਹਾਰਾਜ ਜੀ ਕਹਿਣ ਲੱਗੇ ਬਹਾਦਰ ਸਿੰਘ ਨੂੰ ਕਿ ਸਵੇਰੇ ਲੈ ਕੇ ਆਈ ਵਰਿਆਮ ਸਿੰਘ ਨੂੰ। ਜਦੋਂ ਤੁਰਨ ਲੱਗਿਆ, ਪੁੱਛਿਆ ਕਿ ਮੈਂ ਜਾਵਾਂ? ਕਹਿੰਦੇ ਨਹੀਂ। ਮੈਨੂੰ ਖਿੱਚ ਪੈ ਗਈ, ਬੱਸ ਸਟੈਂਡ ਤੇ ਆਗਿਆ, ਜਦੋਂ ਨਾ ਟਿਕਟ ਮਿਲਿਆ, ਘਰ ਨੂੰ ਮੁੜ ਗਿਆ। ਉਨ੍ਹਾਂ ਦਿਨ੍ਹਾਂ 'ਚ ਚੰਡੀਗੜ੍ਹ ਐਉਂ ਨਹੀਂ ਸੀ ਹੁਣ ਵਰਗਾ, ਬੜੇ ਸੰਘਣੇ ਸਰਕੜੇ ਹੁੰਦੇ, ਦਰਖਤ ਹੁੰਦੇ, ਖੱਡੇ ਹੁੰਦੇ ਹਰ ਸੈਕਟਰ ਦੇ ਵਿਚ, ਮੈਨੂੰ ਸੋਹਣਾ ਲੱਗਿਆ ਥਾਉਂ। ਮੈਂ ਕਿਹਾ ਘਰੋਂ ਤਾਂ ਆਏ ਹੀ ਹੋਏ ਹਾਂ ਹੁਣ ਪ੍ਰਸ਼ਾਦੇ ਵੇਲੇ ਹੀ ਮੁੜਾਂਗੇ। ਦੋ ਘੰਟੇ ਬੈਠਾ ਰਿਹਾ ਮੈਂ। ਉਸ ਤੋਂ ਬਾਅਦ ਜਦੋਂ ਮੈਂ ਘਰ ਵੜਨ ਲੱਗਿਆ ਤਾਂ ਬਾਬੂ ਜੀ ਕਹਿਣ ਲੱਗੇ, ਬਾਬੂ ਰਲਾ ਸਿੰਘ ਜੀ, ਕਹਿੰਦੇ ਆ ਜਾਓ-ਆ ਜਾਓ ਅੰਦਰ ਨਾ ਜਾਓ। ਮੈਂ ਕਿਹਾ ਕਿ ਮਹਾਰਾਜ ਨੇ ਭੇਜਿਆ ਹੈ, ਪਹਿਲਾਂ ਤਾਂ ਤੁਹਾਡਾ ਇੰਤਜ਼ਾਰ ਕਰਦੇ ਰਹੇ। ਫੇਰ ਮਹਾਰਾਜ ਨੇ ਨੌਂ ਵਜੇ ਕਿਹਾ ਕਿ ਤੁਸੀਂ ਜਾਓ। ਇਹ ਜਿਹੜੀ ਦ੍ਰਿਸ਼ਟੀ ਹੈ ਇਹਨੂੰ ਪਾਰਦਰਸ਼ਕ ਦ੍ਰਿਸ਼ਟੀ ਕਹਿੰਦੇ ਨੇ। ਜਿਹਦੇ ਮੂਹਰੇ ਨਾ ਕੋਈ ਕੰਧ ਆਵੇ, ਨਾ ਪਹਾੜ ਆਵੇ। ਸੋ ਐਸੇ ਮਹਾਤਮਾ ਬਹੁਤ ਘੱਟ ਹੁੰਦੇ ਨੇ, ਇਹ ਜਿਹੜੇ ਬਾਣੀ ਦੇ ਵਿਚ ਸੰਕੇਤ ਆਉਂਦੇ ਨੇ, ਮਹਾਂਪੁਰਸ਼ਾਂ ਦੇ ਇਹ ਉਨ੍ਹਾਂ ਦੇ ਹੀ ਆਉਂਦੇ ਨੇ। ਉਨ੍ਹਾਂ ਨੂੰ ਹੀ ਕਿਹਾ ਹੈ –

*ਮੇਰੀ ਬਾਂਧੀ ਭਗਤੁ ਛਡਾਵੈ*
*ਬਾਂਧੈ ਭਗਤੁ ਨ ਛੂਟੈ ਮੋਹਿ ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥*
*ਅੰਗ - ੧੨੫੩*

ਸੋ ਉਨ੍ਹਾਂ ਨੇ ਜੋ ਦਰਸ਼ਨ ਹੈ ਉਹਨੂੰ ਦੁਰਲੱਭ ਗਿਣਿਆ ਹੈ। ਆਪਾਂ ਇਥੇ ਗੁਰੂ ਮਹਾਰਾਜ ਦੇ ਦਰਸ਼ਨ ਕਰਦੇ ਹਾਂ। ਇਕੱਠੇ ਹੋ ਕੇ ਆਪਾਂ ਸਤਿਸੰਗ ਕਰਦੇ ਹਾਂ। ਸੋ ਜਿਵੇਂ ਆਪਾਂ ਸ਼ਬਦ ਪੜ੍ਹਿਆ ਹੈ ਕਿ 'ਉਤਰ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨ ਪਾਇਆ'। ਜਦੋਂ ਤੋਂ ਮੈਨੂੰ ਦਰਸ਼ਨ ਹੋ ਗਏ, ਮੇਰੇ ਅੰਦਰ ਜਿਹੜਾ ਸੰਸਾ ਸੀ ਉਹ ਉਤਰ ਗਿਆ, ਉਹਦਾ ਨਤੀਜਾ ਕੀ ਹੋਇਆ, ਕਹਿੰਦੇ –

*ਦੁਖ ਨਾਠੇ ਸੁਖ ਸਹਜਿ ਸਮਾਏ*
*ਅਨਦ ਅਨਦ ਗੁਣ ਗਾਇਆ ॥੧॥*
*ਬਾਹ ਪਕਰਿ ਕਢਿ ਲੀਨੇ ਅਪੁਨੇ*
*ਗ੍ਰਿਹ ਅੰਧ ਕੂਪ ਤੇ ਮਾਇਆ ॥*
*ਕਹੁ ਨਾਨਕ ਗੁਰਿ ਬੰਧਨ ਕਾਟੇ*
*ਬਿਛੁਰਤ ਆਨਿ ਮਿਲਾਇਆ ॥ ਅੰਗ – ੧੨੧੮*

ਅਨੰਦ ਆ ਗਿਆ ਅੰਦਰ, ਖੁਸ਼ੀਆਂ ਖੇੜੇ ਆ ਗਏ ਤੇ ਦੁਖਾਂ ਦਾ ਹੋ ਗਿਆ ਖਾਤਮਾ, ਸੁਖਾਂ ਨੇ ਦੁਖਾਂ ਦਾ ਥਾਂ ਲੈ ਲਿਆ। ਫੇਰ ਗੁਰੂ ਨੇ ਕ੍ਰਿਪਾ ਕਰੀ ਆਹ ਭਵਜਲ ਦੇ ਵਿਚੋਂ ਬਾਂਹ ਫੜ ਕੇ ਕੱਢਿਆ। ਕਿਵੇਂ ਕੱਢਿਆ? ਕਿਉਂਕਿ ਅਸੀਂ ਸੰਸੇ ਦੇ ਸਮੁੰਦਰ ਵਿਚ ਡੁੱਬ ਰਹੇ ਹਾਂ। ਜਦੋਂ ਤੱਕ ਸਾਡੇ ਅੰਦਰ ਸੰਸਾ ਹੈ ਅਸੀਂ ਪ੍ਰਮੇਸ਼ਰ ਨੂੰ ਨਹੀਂ ਮਿਲ ਸਕਦੇ। ਸਾਡਾ ਜਿਹੜਾ ਮਨੁੱਖਾ ਸਰੀਰ ਧਾਰਨ ਦਾ ਪ੍ਰਮ ਪ੍ਰਯੋਜਨ ਹੈ ਉਹ ਇਹ ਹੈ ਕਿ ਐਸ ਜਨਮ ਦੇ ਅੰਦਰ ਵਾਹਿਗੁਰੂ ਦੇ ਦਰਸ਼ਨ ਕਰਨੇ ਨੇ, ਚਲੋ ਇਸ ਜਨਮ ਦੇ ਅੰਦਰ ਨਹੀਂ ਹੋਣਗੇ, ਵਾਹਿਗੁਰੂ ਕਿਸੇ ਦਾ ਘਾਲਿਆ ਹੋਇਆ ਇਕ ਤਿਲ ਜਿੰਨਾ ਵੀ ਨਹੀਂ ਗਵਾਉਂਦਾ। ਅਗਲਾ ਜਨਮ ਐਹੋ ਜਿਹਾ ਦੇਵੇਗਾ ਕਿ ਬਚਪਨ ਤੋਂ ਹੀ ਸਤਿਸੰਗ ਵਲ ਲਗ ਜਾਏਗਾ ਤੇ ਉਹਨੂੰ ਬਚਾ ਕੇ ਵੀ ਰਖਦਾ ਹੈ, ਪਾਖੰਡੀਆਂ, ਭੇਖੀਆਂ ਦੇ ਜਾਲ ਵਿਚ ਨਹੀਂ ਫਸਣ ਦਿੰਦਾ, ਕਿਸੇ ਨਾ ਕਿਸੇ ਤੱਤ ਬੇਤੇ ਮਹਾਂਪੁਰਸ਼ ਨਾਲ ਜੋੜ ਦਿੰਦਾ ਹੈ। ਸੌ ਸੌ ਜਨਮ ਤੱਕ ਵੀ ਸੰਭਾਲ ਕੀਤੀ ਜਾਂਦੀ ਹੈ। ਜਦ ਤਕ ਇਹ ਪ੍ਰਾਪਤੀ ਨਹੀਂ ਹੁੰਦੀ –

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥੧॥ਰਹਾਉ*
*ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥*
*ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥*
*ਕਹੁ ਨਾਨਕ ਹਮ ਨੀਚ ਕਰੰਮਾ ॥*
*ਸਰਣਿ ਪਰੇ ਕੀ ਰਾਖਹੁ ਸਰਮਾ ॥*
*ਅੰਗ – ੧੨*

ਤੇਰੀ ਵਾਰੀ ਹੈ ਇਹਨੂੰ ਦ੍ਰਿੜ੍ਹ ਕਰ ਲੈ, ਯਾਦ ਕਰ ਲੈ, ਹਿਰਦੇ 'ਚ ਵਸਾ ਲੈ –

***ਧਾਰਨਾ – ਇਹੋ ਤੇਰੀ ਵਾਰੀ ਐ***
***ਗੋਬਿੰਦ ਮਿਲਣੇ ਦੀ।***

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥*
*ਅੰਗ – ੧੭੬*

ਬੇਅੰਤ ਜਨਮ ਧਾਰਦੇ-ਧਾਰਦੇ ਮਹਾਰਾਜ ਕਹਿੰਦੇ ਹੁਣ ਤੇਰੀ ਵਾਰੀ ਆਈ ਹੈ। ਇਸ ਗੱਲ ਨੂੰ ਜ਼ਹਿਨ ਨਸ਼ੀਨ ਕਰ ਲੈ, ਫੇਰ ਇਹ ਮੌਕਾ ਹੱਥ ਨਹੀਂ ਆਉਣਾ ਤੇ ਤੂੰ ਕਰਨ ਕੀ ਆਇਆ ਹੈਂ, ਤੂੰ ਪ੍ਰਮੇਸ਼ਰ ਨੂੰ ਮਿਲਣਾ ਹੈ। ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਕਰਕੇ, ਗੁਰੂ ਦੀ ਕ੍ਰਿਪਾ ਹਾਸਲ ਕਰਕੇ ਤੂੰ ਪ੍ਰਮੇਸ਼ਰ ਨੂੰ ਮਿਲਣਾ ਹੈ। ਪ੍ਰਮੇਸ਼ਰ ਹੈਗਾ ਸਾਰੇ ਪਰੀਪੂਰਨ, ਕੋਈ ਥਾਉਂ ਐਸਾ ਨਹੀਂ ਜਿੱਥੇ ਵਾਹਿਗੁਰੂ ਨਾ ਹੋਵੇ, ਪਰ ਇਹ ਸਾਡੇ ਯਾਦ ਕਿਉਂ ਨਹੀਂ ਰਹਿੰਦਾ।

*ਜਹ ਜਹ ਪੇਖਉ ਤਹ ਹਜੂਰਿ*
*ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ*
*ਮਨ ਸਦਾ ਧਿਆਈ ॥੧॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ*
*ਸੋ ਅਲਪ ਸੁਖੁ ਭਨੀਐ ॥ ਰਹਾਉ ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥*
*ਅੰਗ – ੬੭੭*

ਜਿਹੜਾ ਸਾਹ ਅੰਦਰ ਨੂੰ ਵੀ ਜਾਂਦੇ ਨੂੰ ਸੰਭਾਲਦਾ ਹੈ, ਬਾਹਰ ਨੂੰ ਆਉਂਦੇ ਨੂੰ ਵੀ ਸੰਭਾਲਦਾ ਹੈ ਉਹਨੂੰ ਫੇਰ ਪਿੱਛੇ ਮੋੜਦਾ ਹੈ, ਮਹਾਰਾਜ ਕਹਿੰਦੇ, ਉਹਨੂੰ ਕਿਉਂ ਭੁੱਲਦਾ ਹੈਂ ਤੂੰ, ਜਿੱਥੇ ਤੇਰਾ ਵਸ ਨਹੀਂ ਸੀ ਚਲਦਾ ਮਾਤਾ ਦੇ ਉਦਰ ਵਿਚ ਉਥੇ ਤੈਨੂੰ ਪਾਲਿਆ।

*ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ*
*ਸੋ ਕਿਉ ਮਨਹੁ ਵਿਸਾਰੀਐ ॥*
*ਮਨਹੁ ਕਿਉ ਵਿਸਾਰੀਐ ਏਵਡੁ ਦਾਤਾ*
*ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥*
*ਅੰਗ – ੯੨੧*

ਹੁਣ ਇਹਦੇ ਵਿਚ ਸਾਡਾ ਸਾਰਿਆਂ ਦਾ ਮਨ ਕਰਦਾ ਹੈ ਕਿ ਅਸੀਂ ਪ੍ਰਮੇਸ਼ਰ ਨੂੰ ਮਿਲੀਏ। ਕੋਈ

ਮਹਾਂਮੂਰਖ ਹੋਵੇ ਜਿਹਦਾ ਮਨ ਇਹ ਗੱਲ ਨਾ ਕਹਿੰਦਾ ਹੋਵੇ। ਜਿਹਨੂੰ ਮਾਨਸ ਜਨਮ ਦੀ ਮਹੱਤਤਾ ਦਾ ਪਤਾ ਨਾ ਹੋਵੇ, ਓਹੋ ਜਿਹਾ ਤਾਂ ਕਹਿ ਦਿੰਦਾ ਹੈ। ਉਹ ਤਾਂ ਸਾਰਾ ਜਨਮ ਗਾਲ ਦਿੰਦਾ ਹੈ ਨਸ਼ਿਆਂ ਦੇ ਵਿਚ, ਸ਼ਰਾਬਾਂ ਕਬਾਬਾਂ ਨਸ਼ੇ ਖਾ ਕੇ, ਨਿੰਦਿਆ ਚੁਗਲੀ, ਈਰਖਾ, ਵਖੀਲੀ, ਵੈਰ ਵਿਰੋਧ, ਕਾਮ, ਕ੍ਰੋਧ, ਲੋਭ, ਮੋਹ, ਝੂਠ, ਬਿਕਾਰ, ਮਹਾਂ ਲੋਭ, ਧ੍ਰੋਹ ਵਿਚ ਜ਼ਿੰਦਗੀ ਕੱਢ ਦਿੰਦਾ ਹੈ। ਜਿਹਨੂੰ ਸਤਿਸੰਗ ਦਾ ਸ਼ੌਂਕ ਹੈ। ਬਾਣੀ ਪੜ੍ਹਦਾ ਹੈ, ਕੋਈ ਨਹੀਂ ਕਹਿੰਦਾ ਜੀ ਕਿ ਮੈਂ ਨਹੀਂ ਰੱਬ ਨੂੰ ਮਿਲਣਾ। ਜਿਹਦੇ ਮਿਲੇ ਤੋਂ ਬਗੈਰ ਖਹਿੜਾ ਹੀ ਨਹੀਂ ਛੁਟਣਾ, ਉਹਨੂੰ ਤਾਂ ਜ਼ਰੂਰ ਮਿਲਣਾ ਚਾਹੀਦਾ ਹੈ। ਸਾਰਿਆਂ ਦਾ ਇਰਾਦਾ ਹੈ ਕਿ ਅਸੀਂ ਪ੍ਰਮੇਸ਼ਰ ਨੂੰ ਮਿਲੀਏ ਅਤੇ ਸਾਡੇ ਦੁੱਖਾਂ ਖਾਤਮਾ ਹੋ ਜਾਵੇ। ਦੁਨੀਆਂ 'ਚ ਕੋਈ ਐਸਾ ਨਹੀਂ ਜਿਹੜਾ ਕਹੇ ਕਿ ਵਾਹਿਗੁਰੂ ਜੀ ਮੈਨੂੰ ਵੱਡੇ-ਵੱਡੇ ਦੁੱਖ ਦੇ, ਕੋਈ ਨਹੀਂ ਹੈ ਐਸਾ। ਇਹ ਵੀ ਦਾਤ ਹੈ।

***ਕੇਤਿਆ ਦੂਖ ਭੂਖ ਸਦ ਮਾਰ ॥***
***ਏਹਿ ਭਿ ਦਾਤਿ ਤੇਰੀ ਦਾਤਾਰ ॥ ਅੰਗ - ੫***

ਏਸ ਦਾਤ ਨੂੰ ਕੋਈ ਨਹੀਂ ਮੰਗਦਾ। ਇਹਦੇ ਨਾਲ ਸਹਿਮਤੀ ਤਾਂ ਮਹਾਂਪੁਰਸ਼ ਕਰ ਲੈਂਦੇ ਨੇ, ਪਰ ਸੰਸਾਰ ਨੂੰ ਸੁੱਖ ਦੀ ਗੱਲ ਕਹਿੰਦੇ ਨੇ ਕਿ ਸੰਸਾਰ ਨੂੰ ਸੁਖੀ ਰੱਖ। ਇਹ ਤੇਰੇ ਜੀਵ ਨੇ ਔਖੇ ਨਾ ਹੋਣ ਇਹ। ਇਨ੍ਹਾਂ ਨੂੰ ਬਚਾ ਲੈ, ਇਨ੍ਹਾਂ ਨੂੰ ਸੁਖ ਦੇਹ, ਦੁਖ ਦੀ ਕਿਸੇ ਮਹਾਤਮਾ ਨੇ ਅਰਦਾਸ ਹੀ ਨਹੀਂ ਕਰੀ ਕਿ ਸੰਸਾਰ ਦੇ ਉਤੇ ਦੁਖ ਭੇਜ ਦੇ, ਪਰੇਸ਼ਾਨੀਆਂ ਭੇਜ ਦੇ। ਹਾਂ, ਇਹ ਉਨ੍ਹਾਂ ਨੇ ਜ਼ਰੂਰ ਕਿਹਾ ਹੈ ਕਿ ਜੇ ਦੁੱਖ ਆ ਜਾਵੇ ਨਾ ਤਾਂ ਵੀ ਪ੍ਰਮੇਸ਼ਰ ਨੂੰ ਯਾਦ ਰੱਖੋ।

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ***
***ਦੁਖਿ ਭੀ ਤੁਝੈ ਧਿਆਈ ॥੨॥***
***ਜੇ ਭੁਖ ਦੇਹਿ ਤ ਇਤ ਹੀ ਰਾਜਾ***
***ਦੁਖ ਵਿਚਿ ਸੂਖ ਮਨਾਈ ॥ ਅੰਗ - ੭੫੭***

ਜੇ ਸੁੱਖ ਦਿੰਦਾ ਹੈਂ ਤਾਂ ਵੀ ਮੈਂ ਤੇਰਾ ਸ਼ੁਕਰ ਕਰਾਂਗਾ, ਜੇ ਦੁੱਖ ਆਉਂਦੇ ਨੇ ਤਾਂ ਵੀ ਮੈਂ ਤੇਰੇ ਭਾਣੇ ਵਿਚ ਰਾਜ਼ੀ ਰਹਾਂਗਾ, ਕੋਈ ਸ਼ਿਕਾਇਤ ਨਹੀਂ ਕਰਾਂਗਾ, ਲੇਕਿਨ ਦੁਖਾਂ ਤੋਂ ਸਾਰੇ ਡਰਦੇ ਨੇ। ਕੋਈ ਬੰਦਾ ਨਹੀਂ ਜਿਹੜਾ ਕਹੇ ਕਿ ਪਰੇਸ਼ਾਨੀਆਂ ਮੇਰੇ ਪੱਲੇ ਪੈ ਜਾਣ, ਦੁਖ ਪੱਲੇ ਪੈ ਜਾਣ, ਵਿਛੋੜੇ ਪੈ ਜਾਣ। ਘਬਰਾਉਂਦੇ ਹਾਂ ਅਸੀਂ। ਮਹਾਰਾਜ ਕਹਿੰਦੇ ਕਿ ਫੇਰ ਦੁੱਖ ਦੇ ਖਾਤਮੇ ਦਾ ਕੋਈ ਇਲਾਜ ਸੋਚ। ਆਪਣੇ ਮਨ ਨੂੰ ਪੱਕਾ ਕਰ ਕਿ ਦੁੱਖ ਦਾ ਮੈਂ ਖਾਤਮਾ ਕਰਨਾ ਹੈ।

ਇਕ ਐਸੀ ਸਾਖੀ ਆਉਂਦੀ ਹੈ ਇਕ ਰਾਜਾ ਸੀ ਨੇਪਾਲ ਦੀ ਹੱਦ ਵਿਚ, ਉਸ ਦੇ ਜਦੋਂ ਲੜਕਾ ਪੈਦਾ ਹੋਇਆ ਤਾਂ ਜੋਤਸ਼ੀਆਂ ਨੇ ਕਿਹਾ ਕਿ ਇਹ ਬਹੁਤ ਹੀ **senstive** ਹੈ। ਉਹ ਜਿਥੋਂ ਦਾ ਰਾਜਾ ਸੀ ਸ਼ਹਿਰ ਦਾ ਉਸ ਦਾ ਨਾਂ ਕਪਲਵਸਤੂ ਸੀ। ਬਿਹਾਰ ਦੇ ਉਪਰਲੇ ਪਾਸੇ। ਰਾਜੇ ਨੂੰ ਕਿਹਾ ਕਿ ਇਹ ਕਦੇ ਵੀ ਘਰ ਛੱਡ ਸਕਦਾ ਹੈ, ਇਹਨੂੰ ਕੋਈ ਦੁੱਖ ਦਿਖਾਇਆ ਜਾਵੇ, ਜਿਥੋਂ ਇਹਦਾ ਚਿੱਤ ਨਰਾਜ਼ ਹੋ ਜਾਏ, ਰਾਜੇ ਨੇ ਇਕ ਸਪੈਸ਼ਲ ਬਾਗ ਬਣਾਇਆ, ਕਿੰਨੇ ਹੀ ਮੀਲਾਂ ਵਿਚ। ਉਹਦੇ ਆਲੇ-ਦੁਆਲੇ ਉਚੀ ਦੀਵਾਰ ਕਰਾਈ। ਜਿਥੋਂ ਚੜ੍ਹ ਕੇ ਨਾ ਕੋਈ ਦੇਖ ਸਕੇ ਐਸਾ ਵੀ ਕੋਈ ਉਹਨੇ ਪ੍ਰਬੰਧ ਕਰਿਆ। ਉਹਦੇ ਵਿਚ ਇਹਦੀ ਪਾਲਣਾ ਹੋਣੀ ਸ਼ੁਰੂ ਹੋ ਗਈ, ਇਹਦਾ ਨਾਉਂ ਸਿਧਾਰਥ ਸੀ।

ਬੜੀਆਂ ਖੁਸ਼ੀਆਂ ਦੇ ਸਮਾਗਮ ਇਹਦੇ ਆਲੇ-ਦੁਆਲੇ ਰੱਖੇ ਗਏ, ਜਿਨ੍ਹਾਂ ਦੇ ਅੰਦਰੋਂ ਕਦੇ ਹਉਕਾ ਨਾ ਆਵੇ, ਸਦਾ ਹੀ ਖੇੜਾ ਆਵੇ, ਹਾਸਾ ਆਵੇ ਉਹੋ ਜਿਹੇ ਬੰਦੇ, ਬੀਬੀਆਂ ਕੋਲ ਰੱਖੀਆਂ। ਇਹ ਵਕਤੀ ਤੌਰ ਦੇ ਉਤੇ ਖੁਸ਼ ਹੋ ਜਾਇਆ ਕਰੇ, ਪਰ ਅੰਦਰੋਂ ਜਦੋਂ ਇਕੱਲਾ ਹੋਵੇ ਉਦਾਸ ਹੋ ਜਾਂਦਾ ਸੀ। ਇਹ ਸੋਚਣ ਲਗ ਜਾਂਦਾ ਸੀ ਕਿ ਇਹ ਦੁਨੀਆਂ ਕੀ ਹੋਈ। ਮੈਨੂੰ ਇਥੋਂ ਬਾਹਰ ਨਿਕਲਣ ਦਾ ਹੁਕਮ ਨਹੀਂ ਹੈ। ਕਹਿੰਦੇ, ਨੇ ਕਿ 18 ਸਾਲ ਤੋਂ ਬਾਅਦ ਨੂੰ ਬਾਹਰ ਨਿਕਲੇਂਗਾ। ਜਵਾਨ ਹੋ ਗਿਆ 18 ਸਾਲ ਦਾ ਹੋ ਗਿਆ। ਇਹਦਾ ਭਰਾ ਸੀ ਇਕ ਉਹਨੇ ਹੰਸ ਦੇ ਤੀਰ ਮਾਰਿਆ, ਉਹ ਇਹਦੇ ਬਾਗ ਦੇ ਵਿਚ ਆ ਕੇ ਗਿਰ ਗਿਆ। ਸਿਧਾਰਥ ਨੇ ਉਹਦਾ ਇਲਾਜ ਕਰਾਇਆ, ਪੱਟੀਆਂ ਬੰਨ੍ਹੀਆਂ, ਲੱਤ ਟੁੱਟ ਗਈ ਸੀ, ਉਹਨੂੰ ਠੀਕ ਕਰਾਇਆ, ਜਦੋਂ ਠੀਕ ਹੋ ਗਿਆ, ਉਹਦਾ ਭਰਾ ਆ ਗਿਆ ਉਹ ਕਹਿੰਦਾ ਮੇਰਾ ਹੰਸ ਦੇ ਦੇ। ਇਹਨੇ ਕਿ ਮੈਂ ਕਿਵੇਂ ਦੇ ਦੇਵਾਂ। ਮੈਂ ਤਾਂ ਇਹਨੂੰ ਪਾਲਿਆ ਹੈ, ਤੂੰ ਤਾਂ ਮਾਰ ਕੇ ਸੁੱਟ ਦਿਤਾ ਨਾ। ਤੂੰ ਤਾਂ ਇਹਦੀ ਜ਼ਿੰਦਗੀ ਖੋਹ ਲਈ। ਮੇਰੇ ਰਾਹੀਂ ਇਹਨੂੰ ਜ਼ਿੰਦਗੀ ਦੁਬਾਰਾ ਪ੍ਰਾਪਤ ਹੋਈ। ਹੁਣ ਤੂੰ ਇਨਸਾਫ ਕਰਾ ਲੈ ਜਿੱਥੋਂ ਤੇਰਾ ਜੀਅ ਕਰਦਾ ਹੈ। ਜਿਹਨੇ ਇਹਨੂੰ ਬਚਾ ਕੇ ਜ਼ਿੰਦਗੀ ਦਿਤੀ ਉਹਦਾ ਹੱਕ ਹੈ ਉਹਦੇ ਕੋਲ ਰਹੇ, ਤੇਰੇ ਕੋਲ ਨਹੀਂ ਰਹਿ ਸਕਦਾ। ਸੋ ਇਸ ਤਰ੍ਹਾਂ ਦੇ ਇਹਦੇ ਖਿਆਲ ਸੀਗੇ। ਜਵਾਨ ਹੋ ਗਿਆ। ਵਿਆਹ ਹੋ ਗਿਆ। ਇਕ ਬਹੁਤ ਹੀ ਲਾਇਕ ਪੁੱਤਰ ਪੈਦਾ ਹੋ ਗਿਆ। ਰਾਹੁਲ ਉਸਦਾ ਨਾਮ ਸੀ। ਇਕ ਦਿਨ ਕਹਿਣ ਲੱਗਿਆ ਕਿ ਮੈਂ ਵੱਡਾ ਪਰਿਵਾਰ ਦੇ ਅੰਦਰ, ਰਾਜ ਦਾ ਮੇਰਾ ਹੱਕ ਦਸਦੇ ਨੇ, ਕਿਉਂਕਿ ਰਾਜਨੀਤੀ ਪੜ੍ਹਾਈ ਗਈ, ਸਾਰੀ ਵਿਦਿਆ ਪੜ੍ਹਾਈ ਗਈ। ਸ਼ਸਤਰ ਵਿਦਿਆ ਉਥੇ ਸਿਖਾਈ ਗਈ, ਤਾਂ ਕਹਿਣ ਲੱਗਿਆ ਕਿ ਮੈਨੂੰ ਰਾਜ ਕਰਨ ਦਾ ਪਤਾ ਤਾਂ ਹੈ ਨਹੀਂ, ਜਿਹਦੇ ਉਤੇ ਮੈਂ ਰਾਜ ਕਰਨਾ ਹੈ ਉਹ ਰਿਆਇਆ ਦਾ ਕੀ ਹਾਲ ਹੈ? ਉਹਦਾ ਡਰਾਈਵਰ ਸੀ ਬੜਾ ਹੀ ਸਮਝਦਾਰ, ਉਹਦਾ ਨਾਮ ਸੀ ਚੰਨਾ। ਕਹਿਣ ਲੱਗੇ, ਚੰਨਿਆ! ਤੁਸੀਂ ਤਿੰਨ ਦਿਨ ਤਾਂ

ਮੈਨੂੰ ਲਈ ਫਿਰਦੇ ਰਹੇ ਏਧਰ ਪਹਾੜਾਂ 'ਚ ਲੈ ਜਾਂਦੇ ਓਂ, ਐਧਰ ਮੈਦਾਨ ਵਿਚ ਲੈ ਜਾਂਦੇ ਓਂ, ਜਿਥੇ ਦਰਿਆ ਨੇ, ਪਾਣੀ ਚਲਦੇ ਨੇ ਉਥੇ ਮੈਨੂੰ ਲੈ ਜਾਂਦੇ ਓਂ, ਪਰ ਤੁਸੀਂ ਕਦੇ ਮੈਨੂੰ ਚੌਥੇ ਪਾਸੇ ਨਹੀਂ ਲੈ ਕੇ ਗਏ ਕਿ ਓਧਰ ਕੀ ਹੈ? ਉਹ ਕਹਿਣ ਲੱਗਿਆ, ਮਹਾਰਾਜ! ਉਥੇ ਬੇਅੰਤ ਜਨਤਾ ਵਸਦੀ ਹੈ, ਹੁਕਮ ਹੈ ਕਿ ਓਧਰ ਨਾ ਲੈ ਕੇ ਜਾਇਓ। ਕਹਿੰਦੇ, ਦੇਖ ਮੈਂ ਬਾਲਗ ਹੋ ਗਿਆ, ਕੱਲ੍ਹ ਨੂੰ ਮੈਂ ਬਾਦਸ਼ਾਹ ਬਣਨਾ ਹੈ, ਤਖਤ ਤੇ ਬੈਠਣਾ ਹੈ ਤੇ ਮੈਨੂੰ ਮੇਰੀ ਰਿਆਇਆ ਦਾ ਤਾਂ ਪਤਾ ਹੋਣਾ ਚਾਹੀਦਾ ਹੈ ਕਿ ਕਿਹੋ ਜਿਹੀ ਹੈ। ਕਿਉਂਕਿ ਉਹ ਸੇਵਕ ਸੀ, ਉਹਨੇ ਕਿਹਾ ਕਿ ਜੋ ਹਜ਼ੂਰ ਦਾ ਹੁਕਮ ਹੈ, ਮੈਂ ਉਸਨੂੰ ਵਜਾ ਲਿਆਵਾਂਗਾ। ਅੱਜ ਫੇਰ ਓਧਰਲੇ ਰਸਤੇ ਚੱਲਾਂਗੇ।

ਅੱਗੇ ਸੜਕ ਤੇ ਜਾਈ ਜਾਂਦਾ ਹੈ, ਦੋਵੇਂ ਪਾਸੇ ਦੇਖੀ ਜਾਂਦਾ ਹੈ, ਪਬਲਿਕ ਹੈ, ਕੋਈ ਖੇਤੀ ਕਰ ਰਿਹਾ ਹੈ, ਕੋਈ ਹੱਥਾਂ ਨਾਲ ਕੰਮ ਕਰ ਰਿਹਾ ਹੈ, ਜਾਂਦੇ-ਜਾਂਦੇ ਨੇ ਦੇਖਿਆ ਕਿ ਸੜਕ ਬੰਦ ਹੋ ਗਈ, ਬੱਘੀ ਰੋਕਣੀ ਪਈ ਕਹਿਣ ਲੱਗਿਆ ਚੰਨਿਆ! ਕੀ ਗੱਲ ਬੱਘੀ ਰੋਕ ਲਈ? ਕਹਿਣ ਲੱਗਿਆ ਕਿ ਹਜ਼ੂਰ ਸੜਕ ਦੇ ਉਤੇ ਇਕ ਬਿਮਾਰ ਬੰਦਾ ਲੰਘ ਰਿਹਾ ਹੈ, ਉਹਨੂੰ ਸਹਾਰਾ ਦੇ ਕੇ ਲੰਘਾਉਂਦੇ ਨੇ, ਏਸ ਕਰਕੇ ਮੈਂ ਗੱਡੀ ਰੋਕੀ ਹੈ। ਕਹਿਣ ਲੱਗਿਆ, ਮੈਂ ਦੇਖਣਾ ਚਾਹੁੰਦਾ ਹਾਂ, ਬਿਮਾਰ ਕੀ ਹੁੰਦਾ ਹੈ। ਕਿਉਂਕਿ ਉਹਨੂੰ ਐਨਾ ਗਿਆਨ ਹੀ ਨਹੀਂ ਸੀ ਦਿਤਾ ਕਿ ਬਿਮਾਰ ਵੀ ਹੁੰਦੇ ਨੇ ਲੋਕ। ਉਹ ਬਜ਼ੁਰਗ ਵਿਚਾਰਾ ਦਰਦ ਨਾਲ ਕਰਰਹਾ ਰਿਹਾ ਹੈ। ਲਿਟਦਾ ਹੈ। ਵਾਪਸ ਆ ਗਿਆ, ਮਨ ਤੇ ਬੜੀ ਭਾਰੀ ਚੋਟ ਲੱਗੀ। ਕਹਿਣ ਲੱਗਿਆ, ਚੰਨਿਆ! ਇਹ ਬਿਮਾਰ ਕਿਉਂ ਹੋਇਆ? ਕਹਿਣ ਲੱਗਿਆ, ਹਜ਼ੂਰ! ਬੀਮਾਰੀ ਤਾਂ ਸਾਰਿਆਂ ਨੂੰ ਹੀ ਆਉਂਦੀ ਹੈ ਚਾਹੇ ਰਾਜਾ ਹੋਵੇ, ਗਰੀਬ ਹੋਵੇ, ਚਾਹੇ ਅਮੀਰ ਹੋਵੇ, ਅਨਪੜ੍ਹ ਹੋਵੇ, ਪਾਪੀ ਹੋਵੇ, ਪੁੰਨੀ ਹੋਵੇ, ਬੀਮਾਰੀ ਨੇ ਤਾਂ ਆਪਣੇ ਸਹਿਜ ਨਾਲ ਆ ਜਾਣਾ। ਪਿੱਤ, ਕਫ ਤੇ ਵਾਯੂ ਇਨ੍ਹਾਂ ਦੇ ਵਿਚ ਜਦੋਂ ਵਿਗਾੜ ਪੈਦਾ ਹੁੰਦਾ ਹੈ ਤਾਂ ਉਸ ਵੇਲੇ ਸਰੀਰ ਬੀਮਾਰ ਹੋ ਜਾਂਦਾ ਹੈ।

ਕਹਿੰਦਾ, ਸਾਰੇ ਬੀਮਾਰ ਹੁੰਦੇ ਨੇ।

ਕਹਿੰਦਾ ਹਾਂ ਮਹਾਰਾਜ। ਮੈਂ ਵੀ ਬੀਮਾਰ ਹੋਵਾਂਗਾ?

ਕਹਿੰਦਾ, ਹਾਂ।

ਕਹਿੰਦਾ, ਬੜਾ ਦੁਖ ਹੋ ਰਿਹਾ ਸੀ ਇਸਨੂੰ।

ਕਹਿੰਦਾ, ਬੀਮਾਰੀ ਵਿਚ ਦੁਖ ਇਸ ਤਰ੍ਹਾਂ ਹੀ ਹੁੰਦਾ ਹੈ। ਚਿੱਤ ਖਰਾਬ ਹੋ ਗਿਆ। ਦੋ ਮਹੀਨੇ ਬਾਅਦ ਫੇਰ ਗਿਆ, ਕਹਿਣ ਲੱਗਿਆ, ਮੈਂ ਫੇਰ ਜਾਣਾ ਚਾਹੁੰਦਾ ਹਾਂ। ਅੱਗੇ ਗਿਆ ਤਾਂ ਫੇਰ ਬੱਗੀ ਰੁਕ ਗਈ। ਪੁੱਛਣ ਲੱਗਿਆ ਕਿ ਕੀ ਗੱਲ ਬੱਗੀ ਰੋਕ ਲਈ? ਚੰਨੇ ਨੇ ਕਿਹਾ, ਮਹਾਰਾਜ! ਇਥੇ ਇਕ ਸੜਕ ਦੇ ਉਤੇ ਇਕ ਬਿਰਧ ਪੁਰਸ਼ ਜਾ ਰਿਹਾ ਹੈ, ਸੋਟੀ ਉਹਦੇ ਹੱਥ ਵਿਚ ਹੈ, ਡਿੰਘ ਭਰ ਨਹੀਂ ਸਕਦਾ, ਜਦੋਂ ਭਰਦਾ ਹੈ ਤਾਂ ਉਹਦਾ ਸਰੀਰ ਕੰਬਦਾ ਹੈ ਤੇ ਗਿਰਨ ਤੋਂ ਬਚਦਾ ਹੈ। ਉਤਰ ਕੇ ਦੇਖਣ ਲਗ ਗਿਆ। ਬੜੀ ਨੀਝ ਲਾ-ਲਾ ਕੇ ਦੇਖਦਾ ਹੈ ਕਿ ਇਹ ਤਾਂ ਬੜਾ ਬੁਰਾ ਹਾਲ ਹੁੰਦਾ ਹੈ। ਆ ਕੇ ਕਹਿਣ ਲੱਗਿਆ ਕਿ ਚੰਨਿਆ! ਇਹ ਬਿਰਦ ਸਾਰੇ ਹੀ ਹੁੰਦੇ ਨੇ। ਕਹਿੰਦੇ ਹਾਂ ਮਹਾਰਾਜ! ਜਦੋਂ ਆਦਮੀ ਪੈਦਾ ਹੁੰਦਾ ਹੈ। ਪਹਿਲਾਂ ਇਹ ਵਧਦਾ ਹੈ, ਅਰ ਇਹਦੇ ਵਿਚ ਪਰਿਵਰਤਨ ਜਿੰਨਾ ਹੁੰਦਾ ਹੈ ਇਕ ਮਿੰਟ ਦੇ ਲੱਖਵੇਂ ਹਿੱਸੇ ਵਿਚ ਪਰਿਵਰਤਨ ਹੋ ਰਿਹਾ ਹੈ।

***ਦਸ ਬਾਲਤਣਿ ਬੀਸ ਰਵਣਿ***
***ਤੀਸਾ ਕਾ ਸੁੰਦਰੁ ਕਹਾਵੈ ॥***
***ਚਾਲੀਸੀ ਪੁਰੁ ਹੋਇ ਪਚਾਸੀ***
***ਪਗੁ ਖਿਸੈ ਸਠੀ ਕੇ ਬੋਢੇਪਾ ਆਵੈ ॥***
***ਸਤਰਿ ਕਾ ਮਤਿਹੀਣੁ***
***ਅਸੀਹਾਂ ਕਾ ਵਿਉਹਾਰੁ ਨ ਪਾਵੈ ॥***
***ਨਵੈ ਕਾ ਸਿਹਜਾਸਣੀ***
***ਮੂਲਿ ਨ ਜਾਣੈ ਅਪ ਬਲੁ ॥***
***ਢੰਢੋਲਿਮੁ ਢੂਢਿਮੁ ਡਿਠੁ ਮੈ***
***ਨਾਨਕ ਜਗੁ ਧੂਏ ਕਾ ਧਵਲਹਰੁ॥ ਅੰਗ - ੧੩੮***

ਮਹਾਰਾਜ! 10 ਸਾਲ ਦਾ ਇਹ ਬਾਲ ਹੁੰਦਾ ਹੈ, 20 ਸਾਲ ਦਾ ਇਹ ਰੰਗੀਲਾ ਹੋ ਜਾਂਦਾ ਹੈ ਭੋਗਾਂ ਵਿਚ ਪਰਵ੍ਰਿਤ ਹੋ ਜਾਂਦਾ ਹੈ ਇਹਦਾ ਮਨ ਤੇ 30 ਸਾਲ ਤੇ ਜਾ ਕੇ ਪੂਰਾ ਸੁੰਦਰ ਹੁੰਦਾ ਹੈ, ਜਿੰਨੀ ਸੁੰਦਰਤਾ ਇਹਦੇ 'ਚ ਆਉਣੀ ਹੈ ਤੀਹ ਸਾਲ ਤੱਕ ਆ ਜਾਂਦੀ ਹੈ ਤੇ 40 ਵੇਂ ਸਾਲ ਤੱਕ ਪੂਰਾ ਹੋ ਜਾਂਦਾ ਹੈ, ਭਰ ਜਾਂਦਾ ਹੈ ਜਿੰਨਾ ਭਰਨਾ ਸੀ। 41 ਵੇਂ ਸਾਲ 'ਚ ਵਧਦਾ ਨਹੀਂ ਫੇਰ **maintain** ਕਰਦਾ ਹੈ ਫੇਰ ਉਸਨੂੰ ਕਾਇਮ ਰੱਖਣ ਦਾ ਯਤਨ ਕਰਦਾ ਹੈ ਕਿ ਮੈਂ ਕਮਜ਼ੋਰ ਨਾ ਹੋ ਜਾਵਾਂ। ਖੁਰਾਕ ਵਧਾ ਦਿੰਦਾ ਹੈ, ਹੋਰ ਗੱਲਾਂ ਕਰਦਾ ਹੈ, ਵਿਟਾਮਿਨ ਖਾਣ ਲਗ ਜਾਂਦਾ ਹੈ, ਦਵਾਈਆਂ ਖਾਂਦਾ ਹੈ ਤੇ ਜਿਸ ਵਕਤ 50 ਦਾ ਹੁੰਦਾ ਹੈ, ਲੱਖ ਦਵਾਈਆਂ ਖਾ ਲੈ, ਲੱਖ ਇਲਾਜ ਕਰਾ ਲੈ, ਪੈਰ ਥਿੜਕ ਜਾਂਦਾ ਹੈ ਉਥੋਂ, ਜਿਹੜੀ ਜਵਾਨੀ ਹੈ ਉਹ ਢਲਣੀ ਸ਼ੁਰੂ ਹੋ ਜਾਂਦੀ ਉਥੋਂ। 10 ਸਾਲ ਇਹ ਢਲਦੀ ਰਹਿੰਦੀ ਹੈ। ਪੈਰ ਜਿਹੜਾ ਹੈ ਖਿਸਕ ਜਾਇਆ ਕਰਦਾ ਹੈ। ਬੁਢੇਪਾ ਆ ਗਿਆ। ਮਹਾਂਪੁਰਸ਼ ਫੇਰ ਆਵਾਜ਼ਾਂ ਦਿੰਦੇ ਨੇ ਕਿ ਪਿਆਰਿਆ! ਕਿਹੜੇ ਸੁਪਨਿਆਂ 'ਚ ਤੂੰ ਪਿਆ ਹੈਂ, ਧਿਆਨ ਦੇਹ -

***ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥***
***ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥***
***ਅੰਗ - ੧੩੭੮***

ਕਾਲੇ ਜਿਹੜੇ ਸੀਗੇ ਉਹ ਉਡ ਗਏ, ਚਿੱਟੇ ਆ ਗਏ, ਵਾਰਨਿੰਗ ਆ ਗਈ ਕਿ ਤੇਰਾ ਅੱਧ ਮੁੱਕ ਚੁਕਿਆ

ਹੈ, ਜਿਹੜਾ ਬਾਕੀ ਦਾ ਅੱਧ ਰਹਿੰਦਾ ਹੈ, ਕੋਈ ਜ਼ਰੂਰੀ ਨਹੀਂ ਕਿ ਤੂੰ ਐਨਾ ਹੀ ਜੀਉਣਾ ਹੈ –

*ਨਹ ਬਾਰਿਕ ਨਹ ਜੋਬਨੈ*
*ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ*
*ਜਉ ਆਇ ਪਰੈ ਜਮ ਫੰਧੁ॥ ਅੰਗ – ੨੫੪*

ਫੰਧਾ ਗਲ 'ਚ ਪੈਣਾ ਹੈ, ਤੂੰ ਨਿਸ਼ਚਾ ਤਾਂ ਕਰ।

*ਫਰੀਦਾ ਕਿਥੈ ਤੈਡੇ ਮਾਪਿਆ*
*ਜਿਨ੍ਹੀ ਤੂ ਜਣਿਓਹਿ ॥*
*ਤੈ ਪਾਸਹੁ ਓਇ ਲਦਿ ਗਏ*
*ਤੂੰ ਅਜੈ ਨ ਪਤੀਣੋਹਿ॥ ਅੰਗ – ੧੩੮੧*

ਇਕ ਦਿਨ ਅਸੀਂ ਦੋਵੇਂ ਜਣੇ ਬੈਠੇ ਸੀ, ਤੁਹਾਡੇ ਬੀਜੀ ਤੇ ਮੈਂ, ਪਿੰਡ ਵਲ ਧਿਆਨ ਚਲਿਆ ਗਿਆ ਸਾਡਾ, ਉਹ ਗਿਣਨ ਲੱਗ ਗਏ ਕਿ ਮੁਹੱਲਾ ਭਰਿਆ ਪਿਆ ਸੀ, ਉਹ ਚਲੇ ਕਿੱਥੇ ਗਏ ਸਾਰੇ ? ਕਿੱਥੋਂ ਇਹ ਜੀਵ ਆਉਂਦਾ ਹੈ ਕਿੱਥੇ ਚਲਿਆ ਜਾਂਦਾ ਹੈ। ਥਾਉਂ ਤਾਂ ਖਾਲੀ ਨਹੀਂ ਹੁੰਦੀ, ਘਰ ਤਾਂ ਉਵੇਂ ਹੀ ਭਰੇ ਹੋਏ ਨੇ ਸਾਡੇ। ਪਰ ਜਿਹੜੇ ਨਾਲ ਸੀ ਉਨ੍ਹਾਂ 'ਚੋਂ ਨਜ਼ਰ ਹੀ ਕੋਈ ਨਹੀਂ ਆਉਂਦਾ। ਤਿੰਨ ਸਾਲ ਹੋਏ, ਮੇਰਾ ਇਕ ਬਚਪਨ ਦਾ ਸਕੂਲ ਪੜ੍ਹਨ ਵਾਲਾ ਮਿੱਤਰ ਸੀ ਤੇਜਾ ਸਿੰਘ, ਉਹ ਗੁਰਦੁਆਰੇ ਵਿਚ ਪਿਆ ਮੰਜੇ ਤੇ, ਕਿਉਂਕਿ ਬੁਢਾਪੇ ਦੇ ਵਿਚ ਐਹੋ ਜਿਹਾ ਹੀ ਹਾਲ ਹੋ ਜਾਇਆ ਕਰਦਾ ਹੈ, ਘਰ 'ਚ ਪੈਣ ਨਹੀਂ ਦਿੰਦੇ, ਗੁਰਦੁਆਰਿਆਂ 'ਚ ਬੰਦੋਬਸਤ ਹੁੰਦਾ ਹੈ, ਦਰਖਤਾਂ ਥੱਲੇ ਮੰਜੇ ਡਾਹ ਕੇ ਪੈ ਜਾਂਦੇ ਨੇ। ਮੈਂ ਗਿਆ, ਮੇਰੇ ਮੱਥੇ ਤੇ ਹੱਥ ਰੱਖਿਆ ਤੇ ਦੇਖਣ ਲਗ ਗਿਆ। ਕਹਿੰਦਾ, ਤੂੰ ਵਰਿਆਮ ਸਿਉਂ ਹੈਂ ? ਮੈਂ ਕਿਹਾ ਹਾਂ। ਮੈਂ ਐਵੇਂ ਉਹਨੂੰ ਪੁੱਛ ਲਿਆ ਕਿ ਗੁਰਦੇਵ ਸਿੰਘ ਹੁੰਦਾ ਸੀ ਆਪਣੇ ਨਾਲ, ਸੂਬੇਦਾਰ ਹੋ ਗਿਆ ਸੀ ਬਾਅਦ 'ਚ, ਉਹ ਹੈਗੇ ? ਇਕ ਦੋ ਦੇ ਮੈਂ ਹੋਰ ਨਾਉਂ ਲਏ। ਕਹਿਣ ਲੱਗਿਆ ਕਿ ਲੈ ਮੈਂ ਤੈਨੂੰ ਸਾਰੀ ਗੱਲ ਦਸਦਾ ਹਾਂ। ਜਿਹੜੇ ਤਾਂ ਆਪਣੇ ਤੋਂ ਪਹਿਲਾਂ ਵਸਦੇ ਸੀ ਉਹ ਤਾਂ ਸਾਰੇ ਹੀ ਗਿਣ ਲੈ। ਜਿਹੜੇ ਆਪਣੇ ਤੋਂ ਦੋ ਕੁ ਸਾਲ ਪਿੱਛੇ ਸੀ ਉਹ ਵੀ ਸਾਰੇ ਗਿਣ ਲੈ। ਇਕ ਦੋ ਨਾਉਂ ਲਏ ਉਹਨੇ, ਕਹਿਣ ਲੱਗਿਆ ਕਿ ਐਉਂ ਸਮਝ ਲੈ ਕਿ ਇਨ੍ਹਾਂ ਤੋਂ ਬਿਨਾਂ ਸਾਰੇ ਹੀ ਪਿੰਡ 'ਚੋਂ ਪ੍ਰਲੋਕ ਗਮਨ ਕਰ ਗਏ ਹਨ।

ਸੰਸਾਰ ਚਲਿਆ ਜਾ ਰਿਹਾ ਹੈ, ਨਜ਼ਰ ਆ ਰਿਹਾ ਹੈ ਲੇਕਿਨ ਮਨ ਨਹੀਂ ਮੰਨ ਰਿਹਾ ਕਿ ਮੈਂ ਵੀ ਜਾਣਾ ਹੈ ? ਮਹਾਰਾਜ ਬਾਰ-ਬਾਰ ਵਾਰਨਿੰਗ ਦੇਈ ਜਾਂਦੇ ਨੇ ਕਿ ਪਿਆਰਿਆ, ਤੇਰਾ ਕੁਛ ਨਹੀਂ ਵਿਗੜਿਆ, ਜੇ ਬੁਢਾਪਾ ਵੀ ਆ ਗਿਆ, ਵਿਗੜਿਆ ਨਾ ਸਮਝ ਤੂੰ। ਜੇ ਤੈਨੂੰ ਕੋਈ ਰੋਗ ਵੀ ਆ ਗਿਆ, ਉਸ ਤੋਂ ਪਹਿਲਾਂ-ਪਹਿਲਾਂ ਤੂੰ ਸਾਵਧਾਨ ਹੋ।

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥*
*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥ ੧ ॥*
*ਅੰਗ – ੧੧੫੯*

ਜਿਹੜਾ ਕੰਮ ਤੈਨੂੰ ਕਿਹਾ ਸੀ ਉਹ ਤੂੰ ਭੁੱਲ ਗਿਆ, ਮਹਾਤਮਾ ਹਾਕਾਂ ਮਾਰ-ਮਾਰ ਕੇ ਕਹਿੰਦੇ ਨੇ।

*ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥ ਅੰਗ – ੧੧੫੯*

ਇਹੀ ਲਾਹਾ ਤੂੰ ਲੈਣ ਵਾਸਤੇ ਆਇਆ ਹੈਂ, ਉਹ ਲਾਹਾ ਤੇਰੇ ਤੋਂ ਲਿਆ ਨਹੀਂ ਜਾ ਰਿਹਾ।

**ਧਾਰਨਾ – ਆਇਓ ਲਾਹਾ ਲੈਣ ਪ੍ਰਾਣੀ**
**ਆਇਓ ਲਾਹਾ ਲੈਣ।**

*ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥*
*ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥*
*ਅੰਗ – ੪੩*

ਕਿਹੜੇ ਕੰਮਾਂ 'ਚ ਪੈ ਗਿਆ, ਮਾੜੀਆਂ ਗੱਲਾਂ 'ਚ ਪੈ ਗਿਆ, ਇਹ ਤਾਂ ਤੇਰੀ ਧੁਰ ਦਰਗਾਹ ਤੋਂ ਲਿਖੀਆਂ ਹੋਈਆਂ ਸੀ, ਤੂੰ ਇਨ੍ਹਾਂ ਗੱਲਾਂ ਵਿਚ ਆਪਣਾ ਸਮਾਂ ਕਿਉਂ ਨਸ਼ਟ ਕਰ ਰਿਹਾ ਹੈਂ, ਜਿਸ ਕੰਮ ਨੂੰ ਕਰਨ ਵਾਸਤੇ ਆਇਆ ਹੈਂ, ਉਹ ਕਰ। ਉਹ ਤਾਂ ਸਮਾਂ ਤੇਰਾ ਲੰਘਦਾ ਜਾਂਦਾ ਹੈ –

*ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥*
*ਅੰਗ – ੧੧੫੯*

ਦੱਸੀ ਜਾਂਦੇ ਨੇ ਮਹਾਰਾਜ ਜੀ, ਆਹੀ ਲਾਹਾ ਹੈ ਜਿਨ੍ਹਾਂ ਤੇ ਤੂੰ ਆਸ ਰੱਖੀਂ ਬੈਠਾ ਹੈਂ, ਉਹ ਉਥੇ ਨਹੀਂ ਪਹੁੰਚ ਸਕਦੇ, ਉਥੇ ਇਕ ਸੱਜਣ ਨੇ ਤੇਰੇ ਨਾਲ ਜਾਣਾ ਹੈ –

*ਸਜਣ ਸੇਈ ਨਾਲਿ ਮੈ*
*ਚਲਦਿਆ ਨਾਲਿ ਚਲੰਨ੍ਹਿ ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥*
*ਅੰਗ – ੭੨੯*

ਉਹ ਸੱਜਣ ਹੈ ਸ਼ੁਭ ਕਰਮ, ਵਾਹਿਗੁਰੂ ਦਾ ਨਾਮ। ਇਹਨੇ ਤੇਰੀ ਸਹਾਇਤਾ ਕਰਨੀ ਹੈ।

**ਧਾਰਨਾ – ਤੇਰੀ ਨਾਮ ਨੇ ਸਹਾਇਤਾ ਕਰਨੀ,**
**ਔਖੀ ਵੇਲਾ।**

ਉਥੇ ਹੋਰ ਕੋਈ ਨਹੀਂ ਪਹੁੰਚਦਾ –

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥*
*ਜਹ ਮਹਾ ਭਇਆਨ ਦੂਤ ਜਮ ਦਲੈ ॥*
*ਤਹਿ ਕੇਵਲ ਨਾਮੁ ਸੰਗਿ ਤੇਰੈ ਚਲੈ ॥*
*ਜਹ ਮੁਸਕਲ ਹੋਵੈ ਅਤਿ ਭਾਰੀ ॥*

*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥*
*ਅਨਿਕ ਪੁਨਹਚਰਨ ਕਰਤ ਨਹੀ ਤਰੈ ॥*
*ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥*
*ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥*
*ਨਾਨਕ ਪਾਵਹੁ ਸੂਖ ਘਨੇਰੇ ॥ ਅੰਗ - ੨੬੪*

ਹਦ ਤੋਂ ਜ਼ਿਆਦਾ ਮੁਸ਼ਕਲਾਂ ਤਾਂ ਅਸੀਂ ਦੇਖੀਆਂ ਹੀ ਨਹੀਂ ਹੈਂ। ਮਹਾਰਾਜ ਕਹਿੰਦੇ ਨੇ 'ਅਤੀ' ਜਿਸ ਤੋਂ ਜ਼ਿਆਦਾ ਹੋਰ ਕੋਈ ਮੁਸ਼ਕਲ ਨਾ ਹੋਵੇ। ਉਥੇ ਵੀ ਪ੍ਰਮੇਸ਼ਰ ਦਾ ਨਾਮ ਇਕ ਛਿਨ ਦੇ ਵਿਚ ਤੇਰਾ ਉਧਾਰ ਕਰ ਦੇਵੇਗਾ। ਕਿੰਨੀਓਂ ਮੁਸ਼ਕਲ ਕਿਉਂ ਨਾ ਹੋਵੇ। ਬੰਦਿਆਂ ਦਾ ਤਾਂ ਕਰੇਗਾ, ਜਾਨਵਰਾਂ ਦਾ ਵੀ ਕਰ ਦਿੰਦਾ ਹੈ।

ਇਕ ਸਾਖੀ ਆਉਂਦੀ ਹੈ ਮਹਾਰਾਜ ਕਹਿੰਦੇ ਨੇ-

*ਜਬ ਹੀ ਸਰਨਿ ਗਹੀ ਕਿਰਪਾ ਨਿਧਿ*
*ਗਜ ਗਰਾਹ ਤੇ ਛੂਟਾ ॥*
*ਮਹਮਾ ਨਾਮ ਕਹਾ ਲਉ ਬਰਨਉ*
*ਰਾਮ ਕਹਤ ਬੰਧਨ ਤਿਹ ਤੂਟਾ ॥*
*ਅੰਗ - ੬੩੨*

ਹਾਥੀ ਜਿਹੜਾ ਸੀ ਸਵਰਗ 'ਚੋਂ ਗਿਰਿਆ ਹੋਇਆ ਦੇਵਤਾ ਸੀ, ਸਰਾਪ ਮਿਲਿਆ ਹੋਇਆ ਸੀ ਉਹਨੂੰ। ਹਾਥੀ ਬਣ ਗਿਆ, ਵਣ ਵਿਚ ਰਹਿਣ ਲਗ ਗਿਆ, ਤਾਕਤ ਬੇਅੰਤ ਸੀ, ਘੁਮੰਡ ਵਿਚ ਰਿਹਾ ਕਰਦਾ ਸੀ। ਇਕ ਵਾਰੀ ਉਹ ਦਰਿਆ 'ਚ ਨਾਹੁੰਣ ਚਲਿਆ ਗਿਆ, ਗਹਿਰਾ ਪਾਣੀ ਸੀ, ਉਥੋਂ ਤੰਦੂਆ ਨਿਕਲਿਆ ਉਹਨੇ ਫੜ ਲਿਆ ਆ ਕੇ। ਇਹ ਬਾਹਰ ਨੂੰ ਖਿਚਦਾ ਹੈ, ਉਹ ਅੰਦਰ ਨੂੰ ਖਿਚਦਾ ਹੈ, ਅਖੀਰ ਪਾਣੀ ਦੇ ਵਿਚ ਕਿੱਡਾ ਹੀ ਕੋਈ ਤਕੜਾ ਕਿਉਂ ਨਾ ਹੋਵੇ, ਉਹਦਾ ਬਲ ਨਹੀਂ ਕੰਮ ਕਰਿਆ ਕਰਦਾ। ਉਹਨੇ ਪਾਣੀ ਦੇ ਵਿਚ ਖਿਚ ਲਿਆ ਇਹਨੂੰ, ਇਹ ਡੁੱਬਣ ਲੱਗਿਆ, ਪਿਛਲਾ ਦੇਵ ਲੋਕ ਵਿਚ ਹੋਣ ਕਰਕੇ ਉਹਦੇ ਯਾਦ ਸੀ ਕਿ ਮਾਤ ਲੋਕ ਦੇ ਵਿਚ ਜੇ ਇਕ ਵਾਰੀ ਪ੍ਰਮੇਸ਼ਰ ਨੂੰ ਯਾਦ ਕਰ ਲਵੇ, ਉਥੇ ਪ੍ਰਮੇਸ਼ਰ ਨੂੰ ਜਾਣਾ ਹੀ ਪੈਂਦਾ ਹੈ ਓਸ ਵੇਲੇ। ਡੁਬਦੇ-ਡੁਬਦੇ ਨੇ ਉਹਨੇ ਕਿਹਾ ਕਿ 'ਰਾਮ' ਆਵਾਜ਼ ਆਈ ਇਕ ਵਾਰੀ ਸਿਰਫ ਇਕ ਵਾਰੀ। ਉਸੇ ਵੇਲੇ ਮਹਾਰਾਜ ਕਹਿੰਦੇ ਚੱਕਰਾਂ ਦੇ ਨਾਲ ਉਸੇ ਵੇਲੇ ਤੰਦੂਏ ਦੇ ਤੰਦ ਕੱਟ ਦਿਤੇ ਤੇ ਉਹਨੂੰ ਆਜ਼ਾਦ ਕਰ ਦਿਤਾ।

*ਮਹਮਾ ਨਾਮ ਕਹਾ ਲਉ ਬਰਨਉ*
*ਰਾਮ ਕਹਤ ਬੰਧਨ ਤਿਹ ਤੂਟਾ ॥ ਅੰਗ - ੬੩੨*

ਇਕ ਵਾਰੀ ਰਾਮ ਕਹਿਣ ਦਾ ਫਲ ਕਿੰਨਾ ਹੈ -

*ਨਾਮੁ ਸੁਣਤ ਜਮੁ ਦੂਰਹੁ ਭਾਗੈ॥ ਅੰਗ - ੧੧੫੦*

ਜਮ ਦੀ ਤਾਕਤ ਨਹੀਂ ਹੈ ਜਿੱਥੇ ਪ੍ਰਮੇਸ਼ਰ ਦਾ ਨਾਮ ਆ ਜਾਵੇ। ਉਥੋਂ ਨੱਠ ਜਾਂਦਾ ਹੈ ਪਰ ਉਹਦੇ ਅਸੂਲ ਨੇ ਇਕ ਤਾਂ ਗੈਰਹਾਜ਼ਰੀ 'ਚ ਪ੍ਰਮੇਸ਼ਰ ਦਾ ਨਾਮ ਲਿਆ ਜਾਂਦਾ ਹੈ, ਇਕ ਜਿਵੇਂ ਤੁਸੀਂ ਤੇ ਮੈਂ ਮੈਨੂੰ ਆਪਣੇ ਆਹਮੋ ਸਾਹਮਣੇ ਹਾਕ ਮਾਰੋਂ। ਹਾਜ਼ਰੀ ਦੇ ਵਿਚ ਕਿਹਾ ਹੋਇਆ ਰਾਮ ਪੂਰਾ ਫਲ ਦਿੰਦਾ ਹੈ ਇਕ ਵਾਰੀ ਦਾ ਵੀ ਕਿਹਾ ਹੋਇਆ।

ਇਕ ਮਹਾਂਪੁਰਸ਼ ਦੀ ਸਾਖੀ ਚਲਦੀ ਹੈ। ਕਿਉਂਕਿ ਮਹਾਂਪੁਰਸ਼ਾਂ ਦੇ ਬਚਨ ਜੋ ਹੁੰਦੇ ਨੇ ਅਨੁਭਵੀ ਹੁੰਦੇ ਨੇ। ਜੇ ਕੋਈ ਕਹੇ ਕਿ ਸਾਬਤ ਕਰਕੇ ਦਿਖਾਓ, ਤਾਂ ਉਹ ਕਹਿੰਦੇ ਨੇ ਕਿ ਇਹ ਤਾਂ ਵਾਦ-ਵਿਵਾਦ ਹੈ, ਤੂੰ ਆਰਾਮ ਕਰ, ਅਧਿਕਾਰੀ ਹੀ ਨਹੀਂ ਤੂੰ ਗੱਲ ਸੁਣਨ ਦਾ। ਸੋ ਉਨ੍ਹਾਂ ਨੇ ਪ੍ਰਮੇਸ਼ਰ ਵਲ ਲਾਉਣਾ ਹੈ ਸੰਸਾਰ ਨੂੰ। ਤਰਕਾਂ ਵਿਤਰਕਾਂ ਗਿਆਨੀਆਂ ਕੋਲ ਹੁੰਦੀਆਂ ਨੇ, ਸੰਤਾਂ ਕੋਲ ਨਹੀਂ। ਸੰਤਾਂ ਕੋਲ ਹੁੰਦਾ ਹੈ ਪਿਆਰ। ਪਿਆਰ ਦੇ ਵਿਚ ਕੋਈ ਤਰਕ ਹੀ ਨਹੀਂ ਹੁੰਦੀ। ਜੇ ਤਰਕ ਆ ਗਈ ਪਿਆਰ ਦੇ ਵਿਚ ਤਾਂ ਪਿਆਰ ਖਤਮ ਹੋ ਜਾਂਦਾ ਹੈ। ਸੋ ਸਤਿਸੰਗ ਵਿਚ ਮਹਾਂਪੁਰਸ਼ਾਂ ਨੇ ਕਿਹਾ ਕਿ ਅਤਿਥੀ ਨੂੰ ਪ੍ਰਸ਼ਾਦਾ ਛਕਾਉਣ ਦਾ ਬਹੁਤ ਵੱਡਾ ਫਲ ਹੁੰਦਾ ਹੈ। ਅਤਿਥੀ ਨੂੰ ਜਾਣਦੇ ਨਾ ਹੋਈਏ, ਮੁੜ ਕੇ ਉਹਨੂੰ ਮਿਲਣਾ ਨਾ ਹੋਵੇ, ਤੇ ਉਹ ਭੁੱਖਾ ਹੋਵੇ ਉਸ ਵੇਲੇ ਉਹਨੂੰ ਪ੍ਰਸ਼ਾਦਾ ਛਕਾ ਦੇਣਾ ਬੜਾ ਭਾਰੀ ਪੁੰਨ ਹੁੰਦਾ ਹੈ। ਵੱਡੇ-ਵੱਡੇ ਪੁੰਨ ਆਉਂਦੇ ਨੇ, ਧਾਰਮਿਕ ਇਤਿਹਾਸਾਂ 'ਚ।

ਇਕ ਵਾਰੀ ਬਿਕਰਮਾਜੀਤ ਨੇ ਰਾਜ ਪੰਡਤ ਨੂੰ ਪੁਛਿਆ ਕਿ ਤੂੰ ਜੋਤਿਸ਼ ਲਾ ਕੇ ਦੱਸ ਕਿ ਮੈਨੂੰ ਕਿ ਮੈਂ ਕਿਹੜਾ ਪੁੰਨ ਕਰਿਆ ਸੀ ਜਿਹਦੇ ਬਦਲੇ ਮੈਨੂੰ ਇਹ ਤਖਤ ਮਿਲਿਆ ਹੈ। ਜੋਤਸ਼ੀਆਂ ਨੂੰ ਬੁਲਾ ਲਿਆ, ਨਹੀਂ ਤਾਂ ਮੈਂ ਦੰਡ ਦੇਵਾਂਗਾ। ਸੱਤ ਦਿਨਾਂ ਦੀ ਮੋਹਲਤ ਦੇ ਦਿਤੀ, ਸੱਤਾਂ ਦਿਨਾਂ ਬਾਅਦ ਕੋਈ ਜਵਾਬ ਨਾ ਆਇਆ, ਅਖੀਰ ਰਾਜ ਪੰਡਤ ਦੀ ਲੜਕੀ ਨੇ ਦੇਖਿਆ ਤਾਂ ਉਸ ਨੇ ਪੁਛਿਆ ਕਿ ਪਿਤਾ ਜੀ! ਤੁਸੀਂ ਨਿਰਾਸ਼ ਕਿਉਂ ਹੋ? ਤਾਂ ਉਸਨੇ ਕਿਹਾ ਕਿ ਰਾਜੇ ਨੇ ਸਵਾਲ ਕੀਤਾ ਹੈ ਉਸ ਦਾ ਜਵਾਬ ਨਾ ਦਿਤਾ ਤਾਂ ਦੰਡ ਮਿਲਣਾ ਹੈ, ਜੇ ਮੈਂ ਕੱਲ੍ਹ ਤੱਕ ਨਾ ਦੇ ਸਕਿਆ।

ਉਸ ਨੇ ਪੁਛਿਆ ਕਿ ਪ੍ਰਸ਼ਨ ਕੀ ਹੈ ਤਾਂ ਰਾਜ ਪੰਡਤ ਨੇ ਦੱਸਿਆ ਕਿ ਮੈਂ ਕਿਹੜਾ ਪੁੰਨ ਕਰਿਆ ਹੈ ਜਿਹਦੇ ਕਰਕੇ ਮੈਨੂੰ ਐਡਾ ਭਾਰਤ ਵਰਸ਼ ਦਾ ਰਾਜ ਮਿਲਿਆ ਹੈ। ਦੱਖਣ ਦਾ ਰਾਜ ਉਸ ਕੋਲ ਨਹੀਂ ਸੀ। ਕਹਿਣ ਲੱਗੀ ਇਹਦੇ ਵਿਚ ਕੀ ਔਖਾ ਹੈ। ਇਹ ਗੱਲ ਤੁਸੀਂ ਮੈਨੂੰ ਪਹਿਲਾਂ ਹੀ ਦੱਸ ਦਿੰਦੇ। ਮੈਨੂੰ ਨਾਲ ਲੈ ਚੱਲਿਓ ਮੈਂ ਜਵਾਬ ਦੇਵਾਂਗੀ।

ਦੂਸਰੇ ਦਿਨ ਉਹਨੂੰ ਨਾਲ ਲੈ ਗਿਆ, ਜਦੋਂ ਸਵਾਲ ਕਰਿਆ ਬਿਕਰਮਾਜੀਤ ਨੇ ਤਾਂ ਕਹਿਣ ਲੱਗਿਆ ਮਹਾਰਾਜ! ਗੁਸਤਾਖੀ ਮਾਫ, ਮੇਰੀ ਲੜਕੀ ਜਵਾਬ

ਦੇਵੇਗੀ। ਕਹਿਣ ਲੱਗਿਆ ਮੈਂ ਤਾਂ ਜਵਾਬ ਚਾਹੁੰਦਾ ਹਾਂ ਚਾਹੇ ਕੋਈ ਦੇਵੋ।

ਲੜਕੀ ਕਹਿਣ ਲੱਗੀ ਕਿ ਮਹਾਰਾਜ ਮੈਂ ਜਵਾਬ ਤਾਂ ਦੇ ਦਿੰਦੀ ਹਾਂ, ਪਰ ਆਦਮੀ ਦਾ ਮਨ ਪਰਤੱਖ ਦੇਖੇ ਬਿਨਾਂ ਮੰਨਦਾ ਨਹੀਂ ਹੈ। ਰੱਬ ਸਾਰੇ ਪਰੀਪੂਰਨ ਹੈ ਕੋਈ ਥਾਂ ਐਸਾ ਨਹੀਂ ਹੈ, ਜਿਥੇ ਉਹ ਨਹੀਂ। ਅੰਦਰ ਵੀ ਬਾਹਰ ਵੀ ਸਭ ਤਾਂ ਹੈ।

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥*
**ਅੰਗ - ੨੯੪**

ਕੋਈ ਐਸਾ ਥਾਉਂ ਨਹੀਂ ਜਿੱਥੇ ਉਹ ਨਹੀਂ ਹੈ। ਪਰ ਇਹ ਦੱਸੋ ਕਿ ਕੋਈ ਮੰਨਦਾ ਵੀ ਹੈ ਏਸ ਚੀਜ਼ ਨੂੰ? ਜੇ ਤਾਂ ਮੰਨ ਗਿਆ ਮਹਾਰਾਜ ਕਹਿੰਦੇ ਨੇ -

*ਮੰਨੇ ਕੀ ਗਤਿ ਕਹੀ ਨ ਜਾਇ ॥*
*ਜੇ ਕੋ ਕਹੈ ਪਿਛੈ ਪਛੁਤਾਇ ॥*
*ਕਾਗਦਿ ਕਲਮ ਨ ਲਿਖਣਹਾਰੁ ॥*
*ਮੰਨੇ ਕਾ ਬਹਿ ਕਰਨਿ ਵੀਚਾਰੁ ॥*
*ਐਸਾ ਨਾਮੁ ਨਿਰੰਜਨੁ ਹੋਇ ॥*
*ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੨ ॥*
*ਮੰਨੈ ਸੁਰਤਿ ਹੋਵੈ ਮਨਿ ਬੁਧਿ ॥*
*ਮੰਨੈ ਸਗਲ ਭਵਣ ਕੀ ਸੁਧਿ ॥*
*ਮੰਨੈ ਮੁਹਿ ਚੋਟਾ ਨਾ ਖਾਇ ॥*
*ਮੰਨੈ ਜਮ ਕੈ ਸਾਥਿ ਨ ਜਾਇ ॥*
*ਐਸਾ ਨਾਮੁ ਨਿਰੰਜਨੁ ਹੋਇ ॥*
*ਜੇ ਕੋ ਮੰਨਿ ਜਾਣੈ ਮਨਿ ਕੋਇ ॥* **ਅੰਗ - ੩**

ਇਹ ਜੋ ਅਨੁਭਵ ਹੈ ਵਾਹਿਗੁਰੂ ਦੀ ਪਰੀਪੂਰਨਤਾ, ਇਹਨੂੰ ਨਾਮ ਦੀ ਪ੍ਰਾਪਤੀ ਕਹਿੰਦੇ ਨੇ, ਆਖਰੀ ਅਵਸਥਾ ਹੈ ਇਹ ਬ੍ਰਹਮਗਿਆਨੀਆਂ ਦੇ ਅੰਦਰ ਜਾਗਦੀ ਹੈ, ਏਸ ਕਰਕੇ ਨਾਮ ਦੀ ਕੋਈ ਕੀਮਤ ਨਹੀਂ ਹੈ।

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ*
*ਸੇ ਨਾਨਕ ਹਰਿ ਰੰਗੁ ਮਾਣਦੋ॥* **ਅੰਗ - ੮੧**

ਕੋਈ ਮੰਨਦਾ ਹੈ? ਕਰੋੜ ਬੰਦਾ ਲੈ ਆਓ, ਕਰੋੜ 'ਚੋਂ ਇਕ ਵੀ ਨਹੀਂ ਮੰਨਦਾ। ਕੋਈ ਮਹਾਂਪੁਰਸ਼ ਜਿਹਦੇ ਨੇਤਰ ਖੁਲ੍ਹ ਗਏ ਉਹ ਮੰਨ ਲੈਂਦਾ ਹੈ ਹਰ ਕੋਈ ਨਹੀਂ ਮੰਨਦਾ। ਮਹਾਰਾਜ ਨੇ ਚਾਰ ਪਉੜੀਆਂ ਲਿਖੀਆਂ ਨੇ 'ਮੰਨਣ' ਦੀਆਂ ਜਪੁਜੀ ਸਾਹਿਬ ਵਿਚ। ਪਰ ਨਹੀਂ ਮੰਨਦਾ। ਕਹਿਣ ਲੱਗੀ ਮਹਾਰਾਜ! ਦੇਖੇ ਬਗੈਰ ਬੰਦਾ ਮੰਨਦਾ ਨਹੀਂ, ਕਈ ਵਾਰੀ ਦੇਖਣ ਤੋਂ ਵੀ ਨਹੀਂ ਮੰਨਦਾ। ਤੁਹਾਨੂੰ ਮੈਂ ਪ੍ਰਤੱਖ ਦਿਖਾਉਣਾ ਚਾਹੁੰਦੀ ਹਾਂ। ਕਹਿਣ ਲੱਗਿਆ ਦੱਸ। ਕਹਿੰਦੀ ਇਥੋਂ 35 ਮੀਲ ਦੇ ਉਤੇ ਇਕ ਮਹਾਤਮਾ ਨੇ ਉਹ ਸੁਆਹ ਘੋਲ ਕੇ ਪੀਂਦੇ ਨੇ, ਉਹ ਦੱਸਣਗੇ ਤੁਹਾਨੂੰ।

ਅਤਾ ਪਤਾ ਸੁਣ ਲਿਆ ਸਾਰਾ, ਉਥੇ ਚਲਿਆ ਗਿਆ। ਜਾ ਕੇ ਪੁਛਿਆ ਤਾਂ ਉਹਨੇ ਕਿਹਾ ਕਿ ਮੈਂ ਤੈਨੂੰ ਦੱਸ ਦਿੰਦਾ ਹਾਂ ਤੇਰਾ ਮਨ ਨਹੀਂ ਮੰਨਣਾ। ਤੂੰ ਐਉਂ ਕਰ, ਇਥੇ ਇਕ ਹੋਰ ਮਹਾਤਮਾ ਨੇ 40 ਮੀਲ ਤੇ ਉਹ ਕੋਲੇ ਮੂੰਹ ਵਿਚ ਪਾਉਂਦੇ ਨੇ, ਜਲਦਾ-ਜਲਦਾ ਕੋਲਾ ਮੂੰਹ ਵਿਚ ਪਾ ਲੈਂਦੇ ਨੇ ਤੇ ਦੰਦਾਂ ਨਾਲ ਚੱਬ ਦਿੰਦੇ ਨੇ। ਉਥੇ ਚਲਿਆ ਗਿਆ। ਉਹਨੇ ਵੀ ਕਿਹਾ ਕਿ ਦੱਸ ਤਾਂ ਮੈਂ ਤੈਨੂੰ ਦੇਵਾਂ ਪਰ ਐਸੀਓ ਗੱਲ ਹੋਈ ਹੋਈ ਹੈ ਕਿ ਮੈਂ ਦੱਸ ਨਹੀਂ ਸਕਦਾ। ਜੇ ਤੂੰ ਪੁੱਛਣਾ ਹੈ ਤਾਂ ਫਲਾਨੇ ਥਾਂ ਕੱਲ੍ਹ ਨੂੰ ਇਕ ਬਾਲਕ ਨੇ ਜਨਮ ਲੈਣਾ ਹੈ, ਉਹ ਕਈ ਵਾਰੀ ਜੰਮਿਆ ਹੈ ਤੇ ਕਈ ਵਾਰੀ ਮਰਿਆ ਹੈ। ਉਹ ਤੇਰਾ ਇੰਤਜ਼ਾਰ ਕਰਦਾ ਹੈ, ਜਦੋਂ ਉਹ ਤੈਨੂੰ ਮਿਲੇਗਾ ਤਾਂ ਉਹਦਾ ਜਿਹੜਾ ਸਰਾਪ ਹੈ ਉਹ ਫੇਰ ਲਹਿਣਾ ਹੈ।

ਉਥੇ ਚਲਿਆ ਗਿਆ, ਬੱਚਾ ਜਦੋਂ ਪੈਦਾ ਹੋਇਆ, ਕੋਲ ਬੁਲਾਇਆ। ਕਹਿਣ ਲੱਗਿਆ, ਮੈਂ ਤੇਰੇ ਕੋਲ ਆਇਆ ਹਾਂ ਆਹ ਗੱਲ ਪੁੱਛਣ। ਉਸ ਵੇਲੇ ਉਹ ਬੋਲ ਪਿਆ। ਕਹਿਣ ਲੱਗਿਆ ਕਿ ਰਾਜਨ! ਮੈਂ ਤੇਰਾ ਹੀ ਇੰਤਜ਼ਾਰ ਕਰਦਾ ਸੀ, ਕਿੰਨੇ ਜਨਮਾਂ ਤੋਂ ਮੈਂ ਜੰਮਦਾ ਮਰਦਾ ਰਿਹਾ ਹਾਂ। ਆਪਾਂ ਚਾਰੋ ਜਣੇ ਤੂੰ, ਮੈਂ, ਜਿਹੜਾ ਕੋਲੇ ਖਾਂਦਾ ਹੈ ਉਹ ਮਹਾਤਮਾ ਤੇ ਜਿਹੜਾ ਸੁਆਹ ਘੋਲ ਕੇ ਪੀਂਦਾ ਹੈ ਉਹ; ਘੋਰ ਤਪ ਕਰ ਰਹੇ ਸੀ। ਸਾਡੀ ਤਪਸਿਆ ਦਾ ਇਮਤਿਹਾਨ ਲੈਣ ਵਾਸਤੇ ਭਗਵਾਨ ਆ ਗਏ, ਬਿਰਧ ਰੂਪ ਧਾਰ ਕੇ। ਇਹ ਜਿਹੜੀ ਲੜਕੀ ਨੇ ਤੈਨੂੰ ਭੇਜਿਆ ਹੈ, ਰਾਜ ਪੰਡਤ ਦੀ ਨੇ ਉਹ ਆਪਾਂ ਚਾਰਾਂ ਨੂੰ ਦੋ-ਦੋ ਪ੍ਰਸ਼ਾਦੇ ਲਿਆਇਆ ਕਰਦੀ ਸੀ ਤੇ ਜਿਸ ਵਕਤ ਭਗਵਾਨ ਅਤਿਥੀ ਬਣ ਕੇ, ਬੁੱਢੇ ਬ੍ਰਾਹਮਣ ਦਾ ਰੂਪ ਧਾਰ ਕੇ ਆਇਆ ਤਾਂ ਆਉਂਦਾ ਹੀ ਕਹਿਣ ਲੱਗਿਆ ਕਿ ਮੈਂ ਬੜਾ ਭੁੱਖਾ ਹਾਂ ਮੈਨੂੰ ਕੁਛ ਖਾਣ ਨੂੰ ਦਿਓ ਤੇ ਪਹਿਲੇ ਨੇ ਕਿਹਾ ਕਿ ਇਕ ਰੋਟੀ ਤੂੰ ਲੈ ਲੈ, ਇਕ ਮੈਂ ਲੈ ਲੈਂਦਾ ਹਾਂ। ਰੋਟੀ ਖਾ ਲਈ। ਅਸੂਲ ਇਹ ਹੈ ਕਿ ਜੇ ਕੋਈ ਅਤਿਥੀ ਆ ਜਾਵੇ ਤਾਂ ਉਦੋਂ ਤੱਕ ਆਪ ਪ੍ਰਸ਼ਾਦਾ ਨਹੀਂ ਛਕੀਦਾ ਜਦੋਂ ਤਕ ਉਹ ਰੱਜ ਨਹੀਂ ਜਾਂਦਾ। ਪਹਿਲਾਂ ਉਹਨੂੰ ਛਕਾਉਣਾ ਫੇਰ ਪਿਛੋਂ ਆਪ

ਛਕਣਾ। ਹੁਣ ਅੱਜਕਲ੍ਹ ਤਾਂ ਇਹ ਗੱਲ ਕਰਦੇ ਹੀ ਨਹੀਂ ਕਹਿੰਦੇ ਨੇ ਸਾਰੇ ਇਕੱਠੇ ਹੀ ਬੈਠ ਕੇ ਖਾ ਲੈਂਦੇ ਹਾਂ।

ਸੋ ਉਹ ਕਹਿਣ ਲੱਗਿਆ ਕਿ ਮੈਂ ਨਹੀਂ ਰੱਜਿਆ ਤਾਂ ਉਹਨੇ ਅੱਧੀ ਰੋਟੀ ਹੋਰ ਤੋੜ ਕੇ ਦੇ ਦਿਤੀ। ਜਦੋਂ ਉਹਨੇ ਕਿਹਾ ਕਿ ਮੈਂ ਨਹੀਂ ਰੱਜਿਆ ਆਹ ਵੀ ਅੱਧੀ ਦੇ ਦੇ ਤਾਂ ਉਹਨੇ ਕਿਹਾ ਕਿ ਮੈਂ ਸੁਆਹ ਖਾਊਂਗਾ, ਕਹਿੰਦੇ ਤਥਾਅਸਤੂ। ਅਗਲੇ ਕੋਲ ਆ ਗਏ, ਉਹਨੇ ਵੀ ਇਸੇ ਤਰ੍ਹਾਂ ਜਦੋਂ ਆਖਰੀ ਅੱਧੀ ਰੋਟੀ ਮੰਗੀ ਤਾਂ ਉਹ ਕਹਿਣ ਲੱਗਿਆ ਕਿ ਮੈਂ ਅੰਗਿਆਰ ਖਾਊਂ। ਉਹ ਕਹਿੰਦੇ ਤਥਾ ਅਸਤੂ। ਜਦੋਂ ਮੇਰੇ ਕੋਲ ਆਏ ਤਾਂ ਮੈਂ ਕਿਹਾ ਕਿ ਮਰਨਾ ਹੈ ਨਾ ਰੋਟੀ ਖਾ ਕੇ। ਉਹ ਜਦੋਂ ਤੇਰੇ ਕੋਲ ਆਏ ਤਾਂ ਤੂੰ ਪ੍ਰਸ਼ਾਦਾ ਖੁਸ਼ੀ ਨਾਲ ਦੇ ਦਿਤਾ। ਨਾਲ ਇਹ ਕਿਹਾ ਕਿ ਮਹਾਂਪੁਰਸ਼ੋ! ਅਸੀਂ ਕਦੇ ਪ੍ਰਸ਼ਾਦਾ ਲੈਣ ਤਾਂ ਨਹੀਂ ਜਾਂਦੇ, ਪਰ ਤੁਸੀਂ ਹੁਣ ਅਤਿਥੀ ਆਏ ਹੋਂ, ਅਤਿਥੀ ਸੇਵਾ ਦੇ ਵਿਚ ਜੇ ਮੈਂ ਜਾ ਕੇ ਮੰਗ ਵੀ ਲਿਆਵਾਂ ਕੋਈ ਦੋਸ਼ ਨਹੀਂ ਹੈ। ਜਿਸ ਵਕਤ ਤੂੰ ਤੁਰਿਆ ਉਸ ਵਕਤ ਤੂੰ ਤੁਰਿਆ, ਉਸ ਵੇਲੇ ਉਨ੍ਹਾਂ ਨੇ ਆਪਣਾ ਸਰੂਪ ਦਿਖਾ ਦਿਤਾ। ਅਸੀਂ ਤਿੰਨੋਂ ਜਣੇ ਹੈਰਾਨ ਹੋ ਗਏ ਕਿ ਭਗਵਾਨ ਨੇ ਸਾਡਾ ਟੈਸਟ ਲਿਆ ਸੀ ਅਸੀਂ ਫੇਲ੍ਹ ਹੋ ਗਏ। ਉਸ ਵੇਲੇ ਉਨ੍ਹਾਂ ਨੇ ਕਿਹਾ ਕਿ ਆਹ ਜਿਹੜਾ ਤੂੰ ਪ੍ਰਸ਼ਾਦਾ ਛਕਾਇਆ ਹੈ ਨਾ ਹਰਜ਼ਾਨੇ ਦੇ ਵਿਚ ਤੂੰ ਅਗਲੇ ਜਨਮ ਦੇ ਵਿਚ ਬਾਦਸ਼ਾਹ ਬਣੇਂਗਾ, ਅਤਿਥੀ ਸੇਵਾ ਦਾ ਫਲ। ਅਸੀਂ ਚਰਨ ਫੜ ਲਏ, ਅਸੀਂ ਕਿਹਾ ਕਿ ਸਾਡਾ ਕੀ ਹਾਲ ਹੋਏਗਾ, ਇਹ ਬਚਨ ਤਾਂ ਜਾਣਾ ਨਹੀਂ ਹੈ। ਕਹਿੰਦੇ, ਜਦੋਂ ਤੱਕ ਇਹ ਰਾਜਾ ਹੋ ਕੇ ਸਵਾਲ ਨਹੀਂ ਪੁੱਛੇਗਾ ਕਿ ਮੈਂ ਕਿਹੜਾ ਕੰਮ ਕਰਿਆ ਜਿਸ ਕਰਕੇ ਮੈਨੂੰ ਐਨਾ ਰਾਜ ਮਿਲਿਆ ਹੈ ਉਸ ਵੇਲੇ ਜਿਹੜੀ ਲੜਕੀ ਤੁਹਾਡੀ ਸੇਵਾ ਕਰਦੀ ਹੈ, ਉਹ ਰਾਜ ਪੰਡਤ ਦੀ ਲੜਕੀ ਹੋਏਗੀ ਅਗਲੇ ਜਨਮ ਵਿਚ। ਅਸੀਂ ਪੁਛਿਆ ਕਿ ਮਹਾਰਾਜ! ਅਸੀਂ ਬਖਸ਼ੇ ਕਦੋਂ ਜਾਵਾਂਗੇ? ਉਹ ਕਹਿੰਦੇ, ਜਦੋਂ ਇਹ ਪੁੱਛੇਗਾ ਕਿ ਮੈਂ ਕਿਹੜਾ ਕਰਮ ਕੀਤਾ ਜਿਹਦੇ ਕਰਕੇ ਮੈਨੂੰ ਰਾਜ ਮਿਲਿਆ। ਰਾਜ ਪੰਡਤ ਦੀ ਲੜਕੀ ਜਿਹੜੀ ਤੁਹਾਡੀ ਸੇਵਾ ਕਰਦੀ ਹੈ ਉਹਨੂੰ ਵੀ ਗਿਆਨ ਹੋਏਗਾ, ਤੁਹਾਨੂੰ ਵੀ ਗਿਆਨ ਹੋਏਗਾ ਤਦ ਤੁਸੀਂ ਇਹਨੂੰ ਇਸ ਕੋਲ ਭੇਜੋਗੇ ਜਿਹੜਾ ਜੰਮਦਾ ਮਰਦਾ ਰਹਿੰਦਾ ਹੈ। ਫੇਰ ਸਾਡੇ ਬਚਨ ਦਾ ਅੰਤ ਹੋਏਗਾ। ਸੋ ਇਸ ਤਰ੍ਹਾਂ ਐਨਾ ਵੀ ਫਲ ਬਹੁਤ ਹੋ ਜਾਂਦਾ ਹੈ, ਜਿਹੜਾ ਨਾਮ ਹੈ ਉਹਦਾ ਤਾਂ ਕਹਿਣਾ ਹੀ ਕੀ ਹੈ। ਇਹ ਕਥਾ ਸੁਣ ਕੇ ਸੇਠ ਨੇ ਕਿਹਾ ਕਿ ਮੈਂ ਅਤਿਥੀ ਸੇਵਾ ਕਰਨੀ ਹੈ, ਉਹ ਰੋਜ਼ ਪ੍ਰਸ਼ਾਦਾ ਛਕਾਇਆ ਕਰੇ, ਪਹਿਲੇ ਜ਼ਮਾਨਿਆਂ 'ਚ ਨੇਕ ਬੰਦੇ ਸੀ, ਉਹ ਰਸਤਿਆਂ ਤੇ ਖੜ੍ਹ ਜਾਂਦੇ ਸੀ, ਪੈਦਲ ਜਾਂਦੇ ਹੁੰਦੇ ਸੀ ਜਿਹੜੇ ਉਨ੍ਹਾਂ ਨੂੰ ਕਹਿਣਾ ਕਿ ਭਾਈ ਹੁਣ ਜਾਹ ਨਾ, ਅੱਗੇ ਚੋਰਾਂ ਚਕਾਰਾਂ ਦਾ ਡਰ ਹੈ, ਸਾਡੇ ਰਾਤ ਵੀ ਕੱਟ ਤੇ ਪ੍ਰਸ਼ਾਦਾ ਵੀ ਛਕ, ਸਾਨੂੰ ਸੇਵਾ ਕਰਨ ਦਾ ਮੌਕਾ ਦਿਓ।

ਸਾਡੇ ਬਾਬਾ ਜੀ ਸੀ ਉਨ੍ਹਾਂ ਨੇ ਆਥਣੇ ਹੀ ਚਲੇ ਜਾਣਾ ਬਾਹਰ। ਉਨ੍ਹਾਂ ਨੇ ਕੋਈ ਨਾ ਕੋਈ ਰੋਜ਼ ਹੀ ਲੈ ਆਉਣਾ। ਕੋਈ ਗੱਡਿਆਂ ਵਾਲਾ ਹੋਣਾ, ਬਾਹਰ ਘਰ ਸੀਗਾ ਉਥੇ ਉਹ ਰਹਿੰਦੇ ਤੇ ਪ੍ਰਸ਼ਾਦਾ ਛਕਾਉਂਦੇ ਹੁੰਦੇ। ਇਹ ਆਮ ਹੀ ਪੁਰਾਣੇ ਬਜ਼ੁਰਗਾਂ 'ਚ ਰੀਤ ਸੀ। ਸੋ ਇਸ ਤਰ੍ਹਾਂ ਨਾਲ ਉਹਨੇ ਕਿਹਾ ਕਿ ਮੈਂ ਅਤਿਥੀ ਨੂੰ ਪ੍ਰਸ਼ਾਦਾ ਛਕਾਉਣਾ ਹੈ। ਉਹਦਾ ਨੇਮ ਨਿਭਦਾ ਗਿਆ, ਅਖੀਰ ਕਸਵੱਟੀ ਲਗ ਗਈ ਉਸ 'ਤੇ। ਪੰਜ ਦਿਨ ਮੀਂਹ ਪੈਂਦਾ ਰਿਹਾ, ਕੋਈ ਅਤਿਥੀ ਨਾ ਆਇਆ, ਉਹਨੇ ਕਿਹਾ ਕਿ ਮੈਂ ਪ੍ਰਸ਼ਾਦਾ ਕਿਵੇਂ ਛਕ ਲਵਾਂ, ਮੈਂ ਤਾਂ ਅਤਿਥੀ ਨੂੰ ਛਕਾ ਕੇ ਛਕਾਂਗਾ। ਕਹਿਣ ਲੱਗੇ ਕਿ ਅੱਜ ਜੇ ਕੋਈ ਅਤਿਥੀ ਨਾ ਆਇਆ ਤਾਂ ਅੱਗ ਵਿਚ ਚਿਖਾ ਜਲਾ ਕੇ ਮਰ ਜਾਣਾ ਹੈ। ਸਾਰਿਆਂ ਨੂੰ ਫਿਕਰ ਪੈ ਗਿਆ। ਭਰਾ ਉਹਦਾ ਨਾਸਤਕ ਸੀ, ਰੱਬ ਨੂੰ ਨਹੀਂ ਸੀ ਮੰਨਦਾ, ਨਾ ਕਿਸੇ ਗੱਲ ਨੂੰ ਮੰਨਦਾ ਸੀ, ਕਹਿਣ ਲੱਗਿਆ ਦੇਖਿਆ, ਸਵਾਦ ਲੈ ਲਿਆ ਭਗਤੀ ਕਰਕੇ। ਅਸੀਂ ਦੇਖੋ ਸ਼ਰਾਬਾਂ ਕਬਾਬਾਂ ਸਭ ਖਾਂਦੇ ਪੀਂਦੇ ਹਾਂ। ਆਰਾਮ ਨਾਲ ਰਹਿੰਦੇ ਹਾਂ, ਕਹਿੰਦੇ ਹੁਣ ਦੇਖੋ ਜਲ ਜਾਏਗਾ ਇਹ, ਅਤੇ ਆਪਣੇ ਸਿਰੜ ਦਾ ਬਹੁਤ ਪੱਕਾ ਹੈ। ਪਿੰਡ ਦੇ ਨੌਜਵਾਨ ਟੋਲ੍ਹਦੇ ਫਿਰਦੇ ਨੇ, ਉਤੋਂ ਮਕਾਨ ਤੋਂ ਦੇਖਿਆ ਕਿ ਇਕ ਬਿਰਦ ਆ ਰਿਹਾ ਹੈ, ਸੂਰਜ ਛਿਪਣ ਵਾਲਾ ਹੈ, ਦੌੜ ਗਏ ਕਹਿਣ ਲੱਗੇ ਕਿ ਬਾਬਾ ਜਲਦੀ ਚਲ। ਉਹ ਕਹਿਣ ਲੱਗਿਆ ਕਿ ਮੈਂ ਕਿਵੇਂ ਜਲਦੀ ਚਲਾਂ, ਮੈਨੂੰ ਪੰਜ ਦਿਨ ਹੋ ਗਏ ਪ੍ਰਸ਼ਾਦਾ ਛਕੇ ਨੂੰ। ਉਹ ਲੈ ਆਉਂਦੇ ਨੇ, ਤੇ ਉਸ ਨੇ ਪ੍ਰਸ਼ਾਦਾ ਛਕਿਆ। ਸੇਠ ਬਚ ਗਿਆ ਤੇ ਜਿਹੜੇ ਬੈਠੇ ਨੇ ਉਹ ਕਹਿਣ ਲੱਗੇ ਕਿ ਦੇਖੋ ਇਹਦਾ ਸਿਰੜ। ਇਹ ਜਿਹੜਾ ਨੇਮ ਹੈ ਇਹ ਆਦਮੀ ਨੂੰ ਲੰਘਾ ਦਿਆ ਕਰਦਾ ਹੈ, ਕੋਈ ਵੀ ਨੇਮ ਕਰ ਲਓ ਚਾਹੇ। ਉਹਨੂੰ ਕਿਹਾ ਕਿ ਪ੍ਰੇਮੀਆ! ਤੂੰ ਵੀ ਰਾਮ ਦਾ ਨਾਮ ਜਪਿਆ ਕਰ। ਕਹਿਣ ਲੱਗਿਆ ਕਿ ਮੈਂ ਸਾਲੇ ਰਾਮ ਦਾ ਕੋਈ ਨਾਮ ਨਹੀਂ ਜਪਦਾ। ਉਹ ਕਹਿੰਦੇ ਕਿ ਤੇਰੇ ਮੂੰਹ 'ਚੋਂ ਤਾਂ ਹੁਣ ਨਿਕਲ ਗਿਆ ਰਾਮ। ਰਿਸ਼ਤੇਦਾਰ ਬਣਾ ਕੇ ਤੂੰ ਨਾਮ ਲਿਆ ਹੈ ਚਲੋ ਠੀਕ ਹੈ। ਕਹਿੰਦੇ ਜਾਹ ਹੁਣ ਐਉਂ ਕਰੀਂ ਤੇਰੀ ਅੱਜ ਮੌਤ ਹੋ ਜਾਣੀ ਹੈ ਦੱਸ ਵਜੇ ਰਾਤ ਨੂੰ। ਸਾਰੀ ਜ਼ਿੰਦਗੀ ਤੂੰ ਪਾਪ ਕੀਤੇ ਨੇ, ਪਾਪ ਕਰਨ ਦਾ ਨਤੀਜਾ ਇਹ ਹੋਏਗਾ ਕਿ ਜਮਦੂਤਾਂ ਨੇ ਆ ਕੇ ਬੁਰਾ ਹਾਲ ਤੇਰਾ ਕਰ ਦੇਣਾ ਹੈ, ਮਾਰਦੇ ਕੁਟਦੇ ਤੈਨੂੰ ਲੈ ਕੇ ਜਾਣਗੇ। ਧਰਮਰਾਜ ਦੇ ਜਾ ਕੇ ਤੈਨੂੰ ਨਰਕਾਂ ਵਿਚ ਸੁੱਟਣਗੇ, ਹੁਣ ਮੰਨ ਚਾਹੇ ਨਾ ਮੰਨ। ਸਾਮ੍ਹਣੇ ਹੀ ਆ ਜਾਣਾ ਹੈ, ਫੇਰ ਮੰਨੇਂਗਾ। ਫੇਰ ਪਛਤਾਉਣ ਦਾ ਕੀ ਫਾਇਦਾ। ਉਥੇ ਚਲਿਆ ਜਾਂਦਾ ਹੈ, ਜਾ ਕੇ ਕੁੱਟ ਮਾਰ ਬਹੁਤ ਹੋਈ ਹੋਈ

ਹੈ, ਚਿਤਰਗੁਪਤ ਨੂੰ ਕਿਹਾ ਕਿ ਕੀ ਹਾਲ ਹੈ ਇਹਦੇ ਕਰਮਾਂ ਦਾ। ਕਹਿੰਦਾ ਕਰਮ ਇਹਦੇ ਸਭ ਕਾਲੇ ਨੇ। ਕਹਿੰਦੇ, ਕਿਉਂ ਬਈ ਕੁਛ ਕਹਿਣਾ ਚਾਹੁੰਦਾ ਹੈਂ। ਕਹਿੰਦਾ ਮਹਾਰਾਜ! ਇਕ ਵਾਰੀ ਮੇਰੇ ਮੂੰਹ 'ਚੋਂ ਰਾਮ ਨਿਕਲਿਆ ਹੈ ਜ਼ਿੰਦਗੀ 'ਚ, ਚਿਤਰਗੁਪਤਾਂ ਨੇ ਕਿਹਾ ਕਿ ਲਿਖਿਆ ਤਾਂ ਹੈ ਅਸੀਂ ਪਰ ਇਹਨੇ ਗਾਲ੍ਹ ਕੱਢ ਕੇ ਰਾਮ ਕਿਹਾ ਸੀ। ਧਰਮਰਾਜ ਜਿਹੜਾ ਹੈ ਉਹ ਪੂਰਾ ਨਿਆਂ ਕਰਦਾ ਹੈ, ਉਹਨੇ ਕਿਹਾ ਕਿ ਰਾਮ ਤਾਂ ਕਿਹਾ ਹੈ ਨਾ ਇਹਨੇ, ਇਹਦਾ ਫਲ ਦੋ ਘੜੀ ਸਵਰਗ 'ਚ ਦੇ ਦਿੰਦੇ ਹਾਂ। ਕਹਿੰਦੇ, ਸਵਰਗ 'ਚ ਭੇਜ ਦੇਈਏ ਤੈਨੂੰ? ਕਹਿੰਦਾ, ਨਹੀਂ ਮੈਂ ਤਾਂ ਮੁੱਲ ਲੈਣਾ ਹੈ ਇਹਦਾ। ਮੁੱਲ ਲੈਣ ਵਾਸਤੇ ਧਰਮਰਾਜ ਹੈਰਾਨ ਹੋ ਗਿਆ। ਬ੍ਰਹਮਾ ਜੀ ਕੋਲ ਗਿਆ ਕਿ ਤੁਸੀਂ ਜੀਵਾਂ ਨੂੰ ਪੈਦਾ ਕਰਦੇ ਓਂ, ਰਾਮ ਦੇ ਨਾਮ ਦਾ ਕੋਈ ਮੁੱਲ ਦੱਸੋ। ਕਹਿਣ ਲੱਗੇ ਕਿ ਮੈਂ ਤਾਂ ਬੇਵਸ ਹਾਂ ਦੱਸਣ ਤੋਂ ਸ਼ਿਵ ਜੀ ਤੋਂ ਪੁੱਛੋ, ਉਹ ਵੀ ਕਹਿਣ ਲੱਗੇ ਕਿ ਵਿਸ਼ਨੂੰ ਜੀ ਨੂੰ ਪੁੱਛੋ, ਉਹ ਮਹਾਂਦੇਵਤਾ ਨੇ। ਉਥੇ ਚਲੇ ਗਏ ਸਾਰੇ, ਜੀਵ ਨਾਲ ਹੈ। ਕਹਿਣ ਲੱਗੇ ਕਿ ਮਹਾਰਾਜ! ਆਹ ਸਮੱਸਿਆ ਆ ਗਈ। ਉਨ੍ਹਾਂ ਨੇ ਉਸੇ ਵੇਲੇ ਦੇਵ ਗਣ ਬੁਲਾ ਕੇ ਕਹਿਣ ਲੱਗੇ ਕਿ ਇਹਨੂੰ ਬੈਕੁੰਠ 'ਚ ਲੈ ਜਾਓ। ਉਸ ਵੇਲੇ ਸਾਰਿਆਂ ਦਾ ਖਹਿੜਾ ਛੁਟ ਗਿਆ, ਥੋੜ੍ਹੀ ਦੇਰ ਬਾਅਦ ਫੇਰ ਮੁੜ ਆਏ ਦੁਬਾਰਾ। ਕਹਿਣ ਲੱਗੇ, ਕੀ ਗੱਲ ਤੁਸੀਂ ਮੁੜ ਆਏ। ਉਹ ਕਹਿਣ ਲੱਗੇ ਕਿ ਮਹਾਰਾਜ! ਅਸੀਂ ਤਾਂ ਮੁੜ ਆਏ, ਅੱਜ ਇਹਨੇ ਰਾਮ ਕਿਹਾ ਹੈ ਤੇ ਸਾਨੂੰ ਦੇਖੋ ਕਿੱਡੇ ਚੱਕਰ 'ਚ ਪਾ ਦਿਤਾ। ਕੱਲ੍ਹ ਕੋਈ ਹੋਰ ਇਹੀ ਗੱਲ ਕਹੇਗਾ। ਸਾਨੂੰ ਇਹਦਾ ਮੁੱਲ ਤਾਂ ਦੱਸ ਦਿਓ। ਉਸ ਵੇਲੇ ਉਨ੍ਹਾਂ ਨੇ ਕਿਹਾ ਕਿ ਇਹਦਾ ਮੁੱਲ ਨਹੀਂ ਹੈ ਕੋਈ ਵੀ –

***ਧਾਰਨਾ – ਨਾਮ ਅਮੋਲਾ ਜੀ ਮੇਰੇ ਸਾਹਿਬ ਦਾ।***
***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥***
***ਜਿਨਾ ਭਾਗ ਮਥਾਹਿ***
***ਸੇ ਨਾਨਕ ਹਰਿ ਰੰਗੁ ਮਾਣਦੋ॥ ਅੰਗ – ੮੧***

ਵਿਸ਼ਨੂੰ ਜੀ ਕਹਿਣ ਲੱਗੇ ਕਿ ਦੇਵ ਗਣੋਂ ਪ੍ਰਮੇਸ਼ਰ ਦੇ ਨਾਮ ਦਾ ਕੋਈ ਮੁੱਲ ਨਹੀਂ। ਜੇ ਇਕ ਵਾਰੀ ਵੀ ਸਾਰੀ ਜ਼ਿੰਦਗੀ ਪ੍ਰਮੇਸ਼ਰ ਨੂੰ ਸਾਵਧਾਨ ਕਹਿ ਕੇ ਕਹਿ ਦਿਤਾ ਜਾਵੇ, ਵਾਹਿਗੁਰੂ, ਰਾਮ, ਅੱਲਾਹ, ਗੋਬਿੰਦ ਕਹਿੰਦੇ ਉਹਦਾ ਐਨਾ ਫਲ ਹੈ ਕਿ ਵੱਡੇ-ਵੱਡੇ ਰਿਸ਼ੀ ਮੁਨੀ ਜਿਹੜੇ ਤਪਸਿਆ ਕਰਦੇ ਨੇ ਉਨ੍ਹਾਂ ਤੋਂ ਵੀ ਅੱਗੇ ਲੰਘ ਜਾਂਦਾ ਹੈ।

***ਅਜਾਮਲ ਕਉ ਅੰਤ ਕਾਲ ਮਹਿ***
***ਨਾਰਾਇਨ ਸੁਧਿ ਆਈ ॥***
***ਜਾਂ ਗਤਿ ਕਉ ਜੋਗੀਸੁਰ ਬਾਛਤ***
***ਸੋ ਗਤਿ ਛਿਨ ਮਹਿ ਪਾਈ ॥ ਅੰਗ – ੯੦੨***

ਸੋ ਇਹ ਨਾਮ ਅਮੁੱਲ ਹੈ ਜਿਹਦੇ ਬਾਰੇ ਸਾਨੂੰ ਬਾਰ-ਬਾਰ ਤਾਕੀਦ ਕੀਤੀ ਗਈ ਤੇ ਸਾਡਾ ਜਨਮ ਬਿਰਥਾ ਚਲਿਆ ਜਾਂਦਾ ਹੈ।

ਸੋ ਚੰਨਾ ਕਹਿਣ ਲੱਗਿਆ ਹਜ਼ੂਰ! ਬੰਦਾ ਤਿੰਨ ਅਵਸਥਾਵਾਂ 'ਚੋਂ ਲੰਘਦਾ ਹੈ ਤੇ ਆਖਰੀ ਅਵਸਥਾ 'ਚ ਇਹ ਆਇਆ ਹੋਇਆ ਹੈ, ਬੁੱਢਾ ਹੈ ਤੁਰ ਨਹੀਂ ਹੁੰਦਾ, ਸਰੀਰ ਕੰਬ ਰਿਹਾ ਹੈ, ਅੱਖਾਂ ਤੋਂ ਦੇਖ ਰਿਹਾ ਹੈ, ਜ਼ੁਬਾਨ ਤੋਂ ਬੋਲ ਨਹੀਂ ਹੋ ਰਿਹਾ ਇਹਨੇ ਉਹ ਕੰਮ ਨਹੀਂ ਕਰਿਆ ਜਿਹੜਾ ਕਰਨ ਵਾਸਤੇ ਆਇਆ ਸੀ।

***ਜਬ ਲਗੁ ਜਰਾ ਰੋਗੁ ਨਹੀ ਆਇਆ ॥***
***ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥***
***ਜਬ ਲਗੁ ਬਿਕਲ ਭਈ ਨਹੀ ਬਾਨੀ ॥***
***ਭਜਿ ਲੇਹਿ ਰੇ ਮਨ ਸਾਰਿਗਪਾਨੀ ॥***
***ਅਬ ਨ ਭਜਸਿ ਭਜਸਿ ਕਬ ਭਾਈ ॥***
***ਆਵੈ ਅੰਤੁ ਨ ਭਜਿਆ ਜਾਈ ॥***
***ਅੰਗ – ੧੧੫੯***

ਸੋ ਮਹਾਰਾਜ ਇਹ ਬਿਰਧ ਹੋ ਗਿਆ, ਕਹਿੰਦੇ ਚੰਨਿਆ! ਮੈਂ ਵੀ ਬਿਰਧ ਹੋ ਜਾਵਾਂਗਾ। ਕਹਿੰਦੇ ਹਾਂ ਹਜ਼ੂਰ। ਕਹਿੰਦੇ ਬੜਾ ਮਾੜਾ ਕੰਮ ਹੈ। ਤੀਸਰੀ ਵਾਰ ਜਦੋਂ ਫੇਰ ਗਏ ਤਾਂ ਉਸ ਦਿਨ ਇਕ ਅਰਥੀ ਮਿਲ ਗਈ, ਬੜਾ ਭਾਰਾ ਝਟਕਾ ਲੱਗਿਆ। ਕਹਿਣ ਲੱਗੇ, ਇਥੋਂ ਦੀ ਮਰ ਜਾਣਾ ਹੈ। ਕਹਿੰਦੇ, ਹਾਂ ਮਹਾਰਾਜ! ਨਾਮ ਨਿਸ਼ਾਨ ਮਿਟ ਜਾਣਾ ਹੈ। ਫੇਰ ਸਭ ਦੁਖੀ ਨੇ, ਗੁਰੂ ਨਾਨਕ ਪਾਤਸ਼ਾਹ ਐਉਂ ਫੁਰਮਾਨ ਕਰਦੇ ਨੇ –

***ਧਾਰਨਾ – ਦੁਖੀਆ ਸਭ ਸੰਸਾਰ, ਨਾਨਕ ਦੁਖੀਆ।***
***ਬਾਲੀ ਰੋਵੈ ਨਾਹਿ ਭਤਾਰੁ ॥***
***ਨਾਨਕ ਦੁਖੀਆ ਸਭੁ ਸੰਸਾਰੁ ॥ ਅੰਗ – ੯੫੪***

ਮਹਾਤਮਾ ਬੁੱਧ ਨੇ ਵੀ ਇਹੀ ਕਿਹਾ ਜਿਹਦੀ ਆਪਾਂ ਗੱਲ ਕਰ ਰਹੇ ਹਾਂ, ਸਿਧਾਰਥ ਦੀ। ਲੇਕਿਨ ਗੁਰੂ ਨਾਨਕ ਪਾਤਸ਼ਾਹ ਨੇ ਨਾਲ ਦੀ ਨਾਲ ਹੱਲ ਦੇ ਦਿਤਾ।

***ਮੰਨੇ ਨਾਉ ਸੋਈ ਜਿਣਿ ਜਾਇ ॥***
***ਅਉਰੀ ਕਰਮ ਨ ਲੇਖੈ ਲਾਇ ॥ ਅੰਗ – ੯੫੪***

ਜੇ ਖਿਆਲ ਹੋ ਜਾਵੇ ਪ੍ਰਮੇਸ਼ਰ ਪਰੀਪੂਰਨ ਦਾ ਨਿਸ਼ਚਾ ਆ ਜਾਵੇ ਕਿ ਹਰ ਥਾਂ ਦੇ ਉਤੇ ਹੈ, ਆਤਮਾ ਸਾਖਸ਼ਾਤਕਾਰ ਹੋ ਜਾਵੇ, ਆਤਮਾ ਪ੍ਰਮਾਤਮਾ ਇਕ ਹੋ ਜਾਏ ਮਹਾਰਾਜ ਕਹਿੰਦੇ ਫੇਰ ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ।

ਅੱਗੇ ਗਿਆ ਤਾਂ ਇਕ ਮਹਾਤਮਾ ਬੈਠੇ ਨੇ, ਚਿਹਰਾ ਦੇਖਿਆ, ਖਿੱਚ ਖਾ ਗਿਆ। ਬੱਗੀ ਤੋਂ ਉਤਰਿਆ ਜਾ ਕੇ ਨਮਸਕਾਰ ਕਰੀ ਤੇ ਉਸ ਵੇਲੇ ਇਸਨੇ ਕਿਹਾ ਕਿ ਮਹਾਰਾਜ! ਸਾਰਾ ਸੰਸਾਰ ਦੁੱਖਾਂ ਦਾ ਭਰਿਆ

ਹੋਇਆ ਹੈ, ਕੀ ਇਸ ਸੰਸਾਰ 'ਚ ਸੁਖ ਵੀ ਹੈ? ਮਹਾਤਮਾ ਕਹਿਣ ਲੱਗੇ ਬੇਟਾ! ਆਤਮਾ ਜੋ ਤੇਰਾ ਅਸਲੀ ਸਰੂਪ ਹੈ, ਉਹ ਸਦਾ ਸੁਖੀ ਹੈ ਉਹਦੇ 'ਚ ਦੁਖ ਦਾ ਕੋਈ ਨਾਉਂ ਲੇਸ ਮਾਤਰ ਨਹੀਂ। ਉਹ ਸਾਰੇ ਪਰੀਪੂਰਨ ਹੈ, ਤੂੰ ਸਰੀਰ ਨਹੀਂ ਹੈਂ, ਸਰੀਰ ਤੋਂ ਪਰ੍ਹੇ ਆਤਮਾ ਹੈਂ। ਆਪਣੇ ਸਰੂਪ ਨੂੰ ਪਛਾਣ ਲੈ ਜਿੱਥੇ ਕੋਈ ਦੁਖ ਹੀ ਨਹੀਂ ਹੈ, ਖਾਤਮਾ ਹੋ ਜਾਂਦਾ ਹੈ ਉਥੇ ਦੁਖਾਂ ਦਾ।

ਉਸ ਵੇਲੇ ਵਾਪਸ ਆ ਗਿਆ, ਆ ਕੇ ਸੋਚਦਾ ਰਿਹਾ। ਇਕ ਵਾਰੀ ਰਾਤ ਨੂੰ ਉਠਿਆ, ਚੋਰੀ ਚਲਿਆ ਗਿਆ। ਕਿੰਨੀ ਤਪਸਿਆ ਕਰੀ, ਤੇ ਕਿੱਡਾ ਵੱਡਾ ਮਹਾਤਮਾ ਹੋਇਆ, 'ਮਹਾਤਮਾ ਬੁੱਧ'।

ਸੋ ਮੈਂ ਬੇਨਤੀ ਇਹ ਕਰਦਾ ਸੀ ਕਿ ਜਿਸ ਕੰਮ ਨੂੰ ਅਸੀਂ ਕਰਨ ਵਾਸਤੇ ਆਏ ਹਾਂ ਉਹਦੀ ਇਕ ਪਉੜੀ ਵੀ ਨਹੀਂ ਹਾਸਲ ਕੀਤੀ। ਸਤਿਸੰਗ ਕਰਦਿਆਂ ਨੂੰ ਮੁਦਤਾਂ ਹੋ ਗਈਆਂ। ਜਿਹੜੇ ਪ੍ਰੇਮੀਆਂ ਨੇ ਨਹੀਂ ਸ਼ੁਰੂ ਕਰਿਆ ਉਹ ਕਰ ਲਓ। ਢਾਈ ਘੰਟੇ ਘੱਟ ਤੋਂ ਘੱਟ ਬੈਠ ਕੇ ਪ੍ਰਮੇਸ਼ਰ ਦਾ ਨਾਮ ਜਪੋ, ਬਾਣੀ ਪੜ੍ਹਨੀ ਹੋਰ ਚੀਜ਼ ਹੈ ਨਾਮ ਜਪਣਾ ਹੋਰ ਚੀਜ਼ ਹੈ। ਬਾਣੀ ਹੈ ਖੇਤ ਤਿਆਰ ਕਰਨਾ। ਗੁਰੂ ਦਸ਼ਮੇਸ਼ ਪਿਤਾ ਕਹਿੰਦੇ ਨੇ ਕਿ ਜੋ ਬਾਣੀ ਹੈ ਇਹ ਧਰਤੀ ਹੈ, ਮਨ ਹਾਲੀ ਨੇ ਕਿਰਸਾਣੀ ਕਰਨੀ ਹੈ –

*ਮਨੁ ਹਾਲੀ ਕਿਰਸਾਣੀ ਕਰਣੀ*
*ਸਰਮੁ ਪਾਣੀ ਤਨੁ ਖੇਤੁ ॥*
*ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥*
*ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥*
*ਅੰਗ - ੫੯੫*

ਹੁਣ ਵਾਹ ਕੇ ਸਾਰਾ ਤਿਆਰ ਕਰਕੇ ਜੇ ਖਾਦ ਵੀ ਪਾ ਦਿਤੀ ਤੇ ਬੀਜ ਨਾ ਪਾਇਆ ਫੇਰ ਕੀ ਹੋਏਗਾ। ਮਹਾਰਾਜ ਕਹਿੰਦੇ ਇਹਦੇ ਵਿਚ ਬੀਜ ਪਾ ਲੈ ਸੱਚੇ ਨਾਮ ਦਾ। ਨਾਮ ਬੀਜ ਤੇ ਇੰਦਰੀਆਂ ਦਾ ਸੰਤੋਖ ਧਾਰਨ ਕਰਕੇ, ਸੁਹਾਗਾ ਦੇ ਦੇ। ਇਹਦੀ ਜਿਹੜੀ ਰਾਖੀ ਕਰਨੀ ਹੈ ਉਹ ਨਿਮਰਤਾ 'ਚ ਆ ਕੇ, ਆਪਣਾ ਆਪ ਦਿਖਾ ਨਾ ਨਿਮਰਤਾ ਧਾਰਨ ਕਰਕੇ। ਫੇਰ ਨਦੀਣ ਕੱਢਣੇ ਪੈਣੇ ਨੇ, 'ਭਾਉ ਕਰਮ ਕਰ ਜੰਮਸੀ' ਬੰਦਗੀ ਕਰਨੀ ਪੈਣੀ ਹੈ, ਨੌਂ ਤਰ੍ਹਾਂ ਦੀ ਭਗਤੀ ਹੈ। 'ਭਾਉ ਕਰਮ' ਜਿਨ੍ਹਾਂ ਨੂੰ ਕਹਿੰਦੇ ਨੇ –

*ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥*
*ਅੰਗ - ੭੧*

ਭਗਤੀ ਕਰਨੀ ਹੈ ਉਹਦੇ ਵਿਚ ਸਿਮਰਨ ਹੈ, ਕੀਰਤਨ ਹੈ, ਹਰੀ ਦਾ ਜਸ ਕਰਨਾ, ਸਰਵਣ ਕਰਨਾ, ਧਿਆਨ ਹੈ, ਨਮਸਕਾਰ ਹੈ, ਨੌਂ ਕਿਸਮ ਦੀ ਭਗਤੀ ਦੱਸੀ ਹੈ, ਮਹਾਰਾਜ ਕਹਿੰਦੇ ਜੇ ਇਹ ਕਰਮ ਕਰੇਂਗਾ ਤਾਂ ਫਸਲ ਤੇਰੀ ਜੰਮੇਗੀ।

*ਭਾਉ ਕਰਮ ਕਰਿ ਜੰਮਸੀ*
*ਸੇ ਘਰ ਭਾਗਠ ਦੇਖੁ॥ ੧ ॥ ਅੰਗ - ੫੯੫*

ਭਾਗਾਂ ਵਾਲੇ ਘਰ ਹੋਣਗੇ ਜਿਨ੍ਹਾਂ ਦੇ ਅੰਦਰ ਨਾਮ ਦੀ ਖੇਤੀ ਲੱਗੇਗੀ।

*ਬਾਬਾ ਮਾਇਆ ਸਾਥਿ ਨ ਹੋਇ ॥*
*ਇਨਿ ਮਾਇਆ ਜਗੁ ਮੋਹਿਆ*
*ਵਿਰਲਾ ਬੂਝੈ ਕੋਇ॥ ਅੰਗ - ੫੯੫*

ਸੋ ਜੋ ਮੈਂ ਬੇਨਤੀ ਕੀਤੀ ਹੈ, ਨਾਮ ਦਾ ਬੀਜ ਪਾ ਕੇ ਖੇਤੀ ਕਰਨੀ। ਮਾੜਾ ਜਿਹਾ ਨਿਤਨੇਮ ਕਰ ਲੈਂਦਾ ਹੈ। ਬਾਕੀ ਸਮੇਂ ਦਾ ਦਸਵੰਧ ਕਿਵੇਂ ਦੇਵੇਂਗਾ, ਅਕਾਲਪੁਰਖ ਨੂੰ ਕਿਹਾ ਸੀ ਕਿ ਮੈਂ 24 ਘੰਟੇ ਨਾਮ ਜਪਾਂਗਾ, ਮੈਨੂੰ ਆਹ ਨਰਕ ਵਿਚੋਂ ਕੱਢ ਦੇ, ਪੁੱਠੇ ਲਟਕਦੇ ਨੂੰ ਛੁਡਾ ਦੇ। ਉਹ ਕਹਿੰਦੇ ਤੇਰੇ ਤੋਂ ਜਪ ਨਹੀਂ ਹੋਣਾ, ਕਹਿੰਦੇ ਜੇ ਤੂੰ ਜਪ ਲਿਆ ਤਾਂ ਮੈਂ ਤੈਨੂੰ ਸਾਰੀ ਸ੍ਰਿਸ਼ਟੀ ਦਾ ਬਾਦਸ਼ਾਹ ਬਣਾ ਦੇਵਾਂਗਾ, ਰੂਹਾਨੀਅਤ ਵਿਚ। ਪਾਉਣ, ਪਾਣੀ, ਬੈਸੰਤਰ, ਚੰਦਰਮਾ, ਸੂਰਜ ਸਭ ਤੇਰੇ ਆਖੇ ਲੱਗਣਗੇ।

*ਰਾਜਾ ਸਗਲੀ ਸ੍ਰਿਸਟਿ ਕਾ*
*ਹਰਿ ਨਾਮਿ ਮਨੁ ਭਿੰਨਾ॥*
*ਤਿਸ ਕੀ ਧੂੜਿ ਮਨੁ ਉਧਰੈ*
*ਪ੍ਰਭੁ ਹੋਇ ਸੁਪ੍ਰਸੰਨਾ ॥ ਅੰਗ - ੭੦੭*

ਇਹ ਕੰਮ ਆਪਾਂ ਕਰਨ ਆਏ ਹਾਂ, ਸਤਿਸੰਗ ਕਰੋ ਜੀਅ ਭਰ ਕੇ। ਖੇਤੀ ਕਰੋ, ਨੌਕਰੀ ਕਰੋ, ਵਣਜ ਕਰੋ, ਵਿਹਾਰ ਕਰੋ ਪਰ ਇਹ ਨਿਸ਼ਾਨਾ ਰੱਖੋ, ਪਾਰਦਰਸ਼ਕ ਨਿਗ੍ਹਾ ਰੱਖੋ।

*ਮੰਦਾ ਮੂਲਿ ਨ ਕੀਚਈ*
*ਦੇ ਲੰਮੀ ਨਦਰਿ ਨਿਹਾਲੀਐ॥ ਅੰਗ - ੪੭੪*

ਕੁੱਤਾ ਬਿਰਤੀ ਨਾ ਧਾਰਨ ਕਰੋ। ਕੁੱਤੇ ਦੇ ਜੇ ਕੋਈ ਡੰਡਾ ਮਾਰਦਾ ਹੈ ਤਾਂ ਉਹ ਡੰਡੇ ਨੂੰ ਚੱਕ ਮਾਰਦਾ ਹੈ। ਸ਼ੇਰ ਬਿਰਤੀ ਹੈ ਉਹ ਡੰਡੇ ਤੋਂ ਅੱਗੇ ਦੇਖਦਾ ਹੈ ਕਿ ਕਿੱਥੋਂ ਆਇਆ ਹੈ, ਕਿੱਥੋਂ ਆਇਆ ਹੈ ਤੀਰ, ਕਿੱਥੋਂ ਆਈ ਹੈ ਗੋਲੀ। ਮਹਾਰਾਜ ਕਹਿੰਦੇ ਨੇ ਪਾਰਦਰਸ਼ਕ ਦ੍ਰਿਸ਼ਟੀ ਰੱਖੋ। ਲੰਮੀ ਨਦਰਿ ਕਰੋ।

ਜੇ ਸਿੱਖੀ ਧਾਰਨ ਕਰ ਲਓ, ਗੁਰੂ ਧਾਰਨ ਕਰ ਲਓ, ਗੁਰੂ ਲੋਕ ਵਿਚ ਜਾਂਦਾ ਹੈ ਉਹ ਧਰਮਰਾਜ ਦੇ ਨਹੀਂ ਜਾਂਦਾ। ਨਿਗੁਰੇ, ਮਨਮੁਖ, ਬੇਈਮਾਨ, ਚੋਰ ਚੱਕੇ, ਸਮਗਲਰ ਇਹ ਸਭ ਨਰਕ ਵਿਚ ਜਾਂਦੇ ਨੇ ਧਰਮਰਾਜ ਦੇ। ਜਿਹੜੇ ਬੰਦਗੀ ਕਰਦੇ ਨੇ ਉਹ ਕਿੱਥੇ ਜਾਂਦੇ ਨੇ, ਉਹ ਜੇ ਧਰਮਰਾਜ ਦੇ ਚਲੇ ਜਾਣ –

*ਧਰਮ ਰਾਇ ਨੋ ਹੁਕਮੁ ਹੈ*
*ਬਹਿ ਸਚਾ ਧਰਮੁ ਬੀਚਾਰਿ ॥*

*ਦੂਜੈ ਭਾਇ ਦੁਸਟੁ ਆਤਮਾ*
*ਓਹੁ ਤੇਰੀ ਸਰਕਾਰ ॥*
*ਅਧਿਆਤਮੀ ਹਰਿ ਗੁਣ ਤਾਸੁ*
*ਮਨਿ ਜਪਹਿ ਏਕੁ ਮੁਰਾਰਿ ॥*
*ਤਿਨ ਕੀ ਸੇਵਾ ਧਰਮ ਰਾਇ ਕਰੈ*
*ਧੰਨੁ ਸਵਾਰਣਹਾਰੁ ॥* *ਅੰਗ - ੩੮*

ਗੁਰੂ ਦੀ ਦਰਗਾਹ 'ਚ ਜਾਣ ਦਾ ਤਰੀਕਾ –

*ਅੰਤਰਿ ਗੁਰੁ ਆਰਾਧਣਾ*
*ਜਿਹਵਾ ਜਪਿ ਗੁਰ ਨਾਉ ॥*
*ਨੇਤ੍ਰੀ ਸਤਿਗੁਰੁ ਪੇਖਣਾ*
*ਸ੍ਰਵਣੀ ਸੁਨਣਾ ਗੁਰ ਨਾਉ ॥*
*ਸਤਿਗੁਰ ਸੇਤੀ ਰਤਿਆ*
*ਦਰਗਹ ਪਾਈਐ ਠਾਉ ॥*
*ਕਹੁ ਨਾਨਕ ਕਿਰਪਾ ਕਰੇ*
*ਜਿਸ ਨੋ ਏਹ ਵਥੁ ਦੇਇ॥*
*ਜਗ ਮਹਿ ਉਤਮ ਕਾਢੀਅਹਿ*
*ਵਿਰਲੇ ਕੇਈ ਕੇਇ॥* *ਅੰਗ - ੫੧੭*

ਜਿਹੜਾ ਗੁਰੂ ਦੇ ਪਿਆਰ ਵਿਚ ਹੈ ਉਹਨੂੰ ਦਰਗਾਹ ਵਿਚ ਥਾਂਉਂ ਮਿਲਦਾ ਹੈ –

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥* *ਅੰਗ - ੨੬*

ਇਹਦੇ ਉਤੇ ਨਿਗ੍ਹਾ ਰੱਖੋ ਕਿ ਇਨ੍ਹਾਂ ਸੁਆਸਾਂ ਨੇ ਤਾਂ ਮੁੱਕ ਜਾਣਾ ਹੈ ਕਿ ਉਹ ਥਾਉਂ ਲੈਣਾ ਹੈ ਅਸੀਂ। ਇਥੇ ਸਾਡੀ ਕੋਈ ਦਿਲਚਸਪੀ ਨਹੀਂ ਹੈ। ਇਥੇ ਮਾਇਆ ਹੈ, ਮਾਇਆ ਨੇ ਫੜ ਲਿਆ, ਆਇਆ ਤਾਂ ਨਾਮ ਜਪਣ ਸੀ, ਲੇਕਿਨ ਮੋਹ ਲਿਆ ਮਾਇਆ ਨੇ, ਮਾਇਆ ਦਾ ਗਿਆਨ ਸੰਤਾਂ ਤੋਂ ਸੰਗਤ 'ਚ ਆ ਕੇ ਹੁੰਦਾ ਹੈ ਤੇ ਸਤਿਸੰਗ ਕਰਦੇ ਹੋਏ ਜਿਹੜੀ ਮੈਂ ਬੇਨਤੀ ਕਰੀ ਹੈ, ਠੀਕ ਹੈ ਮਜ਼ਬੂਰੀਆਂ ਐਨੀਆਂ ਨੇ, ਐਨੇ ਰੁਝੇਵੇਂ ਨੇ, ਪਰੇਸ਼ਾਨੀਆਂ ਨੇ ਸਾਡੇ ਯਾਦ ਨਹੀਂ ਰਹਿੰਦਾ ਕਿ ਅਸੀਂ ਨਾਮ ਜਪੀਏ। ਪਰ ਕੋਈ ਨਾ ਕੋਈ ਤਰੀਕਾ ਸੋਚ ਲਓ ਕਿ ਮੈਂ ਅੰਮ੍ਰਿਤ ਵੇਲੇ ਉਠ ਕੇ ਪਹਿਲਾਂ ਨਾਮ ਜਪਣਾ ਹੈ।

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥*
*ਅੰਗ - ੩੦੫*

ਜਿਹੜਾ ਪੰਜ ਪਿਆਰਿਆ ਨੇ ਉਪਦੇਸ਼ ਦਿਤਾ ਹੈ, ਵਾਹਿਗੁਰੂ ਮੰਤਰ, ਚਾਹੇ ਕੋਈ ਮੰਤਰ ਹੈ ਕਿਸੇ ਸਮਰੱਥ ਪੁਰਸ਼ ਨੇ ਦਿਤਾ ਹੋਇਆ ਉਸ ਦਾ ਜਾਪ ਕਰੋ। ਉਹਦੇ ਨਾਲ ਹੋਏਗਾ ਕੀ? ਜਨਮਾਂ-ਜਨਮਾਂਤਰਾਂ ਦੀ ਲੱਗੀ ਹੋਈ ਮੈਲ ਲਹਿ ਜਾਏਗੀ। ਬਾਣੀ ਦਾ ਦਰਜਾ ਦੂਜੇ ਨੰਬਰ ਤੇ ਆਉਂਦਾ ਹੈ।

ਗੁਰੂ ਸਤਵੇਂ ਪਾਤਸ਼ਾਹ ਨੂੰ ਪੁੱਛਿਆ ਕਿ ਮਹਾਰਾਜ ਜੇ ਬਾਣੀ ਹੀ ਪੜ੍ਹੀ ਜਾਵੇ। ਕਹਿੰਦੇ, ਉਹ ਤਾਂ ਧਰਤੀ ਵਾਹੁਣੀ ਹੈ। ਕਹਿੰਦੇ ਫੇਰ ਮਹਾਰਾਜ ਕੀ ਕਰਿਆ ਜਾਵੇ? ਮਹਾਰਾਜ ਨੇ ਕਿਹਾ ਕਿ ਇਹਦੇ 'ਚ ਬੀਜ ਪਾਉਣਾ ਚਾਹੀਦਾ ਹੈ ਨਾਮ ਦਾ। ਗੁਰੂ ਨੇ ਨਾਮ ਦਿਤਾ ਹੈ ਉਹਦਾ ਬੀਜ ਪਾਓ। ਜੇ ਧਰਤੀ ਵਾਹੀ ਜਾਂਦੇ ਓਂ, ਫਲ ਤਾਂ ਹੱਥ ਵਿਚ ਆਇਆ ਨਾ, ਬਾਣੀ ਗਾਈਡ ਕਰਦੀ ਹੈ ਕਿ ਤੂੰ ਨਾਮ ਜਪ।

*ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥*
*ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥*
*ਅੰਗ - ੨੬੨*

ਬਿਮਾਰ ਹੈ ਕੋਈ, ਬੁਖਾਰ ਹੋਇਆ ਹੋਇਆ ਹੈ ਬਹੁਤ। ਕਿਤਾਬ ਵਿਚ ਦਵਾਈ ਲਿਖੀ ਹੈ ਆਹ ਦਵਾਈ ਐਨੇ ਵਜੇ ਦੇਣੀ ਹੈ, ਫਲਾਣੀ ਐਨੇ ਵਜੇ ਦੇਣੀ ਹੈ, ਇਹਦੀ ਆਹ ਦਵਾਈ ਹੈ। ਸੌ ਸਾਲ ਪੜ੍ਹੀ ਜਾਹ, ਕਦੇ ਨਹੀਂ ਰਾਜ਼ੀ ਹੁੰਦਾ। ਜਿਹੜੀ ਦਵਾਈ ਹੈ ਉਹ ਲੈਣੀ ਹੈ, ਦਵਾਈ ਹੈ ਨਾਮ ਕਿ ਨਾਮ ਜਪੋ। ਜਿੰਨਾ ਚਿਰ ਤੁਸੀਂ ਅੰਦਰਲੀ ਖੋਜ ਨਹੀਂ ਕਰਦੇ, ਅੰਦਰ ਦਾਖਲ ਨਹੀਂ ਹੁੰਦੇ, ਵਾਹਿਗੁਰੂ ਦੇ ਮੰਦਰ ਤੱਕ ਪਹੁੰਚ ਨਹੀਂ ਸਕਣਾ। ਅੰਦਰ ਬੈਠਾ ਹੈ ਵਾਹਿਗੁਰੂ ਇੰਤਜ਼ਾਰ ਕਰ ਰਿਹਾ ਹੈ।

ਅਸੀਂ ਕਹਿੰਦੇ ਹਾਂ ਕਿ ਗੁਰੂ ਦਸਵੇਂ ਪਾਤਸ਼ਾਹ ਇੰਤਜ਼ਾਰ ਕਰ ਰਹੇ ਨੇ ਕਿ ਮੇਰਾ ਸਿੱਖ ਆਏਗਾ। ਗੁਰੂ ਮਹਾਰਾਜ ਤਾਂ ਤੁਹਾਡੇ ਸਾਰਿਆਂ ਦੇ ਅੰਦਰ ਬੈਠੇ ਨੇ। ਬਾਹਰ ਨਾ ਟੋਲ।

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ*
*ਵਣਿ ਕੰਡਾ ਮੋੜੇਹਿ ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥*
*ਅੰਗ - ੧੩੭੮*

ਨਾਮ ਜਪੋ। ਚਿੱਤ ਨਹੀਂ ਲੱਗਣਾ ਪਹਿਲਾਂ-ਪਹਿਲਾਂ। ਹੱਠ ਧਾਰੋ ਕਿ ਕਰਨਾ ਹੀ ਹੈ। ਐਨਾ ਤਾਂ ਮੈਂ

ਕਰ ਹੀ ਲੈਣਾ ਹੈ ਉਠਣਾ ਹੀ ਨਹੀਂ। ਹੌਲੀ-ਹੌਲੀ ਸੰਗਤ 'ਚ ਆਉਂਦੇ ਹੋਏ ਰੁਚੀ ਲਗ ਜਾਂਦੀ ਹੈ। ਫੇਰ ਨਾਮ ਦੇ ਵਿਚ ਰਸ ਆ ਜਾਂਦਾ ਹੈ, ਨਾਮ ਦੇ ਵਿਚ ਪ੍ਰਕਾਸ਼ ਆ ਜਾਂਦਾ ਹੈ, ਇਹ ਚੀਜ਼ਾਂ ਅੰਦਰ ਨੂੰ ਖਿਚਦੀਆਂ ਨੇ, ਜਿੱਥੇ ਨਾਮ ਦਾ ਵਾਸਾ ਹੈ ਨਾ-

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਅੰਗ - ੨੯੩*

ਵਾਹਿਗੁਰੂ ਤੇ ਨਾਮ ਵਿਚ ਕੋਈ ਭੇਦ ਨਹੀਂ। ਨਾਮ ਤੇ ਨਾਮੀ ਦੋਵੇਂ ਇਕ ਨੇ। ਏਕੰਕਾਰ ਵੀ ਓਹੀ, ਓਅੰਕਾਰ ਵੀ ਓਹੀ ਹੈ, ਸਤਿ ਵੀ ਓਹੀ, ਨਾਮ ਸ਼ਕਤੀ ਵੀ ਓਹੀ ਹੈ। ਚਾਰੋਂ ਮਹਾਰਾਜ ਨੇ ਇਕੱਠੇ ਕਰ ਦਿਤੇ, ਸਾਨੂੰ ਕਿਹਾ ਹੈ ਕਿ ਤੁਸੀਂ ਚਾਰ ਵਲ ਨਾ ਧਿਆਨ ਦਿਓ, ਤੁਹਾਨੂੰ ਮੰਤਰ ਦਿੰਦੇ ਹਾਂ -

***ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ॥***

ਸਾਰਿਆਂ ਤੋਂ ਸੁਖਾਲਾ ਤਰੀਕਾ ਇਹ ਹੈ ਕਿ ਜਦੋਂ ਤੁਸੀਂ ਬੋਲਦੇ ਹੋਂ ਨਾ, ਬੋਲਿਆ ਹੋਇਆ ਅੰਦਰ ਸੁਣ ਲਓ ਰਸਨਾ ਹਿਲਦੀ ਹੈ ਕਿ ਨਹੀਂ ਹਿਲਦੀ। ਸ੍ਵਾਸ ਦੇ ਉਤੇ ਨਾਮ ਤੁਸੀਂ **lord** ਕਰ ਦਿਤਾ, ਓਸ ਨਾਮ ਨੂੰ ਸੁਣੋ। ਅੰਦਰੋਂ ਧੁਨ ਉਠਦੀ ਹੈ ਨਾਮ ਦੀ ਉਹਨੂੰ ਸੁਣੋ।

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥ ਅੰਗ - ੮੭੯*

ਸੁਖਾਲਾ ਜਿਹਾ ਕੰਮ ਹੈ ਇਹ। ਖੇਤੀ ਕਰੋ, ਵਣਜ ਕਰੋ, ਕੋਈ ਕੰਮ ਚਾਹੇ ਕਰ ਰਹੇ ਹੋਵੋਂ, ਪ੍ਰਮੇਸ਼ਰ ਦਾ ਨਾਮ ਹਿਰਦੇ 'ਚ ਵਸਾਓ ਤੇ ਜੀਵਨ ਸਫਲਾ ਕਰੋ।

# ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ ੧ ॥ਰਹਾਉ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥ ੧ ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥*

*ਅੰਗ - ੮੨੭*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਗੁਰੂਆਂ ਤੋਂ ਜੋ ਗੁਰਸਿੱਖ ਵਰੋਸਾਏ ਗਏ, ਜਿਨ੍ਹਾਂ ਨੂੰ ਡਿਗਰੀ ਮਿਲ ਗਈ, ਸਾਧੂ ਦੀ, ਸੰਤ ਦੀ, ਉਨ੍ਹਾਂ ਦੇ ਜੀਵਨ ਆਪਾਂ ਵਿਚਾਰ ਰਹੇ ਹਾਂ। ਵੱਡੀ ਤੋਂ ਵੱਡੀ ਡਿਗਰੀ ਜੋ ਗੁਰੂ ਘਰ ਦੇ ਅੰਦਰ ਹੈ, ਗੁਰਮੁਖ ਦੀ, ਸਾਧੂ ਦੀ, ਸੰਤ ਦੀ, ਬ੍ਰਹਮਗਿਆਨੀ ਦੀ ਇਕੋ ਹੀ ਹੋਇਆ ਕਰਦੀ ਹੈ ਕਿਉਂਕਿ ਸਾਧੂ, ਸੰਤ ਓਹੀ ਹੁੰਦਾ ਹੈ ਜਿਹਨੂੰ ਕਦੇ ਵਾਹਿਗੁਰੂ ਭੁੱਲੇ ਹੀ ਨਾ, ਅਗਿਆਨ ਦਾ ਪੂਰੀ ਤਰ੍ਹਾਂ ਨਾਸ਼ ਹੋ ਜਾਵੇ। ਪੰਜੇ ਭਰਮਾਂ ਦਾ ਨਾਸ਼ ਹੋ ਜਾਵੇ, ਜਿਹੜੀ ਮੇਰੀ ਮੈਂ ਹੈ ਇਹਦਾ ਹਨ੍ਹੇਰਾ ਦੂਰ ਹੋ ਕੇ ਅਸਲੀ ਜਿਹੜੀ ਚੀਜ਼ ਹੈ ਉਹ ਪ੍ਰਤੱਖ ਹੋ ਜਾਵੇ ਫੇਰ ਓਸ ਸਰੀਰ ਨੂੰ ਸੰਤ ਸਾਧੂ ਕਹਿਣ ਲਗ ਜਾਂਦੇ ਨੇ। ਕਿਤੋਂ ਡਿਗਰੀ ਨਹੀਂ ਮਿਲਦੀ ਇਹਦੀ ਕਿ ਫਲਾਨੀ ਯੂਨੀਵਰਸਿਟੀ 'ਚ ਸੰਤਾਂ ਦੀ ਡਿਗਰੀ ਮਿਲਦੀ ਹੈ। ਨਾ ਚੋਲੇ ਪਾ ਕੇ ਮਿਲਦੀ ਹੈ, ਨਾ ਘਰ ਛੱਡ ਕੇ ਮਿਲਦੀ ਹੈ, ਇਹ ਤਾਂ ਇਕ ਸਥਿਤੀ ਹੈ ਜਿਸ ਥਾਂ ਤੇ ਜਾ ਕੇ ਕਦੇ ਵੀ ਵਾਹਿਗੁਰੂ ਨਾ ਭੁੱਲੇ, ਓਨ੍ਹਾਂ ਨੂੰ ਕਹਿ ਦਿੰਦੇ ਨੇ।

ਗੁਰੂ ਮਹਾਰਾਜ ਨੇ ਜੋ ਬਚਨ ਕਿਹਾ ਕਿ ਉਨ੍ਹਾਂ ਵਿਚ ਓਹਪੁਣਾ ਨਹੀਂ ਰਹਿੰਦਾ। ਸਾਨੂੰ ਭੁਲੇਖਾ ਪੈ ਜਾਂਦਾ ਹੈ ਕਿ ਕੋਈ ਬੰਦਾ ਹੈ ਐਸਾ ਜਿਹਨੂੰ ਪ੍ਰਮੇਸ਼ਰ ਕਦੇ ਨਹੀਂ ਭੁੱਲਦਾ? ਇਹ ਦੋ ਹੁੰਦੇ ਨੇ। ਪਰ ਦੋ ਨਹੀਂ ਹੋਇਆ ਕਰਦੇ, ਜਿਹੜਾ ਦੂਜਾ ਹੁੰਦਾ ਹੈ ਉਹ ਖਤਮ ਹੋ ਜਾਇਆ ਕਰਦਾ ਹੈ। ਜਦੋਂ ਦੂਜਾ ਖਤਮ ਹੋ ਜਾਂਦਾ ਹੈ, ਓਸ ਵੇਲੇ ਅਸਲੀ ਜਿਹੜਾ ਹੈ, ਉਹ ਪ੍ਰਗਟ ਹੋ ਜਾਇਆ ਕਰਦਾ, ਸਰੀਰ ਨੂੰ ਸੰਬੋਧਨ ਕਰਦੇ ਨੇ, ਨਾਮ ਜਿਹੜਾ ਹੈ ਰੱਖਿਆ ਹੋਇਆ, ਉਹ ਲੈ ਕੇ ਸੰਬੋਧਨ ਕਰਦੇ ਨੇ। ਦਰਅਸਲ ਸੰਤ ਨੂੰ ਸਮਝਣਾ ਵੇਦ ਦੀ ਤਾਕਤ ਨਹੀਂ ਹੈ। ਵੇਦ ਤਿੰਨਾਂ ਗੁਣਾਂ 'ਚ ਹੈ। ਨਾ ਮਨੁੱਖ ਦੇ ਮਨ ਵਿਚ ਇਹ ਸ਼ਕਤੀ ਹੈ ਕਿ ਸੰਤ ਨੂੰ ਸਮਝ ਜਾਵੇ ਕਿ ਸੰਤ ਕੀ ਹੁੰਦਾ ਹੈ। ਗੁਰੂ ਸਾਹਿਬ ਇਸ਼ਾਰਾ ਕਰੀ ਜਾਂਦੇ ਨੇ। ਕਹੀ ਜਾਂਦੇ ਨੇ ਕਿ ਉਨ੍ਹਾਂ 'ਚ ਭੇਦ ਕੋਈ ਨਹੀਂ ਹੈ। ਪ੍ਰਭੂ ਤੇ ਸੰਤ ਵਿਚ ਭੇਦ ਨਹੀਂ ਹੈ। ਸਮੁੰਦਰ ਵਿਚ ਜਦੋਂ ਪਾਣੀ ਚਲਿਆ ਗਿਆ ਤਾਂ ਭੇਦ ਨਹੀਂ ਰਹਿੰਦਾ।

*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥*

*ਅੰਗ - ੨੭੮*

ਜਿਹਦੇ ਅੰਦਰੋਂ ਪੂਰਨ ਤੌਰ ਤੇ ਉਤੇ ਮੈਂ ਦਾ ਪੂਰਨ ਤੌਰ ਦੇ ਉਤੇ ਅਭਾਵ ਹੋ ਗਿਆ, ਮੈਂ ਰਿਹਾ ਹੀ ਨਹੀਂ ਹੈ। ਓਹ ਸਾਧੂ ਹੋਇਆ ਕਰਦਾ ਹੈ, ਸੰਤ ਹੋਇਆ ਕਰਦਾ ਹੈ, ਉਹਦੇ ਸਰੀਰ ਨੂੰ, ਉਹਦੇ ਕੌਤਕਾਂ ਨੂੰ ਜਿਹੜੇ ਕਿ ਸਰੀਰ ਵਿਚ ਰਹਿ ਕੇ ਓਸ ਨੇ ਸਾਡੇ ਵਾਸਤੇ, ਸਾਡੇ ਵਾਂਗੂੰ ਖਾ ਕੇ, ਪੀ ਕੇ, ਸਾਡੇ ਵਾਲੀਆਂ ਤਕਲੀਫਾਂ ਸਹਿ ਕੇ, ਓਸ ਨੇ ਕੀਤੇ, ਉਹ ਰੌਸ਼ਨੀ ਦੇ ਕੌਤਕ ਹੋਇਆ ਕਰਦੇ ਨੇ। ਉਨ੍ਹਾਂ 'ਚ ਹਨ੍ਹੇਰਾ ਨਹੀਂ ਹੋਇਆ ਕਰਦਾ, ਸਦੀਆਂ ਤੱਕ, ਯੁੱਗਾਂ ਤੱਕ ਉਨ੍ਹਾਂ ਤੋਂ ਸੇਧ ਮਿਲਦੀ ਰਹਿੰਦੀ ਹੈ।

ਕ੍ਰਿਸ਼ਨ ਮਹਾਰਾਜ ਨੇ ਜੋ ਮੈਦਾਨੇ ਜੰਗ ਦੇ ਵਿਚ ਜਾ ਕੇ ਅਰਜਨ ਨੂੰ ਉਪਦੇਸ਼ ਦਿਤਾ, ਉਹ ਇਕੱਲੇ ਅਰਜਨ ਵਾਸਤੇ ਨਹੀਂ ਹੈ, ਉਹ ਜਦੋਂ ਤਕ ਸੰਸਾਰ ਨੇ ਰਹਿਣਾ ਹੈ ਸਾਰੇ ਸਰੀਰਧਾਰੀਆਂ ਨੂੰ ਓਨਾ ਹੀ ਚਾਨਣਾ ਦੇਵੇਗਾ ਜਿੰਨਾ ਓਸ ਵੇਲੇ ਅਰਜਨ ਨੂੰ ਦਿਤਾ। ਸੋ ਸਾਂਝਾ ਉਪਦੇਸ਼ ਜੀਵਾਂ ਦੇ ਕਲਿਆਣ ਵਾਸਤੇ ਮਹਾਂਪੁਰਸ਼ਾਂ ਦੇ ਮੁਖ ਤੋਂ ਹੋਇਆ ਕਰਦਾ ਹੈ। ਉਨ੍ਹਾਂ ਦੀ ਯਾਦ ਜਦੋਂ ਅਸੀਂ ਮਨਾਉਂਦੇ ਹਾਂ ਓਸ ਵੇਲੇ ਇਕ ਭੁਲੇਖਾ ਸਾਨੂੰ ਪੈ ਜਾਂਦਾ ਹੈ ਜਿਹੜਾ ਬੜਾ ਜ਼ਬਰਦਸਤ ਹੈ ਕਿ ਫਲਾਣੇ ਸੰਤ ਚੜ੍ਹਾਈ ਨਹੀਂ ਕਰੇ, ਉਹ ਗਏ ਨਹੀਂ ਹੈਗੇ ਇਹ ਸਾਡੇ ਮਨ ਵਿਚ ਬੜਾ ਭਾਰਾ ਭੁਲੇਖਾ ਹੈ ਜਿਹੜਾ ਸਾਨੂੰ ਅੱਗੇ ਨਹੀਂ ਵਧਣ ਦਿੰਦਾ। ਸੰਤ ਇਕੋ ਹੀ ਹੁੰਦਾ ਹੈ ਦੋ ਨਹੀਂ ਹੋਏ ਕਦੇ, ਚਾਹੇ ਨਾਉਂ ਕੋਈ ਲਈ ਜਾਓ, ਉਹ ਬ੍ਰਹਮ ਦੇ ਵਿਚੋਂ ਰੂਪ ਪ੍ਰਗਟ ਹੁੰਦੇ ਨਜ਼ਰ ਆਉਂਦੇ ਨੇ, ਕਿਉਂਕਿ ਬ੍ਰਹਮ ਦੇ ਅਨੇਕਾਂ ਹੀ ਰੂਪ ਨੇ -

*ਬਾਜੀਗਰਿ ਜੈਸੇ ਬਾਜੀ ਪਾਈ ॥*
*ਨਾਨਾ ਰੂਪ ਭੇਖ ਦਿਖਲਾਈ ॥*
*ਸਾਂਗੁ ਉਤਾਰਿ ਥੰਮਿ੍ਓ ਪਾਸਾਰਾ ॥*
*ਤਬ ਏਕੋ ਏਕੰਕਾਰਾ ॥* *ਅੰਗ - ੭੩੬*

ਬੇਅੰਤ ਰੂਪ ਦਿਖਾਉਂਦਾ ਹੈ, ਉਹ ਵੀ ਠੀਕ ਨੇ

ਜਿਹੜੇ ਇਹ ਗੱਲ ਕਹਿ ਰਹੇ ਨੇ ਕਿ ਗੁਰੂ ਨਾਨਕ ਦੀ ਦਰਗਾਹ 'ਚ ਜਾਵਾਂਗੇ। ਗੁਰੂ ਦਸਵੇਂ ਪਾਤਸ਼ਾਹ, ਧੰਨ ਗੁਰੂ ਰਾਮਦਾਸ ਮਹਾਰਾਜ ਕਿੰਨੇ ਹੀ ਨਾਉਂ ਲਈ ਜਾਓ, ਹੁੰਦਾ ਉਹ ਵਾਹਿਗੁਰੂ ਹੀ ਹੈ। ਜਿਨ੍ਹਾਂ ਦਾ ਭਰਮ ਟੁੱਟ ਗਿਆ, ਜਿਨ੍ਹਾਂ ਦੇ ਹਿਰਦੇ ਵਿਚ ਜੋਤ ਪ੍ਰਗਟ ਹੋ ਗਈ। ਉਨ੍ਹਾਂ ਨੂੰ ਪਤਾ ਲਗ ਗਿਆ ਕਿ ਮੈਂ ਕੁਛ ਨਹੀਂ ਹੈਗਾ ਇਹ ਤਾਂ ਇਕੋ ਹੀ ਪ੍ਰਮੇਸ਼ਰ ਸਾਰੇ ਸਰੀਰਾਂ ਦੇ ਅੰਦਰ ਆਪਣੀ ਮੌਜ ਨਾਲ ਕੌਤਕ ਕਰ ਰਿਹਾ ਹੈ।

*ਪਾਰਬ੍ਰਹਮ ਕੇ ਸਗਲੇ ਠਾਉ ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥*
*ਆਪੇ ਕਰਨ ਕਰਾਵਨ ਜੋਗੁ ॥*
*ਪ੍ਰਭ ਭਾਵੈ ਸੋਈ ਫੁਨਿ ਹੋਗੁ ॥*
*ਪਸਰਿਓ ਆਪਿ ਹੋਇ ਅਨਤ ਤਰੰਗ ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥*

**ਅੰਗ - ੨੭੫**

ਇਹ ਤਾਂ ਵਾਹਿਗੁਰੂ ਦੇ ਸਰੀਰ ਨੇ ਸਾਰੇ ਇਕ ਖੇਲ੍ਹ ਕਰਿਆ ਹੋਇਆ ਹੈ, ਮਾਇਆ ਪਾਈ ਹੋਈ ਹੈ, ਮਾਇਆ ਦੇ ਵਿਚ ਦੂਜਾ ਨਜ਼ਰ ਆਉਣ ਲਗ ਗਿਆ। ਮਾਇਆ ਵੀ ਉਹਦੀ ਹੀ ਸ਼ਕਤੀ ਹੈ ਕਿਤੋਂ ਬਾਹਰੋਂ ਤਾਂ ਨਹੀਂ ਨਾ ਆਈ। ਗੁਰੂ ਨਾਨਕ ਨੇ ਇਹ ਭੁਲੇਖਾ ਦੂਰ ਕਰ ਦਿਤਾ ਕਿ ਮਾਇਆ ਨੂੰ ਅਨਰਬਚਨੀ ਨਾ ਕਹੋ। ਮਾਇਆ ਦੀ ਕੋਈ ਵਿਆਖਿਆ ਨਹੀਂ, ਮਾਇਆ ਦਾ ਕੋਈ ਆਦਿ ਨਹੀਂ ਹੈ। ਮਾਇਆ ਤਾਂ ਪ੍ਰਮੇਸ਼ਰ ਨੇ ਆਪਣੀ ਮੌਜ ਨਾਲ ਪਾਈ ਹੋਈ ਹੈ। ਇਕ ਓਹਦੀਓ ਸ਼ਕਤੀ ਹੈ ਇਹ ਅਨਾਦੀ ਸ਼ਕਤੀ ਨਹੀਂ ਹੈ ਕਿ ਇਹ ਸਦਾ ਵਾਸਤੇ ਹੀ ਮਾਇਆ ਜੀਵ ਨੂੰ ਘੇਰ ਲੈਂਦੀ ਹੈ। ਜੀਵ ਨੇ ਤਾਂ ਕੋਈ ਕਰਮ ਹੀ ਨਹੀਂ ਸੀ ਕਰਿਆ ਪਹਿਲੇ ਦਿਨ। ਜਦੋਂ ਸ੍ਰਿਸ਼ਟੀ ਰਚੀ ਹੈ ਜੀਵ ਕਰਮਾਂ ਦਾ ਬੰਨ੍ਹਿਆ ਹੋਇਆ ਹੈ ਹੀ ਨਹੀਂ ਸੀ, ਉਹ ਤਾਂ ਸੁਤੰਤਰ ਸੀ। ਜੇ ਭਲਾ ਮੰਨ ਲਓ ਕਿ ਕੋਈ ਸਮਾਂ ਤਾਂ ਸੀਗਾ ਹੀ ਜਦੋਂ ਜੀਵ ਨੇ ਕੋਈ ਕਰਮ ਵੀ ਨਹੀਂ ਸੀ ਕਰਿਆ। ਜਦੋਂ ਆਦਿ ਹੋਇਆ ਹੈ। ਜੇ ਵਾਹਿਗੁਰੂ ਅਨਾਦਿ ਹੈ ਤਾਂ ਜੀਵ ਵੀ ਅਨਾਦੀ ਹੈ। ਮਾਇਆ ਵੀ ਅਨਾਦੀ ਹੈ, ਲੇਕਿਨ ਗੁਰੂ ਮਹਾਰਾਜ ਕਹਿੰਦੇ ਇਨ੍ਹਾਂ ਗੱਲਾਂ 'ਚ ਨਾ ਪਓ, ਮਾਇਆ ਜਿਹੜੀ ਹੈ ਉਹ ਵੀ ਵਾਹਿਗੁਰੂ ਨੇ ਪਸਾਰੀ ਹੈ-

*ਅਪਨੀ ਮਾਇਆ ਆਪਿ ਪਸਾਰੀ*
*ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ*
*ਸਭ ਤੇ ਰਹੈ ਨਿਆਰਾ॥* **ਅੰਗ - ੫੩੭**

ਫੇਰ ਜੀਵ ਕੀ ਹੈ? ਜੀਵ ਕੁਛ ਵੀ ਨਹੀਂ ਹੈ -

*ਹੁਕਮੀ ਹੋਵਨਿ ਜੀਅ............॥* **ਅੰਗ - ੧**

ਹੁਕਮ ਦੀ ਕ੍ਰਿਆ ਦੇ ਵਿਚ ਇਕ ਕ੍ਰਿਆ ਹੋ ਗਈ ਤੇ ਜਿਹੜੀ ਇਹਦੇ ਵਿਚ **consiousness** ਨੀਵੇਂ ਪੱਧਰ ਤੇ ਆ ਗਈ, ਹੇਠਾਂ ਨੂੰ ਆ ਗਈ, ਮਾਇਆ ਦੇ ਮੰਡਲ 'ਚ ਆ ਗਈ, ਹਉਮੈ ਦੇ ਮੰਡਲ 'ਚ ਆ ਗਈ, ਉਹ ਸੁਰਤ ਜੀਵ ਆਤਮਾ ਬਣ ਜਾਂਦੀ ਹੈ। ਉਹਨੂੰ ਉਪਾਧੀ ਮਿਲ ਜਾਂਦੀ ਹੈ, ਉਹਦਾ ਕੋਈ ਵਜੂਦ ਨਹੀਂ ਹੈ ਕੇਵਲ ਅਗਿਆਨ ਕਰਕੇ ਵਜੂਦ ਨਜ਼ਰ ਆਉਂਦਾ ਹੈ, ਹੈ ਇਕੋ ਹੀ ਆਤਮਾ, ਜਿਹਨੇ ਏਸ ਖੇਲ੍ਹ ਨੂੰ ਪਛਾਣ ਲਿਆ ਕਿ ਇਹ ਤਾਂ ਇਕ ਖੇਲ੍ਹ ਹੋ ਰਹੀ ਹੈ, ਐਸ ਤਰ੍ਹਾਂ ਹੋ ਰਹੀ ਹੈ। ਗੁਰੂ ਮਹਾਰਾਜ ਕਹਿੰਦੇ -

*ਗੁਰਿ ਪੂਰੈ ਹਉਮੈ ਮਲੁ ਧੋਈ ॥*
*ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥*

**ਅੰਗ - ੨੩੬**

ਜਦੋਂ ਹਉਮੈ ਦੀ ਮੈਲ ਧੋ ਦਿਤੀ, ਹਉਮੈ ਦੀ ਕੰਧ ਟੁੱਟ ਗਈ ਤਾਂ ਚੁਬੱਚੇ ਦਾ ਪਾਣੀ ਝੀਲ ਦੇ ਪਾਣੀ ਨਾਲ ਰਲ ਗਿਆ। ਪਹਿਲਾਂ ਚੁਬੱਚਾ ਬਣਾ ਕੇ ਝੀਲ ਦੇ ਪਾਣੀ ਨਾਲੋਂ ਅੱਡ ਕਰਿਆ ਹੋਇਆ ਸੀ। ਜਦੋਂ ਕੰਧ ਟੁੱਟ ਗਏ, ਉਹਦੇ ਵਿਚ ਰਲ ਗਿਆ, ਦੋਵੇਂ ਇਕੋ ਹੋ ਗਏ।

ਸੋ ਇਸ ਤਰ੍ਹਾਂ ਇਕ ਖੇਲ੍ਹ ਹੋ ਰਹੀ ਹੈ। ਸਾਧੂ, ਮਹਾਂਪੁਰਸ਼ ਜਦੋਂ ਅਸੀਂ ਕਹਿੰਦੇ ਹਾਂ ਕਿ ਬਾਬਾ ਦਇਆ ਸਿੰਘ ਜੀ, ਮਹਾਰਾਜ ਜੀ, ਠੀਕ ਹੈ ਸਾਡੀ ਸ਼ਰਧਾ ਹੈ ਅਸੀਂ ਬ੍ਰਹਮ ਨੂੰ ਉਸੇ ਰੂਪ ਵਿਚ ਦੇਖਦੇ ਹਾਂ। ਜਦੋਂ ਅਸੀਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਾਂ ਓਸ ਪ੍ਰਮੇਸ਼ਰ ਨੂੰ ਗੁਰੂ ਨਾਨਕ ਲਿਖ ਰਹੇ ਹਾਂ। ਜਦੋਂ ਅਸੀਂ ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਹਾਂ ਉਸੇ ਬ੍ਰਹਮ ਨੂੰ, ਉਸੇ ਪ੍ਰਮੇਸ਼ਰ ਨੂੰ ਗੁਰੂ ਦਸਵੇਂ ਪਾਤਸ਼ਾਹ 'ਚ ਦੇਖ ਰਹੇ ਹਾਂ, ਇਹ ਵੱਖ-ਵੱਖ ਨਹੀਂ ਹੈਗੇ। ਇਹ ਇਕੋ ਹੀ ਪ੍ਰਮੇਸ਼ਰ ਹੈ, ਇਕੋ ਹੀ ਜੋਤ ਹੈ। ਇਥੇ ਦੋ ਦੀ ਗੁਜਾਇੰਸ਼ ਨਹੀਂ ਹੈ। ਦੋ ਹੋ ਨਹੀਂ ਸਕਦੇ, ਆਪੇ ਹੀ ਹੈ ਉਹ। ਪਰ ਜਦੋਂ ਅਸੀਂ ਮਹਿਮਾ ਕਰਦੇ ਹਾਂ ਮਹਾਂਪੁਰਸ਼ਾਂ ਦੀ ਤਾਂ ਉਹ ਪ੍ਰਮੇਸ਼ਰ ਦੀ ਹੀ ਕਰ ਰਹੇ ਹੁੰਦੇ ਹਾਂ ਕਿਉਂਕਿ ਓਸ ਪ੍ਰਮੇਸ਼ਰ ਨੇ ਐਸਾ ਰੂਪ ਧਾਰ ਕੇ ਕ੍ਰਿਆ ਕੀਤੀ ਜਿਸ ਤੋਂ ਸਾਨੂੰ ਚਾਨਣਾ ਮਿਲਿਆ।

ਸੰਤ ਮਹਾਰਾਜ ਜੀ (ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ) ਰਾੜਾ ਸਾਹਿਬ ਵਾਲੇ, ਮੈਂ ਕਦੇ ਨਾਉਂ ਨਹੀਂ ਲਿਆ, ਮਾਫ ਕਰਨਾ ਇਸ ਗੱਲ ਦਾ, ਮੇਰੇ ਅੰਦਰੋਂ ਨਹੀਂ ਨਿਕਲਦਾ। ਕਈ ਤਾਂ ਕਹਿੰਦੇ ਨੇ ਕਿ ਵਾਹਿਗੁਰੂ ਵੀ ਤਾਂ ਅਸੀਂ ਕਹਿੰਦੇ ਹਾਂ, ਗੁਰੂ ਨਾਨਕ ਸਾਹਿਬ ਉਹ ਠੀਕ ਹੈ, ਪਰ ਭਾਵਨਾ ਐਨੀ ਪ੍ਰਬਲ ਹੋ ਗਈ ਸੀ ਕਿ ਸ਼ਕਲ ਤਾਂ ਸਾਮ੍ਹਣੇ ਆ ਜਾਂਦੀ ਹੈ ਪਰ ਨਾਉਂ ਨਹੀਂ ਆਉਂਦਾ। ਨਾਉਂ ਲੈਣ ਤੇ ੨ਮੇਰੇ ਅੰਦਰ ਹੀ ਕੁਛ ਹੋਣ ਲਗ ਜਾਂਦਾ ਹੈ, ਜਿਵੇਂ ਕਿਤੇ ਮੈਂ ਬੜੀ ਭਾਰੀ ਬੇਅਦਬੀ ਕਰ ਦਿਤੀ ਹੁੰਦੀ ਹੈ। ਸੋ ਉਨ੍ਹਾਂ ਦਾ ਅਸੀਂ ਜ਼ਿਕਰ ਕਰ ਰਹੇ ਹਾਂ, ਉਨ੍ਹਾਂ ਦੀਆਂ ਸਾਰੀਆਂ ਹੀ

ਕਥਾਵਾਂ ਜਿਹੜੀਆਂ ਸੀ, ਜੀਵਨ ਦੇ ਨਾਟ ਦੀ ਉਹਨੂੰ ਕੋਈ ਸਮਝ ਨਹੀਂ ਸਕਿਆ। ਜਿਹੋ ਜਿਹੇ **angle** ਤੋਂ ਕਿਸੇ ਨੇ ਦੇਖਿਆ ਓਹੀ ਜਿਹੀ ਗੱਲ ਕਰ ਦਿਤੀ। ਸਮੁੱਚੇ ਤੌਰ ਤੇ ਕੋਈ ਨਹੀਂ ਸਮਝਿਆ ਕਿ ਉਹ ਸੀਗੇ ਕੀ? ਕਿਸੇ ਨੇ ਉਨ੍ਹਾਂ ਦੇ ਸੋਹਣੇ ਕੱਪੜੇ ਦੇਖ ਕੇ ਕਿਹਾ ਕਿ ਇਹ ਬਹੁਤ ਸੋਹਣੇ ਕੱਪੜੇ ਪਹਿਨਦੇ ਨੇ, ਜੇ ਜੋੜੇ ਦੇਖ ਲਏ ਤਾਂ ਉਹ ਜੋੜਿਆਂ ਨੂੰ ਕਹੀ ਜਾਂਦਾ ਹੈ ਕਿ ਜੋੜੇ ਬੜੇ ਸੀ ਉਨ੍ਹਾਂ ਦੇ ਕੋਲ। ਬੇਅੰਤ ਚੀਜ਼ਾਂ ਨੇ ਲੇਕਿਨ ਉਨ੍ਹਾਂ ਨੂੰ ਕੋਈ ਨਹੀਂ ਸਮਝ ਸਕਿਆ, ਉਹ ਤਾਂ ਪਰਾਲਬਧ ਸੀ ਉਨ੍ਹਾਂ ਦੀ, ਸਰੀਰਕ ਭੋਗ ਸੀ, ਪਰਾਲਬਧ ਦੇ ਮੁਤਾਬਿਕ ਮਿਲਿਆ, ਆਪ ਉਹ ਜੁੱਤੀ ਰਬੜ ਦੀ ਲੈ ਕੇ ਪਾਉਂਦੇ ਹੁੰਦੇ। ਸ਼ਰਧਾ ਵਾਲੇ ਨਵੀਆਂ ਤੋਂ ਨਵੀਆਂ ਲਿਆ ਕੇ, ਇਕ ਦਿਨ ਪਹਿਨਣ ਵਾਸਤੇ ਬੇਨਤੀ ਕਰਦੇ ਸੀ।

ਅਸੀਂ ਸਿੰਧ ਵਿਚ ਚਲੇ ਗਏ, ਮੈਂ ਚਲਿਆ ਗਿਆ ਕਰਾਚੀ, ਪੈਸੇ ਵਗੈਰਾ ਤਾਂ ਹੁੰਦੇ ਨਹੀਂ ਸੀ ਉਨ੍ਹਾਂ ਦਿਨਾਂ ਵਿਚ, ਇਕ ਰੁਪਿਆ ਕਿਸੇ ਕੋਲ ਹੋਵੇ, ਬਹੁਤ ਵੱਡੀ ਰਕਮ ਹੁੰਦੀ ਸੀ, ਮੇਲੇ ਜਾਣਾ ਤਾਂ ਮਾਂ ਬਾਪ ਨੇ ਇਕ ਆਨਾ ਦੇਣਾ। ਇਕ ਆਨੇ ਦੇ ਗਟੇ ਵੀ ਖਾ ਲੈਣੇ, ਉਥੇ ਰਿਓੜੀਆਂ ਲੈ ਕੇ ਵੀ ਖਾ ਲੈਣੀਆਂ, ਦੋ ਪੈਸੇ ਦਾ ਘਰ ਨੂੰ ਲੈ ਆਉਣਾ, ਸਾਰੇ ਘਰ ਵਾਲਿਆਂ ਨੇ ਰੱਜ ਜਾਣਾ। ਇਕ ਆਨੇ ਦੇ ਇਕ ਸੇਰ ਪੱਕੇ ਛੋਲੇ ਆਉਂਦੇ ਹੁੰਦੇ ਸੀ। ਉਥੇ ਮੈਨੂੰ ਦੋ ਚੀਜ਼ਾਂ ਚੰਗੀਆਂ ਲੱਗੀਆਂ ਦੋਵੇਂ ਮੈਂ ਖਰੀਦ ਲਈਆਂ। ਇਕ ਚਾਦਰ ਸੀ ਜਿਹੜੀ ਕਸ਼ਮੀਰੀ ਸ਼ਾਲ ਕਹਾਉਂਦੀ ਹੈ, ਇਕ ਬੈਡ ਕਵਰ ਸੀ ਜਿਹੜਾ ਪਲੱਛ ਦਾ ਸੀ, ਬਹੁਤ ਸੋਹਣਾ ਬਣਾਇਆ ਹੋਇਆ, ਉਹ ਮੈਂ ਲੈ ਕੇ ਆ ਗਿਆ, ਨਵਾਬ ਨਗਰ ਦੇ ਕੋਲ, ਨਵਾਬਸ਼ਾਹ ਦੇ ਕੋਲ ਜੰਗਲ ਸੀ ਇਕ, ਜੰਗਲ ਦੇ ਵਿਚ ਅਸੀਂ ਰਹਿੰਦੇ ਹੁੰਦੇ, ਸਰਦਾਰ ਚੰਦਾ ਸਿੰਘ ਜੀ, ਉਥੇ ਅਸੀਂ ਰਹਿੰਦੇ ਹੁੰਦੇ। ਜਦੋਂ ਮੈਂ ਬੀਬੀ ਜੀ ਨੂੰ ਦਿਖਾਈਆਂ, ਇਹ ਮੇਰੇ ਤੋਂ ਵੀ ਉਪਰ ਦੀ ਸੀ, ਇਹ ਕਹਿੰਦੀ ਨਾ ਇਹ ਤਾਂ ਨਹੀਂ ਆਪਾਂ ਵਰਤਣੀਆਂ। ਮੈਂ ਕਿਹਾ ਕੀ ਗੱਲ, ਮੈਂ ਤਾਂ ਬਹੁਤ ਸੋਹਣੀਆਂ ਦੇਖ ਕੇ ਲੈ ਕੇ ਆਇਆ ਹਾਂ। ਕਹਿੰਦੀ, ਨਾ ਇਹ ਤਾਂ ਮਹਾਰਾਜ ਜੀ ਲਈ ਰੱਖ ਦਿਓ, ਐਵੇਂ ਜਿਵੇਂ ਰੱਖ ਦਿਓ, ਜਦੋਂ ਆਪਾਂ ਪੰਜਾਬ ਕਿਤੇ ਗਏ, ਉਸ ਵੇਲੇ ਮਹਾਰਾਜ ਜੀ ਦੇ ਅਰਪਣ ਕਰ ਦੇਵਾਂਗੇ। ਇਥੇ ਜਦੋਂ ਮੈਂ ਆਇਆ ਤਾਂ ਮਹਾਰਾਜ ਜੀ ਨੂੰ ਜਦੋਂ ਅਰਪਣ ਕਰੀਆਂ ਤਾਂ ਮੇਰੇ ਮਨ ਵਿਚ ਆਇਆ ਕਿ ਮਹਾਰਾਜ ਜੀ ਉਪਰ ਲੈ ਲੈਣ ਤੇ ਇਹਨੂੰ ਵਿਛਾ ਲੈਣ ਹੇਠਾਂ। ਕੁਦਰਤੀ ਹੁੰਦਾ ਹੈ, ਗਰੀਬ ਆਦਮੀ ਸੀ।

ਮਹਾਰਾਜ ਜੀ ਉਸੇ ਵੇਲੇ ਪਾਸੇ ਹੋ ਗਏ, ਕਹਿਣ ਲੱਗੇ, ਆਹ ਤਾਂ ਮੰਜੇ ਤੇ ਵਿਛਾ ਦਿਓ ਸਾਡੇ। ਆਹ ਮੈਨੂੰ ਦੇ ਦਿਓ, ਆਹ ਜਿਹੜੀ ਚਾਦਰ ਸਾਡੇ ਉਤੇ ਹੈ ਇਹਨੂੰ ਰੱਖ ਦਿਓ। ਪੂਰਾ ਹੀ ਸਿਆਲ ਉਹ ਗਰਮ ਚਾਦਰ ਉਨ੍ਹਾਂ ਨੇ ਉਤੇ ਰੱਖੀ, ਉਹਨੂੰ ਦੇਖ ਕੇ ਓਸ ਤੋਂ ਵੀ ਵਧੀਆ-ਵਧੀਆ ਅਮੀਰਾਂ ਨੇ ਕਸ਼ਮੀਰੀ ਸ਼ਾਲਾਂ ਲਿਆ ਕੇ ਦੇ ਦਿਤੀਆਂ। ਸਾਡੇ ਨਾਲੋਂ ਕਿਤੇ ਵਧੀਆ-ਵਧੀਆ ਪਲੱਛ ਦੇ ਬੈਡ ਕਵਰ ਲਿਆ ਕੇ ਦੇ ਦਿਤੇ, ਪਰ ਉਹ ਸਾਡੀ ਭਾਵਨਾ ਜਿਹੜੀ ਸੀ ਐਨੀ ਜੁੜੀ ਹੋਈ ਸੀ ਕਿ ਛੇ ਮਹੀਨੇ ਮਹਾਰਾਜ ਜੀ ਨੇ ਉਹ ਚਾਦਰ ਹੀ ਨਹੀਂ ਬਦਲੀ, ਸਰਦੀ-ਸਰਦੀ, ਓਹੀ ਰੱਖਿਆ ਕਰਨ ਉਤੇ। ਢੇਰ ਲੱਗੇ ਪਏ ਸੀ ਚਾਦਰਾਂ ਤੇ ਸਾਲਾਂ ਦੇ ਉਨ੍ਹਾਂ ਕੋਲ। ਮੇਰਾ ਕਹਿਣ ਤੋਂ ਭਾਵ ਹੈ ਕਿ ਉਨ੍ਹਾਂ ਨੂੰ ਸਮਝ ਨਹੀਂ ਸਕਿਆ, ਕੋਈ ਕੁਛ ਕਹੀ ਜਾਂਦਾ ਸੀ, ਕੋਈ ਕੁਛ ਕਹੀ ਜਾਂਦਾ ਸੀ। ਜਿਹੜਾ ਕੁਛ ਸਮਝਿਆ ਹੈ ਕਿਸੇ ਨੇ ਉਹਨੂੰ ਪਤਾ ਹੈ ਕੀ ਸੀਗੇ।

ਆਪ ਜੀ ਦੇ ਜੀਵਨ ਤੇ ਜਦੋਂ ਅਸੀਂ ਝਾਕੀ ਮਾਰਦੇ ਹਾਂ ਤਾਂ ਹੈਰਾਨ ਹੋ ਜਾਈਦਾ ਹੈ ਕਿ ਬੜੀ ਵਾਹਿਗੁਰੂ ਜੀ ਦੀ ਮਿਹਰ ਸੀ ਕਿ ਸੰਸਾਰ ਦੇ ਉਧਾਰ ਵਾਸਤੇ ਧੁਰ ਤੋਂ ਹੀ ਭੇਜੇ ਗਏ ਸੀ। ਚਾਰ ਅਗਸਤ 1905 ਨੂੰ ਆਲੋਵਾਲ ਪਿੰਡ ਵਿਚ ਆਪ ਜੀ ਪ੍ਰਕਾਸ਼ ਹੋਇਆ। ਬਚਪਨ ਤੋਂ ਹੀ ਆਪ ਦਾ ਸਾਧੂਆਂ ਨਾਲ ਪਿਆਰ ਸੀ, ਚਾਰ ਸਾਲ ਦੇ ਸੀ ਜਿਸ ਵਕਤ ਮਾਤਾ ਬੀਰਮਦਾਸ ਇਕ ਸੰਤ ਹੋਏ ਨੇ, ਰਾਜਪੁਰੇ ਦੇ ਕੋਲ ਜਿਹੜੇ ਪੁਰਾਣੇ ਲੋਕ ਰਹਿੰਦੇ ਨੇ, ਸਰਹੰਦ ਕੋਲ ਉਹ ਜਾਣਦੇ ਨੇ। ਬਿਦੋਸ਼ੀ ਦੇ ਰਹਿਣ ਵਾਲੇ ਸੀ, ਉਹ ਨੇੜੇ ਨਹੀਂ ਸੀ ਕਿਸੇ ਨੂੰ ਆਉਣ ਦਿੰਦੇ, ਲੋਕ ਗਰਜਾਂ ਵਾਲੇ ਬਹੁਤੇ ਜਾਂਦੇ ਸੀ। ਸਾਧੂਆਂ ਕੋਲੋਂ ਸਾਧੂਆਂ ਵਾਲਾ ਕੰਮ ਨਹੀਂ ਲੈਂਦੇ ਹੋਰ ਹੀ ਕੰਮ ਪਾ ਲੈਂਦੇ ਨੇ ਸੰਤਾਂ ਨੂੰ।

ਮੇਰੇ ਕੋਲ ਵੀ ਆਉਂਦੇ ਨੇ ਜੀ ਪੁੱਤਰ ਨਹੀਂ ਹੋਇਆ। ਅਸੀਂ ਕਹਿੰਦੇ ਹਾਂ ਕਿ ਜੋ ਤੇਰੇ ਭਾਗ ਵਿਚ ਹੈ ਉਹ ਹੈਗਾ। ਲੜਕੇ ਵੀ ਓਹੋ ਜਿਹੇ ਨੇ ਤੇ ਲੜਕੀਆਂ ਵੀ ਓਹੋ ਜਿਹੀਆਂ ਨੇ। ਸੰਤਾਂ ਨੂੰ ਐਸ ਤਰ੍ਹਾਂ ਤੰਗ ਕਰਦੇ ਸੀ, ਸੰਤਾਂ ਨੇ ਡੰਡਾ ਫੜ ਲਿਆ, ਜਦੋਂ ਕਿਸੇ ਨੇ ਆਉਣਾ ਨੱਠ ਕੇ ਮਗਰ ਪੈ ਜਾਣਾ ਜਾਂ ਇੱਟਾਂ ਰੱਖ ਲੈਣੀਆਂ ਸਵੇਰੇ ਹੀ, ਜਦੋਂ ਕਿਸੇ ਨੇ ਆਉਣਾ ਇੱਟਾਂ ਹੀ ਮਾਰਨੀਆਂ, ਉਨ੍ਹਾਂ ਤੋਂ ਸੱਟੇ ਦਾ ਨੰਬਰ ਪੁੱਛਣ ਜਾਂਦੇ ਹੁੰਦੇ ਸੀ ਬਾਣੀਏ।

ਮਹਾਰਾਜ ਪਟਿਆਲੇ ਨੂੰ ਕਿਸੇ ਨੇ ਦੱਸ ਦਿਤਾ ਭੁਪਿੰਦਰ ਸਿੰਘ ਨੂੰ। ਇਹ ਵੀ ਚਲਿਆ ਬਿਦੋਸ਼ੀ ਤੇ ਦੂਰ ਹੀ ਕਾਰ ਖੜ੍ਹੀ ਕਰ ਦਿਤੀ। ਉਧਰੋਂ ਉਹ ਡਲ੍ਹਿਆਂ 'ਚ ਬੈਠੇ ਸੀਗੇ, ਛੋਲਿਆਂ ਦੇ ਵਾਹਨ 'ਚ, ਇਸ ਇਲਾਕੇ ਦੇ ਡਲ੍ਹੇ ਬੜੇ ਸਖਤ ਨੇ। ਉਥੇ ਬੈਠੇ ਤਾਂ ਉਨ੍ਹਾਂ ਨੇ ਇਕ ਬਾਂਸ ਮੰਗਾ ਲਿਆ ਕਹਿੰਦੇ ਸੋਟੀ ਤਾਂ ਛੋਟੀ ਹੈ, ਭਾਈ ਇਕ ਬਾਂਸ ਲਿਆਓ। ਮਹਾਰਾਜ ਪਟਿਆਲਾ ਪੈਦਲ ਕਦੇ ਡਲ੍ਹਿਆਂ ਦੇ ਉਤੇ ਤੁਰਿਆ ਨਾ, ਕਦੇ ਟੇਢੀ ਹੋ ਜਾਂਦੀ

ਹੈ ਲੱਤ, ਕਦੇ ਕਿਵੇਂ-ਕਦੇ ਕਿਵੇਂ, ਮਸਾਂ ਉਥੇ ਪਹੁੰਚਿਆ। ਕਹਿਣ ਲੱਗਿਆ ਮਹਾਰਾਜ! ਉਹ ਸਾਧੂ ਬੇਪਰਵਾਹ ਹੈ, ਉਹਨੇ ਡਲ੍ਹੇ ਮਾਰਨੇ ਨੇ, ਜੇ ਤਾਂ ਤੁਸੀਂ ਸਹਿ ਗਏ ਤਾਂ ਤੁਹਾਨੂੰ ਸਭ ਕੁਛ ਮਿਲ ਜਾਏਗਾ। ਜੇ ਨਾ ਸਹੇ ਤਾਂ ਫੇਰ ਕੁਛ ਵੀ ਨਹੀਂ ਮਿਲਣਾ। ਤੁਸੀਂ ਹੋਂ ਰਾਜੇ, ਰਾਜਿਆਂ ਦਾ ਬਹੁਤ ਵੱਡਾ ਅਖਤਿਆਰ ਹੁੰਦਾ ਸੀ, ਹਉਮੈ ਦੀ ਸਿਖਰ ਤੇ ਪਹੁੰਚੇ ਹੁੰਦੇ ਸੀ। ਜਦੋਂ ਇਸ ਨੇ ਜਾ ਕੇ ਨਮਸਕਾਰ ਕਰੀ ਉਨ੍ਹਾਂ ਨੇ ਬਾਂਸ ਲੈ ਲਿਆ, 13 ਬਾਂਸ ਮਾਰੇ ਇਹਦੀ ਪਿੱਠ ਤੇ, ਉਵੇਂ ਜਿਵੇਂ ਪਿਆ ਰਿਹਾ, ਗਾਲ੍ਹ ਕੱਢੀ ਕਹਿੰਦੇ ਓਏ ਤੂੰ ਰੱਜਦਾ ਹੀ ਨਹੀਂ ਪੁੱਤਰਾਂ ਨਾਲ ਅਜੇ, ਉਠ ਖੜ੍ਹਾ ਹੋ। ਪੁੱਤਰ ਦੀ ਦਾਤ ਲੈਣ ਗਿਆ ਸੀ, ਜਿੰਨੇ ਡੰਡੇ ਮਾਰੇ ਓਨੇ ਹੀ ਪੁੱਤਰ ਬਖਸ਼ ਦਿਤੇ ਉਨ੍ਹਾਂ ਨੇ।

ਸੋ ਐਸੇ ਹੀ ਮਹਾਂਪੁਰਸ਼ ਸੀ, ਮਾਂ-ਬਾਪ ਜਦੋਂ ਮਹਾਰਾਜ ਜੀ ਨੂੰ ਲੈ ਕੇ ਉਨ੍ਹਾਂ ਦੇ ਕੋਲ ਜਾਂਦੇ ਨੇ ਤਾਂ ਇਨ੍ਹਾਂ ਦੇ ਛੋਟਾ ਕਛਹਿਰਾ ਪਾਇਆ ਹੋਇਆ ਸੀ ਤੇ ਅੱਧੀਆਂ ਬਾਹਾਂ ਦਾ ਬੁਨੈਣ ਵਰਗਾ ਕੁੜਤਾ ਸੀ ਤੇ ਇਹਦੇ ਵਿਚ ਐਨੇ ਸੁੰਦਰ ਲਗਦੇ ਸੀ ਕਿ ਮਾਂ-ਬਾਪ ਨੂੰ ਕਾਲਸ ਦਾ ਇਕ ਟਿੱਕਾ ਲਾਉਣਾ ਪੈਂਦਾ ਸੀ ਕਿ ਨਿਗ੍ਹਾ ਕਿਤੇ ਬੁਰੀ ਨਾ ਫੈਲ ਜਾਵੇ ਕਿਸੇ ਦੀ, ਟਿੱਕਾ ਰੋਕ ਲਵੇ, ਪਾੜ ਦੇਵੇ ਉਨ੍ਹਾਂ ਦੀ ਨਿਗ੍ਹਾ। ਉਥੇ ਜਦੋਂ ਬੈਠੇ ਜਿਵੇਂ ਉਹ ਬੈਠਦੇ ਹੁੰਦੇ ਪੈਰਾਂ ਭਾਰ, ਉਨ੍ਹਾਂ ਦੇ ਬਰਾਬਰ ਜਾ ਕੇ ਉਵੇਂ ਜਿਵੇਂ ਬਹਿ ਗਏ, ਚਾਰ ਸਾਲ ਦੀ ਉਮਰ 'ਚ। ਮਾਂ-ਬਾਪ ਡਰ ਗਏ ਕਿ ਸੰਤ ਗੁੱਸੇ ਹੋ ਜਾਣਗੇ ਕਿ ਮੇਰੇ ਬਰਾਬਰ ਆ ਕੇ ਬੱਚਾ ਬੈਠ ਗਿਆ। ਉਨ੍ਹਾਂ ਨੇ ਨੰਬਰਦਾਰ ਦਾ ਚਿਹਰਾ ਵੀ ਦੇਖਿਆ। ਕਹਿੰਦੇ ਨੰਬਰਦਾਰਾ ਘਬਰਾਇਆ ਕਿਉਂ ਹੈਂ? ਕਹਿੰਦਾ ਬਾਬਾ ਜੀ! ਤੁਹਾਡਾ ਪੁੱਤਰ ਤੁਹਾਡੇ ਵਾਂਗੂੰ ਤੁਹਾਡੇ ਬਰਾਬਰ ਆ ਕੇ ਬੈਠ ਗਿਆ। ਜਿਵੇਂ ਤੁਸੀਂ ਬੈਠੇ ਹੋਂ। ਕਹਿੰਦੇ ਮੇਰੇ ਵਾਂਗੂੰ, ਮੇਰੇ ਤੋਂ ਤਾਂ ਇਹ ਬੇਅੰਤ ਵੱਡਾ ਹੋਣਾ ਹੈ। ਇਹਦੇ ਦਰ ਤੇ ਰਾਜੇ ਆ ਕੇ ਖੜ੍ਹਿਆ ਕਰਨਗੇ, ਆ ਕੇ ਸਮਾਂ ਮੰਗਿਆ ਕਰਨਗੇ। ਦੁਨੀਆਂ ਲਾਈਨਾਂ ਲਾਇਆ ਕਰੇਗੀ ਦਰਸ਼ਨਾਂ ਵਾਸਤੇ। ਇਹ ਕੋਈ ਐਵੇਂ ਹੀ ਰੂਹ ਨਹੀਂ, ਇਹਨੇ ਮੈਨੂੰ ਦੱਸ ਦਿਤਾ ਕਿ ਅਸੀਂ ਵੀ ਆ ਗਏ ਹਾਂ।

ਸੋ ਇਸ ਤਰ੍ਹਾਂ ਬਚਪਨ ਦੇ ਉਨ੍ਹਾਂ ਦੇ ਜਿਹੜੇ ਕੌਤਕ ਸੀ, ਕਿਤੇ-ਕਿਤੇ ਮਹਾਰਾਜ ਜੀ ਆਪੇ ਵੀ ਦੱਸ ਦਿੰਦੇ ਸੀ ਤੇ ਦੋ ਤਿੰਨ ਸਾਧੂ ਸੀਗੇ ਉਥੇ ਜਿਨ੍ਹਾਂ ਕੋਲ ਆਪ ਬਹੁਤ ਜਾਇਆ ਕਰਦੇ ਸੀ। ਛੇਵੀਂ ਜਮਾਤ ਵਿਚ ਆ ਕੇ ਆਪ ਪਟਿਆਲੇ ਦਾਖਲ ਹੋ ਗਏ, ਉਥੇ ਇਕ ਮਹਾਤਮਾ ਟੀ.ਐਲ ਵਿਸਬਾਨੀ ਸਿੰਧ ਦੇ ਰਹਿਣ ਵਾਲਾ, ਉਹ ਬੱਚਿਆਂ ਨੂੰ ਕਦੇ-ਕਦੇ ਆ ਕੇ ਪੜ੍ਹਾਇਆ ਕਰਦਾ ਸੀ, ਪ੍ਰੋਫੈਸਰ ਸੀ। ਸੀਗਾ ਮਹਾਤਮਾ। ਉਸਨੇ ਇਕ ਦਿਨ ਜ਼ਿਕਰ ਕਰਿਆ ਕਿ ਜਿਹਦੇ ਜਪੁਜੀ ਸਾਹਿਬ ਯਾਦ ਹੋਵੇ, ਉਹ ਸੰਤ ਬਣ ਜਾਂਦਾ ਹੈ। ਉਹਨੇ ਸਹਿਜ-ਸੁਭਾਅ ਗੱਲ ਕਰੀ। ਤੀਸਰੇ ਦਿਨ ਹੀ ਮਹਾਰਾਜ ਜੀ ਨੇ ਜਪੁਜੀ ਸਾਹਿਬ ਉਹਨੂੰ ਸੁਣਾ ਦਿਤਾ।

ਇਕ ਦਿਨ ਬਚਨ ਛੇੜ ਲਏ ਮੈਂ ਕਿਹਾ ਮਹਾਰਾਜ ਜੀ! ਜਦੋਂ ਲਗਨ ਲੱਗੀ ਪਹਿਲਾਂ-ਪਹਿਲਾਂ ਤਾਂ ਕਿਸ ਤਰ੍ਹਾਂ ਸੀ? ਮਹਾਰਾਜ ਕਹਿਣ ਲੱਗੇ ਕਿ ਅਸੀਂ ਸੰਤਾਂ ਦੇ ਕੋਲ ਜਾਇਆ ਕਰਦੇ ਸੀ ਤੇ ਪਟਿਆਲੇ ਆਪਣੇ ਭਰਾ ਦਲੀਪ ਸਿੰਘ ਦੇ ਘਰ ਰਿਹਾ ਕਰਦੇ ਸੀ। ਉਥੇ ਸੰਤਾਂ ਦੇ ਕੋਲ, ਉਹ ਵੀ ਸੰਤ ਸੇਵਾ ਸੀ ਅਸੀਂ ਵੀ ਚਲੇ ਜਾਇਆ ਕਰਦੇ ਸੀ। ਉਥੇ ਇਕ ਸੰਤ ਸੋਹਨਦਾਸ ਸੁਧਾਸਰ ਦੇ ਨੇੜੇ ਰਹਿੰਦੇ ਸੀ, ਬਾਬਾ ਧਿਆਨਾ ਵੀ ਉਥੇ ਹੁੰਦਾ ਹੋਰ ਵੀ ਬੜੇ ਮਹਾਂਪੁਰਸ਼ਾਂ ਦਾ ਆਪ ਨੇ ਨਾਉਂ ਲੈਣਾ।

ਕਹਿਣ ਲੱਗੇ, ਜਦੋਂ ਟੀ.ਐਲ ਬਿਸਵਾਨੀ ਨੇ ਸਾਨੂੰ ਕਿਹਾ ਜਪੁਜੀ ਸਾਹਿਬ ਅਸੀਂ ਯਾਦ ਕਰ ਲਈ, ਥੋੜ੍ਹੇ ਦਿਨਾਂ 'ਚ ਅਸੀਂ ਸੁਖਮਨੀ ਸਾਹਿਬ ਯਾਦ ਕਰ ਲਿਆ। ਖਿਡਾਰੀ ਸੀਗੇ ਅਵਲ ਦਰਜੇ ਦੇ। ਤਿੰਨ ਚਾਰ ਚੀਜ਼ਾਂ ਖੇਡਦੇ ਸੀ, ਕ੍ਰਿਕਟ ਖੇਡਦੇ, ਹਾਕੀ ਖੇਡਦੇ ਸੀ, ਫੁਟਬਾਲ ਖੇਡਦੇ ਸੀ, ਚੁਸਤ ਸਰੀਰ ਸੀ ਆਪ ਦਾ, ਲੇਕਿਨ ਗੰਭੀਰ ਰਹਿੰਦੇ ਸੀ ਹਰਵਕਤ। ਤੇ ਇਕ ਦਿਨ ਮੈਨੂੰ ਦੱਸਣ ਲੱਗੇ ਕਿ ਜਦੋਂ ਅਠਵੀਂ ਜਮਾਤ ਵਿਚ ਜਦੋਂ ਸੀਗੇ, ਸੁਧਾਸਰ ਤੇ ਜਾਇਆ ਕਰਦੇ ਸੀ ਤੇ ਸਾਡੀ ਸ਼ਿਕਾਇਤ ਕਰ ਦਿਤੀ ਭੂਆ ਨੇ ਦਲੀਪ ਸਿੰਘ ਨੂੰ, ਸਾਡੇ ਭਰਾ ਨੂੰ, ਕਿ ਆਹ ਮੁੰਡੇ ਨੇ ਕਿਤੇ ਪੜ੍ਹਨਾ ਹੈ, ਇਹ ਤਾਂ ਦੋ ਵਜੇ ਤੋਂ ਬਾਅਦ ਮੰਜੇ ਤੇ ਨਜ਼ਰ ਨਹੀਂ ਆਉਂਦਾ, ਉਸ ਵੇਲੇ ਸਾਢੇ ਤੇਰ੍ਹਾਂ ਸਾਲ ਦੀ ਆਪ ਦੀ ਉਮਰ ਸੀ। ਕਹਿੰਦੇ ਪਲੰਘ ਤੇ ਨਜ਼ਰ ਨਹੀਂ ਆਉਂਦਾ, ਪਤਾ ਨਹੀਂ ਦਲੀਪ ਸਿਆਂ! ਇਹ ਕਿੱਥੇ ਚਲਿਆ ਜਾਂਦਾ ਹੈ, ਸਾਰੀ ਕੋਠੀ ਟੋਲ੍ਹ ਲੈਂਦੇ ਹਾਂ ਕਿਤੇ ਨਜ਼ਰ ਨਹੀਂ ਆਉਂਦਾ। ਪਹਿਰੇਦਾਰਾਂ ਨੂੰ ਪੁਛਿਆ ਕਿ ਦਰਵਾਜ਼ਾ ਖੋਲ੍ਹਦੇ ਹੁੰਦੇ ਓਂ। ਕਹਿੰਦੇ ਹਾਂ ਜੀ, ਦੋ ਵਜੇ ਖੁਲਾਉਂਦਾ ਹੁੰਦੈ। ਕਿੱਥੇ ਜਾਂਦਾ ਹੈ, ਸਾਨੂੰ ਕੋਈ ਪਤਾ ਨਹੀਂ।

ਉਹ ਵੀ ਭਜਨ ਬੰਦਗੀ ਕਰਨ ਵਾਲੇ ਸੀ। ਮਹਾਰਾਜ ਜੀ ਦਸਦੇ ਹੁੰਦੇ ਕਿ ਅਸੀਂ ਉਥੇ ਜਾ ਕੇ ਬੈਠ ਜਾਣਾ, ਸਾਢੇ 13 ਸਾਲ ਉਮਰ, ਪੰਜ ਸੁਖਮਨੀ ਸਾਹਿਬ ਦੇ ਪਾਠ ਸੁਰਤੀ ਨਾਲ ਕਰਨੇ। ਪਹਿਲਾਂ ਸਿਮਰਨ ਕਰਨਾ, ਫੇਰ ਸੁਖਮਨੀ ਸਾਹਿਬ ਦੇ ਪਾਠ ਕਰਨੇ। ਮੈਂ ਕਿਹਾ ਮਹਾਰਾਜ! ਕਿੰਨਾ ਕੁ ਸਮਾਂ ਲਗ ਜਾਂਦਾ ਸੀ?

ਕਹਿੰਦੇ ਆਹੀ 20-22 ਮਿੰਟ ਲਗਦੇ ਹੁੰਦੇ ਸੀ, ਸੁਰਤ ਨਾਲ ਚਾਰ ਗੁਣਾਂ ਵਧ ਜਾਂਦੀ ਸੁਰਤੀ ਦੀ ਚਾਲ। ਜਿਨ੍ਹਾਂ ਦੀ ਸੁਰਤ ਟਿਕਦੀ ਹੈ ਉਨ੍ਹਾਂ ਨੂੰ ਪਤਾ ਹੈ, ਨਾਲੇ ਤਾਂ ਸਭ ਕੁਛ ਸਮਝ 'ਚ ਆਉਂਦਾ ਹੈ, ਅੱਖਰ-ਅੱਖਰ ਸਮਝ 'ਚ

ਆਉਂਦਾ ਹੈ ਪਰ ਬੋਲਦਾ ਕੋਈ ਹੋਰ ਹੈ। ਆਪਾਂ ਸੁਣਨਾ ਹੀ ਸੁਣਨਾ ਹੈ। ਸਪੀਡ ਨਾਲ ਚਲਦੀ ਹੈ। ਕਹਿੰਦੇ ਪੰਜ ਪਾਠ ਹੋ ਜਾਂਦੇ ਸੀ ਇਕ ਘੰਟੇ 'ਚ। ਜਦੋਂ ਸਿਮਰਨ ਕਰਨਾ, ਇਸ ਤਰ੍ਹਾਂ ਲਗਣਾ ਜਿਵੇਂ ਪਾਣੀ ਦੇ ਉਤੇ ਫੁੱਲਾਂ ਦੀ ਸੇਜਾ ਬਣਦੀ ਹੈ ਤੇ ਬ੍ਰਹਮਾ ਬੈਠਾ ਹੁੰਦਾ ਹੈ ਨਾ ਫੁੱਲ ਦੇ ਉਤੇ, ਐਸ ਤਰ੍ਹਾਂ ਆਸਣ ਲਗ ਜਾਣਾ, ਸਰੀਰ ਸਾਰਾ ਹੀ ਫੁੱਲ ਵਰਗਾ ਹੌਲਾ ਹੋ ਜਾਣਾ। ਇਸ ਤਰ੍ਹਾਂ ਰੋਜ਼ ਦਾ ਹੀ ਨੇਮ ਸੀਗਾ, ਭਜਨ ਤੋਂ ਬਗੈਰ ਪੰਜ ਘੰਟੇ ਅਸੀਂ ਉਥੇ ਬੈਠਦੇ ਸੀ, ਸੱਤ ਵਜੇ ਵਾਪਸ ਆਉਂਦੇ ਸੀ।

ਸਾਢੇ 13 ਸਾਲ ਦਾ ਲੜਕਾ ਹੁਣ ਵਿਚਾਰ ਲਵੇ ਕਿ ਸਾਢੇ ਪੰਜ ਘੰਟੇ ਭਜਨ ਬੰਦਗੀ 'ਚ ਬੈਠੇਗਾ, ਹੁਣ ਤਾਂ ਸਿਰ ਫੜ ਲੈਂਦੇ ਨੇ। ਜੇ ਮੈਂ ਕਹਿ ਦੇਵਾਂ ਨਾ ਕਿ ਐਨੇ ਪਾਠ ਕਰ ਲੈ, ਤੀਜੇ ਦਿਨ ਮੇਰੇ ਕੋਲ ਆ ਜਾਂਦੇ ਨੇ।

ਮੈਂ ਕਹਿੰਦਾ, ਕੀ ਹੋ ਗਿਆ?

ਕਹਿੰਦੇ ਨੇ ਜੀ, ਮੇਰਾ ਤਾਂ ਸਿਰ ਉਡੀ ਜਾਂਦਾ ਹੈ, ਪਤਾ ਨਹੀਂ ਕੀ ਹੋ ਗਿਆ ਕਿਉਂਕਿ ਤਾਕਤ ਨਹੀਂ ਰੱਖਦੇ, ਵਿਚਾਰ ਨਹੀਂ ਹੈ, ਦ੍ਰਿੜ੍ਹਤਾ ਨਹੀਂ ਅੰਦਰ।

***ਸੀਨੇ ਖਿਚ ਜਿਨਾਂ ਨੇ ਖਾਧੀ***
***ਓਹ ਕਰ ਅਰਮ ਨਾ ਬਹਿੰਦੇ।***
***ਨਿਹੁੰ ਵਾਲੇ ਨੈਣਾ ਕੀ ਨੀਂਦਰ***
***ਓਹ ਦਿਨੇ ਰਾਤ ਪਏ ਬਹਿੰਦੇ।***
***ਏਕੋ ਲਗਨ ਲਗੀ ਲੈ ਜਾਂਦੀ***
***ਟੋਰ ਅਨੰਤ ਜਿਨਾਂ ਦੀ।***
***ਵਸਲੋਂ ਓਰੇ ਮਕਾਮ ਨਾ ਕੋਈ***
***ਟੋਰ ਪਏ ਨਿਤ ਰਹਿੰਦੇ।***

ਉਸ ਵੇਲੇ ਤੱਕ ਆਪ ਭਜਨ ਕਰਦੇ ਸੀ। ਲੇਕਿਨ ਕੋਈ ਮਹਾਂਪੁਰਸ਼ ਨਹੀਂ ਸੀ ਮਿਲਿਆ, ਨਾ ਅਜੇ ਅੰਮ੍ਰਿਤ ਛਕਿਆ ਸੀ। ਸਾਧੂ ਮਿਲਦੇ ਸੀ, ਉਨ੍ਹਾਂ ਦੇ ਉਤੇ ਦਿਲ ਦਾ ਸੌਦਾ ਨਹੀਂ ਸੀ ਹੁੰਦਾ, ਸਤਿਕਾਰ ਪੂਰਾ ਕਰਦੇ ਸੀ ਪਰ ਐਹੋ ਜਿਹਾ ਨਹੀਂ ਸੀ ਕੋਈ ਮਿਲਿਆ ਜਿਹਦੇ ਅੱਗੇ ਆਪਾ ਵੇਚ ਦੇਣ।

ਦਸਵੀਂ ਜਮਾਤ 'ਚ ਜਦੋਂ ਹੋਏ ਉਸ ਵੇਲੇ ਬਾਬਾ ਹੀਰਾ ਸਿੰਘ ਦੇ ਨਾਲ, ਗੱਡੀ ਆਉਂਦੀ ਨਹੀਂ ਸੀ ਹੁੰਦੀ ਸਿੱਧੀ, ਧੂਰੀ ਵਲ ਦੀ ਹੋ ਕੇ ਲੁਧਿਆਣੇ ਵਲ ਦੀ ਹੋ ਕੇ, ਆਪ ਸਾਹਨੇਵਾਲ ਉਤਰੇ, ਉਥੋਂ ਪੈਦਲ ਚੱਲ ਕੇ ਰੇਰੂ ਸਾਹਿਬ ਪਹੁੰਚਦੇ ਨੇ। ਰੇਰੂ ਸਾਹਿਬ ਵਾਲੇ ਮਹਾਂਪੁਰਸ਼ਾਂ ਦੇ ਕੋਲ ਗਏ ਤਾਂ ਉਨ੍ਹਾਂ ਨੇ ਇਕੋ ਨਦਰ ਨਾਲ ਦੇਖ ਲਿਆ, ਇਕੋ ਹੀ ਨਿਗ੍ਹਾ ਮਾਰੀ ਹੈ। ਇਨ੍ਹਾਂ ਦੀ ਨਿਗ੍ਹਾ ਉਨ੍ਹਾਂ ਨਾਲ ਰਲ ਗਈ, ਉਨ੍ਹਾਂ ਦੀ ਇਨ੍ਹਾਂ ਨਾਲ ਰਲ ਗਈ। ਇਨ੍ਹਾਂ ਨੂੰ ਵੀ ਪਤਾ ਲਗ ਗਿਆ, ਮਹਾਰਾਜ ਜੀ ਕਹਿੰਦੇ ਸਾਨੂੰ ਐਉਂ ਹੋ ਗਿਆ ਜਿਥੇ ਆਉਣਾ ਸੀ ਆ ਗਏ। ਹੁਣ ਇਸ ਤੋਂ ਅੱਗੇ ਤਾਂ ਕੋਈ ਥਾਉਂ ਨਹੀਂ ਹੈ, ਉਨ੍ਹਾਂ ਨੂੰ ਵੀ ਪਤਾ ਲਗ ਗਿਆ ਕਿ ਜਿਹਨੇ ਆਉਣਾ ਸੀ ਆ ਗਿਆ ਹੁਣ ਤੇ ਸਾਨੂੰ ਐਉਂ ਲੱਗਿਆ ਜਿਵੇਂ ਇਨ੍ਹਾਂ ਨੂੰ ਅਸੀਂ ਮੁਦਤਾਂ ਦੇ ਜਾਣਦੇ ਹੁੰਦੇ ਹਾਂ। ਕਿਉਂਕਿ ਇਕ ਜਨਮ ਦਾ ਸਾਧੂਆਂ ਨਾਲ ਸਬੰਧ ਨਹੀਂ ਹੋਇਆ ਕਰਦਾ। ਜਨਮ-ਜਨਮ ਸਾਧੂਆਂ ਨਾਲ ਸਬੰਧ ਪੈਂਦਾ ਹੈ, ਉਹ ਫੇਰ ਸਾਂਭ ਲੈਂਦੇ ਨੇ ਆ ਕੇ। ਜਿਨ੍ਹਾਂ ਨੂੰ ਪਿਛਲੇ ਜਨਮ ਛੱਡ ਕੇ ਗਏ ਹੁੰਦੇ ਨੇ, ਉਨ੍ਹਾਂ ਨੂੰ ਟੋਲ੍ਹ ਲੈਂਦੇ ਨੇ, ਅਨੇਕਾਂ ਕੌਤਕਾਂ ਨਾਲ ਟੋਲ੍ਹ ਲੈਂਦੇ ਨੇ। ਕੋਇਲ ਦਾ ਬੱਚਾ ਜਦੋਂ ਕਾਵਾਂ ਦੇ ਆਲ੍ਹਣੇ 'ਚ ਪਲ ਕੇ ਜਦੋਂ ਕੋਇਲ ਦੀ ਆਵਾਜ਼ ਸੁਣਦਾ ਹੈ, ਉਥੇ ਹੀ ਉਡਾਰੀ ਮਾਰ ਕੇ ਆ ਜਾਂਦਾ ਹੈ ਫੇਰ ਨਹੀਂ ਜਾਂਦਾ। ਇਵੇਂ ਜਿਵੇਂ ਸਾਧੂ ਜਿਹੜੇ ਹੁੰਦੇ ਨੇ, ਜੰਮਦੇ ਮਾਂ-ਬਾਪ ਦੇ ਹੀ ਨੇ, ਗ੍ਰਿਹਸਤੀਆਂ ਦੇ ਹੀ ਜੰਮਦੇ ਨੇ, ਲੇਕਿਨ ਜਦੋਂ ਸਾਧੂ ਆ ਜਾਂਦਾ ਹੈ, ਆਵਾਜ਼ ਮਾਰਦਾ ਹੈ, ਉਸ ਵੇਲੇ ਸਭ ਕੁਛ ਛੱਡ ਛਡਾ ਕੇ ਉਥੇ ਹੀ ਆ ਜਾਂਦੇ ਨੇ, ਜਿਥੇ ਆਉਣਾ ਸੀ ਉਨ੍ਹਾਂ ਨੇ। ਇਹ ਪਿਛਲੇ ਸੰਜੋਗ ਹੋਇਆ ਕਰਦੇ ਨੇ, ਉਹ ਸੰਜੋਗ ਖਿੱਚ ਲੈਂਦੇ ਨੇ। ਸੋ ਉਸ ਵੇਲੇ ਮਹਾਂਪੁਰਸ਼ਾਂ ਨੇ ਅੰਮ੍ਰਿਤ ਛਕਾਇਆ ਤੇ ਨਾਲ ਨਾਮ ਦੀ ਦਾਤ ਦਿਤੀ। ਵਾਹਿਗੁਰੂ ਕਹਿਣਾ ਕੀ ਸੀ।

ਸਾਨੂੰ ਵੀ ਪੰਜ ਪਿਆਰੇ ਨਾਮ ਦਿੰਦੇ ਨੇ, ਅਸੀਂ ਪੂਰੇ ਭਾਂਡੇ ਨਹੀਂ ਹੁੰਦੇ, ਤਿਆਰ ਨਹੀਂ ਹੁੰਦੇ, ਉਹ ਲਗਨ ਨਹੀਂ ਹੁੰਦੀ ਜਿਹੜੀ ਲਗਨ ਮਹਾਂਪੁਰਸ਼ਾਂ ਨੂੰ ਹੁੰਦੀ ਹੈ, ਜਿਹੜਾ ਖੋਜਦਾ ਫਿਰਦਾ ਹੈ ਅੰਮ੍ਰਿਤ ਕਿ ਮੈਨੂੰ ਅੰਮ੍ਰਿਤ ਮਿਲ ਜਾਵੇ। ਜੇ ਕਿਤੇ ਉਸ ਨੂੰ ਅੰਮ੍ਰਿਤ ਮਿਲ ਜਾਵੇ, ਉਥੇ ਅੰਮ੍ਰਿਤ ਅਸਰ ਕਰਦਾ ਹੈ, ਜੇ ਐਵੇਂ ਹੀ ਧੱਕੋ-ਧੱਕੀ ਕਰੋ ਕਿ ਅੱਜ ਅੰਮ੍ਰਿਤ ਛਕਾਉਣਾ ਹੈ ਜੀ, ਤੂੰ ਛੱਕ ਲੈ ਫਲਾਣਿਆਂ, ਤੂੰ ਵੀ ਛਕ ਆ ਜਾ। ਭੇਡਾਂ ਤੇ ਰੰਗ ਪਾਉਣੈ? ਜਗਿਆਸੂ ਤਾਂ ਹੈ ਨਹੀਂ ਇਹ। ਪਹਿਲਾਂ ਤਿਆਰ ਹੋਵੋ, ਬਹੁਤ ਵੱਡੀ ਦਾਤ ਲੈਣ ਵਾਸਤੇ ਮਨ ਨੂੰ ਤਿਆਰ ਕਰੋ। ਕਿਉਂਕਿ ਏਸ ਅੰਮ੍ਰਿਤ ਨੇ, ਪੰਜਾਂ ਪਿਆਰਿਆਂ ਵਾਲੇ ਨੇ ਅੰਦਰੋਂ ਅੰਮ੍ਰਿਤ ਪ੍ਰਗਟ ਕਰ ਦੇਣਾ ਹੈ।

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ***
***ਮਨਮੁਖਾ ਸਾਦੁ ਨ ਪਾਇਆ ॥ ਅੰਗ - ੬੪੪***

ਉਹ ਅੰਮ੍ਰਿਤ ਕਿਹੜਾ ਹੈ?

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ - ੨੯੩***

ਆਹ ਦੇਹ ਦੇ ਵਿਚ ਨਾਮ ਦਾ ਵਾਸਾ ਹੈ, ਉਹ ਪੰਜ ਪਿਆਰਿਆਂ ਨੇ ਨਾਮ ਸ਼ਬਦ ਦੇ ਕੇ ਅੰਮ੍ਰਿਤ ਛਕਾ ਕੇ, ਉਸ ਨਾਮ ਦੇ ਨਾਲ ਸੰਪਰਕ ਕਰ ਦੇਣਾ ਹੈ। ਉਸ ਉੱਭਲ ਨਾਲ ਅਸੀਂ ਜਾ ਜੁੜਨਾ ਹੈ ਜਿਹਨੇ ਕਦੇ

ਨਿਖੁਟਣਾ ਨਹੀਂ ਹੈ, ਕਦੇ ਮੁਕਣਾ ਨਹੀਂ ਹੈ, ਐਡੀ ਵੱਡੀ ਦਾਤ ਪ੍ਰਾਪਤ ਕਰਕੇ ਮੁੜ ਕੇ ਮੌਤ ਨਹੀਂ ਆਉਣੀ।

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥*
*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥*
*ਅੰਗ - ੫੩੮*

ਜਿਸ ਵਕਤ ਮਹਾਂਪੁਰਸ਼ਾਂ ਨੇ ਬਾਬਾ ਅੱਤਰ ਸਿੰਘ ਜੀ ਨੇ ਰੁੱਖ ਕੀਤਾ ਪੂਰਾ, ਨੇਤਰਾਂ 'ਚ ਨੇਤਰ ਰਲਾਏ, ਪੰਜ ਚੂਲੇ ਪਾਏ ਸੀਸ ਵਿਚ, ਪੰਜ ਪਿਲਾਏ ਤੇ ਨੇਤਰਾਂ ਦੇ ਵਿਚ ਨੇਤਰ ਰਲਾ ਕੇ ਜਿਸ ਵਕਤ ਛਿੱਟਾ ਮਾਰਿਆ, ਕਿਹਾ ਪੰਜ ਵਾਰੀ ਬੋਲ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਕੀ ਫਤਹਿ'। ਜੋ ਹਾਲਤ ਹੋਈ ਉਸ ਵਕਤ ਉਨ੍ਹਾਂ ਦੀ ਉਨੂੰ ਇਕੋ ਹੀ ਸ਼ਬਦ ਦੇ ਵਿਚ ਦੱਸਿਆ ਜਾ ਸਕਦਾ ਹੈ ਪਿਆਰ ਨਾਲ ਪੜ੍ਹੋ -

***ਧਾਰਨਾ - ਗੁਰਾਂ ਨੇ ਮੇਰੇ ਓ ਬਾਣ ਮਾਰਿਆ***
***ਮੇਰੇ ਪੈ ਗਿਆ ਕਲੇਜੇ ਛੇਕ।***

*ਕਬੀਰ ਸਤਿਗੁਰ ਸੂਰਮੇ*
*ਬਾਹਿਆ ਬਾਨੁ ਜੁ ਏਕੁ ॥*
*ਲਾਗਤ ਹੀ ਭੁਇ ਗਿਰਿ ਪਰਿਆ*
*ਪਰਾ ਕਰੇਜੇ ਛੇਕੁ॥ ਅੰਗ - ੧੩੭੪*

ਸਾਰਿਆਂ ਦੀ ਇਹ ਅਵਸਥਾ ਨਹੀਂ ਹੋਇਆ ਕਰਦੀ। ਕਬੀਰ ਨੂੰ ਇਕ ਵਾਰੀ ਕਿਹਾ ਸੀ 'ਉਠ ਰਾਮ ਕੇ ਕਹੁ ਰਾਮ' ਟੋਲ੍ਹਦਾ ਫਿਰਦਾ ਸੀ, ਗੁਰੂ ਬਣਦੇ ਨਹੀਂ ਸੀ ਰਾਮਾਨੰਦ ਜੀ। ਡਰ ਲਗਦਾ ਸੀ ਕੱਟੜਾਂ ਤੋਂ ਇਹ ਕੀ ਕਹਿਣਗੇ ਕਿ ਮੁਸਲਮਾਨ ਨੂੰ ਨਾਮ ਦੇ ਦਿਤਾ। ਪਰੇਸ਼ਾਨ ਸੀ ਕਬੀਰ, ਹਰ ਵਕਤ ਨਾਮ ਜਪਦਾ ਸੀ। ਲੇਕਿਨ ਗੁਰੂ ਨਹੀਂ ਸੀ ਅਜੇ ਜੁੜਿਆ। ਪ੍ਰਮੇਸ਼ਰ ਨਾਲ ਸਬੰਧ ਜੁੜਨ ਵਿਚ ਰੁਕਾਵਟ ਸੀ ਅਜੇ ਬੜੀ ਜ਼ਬਰਦਸਤ। ਦੱਸ ਦਿਤਾ ਕਿਸੇ ਨੇ, ਬੜਾ ਰਹਿਮ ਦਿਲ ਹੈ, ਜਿੱਥੇ ਉਹ ਇਸ਼ਨਾਨ ਕਰਦਾ ਹੈ ਤੂੰ ਉਥੇ ਜਾ ਕੇ ਪੌੜਸਾਲ ਤੇ ਪੈ ਜਾ। ਉਹਦੀ ਪੱਕੀ ਜਗ੍ਹਾ ਹੈ। ਅੰਮ੍ਰਿਤ ਵੇਲੇ ਉਠਦੇ ਨੇ ਰਾਮਾਨੰਦ ਜੀ। ਜਿਸ ਵਕਤ ਜਾਂਦੇ ਨੇ ਗੰਗਾ ਦੇ ਕੰਢੇ, ਉਥੇ ਕਬੀਰ ਸਾਹਿਬ ਪਏ ਨੇ, ਸੁਭਾਵਕ ਹੀ ਕਬੀਰ ਸਾਹਿਬ ਨੂੰ ਉਨ੍ਹਾਂ ਦੀ ਖੜ੍ਹਾਵ ਦਾ ਠੁੱਡਾ ਲੱਗਿਆ ਜ਼ੋਰ ਦਾ। ਉਸੇ ਵੇਲੇ ਹੋਇਆ ਕਿ ਕਿਸੇ ਨੂੰ ਮੇਰਾ ਠੁੱਡਾ ਲੱਗਿਆ, ਹੈ ਬੰਦਾ। ਮੋਢੇ ਤੋਂ ਫੜ ਲਿਆ, ਉਠਾਲ ਲਿਆ, ਤਰਸ ਆ ਗਿਆ, ਕਹਿੰਦੇ 'ਉਠ ਰਾਮ ਕੇ ਕਹੁ ਰਾਮ'। ਰਾਮ ਕਹਿਣ ਦੀ ਦੇਰ ਸੀ, ਵਿਸਮਾਦ ਨੂੰ ਵਿਸਮਾਦ ਮਿਲ ਗਿਆ, ਅੰਮ੍ਰਿਤ ਦਾ ਝਰਨਾ ਉਸੇ ਵੇਲੇ ਝਰਨਾ ਸ਼ੁਰੂ ਹੋ ਗਿਆ, ਪ੍ਰਕਾਸ਼ ਹੀ ਪ੍ਰਕਾਸ਼ ਹੋ ਗਿਆ।

ਮਨੁੱਖੀ ਮਨ ਹੈ ਸਾਡਾ ਸੋਚਦਾ ਹੈ ਕਿ ਐਉਂ ਵੀ ਹੋ ਸਕਦਾ ਹੈ ਕਦੇ। ਇਸ ਗੱਲ ਦੇ ਸ਼ੰਕੇ ਵਿਚ ਪੈ ਜਾਂਦਾ ਹੈ।

ਬੀਬੀ ਜੀ (ਬੀਬੀ ਰਣਜੀਤ ਕੌਰ ਜੀ) ਦੇ ਪਿਤਾ ਜੀ, ਕਾਰੋਬਾਰੀ ਬੰਦੇ ਸੀ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਵਾਲੇ, ਬੜੀ ਕਰਨੀ ਕਮਾਈ ਵਾਲੇ ਮਹਾਂਪੁਰਸ਼ ਹੋਏ ਨੇ, ਆਪ ਲੁਧਿਆਣੇ ਅੰਮ੍ਰਿਤ ਛਕਾ ਰਹੇ ਸੀ ਬੱਚਿਆਂ ਨੂੰ, ਦਸਵੀਂ ਜਮਾਤ ਦੇ ਬੱਚੇ ਸੀ। ਚਾਰ ਪਿਆਰੇ ਤਾਂ ਮਿਲ ਗਏ, ਪੰਜਵਾਂ ਨਾ ਲੱਭੇ, ਉਹ ਵੀ ਅਨੁਭਵੀ ਮਹਾਂਪੁਰਸ਼ ਸੀ ਕਹਿੰਦੇ ਤਿਆਰ ਹੋਵੋ। ਪੰਜਵੇਂ ਨੇ ਆਪੇ ਆ ਜਾਣਾ। ਅਰਦਾਸ ਹੋਣ ਲੱਗ ਗਈ ਕਿ ਮਹਾਰਾਜ ਪੰਜ ਆਪ ਦੇ ਸੇਵਕ ਆਪ ਦੇ ਦਰ ਤੇ ਖੜ੍ਹੇ ਯਾਚਨਾ ਕਰਦੇ ਨੇ ਕਿ ਆਪ ਜੀ ਦੀ ਕਲਾ ਇਨ੍ਹਾਂ ਵਿਚ ਵਰਤ ਜਾਵੇ। ਜਿੰਨਾਂ ਚਿਰ ਗੁਰੂ ਕਲਾ ਪੰਜ ਪਿਆਰਿਆਂ 'ਚ ਨਹੀਂ ਵਰਤਦੀ ਓਨਾ ਚਿਰ ਅਸਰ ਨਹੀਂ ਹੋਇਆ ਕਰਦਾ। ਪਹਿਲਾਂ ਕਲਾ ਵਰਤਾਈ ਜਾਂਦੀ ਹੈ। ਸ਼ਕਤੀ ਆਉਂਦੀ ਹੈ ਪੰਜ ਪਿਆਰਿਆਂ 'ਚ, ਗੁਰੂ ਕਿਤੇ ਗਿਆ ਹੋਇਆ ਤਾਂ ਨਹੀਂ ਹੈ। ਪਰ ਆਉਂਦੀ ਉਨ੍ਹਾਂ ਵਿਚ ਹੈ ਜਿਹੜੇ ਗੁਰੂ ਨਾਲ ਜੁੜੇ ਹੁੰਦੇ ਨੇ ਜਿਨ੍ਹਾਂ ਦੇ ਰਸੀਵਰ ਸਹੀ ਹੁੰਦੇ ਨੇ। ਜਿਹੜੇ ਮਾਇਆ ਦੇ ਪਿਆਰੇ ਨੇ, ਵਿਕਾਰਾਂ ਦੇ ਪਿਆਰੇ ਨੇ, ਭੇਖ ਧਾਰੀ ਫਿਰਦੇ ਨੇ ਉਨ੍ਹਾਂ ਨੂੰ ਵਿਚ ਨਹੀਂ ਆਉਂਦੀ। ਆਉਂਦੀ ਤਾਂ ਹੈ ਪਰ ਅੱਗੇ ਕਰੰਟ ਪਾਸ ਨਹੀਂ ਹੁੰਦਾ ਤੇ ਜਦੋਂ ਅਰਦਾਸ ਕੀਤੀ, ਨਮਸਕਾਰ ਕਰਕੇ ਪਿੱਛੇ ਨੂੰ ਮੁੜ ਕੇ ਭਾਈ ਸਾਹਿਬ ਨੇ ਦੇਖਿਆ ਤਾਂ ਬਾਪੂ ਜੀ ਪਿਛਲੇ ਪਾਸੇ ਖੜ੍ਹੇ ਨੇ। ਕਹਿਣ ਲੱਗੇ, ਤੁਸੀਂ ? ਕਹਿੰਦੇ, ਤੁਸੀਂ ਯਾਦ ਕਰਿਆ ਸੀ।

ਬਹੁਤ ਗੱਲਾਂ ਹੁੰਦੀਆਂ ਨੇ, ਜੋ ਗੁਪਤ ਹੁੰਦੀਆਂ ਨੇ। ਜਦੋਂ ਬਾਪੂ ਜੀ ਨੇ ਸਰੀਰ ਛੱਡਿਆ, ਲਾਹੌਰ। ਆਹ ਬੱਚਿਆਂ ਨੂੰ ਭੇਜ ਦਿਤਾ ਕਿ ਤੁਹਾਡਾ ਸਾਡਾ ਸਾਥ ਹੋ ਗਿਆ ਖਤਮ, ਹੁਣ ਤੁਸੀਂ ਚੱਲੋ, ਇਕ ਮਹਾਂਪੁਰਸ਼ ਦਾ ਇੰਤਜ਼ਾਰ ਕਰਦੇ ਹਾਂ ਅਸੀਂ, ਬਾਬੇ ਲੋਹਗੜ੍ਹੀਏ ਦਾ। ਲੋਹਗੜ੍ਹ ਨਾਰੰਗਵਾਲ ਦੇ ਕੋਲ ਇਕ ਪਿੰਡ ਹੈ। ਬਾਬਾ ਲੋਹਗੜ੍ਹ ਕਿਸ਼ਨ ਸਿੰਘ ਨਾਮ ਸੀ ਉਨ੍ਹਾਂ ਦਾ, ਧੂਪੀਆ ਵੀ ਕਹਿੰਦੇ ਸੀ ਉਨ੍ਹਾਂ ਨੂੰ।

ਹੈਰਾਨ ਹੁੰਦਾ ਹੈ ਜਦੋਂ ਮਹਾਂਪੁਰਸ਼ਾਂ ਦੀਆਂ ਕਮਾਈਆਂ ਨੂੰ ਅਸੀਂ ਸੋਚਦੇ ਹਾਂ, ਪੜ੍ਹਦੇ ਹਾਂ, ਅੱਖਾਂ ਨਾਲ ਦੇਖੀਆਂ ਹੋਈਆਂ ਦੀ ਗੱਲ ਕਰਦੇ ਹਾਂ। ਸੁਣੀ ਹੋਈ ਗੱਲ ਹੋਰ ਹੁੰਦੀ ਹੈ, ਲਿਖੀ ਹੋਈ ਹੋਰ ਹੁੰਦੀ ਹੈ। ਦੇਖੀ ਹੋਈ ਹੋਰ ਹੁੰਦੀ ਹੈ। ਉਹ ਬੀਬੀ ਜੀ ਦੇ ਪਿੰਡ ਜ਼ਿਆਦਾ ਆਇਆ ਕਰਦੇ ਸੀ, ਬਾਪੂ ਜੀ ਨਾਲ ਉਨ੍ਹਾਂ ਦਾ ਬਹੁਤ ਪਿਆਰ ਸੀ। ਉਨ੍ਹਾਂ ਨੂੰ ਕਹਿ ਦੇਣਾ ਬੀਬੀਆਂ ਨੇ ਬਾਬਾ! ਅਸੀਂ ਅਖੰਡਪਾਠ ਕਰਾਉਣਾ ਹੈ, ਉਨ੍ਹਾਂ ਨੇ ਕਹਿਣਾ ਕਿ ਬੀਬੀ ਹੁਣ ਸਾਡੇ ਕੋਲ ਸਮਾਂ ਨਹੀਂ, ਫਲਾਣੇ ਦਿਨ

ਆਵਾਂਗੇ, ਉਨ੍ਹਾਂ ਨੇ ਆਪੇ ਆ ਕੇ ਤਾਂ ਸਫਾਈ ਕਰਨੀ ਤੇ ਮਹਾਰਾਜ ਕਿੱਥੇ ਪ੍ਰਕਾਸ਼ ਕਰਨੇ, ਜਿਹੜੀ ਝਲਿਆਨੀ ਬਣੀ ਹੁੰਦੀ ਰੋਟੀਆਂ ਦੀ, ਉਥੇ ਚੁੱਲਾ ਵਗੈਰਾ ਢਾਹ ਕੇ ਕਹਿਣਾ ਕਿ ਲੈ ਐਥੇ ਤਾਂ ਤੁਸੀਂ ਤੁਰਦੇ ਫਿਰਦੇ ਹੋਵੋਂਗੇ, ਆਹ ਠੀਕ ਹੈ ਸਾਨੂੰ। ਪਾਠੀ ਕੋਈ ਵੀ ਨਹੀਂ ਸੀ ਹੁੰਦਾ ਨਾਲ। ਜਪੁਜੀ ਦੇ ਪਾਠੀ ਹੁੰਦੇ, ਗੁਰੂ ਗ੍ਰੰਥ ਸਾਹਿਬ ਦਾ ਕੋਈ ਨਹੀਂ ਸੀ ਹੁੰਦਾ। ਉਨ੍ਹਾਂ ਦਿਨਾਂ ਵਿਚ ਘਿਉ ਦੀਆਂ ਬੱਤੀਆਂ ਜਲਦੀਆਂ ਹੁੰਦੀਆਂ ਸੀ। ਆਪੇ ਹੀ ਕੱਟ ਲੈਣੀਆਂ ਸਭ ਕੁਛ ਕੋਲ ਰੱਖਿਆ ਹੁੰਦਾ। ਪਾਠ ਕਰਨ ਬੈਠ ਜਾਣਾ, ਪੂਰੇ 48 ਘੰਟੇ ਬਾਅਦ ਭੋਗ ਪਾਉਣਾ ਉਨ੍ਹਾਂ ਨੇ। ਕਿਸੇ ਨੂੰ ਦਿਖਾਵਾ ਨਹੀਂ, ਕੋਈ ਲਾਊਡ ਸਪੀਕਰਾਂ ਤੇ ਅਖਬਾਰਾਂ 'ਚ ਗੱਲ ਨਹੀਂ। ਸਹਿਜ ਦੇ ਵਿਚ ਸੀ ਤੇ 25 ਰੁਪਏ ਭੇਟਾ ਉਨ੍ਹਾਂ ਦਿਨਾਂ ਦੀ ਲੈਣੀ। ਉਹ ਭੇਟਾ ਲੈ ਕੇ ਲੰਗਰ 'ਚ ਜਮ੍ਹਾਂ ਕਰਾ ਦੇਣੀ। ਉਥੇ ਇਕ ਵਹੀ ਲੱਗੀ ਹੋਈ ਹੈ ਉਹਦੇ ਵਿਚ ਲਿਖਿਆ ਹੋਇਆ ਹੈ ਕਿ ਬਾਬਾ ਧੂਫੀਏ ਨੇ, 25000 ਰੁਪਿਆ ਅਖੰਡਪਾਠਾਂ ਦਾ ਜਮ੍ਹਾਂ ਕਰਾਇਆ। ਇਕ ਹਜ਼ਾਰ ਅਖੰਡਪਾਠ ਇਕੱਲੇ ਨੇ ਹੀ ਕਰਿਆ। ਜੇ ਹੁਣ ਕੋਈ ਦੋ ਕਰ ਦੇਵੇ, ਰੌਲਾ ਪੈ ਜਾਂਦਾ ਹੈ। ਅਸੀਂ ਤਾਂ ਦਿਖਾਵਾ ਬਹੁਤ ਕਰਦੇ ਹਾਂ।

ਇਕ ਦਿਨ ਮਹਾਰਾਜ ਜੀ ਨੂੰ ਪੁਛਿਆ ਕਿ ਪਿਛਲੇ ਤੇ ਹੁਣ ਵਾਲੇ ਮਹਾਂਪੁਰਸ਼ਾਂ 'ਚ ਕੀ ਫਰਕ ਹੈ? ਆਪ ਨੇ ਸਹਿਜ ਸੁਭਾਅ ਬਚਨ ਕੀਤਾ ਕਿ ਉਹ ਤਾਂ ਪਤੀਵਰਤਾ, ਜਿਹੜੇ ਹੁਣ ਵਾਲੇ ਨੇ ਇਹ ਨੇ ਕੰਜਰੀਆਂ। ਸਾਰੇ ਹੈਰਾਨ ਹੋ ਗਏ ਕਿ ਆਹ ਕੀ ਗੱਲ ਕਹਿ ਦਿਤੀ ਮਹਾਰਾਜ ਜੀ ਨੇ। ਕਹਿਣ ਲੱਗੇ, ਜਿਹੜੇ ਪਹਿਲੇ ਮਹਾਂਪੁਰਸ਼ ਸੀ ਉਨ੍ਹਾਂ ਦੀ ਮਣਾਂ ਕਮਾਈ ਹੁੰਦੀ ਇਕ ਰਾਈ ਜਿੰਨਾ ਪਤਾ ਲਗਦਾ ਸੀ। ਜਿਹੜੇ ਹੁਣ ਵਾਲੇ ਨੇ ਰਾਈ ਜਿੰਨੀ ਕਮਾਈ ਹੈ ਰੌਲਾ ਪਾਉਂਦੇ ਫਿਰਦੇ ਨੇ, ਵਧੀਆ ਤੋਂ ਵਧੀਆ ਚੋਲੇ, ਵਧੀਆ ਤੋਂ ਵਧੀਆ ਜਥੇ, ਵਧੀਆ ਤੋਂ ਵਧੀਆ ਜਥੇ। ਕਹਿੰਦੇ ਦਿਖਾਵਾ ਵੇਸਵਾਵਾਂ ਵਾਂਗੂੰ ਵਧ ਗਿਆ। ਆਪਣੇ ਭਜਨ ਦਾ ਦਿਖਾਵਾ ਕਰਦੇ ਫਿਰਦੇ ਨੇ। ਪਹਿਲੇ ਮਹਾਂਪੁਰਸ਼ ਨਹੀਂ ਸੀ ਕਰਦੇ। ਇਕ ਹਜ਼ਾਰ ਅਖੰਡਪਾਠ ਕਰਿਆ, ਕੋਈ ਦਿਖਾਵਾ ਨਹੀਂ ਕਿਸੇ ਕਿਤਾਬ 'ਚ ਨਹੀਂ ਆਉਂਦਾ।

ਬਾਪੂ ਜੀ ਜਦੋਂ ਸਰੀਰ ਛੱਡਣ ਲੱਗੇ, ਇਨ੍ਹਾਂ ਨੂੰ ਤੋਰ ਦਿਤਾ, ਕਹਿੰਦੇ ਬਾਬਾ ਲੋਹਗੜ੍ਹੀਆ ਨਹੀਂ ਆਇਆ। ਕਹਿੰਦੇ ਆਇਆ ਨਹੀਂ। ਇਹ ਜਦੋਂ ਹਸਪਤਾਲ ਤੋਂ ਪੌੜੀਆਂ ਤੋਂ ਥੱਲੇ ਉਤਰੇ, ਕੀ ਦੇਖਦੇ ਨੇ ਬਾਬਾ ਆ ਗਿਆ। ਇਹ ਨਾਲ ਹੀ ਮੁੜ ਆਏ, ਬਾਪੂ ਜੀ ਬਾਬਾ ਜੀ! ਆ ਗਏ, ਕੋਈ ਪਤਾ ਨਹੀਂ ਇਹ ਸਰੀਰ ਛੱਡ ਦੇਣ। ਚੰਗੇ ਭਲੇ ਨੇ ਜਾਣ ਕੇ ਇਹ ਕੌਤਕ ਵਰਤਾਇਆ। ਕਹਿੰਦੇ, ਬਾਬਾ! ਤੂੰ ਆਇਆ ਨਹੀਂ ਹੁਣ ਤੱਕ। ਕਹਿੰਦੇ, ਜਦੋਂ ਤੁਸੀਂ ਯਾਦ ਕਰਿਆ ਮੈਂ ਉਦੋਂ ਹੀ ਆ ਗਿਆ। ਮੈਂ ਕਿਹੜੀ ਦੇਰ ਲਾਈ ਹੈ। ਕਹਿੰਦੇ, ਤੁਸੀਂ ਹੁਣ ਕਿੱਥੋਂ ਆਏ ਹੋਂ, ਕਹਿੰਦੇ ਮੈਂ ਤਾਂ ਇਸ ਵੇਲੇ ਲਾਲਾ ਮੂਸੇ ਬੈਠਾ ਸੀ। ਕਿੱਥੇ ਰਾਵਲਪਿੰਡੀ, ਕਿੱਥੇ ਲਾਹੌਰ, ਨਾ ਗੱਡੀ ਕੋਈ ਚੜ੍ਹਨਾ, ਨਾ ਕੋਈ ਸਵਾਰੀ ਤੇ ਚੜ੍ਹਨਾ, ਫੁਰਨਾ ਕਰਿਆ ਉਥੇ ਪਹੁੰਚ ਗਏ।

ਕਲ ਪਰਸੋਂ ਦੀਆਂ ਗੱਲਾਂ ਨੇ ਐਹੋ ਜਿਹੇ ਗੁਰਸਿੱਖਾਂ ਦੇ ਜੀਵਨ ਸੀਗੇ। ਦੇਰ ਨਹੀਂ ਹੋਈ, ਇਹ ਤਾਂ ਹੁਣੇ ਕਲਜੁਗ ਵਿਆਪਿਆ ਹੈ।

ਸੋ ਜਦੋਂ ਭਾਈ ਸਾਹਿਬ ਅੰਮ੍ਰਿਤ ਛਕਾਉਣ ਲੱਗੇ, ਤਾਂ ਬਾਪੂ ਜੀ ਦਾ ਨੰਬਰ ਆ ਗਿਆ ਪਹਿਲਾ, ਇਨ੍ਹਾਂ ਨੇ ਫਲੇਵਾਲ ਦਾ ਲੜਕਾ ਸੀ ਕਰਤਾਰ ਸਿੰਘ, ਓਸ ਨੂੰ ਜਦੋਂ ਅੰਮ੍ਰਿਤ ਛਕਾਇਆ, ਪੰਜ ਚੂਲੇ ਪਾਏ, ਨੇਤਰਾਂ 'ਚ ਨੇਤਰ ਕਰਕੇ ਛਿੱਟਾ ਜਦੋਂ ਪੰਜਵਾਂ ਛਿੱਟਾ ਮਾਰਿਆ, ਉਹਨੂੰ ਕਿਹਾ ਬੋਲ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ' ਵਾਹਿਗੁਰੂ ਕਹਿ ਕੇ ਅੱਗੇ ਗੱਲ ਹੀ ਨਾ ਕਰੀ। ਸਾਰੇ ਹੈਰਾਨ ਹੋ ਗਏ। ਭਾਈ ਸਾਹਿਬ ਕਹਿਣ ਲੱਗੇ ਕਿ ਬੱਚਾ! ਜੜ੍ਹ ਬਣ ਗਿਆ। ਬਾਪੂ ਜੀ ਕਹਿਣ ਲੱਗੇ ਕਿ ਅਸੀਂ ਧਿਆਨ 'ਚ ਨਾ ਰਹੇ, ਜਲਾਲ ਦੇ ਨਾਲ ਅੰਮ੍ਰਿਤ ਛਕਾ ਦਿਤਾ। ਜਲਾਲ ਕਹਿੰਦੇ ਨੇ ਸ਼ਕਤੀ ਨੇ ਨਾਲ। ਪ੍ਰਮੇਸ਼ਰ ਨਾਲ ਸੁਰਤ ਜੁੜੀ ਹੋਈ ਸੀ, ਓਸ ਸੁਰਤ ਦੇ ਨਾਲ ਬੋਲ ਵਿਚ ਐਨੀ ਤਾਕਤ ਸੀ, ਅੱਖਾਂ ਵਿਚ ਐਨੀ ਤਾਕਤ ਸੀ ਉਹ ਬੱਚਾ ਨਾ ਸਹਿ ਸਕਿਆ। ਉਹਦੀ ਸਮਾਧੀ ਲੱਗ ਗਈ।

ਭਾਈ ਸਾਹਿਬ ਕਹਿੰਦੇ ਹੁਣ ਕੀ ਹੋਏਗਾ, ਬਾਕੀ ਬੱਚਿਆਂ ਨੂੰ ਅੰਮ੍ਰਿਤ ਛਕਾਉਣਾ ਹੈ। ਕਹਿੰਦੇ, ਗੁਰਮੁਖੋ! ਐਨਾ ਜਲਾਲ ਦੇ ਵਿਚ ਆ ਕੇ ਅੰਮ੍ਰਿਤ ਨਾ ਛਕਾਇਓ, ਹਲਕਾ, ਥੋੜ੍ਹਾ-ਥੋੜ੍ਹਾ ਜ਼ੋਰ ਲਾਇਓ। ਪਹਿਲੇ ਮਹਾਂਪੁਰਸ਼ ਮਸਤਾਨਾ ਬਣਾ ਦਿੰਦੇ ਸੀ। ਕਰਤਾਰ ਸਿੰਘ ਨੂੰ ਬਾਪੂ ਜੀ ਕਹਿਣ ਲੱਗੇ ਕਿ ਇਹਨੂੰ ਇਕ ਪਾਸੇ ਬਿਠਾ ਦਿਓ, ਅਖੰਡਪਾਠ ਸ਼ੁਰੂ ਕਰ ਲਓ। ਕਿਉਂਕਿ ਅਖੰਡਪਾਠ ਕਰਨਾ ਸੀ ਤੇ ਇਹਨੂੰ ਹੁਣ 56 ਘੰਟੇ ਬਾਅਦ ਸੁਰਤ ਆਏਗੀ। 48 ਘੰਟੇ ਪੂਰਾ ਅਖੰਡ ਪਾਠ ਹੋਇਆ, ਉਸ ਤੋਂ ਬਾਅਦ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਹੋਇਆ ਤੇ ਬੱਚਾ balance ਛੱਡ ਗਿਆ, ਧਰਤੀ ਤੋਂ ਉਚਾ ਉਠ ਗਿਆ। ਸਾਰੀ ਸੰਗਤ ਨੇ ਦੇਖ ਲਿਆ ਕਿ ਉਚਾ ਉਠ ਗਿਆ ਇਹ, ਲੱਤਾਂ ਖੋਲ੍ਹ ਲਈਆਂ ਜਿਵੇਂ ਮੱਛੀ ਤੈਰਦੀ ਹੁੰਦੀ ਹੈ ਪਾਣੀ 'ਚ, ਐਉਂ ਲੰਮਾ ਪੈ ਗਿਆ, ਸਪੇਸ ਵਿਚ।

ਉਸ ਤੋਂ ਬਾਅਦ ਭਾਈ ਸਾਹਿਬ ਲਿਖਦੇ ਨੇ ਕਿ ਸਾਡੇ ਉਤੋਂ ਦੀ ਹੋ ਕੇ, ਵਾਜੇ ਦੇ, ਗੁਰੂ ਗ੍ਰੰਥ ਸਾਹਿਬ ਦੇ ਅੱਗੇ ਪੈ ਗਿਆ ਓਸ ਵੇਲੇ ਬਾਪੂ ਜੀ ਆਏ, ਆ ਕੇ

ਕਹਿਣ ਲੱਗੇ ਭਾਈ ਸਾਹਿਬ! ਤੁਸੀਂ ਹੁਣ ਕੀਰਤਨ ਲਾਵਾਂ ਦਾ ਕਰੋ, ਐਸ ਵੇਲੇ ਇਹਦੀ ਰੂਹ ਸੰਜੋਗ ਮੰਗ ਰਹੀ ਹੈ, ਅਕਾਲਪੁਰਖ ਦੇ ਨਾਲ। ਭਾਈ ਸਾਹਿਬ ਕਹਿੰਦੇ ਫੇਰ ਅਸੀਂ ਲਾਵਾਂ ਦਾ ਕੀਰਤਨ ਕਰਿਆ, ਪੂਰੇ 56 ਘੰਟੇ ਤੋਂ ਬਾਅਦ ਸਾਵਧਾਨ ਹੋ ਕੇ ਸੰਗਤ 'ਚ ਬੈਠਿਆ, ਪਰ ਅਸੀਂ ਹੈਰਾਨ ਰਹਿ ਗਏ, ਜਦੋਂ ਧਰਤੀ ਤੇ ਪੈਰ ਧਰੇ ਪੈਰ ਹੀ ਨਾ ਲੱਗਣ ਉਹਦੇ।

ਕਿੱਥੇ ਪਹੁੰਚਾ ਦਿਤਾ ਅੰਮ੍ਰਿਤ ਨੇ। ਅੰਮ੍ਰਿਤ ਐਵੇਂ ਤਾਂ ਨਹੀਂ ਹੈ ਨਾ ਸਾਧਸੰਗਤ ਜੀ! ਐਵੇਂ ਮਿੱਠਾ ਪਾਣੀ ਨਹੀਂ ਹੈ ਕਿ ਘੋਲ ਲਿਆ ਤੇ ਤੁਹਾਨੂੰ ਪਿਲਾ ਦਿਤਾ। ਇਹਦੇ ਵਿਚ ਬੜੀ ਸ਼ਕਤੀ ਹੁੰਦੀ ਹੈ। ਹੋਵੇ ਸਹੀ ਕੋਈ ਅੰਮ੍ਰਿਤ ਛਕਣ ਵਾਲਾ, ਉਹਦੇ 'ਤੇ ਅਸਰ ਹੁੰਦਾ ਹੈ।

ਸੋ ਮਹਾਰਾਜ ਜੀ ਨੇ ਜਦੋਂ ਅੰਮ੍ਰਿਤ ਛਕਿਆ ਤੇ ਮੰਤਰ ਦਿਤਾ ਜਿਸ ਵਕਤ ਪੰਜ ਪਿਆਰਿਆ ਨੇ, ਉਸ ਵਕਤ ਦਾ ਹਾਲ ਉਹੀ ਜਾਣ ਸਕਦੇ ਨੇ, ਹੋਰ ਕੋਈ ਜਾਣ ਨਹੀਂ ਸਕਦਾ। ਕਿਵੇਂ ਵਰਤੀ, ਸਦਾ ਵਾਸਤੇ ਉਥੇ ਹੀ ਰਹਿ ਗਏ। ਪੜ੍ਹਾਈ ਕਿਧਰੇ ਗਈ। ਬਾਬਾ ਜੀ ਕਹਿਣ ਲੱਗੇ ਕਿ ਇਮਤਿਹਾਨ ਤਾਂ ਦੇ ਆਓ ਤੁਸੀਂ। ਕਹਿੰਦੇ, ਮਹਾਰਾਜ! ਹੁਣ ਇਮਤਿਹਾਨ ਕੀਹਨੇ ਦੇਣਾ ਹੈ, ਰੂਹ ਤਾਂ ਤੁਹਾਡੇ ਚਰਨਾਂ 'ਚ ਰਹਿ ਗਈ, ਸਰੀਰ ਨੂੰ ਹੁਕਮ ਕਰਦੇ ਹੋ ਮੈਂ ਚਲਿਆ ਜਾਂਦਾ ਹਾਂ। ਇਮਤਿਹਾਨ ਦਸਵੀਂ ਦਾ ਲੱਗੇ, ਪਰਚੇ ਆ ਗਏ, ਪੇਪਰ ਮੰਗੀ ਜਾਂਦੇ ਨੇ, ਹੋਰ ਪੇਪਰ, ਨਾਲ ਜੋੜੀ ਜਾਂਦੇ ਨੇ, ਲਿਖਦੇ ਕੀ ਨੇ ਸਾਰੇ ਹੀ ਪੇਪਰਾਂ ਤੇ ਵਾਹਿਗੁਰੂ-ਵਾਹਿਗੁਰੂ। ਉਨ੍ਹਾਂ ਦੇ ਪੜ੍ਹਾਉਣ ਵਾਲਾ ਟੀਚਰ ਆਇਆ ਕਹਿਣ ਲੱਗਿਆ, ਗੁਲਾਬ ਸਿੰਘ! (ਈਸ਼ਰ ਸਿੰਘ ਮਹਾਰਾਜ ਜੀ ਨੇ ਨਾਮ ਰੱਖ ਦਿਤਾ ਸੀ, 'ੲ' ਅੱਖਰ ਨਿਕਲਿਆ ਸੀ) ਤੂੰ ਕੋਈ ਪੇਪਰ ਕਰ ਲੈ, ਫਸਟ ਆਉਂਦਾ ਹੈਂ, ਹੁਸ਼ਿਆਰ ਹੈਂ। ਕਹਿਣ ਲੱਗੇ, ਮਾਸਟਰ ਜੀ! ਹੁਣ ਮੈਨੂੰ ਨਾ ਕੋਈ ਪੜ੍ਹਾਈ ਚੰਗੀ ਲਗਦੀ ਹੈ ਵਾਹਿਗੁਰੂ ਤੋਂ ਬਗੈਰ, ਨਾ ਕੋਈ ਮੈਨੂੰ ਪੇਪਰ ਚੰਗਾ ਲਗਦਾ ਹੈ, ਨਾ ਕੋਈ ਸੌਣ ਨੂੰ, ਨਾ ਬੋਲਣ ਨੂੰ, ਜੇ ਬੋਲਣਾ ਹੈ ਤਾਂ ਵਾਹਿਗੁਰੂ। ਐਸੀ ਹਾਲਤ 16 ਸਾਲ ਦੀ ਉਮਰ ਦੇ ਵਿਚ ਆਪ ਦੀ ਹੋਈ। ਉਸ ਤੋਂ ਬਾਅਦ ਮਹਾਰਾਜ ਜੀ ਦੀ ਚਰਨ ਸ਼ਰਨ ਆਪ ਆ ਜਾਂਦੇ ਨੇ ਤੇ ਉਸ ਵੇਲੇ ਆ ਕੇ ਆਪ ਨੇ ਪੁਛਿਆ ਕਿ ਮਹਾਰਾਜ! ਮਹਾਂਪੁਰਸ਼ਾਂ ਦੇ ਕੋਲ ਇਕ ਵੱਡਾ ਭੇਤ ਲੁਕਿਆ ਹੋਇਆ ਹੈ, ਉਹ ਦਾਸ ਦੇ ਉਤੇ ਕ੍ਰਿਪਾ ਕਰੋ। ਉਸ ਵੇਲੇ ਮਹਾਂਪੁਰਸ਼ ਬੜੇ ਪ੍ਰਸੰਨ ਹੋਏ, ਕਹਿਣ ਲੱਗੇ ਈਸ਼ਰ ਸਿੰਘ ਅਸੀਂ ਵੀ ਸਾਂਭੀ ਫਿਰਦੇ ਹਾਂ ਦੌਲਤ ਬਾਬਾ ਦਇਆ ਸਿੰਘ ਜੀ ਦੀ ਸਾਡੇ ਤੱਕ ਇਹ ਪਹੁੰਚਦੀ ਹੈ ਬਾਬਾ ਕਰਮ ਸਿੰਘ ਜੀ ਤੋਂ ਤੇ ਅਸੀਂ ਸੋਚਦੇ ਸੀ ਕਿ ਅੱਗੇ ਕੋਈ ਆਵੇ ਲੈਣ ਵਾਲਾ ਅਸੀਂ ਕਰਜ਼ਾ ਦੇ ਦੇਈਏ, ਭਾਈ ਤੂੰ ਲਹਿਣੇਦਾਰ ਆ ਗਿਆ। ਬਹਿ ਜਾ, ਉਸ ਵੇਲੇ ਬਾਬਾ ਜੀ ਨੇ ਭੇਤ ਦੱਸੇ ਕਿ ਦੇਖੋ, ਨਾਮ ਦਾ ਭੇਤ ਹੁੰਦਾ ਹੈ, ਪਹਿਲਾਂ ਨਾਮ ਬਾਣੀ ਰੂਪ ਹੁੰਦਾ ਹੈ, ਬਾਣੀ ਪੜ੍ਹੋ, ਇਹਨੂੰ ਸਮਝੋ, ਫੁਰਨੇ ਨੂੰ ਰੋਕ ਲਓ, ਫੁਰਨਾ ਕਿਤੇ ਨਾ ਜਾਣ ਦਿਓ, ਬਾਣੀ ਦਾ ਰੂਪ ਬਣ ਜਾਓ। ਜਦੋਂ ਬਾਣੀ ਦਾ ਰੂਪ ਬਣ ਗਏ, ਬਾਣੀ ਵਿਚ ਕਰੰਟ ਹੈ ਸਾਧਸੰਗਤ ਜੀ! ਬਾਣੀ ਦੀਆਂ ਜਿਹੜੀਆਂ ਤੁਕਾਂ ਨੇ ਉਹ ਸਹਿ ਨਹੀਂ ਸਕਦਾ ਬੰਦਾ, ਜਿਵੇਂ ਕਰੰਟ ਲਗਦੀ ਹੈ ਇਵੇਂ ਲਗਦੀ ਹੈ ਬਾਣੀ, ਨਾਮਧਾਰੀ ਤਾਂ ਰੋ ਹੀ ਪੈਂਦੇ ਸੀ, ਇਨ੍ਹਾਂ ਨੂੰ ਲੋਕ ਕੂਕੇ-ਕੂਕੇ ਕਹਿਣ ਲੱਗ ਗਏ। ਇਹ ਦਿਖਾਵਾ ਨਹੀਂ ਸੀ ਕਰਦੇ, ਸੱਚਮੁੱਚ ਹੀ ਐਸਾ ਹੁੰਦਾ ਹੈ, ਬਾਣੀ ਸਹਿ ਨਹੀਂ ਸੀ ਹੁੰਦੀ ਇਨ੍ਹਾਂ ਤੋਂ। ਨਾ ਸਹਿਣ ਕਰਕੇ ਅਜਰ ਹੈ, ਅਜਰ ਅਵਸਥਾ ਨੂੰ ਨਾ ਸਹਿਣ ਕਰਕੇ ਕੂਕਾਂ ਹੀ ਮਾਰਨ ਲਗ ਜਾਇਆ ਕਰਦੇ ਸੀ। ਇਹ ਬਾਣੀ ਬਿਲਕੁਲ ਜਿਉਂਦੀ ਜਾਗਦੀ ਚੀਜ਼ ਹੈ ਜਿਵੇਂ ਤੀਰ ਲਗਦੇ ਨੇ ਐਉਂ ਲਗਦੀ ਹੈ, ਜਿਹੜੇ ਜਾਣਦੇ ਨੇ ਉਨ੍ਹਾਂ ਨੂੰ ਪਤਾ ਹੈ, ਦੂਜਿਆਂ ਨੂੰ ਨਹੀਂ ਪਤਾ, ਦੂਜੇ ਤਾਂ ਪੜ੍ਹੀ ਜਾਂਦੇ ਨੇ ਬਸ ਕਿ ਮੈਂ 40 ਪਤਰਿਆਂ ਦਾ ਪਾਠੀ ਹਾਂ, ਮੈਂ 50 ਦਾ ਹਾਂ। ਇਹ ਪੜ੍ਹਨਾ ਹੋਰ ਚੀਜ਼ ਹੈ, ਬੁੱਝਣਾ ਹੋਰ ਚੀਜ਼ ਹੈ। ਜਿਨ੍ਹਾਂ ਨੇ ਬੁੱਝ ਲਈ ਗੱਲ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਬਾਣੀ ਕੀ ਹੁੰਦੀ ਹੈ।

ਮਹਾਂਪੁਰਸ਼ ਕਹਿਣ ਲੱਗੇ, ਇਹ ਬਾਣੀ ਜਿਹੜੀ ਹੈ ਜਿਸ ਵਕਤ ਇਹ ਅਵਸਥਾ ਪੈਦਾ ਹੋ ਜਾਏਗੀ ਪੜ੍ਹਦੇ-ਪੜ੍ਹਦੇ ਫੇਰ ਨਾਮ 'ਚ ਦਾਖਲਾ ਮਿਲ ਜਾਇਆ ਕਰਦਾ ਹੈ -

***ਇਹ ਬਾਣੀ ਜੋ ਜੀਅਹੁ ਜਾਣੈ***
***ਤਿਸੁ ਅੰਤਰਿ ਰਵੈ ਹਰਿ ਨਾਮਾ ॥***

***ਅੰਗ - ੭੯੭***

ਫੇਰ ਨਾਮ ਰਸਨਾ ਤੋਂ ਸ਼ੁਰੂ ਹੁੰਦਾ ਹੈ, ਪਹਿਲੀ ਜਮਾਤ ਵਿਚ ਮਾਲਾ ਦੇ ਦਿੰਦੇ ਨੇ ਨਾਲ ਕਿ ਤੂੰ ਆਹ ਮਣਕਾ ਫੇਰੀਂ ਜਾਈਂ, ਉਹਦਾ ਮਤਲਬ ਹੁੰਦਾ ਹੈ ਧਿਆਨ ਇਕੱਠਾ ਹੋ ਕੇ ਮਣਕੇ ਤੇ ਆ ਜਾਵੇ। ਫੈਲਿਆ ਹੋਇਆ ਹੈ ਸਾਡਾ ਸਾਰੀ ਦੁਨੀਆਂ 'ਚ ਧਿਆਨ, ਉਸ ਵੇਲੇ ਮਾਲਾ ਨਾਲ ਜਪਦੇ-ਜਪਦੇ ਮਾਲਾ ਭੁੱਲ ਜਾਂਦੀ ਹੈ, ਅੰਤ ਵਿਚ ਪਤਾ ਨਹੀਂ ਰਹਿੰਦਾ ਕਿ ਮਾਲਾ ਹੈਗੀ ਕਿ ਨਹੀਂ ਹੈਗੀ। ਮਣਕੇ ਤੇ ਉਂਗਲੀ ਫਿਰਦੀ ਹੈ ਕਿ ਨਹੀਂ ਰਸਨਾ ਹਿੱਲਣ ਲਗ ਜਾਂਦੀ ਹੈ ਆਪੇ ਹੀ। ਰਸਨਾ ਤੇ ਆ ਕੇ ਨਾਮ ਵਸ ਜਾਂਦੇ ਹੈ। ਗੁਰੂ ਮਹਾਰਾਜ ਕਹਿੰਦੇ ਨੇ ਜਿਹਦੀ ਰਸਨਾ ਤੇ ਨਾਮ ਨਹੀਂ ਨਾ ਵਸਦਾ -

***ਰਸਨਾ ਜਪੈ ਨ ਨਾਮੁ***
***ਤਿਲੁ ਤਿਲੁ ਕਰਿ ਕਟੀਐ ॥ ਅੰਗ - ੧੩੬੨***

ਤਿਲ-ਤਿਲ ਕਰਕੇ ਕੱਟ ਦਿਓ, ਇਹਨੇ ਰਸਨਾ ਨੇ ਆਪਣਾ ਕੰਮ ਨਹੀਂ ਕਰਿਆ, ਨਿੰਦਿਆ ਚੁਗਲੀ ਕਰ

ਲਈ, ਈਰਖਾ, ਵਖੀਲੀ ਦੀਆਂ ਗੱਲਾਂ ਕਰ ਲਈਆਂ। ਵਾਹਿਗੁਰੂ ਮੰਤਰ ਨੂੰ ਭੁੱਲੀ ਹੋਈ ਹੈ ਇਹ, ਕੱਟ ਦਿਓ ਇਹਨੂੰ।

*ਰੇ ਜਿਹਬਾ ਕਰਉ ਸਤ ਖੰਡ ॥*
*ਜਾਮਿ ਨ ਉਚਰਸਿ ਸ੍ਰੀ ਗੋਬਿੰਦ॥ ਅੰਗ - ੧੧੯੩*

ਤੇਰਾ ਕੰਮ ਸੀ ਪ੍ਰਮੇਸ਼ਰ ਦਾ ਨਾਮ ਲੈਣਾ, ਪਹਿਲੀ ਅਵਸਥਾ ਤੋਂ ਅੱਗੇ ਤੇਰੇ ਤੋਂ ਹੀ ਲੰਘ ਹੋਣਾ ਹੈ। ਰਸਨਾ ਦੇ ਨਾਲ ਨਾਮ ਜਪਦਾ-ਜਪਦਾ ਸੂਖਸ਼ਮ ਹੋ ਜਾਂਦਾ ਹੈ, ਜੀਭ ਹਿਲਣੀ ਬੰਦ ਹੋ ਜਾਂਦੀ ਹੈ। ਬੁੱਲ੍ਹ ਹਿਲਣੇ ਬੰਦ ਹੋ ਜਾਂਦੇ ਨੇ, ਸ੍ਵਾਸ ਦੇ ਉਤੇ ਨਾਮ ਦੀ ਸਵਾਰੀ ਹੋ ਜਾਂਦੀ ਹੈ, ਸ੍ਵਾਸ ਉਤੇ ਮਨ ਸਵਾਰੀ ਕਰਦਾ ਹੈ, ਸ੍ਵਾਸ ਉਤੇ ਨਾਮ ਸਵਾਰ ਜਦੋਂ ਹੋ ਜਾਂਦਾ ਹੈ, ਉਸ ਵੇਲੇ ਮਨ ਟਿਕ ਕੇ ਖੜ੍ਹ ਜਾਂਦਾ ਹੈ ਕਿਉਂਕਿ ਨਾਮ ਦੀ ਸ਼ਕਤੀ ਬਹੁਤੀ ਹੈ, ਮਨ ਦੀ ਓਨੀ ਸ਼ਕਤੀ ਨਹੀਂ ਹੈ। ਫੇਰ ਮਨ ਦੌੜਦਾ ਨਹੀਂ ਕਿਤੇ।

ਸੋ ਇਸ ਤਰ੍ਹਾਂ ਜਦੋਂ ਅਸੀਂ ਸ੍ਵਾਸ-ਸ੍ਵਾਸ ਦੇ ਉਤੇ ਨਾਮ ਜਪਦੇ ਹਾਂ, ਬੇਅੰਤ ਤਰੀਕੇ ਨੇ, ਅਨੁਭਵੀ ਮਹਾਂਪੁਰਸ਼ਾਂ ਨੇ 150 ਤਰੀਕਾ ਲਿਖਿਆ ਹੈ। ਕਿਉਂਕਿ ਸ੍ਵਾਸ ਦੇ ਨਾਲ ਪ੍ਰਾਣਾਯਾਮ ਵੀ ਹੁੰਦਾ ਹੈ, ਬਹੁਤ ਵੱਡੇ ਤੋਂ ਵੱਡਾ ਪ੍ਰਾਣਾਯਾਮ ਵੀ ਹੈ ਤੇ ਛੋਟੇ ਤੋਂ ਛੋਟਾ ਵੀ ਹੈ। ਮਨ ਰੋਕਣ ਦੇ ਸਾਧਨ ਨੇ ਇਹ ਸਾਰੇ। ਲੇਕਿਨ ਜਦੋਂ ਨਾਮ ਆ ਜਾਂਦਾ ਹੈ ਸ੍ਵਾਸ ਤੇ ਸ੍ਵਾਸ ਰਸ ਨਾਲ ਭਰ ਜਾਂਦਾ ਹੈ। ਰਸ ਨਾਲ ਭਰਿਆ ਅੰਦਰ ਨੂੰ ਜਾਂਦਾ ਹੈ, ਰਸ ਨਾਲ ਭਰਿਆ ਬਾਹਰ ਨੂੰ ਜਾਂਦਾ ਹੈ, ਬੋਲਣ ਨੂੰ ਚਿੱਤ ਨਹੀਂ ਕਰਦਾ। ਬਿਰਤੀ ਟਿਕ ਜਾਂਦੀ ਹੈ ਤੇ ਅੰਦਰ ਅੰਤਰਮੁਖ ਬਿਰਤੀ ਹੋ ਜਾਂਦੀ ਹੈ। ਬਿਰਤੀ ਹੋਰ ਸੂਖਸ਼ਮ ਹੋ ਜਾਂਦੀ ਹੈ, ਸੂਖਸ਼ਮ ਹੋ ਕੇ ਕੰਠ ਵਿਚ ਨਾਮ, ਹਿਰਦੇ ਵਿਚ ਨਾਮ, ਨਾਭੀ ਵਿਚ ਨਾਮ, ਫਲ ਵਧਦਾ ਜਾਂਦਾ ਹੈ, ਬੈਖਰੀ ਨਾਲ ਦੱਸ ਵਾਰੀ ਵਾਹਿਗੁਰੂ-ਵਾਹਿਗੁਰੂ ਕਰੋ, ਕੰਠ 'ਚ ਇਕ ਵਾਰੀ ਕਹੋ, ਬੈਖਰੀ ਨਾਲ ਸੌ ਵਾਰੀ ਕਰੋ, ਹਿਰਦੇ 'ਚ ਇਕ ਵਾਲੀ ਕਹੋ, ਬੈਖਰੀ 'ਚ ਹਜ਼ਾਰ ਵਾਰੀ ਵਾਹਿਗੁਰੂ-ਵਾਹਿਗੁਰੂ ਕਰੋ, ਨਾਭੀ ਵਿਚ ਇਕ ਵਾਰੀ ਕਰੋ ਇਹ ਅਨੁਭਵੀ ਮਹਾਂਪੁਰਸ਼ਾਂ ਦਾ ਮਤ ਹੈ ਕਿ ਐਉਂ ਨਾਮ ਦਾ ਫਲ ਵਧਦਾ ਜਾਂਦਾ ਹੈ ਕਿਉਂਕਿ ਇਕਾਗਰਤਾ ਆ ਜਾਂਦੀ ਹੈ, ਬਾਹਰਲੀਆਂ ਚੀਜ਼ਾਂ ਹਟ ਜਾਂਦੀਆਂ ਨੇ ਤੇ ਨਾਮ ਦਾ ਰਸ ਐਨਾ ਆ ਜਾਂਦਾ ਹੈ ਕਿ ਜੀਅ ਕਰਦਾ ਹੈ ਦਿਨ ਰਾਤ ਨਾਮ ਜਪੀ ਜਾਈਏ। ਜਿਥੇ ਉਹਨੂੰ ਵਿਹਲ ਮਿਲੇਗੀ ਉਥੇ ਹੀ ਬੈਠ ਜਾਏਗਾ। ਨੱਕੇ ਛੱਡਦਾ ਹੈ, ਇਹ ਨਾਮ ਵਾਸਤੇ ਕੋਈ ਜ਼ਰੂਰੀ ਨਹੀਂ ਕਿ ਘਰ ਬਾਰ ਛੱਡ ਦਿਓ, ਫਲਾਣੀ ਜਗ੍ਹਾ ਇਕਾਂਤ ਰਹਾਂਗਾ ਬਿਲਕੁਲ ਨਹੀਂ ਜਪ ਹੁੰਦਾ ਐਉਂ ਨਾਮ। ਜਿਹਨੂੰ ਸ਼ੌਂਕ ਪੈ ਜਾਏ ਉਹ ਜਪਦਾ ਹੈ।

ਜਦੋਂ ਮੈਂ ਪੜ੍ਹਦਾ ਸੀ ਨੱਕੇ ਛੱਡਣ ਜਾਣੇ, ਭਾਦੋਂ ਦੇ ਮਹੀਨੇ, ਹਲਟ ਹੁੰਦੇ ਸੀ, ਗੰਨੇ ਦੇ ਵੀ ਨੱਕੇ, ਮੱਕੀ ਦੇ ਵੀ ਨੱਕੇ, ਕਪਾਹ ਦੇ ਵੀ ਕਣਕ ਦੇ ਵੀ। ਨੱਕਿਆਂ ਨੂੰ ਕੋਈ ਨਹੀਂ ਸੀ ਜਾਂਦਾ ਹੁੰਦਾ ਕਿਉਂਕਿ ਔਖਾ ਬਹੁਤ ਹੁੰਦਾ ਹੈ, ਹਨ੍ਹੇਰਾ ਹੁੰਦਾ ਹੈ, ਸੱਪਾਂ ਦਾ ਡਰ ਵੀ ਹੁੰਦਾ, ਖਾਲ੍ਹ ਟੁੱਟਣ ਦਾ ਡਰ ਹੁੰਦਾ ਹੈ। ਮੈਂ ਪਹਿਲਾਂ ਹੀ ਖਾਲ੍ਹ ਸਵਾਰ ਲੈਣਾ ਤੇ ਮਤਲਬ ਕੀ ਸੀ ਕਿ ਬਲਦ ਹੱਕਦੇ ਹੋਏ ਬਿਰਤੀ ਬਾਹਰ ਆਏਗੀ, ਜੇ ਨੱਕੇ ਛੱਡਾਂਗੇ, ਦੋ ਤਿੰਨ ਕਿਆਰਿਆਂ ਨੂੰ ਇਕੱਠਾ ਹੀ ਛੱਡ ਦਿਓ, ਚੌਥੇ 'ਚ ਬਹਿ ਜਾਓ ਜਦੋਂ ਪੈਰ ਨੂੰ ਪਾਣੀ ਲੱਗੇਗਾ ਤਾਂ ਆਪੇ ਹੀ ਪਤਾ ਲਗ ਜਾਣਾ ਹੈ ਕਿ ਪਾਣੀ ਲਗ ਗਿਆ।

ਨਾਮ ਐਵੇਂ ਹੀ ਜਪ ਹੁੰਦਾ ਹੈ ਧੱਕੇ ਨਾਲ ਹੀ, ਐਉਂ ਨਹੀਂ ਹੈ ਕਿ ਵਿਹਲੇ ਬੈਠਾਂਗੇ ਤਾਂ ਜਪਾਂਗਾ। ਬਿਲਕੁਲ ਨਹੀਂ ਮਨ ਨਹੀਂ ਸਾਥ ਦਿੰਦਾ। ਮਨ ਜੇ ਸਾਥ ਦੇਵੇ ਤਾਂ ਜਿੱਥੇ ਜੀਅ ਕਰਦਾ ਹੈ, ਟਰੈਕਟਰ ਚਲਾਉਂਦਾ ਹੈ, ਉਹਦੀ ਧੁਕ-ਧੁਕ ਹੋਈ ਜਾਂਦੀ ਹੈ, ਧੁਕ-ਧੁਕ ਅਸੀਂ ਜ਼ਰੂਰ ਸੁਣਨੀ ਹੈ, ਵਾਹਿਗੁਰੂ-ਵਾਹਿਗੁਰੂ ਸੁਣੀ ਜਾਓ ਉਹਦੇ ਨਾਲ। ਨਾਲੇ ਕਾਰੋਬਾਰ ਹੋਈ ਜਾਂਦਾ ਹੈ, ਨਾਲ ਹੀ ਨਾਮ ਜਪ ਹੋ ਜਾਂਦਾ ਹੈ। ਇਸ ਤਰ੍ਹਾਂ **mental** ਨਾਮ ਹੋ ਜਾਂਦਾ ਹੈ, ਅੰਦਰ ਚਲਿਆ ਜਾਂਦਾ ਹੈ। ਪਹਿਲਾ ਕਰਮ ਹੁੰਦਾ ਹੈ, ਫੇਰ ਉਪਾਸਨਾ 'ਚ ਆ ਕੇ, ਅਨੇਕ ਤਰੀਕਿਆਂ ਦੇ ਨਾਲ ਨਾਮ ਜਪ ਹੁੰਦਾ ਹੈ, ਅਨੁਭਵ ਅਨੇਕਾਂ ਨੇ, ਪਹੁੰਚਣਾ ਅਸੀਂ ਉਥੇ ਹੀ ਹੈ।

*ਅਸੰਖ ਜਪ ਅਸੰਖ ਭਾਉ ॥ ਅੰਗ - ੩*

ਬੇਅੰਤ ਕਿਸਮ ਦੇ ਜਪ ਨੇ, ਬੇਅੰਤ ਕਿਸਮ ਦੇ ਭਾਵ ਨੇ। ਮਹਾਰਾਜ ਕਹਿਣ ਲੱਗੇ ਕਿ ਜਦੋਂ ਉਪਾਸਨਾ 'ਚ ਆਉਂਦਾ ਹੈ ਉਥੇ ਬੜੀ ਸਾਵਧਾਨੀ ਵਰਤਣੀ ਪੈਂਦੀ ਹੈ। ਇਕ ਤਾਂ ਹੁੰਦੇ ਨੇ ਮੋਟੀ ਬੁੱਧ ਦੇ ਬੰਦੇ, ਇਕ ਹੁੰਦੇ ਨੇ ਸੂਖਸ਼ਮ ਬੁੱਧ ਦੇ। ਮੋਟੀ ਬੁੱਧ ਜਿਹੜੀ ਹੈ ਮੋਟੀ ਚੀਜ਼ ਨੂੰ ਗ੍ਰਹਿਣ ਕਰਦੀ ਹੈ, ਉਨ੍ਹਾਂ ਸਾਰੀਆਂ ਦਿਸਣ ਵਾਲੀਆਂ ਚੀਜ਼ਾਂ 'ਚੋਂ ਗੁਰੂ ਜਿਹੜਾ ਹੈ ਉਹਦੀ ਮੂਰਤ ਨੂੰ ਹਿਰਦੇ 'ਚ ਵਸਾ ਲਓ। ਇਹ ਐਵੇਂ ਨਹੀਂ ਹੁੰਦਾ, ਜਿਹਦੀ ਮੂਰਤ ਹਿਰਦੇ 'ਚ ਵਸਾਵੋਂਗੇ, ਉਹਦਾ ਅਸਰ ਆਉਣ ਲੱਗ ਜਾਏਗਾ। ਵੇਸਵਾ ਦੀ ਮੂਰਤ ਹਿਰਦੇ 'ਚ ਵਸਾ ਲਓ, ਸਾਰੇ ਸਰੀਰ 'ਚ **vibration** ਹੋ ਕੇ ਕਾਮ ਬਿਰਤੀ ਜਾਗ ਜਾਏਗੀ ਕਿਉਂਕਿ ਅਸਰ ਹੁੰਦਾ ਹੈ ਜਿਹਨੂੰ ਹਿਰਦੇ 'ਚ ਵਸਾਵੋਂਗੇ। ਜੇ ਗੁਰੂ ਨੂੰ ਹਿਰਦੇ 'ਚ ਵਸਾ ਲਓ ਗੁਰੂ ਦਾ ਪਿਆਰ ਖਿੱਚਾਂ ਪਾਉਣੀਆਂ ਸ਼ੁਰੂ ਕਰ ਦਿੰਦਾ ਹੈ। ਗੁਰੂ ਕੋਈ ਜਾਗ੍ਰਤ ਰੂਪ ਹੈ, ਸਾਰੇ ਹੀ ਰੂਪ ਨੇ ਗੁਰੂ ਦੇ।

ਜਦੋਂ ਧਿਆਨ ਲਗਦਾ ਹੈ, 'ਵਰਿਆਮ ਸਿੰਘ' ਕਹੋ ਉਹਦੀ ਸ਼ਕਲ ਆਏਗੀ ਤੁਹਾਡੇ ਅੰਦਰ। ਜਦੋਂ ਅਸੀਂ ਗੁਰੂ ਦੀ ਸ਼ਕਲ ਅੰਦਰ ਵਸਾਉਂਦੇ ਹਾਂ, ਫੇਰ ਹੁੰਦਾ ਕੀ

ਹੈ, ਅਦਬ 'ਚ ਆ ਜਾਂਦੇ ਹਾਂ ਅਸੀਂ, ਭੈ ਵਿਚ ਆ ਜਾਂਦੇ ਹਾਂ, ਨਿਰਮਲ ਭਾਉ 'ਚ। ਹੱਥ ਜੋੜ ਕੇ ਅੱਗੇ ਬੈਠ ਜਾਂਦੇ ਹਾਂ, ਨਾਮ ਜਪਣਾ ਸ਼ੁਰੂ ਕਰ ਦਿੰਦੇ ਹਾਂ। ਇਹ ਕੋਈ ਐਵੇਂ ਨਹੀਂ ਗੱਲ ਹੁੰਦੀ, ਪ੍ਰਤੱਖ ਰੂਪ ਦੇ ਅੰਦਰ ਗੁਰੂ ਜੋਤ ਸਰੂਪ ਹੋ ਜਾਂਦਾ ਹੈ। ਪਹਿਲਾਂ ਹੋਰ ਤਰ੍ਹਾਂ ਨਜ਼ਰ ਆਉਂਦਾ ਹੈ, ਫੇਰ ਬਿਲਕੁਲ ਲਾਈਟ ਨਜ਼ਰ ਆਉਣ ਲਗ ਜਾਂਦੀ ਹੈ ਜਿਵੇਂ ਚਾਨਣਾ, ਪਾਰਦਰਸ਼ਕ ਚਾਨਣਾ ਹੁੰਦਾ, ਝੁਣਝੁਣੀ ਆਉਂਦੀਆਂ ਨੇ ਫੇਰ, ਜਿਹੜਾ ਆਪਣਾ ਆਪ ਹੈ ਉਹ ਐਉਂ ਲਗਣ ਲਗ ਜਾਂਦਾ ਹੈ, ਆਹ ਜਿਹੜਾ ਸਰੀਰ ਮੇਰਾ ਹੈ ਇਹ ਤਾਂ ਖਤਮ ਹੋ ਗਿਆ, ਇਹ ਹੁਣ ਗੁਰੂ ਦਾ ਹੀ ਬਣ ਗਿਆ। ਆਪਣਾ ਆਪ ਅਭਾਵ ਹੋ ਜਾਂਦਾ ਹੈ, ਗੁਰੂ ਹੀ ਰਹਿ ਜਾਂਦਾ ਹੈ। ਇਕ ਤਾਂ ਇਹ ਹੈ।

ਦੂਸਰਾ ਇਹ ਹੈ ਕਿ ਜਿਹੜੇ ਥੋੜ੍ਹੇ ਜਿਹੇ ਸੁਧਰੇ ਹੋਏ ਨੇ, ਜਿਨ੍ਹਾਂ ਦੀ ਬਿਰਤੀ ਇਕਾਗਰ ਹੁੰਦੀ ਹੈ ਉਹ ਹੈ ਗੁਰੂ ਦੀ ਦੂਸਰੀ ਸੂਰਤ।

ਇਕ ਤਾਂ ਉਹ ਸ਼ਬਦ ਹੈ ਜਿਹੜਾ ਅਸੀਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਤੋਂ ਸੁਣਦੇ ਹਾਂ। ਇਹ ਉਨ੍ਹਾਂ ਦੀ ਮੂਰਤ ਹੈ, ਇਕ ਉਹ ਸ਼ਬਦ ਹੈ ਜਿਹੜਾ ਸਾਨੂੰ ਪੰਜ ਪਿਆਰਿਆਂ ਨੇ ਦਿਤਾ। ਏਸ ਸ਼ਬਦ ਦੀ ਧੁਨ ਬਣਦੀ ਹੈ ਅੰਦਰ। ਜਪਣਾ ਹਟ ਜਾਂਦਾ ਹੈ, ਨਾ ਜੀਭ ਹਿਲਦੀ ਹੈ ਨਾ ਬੁੱਲ੍ਹ ਹਿਲਦੇ ਨੇ, ਕੁਛ ਨਹੀਂ ਹੁੰਦਾ, ਆਪੇ ਹੀ ਨਾਮ ਜਪਿਆ ਜਾਂਦਾ ਹੈ। ਅਸੀਂ ਸਿਰਫ ਸੁਣਨਾ ਹੈ ਬੈਠ ਕੇ, ਚੁੱਪ ਕਰਕੇ। ਜਦੋਂ ਅਸੀਂ ਸੁਣਦੇ ਹਾਂ ਉਹਦੀ ਧੁਨ ਬਣ ਜਾਂਦੀ ਹੈ। ਧੁਨ ਦੇ ਨਾਲ ਅਨਹਦ ਆ ਰਲਦੇ ਨੇ, ਆਟੋਮੈਟੀਕਲੀ। ਆਪਣੇ ਆਪ ਹੀ ਬੇਅੰਤ ਕਿਸਮ ਦੇ ਸਾਜ ਜਿਹੜੇ ਨਾ ਅਸੀਂ ਕਦੇ ਦੇਖੇ ਨੇ, ਨਾ ਕੋਈ ਵਜਾਉਣ ਵਾਲਾ ਹੈ, ਆਪੇ ਹੀ ਅੰਦਰੋਂ ਵਜਣੇ ਸ਼ੁਰੂ ਹੋ ਜਾਂਦੇ ਨੇ।

***ਨਉ ਦਰਵਾਜੇ ਕਾਇਆ ਕੋਟੁ ਹੈ***
***ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥***
***ਅੰਗ - ੯੫੪***

ਜਦੋਂ ਖੁਲ੍ਹਿਆ –

***ਅਨਹਦ ਵਾਜੇ ਧੁਨਿ ਵਜਦੇ***
***ਗੁਰ ਸਬਦਿ ਸੁਣੀਜੈ ॥***
***ਤਿਤੁ ਘਟ ਅੰਤਰਿ ਚਾਨਣਾ***
***ਕਰਿ ਭਗਤਿ ਮਿਲੀਜੈ ॥ ਅੰਗ - ੯੫੪***

ਆਪਣੇ ਆਪ ਹੀ ਨਾਮ ਦੇ ਨਾਲ ਰਲ ਜਾਂਦੇ ਨੇ, ਉਸ ਵੇਲੇ ਨਾਮ ਬਹੁਤ ਰਸੀਲਾ ਹੋ ਜਾਂਦਾ ਹੈ। ਰਸ ਆਉਂਦਾ ਹੈ, ਜੀਅ ਨਹੀਂ ਕਰਦਾ ਛੱਡਣ ਨੂੰ। ਬਾਰ-ਬਾਰ ਸੁਰਤ ਅੰਦਰ ਨੂੰ ਜਾਏਗੀ। ਕੋਈ ਕੰਮ ਕਰੋ ਸੁਰਤ ਅੰਦਰ ਨੂੰ ਚਲੀ ਜਾਏਗੀ। ਸੋ ਉਹਨੂੰ ਕਹਿੰਦੇ ਨੇ –

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ ॥ ਅੰਗ - ੮੭੯***

ਉਹ ਧੁਨ ਵਿਚ ਧਿਆਨ ਲਗ ਜਾਂਦਾ ਹੈ। ਇਸ ਤੋਂ ਬਾਅਦ ਅਜਪਾ ਜਾਪ ਆ ਜਾਂਦਾ ਹੈ।

***ਅਜਪਾ ਜਾਪੁ ਨ ਵੀਸਰੈ***
***ਆਦਿ ਜੁਗਾਦਿ ਸਮਾਇ ॥ ਅੰਗ - ੧੨੯੧***

ਜਪਣਾ ਨਹੀਂ ਕੁਛ ਨਹੀਂ ਕਰਨਾ। ਨਾਮ ਸੁਣਨ ਲਗ ਜਾਂਦਾ ਹੈ।

***ਹਰਹਟ ਭੀ ਤੂੰ ਤੂੰ ਕਰਹਿ***
***ਬੋਲਹਿ ਭਲੀ ਬਾਣਿ ॥ ਅੰਗ - ੧੪੨੦***

ਐਸਾ ਵੀ ਹੁੰਦਾ ਹੈ, ਜਦੋਂ vibration ਹੁੰਦੀ ਹੈ, ਸਰੀਰ ਸਾਰਾ ਪ੍ਰਕਾਸ਼ ਦਾ ਲੱਗਣ ਲਗ ਜਾਂਦਾ ਹੈ ਤੇ ਜਿੰਨੇ ਰੋਮ ਨੇ ਹਰੇਕ ਦੇ ਵਿਚ vibration ਹੋਣ ਲੱਗ ਜਾਂਦੀ ਹੈ। ਇਹਨੂੰ 'ਗੁਰਮੁਖ ਰੋਮ ਰੋਮ ਹਰਿ ਧਿਆਵੈ' ਕਹਿੰਦੇ ਨੇ।

ਬੜੀਆਂ ਮਿਸਾਲਾਂ ਨੇ, ਸੰਤ ਮਹਾਰਾਜ ਬ੍ਰਹਮਗਿਆਨੀ ਮਹਾਂਪੁਰਸ਼ ਗੁਰਬਚਨ ਸਿੰਘ ਜੀ ਨੇ ਇਹਦੀ ਮਿਸਾਲ ਦਿਤੀ। ਬਾਬਾ ਸੁੰਦਰ ਸਿੰਘ ਜੀ ਨੇ ਦੱਸਿਆ ਸੀ ਡਾਕਟਰ ਦੀਵਾਨ ਸਿੰਘ ਨੂੰ। ਡਾਕਟਰ ਦੀਵਾਨ ਸਿੰਘ ਲਾਉਂਦਾ ਹੈ ਟੂਟੀਆਂ ਆਪਣੇ ਕੰਨਾਂ ਦੇ ਨਾਲ ਕਿ ਮੈਂ ਦੇਖਾਂ ਕਿ ਕਿੱਥੇ ਦਿਲ ਧੜਕਦਾ ਹੈ, ਕੀ ਅੰਦਰ ਬਲਗਮ ਹੈ। ਉਹ ਉਸ ਨੂੰ ਸੁਣਦੀ ਹੀ ਨਹੀਂ, ਅੰਦਰੋਂ ਵਾਹਿਗੁਰੂ-ਵਾਹਿਗੁਰੂ ਸੁਣੀ ਜਾਂਦਾ ਹੈ। ਉਹ ਕਦੇ ਪੇਟ ਤੇ ਲਾਉਂਦਾ ਹੈ, ਕਦੇ ਬਾਹਾਂ ਤੇ ਲਾਉਂਦਾ ਹੈ, ਕਦੇ ਛਾਤੀ ਤੇ ਲਾਉਂਦਾ, ਅਖੀਰ ਉਹਨੇ ਚਰਨਾਂ ਤੇ ਲਾ ਦਿਤੀਆਂ। ਬਾਬਾ ਜੀ ਕਹਿਣ ਲੱਗੇ, ਡਾਕਟਰ ਇਹ ਕੀ ਕਰ ਰਿਹਾ ਹੈਂ ਤੂੰ? ਕਹਿੰਦਾ, ਬਾਬਾ ਜੀ! ਇਕ ਆਵਾਜ਼ ਆ ਰਹੀ ਹੈ ਤੁਹਾਡੇ ਅੰਦਰੋਂ ਲਾਗਾਤਾਰ ਤੇ ਮੈਂ ਇਹ ਦੇਖਦਾ ਹਾਂ ਕਿ ਸਾਰੇ ਸਰੀਰ 'ਚ ਹੈ ਇਹ ਕਿ ਇਕ ਥਾਉਂ ਹੀ ਆਉਂਦੀ ਹੈ। ਕਹਿੰਦੇ, ਕੀ ਦੇਖਿਆ? ਉਹ ਕਹਿਣ ਲੱਗਿਆ ਕਿ ਜਿੱਥੇ ਵੀ ਟੂਟੀਆਂ ਲਾਉਂਦਾ ਹਾਂ, ਉਥੋਂ ਵਾਹਿਗੁਰੂ-ਵਾਹਿਗੁਰੂ ਦੀ ਧੁਨੀ ਆ ਰਹੀ ਹੈ।

ਸੰਤ ਮਹਾਰਾਜ ਜੀ ਸਾਡੇ ਕੋਲ ਚੰਡੀਗੜ੍ਹ ਆਏ ਹੋਏ ਸੀ। ਦੀਵਾਨ ਦੀ ਸਮਾਪਤੀ ਤੋਂ ਬਾਅਦ ਕੁੱਛ ਪ੍ਰੇਮੀ ਉਨ੍ਹਾਂ ਦੇ ਚਰਨ ਦੱਬ ਰਹੇ ਨੇ, ਮੈਂ ਵੀ ਉਥੇ ਗਿਆ ਹੋਇਆ, ਮੈਨੂੰ ਵੀ ਥੋੜ੍ਹਾ ਬਹੁਤਾ ਸਮਾਂ ਮਿਲ ਗਿਆ। ਸਾਡਾ ਜਿਹੜਾ ਛੋਟਾ ਮੁੰਡਾ ਹੈ ਉਹ ਬਹੁਤੀ ਉਮਰ ਦਾ ਨਹੀਂ ਸੀ, ਉਸ ਵੇਲੇ ਅੱਠ ਕੁ ਸਾਲ ਦਾ ਹੋਣਾ, ਨੌਂ ਦਾ ਹੋਣਾ। ਉਹ ਚਰਨ ਦੱਬਦਾ-ਦੱਬਦਾ ਕੰਨ ਲਾਉਣ ਲੱਗ ਗਿਆ ਮਹਾਰਾਜ ਜੀ ਦੇ ਚਰਨਾਂ ਦੇ ਨਾਲ, ਕਦੇ ਇਧਰ ਕੰਨ ਲਾਉਂਦਾ ਹੈ, ਕਦੇ ਇਧਰ ਲਾਉਂਦਾ ਹੈ। ਮਹਾਰਾਜ

ਜੀ ਨੇ ਦੇਖ ਲਿਆ ਕਿ ਇਹ ਕੰਨ ਲਾਉਂਦਾ ਹੈ। ਕਿਉਂ ਲਾਉਂਦਾ ਹੈਂ? ਉਨ੍ਹਾਂ ਨੇ ਪੁੱਛਿਆ, ਨ੍ਰਿਪ! ਤੂੰ ਚਰਨ ਦੱਬਦਾ ਸੀ, ਆਹ ਕੀ ਕਰਦਾ ਹੈਂ? ਕਹਿੰਦਾ, ਮਹਾਰਾਜ! ਮੈਨੂੰ ਆਵਾਜ਼ ਆਉਂਦੀ ਹੈ ਇਕ, ਕਹਿੰਦਾ ਜਦੋਂ ਮੈਂ ਕੰਨ ਲਾਉਂਦਾ ਹਾਂ, ਤੁਹਾਡੇ ਚਰਨਾਂ ਦੇ ਵਿਚੋਂ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਦੀ ਆਵਾਜ਼ ਆਉਂਦੀ ਹੈ। ਸੋ ਆਹ ਕੰਨਾਂ ਦੇ ਨਾਲ ਵੀ ਸੁਣਨ ਲਗ ਜਾਂਦੀ ਹੈ ਅਣਜਾਣ ਬੰਦਿਆਂ ਨੂੰ ਵੀ।

ਬਾਬਾ ਜੀ ਗੁਰਬਚਨ ਸਿੰਘ ਜੀ ਖਾਲਸਾ, ਬਾਬਾ ਸੁੰਦਰ ਸਿੰਘ ਜੀ ਸੇਵਾ 'ਚ ਨੇ। ਕਹਿਣ ਲੱਗੇ ਮਹਾਰਾਜ! ਇਹ ਸਾਰੇ ਨਾਮ ਕਿਵੇਂ ਸੁਣਨ ਲਗ ਜਾਂਦਾ ਹੈ? ਕ੍ਰਿਪਾ ਕਰੋ। ਕਹਿੰਦੇ, ਆਹ ਦਰਵਾਜ਼ੇ ਨੂੰ ਲਾ ਕੰਨ। ਦਰਵਾਜ਼ੇ ਨੂੰ ਜਦੋਂ ਕੰਨ ਲਾਏ, ਉਹਦੇ ਵਿਚੋਂ ਵੀ ਨਾਮ ਦੀ ਧੁਨ ਸੁਣਾਈ ਦੇਵੇ। ਕੰਧ ਨੂੰ ਲਾਏ ਉਹਦੇ ਵਿਚੋਂ ਵੀ ਨਾਮ ਦੀ ਧੁਨ ਸੁਣੇ। ਇਹ ਇਕ ਅਵਸਥਾ ਹੋਇਆ ਕਰਦੀ ਹੈ, ਕਿਉਂਕਿ ਨਾਮ ਸਾਰੇ ਰਮਿਆ ਹੋਇਆ ਹੈ, ਜਦੋਂ ਅਸੀਂ ਉਸ ਅਵਸਥਾ 'ਚ ਪਹੁੰਚ ਜਾਂਦੇ ਹਾਂ, ਜਿਹਨੂੰ ਨਾਮ ਦੀ ਅਉਧੀ ਕਿਹਾ ਹੈ। ਉਸ ਵੇਲੇ ਸਾਰਿਆਂ ਪਾਸਿਆਂ ਤੋਂ ਨਾਮ ਦੀ ਆਵਾਜ਼ ਆਪੇ ਹੀ ਆਉਣ ਲਗ ਜਾਂਦੀ ਹੈ।

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥*
*ਅੰਗ - ੧੨੬੫*

*ਹਰਹਟ ਭੀ ਤੂੰ ਤੂੰ ਕਰਹਿ*
*ਬੋਲਹਿ ਭਲੀ ਬਾਣਿ ॥* *ਅੰਗ - ੧੪੨੦*

ਕਿਉਂਕਿ ਨਾਮ ਦੀ ਅਉਧੀ ਪ੍ਰਾਪਤ ਹੋ ਗਈ, ਹਰ ਪਾਸੇ ਤੋਂ ਨਾਮ ਸੁਣਦਾ ਹੈ।

*ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ*
*ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥*
*ਅੰਗ - ੫੪੦*

ਇਸ ਤਰ੍ਹਾਂ ਨਾਮ ਜਪਦੇ-ਜਪਦੇ ਨਾਮ ਦਾ ਰੂਪ ਬਣ ਜਾਂਦਾ ਹੈ। ਕਿਉਂਕਿ ਅਕਾਲ ਪੁਰਖ ਜੀ ਇਹ ਕਹਿੰਦੇ ਨੇ ਕਿ-

*ਨਾਵੈ ਅੰਦਰਿ ਹਉ ਵਸਾਂ*
*ਨਾਉ ਵਸੈ ਮਨਿ ਆਇ ॥* *ਅੰਗ - ੫੫*

ਨਾਮ ਇਹਦੇ ਅੰਦਰ ਵਸਦਾ ਹੈ। ਵਾਹਿਗੁਰੂ ਨਾਮ 'ਚ ਵਸਦਾ ਹੈ। ਜਦੋਂ ਨਾਮ ਸਿੱਧ ਹੋ ਗਿਆ, ਉਸ ਵੇਲੇ ਇਹਦਾ ਮੈਂ ਭਾਵ ਖਤਮ ਹੋ ਜਾਂਦਾ ਹੈ। ਆਪਾ ਭਾਵ ਖਤਮ ਜੋ ਜਾਂਦਾ ਹੈ। ਹੋਰ ਅਨੇਕਾਂ ਚੀਜ਼ਾਂ ਮਹਾਰਾਜ ਨੇ ਦੱਸੀਆਂ ਕਿ ਪ੍ਰਕਾਸ਼ ਐਨਾ ਵਧ ਜਾਂਦਾ ਹੈ ਕਿ ਸਰੀਰ ਤੋਂ ਵੀ ਬਾਹਰ ਆਉਣ ਲਗ ਜਾਂਦਾ ਹੈ।

ਇਕ ਵਾਰੀ ਸਾਡਾ ਵੱਡਾ ਲੜਕਾ, ਉਹ ਸਾਇੰਸ ਪੜ੍ਹਦਾ ਹੁੰਦਾ ਸੀ, ਤਰਕ ਸੀ ਉਹਦੀ ਦ੍ਰਿਸ਼ਟੀ 'ਚ। ਮੈਂ ਕਿਹਾ ਮਹਾਰਾਜ! ਇਹ ਤਰਕ ਬਹੁਤ ਕਰਦਾ ਹੈ, ਇਸ ਤੇ ਕ੍ਰਿਪਾ ਕਰੋ। ਇਕ ਕਿਤਾਬ ਪਈ ਸੀ, ਕਹਿੰਦੇ ਆਹ ਕਿਤਾਬ ਸਾਨੂੰ ਪੰਦਰਾਂ ਮਿੰਟ ਪੜ੍ਹ ਕੇ ਸੁਣਾਇਆ ਕਰ। ਬਹਾਨੇ ਨਾਲ ਕੋਲ ਬੁਲਾਉਣਾ ਸ਼ੁਰੂ ਕਰ ਲਿਆ। ਦੀਵਾਨ ਤੋਂ ਆਇਆ ਕਰਨ, ਸਾਢੇ ਗਿਆਰ੍ਹਾਂ ਵੱਜੇ ਹੋਣ ਰਾਤ ਦੇ, ਉਸ ਵੇਲੇ ਉਹਨੇ ਪੰਦਰਾਂ ਮਿੰਟ ਜਾਂ ਦੱਸ ਮਿੰਟ ਪੜ੍ਹਨੀ। ਇਕ ਦਿਨ ਉਹਦੇ ਵਿਚ ਆ ਗਿਆ ਕਿ ਅਮਰੀਕਾ ਦੀ ਕੈਲੇਫੋਰਨੀਆਂ ਯੂਨੀਵਰਸਿਟੀ ਦੀ ਇਕ ਡਾਕਟਰ ਜੇ.ਸੀ ਟਰੱਸਟ ਸੀ, ਉਹ ਜਦੋਂ ਯੂਨੀਵਰਸਿਟੀ 'ਚ ਲੈਕਚਰ ਦੇਣ ਲਈ, ਸਪਿਰਚੂਅਲ ਆਈਟਮ ਦੇ ਉਤੇ ਲੈਕਚਰ ਦੇਣਾ ਸੀ, ਜਦੋਂ ਲੈਕਚਰ ਦੇਣ ਲੱਗੀ ਤਾਂ ਉਹਦੀ **body** ਚਾਰਜ ਹੋ ਗਈ ਤਾਂ ਰੋਸ਼ਨੀ ਨਿਕਲਣ ਲੱਗ ਗਈ ਉਹਦੀ **body** 'ਚੋਂ। ਕਿਉਂਕਿ ਨਾਮ ਜਪਣ ਦੀ ਇਕ ਐਸੀ ਅਵਸਥਾ ਆਉਂਦੀ ਹੈ, **body** ਚਾਰਜ ਹੋ ਜਾਇਆ ਕਰਦੀ ਹੈ, ਸਰੀਰ ਜਿਹੜਾ ਹੈ ਉਹਨੂੰ ਹੱਥ ਨਹੀਂ ਲਗਦਾ ਫੇਰ ਕਿਸੇ।

ਬਾਪੂ ਜੀ ਜਦੋਂ ਭਜਨ ਕਰਿਆ ਕਰਦੇ ਸੀ, ਬੀਜੀ ਦੇ ਪਿਤਾ ਸੀ ਜੇ ਕਿਤੇ ਭੁੱਲ-ਭੁਲੇਖੇ ਹੱਥ ਰੱਖ ਹੋ ਜਾਏ ਕਿਸੇ ਦੇ ਸਿਰ ਤੇ ਉਨ੍ਹਾਂ ਦਾ, 24 ਘੰਟੇ ਬੰਦੇ ਨੂੰ ਸੁਰਤ ਨਹੀਂ ਸੀ ਆਉਂਦੀ। ਲੋਟਪੋਟਨੀਆਂ ਖਾਣ ਲਗ ਜਾਂਦਾ ਸੀ।

ਇਕ ਦਿਨ ਉਨ੍ਹਾਂ ਦੀ ਚਾਚੀ ਕਹਿਣ ਲੱਗੀ, ਹੀਰਾ ਸਿੰਆਂ! ਤੂੰ ਸਾਰਿਆਂ ਦਾ ਨਾਮ ਚਲਾਈ ਜਾਂਦਾ ਹੈਂ ਮੇਰਾ ਵੀ ਚਲਾ ਦੇ। ਸਹਿਜ ਸੁਭਾਅ ਬੈਠੇ ਸੀ ਪਿੱਠ ਤੇ ਹੱਥ ਮਾਰ ਕੇ ਕਹਿਣ ਲੱਗੇ, ਚਾਚੀ ਨਾਮ ਤਾਂ ਅੰਦਰ ਚਲਦਾ ਹੀ ਹੁੰਦਾ ਹੈ, ਸੁਣਨ ਦੀ ਲੋੜ ਹੈ, ਲੈ ਸੁਣ। ਉਹ ਲਿਟਦੀ-ਲਿਟਦੀ ਪਰ੍ਹੇ ਚਲੀ ਗਈ ਕੰਧ ਨਾਲ। ਮੁੜ ਕੇ ਫੇਰ ਉਰ੍ਹਾ ਨੂੰ ਆ ਗਈ, ਬਾਪੂ ਜੀ ਨੇ ਫੇਰ ਹੱਥ ਲਾਇਆ, ਵਾਧੂ ਸ਼ਕਤੀ ਖਿੱਚ ਲਈ ਉਠ ਕੇ ਬੈਠ ਗਈ, ਅੱਖਾਂ ਮੀਚ ਲਈਆਂ। ਬਾਪੂ ਜੀ ਬਾਹਰ ਨੂੰ ਜਾਂਦੇ ਨੇ ਤੇ ਉਨ੍ਹਾਂ ਦੇ ਕਹਿਣ ਲੱਗੇ ਬਾਈ! ਬੇਬੇ ਗਈ ਸੀ ਉਤੇ। ਕਹਿੰਦੇ, ਬੇਬੇ ਤੁਹਾਡੀ ਉਤੇ ਬੈਠੀ ਹੈ ਚੁਬਾਰੇ 'ਚ। ਜੇ ਲਿਆਉਣੀ ਹੈ ਤਾਂ ਲੈ ਆਏ, ਪਰ ਅਸੀਂ ਜ਼ਿੰਮੇਵਾਰ ਨਹੀਂ ਜੇ ਕੁਛ ਹੋ ਗਿਆ।

ਕਹਿੰਦੇ, ਕੀ ਗੱਲ? ਕਹਿੰਦੇ ਉਹ ਤਾਂ ਕੱਲ੍ਹ ਨੂੰ ਦੱਸ ਵਜੇ ਜਾ ਕੇ ਸੁਰਤ 'ਚ ਆਏਗੀ। 24 ਘੰਟੇ ਵਾਸਤੇ ਹੱਥ ਰੱਖ ਕੇ ਸਮਾਧੀ ਲਵਾ ਦਿਤੀ। 24 ਘੰਟੇ ਬਾਅਦ ਚਾਚੀ ਨੂੰ ਹੋਸ਼ ਆਈ, ਫੇਰ ਉਠੀ। ਇਕ ਮਿਸਾਲ ਨਹੀਂ ਹੈ, ਬਹੁਤ ਨੇ।

ਪਟਿਆਲੇ ਨਾਮਧਾਰੀ ਨਿਹੰਗ ਸੀਗੇ ਇਕ ਉਹ ਆਏ ਹੋਏ ਸੀ, ਉਨ੍ਹਾਂ ਦੇ ਦੀਵਾਨ ਲਗਦੇ ਸੀ, ਹੁਕਮ

ਹੋ ਗਿਆ ਕਿ ਨਾਮਧਾਰੀਆਂ ਦੇ ਜਿਹੜੀ ਕੰਨ 'ਚ ਗੱਲ ਕਹਿੰਦੇ ਨੇ, ਉਹ ਨਾ ਸੁਣੋ। ਕਿਉਂਕਿ ਉਨ੍ਹਾਂ ਨੇ ਰੋਕ ਲਾ ਦਿਤੀ ਕਿ ਪੰਜ ਸਿੱਖ ਇੱਕਠੇ ਨਹੀਂ ਸੀ ਹੋ ਸਕਦੇ। ਉਹ ਅੰਮ੍ਰਿਤ ਲੁਕ ਕੇ ਤਿਆਰ ਕਰ ਲੈਂਦੇ ਸੀ, ਧਰਤੀ 'ਚ ਟੋਆ ਪੁੱਟ ਲੈਣਾ ਵੱਡਾ ਸਾਰਾ, ਉਤੇ ਛੱਤ ਪਾ ਲੈਣੀ, ਉਥੇ ਅੰਮ੍ਰਿਤ ਤਿਆਰ ਕਰਦੇ ਸੀ। ਉਸ ਤੋਂ ਬਾਅਦ ਅੰਮ੍ਰਿਤ ਛਕਾਉਣ ਦਾ ਕੋਈ ਸਾਧਨ ਨਹੀਂ ਸੀ ਬਣਦਾ। ਜੇ ਛੇਵੇਂ ਨੂੰ ਛਕਾਉਂਦੇ ਹਾਂ ਛੇ ਹੋ ਗਏ ਤਾਂ ਉਸੇ ਵਕਤ ਫੜ ਲੈਂਦੇ ਸੀ। ਪੁਲਿਸ ਮਗਰ ਹੀ ਫਿਰਦੀ ਰਹਿੰਦੀ ਸੀ ਨਾਮਧਾਰੀਆਂ ਨੇ। ਉਨ੍ਹਾਂ ਨੇ ਫੇਰ ਬਾਲਟੀ 'ਚ ਅੰਮ੍ਰਿਤ ਪਾ ਲੈਣਾ, ਜਿਹੜੇ ਜਗਿਆਸੂ ਹੁੰਦੇ ਕੋਈ ਕਿੱਕਰ ਥੱਲੇ ਬੈਠਾ ਹੈ, ਕੋਈ ਵੱਟ ਤੇ ਬੈਠਾ ਹੈ ਉਥੇ ਜਾ ਕੇ ਇਕੱਲੇ-ਇਕੱਲੇ ਨੇ ਅੰਮ੍ਰਿਤ ਛਕਾਈ ਜਾਣਾ। ਅਸੀਂ ਤਾਂ ਹੁਣ ਕਹਿ ਦਿੰਦੇ ਹਾਂ ਨਾ ਕਿ ਉਹ ਐਉਂ ਕਰਦੇ ਸੀ। ਉਹ ਹਾਲਾਤ ਹੀ ਐਸੇ ਸੀਗੇ। ਉਹ ਜੇ ਰਸਮ ਬਣ ਜਾਏ ਫੇਰ ਗਲਤ ਗੱਲ ਹੋ ਜਾਂਦੀ ਹੈ। ਉਹ ਠੀਕ ਨਹੀਂ ਹੋਇਆ ਕਰਦੀ। ਨਿਹੰਗ ਸਿੰਘ ਸ਼ਾਮ ਨੂੰ ਉਹਨੇ ਨਾਮ ਦੇਣਾ, ਕਹਿਣਾ ਕਿ ਨਾਮ ਲੈਣ ਵਾਲੇ ਆ ਜਾਓ। ਮਹਾਰਾਜ ਮਹਿੰਦਰ ਸਿੰਘ ਹੁੰਦਾ, ਉਹਨੂੰ ਸਰਕੂਲਰ ਆ ਗਿਆ ਅੰਗਰੇਜ਼ ਦਾ ਕਿ ਇਹ ਕੰਨ 'ਚ ਕੀ ਦਸਦੇ ਨੇ ਪਤਾ ਕਰੋ। ਸੋ ਜਿਹਨੂੰ ਨਾਮ ਮਿਲ ਜਾਣਾ ਉਹਨੇ ਦੱਸਣਾ ਨਾ ਆ ਕੇ। ਉਨ੍ਹਾਂ ਨੇ ਮਹਿੰਦਰ ਸਿੰਘ ਨੂੰ ਭੇਜ ਦਿਤਾ, ਆਪਣਾ ਜਿਹੜਾ ਉਨ੍ਹਾਂ ਦਾ ਨਫਰ ਸੀ ਉਹ ਆ ਕੇ ਬਹਿ ਗਿਆ, ਜਦੋਂ ਨਾਮ ਦੀ ਗੱਲ ਕਰੀ, ਉਹਦੇ ਕੰਨ 'ਚ ਜਿਸ ਵਕਤ ਵਾਹਿਗੁਰੂ-ਵਾਹਿਗੁਰੂ ਪੰਜ ਵਾਰੀ ਕਿਹਾ, ਉਹ ਉਥੇ ਹੀ ਬਹਿ ਗਿਆ। 24 ਘੰਟੇ ਲੰਘ ਗਏ, ਮਹਾਰਾਜਾ ਉਡੀਕਦਾ ਹੈ ਉਸ ਤੋਂ ਬਾਅਦ ਦੂਸਰੇ ਦਿਨ ਭੇਜਿਆ ਆਪਣੇ ਚਾਕਰ ਨੂੰ ਕਿ ਜਾਹ ਮਹਿੰਦਰ ਸਿੰਘ ਆਇਆ ਨਹੀਂ ਕੀ ਹੋ ਗਿਆ ਉਹਨੂੰ। ਉਹ ਉਥੇ ਆ ਕੇ ਉਹਦਾ ਮੋਢਾ ਹਿਲਾਉਂਦਾ ਹੈ, ਮੋਢਾ ਹਿਲਾਇਆ ਤੇ ਉਹਦੀ ਅੱਖ ਖੁਲ੍ਹੀ ਜਿਵੇਂ ਕਿਤੇ ਬੜੀ ਨੀਂਦ ਤੋਂ ਉਠਿਆ ਹੁੰਦਾ ਹੈ, ਬਹੁਤ ਕਿਸੇ ਗਹਿਰੇ ਥਾਂ ਤੋਂ ਆਇਆ ਹੁੰਦਾ ਹੈ, ਅੱਖਾਂ ਲਾਲ। ਕਹਿਣ ਲੱਗਿਆ, ਕੀ ਗੱਲ ਹੈ? ਤੈਨੂੰ ਮਹਾਰਾਜ ਬੁਲਾਉਂਦਾ ਹੈ? ਕਹਿਣ ਲੱਗਿਆ, ਕਿਹੜਾ ਮਹਾਰਾਜ? ਉਸ ਨੇ ਕਿਹਾ ਕਿ ਤੂੰ ਮਹਾਰਾਜੇ ਨੂੰ ਭੁੱਲ ਗਿਆ। ਉਹ ਕਹਿੰਦਾ ਜਾਹ, ਨੱਠ ਜਾ, ਐਹੋ ਜਿਹੇ ਕਰੋੜਾਂ ਮਹਾਰਾਜੇ ਅਸੀਂ ਠੁੱਡੇ ਖਾਂਦੇ ਦੇਖੇ ਨੇ ਦਰਗਾਹ ਵਿਚ। ਉਹ ਗਿਆ ਹੀ ਨਾ ਮੁੜ ਕੇ। ਹੀਰਾ ਸਿੰਘ ਦੁਲੱਦੀ ਪਿੰਡ ਦਾ ਸੀ। ਉਹ ਮਹਾਰਾਜੇ ਨੂੰ ਕਹਿਣ ਲੱਗਿਆ ਕਿ ਮੈਂ ਚਾਰੇ ਐਬ ਛੱਡਈ ਹਾਂ ਮੈਂ ਜਾ ਕੇ ਲਿਆਵਾਂਗਾ ਉਹਨੂੰ। ਮੇਰੇ ਤੇ ਉਨ੍ਹਾਂ ਦੀ ਕਲਾਮ ਦਾ ਅਸਰ ਨਹੀਂ ਹੋਣਾ। ਦੂਜੇ ਦਿਨ ਉਹ ਚਲਿਆ ਗਿਆ ਤਾਂ ਜਦੋਂ ਉਹਦੇ ਕੰਨ 'ਚ ਵਾਹਿਗੁਰੂ ਪੰਜ ਵਾਰੀ ਕਿਹਾ, ਉਹਦੀ ਵੀ ਓਹੀ ਹਾਲਤ ਹੋ ਗਈ। 24 ਘੰਟੇ ਬਾਅਦ ਉਹਨੂੰ ਵੀ ਹਿਲਾਇਆ, ਉਹ ਕਹਿੰਦਾ ਕਿਹੜਾ ਮਹਾਰਾਜ। ਐਹੋ ਜਿਹੇ ਮਹਾਰਾਜ ਤਾਂ ਅਸੀਂ ਬੇਅੰਤ ਦੇਖੇ ਨੇ। ਮੈਂ ਨਹੀਂ ਜਾਂਦਾ ਜਾਹ ਕਹਿ ਦੇ ਉਹਨੂੰ। ਉਹ ਸਰਦਾਰ ਸੀਗਾ ਮਹਾਰਾਜ ਨੇ ਸੁਨੇਹਾ ਭੇਜਿਆ ਕਿ ਮੈਂ ਜਾਇਦਾਦ ਸਾਰੀ ਜਬਤ ਕਰ ਲਵਾਂਗਾ। ਕਹਿੰਦਾ, ਕਰ ਲੈ। ਅਸੀਂ ਤਾਂ ਸਰੀਰ ਵੀ ਦੇ ਦਿਤਾ, ਸਿਰ ਵੀ ਦੇ ਦਿਤਾ ਤੇ ਉਸੇ ਵੇਲੇ ਹੁਕਮ ਹੋ ਗਿਆ ਕਿ ਇਨ੍ਹਾਂ ਨੂੰ 24 ਘੰਟੇ ਦੇ ਅੰਦਰ-ਅੰਦਰ ਪਟਿਆਲਾ ਸਟੇਟ 'ਚੋਂ ਬਾਹਰ ਕੱਢ ਦਿਓ। ਇਹ ਹੀਰਾ ਸਿੰਘ, ਓਹੀ ਹੀਰਾ ਸਿੰਘ ਸੀ ਜਿਹੜਾ ਸ਼ਹੀਦਾਂ ਦਾ ਜਥੇਦਾਰ ਸੀ। ਤੋਪਾਂ ਨਾਲ ਜਿਹੜੇ ਉਡਾਏ ਨੇ, ਅੰਗਰੇਜ਼ ਤੋਪ ਨਾਲ ਉਡਾਉਣ ਲੱਗਿਆ, ਪਿੱਠਾਂ ਬੰਨ੍ਹ ਦਿਤੀਆਂ, ਉਹ ਪਲੀਤਾ ਲਾਉਣ, ਚਲੇ ਹੀ ਨਾ। ਉਹ ਅੰਗਰੇਜ਼ ਜਿਹੜਾ ਸੀ, ਉਹ ਤੋਪਚੀਆਂ ਨੂੰ ਗਾਲ੍ਹਾਂ ਕੱਢਣ ਲਗ ਗਿਆ ਕਿ ਤੁਸੀਂ ਕੀ ਕਰਦੇ ਹੋ, ਨਾਲਾਇਕ ਬੰਦੇ। ਹੀਰਾ ਸਿੰਘ ਕਹਿੰਦਾ ਕਿਉਂ ਕਰਦੇ ਓ, ਅਸੀਂ ਸੂਰਮੇ ਹਾਂ ਸਾਨੂੰ ਪਿੱਠ ਤੋਂ ਨਹੀਂ ਇਹ ਉਡਾ ਸਕਦੀਆਂ, ਛਾਤੀ ਤੋਂ ਉਡਾਉਣਗੀਆਂ, ਸਾਡਾ ਮੂੰਹ ਬਦਲ ਦੇ ਹੁਣੇ ਚੱਲ ਪੈਣਗੀਆਂ। ਕਹਿੰਦੇ, ਨਾਲੇ ਸਾਨੂੰ ਬੰਨ੍ਹੀ ਨਾ। ਇਹ ਤਾਂ ਸਾਡੀ ਮੁਕਤ ਦਾਤੀ ਹੈ, ਉਹ ਸਾਮ੍ਹਣੇ ਦੇਖ, ਤੈਨੂੰ ਦਿਸਦਾ ਨਹੀਂ, ਗੁਰੂ ਤੇਗ ਬਹਾਦਰ ਸਾਹਿਬ ਬਿਵਾਨ ਲਈ ਖੜ੍ਹੇ ਨੇ, ਸ਼ਹੀਦਾਂ ਨੂੰ ਲੈਣ ਵਾਸਤੇ। ਟੱਪਦੇ ਆਉਂਦੇ ਨੇ ਆ ਕੇ ਤੋਪ ਨੂੰ ਜੱਫੀ ਪਾ ਲੈਂਦੇ ਨੇ। 68 ਨਾਮਧਾਰੀਏ ਇਕੋ ਦਿਨ ਵਿਚ ਸ਼ਹੀਦ ਕਰ ਦਿਤੇ।

ਸੋ ਨਾਮ ਦੀ ਮੈਂ ਗੱਲ ਕਰ ਰਿਹਾ ਹਾਂ, ਨਾਮ ਦਾ ਅਸਰ ਐਨਾ ਹੁੰਦਾ ਹੈ। ਸੋ ਮਹਾਰਾਜ ਜੀ ਨੂੰ ਜਦੋਂ ਨਾਮ ਦੀ ਪ੍ਰਾਪਤੀ ਹੋਈ ਸੁੱਧ ਬੁੱਧ ਭੁੱਲ ਗਈ ਸਾਰੀ, ਦੁਨੀਆਂ ਭੁੱਲ ਗਈ, ਦੁਨੀਆਂ ਦੇ ਸੁਖ ਭੁੱਲ ਗਏ, ਰਹਿ ਗਿਆ ਯਾਦ ਇਕ ਵਾਹਿਗੁਰੂ। ਸੋ ਮਹਾਰਾਜ ਜੀ ਨੇ ਜੁਗਤ ਸਮਝਾ ਦਿਤੀ। ਕਹਿੰਦੇ ਭਾਈ ਈਸ਼ਰ ਸਿੰਘ ਨਾਮ ਦੀ ਤੈਨੂੰ ਅਸੀਂ ਜੁਗਤ ਸਮਝਾ ਦਿਤੀ ਜਦੋਂ ਨਾਮ ਜਪਦਾ ਹੈ ਜਦੋਂ ਉਹਦਾ ਆਪਾ ਲੀਨ ਹੋ ਜਾਂਦਾ ਹੈ, ਕੇਵਲ ਨਾਮ ਫੇਰ ਪ੍ਰਗਟ ਹੋ ਜਾਂਦਾ ਹੈ।

ਵਣ ਤ੍ਰਿਣ ਸਭ ਵਿਚ ਨਾਮ ਦੀ ਸ਼ਕਤੀ, ਨਾਮ ਦੀ ਗੂੰਜ ਸੁਣਦੀ ਹੈ ਤੇ ਮੈਂ ਦਾ ਅਭਾਵ ਹੋ ਜਾਂਦਾ ਹੈ ਉਸ ਵੇਲੇ ਉਹ ਪ੍ਰਮੇਸ਼ਰ 'ਚ ਲੀਨ ਹੋ ਜਾਇਆ ਕਰਦਾ ਹੈ। ਫੇਰ ਨਾਮ ਨਹੀਂ ਵਿਸਰਦਾ।

*ਹਰਿ ਕਾ ਸੇਵਕੁ ਸੋ ਹਰਿ ਜੇਹਾ ॥*
*ਭੇਦੁ ਨ ਜਾਣਹੁ ਮਾਣਸ ਦੇਹਾ॥ ਅੰਗ - ੧੦੭੬*

ਅਵਸਥਾ ਕਿੱਡੀ ਪ੍ਰਾਪਤ ਹੋ ਜਾਂਦੀ ਹੈ ਵਾਹਿਗੁਰੂ-ਵਾਹਿਗੁਰੂ ਕਰਕੇ। ਦੁਨੀਆਂ ਖਪ ਜਾਂਦੀ ਹੈ,

ਫੌਜ ਵਿਚ ਭਰਤੀ ਹੋ ਕੇ ਕਹਿੰਦਾ ਹੈ ਕਿ ਮੈਂ ਜਰਨੈਲ ਬਣ ਜਾਵਾਂ, ਸਿਵਲ ਵਿਚ ਭਰਤੀ ਹੋ ਕੇ ਕਹਿੰਦਾ ਹੈ ਮੈਂ ਸੈਕਟਰੀ ਬਣ ਜਾਵਾਂ, ਲੇਕਿਨ ਵਾਹਿਗੁਰੂ-ਵਾਹਿਗੁਰੂ ਕਰਕੇ ਕੀ ਬਣ ਜਾਂਦਾ ਹੈ? ਕੁਦਰਤ ਦਾ ਮਾਲਕ ਬਣ ਜਾਂਦਾ ਹੈ, ਸ੍ਰਿਸ਼ਟੀਆਂ ਦਾ ਮਾਲਕ ਬਣ ਜਾਂਦਾ ਹੈ -

*ਰਾਜਾ ਸਗਲੀ ਸ੍ਰਿਸਟਿ ਕਾ*
*ਹਰਿ ਨਾਮਿ ਮਨੁ ਭਿੰਨਾ ॥*
*ਤਿਸ ਕੀ ਧੂੜਿ ਮਨੁ ਉਧਰੈ*
*ਪ੍ਰਭੁ ਹੋਇ ਸੁਪ੍ਰਸੰਨਾ ॥ ਅੰਗ - ੨੦੭*

ਇਕ ਦੋ ਚਾਰ ਨਹੀਂ, ਸਾਰੇ ਹੁਕਮ ਮੰਨਦੇ ਨੇ. ਮੈਂ ਪਿਛੇ ਦੱਸਿਆ ਸੀ ਕਿ ਬਾਬਾ ਬੀਰ ਸਿੰਘ ਜੀ ਦਾ, ਉਨ੍ਹਾਂ ਨੇ ਅਟਕ ਦਰਿਆ ਨੂੰ ਕਿਹਾ ਕਿ ਠਹਿਰ ਜਾ, ਅਸੀਂ ਪਾਠ ਕਰਨਾ ਹੈ। ਭਾਈ ਜੀਵੇ ਦੀ ਲੜਕੀ ਨੇ ਕਹਿ ਦਿਤਾ ਸੀ ਕਿ ਮੈਂ ਖਿੱਚੜੀ ਬਣਾਉਂਦੀ ਹਾਂ, ਮਹਾਰਾਜ ਨੇ ਕਹਿ ਦਿਤਾ ਸੀ ਕਿ ਠਹਿਰ ਜਾ। ਇਸ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਦੇ ਵਿਚ ਲੀਨ ਹੋ ਜਾਂਦੇ ਨੇ, ਪਦਵੀ ਕਿੱਡੀ ਵੱਡੀ ਪ੍ਰਾਪਤ ਹੋ ਜਾਂਦੀ ਹੈ, ਉਹਦੇ ਬਾਰੇ ਮਹਾਰਾਜ ਜੀ ਫੁਰਮਾਨ ਕਰਦੇ ਨੇ -

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥*
*ਅੰਗ -੨੭੩*

ਕਿਉਂ ਖੋਜਦੇ ਫਿਰਦੇ ਨੇ, ਜਿਹੜਾ ਸਾਕਾਰ, ਨਿਰਾਕਾਰ ਪ੍ਰਭੂ ਹੈ ਉਹਦੇ ਤਕ ਇਨ੍ਹਾਂ ਦੇਵਤਿਆਂ ਦੀ ਪਹੁੰਚ ਨਹੀਂ -

*ਏਕਾ ਮਾਈ ਜੁਗਤਿ ਵਿਆਈ*
*ਤਿਨਿ ਚੇਲੇ ਪਰਵਾਣੁ ॥*
*ਇਕੁ ਸੰਸਾਰੀ ਇਕੁ ਭੰਡਾਰੀ*
*ਇਕੁ ਲਾਏ ਦੀਬਾਣੁ ॥*
*ਜਿਵ ਤਿਸੁ ਭਾਵੈ ਤਿਵੈ ਚਲਾਵੈ*
*ਜਿਵ ਹੋਵੈ ਫੁਰਮਾਣੁ ॥*
*ਓਹੁ ਵੇਖੈ ਓਨਾ ਨਦਰਿ ਨ ਆਵੈ*
*ਬਹੁਤਾ ਏਹੁ ਵਿਡਾਣੁ ॥ ਅੰਗ -੭*

ਮਾਇਆ 'ਚੋਂ ਪੈਦਾ ਹੋਣ ਕਰਕੇ ਅਗੇ ਨਹੀਂ ਇਹ ਦੇਖ ਸਕਦੇ। ਇਹ ਫੇਰ ਇਹ ਦੇਖਦੇ ਨੇ ਕਿ ਸੰਸਾਰ ਦੇ ਅੰਦਰ ਕੋਈ ਐਸਾ ਹੋਵੇ ਜਿਹਦੇ ਅੰਦਰ ਪ੍ਰਮੇਸ਼ਰ 100% ਪ੍ਰਗਟ ਹੋਇਆ ਹੋਵੇ। ਉਹ ਉਸ ਨੂੰ ਖੋਜਦੇ ਫਿਰਦੇ ਨੇ।

ਸੋ ਏਸ ਤਰ੍ਹਾਂ ਦੇ ਨਾਲ ਆਪ ਨੇ ਜ਼ਿੰਦਗੀ ਦਾ, ਏਸ ਰੂਹਾਨੀ ਰਸਤੇ ਦਾ ਪੰਧ ਕੱਟਣਾ ਸ਼ੁਰੂ ਕੀਤਾ ਤੇ ਮੁਰਦਿਆਂ ਵਾਂਗੂੰ ਹੋ ਗਏ ਸੇਵਾ ਕਰਨ ਵਾਸਤੇ।

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।***
***ਪੀਹਣਿ ਹੋਇ ਜਦੀਦ ਪਾਣੀ ਢੋਵਣਾ।***
***ਪਖੇ ਦੀ ਤਾਗੀਦ ਪਗ ਮਲਿ ਧੋਵਣਾ।***
***ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।***
***ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।***
***ਚੰਦ ਮੁਮਾਰਖ ਈਦ ਪੁਗ ਖਲੋਵਣਾ।***
***ਭਾਈ ਗੁਰਦਾਸ ਜੀ, ਵਾਰ 3/ 18***

ਉਸ ਵੇਲੇ ਦਾ ਇਕ ਦਿਨ ਮੈਨੂੰ ਬੰਦਾ ਮਿਲਿਆ, ਕਹਿਣ ਲੱਗਿਆ ਅਸੀਂ ਮਹਾਰਾਜ ਜੀ ਦੇ ਦਰਸ਼ਨ ਕਰਨ ਵਾਸਤੇ ਗਏ, ਬਾਬਾ ਈਸ਼ਰ ਸਿੰਘ ਜੀ ਮੂਹਰੇ ਬੈਠੇ ਨੇ, ਪਹਿਰੇ ਤੇ ਉਹ ਅੰਦਰ ਭੋਰੇ 'ਚ ਬੈਠੇ ਨੇ। ਸਿਆਲ ਦਾ ਮਹੀਨਾ ਸੀ ਤੇ ਬਾਹਰ ਬੈਠੇ ਨੇ, ਠੰਢ ਦੀ ਪਰਵਾਹ ਨਹੀਂ ਹੋਰ ਕਾਸੇ ਦੀ ਨਹੀਂ, ਚੌਂਕੜਾ ਮਾਰਿਆ ਹੋਇਆ ਹੈ ਜਿਵੇਂ ਯੋਗੀਆਂ ਨੇ ਮਾਰਿਆ ਹੁੰਦਾ ਹੈ। ਕਹਿੰਦੇ, ਮੱਥੇ ਨੂੰ ਮਿੱਟੀ ਲੱਗੀ ਹੋਈ, ਅਸੀਂ ਹੈਰਾਨ ਹੋ ਗਏ ਕਿ ਇਹ ਪਿੱਠ ਭਾਰ ਨਹੀਂ ਪੈਂਦੇ, ਮੱਥੇ ਨੂੰ ਮਿੱਟੀ ਲੱਗੀ ਹੋਈ ਹੈ। ਐਨੀ ਕਠਨ ਘਾਲਣਾ ਘਾਲਣ ਤੋਂ ਬਾਅਦ ਤਾਂ ਹੀ ਇਹ ਅਵਸਥਾ ਪ੍ਰਾਪਤ ਹੁੰਦੀ ਹੈ -

*ਗਲੀ ਹਉ ਸੋਹਾਗਣਿ ਭੈਣੇ*
*ਕੰਤੁ ਨ ਕਬਹੂੰ ਮੈ ਮਿਲਿਆ ॥ ਅੰਗ - ੪੩੩*

*ਗਲੰੀ ਅਸੀ ਚੰਗੀਆ ਆਚਾਰੀ ਬੁਰੀਆਹ ॥*
*ਅੰਗ - ੮੫*

ਗੱਲਾਂ ਵਾਲੇ ਅਸੀਂ ਬਹੁਤ ਹਾਂ, ਪਰ ਘਾਲਣਾ ਤਾਂ ਹੈ ਨਹੀਂ ਨਾ ਐਨੀ। ਆਪ ਪੂਰੇ ਸੀ, ਕਿਉਂਕਿ ਬਚਪਨ ਤੋਂ ਮੇਰਾ ਸੰਪਰਕ ਹੋਇਆ, ਓਸ ਵੇਲੇ ਤੋਂ ਮੈਨੂੰ ਪਤਾ ਹੈ। ਮੈਨੂੰ ਸਮਝ ਨਹੀਂ ਸੀ ਕਿ ਇਹ ਕੀ ਨੇ। ਅਸੀਂ ਲਾਡ ਵਿਚ ਪੈ ਗਏ। ਉਹ ਪਿਆਰ ਕਰਦੇ ਸੀ, ਅਸੀਂ ਲਾਡ ਸਮਝੀ ਜਾਣਾ। ਜੇ ਝਿੜਕਣਾ ਤਾਂ ਵੀ ਨਹੀਂ, ਜੇ ਪਿਆਰ ਕਰਨਾ ਤਾਂ ਵੀ ਨਹੀਂ ਕੁਛ ਨਹੀਂ। ਅਸੀਂ ਸਮਝਦੇ ਸੀ ਮਹਾਂਪੁਰਸ਼ਾਂ ਨੇ ਤਾਂ ਪਿਆਰ ਕਰਨਾ ਹੀ ਕਰਨਾ ਹੈ। ਆਹ ਡੂੰਘੀਆਂ ਗੱਲਾਂ ਦਾ ਪਤਾ ਨਹੀਂ ਸੀ ਲਗਦਾ। ਇਹ ਹੁਣ ਵਿਚਾਰ ਵਿਚ ਆਉਂਦੀਆਂ ਨੇ, ਜਿਉਂ-ਜਿਉਂ ਗੱਲਾਂ ਵਿਚਾਰੀਆਂ ਨੇ, ਉਦੋਂ ਪਤਾ ਲੱਗਿਆ।

ਆਪ ਤੇਰ੍ਹਾਂ ਸਾਲ ਮੇਰੇ ਤੋਂ ਵੱਡੇ ਸੀ, ਬੇਅੰਤ ਕੌਤਕ ਵਰਤੇ ਤੇਰ੍ਹਾਂ ਸਾਲਾਂ 'ਚ। ਜਦੋਂ ਆਪ ਢੱਕੀ ਸਾਹਿਬ ਆ ਗਏ, ਉਥੇ ਲੰਗਰ ਤਿਆਰ ਹੋਇਆ, ਪ੍ਰਸ਼ਾਦ ਬਣ ਗਿਆ, ਉਥੇ ਗੁਜਰਵਾਲ ਦੀ ਇਕ ਮਕਾਨ ਸੀ, ਸੌ ਬੰਦੇ ਦੀ। ਇਹ ਜਰਗ ਨੂੰ ਜਾਂਦੇ-ਜਾਂਦੇ ਕਹਿਣ ਲੱਗੇ ਕਿ ਪਤਾ ਲੱਗਿਆ ਹੈ ਕਿ ਇਕ ਸੰਤ ਨੇ, ਚਲੋ, ਉਥੇ

ਦਰਸ਼ਨ ਕਰ ਚੱਲੀਏ। ਕੋਈ ਭਾਗ ਚੰਗੇ ਹੋ ਗਏ ਹੋਣੇ, ਤਾਂ ਸੰਤਾਂ ਦੇ ਦਰਸ਼ਨ ਹੁੰਦੇ ਨੇ ਜੇ ਪੁੰਨ ਕਰਮ ਨਾ ਬਣਨ ਨਹੀਂ ਦਰਸ਼ਨ ਹੁੰਦੇ, ਕੋਲਾ ਆ ਕੇ ਵੀ ਆਦਮੀ ਤਰਕ ਕਰਕੇ ਰਹਿ ਜਾਂਦਾ ਹੈ। ਉਥੇ ਗਏ ਤਾਂ ਲਾਂਗਰੀ ਸਿੰਘਾਂ ਨੇ ਕਿਹਾ ਕਿ ਪ੍ਰਸ਼ਾਦ ਪਾਣੀ ਛਕੋ, ਕਹਿੰਦੇ ਜੀ ਅਸੀਂ ਕੱਲ੍ਹ ਨੂੰ ਆਵਾਂਗੇ ਨਾਲੇ ਮਹਾਂਪੁਰਸ਼ਾਂ ਦੇ ਦਰਸ਼ਨ ਕਰਾਂਗੇ, ਕੋਈ ਗੱਲ ਨਹੀਂ ਪ੍ਰਸ਼ਾਦ ਜ਼ਰੂਰ ਛਕਾਂਗੇ।

ਕਿਉਂਕਿ ਲੰਗਰ ਹਾਲੇ ਪੂਰੀ ਤਰ੍ਹਾਂ ਨਹੀਂ ਸੀ ਚੱਲੇ, ਆਪ ਤਾਂ ਬੇਪਰਵਾਹ ਸੀ। ਪ੍ਰਵਿਰਤੀ 'ਚ ਧਿਆਨ 1% ਵੀ ਧਿਆਨ ਨਹੀਂ ਸੀ ਮਹਾਰਾਜ ਜੀ ਦਾ। ਆਹ ਵੱਡਾ ਹਾਲ ਬਣਦਾ ਸੀ, ਅਸੀਂ ਕੋਲ ਦੀ ਲੰਘੇ ਜਾਂਦੇ ਸੀ, ਮੈਂ ਮਹਾਰਾਜ ਜੀ ਦੇ ਨਾਲ ਸੀ, ਅਚਾਨਕ ਰੁਕ ਗਏ, ਉਹ ਹਾਲ ਛੱਤਾਂ ਨੂੰ ਜਾ ਚੜ੍ਹਿਆ, ਵੱਡੇ-ਵੱਡੇ ਗਾਰਡਰਾਂ ਨੂੰ ਕੁੱਲੀਆਂ ਨਾਲ ਚੁੱਕ ਰਹੇ ਸੀ। ਆਪ ਥੋੜ੍ਹੇ ਜਿਹੇ ਰੁਕੇ, ਮੇਰੇ ਹੱਥ 'ਚ ਗੜਵਾ ਸੀ, ਆਪ ਥੋੜ੍ਹੇ ਜਿਹੇ ਰੁਕੇ, ਮੈਂ ਵੀ ਰੁਕ ਗਿਆ, ਕਹਿੰਦੇ ਦੇਖ ਲਈਏ ਆਪਾਂ ਇਹ ਕੀ ਕਰਦੇ ਨੇ? ਅੰਦਰ ਵੜੇ ਤਾਂ ਉਹ ਗਾਰਡਰ ਚੁੱਕ ਰਹੇ ਸੀ। ਉਨ੍ਹਾਂ ਨੂੰ ਕਹਿਣ ਲੱਗੇ, ਤੁਸੀਂ ਕੀ ਪਾਉਂਦੇ ਓਂ ਇਹਦੇ ਉਤੇ? ਕਹਿੰਦੇ ਜੀ, ਵੱਡੇ ਗਾਰਡਰ ਪਾਉਂਦੇ ਹਾਂ। ਕੋਲ ਦੀ ਰੋਜ਼ ਲੰਘਦੇ ਨੇ, ਪਰ ਅੰਦਰ ਵੜ ਕੇ ਕਦੇ ਦੇਖਿਆ ਹੀ ਨਹੀਂ ਕਿ ਕੀ ਹੋ ਰਿਹਾ ਹੈ ਇਥੇ। ਐਨਾ ਪ੍ਰਵਿਰਤੀ ਤੋਂ ਦੂਰ ਰਹਿੰਦੇ ਸੀ। ਛੋਟੇ ਮਹਾਰਾਜ ਜੀ ਨੂੰ ਕਿਹਾ ਕਰਦੇ ਸੀ ਕਿ ਤੁਸੀਂ ਕੀ ਕਹਿੰਦੇ ਓਂ ਖੇਤੀ ਕਰਾ, ਫਲਾਣਾ ਕਰਾ, ਕਹਿੰਦੇ ਇਥੇ ਟਾਹਲੀਆਂ ਲਾ ਦਿਓ, ਭਜਨ ਕਰਨ ਵਾਲਿਆਂ ਨੂੰ ਆਰਾਮ ਹੋ ਜਾਊਗਾ। ਉਨ੍ਹਾਂ ਨੇ ਕਹਿਣਾ ਕਿ ਮਹਾਰਾਜ! ਭਜਨ ਤਾਂ ਇਹੋ ਜਿਹਾ ਹੀ ਹੋਣਾ ਹੈ ਆਪਾਂ ਲੰਗਰ ਵਾਸਤੇ ਆਨਾਜ਼ ਪੈਦਾ ਕਰੀਏ। ਪਸ਼ੂਆਂ ਵਾਸਤੇ ਪੱਠੇ ਪੈਦਾ ਕਰੀਏ, ਟਾਹਲੀਆਂ ਲਾ ਕੇ ਕੀ ਕਰਨਾ ਹੈ। ਉਹ ਬੇਪਰਵਾਰ ਰਹਿੰਦੇ ਸੀ ਹਰ ਗੱਲ ਵਿਚ। ਛੋਟੇ ਮਹਾਰਾਜ ਕ੍ਰਿਸ਼ਨ ਸਿੰਘ ਜੀ ਵੀ ਦਰਗਾਹ ਤੋਂ ਆਏ ਸੀ, ਬਹੁਤ ਉਚੇ ਸੀ। ਸ਼ਕਤੀਆਂ ਸੰਪੰਨ ਤੇ ਆਪ ਰਾੜੇ ਸਾਹਿਬ ਦੀ ਢੱਕੀ 'ਚ, ਉਮਰ ਛੋਟੀ ਜਿਹੀ ਹੈ ਅਜੇ, ਕੋਈ 25 ਕੁ ਸਾਲ ਦੀ ਹੋਣੀ ਹੈ, ਜਾਂ 24 ਦੀ ਹੋਣੀ ਹੈ। ਓਸ ਵੇਲੇ ਗੁਜਰਵਾਲ ਵਾਲਾ ਸੌ ਬੰਦਾ ਮੁੜ ਕੇ ਆ ਗਿਆ। ਜਦੋਂ ਉਹ ਦਰਸ਼ਨ ਕਰਨ ਗਏ ਮਹਾਰਾਜ ਜੀ ਦੇ, ਮਹਾਰਾਜ ਜੀ ਨੇ ਕਿਹਾ ਭਾਈ, ਲੰਗਰ ਛਕੋ ਤੁਸੀਂ। ਹੁਣ ਬਚਨ ਤਾਂ ਹੋ ਗਏ। ਲਾਂਗਰੀ ਸਿੰਘ ਨੂੰ ਬੁਲਾਇਆ ਕਹਿੰਦੇ ਕੀ ਬਣਾਇਆ ਹੈ? ਕਹਿੰਦਾ ਜੀ ਪ੍ਰਸ਼ਾਦ ਬਣਾਇਆ ਹੈ। ਕਹਿੰਦੇ ਫੇਰ ਵਰਤਾ ਦੇ ਇਨ੍ਹਾਂ ਨੂੰ, ਪੰਗਤ 'ਚ ਬੈਠ ਗਏ, ਅੰਦਰੋਂ ਨਹੀਂ ਨਿਕਲ ਰਿਹਾ। ਮਹਾਰਾਜ ਕੋਲ ਗਿਆ, ਕਹਿੰਦਾ ਮਹਾਰਾਜ! ਆਪ ਨੇ ਫੁਰਮਾਨ ਕਰ ਦਿਤਾ ਕਿ ਲੰਗਰ ਛਕਾਓ, ਪ੍ਰਸ਼ਾਦ ਬਣਾਇਆ ਹੈ। ਉਹ ਤਾਂ ਡੰਗਰ ਚਾਰਨ ਵਾਲੇ ਮੁੰਡਿਆਂ ਨੇ ਜਿਉਂ ਦੂਰ ਤੱਕ ਦੱਸਿਆ ਇਹੀ ਆਈ ਜਾਂਦੇ ਨੇ, ਉਹ ਤਾਂ ਵਰਤ ਗਿਆ ਸਾਰਾ. ਥੋੜ੍ਹਾ ਜਿਹਾ ਪਿਆ ਹੈ ਬਾਟੇ ਵਿਚ। ਕਹਿੰਦੇ, ਫੇਰ ਵਰਤਾ ਦਿਓ। ਡੋਲ ਗਿਆ ਲਾਂਗਰੀ ਸਿੰਘ, ਸ੍ਰੀ ਮਾਨ। ਕਹਿਣ ਲੱਗੇ, ਮਹਾਰਾਜ! ਉਹ ਤਾਂ ਇਕ ਨੂੰ ਹੀ ਆਏਗਾ। ਕਹਿੰਦੇ, ਛੋਟੇ ਮਹਾਂਪੁਰਸ਼ਾਂ ਕੋਲ ਚਲਿਆ ਜਾਹ। ਉਹ ਛੋਟੇ ਮਹਾਂਪੁਰਸ਼ਾਂ ਕੋਲ ਗਿਆ, ਉਹ ਕਹਿੰਦੇ ਤੂੰ ਵਰਤਾ। ਕਹਿੰਦਾ, ਜੀ ਮੇਰੀ ਤਾਕਤ ਨਹੀਂ ਹੈ। ਕਹਿੰਦੇ ਚੰਗਾ ਆਉਂਦੇ ਹਾਂ। ਛੋਟੇ ਮਹਾਰਾਜ ਆ ਕੇ ਬੈਠ ਗਏ, ਵੱਡਿਆਂ ਦੀ ਉਮਰ ਉਸ ਵੇਲੇ 25 ਕੁ ਸਾਲ ਦੀ ਹੋਣੀ ਹੈ ਤੇ ਇਹ ਥੋੜ੍ਹੇ ਉਮਰ 'ਚ ਵੱਡੇ ਸੀ ਪੰਜ ਸਾਲ। ਇਹ ਬੈਠ ਗਏ ਲਾਂਗਰੀ ਸਿੰਘ ਕਹਿੰਦੇ ਕਿ ਲਿਆਂਦਾ ਕਿਉਂ ਨਹੀਂ ਤੂੰ। ਕਹਿੰਦਾ, ਬਾਬਾ ਜੀ! ਉਰ੍ਹੇ ਆ ਕੇ ਮੇਰੀ ਜ਼ਰਾ ਬੇਨਤੀ ਸੁਣ ਲਓ, ਸਮਝ ਗਏ ਕਿ ਦਿਲ ਡਰਦਾ ਹੈ ਇਹਦਾ। ਅੰਦਰ ਗਏ, ਕਹਿੰਦੇ ਕੀ ਗੱਲ? ਕਹਿੰਦਾ ਜੀ, ਆਹ ਤਾਂ ਐਨਾ ਹੀ ਪ੍ਰਸ਼ਾਦ ਹੈ। ਕਹਿੰਦੇ, ਵਾਹ। ਇਹ ਕਿਤੇ ਆਹ ਕਿਤੇ ਥੋੜ੍ਹਾ ਹੈ, ਇਕ ਚੌਲ ਸੀਗਾ ਦਰੋਪਤੀ ਕੋਲ। ਦਰਵਾਸਾ ਜੀ ਆ ਗਏ। ਇਹ ਬਨਵਾਸ ਕੱਟ ਰਹੇ ਸੀ, ਦੂਜਾ ਚੌਲ ਦਾ ਦਾਣਾ ਨਹੀਂ ਸੀਗਾ, ਦੂਜੇ ਦਿਨ ਕਿਤੋਂ ਲਿਆਉਂਦੇ ਸੀ ਤਾਂ ਬਣਾਉਣਾ ਸੀ। ਕ੍ਰਿਸ਼ਨ ਮਹਾਰਾਜ ਆ ਗਏ, ਕਹਿੰਦੇ ਦਰੋਪਤੀ ਤੂੰ ਐਨਾ ਪਰੇਸ਼ਾਨ ਕਿਉਂ ਬੈਠੀ ਹੈਂ? ਕਹਿੰਦੀ, ਮਹਾਰਾਜ! ਮੈਂ ਕੀ ਕਰਾਂ, ਦਰਵਾਸਾ ਜੀ ਕਹਿ ਗਏ ਨੇ ਕਿ ਮੈਂ ਪ੍ਰਸ਼ਾਦਾ ਛਕਣਾ ਹੈ, ਅਸੀਂ ਤਾਂ ਵਰਤਾ ਹਟੇ ਹਾਂ ਸਾਰੇ, ਸਾਡਾ ਕੋਲ ਤਾਂ ਹੁਣ ਕੁਛ ਵੀ ਨਹੀਂ ਬਚਿਆ, ਭਾਂਡੇ ਵੀ ਧੋ ਦਿਤੇ। ਕਹਿੰਦੇ ਚੌਲ ਜਿਹਦੇ ਵਿਚ ਬਣਾਏ ਸੀ ਓਸ ਭਾਂਡੇ 'ਚ ਦੇਖੋ, ਕੁਛ ਹੈ? ਨੀਝ ਲਾ ਕੇ ਦੇਖਿਆ ਤਾਂ ਇਕ ਚੌਲ ਸੀ। ਕਹਿੰਦੀ ਇਕ ਚੌਲ ਹੈ? ਕਹਿੰਦੇ, ਕੋਈ ਗੱਲ ਨਹੀਂ, ਇਕ ਚੌਲ ਹੀ ਉਨ੍ਹਾਂ ਤੋਂ ਨਹੀਂ ਮੁੱਕਣਾ। ਗੁਪਤ ਰੂਪ ਦੇ ਵਿਚ ਪ੍ਰਸ਼ਾਦਾ ਛਕਾ ਦਿਤਾ ਨੀਂਦ ਆ ਗਈ ਨਾਹੁੰਦਿਆਂ ਨੂੰ, ਨਦੀ ਦੇ ਕਿਨਾਰੇ ਸੌਂ ਗਏ। ਇਕ ਚੌਲ ਮੁੱਕਿਆ ਨਹੀਂ। ਕਹਿੰਦੇ, ਇਕ ਚੌਲ ਨਾਲ ਐਉਂ ਹੋ ਗਿਆ ਇਹ ਤਾਂ ਕਾਫੀ ਹੈ। ਕਹਿੰਦਾ, ਮਹਾਰਾਜ! ਤੁਹਾਡੀਆਂ ਤੁਸੀਂ ਜਾਣੋ। ਕਹਿੰਦੇ ਲੈ ਆ। ਲੈ ਆਂਦਾ। ਕਹਿੰਦੇ ਐਉਂ ਕਰ ਰੁਮਾਲ ਅਸੀਂ ਉਤੇ ਪਾ ਦਿੰਦੇ ਦੇਖੀਂ ਨਾ ਚੁੱਕ ਕੇ। ਉਂਜਲ ਭਰ-ਭਰ ਕੇ ਫੜਾਈ ਜਾ। ਰਜਾ ਦੇ ਸਾਰਿਆਂ ਨੂੰ। ਹੌਂਸਲਾ ਹੋ ਗਿਆ ਕਿ ਮਹਾਂਪੁਰਸ਼ਾਂ ਨੇ ਕਹਿ ਦਿਤੀ ਗੱਲ। ਉਹ ਊਂਜਲ ਭਰਦਾ ਹੈ ਕੱਢੀ ਜਾਂਦਾ ਹੈ-ਊਂਜਲ ਭਰਦਾ ਹੈ ਕੱਢੀ ਜਾਂਦਾ ਹੈ। ਦੂਹਰੀ ਵਾਰੀ ਫੇਰ ਚੱਕਰ ਲਾ ਦਿਤਾ, ਤੀਸਰੀ ਵਾਰੀ ਜਦੋਂ ਅਨੰਦ ਦਾ ਚੱਕਰ ਲਾਉਣ ਲੱਗਿਆ ਕਹਿੰਦਾ ਅਨੰਦ-ਅਨੰਦ। ਉਹ ਕਹਿੰਦੇ ਅਸੀਂ ਤਾਂ ਪਹਿਲਾਂ ਹੀ ਅਨੰਦ ਹੋ ਗਏ। ਸਾਡੇ ਤਾਂ ਪੇਟ ਵਿਚ ਥਾਂ ਹੀ ਨਹੀਂ ਜਿੱਥੇ ਹੋਰ ਪਾ ਲਈਏ। ਮਹਾਰਾਜ ਜੀ ਕੋਲ ਲਿਆ ਕੇ

ਬਾਟਾ ਰੱਖ ਦਿਤਾ।

ਕਿਉਂਕਿ ਨਾਮ ਦੇ ਵਿਚ ਸ਼ਕਤੀ ਹੈ -

*ਤਿਚਰੁ ਮੂਲਿ ਨ ਥੁੜੀਂਦੋ ਜਿਚਰੁ ਆਪਿ ਕ੍ਰਿਪਾਲੁ॥*
*ਸਬਦੁ ਅਖੁਟੁ ਬਾਬਾ ਨਾਨਕਾ*
*ਖਾਹਿ ਖਰਚਿ ਧਨੁ ਮਾਲੁ ॥ ਅੰਗ - ੧੪੨੬*

ਮੁੱਕਿਆ ਨਹੀਂ ਕਰਦਾ। ਸੋ ਇਸ ਤਰ੍ਹਾਂ ਦੇ ਨਾਲ ਅਨੇਕਾਂ ਕੌਤਕ ਆਪ ਦੇ, ਛੋਟੀ ਉਮਰ ਸੀ ਓਸ ਵੇਲੇ। ਕੀ 25 ਸਾਲ ਦੀ ਹੁੰਦੀ ਹੈ, ਬਥੇਰੇ ਬੱਚੇ 25 ਸਾਲ ਦੇ ਫਿਰਦੇ ਨੇ, ਐਨੀਆਂ ਸ਼ਕਤੀਆਂ। ਉਨ੍ਹਾਂ ਹੀ ਦਿਨਾਂ ਵਿਚ ਆਪ ਦੇ ਕੋਲ ਇਕ ਰਤਨ ਸਿੰਘ ਨਾਮ ਦਾ ਪ੍ਰੇਮੀ ਆਇਆ। ਦਿੱਲੀ ਡਰਾਈਵਰ ਸੀ, ਉਥੇ ਉਸ ਨੂੰ ਤੀਸਰੀ ਸਟੇਜ ਦੀ ਟੀ.ਬੀ ਹੋ ਗਈ। ਡਾਕਟਰਾਂ ਨੇ ਕਿਹਾ ਕਿ ਰਤਨਾ ਸਿੰਘ! ਤੂੰ ਚਲਿਆ ਜਾਹ, ਤੇਰੇ ਦੱਸ ਕੁ ਦਿਨ ਹੋਰ ਨੇ, ਇਸ ਤੋਂ ਵੱਧ ਤੇਰੀ ਉਮਰ ਨਹੀਂ, ਤੂੰ ਆਪਣਾ ਸਰੀਰ ਆਪਣੇ ਉਥੇ ਹੀ ਛੱਡ, ਇਥੋਂ ਫੇਰ ਕਿੱਥੇ ਲਈ ਜਾਣਗੇ।

ਅੰਬਾਲੇ ਆ ਗਿਆ, ਉਥੇ ਆ ਕੇ ਬਚਨ ਕਰਨ ਲੱਗ ਗਿਆ ਕਿ ਕੋਈ ਸਾਧੂ ਮਹਾਤਮਾ ਹੈ ਨੇੜੇ ਤੇੜੇ? ਉਸ ਇਲਾਕੇ ਦਾ ਗੱਡੀ 'ਚ ਬੈਠਾ ਸੀ, ਉਹ ਕਹਿੰਦਾ ਕਿ ਮੇਰੇ ਪਿੰਡ ਦੇ ਕੋਲ ਹੈਗਾ, ਰਾੜਾ ਸਾਹਿਬ ਕਹਿੰਦੇ ਨੇ ਉਸ ਜਗ੍ਹਾ ਨੂੰ। ਉਥੇ ਇਕ ਨਵੇਂ-ਨਵੇਂ ਸੰਤ ਆਏ ਨੇ ਛੋਟੀਆਂ-ਛੋਟੀਆਂ ਦਾੜ੍ਹੀਆਂ ਨੇ ਉਨ੍ਹਾਂ ਦੇ। ਹੈ ਬੜੀ ਕਰਨੀ ਕਮਾਈ ਵਾਲੇ। ਉਹ ਸੁਣ ਕੇ ਉਥੇ ਦੁਰਾਹੇ ਤੋਂ ਉਤਰ ਕੇ ਹੌਲੀ-ਹੌਲੀ ਚਲਦਾ-ਚਲਦਾ, ਮਹਾਰਾਜ ਜੀ ਕੋਲ ਆ ਗਿਆ, ਆ ਕੇ ਨਮਸ਼ਕਾਰ ਕਰੀ। ਆਪ ਕਿਸੇ ਲਗਨ ਵਿਚ ਬੈਠੇ ਸੀ। ਉਸ ਵੇਲੇ ਕਹਿਣ ਲੱਗਿਆ ਕਿ ਬਾਬਾ ਜੀ ਮੈਂ ਕਲਕੱਤੇ ਤੋਂ ਆਇਆ ਹਾਂ। ਮੈਂ ਬੀਮਾਰ ਹਾਂ ਬਹੁਤ, ਡਾਕਟਰਾਂ ਨੇ ਕਿਹਾ ਹੈ ਕਿ ਦੱਸ ਦਿਨ ਤੇਰੇ ਹੋਰ ਨੇ ਤੇ ਤੈਨੂੰ ਤੀਸਰੀ ਸਟੇਜ ਦੀ ਟੀ.ਬੀ. ਹੋ ਚੁੱਕੀ ਹੈ। ਫੇਫੜੇ ਤੇਰੇ ਗਲ ਚੁੱਕੇ ਨੇ, ਮੇਰੇ ਤੇ ਕ੍ਰਿਪਾ ਕਰੋ, ਮਰਨ ਆਇਆ ਹਾਂ ਮੈਂ ਇਥੇ। ਮਹਾਰਾਜ ਜੀ ਕਹਿੰਦੇ, ਗੁਰੂ ਘਰ 'ਚ ਤਾਂ ਜ਼ਿੰਦਗੀ ਲੈਣ ਆਈਦਾ ਹੈ, ਮਰਨ ਨਹੀਂ ਆਈਦਾ। ਜਾਹ ਮੂੰਹ ਬੰਨ੍ਹ ਲੈ ਬਰਤਨ ਮਾਂਜੀ ਜਾਹ। ਕਿਸੇ ਨਾਲ ਬਚਨ ਨਾ ਕਰੀ। ਪਾਠ ਕਰੀ ਜਾਹ, ਕਿਉਂਕਿ ਨਾਮ ਜਿਹੜਾ ਹੈ ਸਾਰੇ ਰੋਗਾਂ ਦੀ ਇਕੋ ਦਾਰੂ ਹੈ। ਭਾਈ, ਇਕੋ ਦਾਰੂ ਹੈ ਨਾਮ ਸਾਡੇ ਕੋਲ।

*ਲਲਾ ਲਾਵਉ ਅਉਖਧ ਜਾਹੂ ॥*
*ਦੂਖ ਦਰਦ ਤਿਹ ਮਿਟਹਿ ਖਿਨਾਹੂ ॥*
*ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥*
*ਅੰਗ- ੨੫੯*

ਨਾਮ ਜਿਹਨੇ ਪਿਆਰ ਨਾਲ ਹਿਰਦੇ ਵਿਚ ਧਾਰਨ ਕਰ ਲਿਆ।

*ਤਾਹਿ ਰੋਗੁ ਸੁਪਨੈ ਨਹੀ ਆਵੈ ॥ ਅੰਗ- ੨੫੯*

ਹੈਗਾ ਸਾਰਿਆਂ ਦੇ ਅੰਦਰ। ਪ੍ਰਮੇਸ਼ਰ ਨੇ ਸਾਰਿਆਂ ਦੇ ਅੰਦਰ ਦਵਾਈ ਰੱਖੀ ਹੋਈ ਹੈ ਕਿ ਮਨੁੱਖ ਬੀਮਾਰ ਨਾ ਹੋ ਜਾਏ ਪਰ ਗੁਰੂ ਬਿਨਾਂ ਨਹੀਂ ਦਵਾਈ ਅਸਰ ਕਰਦੀ। ਕਿਉਂਕਿ ਸੰਜਮ ਗੁਰੂ ਦਿੰਦਾ ਹੈ।

*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥*
*ਅੰਗ- ੨੫੯*

ਭਾਂਡੇ ਮਾਂਜੀ ਗਿਆ, ਹੋਲੇ-ਮਹੱਲੇ ਵਾਲੇ ਦਿਨ ਸੰਗਤ ਨੂੰ ਦੱਸਿਆ ਉਹਨੇ। ਕਹਿਣ ਲੱਗਿਆ, ਮੈਂ ਲੁਧਿਆਣੇ ਜਾ ਕੇ ਐਕਸਰੇ ਕਰਾ ਕੇ ਆਇਆ ਹਾਂ, ਪਹਿਲਾ ਦਿਖਾਇਆ ਕਹਿੰਦਾ ਰਤਨ ਸਿੰਘ ਇਹ ਤੇਰਾ ਐਕਸਰੇ ਨਹੀਂ ਇਹ ਤਾਂ ਕਿਸੇ ਹੋਰ ਦਾ ਹੈ। ਤੂੰ ਤਾਂ ਨਰੋਆ ਹੈ ਤੇਰੇ ਤਾਂ ਇਕ ਵੀ ਨਿਸ਼ਾਨ ਨਹੀਂ ਹੈ ਅੰਦਰ।

ਇਥੇ ਸਾਡੇ ਕੋਲ ਇਕ ਭਈਆ ਆ ਗਿਆ, ਅਜੇ ਮੈਂ ਇਥੇ ਆਇਆ ਸੀ ਯੂ.ਪੀ. ਵਲੋਂ, ਭਈਆ ਆਇਆ ਹੋਇਆ ਤਾਂ ਦੋ ਤਿੰਨ ਸਾਲ ਹੋਏ ਸੀ। ਕਹਿੰਦਾ ਜੀ, ਮੈਂ ਬੀਮਾਰ ਹਾਂ। ਮੈਂ ਕਿਹਾ ਇਹਨੂੰ ਹੁਣ ਕੀ ਦੱਸੀਏ? ਮੈਂ ਕਿਹਾ ਤੁਹਾਡੇ ਨੇੜੇ ਗੁਰਦੁਆਰਾ ਹੈ? ਕਹਿੰਦਾ, ਪੰਦਰਾਂ ਮੀਲ ਤੇ ਹੈ ਸਾਡੇ ਤੋਂ। ਮੈਂ ਕਿਹਾ ਤੂੰ ਐਉਂ ਕਰ ਹਿੰਦੀ ਦਾ ਗੁਟਕਾ ਲਿਆ, ਹਿੰਦੂ ਦਾ ਗੁਟਕਾ ਉਹ ਲਿਆਇਆ। ਮੈਂ ਕਿਹਾ ਆਹ ਜਿਹੜਾ ਲਿਖਿਆ ਹੈ ਨਾ ਤੂੰ ਇਹਨੂੰ ਕਰੀ ਜਾਣਾ ਹੈ ਤੇ ਤੂੰ ਪੰਦਰੀਂ ਦਿਨ, ਸੱਤੀ ਦਿਨ ਗੁਰਦੁਆਰੇ ਜਾ ਕੇ ਝਾੜੂ ਦਿਆ ਕਰੀਂ ਤੇ ਇਕੋ ਗੱਲ ਕਹੀ ਜਾਈ, ਜਦੋਂ ਕੋਈ ਬੰਦਾ ਮਿਲਿਆ ਤਾਂ ਕਹੀ ਜਾਈਂ ਕਿ ਬੋਲ ਗੁਰੂ ਨਾਨਕ ਦੇਵ ਜੀ ਕੀ ਜੈ ਤੇ ਉਂਜ ਕਹੀ ਜਾਇਆ ਕਰ ਕਿ ਧੰਨ ਗੁਰੂ ਨਾਨਕ-ਧੰਨ ਗੁਰੂ ਨਾਨਕ। ਘਰ ਵਿਚ ਸਿਗਰਟ ਨਾ ਆਵੇ, ਆਂਡੇ ਨਾ ਆਉਣ, ਮਾਸ ਨਾ ਆਵੇ, ਮੱਛੀ ਨਾ ਆਵੇ ਤੇ ਤੂੰ ਪਾਠ ਕਰ ਲੈ ਠੀਕ ਹੋ ਜਾਵੇਂਗਾ। ਬੀਮਾਰੀ ਦੱਸੀ ਨਾ ਓਹਨੇ ਕਿ ਬੀਮਾਰੀ ਕੀ ਹੈ? ਉਹ ਘਰ ਤਾਂ ਗਿਆ ਨਾ, ਇਥੇ ਹੀ ਉਹਦਾ ਭਰਾ ਸਵਰਾਜ ਫੈਕਟਰੀ 'ਚ ਸੀਗਾ, ਯਾਦਵ ਉਹਦਾ ਨਾਉਂ, ਭਰਾ ਨੇ ਕਿਹਾ ਕਿ ਪਾਠ ਮੈਨੂੰ ਤਾਂ ਕਰਨਾ ਨਹੀਂ ਆਉਂਦਾ। ਕਹਿੰਦਾ, ਕਿੰਨਾ ਦੱਸਿਆ ਹੈ, ਕਹਿੰਦਾ 25 ਦੱਸੇ ਨੇ। ਕਹਿੰਦਾ, ਅੱਧੇ ਮੈਂ ਕਰ ਦਿਆ ਕਰਾਂਗਾ, ਅੱਧੇ ਤੂੰ ਕਰ ਦਿਆ ਕਰ। 20ਵੇਂ ਕੁ ਦਿਨ ਮੇਰੇ

ਕੋਲ ਆ ਗਿਆ। ਸਾਨੂੰ ਤਰੀਕਾ ਹੀ ਭੁੱਲ ਗਿਆ ਕਿ ਕਿਵੇਂ ਕਰੀਏ। ਮੈਂ ਕਿਹਾ ਜਿਵੇਂ ਕਰਦੇ ਓਂ ਓਵੇਂ ਕਰੀ ਜਾਓ। ਸਵਾ ਮਹੀਨੇ ਬਾਅਦ ਆ ਗਿਆ, ਲਾਲ ਚਿਹਰਾ ਹੋਇਆ ਪਿਆ ਓਹਦਾ। ਮੈਂ ਕਿਹਾ, ਇਹ ਤਾਂ ਰਾਜ਼ੀ ਹੋ ਗਿਆ। ਕਹਿੰਦਾ, ਬਿਲਕੁਲ ਰਾਜ਼ੀ। ਕਹਿੰਦਾ, ਡਾਕਟਰਾਂ ਨੂੰ ਪੀ.ਜੀ ਆਈ ਅਸੀਂ ਦਿਖਾ ਕੇ ਆਏ ਹਾਂ, ਐਕਸਰੇ ਲੁਹਾਈ ਹੈ, ਉਹ ਕਹਿੰਦੇ ਇਹ ਤਾਂ ਬਿਲਕੁਲ ਰਾਜ਼ੀ ਹੈ। ਮੈਂ ਕਿਹਾ ਇਹਨੂੰ ਬੀਮਾਰੀ ਕੀ ਸੀ? ਕਹਿੰਦਾ ਜੀ, ਬੀਮਾਰੀ? ਕਹਿੰਦਾ ਅਸੀਂ ਪਹਿਲਾਂ ਤਾਂ ਅਸੀਂ ਕਾਸ਼ੀ ਦੇ ਹਸਪਤਾਲ ਇਲਾਜ ਕਰਾਇਆ। ਜ਼ਮੀਨ ਵਿਕ ਗਈ ਸਾਡੀ। ਫੇਰ ਅਸੀਂ ਆ ਕੇ ਵਲਿੰਗਟਨ ਹਸਪਤਾਲ ਇਲਾਜ ਕਰਾਇਆ ਦਿੱਲੀ। ਹੁਣ ਮੈਂ ਬੁਲਾਇਆ ਸੀ ਕਿ ਭਰਾ ਇਥੇ ਪੀ.ਜੀ.ਆਈ ਇਲਾਜ ਕਰਾਈ ਜਾਹ, ਇਥੇ ਤੈਨੂੰ ਝੌਂਪੜੀ ਪਾ ਦਿੰਦੇ ਹਾਂ, ਉਥੇ ਰਹੀ ਜਾਈਂ। ਕਹਿੰਦਾ, ਅੰਦਰੋਂ ਅਸੀਂ ਕਹਿੰਦੇ ਸੀ ਕਿ ਮਰ ਜਾਵੇ ਤਾਂ ਚੰਗਾ ਹੈ।

ਮੈਂ ਕਿਹਾ ਬੀਮਾਰੀ ਕੀ ਸੀ? ਕਹਿੰਦਾ ਜੀ ਤੀਸਰੀ ਸਟੇਜ ਦੀ ਟੀ.ਬੀ ਹੋਈ ਹੋਈ ਸੀ ਇਹਨੂੰ। ਬਾਣੀ ਦੇ ਵਿਚ ਸ਼ਕਤੀਆਂ ਨੇ ਸਾਧਸੰਗਤ ਜੀ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਦਾ ਜਿਹੜਾ ਵੀ ਪੱਖ ਲਈਏ ਉਹ ਪੂਰਾ ਹੈ, ਜੇ ਅੰਤਰਜਾਮਤਾ ਦਾ ਲੈਂਦੇ ਹਾਂ, ਆਪਣੇ ਨਾਲ ਬੀਤੀਆਂ ਮੈਂ ਹੱਡਬੀਤੀਆਂ ਦੱਸਦਾ ਹਾਂ ਮੈਂ ਇਥੋਂ ਚੰਡੀਗੜ੍ਹੋਂ ਤਿਆਰ ਹੋ ਗਿਆ ਕਿ ਰਾੜਾ ਸਾਹਿਬ ਨੂੰ ਜਾਣਾ ਹੈ, ਝੋਲਾ ਲੈ ਲਿਆ। ਡਿਊਟੀ ਤੋਂ ਅਗਲੇ ਦਿਨ ਦੀ ਛੁੱਟੀ ਨਹੀਂ ਸੀ ਲਈ, ਉਸ ਦਿਨ ਛੁੱਟੀ ਸੀ ਮੈਂ ਕਿਹਾ ਰਾਤ ਨੂੰ ਮੁੜ ਆਵਾਂਗਾ। ਇਧਰਲੇ ਪਾਸੇ ਮਹਾਰਾਜ ਜੀ ਦੇ ਕੋਲ ਕੋਈ ਆ ਗਿਆ, ਮਹਾਰਾਜ ਜੀ ਨੇ ਕਿਹਾ ਕਿ ਵਰਿਆਮ ਸਿੰਘ ਨੂੰ ਬੁਲਾਓ। ਰਾਤ ਨੂੰ ਕਹਿ ਦਿਤਾ, ਡਰਾਈਵਰ ਨੂੰ ਕਿ ਤੂੰ ਚਲਿਆ ਜਾਈਂ। ਜਦੋਂ ਸਵੇਰੇ ਵੇਲੇ ਪੁੱਛਣ ਗਿਆ ਕਿ ਮਹਾਰਾਜ ਜੀ! ਮੈਂ ਜਾਵਾਂ? ਕਹਿੰਦੇ, ਨਹੀਂ ਉਹਨੇ ਆ ਜਾਣਾ ਹੈ, ਮੈਂ ਇਥੇ ਲਾਈਨ 'ਚ ਖੜ੍ਹ ਗਿਆ ਤੇ ਐਡੀ ਲੰਮੀ ਲਾਈਨ ਹੋ ਗਈ, ਬੱਸ ਕੋਈ-ਕੋਈ ਆਵੇ। ਪਤਾ ਨਹੀਂ ਬੱਸਾਂ ਹੀ ਨਾ ਮਿਲੀ, ਨੌਂ ਵੱਜ ਗਏ ਮੈਨੂੰ ਸਵੇਰ ਦੇ ਨੂੰ ਖੜ੍ਹੇ ਨੂੰ। ਮੈਂ ਕਿਹਾ ਹੁਣ ਤਾਂ ਮਹਾਰਾਜ ਜੀ ਦੀ ਕੁਰਸੀ ਤੇ ਜਾ ਨਹੀਂ ਹੋਣਾ, ਹੁਣ ਨਹੀਂ ਮਿਲਣਾ, ਚਲੋ ਘਰ ਨੂੰ ਚੱਲੀਏ। ਜਦੋਂ ਮੈਂ ਦੱਸ ਸੈਕਟਰ 'ਚੋਂ ਸਰਕੜੇ ਜਦ ਬੜੇ ਹੀ ਖੜ੍ਹੇ ਹੁੰਦੇ, ਕਿ ਡੂੰਘੇ ਜਿਹੇ ਥਾਉਂ ਬੈਠ ਕੇ ਭਜਨ ਕਰਨ ਲੱਗ ਗਿਆ। ਮੈਂ ਕਿਹਾ ਜਾ ਤਾਂ ਹੁਣ ਹੋਣਾ ਨਹੀਂ, ਚਲੋ ਨਾਮ ਹੀ ਜਪੀਏ। ਡੇਢ ਦੋ ਘੰਟੇ ਮੈਂ ਉਥੇ ਬੈਠਾ ਰਿਹਾ, ਜਦੋਂ ਮੈਂ ਘਰ ਆਇਆ, ਉਧਰੋਂ ਮੈਂ ਅੰਦਰ ਵੜਦਾ ਸੀ, ਉਧਰੋਂ ਬਾਬੂ ਜੀ ਆ ਗਏ, ਬਾਬੂ ਜੀ ਆਏ ਹੋਏ ਕਹਿੰਦੇ ਅੰਦਰ ਕਿਧਰ ਜਾਂਦੇ ਓਂ ਝੋਲਾ ਚੁੱਕੀਂ, ਕਹਿੰਦਾ ਆ ਜੋ ਹੁਣ ਆਪਾਂ ਚੱਲੀਏ ਰਾੜਾ ਸਾਹਿਬ ਨੂੰ। ਅੰਦਰ ਆ ਕੇ ਮੈਂ ਕਿਹਾ ਜਲ ਪਾਣੀ ਪੀਓ। ਕਹਿੰਦੇ, ਅਸੀਂ ਤਾਂ ਤੜਕੇ ਹੀ ਆਉਣਾ ਸੀ, ਮਹਾਰਾਜ ਕਹਿੰਦੇ ਨਾ ਜਾਓ। ਹੁਣ ਕਹਿੰਦੇ ਕਹਿ ਦਿਤਾ ਨੌਂ-ਸਾਢੇ ਨੌਂ ਕਿ ਜਾਓ। ਹੁਣ ਮੈਂ ਬਾਬੂ ਜੀ ਨੂੰ ਕੀ ਦੱਸਾਂ ਕਿ ਗੱਲ ਕੀ ਹੈ? ਇਹ ਤਾਂ ਮੈਨੂੰ ਦੇਖ ਰਹੇ ਸੀ ਕਿ ਆ ਰਿਹਾ ਹੈ, ਜਦੋਂ ਮੈਂ ਘਰ ਨੂੰ ਮੁੜ ਪਿਆ ਇਹ ਤੋਰ ਦਿਤੇ ਦੋਵੇਂ।

ਐਸ ਤਰ੍ਹਾਂ ਦੀਆਂ ਅਨੇਕਾਂ ਗੱਲਾਂ ਨੇ, ਇਕ ਦੋ ਚਾਰ ਨਹੀਂ, ਸਹਿਜ ਦੇ ਵਿਚ ਹੀ ਅੰਤਰਜਾਮਤਾ ਸੀ ਉਨ੍ਹਾਂ ਦੇ ਵਿਚ, ਹਜ਼ਾਰਾਂ ਕੋਹਾਂ ਤੇ ਗੱਲ ਕੀਤੀ ਹੋਈ ਜਾਣ ਜਾਂਦੇ ਸੀ। ਯੂ.ਪੀ. ਵਿਚ ਜਦੋਂ ਗਏ, ਕਿੰਨੇ ਮਿਹਰਵਾਨ ਹੋਏ ਹੈਰਾਨ ਹੋ ਗਿਆ ਮੈਂ ਜਿਹਨੂੰ ਬਚਨ ਕਰ ਦਿਤਾ ਉਸੇ ਵੇਲੇ ਪੂਰਾ। ਦੋ ਸੌ ਬੰਦੇ ਨੂੰ ਰੋਜ਼ ਮਿਲਾਉਂਦੇ ਸੀ। ਟੋਲੀਆਂ ਬਣਾ ਲੈਂਦੇ ਸੀ। ਬੀਬੀਆਂ ਨੂੰ ਤਾਂ ਮੈਂ ਬੀਬੀ ਜੀ ਨੂੰ ਕਿਹਾ ਕਿ ਤੁਸੀਂ ਮਿਲਾਓ ਇਨ੍ਹਾਂ ਨੂੰ ਤਾਂ। ਇਹਨੇ ਪੰਦਰਾਂ-ਪੰਦਰਾਂ, ਵੀਹ-ਵੀਹ ਦੀ ਟੋਲੀ ਬਣਾ ਦੇਣੀ ਕਿ ਦੱਸੋ ਤੁਸੀਂ ਕੀ ਗੱਲ ਕਰਨੀ ਹੈ? ਆਪ ਗੱਲ ਕਰ ਦੇਣੀ ਜਾ ਕੇ ਛੇਤੀ ਦੇ ਕੇ, ਮਹਾਰਾਜ ਜੀ ਨੇ ਜਵਾਬ ਦੇ ਦੇਣਾ। ਐਉਂ ਕਰਕੇ 200 ਪ੍ਰੇਮੀਆਂ ਨੂੰ ਇਕ ਘੰਟੇ 'ਚ ਮਿਲਾਉਂਦੇ ਸੀ। ਇਕੋ ਘੰਟਾ ਮਹਾਰਾਜ ਜੀ ਕੋਲ ਹੁੰਦਾ, ਵੱਧ ਨਹੀਂ ਸੀ ਦਿੰਦੇ। ਜਿਹੜੇ ਬਚਨ ਕਰਦੇ ਸੀ ਪੂਰੇ। ਇਕ ਨੂੰ ਕਿਹਾ ਕਿ ਤੂੰ ਸ਼ਰਾਬ ਨਾ ਪੀਵੀਂ ਉਹ ਬੀਮਾਰ ਸੀ। ਕਹਿੰਦੇ ਸ਼ਰਾਬ ਕੱਢ ਦਿਓ ਘਰ 'ਚੋਂ ਰਾਜ਼ੀ ਹੋ ਜਾਏਂਗਾ। ਜਦੋਂ ਉਹਦਾ ਵਿਆਹ ਹੋਣ ਲੱਗਾ, ਸਾਡਾ ਨਿਹਚਾ ਕਮਜ਼ੋਰ ਬੜਾ ਹੈ, ਨੈਂ ਨੰਘੀ ਖਵਾਜਾ ਵਿਸਰਿਆ। ਔਖ ਵੇਲੇ ਤਾਂ ਅਸੀਂ ਬੜਾ ਕੁਛ ਕਰਾਂਗੇ ਜਦੋਂ ਕੰਮ ਬਣ ਗਿਆ ਫੇਰ ਅਸੀਂ ਕੁਛ ਵੀ ਨਹੀਂ ਕਰਦੇ। ਵਿਆਹ ਵਾਸਤੇ ਡਰੰਮ ਕੱਢ ਲਿਆ ਸ਼ਰਾਬ ਦਾ। ਪੀਪੀ ਭਰ ਕੇ ਰੱਖ ਲਈ ਕਿ ਆਹ ਹੁਣ ਪੀਵਾਂਗੇ। ਮੁੰਡਾ ਕਹਿੰਦਾ ਮੈਂ ਬੀਮਾਰ ਸੀਗਾ, ਤੁਸੀਂ ਨਾ ਕੱਢੋ ਸ਼ਰਾਬ, ਨਾ ਪੀਵੋ। ਉਨ੍ਹਾਂ ਨੇ ਵੱਡਾ ਸਾਰਾ ਪੀਪਾ ਜਿਹਾ ਭਰ ਕੇ ਰੱਖ ਦਿਤਾ। ਉਧਰੋਂ ਮੱਝ ਨੇ ਰੱਸਾ ਤੁੜਾ ਲਿਆ, ਜਿਉਂ ਜ਼ੋਰ ਨਾਲ ਦੌੜੀ ਆ ਕੇ ਦੋਵੇਂ ਪੈਰ ਪੀਪੇ 'ਚ ਮਾਰੇ, ਪੀਪਾ ਡੋਲ੍ਹ ਦਿਤਾ ਸ਼ਰਾਬ ਦਾ। ਮੁੰਡਾ ਲੜ ਪਿਆ, ਦੇਖ ਲਓ ਹੁਣ ਹੋਰ ਵੀ ਕੁਛ ਕਰਾਉਣਾ ਹੈ। ਕਹਿੰਦਾ, ਆਹ ਤਾਂ ਹੁਣ ਪੀਪਾ ਡੋਲ੍ਹਿਆ ਹੈ, ਅਗਾਹਾਂ ਪਤਾ ਨਹੀਂ ਸਾਡਾ ਕੀ ਬਣੇਂਗਾ। ਮੇਰੇ ਕੋਲ ਆ ਗਿਆ, ਕਹਿਣ ਲੱਗਿਆ ਜੀ, ਮੇਰਾ ਵਿਆਹ ਹੈ ਮੇਰੇ ਘਰਦਿਆਂ ਨੇ ਸ਼ਰਾਬ ਕੱਢ ਲਈ। ਕਹਿੰਦਾ, ਪੀਪੇ ਵਿਚ ਪਾਈ ਹੋਈ ਸੀ, ਮੱਝ ਸੰਗਲ ਤੁੜਾ ਕੇ ਸਿੱਧੀਓ ਆ ਕੇ ਪੀਪੇ ਵਿਚ ਦੋਵੇਂ ਖੁਰ ਮਾਰੇ ਜਿਵੇਂ ਛਾਲ ਮਾਰੀਦੀ ਹੈ, ਕਹਿੰਦਾ ਨਾਲ ਉਹਨੇ ਸਾਰਾ ਡੋਲ੍ਹ ਦਿਤਾ, ਨਾਲੇ ਪੀਪੇ ਨੂੰ ਜਿੱਬ ਪਾ ਦਿਤਾ। ਕਹਿੰਦਾ ਹੁਣ ਸਾਡੇ ਘਰ ਦੇ ਹਟਦੇ ਨਹੀਂ ਤੁਸੀਂ ਚੱਲੋ।

ਜਾ ਕੇ ਕਹੋ ਉਨ੍ਹਾਂ ਨੂੰ ਕਿ ਸ਼ਰਾਬ ਨਾ ਕੱਢੋ।

ਇਕ ਬੀਬੀ ਆਈ ਕਹਿੰਦੀ ਮੇਰੇ ਬੱਚੇ ਲਗਦੇ ਨਹੀਂ ਗੋਦੀ। ਪੈਦਾ ਹੁੰਦਾ ਹੈ ਮਰ ਜਾਂਦਾ ਹੈ-ਪੈਦਾ ਹੁੰਦਾ ਹੈ ਮਰ ਜਾਂਦਾ ਹੈ। ਵਿਵਰੇ ਦੀ ਸੀ। ਮਹਾਰਾਜ ਕਹਿੰਦੇ ਕੀ ਗੱਲ ਬੀਬੀ? ਆਦਮੀ ਕੀ ਕੰਮ ਕਰਦੇ ਨੇ? ਕਹਿੰਦੀ, ਬਾਬਾ ਜੀ! ਸਾਡੇ ਆਦਮੀ ਤਾਂ ਡੰਗਰਾਂ ਦੀ ਚੋਰੀ ਕਰਦੇ ਨੇ। ਮਹਾਰਾਜ! ਕਹਿੰਦੇ ਫੇਰ ਕਟਰੂ? ਕਹਿੰਦੀ ਕੱਟਰੂ ਕੀ ਕਰਨੇ ਨੇ, ਬੂਰੀ ਨਾਲ ਦੁੱਧ 'ਚੋਂ ਲੈਂਦੇ ਨੇ। ਕਹਿੰਦੇ, ਫੇਰ ਉਹ ਭੁੱਖੇ ਉਥੇ ਮਰ ਜਾਂਦੇ ਨੇ ਤੇ ਤੁਹਾਡੇ ਬੱਚਿਆਂ ਨੂੰ ਵਾਹਿਗੁਰੂ ਮਾਰ ਦਿੰਦਾ ਹੈ। ਕਹਿੰਦੀ, ਬਾਬਾ ਜੀ! ਸਾਡਾ ਕੀ ਕਸੂਰ ਹੈ? ਕਹਿੰਦੇ, ਤੁਸੀਂ ਲੱਸੀ ਨਹੀਂ ਪੀਂਦੇ, ਦੁੱਧ ਨਹੀਂ ਪੀਂਦੇ, ਮੱਖਣ ਨਹੀਂ ਖਾਂਦੇ ਉਨ੍ਹਾਂ ਮੱਝਾਂ ਦਾ? ਕਹਿੰਦੀ, ਬਾਬਾ ਜੀ! ਸਾਨੂੰ ਤਾਂ ਕੁੱਛ ਪਤਾ ਨਹੀਂ, ਬਚਨ ਦਿਓ। ਕਹਿੰਦੇ, ਦੇਖੋ, ਬੀਬੀ ਜੇ ਤੁਸੀਂ ਹਟਾ ਨਹੀਂ ਨਾ ਸਕਦੇ ਤਾਂ ਤੁਸੀਂ ਇਹ ਕਰ ਲਓ ਕਿ ਨਾ ਅਸੀਂ ਦੁੱਧ ਪੀਣਾ ਹੈ, ਨਾ ਘਿਓ ਖਾਣ ਹੈ ਉਹਦਾ, ਮੱਝ ਦਾ ਕੁੱਛ ਕਰਨਾ ਹੀ ਨਹੀਂ ਜਿਹੜੀ ਚੋਰੀ ਦੀ ਮੱਝ ਹੈ। ਵਾਹਿਗੁਰੂ ਨੇ ਕ੍ਰਿਪਾ ਕਰ ਦਿਤੀ, ਬੱਚਾ ਹੋ ਗਿਆ ਸੰਗਤ 'ਚ ਲੈ ਕੇ ਆਈ। ਕਹਿੰਦੀ ਜੀ ਆਹ ਮਹਾਰਾਜ ਜੀ ਨੇ ਬਖਸ਼ ਦਿਤਾ ਤੇ ਸਾਡੇ ਜਿਹੜੇ ਬੰਦੇ ਵੀ ਨੇ ਉਨ੍ਹਾਂ ਨੂੰ ਵੀ ਸੁਰਤ ਆ ਗਈ। ਇਸ ਤਰ੍ਹਾਂ ਯੂ.ਪੀ. ਦੇ ਵਿਚ ਮਹਾਰਾਜ ਜੀ ਨੇ ਬੜਾ ਉਧਾਰ ਕਰਿਆ। 45 ਦਿਨ ਮੇਰੇ ਕੋਲ ਠਹਿਰੇ ਸੀ। ਉਹ ਐਨੀਆਂ ਗੱਲਾਂ ਨੇ ਦੱਸਣ ਲੱਗੀਏ ਤਾਂ ਰਾਤ ਪੈ ਜਾਏਗੀ ਤੁਹਾਨੂੰ ਸਾਰਿਆਂ ਨੂੰ। ਉਨ੍ਹਾਂ ਮਹਾਂਪੁਰਸ਼ਾਂ ਦੀ ਯਾਦ ਮਨਾ ਰਹੇ ਹਾਂ। ਜਦੋਂ ਮੈਨੂੰ ਪਹਿਲੀ ਵਾਰੀ ਦਰਸ਼ਨ ਹੋਏ, ਮੈਂ ਕਈ ਵਾਰੀ ਦੱਸ ਚੁੱਕਿਆ ਹਾਂ ਉਨ੍ਹਾਂ ਨੇ ਮੇਰੇ ਤੇ ਸਵਾਲ ਕਰਿਆ ਸੀ ਕਿ ਤੂੰ ਕੌਣ ਹੈਂ? ਮੈਂ ਸੋਚ-ਸੋਚ ਕੇ ਤਿੰਨ ਮਿੰਟ 'ਚ ਦਸਿਆ ਸੀ ਕਿ ਮੈਨੂੰ ਦੱਸਣਾ ਨਹੀਂ ਆਉਂਦਾ ਕਿ ਮੈਂ ਜਾਣਦਾ ਨਹੀਂ ਹਾਂ। ਉਸ ਵਕਤ ਆਪ ਨੇ ਕ੍ਰਿਪਾ ਕਰੀ, ਸਾਰੀ ਗੱਲ ਸੁਣੀ। ਮੈਂ ਕਿਹਾ ਮਹਾਰਾਜ ਜੀ! ਜਿਸ ਦਿਨ ਸੰਸਾਰ ਦਾ ਵਜੂਦ ਬਣਿਆ ਹੈ ਨਾ ਓਸ ਦਿਨ ਮੇਰੀ ਹੋਂਦ ਕਾਇਮ ਹੋਈ ਹੈ। ਕਹਿੰਦੇ, ਅੱਗੇ ਵੀ ਕੁਛ ਦਿਸਦਾ ਹੈ, ਮੈਂ ਕਿਹਾ ਮੈਨੂੰ ਐਉਂ ਦਿਸਦਾ ਹੈ ਕਿ ਬੜੇ ਪ੍ਰਕਾਸ਼ ਦੇ ਵਿਚੋਂ ਇਕ ਕਿਰਨ ਅੱਡ ਹੋ ਰਹੀ ਹੈ। ਮਹਾਰਾਜ ਜੀ 45 ਮਿੰਟ ਨੇਤਰ ਬੰਦ ਕਰਕੇ ਬੈਠੇ ਰਹੇ। ਪਹਿਲਾਂ ਮੈਨੂੰ ਹੱਸੀ ਜਾਂਦੀ ਸੀ ਸੰਗਤ, 16 ਕੁ ਸਾਲ ਸੀ, ਸਾਢੇ ਪੰਦਰਾਂ ਕੁ ਸਾਲ ਦਾ। ਨਾ ਕਦੇ ਇਹੋ ਜਿਹੀ ਗੱਲ ਸੁਣੀ ਨਾ ਬਾਤ ਸੁਣੀ ਤੇ ਜਿਸ ਵਕਤ ਮਹਾਰਾਜ ਜੀ ਨੇ ਨੇਤਰ ਖੋਲ੍ਹੇ ਤਾਂ ਸਹਿਜ ਸੁਭਾਅ ਬਚਨ ਕਰ ਦਿਤਾ ਕਿ ਇਕ ਸੁਹਾਗਣ ਨੂੰ ਇਕ ਸੁਹਾਗਣ ਮਿਲੀ ਹੈ, ਅੱਗੇ ਰੰਡੀਆਂ ਹੀ ਮਿਲਦੀਆਂ ਰਹੀਆਂ, ਮੇਰੀ ਸਮਝ ਵਿਚ ਨਹੀਂ ਪਿਆ ਕਿ ਕੀ ਕਹਿ ਦਿਤਾ। ਓਸ ਵੇਲੇ ਮੈਨੂੰ ਕਹਿਣ ਲੱਗੇ ਕਿ ਦੇਖ ਤੈਨੂੰ ਮੈਂ ਇਕ ਗੱਲ ਦੱਸਾਂ। ਗੱਲ ਦੇ ਤਾਂ ਤੂੰ ਨੇੜੇ ਪਹੁੰਚ ਗਿਆ, ਇਕ ਖਾਈ ਰਹਿੰਦੀ ਹੈ, ਪਰ ਉਹ ਹੈ ਇਕ ਡਿੰਘ ਜੇ ਤਾਂ ਤੂੰ ਐਸ ਜਨਮ 'ਚ ਪੁੱਟ ਗਿਆ ਤਾਂ ਤਾਂ ਤੂੰ ਪਾਰ। ਇਕੋ ਹੀ ਡਿੰਘ ਰਹਿੰਦੀ ਹੈ ਤੇਰੀ, ਇਕ ਕਦਮ ਰਹਿੰਦਾ ਹੈ, ਇਹ ਕਦਮ ਪੁੱਟ ਲੈ, ਹਿੰਮਤ ਦੇ ਨਾਲ। ਇਹ ਹੁਣ ਤੇਰੇ ਨਾਲ ਉਪਾਧੀ ਲੱਗੀ ਹੋਈ ਹੈ ਜੀਵ ਦੀ। ਇਹਨੂੰ ਲਾਹ ਦੇ, ਤੂੰ ਆਪਣੇ ਆਪ ਨੂੰ ਪਛਾਣ ਲੈ ਤੂੰ ਕੌਣ ਹੈਂ? ਐਸ ਤਰ੍ਹਾਂ ਨਾਲ ਫੁਰਮਾਨ ਕੀਤਾ-

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਮਨ ਹਰਿ ਜੀ ਤੇਰੈ ਨਾਲਿ ਹੈ*
*ਗੁਰਮਤੀ ਰੰਗੁ ਮਾਣੁ॥* ***ਅੰਗ- ੪੪੧***

ਕਹਿਣ ਲੱਗੇ ਰਮਜ਼ ਵਿਚ ਅਸੀਂ ਗੱਲ ਕਰ ਦਿਤੀ। ਆਹ ਜਿਹੜੀ ਜੀਵ ਦੀ ਉਪਾਧੀ ਲੱਗ ਗਈ ਇਹਨੂੰ ਲਾਹ ਦੇ ਜੇ ਕਿਤੇ ਲਹਿ ਸਕਦੀ ਹੈ ਜ਼ਿੰਦਗੀ ਭਰ 'ਚ। ਇਹ ਝੂਠੀ ਹੈ ਪਰਛਾਵਾਂ ਹੈ ਇਹ ਅਸਲ ਨਹੀਂ ਹੈ। ਅਸਲ ਸਰੂਪ ਜਿਹੜਾ ਤੇਰਾ ਹੈ ਉਹ ਪ੍ਰਮੇਸ਼ਰ ਦੇ ਨਾਲ ਦੂਰ ਨਹੀਂ ਹੈ ਤੇਰਾ। ਨਾਲ ਹੀ ਹੈ। ਉਹਦੇ ਵਰਗਾ ਹੀ ਹੈ। ਉਹਨੂੰ ਪਛਾਣ ਲੈ।

*ਅਚਰਜ ਕਥਾ ਮਹਾ ਅਨੂਪ ॥*
*ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥ ਰਹਾਉ ॥*
*ਨਾ ਇਹੁ ਬੂਢਾ ਨਾ ਇਹੁ ਬਾਲਾ ॥*
*ਨਾ ਇਸੁ ਦੂਖੁ ਨਹੀ ਜਮ ਜਾਲਾ ॥*
*ਨਾ ਇਹੁ ਬਿਨਸੈ ਨਾ ਇਹੁ ਜਾਇ ॥*
*ਆਦਿ ਜੁਗਾਦੀ ਰਹਿਆ ਸਮਾਇ ॥ ੧ ॥*
*ਨਾ ਇਸੁ ਉਸਨੁ ਨਹੀ ਇਸੁ ਸੀਤੁ ॥*
*ਨਾ ਇਸੁ ਦੁਸਮਨੁ ਨਾ ਇਸੁ ਮੀਤੁ ॥*
*ਨਾ ਇਸੁ ਹਰਖੁ ਨਹੀ ਇਸੁ ਸੋਗੁ ॥*
*ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ ॥ ੨ ॥*
*ਨਾ ਇਸੁ ਬਾਪੁ ਨਹੀ ਇਸੁ ਮਾਇਆ ॥*
*ਇਹੁ ਅਪਰੰਪਰੁ ਹੋਤਾ ਆਇਆ ॥*
*ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥*
*ਘਟ ਘਟ ਅੰਤਰਿ ਸਦ ਹੀ ਜਾਗੈ ॥*

***ਅੰਗ- ੮੬੮***

ਕਹਿੰਦੇ ਆਹ ਸਾਡਾ ਸ਼ਬਦ ਵੀਚਾਰ ਲੈ। ਇਹਨੂੰ ਵੀਚਾਰ ਲੈ ਸਾਰੀ ਜ਼ਿੰਦਗੀ 'ਚ ਜੇ ਵਿਚਾਰ ਗਿਆ ਤਾਂ ਲੰਘ ਗਿਆ, ਜੇ ਅਧੂਰਾ ਰਹਿ ਗਿਆ ਫੇਰ ਅਗਲੇ ਜਨਮ 'ਚ ਚੱਲ ਪਈਂ। ਮੈਂ ਕਿਹਾ ਮਹਾਰਾਜ! ਮੈਂ ਘਰ ਨਹੀਂ ਜਾਣਾ। ਇਹ ਬੀਬੀ ਆ ਗਈ (ਬੀਬੀ ਰਣਜੀਤ ਕੌਰ ਜੀ) ਮਹਾਰਾਜ ਜੀ ਬੜਾ ਧਿਆਨ ਰੱਖਿਆ ਕਰਦੇ ਸੀ, ਇਹ ਕਹਿਣ ਲੱਗੀ ਕਿ ਮਹਾਰਾਜ! ਮੇਰਾ ਤਾਂ ਰੱਬ ਵੀ ਇਹੀ ਹੈ, ਮੇਰਾ ਤਾਂ ਸੰਤ ਵੀ ਇਹ ਹੈ, ਜਿਥੇ ਇਹਨੇ ਰਹਿਣਾ ਹੈ ਮੈਂ ਭਾਂਡੇ ਮਾਂਜੀ ਜਾਵਾਂਗੀ, ਸਾਰੀ ਜਿੰਦਗੀ ਨਹੀਂ ਮੈਂ ਬੋਲਦੀ, ਪਰ ਮੈਂ ਨਾਲ ਰਹਿਣਾ ਹੈ। ਮਹਾਰਾਜ

ਕਹਿਣ ਲੱਗੇ, ਕਿ ਦੇਖ ਤੈਨੂੰ ਦੱਸੀਏ ਕਿ ਪਿਛਲੇ ਜਨਮ ਤੂੰ ਸੰਕਲਪ ਕਰਿਆ ਸੀ ਇਹ ਤੈਨੂੰ ਹੁਣ ਭੋਗਣਾ ਪੈਣਾ ਹੈ, ਜਿਹੜੇ ਜੀਆਂ ਨੇ ਬਾਲ-ਬੱਚੇ ਬਣ ਕੇ ਆਉਣਾ, ਲੈਣ ਦੇਣ ਦਾ ਸਬੰਧ ਜੋ ਹੈ ਨਿਬੇੜ ਦੇ ਹੁਣੇ ਹੀ, ਫੇਰ ਨਾ ਇੰਤਜ਼ਾਰ ਕਰ, ਨਹੀਂ ਤਾਂ ਇਹ ਲੇਖਾ ਜਿਹਾ ਤੇਰੇ ਸਿਰ ਰਹਿ ਜਾਣਾ ਹੈ, ਤੈਨੂੰ ਫੇਰ ਆ ਕੇ ਦੇਣਾ ਪੈਣਾ ਹੈ। ਫੁਰਨਾ ਤੇਰਾ ਹੀ ਹੈ ਤੂੰ ਹੀ ਕੀਤਾ ਸੀ।

ਸੋ ਐਸੇ ਮਹਾਂਪੁਰਸ਼ਾਂ ਸਾਧਸੰਗਤ ਜੀ! ਪਹਿਲਾਂ ਤਾਂ ਬਹੁਤ ਮਨ ਵਿਚ ਅਫਸੋਸ ਹੋਇਆ, ਜੀਅ ਕਰੇ ਸੱਚੀਮੁਚੀਂ ਕਿ ਮੈਂ ਵੀ ਚੜ੍ਹਾਈ ਕਰ ਜਾਵਾਂ। ਇਕ ਸਾਲ ਹਉਕੇ ਆਈ ਗਏ, ਹੁਣ ਵੀ ਇਸ ਤਰ੍ਹਾਂ ਹੋ ਜਾਂਦਾ ਹੈ। ਲੇਕਿਨ ਫੇਰ ਪਤਾ ਲੱਗਿਆ ਕਿ ਉਹ ਤਾਂ ਗਏ ਨਹੀਂ ਹਨ, ਜਦੋਂ ਮੈਂ ਇਕਾਗਰ ਹੋਣਾ ਆਪਣਾ ਆਪ ਮੇਰਾ ਖਤਮ ਹੋ ਜਾਣਾ ਹੈ, ਮਹਾਰਾਜ ਜੀ ਹੋ ਜਾਣੇ ਕਿਉਂਕਿ ਉਨ੍ਹਾਂ ਨੇ ਬਚਨ ਕਰਿਆ ਸੀ, ਸੰਗਤਾਂ ਨੂੰ ਮੈਂ ਲੈ ਕੇ ਗਿਆ ਸੀ ਮੈਂ ਕਿਹਾ ਸੀ ਮਹਾਰਾਜ! ਇਨ੍ਹਾਂ ਨੂੰ ਨਾਮ ਦੀ ਜੁਗਤੀ ਦੱਸ ਦਿਓ, ਇਕ ਕਰੋੜ ਮੂਲਮੰਤਰ ਦਾ ਪਾਠ ਇਨ੍ਹਾਂ ਤੋਂ ਕਰਾ ਦਿਤਾ। ਹਾਪੜ ਲੈ ਆਈਂ। ਹਾਪੜ ਜਾਣ ਦਾ ਪ੍ਰਬੰਧ ਨਾ ਬਣਿਆ। ਜਦੋਂ ਮੈਂ ਨਿਕਲਣ ਲੱਗਿਆ, ਕਹਿੰਦੇ ਗੱਲ ਸੁਣ। ਕਹਿੰਦੇ ਤੂੰ ਦੇ ਦਿਆ ਕਰ ਨਾਮ? ਮੈਂ ਕਿਹਾ ਮਹਾਰਾਜ ਜੀ! ਐਡੀ ਵੱਡੀ ਗੱਲ ਮੈਂ ਤਾਂ ਨਹੀਂ ਕਰ ਸਕਦਾ। ਕਹਿੰਦੇ ਚੰਗਾ, ਇਕ ਗੱਲ ਕਰੀਂ ਕਿ ਜਦੋਂ ਤੂੰ ਬਚਨ ਕਰਨਾ ਹੋਵੇ, ਸਰੀਰ ਮੈਨੂੰ ਦੇ ਦਿਆ ਕਰ, ਮੈਂ ਆਪੇ ਕਰ ਲਿਆ ਕਰਾਂਗਾ। ਮੈਂ ਕਿਹਾ ਸਰੀਰ ਤਾਂ ਮੈਂ ਮੰਨਿਆ ਹੀ ਨਹੀਂ ਆਪਣਾ, ਤੁਹਾਡਾ ਹੀ ਹੈ ਸਰੀਰ। ਇਹ ਤਾਂ ਅਮਾਨਤ ਲਈਂ ਫਿਰਦਾ ਹਾਂ, ਇਹ ਮੇਰੀ ਨਹੀਂ ਹੈ ਤੁਹਾਡੀ ਹੀ ਹੈ। ਕਹਿੰਦੇ ਫੇਰ ਤਾਂ ਗੱਲ ਮੁੱਕ ਗਈ, ਫੇਰ ਕਰੀ ਜਾਈਂ, ਕੀਰਤਨ ਨਾ ਛੱਡੀਂ ਕਦੇ ਵੀ, ਜ਼ਮੀਨ ਵਗੈਰਾ ਵੇਚ ਦੇਈਂ, ਆਹ ਫਿਲਮਾਂ ਬਣਾ ਕੇ ਪ੍ਰਚਾਰ ਕਰੀਂ। ਓਦੋਂ ਫਿਲਮਾਂ ਦਾ ਨਾਮ ਨਿਸ਼ਾਨ ਨਹੀਂ ਸੀ ਹੁੰਦਾ। ਆਪੇ ਹੀ ਬਣਨੀਆਂ ਸ਼ੁਰੂ ਹੋ ਗਈਆਂ। ਇਕ ਹਜ਼ਾਰ ਤੋਂ ਉਪਰ ਫਿਲਮਾਂ ਵੱਖਰੇ-ਵੱਖਰੇ ਵਿਸ਼ਿਆਂ ਤੇ, ਵੱਖਰੇ-ਵੱਖਰੇ ਸਿਧਾਂਤਾਂ ਤੇ ਬਣੀਆਂ ਹੋਈਆਂ ਨੇ ਗੁਰੂ ਅੰਗਦ ਸਾਹਿਬ ਸਿਰਫ ਸਾਢੇ ਤਿੰਨ ਜਾਂ ਚਾਰ ਸਾਲ ਗੁਰੂ ਨਾਨਕ ਸਾਹਿਬ ਕੋਲ ਰਹੇ ਸੀ, ਉਨ੍ਹਾਂ ਨੇ ਉਹ ਕਿਹੜਾ ਕੌਤਕ ਕਰ ਦਿਤਾ ਕਿ ਬਾਬਾ ਬੁੱਢਾ ਜੀ ਵੀ ਪਿੱਛੇ ਰਹਿ ਗਏ, ਹੋਰ ਵੀ ਜਿਹੜੇ ਸੀ ਉਹ ਵੀ ਪਿੱਛੇ ਰਹਿ ਗਏ ਤੇ ਉਹ ਕਿਵੇਂ ਪਹੁੰਚ ਗਏ, ਉਹ ਸਾਰੀ ਵਿਚਾਰ 17 ਫਿਲਮਾਂ ਵਿਚ ਕੀਤੀ ਹੈ, 51 ਘੰਟੇ ਦਾ ਦੀਵਾਨ ਹੈ ਲਗਾਤਾਰ। ਜੇ ਕਿਸੇ ਨੇ ਸਮਝਣਾ ਹੋਵੇ ਤਾਂ ਸਮਝ ਲਓ ਉਹਦੇ ਵਿਚ ਹਰ ਚੀਜ਼ ਸਮਝਾਈ ਗਈ ਹੈ। ਸੋ ਇਸ ਤਰ੍ਹਾਂ ਉਨ੍ਹਾਂ ਦਾ ਹੁਕਮ ਸੀ। ਇਹ ਫਿਲਮਾਂ ਸਾਰੀ ਦੁਨੀਆਂ 'ਚ ਘੁੰਮ ਰਹੀਆਂ ਨੇ। ਚਿੱਠੀਆਂ ਆਉਂਦੀਆਂ ਨੇ ਲੋਕਾਂ ਦੀਆਂ ਕਿ ਸਾਨੂੰ ਐਨੀਆਂ ਭੇਜ ਦਿਓ, ਐਨੀਆਂ ਭੇਜ ਦਿਓ। ਹੁਣ ਮੇਰੇ ਸਮਝ ਵਿਚ ਆਉਂਦਾ ਹੈ ਕਿ ਮਹਾਰਾਜ ਜੀ ਨੇ ਇਹ ਬਚਨ ਓਸ ਵੇਲੇ ਕਰਿਆ ਸੀ ਜਦੋਂ ਫਿਲਮਾਂ ਦਾ ਨਾਮ ਨਿਸ਼ਾਨ ਵੀ ਨਹੀਂ ਸੀ ਹੁੰਦਾ। ਉਸ ਵੇਲੇ ਉਨ੍ਹਾਂ ਨੂੰ ਪਤਾ ਸੀ ਕਿ ਜੇ ਆਹ ਮੀਡੀਆ ਵਰਤਿਆ ਜਾਵੇ ਤਾਂ ਸਿੱਖੀ ਦਾ ਪ੍ਰਚਾਰ ਹੋ ਸਕਦਾ ਹੈ।

ਸੋ ਆਪ ਰਮਜ਼ਾਂ ਦਿੰਦੇ-ਦਿੰਦੇ ਜਹਾਜ਼ ਚੜ੍ਹ ਜਾਂਦੇ ਨੇ, ਸ਼ਰਧਾ ਵਾਲੇ ਪਿਆਰ ਵਾਲੇ, ਉਸੇ ਤਰ੍ਹਾਂ ਇੰਤਜ਼ਾਰ ਕਰਦੇ ਨੇ ਜਿਸ ਤਰ੍ਹਾਂ ਬਾਬਾ ਰਾਮ ਸਿੰਘ ਜੀ ਨੂੰ ਰੰਗੂਨ ਲੈ ਗਿਆ ਸੀ ਅੰਗਰੇਜ਼। ਚੀਕਾਂ ਮਾਰਦੇ ਸੀ, ਸਹੀ ਨਹੀਂ ਸੀ ਜਾਂਦੀ ਉਨ੍ਹਾਂ ਦੀ ਬਿਰਹੁੰ ਦੀ ਵੇਦਨਾ ਦੀ ਆਵਾਜ਼, ਕੂਕ ਸਹਿ ਨਹੀਂ ਸਕਿਆ ਕਰਦਾ ਕੋਈ ਐਨੀ ਹਿਰਦੇ 'ਚੋਂ ਨਿਕਲਦੀ ਸੀ। ਸੋ ਸਰੀਰ ਕਰਕੇ ਸਦੀਵੀ ਵਿਛੋੜਾ ਦੇ ਗਏ।

ਦੇਹ ਤਾਂ ਬਿਨਸਨਹਾਰੀ ਹੈ, ਸ਼ਬਦ ਹਾਜ਼ਰ ਨਾਜ਼ਰ ਹੈ, ਅੰਦਰ ਸ਼ਬਦ ਪ੍ਰਗਟ ਹੋ ਗਿਆ, ਉਹ ਮਹਾਂਪੁਰਸ਼ਾਂ ਦੇ ਨਾਲ ਬ੍ਰਹਮ ਰੂਪ ਵਿਚ ਜਾ ਰਲਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਇਹ ਵਿਚਾਰਾਂ ਆਪਾਂ ਕੀਤੀਆਂ ਨੇ, ਭਾਗਾਂ ਵਾਲਿਆਂ ਨੇ ਸੁਣੀਆਂ ਨੇ। ਮਹਾਂਪੁਰਸ਼ਾਂ ਦੀਆਂ ਵਡਿਆਈਆਂ ਸੁਣੀਆਂ ਨੇ, ਜਿਹੜੀ ਮਹਾਂਪੁਰਸ਼ਾਂ ਦੀ ਵਡਿਆਈ ਹੁੰਦੀ ਹੈ ਵਾਹਿਗੁਰੂ ਦੀ ਵਡਿਆਈ ਹੁੰਦੀ ਹੈ। ਵਾਹਿਗੁਰੂ ਨੂੰ ਇਹ ਵਡਿਆਈ ਭਾਅ ਜਾਂਦੀ ਹੈ। ਵਾਹਿਗੁਰੂ ਤਾਂ ਹੈਗਾ ਹੀ ਵੱਡਾ। ਉਸ ਅੱਗੇ ਕੀ ਗੱਲ ਕਰ ਦੇਵਾਂਗੇ ਅਸੀਂ। ਉਸ ਤੋਂ ਅੱਗੇ ਤਾਂ ਕੋਈ ਗੱਲ ਹੀ ਨਹੀਂ ਹੁੰਦੀ। ਜਿਸਦਾ ਕੋਈ ਖਾਤਮਾ ਹੀ ਨਹੀਂ ਹੈ, ਜੇ ਉਹਦੇ ਪਿਆਰੇ ਦੀ ਵਡਿਆਈ ਕਰ ਦਿਓ ਉਹ ਉਸਨੂੰ ਭਾਅ ਜਾਇਆ ਕਰਦੀ। ਸੋ ਆਪਾਂ ਨੇ ਉਨ੍ਹਾਂ ਦੇ ਪਿਆਰਿਆਂ ਦੀਆਂ ਵਡਿਆਈਆਂ ਕਰੀਆਂ ਨੇ। ਇਹ ਭਾਅ ਗਈਆਂ ਨੇ।

# ਕੁੰਜੀ ਗੁਰ ਸਉਪਾਈ

***ਸਤਿਨਾਮ ਸ੍ਰੀ ਵਾਹਿਗੁਰੂ***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।***

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥*
*ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥*
*ਅੰਗ - ੭੯੨*

***ਧਾਰਨਾ - ਲਾਡ ਲਡਾਇਆ ਮੈਂ ਤੇਰੇ ਭਰੋਸੇ ਮੈਂ***

*ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥*
*ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ॥*
*ਸੁਹੇਲਾ ਕਹਨੁ ਕਹਾਵਨੁ ॥*
*ਤੇਰਾ ਬਿਖਮੁ ਭਾਵਨੁ ॥ ੧ ॥ ਰਹਾਉ ॥*
*ਹਉ ਮਾਣੁ ਤਾਣੁ ਕਰਉ ਤੇਰਾ*
*ਹਉ ਜਾਨਉ ਆਪਾ ॥*
*ਸਭ ਹੀ ਮਧਿ ਸਭਹਿ ਤੇ ਬਾਹਰਿ*
*ਬੇਮੁਹਤਾਜ ਬਾਪਾ ॥ ੨ ॥*
*ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥*
*ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥ ੩ ॥*
*ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥*
*ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥*
*ਅੰਗ - ੫੨*

***ਧਾਰਨਾ - ਭਾਉ ਭਗਤ ਦਾ ਭੁੱਖਾ***
***ਗੋਬਿੰਦ ਭਾਉ ਭਗਤ ਦਾ ਭੁੱਖਾ।***

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਏਸ ਮੌਸਮ ਦੇ ਅੰਦਰ ਜਦੋਂ ਕਿ ਗਰਮੀ ਹੱਦ ਤੋਂ ਜ਼ਿਆਦਾ ਪੈ ਰਹੀ ਹੈ, ਆਪ ਟੈਂਟ ਦੇ ਹੇਠਾਂ ਬੈਠੇ, ਸਹਿਜ ਤਪ ਦੇ ਵਿਚ, ਜਿਸ ਤਪ ਦਾ ਮੁੱਲ ਅੱਜ ਤੱਕ ਕਿਸੇ ਨੇ ਲਿਖਿਆ ਨਹੀਂ ਹੈ, ਕਿੰਨਾ ਹੁੰਦਾ ਹੈ। ਚਿੱਤ ਦੀਆਂ ਬਿਰਤੀਆਂ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ। ਕੰਨਾਂ ਦੇ ਨਾਲ ਬਾਣੀ ਸੁਣੋ, ਬੁੱਧੀ ਦੇ ਨਾਲ ਸਮਝਣ ਦਾ ਯਤਨ ਕਰੋ, ਸਮਝੀ ਹੋਈ ਗੱਲ ਹਿਰਦੇ 'ਚ ਧਾਰਨ ਕਰੋ। ਹਿਰਦੇ 'ਚ ਧਾਰਨ ਕੀਤੀ ਹੋਈ, ਜੋ ਗੁਰੂ ਮਹਾਰਾਜ ਦੀ ਗੱਲ ਹੈ ਉਪਦੇਸ਼ ਹੈ, ਉਸ ਨੂੰ ਆਪਣੇ ਜੀਵਨ ਵਿਚ ਕਮਾਉਣ ਦਾ ਯਤਨ ਕਰੋ। ਸੋ ਆਪ ਇਕ ਸਤਿਸੰਗ ਦੇ ਮਾਹੌਲ ਵਿਚ ਬੈਠੇ ਓਂ। ਗੁਰੂ ਦੀ ਬਾਣੀ ਅੰਮ੍ਰਿਤ ਦੀ ਵਰਸ਼ਾ ਹੈ, ਸੰਭਾਲਣ ਵਾਸਤੇ ਚਿੱਤ ਦਾ ਬਰਤਨ, ਸ਼ਰਧਾ ਦੇ ਭਾਂਡੇ ਇਹਦੇ ਵਿਚ ਜਿਉਂ-ਜਿਉਂ ਅਸੀਂ ਅੰਮ੍ਰਿਤ ਬਚਨ ਸਾਂਭਦੇ ਜਾਵਾਂਗੇ, ਐਸ ਕਲਜੁਗ ਦੇ ਭਿਆਨਕ ਸਮੇਂ ਦੇ ਅੰਦਰ ਜਦੋਂ ਕੋਈ ਸੁੱਧ ਬੁੱਧ ਮਨੁੱਖ ਨੂੰ ਨਹੀਂ ਰਹੀ, ਅਕਲਾਂ ਹਿੱਲ ਗਈਆਂ ਨੇ, ਖੁਦਗਰਜ਼ ਬੰਦਾ ਬਣ ਗਿਆ ਹੈ ਤੇ ਪ੍ਰਮੇਸ਼ਰ ਦੇ ਪਿਆਰੇ ਹੈਰਾਨ ਨੇ ਕਿ ਹੁਣ ਰਸਤਾ ਕਿਵੇਂ ਮਿਲੇ? ਮਹਾਰਾਜ ਕਹਿੰਦੇ -

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ ॥*
*ਹਉ ਭਾਲਿ ਵਿਕੁੰਨੀ ਹੋਈ ॥*
*ਆਧੇਰੈ ਰਾਹੁ ਨ ਕੋਈ ॥*
*ਵਿਚਿ ਹਉਮੈ ਕਰਿ ਦੁਖੁ ਰੋਈ ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥*
*ਅੰਗ - ੧੪੫*

ਹਨ੍ਹੇਰੇ 'ਚ ਕੋਈ ਰਾਹ ਨਹੀਂ ਲੱਭ ਰਿਹਾ ਕਿਉਂਕਿ ਮੱਸਿਆ ਪੈ ਗਈ, ਪਾਖੰਡ ਦੀ ਮੱਸਿਆ।

*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ ॥ ਅੰਗ - ੧੪੫*

ਕੁੰਜੀ ਗੁਰੂ ਦੇ ਹੱਥ ਹੈ, ਜੋ ਗੁਰੂ ਦੇ ਬਚਨਾਂ ਦੀ ਕੁੰਜੀ ਹੈ। ਹਿਰਦੇ 'ਚੋ ਉਹ ਸਾਂਭ ਲੈਂਦਾ ਹੈ। ਉਹਦੇ ਵਾਸਤੇ ਦਰਵਾਜ਼ੇ ਖੁਲ੍ਹ ਜਾਂਦੇ ਨੇ। ਕਿਉਂਕਿ ਦਰਵਾਜ਼ਾ ਬੰਦ ਕਰ ਦਿਤਾ ਗਿਆ ਹੈ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ ॥ ਅੰਗ - ੨੦੫*

ਬੇਅੰਤ ਰਾਹ ਕਰ ਲਓ, ਲੇਕਿਨ ਰਾਹ ਨਹੀਂ ਕੋਈ ਮਿਲਦਾ ਜਦੋਂ ਤੱਕ ਕੁੰਜੀ ਨਹੀਂ ਦਿੰਦਾ। ਗੁਰੂ ਨੇ ਕੁੰਜੀ ਦਿਤੀ ਹੈ -

***ਸਾਚੁ ਕਹੌਂ ਸੁਨ ਲੇਹੁ ਸਭੈ***
***ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

ਏਸ ਕੁੰਜੀ ਨੂੰ ਸਾਂਭੋ। ਜਿਸ ਨੇ ਵੀ ਸਾਂਭੀ, ਉਹਦੇ ਲਈ ਤਾਲਾ ਖੁਲ੍ਹ ਜਾਏਗਾ। ਸੋ ਵਿਚਾਰ ਜੋ ਆਪਾਂ ਕਰ ਰਹੇ ਹਾਂ ਇਹਨੂੰ ਹਿਰਦੇ 'ਚ ਧਾਰਨ ਕਰੋ, ਇਹ ਨਿਰੀ ਫਿਲਾਸਫੀ ਦੇ ਰੂਪ ਵਿਚ ਨਹੀਂ, ਇਕ ਰੂਪਕ ਦੇ ਰੂਪ ਵਿਚ ਹੈ ਜੋ ਸਤਿ ਦੀ ਕਥਾ ਤੇ ਅਧਾਰਿਤ ਹੈ। ਗੁਰੂ ਨਾਨਕ ਪਾਤਸ਼ਾਹ ਅਕਾਲਪੁਰਖ ਤੋਂ ਹੋ ਕੇ ਵੇਈਂ ਨਦੀ ਦੀ ਚੁੱਭੀ ਮਾਰਨ ਤੋਂ ਬਾਅਦ ਸੁਲਤਾਨਪੁਰ ਚਿੱਤ

ਦੀ ਇਕਾਗਰਤਾ ਦੇ ਨਾਲ ਬਾਣੀ ਪੜ੍ਹਨੀ ਨਮਾਜ਼ ਪੜ੍ਹਨੀ, ਇਸ ਦਾ ਦ੍ਰਿਸ਼ਟਾਂਤ ਦਿਖਾ ਕੇ ਮਰਦਾਨੇ ਨਾਲ ਗੱਲ ਕਰਦੇ ਨੇ, ਮਰਦਾਨਿਆ! ਚੱਲ ਬਈ ਹੁਣ ਆਪਾਂ ਕਿਸੇ ਪਾਸੇ ਚੱਲੀਏ। ਕਹਿੰਦਾ ਮਹਾਰਾਜ! ਮੈਨੂੰ ਕੀ ਪਤਾ ਕਿੱਥੇ ਜਾਣਾ ਹੈ। ਜਿਧਰ ਆਪ ਦੀ ਰਜ਼ਾ ਮੈਂ ਤਾਂ ਆਪ ਦੇ ਪਿੱਛੇ-ਪਿੱਛੇ ਹਾਂ। ਸਾਰੇ ਬ੍ਰਹਿਮੰਡ ਦੇ ਵਿਚੋਂ ਆਵਾਜ਼ ਸੁਣੀ ਏਸ ਧਰਤੀ ਤੇ ਇਕ ਬਹੁਤ ਬਿਰਹੁੰ ਭਰੀ ਆਵਾਜ਼ ਆ ਰਹੀ ਹੈ। ਓਸ ਨੂੰ ਆਪ ਨੇ ਧਿਆਨ ਦੇ ਨਾਲ ਸੁਣਿਆ, ਜਿਸ ਦਾ ਭਾਵ ਇਸ ਤਰ੍ਹਾਂ ਦਾ ਹੈ।

***ਧਾਰਨਾ - ਮੇਰੇ ਵਾਹਿਗੁਰੂ,***
***ਆਪਣਾ ਪਿਆਰਾ ਦਿਓ ਮਿਲਾਇ।***

ਆਵਾਜ਼ ਆ ਰਹੀ ਹੈ, ਧੁਰ ਹਿਰਦੇ 'ਚੋਂ ਨਿਕਲ ਰਹੀ ਹੈ। ਸਾਰੇ ਬ੍ਰਹਿਮੰਡ ਵਿਚ ਫੈਲ ਰਹੀ ਹੈ, ਅਕਾਲ ਪੁਰਖ ਦੇ ਦਰਵਾਜ਼ੇ ਤੇ ਜਾ ਕੇ ਟਨਕੋਰ ਕਰ ਰਹੀ ਹੈ। ਬੇਨਤੀਆਂ ਹੋ ਰਹੀਆਂ ਨੇ ਕਿ ਹੇ ਪ੍ਰਭੂ! ਕੋਈ ਐਸਾ ਪਿਆਰਾ ਮਿਲਾ, ਜਿਹਦੇ ਦਰਸ਼ਨ ਕਰਨ ਮਾਤਰ ਹੀ ਸਾਰੇ ਪਾਪਾਂ ਦਾ ਨਾਸ਼ ਹੋ ਜਾਵੇ।

***ਰਾਮ ਨਾਮੁ ਰਤਨ ਕੋਠੜੀ***
***ਗੜ ਮੰਦਰਿ ਏਕ ਲੁਕਾਨੀ॥ ਅੰਗ - ੧੧੭੮***

ਰਤਨਾਂ ਦੀ ਕੋਠੜੀ ਆਹ ਸਰੀਰ ਦੇ ਵਿਚ ਲਕੋਈ ਹੋਈ ਹੈ। ਮਿਲਦੀ ਕਿਵੇਂ ਹੈ?

***ਸਤਿਗੁਰੁ ਮਿਲੈ ਤ ਖੋਜੀਐ***
***ਮਿਲਿ ਜੋਤੀ ਜੋਤਿ ਸਮਾਨੀ ॥ ਅੰਗ - ੧੧੭੮***

ਜਦੋਂ ਖੋਜ ਲਈ ਫੇਰ ਉਹਨੂੰ ਮਿਲ ਕੇ -

***ਸਤਿਗੁਰੁ ਮਿਲੈ ਤ ਖੋਜੀਐ***
***ਮਿਲਿ ਜੋਤੀ ਜੋਤਿ ਸਮਾਨੀ ॥***
***ਮਾਧੋ ਸਾਧੂ ਜਨ ਦੇਹੁ ਮਿਲਾਇ॥ ਅੰਗ - ੧੧੭੮***

ਹੇ ਵਾਹਿਗੁਰੂ! ਐਹੋ ਜਿਹਾ ਕੋਈ ਸਾਧੂ ਮਿਲਾ ਦੇ।

***ਦੇਖਤ ਦਰਸੁ ਪਾਪ ਸਭਿ ਨਾਸਹਿ***
***ਪਵਿਤ੍ਰ ਪਰਮ ਪਦੁ ਪਾਇ ॥ ਅੰਗ - ੧੧੭੮***

ਜਿਹਦੇ ਦਰਸ਼ਨ ਕਰਦੇ ਸਾਰ ਸਾਰੇ ਪਾਪਾਂ ਦਾ ਖਾਤਮਾ ਹੋ ਜਾਵੇ ਤੇ ਪਵਿਤਰਤਾ ਆ ਜਾਵੇ, ਅੰਤਸ਼ਕਰਣ ਦੀ ਮੈਲ ਲਹਿ ਜਾਵੇ ਤੇ ਪਰਮ ਪਦ ਦੀ ਪ੍ਰਾਪਤੀ ਹੋ ਜਾਏ, ਹੈ ਐਸਾ ਕੋਈ ਸੰਸਾਰ ਦੇ ਅੰਦਰ, ਜਿਹਦੇ ਕੇਵਲ ਦਰਸ਼ਨ ਮਾਤਰ ਨਾਲ ਐਸੀ ਅਵਸਥਾ ਪ੍ਰਾਪਤ ਹੋ ਜਾਵੇ?

ਬੜੀ ਵੱਡੀ ਮੰਗ ਅਕਾਲ ਪੁਰਖ ਦੇ ਦਰ ਤੇ ਰੱਖ ਦਿਤੀ ਤੇ ਨਾਲ ਬੇਨਤੀ ਕੀਤੀ ਹੈ ਕਿ ਪੰਜ ਚੋਰ ਮੇਰੇ ਲਾਗੇ ਨਾ ਲਗਣ। ਐਹ ਨਗਰੀ ਜਿਹਦੇ ਵਿਚ ਰਤਨਾਂ ਦੀ ਕੋਠੜੀ ਸੀ ਇਹ ਪੰਜ ਚੋਰ ਲਗ ਗਏ ਏਸ ਨੂੰ, ਪਾੜ ਲਾ ਲਿਆ ਉਨ੍ਹਾਂ ਨੇ। ਉਹ ਕਰਦੇ ਕੀ ਨੇ?

***ਪੰਚ ਚੋਰ ਮਿਲਿ ਲਾਗੇ ਨਗਰੀਆ***
***ਰਾਮ ਨਾਮ ਧਨੁ ਹਿਰਿਆ ॥***
***ਗੁਰਮਤਿ ਖੋਜ ਪਰੇ ਤਬ ਪਕਰੇ***
***ਧਨੁ ਸਾਬਤੁ ਰਾਸਿ ਉਬਰਿਆ ॥ ਅੰਗ - ੧੧੭੮***

ਗੁਰੂ ਦੀ ਮਤ ਧਾਰਨ ਕਰਕੇ ਜਦੋਂ ਖੋਜ ਕਰੀ ਤਾਂ ਇਕੱਲੇ-ਇਕੱਲੇ ਨੂੰ ਫੜ ਲਿਆ। ਫੇਰ ਨਤੀਜਾ ਕੀ ਹੋਇਆ?

ਧਨ ਸਾਬਤ ਰਹਿ ਗਿਆ ਤੇ ਜਿਹੜੀ ਪੂੰਜੀ ਸੀ ਉਹ ਪੱਲੇ ਰਹਿ ਗਈ।

***ਪਾਖੰਡ ਭਰਮ ਉਪਾਵ ਕਰਿ ਥਾਕੇ***
***ਰਿਦ ਅੰਤਰਿ ਮਾਇਆ ਮਾਇਆ ॥***
***ਸਾਧੂ ਪੁਰਖੁ ਪੁਰਖਪਤਿ ਪਾਇਆ***
***ਅਗਿਆਨ ਅੰਧੇਰੁ ਗਵਾਇਆ ॥ ੩ ॥***
***ਜਗੰਨਾਥ ਜਗਦੀਸ ਗੁਸਾਈ***
***ਕਰਿ ਕਿਰਪਾ ਸਾਧੁ ਮਿਲਾਵੈ ॥ ਅੰਗ - ੧੧੭੮***

ਜਿੰਨੀ ਦੇਰ ਤੱਕ ਵਾਹਿਗੁਰੂ ਵਲੋਂ ਕ੍ਰਿਪਾ ਨਹੀਂ ਹੋਇਆ ਕਰਦੀ, ਓਨੀ ਦੇਰ ਤੱਕ ਪੂਰਨ ਪੁਰਖ ਜਿਸਦੇ ਅਗਿਆਨ ਦਾ ਭਰਮ ਨਾਸ਼ ਹੋ ਚੁੱਕਿਆ। ਜਿਸਦੀ ਜੋਤ ਪਰਮ ਜੋਤੀ ਦੇ ਵਿਚ ਲੀਨ ਹੋ ਚੁੱਕੀ ਹੈ ਤੇ ਓਸੇ ਨੂੰ ਵਾਹਿਗੁਰੂ ਮਿਲਾਇਆ ਕਰਦਾ ਹੈ।

***ਨਾਨਕ ਸਾਂਤਿ ਹੋਵੈ ਮਨ ਅੰਤਰਿ***
***ਨਿਤ ਹਿਰਦੈ ਹਰਿ ਗੁਣ ਗਾਵੈ॥ ਅੰਗ - ੧੧੭੮***

ਜਦੋਂ ਓਹਨੂੰ ਮਿਲ ਜਾਈਦਾ ਹੈ ਤਾਂ ਸਾਰੀਆਂ ਕਲਪਨਾਵਾਂ ਖਤਮ ਤੇ ਮਨ ਦੇ ਅੰਦਰ ਸ਼ਾਂਤੀ ਹੋ ਜਾਂਦੀ ਹੈ। ਫੇਰ ਹਿਰਦੇ ਦੇ ਅੰਦਰ ਵਿਗਾਸ ਆ ਜਾਂਦਾ ਹੈ, ਖੇੜਾ ਆ ਜਾਂਦਾ ਹੈ। ਉਹ ਖੇੜਾ ਚੁੱਪ ਨਹੀਂ ਕਰਾਉਂਦਾ, ਉਦਾਸੀ ਨਹੀਂ ਧਾਰਦਾ, ਮੱਥਾ ਘੁੱਟਿਆ ਹੋਇਆ ਨਹੀਂ ਰਹਿੰਦਾ, ਮੱਥਾ ਖੁਲ੍ਹ ਜਾਂਦਾ ਹੈ ਤੇ ਉਹਦੇ ਅੰਦਰੋਂ ਧੁਨੀ ਨਿਕਲਦੀ ਹੈ ਸ਼ਬਦ ਦੀ। ਗਾਉਂਦਾ ਹੈ ਓਸ ਨੂੰ, ਸਾਂਝਾ ਕਰਦਾ ਹੈ। ਆਪ ਵੀ ਗਾਉਂਦਾ ਹੈ ਤੇ ਦੂਸਰਿਆਂ ਨਾਲ ਵੀ ਸਾਂਝਾ ਕਰਦਾ ਹੈ। ਸੋ ਐਸੀ ਆਵਾਜ਼ ਹੇ ਪ੍ਰਭੂ! ਕੋਈ ਆਪਣਾ ਪਿਆਰਾ ਮੇਲ, ਜਿਹਦੇ ਦਰਸ਼ਨ ਮਾਤਰ ਨਾਲ ਹੀ ਸਾਰੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਇਸਨੂੰ ਲੋਚਾ ਲੱਗੀ ਹੋਈ ਹੈ ਪ੍ਰਭੂ ਦੇ ਮਿਲਾਪ ਦੀ, ਇਸ ਤਰ੍ਹਾਂ ਦੇ ਭਾਵ ਹਿਰਦੇ 'ਚੋਂ ਉਠ ਰਹੇ ਨੇ -

***ਧਾਰਨਾ - ਪ੍ਰਭ ਦਰਸ਼ ਦਿਖਾਵੋ ਜੀ,***
***ਮੇਰੇ ਮਨ ਪਿਆਸ ਲੱਗੀ ਹੈ ਬਹੁਤੀ।***

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ***
***ਦੇਖਿ ਦਰਸੁ ਅਘਾਵੈ ॥ ਅੰਗ - ੭੦੮***

ਪਿਆਸ ਲੱਗੀ ਹੋਈ ਹੈ ਸੱਚਮੁੱਚ ਏਸ ਤਰ੍ਹਾਂ ਜਿਵੇਂ ਮੱਛੀ ਪਾਣੀ ਤੋਂ ਬਗੈਰ ਜਿਉਂਦੀ ਨਹੀਂ ਰਹਿ ਸਕਦੀ। ਐਸੀ ਅਵਸਥਾ ਹੈ, ਦਰਸ਼ਨਾਂ ਦੀ ਲੋਚਾ ਹੈ ਹਿਰਦੇ ਦੇ ਅੰਦਰ। ਤਰਲਾ ਹੈ ਕਿ –

*ਚਿਰੁ ਚਿਰੁ ਚਿਰੁ ਚਿਰੁ ਭਇਆ*
*ਮਨਿ ਬਹੁਤੁ ਪਿਆਸ ਲਾਗੀ ॥*
*ਹਰਿ ਦਰਸਨੋ ਦਿਖਾਵਹੁ ਮੋਹਿ ਤੁਮ ਬਤਾਵਹੁ ॥*
*ਨਾਨਕ ਦੀਨ ਸਰਣਿ ਆਏ ਗਲਿ ਲਾਏ ॥*
*ਅੰਗ - ੪੦੮*

ਬੜੀ ਦੇਰ ਹੋ ਗਈ, ਕਰੋੜਾਂ ਸਾਲ ਹੋ ਗਏ। ਹੇ ਪ੍ਰਭੂ! ਜਦੋਂ ਤੋਂ ਤੇਰੇ ਤੋਂ ਵਿਛੜੇ ਹਾਂ, ਬਹੁਤ ਲੰਮਾ ਚੱਕਰ ਕੱਟਿਆ ਹੈ –

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ॥ ਅੰਗ - ੧੭੬*

*ਕੇਤੇ ਰੁਖ ਬਿਰਖ ਹਮ ਚੀਨੇ*
*ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ*
*ਕੇਤੇ ਪੰਖ ਉਡਾਏ ॥ ਅੰਗ - ੧੫੬*

ਪਤਾ ਨਹੀਂ ਚੌਰਾਸੀ ਦੇ ਗੇੜੇ ਕਿੰਨੇ ਖਾ ਚੁੱਕੇ ਹਾਂ, ਹੇ ਪ੍ਰਭੂ! ਹੁਣ ਤਾਂ ਦਰਸ਼ਨ ਦੇਵੋ। ਬਹੁਤ ਚਿਰ ਹੋ ਗਿਆ। ਮਨੁੱਖ ਬਣਦੇ ਨੂੰ ਵੀ ਸੈਂਕੜੇ ਜਨਮ ਲੰਘ ਗਏ। ਤੇਰਾ ਨਾਮ ਜਪਦੇ ਨੂੰ, ਤੇਰੇ ਰਸਤੇ ਚਲਦੇ ਨੂੰ, ਹਜ਼ਾਰਾਂ ਸਾਲ ਹੋ ਗਏ। ਲੇਕਿਨ ਅਜੇ ਤੱਕ ਦਰਸ਼ਨ ਦੀ ਭਿਖਿਆ ਪ੍ਰਾਪਤ ਨਹੀਂ ਹੋਈ। ਹੁਣ ਤੁਸੀਂ ਦਰਸ਼ਨ ਦਿਖਾਵੋ।

*ਹਰਿ ਦਰਸਨੋ ਦਿਖਾਵਹੁ ਮੋਹਿ ਤੁਮ ਬਤਾਵਹੁ ॥*
*ਨਾਨਕ ਦੀਨ ਸਰਣਿ ਆਏ ਗਲਿ ਲਾਏ ॥*
*ਅੰਗ - ੪੦੮*

ਹੁਣ ਤੁਸੀਂ ਮੈਨੂੰ ਗਲ ਲਾਓ। ਐਸਾ ਵੈਰਾਗ ਹਿਰਦੇ ਦੇ ਅੰਦਰ ਪ੍ਰਗਟ ਹੋ ਕੇ ਭਾਵ ਜਿਹੜੇ ਨੇ ਅਸਮਾਨ ਦੇ ਵਿਚ ਫੈਲ ਰਹੇ ਨੇ।

***ਧਾਰਨਾ - ਮਨ ਬੈਰਾਗ ਭਇਆ,***
***ਦਰਸ਼ਨ ਦੇਖਣੇ ਕਾ ਚਾਓ।***

ਵੈਰਾਗ ਤੇ ਚਾਓ ਦੋ ਚੀਜ਼ਾਂ। ਵੈਰਾਗ ਹੋਵੇ ਤੇ ਚਾਓ ਹੋਵੇ ਦਰਸ਼ਨਾਂ ਦਾ, ਦੋਵੇਂ ਚੀਜ਼ਾਂ ਦੁਰਲੱਭ ਨੇ। ਆਵਾਜ਼ ਆ ਰਹੀ ਹੈ, ਹੇ ਪ੍ਰਭੂ! ਮਨ ਦੇ ਅੰਦਰ ਤੇਰੇ ਦਰਸ਼ਨਾਂ ਦਾ ਵੈਰਾਗ ਵੀ ਹੈ ਤੇ ਦਰਸ਼ਨ ਦੇਖਣ ਦਾ ਮੇਰੇ ਮਨ ਵਿਚ ਬਹੁਤ ਬਹੁਤ ਚਾਓ। ਕ੍ਰਿਪਾ ਕਰ, ਸਾਧੂ ਜਨ ਮਿਲਾ। ਸੁਣਿਆ ਹੈ ਕਿ ਤੂੰ ਨਾਲ ਹੀ ਰਹਿੰਦਾ ਹੈਂ, ਕਿਤੇ ਦੂਰ ਨਹੀਂ ਹੈ। ਸੱਤਵੇਂ ਅਸਮਾਨ ਤੋਂ ਨਹੀਂ ਆਉਣਾ ਪਰ ਕੋਲ ਰਹਿੰਦਾ ਹੀ ਨਹੀਂ ਤੂੰ ਦਿਸਦਾ।

*ਹਰਿ ਘਟਿ ਘਟੇ ਘਟਿ ਬਸਤਾ*
*ਹਰਿ ਜਲਿ ਥਲੇ ਹਰਿ ਬਸਤਾ*
*ਹਰਿ ਥਾਨ ਥਾਨੰਤਰਿ ਬਸਤਾ ਮੈ*
*ਹਰਿ ਦੇਖਨ ਕੋ ਚਾਉ ॥ ਅੰਗ - ੧੨੦੧*

ਚਾਓ ਨਹੀਂ ਹੈ ਸਾਡੇ ਅੰਦਰ। ਨਾਲ ਰਹਿੰਦਾ ਹੈ ਪ੍ਰਮੇਸ਼ਰ। ਕੋਈ ਬੰਦਾ ਐਸਾ ਨਹੀਂ ਜਿਹਦੇ ਨਾਲ ਪ੍ਰਮੇਸ਼ਰ ਨਾ ਰਹਿੰਦਾ ਹੈ। ਲੇਕਿਨ ਸਾਡੇ ਅੰਦਰ ਕਦੇ ਚਾਓ ਨਹੀਂ ਆਉਂਦਾ, ਚਾਓ ਹੋਰ ਚੀਜ਼ਾਂ ਦਾ ਹੈ, ਪੁੱਤਰਾਂ ਨੂੰ ਦੇਖਣ ਦਾ, ਪੈਸੇ ਨੂੰ ਦੇਖਣ ਦਾ, ਦੁਨੀਆਂ ਨੂੰ ਦੇਖਣ ਦਾ। ਵਾਹਿਗੁਰੂ ਦਾ ਤਾਂ ਚਾਓ ਹੀ ਨਹੀਂ ਉਠਦਾ। ਸਾਰਾ ਦਿਨ ਅਸੀਂ ਭੁੱਲੇ ਰਹਿੰਦੇ ਹਾਂ, ਸਾਰਾ ਦਿਨ ਸਾਡੀ ਸੁਰਤ ਪ੍ਰਮੇਸ਼ਰ ਨਾਲੋਂ ਟੁੱਟ ਕੇ ਮੁਰਦਾ ਹੋਈ ਰਹਿੰਦੀ ਹੈ। ਅੰਦਰ ਚਾਓ ਨਹੀਂ ਜਾਗਦਾ ਕਿ ਮੇਰੇ ਕੋਲ ਰਹਿੰਦਾ ਹੈ, ਦਰਸ਼ਨ ਹੁੰਦਾ ਨਹੀਂ। ਕਿਉਂਕਿ ਵੈਰਾਗ ਨਹੀਂ ਪੈਦਾ ਹੋਇਆ। ਸੋ ਮਹਾਰਾਜ ਕਹਿੰਦੇ ਕੋਲ ਰਹਿੰਦਾ ਹੈ। ਸ਼ਬਦ ਵਿਚ ਤਿੰਨ ਵਾਰੀ ਮਹਾਰਾਜ ਨੇ ਫੁਰਮਾਨ ਕਰਿਆ ਹੈ ਕਿ ਘਟ-ਘਟ 'ਚ ਰਹਿੰਦਾ ਹੈ, ਜਲਾਂ ਥਲਾਂ 'ਚ ਰਹਿੰਦਾ ਹੈ, ਥਾਨ-ਥਨੰਤਰਾਂ 'ਚ ਰਹਿੰਦਾ ਹੈ ਜਿਹੜਾ ਐਨਾ ਨੇੜੇ ਰਹਿੰਦਾ ਹੈ, ਮੈਨੂੰ ਤਾਂ ਚਾਓ ਲੱਗਿਆ ਹੋਇਆ ਹੈ ਉਸਦੇ ਦਰਸ਼ਨਾਂ ਦਾ। ਹੁਣ ਕੌਣ ਮਿਲਾਵੇ ? ਕਹਿੰਦੇ ਕੁੰਜੀ ਹੁੰਦੀ ਹੈ।

*ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥*
*ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ*
*ਅਵਰ ਨ ਕੁੰਜੀ ਹਥਿ ॥ ਅੰਗ - ੧੨੩੭*

ਕੋਈ ਪੂਰਾ ਸਾਧੂ ਮਿਲ ਜਾਵੇ, ਜਿਹਦੇ ਹੱਥ ਦੇ ਵਿਚ ਕੁੰਜੀ ਦਿਤੀ ਹੋਵੇ ਤੇ ਉਹ ਮਿਲ ਜਾਵੇ, ਉਹ ਤਾਲਾ ਖੋਲ੍ਹ ਕੇ ਦਿਖਾ ਦੇਵੇ। ਕਿਉਂਕਿ ਅੰਦਰ ਤਾਲਾ ਲੱਗ ਕੇ ਬਜਰ ਕਪਾਟ ਜੜੇ ਨੇ।

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅੰਗ - ੯੫੪*

ਕੋਈ ਐਸਾ ਮਿਲ ਜਾਵੇ ਜਿਹੜਾ ਬਜਰ ਕਪਾਟਾਂ ਨੂੰ ਖੋਲ੍ਹ ਦੇਵੇ।

*ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ*
*ਮੇਰਾ ਪ੍ਰੀਤਮ ਜਨੁ ਸੰਤੋ ਮੋਹਿ ਮਾਰਗੁ ਦਿਖਲਾਵੈ॥*
*ਤਿਸੁ ਜਨ ਕੇ ਹਉ ਮਲਿ ਮਲਿ ਧੋਵਾ ਪਾਉ ॥*
*ਅੰਗ - ੧੨੦੧*

ਇਹ ਨਹੀਂ ਕੋਈ ਨਹੀਂ ਕਿ ਹਿੰਦੂ ਆਵੇ, ਮੁਸਲਮਾਨ ਆਵੇ, ਈਸਾਈ ਆਵੇ, ਕੋਈ ਆ ਜਾਏ, ਕੋਈ ਪ੍ਰਮੇਸ਼ਰ ਦਾ ਪਿਆਰਾ ਆ ਜਾਏ। ਪ੍ਰਮੇਸ਼ਰ ਦੇ

ਪਿਆਰੇ ਦੀ ਜਾਤ ਪ੍ਰਮੇਸ਼ਰ ਹੀ ਹੋਇਆ ਕਰਦੀ ਹੈ। ਬਾਕੀ ਜਾਤਾਂ ਨਹੀਂ ਹੋਇਆ ਕਰਦੀਆਂ, ਉਹਦਾ ਕੋਈ ਧਰਮ ਨਹੀਂ ਹੋਇਆ ਕਰਦਾ, ਉਹਦਾ ਧਰਮ ਪ੍ਰਮੇਸ਼ਰ ਹੋਇਆ ਕਰਦਾ ਹੈ। ਸੋ ਮਹਾਰਾਜ ਕਹਿੰਦੇ ਕੋਈ ਆ ਜਾਓ। ਹਰੀ ਦਾ ਜਨ ਹੋਵੇ –

*.....ਮੇਰਾ ਪ੍ਰੀਤਮ ਜਨੁ ਸੰਤੋ*
*ਮੋਹਿ ਮਾਰਗੁ ਦਿਖਲਾਵੈ॥ ਅੰਗ - ੧੨੦੧*

ਤੇ ਮੇਰਾ ਪਿਆਰਾ ਸੰਤ ਜਿਹੜਾ ਮੈਨੂੰ ਰਸਤਾ ਦਿਖਾ ਦੇਵੇ।

*ਤਿਸੁ ਜਨ ਕੇ ਹਉ ਮਲਿ ਮਲਿ ਧੋਵਾ ਪਾਉ ॥*
*ਅੰਗ - ੧੨੦੧*

ਜਿਹੜਾ ਆ ਜਾਵੇ, ਮੈਂ ਉਹਦੇ ਚਰਨਾਂ ਨੂੰ ਮਲ-ਮਲ ਕੇ ਧੋਵਾਂ, ਉਹਦੀ ਸੇਵਾ ਕਰਾਂ, ਪੱਖੇ ਝੱਲਾਂ। ਉਹਦੇ ਵਾਸਤੇ ਆਟਾ ਪੀਸਾਂ, ਪ੍ਰਸ਼ਾਦੇ ਬਣਾਵਾਂ। ਸਾਰੇ ਕੰਮ ਕਰਾਂ, ਵਸਤਰ ਧੋਵਾਂ। ਆਵੇ ਤਾਂ ਸਹੀ ਕੋਈ ਜਨ ਐਸਾ।

*ਹਰਿ ਜਨ ਸੰਤ ਮਿਲਹੁ ਮੇਰੇ ਭਾਈ ॥*
*ਮੇਰਾ ਹਰਿ ਪ੍ਰਭੁ ਦਸਹੁ ਮੈ ਭੁਖ ਲਗਾਈ ॥*
*ਅੰਗ - ੯੫*

ਦੱਸੋ ਤਾਂ ਸਹੀ ਮੇਰਾ ਪ੍ਰਭੂ ਹੈ ਕਿੱਥੇ? ਕਿਉਂਕਿ ਮੇਰੇ ਮਨ ਦੇ ਅੰਦਰ ਬੜੀ ਭੁੱਖ ਲੱਗ ਗਈ।

*ਮੇਰੀ ਸਰਧਾ ਪੂਰਿ ਜਗਜੀਵਨ ਦਾਤੇ*
*ਮਿਲਿ ਹਰਿ ਦਰਸਨਿ ਮਨੁ ਭੀਜੈ ਜੀਉ ॥*
*ਅੰਗ - ੯੫*

ਹੇ ਅਕਾਲ ਪੁਰਖ! ਤੂੰ ਹੀ ਮੇਰੀ ਸ਼ਰਧਾ ਪੂਰੀ ਕਰ। ਕਿਉਂ?

ਮੈਂ ਉਨ੍ਹਾਂ ਨੂੰ ਮਿਲ ਲਵਾਂ ਤੇ ਤੇਰੇ ਹੋ ਜਾਣ ਦਰਸ਼ਨ ਤੇ ਮੇਰਾ ਮਨ ਕਠੋਰ ਜਿਹੜਾ ਹੈ ਇਹ ਭਿੱਜ ਜਾਵੇ। ਬੜਾ ਜ਼ਬਰਦਸਤ ਸਵਾਲ ਉਠ ਰਿਹਾ ਹੈ ਤੇ ਸਾਰੇ ਆਕਾਸ਼ ਦੇ ਅੰਦਰ ਫੈਲ ਰਿਹਾ ਹੈ।

ਗੁਰੂ ਨਾਨਕ ਪਛਾਣ ਰਹੇ ਨੇ, ਕਹਿਣ ਲੱਗੇ, ਮਰਦਾਨਿਆ! ਹੁਣ ਚੱਲੀਏ ਆਪਾਂ। ਦੱਸ ਬਈ ਤੇਰੀ ਕਿੱਧਰ ਰਜ਼ਾ ਹੈ? ਕਹਿਣ ਲੱਗਿਆ, ਪਾਤਸ਼ਾਹ! ਮੈਂ ਕਲਜੁਗੀ ਜੀਵ ਮੈਨੂੰ ਕੋਈ ਪਤਾ ਨਹੀਂ ਹੈ, ਕਿੱਧਰ ਜਾਣਾ ਹੈ। ਤੂੰ ਸਰਬੱਗ ਸਭ ਕੁਝ ਜਾਨਣਹਾਰ ਹੈਂ ਤੇ ਜਿੱਧਰ ਤੂੰ ਚੱਲੇਂਗਾ ਮੈਂ ਤੁਹਾਡੀ ਪੈਰ ਦੀ ਪੈੜ ਵਿਚ ਪੈਰ ਧਰਦਾ ਪਿੱਛੇ ਤੁਰਿਆ ਆਵਾਂਗਾ। ਜਿੱਥੇ ਤੇਰਾ ਜੀਅ ਕਰਦਾ ਹੈ ਚਲਿਆ ਜਾਹ। ਹੁਣ ਇਕ ਪਾਸੇ ਅਰਦਾਸਾਂ ਹੋ ਰਹੀਆਂ ਨੇ, ਇਹ ਪਾਸੇ ਸੁਣਨ ਵਾਲਾ ਸੁਣ ਰਿਹਾ ਹੈ। ਪੂਰੀਆਂ ਕਦੋਂ ਹੁੰਦੀਆਂ ਨੇ, ਜਿਸ ਵਕਤ ਦਰਗਾਹ ਤੋਂ ਸਰਟੀਫਿਕੇਟ ਮਿਲ ਜਾਵੇ, ਕਿ ਏਸ ਜੀਵ ਦੇ ਭਾਗ ਹੁਣ ਪੂਰੇ ਨੇ। ਪੂਰੇ ਭਾਗ ਹੋਣ ਤਾਂ ਪੂਰਨ ਮਹਾਂਪੁਰਸ਼ ਦੇ ਦਰਸ਼ਨ ਹੁੰਦੇ ਨੇ।

***ਧਾਰਨਾ - ਵੱਡਿਆਂ ਭਾਗਾਂ ਨਾਲ ਮਿਲਦੀ***
***ਸੰਗਤ ਸਾਧੂਆਂ ਦੀ।***

ਦਰਗਾਹ ਤੋਂ ਇਜਾਜ਼ਤ ਮਿਲ ਜਾਂਦੀ ਹੈ ਕਿ ਇਸਨੂੰ ਸਾਧੂ ਦੀ ਸੰਗਤ ਮਿਲ ਜਾਵੇ। ਫੁਰਮਾਨ ਹੈ –

*ਵਡਭਾਗੀ ਹਰਿ ਸੰਗਤਿ ਪਾਵਹਿ ॥ ਅੰਗ - ੯੫*

ਜਿਨ੍ਹਾਂ ਦੇ ਭਾਗ ਜਾਗ ਪਏ ਉਨ੍ਹਾਂ ਨੂੰ ਸੰਗਤ ਪ੍ਰਾਪਤ ਹੋ ਜਾਂਦੀ ਹੈ। ਜਿਨ੍ਹਾਂ ਦੇ ਭਾਗ ਅਜੇ ਨਹੀਂ ਜਾਗੇ-

*ਭਾਗਹੀਨ ਭ੍ਰਮਿ ਚੋਟਾ ਖਾਵਹਿ ॥*
*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ੩ ॥*
*ਮੈ ਆਇ ਮਿਲਹੁ ਜਗਜੀਵਨ ਪਿਆਰੇ ॥*
*ਹਰਿ ਹਰਿ ਨਾਮੁ ਦਇਆ ਮਨਿ ਧਾਰੇ ॥*
*ਗੁਰਮਤਿ ਨਾਮੁ ਮੀਠਾ ਮਨਿ ਭਾਇਆ*
*ਜਨ ਨਾਨਕ ਨਾਮਿ ਮਨੁ ਭੀਜੈ ਜੀਉ ॥*
*ਅੰਗ - ੯੫*

*ਹਉ ਮਨੁ ਤਨੁ ਖੋਜੀ ਭਾਲਿ ਭਾਲਾਈ ॥*
*ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ ॥*
*ਅੰਗ - ੯੪*

ਕਿਹੜਾ ਤਰੀਕਾ ਹੈ ਜਿਹਦੇ ਨਾਲ ਮੇਰਾ ਪ੍ਰੀਤਮ ਮੈਨੂੰ ਮਿਲ ਜਾਵੇ ਤੇ ਮੈਂ ਮਨ ਤੇ ਤਨ ਨੂੰ ਖੋਜ ਲਵਾਂ ਉਹਨੂੰ ਮਿਲ ਕੇ ਤੇ ਫੁਰਮਾਨ ਆਉਂਦਾ ਹੈ ਕਿ ਸੰਗਤ ਵਿਚ ਮਿਲ।

*ਮਿਲਿ ਸਤਸੰਗਤਿ ਖੋਜੁ ਦਸਾਈ*
*ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥*
*ਅੰਗ - ੯੪*

ਸਤਿਸੰਗਤ ਦੇ ਵਿਚ ਜਾਹ।

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨*

ਜਿਸ ਥਾਂ ਦੇ ਉਤੇ ਕੇਵਲ ਪ੍ਰਮੇਸ਼ਰ ਦੇ ਨਾਮ ਦੀ ਗੱਲ ਚੱਲ ਰਹੀ ਹੋਵੇ। ਐਸੀ ਸੰਗਤ ਦੇ ਵਿਚ ਜਾਹ, ਉਥੇ ਖੋਜ ਹੁੰਦੀ ਹੈ ਤੇ ਉਥੋਂ ਹੀ ਪ੍ਰਮੇਸ਼ਰ ਮਿਲ ਜਾਂਦਾ ਹੈ।

ਖੋਜ ਕੇ ਦੇਖ। ਕੀ ਦੇਖ? ਕਹਿੰਦੇ ਨੇਤਰ ਖੋਲ੍ਹ ਕੇ ਦੇਖ। ਕਹਿੰਦਾ, ਮਹਾਰਾਜ! ਮੈਨੂੰ ਤਾਂ ਕੁੱਛ ਦਿਸਦਾ ਨਹੀਂ ਹੈ। ਤੁਸੀਂ ਕੀ ਦੱਸਣਾ ਚਾਹੁੰਦੇ ਓਂ ਜਿਹਨੂੰ ਮੈਂ ਦੇਖਾਂ? ਮਹਾਰਾਜ ਕਹਿੰਦੇ-

*ਮਿਲਿ ਸਤਸੰਗਤਿ ਖੋਜੁ ਦਸਾਈ*
*ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥*
*ਅੰਗ - ੯੪*

ਐਸੀ ਸੰਗਤ ਦੇ ਵਿਚ ਪ੍ਰਮੇਸ਼ਰ ਆਪ ਨਿਵਾਸ ਰੱਖਿਆ ਕਰਦਾ ਹੈ।

ਮਰਦਾਨਿਆ! ਆਵਾਜ਼ ਆ ਰਹੀ ਹੈ ਬਹੁਤ ਜ਼ਬਰਦਸਤ।

ਕਹਿੰਦਾ, ਸੱਚੇ ਪਾਤਸ਼ਾਹ! ਤੂੰ ਜਾਣ, ਮੈਨੂੰ ਤਾਂ ਕੁਛ ਨਹੀਂ ਪਤਾ ਲਗਦਾ।

ਮੈਨੂੰ ਤਾਂ ਆਹੀ ਆਵਾਜ਼ਾਂ ਸੁਣ ਰਹੀਆਂ ਨੇ, ਜਾਂ ਪੰਛੀਆਂ ਦੀਆਂ ਸੁਣ ਰਹੀਆਂ ਨੇ ਜਾਂ ਬੰਦਿਆਂ ਦੇ ਬੋਲਾਂ ਦੀਆਂ ਸੁਣ ਰਹੀਆਂ ਨੇ। ਧੰਨ ਹੈਂ ਤੂੰ ਜਿਹੜਾ ਕਿਸੇ ਹੋਰ ਲੋਕ ਦੀ ਆਵਾਜ਼ ਇਥੇ ਬੈਠਾ ਸੁਣ ਰਿਹਾ ਹੈਂ।

ਕਿਸਦੀ ਆਵਾਜ਼ ਹੈ ਪਾਤਸ਼ਾਹ! ਕੁਛ ਦੱਸੋਂਗੇ?

ਕਹਿੰਦੇ, ਮਰਦਾਨਿਆਂ! ਇਕ ਪਰਮ ਭਗਤ ਹੈ ਉਸ ਭਗਤ ਦੀ ਆਵਾਜ਼ ਆ ਰਹੀ ਹੈ। ਕਈ ਜਨਮਾਂ ਤੋਂ ਕੋਈ ਆਵਾਜ਼ ਆ ਰਹੀ ਹੈ, ਉਹ ਅਕਿਆ ਨਹੀਂ ਹੈ, ਥੱਕਿਆ ਨਹੀਂ ਹੈ। ਪਿਛਲੇ ਜਨਮ 'ਚ ਵੀ ਆਵਾਜ਼ ਦਿੰਦਾ ਰਿਹਾ, ਉਸ ਤੋਂ ਪਹਿਲੇ ਜਨਮ ਵਿਚ ਵੀ ਆਵਾਜ਼ ਦਿੰਦਾ ਰਿਹਾ, ਓਸ ਤੋਂ ਵੀ ਪਹਿਲੇ ਜਨਮ ਵਿਚ ਆਵਾਜ਼ ਦਿੰਦਾ ਰਿਹਾ ਤੇ ਹੁਣ ਉਸਦੀ ਆਵਾਜ਼ ਦਰਗਾਹ ਵਿਚ ਸੁਣੀ ਗਈ ਹੈ।

ਕੌਣ ਹੈ ਐਸਾ ਵਡਭਾਗੀ ਪਾਤਸ਼ਾਹ?

ਕਹਿਣ ਲੱਗੇ, "ਇਥੋਂ 17 ਦਿਨ ਦਾ ਰਸਤਾ ਹੈ ਤੇ ਆਪਾਂ ਚੱਲਣਾ ਹੈ।"

ਪਾਤਸ਼ਾਹ! ਉਹਦਾ ਕੋਈ ਨਾਉਂ, ਕੋਈ ਸ਼ਹਿਰ?

ਕਹਿਣ ਲੱਗੇ, "ਏਮਨਾਬਾਦ ਸ਼ਹਿਰ ਹੈ ਤੇ ਉਥੇ ਇਕ ਕਿਰਤੀ ਸਿੰਘ ਰਹਿੰਦਾ ਹੈ। ਜਿਸਨੂੰ ਲੋਕ ਭਾਈ ਲਾਲੋ ਕਰਕੇ ਸੱਦਦੇ ਨੇ। ਭਗਤੀ ਵਿਚ ਪੂਰਾ ਹੈ, ਥੋੜ੍ਹੀ ਜਿਹੀ ਕਸਰ ਰਹਿੰਦੀ ਹੈ, ਕਈ ਜਨਮ ਦੀ ਭਗਤੀ ਹੈ ਉਸਦੀ, ਹੁਣ ਫਲ ਤੇ ਆਈ ਹੋਈ ਹੈ। ਸੋ ਪਿਆਰ ਹੈ, ਪਿਆਰ ਦੇ ਨਾਲ ਖਿੱਚ ਪਾ ਰਿਹਾ ਹੈ। ਹੁਣ ਸਾਡੇ ਤੋਂ ਹੋਰ ਨਹੀਂ ਠਹਿਰਿਆ ਜਾਂਦਾ।

ਓਸ ਵੇਲੇ ਗੁਰੂ ਨਾਨਕ ਪਾਤਸ਼ਾਹ ਮਰਦਾਨੇ ਨੂੰ ਨਾਲ ਲੈ ਕੇ ਸਨੇ-ਸਨੇ ਚਲਦੇ ਨੇ, ਰਾਤ ਪੈ ਜਾਂਦੀ ਹੈ ਰਹਿ ਪੈਂਦੇ ਨੇ। ਫੇਰ ਚਲਦੇ ਨੇ, ਫੇਰ ਰਹਿ ਪੈਂਦੇ ਨੇ। 17 ਦਿਨ 17 ਰਾਤਾਂ ਚਲਦੇ-ਚਲਦੇ ਏਮਨਾਬਾਦ ਇਕ ਕੱਚੇ ਕੋਠੇ ਦੇ ਸਾਮ੍ਹਣੇ ਜਾ ਕੇ ਖੜ੍ਹ ਜਾਂਦੇ ਨੇ। ਦਰਵਾਜ਼ਾ ਲੱਗਿਆ ਹੋਇਆ ਹੈ, ਦਰਵਾਜ਼ਾ ਖੁਲ੍ਹਦੇ ਸਾਰ ਇਕ ਵਿਹੜਾ ਹੈ ਤੇ ਉਹਦੇ ਅੱਗੇ ਇਕ ਕੱਚਾ ਕਮਰਾ ਹੈ, ਉਹਦੇ ਮੂਹਰੇ ਛੱਪਰ ਪਾਇਆ ਹੋਇਆ ਹੈ ਤੇ ਓਸ ਛੱਪਰ ਦੇ ਹੇਠ ਬੈਠਾ, ਦਿਲ ਜਿਹੜਾ ਹੈ ਉਹ ਪ੍ਰਮੇਸ਼ਰ ਵੱਲ ਹੈ ਤੇ ਹੱਥ ਨੇ ਜਿਹੜੇ ਉਹ ਕਾਰ ਵੱਲ ਨੇ। ਅੰਦਰੋਂ ਅਰਦਾਸ ਤੇ ਅਰਦਾਸ ਉਠਦੀ ਹੈ, ਨੇਤਰਾਂ 'ਚੋਂ ਜਲ ਜਾਂਦਾ ਹੈ ਕਿ ਹੇ ਪ੍ਰਭੂ ਮੇਰੇ ਤੇ ਕਦੋਂ ਕ੍ਰਿਪਾ ਹੋਏਗੀ। ਭਗਤੀ ਜੋ ਹੈ, ਪਿਆਰ ਜੋ ਹੈ ਇਹ ਵਿਹਲੇ ਬੈਠ ਕੇ ਕਰਨ ਵਾਲੀ ਗੱਲ ਨਹੀਂ ਹੈ। ਮਹਾਰਾਜ ਕਹਿੰਦੇ ਇਹ ਤਾਂ ਚਿੱਤ ਦੀ ਅਵਸਥਾ ਹੈ, ਚਿੱਤ ਦੇ ਵਿਚ ਜਿਸਦੇ ਵੀ ਆ ਗਿਆ, ਜਿਸਦੇ ਅੰਦਰ ਖਿੱਚ ਪੈ ਗਈ ਹੱਥ ਕੰਮ ਵਲ ਨੇ ਲੇਕਿਨ ਸੁਰਤ ਪ੍ਰਮੇਸ਼ਰ ਵੱਲ ਹੈ। ਜਿਸਦੇ ਬਾਰੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਹੈ -

***ਧਾਰਨਾ - ਚਿੱਤ ਹਰੀ ਦੇ ਨਾਮ ਨਾਲ ਲਾਈਏ,***
***ਹੱਥੀਂ ਪੈਰੀ ਕੰਮ ਕਰੀਏ।***

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥*
*ਹਾਥ ਪਾਉ ਕਰਿ ਕਾਮੁ ਸਭੁ*
*ਚੀਤੁ ਨਿਰੰਜਨੁ ਨਾਲਿ॥ ਅੰਗ - ੧੩੭੬*

ਹੱਥਾਂ ਪੈਰਾਂ ਦੇ ਨਾਲ ਕੰਮ ਹੋ ਰਿਹਾ ਹੈ ਤੇ ਚਿੱਤ ਓਸ ਨਿਰੰਕਾਰ ਦੀ ਚਰਨ ਸ਼ਰਨ ਦੇ ਵਿਚ ਸਮਾਅ ਕੇ ਅਰਦਾਸ ਵਿਚ ਜੁੜਿਆ ਹੋਇਆ ਹੈ। ਅਚਾਨਕ ਦਰਵਾਜ਼ਾ ਖੜਕਿਆ, "ਭਾਈ ਲਾਲੋ! ਭਾਈ ਲਾਲੋ। ਐਸੀ ਮਿੱਠੀ ਆਵਾਜ਼ ਜਿਸਨੂੰ ਸੁਣਦੇ ਸਾਰ ਸਾਰਾ ਝਰਨਾਟਿਆ ਗਿਆ, ਇਕ ਕੰਬਣੀ ਛਿੜ ਗਈ ਪਿਆਰ ਦੀ, ਹੈਰਾਨ ਹੋ ਰਿਹਾ ਹੈ, ਕੌਣ ਆ ਗਿਆ ਐਨਾ ਪਿਆਰ ਨਾਲ ਬੁਲਾਉਣ ਵਾਲਾ। ਮੈਨੂੰ ਗਰੀਬ ਨੂੰ ਤਾਂ ਕਦੇ ਕਿਸੇ ਨੇ ਪਿਆਰ ਨਾਲ ਬੁਲਾਇਆ ਹੀ ਨਹੀਂ ਸੀ। ਉਹ ਇਹ ਗੱਲ ਵੀ ਕਹਿੰਦੇ ਸੀ ਕਿ ਕੌਣ ਆ ਗਿਆ ਜੋ ਭਾਈ ਬਣਾ ਰਿਹਾ ਹੈ ਤੇ ਭਾਈ ਲਾਲੋ, ਭਾਈ ਲਾਲੋ ਦੀ ਆਵਾਜ਼ ਆ ਰਹੀ ਹੈ ਕਿ ਦਰਵਾਜ਼ਾ ਖੋਲ੍ਹ। ਦਰਵਾਜ਼ਾ ਖੋਲ੍ਹਿਆ ਦਰਸ਼ਨ ਕੀ ਕੀਤੇ, ਦੇਖਦੇ ਸਾਰ ਸਾਰੇ ਤਨ, ਮਨ ਦੇ ਅੰਦਰ ਇਕ ਲਹਿਰ ਦੌੜ ਪਈ। ਅੱਜ ਤੱਕ ਐਸੇ ਪਿਆਰੇ ਦਰਸ਼ਨ ਕਦੇ ਕਿਸੇ ਦੇ ਨਹੀਂ ਸੀ ਕੀਤੇ। ਹੈਰਾਨ ਹੋ ਗਿਆ ਕਿ ਵਾਹਿਗੁਰੂ ਆਪ ਆ ਗਿਆ। ਭਗਵਾਨ ਆਪ ਆ ਗਿਆ। ਕੀ ਹੋਇਆ? ਕੌਣ ਹੋ ਸਕਦਾ ਹੈ? ਓਸ ਵੇਲੇ ਆਪ ਨੇ ਬਚਨ ਕੀਤਾ ਕਿ ਮਹਾਰਾਜ! ਧੰਨ ਭਾਗ ਤੁਸੀਂ ਅੰਦਰ ਚਰਨ ਪਾਓ। ਅੰਦਰ ਆ ਜਾਂਦੇ ਨੇ ਤੇ ਇਕ ਛੋਟੀ ਜਿਹੀ ਪਗੂੰੜੀ ਚੁੱਕ ਕੇ ਲੈ ਆਂਦਾ ਹੈ ਤੇ ਮਹਾਰਾਜ ਜੀ ਦੇ ਅੱਗੇ ਡਾਹ ਦਿੰਦਾ ਹੈ ਤੇ ਓਸ ਪਗੂੰੜੀ ਦੇ ਉਤੇ ਕੱਪੜਾ ਨਹੀਂ ਵਿਛਾਇਆ ਹੋਇਆ। ਕੱਪੜਾ ਲੈਣ ਵਾਸਤੇ ਜਾਂਦਾ ਹੈ ਤਾਂ ਮਹਾਰਾਜ ਕਹਿਣ ਲੱਗੇ ਭਾਈ ਲਾਲੋ! ਕੱਪੜੇ ਦੀ ਕੋਈ ਲੋੜ ਨਹੀਂ ਹੈ। ਐਸ ਤਰ੍ਹਾਂ ਹੀ ਅਸੀਂ ਬੈਠ ਜਾਂਦੇ ਹਾਂ, ਤੂੰ ਆਪਣਾ ਕੰਮ ਕਰ ਤੂੰ ਕਿਰਤੀ ਬੰਦਾ ਹੈਂ।

ਕਹਿਣ ਲੱਗਿਆ, ਪਾਤਸ਼ਾਹ! ਤੁਸੀਂ ਦੱਸੋ ਤਾਂ

ਸਹੀ ਕਿ ਕੌਣ ਹੋਂ ?

ਕਹਿਣ ਲੱਗੇ, ਭਾਈ ਲਾਲੋ! ਤੂੰ ਸਾਨੂੰ ਜਾਣਦਾ ਹੈਂ ਤੇ ਅਸੀਂ ਤੈਨੂੰ ਜਾਣਦੇ ਹਾਂ। ਦੱਸਣ ਦੀ ਕਿਹੜੀ ਗੱਲ ਹੈ।

ਪਾਤਸ਼ਾਹ! ਮੈਂ ਜਾਣਦਾ ਹਾਂ ?

ਕਹਿੰਦੇ, ਹਾਂ ਤੂੰ ਜਾਣਦਾ ਹੈਂ ?

ਕਹਿੰਦੇ, ਆਪਣੇ ਦਿਲ ਦੇ ਅੰਦਰ ਦੇਖ ਕੀਹਨੂੰ ਆਵਾਜ਼ਾਂ ਮਾਰ ਰਿਹਾ ਸੀ।

ਕਹਿਣ ਲੱਗਿਆ, ਮਹਾਰਾਜ! ਤੁਸੀਂ ਨਾਨਕ ਤਾਂ ਨਹੀਂ ਹੋ ਕਿਤੇ ? ਨਾਨਕ ਤਪਾ ਤਾਂ ਨਹੀਂ ਹੋ ਤੁਸੀਂ ?

ਮਹਾਰਾਜ ਕਹਿੰਦੇ, ਫੇਰ ਜਾਣਦਾ ਹੋਇਆ ਨਾ ਸਾਨੂੰ ?

ਕਹਿਣ ਲੱਗਿਆ, ਮਹਾਰਾਜ! ਤੁਸੀਂ ਮੈਨੂੰ ਕਿਵੇਂ ਜਾਣਦੇ ਹੋਂ ?

ਮਹਾਰਾਜ ਕਹਿੰਦੇ, ਕਿ ਅਸੀਂ ਤੈਨੂੰ ਕਈ ਜਨਮ ਦੇ ਜਾਣਦੇ ਹਾਂ।

ਓਸ ਵੇਲੇ ਆਪ ਦੇ ਅੰਦਰ ਬੜੀ ਅਧੀਨਗੀ ਆਈ ਕਿ ਐਡੀ ਵੱਡੀ ਹਸਤੀ ਜਿਸ ਦੇ ਬਾਰੇ ਮੈਂ ਸੁਣਿਆ ਹੈ ਕਿ ਜਿਸ ਦਾ ਨਾਉਂ ਲੈਂਦੇ ਸਾਰ ਖਿੱਚ ਪੈਂਦੀ ਹੈ। ਜਿਸਦੇ ਦਰਸ਼ਨਾਂ ਦੀ ਤਾਬ ਮੇਰੇ ਤੋਂ ਝੱਲੀ ਨਹੀਂ ਜਾ ਰਹੀ। ਮੇਰੇ ਅਗਿਆਨ ਦੇ ਛੌੜ ਕੇਵਲ ਦਰਸ਼ਨ ਕਰਕੇ ਹੀ ਕੱਟੇ ਗਏ। ਉਹ ਮੇਰੇ ਗਰੀਬ ਦੀ ਕੁਟੀਆ ਦੇ ਅੰਦਰ ਆ ਗਏ। ਮੈਂ ਤਾਂ ਕੋਈ ਐਸਾ ਗੁਣ ਨਹੀਂ ਕਰਿਆ ਤੇ ਅਵਗੁਣਾਂ ਦਾ ਭਰਿਆ ਹੋਇਆ ਹਾਂ। ਓਸ ਵੇਲੇ ਅਰਦਾਸ ਇਸ ਤਰ੍ਹਾਂ ਦੇ ਨਾਲ ਕਰਦੇ ਨੇ –

***ਧਾਰਨਾ – ਗੁਣ ਅਵਗੁਣ ਨਾ ਵੀਚਾਰਿਆ***
***ਮੇਰਾ ਕੋਈ,***
***ਦੀਨਾਂ ਦੇ ਪਿਆਰ ਵਾਲਿਆ।***

*ਨਾ ਮੈ ਕੁਲੁ ਨਾ ਸੋਭਾਵੰਤ ॥*
*ਕਿਆ ਜਾਨਾ ਕਿਉ ਭਾਨੀ ਕੰਤ ॥*
*ਮੋਹਿ ਅਨਾਥ ਗਰੀਬ ਨਿਮਾਨੀ ॥*
*ਕੰਤ ਪਕਰਿ ਹਮ ਕੀਨੀ ਰਾਨੀ ॥ ਅੰਗ – ੩੯੪*

ਪਾਤਸ਼ਾਹ! ਅੱਜ ਮੇਰੇ ਭਾਗ ਜਾਗ ਪਏ। ਆਪ ਦੇ ਦਰਸ਼ਨ, ਬੜੀ ਭਾਰੀ ਆਪ ਦੀ ਗਰੀਬਨਿਵਾਜਤ ਹੈ। ਸੁਣਦੇ ਸਾਰ ਲਾਲੋ ਦੇ ਪੈਰ ਧਰਤੀ ਤੇ ਨਹੀਂ ਲੱਗ ਰਹੇ। ਐਨੀ ਖੁਸ਼ੀ ਹੋਈ ਕਿ ਬਜਦ ਦੇ ਵਿਚ ਨੱਚਣ ਨੂੰ ਜੀਅ ਕਰਦਾ ਹੈ। ਘਰਵਾਲੀ ਨੂੰ ਦੱਸਦਾ ਹੈ ਕਿ ਅੱਜ ਆ ਗਏ ਉਹ ਆਪਾਂ ਗਰੀਬਾਂ ਦੇ ਘਰ ਦੇ ਅੰਦਰ। ਐਸ ਤਰ੍ਹਾਂ ਦੇ ਨਾਲ ਫੁਰਮਾਨ ਹੈ –

***ਧਾਰਨਾ – ਅੱਜ ਆ ਗਏ ਨੇ ਨਾਰਾਇਣ***
***ਘਰ ਬਿਦਰ ਦੇ,***
***ਛੱਪਰੀ ਨੂੰ ਭਾਗ ਲੱਗ ਗਏ।***

ਹੈਰਾਨ ਹੋ ਗਿਆ, ਸੁਣੀ ਹੋਈ ਸੀ ਸਾਖੀ ਕਿ ਰਾਜਿਆਂ ਨੂੰ ਛੱਡ ਕੇ ਭਗਵਾਨ ਕ੍ਰਿਸ਼ਨ ਇਕ ਗਰੀਬ ਭਗਤ ਦੇ ਘਰ ਦੇ ਅੰਦਰ ਜਾ ਕੇ ਪ੍ਰਵੇਸ਼ ਕਰਦੇ ਨੇ ਕਿ ਪ੍ਰਵੇਸ਼ ਕਰਨ ਤੋਂ ਬਾਅਦ ਪਿਆਰ 'ਚ ਮਸਤ ਹੋਏ ਅਲੂਣਾ ਸਾਗ, ਕੇਲਿਆਂ ਦੇ ਛਿੱਲੜ ਖਾਧੇ ਤੇ ਪਿਆਰ ਵਿਚ ਮਸਤ ਨੇ। ਓਹੀ ਸਮਾਂ ਬੱਝ ਗਿਆ ਅੱਖਾਂ ਦੇ ਅੱਗੇ। ਮਨਾ! ਇਹ ਗੁਰੂ ਨਾਨਕ ਮੇਰੇ ਘਰ ਵਿਚ! ਤੇ ਬਿਨਾਂ ਬੁਲਾਇਆਂ ਮੇਰੇ ਘਰ ਵਿਚ। ਮੇਰੇ ਭਾਗ ਜਾਗ ਪਏ। ਸਰੀਰ ਤੋਂ ਸਹਿ ਨਹੀਂ ਹੁੰਦਾ, ਐਨੀ ਅੰਦਰ ਕਰੰਟ ਚਲਦੀ ਹੈ, ਧਰਤੀ ਤੇ ਪੈਰ ਨਹੀਂ ਲਗਦਾ। ਕੁਛ ਪਤਾ ਨਹੀਂ ਲਗਦਾ ਕਿ ਮੈਂ ਹੁਣ ਕਰਾਂ ਕੀ ?

ਮਹਾਰਾਜ ਇਸ ਭਾਵ ਨੂੰ ਫੁਰਮਾਉਂਦੇ ਨੇ ਕਿ –

*ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ ॥*
*ਪਾਹੁਨੜੇ ਪਾਹੁਨੜੇ ਮੇਰੇ ਸੰਤ ਪਿਆਰੇ ਰਾਮ ॥*
*ਅੰਗ – ੪੫੨*

ਅੱਜ ਮੇਰਾ ਘਰ ਸੋਹਿਆ ਗਿਆ, ਸੁਹਾਵਣਾ ਹੋ ਗਿਆ।

*ਭਵਨੁ ਸੁਹਾਵੜਾ ਧਰਤਿ ਸਭਾਗੀ ਰਾਮ ॥*
*ਪ੍ਰਭੁ ਘਰਿ ਆਇਅੜਾ ਗੁਰ ਚਰਣੀ ਲਾਗੀ ਰਾਮ॥*
*ਗੁਰ ਚਰਣੀ ਲਾਗੀ ਸਹਜਿ ਜਾਗੀ*
*ਸਗਲ ਇਛਾ ਪੁੰਨੀਆ ॥ ਅੰਗ – ੮੪੬*

ਅੱਜ ਮੇਰੇ ਸੰਤ ਪਰਾਹੁਣੇ ਆ ਗਏ। ਸੰਤ ਕਿਸੇ ਦੇ ਪ੍ਰਾਹੁਣੇ ਆ ਜਾਣ। ਛੋਟੀ ਗੱਲ ਨਹੀਂ ਹੋਇਆ ਕਰਦੀ। ਕੋਈ ਕਦਰਦਾਨ ਹੋਵੇ ਓਸ ਨੂੰ ਪਤਾ ਹੋਇਆ ਕਰਦਾ ਹੈ ਕਿ ਸੰਤ ਪ੍ਰਾਹੁਣੇ ਕਦੋਂ ਆਇਆ ਕਰਦੇ ਨੇ।

*ਜੇ ਤੂ ਵਤਹਿ ਅੰਙਣੇ*
*ਹਭ ਧਰਤਿ ਸੁਹਾਵੀ ਹੋਇ ॥*
*ਹਿਕਸੁ ਕੰਤੈ ਬਾਹਰੀ*
*ਮੈਡੀ ਵਾਤ ਨ ਪੁਛੈ ਕੋਇ ॥ ਅੰਗ – ੧੦੯੫*

ਚਰਨ ਧਰ ਦਿਤਾ ਸਾਰੀ ਧਰਤੀ ਜੀਉਂਦੀ ਹੋ ਗਈ ਪਹਿਲਾਂ ਮੁਰਦੀ ਪਈ ਸੀ। ਭਵਨ ਮੇਰਾ ਸੁਹਾਵੜਾ ਹੋ ਗਿਆ, ਛੱਪਰੀ ਨੂੰ ਭਾਗ ਲੱਗ ਗਏ।

*ਪ੍ਰਭੁ ਘਰਿ ਆਇਅੜਾ*
*ਗੁਰ ਚਰਣੀ ਲਾਗੀ ਰਾਮ ॥*
*ਗੁਰ ਚਰਣੀ ਲਾਗੀ ਸਹਜਿ ਜਾਗੀ*
*ਸਗਲ ਇਛਾ ਪੁੰਨੀਆ ॥ ਅੰਗ – ੮੪੬*

ਮੇਰੀਆਂ ਤਾਂ ਸਾਰੀਆਂ ਇਛਾਵਾਂ, ਵਾਸ਼ਨਾਵਾਂ ਅੱਜ ਪੂਰੀਆਂ ਹੋ ਗਈਆਂ। ਗੁਰੂ ਨਾਨਕ ਦੇ ਚਰਨ ਮੇਰੇ ਘਰ ਵਿਚ ਪੈ ਗਏ।

ਸੰਤਾਂ ਦੀ ਧੂੜੀ ਨੂੰ ਮੰਗਦੇ ਆਹ ਦਿਨ ਆ ਗਏ ਸੀ ਤੇ ਅੱਜ ਮੇਰੀ ਆਸ ਪੂਰੀ ਹੋ ਗਈ। ਸੰਤਾਂ ਦੀ ਧੂੜੀ ਮੈਨੂੰ ਆਪੇ ਪ੍ਰਾਪਤ ਹੋਈ -

*ਮੇਰੀ ਆਸ ਪੂਰੀ ਸੰਤ ਧੂਰੀ*
*ਹਰਿ ਮਿਲੇ ਕੰਤ ਵਿਛੁੰਨਿਆ ॥*
*ਆਨੰਦ ਅਨਦਿਨੁ ਵਜਹਿ ਵਾਜੇ*
*ਅਹੰ ਮਤਿ ਮਨ ਕੀ ਤਿਆਗੀ ॥*
*ਬਿਨਵੰਤਿ ਨਾਨਕ ਸਰਣਿ ਸੁਆਮੀ*
*ਸੰਤਸੰਗਿ ਲਿਵ ਲਾਗੀ ॥* ਅੰਗ - ੮੪੯

ਸੋ ਇਸ ਤਰ੍ਹਾਂ ਦਾ ਜਦੋਂ ਸਮਾਗਮ ਬਣਿਆ। ਉਸ ਵੇਲੇ ਹੈਰਾਨ ਹੋਈ ਜਾਂਦਾ ਹੈ ਤੇ ਮਨ ਦੇ ਵਿਚ ਖਿਆਲ ਆਇਆ ਕਿ ਆਏ ਤਾਂ ਹੈਨ ਮੈਂ ਕੁਛ ਹੁਣ ਜਲ ਪਾਣੀ ਤਾਂ ਛਕਾਵਾਂ। ਉਸ ਵੇਲੇ ਬੇਨਤੀ ਕੀਤੀ ਪਾਤਸ਼ਾਹ! ਦੂਰ ਤੋਂ ਚੱਲ ਕੇ ਆਏ ਹੋ, ਗਰੀਬ ਦੇ ਪਾਸ ਜੋ ਰੁੱਖੀ ਮਿੱਸੀ ਹੈ ਆਪ ਹੁਕਮ ਕਰੋ ਤੇ ਮੈਂ ਤਿਆਰ ਕਰਾਂ। ਮਹਾਰਾਜ ਕਹਿਣ ਲੱਗੇ, ਕੋਈ ਨਾ ਭਾਈ ਲਾਲੋ, ਤਿਆਰ ਕਰੋ ਅਸੀਂ ਜ਼ਰੂਰ ਛੱਕਾਂਗੇ। ਕਿਉਂਕਿ ਤੇਰਾ ਅੰਨ ਜੋ ਹੈ ਸੁੱਚੀ ਕਿਰਤ ਦਾ ਹੈ। ਉਹ ਰੁੱਖਾ ਨਹੀਂ ਹੈ, ਉਸ ਭੋਜਨ ਵਿਚ ਛੱਤੀ ਪ੍ਰਕਾਰ ਦੇ ਭੋਜਨ ਸਮਾਏ ਹੋਏ ਨੇ। ਸੋ ਉਸ ਵੇਲੇ ਭਾਈ ਲਾਲੋ, ਬਾਹਰ ਨੂੰ ਚਲਿਆ ਜਾਂਦਾ ਹੈ। ਘਰਵਾਲੀ ਨੂੰ ਕਹਿ ਦਿਤਾ, ਕੀ ਹੈ ਘਰ ਦੇ ਅੰਦਰ? ਕਹਿਣ ਲੱਗੀ, ਕੋਧਰੇ ਦਾ ਆਟਾ ਹੈ। ਘਿਉ ਵਗੈਰਾ ਹੈ ਕੁੱਛ? ਕਹਿਣ ਲੱਗੀ, ਘਿਉ ਤਾਂ ਹੈ ਨਹੀਂ। ਤੇ ਮਹਾਂਪੁਰਸ਼ਾਂ ਨੂੰ ਆਪਾਂ ਰੁੱਖਾਂ ਹੀ ਪ੍ਰਸ਼ਾਦਾ ਛਕਾਵਾਂਗੇ।

ਚੰਗਾ ਮੈਂ ਸਾਗ ਤੋੜ ਕੇ ਲਿਆਉਂਦਾ ਹਾਂ, ਸਾਗ ਬਣਾਵਾਂਗੇ ਤੇ ਜਿਹੋ ਜਿਹਾ ਹੈ ਉਹੋ ਜਿਹਾ ਅੱਗੇ ਧਰ ਦੇਵਾਂਗੇ। ਮੇਰੀ ਹਾਲਤ ਤਾਂ ਇਹ ਜਾਣਦੇ ਹੀ ਨੇ ਸਾਰੀ ਕੋਈ ਉਚੇਚ ਕਰਨ ਦੀ ਲੋੜ ਨਹੀਂ। ਸੋ ਇਧਰਲੇ ਪਾਸੇ ਜਦੋਂ ਆਪਣੇ-ਆਪਣੇ ਕੰਮਾਂ 'ਚ ਰੁਝ ਜਾਂਦੇ ਨੇ, ਮਰਦਾਨਾ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਐਉਂ ਲਗਦਾ ਹੈ ਜਿਵੇਂ ਬਹੁਤ ਦੇਰ ਦੇ ਇਹਨੂੰ ਜਾਣਦੇ ਓਂ। ਮਹਾਰਾਜ ਕਹਿਣ ਲੱਗੇ, ਮਰਦਾਨਿਆ! ਇਹ ਸਾਧੂ ਹੈ, ਭਗਤ ਹੈ, ਆਪਾਂ ਦੁਨੀਆਂ ਦੇ ਉਤੇ ਚੜ੍ਹਾਈ ਕੀਤੀ ਹੈ ਪਾਖੰਡਾਂ ਨੂੰ ਦੂਰ ਕਰਨ ਦੀ, ਹਨ੍ਹੇਰਾ ਦੂਰ ਕਰਨ ਦੀ, ਧੁੰਦ ਹਟਾਉਣ ਵਾਸਤੇ ਤੇ ਪਹਿਲਾ ਆਪਣਾ ਜੋ ਪੜਾਅ ਹੈ ਉਹ ਇਕ ਸੰਤ ਦੇ ਘਰ ਹੈ, ਕਿਰਤੀ ਦੇ ਘਰ ਹੈ ਜੋ ਭਗਤੀ ਦਾ ਸਰੂਪ ਹੈ। ਭਗਤੀ ਕਰਦਾ ਹੈ ਤੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਹੈ ਕਿ -

*ਸੁਨਿ ਕਰਿ ਬਚਨ ਉਚਾਰੇ*
*ਸ਼੍ਰੀ ਮੁਖ ਚੀਨਹੁ ਸੰਤ ਸਰੂਪਾ।*
*ਭਗਤਿ ਕਰਤਿ ਬੀਤੇ ਕੁਛ ਜਨਮਾ*
*ਅਬ ਭੀ ਸਫਲ ਅਨੂਪਾ।*
*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*

ਕਹਿੰਦੇ ਇਹਨੂੰ ਭਗਤੀ ਕਰਦੇ ਨੂੰ ਕਈ ਜਨਮ ਬੀਤ ਗਏ ਨੇ ਤੇ ਇਹਦੀ ਭਗਤੀ ਨੂੰ ਫਲ ਲਗਣਾ ਹੈ। ਆਪਾਂ ਨੂੰ ਨਿਰੰਕਾਰ ਜੀ ਇਥੇ ਲੈ ਆਏ ਨੇ। ਉਸ ਵੇਲੇ ਇਕ ਪਾਸੇ ਪ੍ਰਸ਼ਾਦਾ ਤਿਆਰ ਹੁੰਦਾ ਹੈ। ਮਰਦਾਨਾ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਮੈਂ ਆਪ ਦੇ ਬੜੇ ਸਤਿਸੰਗ ਕੀਤੇ ਨੇ, ਆਪ ਬੜੇ ਉਪਦੇਸ਼ ਦਿੰਦੇ ਓਂ, ਆਪ ਭਗਤੀ ਦਾ ਉਪਦੇਸ਼ ਜ਼ਿਆਦਾ ਕਿਉਂ ਦਿੰਦੇ ਓਂ?

ਮਹਾਰਾਜ ਕਹਿੰਦੇ, ਜਿਹੜਾ ਗਿਆਨ ਦਾ ਮਾਰਗ ਹੈ, ਕਸ਼ਟ ਯੋਗ ਦਾ ਮਾਰਗ ਹੈ, ਬੁੱਧ ਯੋਗ ਦਾ ਮਾਰਗ ਹੈ, ਸਮ ਯੋਗ ਦਾ ਮਾਰਗ ਹੈ, ਇਹ ਮਰਦਾਨਿਆਂ! ਬੜੇ ਤਲ ਦੇ ਰਸਤੇ ਨੇ ਤੇ ਖਤਰਿਆਂ ਨਾਲ ਭਰੇ ਹੋਏ ਨੇ। ਇਨ੍ਹਾਂ ਦੇ ਵਿਚ ਆਦਮੀ ਗਿਰ ਜਾਂਦਾ ਹੈ। ਕਿਉਂਕਿ ਮਾਇਆ ਜਿਹੜੀ ਹੈ ਉਹਨੂੰ ਨੱਟਣੀ ਆਖਦੇ ਨੇ, ਛੱਲਣੀ ਆਖਦੇ ਨੇ ਉਹ ਛੱਲ ਲਿਆ ਕਰਦੀ ਹੈ, ਇਹ ਮੂਹਰੇ ਖੜ੍ਹੇ ਨਹੀਂ ਰਹਿ ਸਕਦੇ। ਜੋ ਭਗਤੀ ਹੈ ਉਹ ਰਸਤਾ ਹੋਰ ਹੈ। ਹੈ ਬਹੁਤ ਸੁਖਾਲਾ ਪਰ ਰਸਤਾ ਹੋਰ ਹੈ, ਇਹ ਪ੍ਰਮੇਸ਼ਰ ਦੇ ਦਰ ਤੇ ਬੇਅਟਕੇ ਲੈ ਜਾਂਦਾ ਹੈ। ਇਹਦੇ ਵਿਚ ਵੱਡੀਆਂ-ਵੱਡੀਆਂ ਲਹਿਰਾਂ ਨਹੀਂ ਆਉਂਦੀਆਂ ਜਿਹਦੇ ਵਿਚ ਬੇੜੀ ਡੋਲਦੀ ਰਹੇ। ਸਹਿਜ ਦਾ ਰਸਤਾ ਹੈ ਸੋ ਇਸ ਕਰਕੇ ਅਸੀਂ ਇਹ ਪ੍ਰਵਾਨ ਕੀਤਾ ਹੈ ਕਲਜੁਗ ਵਾਸਤੇ।

ਮਰਦਾਨਾ ਕਹਿਣ ਲੱਗਿਆ, ਪਾਤਸ਼ਾਹ! ਸਮਾਂ ਤਾਂ ਹੈ ਆਪਣੇ ਕੋਲ, ਇਹ ਤਾਂ ਪ੍ਰਸ਼ਾਦਾ ਤਿਆਰ ਕਰਦੇ ਨੇ, ਤੁਸੀਂ ਕੁਛ ਕ੍ਰਿਪਾ ਕਰਕੇ ਮੈਨੂੰ ਕੁਛ ਭਗਤੀ ਬਾਰੇ ਦੱਸ ਸਕਦੇ ਓਂ। ਕਿਉਂਕਿ ਮੈਂ ਸੁਣਦਾ ਹੁੰਦਾ ਹਾਂ ਏਸ ਨੂੰ ਬੰਦਗੀ ਕਹਿੰਦੇ ਨੇ, ਇਸ ਨੂੰ ਭਗਤੀ ਕਹਿੰਦੇ ਨੇ। ਸੂਫੀ ਪੀਰ ਕਹਿੰਦੇ ਨੇ ਬੰਦਗੀ ਕਰੋ, ਬੰਦਗੀ ਕਰੋ। ਬੰਦਗੀ ਦਾ ਦਾਨ ਮੰਗਦੇ ਨੇ। ਮੈਨੂੰ ਇਹ ਸਮਝ 'ਚ ਨਹੀਂ ਆਉਂਦੀ ਕਿ ਬੰਦਗੀ ਕੀ ਹੋਈ, ਭਗਤੀ ਕੀ ਹੋਈ? ਕ੍ਰਿਪਾ ਕਰਕੇ ਆਪ ਦੱਸ ਸਕਦੇ ਓਂ?

ਕਹਿਣ ਲੱਗੇ, ਮਰਦਾਨਿਆ! ਤੂੰ ਭਲੀ ਬਾਤ ਪੁੱਛੀ ਹੈ। ਧਿਆਨ ਦੇ ਕੇ ਸਰਵਣ ਕਰੀਂ, ਸੰਖੇਪ ਰੂਪ ਦੇ ਵਿਚ ਅਸੀਂ ਤੈਨੂੰ ਦਸਦੇ ਹਾਂ।

***ਧਾਰਨਾ - ਭਗਤ ਨਵੈ ਪ੍ਰਕਾਰਾ,***
***ਪੰਡਤ ਵੇਦ ਪੁਕਾਰਾ।***

ਮਰਦਾਨਿਆ! ਤੂੰ ਬਈ ਪ੍ਰੇਮੀਆ! ਬਹੁਤ ਚੰਗੀ ਗੱਲ ਪੁੱਛੀ ਕਿਉਂਕਿ ਸੰਸਾਰ ਕਹਿੰਦਾ ਤਾਂ ਹੈ ਕਿ ਫਲਾਣਾ ਭਗਤੀ ਕਰਦਾ ਹੈ, ਫਲਾਣਾ ਭਗਤ ਹੈ, ਫਲਾਣਾ ਬੰਦਗੀ ਕਰਦਾ ਹੈ।

ਕਹਿੰਦਾ, ਮਹਾਰਾਜ! ਮੈਂ ਵੀ ਸੁਣਦਾ ਆਇਆ ਹਾਂ, ਪਰ ਮੈਨੂੰ ਪਤਾ ਨਹੀਂ ਲਗਦਾ ਕਿ ਭਗਤੀ ਕੀ ਹੁੰਦੀ ਹੈ ਤੇ ਬੰਦਗੀ ਕੀ ਹੁੰਦੀ ਹੈ? ਸਮਾਂ ਹੈ, ਇਕਾਂਤ ਹੈ ਕ੍ਰਿਪਾ

ਕਰਕੇ ਆਪਣੇ ਮੁਖਾਰਬਿੰਦ ਤੋਂ ਇਹਦੇ ਬਾਰੇ ਕੁਛ ਚਾਨਣਾ ਪਾਓ। ਮਹਾਰਾਜ ਜੀ ਕਹਿਣ ਲੱਗੇ ਕਿ ਪਹਿਲੀ ਜੋ ਭਗਤੀ ਹੋਇਆ ਕਰਦੀ ਹੈ, ਉਹ ਹੈ ਸਤਿਸੰਗਤ ਦੀ ਸੇਵਾ ਕਰਨੀ, ਪੱਖੇ ਝੱਲਣੇ, ਜਲ ਪਿਲਾਉਣਾ, ਜੋੜੇ ਸਾਂਭ ਕੇ ਰੱਖਣੇ, ਸਾਜ ਵਜਾਉਣੇ, ਕੀਰਤਨ ਕਰਨਾ, ਬਚਨ ਸੁਣਨੇ ਧਿਆਨ ਦੇ ਕੇ, ਬਚਨਾਂ ਨੂੰ ਸੁਣ ਕੇ ਮੰਨਣਾ, ਮੰਨ ਕੇ ਹਿਰਦੇ 'ਚ ਧਾਰਨਾ ਹਿਰਦੇ 'ਚ ਧਾਰ ਕੇ ਉਸ ਤੇ ਅਮਲ ਕਰਨਾ। ਉਹਦੇ ਨਾਲ ਮਿਲ ਕੇ ਆਪਣਾ ਸਮਾਂ ਬਤੀਤ ਕਰਨਾ। ਨੇਮ ਨਾਲ ਸਤਿਸੰਗ 'ਚ ਜਾਂਦਾ ਰਹੇ। ਉਥੇ ਜਾ ਕੇ ਸੇਵਾ ਕਰੇ, ਇਹ ਭਗਤੀ ਪਹਿਲੀ ਹੋਇਆ ਕਰਦੀ।

ਦੂਸਰੀ ਜੋ ਭਗਤੀ ਹੈ –

***ਹਰਿ ਗੁਰੁ ਕੋ ਇਤਿਹਾਸ ਸੁਨੀਜੈ***
***ਮਨ ਏਕਾਗਰ ਲਾਵੈ॥ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਗੁਰੂ ਦੇ ਇਤਿਹਾਸ ਨੂੰ ਪਿਆਰ ਦੇ ਨਾਲ ਸੁਣੋ। ਜਿਸ ਤਰ੍ਹਾਂ ਆਪਾਂ ਹੁਣ ਗੁਰੂ ਦਾ ਇਤਿਹਾਸ ਕਹਿ ਰਹੇ ਹਾਂ ਤੇ ਨਾਲ ਗੁਰਮਤਿ ਦੀ ਵਿਚਾਰ ਵੀ ਕਰ ਰਹੇ ਹਾਂ। ਕਹਿੰਦੇ ਇਹਨੂੰ ਧਿਆਨ ਦੇ ਸੁਣੋ। ਮਨ ਨੂੰ ਇਕਾਗਰ ਕਰਕੇ, ਸਾਰੇ ਪਾਸਿਆਂ ਤੋਂ ਰੋਕ ਕੇ ਏਸ ਗੁਰੂ ਦੇ ਇਤਿਹਾਸ ਨੂੰ ਸੁਣਨ ਵਿਚ ਲਾਵੇ। ਇਸ ਤੋਂ ਗੁਰੂ ਦੇ ਨਾਲ ਪਿਆਰ ਪੈਦਾ ਹੁੰਦਾ ਹੈ। ਗੁਰੂ ਦੀ ਨੇੜਤਾ ਪ੍ਰਾਪਤ ਹੁੰਦੀ ਹੈ। ਮਨ ਦੇ ਵਿਚੋਂ ਜੋ ਦ੍ਵੈਸ਼ ਦੇ, ਘਬਰਾਹਟ ਦੇ ਫੁਰਨੇ ਨੇ, ਦੁਨੀਆਂ ਦੇ ਫੁਰਨੇ ਉਹ ਸਾਰੇ ਨਿਕਲਣੇ ਸ਼ੁਰੂ ਹੋ ਜਾਂਦੇ ਨੇ।

ਦੋ ਤਾਂ ਸਮਝ ਗਿਆ ਨਾ ਮਰਦਾਨਿਆ? ਕਹਿਣ ਲੱਗਿਆ ਮੈਂ ਸਮਝ ਗਿਆ ਮਹਾਰਾਜ। ਪਹਿਲੀ ਤਾਂ ਹੈ ਸੰਗਤ ਦੇ ਵਿਚ ਆ ਕੇ ਸੇਵਾ ਕਰਨੀ, ਦੂਸਰੀ ਹੋਇਆ ਕਰਦੀ ਹੈ ਗੁਰੂ ਦੇ ਇਤਿਹਾਸ ਨੂੰ ਪਿਆਰ ਦੇ ਨਾਲ ਸਰਵਣ ਕਰਨਾ। ਤੀਸਰੀ ਹੋਇਆ ਕਰਦੀ ਹੈ, ਗੁਰੂ ਦਾ ਧਿਆਨ ਹਿਰਦੇ 'ਚ ਧਾਰਨ ਕਰਨਾ ਤੇ ਉਹਦੇ ਵਿਚ ਅੰਤਰਮੁਖ ਹੋ ਕੇ ਫੇਰ ਸੇਵਾ ਕਰਨੀ। ਓਸ ਨੂੰ ਏਸ ਤਰ੍ਹਾਂ ਨਾਲ ਸਮਝ ਲਓ –

***ਧਾਰਨਾ – ਧਰੀਏ ਮਨ ਵਿਚ ਧਿਆਨ***
***ਗੁਰੂ ਦੀ ਮੂਰਤ ਦਾ।***

ਓਸ ਵੇਲੇ ਮਹਾਰਾਜ ਕਹਿਣ ਲੱਗੇ ਕਿ ਇਹ ਦੋ ਤਰ੍ਹਾਂ ਦੀ ਹੁੰਦੀ ਹੈ। ਇਕ ਬਹਿਰੰਗ ਹੁੰਦੀ ਹੈ, ਇਕ ਅੰਤਰੰਗ ਹੁੰਦੀ ਹੈ। ਪਹਿਲਾਂ ਬਹਿਰੰਗ ਹੁੰਦੀ ਹੈ ਫੇਰ ਅੰਤਰ ਹੋਇਆ ਕਰਦੀ ਹੈ। ਮਾਨਸਿਕ ਭਗਤੀ ਭਗਤੀ ਇਹਨੂੰ ਕਹਿੰਦੇ ਨੇ ਤੇ ਗੁਰੂ ਦੇ ਸਰੂਪ ਨੂੰ ਹਿਰਦੇ 'ਚ ਵਸਾ ਕੇ, ਉਨ੍ਹਾਂ ਦੇ ਚਰਨਾਂ ਕਮਲਾਂ 'ਚ ਬੈਠਣਾ ਤੇ ਸੁਰਤ ਦੇ ਨਾਲ ਸ਼ਬਦ ਜੋੜ ਕੇ ਫੇਰ ਉਹਦਾ ਅਭਿਆਸ ਕਰਨਾ।

ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ, ਕਿਉਂਕਿ ਖਿਆਲ ਆਪਣੇ-ਆਪਣੇ ਨੇ। ਬਈ ਜੀ ਇਹ ਤਾਂ ਫੇਰ ਬੁੱਤ ਪ੍ਰਸਤੀ ਹੋ ਗਈ। ਬੁੱਤ ਤਾਂ ਅਸੀਂ ਸਦਾ ਹੀ ਪੂਜਦੇ ਹਾਂ, ਦਿਨ ਰਾਤ ਬੁੱਤ ਸਾਡੇ ਅੰਦਰ ਰਹਿੰਦੇ ਨੇ, ਕਿਸੇ ਦੇ ਅੰਦਰ ਪੁੱਤਰ ਦਾ ਬੁੱਤ ਸਮਾਇਆ ਹੋਇਆ ਹੈ, ਕਿਸੇ ਦੇ ਅੰਦਰ ਲੜਕੀ ਦਾ, ਕਿਸੇ ਦੇ ਅੰਦਰ ਨੂੰਹ ਦਾ, ਕਿਸੇ ਦੇ ਸੱਸ ਦਾ। ਕੋਈ ਬੁੱਤ ਐਸਾ ਹੈ ਜਿਹਦੇ ਨਾਲ ਅਸੀਂ ਪਿਆਰ ਕਰਦੇ ਹਾਂ, ਕੋਈ ਬੁੱਤ ਐਸੇ ਨੇ ਜਿਨ੍ਹਾਂ ਦੇ ਨਾਲ ਅਸੀਂ ਦੁਪਿਆਰ ਕਰਦੇ ਹਾਂ, ਨਫਰਤ ਕਰਦੇ ਹਾਂ, ਦ੍ਵੈਸ਼ ਕਰਦੇ ਹਾਂ, ਕਿਸੇ ਦੇ ਅੰਦਰ ਪੈਸੇ ਦਾ ਬੁੱਤ ਸਮਾਇਆ ਹੋਇਆ ਹੈ, ਕਿਸੇ ਦੇ ਅੰਦਰ ਫੈਕਟਰੀਆਂ ਦਾ ਇੰਡਸਟਰੀਆਂ ਦਾ, ਜ਼ਮੀਨਾਂ ਦਾ ਜਾਇਦਾਦਾਂ ਦਾ, ਟਰੱਕਾਂ ਦਾ, ਅਨੇਕਾਂ ਕਿਸਮ ਦੇ ਬੁੱਤ, ਕਿਸੇ ਦੇ ਅੰਦਰ ਰਾਜਸੀ ਸ਼ਕਤੀ ਦਾ ਬੁੱਤ ਸਮਾਇਆ ਹੋਇਆ ਹੈ ਤੇ ਕਿਸੇ ਦੇ ਅੰਦਰ ਕੋਈ ਬੁੱਤ ਹੈ, ਕਿਸੇ ਦੇ ਅੰਦਰ ਕੋਈ ਬੁੱਤ ਹੈ, ਕੌਣ ਹੈ ਜਿਹਦੇ ਅੰਦਰ ਕੋਈ ਚੀਜ਼ ਸਮਾਈ ਨਹੀਂ ਹੋਈ। ਉਹਨੇ ਸਾਰੇ ਬੁੱਤਾਂ ਤੋਂ ਸ੍ਰੇਸ਼ਟ ਗੁਰੂ ਦਾ ਬੁੱਤ ਹੋਇਆ ਕਰਦਾ ਹੈ। ਕਿਉਂਕਿ ਅਸੀਂ ਅਜੇ ਤੱਕ ਗੁਰੂ ਨੂੰ ਸਮਝਿਆ ਨਹੀਂ ਕਿ ਗੁਰੂ ਕੀ ਹੁੰਦਾ ਹੈ। ਜੇ ਅਸੀਂ ਕਹੀਏ ਕਿ ਗੁਰੂ ਮੂਰਤ, ਗੁਰ ਸ਼ਬਦ ਦੀ ਤਾਂ ਅਜੇ ਸਾਨੂੰ ਸਮਝ ਹੀ ਨਹੀਂ ਆਈ ਹੈ। ਮਨ ਨੂੰ ਟਿਕਾਉਣਾ ਹੈ ਤਾਂ ਤਸੱਬਰ ਹਮੇਸ਼ਾ ਕਿਸੇ ਵਜੂਦ ਦਾ ਹੋਇਆ ਕਰਦਾ ਹੈ। ਸੋ ਉਹ ਉਚੀ ਅਵਸਥਾ ਹੈ ਜੋ ਸ਼ਬਦ ਦੀ ਸੁਰਤ ਦੇ ਨਾਲ ਲਾਈ ਹੈ। ਇਸ ਤੋਂ ਅੱਗੇ ਜੋਤੀ ਦਾ ਹੋਇਆ ਕਰਦਾ ਹੈ ਇਸ ਤੋਂ ਅੱਗੇ ਜੋ ਹੋਇਆ ਕਰਦਾ ਇਹ ਗਿਆਨ ਦੀ ਅਵਸਥਾ ਹੋਇਆ ਕਰਦੀ ਹੈ। ਪਹਿਲੀ-ਪਹਿਲੀ ਜਮਾਤ 'ਚ ਨਹੀਂ ਇਹ ਚੀਜ਼ਾਂ ਹੋਇਆ ਕਰਦੀਆਂ। ਜੇ ਕੋਈ ਪਹਿਲੀਆਂ ਜਮਾਤਾਂ ਕਰੇ ਨਾ ਸਿੱਧਾ ਹੀ ਐਮ.ਏ. 'ਚ ਦਾਖਲ ਹੋਣਾ ਹੈ ਚਾਹੇ ਉਹ ਕਿਤਾਬਾਂ ਨਹੀਂ ਪੜ੍ਹ ਸਕਿਆ ਕਰਦਾ। ਕੋਰਸ ਨਹੀਂ ਪੜ੍ਹਦਾ ਕਿਉਂਕਿ ਹੇਠਾਂ ਤੋਂ ਉਪਰ ਨੂੰ ਜਾਣਾ ਪੈਂਦਾ ਹੈ। ਇਸ ਕਰਕੇ ਆਪ ਫੁਰਮਾਨ ਕਰਦੇ ਨੇ-

***ਪਦ ਅਰਬਿੰਦ ਮਲਿੰਦ ਕਰੈ ਮਨ***
***ਗੁਰੁ ਮੂਰਤਿ ਉਰ ਧਯਾਨਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਚਰਨਾਂ ਕਮਲਾਂ ਨੂੰ ਹਿਰਦੇ 'ਚ ਧਾਰਨ ਕਰਕੇ ਉਨ੍ਹਾਂ ਤੇ ਸੀਸ ਧਰ ਕੇ ਮਨ ਜਿਹੜਾ ਹੈ ਪਿਆਰ ਕਰੇ। ਗੁਰੂ ਦੀ ਮੂਰਤ ਦਾ ਹਿਰਦੇ 'ਚ ਧਿਆਨ ਧਰੇ। ਜਿਸ ਥਾਂ ਅੱਖਾਂ ਤੇ ਨੱਕ ਦੀ ਜੜ੍ਹ ਹੈ ਇਹਨੂੰ ਬ੍ਰਹਿਮੰਡੀ ਹਿਰਦਾ ਕਹਿੰਦੇ ਨੇ। ਪਿੰਡੀ ਹਿਰਦਾ ਜਿਹੜਾ ਹੈ ਦਿਲ ਹੋਇਆ ਕਰਦਾ ਹੈ ਸੋ ਉਹਦੇ ਵਿਚ ਧਿਆਨ ਧਰੇ ਗੁਰੂ ਦਾ। ਇਹ

ਮਰਦਾਨਿਆ! ਤੀਸਰੀ ਭਗਤੀ ਹੁੰਦੀ ਹੈ। ਚੌਥੀ ਭਗਤੀ ਹੁੰਦੀ ਹੈ ਕਿ ਪਿਆਰ ਦੇ ਨਾਲ ਮਨ ਨੂੰ ਚਿੱਤ ਨੂੰ ਇਕਾਗਰ ਕਰਕੇ ਸ਼ਬਦ ਦਾ ਰੂਪ ਹੋ ਕੇ ਹਰੀ ਦਾ ਜਸ ਕਰੇ। ਇਹ ਨਾ ਮਨ ਵਿਚ ਖਿਆਲ ਆਵੇ ਕਿ ਮੇਰੇ ਵਾਜੇ ਦੀਆਂ ਸੁਰਾਂ ਨੂੰ ਲੋਕ ਸੁਣਨ ਤੇ ਮੈਂ ਨਵੀਂ ਤੋਂ ਨਵੀਂ ਟਿਊਨ ਕੱਢ ਕੇ ਇਨ੍ਹਾਂ ਨੂੰ ਦਿਖਾਵਾਂ। ਇਹ ਤਾਂ ਨਿਰਾਰਥਕ ਚੀਜ਼ਾਂ ਨੇ ਕਿਸੇ ਲੇਖੇ 'ਚ ਨਹੀਂ ਪਿਆ ਕਰਦੀਆਂ। ਕਿਉਂਕਿ ਬਿਰਤੀ ਉਥੇ ਨਹੀਂ ਜਾਂਦੀ ਜਿੱਥੇ ਜਾਣੀ ਚਾਹੀਦੀ ਹੈ। ਉਹ ਸੁਰਾਂ ਵਗੈਰਾ 'ਚ ਹੀ ਉਲਝ ਕੇ ਰਹਿ ਜਾਂਦੀ ਹੈ। ਇਸ ਤੋਂ ਵੀ ਉਤੇ ਹੋ ਕੇ, ਸ਼ਬਦ ਦਾ ਰੂਪ ਹੋ ਕੇ ਜਦੋਂ ਹਰੀ ਦਾ ਜਸ ਕਰਦਾ ਹੈ, ਮਰਦਾਨਿਆਂ! ਇਹ ਚੌਥੀ ਭਗਤੀ ਹੈ। ਇਹਨੂੰ ਪ੍ਰਧਾਨ ਭਗਤੀ ਕਹਿੰਦੇ ਨੇ –

***ਕਲਜੁਗ ਮਹਿ ਕੀਰਤਨੁ ਪਰਧਾਨਾ ॥***<br>
***ਗੁਰਮੁਖਿ ਜਪੀਐ ਲਾਇ ਧਿਆਨਾ ॥***<br>
***ਆਪਿ ਤਰੈ ਸਗਲੇ ਕੁਲ ਤਾਰੇ***<br>
***ਹਰਿ ਦਰਗਹ ਪਤਿ ਸਿਉ ਜਾਇਦਾ ॥***

***ਅੰਗ - ੧੦੭੬***

ਕੀਰਤਨ ਕਿਵੇਂ ਕਰਨਾ ਚਾਹੀਦਾ ਹੈ, ਇਹਦੇ ਵਿਚ ਭੇਦ ਹੈ ਸਾਧਸੰਗਤ ਜੀ। ਇਕ ਤਾਂ ਹੈਗਾ ਸੁਰ ਰਸ। ਵਾਜੇ ਦੀਆਂ ਸੁਰਾਂ ਦਾ ਢੋਲਕੀ ਦੇ ਜ਼ੋਰ ਦਾ। ਸਤਾਰ ਦੀਆਂ ਸੁਰਾਂ ਤੇ ਹੋਰ ਸਾਜਾਂ ਦੀਆਂ ਸੁਰਾਂ। ਉਨ੍ਹਾਂ ਦੇ ਮੇਲ ਦਾ ਇਕ ਰਸ ਹੋਇਆ ਕਰਦਾ, ਇਕ ਹੋਰ ਰਸ ਕਹਿੰਦੇ ਨੇ ਉਹਨੂੰ। ਇਕ ਹੋਇਆ ਕਰਦਾ ਹੈ ਸ਼ਬਦ ਦਾ ਰਸ। ਸ਼ਬਦ ਰਸ ਕਿਸੇ ਵਡਭਾਗੀ ਨੂੰ ਪ੍ਰਾਪਤ ਹੁੰਦਾ ਹੈ। ਸੁਰ ਰਸ ਦੇ ਨਾਲ ਆਦਮੀ ਦੀ ਸੁਰਤੀ ਸੁਰਾਂ 'ਚ ਉਲਝ ਕੇ ਰਹਿ ਜਾਂਦੀ ਹੈ। ਉਹ ਵਧੀਆ ਤੋਂ ਵਧੀਆ ਟਿਊਨਾਂ ਬਣਾ ਕੇ ਸੁਣਾਉਂਦਾ ਹੈ। ਸੁਰ ਰਸ ਹੁੰਦਾ ਹੈ, ਉਹ ਟਿਊਨਾਂ ਅੰਦਰ ਵਜਦੀਆਂ ਨੇ, ਸ਼ਬਦ ਨਹੀਂ ਫੇਰ ਵਜਦਾ। ਇਕ ਹੋਇਆ ਕਰਦਾ ਹੈ ਸ਼ਬਦ ਰਸ, ਉਹਦੇ ਨਾਲ ਸ਼ਬਦ ਅੰਦਰ ਬੋਲਦਾ ਰਹਿੰਦਾ ਹੈ, ਸੁਰ ਦਾ ਕੋਈ ਧਿਆਨ ਨਹੀਂ ਹੁੰਦਾ, ਸੁਰਾਂ ਪਿੱਛੇ ਹੁੰਦੀਆਂ ਨੇ, ਸ਼ਬਦ ਅੱਗੇ ਹੁੰਦਾ ਹੈ। ਸੋ ਉਹਦੇ ਬਾਰੇ ਫੁਰਮਾਨ ਕਰਦੇ ਨੇ ਕਿ –

***ਪ੍ਰੇਮ ਸਹਿਤ ਗੁਨ ਗਾਵਹਿ***<br>
***ਮੁਖ ਸੋਂ ਪੁਲਕਾਵਲ ਤਨ ਆਨਾ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਐਵੇਂ ਨਾ ਲੋਕਾਂ ਨੂੰ ਦਿਖਾਉਣ ਵਾਸਤੇ ਗਾ ਤੇ ਜਦੋਂ ਪ੍ਰੇਮ ਸਹਿਤ ਗਾਉਂਦਾ ਹੈ ਉਸ ਵੇਲੇ ਅੰਦਰ ਅਸਰ ਹੁੰਦਾ ਹੈ। ਪ੍ਰੇਮ ਅੰਦਰ ਝਰਨਾਟਾਂ ਮਾਰਦਾ ਹੈ, ਕਰੰਟ ਦਿੰਦਾ ਹੈ, ਅੱਖਾਂ ਨਹੀਂ ਖੋਲ੍ਹ ਕੇ ਇਧਰ ਉਧਰ ਦੇਖਦਾ ਕਿ ਮੈਨੂੰ ਕੋਈ ਦੇਖਦਾ ਵੀ ਹੈ ਕਿ ਨਹੀਂ ਦੇਖਦਾ। ਨਾ ਉਹਨੂੰ ਢੋਲਕੀ ਵਾਲੇ ਨੂੰ ਦੇਖਣ ਦੀ ਲੋੜ ਪੈਂਦੀ ਹੈ, ਢੋਲਕੀ ਵਾਲਾ ਰਲਦਾ ਹੈ ਨਾਲ ਰਲ ਜਾਏ, ਨਹੀਂ ਰਲਦਾ ਨਾ ਰਲੇ। ਪ੍ਰੇਮ ਦੇ ਵਿਚ ਲੀਨ ਹੁੰਦਾ ਹੈ, ਉਹਨੇ ਪ੍ਰੇਮ ਦੇ ਵਿਚ ਲੀਨ ਕਰਨਾ ਹੈ, ਇਕ ਬਾਰਿਸ਼ ਹੋ ਰਹੀ ਹੁੰਦੀ ਹੈ ਪਿਆਰ ਦੀ, ਅੰਮ੍ਰਿਤ ਦੀ ਵਰਸ਼ਾ ਹੋ ਰਹੀ ਹੁੰਦੀ ਹੈ। ਸਾਜ ਤਾਂ ਉਹਦੀ ਸਹਾਇਤਾ ਵਾਸਤੇ ਹੋਇਆ ਕਰਦੇ ਨੇ ਥੋੜ੍ਹੇ ਬਹੁਤੇ। ਜਿਹੜਾ ਸਾਜ ਦਾ ਅਸੀਂ ਕੀਰਤਨ ਕਰਦੇ ਹਾਂ, ਨਵੀਆਂ ਤੋਂ ਨਵੀਆਂ ਟਿਊਨਾਂ ਲਾਉਂਦੇ ਹਾਂ ਉਹ ਜਿਹੜੀ ਚੀਜ਼ ਹੋਇਆ ਕਰਦੀ ਹੈ ਉਹ ਸ਼ਬਦ ਰਸ ਵਿਚ ਨਹੀਂ ਲਿਜਾਂਦੀ। ਸੁਰ ਦੇ ਰਸ ਵਿਚ ਸੁਰਤ ਨੂੰ ਫਸਾ ਕੇ ਰੱਖ ਲੈਂਦੀ ਹੈ। ਜਿਹੜੀ ਸ਼ਬਦ ਦੇ ਰਸ ਵਿਚ ਜਾਂਦੀ ਹੈ ਉਹ ਸੁਰ ਤੋਂ ਉਚੀ ਹੋ ਜਾਂਦੀ ਹੈ ਸੁਰਤ, ਉਹਦੇ ਵਿਚ ਕੀ ਹੁੰਦਾ ਹੈ ਨੇਤਰਾਂ ਦੇ ਵਿਚ ਜਲ ਆਏਗਾ, ਸਰੀਰ ਦੇ ਵਿਚੋਂ ਝਰਨਾਟਾਂ ਆਉਣਗੀਆਂ, ਸ਼ਬਦ ਦੀ ਸਹਿ ਨਹੀਂ ਹੁੰਦੀ ਫੇਰ ਤੇ ਐਸਾ ਵੀ ਹੁੰਦਾ ਹੈ ਕਿ ਕੰਟਰੋਲ ਹਟ ਜਾਵੇ, ਮਸਤਾਨਾ ਹੋ ਜਾਂਦਾ ਹੈ ਆਦਮੀ, ਪਤਾ ਹੀ ਨਹੀਂ ਰਹਿੰਦਾ ਉਸਨੂੰ ਆਲੇ ਦੁਆਲੇ ਦਾ।

ਸੋ ਐਸੇ ਭਾਵ ਦੇ ਅੰਦਰ ਜਦੋਂ ਮਰਦਾਨਿਆ! ਕੀਰਤਨ ਕਰਦਾ ਹੈ, ਇਹ ਚੌਥੀ ਭਗਤੀ ਹੈ। ਪੰਜਵੀਂ ਜੋ ਭਗਤੀ ਹੈ ਉਹ ਹੈ –

***ਦਮ ਸਮ ਭਾ ਬਿਰਕਤ ਕਰਮਨ***<br>
***ਤੇ ਸੁਰਗਾਦਿਕ ਤਜਿ ਚਾਹਾ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਸਾਰੀਆਂ ਇੰਦ੍ਰੀਆਂ ਨੂੰ ਰੋਕੇ, ਕਰਮ ਇੰਦਰੀਆਂ ਨੂੰ ਤੇ ਗਿਆਨ ਇੰਦਰੀਆਂ ਨੂੰ। ਦਮ ਕਹਿੰਦੇ ਨੇ ਇੰਦਰੇ ਰੋਕ ਲੈਣੇ, ਸਮ ਕਹਿੰਦੇ ਨੇ ਮਨ ਨੂੰ ਰੋਕ ਲੈਣਾ। ਮਨ ਨੂੰ ਨੱਠਣ ਨਾ ਦੇਣਾ ਕਿਸੇ ਪਾਸੇ ਵੀ। ਜਿੱਧਰ ਨੂੰ ਜਾਂਦਾ ਹੈ ਬਾਰ-ਬਾਰ, (ਜਿਸਨੂੰ ਪ੍ਰਤਿਹਾਰ ਕਹਿੰਦੇ ਨੇ,) ਮੋੜ ਕੇ ਫੇਰ ਸ਼ਬਦ ਤੇ ਲਾਉਣਾ। ਫੇਰ ਰੋਕਣਾ ਫੇਰ ਸ਼ਬਦ ਤੇ ਲਿਆਉਣਾ। ਰਸ ਵਿਚ ਇਹਨੂੰ ਚੁੱਭੀ ਲਵਾਉਣੀ। ਅੰਮ੍ਰਿਤਸਰ ਦੇ ਵਿਚ ਇਸ਼ਨਾਨ ਕਰਾਉਣਾ। ਕੋਈ ਦੁਨੀਆਂ ਦੀ ਵਾਸ਼ਨਾ ਹਿਰਦੇ 'ਚ ਨਾ ਰਹੇ ਸਿਵਾਏ ਪ੍ਰਮੇਸ਼ਰ ਦੇ। ਨਾ ਕਿਸੇ ਸਵਰਗ ਦੀ, ਨਾ ਕਿਸੇ ਬੈਕੁੰਠ ਦੀ, ਨਾ ਕਿਸੇ ਧਨ ਦੀ ਨਾ ਕਿਸੇ ਹੋਰ ਚੀਜ਼ ਦੀ ਜਿੰਨਾਂ ਚਿਰ ਇਹ ਵਾਸ਼ਨਾਵਾਂ ਕੰਮ ਕਰਦੀਆਂ ਨੇ ਆਦਮੀ ਰਾਗ ਤੇ ਦ੍ਵੈਸ਼ ਵਿਚ ਪੀੜਿਆ ਜਾ ਰਿਹਾ ਹੈ, ਰਿੜਕਿਆ ਜਾ ਰਿਹਾ ਹੈ। ਉਹ ਭਗਤੀ ਦੇ ਰਸਤੇ ਨਹੀਂ ਅਜੇ ਪੈ ਸਕਿਆ। ਸੋ ਇਸ ਤਰ੍ਹਾਂ ਦੇ ਨਾਲ ਤੇ ਦਮ ਇੰਦਰੇ ਰੋਕਣੇ, ਪੰਜੇ ਗਿਆਨ ਇੰਦਰੇ, ਪੰਜੇ ਕਰਮ ਇੰਦਰੇ ਤੇ ਮਨ ਨੂੰ ਰੋਕਣਾ। ਮਨ ਦੇ ਅੰਦਰ ਬਹੁਤ ਗੱਲਾਂ ਨੇ ਕਿਸੇ ਨਾਲ ਬੁਰਿਆਈ ਕਰਦਾ ਹੈ, ਕਿਸੇ ਨਾਲ ਵੈਰ ਕਰਦਾ ਹੈ, ਅਭਿਮਾਨ ਕਰਦਾ ਹੈ, ਕਿਸੇ ਨੂੰ ਮਾੜਾ ਕਹਿੰਦਾ ਹੈ, ਕਿਸੇ ਨੂੰ ਚੰਗਾ ਕਹਿੰਦਾ ਹੈ ਇਨ੍ਹਾਂ ਸਭ ਚੀਜ਼ਾਂ ਨੂੰ ਰੋਕ

ਕੇ ਇਹਨੂੰ ਸ਼ਬਦ ਦੇ ਸਿਧਾਂਤ ਉਤੇ ਲਾਉਣਾ।

ਛੇਵੀਂ ਜੋ ਭਗਤੀ ਹੈ ਮਹਾਰਾਜ ਕਹਿੰਦੇ ਉਹ ਵੀ ਧਿਆਨ ਦੇ ਨਾਲ ਸਰਵਣ ਕਰ ਲਓ। ਉਹ ਇਹ ਹੈ ਕਿ ਸਭ ਤੋਂ ਪਹਿਲਾਂ ਇਹ ਕਹੇ ਕਿ –

***ਕਬੀਰ ਸਭ ਤੇ ਹਮ ਬੁਰੇ***
***ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ***
***ਮੀਤੁ ਹਮਾਰਾ ਸੋਇ ॥ ਅੰਗ – ੧੩੬੪***

ਮਾੜਾ ਹਮੇਸ਼ਾ ਦੂਸਰੇ ਨੂੰ ਉਹ ਕਹੇਗਾ ਜਿਹੜਾ ਆਪਣੇ ਆਪ ਨੂੰ ਚੰਗਾ ਕਹੇਗਾ। ਜਿਹੜਾ ਚੰਗਾ ਕਹੇਗਾ ਉਹ ਗੁਰੂ ਤੋਂ ਦੂਰ ਚਲਿਆ ਜਾਏਗਾ। ਮਹਾਰਾਜ ਕਹਿੰਦੇ, ਚੰਗਿਆਂ ਨਾਲ ਨਹੀਂ ਸਾਡਾ ਕੋਈ ਸਬੰਧ। ਮਹਾਰਾਜ ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ ਕਿ ਜੇ ਮਿੱਤਰ ਬਣਨਾ ਹੈ ਸਾਡਾ ਤਾਂ ਸਭ ਤੋਂ ਬੁਰਾ ਆਪਣੇ ਆਪ ਨੂੰ ਗਿਣ ਲੈ। ਅੱਜ ਤੋਂ ਬਾਅਦ ਕਿਸੇ ਨੂੰ ਬੁਰਾ ਨਾ ਮੰਨੀਂ। ਆਪਣੇ ਆਪ ਨੂੰ ਹੀ ਸਮਝੀਂ ਕਿ ਮੈਂ ਆਪਣੇ ਆਪ ਨੂੰ ਹੀ ਸੁਧਾਰਨ ਵਾਸਤੇ ਉਪਦੇਸ਼ ਕਰ ਰਿਹਾ ਹਾਂ, ਆਪਣੇ ਆਪ ਨੂੰ ਹੀ ਮੈਂ ਸਾਰੀਆਂ ਬਾਣੀ ਦੀਆਂ ਤੁਕਾਂ ਸੁਣਾ ਰਿਹਾ ਹਾਂ। ਲੋਕਾਂ ਨੂੰ ਨਹੀਂ ਸੁਣਾ ਰਿਹਾ। ਸੋ ਇਹ ਚੀਜ਼ ਨਹੀਂ ਆਏਗੀ ਫੇਰ ਕਿਸੇ ਦਾ ਦੋਖ ਮਨ ਵਿਚ ਨਹੀਂ ਆਏਗਾ। ਜਦੋਂ ਦੋਖ ਨਹੀਂ ਆਏਗਾ, ਰਾਗ ਤੇ ਦ੍ਵੈਸ਼ ਨਹੀਂ ਪੈਦਾ ਹੋਏਗਾ। ਮਨ ਪੀੜਿਆ ਨਹੀਂ ਜਾਏਗਾ। ਫੇਰ ਇਹ ਹੈ ਕਿ ਪ੍ਰਮੇਸ਼ਰ ਦੇ ਅਰਪਣ ਕਰ ਦਿਓ ਸਭ ਕੁਛ।

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ***
***ਦੁਖਿ ਭੀ ਤੁਝੈ ਧਿਆਈ ॥ ਅੰਗ – ੭੫੭***

ਦੁਖ ਵਿਚ ਪੈ ਕੇ ਉਲਾਂਭੇ ਨਹੀਂ ਦਿੰਦਾ ਕਿ ਮੈਂ ਐਨੀ ਭਗਤੀ ਕੀਤੀ, ਮੈਂ ਐਨੀ ਸੇਵਾ ਕਰੀ। ਰੱਬ ਕਹਿੰਦਾ ਨਾ ਕਰ, ਤੈਨੂੰ ਲੋੜ ਹੈ ਕਿ ਮੈਨੂੰ ਲੋੜ ਹੈ। ਤੇਰੇ ਭਗਤੀ ਦੇ ਵਿਚ ਕਸਰ ਹੈ ਕੋਈ। ਹਾਨ ਤੇ ਲਾਭ ਤੇਰੇ ਕਰਮਾਂ ਦਾ ਫਲ ਹੈ। ਲਾਭ ਹੁੰਦਾ ਹੈ ਤਾਂ ਉਛਲਣ ਲਗ ਜਾਂਦਾ ਹੈ –

***ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥***
***ਮਾਇਆ ਗਈ ਤਬ ਰੋਵਨੁ ਲਗਤੁ ਹੈ ॥***
***ਅੰਗ – ੪੮੭***

ਤੇਰਾ ਪਿਆਰ ਮਾਇਆ ਨਾਲ ਹੈ ਮੇਰੇ ਨਾਲ ਨਹੀਂ ਹੈ। ਮਿਲ ਜਾਂਦੀ ਹੈ ਤਾਂ ਤੂੰ ਛਾਲਾਂ ਮਾਰਦਾ ਹੈ, ਚਲੀ ਜਾਂਦੀ ਹੈ ਤਾਂ ਤੂੰ ਉਲਾਂਭੇ ਦਿੰਦਾ ਹੈਂ। ਭਗਤੀ ਮੇਰੀ ਕਰਦਾ ਹੈਂ ਕਿ ਮਾਇਆ ਦੀ ਕਰਦਾ ਸੀ। ਤੂੰ ਤਾਂ ਆਪਣੇ ਕਾਰਜ ਦੀ ਸਿੱਧੀ ਵਾਸਤੇ ਲੱਗਿਆ ਹੋਇਆ ਸੀ ਮੈਨੂੰ ਹੋਰ ਮਿਲ ਜਾਏ, ਹੋਰ ਮਿਲ ਜਾਏ। ਕੋਈ ਵਿਰਲਾ ਹੈ ਜਿਹੜਾ ਰੱਬ ਦੇ ਪਿਆਰ ਵਿਚ ਆ ਕੇ ਭਗਤੀ ਕਰਦਾ ਹੈ। ਸੋ ਉਹਦੇ ਬਾਰੇ ਫੁਰਮਾਨ ਹੈ –

***ਪਰ ਕੇ ਦੋਖ ਨ ਚੀਨਤਿ ਮਨ ਮੈਂ.......।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਪਰਾਇਆ ਦੋਖ ਮਨ ਵਿਚ ਨਾ ਹਿਲਾਵੇ।

***........ਹਾਨ ਲਾਭ ਸਮ ਤਾਹਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਘਾਟਾ ਮਿਲ ਜਾਏ, ਵਾਧਾ ਹੋ ਜਾਏ, ਮਾਨ ਮਿਲ ਜਾਏ, ਅਪਮਾਨ ਹੋ ਜਾਏ, ਕੋਈ ਚੰਗਾ ਕਹਿ ਦੇ, ਕੋਈ ਮਾੜਾ ਕਹਿ ਦੇ, ਕੋਈ ਮਨ ਵਿਚ ਨਾ ਲਿਆਵੇ। ਉਸ ਤੋਂ ਬਾਅਦ ਸੱਤਵਾਂ ਜੋ ਹੈ ਉਹ ਕਹਿੰਦੇ =

***ਛਲ ਬਿਹੀਨ ਸਭਿ ਹੀ ਤੇ ਹੋਵਨ......।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਕੋਈ ਵੀ ਛਲ ਕਪਟ ਕਿਸੇ ਨਾਲ ਨਾ ਕਰੇ। ਧੋਖੇ ਵਾਲੀ ਗੱਲ ਨਾ ਕਿਸੇ ਨਾਲ ਵੀ ਕਰੇ।

***.......ਹਰਖ ਸ਼ੋਕ ਨਹਿੰ ਆਵੈ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਮਿਲ ਗਿਆ ਤਾਂ ਖੁਸ਼ੀਆਂ, ਚੱਲਿਆ ਗਿਆ ਤਾਂ ਰੋਣਾ। ਇਨ੍ਹਾਂ ਚੀਜ਼ਾਂ ਤੋਂ ਅੱਡ ਹੋ ਕੇ ਆਪਣੇ ਮਨ ਨੂੰ ਰੱਖੇ। ਮਿਲ ਗਿਆ ਤਾਂ ਖੁਸ਼ੀਆਂ ਚਲਿਆ ਗਿਆ ਸ਼ਿਕਵਾ ਨਾ ਕਰੇ।

ਇਸ ਤੋਂ ਬਾਅਦ ਅਠਵੀਂ ਹੈ ਉਹ ਹੈ ਵਾਹਿਗੁਰੂ ਦੇ ਉਤੇ ਪੂਰਾ ਭਰੋਸਾ। ਉਹਨੂੰ ਹਰ ਵਕਤ ਇਹ ਸਮਝਣਾ ਕਿ ਮੇਰਾ ਜਿਹੜਾ ਪ੍ਰਮੇਸ਼ਰ ਹੈ ਉਹ ਸਰਬ ਕਲਾ ਸਮਰੱਥ ਹੈ। ਉਹ ਦੂਰ ਨਹੀਂ ਹੈ ਮੇਰੇ ਤੋਂ ਤੇ ਉਹਦੀ ਪ੍ਰਤੀਤ ਹਿਰਦੇ 'ਚ ਧਾਰਨ ਕਰਨੀ।

***ਧਾਰਨਾ – ਗੁਰ ਕੀ ਪ੍ਰਤੀਤ ਜੀ***
***ਜਿਸਦੇ ਮਨ ਵਿਚ ਹੈ ਭਾਈ।***

***ਜਾ ਕੈ ਮਨਿ ਗੁਰ ਕੀ ਪਰਤੀਤਿ ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥***
***ਅੰਗ – ੨੮੩***

ਭਗਤੀ ਸਿਰਫ ਓਹੀ ਕਰ ਸਕਦਾ ਹੈ ਜਿਸਦੇ ਮਨ ਅੰਦਰ ਗੁਰੂ ਦੀ, ਪ੍ਰਮੇਸ਼ਰ ਦੀ ਦ੍ਰਿੜ੍ਹ ਪਰਤੀਤ ਹੋਵੇ, ਜੇ ਪ੍ਰਤੀਤ ਨਹੀਂ ਆਈ ਤਾਂ ਗੱਲ ਨਹੀਂ ਕੋਈ ਵੀ ਬਣਿਆ ਕਰਦੀ। ਜਦੋਂ ਪ੍ਰਤੀਤ ਆ ਜਾਂਦੀ ਹੈ ਫੇਰ ਗੁਰੂ ਦੇ ਵਾਸਤੇ ਸਭ ਕੁਝ ਕੁਰਬਾਨ ਕਰਨ ਨੂੰ ਆਦਮੀ ਤਿਆਰ ਰਹਿੰਦਾ ਹੈ, ਉਹਦਾ ਹੁਕਮ ਮੰਨਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਹੁਕਮ ਨੇ, ਇਹ ਕਹਿੰਦੇ ਨਹੀਂ ਹੈ ਕਿ ਤੁਸੀਂ ਕੋਠੀਆਂ ਛੱਡ ਕੇ ਚਲੇ ਜਾਓ, ਨੌਕਰੀ ਛੱਡ ਕੇ ਚਲੇ ਜਾਓ। ਇਹ ਕਹਿੰਦੇ ਨੇ ਕਿ ਖਾਂਦਿਆਂ, ਪੀਂਦਿਆਂ ਪਹਿਨਦਿਆਂ ਤੁਸੀਂ ਹੁਕਮ ਮੰਨੋ। ਬਾਲ

ਬੱਚਿਆਂ ਨੂੰ ਪਾਲੋ, ਆਪਣੀ ਡਿਊਟੀਆਂ ਪੂਰੀਆਂ ਕਰੋ ਤੇ ਹੁਕਮ ਮੰਨੋ ਗੁਰੂ ਦਾ ਇਹਦੇ ਨਾਲ ਤੁਹਾਡਾ ਪਾਰ ਉਤਾਰਾ ਹੋ ਜਾਏਗਾ।

ਸੋ ਸਾਡੇ ਅੰਦਰ ਪ੍ਰਤੀਤ ਨਾ ਹੋਣ ਕਰਕੇ ਅਸੀਂ ਪੂਰੀ ਤਰ੍ਹਾਂ ਗੁਰੂ ਮਹਾਰਾਜ ਦਾ ਹੁਕਮ ਨਹੀਂ ਮੰਨਦੇ ਤੇ ਕਲਪਨਾ ਮਨ ਦੇ ਅੰਦਰ ਹੈ, ਆਪਣੇ ਮਨ ਦੀ ਮਨੌਤ ਬਣਾਈ ਹੋਈ ਅਸੀਂ ਦੂਸਰਿਆਂ ਦੇ ਉਤੇ ਥੋਪਦੇ ਹਾਂ ਕਿਸੇ ਨੂੰ ਮਾੜਾ ਕਹਿੰਦੇ ਹਾਂ ਕਿਸੇ ਨੂੰ ਚੰਗਾ ਕਹਿੰਦੇ ਹਾਂ। ਆਪਣੀਆਂ ਸੇਧਾਂ, ਲਕੀਰਾਂ ਆਪੇ ਹੀ ਕੱਢੀਆਂ ਹੋਈਆਂ ਨੇ, ਗੁਰਮਤਿ ਦੀਆਂ ਲਕੀਰਾਂ ਨਹੀਂ ਹਨ, ਜਦੋਂ ਗੁਰਮਤਿ ਦੀ ਕਸਵੱਟੀ ਤੇ ਕੋਈ ਚੀਜ਼ਾਂ ਤੋਲ ਕੇ ਦੇਖੀ ਜਾਂਦੀ ਹੈ ਉਹ ਛਿੱਤੀ ਪੈ ਜਾਂਦੀ ਹੈ ਕੋਈ ਮਾਇਅਨੇ ਨਹੀਂ ਰੱਖਦੀ। ਫੇਰ ਬੜਾ ਔਖਾ ਹੁੰਦਾ ਹੈ ਕਿਉਂਕਿ ਨਿਹਚੇ ਹੁੰਦੇ ਨੇ ਆਦਮੀ ਉਹਦੇ ਅੰਦਰ, ਗਲਤ ਨਿਹਚੇ ਬਣੇ ਹੁੰਦੇ ਨੇ। ਸੋ ਪਹਿਲਾਂ ਹੀ ਗੁਰੂ ਦੀ ਪ੍ਰਤੀਤ, ਬਾਣੀ ਦੇ ਉਤੇ ਪ੍ਰਤੀਤ ਹੋਵੇ, ਵਾਹਿਗੁਰੂ ਦੇ ਉਤੇ ਪ੍ਰਤੀਤ ਹੋਵੇ ਇਹ ਜ਼ਰੂਰੀ ਚੀਜ਼ ਹੋਇਆ ਕਰਦੀ ਹੈ।

ਗੁਰੂ ਮਹਾਰਾਜ ਗੁਰੂ ਛੇਵੇਂ ਪਾਤਸ਼ਾਹ ਜਦੋਂ ਆਪ ਕਸ਼ਮੀਰ ਵਿਚ ਗਏ। ਉਥੇ ਇਕ ਦਿਨ ਪਹਿਲਗਾਮ ਵਲ ਨੂੰ ਚਲੇ ਗਏ ਬੜਾ ਭਿਆਨਕ ਜੰਗਲ ਸੀ। ਜਦੋਂ ਉਪਰ ਚਲੇ ਗਏ ਤਾਂ ਨਾਲ ਦਿਆਂ ਨੇ ਕਿਹਾ ਕਿ ਸੱਚੇ ਪਾਤਸ਼ਾਹ! ਰਸਤਾ ਐਨਾ ਖਤਰਨਾਕ ਹੈ ਕਿ ਇਥੇ ਬਹੁਤ ਡਰ ਹੈ, ਸ਼ੇਰ ਬੜੇ ਨੇ ਇਥੇ ਤੇ ਉਨ੍ਹਾਂ ਦੇ ਲੁਕਣ ਦਾ ਥਾਉਂ ਵੀ ਬਹੁਤ ਹੈ। ਆਦਮੀ ਨੂੰ ਪਤਾ ਹੀ ਨਹੀਂ ਲਗਦਾ ਕਿਹੜੇ ਵੇਲੇ ਛਾਲ ਮਾਰਦੇ ਹਾਂ। ਉਤੋਂ ਮਾਰਦੇ ਨੇ ਪਹਾੜੀ ਤੋਂ, ਐਸੀਆਂ ਪਹਾੜੀਆਂ ਬਣੀਆਂ ਹੋਈਆਂ ਨੇ ਤੇ ਬਹੁਤ ਗਲਤ ਰਸਤਾ ਹੈ। ਮਹਾਰਾਜ ਕਹਿੰਦੇ ਫੇਰ? ਕਹਿਣ ਲੱਗੇ, ਮਹਾਰਾਜ ਜੀ! ਇਕ ਰਸਤਾ ਹੋਰ ਹੈ ਆਪਾਂ ਓਧਰ ਦੀ ਲੰਘਦੇ, ਕਹਿੰਦੇ ਭਾਈ ਨਿਹਾਲਿਆ ਤੂੰ ਇਥੇ ਖੜ੍ਹੀਂ ਅਸੀਂ ਆਏ। ਭਾਈ ਨਿਹਾਲਾ ਖੜ੍ਹ ਜਾਂਦਾ ਹੈ ਉਥੇ ਭਾਈ ਨਿਹਾਲਾ ਦੂਸਰੇ ਰਸਤੇ ਪਹਾੜ ਦੀ ਸੈਰ ਕਰਕੇ, ਜੰਗਲ ਦੀ ਸੈਰ ਕਰਕੇ ਵਾਪਸ ਚਲੇ ਜਾਂਦੇ ਨੇ। ਇਕ ਦਿਨ ਲੰਘ ਗਿਆ, ਦੂਜਾ ਦਿਨ ਲੰਘ ਗਿਆ, ਤੀਜਾ ਦਿਨ ਜਦੋਂ ਲੰਘਣ ਲੱਗਿਆ ਤਾਂ ਕਹਿਣ ਲੱਗੇ ਭਾਈ ਨਿਹਾਲਾ ਨਹੀਂ ਨਜ਼ਰ ਆਉਂਦਾ। ਕਿੱਥੇ ਹੈ ਉਹ? ਸੱਚੇ ਪਾਤਸ਼ਾਹ! ਆਪ ਨੇ ਹੀ ਤਾਂ ਹੁਕਮ ਦਿਤਾ ਸੀ ਕਿ ਇਥੇ ਖੜ੍ਹ ਅਸੀਂ ਆਉਂਦੇ ਹਾਂ। ਉਸ ਵੇਲੇ ਗੁਰੂ ਮਹਾਰਾਜ ਘੋੜੇ ਤੇ ਸਵਾਰ ਹੋ ਕੇ ਉਸੇ ਥਾਂ ਪਹੁੰਚਦੇ ਨੇ, ਗੁਰਸਿੱਖ ਜਿਥੇ ਹੁਕਮ ਦਿਤਾ ਸੀ ਉਥੇ ਹੀ ਖੜ੍ਹਾ ਹੈ, ਨਾ ਇਕ ਕਦਮ ਇਧਰ ਨੂੰ ਨਾ ਓਧਰ ਨੂੰ ਹੋਇਆ, ਤਿੰਨ ਦਿਨ ਤਿੰਨ ਰਾਤਾਂ ਹੋ ਗਈਆਂ। ਕਿਉਂਕਿ ਹੁਕਮ ਖੜ੍ਹਨ ਦਾ ਸੀ ਕਿ ਇਥੇ ਖੜ੍ਹ ਅਸੀਂ ਆਏ। ਕਿਉਂਕਿ ਪੂਰੀ ਪ੍ਰਤੀਤ ਸੀ ਬਚਨ ਦੇ ਅੰਦਰ। ਜੇ ਨਾ ਹੁੰਦੀ ਤਾਂ ਉਹਨੇ ਕਹਿਣਾ ਸੀ ਦਰਖੱਤ ਤੇ ਚੜ੍ਹ ਜਾਂਦੇ ਹਾਂ ਕਿ ਰਾਤ ਨੂੰ ਕੋਈ ਸ਼ੇਰ ਹੀ ਨਾ ਖਾ ਜਾਵੇ। ਐਨੀ ਕੁ ਤਾਂ ਆਪੇ ਹੀ ਸੋਚ ਲੈਣੀ ਚਾਹੀਦੀ ਹੈ। ਨਾ ਸਾਧਸੰਗਤ ਜੀ! ਜਿਹੜਾ ਪ੍ਰਤੀਤ ਵਾਲਾ ਹੈ ਉਹ ਤਾਂ 100% ਗੁਰੂ ਦਾ ਹੁਕਮ ਮੰਨਦਾ ਹੈ, ਬਿਨਾਂ ਹੀ ਤਪ ਤੋਂ ਬਿਨਾਂ ਹੀ ਕਿਸੇ ਸਾਧਨ ਤੋਂ।

ਉਸ ਵੇਲੇ ਗੁਰੂ ਮਹਾਰਾਜ ਘੋੜੇ ਤੋਂ ਉਤਰੇ ਬੁੱਕਲ 'ਚ ਲੈ ਲਿਆ। ਕਹਿਣ ਲੱਗੇ, ਭਾਈ ਨਿਹਾਲਿਆ! ਨਿਹਾਲ, ਨਿਹਾਲ, ਨਿਹਾਲ। ਤਿੰਨ ਵਾਰੀ ਕਹਿਣ ਦੀ ਦੇਰ ਸੀ ਬ੍ਰਹਮਗਿਆਨ ਦੇ ਭੰਡਾਰ, ਸਾਰੀਆਂ ਸ਼ਕਤੀਆਂ ਦੇ ਭੰਡਾਰ ਬਖਸ਼ ਦਿੰਦੇ ਨੇ। ਕਾਹਤੋਂ ਬਖਸ਼ ਦਿਤੇ? ਕਿਉਂਕਿ ਮਨ ਵਿਚ ਪ੍ਰਤੀਤ ਸੀ। ਪ੍ਰਤੀਤ ਤੋਂ ਬਗੈਰ ਬਚਨ ਦੀ ਕਮਾਈ ਨਹੀਂ ਹੋ ਸਕਦੀ। ਆਦਮੀ ਦੀ ਮਤ ਨਹੀਂ ਹਟਿਆ ਕਰਦੀ। ਆਦਮੀ ਕਹਿੰਦਾ ਹੈ ਕਿ ਮੈਂ ਐਉਂ ਕਰ ਲੈਂਦਾ ਤਾਂ ਐਉਂ ਹੋ ਜਾਂਦਾ, ਜੇ ਐਉਂ ਕਰ ਲੈਂਦਾ ਤਾਂ ਐਉਂ ਹੋ ਜਾਂਦਾ। ਮਹਾਰਾਜ ਕਹਿੰਦੇ ਨੇ ਕਿ ਤੇਰੇ ਹੱਥ ਵਿਚ ਹੈ ਹੀ ਨਹੀਂ ਕੁਛ, ਦਿਤਾ ਹੀ ਨਹੀਂ ਪ੍ਰਮੇਸ਼ਰ ਨੇ।

***ਇਸ ਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ ॥***
***ਜੋ ਤਿਸੁ ਭਾਵੈ ਸੋਈ ਕਰੇਇ ॥ ਅੰਗ - ੨੭੭***

ਇਹਦੇ ਹੱਥ ਵਿਚ ਹੋਵੇ ਤਾਂ ਸਭ ਕੁਛ ਲੈ ਲਵੇ।

ਸੋ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਮਰਦਾਨਿਆ! ਇਹ ਅੱਠਵੀਂ ਚੀਜ਼ ਜਿਹੜੀ ਜ਼ਰੂਰੀ ਹੈ ਉਹ ਹੈ ਗੁਰੂ ਦੇ ਉਤੇ ਦ੍ਰਿੜ੍ਹ ਨਿਸ਼ਚਾ। ਪ੍ਰਮੇਸ਼ਰ ਦੇ ਉਤੇ ਦ੍ਰਿੜ੍ਹ ਨਿਸ਼ਚਾ।

***ਦ੍ਰਿੜ ਨਿਸ਼ਚਾ ਕਰਤਾਰ ਵਿਖੈ***
***ਅਤਿ ਡੋਲ ਨ ਕਬਹੂੰ ਜਾਵੈ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਅਤਿ ਕਹਿੰਦੇ ਨੇ **extreme** ਤੱਕ। ਭਾਈ ਮੰਝ ਜੇ ਖੂਹ ਵਿਚ ਗਿਰ ਗਿਆ, ਉਹਦੇ ਮਨ ਵਿਚ ਇਹ ਨਹੀਂ ਸੀ ਕਿ ਮੈਂ ਆਪਣੀ ਪਤਨੀ ਵੀ ਗਹਿਣੇ ਕਰ ਆਇਆ ਆਪਣੀ ਲੜਕੀ ਦੀ ਮਜ਼ਦੂਰੀ ਵੀ ਮੈਂ ਗਹਿਣੇ ਕਰ ਦਿਤਾ। ਤੇ ਚੌਧਰ ਮੇਰੀ ਜਾਂਦੀ ਰਹੀ। ਜ਼ਮੀਨ ਜਾਇਦਾਦ ਮੇਰੀ ਸਾਰੀ ਜਾਂਦੀ ਰਹੀ ਤੇ ਗੁਰੂ ਮੈਨੂੰ ਬੁਲਾਉਂਦੇ ਨਹੀਂ ਕਿੰਨੇ ਸਾਲ ਹੋ ਗਏ ਮੈਨੂੰ ਸੇਵਾ ਕਰਦੇ ਨੂੰ। ਮੈਨੂੰ ਐਉਂ ਵੀ ਨਹੀਂ ਪੁੱਛਿਆ ਕਿ ਭਾਈ ਮੰਝ! ਤੇਰੇ ਬੱਚਿਆਂ ਦਾ ਕੀ ਹਾਲ ਹੈ? ਉਸ ਵੇਲੇ ਗੁਰੂ ਮਹਾਰਾਜ ਜਦੋਂ ਕੰਢੇ ਜਾ ਕੇ ਖੜ੍ਹਦੇ ਨੇ ਤੇ ਸਿੱਖ ਨੂੰ ਕਿਹਾ ਕਿ ਪੁੱਛ ਕੌਣ ਹੈਂ? ਉਸ ਵੇਲੇ ਆਵਾਜ਼ ਦਿਤਾ ਕਿ ਕੌਣ ਹੈ ਤੂੰ ਸਤਿਨਾਮ ਵਾਹਿਗੁਰੂ ਦਾ ਉਚਾਰਨ ਕਰਨ ਵਾਲਾ। ਕਹਿਣ ਲੱਗਿਆ, ਮੈਂ ਗੁਰੂ ਅਰਜਨ ਸਾਹਿਬ ਪਾਤਸ਼ਾਹ

ਦਾ ਇਕ ਅਧਨਾ ਜਿਹਾ ਸਿੱਖ ਹਾਂ। ਗਰੀਬ ਜਿਹਾ ਸਿੱਖ ਹਾਂ।

ਮਹਾਰਾਜ ਜੀ ਦੇ ਇਹ ਬਚਨ ਸੁਣਦੇ ਸਾਰ ਅੱਖਾਂ 'ਚੋਂ ਜਲ ਆ ਗਿਆ। ਧੰਨ ਸਿੱਖਾ! ਕਿੰਨਾ ਆਪਣੇ ਆਪ ਨੂੰ ਨੀਵਾਂ ਰੱਖਿਆ ਹੋ ਤੇ ਸਿੱਖੀ ਦੀ ਪੀ.ਐਚ. ਡੀ ਪਾਸ ਕਰ ਕਿਹਾ ਹੈ। ਲੱਜ ਸੁੱਟ ਦਿਤੀ ਕਿ ਲੱਜ ਦੇ ਉਤੇ ਤੂੰ ਨਿਕਲ ਆ।

ਕਹਿੰਦਾ ਅਜੇ ਲਕੜੀਆਂ ਸੁੱਕੀਆਂ ਨੇ। ਸੀਸ ਦੇ ਉਤੇ ਰੱਖੀਆਂ ਹੋਈਆਂ ਨੇ, ਗੁਰੂ ਕੇ ਲੰਗਰ 'ਚ ਲਿਜਾਣੀਆਂ ਨੇ ਪਹਿਲਾਂ ਲੱਕੜੀਆਂ ਕੱਢੋ, ਗਿੱਲੀਆਂ ਹੋ ਜਾਣੀਆਂ ਨੇ ਸਾਰੀਆਂ। ਪਿੱਛੋਂ ਮੈਂ ਨਿਕਲ ਆਵਾਂਗਾ। ਅਸੀਂ ਕੀ ਕਰਦੇ ਪਹਿਲਾਂ ਤਾਂ ਗੁਰੂ ਸਾਹਿਬ ਨੂੰ ਕਹਿਣਾ ਸੀ ਕਿ ਤੇਰੀ ਸਿੱਖੀ ਸਾਨੂੰ ਬੜੀ ਮਹਿੰਗੀ ਪਈ ਹੈ, ਖੂਹ ਵਿਚ ਸੁੱਟ ਦਿਤਾ, ਘਰ ਬਾਰ ਬਰਬਾਦ ਹੋ ਗਿਆ, ਜ਼ਮੀਨ ਜਾਇਦਾਦ ਸਰੀਕਾਂ ਨੇ ਖੋਹ ਲਈ, ਲੜਕੀ ਕਿਤੇ ਹੈ, ਘਰਵਾਲੀ ਕਿਤੇ ਹੈ ਪਤਾ ਨਹੀਂ ਕੀ ਦਾ ਹਾਲ ਹੋ ਜਾਏ? ਮੈਨੂੰ ਤੂੰ ਮਿਲਾਇਆ ਹੀ ਨਹੀਂ ਹੈ ਕਿੰਨੇ ਸਾਲ ਦਾ ਮੈਂ ਸੇਵਾ ਕਰਦਾ ਹਾਂ, ਇਕ ਵਾਰੀ ਤਾਂ ਪੁੱਛ ਲੈਂਦਾ ਕਿ ਮੰਝ! ਕੀ ਹਾਲ ਹੈ ਤੇਰਾ? ਤੇਰੇ ਮਨ ਦਾ ਕੀ ਹੱਲ ਹੈ ਕੋਈ ਤਕਲੀਫ ਤਾਂ ਨਹੀਂ ਤੈਨੂੰ? ਨਾ ਇਹ ਗੱਲ ਨਹੀਂ, ਲੱਕੜੀਆਂ ਨੂੰ ਪੈਰਾਂ ਦੇ ਥੱਲੇ ਦੇ ਕੇ ਬਾਹਰ ਨਿਕਲਦੇ, ਉਚਾ ਖੜ੍ਹਦੇ ਕਿ ਕਿਤੇ ਡੁੱਬ ਨਾ ਜਾਈਏ। ਧੰਨ ਹੈ ਉਹ ਗੁਰਸਿੱਖ ਇਹ ਨਹੀਂ ਵਿਚਾਰਦਾ ਉਹ ਲੱਕੜੀਆਂ ਨੂੰ ਸਿਰ ਤੇ ਰੱਖੀਂ ਖੜ੍ਹਾ ਹੈ। ਬੁੱਲ੍ਹਾਂ ਤੱਕ ਪਾਣੀ ਆਇਆ ਹੋਇਆ ਹੈ। ਅੱਡੀਆਂ ਚੁੱਕੀਆਂ ਹੋਈਆਂ ਨੇ, ਕਹਿੰਦਾ ਪਹਿਲਾਂ ਲੱਕੜੀਆਂ ਕੱਢ ਲਓ, ਸੁੱਕੀਆਂ ਨੇ ਮੈਂ ਪਿਛੋਂ ਨਿਕਲ ਆਵਾਂਗਾ। ਸੋ ਇਹ ਪ੍ਰਤੀਤ ਦੀਆਂ ਗੱਲਾਂ ਨੇ ਸਾਧਸੰਗਤ ਜੀ! ਜਿਸ ਦੇ ਅੰਦਰ ਪਰਤੀਤ ਆ ਜਾਏ, ਉਹਦੇ ਪ੍ਰਮੇਸ਼ਰ ਯਾਦ ਆਇਆ ਕਰਦਾ ਹੈ। ਮਹਾਰਾਜ ਕਹਿੰਦੇ ਇਹਨੂੰ ਫੇਰ ਫਲ ਲੱਗਿਆ ਕਰਦਾ ਹੈ ਪ੍ਰੇਮ ਦਾ। ਜਦੋਂ ਪ੍ਰੇਮ ਦਾ ਫਲ ਲਗਦਾ ਹੈ ਫੇਰ ਜਿਹੜੇ ਪ੍ਰੇਮੀ ਹੈ ਆਪਣਾ ਤਨ, ਮਨ, ਧਨ ਸਾਰਾ ਹੀ ਦੇ ਦਿੰਦਾ ਹੈ। ਫੇਰ ਉਹਦੀ ਕੋਈ ਮਰਜ਼ੀ ਨਹੀਂ ਰਹਿੰਦੀ, ਕੋਈ ਉਹਦਾ ਨਿਜ ਦਾ ਫੁਰਨਾ ਨਹੀਂ ਰਹਿੰਦਾ, ਜੇ ਘਾਹ ਵਢਾਉਣ ਲੱਗ ਗਿਆ ਤਾਂ ਘਾਹ ਵੱਢੀ ਜਾਏਗੀ, ਤਖਤ ਤੇ ਬਿਠਾ ਦਿਤਾ ਤਾਂ ਤਖਤ ਤੇ ਬੈਠ ਜਾਏਗਾ। ਜੇ ਕੁਛ ਦੇ ਦਿਤਾ ਤਾਂ ਵੀ ਖੁਸ਼ੀ, ਜੇ ਧੱਕੇ ਮਾਰ ਦਿਤੇ, ਤਾਂ ਵੀ ਖੁਸ਼ੀ। ਜੇ ਵਡਿਆਈ ਦੇ ਦਿਤੀ ਤਾਂ ਉਹਦੀ ਕ੍ਰਿਪਾ, ਜੇ ਬਾਹਰ ਕੱਢ ਦਿਤਾ ਧੱਕੇ ਮਾਰ ਕੇ ਉਹਦੀ ਮੌਜ। ਪਿਆਰ ਦੇ ਵਿਚ ਨਹੀਂ ਕੋਈ ਉਲਾਂਭਾ ਹੋਇਆ ਕਰਦਾ। ਉਲਾਂਭੇ ਤੇ ਸ਼ਿਕਵੇ ਉਥੇ ਹੀ ਹੁੰਦੇ ਨੇ ਜਿੱਥੇ ਪਿਆਰ ਪੂਰਾ ਨਾ ਹੋਵੇ, ਜਿਥੇ ਮੈਂ ਰਹਿੰਦੀ ਹੋਵੇ। ਉਥੇ ਮਹਾਰਾਜ ਕਹਿੰਦੇ ਫੇਰ ਉਹ ਆਪਣੀ ਮੈਂ ਨੂੰ ਗਹਿਣੇ ਕਰਦਾ ਹੈ, ਅਰਪਣ ਕਰਦਾ ਹੈ, ਉਹਨੂੰ ਸਮਰਪਣ ਕਹਿੰਦੇ ਨੇ। ਜਦੋਂ ਸਮਰਪਣ ਕਰਦਾ ਹੈ, ਫੇਰ ਭਗਤੀ ਬਣ ਜਾਂਦੀ ਹੈ। ਪਰਾ ਭਗਤੀ ਦੇ ਵਿਚ ਆਪਣਾ ਆਪ ਲੀਨ ਹੋ ਜਾਂਦਾ ਹੈ। ਆਪ ਕੁਛ ਵੀ ਨਹੀਂ ਰਹਿੰਦਾ। ਫੇਰ ਇਥੇ ਰਹਿ ਕੀ ਜਾਂਦਾ ਹੈ ਇਥੇ ਵਾਹਿਗੁਰੂ ਰਹਿ ਜਾਂਦਾ ਹੈ। ਜਦੋਂ ਇਹਦਾ ਝਲਕਾਰਾ ਉਹਨੂੰ ਵਜਦਾ ਹੈ, ਓਸ ਵੇਲੇ ਇਹ ਅਪਰਾ ਭਗਤੀ ਬਣ ਜਾਂਦੀ ਹੈ, ਪ੍ਰਮੇਸ਼ਰ ਦਾ ਰੂਪ ਬਣ ਜਾਂਦਾ ਹੈ ਫੇਰ ਉਹਦਾ ਜਿਹੜਾ ਵਿਚਾਰ ਉਹ ਇਸ ਤਰ੍ਹਾਂ ਹੈ –

***ਧਾਰਨਾ – ਤੂੰ ਹੀਂ ਤੂੰ ਹੀਂ ਮੋਹਿ ਨਾ।***

ਜਿਧਰ ਵੀ ਦੇਖਦਾ ਹੈ, ਜਿੰਨਿਆਂ ਨੂੰ ਦੇਖਦਾ ਹੈ ਸਭ ਨੂੰ ਵਾਹਿਗੁਰੂ ਦਾ ਸਰੂਪ ਜਾਣਦਾ ਹੈ। ਘਟ-ਘਟ ਦੇ ਵਿਚ ਵਾਹਿਗੁਰੂ ਰਮਿਆ ਹੋਇਆ ਹੈ ਇਹਦੇ ਉਤੇ ਭਰੋਸਾ ਲਿਆਉਣਾ ਜ਼ਰੂਰੀ ਹੈ ਸਾਧਸੰਗਤ ਜੀ! ਜੇ ਤਾਂ ਆ ਗਿਆ ਤਾਂ, ਤਾਂ ਤੁਹਾਡੇ ਸਤਿਸੰਗ ਕੀਤੇ ਹੋਏ ਸਫਲ। ਤਾਂ ਇਹ ਤਪ ਕੀਤੇ ਹੋਏ ਸਫਲ ਜੇ ਇਹ ਗੱਲ ਭੁੱਲੀ ਰਹੀ ਤਾਂ ਅਜੇ ਬਹੁਤ ਮਿਹਨਤ ਕਰਨ ਦੀ ਲੋੜ ਹੈ। ਇਹ ਭਰੋਸਾ ਹਰ ਹਾਲਤ 'ਚ ਹੋਣਾ ਚਾਹੀਦਾ ਹੈ।

***ਹਰਿ ਸਰੂਪ ਸਭਿ ਹੂੰ ਕੋ ਜਾਨੈ***
***ਰਵਿਓ ਸਭਿ ਕੇ ਮਾਂਹੀ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਇਕ ਨੂੰ ਨਹੀਂ ਸਭ ਨੂੰ ਪ੍ਰਮੇਸ਼ਰ ਦਾ ਸਰੂਪ ਜਾਣੇ। ਸਾਰਿਆਂ ਦੇ ਅੰਦਰ ਪ੍ਰਮੇਸ਼ਰ ਪੂਰਨ ਰੂਪ ਵਿਚ ਰਵਿਆ ਹੋਇਆ ਹੈ।

***ਇਹ ਬਿਧਿ ਹੈ ਸੂਛਮ ਕਰਿ ਵਰਨੀ,***
***ਏਕ ਪਰਾਪਤਿ ਜਾਂਹੀ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਇਹ ਜੋ ਭਗਤੀ ਦਾ ਮਾਰਗ ਹੈ ਭਾਈ ਮਰਦਾਨਾ ਤੈਨੂੰ ਬਹੁਤ ਸੰਖੇਪ ਕਰਕੇ ਦਸਿਆ ਹੈ।

ਕਹਿੰਦੇ ਜੇ ਇਨ੍ਹਾਂ ਨੌਆਂ ਭਗਤੀਆਂ 'ਚੋਂ ਤਿੰਨ ਜਿਹੜੀਆਂ ਪ੍ਰੇਮਾ, ਪਰਾ, ਅਪਰਾ ਭਗਤੀ ਹੈ ਇਕ ਵੀ ਪ੍ਰਾਪਤ ਹੋ ਜਾਵੇ ਨਾ ਉਹਦਾ ਵੀ ਫਲ ਬਹੁਤ ਜ਼ਿਆਦਾ ਹੈ। ਐਸ ਤਰ੍ਹਾਂ ਫੁਰਮਾਨ ਹੈ –

***ਧਾਰਨਾ – ਆਪ ਤਰਦੈ ਤੇ ਕੁਲਾਂ ਨੂੰ ਤਾਰ ਦੇਵੇ,***
***ਭਗਤ ਪਿਆਰਾ ਰੱਬ ਦਾ।***

ਜਿਸ ਕੁਲ ਦੇ ਅੰਦਰ ਇਕ ਵੀ ਪ੍ਰਮੇਸ਼ਰ ਦਾ ਭਗਤ ਆ ਜਾਵੇ, 24 ਦਾਦਕਿਆਂ ਦੀਆਂ ਕੁਲਾਂ, ਵੀਹ ਨਾਨਕਿਆਂ ਦੀਆਂ, 16 ਜਿੱਥੇ ਵਿਆਹਿਆ ਹੋਇਆ ਹੈ, 11 ਜਿਸ ਥਾਂ ਦੇ ਉਤੇ ਬੱਚੇ ਵਿਆਹੇ ਹੋਏ ਨੇ ਤੇ 9 ਕੁਲਾਂ ਜਿਸ ਥਾਂ ਦੇ ਉਤੇ ਭੈਣ ਵਿਆਹੀ ਹੋਈ ਹੈ, ਭੂਆ ਵਿਆਹੀ ਹੋਈ ਹੈ, 8 ਕੁਲਾਂ ਜਿੱਥੇ ਮਾਸੀ ਹੈ ਇਸ ਤਰ੍ਹਾਂ

ਦੇ ਨਾਲ 101 ਕੁਲ ਦਾ ਉਧਾਰ ਕਰ ਦਿਆ ਕਰਦਾ। ਜਿਸ ਕੁਲ ਦੇ ਅੰਦਰ ਇਕ ਪ੍ਰਮੇਸ਼ਰ ਦਾ ਭਗਤ ਆ ਜਾਵੇ। ਸੋ ਦਸਦੇ ਨੇ ਕਿ –

***ਕੁਲ ਸਮੇਤ ਤਰਿ ਹੈ ਭਵਸਾਗਰ,.....।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਆਪ ਹੀ ਨਹੀਂ ਤਰਦਾ, ਆਪਣੀਆਂ ਕੁਲਾਂ ਨੂੰ ਵੀ ਨਾਲ ਲੈ ਕੇ ਤਰ ਜਾਂਦਾ ਹੈ।

***ਅਵਰ ਤਰੈਂ ਤਿਹ ਸੰਗਾ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਕੁਲਾਂ ਤੋਂ ਅੱਗੇ ਜਿੰਨਿਆਂ ਦੀ ਉਸ ਉਤੇ ਪ੍ਰਤੀਤ ਹੁੰਦੀ ਹੈ, ਜਿੰਨੇ ਉਹਨੂੰ ਪਿਆਰ ਕਰਦੇ ਨੇ ਉਹ ਸਾਰੇ ਤਰ ਜਾਂਦੇ ਨੇ।

***ਭਗਤਿ ਕਰਤਿ ਮਾਯਾ ਨਹਿਂ ਮੋਹਿ***
***ਰਾਚਹਿ ਹਰਿ ਕੇ ਰੰਗਾ॥ ਸ੍ਰੀ ਗੁਰ ਪ੍ਰਤਾਪ ਗ੍ਰੰਥ***

ਭਾਈ ਮਰਦਾਨਾ! ਇਸ ਤਰ੍ਹਾਂ ਭਗਤੀ ਕਰਨ ਦੇ ਨਾਲ ਮਾਇਆ ਨਹੀਂ ਮੋਂਹਦੀ। ਅਸ਼ਟਾਂਗ ਯੋਗ ਦੇ ਵਿਚ ਮਾਇਆ ਮੋਹ ਲੈਂਦੀ ਹੈ, ਗਿਆਨ ਯੋਗੀਆਂ ਨੂੰ ਮਾਇਆ ਮੋਹ ਲੈਂਦੀ ਹੈ। ਕਸ਼ਟ ਯੋਗੀਆਂ, ਹੱਠ ਯੋਗੀਆਂ ਨੂੰ ਮਾਇਆ ਮੋਹ ਲੈਂਦੀ ਹੈ। ਮਛੰਦਰ 14 ਸਾਲ ਰਾਜੇ ਅਮਰੂ ਦੇ ਸਰੀਰ ਵਿਚ ਪ੍ਰਵੇਸ਼ ਕਰਕੇ ਰਾਣੀਆਂ ਭੋਗਦਾ ਰਿਹਾ। ਮਾਇਆ ਨੇ ਮੋਹ ਲਿਆ ਨਾ, ਯੋਗੀ ਵੱਡਾ। ਗੋਰਖਨਾਥ ਦਾ ਗੁਰੂ। ਬਾਲ ਗੁੰਦਾਈ ਨੇ ਤਾਹਨਾ ਮਾਰਿਆ ਕਿ ਗੋਰਖਾ! ਬੜਾ ਬਨਿਆ ਫਿਰਦਾ ਹੈਂ, ਤੇਰਾ ਗੁਰੂ ਲੰਕਾ ਦੇ ਰਾਜੇ ਦੇ ਸਰੀਰ ਵਿਚ ਹੈ। ਰਾਜਾ ਮਰ ਚੁੱਕਿਆ ਹੈ, ਉਹ ਜੀਉਂਦਾ ਨਹੀਂ ਹੈ, ਉਹਦੇ ਸਰੀਰ ਦੇ ਵਿਚ ਤੇਰਾ ਗੁਰੂ ਰਹਿੰਦਾ ਹੈ ਤੇ ਪਦਮਨੀ ਰਾਣੀਆਂ ਭੋਗ ਰਿਹਾ ਹੈ। ਜਾਹ, ਆਪਣੇ ਗੁਰੂ ਨੂੰ ਕੱਢ।

ਮਹਾਰਾਜ ਕਹਿੰਦੇ, ਮਾਇਆ ਨਹੀਂ ਮੋਂਹਦੀ ਤਾਂ ਭਗਤ ਨੂੰ ਨਹੀਂ ਮੋਂਹਦੀ।

ਕਿਉਂ ਨਹੀਂ ਮੋਂਹਦੀ? ਕਿਉਂਕਿ ਉਹ ਪ੍ਰਮੇਸ਼ਰ ਦੇ ਪਿਆਰ ਵਿਚ ਲੀਨ ਰਹਿੰਦਾ ਹੈ ਹਰ ਵਕਤ। ਇਸ ਤਰ੍ਹਾਂ ਮਰਦਾਨੇ ਨੇ ਜਦੋਂ ਬਚਨ ਸੁਣੇ ਕਹਿੰਦਾ ਮਹਾਰਾਜ! ਬਹੁਤ ਵੱਡੀ ਕ੍ਰਿਪਾ ਹੋਈ, ਮੈਂ ਸੁਣਦਾ ਸੀ ਕਿ ਭਗਤੀ ਕੀ ਹੁੰਦੀ ਹੈ? ਲੇਕਿਨ ਮੈਨੂੰ ਪਤਾ ਨਹੀਂ ਸੀ। ਬੰਦਗੀ ਮੈਂ ਮੁੱਢ ਤੋਂ ਸੁਣਦਾ ਆਇਆ ਹਾਂ, ਬੰਦਗੀ ਕਰੋ, ਬੰਦਗੀ ਕਰੋ ਪਰ ਮੈਨੂੰ ਪਤਾ ਨਹੀਂ ਸੀ ਲਗਦਾ ਕਿ ਬੰਦਗੀ ਕਹਿੰਦੇ ਕੀਹਨੂੰ ਨੇ। ਭਗਤੀ ਨੂੰ ਕਹਿੰਦੇ ਸੀ ਲੇਕਿਨ ਮੈਨੂੰ ਪਤਾ ਨਹੀਂ ਸੀ। ਮਹਾਰਾਜ ਕਹਿੰਦੇ ਜਿਹੜੀ ਭਗਤੀ ਹੈ ਇਹ ਭੈ ਗਤੀ ਹੁੰਦੀ ਹੈ।

***ਭੈ ਕੀਆ ਦੇਹਿ ਸਲਾਈਆ***
***ਨੈਣੀ ਭਾਵ ਕਾ ਕਰਿ ਸੀਗਾਰੋ ॥ ਅੰਗ – ੭੨੨***

ਇਹਦੇ ਵਿਚ ਦੋ ਚੀਜ਼ਾਂ ਕੰਮ ਕਰਦੀਆਂ ਨੇ ਜ਼ਿਆਦਾ, ਇਕ ਭੈ ਅਦਬ ਜਿਹਨੂੰ ਕਹਿੰਦੇ ਨੇ। ਗੁਸਤਾਖੀ ਨਹੀਂ ਇਹਦੇ 'ਚ ਹੋਇਆ ਕਰਦੀ ਅਦਬ ਹੋਇਆ ਕਰਦਾ ਹੈ। ਦੂਸਰਾ ਇਹਦੇ ਵਿਚ ਪਿਆਰ ਕੰਮ ਕਰਦਾ ਹੈ, ਪਹਿਲਾਂ ਦੋ ਤੋਂ ਚਲਦੇ ਨੇ ਤੇ ਅਖੀਰ ਦੇ ਵਿਚ ਇਕ ਹੋ ਜਾਇਆ ਕਰਦੇ ਨੇ, ਦੋ ਨਹੀਂ ਰਿਹਾ ਕਰਦੇ। ਭਗਤ ਜਿਹੜਾ ਹੈ ਉਹ ਪ੍ਰਮੇਸ਼ਰ ਦਾ ਰੂਪ ਹੋ ਜਾਇਆ ਕਰਦਾ ਹੈ।

***ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥***

***ਅੰਗ – ੩੯੭***

ਸੋ ਐਨੇ ਬਚਨ ਕਰਦੇ ਸੀ ਐਨੇ ਨੂੰ ਭਾਈ ਲਾਲੋ, ਆਪ ਨੇ ਪ੍ਰਸ਼ਾਦਾ ਤਿਆਰ ਕਰਿਆ। ਉਸ ਵੇਲੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਬੜੀ ਅਧੀਨਗੀ ਨਾਲ, ਹੇ ਪਾਤਸ਼ਾਹ! ਆਪ ਅੰਦਰ ਚੱਲੋ, ਕ੍ਰਿਪਾ ਕਰੋ। ਕਿਉਂਕਿ ਤੁਸੀਂ ਬਹੁਤ ਉਤਮ ਜਨਮ ਦੇ ਹੋਂ ਤੇ ਮੈਨੂੰ ਭਾਈ ਮਰਦਾਨੇ ਨੇ ਦੱਸਿਆ ਹੈ ਕਿ ਆਪ ਬੇਦੀ ਕੁਲ ਦੇ ਸਤਾਰੇ ਹੋਂ ਤੇ ਬਹੁਤ ਉੱਚੀ ਕੁਲ ਦੇ ਨਾਲ ਸਬੰਧ ਰਖਦੇ ਓਂ। ਮੈਂ ਗਰੀਬ ਆਦਮੀ, ਮੈਨੂੰ ਤਾਂ ਲੋਕ ਸ਼ੂਦਰ ਕਹਿੰਦੇ ਨੇ ਤੇ ਆਪ ਕ੍ਰਿਪਾ ਕਰੋ ਤੇ ਉਥੇ ਸਮਾਨ ਪਿਆ ਹੈ ਸਾਰਾ ਉਥੇ ਚੌਂਕਾ ਲਾਓ, ਉਥੇ ਬੈਠ ਕੇ ਪ੍ਰਸ਼ਾਦਾ ਛਕੋ। ਕਿਉਂਕਿ ਚੌਂਕਾ ਬਣਾਇਆ ਕਰਦੇ ਸੀ ਪਹਿਲੇ ਜ਼ਮਾਨਿਆਂ ਦੇ ਅੰਦਰ। ਉਹ ਇਸ ਕਰਕੇ ਬਣਾਇਆ ਕਰਦੇ ਸੀ ਕਿ ਆਲੇ ਦੁਆਲੇ ਕਾਰਾਂ ਕੱਢਦੇ ਸੀ, ਵਿਚਾਲੇ ਪੋਚਾ ਦੇ ਕੇ ਉਹਨੂੰ ਸਾਫ ਕਰਿਆ ਕਰਦੇ ਸੀ, ਉਹਨੂੰ ਚੌਂਕਾ ਕਹਿੰਦੇ ਸੀ। ਕਾਰਾਂ ਕੱਢਦੇ ਸੀ ਕਿ ਭੂਤ ਪ੍ਰੇਤ ਆ ਕੇ ਨਾਲ ਰੋਟੀ ਨਾ ਖਾਣ ਬੈਠ ਜਾਣ।

ਬੀਜੀ (ਬੀਬੀ ਰਣਜੀਤ ਕੌਰ ਜੀ) ਦੱਸਦੇ ਹੁੰਦੇ ਨੇ ਕਿ ਆਟਾ ਵਾਹਿਗੁਰੂ ਕਹਿ ਕੇ ਨਾ ਕੱਢੋ ਤਾਂ ਭੂਤ ਨਾਲ ਚੱਲ ਪੈਂਦੇ ਨੇ, ਦਾਲ ਸਬਜ਼ੀ ਪਾਉਣ ਵਾਲੇ ਵਾਹਿਗੁਰੂ-ਵਾਹਿਗੁਰੂ ਕਹਿ ਕੇ ਨਾ ਪਾਓ, ਭੂਤ ਨਾਲ ਥਾਲ ਦੇ ਚੱਲ ਪੈਂਦੇ ਨੇ ਤੇ ਜਦੋਂ ਪ੍ਰਸ਼ਾਦਾ ਵਾਹਿਗੁਰੂ ਦਾ ਨਾਮ ਲਏ ਤੋਂ ਬਗੈਰ ਕੋਈ ਛਕਦਾ ਹੈ, ਉਹ ਭੂਤ ਵੀ ਨਾਲ ਬੈਠ ਕੇ ਰੋਟੀਆਂ ਖਾਂਦੇ ਨੇ। ਸੋ ਇਹ ਖਿਆਲ ਸੀ ਪਹਿਲਾਂ। ਉਹਦੇ ਵਾਸਤੇ ਕੋਈ ਪਾਠ ਕੀਤੇ ਜਾਂਦੇ ਸੀ, ਚੌਂਕਾ ਬਣਾਇਆ ਜਾਂਦਾ ਸੀ। ਫੇਰ ਦਾ ਅਧਿਕਾਰ ਇਕ ਬ੍ਰਾਹਮਣ ਨੂੰ ਹੋਇਆ ਕਰਦਾ ਸੀ, ਇਕ ਖੱਤਰੀ ਨੂੰ ਹੋਇਆ ਕਰਦਾ ਸੀ। ਬਾਕੀ ਵੈਸ਼ਨੂੰ ਨੂੰ ਤੇ ਸ਼ੂਦਰ ਨੂੰ ਕੋਈ ਅਧਿਕਾਰ ਨਹੀਂ ਸੀ, ਸ਼ੂਦਰ ਨੂੰ ਤਾਂ ਮਨੁੱਖ ਨਹੀਂ ਸੀ ਗਿਣਿਆ ਜਾਂਦਾ। ਸ਼ੂਦਰ ਕਹਿੰਦੇ ਕੀਹਨੂੰ ਸੀ ਇਹਦੇ ਵਿਚ ਦੋ ਕਿਸਮ ਦੇ ਬੰਦੇ ਹੁੰਦੇ ਸੀ। ਸ਼ੂਦਰ ਦੀ ਪਰਿਭਾਸ਼ਾ ਸੀ ਜਿਹਨੂੰ ਰੋਟੀ ਕਮਾਉਣ ਵਾਸਤੇ ਮਿਹਨਤ ਕਰਨੀ ਪਵੇ ਤੇ ਉਹਨੂੰ ਪਸੀਨਾ ਆ ਜਾਵੇ, ਉਹ ਸ਼ੂਦਰ

ਹੈ। ਉਨ੍ਹਾਂ ਦੀਆਂ ਜਾਤਾਂ ਬਣਾ ਦਿਤੀਆਂ ਫੇਰ ਗਿਣ ਕੇ। ਕਿ ਕੀਹਨੂੰ-ਕੀਹਨੂੰ ਪਸੀਨਾ ਆਉਂਦਾ ਹੈ ਉਨ੍ਹਾਂ ਵਿਚੋਂ ਦੋ ਸੀ, ਇਕ ਛੂਤ ਕਹਿੰਦੇ ਸੀ ਇਕ ਨੂੰ ਅਛੂਤ ਕਹਿੰਦੇ ਸੀ। ਅਛੂਤ ਜਿਹੜਾ ਸੀ ਉਹਦਾ ਕਹਿੰਦੇ ਸੀ ਪਰਛਾਵਾਂ ਵੀ ਨਾ ਲਵੋ, ਜਿਸ ਥਾਂ ਤੋਂ ਲੰਘ ਗਿਆ ਉਥੇ ਪੈਰ ਨਾ ਪਾਓ, ਜਿੰਨਾ ਚਿਰ ਉਹ ਪੈੜ ਕਾਇਮ ਹੈ। ਦੱਖਣ ਦੇ ਅੰਦਰ ਝਾਫੇ ਬੰਨ੍ਹੇ ਜਾਂਦੇ ਸੀ ਕਿ ਆਪਣੀ ਪੈੜ ਮਿਟੇਂਦੇ ਜਾਓ ਤਾਂ ਕਿ ਇਥੇ ਸਵਰਨ ਜਾਤੀਆਂ ਦੇ ਲੋਕਾਂ ਨੇ ਲੰਘਣਾ ਹੈ, ਕਿਤੇ ਤੁਹਾਡੀ ਪੈੜ ਦੇ ਉਤੇ ਪੈਰ ਨਾ ਰੱਖਣਾ ਪੈ ਜਾਏ।

ਬਹੁਤ ਜ਼ਿਆਦਾ ਮਨੁੱਖਤਾ ਵੰਡੀ ਹੋਈ ਸੀ। ਇਹ ਗੁਰੂ ਨਾਨਕ ਪਾਤਸ਼ਾਹ ਸੀ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਇਸ ਗੱਲ ਨੂੰ ਵੰਗਾਰਿਆ। ਉਸ ਵੇਲੇ ਭਾਈ ਲਾਲੋ ਨੇ ਬੇਨਤੀ ਕੀਤੀ ਕਿ -

***ਅੰਦਰ ਚਲ ਕਰਿ ਜੇਵੋਂ ਉੱਤਮ ਜਨਮ ਤੁਮਾਰਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਹੇ ਪਾਤਸ਼ਾਹ! ਤੇਰਾ ਜਨਮ ਤਾਂ ਉਤਮ ਹੈ ਤੇ ਤੁਸੀਂ ਅੰਦਰ ਚਲ ਕੇ ਪ੍ਰਸ਼ਾਦਾ ਛਕੋ। ਜੇ ਇਥੇ ਹੀ ਪ੍ਰਸ਼ਾਦਾ ਛਕਣਾ ਹੈ ਤਾਂ ਮੇਰੇ ਮਨ ਦਾ ਸੰਸਾ ਦੂਰ ਕਰੋ।

***ਜੇ ਇਹ ਠਾਂ ਮੰਗਵਾਵਹੁ ਸੁਾਮੀ! ਸੰਸੈ ਖੋਇ ਹਮਾਰਾ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਕਿਉਂਕਿ ਉਤਮ ਜਾਤੀਆਂ ਵਾਲੀਆਂ ਚਉਕੇ ਦੇ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ ਕਰਦੇ ਨੇ ਤੇ ਤੁਸੀਂ ਉਤਮ ਜਾਤੀ ਨਾਲ ਸਬੰਧ ਰੱਖਦੇ ਹੋਏ ਜੇ ਬਿਨਾਂ ਚਉਕੇ ਤੋਂ ਪ੍ਰਸ਼ਾਦਾ ਛਕੋਂਗੇ ਤਾਂ ਮੇਰੇ ਮਨ ਵਿਚ ਜਿਹੜਾ ਸੰਸਾ ਪੈ ਗਿਆ ਇਹਨੂੰ ਦੂਰ ਕਰੋ।

ਗੁਰੂ ਮਹਾਰਾਜ ਕਹਿਣ ਲੱਗੇ, ਭਾਈ ਲਾਲੋਂ! -

***ਸ਼੍ਰੀ ਮੁਖ ਕਹਤਿ ਧਰਤਿ ਹੈ***
***ਜਿਤਨੀ ਤਿਤਨੋ ਚੌਂਕਾ ਜਾਨੋਂ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਜਿੰਨਾ ਧਰਤੀ ਹੈ ਨਾ, ਇਹ ਸਾਰੀ ਹੀ ਸਾਡੀ ਚਉਕਾ ਹੈ, ਕਿਉਂਕਿ ਇਨ੍ਹਾਂ ਚਉਕੇ ਬਣਾਉਣ ਵਾਲਿਆਂ ਨੂੰ ਇਕ ਗੱਲ ਸਮਝ 'ਚ ਨਹੀਂ ਆਈ।

***ਧਾਰਨਾ - ਸਾਰੀ ਧਰਤੀ ਪਵਿੱਤਰ ਹੋ ਜਾਵੇ,***
***ਜਿਥੇ ਬੈਠਣ ਪਿਆਰੇ ਰਾਮ ਦੇ।***

ਭਾਈ ਲਾਲੋ! ਜਿਥੇ ਤੱਕ ਧਰਤੀ ਹੈ, ਨਿੱਕਾ ਜਿਹਾ ਚਉਕਾ ਕਿਉਂ ਬਣਾਉਣਾ ਹੈ, ਸਾਰੀ ਧਰਤੀ ਚਉਕਾ ਹੈ।

***ਸੋ ਸਚੁ ਮੰਦਰੁ ਜਿਤੁ ਸਚੁ ਧਿਆਈਐ ॥***
***ਅੰਗ - ੧੦੭***

ਜਿਸ ਘਰ ਦੇ ਅੰਦਰ ਸੱਚੇ ਵਾਹਿਗੁਰੂ ਨੂੰ ਧਿਆਈਏ ਉਹ ਸੱਚ ਦਾ ਮੰਦਰ ਹੁੰਦਾ ਹੈ -

***ਸੋ ਰਿਦਾ ਸੁਹੇਲਾ ਜਿਤੁ ਹਰਿ ਗੁਣ ਗਾਈਐ ॥***
***ਅੰਗ - ੧੦੭***

ਉਹ ਹਿਰਦਾ ਸੁਹੇਲਾ ਹੈ ਜਿਹੜਾ ਹਰੀ ਦੇ ਗੁਣ ਗਾ ਕੇ ਬਜਦ 'ਚ ਆਉਂਦਾ।

***ਸਾ ਧਰਤਿ ਸੁਹਾਵੀ ਜਿਤੁ ਵਸਹਿ ਹਰਿ ਜਨ***
***ਸਚੇ ਨਾਮ ਵਿਟਹੁ ਕੁਰਬਾਣੋ ਜੀਉ ॥੧॥***
***ਸਚੁ ਵਡਾਈ ਕੀਮ ਨ ਪਾਈ ॥***
***ਕੁਦਰਤਿ ਕਰਮੁ ਨ ਕਹਣਾ ਜਾਈ ॥***
***ਧਿਆਇ ਧਿਆਇ ਜੀਵਹਿ ਜਨ ਤੇਰੇ***
***ਸਚੁ ਸਬਦੁ ਮਨਿ ਮਾਣੋ ਜੀਉ ॥੨॥***
***ਸਚੁ ਸਾਲਾਹਣੁ ਵਡਭਾਗੀ ਪਾਈਐ ॥***
***ਗੁਰ ਪਰਸਾਦੀ ਹਰਿ ਗੁਣ ਗਾਈਐ ॥***
***ਰੰਗਿ ਰਤੇ ਤੇਰੈ ਤੁਧੁ ਭਾਵਹਿ***
***ਸਚੁ ਨਾਮੁ ਨੀਸਾਣੋ ਜੀਉ ॥੩॥***
***ਸਚੇ ਅੰਤੁ ਨ ਜਾਣੈ ਕੋਈ ॥***
***ਥਾਨਿ ਥਨੰਤਰਿ ਸਚਾ ਸੋਈ ॥***
***ਨਾਨਕ ਸਚੁ ਧਿਆਈਐ***
***ਸਦ ਹੀ ਅੰਤਰਜਾਮੀ ਜਾਣੋ ਜੀਉ ॥***
***ਅੰਗ - ੧੦੭***

ਉਹ ਥਾਨ ਪਵਿੱਤਰ ਹੈ, ਉਹ ਮਾਨ ਪਵਿੱਤਰ, ਉਹ ਸੁਣਨ ਵਾਲੇ ਪਵਿੱਤਰ ਨੇ, ਉਹ ਕਹਿਣ ਵਾਲੇ ਪਵਿੱਤਰ ਨੇ ਜਿਸ ਭਵਨ ਦੇ ਅੰਦਰ ਪ੍ਰਮੇਸ਼ਰ ਦਾ ਪਿਆਰਾ ਆ ਕੇ ਬੈਠ ਕੇ ਗਿਆ ਉਹ ਭਵਨ ਸਾਰਾ ਹੀ ਪਵਿੱਤਰ ਹੋ ਜਾਂਦਾ ਹੈ।

***ਸਚਾ ਚਉਕਾ ਸੁਰਤਿ ਕੀ ਕਾਰਾ ॥***
***ਅੰਗ - ੧੦੪੯***

ਸੱਚਾ ਚਉਕਾ ਜਿਹੜਾ ਹੈ ਸੁਰਤ ਪ੍ਰਮੇਸ਼ਰ ਦੇ ਨਾਲ ਜੁੜੀ ਹੋਈ ਜਿਹੜੀ ਹੈ, ਉਹ ਕਾਰ ਹੋਇਆ ਕਰਦੀ ਹੈ-

***ਹਰਿ ਨਾਮੁ ਭੋਜਨੁ ਸਚੁ ਆਧਾਰਾ ॥***
***ਸਦਾ ਤ੍ਰਿਪਤਿ ਪਵਿਤ੍ਰੁ ਹੈ ਪਾਵਨੁ***
***ਜਿਤੁ ਘਟਿ ਹਰਿ ਨਾਮੁ ਨਿਵਾਸੀ ਹੇ ॥***
***ਅੰਗ - ੧੦੪੯***

ਜਿਸ ਹਿਰਦੇ 'ਚ ਨਾਮ ਦਾ ਨਿਵਾਸ ਹੈ ਉਹ ਜਿੱਥੇ ਬੈਠ ਜਾਂਦਾ ਹੈ, ਉਹ ਹਵਾ ਵੀ ਪਵਿੱਤਰ ਹੋ ਜਾਂਦੀ ਹੈ, ਉਹ ਥਾਂ ਵੀ ਪਵਿੱਤਰ ਹੋ ਜਾਂਦਾ ਹੈ, ਉਹ ਘਰ ਵੀ ਪਵਿੱਤਰ ਹੋ ਜਾਂਦਾ ਹੈ। ਸੋ ਭਾਈ ਲਾਲੋ! ਇਹ ਸੱਚ ਦਾ ਚਉਕਾ ਹੈ, ਬਾਕੀ ਜਿਹੜੇ ਝੂਠੇ ਚਉਕੇ ਨੇ ਆਦਮੀ ਦੇ ਮਨ ਦੇ ਅੰਦਰ ਵਿਕਾਰ ਚੱਲ ਰਹੇ ਨੇ ਤੇ ਕਾਰਾਂ ਕੱਢੀ ਜਾਂਦਾ ਹੈ। ਕਹਿੰਦੇ, ਅੰਦਰ ਤਾਂ ਮਾੜੀਆਂ ਚੀਜ਼ਾਂ ਨੂੰ ਲੈ ਕੇ ਬੈਠ ਗਿਆ -

***ਕੁਬੁਧਿ ਡੂਮਣੀ ਕੁਦਇਆ ਕਸਾਇਣਿ***
***ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥***
***ਅੰਗ - ੯੧***

ਕਹਿੰਦੇ ਜਿਹਨੂੰ ਸ਼ੂਦਰ ਕਹਿੰਦੇ ਨੇ ਉਹਨੂੰ ਤਾਂ ਅੰਦਰ ਲਈਂ ਬੈਠਾ ਹੈ, ਕੁਬੁੱਧ ਜਿਹੜੀ ਹੈ ਇਹ ਡੂੰਮਣੀ ਹੈ, ਜਿਹੜੀ ਦਇਆ ਨਾ ਕਰਨੀ ਤੇ ਜ਼ੁਲਮ ਕਰਨਾ ਉਹ ਕਸਾਇਣ ਹੈ, ਜਿਹੜੀ ਨਿੰਦਿਆ ਕਰਨੀ ਹੈ ਉਹ ਚੂਹੜੀ ਹੈ, ਦੂਜੇ ਝਾੜੂ ਨਾਲ ਸਫਾਈ ਕਰਦੇ ਨੇ ਇਹ ਕਹਿੰਦੇ ਮੂੰਹ ਦੇ ਨਾਲ ਸਫਾਈ ਕਰਦਾ ਹੈ, ਅਉਗਣਾਂ ਦੀ। ਕ੍ਰੋਧ ਹੈ ਜਿਹੜਾ ਉਹ ਚੰਡਾਲ ਹੈ।

*ਕਾਰੀ ਕਢੀ ਕਿਆ ਥੀਐ*
*ਜਾਂ ਚਾਰੇ ਬੈਠੀਆ ਨਾਲਿ॥* *ਅੰਗ - ੯੧*

ਫੇਰ ਕਾਰਾਂ ਕੱਢਣ ਨਾਲ ਕੀ ਹੁੰਦਾ ਹੈ।

*ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥*
*ਅੰਗ - ੯੧*

ਜਿਹੜਾ ਸੱਚ ਦਾ ਸੰਜਮ ਹੈ ਤੇ ਕਰਣੀ ਦੀ ਕਾਰ ਹੋਇਆ ਕਰਦੀ ਹੈ, ਜਿਹੜਾ ਇਸ਼ਨਾਨ ਕਰਨਾ ਹੈ ਉਹ ਪ੍ਰਮੇਸ਼ਰ ਦਾ ਨਾਮ ਜਪਣਾ ਹੋਇਆ ਕਰਦਾ ਹੈ।

*ਨਾਨਕ ਅਗੈ ਊਤਮ ਸੇਈ*
*ਜਿ ਪਾਪਾਂ ਪੰਦਿ ਨ ਦੇਹੀ॥* *ਅੰਗ - ੯੧*

ਜਿਥੇ ਪਾਪ ਦਾ ਪਸਾਰਾ ਨਾ ਹੋਵੇ, ਪਾਖੰਡ ਨਾ ਹੋਵੇ ਉਹ ਥਾਂ ਉਤਮ ਹੋਇਆ ਕਰਦਾ ਹੈ। ਸੋ ਤੇਰਾ ਜੋ ਸੰਸਾ ਹੈ ਕਿ ਤੁਸੀਂ ਚਉਕੇ ਤੋਂ ਬਗੈਰ ਪ੍ਰਸ਼ਾਦਾ ਛਕਦੇ ਓਂ, ਉਤਮ ਜਾਤ ਨਾਲ ਸਬੰਧ ਰਖਦੇ ਓਂ। ਮਹਾਰਾਜ ਕਹਿਣ ਕਿ ਜਿਹੜੇ ਸੁੱਚੇ ਨੇ, ਸੁੱਚੇ ਭਾਈ ਲਾਲੋ! ਨਾਹੁੰਣ ਨਾਲ ਨਹੀਂ ਹੋਇਆ ਕਰਦੇ। ਸੁੱਚੇ ਹੁੰਦੇ ਨੇ ਜਿਹੜੇ ਸੱਚ ਨਾਲ ਰੱਤੇ ਹੋਏ ਨੇ, ਉਹ ਸੁੱਚੇ ਹੋਇਆ ਕਰਦੇ ਨੇ ਤੂੰ ਆਪਣਾ ਭਰਮ ਮਿਟਾ ਦੇ –

***ਧਾਰਨਾ – ਸੁੱਚੇ ਤਾਂ ਓਹੀਓ ਨੇ***
***ਸੱਚੇ ਨਾਲ ਰੱਤੇ ਜਿਹੜੇ।***

ਭਾਈ ਲਾਲੋ! ਇਹ ਜਿਹੜਾ ਤੇਰਾ ਸੰਸਾ ਹੈ ਨਾ ਸੁੱਚ ਤੇ ਜੂਠ ਦਾ। ਕਹਿੰਦੇ, ਜਿਹੜੇ ਪ੍ਰਮੇਸ਼ਰ ਦੇ ਪਿਆਰੇ ਨਾਮ ਵਿਚ ਰੱਤੇ ਹੋਏ ਨੇ, ਉਹ ਸਦਾ ਹੀ ਸੁੱਚੇ ਨੇ।

*ਸੂਚੇ ਏਹਿ ਨ ਆਖੀਅਹਿ*
*ਬਹਨਿ ਜਿ ਪਿੰਡਾ ਧੋਇ॥*
*ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥*
*ਅੰਗ - ੪੭੨*

ਜੇ ਮਨ ਵਿਚ ਨਹੀਂ ਵਸਿਆ ਜਿੰਨਾਂ ਜੀਅ ਕਰਦਾ ਨਹਾ ਲੈ ਸਰੀਰ ਤਾਂ ਕਦੇ ਸੁੱਚਾ ਹੋਇਆ ਹੀ ਨਹੀਂ ਅੱਜ ਤੱਕ।

ਇਕ ਵਾਰੀ ਇਕ ਪੰਡਤ ਨੂੰ ਇਕ ਸਾਧਾਰਣ ਬੰਦੇ, ਜੱਟ ਨੇ ਪੁੱਛਿਆ ਕਿ ਪੰਡਤ ਜੀ! ਤੁਸੀਂ ਐਉਂ ਦੱਸੋ ਕਿ ਕਿਵੇਂ ਸੁੱਚਾ ਹੋ ਸਕਦਾ ਹੈ। ਉਹ ਕਹਿੰਦਾ, ਸਵਾ ਮਣ ਮਿੱਟੀ ਸੂਰ ਨੇ ਜਿੱਥੇ ਪੁੱਟੀ ਹੋਵੇ ਉਹ ਮਿੱਟੀ ਲੈ ਕੇ ਦੰਦਾਂ ਤੇ ਮਲ-ਮਲ ਕੇ ਕੁਰਲੀਆਂ ਕਰੇ। ਹੱਥਾਂ ਨੂੰ ਮਲੇ ਧੋ ਲਵੇ, ਫੇਰ ਧੋ ਲਵੇ ਐਨੀਆਂ ਕੁਰਲੀਆਂ ਕਰੇ ਫੇਰ ਉਹ ਬਿਲਕੁਲ ਸੁੱਚਾ ਹੋ ਜਾਂਦਾ ਹੈ। ਉਹ ਜਾ ਕੇ ਮਿੱਟੀ ਲੈ ਆਇਆ, ਤੋਲ ਕੇ ਮਿੱਟੀ ਦਿਖਾ ਦਿਤੀ ਕਿ ਐਨੀ ਮਿੱਟੀ ਹੋ ਜਾਵਾਂਗਾ ਨਾ ਸੁੱਚਾ? ਕਹਿੰਦਾ, ਹਾਂ।" ਕੁਰਲੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ ਉਹਨੇ। ਪੰਜ-ਛੇ ਘੰਟੇ ਕਰੀ ਗਿਆ ਖੂਹ ਚਲਦਾ ਸੀ ਸਾਰੀ ਮਿੱਟੀ ਮਲ-ਮਲ ਕੇ ਦੰਦਾਂ ਦੇ ਨਾਲ ਸੁੱਟ ਦਿਤੀ। ਉਸ ਤੋਂ ਬਾਅਦ ਫੇਰ ਪੰਡਤ ਜੀ ਆ ਗਏ। ਕਹਿੰਦਾ ਪੰਡਤ ਜੀ! ਬੱਸ ਆਹੀ ਰਹਿ ਗਈ ਆਖਰੀ। ਕਹਿੰਦਾ, ਵਾਹ ਬਈ ਵਾਹ ਆਹ ਤਾਂ ਬੜਾ ਵੱਡਾ ਕੰਮ ਕਰਿਆ ਤੂੰ, ਆਹ ਤਾਂ ਕਿਸੇ ਨੇ ਨਹੀਂ ਕਰਿਆ। ਉਸ ਵੇਲੇ ਉਹਨੇ ਆਖਰੀ ਕੁਰਲੀ ਕਰਕੇ ਫੇਰ ਮੂੰਹ ਵਿਚ ਪਾਣੀ ਪਾ ਲਿਆ, ਉਹ ਕੁਰਲੀ ਜਿਹੜੀ ਕਰੀ ਉਹ ਪੰਡਤ ਦੇ ਉਤੇ ਮਾਰੀ ਵਗਾਹ ਕੇ। ਪੰਡਤ ਕਹਿਣ ਲੱਗਿਆ, ਓ ਦੁਸ਼ਟਾ! ਤੂੰ ਮੈਨੂੰ ਭਿੱਟ ਦਿਤਾ। ਕਹਿੰਦਾ, ਪੰਡਤ ਜੀ! ਸਵਾ ਮਣ ਮਿੱਟੀ ਨਾਲ ਮੂੰਹ ਮਾਂਜ-ਮਾਂਜ ਕੇ, ਸਰੀਰ ਮਾਂਜ-ਮਾਂਜ ਕੇ, ਬਾਰ-ਬਾਰ ਧੋਤਾ ਹੈ ਮੈਂ ਅਜੇ ਵੀ ਸੁੱਚਾ ਨਹੀਂ ਹੋਇਆ?

ਮਹਾਰਾਜ ਕਹਿੰਦੇ ਨੇ ਕਦੇ ਸੁੱਚਾ ਹੁੰਦਾ ਹੈ ਸਰੀਰ? ਕਿੰਨਾ ਹੀ ਨਹਾ ਲਓ, ਧੋ ਲਓ ਮੂੰਹ ਨੂੰ ਹੱਥ ਲੱਗ ਜਾਏ ਫੇਰ ਜੂਠਾ। ਇਹ ਤਾਂ ਹੈ ਹੀ ਸਰੀਰ ਜੂਠਾ ਇਹ ਦੇ ਵਿਚ ਚੀਜ਼ ਹੈ ਕਿਹੜੀ? ਕਹਿੰਦੇ –

*ਸੂਚੇ ਏਹਿ ਨ ਆਖੀਅਹਿ*
*ਬਹਨਿ ਜਿ ਪਿੰਡਾ ਧੋਇ॥*
*ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥*
*ਅੰਗ - ੪੭੨*

*ਤਨੁ ਸੂਚਾ ਸੋ ਆਖੀਐ*
*ਜਿਸੁ ਮਹਿ ਸਾਚਾ ਨਾਉ ॥*
*ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ ॥*
*ਅੰਗ - ੧੯*

ਸੱਚ ਦੇ ਨਾਲ ਰੱਤੀ ਹੋਈ ਜਿਹੜੀ ਦੇਹੀ ਹੈ, ਜਿਹੜੀ ਜਿਹਬਾ ਸੱਚ ਸਿਫਤਿ ਸਾਲਾਹ ਕਰਦੀ ਹੈ।

*ਸਚੀ ਨਦਰਿ ਨਿਹਾਲੀਐ ਬਹੁੜਿ ਨ ਪਾਵੈ ਤਾਉ॥*
*ਅੰਗ - ੧੯*

ਜਿਨ੍ਹਾਂ ਚਿਰ ਮਨ ਦੇ ਵਿਚੋਂ ਮੈਲ ਨਹੀਂ ਜਾਂਦੀ। ਕਹਿੰਦੇ, ਮਨ ਨੂੰ ਕਿਹੜਾ ਸੁੱਚਾ ਕਰ ਦਏਗਾ, ਨਾਹ-ਨਾਹ ਕੇ ਤੀਰਥਾਂ ਤੇ। ਉਹ ਤਾਂ ਕੌੜੀ ਤੂੰਬੀ ਕੌੜੀ ਹੀ ਰਹਿ ਜਾਂਦੀ ਹੈ। ਸੋ –

*ਮਨਿ ਮੈਲੈ ਸੂਚਾ ਕਿਉ ਹੋਇ ॥*
*ਸਾਚਿ ਮਿਲੈ ਪਾਵੈ ਪਤਿ ਸੋਇ ॥ ਅੰਗ - ੬੯੬*

ਵਾਹਿਗੁਰੂ ਵਸ ਜਾਵੇ, ਫੇਰ ਕਹਿੰਦੇ ਸੁੱਚਾ ਹੋ

ਜਾਂਦਾ ਹੈ। ਸੋ ਇਸ ਤਰ੍ਹਾਂ ਕਹਿਣ ਲੱਗੇ, ਭਾਈ ਲਾਲੋ! ਤੂੰ ਵਹਿਮ ਨਾ ਕਰ। ਜਾ ਲਿਆ, ਜਿੰਨੀ ਧਰਤੀ ਸਾਰੀ ਸਾਡੀ ਚਉਕਾ ਤੇ ਜਿਹੜੇ ਸੱਚ ਦੇ ਨਾਲ ਰੱਤੇ ਹੋਏ ਨੇ ਉਹ ਸੁੱਚੇ ਨੇ ਤੂੰ ਆਪਣੇ ਮਰਮ ਦਾ ਤੂੰ ਭ੍ਰਮਣ ਕਰ। ਉਸ ਵੇਲੇ ਬੜੇ ਚਾਅ ਦੇ ਨਾਲ ਗਿਆ ਤੇ ਅੰਦਰੋਂ ਪ੍ਰਸ਼ਾਦੇ ਲਿਆਇਆ। ਪੌਣੇ 'ਚ ਬੰਨ੍ਹੇ ਹੋਏ, ਬਰਤਨ ਕੋਈ ਨਹੀਂ ਹੈ ਕੋਲ ਤੇ ਹੱਥਾਂ ਤੇ ਰੱਖ ਦਿਤੇ। ਬਾਜਰੇ ਦੀ ਰੋਟੀ ਚੋਪੜੀ ਹੋਈ ਨਹੀਂ ਹੈ, ਅਣਚੋਪੜੀ ਹੋਈ ਹੈ ਤੇ ਉਹਦੇ ਉਤੇ ਸਾਗ ਪਾ ਦਿਤਾ, ਪਿੰਨੀ। ਭੁਰਜੀ ਬਣਾ ਕੇ। ਮਰਦਾਨੇ ਨੇ ਜਦੋਂ ਉਹ ਪ੍ਰਸ਼ਾਦਾ ਫੜਿਆ, ਮਹਾਰਾਜ ਵਲ ਦੇਖਣ ਲਗ ਗਿਆ, ਅੰਦਰ ਕੀ ਗੱਲ ਕੀ ਆਈ ਤੇ ਫੇਰ ਜੇ ਜਗਤ ਤਾਂ ਉਧਾਰ ਕਰਨ, ਪਹਿਲੇ ਦਿਨ ਹੀ ਰੋਟੀ ਇਹੋ ਜਿਹੀ ਮਿਲੀ ਹੈ ਤੇ ਕਹਿੰਦੇ ਬੋਹਣੀ ਹੀ ਐਹੋ ਜਿਹੀ ਹੋਈ ਹੈ ਅੱਗੇ ਖਬਰੇ ਕੀ ਹਾਲ ਹੋਏਗਾ। ਮਨ ਵਿਚ ਗਿਣਤੀ ਗਿਣ ਲਈ। ਮਹਾਰਾਜ ਨੇ ਉਸੇ ਵੇਲੇ ਦੇਖਿਆ, ਕਹਿੰਦੇ, ਮਰਦਾਨਿਆ! ਕੀ ਗਿਣਤੀ ਗਿਣਦਾ ਹੈਂ? ਹੱਥ ਨਾਲ ਇਸ਼ਾਰਾ ਕਰਕੇ ਕਹਿੰਦਾ ਹੈ ਕਿ ਲੰਘੇਗੀ ਕਿਵੇਂ? ਬਾਜਰੇ ਦੀ ਰੋਟੀ ਹੈ ਨਾ ਚੋਪੜੀ ਹੋਈ ਹੈ, ਉਤੇ ਇਕ ਸੁੱਕੀ ਪਿੰਨੀ ਧਰੀ ਹੋਈ ਹੈ। ਮਹਾਰਾਜ ਕਹਿੰਦੇ, ਮਰਦਾਨਿਆ! ਤੂੰ ਅਜੇ ਤੱਕ ਓਸ ਕਿਰਤ ਦਾ ਪ੍ਰਸ਼ਾਦਾ ਨਹੀਂ ਛਕਿਆ ਜਿਹੜਾ ਕਿਰਤੀ ਅੰਦਰੋਂ ਪ੍ਰਮੇਸ਼ਰ ਦੇ ਨਾਲ ਜੁੜਿਆ ਹੋਇਆ। ਵਾਹਿਗੁਰੂ-ਵਾਹਿਗੁਰੂ ਕਰਦਾ ਹੈ ਤੇ ਬਾਹਰੋਂ ਕਿਰਤ ਕਰਦਾ ਹੈ, ਉਹ ਜਦੋਂ ਸੁੱਚੇ ਅੰਨ ਦਾ ਪ੍ਰਸ਼ਾਦਾ ਛਕਾਂਦਾ ਹੈ ਮਰਦਾਨਿਆ! ਉਹਦੇ ਵਿਚ ਛੱਤੀ ਪ੍ਰਕਾਰ ਦੇ ਭੋਜਨ ਕੀ ਉਹਦੇ ਵਿਚ ਤਾਂ ਐਨਾ ਸੁਆਦ ਹੁੰਦਾ ਹੈ, ਜਿਹੜੇ ਅੰਮ੍ਰਿਤ ਨੂੰ ਸੁਣਦੇ ਹਾਂ ਅਸੀਂ ਓਸ ਅੰਮ੍ਰਿਤ ਦਾ ਸੁਆਦ ਇਹਦੇ ਵਿਚ ਹੁੰਦਾ ਹੈ। ਤੂੰ ਬੁਰਕੀ ਤਾਂ ਮੂੰਹ ਵਿਚ ਪਾ।

ਲਾਲੋ ਨੇ ਗੱਲ ਸੁਣ ਲਈ ਸਾਰੀ ਤੇ ਮਨ ਦਾ ਜਿਹੜਾ ਭਰਮ ਸੀ ਹਟ ਗਿਆ ਕਿ ਮੈਂ ਰੁਖੀਆਂ ਰੋਟੀਆਂ ਦੇ ਦਿਤੀਆਂ, ਮੈਂ ਗਰੀਬ ਬੰਦਾ ਹਾਂ ਤੇ ਪੈਸੇ ਭਰ ਚੋਪੜ ਜਿੰਨੇ ਵੀ ਨਹੀਂ ਦੇ ਸਕਿਆ। ਘਿਉ ਵੀ ਵਿਚ ਨਹੀਂ ਪਾ ਸਕਿਆ ਤੇ ਇਹ ਧੰਨ ਹੈ ਗੁਰੂ ਨਾਨਕ ਤੇ ਮੈਂ ਕਿਵੇਂ ਇਨ੍ਹਾਂ ਦਾ ਉਪਕਾਰ ਕਰਾਂ। ਇਹ ਤਾਂ ਇਹਨੂੰ ਅੰਮ੍ਰਿਤ ਕਹਿੰਦੇ ਨੇ ਕਿ ਇਹਦੇ ਵਿਚ ਅੰਮ੍ਰਿਤ ਹੈ। ਜਦੋਂ ਮਰਦਾਨੇ ਨੇ ਮੂੰਹ ਵਿਚ ਬੁਰਕੀ ਪਾਈ, ਉਸ ਵੇਲੇ ਮਹਾਰਾਜ ਦੇਖੇ ਉਹਦੇ ਵਲ। ਉਸ ਵੇਲੇ ਇਸ਼ਾਰਾ ਕਰਿਆ ਕਿ ਹੁਣ ਸੁਣਾ ਮਰਦਾਨਿਆ! ਸਿਰ ਹਿਲਾਉਂਦਾ ਹੈ, ਕਹਿੰਦਾ ਪਾਤਸ਼ਾਹ! ਸੁਣਦੇ ਸੀ ਅੰਮ੍ਰਿਤ, ਲੇਕਿਨ ਕਦੇ ਦੇਖਿਆ ਨਹੀਂ ਸੀ। ਅੱਜ ਮੈਂ ਸੁਆਦ ਦੇਖਿਆ ਹੈ, ਇਹ ਕਾਹਦਾ ਸੁਆਦ ਆ ਰਿਹਾ ਹੈ। ਐਸੀ ਚੀਜ਼ ਤਾਂ ਮੈਂ ਜ਼ਿੰਦਗੀ ਭਰ 'ਚ ਕਦੇ ਵੀ ਨਹੀਂ ਖਾਧੀ ਤੇ ਐਸਾ ਲਿਖਿਆ ਹੈ ਕਿ –

***ਸੁਨਜੋ ਸੁਧਾ ਪਸ਼ਯੰਤ ਨ ਕਬਹੂੰ***
***ਸਾਦ ਬਨਜੋ ਹੈ ਸੋਊ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਅੱਜ ਤੱਕ ਜੋ ਵੀ ਮੈਂ ਖਾਧਾ ਸੀ ਉਨ੍ਹਾਂ ਸਾਰਿਆਂ ਤੋਂ ਸੁਆਦ ਜੇ ਕੋਈ ਹੈ ਆਹ ਕੋਧਰੇ ਦੀ ਰੋਟੀ ਵਿਚ ਹੈ।

***ਅੰਤਰਜਾਮੀ ਜਾਨਹੁ ਤੁਮ ਸਭਿ ਵਰਤਹਿ***
***ਉਰ ਮਹਿਂ ਜੋਊ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਮੇਰੇ ਹਿਰਦੇ 'ਚ ਜਿਹੜੀਆਂ ਗੱਲਾਂ ਚੱਲ ਰਹੀਆਂ ਨੇ ਪਾਤਸ਼ਾਹ! ਉਹ ਤੂੰ ਸਾਰੀਆਂ ਜਾਣਦਾ ਹੈ। ਉਸ ਵੇਲੇ ਪ੍ਰਸ਼ਾਦਾ ਛਕ ਕੇ ਮਹਾਰਾਜ! ਕਹਿਣ ਲੱਗੇ, ਭਾਈ ਲਾਲੋ! ਐਉਂ ਤਾਂ ਦੱਸ ਤੂੰ ਇਹਦੇ ਵਿਚ ਕਿਹੜਾ ਸੁਆਦ ਪਾ ਦਿਤਾ? ਐਨਾ ਸੁਆਦ? ਭਾਈ ਲਾਲੋ ਦੀ ਸੁਰਤ ਪੰਜ ਹਜ਼ਾਰ ਸਾਲ ਪਹਿਲਾਂ ਪਿੱਛੇ ਚਲੀ ਗਈ। ਸਾਮ੍ਹਣੇ ਆ ਗਿਆ ਦ੍ਰਿਸ਼। ਕ੍ਰਿਸ਼ਨ ਮਹਾਰਾਜ ਬੈਠੇ ਨੇ, ਅਲੂਣਾ ਸਾਗ ਛਕ ਰਹੇ ਨੇ ਤੇ ਨਾਲ ਤਾਰੀਫ ਕਰ ਰਹੇ ਨੇ, ਕੇਲੇ ਦੇ ਰਹੀ ਹੈ ਬੀਬੀ, ਗੁੱਦਾ ਕੱਢ-ਕੱਢ ਸੁੱਟੀ ਜਾਂਦੀ ਹੈ, ਛਿੱਲੜ ਫੜਾਈ ਜਾਂਦੀ ਹੈ, ਕਹਿੰਦੇ ਐਨਾ ਸੁਆਦ-ਐਨਾ ਸੁਆਦ? ਕਹਿੰਦਾ ਇਹ ਤਾਂ ਓਹੀ ਸਮਾਂ ਬਣ ਗਿਆ –

***ਧਾਰਨਾ – ਤੇਰਾ ਬਿਰਦ ਹੈ ਗਰੀਬ ਨਿਵਾਜ,***
***ਆਦਿ ਜੁਗਾਦੋ ਮਾਲਕਾ।***

ਭਾਈ ਲਾਲੋ ਕਹਿਣ ਲੱਗਿਆ! ਮੈਂ ਤਾਂ ਕੋਈ ਪ੍ਰਸ਼ਾਦਾ ਚੰਗਾ ਨਹੀਂ ਬਣਾਇਆ। ਮੈਂ ਤਾਂ ਸੁੱਕੀ ਰੋਟੀ ਆਪ ਦੇ ਅੱਗੇ ਧਰ ਦਿਤੀ। ਲੇਕਿਨ ਤੇਰਾ ਬਿਰਧ ਹੈ –

*ਨੀਚ ਜਾਤਿ ਹਰਿ ਜਪਤਿਆ*
*ਉਤਮ ਪਦਵੀ ਪਾਇ ॥*
*ਪੂਛਹੁ ਬਿਦਰ ਦਾਸੀ ਸੁਤੈ*
*ਕਿਸਨੁ ਉਤਰਿਆ ਘਰਿ ਜਿਸੁ ਜਾਇ ॥*
***ਅੰਗ – ੧੦੩੩***

ਜਿਹਦੇ ਘਰ ਵਿਚ ਕ੍ਰਿਸ਼ਨ ਜਾ ਕੇ ਉਤਰਿਆ, ਗਰੀਬ ਨਿਵਾਜ ਬਿਰਦ ਹੋਇਆ ਨਾ। ਇਕ ਪਾਸੇ ਦੁਰਯੋਧਨ ਹੈ, ਇਕ ਪਾਸੇ ਭੀਸ਼ਮ ਪਿਤਾਮਾ ਹੈ, ਦ੍ਰੋਣਾਚਾਰੀਆ ਹੈ, ਕਰਣ ਹੈ –

***ਭੀਖਮੁ ਦ੍ਰੋਣਾ ਕਰਣ ਤਜਿ***
***ਸਭਾ ਸੀਗਾਰ ਵਡੇ ਮਾਣੁਖਾ।***
***ਝੁੰਗੀ ਜਾਇ ਵਲਾਇਓਨੁ***
***ਸਭਨਾ ਦੇ ਜੀਅ ਅੰਦਰ ਧੁਖਾ।***
***ਭਾਈ ਗੁਰਦਾਸ ਜੀ, ਵਾਰ 10/7***

ਝੁੱਗੀ 'ਚ ਬਹਿ ਗਿਆ ਜਾ ਕੇ, ਐਡੇ ਵੱਡੇ-ਵੱਡੇ ਬੰਦਿਆਂ ਨੂੰ ਛੱਡ ਕੇ। ਕਹਿੰਦੇ –

*ਪੂਛਹੁ ਬਿਦਰ ਦਾਸੀ ਸੁਤੈ*
*ਕਿਸਨੁ ਉਤਰਿਆ ਘਰਿ ਜਿਸੁ ਜਾਇ ॥ ੧ ॥*
*ਹਰਿ ਕੀ ਅਕਥ ਕਥਾ ਸੁਨਹੁ ਜਨ ਭਾਈ*
*ਜਿਤੁ ਸਹਸਾ ਦੂਖ ਭੂਖ ਸਭ ਲਹਿ ਜਾਇ ॥*
***ਅੰਗ – ੭੩੩***

ਸੁਣੋ ਅਕਥ ਕਥਾ ਵਾਹਿਗੁਰੂ ਦੀ।

*ਰਵਿਦਾਸੁ ਚਮਾਰੁ ਉਸਤਿਤ ਕਰੇ*
*ਹਰਿ ਕੀਰਤਿ ਨਿਮਖ ਇਕ ਗਾਇ ॥*

*ਪਤਿਤ ਜਾਤਿ ਉਤਮੁ ਭਇਆ*
*ਚਾਰਿ ਵਰਨ ਪਏ ਪਗਿ ਆਇ॥ ਅੰਗ - ੭੩੩*

ਗਰੀਬ ਨਿਵਾਜ ਹੋਇਆ ਨਾ, ਪੰਡਤਾਂ ਨੂੰ ਨਿਵਾ ਦਿਤਾ ਉਹਦੇ ਚਰਨਾਂ ਤੇ।

*ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ*
*ਲੋਕੁ ਛੀਪਾ ਕਹੈ ਬੁਲਾਇ ॥ ਅੰਗ - ੭੩੩*

ਨਾਉਂ ਵੀ ਨਹੀਂ ਲੈਂਦੇ ਛੀਪਾ ਕਹਿੰਦੇ ਨੇ। ਜਾਤ ਦਾ ਨਾਉਂ ਲੈ ਕੇ ਹੀ ਬੁਲਾਉਂਦੇ ਸੀ।

*ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ*
*ਹਰਿ ਨਾਮਦੇਉ ਲੀਆ ਮੁਖਿ ਲਾਇ ॥*
*ਅੰਗ - ੭੩੩*

ਦੇਹੁਰਾ ਫੇਰ ਦਿਤਾ। ਛਾਤੀ ਦੇ ਨਾਲ ਲਾ ਲਿਆ।

*ਜਿਤਨੇ ਭਗਤ ਹਰਿ ਸੇਵਕਾ*
*ਮੁਖਿ ਅਠਸਠਿ ਤੀਰਥ ਤਿਨ ਤਿਲਕੁ ਕਢਾਇ ॥*
*ਜਨੁ ਨਾਨਕੁ ਤਿਨ ਕਉ ਅਨਦਿਨੁ ਪਰਸੇ*
*ਜੇ ਕ੍ਰਿਪਾ ਕਰੇ ਹਰਿ ਰਾਇ ॥ ਅੰਗ - ੭੩੩*

ਪਾਤਸ਼ਾਹ! ਐਡੀ ਵੱਡੀ ਵਡਿਆਈ। ਤੂੰ ਤਾਂ ਗਰੀਬ ਨਿਵਾਜ ਹੈਂ ਆਦਿ ਤੇ ਜੁਗਾਦਿ ਦਾ। ਸ਼ੁਰੂ ਤੋਂ ਹੀ ਤੂੰ ਏਸ ਤਰ੍ਹਾਂ ਕਰਦਾ ਆਇਆ ਹੈਂ।

***ਧਾਰਨਾ - ਅਲੂਣਾ ਸਾਗ ਬਿਦਰ ਦਾ ਖਾ ਲਿਆ,***
***ਰਾਜਿਆਂ ਦੇ ਭੋਜਨ ਛੱਡ ਕੇ।***

ਪਾਤਸ਼ਾਹ! ਐਨੇ ਦੀਨ ਦਇਆਲ ਤੁਸੀਂ। ਇਕ ਬਾਜਰੇ ਦੀ ਰੋਟੀ, ਸੁੱਕੀ ਰੋਟੀ, ਅਨਚੋਪੜੀ ਰੋਟੀ ਤੇ ਉਹਦੇ ਵਿਚ ਬਗੈਰ ਘਿਉ ਤੋਂ ਬਣਾਈ ਹੋਈ ਸੁੱਕੀ ਭੁਰਜੀ। ਉਹਦੀ ਐਨੀ ਮਹਿਮਾ ਆਪ ਗਾਇਨ ਕਰ ਰਹੇ ਓਂ। ਕਹਿੰਦੇ ਨਾ ਭਾਈ ਲਾਲੋ! ਕਿਉਂ ਮਰਦਾਨਿਆਂ ਦੱਸ। ਮਰਦਾਨਾ ਕਹਿਣ ਲੱਗਿਆ, ਪਾਤਸ਼ਾਹ! ਤੁਸੀਂ ਸਭ ਕੁਛ ਜਾਣਦੇ ਓਂ, ਐਸਾ ਪ੍ਰਸ਼ਾਦ ਨਾ ਕਦੇ ਡਿੱਠਾ ਤੇ ਨਾ ਕਦੇ ਖਾਧਾ ਹੈ। ਸੁਣਿਆ ਲਾਲੋ ਨੇ ਤੇ ਫੇਰ ਬੇਨਤੀ ਕੀਤੀ ਕਿ-

***ਭਾਜੀ ਲੀਨੀ ਬਿਦਰ ਕੀ ਦੁਰਜੋਧਨ ਤਜਿ ਰਾਜ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਰਾਜਿਆਂ ਨੂੰ ਛੱਡ ਦਿਤਾ। ਛੱਤੀ ਪ੍ਰਕਾਰ ਦੇ ਭੋਜਨ ਛੱਡ ਦਿਤੇ ਤੇ ਖਾਧਾ ਕੀ ਆ ਕੇ। ਅਲੂਣੀ ਭਾਜੀ ਬਿਦਰ ਦੀ ਖਾ ਰਹੇ ਨੇ।

*ਤੁਮਰੋ ਦੂਧੁ ਬਿਦਰ ਕੋ ਪਾਨੋ*
*ਅੰਮ੍ਰਿਤੁ ਕਰੁ ਮੈ ਮਾਨਿਆ ॥ ੧ ॥*
*ਖੀਰ ਸਮਾਨਿ ਸਾਗੁ ਮੈ ਪਾਇਆ*
*ਗੁਨ ਗਾਵਤ ਰੈਨਿ ਬਿਹਾਨੀ ॥ ਅੰਗ - ੧੧੦੫*

ਕਹਿ ਰਹੇ ਨੇ ਕਿ ਉਹਦਾ ਸਾਗ ਬਹੁਤ ਮਿੱਠਾ ਖੀਰ ਤੋਂ ਵੀ ਵਧੀਆ ਸੀਗਾ। ਬਿਦਰ ਦਾ ਪਾਣੀ ਵੀ ਮੈਨੂੰ ਤਾਂ ਅੰਮ੍ਰਿਤ ਕਰਕੇ ਲੱਗਿਆ।

ਪਾਤਸ਼ਾਹ! ਇਸੇ ਤਰ੍ਹਾਂ ਤੁਸੀਂ ਹੁਣ ਕਲਜੁਗ ਦੇ ਅੰਦਰ-

***ਭਾਜੀ ਲੀਨੀ ਬਿਦਰ ਕੀ ਦੁਰਜੋਧਨ ਤਜਿ ਰਾਜ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਜਦੋਂ ਤੁਹਾਡੇ ਕੋਲ ਗਿਆ ਸੀ ਨਾ ਸੁਦਾਮਾ। ਕੀ ਸੀਗਾ, ਸੁੱਕੇ ਚੌਲ ਸੀਗੇ ਤੇ ਤੁਸੀਂ ਆਪਣੇ ਹੱਥਾਂ ਨਾਲ ਖੋਲ੍ਹੇ। ਫੱਕੇ ਮਾਰਦੇ ਰਹੇ ਤੇ ਚਾਰ ਪਦਾਰਥ ਰਿੱਧੀਆਂ ਸਿੱਧੀਆਂ ਉਹਦੇ ਘਰ ਪਹੁੰਚਾ ਦਿਤੀਆਂ। ਇਕ ਬਚ ਗਿਆ ਸੀ ਉਹ ਫੜ ਲਿਆ ਰਾਧਾ ਨੇ ਕਿ ਸਾਡੇ ਜੋਗਾ ਵੀ ਕੁਛ ਰਹਿਣ ਦਿਓ। ਐਨਾ ਦਇਆਲ ਤੂੰ।

ਤੇਰਾ ਤਾਂ ਬਿਰਦ ਦੀ ਗਰੀਬਾਂ ਨੂੰ ਨਿਵਾਜਣਾ ਹੈ।

***ਜਾਤ ਭੀਲਨੀ ਨੀਚ ਕੇ ਜੂਠੇ ਲੀਨੇ ਬੇਰ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਦੰਦ ਦੇ ਨਾਲ ਸੁਆਦ ਦੇਖ ਕੇ ਕਿ ਮਿੱਠੇ ਨੇ ਕਿ ਖੱਟੇ ਨੇ, ਸ਼ਿਵਰੀ ਭੀਲਣੀ ਨੇ ਬੇਰ ਜਮ੍ਹਾਂ ਕੀਤੇ ਏਸ ਆਸ ਨਾਲ ਕਿ ਮੈਂ ਸ੍ਰੀ ਰਾਮ ਚੰਦਰ ਜੀ ਨੂੰ ਯਾਦ ਕਰਦੀ ਹਾਂ, ਉਹ ਜ਼ਰੂਰ ਮੇਰੇ ਘਰ ਚਰਨ ਪਾਉਣਗੇ। ਪਿਆਰ ਦੇ ਬੰਨ੍ਹੇ ਹੋਏ ਆਉਣਗੇ ਪੂਰਾ ਨਿਸ਼ਚਾ ਹੈ। ਸ੍ਰੀ ਰਾਮ ਚੰਦਰ ਜੀ ਚਲੇ ਜਾਂਦੇ ਨੇ, ਲੱਛਮਣ ਚਲਿਆ ਜਾਂਦਾ ਹੈ। ਉਸ ਵੇਲੇ ਬੇਰ ਲਿਆ ਕੇ ਦਿੰਦੀ ਹੈ। ਬੁੱਕ ਵਿਚ। ਕੋਈ ਪਲੇਟ ਨਹੀਂ ਉਹਦੇ ਕੋਲ। ਕੋਈ ਮਰਿਆਦਾ ਨਹੀਂ ਕਰੀ ਹੈ, ਕੋਈ ਹੱਥ ਨਹੀਂ ਧੁਆਏ। ਬੇਰ ਲਿਆ ਕੇ ਦੇ ਦਿਤੇ। ਪਾਤਸ਼ਾਹ! ਆਹ ਭੇਟਾ ਹੈ। ਆਪ ਛਕਦੇ ਨੇ, ਲੱਛਮਣ ਨੇ ਦੇਖ ਲਿਆ ਕਿ ਹਰੇਕ ਬੇਰ ਦੇ ਉਤੇ ਦੰਦ ਲੱਗਿਆ ਹੋਇਆ ਹੈ, ਇਹ ਤਾਂ ਜੂਠੇ ਬੇਰ ਨੇ। ਐਨਾ ਫੁਰਨਾ ਆਉਂਦੇ ਹੀ ਰਾਮ ਚੰਦਰ ਜੀ ਨੇ ਥੋੜ੍ਹੇ ਜਿਹੇ ਬੇਰ ਉਹਨੂੰ ਦੇ ਦਿਤੇ। ਐਸਾ ਕਹਿੰਦੇ ਨੇ ਉਹਨੇ ਖਾਧੇ ਨਹੀਂ ਪਿੱਠ ਪਿਛੇ ਦੂਰ ਸੁੱਟ ਦਿਤੇ। ਤੇ ਇਧਰਲੇ ਪਾਸੇ ਇਹ ਬੇਰ ਛਕਦੇ ਨੇ। ਜਦੋਂ ਪੁੱਛਿਆ ਸ੍ਰੀ ਰਾਮ ਚੰਦਰ ਜੀ ਨੂੰ ਕਿ ਤੁਸੀਂ ਬੇਰ ਖਾ ਲਏ ਭੀਲਣੀ ਦੇ। ਉਹ ਕਹਿੰਦੇ ਜਿਥੇ ਪ੍ਰੇਮ ਹੁੰਦਾ ਹੈ ਉਥੇ ਕੋਈ ਨੇਮ ਨਹੀਂ ਹੋਇਆ ਕਰਦਾ। ਸਭ ਨੇਮ, ਸਾਰੀਆਂ ਚੀਜ਼ਾਂ ਟੁੱਟ ਜਾਂਦੀਆਂ ਨੇ। ਇਕੱਲਾ ਪ੍ਰੇਮ ਰਹਿ ਜਾਂਦਾ ਹੈ, ਪ੍ਰੇਮ ਦੇ ਵਿਚ ਨਾ ਕੋਈ ਜਾਤ ਹੈ ਨਾ ਕੋਈ ਨੇਮ ਹੈ।

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਭਾਈ ਲਾਲੋ ਨੇ ਬੇਨਤੀ ਕੀਤੀ, ਨਾਲ ਦੀ ਨਾਲ ਝੁਕ ਗਿਆ, ਚਰਨਾਂ ਤੇ ਮਸਤਕ ਰੱਖ ਲਿਆ। ਨੇਤਰਾਂ 'ਚੋਂ ਜਲ ਜਾਂਦਾ ਹੈ। ਮਹਾਰਾਜ ਕਹਿੰਦੇ, ਉਠ ਭਾਈ ਲਾਲੋ! ਚਰਨ ਨਹੀਂ ਛੱਡ ਰਿਹਾ, ਪਾਤਸ਼ਾਹ! ਮੇਰੇ ਗਰੀਬ ਦੇ ਘਰ ਤੁਸੀਂ ਆ ਗਏ ਅੱਜ। ਸੱਚੇ ਦਿਲੋਂ ਕਹਿ ਰਿਹਾ ਹੈ। ਕੋਈ ਅੱਖਰ ਨਹੀਂ ਵਰਤ ਰਿਹਾ। ਅਸੀਂ ਤਾਂ ਕਈ ਅੱਖਰ ਵਰਤ ਲਵਾਂਗੇ। ਅੰਦਰੋਂ ਕੋਈ ਬਚਨ ਨਹੀਂ ਮੰਨਦੇ, ਕੇਵਲ ਉਸ ਵੇਲੇ ਗੱਲ ਕਰਨ ਵੇਲੇ ਗੱਲ ਕਹਿ ਦਿੰਦੇ ਹਾਂ।

ਉਸ ਵੇਲੇ ਗੁਰੂ ਮਹਾਰਾਜ ਨੇ ਕ੍ਰਿਪਾ ਕੀਤੀ, ਦੋਵੇਂ ਹੱਥਾਂ ਦੇ ਨਾਲ ਸੀਸ ਫੜ ਲਿਆ ਤੇ ਭਾਈ ਲਾਲੋ ਦਾ ਮਸਤਕ ਉਤੇ ਚੁੱਕਿਆ। ਸੀਸ ਦੇ ਉਤੇ ਦੋਵੇਂ ਹੱਥ

ਰੱਖ ਦਿਤੇ, ਹੱਥ ਰੱਖਣ ਦੀ ਦੇਰ ਸੀ ਜਿਹੜੀ ਰੁਕਾਵਟ ਸੀ ਭਗਤੀ ਦੇ ਅੰਦਰ, ਉਹ ਕਪਾਟ ਜਿਹੜੇ ਜੁੜੇ ਹੋਏ ਸੀ ਉਹ ਖੋਲ੍ਹ ਦਿਤੇ-

***ਧਾਰਨਾ - ਗੁਰਾਂ ਖੋਲ੍ਹ ਦਿਤੇ ਬਜਰ ਕਪਾਟ,***
***ਸੋਝੀ ਹੋ ਗਈ ਤਿੰਨਾਂ ਲੋਕਾਂ ਦੀ।***

ਹੱਥ ਨਾਲ ਛੂੰਹਦੇ ਸਾਰ, ਦੀਵਾ ਸੀਗਾ ਤੇਲ ਸੀਗਾ, ਬੱਤੀ ਸੀਗੀ ਕੇਵਲ ਇੰਨਾ ਸੀ ਕਿ ਜਲਦੇ ਦੀਵੇ ਦੇ ਨਾਲ ਲਾਉਣ ਦੀ ਦੇਰ ਸੀ। ਉਸੇ ਵੇਲੇ ਲਟ-ਲਟ ਕਰਕੇ ਦੀਵਾ ਜਲ ਪਿਆ। ਕਿਉਂਕਿ ਪੂਰਾ ਸਤਿਗੁਰੂ ਜੋ ਹੁੰਦਾ ਹੈ ਉਸਦੀ ਨਿਸ਼ਾਨੀ ਹੋਇਆ ਕਰਦੀ ਹੈ -

***ਘਰ ਮਹਿ ਘਰੁ ਦੇਖਾਇ ਦੇਇ***
***ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ - ੧੨੯੧***

ਆਹ ਘਰ ਦੇ ਵਿਚ, ਜਿਹੜਾ ਵਾਹਿਗੁਰੂ ਦਾ ਘਰ ਹੈ ਬਜਰ ਕਪਾਟ ਖੋਲ੍ਹ ਕੇ ਦਿਖਾ ਦੇਵੇ, ਕਹਿੰਦੇ ਉਹ ਪੂਰਾ ਸਤਿਗੁਰੂ ਹੋਇਆ ਕਰਦਾ ਹੈ।

***ਪੰਚ ਸਬਦ ਧੁਨਿਕਾਰ ਧੁਨਿ***
***ਤਹ ਬਾਜੈ ਸਬਦੁ ਨੀਸਾਣੁ ॥ ਅੰਗ - ੧੨੯੧***

ਪੰਜ ਸ਼ਬਦਾਂ ਦੀ ਧੁਨਕਾਰ ਹੋ ਰਹੀ ਹੈ, ਨਿਸ਼ਾਨੀ ਹੈ ਉਥੇ।

***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥***
***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥***
***ਅੰਗ - ੧੨੯੧***

ਬੇਅੰਤ ਕਿਸਮ ਦੇ ਰਾਗ ਹੁੰਦੇ ਨੇ।

***ਸੋ ਦਰ ਕੇਹਾ ਸੋ ਘਰ ਕੇਹਾ***
***ਜਿਤ ਬਹਿ ਸਰਬ ਸਮਾਲੇ।***

ਮਹਾਰਾਜ ਦਸਦੇ ਨੇ ਕਿ ਸਾਰੇ ਗਾ ਰਹੇ ਨੇ ਉਥੇ। ਵਾਹਿਗੁਰੂ ਦੇ ਦਰ ਤੇ ਰਾਗ ਹੋ ਰਿਹਾ ਹੈ, ਕੀਰਤਨ ਹੋ ਰਿਹਾ ਹੈ ਹਰ ਵਕਤ। ਕੀਰਤਨ ਦੇ ਅਧਾਰ ਤੇ ਭਗਤ ਜਨ ਰਹਿੰਦੇ ਨੇ ਉਥੇ। ਨਾਮ ਦਾ ਆਧਾਰ, ਕੀਰਤਨ ਦਾ ਅਧਾਰ ਹੈ ਉਥੇ। ਅਖਾੜੇ ਲਗਦੇ ਨੇ ਕੀਰਤਨ ਦੇ ਪ੍ਰਮੇਸ਼ਰ ਦੀ ਦਰਗਾਹ ਦੇ ਵਿਚ। ਕਿੰਨਾ ਅਨੰਦ ਹੁੰਦਾ ਹੋਣਾ। ਸੋ ਕੀਰਤਨ ਦਿਖਾ ਦਿੰਦੇ ਨੇ ਤੇ ਵਾਹਿਗੁਰੂ ਦੇ ਦਰਸ਼ਨ ਹੋ ਜਾਂਦੇ ਨੇ।

***ਸੁਖਮਨ ਕੈ ਘਰਿ ਰਾਗੁ ਸੁਨਿ***
***ਸੁੰਨਿ ਮੰਡਲਿ ਲਿਵ ਲਾਇ ॥ ਅੰਗ - ੧੨੯੧***

ਦਸਵੇਂ ਦੁਆਰ ਦੇ ਵਿਚ ਲਿਵ ਲਾ ਕੇ ਅਫੁਰ ਅਵਸਥਾ 'ਚ ਪਹੁੰਚ ਕੇ ਇਹ ਰਾਗ ਪ੍ਰਭੂ ਦੇ ਦਰ ਤੇ ਹੁੰਦਾ ਸੁਣਦਾ ਹੈ।

***ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ॥***
***ਅੰਗ - ੧੨੯੧***

ਤੇ ਜਦੋਂ ਕਥਾ ਨਾ ਕਹਿਣ ਵਾਲੀ ਵਿਚਾਰੀ ਜਾਏਗੀ ਉਸ ਵੇਲੇ ਸਾਰੀਆਂ ਵਾਸ਼ਨਾਵਾਂ ਖਤਮ ਹੋ ਕੇ ਮਨ ਵਿਚ ਹੀ ਸਮਾਅ ਜਾਣਗੀਆਂ।

***ਉਲਟਿ ਕਮਲੁ ਅੰਮ੍ਰਿਤਿ ਭਰਿਆ***
***ਇਹੁ ਮਨੁ ਕਤਹੁ ਨ ਜਾਇ ॥ ਅੰਗ - ੧੨੯੧***

ਕਮਲ ਜਿਹੜਾ ਮੂਧਾ ਹੋਇਆ ਪਿਆ ਸੀ ਸਿੱਧਾ ਹੋ ਗਿਆ। ਉਹਦੇ ਵਿਚ ਅੰਮ੍ਰਿਤ ਭਰ ਗਿਆ ਤੇ ਮਨ ਹੁਣ ਦੌੜਦਾ ਨਹੀਂ।

***ਅਜਪਾ ਜਾਪੁ ਨ ਵੀਸਰੈ***
***ਆਦਿ ਜੁਗਾਦਿ ਸਮਾਇ ॥ ਅੰਗ - ੧੨੯੧***

ਹੁਣ ਬਿਨਾਂ ਜੀਭ ਤੋਂ ਜਾਪ ਹੋ ਰਿਹਾ ਹੈ। ਅੱਖਾਂ ਖੁਲ੍ਹੀਆਂ ਨਾਲ ਅੱਖਾਂ ਜਾਪ ਕਰ ਰਹੀਆਂ ਨੇ, ਕੰਨ ਸੁਣ-ਸੁਣ ਕੇ ਜਾਪ ਕਰ ਰਹੇ ਨੇ।

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥***
***ਅੰਗ - ੧੨੬੫***

ਅਜਪਾ ਜਾਪ ਹਰ ਵਕਤ ਵਿਸਰਦਾ ਨਹੀਂ ਤੇ ਆਦਿ ਜੁਗਾਦਿ ਵਾਹਿਗੁਰੂ ਦੇ ਵਿਚ ਸਮਾਅ ਜਾਂਦਾ ਹੈ।

***ਸਭਿ ਸਖੀਆ ਪੰਚੇ ਮਿਲੇ***
***ਗੁਰਮੁਖਿ ਨਿਜ ਘਰਿ ਵਾਸੁ॥ ਅੰਗ - ੧੨੯੧***

ਪੰਜੇ ਗਿਆਨ ਇੰਦਰੇ, ਪੰਜੇ ਕਰਮ ਇੰਦਰੇ ਤੇ ਤਤਿਸ਼ਠਾ, ਅੰਤਸ਼ਕਰਣ, ਜੀਵ ਆਤਮਾ ਇਹ ਆਤਮਾ ਦੇ ਵਿਚ ਲੀਨ ਹੋ ਜਾਂਦੇ ਤੇ ਨਿੱਜ ਘਰ ਵਿਚ ਵਾਸ ਹੋ ਗਿਆ।

***ਸਬਦੁ ਖੋਜਿ ਇਹੁ ਘਰੁ ਲਹੈ***
***ਨਾਨਕੁ ਤਾ ਕਾ ਦਾਸੁ ॥ ਅੰਗ - ੧੨੯੧***

ਸ਼ਬਦ ਨੂੰ ਖੋਜਣ ਨਾਲ ਇਹ ਘਰ ਪ੍ਰਾਪਤ ਹੁੰਦਾ ਹੈ, ਮਹਾਰਾਜ ਕਹਿੰਦੇ ਅਸੀਂ ਦਾਸ ਹਾਂ ਉਹਦੇ ਜਿਹੜਾ ਇਸ ਘਰ ਨੂੰ ਪ੍ਰਾਪਤ ਕਰਦਾ ਹੈ। ਸੋ ਗੁਰੂ ਨਾਨਕ ਨੇ ਇਹ ਘਰ ਦਿਖਾ ਦਿਤਾ।

***ਊਪਰ ਸੀਸ ਉਠਾਵਹਿ ਨਾ,***
***ਜਬ ਸ੍ਰੀ ਗੁਰੁ ਹਾਥ ਧਰਾ ਸਿਰ ਤਾਂਹੀ।***
***ਛੂਵਤਿ ਹਾਥ ਕਪਾਟ ਖੁਲੇ***
***ਤਿਹੁਂ ਲੋਕਨ ਕੀ ਸੁਧਿ ਭੀ ਮਨ ਮਾਂਹੀ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਹੱਥ ਰਖਦੇ ਸਾਰ ਕਪਾਟ ਖੁਲ੍ਹ ਗਏ। ਉਸ ਵੇਲੇ ਜੋ ਹਾਲਤ ਭਾਈ ਲਾਲੋ ਦੀ ਹੋਈ ਉਹ ਕੋਈ ਕਹਿ ਨਹੀਂ ਸਕਦਾ, ਦੱਸ ਨਹੀਂ ਸਕਦਾ।

***ਕਹੁ ਕਬੀਰ ਗੂੰਗੈ ਗੁੜੁ ਖਾਇਆ***
***ਪੂਛੇ ਤੇ ਕਿਆ ਕਹੀਐ ॥ ਅੰਗ - ੩੩੪***

ਸੋ ਇਸ ਤਰ੍ਹਾਂ ਮਹਾਰਾਜ ਜਦੋਂ ਦੋ ਦਿਨ ਲੰਘ ਗਏ, ਤੀਸਰਾ ਦਿਨ ਆ ਗਿਆ ਉਸ ਵੇਲੇ ਮਰਦਾਨਾ ਉਦਾਸ ਹੋਇਆ ਮਹਾਰਾਜ ਜੀ ਦੇ ਕੋਲ ਆਉਂਦਾ ਹੈ ਰੋਜ਼। ਮਹਾਰਾਜ ਕਹਿੰਦੇ, ਮਰਦਾਨਿਆ! ਤੂੰ ਉਦਾਸ ਕਿਉਂ ਰਹਿੰਦਾ ਹੈਂ। ਦੇਖ ਆਪਾਂ ਕਿੱਡੇ ਵੱਡੇ ਭਗਤ ਦੇ ਘਰ ਆਏ ਹਾਂ ਤੇ ਤੇਰੇ ਮਨ ਵਿਚ ਖੁਸ਼ੀ ਚਾਹੀਦੀ ਹੈ। ਤੂੰ

ਉਦਾਸੀ ਕਿਉਂ ਧਾਰਦਾ ਹੈਂ। ਕਹਿਣ ਲੱਗਿਆ ਪਾਤਸ਼ਾਹ! ਮੈਂ ਤੈਨੂੰ ਪਿਆਰ ਕਰਦਾ ਹਾਂ, ਤੇਰੇ ਚਰਨਾਂ ਦੇ ਸਦਕੇ, ਤੇਰੀ ਚਰਨ ਧੂੜ ਨੂੰ ਪਿਆਰ ਕਰਦਾ ਹਾਂ, ਪਾਤਸ਼ਾਹ! ਜਦੋਂ ਤੇਰੇ ਬਾਰੇ ਕੋਈ ਗੱਲ ਕਹਿੰਦਾ ਹੈ, ਤਾਂ ਮੈਂ ਸਹਿ ਨਹੀਂ ਸਕਦਾ। ਮੈਨੂੰ ਔਖਾ ਹੋ ਜਾਂਦਾ ਹੈ, ਮੇਰਾ ਜੀਉਣਾ ਨਹੀਂ ਰਹਿੰਦਾ ਮੇਰਾ ਮਰਨਾ ਹੋ ਜਾਂਦਾ ਹੈ। ਕਹਿੰਦੇ ਗੱਲ ਕੀ ਹੈ? ਕਹਿੰਦੇ, ਮਹਾਰਾਜ! ਜਦੋਂ ਮੈਂ ਬਾਹਰ ਜਾਂਦਾ ਹਾਂ, ਤਾਂ ਸਾਰੇ ਲੋਕ ਮੇਰੇ ਵਲ ਉਂਗਲੀਆਂ ਕਰਦੇ ਨੇ ਤੇ ਆਪ ਨੂੰ ਕੁਰਾਹੀਆ ਕਹਿੰਦੇ ਨੇ, ਇਕ ਡੂੰਮ ਨਾਲ ਰੱਖਿਆ ਹੋਇਆ ਹੈ ਖੱਤਰੀ ਹੋ ਕੇ, ਤੇ ਇਕ ਸ਼ੂਦਰ ਦੇ ਘਰ ਬੈਠਾ ਰੋਟੀ ਖਾਂਦਾ ਹੈ ਤੇ ਮੇਰੇ ਤੋਂ ਸਹਿਆ ਨਹੀਂ ਜਾਂਦਾ ਪਾਤਸ਼ਾਹ।

ਮਹਾਰਾਜ ਕਹਿੰਦੇ ਸੰਸਾਰ ਦੇ ਦੋ ਰਾਹ ਹੁੰਦੇ ਨੇ ਜਾਂ ਨਿੰਦਿਆ ਕਰਦਾ ਹੈ ਜਾਂ ਉਸਤਤ ਕਰਦਾ ਹੈ। ਸੰਤਾਂ ਨੂੰ ਨਾ ਉਸਤਤ ਦੇ ਨਾਲ ਕੋਈ ਸਬੰਧ ਹੈ ਤੇ ਨਾ ਨਿੰਦਿਆ ਨਾਲ ਕੋਈ ਸਬੰਧ ਹੈ, ਠੀਕ ਕੁਰਾਹੀਆ ਕਹਿ ਲੈਣ ਇਨ੍ਹਾਂ ਦੀ ਮਰਜ਼ੀ ਹੈ। ਜੋ ਕਹਿਣਾ ਹੈ ਕਹਿ ਲੈਣ। ਆਪਾਂ ਤਾਂ ਅਕਾਲ ਪੁਰਖ ਦੇ ਹੁਕਮ 'ਚ ਵਰਤਦੇ ਹਾਂ। ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ ਜਿਹੜੇ ਇਸ ਤਰ੍ਹਾਂ ਦੇ ਨਿੰਦਕ ਹੁੰਦੇ ਨੇ, ਉਨ੍ਹਾਂ ਦਾ ਹਾਲ ਬਹੁਤ ਬੁਰਾ ਹੋਇਆ ਕਰਦਾ ਹੈ।

***ਧਾਰਨਾ - ਦੁਨੀਆਂ ਵਿਚ ਘੁੰਮਦੇ ਨੇ***
***ਸੰਤਾਂ ਦੇ ਨਿੰਦਕ ਭਾਈ।***

ਬੰਦਗੀ ਕਰਨ ਵਾਲਿਆਂ ਦੀ ਨਿੰਦਾ ਕਰਨ ਵਾਲੇ ਉਨ੍ਹਾਂ ਨੂੰ ਜੋ ਸਜ਼ਾਵਾਂ ਮਿਲਦੀਆਂ ਨੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਅੰਦਰ ਖੋਲ੍ਹ ਕੇ ਵਰਣਨ ਕੀਤਾ ਗਿਆ ਹੈ ਕਿ -

***ਸੰਤ ਕੀ ਨਿੰਦਾ ਜੋਨੀ ਭਵਨਾ ॥***
***ਸੰਤ ਕੀ ਨਿੰਦਾ ਰੋਗੀ ਕਰਨਾ ॥ ਅੰਗ - ੧੧੯੫***
***ਸੰਤ ਕੀ ਨਿੰਦਾ ਦੂਖ ਸਹਾਮ ॥***
***ਡਾਨੁ ਦੈਤ ਨਿੰਦਕ ਕਉ ਜਾਮ ॥ ਅੰਗ - ੧੧੯੫***

ਜਮਦੂਤ ਡੰਨ ਦਿੰਦੇ ਨੇ -

***ਸੰਤਸੰਗਿ ਕਰਹਿ ਜੋ ਬਾਦ ॥***
***ਤਿਨ ਨਿੰਦਕ ਨਾਹੀ ਕਿਛੁ ਸਾਦੁ ॥***
***ਅੰਗ - ੧੧੯੫***

ਜਿਹੜਾ ਸੰਤਾਂ ਨਾਲ ਖਹਿਣ ਲਗ ਜਾਵੇ, ਉਹਦੀ ਜ਼ਿੰਦਗੀ ਦਾ ਜੀਉਣ ਦਾ ਸਵਾਦ ਹੀ ਮਾਰਿਆ ਜਾਂਦਾ ਹੈ।

***ਭਗਤ ਕੀ ਨਿੰਦਾ ਕੰਧੁ ਛੇਦਾਵੈ ॥***
***ਭਗਤ ਕੀ ਨਿੰਦਾ ਨਰਕੁ ਭੁੰਚਾਵੈ ॥***
***ਅੰਗ - ੧੧੯੫***

***ਭਗਤ ਕੀ ਨਿੰਦਾ ਗਰਭ ਮਹਿ ਗਲੈ ॥***
***ਭਗਤ ਕੀ ਨਿੰਦਾ ਰਾਜ ਤੇ ਟਲੈ ॥***
***ਅੰਗ - ੧੧੯੫***

ਗਰਭ ਦੇ ਵਿਚੋਂ ਗਲ-ਗਲ ਕੇ ਨਿਕਲਦਾ ਹੈ, ਜਨਮ ਤੋਂ ਪਹਿਲਾਂ ਹੀ ਮਰ ਜਾਂਦਾ ਹੈ। ਰਾਜ ਖਤਮ ਹੋ ਜਾਂਦਾ ਹੈ।

***ਨਿੰਦਕ ਕੀ ਗਤਿ ਕਤਹੂ ਨਾਹਿ ॥***
***ਆਪਿ ਬੀਜਿ ਆਪੇ ਹੀ ਖਾਹਿ ॥***
***ਚੋਰ ਜਾਰ ਜੂਆਰ ਤੇ ਬੁਰਾ ॥***
***ਅਣਹੋਦਾ ਭਾਰੁ ਨਿੰਦਕਿ ਸਿਰਿ ਧਰਾ ॥ ੩ ॥***
***ਪਾਰਬ੍ਰਹਮ ਕੇ ਭਗਤ ਨਿਰਵੈਰ ॥***
***ਸੋ ਨਿਸਤਰੈ ਜੋ ਪੂਜੈ ਪੈਰ ॥***
***ਆਦਿ ਪੁਰਖਿ ਨਿੰਦਕੁ ਭੋਲਾਇਆ ॥***
***ਨਾਨਕ ਕਿਰਤੁ ਨ ਜਾਇ ਮਿਟਾਇਆ ॥***
***ਅੰਗ - ੧੧੯੫***

ਮਰਦਾਨਾ ਕਹਿਣ ਲੱਗਿਆ, ਪਾਤਸ਼ਾਹ! ਮੇਰੇ ਤੋਂ ਨਿੰਦਿਆ ਨਹੀਂ ਸਹਿ ਹੁੰਦੀ ਤੇ ਮੈਂ ਰੋਣ ਲਗ ਜਾਂਦਾ ਹਾਂ ਇਕੱਲਾ। ਮੈਂ ਕਰਾਂ ਕੀ, ਬੇਵਸ ਹਾਂ, ਇਕ ਨਹੀਂ ਕਹਿੰਦਾ ਜਿਧਰ ਨੂੰ ਜਾਂਦਾ ਸਾਰੇ ਕਹਿੰਦੇ ਨੇ। ਹਿੰਦੂ ਵੀ ਤੇ ਮੁਸਲਮਾਨ। ਭਲਾ ਮੁਸਲਮਾਨ ਨੇ ਕਿਉਂ ਕਹਿਣਾ ਸੀ ਉਹ ਤਾਂ ਜਾਤ-ਪਾਤ ਮੰਨਦੇ ਨਹੀਂ। ਉਹ ਮੈਨੂੰ ਕਹਿੰਦੇ ਨੇ ਤੂੰ ਉਹਦੇ ਨਾਲ ਕਿਉਂ ਰੋਟੀ ਖਾਂਦਾ, ਉਥੇ ਰਹਿੰਦਾ ਹੈਂ ਤੂੰ ਨਮਾਜ਼ ਨਹੀਂ ਪੜ੍ਹਦਾ ਤੇ ਮਹਾਰਾਜ, ਤੁਹਾਨੂੰ ਕੁਰਾਹੀਆ ਕਹਿ ਰਿਹਾ ਹੈ ਸਾਰਾ ਸ਼ਹਿਰ। ਮੈਂ ਤਿੰਨ ਦਿਨ ਦਾ ਦੇਖਦਾ ਹਾਂ ਇਕ ਬੰਦਾ ਨਹੀਂ ਆਇਆ ਜਿਹਨੇ ਆ ਕੇ ਆਪ ਨੂੰ ਨਮਸਕਾਰ ਕਰੀ ਹੋਵੇ। ਸੋ ਮਹਾਰਾਜ ਨੇ ਸਾਰੇ ਬਚਨ ਸੁਣ ਲਏ ਕਹਿੰਦੇ ਮਰਦਾਨਿਆ! ਉਦਾਸ ਨਾ। ਆਪਾਂ ਸਵੇਰੇ ਹੀ ਸਤਿ ਕਰਤਾਰ ਕਹਿ ਦੇਣਾ ਹੈ। ਸੋ ਅੰਮ੍ਰਿਤ ਵੇਲੇ ਜਾਗੇ ਭਾਈ ਲਾਲੋ ਨੇ ਜਲ ਪਾਣੀ ਤਿਆਰ ਕਰਿਆ ਤੇ ਉਸ ਵੇਲੇ ਮਹਾਰਾਜ ਕਹਿਣ ਲੱਗੇ ਕਿ ਭਾਈ ਲਾਲੋ! ਅਸੀਂ ਹੁਣ ਚਲਦੇ ਹਾਂ। ਐਨੀ ਗੱਲ ਸੁਣਦੇ, ਭਾਈ ਲਾਲੋ ਦੇ ਨੈਣ ਭਰ ਗਏ, ਪਾਤਸ਼ਾਹ! ਵਿਛੋੜਾ ਦਿਓਂਗੇ? ਇਹ ਤਾਂ ਮੇਰੇ ਤੋਂ ਝੱਲਿਆ ਨਹੀਂ ਜਾਣਾ, ਖਬਰੇ ਕਿੰਨਿਆਂ ਜਨਮਾਂ ਦੇ ਸਿੱਕਦੇ ਨੂੰ ਤੁਸੀਂ ਦਰਸ਼ਨ ਦਿਤੇ ਤੇ ਤਿੰਨ ਦਿਨ ਬਾਅਦ ਜਾ ਰਹੇ ਓਂ? ਨਾ ਪਾਤਸ਼ਾਹ, ਜਾਵੋ ਨਾ।

ਕਹਿਣ ਲੱਗੇ, ਭਾਈ ਲਾਲੋ! ਇਥੇ ਮਰਦਾਨਾ ਬਹੁਤ ਦੁਖੀ ਹੋ ਰਿਹਾ ਹੈ ਤੇ ਇਹ ਸ਼ਹਿਰ ਦੇ ਲੋਕ ਨਿੰਦਿਆ ਹੀ ਕਰਦੇ ਨੇ। ਈਰਖਾ ਕਰਦੇ ਨੇ, ਦ੍ਵੈਸ਼ ਕਰਦੇ ਨੇ ਤੇ ਸਾਧੂ ਉਥੇ ਰਿਹਾ ਕਰਦੇ ਨੇ ਜਿੱਥੇ ਸੰਗਤ ਹੋਵੇ। ਸੰਗਤ ਆਵੇ, ਸੰਗਤ ਨੂੰ ਬਚਨ ਸੁਣਾਉਣ, ਕਿਸੇ ਦਾ ਭਲਾ ਹੋਵੇ, ਉਥੇ ਸਾਧੂਆਂ ਦਾ ਰਹਿਣਾ ਬਣਦਾ ਹੈ। ਜਿੱਥੇ ਲੋਕ ਨਿੰਦਿਆ ਕਰ-ਕਰ ਕੇ ਪਾਪ ਦੇ ਭਾਗੀ ਹੋਣ, ਉਸ ਥਾਂ ਰਹਿਣਾ ਨਹੀਂ ਬਣਦਾ। ਇਹ ਤਾਂ ਕਿਸੇ ਤਰ੍ਹਾਂ ਵੀ ਨਹੀਂ ਆਉਂਦੇ ਜੇ ਅਸੀਂ ਬੈਠਦੇ ਹਾਂ ਤਾਂ ਵੀ ਗੱਲਾਂ ਕਰਦੇ ਨੇ, ਜੇ ਅਸੀਂ ਚੁੱਪ ਕਰਦੇ ਹਾਂ ਤਾਂ ਵੀ ਕਰਦੇ ਨੇ, ਜੇ ਅਸੀਂ ਉਠ ਕੇ ਤੁਰਦੇ ਹਾਂ, ਤਾਂ ਵੀ ਗੱਲਾਂ ਕਰਦੇ ਨੇ। ਜੇ ਅਸੀਂ ਸਾਰਿਆਂ ਨੂੰ ਹੱਥ ਬੰਨ੍ਹ ਕੇ ਪਹਿਲਾਂ ਸਤਿ

ਕਰਤਾਰ ਕਹਿੰਦੇ ਹਾਂ ਫੇਰ ਵੀ ਇਹ ਗੱਲਾਂ ਕਰਦੇ ਨੇ। ਸੋ ਐਸੇ ਥਾਂ ਦੁਨੀਆਂ ਰਾਜ਼ੀ ਨਹੀਂ ਹੈ, ਦੁਨੀਆਂ ਨੂੰ ਦੁਮੂਹੀ ਕਿਹਾ ਹੈ। ਕਿਸੇ ਗੱਲ ਵਿਚ ਰਾਜ਼ੀ ਨਹੀਂ ਹੈ। ਉਸ ਵੇਲੇ ਆਪ ਨੇ ਇਹ ਸਪਸ਼ਟ ਕਰਨ ਵਾਸਤੇ ਐਸਾ ਫੁਰਮਾਨ ਕੀਤਾ –

***ਧਾਰਨਾ – ਝੱਟ ਕਿਥੇ ਲੰਘਾਵਾਂ ਓ,***
***ਮਾਲਕਾ ਦੁਨੀਆਂ ਟਿਕਣ ਨਾ ਦੇਵੇ।***

***ਏਸ ਕਲੀਓ ਪੰਜ ਭੀਤੀਓ ਕਿਉ ਕਰਿ ਰਖਾ ਪਤਿ।।***
***ਜੇ ਬੋਲਾਂ ਤਾਂ ਆਖੀਐ ਬੜ ਬੜ ਕਰੈ ਬਹੁਤ॥***
***ਚੁਪ ਕਰਾਂ ਤਾਂ ਆਖਈਐ ਇਤ ਘਟਿ ਨਾਹੀ ਮਤਿ॥***
***ਜੇ ਬਹਿ ਰਹਾਂ ਤਾ ਆਖੀਐ ਬੈਠਾ ਸਥਰ ਘਤ॥***
***ਉਠ ਜਾਈ ਤਾਂ ਆਖੀਐ***
***ਛਾਰੁ ਗਇਆ ਸਿਰ ਘਤਿ॥ ਜਨਮਸਾਖੀ***

ਜੇ ਚੁੱਪ ਕਰ ਜਾਂਦੇ ਹਾਂ ਤਾਂ ਕਹਿੰਦੇ ਨੇ ਕਿ ਇਹ ਤਾਂ ਬੋਲਣ ਜਾਣਦਾ ਹੀ ਨਹੀਂ। ਮੂੰਹ ਤੇ ਹੀ ਸਾਡੇ ਕਹੀ ਜਾਂਦੇ ਨੇ। ਜੇ ਅਸੀਂ ਬੋਲ ਕੇ ਕੋਈ ਉਪਦੇਸ਼ ਦੇ ਦੇਈਏ ਤਾਂ ਕਹਿੰਦੇ ਨੇ ਕਿ ਬੜ-ਬੜ ਬੜੀ ਕਰਦਾ ਹੈ। ਜੰਗਲ 'ਚ ਬਹਿੰਦੇ ਹਾਂ ਅਸੀਂ ਜਾ ਕੇ, ਤੇ ਸਾਨੂੰ ਕਹਿੰਦੇ ਨੇ ਕਿ ਸੱਥਰ ਘੱਤ ਕੇ ਬਹਿ ਗਿਆ ਇਹਨੇ ਤਾਂ ਹੁਣ ਜਾਣਾ ਹੀ ਨਹੀਂ ਇਥੋਂ। ਕੁਰਾਹੀਆ ਆਇਆ ਸੀ ਸੁਆਹ ਪਾ ਕੇ ਤੁਰ ਗਿਆ ਸਾਰਿਆਂ ਦੇ ਸਿਰ ਵਿਚ।

***ਜੇ ਕਰਿ ਨਿਵਾਂ ਤਾਂ ਆਖੀਐ ਡਰਦਾ ਕਰੇ ਭਗਤ॥***
***ਕਾਈ ਗਲੀ ਨ ਮੇਵਨੀ ਜਿਥੇ ਕਢਾ ਝਤਿ॥***
***ਏਥੇ ਓਥੈ ਨਾਨਕਾ ਕਰਤਾ ਰਖੈ ਪਤਿ॥ ਜਨਮਸਾਖੀ***

ਸੋ ਭਾਈ ਲਾਲੋ! ਸਾਡਾ ਹੁਣ ਜਾਣਾ ਬਣਦਾ ਹੈ। ਭਾਈ ਲਾਲੋ! ਚਰਨਾਂ ਦੇ ਲਿਟ ਗਿਆ ਪਾਤਸ਼ਾਹ! ਅੰਦਰ ਹੀ ਰਿਹਾ ਕਰੋ ਤੁਸੀਂ ਬਾਹਰ ਨਾ ਨਿਕਲਿਆ ਕਰੋ। ਇਕ ਮਹੀਨਾ ਤਾਂ ਮੇਰੇ ਕੋਲ ਠਹਿਰ ਜਾਓ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਭਾਈ ਲਾਲੋ! ਤੇਰੀ ਵੀ ਬੇਨਤੀ ਅਸੀਂ ਨਾ ਮਨਜ਼ੂਰ ਨਹੀਂ ਕਰ ਸਕਦੇ। ਭਾਈ ਮਰਦਾਨਾ ਤੇਰੇ ਚਿੱਤ ਵਿਚ ਕੀ ਆਉਂਦੀ ਹੈ? ਕਹਿਣ ਲੱਗਿਆ, ਪਾਤਸ਼ਾਹ! ਮੇਰਾ ਤਾਂ ਜੀਅ ਨਹੀਂ ਲਗਦਾ। ਕਿਉਂਕਿ ਬਾਹਰ ਜਾਂਦਾ ਹਾਂ, ਕੋਈ ਆਦਰ ਨਹੀਂ ਕਰਦਾ, ਕੋਈ ਸਤਿਕਾਰ ਨਹੀਂ ਕਰਦਾ ਤੇ ਸਾਰੇ ਕੁਰਾਹੀਏ ਦਾ ਮਿਰਾਸੀ-ਕੁਰਾਹੀਏ ਦਾ ਮਿਰਾਸੀ ਕਹੀ ਜਾਂਦੇ ਨੇ। ਚੰਗਾ ਭਾਈ ਮਰਦਾਨਾ ਤੂੰ ਤਲਵੰਡੀ ਜਾ ਕੇ ਆ, ਅਸੀਂ ਇਕ ਮਹੀਨਾ ਇਥੇ ਠਹਿਰਾਂਗੇ। ਸੋ ਇਹਦਾ ਵੀ ਅਸੀਂ ਪਿਆਰ ਛੱਡ ਕੇ ਨਹੀਂ ਜਾ ਸਕਦੇ।

ਉਸ ਵੇਲੇ ਮਰਦਾਨਾ ਤਲਵੰਡੀ ਨੂੰ ਵਾਪਸ ਆ ਜਾਂਦਾ ਹੈ। ਕਹਿੰਦਾ, ਤੁਹਾਡੇ ਬਾਰੇ ਕਹਾਂ ਕੀ? ਕਹਿੰਦੇ, ਜੋ ਕੁਛ ਦੇਖ ਰਿਹਾ ਹੈਂ, ਕਹਿ ਦੇਈਂ ਉਥੇ ਜਾ ਕੇ। ਤੈਨੂੰ ਮਾੜਾ ਕਹਿਣਗੇ। ਕਹਿੰਦਾ ਮੈਨੂੰ ਤਾਂ ਕੁਛ ਕਹੀ ਜਾਣ, ਏਦੂੰ ਮਾੜਾ ਤਾਂ ਕੋਈ ਨਹੀਂ ਕਹਿੰਦਾ ਜਿੰਨਾ ਇਥੇ ਕਹਿੰਦੇ ਨੇ। ਉਥੇ ਤਾਂ ਚਾਰ ਆਦਮੀ ਦੋ ਹੱਥ ਜੋੜ ਕੇ ਅਦਬ ਕਰਨ ਵਾਲੇ ਵੀ ਨੇ। ਕਈ ਪਿਆਰ ਵਾਲੇ ਵੀ ਨੇ। ਇਥੇ ਤਾਂ ਮੈਂ ਇਕ ਵੀ ਨਹੀਂ ਦੇਖਿਆ ਪਿਆਰ ਵਾਲਾ, ਇੱਕਲਾ ਭਾਈ ਲਾਲੋ ਹੈ।

ਉਸ ਵੇਲੇ ਭਾਈ ਮਰਦਾਨਾ ਚਲਿਆ ਜਾਂਦਾ ਹੈ ਤੇ ਭਾਈ ਲਾਲੋ, ਬਹੁਤ ਪ੍ਰਸੰਨ ਹੋਏ। ਗੁਰੂ ਮਹਾਰਾਜ ਨੂੰ ਸਵੇਰੇ ਹੀ ਜਲ ਪਾਣੀ ਛਕਾ ਦਿੰਦੇ ਨੇ। ਆਪ ਸਾਰਾ ਦਿਨ ਜੰਗਲ 'ਚ ਜਾ ਕੇ ਰੋੜੀ ਸਾਹਿਬ ਬੈਠਦੇ ਨੇ। ਰੋੜਾਂ ਦਾ ਹੀ ਮਹਾਰਾਜ ਨੇ ਆਸਣ ਬਣਾ ਲਿਆ ਤੇ ਉਸ ਥਾਂ ਤੇ ਰੋੜਾਂ ਤੇ ਜਾ ਕੇ ਬਹਿੰਦੇ ਨੇ ਤੇ ਜਦੋਂ ਸ਼ਾਮ ਹੋ ਜਾਂਦੀ ਹੈ, ਸੂਰਜ ਛਿਪਣ ਵਾਲਾ ਹੋ ਜਾਂਦਾ ਹੈ ਉਸ ਵੇਲੇ ਭਾਈ ਲਾਲੋ ਦੇ ਘਰ ਆ ਜਾਂਦੇ ਨੇ, ਫੇਰ ਲਾਲੋ ਬਹੁਤ ਸੇਵਾ ਕਰਦਾ ਹੈ ਦਿਨ ਭਰ ਕੰਮ ਕਰਦਾ ਹੈ, ਰਾਤ ਨੂੰ ਫੇਰ ਗੁਰੂ ਮਹਾਰਾਜ ਦੀ ਸੇਵਾ ਕਰਦਾ ਹੈ, ਚਰਨ ਘੁੱਟਦਾ ਹੈ, ਪੱਖਾ ਝਲਦਾ ਰਹਿੰਦਾ ਹੈ, ਹੋਰ ਬੇਅੰਤ ਸੇਵਾ ਕਰਦਾ ਹੈ। ਮਹਾਰਾਜ ਨੂੰ ਪ੍ਰਸੰਨ ਕਰ ਲਿਆ ਉਹਨੇ ਸੇਵਾ ਕਰ-ਕਰ ਕੇ ਤੇ ਮਹਾਰਾਜ ਕਹਿਣ ਲੱਗੇ, ਭਾਈ ਲਾਲੋ! ਤੇਰਾ ਜਿਹੜਾ ਸਰੂਪ ਹੈ ਉਹ ਆਤਮਾ ਹੈ, ਤੂੰ ਸਰੀਰ ਨਹੀਂ ਹੈਂ। ਦੋ ਚੀਜ਼ਾਂ ਨੇ ਸੰਸਾਰ ਦੇ ਅੰਦਰ ਇਕ ਜੜ੍ਹ ਹੈ ਇਕ ਚੇਤਨ ਹੈ। ਚੇਤਨ ਨੂੰ ਪਾਰਬ੍ਰਹਮ ਪ੍ਰਮੇਸ਼ਰ, ਗੋਬਿੰਦ, ਵਾਹਿਗੁਰੂ, ਨਾਰਾਇਣ ਸਭ ਕੁਛ ਕਹਿੰਦੇ ਨੇ। ਜਿਹੜਾ ਜੜ੍ਹ ਹੈ ਉਹਨੂੰ ਪ੍ਰਕ੍ਰਿਤੀ ਕਹਿੰਦੇ ਨੇ। ਚੇਤਨ ਦੀ ਸੱਤਾ ਦੇ ਨਾਲ ਜਿਹੜੀ ਪ੍ਰਕ੍ਰਿਤੀ ਹੈ ਇਹ ਹਰਕਤ 'ਚ ਆਉਂਦੀ ਹੈ, ਇਹਦੇ ਵਿਚ ਇਕ ਝੂਠੀ ਮੈਂ ਬਣ ਜਾਂਦੀ ਹੈ ਹਰਕਤ 'ਚ ਆ ਕੇ। ਉਹ ਇਕ ਸੁਰਤ ਜਾਗ ਪੈਂਦੀ ਹੈ ਤੇ ਉਹਨੂੰ ਹਉਮੈ ਦੀ ਸੁਰਤ ਕਹਿੰਦੇ ਨੇ। ਉਹਨੂੰ ਇਹ ਆਪਣਾ ਆਪ ਮੰਨ ਬੈਠਦਾ ਹੈ। ਉਹਨੂੰ ਮੰਨ ਕੇ ਸੰਸਾਰ ਤੇ ਦੁਖੀ ਸੁਖੀ ਹੋ ਕੇ ਜੰਮਦਾ ਰਹਿੰਦਾ ਹੈ ਤੇ ਮਰਦਾ ਰਹਿੰਦਾ ਹੈ। ਤੂੰ ਆਪਣੇ ਸਰੂਪ ਨੂੰ ਪਛਾਣ। ਤੇਰਾ ਸਰੂਪ ਜਿਹੜਾ ਹੈ ਉਹ ਸਤਿ ਚਿੱਤ ਅਨੰਦ ਹੈ। ਕਿਸੇ ਕਰਮ ਦਾ ਉਹਨੂੰ ਲੇਸ ਨਹੀਂ ਲੱਗਿਆ ਕਰਦਾ। ਹਰਖ, ਸੋਗ ਤੋਂ ਉਚਾ ਹੈ। ਉਹਦੇ ਤੱਕ ਨਾ ਕੋਈ ਕਲੇਸ਼, ਨਾ ਅਵਿਦਿਆ, ਨਾ ਅਸਿਮਿਤਾ, ਨਾ ਰਾਗ, ਨਾ ਦ੍ਵੈਸ਼ ਪਹੁੰਚ ਨਹੀਂ ਸਕਦੇ। ਤੂੰ ਸਦਾ ਅਨੰਦ ਅਵਸਥਾ ਦਾ ਹੈਂ ਆਪਣੇ ਸਰੂਪ ਨੂੰ ਪਛਾਣ ਤੇ ਜਦੋਂ ਮਹਾਰਾਜ ਨੇ ਇਹ ਕ੍ਰਿਪਾ ਕੀਤੀ ਤੇ ਪ੍ਰਤੱਖ ਰੂਪ ਦੇ ਅੰਦਰ ਪ੍ਰਗਟ ਹੋ ਗਿਆ, ਸ਼ਾਖਸ਼ਾਤਕਾਰ ਹੋ ਗਿਆ, ਆਪਣਾ ਸਰੂਪ ਪ੍ਰਮੇਸ਼ਰ ਦਾ ਸਰੂਪ ਉਸ ਵੇਲੇ ਭਾਈ ਲਾਲੋ ਦੇ ਅੰਦਰੋਂ ਸ਼ੁਕਰਾਨੇ ਵਜੋਂ ਇਹ ਆਵਾਜ਼ ਆਉਂਦੀ ਹੈ –

***ਧਾਰਨਾ – ਜਿਹੜਾ ਸਾਰੀਆਂ ਘਟਾਂ ਦੇ ਵਿਚ ਵਸਦਾ***
***ਅੰਦਰੋਂ ਦਿਖਾਇਆ ਗੁਰਾਂ ਨੇ।***

***ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥***
***ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਅੰਗ - ੨੯੩***

ਸੋ ਪ੍ਰਮੇਸ਼ਰ ਦੇ ਦਰਸ਼ਨ, ਜੋ ਅੰਦਰ ਵਸਦਾ ਹੈ –

***ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥***
***ਅਨਿਕ ਰੰਗ ਨਾਨਾ ਦ੍ਰਿਸਟਾਹਿ ॥***

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥*
*ਨਾਨਕ ਤਿਸੁ ਜਨ ਸੋਝੀ ਪਾਏ ॥੧॥*
*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥*

*ਅੰਗ - ੨੯੩*

ਸਾਰੇ ਸਮਾਇਆ ਹੋਇਆ ਹੈ। ਉਹ ਪ੍ਰਮੇਸ਼ਰ ਜਿਹਦੇ ਬਾਰੇ ਅਸੀਂ ਅਨੁਮਾਨ ਲਾਉਂਦੇ ਹਾਂ ਗੁਰੂ ਮਹਾਰਾਜ ਨੇ ਅੰਦਰੋਂ ਹੀ ਦਿਖਾ ਦਿਤਾ। ਉਸ ਵੇਲੇ ਆਪ ਨੇ ਫੁਰਮਾਨ ਕੀਤਾ -

***ਆਤਮ ਕੋ ਅੱਭਆਸ ਭਨਹਿੰ ਗੁਰ***
***ਤੂੰ ਸਤਿ ਚਿਤ ਆਨੰਦਾ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਹੇ ਭਾਈ ਲਾਲੋ! ਤੂੰ ਹੁਣ ਆਤਮ ਅਭਿਆਸ ਕਰਿਆ ਕਰ, ਆਤਮ ਚਿੰਤਨ ਕਰਿਆ ਕਰ।

***ਰਾਗ ਦ੍ਵੈਖ ਤੇ ਹੀਨ ਸਰੂਪਾ***
***ਭਵ ਮ੍ਰਿਤੁ ਬਿਨ, ਸੁਖਕੰਦਾ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਨਾ ਤੇਰੀ ਕਦੇ ਮੌਤ ਹੁੰਦੀ ਹੈ, ਨਾ ਤੂੰ ਗਮੀ 'ਚ ਆਉਂਦਾ ਹੈਂ, ਨਾ ਕਦੇ ਖੁਸ਼ੀ 'ਚ ਆਉਂਦਾ ਹੈਂ, ਤੂੰ ਤਾਂ ਸਦਾ ਹੀ ਸਤਿ ਚਿੱਤ ਅਨੰਦ ਹੈਂ।

***ਅੱਕ੍ਰਯ ਏਕ ਪ੍ਰਮਾਤਮ ਪੂਰਨ***
***ਜਿਹ ਬਿਨ ਜੜ ਹੈ ਮਾਯਾ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਇਹ ਤੇਰਾ ਸਰੂਪ ਹੈ, ਜਿਹਦੇ ਕਰਕੇ ਸਾਰੀ ਮਾਇਆ ਵਿਚ ਹਰਕਤ ਹੈ। ਤੂੰ ਆਪਣੇ ਸਰੂਪ ਨੂੰ ਸਮਝ।

***ਸ਼੍ਰੀ ਗੁਰੁ ਕੇ ਬਚ ਸੁਨਿ ਅਸ***
***ਲਾਲੋ ਸਭਿ ਅਗਜਾਨ ਗਵਾਯਾ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਜਦੋਂ ਐਸੇ ਬਚਨ ਦ੍ਰਿੜ੍ਹ ਪ੍ਰਤੀਤ ਦੇ ਨਾਲ ਸੁਣੇ, ਅਸੀਂ ਵੀ ਸੁਣ ਰਹੇ ਹਾਂ। ਸਾਡਾ ਅਗਿਆਨ ਨਾਸ਼ ਨਹੀਂ ਹੁੰਦਾ ਕਿਉਂਕਿ ਸਾਰੇ ਅੰਦਰ ਪ੍ਰਤੀਤ ਨਹੀਂ। ਸਾਡੇ ਅੰਦਰ ਜੀਵ ਆਤਮਾ ਦਾ ਅਧਿਆਸ ਐਨਾ ਪੱਕ ਗਿਆ ਕਿ ਅਸੀਂ ਇਹ ਗੱਲ ਸੁਣਨ ਤੇ ਮੰਨਣ ਵਾਸਤੇ ਤਿਆਰ ਨਹੀਂ। ਕਿਉਂਕਿ ਸਾਡਾ ਸਮਾਂ ਨਹੀਂ ਅਜੇ ਆਇਆ। ਉਹਦਾ ਸਮਾਂ ਆ ਚੁਕਿਆ ਸੀ।

***ਸ਼੍ਰੀ ਗੁਰੁ ਕੇ ਬਚ ਸੁਨਿ ਅਸ***
***ਲਾਲੋ ਸਭਿ ਅਗ਼ਾਨ ਗਵਾਯਾ।***
***ਬੀਤੀ ਹੁਤੀ ਬਾਸ਼ਨਾ ਮਨ ਮਹਿੰ***
***ਭਯੋ ਤੱਤ ਕੋ ਬੇਤਾ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਐਸ ਤਰ੍ਹਾਂ ਕਰਕੇ ਗੁਰੂ ਮਹਾਰਾਜ ਨੇ ਉਥੇ ਕੁਛ ਦਿਨ ਬਿਤਾਏ। ਲਾਲੋ ਦੇ ਕੋਲ ਐਨੇ ਨੂੰ ਮਰਦਾਨਾ ਆ ਗਿਆ। ਕਹਿਣ ਲੱਗੇ, ਭਾਈ ਲਾਲੋ ਹੁਣ ਤੈਨੂੰ ਪੂਰਨ ਪਦ ਪ੍ਰਾਪਤ ਹੋ ਗਿਆ ਤੇ ਹੁਣ ਸਾਨੂੰ ਆਗਿਆ ਦੇ ਅਸੀਂ ਅੱਗੇ ਜਾਈਏ। ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਪਾਤਸ਼ਾਹ!

***ਗੋਬਿੰਦ ਭਾਉ ਭਗਤ ਦਾ ਭੁੱਖਾ।***

ਪਿਆਰ ਦਾ ਭੁੱਖਾ, ਪਿਆਰੇ ਕੋਲ ਚਲਿਆ ਤੇ ਪਿਆਰੇ ਨੂੰ ਆਪਣਾ ਰੂਪ ਬਣਾ ਲਿਆ।

***ਧਾਰਨਾ - ਭਾਉ ਭਗਤ ਦਾ ਭੁੱਖਾ,***
***ਗੋਬਿੰਦ ਭਾਉ ਭਗਤ ਦਾ ਭੁੱਖਾ।***

ਸੋ ਵਾਹਿਗੁਰੂ ਨੂੰ ਜੇ ਕੋਈ ਭੁੱਖ ਲੱਗੀ ਹੋਈ ਹੈ, ਉਹ ਪਿਆਰ ਦੀ ਹੈ ਸਾਧਸੰਗਤ ਜੀ! ਕਿਸੇ ਤਰੀਕੇ ਦੇ ਨਾਲ ਵਸ ਨਹੀਂ ਆਉਂਦਾ।

*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥*
*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥*

*ਅੰਗ - ੯੬੨*

ਸੋ ਪਿਆਰ ਦੇ ਵਸ ਆਉਂਦਾ ਹੈ। ਸੋ ਗੁਰੂ ਨਾਨਕ ਪਾਤਸ਼ਾਹ ਪਿਆਰ ਦੇ ਬੰਨ੍ਹੇ ਹੋਏ, ਸਭ ਤੋਂ ਪਹਿਲਾ ਜਿਹੜਾ ਕਦਮ ਆਪ ਨੇ ਦੁਨੀਆਂ ਦੇ ਉਧਾਰ ਦਾ ਚੁੱਕਿਆ ਉਹ ਇਕ ਪ੍ਰੇਮੀ ਦੇ ਘਰ, ਇਕ ਕਿਰਤੀ ਦੇ ਘਰ ਵਲ ਚੁੱਕਿਆ।

ਅਨੰਦ ਸਾਹਿਬ

ਗੁਰ ਸਤੋਤਰ

ਅਰਦਾਸ

ਹੁਕਮਨਾਮਾ

# ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ

**ਸਤਿਨਾਮ ਸ੍ਰੀ ਵਾਹਿਗੁਰੂ**
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।***

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

***ਧਾਰਨਾ - ਅੰਮ੍ਰਿਤ ਹਰਿ ਨਾਮ ਦੀ,***
***ਦੇ ਦੇਈਂ ਇਕ ਬੂੰਦ ਮਾਲਕਾ।***

*ਹਮਾਰੈ ਏਹ ਕਿਰਪਾ ਕੀਜੈ ॥*
*ਅਲਿ ਮਕਰੰਦ ਚਰਨ ਕਮਲ ਸਿਉ*
*ਮਨੁ ਫੇਰਿ ਫੇਰਿ ਰੀਝੈ ॥ ੧ ॥ ਰਹਾਉ ॥*
*ਆਨ ਜਲਾ ਸਿਉ ਕਾਜੁ ਨ ਕਛੂਐ*
*ਹਰਿ ਬੂੰਦ ਚਾਤ੍ਰਿਕ ਕਉ ਦੀਜੈ ॥ ੧ ॥*
*ਬਿਨੁ ਮਿਲਬੇ ਨਾਹੀ ਸੰਤੋਖਾ*
*ਪੇਖਿ ਦਰਸਨੁ ਨਾਨਕੁ ਜੀਜੈ ॥ ੨ ॥ ੧ ॥*
***ਅੰਗ - ੧੩੨੧***

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ*
*ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ ॥ ਅੰਗ - ੭੦੮*

***ਧਾਰਨਾ - ਮਹਿਮਾ ਹਰਿ ਨਾਮ ਦੀ***
***ਸੰਤਾਂ ਦੇ ਹਿਰਦੇ ਵਸਦੀ।***

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਪਿਛਲਾ ਇਕ ਮਹੀਨਾ ਲੰਘ ਚੁੱਕਿਆ ਹੈ ਕਿ ਚਾਤ੍ਰਿਕ ਇਕ ਬੂੰਦ ਦੇ ਇੰਤਜ਼ਾਰ ਦਿਨ ਰਾਤ ਬੋਲਦਾ ਰਹਿੰਦਾ ਹੈ, ਕਿਉਂਕਿ ਉਹ ਬੂੰਦ ਉਸਦੀ ਜ਼ਿੰਦਗੀ ਹੈ, ਉਹਨੂੰ ਹੋਰ ਕਿਸੇ ਨਾਲ ਕੋਈ ਕੰਮ ਨਹੀਂ ਹੈ -

*ਆਨ ਜਲਾ ਸਿਉ ਕਾਜੁ ਨ ਕਛੂਐ*
*ਹਰਿ ਬੂੰਦ ਚਾਤ੍ਰਿਕ ਕਉ ਦੀਜੈ ॥*
***ਅੰਗ - ੧੩੨੧***

ਜਿਨ੍ਹਾਂ ਚਿਰ ਨਹੀਂ ਮਿਲਦੀ -

*ਬਿਨੁ ਮਿਲਬੇ ਨਾਹੀ ਸੰਤੋਖਾ*
*ਪੇਖਿ ਦਰਸਨੁ ਨਾਨਕੁ ਜੀਜੈ ॥ ੨ ॥ ੧ ॥*
***ਅੰਗ - ੧੩੨੧***

ਜਿੰਨਾ ਚਿਰ ਮਿਲਦੀ ਨਹੀਂ ਓਨਾ ਚਿਰ ਮਨ ਵਿਚ ਸੰਤੋਖ ਨਹੀਂ ਆਉਂਦਾ। ਇਸੇ ਤਰ੍ਹਾਂ ਦੇ ਨਾਲ ਜੋ ਜਗਿਆਸੂ ਰੂਪ ਚਾਤ੍ਰਿਕ ਹੈ, ਉਹਦੀ ਵੀ ਅਰਦਾਸ ਹੈ ਕਿ ਹੇ ਪ੍ਰਭੂ ਮੇਰੇ ਉਪਰ ਕ੍ਰਿਪਾ ਕਰ, ਜਿਸ ਤਰ੍ਹਾਂ ਦੇ ਨਾਲ ਭੌਰਾ ਜੋ ਹੈ ਫੁੱਲ ਦੇ ਅੰਦਰ ਮਸਤ ਹੋ ਜਾਂਦਾ ਹੈ ਤੇ ਉਹਦਾ ਮਨ ਫੇਰ-ਫੇਰ, ਬਾਰ-ਬਾਰ ਰੀਝਦਾ ਹੈ, ਨਿਕਲਦਾ ਨਹੀਂ ਹੈ, ਫੁੱਲ ਬੰਦ ਹੋ ਜਾਂਦਾ ਹੈ, ਵਿਚੇ ਹੀ ਖਤਮ ਹੋ ਜਾਂਦਾ ਹੈ। ਚਾਤ੍ਰਿਕ ਦਿਨ ਰਾਤ ਪਾਣੀ ਦੀ ਉਡੀਕ ਦੇ ਅੰਦਰ, ਇਕ ਬੂੰਦ ਦੀ ਉਡੀਕ ਦੇ ਅੰਦਰ ਜਿਸਨੂੰ ਸ੍ਵਾਂਤੀ ਬੂੰਦ ਆਖਦੇ ਨੇ, ਉਸਦਾ ਇੰਤਜ਼ਾਰ ਕਰ ਰਿਹਾ ਹੈ ਤੇ ਉਹਦੇ ਵਾਸਤੇ ਅਰਦਾਸ ਕਰ ਰਿਹਾ ਹੈ। ਉਸਨੂੰ ਕਦਰ ਹੈ ਉਸ ਬੂੰਦ ਦੀ, ਸਾਨੂੰ ਨਹੀਂ ਪਤਾ ਕਿ ਓਸ ਬੂੰਦ ਦੇ ਅੰਦਰ ਕੀ ਚੀਜ਼ ਹੈ। ਭੌਰੇ ਵਾਲੀ ਬਿਰਤੀ ਸਾਡੀ ਨਹੀਂ ਹੈ, ਮੱਛੀ ਵਾਲੀ ਬਿਰਤੀ ਸਾਡੇ ਨਹੀਂ ਹੈ। ਮੱਛੀ ਦਾ ਜੀਵਨ ਪਾਣੀ ਹੈ-

*ਆਖਾ ਜੀਵਾ ਵਿਸਰੈ ਮਰਿ ਜਾਉ ॥ ਅੰਗ - ੯*

ਕੋਈ ਵਿਰਲਾ ਹੈ ਜਿਸਦਾ ਜੀਵਨ 'ਨਾਮ' ਹੈ। ਉਹ 'ਨਾਮ' ਉਹਦੇ ਹਿਰਦੇ 'ਚ ਵਸਦਾ ਹੈ ਜਿਸਦੇ ਹਿਰਦੇ ਅੰਦਰ ਨਾਮ ਦੀ ਮਹਿਮਾ ਦੀ ਕਦਰ ਹੈ। ਸੰਸਾਰ ਨੂੰ ਨਹੀਂ ਪਤਾ, ਸੰਸਾਰ ਫਸਿਆ ਪਿਆ ਹੈ। ਮਾਇਆ ਨੇ ਦ੍ਰਿਸ਼ਟਮਾਨ ਦੇ ਅੰਦਰ ਧੀਆਂ, ਪੁੱਤਰ, ਪੈਸੇ-ਟਕੇ, ਪ੍ਰਭਤਾ ਹੋਰ ਜੋ ਕੁਛ ਨਜ਼ਰ ਆਉਂਦਾ ਹੈ ਇਹਦੇ ਪਿਆਰ ਦੇ ਅੰਦਰ, ਜਾਲ ਦੇ ਅੰਦਰ ਜੀਵ ਫਸਿਆ ਪਿਆ ਹੈ ਤੇ ਇਹਨੂੰ ਕੋਈ ਨਿਕਲਣ ਦਾ ਰਸਤਾ ਨਹੀਂ ਲੱਭਦਾ। ਕਿਉਂਕਿ ਚੋਗ ਪਾਇਆ ਹੋਇਆ ਹੈ। ਪਹਿਲਾਂ ਜਾਲ ਵਿਛਾ ਕੇ, ਪਹਿਲਾਂ ਚੋਗ ਵਿਛਾਇਆ ਉਹਦੇ ਉਤੇ ਜਾਲ ਲਾ ਦਿਤਾ ਤੇ ਤ੍ਰਿਸ਼ਨਾ ਰੂਪ ਪੰਖੀ ਇਹਦੇ ਉਤੇ ਆ ਕੇ ਚੋਗ ਚੁਗਣ ਲੱਗਿਆ ਤੇ ਜਾਲ ਦੇ ਵਿਚ ਫਸ ਗਿਆ। ਹੁਣ ਕੋਈ ਕੱਢ ਨਹੀਂ ਸਕਦਾ। ਐਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ-

***ਧਾਰਨਾ - ਪਿਆਰੇ ਭੀਤਰ ਚੋਗ ਬਣਾਏ,***
***ਲਾਇਆ ਜਾਲ ਮਾਇਆ ਨੇ।***

ਮਨੁੱਖ ਪ੍ਰਮੇਸ਼ਰ ਦਾ ਨਾਮ ਜਪਣ ਵਾਸਤੇ ਆਪਣੇ ਆਪ ਨੂੰ ਦੁਖਾਂ ਤੋਂ ਛੁਡਾ ਕੇ ਪਰਮ ਪਦ ਦੀ ਪ੍ਰਾਪਤੀ ਕਰਨ ਵਾਸਤੇ ਸੰਸਾਰ ਦੇ ਅੰਦਰ ਬੜੇ ਵਾਅਦੇ ਕਰਨ ਤੋਂ ਬਾਅਦ ਜਨਮ ਲਿਆ ਏਸ ਨੇ। ਲੇਕਿਨ ਮਹਾਰਾਜ ਕਹਿੰਦੇ ਕਰਿਆ ਕੀ ਜਾਵੇ-

*ਯਾ ਜੁਗ ਮਹਿ ਏਕਹਿ ਕਉ ਆਇਆ ॥*
*ਜਨਮਤ ਮੋਹਿਓ ਮੋਹਨੀ ਮਾਇਆ ॥*
*ਗਰਭ ਕੁੰਟ ਮਹਿ ਉਰਧ ਤਪ ਕਰਤੇ ॥*

*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥*
*ਉਰਝਿ ਪਰੇ ਜੋ ਛੋਡਿ ਛਡਾਨਾ ॥*
*ਦੇਵਨਹਾਰੁ ਮਨਹਿ ਬਿਸਰਾਨਾ ॥ ਅੰਗ - ੨੫੧*

ਮਾਇਆ ਮੋਹਣੀ ਹੈ, ਮੋਂਹਦੀ ਕਿਵੇਂ ਹੈ? ਛੋਟੇ ਜਿਹੇ ਬੱਚੇ ਨੂੰ ਮੋਹ ਲੈਂਦੀ ਹੈ, ਪ੍ਰਮੇਸ਼ਰ ਦੇ ਨਾਲੋਂ ਬੱਚੇ ਦੀ ਬਿਰਤੀ ਟੁੱਟ ਗਈ, ਜਦੋਂ ਮਾਂ ਦੇ ਪੇਟ ਵਿਚ ਸੀ ਓਸ ਵੇਲੇ ਇਹਨੂੰ ਸ਼ਬਦ ਦੀ ਧੁਨ ਸੁਣਾਈ ਦਿੰਦੀ ਸੀ, ਉਹ ਧੁਨ ਦੇ ਨਾਲ ਐਨਾ ਪਰਚਿਆ ਹੋਇਆ ਸੀ ਕਿ ਇਸਨੂੰ ਸੌ ਜਨਮ ਦਾ ਗਿਆਨ ਸੀ। ਬਾਰ-ਬਾਰ ਬੇਨਤੀਆਂ ਕਰਦਾ ਸੀ ਕਿ ਹੇ ਪ੍ਰਭੂ! ਹੁਣ ਮੈਂ ਐਸ ਜਨਮ ਦੇ ਅੰਦਰ ਇਕ ਸਕਿੰਟ ਵਾਸਤੇ ਵੀ ਤੇਰਾ ਨਾਮ ਨਹੀਂ ਭੁੱਲਾਂਗਾ। ਗੱਲਾਂ ਅਸੀਂ ਰੋਜ਼ ਸੁਣਦੇ ਹਾਂ ਪਰ ਹਿਰਦੇ 'ਚ ਨਹੀਂ ਪਹੁੰਚਦੀਆਂ, ਉਤੇ-ਉਤੇ ਰਹਿ ਜਾਂਦੀਆਂ ਨੇ। ਕਿਉਂ? ਮਾਇਆ ਦੇ ਜਾਲ ਵਿਚ ਫਸੇ ਹੋਏ ਹਾਂ, ਸੁਰਤ ਭੁੱਲੀ ਹੋਈ ਹੈ ਸਾਡੀ। ਸੋਝੀ ਨਹੀਂ ਆ ਰਹੀ। ਨਾ ਆਉਣ ਦੇ ਨਾਲ ਗੱਲ ਦਾ ਪਤਾ ਨਹੀਂ ਲਗਦਾ। ਮਹਾਰਾਜ ਕਹਿੰਦੇ, ਹੋਇਆ ਕੀ? ਆਇਆ ਤਾਂ ਸੀ ਪ੍ਰਮੇਸ਼ਰ ਨੂੰ ਪ੍ਰਾਪਤ ਕਰਨ ਵਾਸਤੇ। ਨਾਮ ਦੇ ਵਿਚ ਲਗਣ ਵਾਸਤੇ। ਲੇਕਿਨ ਮਾਇਆ ਨੇ ਜਾਲ ਪਾ ਲਿਆ। ਇਕ ਨਿੱਕੇ ਜਿਹੇ ਬੱਚੇ ਦੇ ਉਤੇ ਹੀ ਜਾਲ ਪੈ ਜਾਂਦਾ ਹੈ। ਦੋ ਤਿੰਨ ਦਿਨ ਦਾ ਬੱਚਾ ਹੁੰਦਾ ਹੈ ਉਦੋਂ ਹੀ ਜਾਲ ਪੈਣਾ ਸ਼ੁਰੂ ਹੋ ਜਾਂਦਾ ਹੈ। ਉਸ ਤੋਂ ਵੀ ਪਹਿਲਾਂ ਹੋ ਜਾਂਦਾ ਹੈ। ਜੇ ਕੋਈ ਸਾਡੇ ਕੋਲ ਜੰਤਰ ਹੋਣ, ਬੱਚੇ ਦਾ ਦਿਮਾਗ ਪੜ੍ਹਨ ਵਾਲੇ, ਪਤਾ ਲੱਗ ਜਾਏਗਾ ਕਿ ਕਿਸ ਤਰ੍ਹਾਂ ਦੇ ਨਾਲ 'ਨਾਮ' ਨਾਲੋਂ ਟੁੱਟ ਰਿਹਾ ਹੈ ਤੇ ਕਿਸ ਤਰ੍ਹਾਂ ਮਾਇਆ ਦੇ ਜਾਲ ਵਿਚ ਫਸ ਰਿਹਾ ਹੈ।

*ਪਹਿਲੈ ਪਿਆਰਿ ਲਗਾ ਥਣ ਦੁਧਿ ॥*
*ਦੂਜੈ ਮਾਇ ਬਾਪ ਕੀ ਸੁਧਿ ॥ ਅੰਗ - ੧੩੭*

ਪਹਿਲਾ ਜਾਲ ਪੈ ਗਿਆ ਖਾਣ ਦਾ ਦੁੱਧ ਦਾ, ਦੂਜਾ ਮਾਂ-ਬਾਪ ਦੀ ਸੋਝੀ ਆਉਣ ਲਗ ਜਾਂਦੀ ਹੈ। ਆਪਣੇ-ਆਪਣੇ ਲਗਣ ਲਗ ਜਾਂਦੇ ਨੇ ਜਿੰਨੇ ਨੇੜੇ ਰਹਿੰਦੇ ਨੇ।

*ਤੀਜੈ ਭਯਾ ਭਾਭੀ ਬੇਬ ॥*
*ਚਉਥੈ ਪਿਆਰਿ ਉਪੰਨੀ ਖੇਡ ॥ ਅੰਗ - ੧੩੭*

ਪਰਿਵਾਰ ਦੇ ਮੈਂਬਰ ਜਿੰਨ ਨੇ ਉਨ੍ਹਾਂ ਨੂੰ ਦੇਖ-ਦੇਖ ਕੇ ਪਛਾਣਦਾ ਹੈ। ਥੋੜ੍ਹੀ ਜਿਹੀ ਸੁਰਤ ਆ ਜਾਂਦੀ ਹੈ, ਪੰਜ ਛੇ ਮਹੀਨੇ, ਸੱਤ-ਅੱਠ ਮਹੀਨੇ ਦਾ ਹੋ ਜਾਂਦਾ ਹੈ, ਉਨ੍ਹਾਂ ਦੀ ਗੋਦੀ 'ਚ ਜਾਏਗਾ ਦੂਸਰੇ ਦੀ 'ਚ ਨਹੀਂ ਜਾਏਗਾ। ਮਾਇਆ ਦਾ ਜਾਲ ਹੌਲੀ-ਹੌਲੀ ਪੈਂਦਾ ਜਾਂਦਾ ਹੈ।

*ਪੰਜਵੈ ਖਾਣ ਪੀਅਣ ਕੀ ਧਾਤੁ ॥*
*ਛਿਵੈ ਕਾਮੁ ਨ ਪੁਛੈ ਜਾਤਿ ॥*
*ਸਤਵੈ ਸੰਜਿ ਕੀਆ ਘਰ ਵਾਸੁ ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ ॥ ਅੰਗ - ੧੩੭*

ਕਾਮਨਾ ਦੇ ਵਿਚ ਪੈ ਗਿਆ, ਕਾਰੋਬਾਰ ਦੇ ਵਿਚ ਫਸ ਗਿਆ, ਖਾਣ ਪੀਣ ਦੇ ਵਿਚ ਫਸ ਗਿਆ, ਜਾਲ ਪੈਂਦਾ ਤੁਰਿਆ ਜਾਂਦਾ ਹੈ, ਇਕ ਜਾਲ, ਦੋ ਜਾਲ, ਤਿੰਨ ਜਾਲ, ਚਾਰ ਜਾਲ। ਮਹਾਰਾਜ ਕਹਿੰਦੇ, ਅੱਠ ਜਾਲ ਪੈ ਜਾਂਦੇ ਨੇ ਇਹਦੇ ਉਤੇ। ਸੱਤਵਾਂ ਜਾਲ ਜਦੋਂ ਇਹਦੇ ਉਤੇ ਪੈਂਦਾ ਹੈ ਤਾਂ ਫੇਰ ਕਹਿੰਦਾ ਹੈ ਕਿ ਮੈਂ ਹੁਣ ਜੋੜਾਂ। ਉਮਰ ਹੋ ਜਾਂਦੀ ਹੈ ਸੱਠ ਸਾਲ ਦੀ। ਸੱਤਰ ਸਾਲ ਦੀ ਹੋ ਜਾਂਦੀ ਹੈ, ਕਹਿੰਦਾ ਹੁਣ ਜੋੜਾਂ, ਹੁਣ। ਮੈਨੂੰ ਹੁਣ ਢੰਗ ਆਇਆ ਹੈ। ਹੁਣ ਕਰੇਂਗਾ ਕੀ ਜੋੜ-ਜੋੜ ਕੇ? ਜਿਹੜਾ ਜੋੜਨਾ ਸੀ ਉਹਦੇ ਵਲ ਤੇਰਾ ਧਿਆਨ ਨਹੀਂ ਗਿਆ। ਇਹ ਤਾਂ ਮਿੱਟੀ ਪਈ ਹੈ -

*ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥*
*ਅੰਗ - ੧੩੮੦*

ਚਾਹੇ ਧਰਤੀ ਖਰੀਦ ਲੈ, ਚਾਹੇ ਇੰਡਸਟਰੀਆਂ ਖਰੀਦ ਲੈ। ਚਾਹੇ ਕੋਠੀਆਂ ਬਣਾ ਲੈ ਮਿੱਟੀ ਇਕੱਠੀ ਕਰਦਾ ਹੈਂ ਤੂੰ। ਸੁਰਤ ਨਹੀਂ ਆਉਂਦੀ ਤੈਨੂੰ ਨਾਮ ਜਪਣ ਦੀ। ਤੂੰ ਛੱਡ ਕੇ ਹੀ ਚਲੇ ਜਾਣਾ ਹੈ। ਜਾਲ ਪੈ ਰਿਹਾ ਹੈ ਮਹਾਰਾਜ ਕਹਿੰਦੇ। ਫੇਰ ਜਦੋਂ ਕੋਈ ਮੰਨਦਾ ਨਹੀਂ ਹੈ, ਬਣਾ ਲੈਂਦਾ ਹੈ, ਬੱਚੇ ਕੀ ਕਹਿੰਦੇ ਨੇ ਕਿ ਤੂੰ ਆਪਣੇ ਵਾਸਤੇ ਕਰਦਾ ਹੈਂ, ਸਾਡੇ ਵਾਸਤੇ ਥੋੜ੍ਹਾ ਕਰਨਾ ਹੈ। ਤੈਨੂੰ ਹੋਣਾ ਹੈ ਕੁੱਛ, ਸਾਡੀ ਤਾਂ ਕਿਸਮਤ ਲੈ ਕੇ ਆਇਆ ਹੈਂ। ਉਹ ਸਾਰਾ ਹੀ ਉਹਦਾ ਕੀਤਾ ਕਤਰਿਆ ਨਾ-ਸ਼ੁਕਰਿਆਂ ਦੇ ਹੱਥ ਵਿਚ ਆ ਜਾਂਦਾ ਹੈ। ਕਹਿੰਦੇ ਨੇ ਨਾ ਕਰ ਤੈਨੂੰ ਕੌਣ ਕਹਿੰਦਾ ਹੈ ਕਿ ਔਖਾ ਹੋ। ਆਪੇ ਹੀ ਔਖਾ ਹੋਇਆ ਦਿਨ ਰਾਤ ਤੁਰਿਆ ਫਿਰਦਾ ਹੈਂ। ਫੇਰ ਉਹਨੂੰ ਕ੍ਰੋਧ ਆਉਂਦਾ ਹੈ ਕਿ ਮੇਰਾ ਕਹਿਣਾ ਨਹੀਂ ਮੰਨਦੇ। ਮੈਂ ਜਿਵੇਂ ਪੈਸੇ ਦੀਆਂ ਵਿਉਂਤਾਂ ਇਨ੍ਹਾਂ ਨੂੰ ਦੱਸਦਾ ਹਾਂ, ਉਹ ਕਰਦੇ ਨਹੀਂ ਹਨ। ਬੱਚਿਆਂ ਦਾ ਆਪਣਾ ਦਿਮਾਗ, ਉਹ ਹੋਰ ਥਾਂ ਫਿਰਦੇ ਨੇ ਇਹ ਹੋਰ ਥਾਂ ਫਿਰਦਾ ਹੈ। ਉਮਰ ਦੇ ਨਾਲ ਫਰਕ ਪਿਆ ਹੋਇਆ ਹੈ। ਜਣੇ ਖਣੇ ਨਾਲ ਫੇਰ ਲੜਦਾ ਹੈ, ਹਰ ਗੱਲ 'ਚ ਖਿਝਿਆ ਰਹਿੰਦਾ ਹੈ, ਕਹਿੰਦੇ ਫੇਰ ਨਤੀਜਾ ਕੀ ਹੁੰਦਾ ਹੈ -

*ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥*
*ਜਿਉ ਕੰਚਨ ਸੋਹਾਗਾ ਢਾਲੈ ॥ ਅੰਗ - ੯੩੨*

ਇਹ ਕ੍ਰੋਧ ਫੇਰ ਕਾਇਆ ਨੂੰ ਗਾਲਣਾ ਸ਼ੁਰੂ ਕਰ ਦਿੰਦਾ ਹੈ। ਜਿਵੇਂ ਸੋਨਾ ਢਲਦਾ ਹੈ ਨਾ ਸੁਹਾਗਾ ਪਾਉਣ ਤੇ, ਐਉਂ ਫੇਰ ਇਹ ਕ੍ਰੋਧ ਵਿਚ ਰਹਿੰਦਾ ਹੈ ਹਰ ਵਕਤ। ਖੁਸ਼ੀ ਜਾਂਦੀ ਰਹਿੰਦੀ ਹੈ, ਪੈਸਾ ਬੇਅੰਤ ਜੁੜਦਾ ਹੈ, ਪਰ ਮੱਥੇ ਦੇ ਉਤੇ ਤਿਊੜੀਆਂ ਵਧਦੀਆਂ ਰਹਿੰਦੀਆਂ ਨੇ। ਝੁੰਝਲਾਹਟ ਵਧਦੀ ਹੈ। ਫੇਰ ਅੱਗੇ ਅਵਸਥਾ ਲੰਘ ਜਾਂਦੀ ਹੈ 90 ਦੇ ਕਰੀਬ।

*ਨਾਵੈ ਧਉਲੇ ਉਭੇ ਸਾਹ ॥*
*ਦਸਵੈ ਦਧਾ ਹੋਆ ਸੁਆਹ ॥ ਅੰਗ - ੧੩੭*

ਧੌਲੇ ਆ ਗਏ, ਰੰਗ-ਰੰਗ ਕੇ ਕੋਸ਼ਿਸ਼ ਕਰਦਾ ਹੈ ਕਿ ਮੈਂ ਜੁਆਨ ਦਿਖਾਈ ਦੇਵਾਂ, ਕਿਤੇ ਮੈਨੂੰ ਬੁੱਢਾ ਨਾ ਕਹਿ ਦੇਣ। ਕਹਿੰਦੇ, ਤੇਰੇ ਰੰਗ ਨੇ ਤੇਰੇ ਨਾਲ ਨਹੀਂ ਜਾਣਾ, ਤੇਰੇ ਜਿਹੜੇ ਨਾਲ ਜੰਮੇ ਸੀ -

***ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥***
***ਅੰਗ - ੧੩੮੧***

ਕੰਨਾਂ ਤੋਂ ਸੁਣ ਨਹੀਂ ਹੁੰਦਾ, ਅੱਖਾਂ ਤੋਂ ਦੇਖ ਨਹੀਂ ਹੁੰਦਾ ਚੰਗੀ ਤਰ੍ਹਾਂ ਦੇ ਨਾਲ। ਜੀਭ ਤੋਂ ਬੋਲ ਨਹੀਂ ਹੁੰਦਾ। ਪੈਰ ਨੱਠਦੇ ਭੱਜਦੇ ਨਹੀਂ ਜਿੰਨਾ ਜਵਾਨੀ 'ਚ ਭੱਜਦੇ ਸੀ, ਹੱਥ ਐਨਾ ਕੰਮ ਨਹੀਂ ਕਰ ਸਕਦੇ। ਉਹ ਤਾਂ ਜਾਈ ਜਾਂਦੇ ਨੇ ਤੂੰ ਕੀਹਨੂੰ ਧੋਖਾ ਦਿੰਦਾ ਹੈਂ। ਉਹ ਤਾਂ ਚਲੇ ਜਾ ਰਹੇ ਨੇ -

***ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥***
***ਅੰਗ - ੧੩੮੧***

ਤੈਨੂੰ ਵਾਰਨਿੰਗ ਦਿੱਤੀ ਸੀ -

***ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥***
***ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥***
***ਅੰਗ - ੧੩੭੮***

ਤੈਨੂੰ ਤਾਂ ਵਾਰਨਿੰਗ ਆਈ ਸੀ ਕਿ ਹੁਣ ਭਜਨ ਕਰ ਲੈ, ਚਿੱਟੇ ਵਾਲ ਹੋ ਗਏ। ਲੇਕਿਨ ਭਜਨ ਦੀ ਥਾਂ ਤੇ ਦੁਨੀਆਂ ਨਾਲ ਹੋਰ ਫਸਦਾ ਹੈ। ਕਿਉਂਕਿ ਜਾਲ ਪਿਆ ਹੋਇਆ ਹੈ ਮਾਇਆ ਦਾ।

ਮਹਾਰਾਜ ਕਹਿੰਦੇ, ਪ੍ਰੇਮੀਆ! ਤੂੰ ਮੈਨੂੰ ਵੀ ਮੱਥਾ ਟੇਕਦਾ ਹੈ? ਕੀ ਮੰਨਦਾ ਹੈ?

ਕਹਿੰਦਾ, ਮੈਂ ਤਾਂ ਤੁਹਾਨੂੰ ਗੁਰੂ ਮੰਨਦਾ ਹਾਂ।

ਕਹਿੰਦੇ, ਗੁਰੂ ਕਾਹਦੇ ਵਾਸਤੇ ਮੰਨਦਾ ਹੈਂ, ਮੱਥਾ ਟੇਕਣ ਵਾਸਤੇ, ਰੁਮਾਲੇ ਚੜ੍ਹਾਉਣ ਵਾਸਤੇ ਤੇ ਤੇਰੇ ਤੋਂ ਮੰਗਣ ਵਾਸਤੇ।

ਕੀ ਮੰਗਦਾ ਹੈਂ?

ਕਹਿੰਦਾ, ਦੁਨੀਆਂ। ਮੇਰਾ ਪੁੱਤਰ ਪਾਸ ਹੋ ਜਾਏ, ਮੇਰਾ ਸਰੀਰ ਠੀਕ ਹੋ ਜਾਏ, ਮੈਨੂੰ ਔਹ ਮਿਲ ਜਾਏ ਮੈਨੂੰ ਆਹ ਮਿਲ ਜਾਏ। ਕਹਿੰਦੇ, ਫੇਰ ਮੇਰੀ ਗੱਲ ਤਾਂ ਨਹੀਂ ਤੂੰ ਮੰਨ ਰਿਹਾ। ਮੈਂ ਤਾਂ ਤੈਨੂੰ ਕਹਿ ਨਹੀਂ ਰਿਹਾ ਕਿ ਇਹ ਚੀਜ਼ਾਂ ਮੰਗ ਮੇਰੇ ਤੋਂ। ਮੈਂ ਬੰਦੇ ਨੂੰ ਐਉਂ ਦੱਸਦਾ ਹਾਂ ਕਿ ਇਕ ਚੀਜ਼ ਮੰਗ ਲੈ ਸਾਰੀਆਂ ਚੀਜ਼ਾਂ ਉਹਦੇ ਪਿੱਛੇ ਆ ਜਾਣਗੀਆਂ।

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ***
***ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥***
***ਅੰਗ - ੬੪੯***

ਤੂੰ ਨਾਮ ਨੂੰ ਹਿਰਦੇ 'ਚ ਵਸਾ ਲੈ। ਨਾਮ ਦਾ ਇਹਨੂੰ ਗਿਆਨ ਨਹੀਂ ਹੈ, ਨਾ ਹੀ ਸਾਰੀ ਜ਼ਿੰਦਗੀ ਸਤਿਸੰਗ ਸੁਣ ਕੇ ਇਸ ਗੱਲ ਦੇ ਵਿਚ ਆਉਂਦਾ, ਨਾ ਇਸ ਗੱਲ ਨੂੰ ਸਮਝਣ ਦਾ ਯਤਨ ਕਰਦਾ ਹੈ। ਮਹਾਰਾਜ ਕਹਿੰਦੇ -

***ਬਿਨੁ ਹਰਿ ਕਾਮਿ ਨ ਆਵਤ ਹੇ ॥***
***ਅੰਗ - ੮੨੨***

ਤੇਰੇ ਕੰਮ ਨਹੀਂ ਆਉਣੀ ਕੋਈ ਵੀ ਚੀਜ਼।

***ਜਾ ਸਿਉ ਰਾਚਿ ਮਾਚਿ ਤੁਮ੍ ਲਾਗੇ***
***ਓਹ ਮੋਹਨੀ ਮੋਹਾਵਤ ਹੇ ॥ ਅੰਗ - ੮੨੨***

ਉਹ ਤਾਂ ਮੋਹਣੀ ਹੈ ਤੈਨੂੰ ਜਾਲ ਪਾਇਆ ਹੋਇਆ ਹੈ ਜਿਹਦੇ ਨਾਲ ਤੂੰ ਰਚਿਆ ਪਿਆ ਹੈਂ। ਜਿਹਦੇ ਨਾਲ ਤੂੰ ਮਿਥਿਆ ਪਿਆ ਹੈਂ, ਘੁਲਿਆ ਪਿਆ ਹੈਂ। ਤੈਨੂੰ ਸੁਰਤ ਨਹੀਂ ਹੈ, ਉਹ ਤੈਨੂੰ ਮੋਹ ਰਹੀ ਹੈ ਪ੍ਰੇਮੀਆ! ਜਾਲ ਪਿਆ ਹੋਇਆ ਹੈ ਇਹ ਤਾਂ।

***ਕਨਿਕ ਕਾਮਿਨੀ ਸੇਜ ਸੋਹਨੀ***
***ਛੋਡਿ ਖਿਨੈ ਮਹਿ ਜਾਵਤ ਹੇ ॥ ਅੰਗ - ੮੨੨***

ਸੋਨਾ, ਕਾਮਨੀ ਇਸਤ੍ਰੀਆਂ, ਸੋਹਣੀਆਂ ਸੇਜਾਂ, ਵਧੀਆ ਤੋਂ ਵਧੀਆ ਪਲੰਘ, ਵਧੀਆ ਤੋਂ ਵਧੀਆ ਘਰ, ਵਧੀਆ ਤੋਂ ਵਧੀਆ ਫਰਸ਼, ਇਹ ਤੇਰੇ ਨਾਲ ਨਹੀਂ ਜਾਣੇ, ਤੂੰ ਚਲਿਆ ਜਾਏਂਗਾ। ਇਹ ਚੀਜ਼ਾਂ ਨੇ ਕਿਸੇ ਨੇ ਤੇਰੇ ਨਾਲ ਨਹੀਂ ਜਾਣਾ।

***ਉਰਝਿ ਰਹਿਓ ਇੰਦ੍ਰੀ ਰਸ ਪ੍ਰੇਰਿਓ***
***ਬਿਖੈ ਠਗਉਰੀ ਖਾਵਤ ਹੇ ॥ ਅੰਗ - ੮੨੨***

ਅੱਖਾਂ ਦੀ ਇੰਦਰੀ ਤੈਨੂੰ ਪਰੇਰ ਰਹੀ ਹੈ, ਕੰਨ ਤੈਨੂੰ ਪਰੇਰ ਰਹੇ ਨੇ, ਰਸਨਾ ਖਾਣ ਦੇ ਸਵਾਦ ਵਿਚ ਲਾ ਰਹੀ ਹੈ -

***ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥***
***ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥***
***ਰਸਨਾ ਸੋਈ ਲੋਭਿ ਮੀਠੈ ਸਾਦਿ ॥***
***ਮਨੁ ਸੋਇਆ ਮਾਇਆ ਬਿਸਮਾਦਿ ॥ ੧ ॥***
***ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥***
***ਸਾਬਤੁ ਵਸਤੁ ਓਹੁ ਅਪਨੀ ਲਹੈ ॥ ੧॥ ਰਹਾਉ॥***
***ਸਗਲ ਸਹੇਲੀ ਅਪਨੈ ਰਸ ਮਾਤੀ ॥***
***ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥***
***ਮੁਸਨਹਾਰ ਪੰਚ ਬਟਵਾਰੇ ॥***
***ਸੂਨੇ ਨਗਰਿ ਪਰੇ ਠਗਹਾਰੇ ॥ ਅੰਗ - ੧੮੨***

ਤੂੰ ਤਾਂ ਠੱਗਿਆ ਜਾ ਰਿਹਾ ਹੈਂ। ਉਲਝਿਆ ਪਿਆ ਹੈਂ ਉਨ੍ਹਾਂ ਰਸਾਂ ਵਿਚ। ਵਿਹੁ ਦੀ ਠਗਮੂਰੀ ਬੂਟੀ ਖਾ ਰਿਹਾ ਹੈਂ ਤੂੰ। ਬੇਹੋਸ਼ੀ ਵਿਚ ਜਾ ਰਿਹਾ ਹੈਂ ਦਿਨ ਰਾਤ। ਇਹ ਮਹਾਰਾਜ ਨੇ ਉਨ੍ਹਾਂ ਨੂੰ ਕਿਹਾ ਹੈ ਬਚਨ, ਜਿਹੜੇ ਰਸਤੇ ਤੇ ਚੱਲੇ ਹੋਏ ਨੇ ਜਿਨ੍ਹਾਂ ਦੇ ਕੰਨ ਸੁਣ ਰਹੇ ਨੇ। ਜਿਨ੍ਹਾਂ ਦਾ ਦਿਲ ਮੰਨ ਰਿਹਾ ਹੈ, ਉਨ੍ਹਾਂ ਨੂੰ ਕਿਹਾ ਹੈ, ਜਿਹੜੇ ਮਹਾਂ ਮੂਰਛਿਤ ਵਿਚ ਪਏ ਹੋਏ ਨੇ, ਸ਼ਰਾਬਾਂ ਪੀਂਦੇ ਨੇ, ਮਾਸ ਖਾਂਦੇ ਨੇ, ਨਿੰਦਿਆ ਕਰਦੇ ਨੇ, ਈਰਖਾ ਕਰਦੇ ਨੇ -

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥*
*ਅੰਗ - ੨੬੮*

ਉਹ ਤਾਂ ਮਹਾਂ ਬੇਹੋਸ਼ੀ ਵਿਚ ਨੇ। ਉਨ੍ਹਾਂ ਦੇ ਤਾਂ ਕੰਨਾਂ ਤੱਕ ਇਹ ਆਵਾਜ਼ ਨਹੀਂ ਪਹੁੰਚਦੀ। ਨਾ ਉਨ੍ਹਾਂ ਤੱਕ ਆਵਾਜ਼ ਪਹੁੰਚਾਈ ਜਾ ਸਕਦੀ ਹੈ। ਕਿਉਂਕਿ ਉਹ ਘੂਕ ਨੀਂਦ ਦੇ ਵਿਚ ਸੌਂ ਗਏ। ਇਹ ਉਨ੍ਹਾਂ ਵਾਸਤੇ ਬਚਨ ਹੈ ਜਿਹੜੇ ਸੁਤ ਨੀਂਦੇ ਜਿਹੇ ਤੁਰੇ ਫਿਰਦੇ ਨੇ। ਠਗਮੂਰੀ ਬੂਟੀ ਜੋ ਤੂੰ ਵਿਹੁ ਦੀ ਖਾ ਰਿਹਾ ਹੈਂ ਉਹਦੇ ਨਾਲ ਤੇਰੀ ਸੁਰਤ ਖਤਮ ਹੋ ਰਹੀ ਹੈ।

*ਤ੍ਰਿਣ ਕੋ ਮੰਦਰੁ ਸਾਜਿ ਸਵਾਰਿਓ*
*ਪਾਵਕੁ ਤਲੈ ਜਰਾਵਤ ਹੇ ॥ ਅੰਗ - ੮੨੨*

ਤੇਰੀ ਤਾਂ ਅਕਲ ਇਹ ਹੈ ਕਿ ਛੱਪਰ ਪਾ ਲਿਆ, ਹੇਠਾਂ ਅੱਗ ਜਾਲ ਲਿਆ, ਭਾਂਬੜ ਜਾਲ ਲਿਆ-

ਉਹਦੇ ਨਾਲ ਹੋਏਗਾ ਕੀ? ਅੱਗ ਲੱਗ ਜਾਏਗੀ ਵਿਚੇ ਜਲ ਜਾਏਂਗਾ। ਐਨੀ ਕੁ ਗੱਲ ਤਾਂ ਆਦਮੀ ਸਮਝ ਸਕਦਾ ਹੈ। ਜਾਗਦਾ ਬੰਦਾ। ਸੁੱਤੇ ਨੂੰ ਨਹੀਂ ਪਤਾ ਕਿ ਅੱਗ ਜਾਲਦੀ ਹੈ ਤੇ ਮੈਂ ਵਿਚ ਹੀ ਜਲ ਜਾਣਾ ਹੈ। ਉਹਨੇ ਤਾਂ ਜਲਣਾ ਹੀ ਜਲਣਾ ਹੈ। ਜਾਗਦੇ ਬੰਦੇ ਜਿਹੜੇ ਸਤਿਸੰਗ 'ਚ ਆਉਂਦੇ ਨੇ, ਉਨ੍ਹਾਂ ਨਾਲ ਮਹਾਰਾਜ ਗੱਲ ਕਰ ਰਹੇ ਨੇ। ਉਨ੍ਹਾਂ ਦੇ ਨਾਲ ਆਪਣਾ ਅਨੁਭਵ ਸਾਂਝਾ ਕਰ ਰਹੇ ਨੇ ਤੇ ਫੁਰਮਾਨ ਕਰਦੇ ਨੇ ਕਿ-

*ਐਸੇ ਗੜ ਮਹਿ ਐਠਿ ਹਠੀਲੋ*
*ਫੂਲਿ ਫੂਲਿ ਕਿਆ ਪਾਵਤ ਹੇ ॥ ਅੰਗ - ੮੨੨*

ਤੂੰ ਆਕੜਿਆ ਫਿਰਦਾ ਹੈਂ ਸਰੀਰ ਦੇ ਅੰਦਰ। ਤੇ ਫੁਲਿਆ ਫਿਰਦਾ ਹੈਂ, ਕਿਸੇ ਨੂੰ ਨਿਗ੍ਹਾ ਥੱਲੇ ਨਹੀਂ ਲਿਆਉਂਦਾ। ਕੀ ਤੈਨੂੰ ਮਿਲ ਰਿਹਾ ਹੈ, ਇਹਦੇ ਥੱਲੇ।

*ਪੰਚ ਦੂਤ ਮੂਡ ਪਰਿ ਠਾਢੇ....... ॥*
*ਅੰਗ - ੮੨੨*

ਤੇਰੇ ਸਿਰ ਦੇ ਉਤੇ ਪੰਜ - ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਸਿਰ ਤੇ ਖੜ੍ਹੇ ਨੇ, ਤੇ ਮਹਾਂ ਦੂੰਦਰ ਕਿਹਾ ਹੈ ਇਨ੍ਹਾਂ ਨੂੰ। ਮਹਾਂ ਦੂੰਦਰ ਜਿਹੜੇ ਕਿਸੇ ਦੇ ਕਾਬੂ ਨਹੀਂ ਆਉਂਦੇ। ਜਦੋਂ ਜੀਅ ਕਰਦਾ ਹੈ, ਜਿਹਨੂੰ ਜੀਅ ਕਰਦਾ ਹੈ, ਨੱਪ ਲੈਂਦੇ ਨੇ। ਇਨ੍ਹਾਂ ਤੋਂ ਤਾਂ ਵਾਹਿਗੁਰੂ ਬਚਾ ਲਵੇ ਤਾਂ ਬਚਾਵੇ।

*........ਕੇਸ ਗਹੇ ਫੇਰਾਵਤ ਹੇ ॥ ਅੰਗ - ੮੨੨*

ਤੇਰੇ ਤਾਂ ਕੇਸ ਉਨ੍ਹਾਂ ਨੇ ਫੜੇ ਹੋਏ ਨੇ।

*ਦ੍ਰਿਸਟਿ ਨ ਆਵਹਿ ਅੰਧ ਅਗਿਆਨੀ*
*ਸੋਇ ਰਹਿਓ ਮਦ ਮਾਵਤ ਹੇ ॥ ਅੰਗ - ੮੨੨*

ਅੰਨ੍ਹੇ ਬੰਦੇ, ਅਗਿਆਨੀ ਬੰਦੇ, ਤੈਨੂੰ ਦਿਸਦਾ ਨਹੀਂ ਹੈ, ਐਨਾ ਤੂੰ ਅਗਿਆਨੀ ਤੇ ਅੰਨਾ ਹੋ ਗਿਆ। ਨਸ਼ਾ ਪੀ ਲਿਆ ਤੂੰ ਮਾਇਆ ਦਾ ਤੇ ਉਹਦੇ ਵਿਚ ਸੁੱਤਾ ਪਿਆ ਹੈਂ।

*ਜਾਲੁ ਪਸਾਰਿ ਚੋਗ ਬਿਸਥਾਰੀ*
*ਪੰਖੀ ਜਿਉ ਫਾਹਾਵਤ ਹੇ ॥ ਅੰਗ - ੮੨੨*

ਮਹਾਰਾਜ ਕਹਿੰਦੇ ਜਾਲ ਮਾਇਆ ਨੇ ਪਸਾਰ ਲਿਆ ਤੇ ਉਹਦੇ ਵਿਚ ਵਿਸ਼ਿਆਂ ਦੀ ਚੋਗ ਪਾਈ ਹੋਈ ਹੈ।

ਕਦੇ ਦੇਖਿਆ ਹੈ ਤੂੰ ਪੰਖੀ ਫਸਿਆ ਹੋਇਆ। ਕਿਵੇਂ ਤੜਫਦਾ ਹੈ, ਕਿਵੇਂ ਨਿਕਲਣ ਦਾ ਯਤਨ ਕਰਦਾ ਹੈ। ਉਹ ਤਾਂ ਕਰਦਾ ਹੀ ਹੈ ਪਰ ਤੂੰ ਤਾਂ ਯਤਨ ਹੀ ਨਹੀਂ ਕਰਦਾ। ਵਿਚ ਮਸਤ ਹੋਇਆ ਬੈਠਾ ਹੈਂ। ਕਾਲ ਨੇ ਤੈਨੂੰ ਖਾ ਲੈਣਾ ਹੈ, ਤੇਰਾ ਜਿਹੜਾ ਮੰਤਵ ਸੀ ਸੰਸਾਰ ਤੇ ਆਉਣ ਦਾ ਉਹ ਅਸਫਲ ਹੋ ਗਿਆ।

*ਕਹੁ ਨਾਨਕ ਬੰਧਨ ਕਾਟਨ ਕਉ*
*ਮੈ ਸਤਿਗੁਰੁ ਪੁਰਖੁ ਧਿਆਵਤ ਹੇ॥ਅੰਗ - ੮੨੨*

ਜੇ ਬੰਧਨ ਕੱਟਣੇ ਨੇ ਤਾਂ ਸਤਿਗੁਰੂ ਦਾ ਧਿਆਨ ਕਰ। ਸਤਿਗੁਰੂ ਸਮਰੱਥ ਹੈ।

*ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ॥*
*ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ॥*
*ਅੰਗ - ੫੦*

ਕਹਿਣ ਲੱਗੇ, ਐ ਮਾਤਾ! ਪੰਖੀ ਫਸ ਗਿਆ ਐਹ ਜੀਵ, ਮਾਇਆ ਦੇ ਜਾਲ ਵਿਚ, ਚੋਗੇ ਦੇ ਵਿਚ ਤੇ ਭੁੱਲ ਗਿਆ ਜਿਸ ਵਾਹਿਗੁਰੂ ਨੇ ਇਹਦਾ ਸਰੀਰ ਬਣਾਇਆ ਸੀ -

*ਜਿਨਿ ਕੀਤਾ ਤਿਸਹਿ ਨ ਜਾਣਈ*
*ਫਿਰਿ ਫਿਰਿ ਆਵੈ ਜਾਇ ॥ ਅੰਗ - ੫੦*

ਸੋ ਜੰਮਦਾ ਰਹਿੰਦਾ ਹੈ, ਮਰਦਾ ਰਹਿੰਦਾ ਹੈ। ਸੋ ਜਿਸ ਤਰ੍ਹਾਂ ਦਾ ਇਹ ਜਾਲ ਹੈ। ਜੇ ਆਦਮੀ ਹੋਰ ਜਾਲ 'ਚ ਫਸ ਜਾਵੇ, ਫੇਰ ਉਹਨੂੰ ਸਮਝ ਪੈਂਦੀ ਹੈ ਕਿ ਮਾਇਆ ਦਾ ਜਾਲ ਤਾਂ ਬਹੁਤ ਕਰੜਾ ਹੈ। ਬੇਅੰਤ ਜਾਲ ਨੇ ਦੁਨੀਆਂ ਦੇ ਅੰਦਰ। ਫਸ ਜਾਂਦਾ ਹੈ ਬੰਦਾ, ਫਸਾਇਆ ਜਾਂਦਾ ਹੈ। ਬਹਿਕ ਜਾਂਦਾ ਹੈ, ਬਹਿਕਿਆ ਹੋਇਆ ਫੇਰ ਪਿਛੋਂ ਪਛਤਾਉਂਦਾ ਹੈ ਕਿ ਮੇਰੇ ਨਾਲ ਵਰਤ ਕੀ ਗਈ। ਮੈਂ ਤਾਂ ਬੜਾ ਚੰਗਾ ਸੀ। ਮੈਂ ਇਨ੍ਹਾਂ ਮਾੜੀਆਂ ਗੱਲਾਂ ਦੇ ਨੇੜੇ ਤੱਕ ਨਹੀਂ ਸੀ ਆਉਂਦਾ, ਮੈਨੂੰ ਹੋ ਕੀ ਗਿਆ। ਜਿਹੜਾ ਐਉਂ ਵੀ ਕਹਿ ਲਵੇ ਨਾ ਉਹ ਵੀ ਬਚ ਜਾਂਦਾ ਹੈ। ਕਿਉਂਕਿ ਵਾਹਿਗੁਰੂ ਦਾ ਦਰ ਜਿਹੜਾ ਹੈ ਬਹੁਤ ਬਖਸ਼ਿੰਦ ਦਰ ਹੈ। ਇਹ ਕਿਸੇ ਨੂੰ ਨਿਰਾਸ਼ ਨਹੀਂ ਕਰਦਾ। ਜਦੋਂ ਯਾਦ ਕਰਦੇ ਹਾਂ ਉਸ ਵੇਲੇ ਮਦਦ ਕਰਦਾ ਹੈ।

ਗੁਰੂ ਨਾਨਕ ਪਾਤਸ਼ਾਹ ਸੰਸਾਰ ਦਾ ਉਧਾਰ ਕਰਦੇ-ਕਰਦੇ, ਜਦੋਂ ਆਪ ਢਾਕੇ ਗਏ ਤਾਂ ਉਸ ਵੇਲੇ

ਮਰਦਾਨੇ ਨੂੰ ਕਹਿਣ ਲੱਗੇ ਕਿ ਮਰਦਾਨਿਆ! ਜਿੱਥੇ ਆਪਾਂ ਆ ਗਏ ਨਾ, ਇਥੇ ਤ੍ਰਿਅ ਦਾ ਰਾਜ ਹੈ, ਇਸਤਰੀ ਦਾ ਰਾਜ ਹੈ, ਇਸਤਰੀ ਪ੍ਰਧਾਨ ਹੈ ਇਸ ਥਾਂ ਦੇ ਉਤੇ। ਆਪਣੀ ਸਾਰੀਆਂ ਸ਼ਕਤੀਆਂ ਦੇ ਨਾਲ। ਇਥੇ ਬੜਾ ਭਾਰਾ ਜਾਲ ਪੈ ਜਾਂਦਾ ਹੈ ਬੰਦੇ ਨੂੰ। ਇਥੇ ਤੂੰ ਥੋੜ੍ਹਾ ਸਾਵਧਾਨ ਰਹੀਂ। ਪੂਰੀ ਤਰ੍ਹਾਂ ਸਾਵਧਾਨ ਰਹੀਂ।

ਕਹਿਣ ਲੱਗਿਆ ਕਿ ਮਹਾਰਾਜ! ਮੈਂ ਸਾਵਧਾਨ ਕਿਵੇਂ ਰਹਾਂ? ਕਹਿੰਦੇ ਦੇਖੀ, ਇਕ ਸਕਿੰਟ ਵਾਸਤੇ ਵੀ ਤੂੰ ਪ੍ਰਭੂ ਨੂੰ ਨਾ ਵਿਸਾਰੀਂ। ਜੇ ਤੂੰ ਪ੍ਰਮੇਸ਼ਰ ਨੂੰ ਨਾ ਵਿਸਾਰਿਆ ਤਾਂ ਤੂੰ ਇਥੋਂ ਸਹੀ ਸਲਾਮਤ ਨਿਕਲ ਚੱਲੇਂਗਾ। ਜੇ ਵਾਹਿਗੁਰੂ ਨੂੰ ਭੁੱਲ ਕੇ ਤੇਰਾ ਧਿਆਨ ਹੋਰ ਪਾਸੇ ਜ਼ਰਾ ਕੁ ਵੀ ਚਲਾ ਗਿਆ, ਉਸੇ ਵੇਲੇ ਇਨ੍ਹਾਂ ਦੇ ਕਾਬੂ ਆ ਜਾਏਂਗਾ। ਕਹਿਣ ਲੱਗਿਆ ਕਿ ਮਹਾਰਾਜ! ਐਸੀ ਕਿਹੜੀ ਸ਼ਕਤੀ ਹੈ ਇਨ੍ਹਾਂ ਦੇ ਕੋਲ। ਮਹਾਰਾਜ ਕਹਿੰਦੇ, ਇਹ ਜਿਹੜੇ ਲੋਕ ਨੇ ਇਹ ਸਾਕਤ ਨੇ। ਸ਼ਕਤੀ ਦੀ ਪੂਜਾ ਕਰਨ ਵਾਲੇ ਨੇ ਤੇ ਇਨ੍ਹਾਂ ਨੇ ਮਾਨਸਿਕ ਸ਼ਕਤੀਆਂ ਨੂੰ ਉਭਾਰਿਆ ਹੈ। ਆਦਮੀ ਦੇ ਅੰਦਰ ਚੰਗੀਆਂ ਸ਼ਕਤੀਆਂ ਵੀ ਨੇ। ਇਹ ਚਾਹੇ ਤਾਂ ਵਾਹਿਗੁਰੂ ਤੱਕ ਪਹੁੰਚ ਕੇ ਵਾਹਿਗੁਰੂ ਦਾ ਰੂਪ ਬਣ ਸਕਦਾ ਹੈ। ਜੇ ਮਾੜੀਆਂ ਸ਼ਕਤੀਆਂ ਨੂੰ ਉਭਾਰ ਲਵੇ ਤਾਂ ਵੱਡੀਆਂ ਤੋਂ ਵੱਡੀਆਂ ਗੱਲਾਂ ਕਰ ਸਕਦਾ ਹੈ ਕਿਉਂਕਿ ਇਨ੍ਹਾਂ ਨੇ ਬੁਰੀਆਂ ਸ਼ਕਤੀਆਂ ਨੂੰ ਉਭਾਰਿਆ ਹੈ। ਸੋ ਏਸ ਥਾਂ ਦੇ ਵਿਚ ਜ਼ਰਾ ਸਾਵਧਾਨ ਰਹੀਂ।

ਬਚਨ ਕੀਤਾ ਮਰਦਾਨੇ ਨੇ ਕੁਛ ਸੁਣਿਆ, ਕੁਛ ਨਾ ਸੁਣਿਆ। ਅੱਗੇ ਗਏ ਤਾਂ ਮਹਾਰਾਜ ਜੀ ਇਕ ਥਾਂ ਦੇ ਉਤੇ ਬੈਠ ਗਏ। ਮਰਦਾਨਾ ਕਹਿਣ ਲੱਗਿਆ ਕਿ ਮਹਾਰਾਜ! ਮੈਨੂੰ ਪਾਣੀ ਦੀ ਬੜੀ ਪਿਆਸ ਲੱਗੀ ਹੋਈ ਹੈ। ਕ੍ਰਿਪਾ ਕਰੋ ਮੈਨੂੰ ਆਗਿਆ ਦੇਵੋ ਕਿ ਪਾਣੀ ਪੀ ਲਵਾਂ। ਕਹਿੰਦੇ, ਮਰਦਾਨਿਆ! ਜੇ ਨਾ ਪੀਵੇਂ ਤਾਂ ਚੰਗਾ ਹੈ। ਕਹਿੰਦਾ ਮਹਾਰਾਜ! ਮੈਨੂੰ ਤਾਂ ਇਥੇ ਹੀ ਮਾਰਨਾ ਚਾਹੁੰਦੇ ਹੋ ਤੁਸੀਂ। ਮੇਰੀ ਤਾਂ ਜਾਨ ਨਿਕਲਦੀ ਜਾਂਦੀ ਹੈ। ਮਹਾਰਾਜ ਕਹਿੰਦੇ, ਚੰਗਾ ਤੈਨੂੰ ਪਾਣੀ ਪੀਣ ਤੋਂ ਨਹੀਂ ਅਸੀਂ ਰੋਕਦੇ ਪਰ ਸਾਡੀ ਗੱਲ ਇਕ ਯਾਦ ਰੱਖੀਂ, ਜਲਾਲ ਵਿਚ ਰਹੀਂ। ਜਲਾਲ ਕੀ ਹੁੰਦਾ ਹੈ, ਮਤਲਬ ਆਪਣੇ ਆਪੇ 'ਚ। ਬਾਹਰ ਨਾ ਕੱਢੀਂ ਸੁਰਤੀ ਨੂੰ। ਪ੍ਰਭੂ ਦੇ ਨਾਮ ਦੀ ਧੁਨ ਦੇ ਵਿਚ ਮਸਤ ਰਹੀਂ। ਬਾਹਰਲੀਆਂ ਚੀਜ਼ਾਂ ਐਸਾ ਨਾ ਹੋਵੇ ਤੈਨੂੰ ਪ੍ਰਭੂ ਨੂੰ ਭੁਲਾ ਦੇਣ। ਉਸ ਵੇਲੇ ਗੁਰੂ ਮਹਾਰਾਜ ਨੇ ਕਿਹਾ ਚੰਗਾ, ਮਰਦਾਨਿਆ! ਛੇਤੀ ਆ ਜਾਈਂ। ਕਹਿੰਦਾ, ਮਹਾਰਾਜ! ਮੈਂ ਤਾਂ ਬਹੁਤ ਜਲਦੀ ਆ ਜਾਵਾਂਗਾ। ਮੈਂ ਗਿਆ ਤੇ ਆਇਆ ਬਹੁਤਾ ਚਿਰ ਨਹੀਂ ਲਾਉਂਦਾ। ਮਹਾਰਾਜ ਕਹਿੰਦੇ, ਸਾਵਧਾਨ ਰਹੀਂ ਮਰਦਾਨਿਆ। ਐਸਾ ਨਾ ਹੋਵੇ ਤੇਰੇ ਤੇ ਕੋਈ ਜਾਦੂ ਦਾ ਅਸਰ ਪੈ ਜਾਵੇ ਕਿਉਂਕਿ ਇਹ ਸਾਰਾ ਹੀ ਨਗਰ ਜਾਦੂਗਰਾਂ ਦਾ ਹੈ। ਇਥੇ ਤੰਤਰ ਕਰਦੇ ਨੇ, ਜੰਤਰ ਕਰਦੇ ਨੇ, ਮੰਤਰ ਕਰਦੇ ਨੇ, ਟੂਣਾ ਕਰਦੇ ਨੇ, ਹੋਰ ਅਨੇਕਾਂ ਤਰੀਕਿਆਂ ਦੇ ਨਾਲ ਜਿਹੜਾ ਵੀ ਇਥੇ ਚਲਿਆ ਜਾਂਦਾ ਹੈ ਉਹ ਬੰਦਾ ਵਾਪਸ ਨਹੀਂ ਆਉਂਦਾ। ਖਤਰਨਾਕ ਕੰਮ ਹੈ ਤੇ ਤੂੰ ਜਲਾਲ ਵਿਚ ਰਹੀਂ ਪ੍ਰਮੇਸ਼ਰ ਨੂੰ ਨਾ ਭੁੱਲੀਂ। ਜਦੋਂ ਮਰਦਾਨਾ ਸ਼ਹਿਰ ਦੇ ਵਿਚ ਵੜਦਾ ਹੈ ਹੈਰਾਨ ਹੁੰਦਾ ਹੈ ਕਿ ਇਹ ਲੋਕ ਤਾਂ ਬੜੇ ਭਲੇ ਨੇ। ਇਸਤਰੀਆਂ ਇਸ ਥਾਂ ਦੀਆਂ ਬਹੁਤ ਚੰਗੀਆਂ ਨੇ, ਬਹੁਤ ਪਿਆਰ ਨਾਲ ਬੁਲਾਉਂਦੀਆਂ ਨੇ ਬੜਾ ਆਦਰ ਕਰਦੀਆਂ ਨੇ, ਅਤਿਥੀ ਸੇਵਾ ਕਰਦੀਆਂ ਨੇ। ਚਲਦੇ-ਚਲਦੇ ਇਕ ਵੱਡਾ ਘਰ ਦੇਖਿਆ, ਜਿਥੇ ਰਾਗ ਦੀ ਧੁਨ ਹੋ ਰਹੀ ਸੀ, ਬੇਅੰਤ ਕਿਸਮ ਦੇ ਰਾਗ ਗਾਏ ਜਾ ਰਹੇ ਨੇ। ਮਰਦਾਨੇ ਦਾ ਧਿਆਨ ਪ੍ਰਮੇਸ਼ਰ ਤੋਂ ਟੁੱਟ ਕੇ ਰਾਗ ਦੀਆਂ ਸੁਰਾਂ 'ਚ ਚਲਿਆ ਗਿਆ ਤੇ ਜਾਣ ਗਿਆ ਕਿ ਗਉੜੀ ਦਾ ਅਲਾਪ ਹੋ ਰਿਹਾ ਹੈ। ਜਦੋਂ ਇਹ ਗੱਲ ਦੇਖੀ ਉਸੇ ਵੇਲੇ ਬੀਬੀ ਨੇ ਪੁਛਿਆ, ਤੁਸੀਂ ਕੌਣ ਹੋਂ ਕਿੱਥੇ ਆਏ ਹੋਂ, ਕੀ ਕੰਮ ਹੈ। ਕਹਿਣ ਲੱਗਿਆ ਕਿ ਅਸੀਂ ਤਾਂ ਪੰਜਾਬ ਦੇ ਵਾਸੀ ਹਾਂ ਤੇ ਮੈਂ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਆਇਆ ਹੋਇਆ ਹਾਂ ਤੇ ਸੰਸਾਰ ਦੇ ਅੰਦਰ ਗੁਰੂ ਨਾਨਕ ਪਾਤਸ਼ਾਹ ਘੁੰਮ ਕੇ ਜੀਵਾਂ ਦਾ ਉਧਾਰ ਕਰ ਰਹੇ ਨੇ ਤੇ ਅਸੀਂ ਸੈਰ ਕਰਨ ਆਏ ਹਾਂ ਇਥੇ। ਕਹਿਣ ਲੱਗੀ, ਸੇਵਾ ਦੱਸੋ ਕੋਈ? ਕਹਿਣ ਲੱਗਿਆ ਕਿ ਮੈਨੂੰ ਪਾਣੀ ਦੀ ਬੜੀ ਪਿਆਸ ਲੱਗੀ ਹੈ। ਕਹਿੰਦੀ, ਤੁਸੀਂ ਅੰਦਰ ਲੰਘ ਆਓ ਤੇ ਪਾਣੀ ਮੈਂ ਪਿਲਾ ਦਿੰਦੀ ਹਾਂ। ਅੰਦਰ ਲੰਘ ਜਾਂਦਾ ਹੈ, ਉਹਦੀ ਮਹਿਮਾਨ ਨਿਵਾਜ਼ੀ 'ਚ ਭੁੱਲ ਗਿਆ। ਕੁਝ ਰਾਗ ਨੇ ਸੁਰਤ ਉਖੇੜ ਦਿਤੀ ਪ੍ਰਮੇਸ਼ਰ ਦੇ ਨਾਮ ਨਾਲੋਂ। ਕੁਝ ਮਹਿਮਾਨ ਨਿਵਾਜ਼ੀ 'ਚ ਚਲਿਆ ਗਿਆ, ਕੁਛ ਗੱਲਾਂ ਬਾਤਾਂ ਤਿਆਰ ਚਲਿਆ ਗਿਆ।

ਕਹਿਣ ਲੱਗੀ ਕਿ ਸਾਡੇ ਦੇਸ਼ ਦਾ ਰਾਜ ਹੈ ਕਿ ਜਦੋਂ ਕੋਈ ਅਤਿਥੀ ਆਉਂਦਾ ਹੈ ਤਾਂ ਅਸੀਂ ਉਹਦੇ ਹੱਥ ਵਿਚ ਧਾਗਾ ਬੰਨ੍ਹਦੇ ਹਾਂ। ਕਹਿਣ ਲੱਗਿਆ, ਬੰਨ੍ਹ ਲਓ ਇਹਦਾ ਕੀ ਹੈ। ਜਦੋਂ ਹੱਥ ਵਿਚ ਧਾਗਾ ਬੰਨ੍ਹਿਆ ਉਸੇ ਵੇਲੇ ਮਰਦਾਨੇ ਦੀ ਜਿਹੜੀ ਸੁਰਤ ਸੀ ਓਸ ਦੀ ਕਮਾਈ ਹੋਈ ਸੁਰਤ ਦੇ ਥੱਲੇ ਆ ਗਈ, ਉਹਨੇ ਉਸ ਨੂੰ ਹਿਪਨੋਟਾਈਜ਼ ਕਰ ਦਿਤਾ। ਹਿਪਨੋਟਾਈਜ਼ ਕਰਕੇ ਗੱਲ ਕਰਨ ਲੱਗ ਗਈ। ਜਦੋਂ ਦੇਖਿਆ ਕਿ ਹੁਣ ਮੇਰਾ ਅਸਰ ਹੋ ਗਿਆ ਕਹਿਣ ਲੱਗੀ, ਤੂੰ ਕੌਣ ਹੈਂ, ਤੂੰ ਤ੍ਰੀਮਤ ਹੈਂ, ਕਹਿੰਦਾ ਹਾਂ ਮੈਂ ਤ੍ਰੀਮਤ ਹਾਂ। ਖੰਡ ਦੇ ਦਿਤੀ ਕਹਿਣ ਲੱਗੀ ਕਿ ਆਹ ਖਾ ਕੇ ਦੇਖ ਕਿ ਆਹ ਕੌੜੀ ਹੈ ਨਾ ਬਹੁਤ ਮਿਰਚਾਂ ਵਰਗੀ। ਕਹਿੰਦਾ ਹਾਂ ਬਹੁਤ ਕੌੜੀ ਹੈ। ਮਿਰਚਾਂ ਦੇ ਦਿਤੀਆਂ, ਕਹਿੰਦੀ ਆਹ ਖਾ ਕੇ ਦੇਖ ਕਿੰਨੀ ਮਿੱਠੀ ਹੈ, ਮਿਰਚ ਖਾਂਦਾ ਹੈ ਕਹਿੰਦਾ ਇਹ ਤਾਂ

ਸ਼ਹਿਦ ਵਰਗੀ ਮਿੱਠੀ ਹੈ। ਉਸ ਤੋਂ ਬਾਅਦ ਕਹਿਣ ਲੱਗੀ ਕਿ ਤੂੰ ਭੇਡੂ ਹੈਂ, ਕਹਿੰਦਾ ਹਾਂ ਮੈਂ ਭੇਡੂ ਹਾਂ। ਸੋ ਜਦੋਂ ਇਹ ਗੱਲ ਕਰੀ ਉਸੇ ਵੇਲੇ ਉਸ ਨੇ ਇਕ ਰੱਸੀ ਲਈ ਤੇ ਗਲ 'ਚ ਪਾ ਕੇ, ਲੋਹੇ ਦੀ ਕਿੱਲੀ ਨਾਲ ਬੰਨ੍ਹ ਦਿਤਾ। ਆਪਣੇ ਆਪ ਨੂੰ ਦੇਖਦਾ ਹੈ ਮਰਦਾਨਾ ਕਿ ਆਹ ਕੀ ਹੋ ਗਿਆ। ਮੇਰੇ ਸਿਰ ਦੇ ਉਤੇ ਸਿੰਗ ਨਿਕਲ ਆਏ, ਮੇਰੇ ਪੈਰ ਕਿਹੋ ਜਿਹੇ ਮਾੜੇ ਹੋ ਗਏ। ਸਰੀਰ ਨੂੰ ਮੇਰੇ ਨੂੰ ਕੀ ਹੋ ਗਿਆ, ਕੁਛ ਪਤਾ ਨਹੀਂ ਲਗਦਾ, ਉਸ ਵੇਲੇ ਬੜਾ ਪਛਤਾਉਂਦਾ ਹੈ। ਮਹਾਰਾਜ ਜੀ ਨੇ ਇਕ ਉਪਦੇਸ਼ ਦਿਤਾ ਸੀ ਕਿ ਮਰਦਾਨਿਆ! ਇਹ ਮੰਤਰ ਜੰਤਰ ਦਾ ਜਾਲ ਨਹੀਂ ਪੈਂਦਾ ਜੇ ਹਿਰਦੇ ਵਿਚ ਪ੍ਰਭੂ ਦਾ ਨਾਮ ਹੋਵੇ। ਜਿਹੜਾ ਭੁਲਦਾ ਹੈ ਉਹਦੇ ਉਤੇ ਪੈਂਦਾ ਹੈ।

***ਧਾਰਨਾ - ਜੰਤਰ ਮੰਤਰ ਦਾ ਜਾਲ ਨਾ ਬਈ ਪੈਂਦਾ***
***ਜਿਨ੍ਹਾਂ ਦੇ ਹਿਰਦੇ ਰਾਮ ਵਸਿਆ।***

***ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ॥***
***ਉਚਰਤ ਗੁਨ ਗੋਪਾਲ ਜਸੁ ਦੂਰ ਤੇ ਜਮੁ ਭਾਗੈ॥***
***ਅੰਗ - ੮੧੭***

ਪ੍ਰਮੇਸ਼ਰ ਦੇ ਨਾਮ ਦੀ ਐਡੀ ਵੱਡੀ ਮਹਿਮਾ ਹੈ ਜੰਤਰ-ਮੰਤਰ-ਤੰਤਰ ਤਾਂ ਇਕ ਪਾਸੇ ਰਹਿ ਗਿਆ। ਕਹਿੰਦੇ ਜਿਹੜਾ ਜਮਦੂਤ ਲੈਣ ਵਾਸਤੇ ਆਉਂਦਾ ਹੈ ਨਾ ਅੰਤ ਸਮੇਂ। ਜੇ ਕਿਤੇ ਉਹਦੇ ਮੁੱਖ ਤੋਂ ਵਾਹਿਗੁਰੂ, ਰਾਮ, ਅੱਲਾ ਪਿਆਰ ਦੇ ਨਾਲ ਨਿਕਲ ਜਾਵੇ ਤੇ ਉਹ ਜਮਦੂਤ ਜੇ ਸੁਣ ਲਵੇ, ਕਹਿੰਦੇ ਉਹ ਦੂਰ ਤੋਂ ਹੀ ਨੱਠ ਜਾਂਦਾ ਹੈ ਨੇੜੇ ਨਹੀਂ ਆਉਂਦਾ, ਕਿੱਡੀ ਵੱਡੀ ਮਹਿਮਾ ਹੈ ਨਾਮ ਦੀ ਜਿਸਨੂੰ ਅਸੀਂ ਜਾਣ ਨਹੀਂ ਸਕਦੇ। ਕਿਉਂ ਨਹੀਂ ਅਸੀਂ ਹਿਰਦੇ 'ਚ ਵਸਾਉਂਦੇ। ਜਾਂ ਤਾਂ ਗੁਰੂ ਮਹਾਰਾਜ ਦੇ ਬਚਨ ਦੇ ਉਤੇ ਸਾਡੀ ਸ਼ਰਧਾ ਨਹੀਂ ਹੈ ਜਾਂ ਅਸੀਂ ਠਗਮੂਰੀ ਬੂਟੀ ਪੀਤੀ ਹੋਈ ਹੈ ਤੇ ਆਪਣੇ ਭਲੇ ਬੁਰੇ ਦਾ ਨਿਰਣਾ ਨਹੀਂ ਕਰ ਸਕਦੇ। ਜਿਹੜਾ ਹਰੀ ਦਾ ਜਸ ਕਰ ਰਿਹਾ ਹੈ, ਹਰੀ ਦਾ ਕੀਰਤਨ ਕਰ ਰਿਹਾ ਹੈ ਉਹਨੂੰ ਸੁਣਦੇ ਸਾਰ ਜਮਦੂਤ ਦੂਰ ਤੋਂ ਨੱਠ ਜਾਂਦੇ ਨੇ।

ਇਕ ਮਹਾਤਮਾ ਸੀ ਬੰਗਾਲ ਦੇ, ਮਾਤਾ ਸੀ ਉਹ ਅਨੰਦਮਈ ਮਾਂ। ਇਕ ਸੇਠ ਦੇ ਘਰ ਬੈਠੇ ਨੇ ਬਨਾਰਸ ਵਿਚ। ਇਕ ਬੱਚਾ ਦੌੜਿਆ ਫਿਰਦਾ ਹੈ, ਬੱਚੇ ਦੀ ਉਮਰ ਛੋਟੀ ਹੈ ਬੜਾ ਮਨਮੋਹਣਾ ਹੈ। ਮਾਤਾ ਜੀ ਉਹਦੇ ਵਲ ਦੇਖਣ ਲੱਗ ਗਏ, ਦੇਖਦੇ-ਦੇਖਦੇ ਸਿਰ ਹਿਲਾ ਦਿਤਾ ਦੋ ਤਿੰਨ ਵਾਰੀ। ਜਿਹੜਾ ਪਿਤਾ ਸੀ ਉਸਦਾ ਉਸਨੇ ਕਿਹਾ ਕਿ ਮਹਾਤਮਾ ਬਿਨਾਂ ਕਿਸੇ ਗੱਲ ਤੋਂ ਕੋਈ ਐਸਾ ਐਕਸ਼ਨ ਨਹੀਂ ਕਰਿਆ ਕਰਦੇ। ਮਾਤਾ ਜੀ ਨੇ ਕੀ ਸਾਨੂੰ ਸਿਗਨਲ ਦੇ ਦਿਤਾ, ਇਸ ਬੱਚੇ ਵਲ ਦੇਖ ਕੇ ਦਿਤਾ ਹੈ। ਉਸੇ ਵੇਲੇ ਬਚਨ ਸੰਭਾਲ ਲਿਆ, ਕਹਿਣ ਲੱਗਿਆ ਮਾਤਾ ਜੀ! ਕੀ ਗੱਲ ਤੁਸੀਂ ਬੱਚੇ ਵਲ ਦੇਖ ਕੇ ਐਸ ਤਰ੍ਹਾਂ ਕਿਉਂ ਕਰਿਆ। ਬਾਰ-ਬਾਰ ਪੁਛਿਆ, ਜਦੋਂ ਬਾਰ-ਬਾਰ ਪੁਛਿਆ ਕਹਿਣ ਲੱਗੇ ਸੇਠ ਜੀ! ਇਸ ਬੱਚੇ ਨੇ ਅੱਜ ਰਾਤ ਨੂੰ ਦੋ ਵਜੇ ਚੜ੍ਹਾਈ ਕਰ ਜਾਣੀ ਹੈ। ਅਸੀਂ ਦੇਖਦੇ ਹਾਂ ਕਿ ਕਿੰਨਾ ਸੁੰਦਰ ਖੇਡਦਾ ਫਿਰਦਾ ਹੈ। ਥੋੜ੍ਹੀ ਦੇਰ ਬਾਅਦ ਇਸ ਘਰ ਦੇ ਅੰਦਰ ਖੁਸ਼ੀਆਂ ਗਮੀ ਵਿਚ ਬਦਲ ਜਾਣੀਆਂ ਨੇ। ਪ੍ਰਮੇਸ਼ਰ ਦੀ ਲੀਲਾ ਦੇਖ ਰਹੀ ਹਾਂ ਮੈਂ। ਉਸੇ ਵੇਲੇ ਚਰਨ ਫੜ ਕਿ ਮਹਾਰਾਜ! ਤੁਸੀਂ ਤਾਂ ਸਮਰੱਥ ਹੋ। ਕ੍ਰਿਪਾ ਕਰੋ, ਇਹਨੂੰ ਜੀਵਨ ਦਾਨ ਦਿਓ। ਸੰਤਾਂ ਦੀ ਮਿਹਰ ਹੋ ਜਾਵੇ ਜੀਵਨ ਦਾਨ ਮਿਲ ਜਾਂਦਾ ਹੈ। ਕਰੋਪੀ ਹੋ ਜਾਵੇ -

***ਸੰਤ ਕਾ ਦੋਖੀ ਅਧ ਬੀਚ ਤੇ ਟੂਟੈ ॥***
***ਅੰਗ - ੨੮੦***

ਉਮਰ ਵਿਚਾਲੇ ਹੀ ਰਹਿ ਜਾਂਦੀ ਹੈ, ਅੱਧ ਵਿਚਾਲਿਓਂ ਟੁੱਟ ਕੇ ਚਲਾ ਜਾਂਦਾ ਹੈ। ਸੋ ਮਾਤਾ ਜੀ ਕਹਿਣ ਲੱਗੇ, ਚੰਗਾ! ਸਾਰੇ ਸਾਧੂਆਂ ਨੂੰ ਬੁਲਾਓ। ਸਾਰਿਆਂ ਨੂੰ ਬੁਲਾਇਆ ਕਹਿਣ ਲੱਗੇ, ਦੇਖੋ! ਹੁਣ ਤੋਂ ਹੀ ਪ੍ਰਮੇਸ਼ਰ ਦਾ ਨਾਮ ਉਚਾਰਨ ਕਰਨਾ ਸ਼ੁਰੂ ਕਰ ਦਿਓ। ਦੋ ਵਜੇ ਜਮਦੂਤ ਆਉਣਗੇ ਇਹਨੂੰ ਲੈਣ। ਉਸ ਵੇਲੇ ਤੁਸੀਂ ਦੇਖ ਕੇ ਉੱਚੀ-ਉਚੀ ਕਰਨ ਲਗ ਜਾਣ ਤੇ ਜਮਦੂਤ ਜਿਥੇ ਪ੍ਰਮੇਸ਼ਰ ਦੇ ਨਾਮ ਦਾ ਉਚਾਰਨ ਹੋਵੇ ਉਥੇ ਖੜ੍ਹਦਾ ਨਹੀਂ ਹੁੰਦਾ, ਚਲਿਆ ਜਾਂਦਾ ਹੈ। ਸਾਧੂ ਸੀ, ਕਮਾਇਆ ਹੋਇਆ ਨਾਮ ਸੀ। ਘਰ ਬਾਰ ਛੱਡਿਆ ਹੋਇਆ ਸੀ, ਬੜੇ ਪੜ੍ਹੇ ਲਿਖੇ ਬੰਦੇ ਮਾਤਾ ਅਨੰਦਮਈ ਜੀ ਦੇ ਨਾਲ ਰਿਹਾ ਕਰਦੇ ਸੀ। ਸਾਰੇ ਸਾਵਧਾਨ ਹੋ ਗਏ, ਹਰੀ ਦੇ ਨਾਮ ਦਾ ਅਖੰਡ ਕੀਰਤਨ ਸ਼ੁਰੂ ਹੋ ਗਿਆ। ਉਸ ਤੋਂ ਬਾਅਦ ਜਦੋਂ ਅੱਧੀ ਰਾਤ ਹੋਈ, ਕਹਿਣ ਲੱਗੇ ਸਾਧੂ! ਸਾਰੇ ਉਠ ਕੇ ਬੈਠ ਜਾਓ, ਬਾਗ ਵਿਚ ਬੈਠ ਜਾਓ, ਅੰਦਰ ਵੀ ਬੈਠ ਜਾਓ, ਜਿੱਥੇ-ਜਿਥੇ ਥਾਉਂ ਹੈ ਉਥੇ-ਉਥੇ ਬਹਿ ਜਾਓ। ਬਾਕੀ ਏਸ ਬੱਚੇ ਨੂੰ ਵਿਚ ਪਾ ਲਓ ਤੇ ਪ੍ਰਮੇਸ਼ਰ ਦਾ ਨਾਮ ਜਪੋ। ਸਰਕਲ ਬਣਾ ਲਓ ਜਮਦੂਤ ਨਹੀਂ ਆਏਗਾ। ਦੋ ਵਜੇ ਜਿਸ ਮਹਾਂਪੁਰਸ਼ ਦੀ ਡਿਊਟੀ ਸੀ ਉਹਨੇ ਮੈਨੂੰ ਦੱਸਿਆ ਕਹਿਣ ਲੱਗੇ, ਮੇਰੀ ਡਿਊਟੀ ਸੀ ਮੈਂ ਕੀ ਦੇਖਿਆ ਦੋ ਬੰਦੇ ਖੜ੍ਹੇ ਇਸ਼ਾਰੇ ਕਰਦੇ ਨੇ। ਇਕ ਦੇ ਹੱਥ ਵਿਚ ਕੋਈ ਕਿਤਾਬ ਹੈ, ਉਹ ਬਾਰ-ਬਾਰ ਉਂਗਲੀਆਂ ਕਰਦਾ ਹੈ ਕਿ ਉਹ ਪਿਆ ਹੈ। ਲੇਕਿਨ ਅੰਦਰ ਨਹੀਂ ਆਉਂਦਾ, ਕਹਿਣ ਲੱਗਿਆ ਕਿ ਮੈਨੂੰ ਉਸ ਵੇਲੇ ਖਿਆਲ ਆਇਆ ਕਿ ਮੈਂ ਉਚੀ ਕਿਉਂ ਨਾ ਨਾਮ ਜਪਾਂ। ਕਹਿਣ ਲੱਗਿਆ, ਮੈਂ ਉਚੀ-ਉਚੀ ਜਪਣ ਲੱਗ ਗਿਆ। ਸਾਰੇ ਸਾਧੂ ਉਚੀ-ਉਚੀ ਬੋਲਣ ਲਗ ਗਏ ਤੇ ਉਹ ਦੌੜੇ ਹੀ ਜਾਂਦੇ ਨੇ। ਕਹਿੰਦੇ, ਹੁਣ ਉਹ ਬੱਚਾ ਬੀ.ਏ 'ਚ ਪੜ੍ਹਦਾ ਹੈ, ਜਦੋਂ ਉਹਨੇ ਮੈਨੂੰ ਗੱਲ ਦੱਸੀ ਸੀ। ਅੱਜ ਤੋਂ ਕੋਈ 20-25 ਸਾਲ ਪਹਿਲਾਂ ਦੀ ਗੱਲ ਹੈ। ਸੋ ਮਹਾਰਾਜ ਕਹਿੰਦੇ ਨੇ -

***ਉਚਰਤ ਗੁਨ ਗੋਪਾਲ***
***ਜਸੁ ਦੂਰ ਤੇ ਜਮੁ ਭਾਗੈ ॥ ਅੰਗ - ੮੧੭***

ਨੇੜੇ ਨਹੀਂ ਆਉਂਦਾ ਦੂਰ ਤੋਂ ਨੱਠ ਜਾਂਦਾ ਹੈ।

***ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ ॥***
***ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ ॥***
***ਅੰਗ - ੮੧੮***

ਜਿਹੜੇ ਤੰਤਰ, ਮੰਤਰ ਕਰਦੇ ਨੇ, ਟੂਣੇ ਵਗੈਰਾ, ਇਹ ਪ੍ਰਮੇਸ਼ਰ ਦੇ ਨਾਮ ਜਪਣ ਵਾਲਿਆਂ ਦੇ ਨੇੜੇ ਵੀ ਨਹੀਂ ਲਗਦੇ।

***ਕਾਮ ਕ੍ਰੋਧ ਮਦ ਮਾਨ ਮੋਹ ਬਿਨਸੇ ਅਨਰਾਗੈ ॥***
***ਆਨੰਦ ਮਗਨ ਰਸਿ ਰਾਮ ਰੰਗਿ***
***ਨਾਨਕ ਸਰਨਾਗੈ॥ ਅੰਗ - ੮੧੭***

ਲੇਕਿਨ ਮਰਦਾਨੇ ਤੇ ਕਿਉਂ ਅਸਰ ਹੋ ਗਿਆ। ਇਕ ਤਾਂ ਮਹਾਰਾਜ ਜੀ ਨੇ ਕੋਈ ਕੌਤਕ ਕਰਨਾ ਸੀ। ਮਰਦਾਨਾ ਕੋਈ ਮਾੜਾ ਧੀੜਾ ਬੰਦਾ ਨਹੀਂ ਸੀ ਕਿ ਭੁੱਲ ਜਾਂਦਾ ਸੀ। ਉਹ ਤਾਂ ਮਹਾਰਾਜ ਦਾ ਹੀ ਕੌਤਕ ਸੀ ਐਸਾ ਕਿ ਗੱਲ ਬਣਨੀ ਨਹੀਂ ਜਿਨ੍ਹਾਂ ਚਿਰ ਇਹ ਐਸ ਤਰ੍ਹਾਂ ਕਾਬੂ ਨਹੀਂ ਆਉਂਦਾ।

ਕਿਉਂਕਿ ਸਾਰਾ ਜਿੰਨਾ ਇਤਿਹਾਸ ਹੈ ਜਨਮਸਾਖੀ ਦਾ, ਉਹ ਮਰਦਾਨੇ ਦੇ ਦੁਆਲੇ ਹੀ ਘੁੰਮਦਾ ਹੈ, ਭਾਈ ਬਾਲੇ ਦਾ ਤਾਂ ਕਿਤੇ ਜ਼ਿਕਰ ਨਹੀਂ ਆਉਂਦਾ, ਨਾ ਆਉਣ ਕਰਕੇ ਕਈ ਲਿਖਾਰੀਆਂ ਨੇ ਕਿਹਾ ਹੈ ਕਿ ਬਾਈ ਬਾਲਾ ਤਾਂ ਹੋਇਆ ਹੀ ਨਹੀਂ। ਲੇਕਿਨ ਭਾਈ ਬਾਲੇ ਨੇ ਇਹ ਸਾਰੀਆਂ ਸਾਖੀਆਂ ਗੁਰੂ ਅੰਗਦ ਸਾਹਿਬ ਨੂੰ ਲਿਖਾਈਆਂ। ਜਿਹੜੇ ਗਏ ਨੇ ਨਨਕਾਣਾ ਸਾਹਿਬ ਉਨ੍ਹਾਂ ਨੂੰ ਪਤਾ ਹੈ ਕਿ ਚੰਦਰਭਾਨ ਦਾ ਖੂਹ, ਚੰਦਰਭਾਨ ਭਾਈ ਬਾਲੇ ਦਾ ਪਿਤਾ ਸੀ। ਭਾਈ ਬਾਲੇ ਦਾ ਖੂਹ ਹੈ ਉਥੇ ਤੇ ਗੁਰੂ ਮਹਾਰਾਜ ਦੇ ਉਹ ਨਾਲ ਰਹੇ ਨੇ। ਹੁਣ ਆ ਕੇ ਅਸੀਂ ਮੰਨਦੇ ਨਹੀਂ ਹਾਂ ਕਿ ਉਹ ਤਾਂ ਹੈ ਨਹੀਂ ਸੀ। ਭਾਈ ਗੁਰਦਾਸ ਜੀ ਨੇ ਨਹੀਂ ਲਿਖਿਆ ਕਿ ਜੇ ਉਹ ਹੁੰਦੇ ਤਾਂ ਉਹ ਲਿਖ ਦਿੰਦਾ ਜ਼ਰੂਰ। ਸੋ ਐਸੀਆਂ ਮਨੋਕਲਪਿਤ ਬਾਤਾਂ ਨੇ।

ਸੋ ਉਸ ਵੇਲੇ ਮਰਦਾਨਾ ਜਾਲ 'ਚ ਫਸ ਗਿਆ। ਫਸਿਆ ਹੋਇਆ ਹੁਣ ਬੇਵਸ ਹੋਇਆ ਦੇਖਦਾ ਹੈ। ਮਾਇਆ ਦਾ ਜਾਲ ਪੈ ਗਿਆ ਇਹਦੇ ਆਲੇ-ਦੁਆਲੇ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਪਿਆਰੇ ਬੇਵਸ ਹੋਇਆ ਦੇਖੇ,***
***ਫਸ ਗਿਆ ਜਾਲ ਮਾਇਆ ਦੇ।***

ਵਸ ਨਹੀਂ ਚਲਦਾ, ਸੁਰਤ ਸਾਰੀ ਹੈ। ਆਹ ਮੇਰੇ ਨਾਲ ਕੀ ਭਾਣਾ ਵਰਤ ਗਿਆ, ਮੈਨੂੰ ਤਾਂ ਗੁਰੂ ਸਾਹਿਬ ਨੇ ਕਿਹਾ ਸੀ ਕਿ ਮਰਦਾਨਿਆਂ! ਜਲਾਲ ਵਿਚ ਰਹੀਂ। ਕਿਸੇ ਦੇ ਪਿੱਛੇ ਨਾ ਲੱਗੀਂ, ਆਹ ਮੈਂ ਰਾਗ ਦੇ ਵਿਚ ਕਿਉਂ ਭੁੱਲਿਆ। ਕਿਉਂ ਮੈਂ ਇਨ੍ਹਾਂ ਦੀ ਬੋਲੀ ਚਾਲੀ ਨੂੰ ਦੇਖ ਕੇ ਕਿਹਾ ਕਿ ਇਹ ਤਾਂ ਬੜੀਆਂ ਚੰਗੀਆਂ ਨੇ। ਬਹੁਤ ਹਮਦਰਦੀ ਕਰਨ ਵਾਲੀਆਂ ਬੀਬੀਆਂ ਨੇ। ਮੈਂ ਤਾਂ ਇਨ੍ਹਾਂ ਗੱਲਾਂ 'ਚ ਭੁੱਲ ਗਿਆ।

ਮਰਦਾਨਾ ਸਾਡੇ ਨਾਲੋਂ ਫੇਰ ਵੀ ਚੰਗਾ ਸੀ, ਉਹਨੂੰ ਦਿਸ ਤਾਂ ਗਿਆ ਕਿ ਮੈਂ ਭੇਡੂ ਬਣਿਆ ਹੋਇਆ ਹਾਂ। ਸਾਨੂੰ ਤਾਂ ਨਹੀਂ ਦਿਸਦਾ ਕਿ ਅਸੀਂ ਕੀ ਬਣੇ ਹੋਏ ਹਾਂ। ਕਈ ਕਹਿੰਦੇ ਅਸੀਂ ਵੀ ਬਣੇ ਹੋਏ ਹਾਂ? ਮਹਾਰਾਜ ਕਹਿੰਦੇ -

***ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ***
***ਧ੍ਰਿਗੰਤ ਜਨਮ ਭ੍ਰਸਟਣਹ॥ ਅੰਗ - ੧੩੫੬***

ਜਿਹਦੇ ਹਿਰਦੇ 'ਚ ਗੁਰੂ ਮੰਤਰ ਨਹੀਂ, ਉਹ ਧ੍ਰਿਕਾਰਯੋਗ ਤੇ ਭ੍ਰਿਸਟਿਆ ਹੋਇਆ ਬੰਦਾ ਹੈ।

***ਕੂਕਰਹ ਸੂਕਰਹ ਗਰਧਭਹ***
***ਕਾਕਹ ਸਰਪਨਹ ਤੁਲਿ ਖਲਹ ॥ ਅੰਗ - ੧੩੫੬***

ਚਾਹੇ ਆਪਣੇ ਆਪ ਨੂੰ ਕੁੱਤਾ ਦੇਖ ਲਵੇ, ਚਾਹੇ ਸੂਰ ਦੇਖ ਲਵੇ, ਚਾਹੇ ਉਹ ਸੱਪ ਦੇਖ ਲਵੇ, ਚਾਹੇ ਗਧਾ ਦੇਖ ਲਏ, ਚਾਹੇ ਕਾਉਂ ਦੇਖ ਲਏ। ਲੇਕਿਨ ਅਸੀਂ ਬੇਸੁਰਤ ਹੋਏ ਹੋਏ ਹਾਂ ਸਾਨੂੰ ਨਹੀਂ ਪਤਾ ਕਿ ਅਸੀਂ ਕੀ ਹਾਂ। ਉਹਨੂੰ ਪਤਾ ਸੀ।

ਸੋ ਇਤਿਹਾਸ ਵਿਚ ਆਉਂਦਾ ਹੈ -

***ਸੋ ਸੁਨਿ ਪਾਨ ਪਿਆਵਨ ਕੇ***
***ਮਿਸਗ੍ਰੀਵ ਮੈਂ ਤੰਤੁ ਕੋ ਡਾਰਿ ਬੰਧਾਨਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ, ਪੰਨਾ 541***

ਪਾਣੀ ਪੀਣ ਦੇ ਬਹਾਨੇ ਅੰਦਰ ਲੈ ਗਈ ਤੇ ਉਹਦੀ ਬਾਂਹ ਦੇ ਵਿਚ ਇਕ ਮੰਤਰਿਆ ਹੋਇਆ ਧਾਗਾ ਬੰਨ੍ਹ ਦਿਤਾ।

***ਏਂਢਕ ਭਾ ਪਲਟੀ ਨਰ ਦੇਹਿ***
***ਕੁਰੂਪ ਭਯੋ ਮੁਖ ਬੋਲਤਿ ਆਨ।***
***ਸ੍ਰੀ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ, ਪੰਨਾ-541***

ਦੇਹ ਉਸੇ ਵੇਲੇ ਮੇਢੇ ਦੀ ਦਿਸਣ ਲੱਗ ਗਈ। ਬਹੁਤ ਕਰੂਪ ਹੋ ਗਿਆ ਤੇ ਮੁੱਖ ਤੋਂ ਭਿੰਆਂ-ਭਿੰਆਂ ਕਰਦਾ ਹੈ।

***ਚੰਚਲ ਨਾਰਿ ਚਲਿਤ੍ਰਹਿ ਸੋਂ ਕਰ***
***ਦਾਮਨਿ ਲੇ ਕਰਿ ਤਾ ਛਿਨ ਮਾਂਹੀ॥***
***ਗ੍ਰੀਵ ਵਿਖੈ ਤਿਨ ਬਾਂਧ ਲਈ***
***ਪੁਨ ਮੇਖ ਕੇ ਸੰਗ ਦਈ ਗਠ ਤਾਂਹੀ।***
***ਸ੍ਰੀ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ, ਪੰਨਾ-541***

ਲੋਹੇ ਦੀ ਕਿੱਲੀ ਦੇ ਨਾਲ ਰੱਸੀ ਪਾ ਕੇ ਗੱਲ ਵਿਚ ਬੰਨ੍ਹ ਦਿਤਾ। ਜਿਹੜੀ ਉਥੇ ਗੱਡ ਦਿਤੀ।

***ਆਪ ਚਲੀ ਘਟ ਸੀਸ ਧਰਾ,***
***ਜਲ ਲੇਵਨ ਕੋ ਉਦਪਾਨ ਜਹਾਂਹੀ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 541***

ਆਪ ਪਾਨੀ ਲੈਣ ਵਾਸਤੇ ਸਿਰ ਤੇ ਘੜਾ ਲੈ ਕੇ ਚੱਲ ਪਈ।

***ਬੈਸ ਰਹਯੋ ਬਸ ਕੋ ਨ ਚਲੇ***
***ਬਸਿ ਟਾਮਨਿ ਕੈ ਫਸਿ ਫਾਂਸਨ ਮਾਂਹੀ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 541***

ਹੁਣ ਬੈਠਾ ਹੈ ਕੋਈ ਵਸ ਨਹੀਂ ਇਹਦਾ ਚਲਦਾ ਤੇ ਕੁਛ ਨਹੀਂ ਪਤਾ ਲਗਦਾ, ਫਸਿਆ ਬੈਠਾ ਹੈ। ਜਾਦੂ ਹੋ ਗਿਆ ਇਹਦੇ ਉਤੇ। ਹੁਣ ਇਕ ਗੱਲ ਦਾ ਧਿਆਨ ਇਹਨੂੰ ਆਉਂਦਾ ਹੈ, ਗੁਰੂ ਮਹਾਰਾਜ ਨਹੀਂ ਇਹਨੂੰ ਭੁੱਲੇ ਤੇ ਉਨ੍ਹਾਂ ਦੇ ਕੋਲ ਬਾਰ-ਬਾਰ ਬੇਨਤੀ ਕਰਦਾ ਹੈ।

***ਧਾਰਨਾ - ਬੁਰਾ ਭਲਾ ਜੀ ਮੈਂ ਤੇਰਾ ਮੇਰੇ ਮਾਲਕਾ,***
***ਰੱਖ ਲੈ ਗਰੀਬ ਜਾਣ ਕੇ।***

***ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ ॥***
***ਕੇਤੇ ਗਨਉ ਅਸੰਖ ਅਵਗਣ ਮੇਰਿਆ ॥***
***ਅੰਗ - ੭੦੪***

ਬੇਨਤੀਆਂ ਕਰਦਾ ਹੈ, ਸਾਕਤਾਂ ਦੇ ਕਾਬੂ ਆ ਗਿਆ, ਸਾਕਤ ਦਾ ਜ਼ਿਕਰ ਗੁਰਬਾਣੀ ਦੇ ਅੰਦਰ ਬਹੁਤ ਜ਼ਿਆਦਾ ਆਉਂਦਾ ਹੈ, ਬਾਰ-ਬਾਰ ਆਉਂਦਾ ਹੈ ਸਾਕਤਾਂ ਦਾ ਜ਼ਿਕਰ ਕਿਉਂਕਿ ਉਹ ਸ਼ਕਤੀ ਦੀ ਪੂਜਾ ਕਰਦੇ ਨੇ, ਮਾੜੀਆਂ ਗੱਲਾਂ ਵਾਸਤੇ। ਦੱਸ ਸ਼ਕਤੀਆਂ ਨੇ ਆਮ ਤੌਰ ਤੇ। ਵੈਸੇ ਤਾਂ ਬੇਅੰਤ ਨੇ ਗਿਣਤੀ ਮਿਣਤੀ ਤੋਂ ਬਾਹਰ ਪਰ ਆਮ ਤੌਰ ਤੇ ਦੱਸ ਵੱਲ ਜ਼ਿਆਦਾ ਧਿਆਨ ਦਿੰਦੇ ਨੇ। ਕਾਲੀ ਦੇਵੀ, ਤਾਰਾ ਦੇਵੀ ਹੈ, ਸੰਤੋਸ਼ੀ ਹੈ, ਭਵਨੇਸ਼ਰੀ ਹੈ, ਭੈਰਵੀ ਹੈ, ਛਿਨਮਸਤ ਹੈ, ਧੂਮਰਮਤੀ ਹੈ, ਬਗਲਾ ਹੈ, ਮਤੰਗੀ ਹੈ ਤੇ ਕਮਲਾ ਹੈ। ਇਹ ਜਿਹੜਾ ਇਲਾਕਾ ਸੀ ਆਸਾਮ ਦਾ ਇਹ ਕਮਖਿਆ ਦੇਵੀ ਨੂੰ ਮੰਨਦੇ ਸੀ। ਅੱਜ ਵੀ ਮੰਦਰ ਉਥੇ ਹੈ ਕਮੱਖਿਆ ਦਾ ਤੇ ਮਨੁੱਖ ਦੀ ਬਲੀ ਦਿਤੀ ਜਾਂਦੀ ਸੀ। ਜਦੋਂ ਮੰਤਰ ਸਿੱਧ ਕਰਨਾ ਹੁੰਦਾ, ਮਨੁੱਖ ਪਾਲਿਆ ਜਾਂਦਾ। **underground** ਬਣੇ ਹੋਏ ਸੀ ਥਾਂ, ਹੇਠਾਂ ਉਤਰ ਜਾਣਾ। ਗਰੀਬ ਕੋਈ ਆ ਜਾਂਦਾ।

ਜਦੋਂ ਗੁਰੂ ਮਹਾਰਾਜ ਅਲਮੋੜੇ ਗਏ ਨੇ ਉਥੇ ਮਰਦਾਨਾ ਫਸ ਗਿਆ। ਮਰਦਾਨੇ ਦੀ ਬਲੀ ਦੇਣ ਵਾਸਤੇ ਲੈ ਗਏ ਕਿ ਆਹ ਪ੍ਰਦੇਸੀ ਹੈ ਇਹਦੀ ਬਲੀ ਦੇ ਦਿਓ। ਗੁਰੂ ਨਾਨਕ ਪਾਤਸ਼ਾਹ ਨੇ ਜਾ ਕੇ ਰਾਜਾ ਨਰਬਹਾਦਰ ਸੀ ਉਥੇ ਦਾ, ਐਸਾ ਕੌਤਕ ਦਿਖਾਇਆ ਆਪ ਨੇ ਕਿ ਉਹ ਦੇਵੀ ਰਾਜੇ ਨੂੰ ਹੀ ਮਾਰਨ ਵਾਸਤੇ ਤੁਰ ਪਈ। ਕਹਿੰਦੀ ਤੁਸੀਂ ਪ੍ਰਮੇਸ਼ਰ ਦਾ ਪਿਆਰਾ ਭਗਤ ਬੰਨ੍ਹਿਆ ਹੈ ਤੇ ਮੈਂ ਕੀ ਜਵਾਬ ਦੇਵਾਂਗੀ, ਤੁਸੀਂ ਇਹਦੀ ਬਲੀ ਦਿੰਦੇ ਹੋਂ ਤੇ ਓਸ ਰਾਜੇ ਨੇ ਗੁਰੂ ਨਾਨਕ ਦੇ ਚਰਨ ਫੜੇ। ਉਥੇ ਜਿਹੜਾ ਰਿਕਾਰਡ ਨਿਕਲਿਆ ਅਲਮੋੜੇ ਦਾ, ਕਰਨਲ ਲਾਲ ਸਿੰਘ ਨੇ ਕਢਾਇਆ ਸੀ ਜਾ ਕੇ, ਟੋਲ੍ਹਦੇ ਤਾਂ ਕੁਛ ਹੋਰ ਸੀਗੇ ਨਾਨਕ ਮਤੇ ਦਾ, ਅਗਿੰਠਾ ਸਾਹਿਬ ਦਾ ਨਿਕਲ ਆਇਆ ਅਲਮੋੜੇ ਦਾ। ਉਥੇ ਲਿਖਿਆ ਹੋਇਆ ਹੈ ਕਿ ਗੁਰੂ ਨਾਨਕ ਦੇ ਮੰਦਰ ਨੂੰ ਰੋਜ਼ ਢਾਈ ਰੁਪਏ ਦੀ ਦੇਗ ਦੇਣੀ ਹੈ। ਦੇਵੀ ਦੇ ਮੰਦਰ ਨੂੰ ਚਾਰ ਆਨੇ ਦੀ, ਹੋਰ ਕਿਸੇ ਮੰਦਰ ਨੂੰ ਚਾਰ ਆਨੇ ਦੀ। ਇਕ ਨੂੰ ਅੱਠ ਆਨੇ ਦੀ, ਗੁਰੂ ਨਾਨਕ ਸਾਹਿਬ ਦੇ ਮੰਦਰ ਨੂੰ ਢਾਈ ਰੁਪਏ ਦੀ। ਉਹ ਢਾਈ ਰੁਪਿਆ ਹੁਣ ਦੇ ਪੰਜ ਛੇ ਸੌ ਰੁਪਏ ਵਰਗਾ ਸੀ। ਸਾਰੇ ਇਹੀ ਹਾਲ ਸੀ, ਨੇਪਾਲ ਵਿਚ ਵੀ ਇਹੀ ਹਾਲ ਸੀ, ਮਹਾਰਾਜ ਜਾਂਦੇ ਹੀ ਉਥੇ ਸੀ ਜਿਥੇ ਐਹੋ ਜਿਹਾ ਹਾਲ ਸੀ ਤੇ ਕਮੱਖਿਆ ਦੇਵੀ ਦੀ ਪੂਜਾ ਕਰਦੇ ਸੀ, ਬਲੀ ਦਿੰਦੇ ਸੀ। ਇਹਦੇ ਵਾਸਤੇ ਜਿਹੜਾ ਜੀਵਨ ਹੁੰਦਾ ਮੰਤਰੀਆਂ ਦਾ ਉਹ ਪਾਮਰ ਜੀਵਨ ਹੁੰਦਾ, ਵਿਸ਼ਈ ਜੀਵਨ ਹੁੰਦਾ। ਸ਼ਰਾਬ ਪੀਣੀ, ਮਾਸ ਖਾਣਾ, ਮੈਥੁਨ ਕਰਨਾ, ਮਧਰਾ ਪੀਣੀ। ਪੰਜ ਮੰਮਿਆਂ ਦਾ ਪ੍ਰਯੋਗ ਕਰਦੇ ਸੀ, ਸ਼ਕਤੀ ਦੀ ਪੂਜਾ ਕਰਦੇ ਸੀ ਤੇ ਪ੍ਰਮੇਸ਼ਰ ਨੂੰ ਬਿਲਕੁਲ ਨਹੀਂ ਸੀ ਜਾਣਦੇ। ਪ੍ਰਮੇਸ਼ਰ ਦੇ ਬਾਰੇ ਬੜੀਆਂ ਮਾੜੀਆਂ ਗੱਲਾਂ ਕਹਿ ਦਿੰਦੇ ਸੀ ਤੇ ਪ੍ਰਮੇਸ਼ਰ ਦੇ ਰਸ ਨੂੰ ਨਹੀਂ ਸੀ ਜਾਣਦੇ। ਮਹਾਰਾਜ ਨੇ ਐਸ ਤਰ੍ਹਾਂ ਫੁਰਮਾਨ ਕਰਿਆ ਹੈ -

***ਧਾਰਨਾ - ਨਹੀਂਓਂ ਜਾਣਦਾ,***
***ਸਾਕਤ ਰਸ ਹਰੀ ਨਾਮ ਦਾ।***

ਪ੍ਰਮੇਸ਼ਰ ਦੇ ਨਾਮ ਦੇ ਰਸ ਨੂੰ ਸਾਕਤ ਨਹੀਂ ਜਾਣ ਸਕਦਾ ਕਿਉਂਕਿ ਉਹ ਕੁਰਸ ਦੇ ਵਿਚ ਪਿਆ ਹੋਇਆ ਹੈ। ਸ਼ਰਾਬਾਂ 'ਚ, ਮਾਸ, ਮੈਥੁਨ, ਭੋਗਾਂ ਦੇ ਅੰਦਰ, ਪ੍ਰਮੇਸ਼ਰ ਦੇ ਨਾਮ ਦੇ ਤਾਂ ਨੇੜੇ ਨਹੀਂ ਲਗਦਾ।

***ਸਾਕਤ ਹਰਿ ਰਸ ਸਾਦੁ ਨ ਜਾਣਿਆ***
***ਤਿਨ ਅੰਤਰਿ ਹਉਮੈ ਕੰਡਾ ਹੇ ॥***
***ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ***
***ਜਮਕਾਲੁ ਸਹਹਿ ਸਿਰਿ ਡੰਡਾ ਹੇ ॥***
***ਅੰਗ - ੧੩***

ਨਤੀਜਾ ਕੀ ਹੁੰਦਾ ਹੈ? ਜਮਾਂ ਦਾ ਡੰਡਾ ਸਿਰ ਵਿਚ ਪੈਂਦਾ ਹੈ ਤੇ ਅੰਮ੍ਰਿਤ ਨੂੰ ਕੌੜਾ ਕਹਿੰਦਾ ਹੈ, ਜ਼ਹਿਰ ਨੂੰ ਮਿੱਠੀ ਕਹਿੰਦਾ ਹੈ।

***ਧਾਰਨਾ - ਅੰਮ੍ਰਿਤ ਕੌੜਾ ਕਰਕੇ ਜਾਣੇ,***
***ਮਿੱਠਾ ਜਾਣੇ ਜ਼ਹਿਰ ਨੂੰ।***

ਮਹਾਰਾਜ ਕਹਿੰਦੇ, ਅੰਮ੍ਰਿਤ ਦਾ, ਨਾਮ ਦਾ ਤਾਂ ਉਸਨੂੰ ਬਿਲਕੁਲ ਪਤਾ ਨਹੀਂ। ਨਾਮ ਦੇ ਵੇਲੇ ਤਾਂ ਜਿਵੇਂ

ਬਿੱਛੂ ਡੰਗ ਮਾਰਦਾ ਹੈ, ਐਸ ਤਰ੍ਹਾਂ ਹੁੰਦਾ ਹੈ।

*ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥*
*ਸਾਕਤ ਕੀ ਬਿਧਿ ਨੈਨਹੁ ਡੀਠੀ ॥*
*ਅੰਗ - ੮੯੨*

ਇਹ ਅੱਖਾਂ ਦੇ ਨਾਲ ਗੱਲ ਦੇਖ ਕੇ ਅਸੀਂ ਤੁਹਾਨੂੰ ਕਹਿੰਦੇ ਹਾਂ ਕਿ –

*ਕੂੜਿ ਕਪਟਿ ਅਹੰਕਾਰਿ ਰੀਝਾਨਾ ॥*
*ਅੰਗ - ੮੯੨*

ਕੂੜ ਦੇ ਵਿਚ, ਕਪਟ ਦੇ ਵਿਚ, ਅਹੰਕਾਰ ਦੇ ਵਿਚ ਰੁਝਿਆ ਹੋਇਆ ਹੈ।

*ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥*
*ਅੰਗ - ੮੯੨*

ਜੇ ਪ੍ਰਮੇਸ਼ਰ ਦਾ ਨਾਮ ਸੁਣ ਲਵੇ, ਕੰਨਾਂ 'ਚ ਪੈ ਜਾਵੇ, ਜਿਹੋ ਜਿਹਾ ਬਿੱਛੂ ਨੇ ਡੰਗ ਮਾਰ ਦਿਤਾ, ਜਿਹੋ ਓਸ ਨੇ ਪ੍ਰਮੇਸ਼ਰ ਦਾ ਨਾਮ ਸੁਣ ਲਿਆ। ਕਹਿੰਦੇ ਉਲਟੀ ਬਾਤ ਕਰਦਾ ਹੈ –

*ਜੋ ਭਲਾਈ ਸੋ ਬੁਰਾ ਜਾਨੈ ॥*
*ਸਾਚੁ ਕਹੈ ਸੋ ਬਿਖੈ ਸਮਾਨੈ ॥ ਅੰਗ - ੧੯੦*

ਨਾਮ ਸਭ ਦੀ ਭਲਿਆਈ ਕਰਦਾ ਹੈ, ਜਮਦੂਤਾਂ ਤੋਂ ਛਡਾਉਂਦਾ ਹੈ, ਜੰਮਣ ਮਰਨ ਦੇ ਚੱਕਰ 'ਚੋਂ ਛਡਾਉਂਦਾ ਹੈ। ਲੇਕਿਨ ਜੋ ਸਾਕਤ ਨਰ ਹੈ ਜੰਤਰ ਮੰਤਰ ਦੇ ਵਿਚ ਪਿਆ ਹੋਇਆ, ਭੋਗਾਂ ਦੇ ਵਿਚ ਪਿਆ ਹੋਇਆ, ਮਦਰਾ, ਮਾਸ, ਮੱਛੀ, ਮੈਥੁਨ ਦੇ ਵਿਚ ਕਹਿੰਦੇ ਉਹ ਬੁਰਾ ਜਾਣਦਾ ਹੈ ਜੇ ਉਹਨੂੰ ਭਲਾਈ ਦੀ ਗੱਲ ਕਹੋ। ਕਹਿ ਕੇ ਦੇਖ ਲਓ ਮਾਸ ਖਾਣ ਵਾਲੇ ਨੂੰ ਕਿ ਤੂੰ ਮਾਸ ਨਾ ਖਾਇਆ ਕਰ ਤੇਰਾ ਨੁਕਸਾਨ ਹੈ। ਕਹਿੰਦਾ, ਨਾ ਇਹ ਤਾਂ ਖਾਣਾ ਹੀ ਚਾਹੀਦਾ ਹੈ। ਇਹ ਤਾਂ ਖੁਰਾਕ ਹੈ ਜੀ ਬਹੁਤ ਵਧੀਆ ਸਾਡੀ। ਹੈ ਖੁਰਾਕ ਜਿਹੜੇ ਪ੍ਰਮੇਸ਼ਰ ਤੋਂ ਭੁੱਲੇ ਹੋਏ ਨੇ। ਜਿਨ੍ਹਾਂ ਨੂੰ ਪ੍ਰਮੇਸ਼ਰ ਦੇ ਦਰ ਤੇ ਯਾਦ ਹੈ ਵਾਹਿਗੁਰੂ ਦਾ ਨਾਮ, ਜਿਨ੍ਹਾਂ ਦੇ ਅੰਦਰ ਦਇਆ ਹੈ ਜੀਵਾਂ ਦੀ ਉਹ ਨਹੀਂ ਖਾਂਦੇ ਕਿਸੇ ਦਾ ਮਾਸ। ਉਨ੍ਹਾਂ ਤੇ ਕੀ ਮਤਲਬ ਹੈ ਜਦੋਂ ਜ਼ਿੰਦਗੀ ਦੇ ਨਹੀਂ ਸਕਦੇ, ਲੈ ਕਿਵੇਂ ਸਕਦੇ ਨੇ। ਆਪ ਤਾਂ ਮੁਕਤ ਨਹੀਂ ਹੁੰਦੇ, ਕਹਿੰਦੇ ਜਾਨਵਰਾਂ ਨੂੰ ਮੁਕਤ ਕਰ ਰਹੇ ਹਾਂ। ਪਾਪ ਬੰਨ੍ਹ ਰਹੇ ਓਂ ਗਲਾਂ ਦੇ ਉਤੇ।

*ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥*
*ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥*
*ਅੰਗ - ੧੩੭੪*

ਪਹਿਲਾਂ ਜਾਨਵਰ ਮਾਰ ਕੇ ਖਾਓ, ਫੇਰ ਕਹਿੰਦੇ ਆਪਣੇ ਗਲ ਕਟਾਓ। ਇਹਦੇ ਨਾਲੋਂ ਤਾਂ ਸਾਨੂੰ ਰੁੱਖੀ ਮਿੱਸੀ ਖਾ ਕੇ –

*ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥*
*ਫਰੀਦਾ ਦੇਖਿ ਪਰਾਈ ਚੋਪੜੀ*
*ਨਾ ਤਰਸਾਏ ਜੀਉ॥ ਅੰਗ - ੧੩੭੯*

ਉਹੀ ਅੰਮ੍ਰਿਤ ਵਰਗੀ ਹੈ। ਸੋ ਇਹ ਚੀਜ਼ ਨਹੀਂ ਉਹ ਸਮਝਦਾ।

*ਕੂੜਿ ਕਪਟਿ ਅਹੰਕਾਰਿ ਰੀਝਾਨਾ ॥*
*ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥*
*ਜੋ ਭਲਾਈ ਸੋ ਬੁਰਾ ਜਾਨੈ ॥*
*ਸਾਚੁ ਕਹੈ ਸੋ ਬਿਖੈ ਸਮਾਨੈ ॥ ਅੰਗ - ੧੯੦*

ਜਦੋਂ ਸੱਚੀ ਗੱਲ ਕਹਿ ਦਿਓ ਬਿਹੁ ਵਰਗੀ ਲਗਦੀ ਹੈ ਕਿ ਮੈਨੂੰ ਸੁਣਾ-ਸੁਣਾ ਕਹਿੰਦੇ ਨੇ।

*ਜਾਣੈ ਨਾਹੀ ਜੀਤ ਅਰੁ ਹਾਰ ॥*
*ਇਹੁ ਵਲੇਵਾ ਸਾਕਤ ਸੰਸਾਰ ॥ ੨ ॥*
*ਜੋ ਹਲਾਹਲ ਸੋ ਪੀਵੈ ਬਉਰਾ ॥*
*ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ ॥*
*ਅੰਗ - ੧੯੦*

ਕਹਿੰਦੇ ਜਿਹੜੀ ਜ਼ਹਿਰ ਹੈ ਐਡਾ ਬਉਰਾ ਹੋਇਆ ਹੋਇਆ ਹੈ ਉਹਨੂੰ ਪੀਂਦਾ ਹੈ।

*ਸਾਧਸੰਗ ਕੈ ਨਾਹੀ ਨੇਰਿ ॥ ਅੰਗ - ੧੯੦*

ਨੇੜੇ ਨਹੀਂ ਆਉਂਦਾ ਸੰਗਤ ਦੇ। ਗਾਲ੍ਹਾਂ ਕੱਢਦਾ ਹੈ ਜਿਥੇ ਸੰਗਤ ਹੁੰਦੀ ਹੋਵੇ। ਨੇੜੇ ਨਹੀਂ ਆਉਂਦਾ, ਗੱਲਾਂ ਬਣਾਉਂਦਾ ਹੈ।

*ਲਖ ਚਉਰਾਸੀਹ ਭ੍ਰਮਤਾ ਫੇਰਿ ॥ ਅੰਗ - ੧੯੦*

ਨਤੀਜਾ ਕੀ ਹੁੰਦਾ ਹੈ, 84 ਲੱਖ ਜੂਨਾਂ ਦੇ ਵਿਚ ਘੁੰਮਦਾ ਫਿਰਦਾ ਹੈ।

*ਸਾਕਤ ਨਰ ਹੋਛੀ ਮਤਿ ਮਧਿਮ..........॥*
*ਅੰਗ - ੭੯੯*

ਉਹਦੀ ਮਤ ਜਿਹੜੀ ਹੈ ਉਹ ਮਧਮ ਹੈ।

*ਜਿਨ੍ਹ ਹਰਿ ਹਰਿ ਸੇਵ ਨ ਕਰਾ ॥*
*ਤੇ ਨਰ ਭਾਗਹੀਨ ਦੁਹਚਾਰੀ ਓਇ......।।*
*ਅੰਗ - ੧੯੦*

ਭਾਗਾਂ ਤੋਂ ਹੀਣਾ ਦੋ ਚਾਰੀ ਹੈ।

*.......ਜਨਮਿ ਮੁਏ ਫਿਰਿ ਮਰਾ॥ ਅੰਗ - ੧੯੦*

ਜੰਮਦਾ ਰਹਿੰਦਾ ਹੈ ਤੇ ਮਰਦਾ ਰਹਿੰਦਾ ਹੈ।

*ਪਰ ਹਰਨਾ ਲੋਭੁ ਝੂਠ ਨਿੰਦ*
*ਇਵ ਹੀ ਕਰਤ ਗੁਦਾਰੀ ॥ ਅੰਗ - ੬੮੧*

ਬੇਗਾਨੀ ਨਿੰਦਿਆ, ਬੇਗਾਨਾ ਨੁਕਸਾਨ ਲੋਭ ਦੇ ਵਿਚ ਪੈ ਕੇ, ਝੂਠ 'ਚ ਪੈ ਕੇ ਨਿੰਦਿਆ 'ਚ ਪੈ ਕੇ, ਬੇਗਾਨੀਆਂ ਚੀਜ਼ਾਂ ਚੋਰੀ ਕਰਕੇ ਕਹਿੰਦੇ ਉਹਨੇ ਜ਼ਿੰਦਗੀ ਗੁਜ਼ਾਰ ਦਿਤੀ।

*ਮ੍ਰਿਗ ਤ੍ਰਿਸਨਾ ਆਸ ਮਿਥਿਆ ਮੀਠੀ*
*ਇਹ ਟੇਕ ਮਨਹਿ ਸਾਧਾਰੀ ॥ ੧ ॥*
*ਸਾਕਤ ਕੀ ਆਵਰਦਾ ਜਾਇ ਬ੍ਰਿਥਾਰੀ ॥*
*ਅੰਗ - ੬੮੧*

ਉਹਦੀ ਜਿਹੜੀ ਉਮਰ ਹੈ ਬਿਰਥਾ ਜਾ ਰਹੀ ਹੈ। ਕਿਵੇਂ ਜਾ ਰਹੀ ਹੈ -

*ਜੈਸੇ ਕਾਗਦ ਕੇ ਭਾਰ ਮੂਸਾ ਟੂਕਿ*
*ਗਵਾਵਤ ਕਾਮਿ ਨਹੀ ਗਾਵਾਰੀ ॥ ਅੰਗ - ੬੮੧*

ਕਾਗਜ਼ ਹੋਵੇ ਲਿਖਿਆ ਹੋਵੇ, ਖਾਲੀ ਹੋਵੇ ਚੂਹਾ ਵੜ ਜਾਵੇ ਸਾਰਿਆਂ ਨੂੰ ਕੱਟ-ਕੱਟ ਕੇ ਗਵਾ ਦਿੰਦਾ ਹੈ ਕਿਸੇ ਕੰਮ ਨਹੀਂ ਆਉਂਦੇ। ਇਸੇ ਤਰ੍ਹਾਂ ਦੇ ਨਾਲ ਜਿਹੜੇ ਸਾਕਤ ਹਨ ਉਹਦੀ ਜਿਹੜੀ ਉਮਰ ਹੈ ਉਹ ਬਿਰਥੀ ਜਾਂਦੀ ਹੈ। ਇਥੇ ਤੱਕ ਹੀ ਨਹੀਂ ਹੈ ਜਿਹੜਾ ਉਹਦੀ ਸੰਗਤ ਕਰਦਾ ਹੈ ਉਹ ਵੀ ਫਸ ਜਾਂਦਾ ਹੈ ਇਸ ਕਰਕੇ ਕਬੀਰ ਸਾਹਿਬ ਕਹਿੰਦੇ ਨੇ -

*ਕਬੀਰ ਸਾਕਤ ਸੰਗੁ ਨ ਕੀਜੀਐ*
*ਦੂਰਹਿ ਜਾਈਐ ਭਾਗਿ ॥*
*ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥*
*ਅੰਗ - ੧੩੭੧*

ਦੂਰ ਤੋਂ ਨੱਠ ਜਾਓ। ਕਾਲੇ ਭਾਂਡੇ ਦੇ ਨੇੜੇ ਜੇ ਚਿੱਟੇ ਕਪੜੇ ਵਾਲਾ ਜਾਏਗਾ ਤਾਂ ਉਡ ਕੇ ਉਹਦੇ ਉਤੇ ਦਾਗ ਜ਼ਰੂਰ ਪੈ ਜਾਣਾ ਹੈ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਲੇਖਾ ਪੈ ਜਾਊ ਦਰਗਾਹ ਵਿਚ ਦੇਣਾ,***
***ਸਾਕਤਾਂ ਦਾ ਸੰਗ ਨਾ ਕਰੀਂ।***

*ਕਬੀਰ ਸੰਗਤਿ ਕਰੀਐ ਸਾਧ ਕੀ*
*ਅੰਤਿ ਕਰੈ ਨਿਰਬਾਹੁ ॥*
*ਸਾਕਤ ਸੰਗੁ ਨ ਕੀਜੀਐ*
*ਜਾ ਤੇ ਹੋਇ ਬਿਨਾਹੁ ॥ ਅੰਗ - ੧੩੬੯*

ਕਹਿੰਦੇ ਸਾਕਤ ਦੀ ਸੰਗ ਕਰਕੇ ਕੀ ਹੁੰਦਾ ਹੈ ਅੰਤ ਦੇ ਸਮੇਂ ਖਰਾਬੀ ਹੁੰਦੀ ਹੈ, ਖੁਆਰੀ ਹੁੰਦੀ ਹੈ -

ਸੋ ਇਹ ਪੂਜਾ ਕਰਨ ਵਾਲੇ ਸ਼ਕਤੀਆਂ ਦੀ ਮਾੜੇ ਕੰਮਾਂ ਦੇ ਵਾਸਤੇ ਦੁਨੀਆਂ ਦਾ ਨੁਕਸਾਨ ਕਰਨ ਵਾਸਤੇ। ਆਹ ਬੀਬੀਆਂ ਸੰਗਤ ਕਰਦੀਆਂ ਨੇ ਜ਼ਿਆਦਾ। ਪਤਾ ਲਗ ਜਾਏ ਫਲਾਣੇ ਥਾਉਂ ਸਿਆਣਾ ਰਹਿੰਦਾ ਹੈ, ਪਹਿਲਾਂ ਲਿਆ ਕੇ ਆਪਣੇ ਪਤੀ ਨੂੰ ਖਿਲਾਉਂਦੀਆਂ ਨੇ। ਉਹ ਕਮਲਾ ਜਿਹਾ ਉਥੇ ਤੁਰਿਆ ਫਿਰਦਾ ਹੈ, ਫੇਰ ਬਾਬਾ ਜੀ ਕੋਲ ਆ ਜਾਂਦੀਆਂ ਨੇ ਕਿ ਬਾਬਾ ਜੀ! ਇਹਦੇ ਦਿਮਾਗ ਨੂੰ ਪਤਾ ਨਹੀਂ ਕੀ ਹੋਇਆ ਹੈ। ਬੀਬੀ ਜੀ ਕਹਿਣਗੇ, ਖਲਾਇਆ ਹੋਣਾ ਕਿਤੋਂ ਲਿਆ ਕੇ ਤੂੰ ਕਿ ਮੇਰੇ ਵਸ ਵਿਚ ਆ ਜਾਏ। ਨੂੰਹ ਸੱਸ ਨੂੰ ਖਿਲਾ ਦਿੰਦੀ ਹੈ, ਸੱਸ ਨੂੰਹ ਨੂੰ ਖਿਲਾ ਦਿੰਦੀ ਹੈ। ਇਹ ਨਾ ਜਾਇਆ ਕਰੋ ਭਾਈ! ਮਾੜਾ ਕੰਮ ਹੈ, ਮਾੜੇ ਬੰਦਿਆਂ ਕੋਲ ਜਾ ਕੇ ਲੇਖੇ ਦੇਣੇ ਪੈ ਜਾਣਗੇ। ਸੋ ਇਹ ਜਾਦੂ ਟੂਣਾ ਹਿੰਦੁਸਤਾਨ ਦੇ ਅੰਦਰ ਬਹੁਤ ਬਿਮਾਰੀ ਸੀ ਇਹਦੀ। ਸਾਰੇ ਹੀ ਸੀ, ਦੁਨੀਆਂ ਭਰ 'ਚ ਸੀ, ਹੁਣ ਵੀ ਹੈਗੀ।

ਅਮਰੀਕਾ 'ਚ ਮੈਂ ਦੇਖਿਆ ਹੈ ਉਥੇ ਵੀ ਇਹ ਗੱਲਾਂ ਚਲਦੀਆਂ ਨੇ, ਇੰਗਲੈਂਡ ਵੀ ਚਲਦੀਆਂ ਨੇ। ਇਨ੍ਹਾਂ ਨੂੰ ਕਾਲੀਆਂ ਸ਼ਕਤੀਆਂ ਕਹਿੰਦੇ ਨੇ। ਉਹ ਕਾਬੂ ਕਰ ਲੈਂਦੇ ਨੇ।

ਔਰੰਗਜ਼ੇਬ ਆਪਣੀ ਕਿਤਾਬ ਦੇ ਵਿਚ ਲਿਖਦਾ ਹੈ, ਉਹਦਾ ਨਾਉਂ ਹੈ ਮੁਆਸਰੇ ਆਲਮਗੀਰੀ। ਉਹ ਕਹਿੰਦਾ ਇਕ ਵਾਰੀ ਮੈਂ ਜਾਦੂ ਦੇਖਣ ਲਗ ਗਿਆ। ਬੰਗਾਲ ਦੇ ਅੰਦਰ ਇਕ ਹਨ੍ਹੇਰੀ ਆਈ, ਬਹੁਤ ਗੁਬਾਰ ਆਇਆ, ਉਹਦੇ ਵਿਚ ਇਕ ਬਹੁਤ ਹੀ ਭਿਆਨਕ ਰੂਹ ਆਈ ਜਿਹੋ ਜਿਹੀ ਕਲਜੁਗ ਕਹਿੰਦੇ ਹਾਂ ਨਾ ਅਸੀਂ, ਸਾਖੀ ਸੁਣਾਉਂਦੇ ਹੁੰਦੇ ਹਾਂ ਕਲਜੁਗ ਦੀ, ਕਹਿੰਦੇ ਉਹਦਾ ਸਿਰ ਬੱਦਲਾਂ ਨਾਲ ਲੱਗਿਆ ਹੋਇਆ ਤੇ ਉਹ ਲੰਘ ਗਈ, ਆ ਕੇ ਹਨ੍ਹੇਰੀ ਉਥੇ ਹੀ ਗਾਇਬ ਹੋ ਗਈ, ਇਕ ਕਿਲੋਮੀਟਰ ਵਿਚ ਨਾ ਕੋਈ ਬੰਦਾ, ਨਾ ਕੋਈ ਡੰਗਰ, ਕੋਈ ਜੀਉਂਦਾ ਨਾ ਰਿਹਾ। ਕਹਿੰਦਾ ਮੈਂ ਹੈਰਾਨ ਹੋ ਗਿਆ ਕਿ ਕੀ ਸ਼ਕਤੀ ਸੀ ਇਹ ਕਿ ਜਿਹੜੀ ਇਸ ਹਨ੍ਹੇਰੀ 'ਚ ਹੈ। ਦੂਸਰਾ ਉਹ ਲਿਖਦਾ ਹੈ ਕਿ ਮੈਂ ਇਕ ਸ਼ੀਸ਼ਾ ਦੇਖਿਆ, ਤਰਬੂਜ ਲਿਆਂਦਾ ਉਹ ਜਦੋਂ ਤਰਬੂਜ਼ ਦੇ ਸਾਮ੍ਹਣੇ ਕਰਿਆ ਤਾਂ ਉਹ ਤਰਬੂਜ ਉਸੇ ਵੇਲੇ ਸੁੱਕ ਗਿਆ, ਕੁਛ ਨਾ ਰਿਹਾ ਉਹਦੇ 'ਚ, ਕਹਿੰਦੇ ਜਦੋਂ ਉਹਦਾ ਪੁੱਠਾ ਪਾਸਾ ਪਲਟ ਕੇ ਕਰਿਆ, ਉਹ ਤਰਬੂਜ਼ ਓਵੇਂ ਜਿਵੇਂ ਫੇਰ ਹਰਾ ਹੋ ਗਿਆ। ਕਹਿੰਦਾ, ਤੀਸਰੀ ਮੈਂ ਇਕ ਗੱਲ ਦੇਖੀ ਮੈਨੂੰ ਇਕ ਬਕਸਾ ਦਿਤਾ ਕਿਸੇ ਨੇ, ਮੈਨੂੰ ਉਹ ਕਹਿਣ ਲੱਗਿਆ ਕਿ ਤੁਸੀਂ ਹਾਥੀ ਜੋੜ ਕੇ ਬਕਸੇ ਨੂੰ ਖਿੱਚ ਕੇ ਦਿਖਾਓ। ਕਹਿੰਦਾ, ਜਿਹੜਾ ਸਾਰਿਆਂ ਨਾਲੋਂ ਤਕੜਾ ਹਾਥੀ ਸੀ ਉਹ ਜੋੜਿਆ, ਸੰਗਲ ਪਾ ਦਿਤੇ ਬਕਸੇ ਨੂੰ, ਛੋਟਾ ਜਿਹਾ ਬਕਸਾ ਸੀ, ਜਦੋਂ ਹਾਥੀ ਬਕਸਾ ਖਿੱਚਣ ਲੱਗਿਆ, ਹਾਥੀ ਤੋਂ ਬਕਸਾ ਨਾ ਖਿੱਚ ਹੋਵੇ। ਉਸ ਵੇਲੇ ਉਹ ਕਹਿਣ ਲੱਗਿਆ ਕਿ ਹੁਣ ਤੁਸੀਂ ਇਕ ਬੱਕਰੀ ਮੰਗਾਓ। ਬੱਕਰੀ ਮੰਗਾਈ, ਐਧਰਲੇ ਪਾਸੇ ਹਾਥੀ ਖਿੱਚ ਰਿਹਾ ਹੈ, ਦੂਜੇ ਪਾਸੇ ਬੱਕਰੀ ਖਿੱਚ ਰਹੀ ਹੈ। ਕਹਿੰਦਾ, ਮੈਂ ਹੈਰਾਨ ਹੋ ਗਿਆ ਕਿ ਬੱਕਰੀ ਨੇ ਸਣੇ ਹਾਥੀ, ਸਣੇ ਬਕਸੇ ਨੱਠੀ ਜਾਂਦੀ ਹੈ ਪੂਰੇ ਜ਼ੋਰ ਨਾਲ ਖਿੱਚੀਂ। ਸੋ ਇਹ ਚੀਜ਼ਾਂ ਉਸ ਵੇਲੇ ਆਮ ਸੀ।

ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਜਦੋਂ ਪਟਨੇ ਸਾਹਿਬ ਗਏ ਨੇ ਉਸ ਵੇਲੇ ਰਾਜਾ ਰਾਮ ਸਿੰਘ ਰਾਜ ਪੁਤਾਨੇ ਦੇ। ਔਰੰਗਜ਼ੇਬ ਥੋੜ੍ਹਾ ਉਹਦੇ ਨਾਲ ਖਿੱਝਦਾ ਸੀ ਤੇ ਜਿਹਨੂੰ ਸਜ਼ਾ ਦੇਣੀ ਹੁੰਦੀ, ਮਿੱਠੀ ਸਜ਼ਾ ਉਹਨੂੰ ਆਸਾਮ ਦੇ ਵਿਚ ਫੌਜ ਦੇ ਕੇ ਭੇਜ ਦਿੰਦੇ ਸੀ ਤੇ ਕਿੰਨੇ

ਜਰਨੈਲ ਉਥੇ ਜਾ ਕੇ ਮਰ ਚੁੱਕੇ ਸੀ ਕਿਉਂਕਿ ਉਥੇ ਦੇ ਰਾਜੇ ਨਾਲ ਲੜਾਈ ਕਰਦੇ ਸੀ। ਉਹ ਜਾਦੂ ਦੀ ਲੜਾਈ ਲੜਦੇ ਸੀ। ਜਿਹੜੇ ਮੁਗਲ ਸਰਦਾਰ ਸੀ ਆਪਣੇ ਨਾਲ, ਜਾਂਦੇ ਹੋਏ ਇਸਲਾਮ ਦੇ ਜਿਹੜੇ ਵੱਡੇ ਪੰਜ ਪੀਰ ਸੀਗੇ, ਉਨ੍ਹਾਂ ਪੀਰਾਂ ਨੂੰ ਲੈ ਗਏ। ਇਕ ਦਾ ਨਾਉਂ ਤਾਂ ਸ਼ਾਹ ਅਕਬਰ ਸੀ, ਇਕ ਦਾ ਨਾਉਂ ਸ਼ਾਹ ਬਾਗਮਾਰ, ਦੂਸਰੇ ਦਾ ਨਾਉਂ ਸ਼ਾਹਸਰਮਖ ਸੀ, ਤੀਸਰੇ ਦਾ ਨਾਉਂ ਸੀ ਸ਼ਾਹ ਸਾਦੀ, ਚੌਥੇ ਦਾ ਸੀ ਸ਼ਾਹ ਕਮਾਲ। ਪੰਜ ਵੱਡਿਆਂ ਨੂੰ ਲੈ ਗਏ ਜਿਹੜੇ ਬਹੁਤ ਵੱਡੇ-ਵੱਡੇ ਜਾਦੂਆਂ ਨੂੰ ਰੋਕ ਕੇ, ਆਪ ਕਰ ਦਿੰਦੇ ਸੀ। ਲੇਕਿਨ ਡਰਦੇ ਹੋਏ ਜਾਂਦੇ ਸੀ ਕਿ ਉਨ੍ਹਾਂ ਦੀ ਤਾਕਤ ਜ਼ਿਆਦਾ ਹੈ, ਰਾਜਾ ਰਾਮ ਸਿੰਘ ਗੁਰੂ ਤੇਗ ਬਹਾਦਰ ਜੀ ਦੇ ਪਾਸ ਆਏ, ਢਾਕੇ। ਕਹਿਣ ਲੱਗੇ, ਸੱਚੇ ਪਾਤਸ਼ਾਹ! ਐਸ ਤਰ੍ਹਾਂ ਦੇ ਨਾਲ, ਮੈਂ ਮੁਹਿੰਮ ਤੇ ਜਾ ਰਿਹਾ ਹਾਂ, ਤੁਸੀਂ ਕ੍ਰਿਪਾ ਕਰੋ। ਬਚਣ ਦਾ ਕੋਈ ਸਾਧਨ ਨਹੀਂ ਹੈ, ਅੱਜ ਤੱਕ ਤਾਂ ਕੋਈ ਬਚ ਕੇ ਆਇਆ ਨਹੀਂ। ਜਿਹੜਾ ਗਿਆ ਹੈ ਉਹ ਮਾਰਿਆ ਗਿਆ ਹੈ ਤੇ ਮੈਂ ਆਪ ਦਾ ਦਾਸ ਹਾਂ ਮੇਰੇ ਤੇ ਕ੍ਰਿਪਾ ਕਰੋ ਮੈਨੂੰ ਹੋਰ ਕੋਈ ਸਹਾਰਾ ਨਹੀਂ। ਗੁਰੂ ਮਹਾਰਾਜ ਕਹਿੰਦੇ, ਚੰਗਾ ਚਲੋ ਅਸੀਂ ਵੀ ਆਉਂਦੇ ਹਾਂ ਤੇ ਗੁਰੂ ਮਹਾਰਾਜ ਧੋਬੜੀ ਘਾਟ ਪਹੁੰਚ ਗਏ। ਧੋਬੜੀ ਘਾਟ ਜਾ ਕੇ ਉਧਰਲੇ ਪਾਸੇ ਉਨ੍ਹਾਂ ਸਾਰੇ ਜਾਦੂਗਰਾਂ ਨੇ ਆ ਕੇ ਜਿਥੇ ਗੁਰੂ ਮਹਾਰਾਜ ਸੀ, ਉਹਦੇ ਪਰਲੇ ਪਾਸੇ ਆਪਣੇ ਕੈਂਪ ਲਾ ਲਏ। ਉਸ ਵੇਲੇ ਮਹਾਰਾਜ ਜੀ ਨੇ ਸਾਰੇ ਕਮਾਂਡਰਾਂ ਨੂੰ ਬੁਲਾਇਆ, ਕਹਿਣ ਲੱਗੇ ਦੇਖੋ! ਇਹ ਰਾਤ ਨੂੰ ਦਰਿਆ ਚਾੜ੍ਹਨਗੇ, ਤੁਸੀਂ ਨੀਵੇਂ ਥਾਉਂ ਤੋਂ ਫੌਜਾਂ ਕੱਢ ਲਓ। ਉਸ ਵੇਲੇ ਰਾਜਾ ਰਾਮ ਸਿੰਘ ਨੇ ਆਪਣੀ ਫੌਜ ਕੱਢ ਲਈ, ਬਹੁਤ ਸਾਰਿਆਂ ਨੇ ਦੂਸਰਿਆਂ ਨੇ ਵੀ ਜਿਹੜੇ ਮਹਾਰਾਜ ਜੀ ਤੇ ਭਰੋਸਾ ਰਖਦੇ ਸੀ, ਨੇ ਕੱਢ ਲਈ। ਕਈ ਆਕੜ ਗਏ ਕਿ ਲੈ ਫੌਜ ਕੱਢ ਲਈਏ, ਅਸੀਂ ਕੋਈ ਡਰਾਕਲ ਹਾਂ ਕਿ ਫੌਜ ਕੱਢ ਲਵਾਂਗੇ। ਉਹ ਦਰਿਆ ਕਿਵੇਂ ਚਾੜ੍ਹ ਦੇਣਗੇ। ਅੱਧੀ ਰਾਤ ਤੋਂ ਬਾਅਦ ਦਰਿਆ ਚੜ੍ਹ ਗਿਆ, ਬ੍ਰਹਮਪੁਤਰ। ਸਾਰਿਆਂ ਨੂੰ ਰੋੜ੍ਹ ਕੇ ਲੈ ਗਿਆ।

ਮਹਾਰਾਜ ਜੀ ਕੋਲ ਆ ਕੇ ਕਹਿਣ ਲੱਗੇ ਕਿ ਸੱਚੇ ਪਾਤਸ਼ਾਹ ਫੌਜ ਰੁੜ੍ਹ ਗਈ। ਮਹਾਰਾਜ ਨੇ ਕਿਹਾ ਕਿ ਭਾਈ! ਇਨ੍ਹਾਂ ਨੇ ਬਚਨ ਦੇ ਉਤੇ ਭਰੋਸਾ ਨਹੀਂ ਕਰਿਆ। ਇਹ ਜਾਦੂ ਦੇ ਦੇਸ਼ 'ਚ ਆਏ ਹੋਏ ਹੋਂ ਤੁਸੀਂ। ਸਾਮ੍ਹਣੇ ਬੈਠੇ ਨੇ। ਉਸ ਤੋਂ ਬਾਅਦ ਦੂਸਰੇ ਦਿਨ ਮਹਾਰਾਜ ਜੀ ਨੇ ਸਾਰੇ ਸਿੱਖਾਂ ਨੂੰ ਬੁਲਾਇਆ, ਕਹਿਣ ਲੱਗੇ ਦੇਖੋ, ਸੱਤਰ ਸੀਗੇ ਮਹਾਰਾਜ ਜੀ ਦੇ ਨਾਲ, ਕਹਿਣ ਲੱਗੇ ਤੁਸੀਂ ਪ੍ਰਭੂ ਦਾ ਨਾਮ ਜਪਿਓ। ਵਾਹਿਗੁਰੂ ਨਾਮ 'ਚ ਐਨੀ ਸ਼ਕਤੀ ਹੈ ਕਿ ਕੋਈ ਚੀਜ਼ ਨੇੜੇ ਨਹੀਂ ਆ ਸਕਦੀ। ਤੁਸੀਂ ਵਾਹਿਗੁਰੂ ਨਾਮ ਦੀ ਕਾਰ ਕੱਢ ਲਓ।

ਧਾਰਨਾ - ਜਾਦੂ ਟੂਣੇ ਦੀ ਪੇਸ਼ ਨਾ ਜਾਵੇ, ਜਿਨ੍ਹਾਂ ਦੇ ਦੁਆਲੇ ਕਾਰ ਨਾਮ ਦੀ।

*ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥*
*ਚਉਗਿਰਦ ਹਮਾਰੈ ਰਾਮ ਕਾਰ*
*ਦੁਖੁ ਲਗੈ ਨ ਭਾਈ ॥੧॥*
*ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ ॥*
*ਰਾਮ ਨਾਮੁ ਅਉਖਧੁ ਦੀਆ*
*ਏਕਾ ਲਿਵ ਲਾਈ ॥੧॥ ਰਹਾਉ ॥*
*ਰਾਖਿ ਲੀਏ ਤਿਨਿ ਰਖਨਹਾਰਿ*
*ਸਭ ਬਿਆਧਿ ਮਿਟਾਈ ॥*
*ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ॥*

***ਅੰਗ - ੮੧੯***

ਮਹਾਰਾਜ ਕਹਿੰਦੇ ਦੇਖੋ ਸਿੱਖੋ, ਬਾਣੀ ਪੜ੍ਹਦੇ ਰਿਹੋ, ਨਾਮ ਜਪਦੇ ਰਿਹੋ। ਕਿਸੇ ਜਾਦੂ ਟੂਣੇ ਦਾ ਤੁਹਾਡੇ ਉਤੇ ਅਸਰ ਨਹੀਂ ਹੋਏਗਾ। ਐਨੇ ਨੂੰ ਜੋ ਓਧਰਲੇ ਪਾਸੇ ਬੈਠੇ ਸੀ ਉਨ੍ਹਾਂ ਦਾ ਇੰਚਾਰਜ ਇਕ ਬੀਬੀ ਸੀ ਧੋਬਣ, ਤੇ ਦੂਸਰਾ ਉਨ੍ਹਾਂ ਦਾ ਨਗੀਨਾ ਨਾਮ ਦਾ ਜਾਦੂਗਰ ਸੀ ਤੇ ਆਪਣੇ ਜਾਦੂ ਦੇ ਹਿਸਾਬ ਨਾਲ ਦੇਖਿਆ। ਰਾਜਾ ਚੱਕਰਧ੍ਵਜ ਨੂੰ ਕਹਿਣ ਲੱਗੇ ਕਿ ਰਾਜਨ! ਸਾਡਾ ਜਾਦੂ ਇਹ ਦਸਦਾ ਹੈ ਕਿ ਐਤਕੀਂ ਫੌਜ ਦੇ ਨਾਲ ਇਕ ਬਹੁਤ ਵੱਡੀ ਸ਼ਕਤੀ ਵਾਲੇ ਕੋਈ ਆਏ ਹੋਏ ਨੇ ਪੀਰ। ਐਤਕੀਂ ਸਾਨੂੰ ਖਤਰਾ ਲੱਗ ਰਿਹਾ ਹੈ, ਬਾਕੀਆਂ ਨੂੰ ਤਾਂ ਅਸੀਂ ਸਮਝਦੇ ਨਹੀਂ, ਪਰ ਇਹ ਤਾਂ ਅੰਦਾਜ਼ਾ ਹੀ ਨਹੀਂ ਕਿ ਕਿੰਨੀ ਸ਼ਕਤੀ ਵਾਲੇ ਆ ਗਏ ਤੇ ਓਸ ਵੇਲੇ ਉਨ੍ਹਾਂ ਨੇ ਮਹਾਰਾਜ ਜੀ ਦੇ ਉਤੇ 26 ਫੁੱਟ ਲੰਮਾ, ਇਕ ਪਾਸਿਓਂ 36 ਇੰਚ ਚੌੜਾ, ਇਕ ਪਾਸਿਓਂ 22 ਇੰਚ ਚੌੜਾ, ਇਕ ਪਾਸਿਓ 33 ਇੰਚ ਚੌੜਾ, ਇਕ ਪਾਸਿਓਂ 26 ਇੰਚ; ਐਡਾ ਚੌੜਾ ਪੱਥਰ ਮਾਰਿਆ ਤੇ ਮਹਾਰਾਜ ਜੀ ਜਿੱਥੇ ਟੈਂਟ ਵਿਚ ਸੀਗੇ, ਟੈਂਟ ਦੇ ਉਤੇ ਨਹੀਂ ਲੱਗਿਆ, ਦਰਵਾਜ਼ੇ ਦੇ ਬਾਹਰਲੇ ਪਾਸੇ 13 ਫੁੱਟ ਧਰਤੀ 'ਚ ਚਲਿਆ ਗਿਆ। 13 ਫੁੱਟ ਬਾਹਰ ਰਹਿ ਗਿਆ। ਮਹਾਰਾਜ ਖੜ੍ਹੇ ਦੇਖ ਰਹੇ ਨੇ, ਅਜੇ ਦੇਖਦੇ ਹੀ ਨੇ ਕਿ ਇਕ ਬੜਾ ਭਾਰਾ ਦਰਖਤ ਉਡਿਆ ਆਉਂਦਾ ਹੈ, ਤੇ ਟੈਂਟ ਦੇ ਮੂਹਰੇ ਆ ਕੇ ਧਰਤੀ ਦੇ ਵਿਚ ਧੱਸ ਗਿਆ। ਇਹ ਦੋਵੇਂ ਚੀਜ਼ਾਂ ਧੋਬੜੀ ਘਾਟ ਖੜ੍ਹੀਆਂ ਨੇ, ਦਰਸ਼ਨ ਕਰਦੇ ਨੇ ਸਾਰੇ। ਅੰਗਰੇਜ਼ ਨੇ ਆ ਕੇ ਇਸਨੂੰ ਖੋਦਣ ਦਾ ਯਤਨ ਕੀਤਾ ਕਿ ਦੇਖੀਏ ਕਿ ਮੈਟਰੀਅਰਲ ਕੀ ਹੈ, ਚੀਜ਼ ਕੀ ਹੈ? ਉਹਦੇ ਵਿਚੋਂ ਖ਼ੂਨ ਨਿਕਲਦਾ ਹੈ। ਉਹ ਫੇਰ ਏਸ ਕਰਕੇ ਉਨ੍ਹਾਂ ਨੇ ਛੱਡ ਦਿਤਾ, ਐਸਾ ਸਾਰੇ ਇਤਿਹਾਸਾਂ ਵਿਚ ਜ਼ਿਕਰ ਆਉਂਦਾ ਹੈ। ਉਸ ਤੋਂ ਬਾਅਦ ਦੌੜੇ ਆਏ ਰਾਜਾ ਰਾਮ ਸਿੰਘ। ਕਹਿੰਦੇ ਸੱਚੇ ਪਾਤਸ਼ਾਹ! ਬੇਅੰਤ ਇਸਤ੍ਰੀਆਂ ਅਸਮਾਨ ਤੇ ਚੜ੍ਹੀਆਂ ਹੋਈਆਂ ਪੱਥਰਾਂ ਦੀ ਬਾਰਿਸ਼ ਕਰ ਰਹੀਆਂ ਨੇ, ਦਰਖਤ ਵੱਡੇ-ਵੱਡੇ ਸੁੱਟ ਰਹੀਆਂ ਨੇ, ਹੁਣ ਕੀ ਹੋਏਗਾ?

ਮਹਾਰਾਜ ਕਹਿੰਦੇ, ਸਾਰਿਆਂ ਨਾਲੋਂ ਵੱਡਾ ਮੰਤਰ ਜਿਹੜਾ ਦੁਨੀਆਂ 'ਚ ਹੈ ਨਾ, ਜਿਹੜਾ ਅਸੀਂ ਸੰਸਾਰ ਨੂੰ ਦੇਣ ਆਏ ਹਾਂ ਉਹ 'ਵਾਹਿਗੁਰੂ' ਮੰਤਰ ਹੈ, ਚਾਰ ਅੱਖਰ ਲਿਖ ਦਿਤੇ ਕਾਗਜ਼ ਤੇ, ਆ ਲਓ। ਕਹਿੰਦੇ ਇਹਨੂੰ ਚਲਾ ਦਿਓ। ਮਹਾਰਾਜ ਜੀ ਨੇ ਆਪਣੇ ਬਾਣ ਦੇ ਨਾਲ ਬੰਨ੍ਹ ਕੇ ਅਸਮਾਨ ਵਿਚ ਮਾਰਿਆ ਤੇ ਸਾਰੀ ਸ਼ਕਤੀ ਜਿੰਨੀ ਸੀ ਟੋਟਲ ਸਾਰੀ ਖਿੱਚ ਲਈ। ਉਸ ਵੇਲੇ ਸਾਰੀਆਂ ਥੱਲੇ ਉਤਰ ਕੇ ਕੋਈ ਜ਼ੋਰ ਨਹੀਂ ਚਲਦਾ, ਖਤਮ ਹੋ ਗਈਆਂ, ਸ਼ਬਦ ਨੇ ਖਿੱਚ ਲਈਆਂ ਸਾਰੀਆਂ, ਵਾਹਿਗੁਰੂ ਮੰਤਰ ਨੇ।

ਮੈਂ ਇਹ ਦਸਣਾ ਹੈ ਕਿ ਨਾਮ ਕਿੱਡੀ ਵੱਡੀ ਚੀਜ਼ ਹੈ, ਜਿਹਦੇ ਵੱਲ ਅਸੀਂ ਧਿਆਨ ਨਹੀਂ ਦਿੰਦੇ। ਸੋ ਉਸ ਵੇਲੇ ਹੈਰਾਨ ਹੋਏ ਤੇ ਜਿਹੜਾ ਨਗੀਨਾ ਸੀ, ਰਾਜੇ ਨੂੰ ਕਿਹਾ ਕਿ ਇਹ ਤਾਂ ਹੁਣ ਕੋਈ ਉਪਾਅ ਕਰੋ। ਬਹੁਤ ਵੱਡੀ ਕੋਈ ਹਸਤੀ ਆ ਗਈ ਜਿਹਦੇ ਅੱਗੇ ਸਾਡੀ ਕੋਈ ਪੇਸ਼ ਨਹੀਂ ਜਾਂਦੀ। ਕਹਿੰਦਾ ਦੇਖ ਕੇ ਆਓ ਕੌਣ ਹੈ, ਨਗੀਨਾ ਕਬੂਤਰ ਬਣ ਕੇ ਮਹਾਰਾਜ ਦੇ ਟੈਂਟ ਦੇ ਉਤੇ ਆ ਕੇ ਬੈਠ ਗਿਆ। ਮਹਾਰਾਜ ਕਹਿੰਦੇ, ਆਹ ਕਬੂਤਰ ਨੂੰ ਘੇਰੋ ਭਾਈ। ਹੇਠਾਂ ਉਤਾਰ ਲਿਆ, ਮਨੁੱਖ ਰੂਪ 'ਚ ਬਣਾ ਲਿਆ, ਕਹਿੰਦੇ ਕੀ ਗੱਲ? ਕਹਿੰਦਾ, ਸੱਚੇ ਪਾਤਸ਼ਾਹ! ਇਹ ਮੁਗਲਾਂ ਦਾ ਰਾਜ ਹੈ ਤੇ ਅੱਜ ਤੱਕ ਮੁਗਲ ਸਾਡੇ ਦੇਸ਼ ਵਿਚ ਪੈਰ ਨਹੀਂ ਧਰ ਸਕੇ ਤੇ ਅਸੀਂ ਉਨ੍ਹਾਂ ਦੀ ਪੇਸ਼ ਨਹੀਂ ਜਾਣ ਦਿੰਦੇ ਕਿਉਂਕਿ ਜਾਦੂ ਟੂਣਾ ਸਾਡੇ ਕੋਲ ਐਨਾ ਜ਼ਬਰਦਸਤ ਹੈ ਕਿ ਉਹ ਸਾਡੇ ਮੂਹਰੇ ਕੁੱਛ ਵੀ ਨਹੀਂ ਹੈਗੇ ਤੇ ਹੁਣ ਤੁਸੀਂ ਉਨ੍ਹਾਂ ਦੀ ਮਦਦ ਤੇ ਆ ਗਏ। ਹੁਣ ਕੀ ਬਣੇਗਾ? ਸਾਡਾ ਤਾਂ ਜ਼ੋਰ ਨਹੀਂ ਚੱਲ ਰਿਹਾ। ਫੌਜ ਸਾਡੇ ਕੋਲ ਐਨੀ ਤਕੜੀ ਨਹੀਂ ਹੈ, ਪਹਿਲਾਂ ਅਸੀਂ ਲੜਾਈ ਦੇ ਵਿਚ ਕਈ ਵਾਰੀ ਹਾਰ ਦੇ ਚੁੱਕੇ ਹਾਂ। ਲੇਕਿਨ ਹੁਣ ਸਾਡੀ ਕੋਈ ਪੇਸ਼ ਨਹੀਂ ਜਾਂਦੀ। ਆਪ ਕ੍ਰਿਪਾ ਕਰੋ ਸਾਡੀ ਰਖਸ਼ਾ ਵੀ ਕਰੋ।

ਮਹਾਰਾਜ ਕਹਿੰਦੇ, ਆਪਣੇ ਰਾਜੇ ਨੂੰ ਕਹੋ ਕਿ ਉਹ ਸਮਝੌਤਾ ਕਰ ਲਵੇ, ਬਾਇੱਜ਼ਤ ਤਰੀਕੇ ਨਾਲ ਸਮਝੌਤਾ ਕਰਦੇ ਨੇ। ਇਧਰ ਵੀ ਰਾਮ ਸਿੰਘ ਰਾਜਾ ਬੜਾ ਮਸ਼ਹੂਰ ਹੈ। ਸੋ ਮਹਾਰਾਜ ਨੇ ਦੂਸਰੇ ਦਿਨ ਰਾਜੇ ਨੂੰ ਮਿਲ ਕੇ, ਪਾਰ ਲੈ ਗਏ ਰਾਮ ਸਿੰਘ ਨੂੰ ਤੇ ਉਥੇ ਸਮਝੌਤਾ ਕਰਾ ਦਿਤਾ ਤੇ ਆਪ ਉਥੇ ਰਾਜੇ ਕੋਲ ਬਹੁਤ ਦੇਰ ਰਹੇ, ਉਨ੍ਹਾਂ ਨੂੰ ਨਾਮ ਦੀ ਮਹਿਮਾ ਦੇ ਬਾਰੇ ਦੱਸਿਆ ਕਿ ਤੁਸੀਂ ਇਹ ਜਾਦੂ ਟੂਣੇ ਛੱਡ ਦਿਓ। ਇਹ ਕੁਛ ਵੀ ਨਹੀਂ ਤੁਹਾਨੂੰ ਨਰਕਾਂ 'ਚ ਲਈ ਜਾਂਦੇ ਨੇ। ਜਿਹੜਾ ਸਾਰਿਆਂ ਨਾਲੋਂ ਵੱਡਾ ਮਹਾਂਮੰਤ੍ਰ ਹੈ ਉਹ ਵਾਹਿਗੁਰੂ ਨਾਮ ਹੈ, ਉਹਦੀ ਚਰਨ ਸ਼ਰਨ 'ਚ ਆਓ। ਮੂਲਮੰਤ੍ਰ ਦੀ ਸ਼ਰਨ 'ਚ ਆਓ। ਜਪੁਜੀ ਸਾਹਿਬ ਨੂੰ ਪੜ੍ਹੋ ਇਹਦੇ ਨਾਲੋਂ ਦੁਨੀਆਂ ਦੇ ਅੰਦਰ ਕੋਈ ਵੱਡਾ ਮੰਤਰ ਨਹੀਂ।

ਲੇਕਿਨ ਇਹ ਸਭ ਕੁਛ ਆਮ ਸੀ ਉਸ ਵੇਲੇ ਸਾਧਸੰਗਤ ਜੀ! ਸੋ ਮੈਂ ਇਹ ਬੇਨਤੀ ਕਰਦਾ ਹਾਂ ਕਿ ਕਈ ਪ੍ਰੇਮੀ ਏਸ ਤਰ੍ਹਾਂ ਕਹਿ ਦਿੰਦੇ ਨੇ। ਉਹ ਠੀਕ ਹੈ ਇਹ ਜੋ ਉਸ ਸਮੇਂ ਦੇ ✥✚✚✥✶🚺↔ ਨੇ ਨਾ ਲਿਖੇ ਹੋਏ, ਉਹ ਐਵੇਂ ਨਹੀਂ ਹੈਗੇ ਕਿ ਮਨਘੜਤ ਗੱਲਾਂ ਨੇ। ਕੋਈ ਨਾ ਕੋਈ ਉਨ੍ਹਾਂ ਵਿਚ ਜ਼ਰੂਰ ਹੈ, ਭਾਈ ਗੁਰਦਾਸ ਜੀ ਲਿਖਦੇ ਨੇ ਜਿਹੜੇ ਗੁਰੂ ਨਾਨਕ ਪਾਤਸ਼ਾਹ ਤੋਂ ਥੋੜ੍ਹੀ ਦੇਰ ਬਾਅਦ ਹੋਏ ਕਿ ਗੁਰੂ ਨਾਨਕ ਪਾਤਸ਼ਾਹ ਜਿਸ ਵਕਤ ਅਚੱਲ ਵਟਾਲੇ ਗਏ, ਓਸ ਵੇਲੇ ਜਿਹੜੇ ਸਿੱਧ ਸੀਗੇ, ਗੁਰੂ ਨਾਨਕ ਪਾਤਸ਼ਾਹ ਦੇ ਜਾਂਦੇ ਸਾਰ ਜਿੰਨੀ ਦੁਨੀਆਂ, ਖਲਕਤ ਉਥੇ ਆਈ ਹੋਈ ਸੀ ਮੇਲੇ 'ਚ। ਪਹਿਲਾਂ ਅਚੱਲ ਵਟਾਲਾ ਸਿੱਧਾਂ ਦਾ ਸੀਗਾ। ਸਿੱਧਾਂ ਦੇ ਕੋਲ ਜਾਇਆ ਕਰਦੇ ਸੀ। ਲੇਕਿਨ ਜਦੋਂ ਗੁਰੂ ਨਾਨਕ ਪਾਤਸ਼ਾਹ ਚਲੇ ਗਏ, ਉਸ ਵੇਲੇ ਕੀ ਕੌਤਕ ਦੇਖਿਆ ਕਿ ਉਥੇ ਇਕ ਰਾਸ ਪਾਉਣ ਵਾਲੇ ਨੇ ਭੱਗਤੀਏ, ਉਨ੍ਹਾਂ ਦਾ ਲੋਟਾ ਸਿੱਧਾਂ ਨੇ ਆਪਣੀ ਸ਼ਕਤੀ ਦੇ ਨਾਲ, ਪੈਸਿਆਂ ਦਾ ਭਰਿਆ ਹੋਇਆ ਗੁੰਮ ਕਰ ਦਿਤਾ, ਉਹ ਵਿਚਾਰੇ ਘਬਰਾ ਗਏ ਤੇ ਗੁਰੂ ਨਾਨਕ ਪਾਤਸ਼ਾਹ ਨੇ ਉਨ੍ਹਾਂ ਨੂੰ ਦੱਸ ਦਿਤਾ ਕਿ ਫਲਾਣੇ ਥਾਉਂ ਪਿਆ ਹੈ ਚੁੱਕ ਲਿਆਓ। ਜਦੋਂ ਉਹ ਗੱਲ ਹੋਈ ਉਸ ਵੇਲੇ ਸਿੱਧਾਂ ਨੇ ਬੜੀ ਖੁਣਸ ਖਾਧੀ ਆਪਣੇ ਮਨ ਦੇ ਅੰਦਰ, ਗੁੱਸਾ ਖਾਧਾ ਕਿ ਇਹ ਗੁਰੂ ਨਾਨਕ ਸਾਡਾ ਬਣਿਆ ਬਣਾਇਆ ਖੇਲ੍ਹ ਵਿਗਾੜ ਰਿਹਾ ਹੈ। ਗੁਰੂ ਨਾਨਕ ਚਾਹੁੰਦੇ ਸੀ ਕਿ ਇਨ੍ਹਾਂ ਨੂੰ ਸਤਿ ਦਾ ਮਾਰਗ ਦੱਸਿਆ ਜਾਵੇ ਕਿਉਂਕਿ ਇਹ ਗਲਤ ਚੀਜ਼ਾਂ ਦੇ ਵਿਚ ਪਏ ਹੋਏ ਨੇ। ਇਹ ਸਾਰੀਆਂ ਪ੍ਰਮੇਸ਼ਰ ਤੋਂ ਭੁਲਾਉਣ ਵਾਲੀਆਂ ਨੇ ਜਿੰਨੀਆਂ ਤਾਕਤਾਂ ਨੇ। ਸੋ ਮਹਾਰਾਜ ਜੀ ਨੇ ਆਪਣੀ ਬਾਣੀ ਅੰਦਰ ਵੀ ਏਸ ਤਰ੍ਹਾਂ ਫੁਰਮਾਨ ਕਰਦਾ ਹੈ –

***ਧਾਰਨਾ – ਕਿਤੇ ਭੁੱਲ ਨਾ ਜਾਈਂ ਓ ਮਨਾਂ ਮੇਰਿਆ***
***ਸਿੱਧੀਆਂ ਦੇ ਖੇਲ੍ਹ ਦੇਖ ਕੇ।***

*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥*
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥*
*ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ॥*
*ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥*
***ਅੰਗ – ੧੪***

ਮਹਾਰਾਜ ਕਹਿਣ ਲੱਗੇ, ਇਹ ਤਾਂ ਚੀਜ਼ਾਂ ਸਾਰੀਆਂ ਭੁਲਾਉਣ ਵਾਲੀਆਂ ਨੇ, ਮਹਾਰਾਜ ਜੀ ਦੇ ਕੋਲ ਆ ਗਏ ਸਾਰੇ ਇਕੱਠੇ ਹੋ ਕੇ। ਕਹਿੰਦੇ, ਹੇ ਨਾਨਕ! ਤੂੰ ਸਾਡੇ ਕੰਮ ਦੇ ਵਿਚ ਹਰ ਥਾਂ ਦੇ ਉਤੇ ਦਖਲ ਦਿੰਦਾ ਹੈਂ। ਮਹਾਰਾਜ ਕਹਿੰਦੇ, ਪ੍ਰੇਮੀਓ! ਤੁਸੀਂ ਆਪ ਵੀ ਭੁੱਲੇ ਹੋਏ

ਓਂ ਤੇ ਦੁਨੀਆਂ ਨੂੰ ਵੀ ਭੁਲਾ ਰਹੇ ਓਂ। ਪ੍ਰਮੇਸ਼ਰ ਦੇ ਨਾਮ ਨੂੰ ਭੁੱਲ ਕੇ ਨਾਟਕਾਂ ਚੇਟਕਾਂ 'ਚ ਪਏ ਓਂ।

***ਨਾਟਕ ਚੇਟਕ ਕੀਏ ਕੁਕਾਜਾ।***
***ਪ੍ਰਭ ਲੋਗਨ ਕਹ ਆਵਤ ਲਾਜਾ।***

ਇਹ ਪ੍ਰਭੂ ਦੇ ਪਿਆਰਿਆਂ ਦਾ ਰਸਤਾ ਨਹੀਂ ਹੈ। ਇਹ ਤਾਂ ਦੁਨੀਆਦਾਰ, ਮਾਇਆ ਦੇ ਵਿਚ ਫਸੇ ਹੋਏ ਬੰਦਿਆਂ ਦਾ ਕੰਮ ਹੈ। ਹਿਪਮੋਟੀਜ਼ਮ ਕਰ ਦੇਣੀ, ਮਿਸਮਰੇਜ਼ਮ ਕਰ ਲੈਣੀ ਕਿਉਂਕਿ ਇਹ ਦੋਵੇਂ ਤਾਕਤਾਂ **west** ਵਿਚ ਵੀ ਪਤਾ ਹੈ। ਹਿਪਨੋਟਾਈਜ਼ ਕਰ ਦੇਣਾ।

ਇਥੇ ਇਕ ਗਵਈਆ ਪਾਸ਼ਾ ਹੁੰਦਾ, ਜਦੋਂ ਮੈਂ ਪਟਿਆਲੇ ਹੁੰਦਾ। ਉਹਨੇ ਇਕ ਖੇਲ੍ਹ ਦਿਖਾਇਆ। ਉਹ ਹੈਰਾਨ ਕਰਨ ਵਾਲਾ ਸੀ ਸਾਰਾ, ਜਿਹੜੇ ਪੁਰਾਣੇ ਬੰਦੇ ਨੇ ਸਭ ਜਾਣਦੇ ਨੇ। ਅਜੀਬ-ਅਜੀਬ ਚੀਜ਼ਾਂ ਉਸ ਨੇ ਦਿਖਾਈਆਂ। ਬਾਅਦ ਵਿਚ ਕਹਿਣ ਲੱਗਿਆ ਕਿ ਮੈਂ ਤਾਂ ਇਕ ਖੇਲ੍ਹ ਦਿਖਾਇਆ ਹੈ, ਇਹਦੇ ਵਿਚ ਕੋਈ ਨਾ ਆਇਆ ਹੈ, ਨਾ ਕੋਈ ਗਿਆ ਹੈ। ਕੁਛ ਨਹੀਂ ਹੋਇਆ, ਇਹ ਮੇਰੇ ਮਨ ਦਾ ਇਕ ਅਸਰ ਸੀ ਤੁਹਾਡੇ ਉਤੇ ਪੈ ਰਿਹਾ। ਤੁਹਾਨੂੰ ਆਦਮੀ ਤੀਵੀਆਂ ਨਜ਼ਰ ਆ ਰਹੇ ਸੀ। ਤੀਵੀਆਂ ਤੁਹਾਨੂੰ ਆਦਮੀ ਨਜ਼ਰ ਆਉਂਦੇ ਸੀ। ਬੰਦਾ ਤੁਹਾਨੂੰ ਅਸਮਾਨ ਦੇ ਵਿਚ ਲਟਕਦਾ ਨਜ਼ਰ ਆਉਂਦਾ ਸੀ, ਮੈਂ ਕੁਛ ਨਹੀਂ ਕਰਿਆ ਮੇਰਾ ਇਕ ਖਿਆਲ ਕੰਮ ਕਰ ਰਿਹਾ ਸੀ। ਸੋ ਉਹਨੂੰ ਹਿਪਨੋਟੀਜ਼ਮ ਕਹਿੰਦੇ ਨੇ। ਮਿਸਮਰੇਜ਼ਮ ਪਹਿਲੇ ਮਦਰਾਸ ਵਿਚ ਖੁਲ੍ਹਿਆ ਸੀ ਹਾਸਪੀਟਲ ਮਿਸਮਰੇਜ਼ਮ ਦਾ। ਇਹ ਆਪਰੇਸ਼ਨ ਕਰਨ ਵਾਲੇ ਕਲੋਰੋਫਾਰਮ ਨਹੀਂ ਸੀ ਸੁੰਘਾਉਂਦੇ ਹੁੰਦੇ, ਉਹ ਆਪਣੀ ਸ਼ਕਤੀ ਦੇ ਨਾਲ ਦੇਖੀ ਜਾਂਦੇ ਸੀ, ਜਦੋਂ ਦੇਖ ਲੈਂਦੇ ਸੀ ਉਹਨੂੰ ਫੇਰ ਚੂੰਡੀ ਭਰ ਕੇ ਕਹਿੰਦੇ ਸੀ ਦੁਖ ਲਗਦਾ ਹੈ? ਕਹਿੰਦਾ ਸੀ ਨਾ। ਸਰੀਰ ਨੂੰ ਹੱਥ ਲਾ ਕੇ ਦੇਖਣਾ, ਕਹਿਣਾ ਨਾ ਕੁਛ ਨਹੀਂ ਪਤਾ ਲਗਦਾ। ਫੇਰ ਉਹ ਆਪਰੇਸ਼ਨ ਕਰ ਦਿੰਦੇ ਹੁੰਦੇ ਸੀ। ਇਹ ਮਾਨਸਿਕ ਸ਼ਕਤੀਆਂ ਨੇ ਸਾਧਸੰਗਤ ਜੀ! ਇਹ ਮਾਨਸਿਕ ਸ਼ਕਤੀਆਂ ਜੇ ਉਲਟੇ ਪਾਸੇ ਲਾ ਲਈਏ ਤਾਂ ਨਰਕਾਂ ਨੂੰ ਲੈ ਜਾਂਦੀਆਂ ਨੇ। ਇਹੀ ਸ਼ਕਤੀ ਨੂੰ ਜੇ ਅਸੀਂ ਵਾਹਿਗੁਰੂ ਨਾਮ ਦੇ ਨਾਲ ਅਸੀਂ ਸਿੱਧੇ ਰਸਤੇ ਲਾਈਏ ਤਾਂ ਇਹ ਪ੍ਰਮੇਸ਼ਰ ਦਾ ਗਿਆਨ ਕਰਾ ਕੇ ਜੀਵ ਦਾ ਜਨਮ ਮਰਨ ਕੱਟ ਦਿੰਦੀਆਂ ਨੇ। ਸੋ ਇਹ ਗੱਲ ਗੁਰੂ ਮਹਾਰਾਜ ਦੱਸਣ ਵਾਸਤੇ ਥਾਂ-ਥਾਂ ਦੇ ਉਤੇ ਕੌਤਕ ਕਰ ਰਹੇ ਸੀ।

ਅੱਜ ਅਚੱਲ ਵਟਾਲੇ ਬੈਠੇ ਨੇ ਉਨ੍ਹਾਂ ਨੇ ਭਗਤੀਆਂ ਦੀ ਜੋ ਪੂਜਾ ਸੀ, ਸਾਰਾ ਧਨ ਜੋ ਸੀ ਲਕੋ ਲਿਆ ਤੇ ਗੁਰੂ ਮਹਾਰਾਜ ਨੇ ਦੱਸ ਕੇ ਕਢਾ ਦਿਤਾ। ਉਹ ਗੁਰੂ ਮਹਾਰਾਜ ਕੋਲ ਆ ਗਏ ਤੇ ਮਹਾਰਾਜ ਨੂੰ ਕਹਿਣ ਲੱਗੇ ਤੂੰ ਸਾਨੂੰ ਤਾਕਤ ਦਿਖਾ। ਮਹਾਰਾਜ ਕਹਿੰਦੇ ਤਾਕਤ ਕਾਹਦੀ? ਸਾਡੇ ਕੋਲ ਤਾਂ ਕੋਈ ਤਾਕਤ ਹੀ ਨਹੀਂ ਹੈ। ਇਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਨੇ ਜਦੋਂ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਬਚਨ ਸੁਣੇ ਤੇ ਮਹਾਰਾਜ ਨੇ **reject** ਕਰ ਦਿਤੀਆਂ ਰਿੱਧੀਆਂ ਸਿੱਧੀਆਂ ਉਸ ਵੇਲੇ ਆਪਣੀ ਤਾਕਤ ਦਿਖਾਉਣੀ ਸ਼ੁਰੂ ਕਰ ਦਿਤੀ।

***ਇਹਿ ਸੁਣਿ ਬਚਨ ਜੋਗੀਸਰਾ***
***ਮਾਰਿ ਕਿਲਕ ਬਹੁ ਰੂਇ ਉਠਾਈ॥***
***ਭਾਈ ਗੁਰਦਾਸ ਜੀ, ਵਾਰ 1/41***

ਰੌਲਾ ਪਾ ਦਿਤਾ ਉਸ ਵੇਲੇ ਉਨ੍ਹਾਂ ਨੇ ਬਹੁਤ ਜ਼ਿਆਦਾ।

***ਖਟਿ ਦਰਸਨ ਕਉ ਖੇਦਿਆ***
***ਕਲਿਜੁਗਿ ਨਾਨਕ ਬੇਦੀ ਆਈ॥***
***ਭਾਈ ਗੁਰਦਾਸ ਜੀ, ਵਾਰ 1/41***

ਕਹਿਣ ਲੱਗੇ ਓ ਸਿੱਧੋ! ਹੈਰਾਨੀ ਦੀ ਗੱਲ ਹੈ, ਗੁਰੂ ਨਾਨਕ ਨੇ **reject** ਕਰ ਦਿਤੇ ਛੇਈ ਸ਼ਾਸਤਰ। ਇਹ ਨਾਨਕ ਬੇਦੀ ਕਲਜੁਗ 'ਚ ਆਏ ਨੇ, ਇਹਨੇ ਸਾਰੀ ਮਰਿਆਦਾ ਜਾਤ ਪਾਤ ਦੀ, ਵਰਨਾਂ ਦੀ ਬਦਲ ਕੇ ਰੱਖ ਦਿਤੀ। ਤੇ ਹੁਣ ਸਾਡੇ ਹਠ ਯੋਗ, ਪ੍ਰਾਣਾਯਾਮ ਨੂੰ ਕਹਿੰਦੇ ਨੇ ਕਿ ਇਹ ਕਿਸੇ ਕੰਮ ਨਹੀਂ। ਉਸ ਵੇਲੇ ਕਹਿੰਦੇ ਦਿਖਾਓ ਏਹਨੂੰ-

***ਸਿਧਿ ਬੋਲਨਿ ਸਭਿ ਅਵਖਧੀਆਂ***
***ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ।***
***ਭਾਈ ਗੁਰਦਾਸ ਜੀ, ਵਾਰ 1/41***

ਉਸ ਵੇਲੇ ਤੰਤਰ, ਮੰਤਰ, ਜੰਤਰ ਕਰਨੇ ਸ਼ੁਰੂ ਕਰ ਦਿਤੇ-

***ਰੂਪ ਵਟਾਏ ਜੋਗੀਆਂ***
***ਸਿੰਘ ਬਾਘਿ ਬਹੁ ਚਲਿਤ ਦਿਖਾਈ।***
***ਭਾਈ ਗੁਰਦਾਸ ਜੀ, ਵਾਰ 1/41***

ਰੂਪ ਵਟਾਉਣੇ ਸ਼ੁਰੂ ਕਰ ਦਿਤੇ, ਕਿਸੇ ਨੇ ਸ਼ੇਰ ਦਾ ਰੂਪ ਧਾਰ ਲਿਆ, ਕਿਸੇ ਨੇ ਬਘਿਆੜ ਦਾ ਰੂਪ ਧਾਰ ਲਿਆ, ਕਿਸੇ ਨ ਸੱਪ ਦਾ ਰੂਪ ਧਾਰ ਲਿਆ। ਇਕਨਾਂ ਨੇ ਫੰਘ ਲਾ ਕੇ ਅਸਮਾਨ 'ਚ ਉਡਣਾ ਸ਼ੁਰੂ ਕਰ ਦਿਤਾ।

***ਇਕਿ ਪਰਿ ਕਰਿਕੈ ਉਡਰਨਿ***
***ਪੰਖੀ ਜਿਵੈ ਰਹੈ ਲੀਲਾਈ॥***
***ਭਾਈ ਗੁਰਦਾਸ ਜੀ, ਵਾਰ 1/41***

ਜਿਵੇਂ ਪੰਛੀ ਅਸਮਾਨ 'ਚ ਤਾਰੀਆਂ ਲਾਉਂਦੇ ਨੇ, ਐਉਂ ਤਾਰੀਆਂ ਲਾਉਂਦੇ ਨੇ।

***ਇਕਨਾ ਨਾਗ ਹੋਇ ਪਉਣ ਛੋੜਿਆ***
***ਇਕਨਾ ਵਰਖਾ ਅਗਨਿ ਵਸਾਈ।***
***ਭਾਈ ਗੁਰਦਾਸ ਜੀ, ਵਾਰ 1/41***

ਇਕ ਵੱਡੇ-ਵੱਡੇ ਨਾਗ ਹੋ ਕੇ ਫਰਾਟੇ ਮਾਰ ਰਹੇ ਨੇ। ਇਕਨਾ ਨੇ ਅੱਗ ਦੀ ਵਰਖਾ ਬਰਸਾਉਣੀ ਸ਼ੁਰੂ ਕਰ ਦਿਤੀ। ਸਾਰਾ ਮੇਲਾ ਉਸ ਨਾਟਕ ਨੂੰ ਦੇਖਣ ਵਾਸਤੇ ਆ

ਗਿਆ ਤੇ ਡਰੇ ਹੋਏ ਨੇ ਸਾਰੇ।

***ਤਾਰੇ ਤੋੜੇ ਭੰਗਰਿਨਾਥ,***
***ਇਕ ਚੜਿ ਮਿਰਗਾਨੀ ਜਲੁ ਤਰਿ ਜਾਈ।***
***ਭਾਈ ਗੁਰਦਾਸ ਜੀ, ਵਾਰ 1/41***

ਜਿਹੜਾ ਭੰਗਰਨਾਥ ਹੈ ਉਹ ਵੱਡੇ-ਵੱਡੇ ਅੱਗ ਦੇ ਗੋਲੇ ਸੁੱਟ ਰਿਹਾ ਹੈ ਕਹਿੰਦਾ ਮੈਂ ਤਾਰੇ ਤੋੜ-ਤੋੜ ਕੇ ਸੁੱਟ ਰਿਹਾ ਹਾਂ

***.....ਇਕ ਚੜਿ ਮਿਰਗਾਨੀ ਜਲੁ ਤਰਿ ਜਾਈ।***
***ਭਾਈ ਗੁਰਦਾਸ ਜੀ, ਵਾਰ 1/41***

ਇਕ ਪਾਣੀ ਦੇ ਵਿਚ ਤੈਰ ਰਹੇ ਨੇ, ਇਹ ਮਿਰਗਾਨੀਆਂ ਤੇ ਬੈਠੇ ਅਸਮਾਨ ਦੇ ਵਿਚ ਉਡਦੇ ਫਿਰਦੇ ਨੇ।

***ਸਿਧਾਂ ਅਗਨਿ ਨ ਬੁਝੈ ਬੁਝਾਈ॥***
***ਭਾਈ ਗੁਰਦਾਸ ਜੀ, ਵਾਰ 1/41***

ਐਨੀ ਅੱਗ ਲੱਗ ਗਈ ਉਨ੍ਹਾਂ ਦੇ ਹਿਰਦੇ ਦੇ ਅੰਦਰ ਕਿ ਉਨ੍ਹਾਂ ਨੂੰ ਸ਼ਾਂਤੀ ਨਹੀਂ ਆਉਂਦੀ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੂੰ ਕਹਿਣ ਲੱਗੇ ਕਿ ਤੂੰ ਦਿਖਾ, ਅਸੀਂ ਦੇਖ ਕਿੰਨੀਆਂ ਸ਼ਕਤੀਆਂ ਦਿਖਾਉਂਦੇ ਹਾਂ। ਮਹਾਰਾਜ ਨੇ ਕਿਹਾ ਕਿ ਅਸੀਂ ਤੁਹਾਡੇ ਵਾਲੀਆਂ ਰਿੱਧੀਆਂ ਸਿੱਧੀਆਂ ਨਹੀਂ ਜਾਣਦੇ। ਅਸੀਂ ਤਾਂ ਸ਼ਬਦ ਦੀ ਸ਼ਕਤੀ ਲੈ ਕੇ ਆਏ ਹਾਂ। ਜਦੋਂ ਗੁਰੂ ਨਾਨਕ ਪਾਤਸ਼ਾਹ ਨੇ ਸ਼ਬਦ ਬੋਲ ਦਿਤਾ ਨਾ, ਉਚੀ ਆਵਾਜ਼ ਵਿਚ ਕਹਿ ਦਿਤਾ 'ਵਾਹਿਗੁਰੂ'। ਹੋਇਆ ਕੀ? ਦੜੰਮ-ਦੜੰਮ ਗਿਰਨ ਲੱਗ ਗਏ ਸਾਰੇ। ਕੋਈ ਕਾਇਮ ਨਾ ਰਿਹਾ। ਐਉਂ ਪੜ੍ਹ ਲਓ -

***ਧਾਰਨਾ - ਸ਼ਕਤੀ ਸਭ ਛੁਪ ਗਈ ਜੀ,***
***ਮੁਖਹੁ ਜਦ ਬੋਲਿਆ ਵਾਹਿਗੁਰੂ।***

***ਸਿਧਿ ਬੋਲਨਿ ਸੁਣਿ ਨਾਨਕਾ***
***ਤੁਹਿ ਜਗ ਨੋ ਕਿਆ ਕਰਾਮਾਤਿ ਦਿਖਾਈ।***
***ਭਾਈ ਗੁਰਦਾਸ ਜੀ, ਵਾਰ 1/42***

ਤੂੰ ਸਾਰੇ ਜਗ ਵਿਚ ਕਰਾਮਾਤ ਦਿਖਾਉਂਦਾ ਹੈਂ ਨਾਮ ਦੀ।

***ਕੁਝ ਵਿਖਾਲੇਂ ਅਸਾ ਨੋ***
***ਤੁਹਿ ਕਿਉ ਢਿਲ ਅਵੇਹੀ ਲਾਈ।***
***ਭਾਈ ਗੁਰਦਾਸ ਜੀ, ਵਾਰ 1/42***

ਹੁਣ ਕਿਉਂ ਡਰਿਆ ਬੈਠਾ ਹੈਂ। ਸਾਨੂੰ ਵੀ ਦਿਖਾ ਨਾ, ਤੇਰੇ ਵਿਚ ਕਿਹੜੀ ਸ਼ਕਤੀ ਹੈ?

***ਬਾਬਾ ਬੋਲੇ ਨਾਥ ਜੀ!***
***ਅਸਾਂ ਤੇ ਵੇਖਣਿ ਜੋਗੀ ਵਸਤੁ ਨ ਕਾਈ।***
***ਭਾਈ ਗੁਰਦਾਸ ਜੀ, ਵਾਰ 1/42***

ਆਹ ਕੁਛ ਵੀ ਨਹੀਂ ਤੁਹਾਡੀ ਸ਼ਕਤੀ ਜਿਹਨੂੰ ਤੁਸੀਂ ਲਈਂ ਫਿਰਦੇ ਓਂ। ਰੂਪ ਵਟਾ ਲਏ, ਅੱਗਾਂ ਵਰਾਉਣੀਆਂ ਸ਼ੁਰੂ ਕਰ ਦਿਤੀਆਂ। ਇਹ ਤਾਂ ਕੋਈ ਚੀਜ਼ ਹੀ ਨਹੀਂ, ਗਿਣਤੀ ਮਿਣਤੀ ਦੇ ਵਿਚ ਹੀ ਨਹੀਂ ਤੁਹਾਡੀ ਸ਼ਕਤੀ।

***ਗੁਰ ਸੰਗਤਿ ਬਾਣੀ ਬਿਨਾ***
***ਦੂਜੀ ਓਟ ਨਹੀਂ ਧਰਤਿ ਚਲਾਈ।***
***ਭਾਈ ਗੁਰਦਾਸ ਜੀ, ਵਾਰ 1/42***

ਸਾਨੂੰ ਤਾਂ ਵਾਹਿਗੁਰੂ ਦੀ ਸੰਗਤ ਤੇ ਬਾਣੀ ਤੋਂ ਬਿਨਾਂ ਹੋਰ ਕੋਈ ਓਟ ਨਹੀਂ ਹੈਗੀ।

***ਸਿਵ ਰੂਪੀ ਕਰਤਾ ਪੁਰਖੁ***
***ਚਲੇ ਨਾਹੀ ਧਰਤਿ ਚਲਾਈ।***
***ਭਾਈ ਗੁਰਦਾਸ ਜੀ, ਵਾਰ 1/42***

ਗੁਰੂ ਨਾਨਕ ਪਾਤਸ਼ਾਹ ਵਹਾਨ ਦੇ ਬਾਰੇ ਲਿਖਦੇ ਨੇ ਕਿ ਜਿਵੇਂ ਧਰਤ ਚਲਾਈ ਹੋਈ ਨਹੀਂ ਚਲਦੀ, ਐਉਂ ਕੋਈ ਅਸਰ ਨਹੀਂ ਉਨ੍ਹਾਂ ਤੇ ਹੋਇਆ।

***ਸਿਧ ਤੰਤ੍ਰ ਮੰਤ੍ਰਿ ਕਰਿ ਝੜਿ ਪਏ***
***ਸਬਦਿ ਗੁਰੂ ਕੇ ਕਲਾ ਛਪਾਈ।***
***ਭਾਈ ਗੁਰਦਾਸ ਜੀ, ਵਾਰ 1/42***

ਜਦੋਂ ਵਾਹਿਗੁਰੂ ਕਿਹਾ ਤੰਤਰ ਮੰਤਰ ਸਭ ਝੜ ਗਏ ਤੇ ਉਨ੍ਹਾਂ ਦੀ ਕਲਾ ਸ਼ਕਤੀ ਸਾਰੀ ਸੁੱਕ ਗਈ।

***ਦਦੇ ਦਾਤਾ ਗੁਰੂ ਹੈ ਕਕੇ ਕੀਮਤ ਕਿਨੇ ਨ ਪਾਈ।***
***ਸੋ ਦੀਨ ਨਾਨਕ ਸਤਿਗੁਰ ਸਰਣਾਈ।***
***ਭਾਈ ਗੁਰਦਾਸ ਜੀ, ਵਾਰ 1/42***

ਸਾਰੇ ਹਾਰ ਕੇ ਬੈਠ ਗਏ। ਸ਼ਕਤੀਆਂ ਹੀ ਖਤਮ ਕਰ ਲਈਆਂ। ਮਹਾਰਾਜ ਨੇ ਟੋਟਲ ਸ਼ਕਤੀਆਂ ਖਿੱਚ ਲਈਆਂ ਸਾਰੀਆਂ। ਨਿੰਮੋਝੀਣੇ ਹੋਏ ਬੈਠੇ ਨੇ, ਨੀਵੀਆਂ ਪਾ ਲਈਆਂ, ਧਰਤੀ ਖੁਰਚਦੇ ਨੇ। ਐਨੇ ਨੂੰ ਇਕ ਪ੍ਰੇਮੀ ਆਇਆ ਉਹਨੇ ਆ ਕੇ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਤੇ ਇਕ ਬਾਰ੍ਹਾਂ ਸਾਲ ਦਾ ਲੜਕਾ ਭੇਟਾ ਕਰ ਦਿਤਾ। ਕਹਿੰਦੇ, ਲਓ ਮਹਾਰਾਜ ਇਹ ਮੈਂ ਤੁਹਾਡੇ ਵਾਸਤੇ ਪਾਲਿਆ ਹੈ ਤੁਸੀਂ ਲੈ ਲਓ। ਮਹਾਰਾਜ ਕਹਿਣ ਲੱਗੇ, ਬੱਚਿਆ! ਕੀਹਦਾ ਹੈਂ ਤੂੰ? ਕਹਿੰਦਾ ਮਹਾਰਾਜ ਮੈਂ ਗੁਰੂ ਦਾ ਹਾਂ। ਕਹਿੰਦੇ ਗੁਰੂ ਦਾ ਹੈਂ ਫੇਰ ਹੁਕਮ ਮੰਨੇਗਾ? ਕਹਿੰਦਾ ਹਾਂ ਮਹਾਰਾਜ। ਮਹਾਰਾਜ ਨੇ ਉਸੇ ਵੇਲੇ ਕਿਹਾ ਕਿ ਇਕ ਚਿਖਾ ਚਿਣੋ। ਚਿਖਾ ਚਿਣ ਦਿਤੀ, ਅੱਗ ਲਾ ਦਿਤੀ। ਕਹਿੰਦੇ ਇਹਦੇ ਉਤੇ ਬੈਠ ਜਾ। ਉਤੇ ਬੈਠ ਗਿਆ ਤੇ ਕੁਛ ਨਹੀਂ ਹੋਇਆ ਉਸ ਨੂੰ, ਲਾਲ ਰੰਗ ਦਿਸਦਾ ਹੈ ਅੱਗ ਵਰਗਾ ਹੀ ਬੱਚੇ ਦਾ। ਮਹਾਰਾਜ ਬੜੇ ਹੀ ਪ੍ਰਸੰਨ ਹੋਏ ਉਹਦੇ ਉਤੇ। ਐਨੇ ਨੂੰ ਦੂਜੇ ਪਾਸੇ ਕੁਛ ਰੌਲੇ ਦੀ ਆਵਾਜ਼ ਆਈ ਕਹਿਣ ਲੱਗੇ ਕਿ ਆਹ ਰੌਲਾ ਕਾਹਦਾ ਪੈਂਦਾ ਹੈ ਭਾਈ ਏਧਰ। ਕਹਿਣ ਲੱਗੇ, ਮਹਾਰਾਜ!

ਅਜਿੱਤਾ ਰੰਧਾਵਾ ਆਪ ਦਾ ਸਿੱਖ, ਰਾਤ ਗੜ੍ਹਿਆਂ ਦੇ ਨਾਲ ਬਹੁਤ ਸਾਰੇ ਪੰਛੀ ਮਰ ਗਏ, ਆਹ ਸਰੋਵਰ ਦੇ ਤੇ ਆਪਣੇ ਆਸਣ ਤੇ ਬੈਠਾ ਖੇਲ੍ਹਾਂ ਕਰ ਰਿਹਾ ਹੈ। ਪੰਛੀਆਂ ਨੂੰ ਫੜ-ਫੜ ਉਪਰ ਨੂੰ ਮਾਰੀਂ ਜਾਂਦਾ ਹੈ, ਪੰਛੀ ਮਰੇ ਹੋਏ ਜੀਉਂਦੇ ਹੋ ਕੇ ਉਡੀ ਜਾਂਦੇ ਨੇ। ਮਹਾਰਾਜ ਕਹਿੰਦੇ, ਐਧਰ ਅਸੀਂ ਹਟਾਉਂਦੇ ਹਾਂ ਤੇ ਐਧਰ ਸਾਡੇ ਹੀ ਸਿੱਖ ਲਗ ਗਏ ਸ਼ਕਤੀਆਂ ਦਿਖਾਉਣ। ਮਹਾਰਾਜ ਨੇ ਨਿਗ੍ਹਾ ਕਰ ਤੇ ਸਾਰੀ ਸ਼ਕਤੀ ਖਿੱਚ ਲਈ। ਵਿਚ ਡੁਬਕੂ-ਡੁਬਕੂ ਹੁੰਦੀ ਐ, ਤੈਰ ਕੇ ਬਾਹਰ ਨਿਕਲਿਆ। ਮਹਾਰਾਜ ਕਹਿੰਦੇ, ਭਾਈ ਅਜਿੱਤੇ ਰੰਧਾਵੇ ਐਸ ਕੰਮ 'ਚ ਤੂੰ ਕੀ ਖੱਟ ਲਿਆ, ਇਹ ਤਾਂ ਨਾਟਕ ਚੇਟਕ ਨੇ, ਕੁਕਾਜ ਨੇ ਤੇ ਤੂੰ ਸ਼ਕਤੀਆਂ ਵਰਤੀ ਜਾਂਦਾ ਹੈਂ? ਉਸ ਵੇਲੇ ਉਹ ਬੱਚਾ ਜਦੋਂ ਚਿਖਾ ਤੋਂ ਉਤਾਰਿਆ, ਮਹਾਰਾਜ ਦੇ ਕੋਲ ਆਇਆ ਮਹਾਰਾਜ ਬੜੇ ਪ੍ਰਸੰਨ ਹੋਏ, ਕਹਿੰਦੇ ਬੇਟਾ! ਮੰਗ ਜੋ ਕੁਛ ਮੰਗਣਾ ਹੈ। ਕਿਉਂਕਿ ਤੂੰ ਹੁਕਮ ਮੰਨਿਆ ਹੈ। ਨਿਸੰਗ ਹੋ ਕੇ। ਤੇਰੇ ਮਨ ਵਿਚ ਸ਼ੰਕਾ ਨਹੀਂ ਆਇਆ ਕੋਈ ਵੀ ਕਿ ਮੈਂ ਜਲ ਜਾਵਾਂਗਾ, ਮਰ ਜਾਵਾਂਗਾ। ਕਹਿੰਦਾ ਪਾਤਸ਼ਾਹ! ਮੇਰੀ ਮੰਗ ਤਾਂ ਇਕੋ ਹੀ ਹੈ ਆਹ ਗਰੀਬ ਜਿਹੜੇ ਵਿਚਾਰੇ ਬੈਠੇ ਨੇ ਨਾ ਸਿੱਧ ਇਨ੍ਹਾਂ ਨੇ ਪੰਜ-ਪੰਜ ਸੌ ਸਾਲ, ਹਜ਼ਾਰ-ਹਜ਼ਾਰ ਸਾਲ ਯੋਗ ਸਾਧਨਾ ਕਰ-ਕਰ ਕੇ ਸ਼ਕਤੀਆਂ ਲਈਆਂ ਨੇ ਤੇ ਆਪ ਦੇ ਸਾਰੀ ਕਲਾ ਇਨ੍ਹਾਂ ਦੀ ਛੁਪਾ ਦਿਤੀ ਹੈ, ਇਹ ਸਾਰੀ ਕਲਾ ਇਨ੍ਹਾਂ ਦੀ ਵਾਪਸ ਕਰ ਦਿਓ। ਮਹਾਰਾਜ ਕਹਿੰਦੇ, ਚੰਗਾ ਬੇਟਾ! ਤੂੰ ਪਰਉਪਕਾਰੀ ਹੈ। ਸਾਰੀਆਂ ਸ਼ਕਤੀਆਂ ਮਹਾਰਾਜ ਜੀ ਨੇ ਵਾਪਸ ਕਰ ਦਿਤੀਆਂ।

ਸੋ ਮੇਰਾ ਬੇਨਤੀ ਕਰਨ ਤੋਂ ਭਾਵ ਹੈ ਕਿ ਐਸੇ-ਐਸੇ ਹਿੰਦੁਸਤਾਨ ਦੇ ਅੰਦਰ ਕੰਮ ਹੋ ਰਹੇ ਸੀ। ਵਾਹਿਗੁਰੂ ਨੂੰ ਕੋਈ ਨਹੀਂ ਸੀ ਜਾਣਦਾ। ਰਿੱਧੀਆਂ-ਸਿੱਧੀਆਂ ਨਾਟਕਾਂ ਚੇਟਕਾਂ 'ਚ ਸਾਰੀ ਦੁਨੀਆਂ ਭੁੱਲੀ ਪਈ ਸੀ। ਹੁਣ ਵੀ ਨਹੀਂ ਅਜੇ ਹਟੇ, ਬੇਅੰਤ ਨੇ ਇਹੋ ਜਿਹੇ। ਓਸ ਵੇਲੇ ਮਰਦਾਨਾ ਜੀ ਫਸੇ ਹੋਏ ਗੁਰੂ ਨਾਨਕ ਪਾਤਸ਼ਾਹ ਦੇ ਪਾਸ ਅਰਦਾਸਾਂ ਕਰਦੇ ਨੇ ਪੜ੍ਹੋ ਪਿਆਰ ਨਾਲ -

***ਧਾਰਨਾ - ਰੱਖੀਂ ਮਾਲਕਾ, ਪੈਜ ਨਾਮ ਆਪਣੇ ਦੀ।***

ਬਾਰ-ਬਾਰ ਬੇਨਤੀਆਂ ਕਰਦਾ ਹੈ ਕਿ ਹੇ ਪਾਤਸ਼ਾਹ! ਹੁਣ ਮੇਰੀ ਲਾਜ ਰੱਖ। ਹੁਣ ਮੈਨੂੰ ਕੋਈ ਚਾਰਾ ਨਹੀਂ। ਤੂੰ ਕਿਹਾ ਸੀ ਕਿ ਮਰਦਾਨਿਆ! ਜਲਾਲ 'ਚ ਰਹੀਂ। ਦੇਖੀਂ ਪ੍ਰਮੇਸ਼ਰ ਦਾ ਨਾਮ ਭੁੱਲ ਬੈਠੇਂ। ਲੇਕਿਨ ਮੈਂ ਪਾਤਸ਼ਾਹ ਭੁੱਲ ਗਿਆ। ਰਾਗ ਦੇ ਵਿਚ ਮਸਤ ਹੋ ਗਿਆ। ਇਨ੍ਹਾਂ ਦੀ ਉਪਰਲੀ ਬਨਾਵਟ ਦੇ ਵਿਚ, ਅਤਿਥੀ ਸੇਵਾ ਦੇ ਵਿਚ ਮਸਤ ਹੋ ਕੇ ਮੇਰੇ ਯਾਦ ਨਾ ਰਿਹਾ ਤੇ ਮੈਂ ਬੁਰੀ ਤਰ੍ਹਾਂ ਫਸ ਗਿਆ। ਆਪ ਮੇਰੇ ਤੇ ਕ੍ਰਿਪਾ ਕਰੋ।

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਭਾਈ ਬਾਲਾ! ਮਰਦਾਨਾ ਨਹੀਂ ਆਇਆ। ਉਹ ਤਾਂ ਕਹਿੰਦਾ ਸੀ ਕਿ ਮੈਂ ਹੁਣ ਆਇਆ। ਇਹ ਤਾਂ ਬਹੁਤ ਸਮਾਂ ਲੰਘ ਗਿਆ, ਪਹਿਰ ਲੰਘ ਗਿਆ। ਕਹਿੰਦਾ, ਪਾਤਸ਼ਾਹ! ਪਤਾ ਨਹੀਂ ਕੀ ਗੱਲ ਹੋਈ। ਮਹਾਰਾਜ ਕਹਿਣ ਲੱਗੇ ਕਿ ਉਹ ਤਾਂ ਫਸ ਗਿਆ ਭਾਈ, ਅਰਦਾਸਾਂ ਕਰ ਰਿਹਾ ਹੈ, ਭੇਡੂ ਬਣਿਆ ਬੈਠਾ। ਹੁਣ ਆਪਣਾ ਬਿਰਦ ਹੈ ਉਹਦੀ ਮਦਦ ਕਰੀਏ -

***ਧਾਰਨਾ - ਔਖੀ ਘੜੀ ਨ ਦੇਖਣ ਦੇਵੇ***
***ਆਪਣਾ ਬਿਰਦ ਸੰਮਾਲਦਾ।***

***ਰੋਗਨ ਤੇ ਅਰ ਸੋਗਨ ਤੇ***
***ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥***
***ਸਤ੍ਰੁ ਅਨੇਕ ਚਲਾਵਤ ਘਾਵ***
***ਤਊ ਤਨ ਏਕ ਨ ਲਾਗਨ ਪਾਵੈ॥***
***ਰਾਖਤ ਹੈ ਅਪਨੋ ਕਰ ਦੈ ਕਰ***
***ਪਾਪ ਸਮੂੰਹ ਨ ਭੇਟਨ ਪਾਵੈ॥***
***ਔਰ ਕੀ ਬਾਤ ਕਹਾ ਕਹ ਤੋ ਸੌਂ,***
***ਸੁ ਪੇਟ ਹੀ ਕੇ ਪਟ ਬੀਚ ਬਚਾਵੈ॥***

***ਅਉਖੀ ਘੜੀ ਨ ਦੇਖਣ ਦੇਈ***
***ਅਪਨਾ ਬਿਰਦੁ ਸਮਾਲੇ ॥***
***ਹਾਥ ਦੇਇ ਰਾਖੈ ਅਪਨੇ ਕਉ***
***ਸਾਸਿ ਸਾਸਿ ਪ੍ਰਤਿਪਾਲੇ ॥੧॥ ਅੰਗ - ੬੮੨***

ਕਹਿੰਦੇ ਭਾਈ ਬਾਲਾ! ਮਰਦਾਨਾ ਕੁਥਾਂਹ ਫਸ ਗਿਆ ਤੇ ਆਪਾਂ ਛੇਤੀ ਚੱਲੀਏ। ਕਹਿਣ ਲੱਗੇ, ਉਹ ਤਾਂ ਜਾਦੂ ਟੂਣੇ ਦੇ ਅੜਿੱਕੇ ਆ ਗਿਆ। ਗੁਰੂ ਨਾਨਕ ਪਾਤਸ਼ਾਹ ਉਠ ਕੇ ਤੁਰ ਪੈਂਦੇ ਨੇ। ਹੱਥ 'ਚ ਆਪ ਦੇ ਬਰਛਾ ਹੈ। ਸ਼ਹਿਰ ਦੇ ਵਿਚ ਆ ਗਏ। ਉਥੇ ਅੱਗੇ ਕੀ ਦੇਖਦੇ ਨੇ ਕਿ ਪੰਜ ਚਾਰ ਇਸਤਰੀਆਂ ਗਾਗਰਾਂ ਲਈਂ ਤੁਰੀਆਂ ਆਉਂਦੀਆਂ ਨੇ ਪਾਣੀ ਦੀਆਂ ਭਰੀਆਂ ਹੋਈਆਂ ਤੇ ਦੂਰੋਂ ਹੀ ਦੇਖ ਕੇ ਵੰਡੀਆਂ ਪਾ ਰਹੀਆਂ ਨੇ। ਕੋਈ ਕਹਿੰਦੀ ਹੈ ਕਿ ਇਹਦੇ ਮੈਂ ਧਾਗਾ ਪਾਵਾਂਗੀ। ਐਹਦੇ ਮੈਂ ਪਾਵਾਂਗੀ। ਮਹਾਰਾਜ ਕਹਿਣ ਲੱਗੇ, ਭਾਈ ਬਾਲਾ! ਇਹ ਨਿਗੁਰੇ ਨਰ ਨੇ, ਮਨਮੁਖ ਨੇ ਇਹ। ਇਹ ਸ਼ੁਸ਼ੀਲ ਨਹੀਂ ਹੈਗੇ, ਅਸ਼ਲੀਲ ਬੰਦੇ ਨੇ, ਚਰਿੱਤਰ ਤੋਂ ਗਿਰੇ ਹੋਏ ਬੰਦੇ ਨੇ, ਇਨ੍ਹਾਂ ਨੂੰ ਪ੍ਰਮੇਸ਼ਰ ਦੀ ਸੋਝੀ ਨਹੀਂ ਹੈ, ਵਿਸ਼ੇ ਵਿਕਾਰਾਂ 'ਚ ਪਏ ਹੋਏ ਨੇ।

***ਨਿਗੁਰੇ ਨਰ ਮੂਰਖ ਸੇ ਲਖਿਯੇ***
***ਬਹੁ ਜੋਖਤਾ ਜੋਰ ਸੁਸ਼ੀਲ ਬਿਹੀਨਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 541***

ਚਰਿੱਤਰ ਨਹੀਂ ਹੈ ਇਨ੍ਹਾਂ ਦਾ, ਚਰਿੱਤਰ ਤੋਂ ਗਿਰੇ ਹੋਏ ਹੈਗੇ ਨੇ ਇਹ ਸ਼ਹਿਰ ਸਾਰੇ। ਸੋ ਐਨੇ ਨੂੰ ਨੇੜੇ ਆ ਗਿਆ। ਕਈ ਤਰ੍ਹਾਂ ਦੇ ਹਾਵ ਭਾਵ ਕਰਦੀਆਂ ਨੇ, ਗੁਰੂ

ਨਾਨਕ ਪਾਤਸ਼ਾਹ ਕਹਿਣ ਲੱਗੇ ਬੀਬੀਓ! ਸਾਡਾ ਬੰਦਾ ਆਇਆ ਸੀ ਇਥੇ। ਕਹਿਣ ਲੱਗੀਆਂ ਕਿ ਇਥੇ ਤਾਂ ਕੋਈ ਆਇਆ ਹੀ ਨਹੀਂ ਹੈ। ਮਹਾਰਾਜ ਕਹਿੰਦੇ, ਆਇਆ ਕਿਉਂ ਨਹੀਂ, ਆਇਆ ਹੈ, ਤੁਹਾਡੇ ਹੀ ਆਇਆ ਹੈ, ਜਿਹੜੀ ਮੂਹਰੇ ਸੀ। ਕਹਿੰਦੀ, ਮੇਰੇ ਦੇਖ ਲਓ, ਕੋਈ ਸੂਈ ਤਾਂ ਨਹੀਂ ਜਿਹੜੀ ਗਵਾਚ ਗਈ। ਜਾ ਕੇ ਤੁਸੀਂ ਦੇਖ ਸਕਦੇ ਓਂ।

ਉਸ ਵੇਲੇ ਜਦੋਂ ਜਾਦੂ ਕਰਦੀਆਂ ਨੇ, ਹਿਪਨੋਟਾਈਜ਼ ਕਰਨ ਦਾ ਯਤਨ ਕਰਦੀਆਂ ਨੇ, ਉਸ ਵੇਲੇ ਮਹਾਰਾਜ ਨੇ ਜਦੋਂ ਉਨ੍ਹਾਂ ਦੇ ਚੰਚਲ ਹਾਵ ਭਾਵ ਦੇਖੇ, ਉਸ ਵੇਲੇ ਕਹਿਣ ਲੱਗੇ ਬੀਬੀਓ! ਤੁਸੀਂ ਤਾਂ ਕੱਲਰ ਦੀਆਂ ਵਣਜਾਰੀਆਂ ਹੋਂ।

***ਕਲਰ ਕੀ ਵਣਜਾਰੀਆਂ ਝੂੰਗੇ ਮੁਸਕ ਮੰਗਨਿ॥***

***ਜਨਮਸਾਖੀ***

ਝੂੰਗੇ 'ਚ ਤੁਸੀਂ ਖੁਸ਼ਬੂ ਚਾਹੁੰਦੀਆਂ ਹੋਂ। ਵਪਾਰ ਕਰਦੀਆਂ ਹੋਂ ਤੁਸੀਂ ਕੱਲਰ ਦਾ।

***ਅਮਲਾਂ ਬਾਝਹੁ ਨਾਨਕਾ ਕਿਉ ਕਰ ਕੰਤ ਮਿਲੇਨ॥***

***ਜਨਮਸਾਖੀ***

ਚੰਗੇ ਅਮਲਾਂ ਤੋਂ ਬਿਨਾਂ ਤੁਸੀਂ ਕਿਸ ਤਰ੍ਹਾਂ ਮਿਲੋਂਗੀਆਂ ਪ੍ਰਮੇਸ਼ਰ ਨੂੰ ਜਾ ਕੇ।

***ਯੌਂ ਕਹਿਤੇ ਸਿਰ ਕੁੰਭ ਲਗਯੋ......।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 542***

ਜਦੋਂ ਮਹਾਰਾਜ ਨੇ ਇਹ ਬਚਨ ਉਚਾਰਿਆ, ਉਸੇ ਵੇਲੇ ਜਿਹੜਾ ਕੁੰਭ ਸੀ ਉਹ ਸਿਰ ਨਾਲ ਜੁੜ ਗਿਆ।

***......ਉਤਰੈ ਨ ਤਰੈ ਰਹੀ ਹਾਰ ਉਤਾਰੀ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 542***

ਹੇਠਾਂ ਨਹੀਂ ਉਤਰ ਰਿਹਾ, ਬਥੇਰਾ ਉਹਨੇ ਜ਼ੋਰ ਲਾਇਆ। ਬਥੇਰਾ ਓਹਨੇ ਜ਼ੋਰ ਲਾਇਆ ਕਿ ਮੈਂ ਲਾਹ ਕੇ ਹੇਠਾਂ ਰੱਖ ਦੇਵਾਂ ਤੇ ਮਹਾਰਾਜ ਅੰਦਰ ਚਲੇ ਗਏ ਤੇ ਓਧਰ ਦੇਖਦੇ ਨੇ ਕਿ ਮਰਦਾਨਾ ਖੜ੍ਹਾ ਹੋ ਗਿਆ। ਖੜ੍ਹਾ ਹੋ ਕੇ ਹੁਣ ਬੋਲ ਨਹੀਂ ਸਕਦਾ –

***'ਭਯਾਂ ਭਯਾਂ' ਭਨੀ ਮਰਦਾਨੇ***
***ਜਬੈ ਕਹੁ ਵਾਹਿਗੁਰੂ ਗੁਰਬਾਨੀ ਉਚਾਰੀ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 542***

ਜਦੋਂ ਦੇਖਿਆ ਭਿੰਆਂ-ਭਿੰਆਂ ਕਰਦੇ। ਮਹਾਰਾਜ ਨੇ 'ਕਹੁ ਵਾਹਿਗੁਰੂ' ਐਨਾ ਹੀ ਉਚਾਰਿਆ ਹੈ। ਉਸੇ ਵੇਲੇ ਉਹਦਾ ਤੰਦ ਗਲ 'ਚੋਂ ਟੁੱਟ ਪਿਆ ਤੇ ਪੁਛਿਆ ਕਿ ਮਰਦਾਨਿਆਂ! ਕਿੱਥੇ ਗਿਆ ਤੇਰਾ ਕੀਰਤਨ?

"ਪਾਤਸ਼ਾਹ! ਹੁਣ ਤਾਂ ਮੈਨੂੰ ਬਖਸ਼ ਹੀ ਲਓ। ਤੁਸੀਂ ਕਿਹਾ ਸੀ ਕਿ ਜਲਾਲ 'ਚ ਰਹੀਂ, ਮੈਂ ਜਲਾਲ 'ਚ ਨਾ ਰਿਹਾ। ਮੈਂ ਇਨ੍ਹਾਂ ਦੇ ਰਾਗ ਵਿਚ ਫਸ ਗਿਆ, ਰਾਗ 'ਚ ਮਸਤ ਹੋ ਗਿਆ। ਮੈਂ ਗਿਣਨ ਲੱਗ ਗਿਆ ਕਿ ਗਉੜੀ ਦੀਆਂ ਐਨੀਆਂ ਮਾਤਰਾਂ ਵਜਾ ਰਹੀ ਹੈ। ਅੰਤਰਾ ਇਹਦਾ ਠੀਕ ਹੈ ਤੇ ਹੁਣ ਮਾਲ ਕਉਂਸ ਦੀਆਂ ਵਜਾ ਰਹੀ ਹੈ ਤੇ ਐਨੇ 'ਚ ਮੇਰੀ ਲਿਵ ਟੁੱਟ ਗਈ ਨਾਮ ਦੇ ਨਾਲੋਂ। ਐਨੇ ਚਿਰ 'ਚ ਮਹਾਰਾਜ ਮੈਂ ਕਾਬੂ ਹੋ ਗਿਆ।"

ਸੋ ਉਸ ਵੇਲੇ ਮਹਾਰਾਜ ਕਹਿਣ ਲੱਗੇ ਕਿ ਤੁਹਾਡਾ ਛੁਟਕਾਰਾ ਨਹੀਂ ਹੋਣਾ ਦਰਗਾਹ 'ਚ ਜਾ ਕੇ। ਉਥੇ ਤੁਸੀਂ ਦੁਖੀ ਹੋਵੋਂਗੀਆਂ। ਕੀ ਮੂੰਹ ਦਿਖਾਵੋਂਗੀਆਂ, ਉਥੇ ਜਾ ਕੇ?

***ਧਾਰਨਾ – ਜਦੋਂ ਪੈ ਗਿਆ ਲੇਖਾ ਦੇਣਾ,***
***ਉਥੇ ਕੀ ਮੂੰਹ ਦੇਵੇਂਗੀ।***

ਘੜਾ ਨਹੀਂ ਲਹਿ ਰਿਹਾ ਸਿਰ ਤੋਂ। ਆਂਢਣਾਂ-ਗੁਆਢਣਾਂ ਸਾਰੀਆਂ ਇਕੱਠੀਆਂ ਹੋ ਕੇ ਬੜਾ ਹੀ ਜਾਦੂ ਕਰ ਰਹੀਆਂ ਨੇ, ਜਿੰਨੇ ਮੰਤਰ ਜੰਤਰ ਯਾਦ ਸੀ ਸਾਰੇ ਜ਼ੋਰ ਲਾ ਲਏ। ਇਕੱਠ ਹੋ ਗਿਆ ਮਹਾਰਾਜ ਦੇ ਦੁਆਲੇ। ਮਹਾਰਾਜ ਕਹਿੰਦੇ ਬੀਬੀਓ! ਵਾਹਿਗੁਰੂ ਨੇ ਤਾਂ ਤੁਹਾਨੂੰ ਨਹੀਂ ਮਿਲਣਾ, ਨਰਕਾਂ 'ਚ ਜਾਓਂਗੀਆਂ, ਉਥੇ ਲੇਖਾ ਕੀ ਦੇਵੋਂਗੀਆਂ।

***ਅੰਬਰਿ ਕੂੰਜਾ ਕੁਰਲੀਆ***
***ਬਗ ਬਹਿਠੇ ਆਇ ਜੀਉ॥***
***ਸਾ ਧਨ ਚਲੀ ਸਾਹੁਰੈ ਕਿਆ***
***ਮੁਹੁ ਦੇਸੀ ਅਗੈ ਜਾਇ ਜੀਉ ॥ ਅੰਗ – ੭੬੨***

ਉਥੇ ਜਾ ਕੇ ਕੀ ਮੂੰਹ ਦੇਵੋਂਗੀਆਂ। ਵਿਸ਼ੇ-ਵਿਕਾਰਾਂ 'ਚ ਤੁਹਾਡੀ ਬਿਰਤੀ ਪਈ ਹੋਈ ਹੈ। ਬੰਦੇ ਬਾਹਰੋਂ ਆਉਂਦੇ ਨੇ, ਕਾਬੂ ਕਰ ਲੈਂਦੀਆਂ ਹੋਂ। ਕਿਸੇ ਨੂੰ ਜਾਨਵਰ ਬਣਾ ਲਿਆ, ਕਿਸੇ ਨੂੰ ਕੁਛ ਬਣਾ ਲਿਆ। ਇਹ ਵਿਸ਼ੇ ਵਿਕਾਰਾਂ ਨੇ ਤਾਂ ਤੁਹਾਡੇ ਨਾਲ ਨਹੀਂ ਜਾਣਾ। ਉਥੇ ਔਖੀਆਂ ਹੋ ਜਾਓਂਗੀਆਂ।

ਇਕ ਵਾਰੀ ਇਕ ਵੱਡਾ ਕੋਈ ਆਫੀਸਰ ਸੀ ਮੈਜਿਸਟਰੇਟ, ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਸੁਣਾਉਂਦੇ ਹੁੰਦੇ ਸੀ। ਕਹਿਣ ਲੱਗੇ, ਉਹ ਕੋਈ ਫੈਸਲਾ ਲਿਖ ਰਿਹਾ ਸੀ। ਰਿਸ਼ਵਤ ਲੈ ਲਈ ਤੇ ਲੈ ਕੇ ਜਿਹੜਾ ਬੰਦਾ ਬੇਗੁਨਾਹ ਸੀ, ਉਸ ਦੇ ਉਤੇ ਗੁਨਾਹ ਥਾਪ ਕੇ ਉਸਨੂੰ ਫਸਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਧਰਲੇ ਪਾਸੇ ਉਹ ਜੇਲ੍ਹ 'ਚ ਬੈਠਾ ਅਰਦਾਸਾਂ ਕਰ ਰਿਹਾ, ਬਾਣੀ ਪੜ੍ਹ ਰਿਹਾ ਹੈ, ਬਾਰ-ਬਾਰ ਪ੍ਰਭੂ ਕੋਲ ਅਰਦਾਸ ਕਰਦਾ ਹੈ ਹੇ ਪ੍ਰਭੂ! ਹੁਣ ਮੇਰੀ ਲਾਜ ਰੱਖੋ। ਝੂਠੇ ਗਵਾਹ ਮੇਰੇ ਖਿਲਾਫ ਭੁਗਤ ਗਏ ਨੇ, ਸਾਰਾ ਝੂਠ ਹੀ ਝੂਠ ਦੇ ਜਾਲ ਵਿਚ ਮੈਂ ਫਸ ਗਿਆ। ਹੁਣ ਤਾਂ ਤੂੰਹੀ

ਬਹੁੜ ਸਕਦਾ ਹੈਂ, ਹੋਰ ਕੋਈ ਬਹੁੜ ਨਹੀਂ ਸਕਦਾ। ਕੋਈ ਨਹੀਂ ਹੈ ਮੇਰੀ ਲਾਜ ਰੱਖ।

*ਅਬ ਰਾਖਹੁ ਦਾਸ ਭਾਟ ਕੀ ਲਾਜ ॥*
*ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ*
*ਹਰਨਾਖਸ ਫਾਰੇ ਕਰ ਆਜ ॥*
*ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ*
*ਛੀਨਤ ਬਸਤ੍ਰ ਦੀਨ ਬਹੁ ਸਾਜ ॥*
*ਸੋਦਾਮਾ ਅਪਦਾ ਤੇ ਰਾਖਿਆ*
*ਗਨਿਕਾ ਪੜ੍ਹਤ ਪੂਰੇ ਤਿਹ ਕਾਜ ॥*
*ਸ੍ਰੀ ਸਤਿਗੁਰ ਸੁਪ੍ਰਸੰਨ*
*ਕਲਜੁਗ ਹੋਇ ਰਾਖਹੁ ਦਾਸ ਭਾਟ ਕੀ ਲਾਜ ॥*
*ਅੰਗ - ੧੪੦੦*

ਹੇ ਪ੍ਰਭੂ ਹੁਣ ਮੇਰੀ ਰਾਜ ਰੱਖ ਜਿਵੇਂ ਦਰੋਪਤੀ ਦੀ ਰੱਖੀ ਸੀ। ਜਿਵੇਂ ਪ੍ਰਹਿਲਾਦ ਦੀ ਰੱਖੀ ਸੀ, ਸੱਚੇ ਦਿਲੋਂ ਅਰਦਾਸਾਂ ਕਰਦਾ ਹੈ। ਪ੍ਰਮੇਸ਼ਰ ਨੇ ਆਪਣਾ ਭੇਤ ਖੋਲ੍ਹ ਦਿਤਾ, ਗੁਪਤ ਭੇਤ। ਉਹ ਮੈਜਿਸਟਰੇਟ ਲਿਖ ਰਿਹਾ ਹੈ ਫੈਸਲਾ ਤੇ ਕੀ ਦੇਖਦਾ ਹੈ ਟੇਬਲ ਦੇ ਦੂਸਰੇ ਪਾਸੇ ਆ ਕੇ ਇਕ ਮਨੁੱਖ ਖੜ੍ਹਾ ਹੋ ਗਿਆ। ਹੋਰ ਕਿਸਮ ਦਾ, ਅਜੀਬ ਕਿਸਮ ਦਾ।

ਦੇਖ ਕੇ ਕਹਿਣ ਲੱਗਿਆ, "ਤੂੰ ਕਿੱਥੋਂ ਆ ਗਿਆ? ਬੋਲਟ ਬੰਦ ਹੈ, ਕੀ ਤੂੰ ਟੇਬਲ ਥੱਲੇ ਛੁਪਿਆ ਹੋਇਆ ਸੀ?"

ਕਹਿੰਦਾ, 'ਨਾ ਹੀ ਮੈਂ ਟੇਬਲ ਥੱਲੇ ਨਹੀਂ ਛੁਪਿਆ ਹੋਇਆ, ਹਾਂ ਤਾਂ ਮੈਂ ਛੁਪਿਆ ਹੋਇਆ, ਪਰ ਟੇਬਲ ਥੱਲੇ ਨਹੀਂ, ਨਾ ਮੈਂ ਤੇਰੇ ਕਮਰੇ ਦੇ ਕਿਸੇ ਕੋਨੇ ਵਿਚ ਛੁਪਿਆ ਹੋਇਆ ਹਾਂ।"

ਕਹਿੰਦਾ, "ਕਿੱਥੇ ਹੈਂ?"

ਕਹਿੰਦਾ, "ਤੇਰੇ ਮੋਢਿਆਂ ਤੇ ਬੈਠਾ ਹਾਂ।"

ਕਹਿੰਦਾ, "ਮੋਢਿਆਂ ਤੇ ਬੈਠਾ ਹੈਂ?"

ਕਹਿੰਦਾ, "ਹਾਂ। ਦੇਖ ਲੈ, ਦਰਵਾਜ਼ੇ ਬੰਦ, ਆਹ ਹੋ ਗਿਆ ਨਾ ਮੈਂ ਗਾਇਬ, ਮੇਰੀ ਆਵਾਜ਼ ਸੁਣਦੀ ਹੈ। ਲੈ ਮੈਂ ਹੁਣ ਫੇਰ ਪ੍ਰਗਟ ਹੋ ਗਿਆ।

ਕਹਿੰਦਾ, "ਤੇਰਾ ਨਾਉਂ ਕੀ ਹੈ?"

ਕਹਿੰਦਾ, ਮੇਰਾ ਨਾਉਂ ਹੈ **Secret** ਫੋਟੋਗਰਾਫਰ, ਚਿਤ੍ਰ ਗੁਪਤ ਕਹਿੰਦੇ ਨੇ, ਮੈਂ ਗੁਪਤ ਰਹਿ ਕੇ ਤੇਰੇ ਜੀਵਨ ਦੇ ਚਿੱਤਰ ਲੈਂਦਾ ਹੈ, ਜਿਵੇਂ ਫਿਲਮ ਲਈਦੀ ਹੈ। ਐਉਂ ਤੇਰੇ ਕਿਰਦਾਰ ਦੀ ਮੈਂ ਫਿਲਮ ਲੈ ਰਿਹਾ ਹਾਂ।

ਕਹਿੰਦਾ, ਮੇਰੀ ਫਿਲਮ ਕੀ ਹੈ ਦੱਸ ਸਕਦਾ ਹੈਂ?

ਕਹਿੰਦਾ, ਹਾਂ।

ਉਸੇ ਵੇਲੇ ਦੱਸ ਦਿੱਤਾ ਕਿ ਫਲਾਨੇ ਤੋਂ ਰਿਸ਼ਵਤ ਲਈ, ਫਲਾਨੇ ਤੋਂ ਲਈ।

ਕਹਿੰਦਾ, ਕਿੰਨੇ ਪਾਪ ਨੇ ਮੇਰੇ?

ਕਹਿੰਦਾ, 1150 ਪਾਪ ਹੈ। ਆਹ ਕਾਲੀ ਕਾਪੀ ਹੈ। ਆਹ ਚਿੱਟੀ ਦੇ ਉਤੇ ਕੁਛ ਨਹੀਂ ਲਿਖਿਆ ਹੋਇਆ, ਕਿਉਂਕਿ ਤੂੰ ਪੁੰਨ ਕਦੇ ਕਰਿਆ ਨਹੀਂ, ਨਾ ਤੂੰ ਪ੍ਰਮੇਸ਼ਰ ਨੂੰ ਮੰਨਦਾ ਹੈ। ਕਹਿੰਦਾ, ਹੋਏਗਾ ਕੀ?

ਕਹਿੰਦਾ, ਹੋਣਾ ਇਹ ਕਿ ਦਰਗਾਹ ਵਿਚ ਜਾਏਂਗਾ। ਜਿਵੇਂ ਤੇਰੀ ਆਹ ਕੋਰਟ ਹੈ ਐਵੇਂ ਸੱਚੀ ਕੋਰਟ ਹੇ ਉਥੇ।

*ਨਾਨਕ ਜੀਅ ਉਪਾਇ ਕੈ*
*ਲਿਖਿ ਨਾਵੈ ਧਰਮੁ ਬਹਾਲਿਆ ॥*
*ਓਥੈ ਸਚੇ ਹੀ ਸਚਿ ਨਿਬੜੈ*
*ਚੁਣਿ ਵਖਿ ਕਢੇ ਜਜਮਾਲਿਆ ॥*
*ਥਾਉ ਨ ਪਾਇਨਿ ਕੂੜਿਆਰ*
*ਮੁਹ ਕਾਲ੍ਹੈ ਦੋਜਕਿ ਚਾਲਿਆ ॥*
*ਤੇਰੈ ਨਾਇ ਰਤੇ ਸੇ ਜਿਣਿ ਗਏ*
*ਹਾਰਿ ਗਏ ਸਿ ਠਗਣ ਵਾਲਿਆ ॥*
*ਲਿਖਿ ਨਾਵੈ ਧਰਮੁ ਬਹਾਲਿਆ ॥ ਅੰਗ - ੪੬੩*
*ਆਪੀਨ੍ਹੈ ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ*
*ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥ ਅੰਗ - ੪੬੪*

ਉਥੇ ਲੇਖਾ ਹੋਣਾ ਹੈ -

*ਧਰਮ ਰਾਇ ਨੋ ਹੁਕਮੁ ਹੈ*
*ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥*
*ਅੰਗ - ੩੮*

ਜਿਵੇਂ ਤੈਨੂੰ ਹੁਕਮ ਹੈ ਨਾ ਸਰਕਾਰ ਦਾ। ਐਵੇਂ ਜਿਵੇਂ ਸੱਚੀ ਸਰਕਾਰ ਦਾ ਹੁਕਮ ਧਰਮਰਾਜ ਨੂੰ ਹੈ। ਜਿਨ੍ਹਾਂ ਨੇ ਪ੍ਰਮੇਸ਼ਰ ਨੂੰ ਨਹੀਂ ਮੰਨਿਆ, ਭੁੱਲ ਕੇ ਪਾਪ ਕੀਤੇ ਨੇ, ਕਹਿੰਦੇ, ਉਹ ਤੇਰੇ ਕੋਲ ਆਉਣਗੇ। ਫੇਰ ਉਥੇ ਹੁੰਦਾ ਕੀ ਹੈ?

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ॥*
*ਅੰਗ - ੧੨੮੧*

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ*
*ਤਿਉ ਮਥੇ ਧ੍ਰਮ ਰਾਇ ॥ ਅੰਗ - ੧੪੨੫*

ਜਿਵੇਂ ਦੁੱਧ ਰਿੜਕੀਦਾ ਹੈ ਐਉਂ ਮਧਾਣੀਆਂ ਨਾਲ ਉਥੇ ਰਿੜਕ ਦਿੰਦੇ ਨੇ। ਕੁੰਭੀ ਨਰਕ ਵਿਚ ਪਾ ਦਿੰਦੇ ਨੇ। ਫੇਰ ਹੋਵੇਂਗਾ ਫੇਰ ਕੁਛ ਨਹੀਂ ਬਣਨਾ ਉਸ ਵੇਲੇ।

ਡਰ ਗਿਆ, ਕਹਿਣ ਲੱਗਿਆ ਕਿ ਮੈਂ ਫੇਰ ਹੁਣ ਕੀ ਕਰਾਂ?

ਕਹਿਣ ਲੱਗਿਆ, ਹੁਣ ਵੀ ਤੂੰ ਫੈਸਲਾ ਗਲਤ ਕਰ ਰਿਹਾ ਹੈਂ, ਰਿਸ਼ਵਤ ਲੈ ਕੇ।

ਕਹਿੰਦੇ ਬਚਣਾ ਹੈ?

ਕਹਿੰਦਾ ਹਾਂ।

ਕਹਿੰਦੇ, ਫੇਰ ਜਿੰਨਾਂ ਪਾਪ ਦਾ ਧਨ ਹੈ ਨਾ ਸਾਰਾ, ਇਹਨੂੰ ਲੁਟਾ ਦੇ। ਭਜਨ ਕਰ ਕਿਸੇ ਮਹਾਂਪੁਰਸ਼ ਦੀ ਸ਼ਰਨ ਲੈ ਤੇ ਉਹਦੇ ਨਾਮ ਦੀ ਦਾਤ ਪ੍ਰਾਪਤ ਕਰ। ਸੇਵਾ ਕਰ ਸੰਸਾਰ ਦੀ। ਉਸੇ ਵੇਲੇ ਖਿਆਲ ਆਉਣ ਲਗ ਗਏ ਕਿ ਮੈਂ ਤਾਂ ਲੁਟਾ ਦੇਵਾਂ ਸਾਰਾ ਕੁਛ ਇਹ ਤਾਂ ਬਹੁਤ ਬੁਰੀ ਗੱਲ ਹੈ, ਮੈਨੂੰ ਤਾਂ ਪਤਾ ਹੀ ਨਹੀਂ ਸੀ।

ਚਿਤਰਗੁਪਤ ਨੇ ਲਿਖਣਾ ਸ਼ੁਰੂ ਕਰ ਦਿਤਾ।

ਕਹਿਣ ਲੱਗਿਆ, ਇਹ ਕੀ ਲਿਖ ਰਿਹਾ ਹੈਂ?

ਉਸ ਨੇ ਕਿਹਾ ਕਿ ਤੇਰੇ ਮਨ ਵਿਚ ਖਿਆਲ ਆ ਰਹੇ ਨੇ, ਨੇਕ ਕੰਮ ਹੋਵੇ ਚਾਹੇ ਨਾ ਹੋਵੇ ਤੇ ਖਿਆਲ ਦੇ ਨਾਲ ਹੀ ਅਸੀਂ ਲਿਖ ਲੈਂਦੇ ਹਾਂ, ਕਿਉਂਕਿ ਉਹਦਾ ਵੀ ਪੁੰਨ ਲਗਦਾ ਹੈ। ਮਾੜਾ ਕੰਮ ਕਲਜੁਗ ਦੇ ਵਿਚ ਜਦੋਂ ਤੱਕ ਆਦਮੀ ਸਰੀਰਕ ਤੌਰ ਤੇ ਨਹੀਂ ਕਰਦਾ ਓਨੀਂ ਦੇਰ ਤੱਕ ਮਨ ਨੂੰ ਮੈਲਾ ਤਾਂ ਜ਼ਰੂਰ ਕਰਦਾ ਹੈ, ਪਰ ਪਾਪ ਨਹੀਂ ਅਜੇ ਬਣਦਾ ਜਿੰਨੀ ਦੇਰ ਇਹ ਪਾਪ ਨਹੀਂ ਕਰਦਾ। ਇਸ ਕਰਕੇ ਜੋ ਨੇਕ ਖਿਆਲ ਤੇਰੇ ਮਨ ਵਿਚ ਆ ਰਹੇ ਨੇ ਉਹ ਮੈਂ ਲਿਖ ਰਿਹਾ ਹਾਂ। ਉਸ ਤੋਂ ਬਾਅਦ ਉਹ ਗਾਇਬ ਹੋ ਗਿਆ, ਗਾਇਬ ਹੋਣ ਤੋਂ ਬਾਅਦ ਅਰਦਾਸ ਸੁਣੀ ਗਈ। ਉਹਨੇ ਉਹ ਬਰੀ ਕਰ ਦਿਤਾ ਤੇ ਇਧਰਲੇ ਪਾਸੇ ਅਸਤੀਫਾ ਦੇ ਦਿਤਾ। ਘਰ ਬਾਰ ਲੁਟਾ ਦਿਤਾ ਸਾਰਾ। ਕੋਈ ਚੀਜ਼ ਨਾ ਰੱਖੀ ਕੋਲ। ਛੱਡ ਕੇ ਸਾਧੂ ਬਣ ਗਿਆ।

ਮਹਾਰਾਜ ਜੀ ਦੱਸਿਆ ਕਰਦੇ ਸੀ ਕਿ ਬਹੁਤ ਉਚ ਕੋਟੀ ਦਾ ਮਹਾਤਮਾ ਬਣਿਆ ਉਹ ਫੇਰ। ਕਿਉਂਕਿ ਉਹਨੇ ਅੱਖਾਂ ਨਾਲ ਦੇਖ ਲਿਆ।

ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ -

***ਅੰਬਰਿ ਕੂੰਜਾ ਕੁਰਲੀਆ***
***ਬਗ ਬਹਿਠੇ ਆਇ ਜੀਉ॥***
***ਸਾ ਧਨ ਚਲੀ ਸਾਹੁਰੈ ਕਿਆ***
***ਮੁਹੁ ਦੇਸੀ ਅਗੈ ਜਾਇ ਜੀਉ ॥ ਅੰਗ - ੭੬੨***

ਉਥੇ ਜਾ ਕੇ ਤਾਂ ਫੇਰ ਰੋਣਾ ਹੀ ਹੈ। ਮਾੜੇ ਕੰਮ ਕਰਨੇ ਨੇ। ਆਹ ਜਿਹੜਾ ਦੁਨੀਆਂ ਦੇ ਨਾਲ ਸੰਸਾਰ ਨੇ ਚਿੱਤ ਲਾ ਲਿਆ ਨਾ ਝੂਠੀ ਦੁਨੀਆਂ ਦੇ ਨਾਲ। ਮਹਾਰਾਜ ਕਹਿੰਦੇ ਇਹਦੇ ਵਿਚ ਤੈਨੂੰ ਲੱਭਣਾ ਨਹੀਂ ਕੁਛ ਪ੍ਰੇਮੀਆ। ਐਉਂ ਪੜ੍ਹ ਲਓ -

***ਧਾਰਨਾ - ਲਾ ਲਿਆ ਮੂਰਖਾ,***
***ਚਿੱਤ ਨਾਲ ਦੁਨੀਆਂ ਦੇ।***

***ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ ॥***
***ਸੇ ਵਸਤੂ ਸਹਿ ਦਿਤੀਆ***
***ਮੈ ਤਿਨ੍ ਸਿਉ ਲਾਇਆ ਚਿਤੁ ਜੀਉ ॥***
***ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ ॥***
***ਅੰਗ - ੭੬੨***

ਆਹ ਕੋਠੀਆਂ ਕੀ ਨੇ, ਮਿੱਟੀ ਪਕਾ ਕੇ ਇੱਟਾਂ ਲਾ ਲਈਆਂ, ਉਨ੍ਹਾਂ ਨਾਲ ਸੀਮਿੰਟ ਜੋੜ ਕੇ ਵਧੀਆ ਬਣਾ ਦਿਤੀ ਜੀ ਮੇਰੀ ਕੋਠੀ ਬਹੁਤ ਵਧੀਆ ਹੈ, ਪੱਥਰ ਕੱਢ ਲਏ, ਕਿਸੇ ਨੇ ਸੰਗਮਰਮਰ ਕੱਢ ਲਿਆ, ਕਿਸੇ ਨੇ ਚਿਪਸ ਕੱਢ ਲਏ। ਇਹਦੇ ਨਾਲ ਮਹਾਰਾਜ ਕਹਿੰਦੇ ਚਿੱਤ ਲਾ ਲਿਆ।

***ਹਉ ਏਨੀ ਟੋਲੀ ਭੁਲੀਅਸੁ***
***ਤਿਸੁ ਕੰਤ ਨ ਬੈਠੀ ਪਾਸਿ ਜੀਉ ॥***
***ਅੰਗ - ੭੬੨***

ਸਮਝਾ ਰਹੇ ਨੇ ਤੇ ਓਧਰਲੇ ਪਾਸੇ ਘੜਾ ਨਹੀਂ ਲਹਿ ਰਿਹਾ। ਜਾਦੂ ਕਰ-ਕਰ ਕੇ ਹਾਰ ਗਈਆਂ। ਉਸ ਵੇਲੇ ਨੂਰਸ਼ਾਹ ਨੂੰ ਪਤਾ ਲੱਗਿਆ, ਜਾ ਕੇ ਦੱਸਿਆ ਕਿ ਇਕ ਕੋਈ ਐਸਾ ਸੰਤ ਆਇਆ ਹੈ ਅਸੀਂ ਸਭ ਹਾਰ ਗਈਆਂ, ਉਹਦੇ ਉਤੇ ਸਾਡਾ ਕੋਈ ਜਾਦੂ ਨਹੀਂ ਚਲ ਰਿਹਾ। ਉਹ ਕਹਿਣ ਲੱਗੀ, ਹੈਂ ਐਸਾ ਵੀ ਕੋਈ ਮਨੁੱਖ ਹੈ ਦੁਨੀਆਂ 'ਚ ਜਿਹਦੇ 'ਤੇ ਸਾਡਾ ਜਾਦੂ ਨਾ ਚੱਲੇ। ਉਸ ਵੇਲੇ ਉਸ ਨੇ ਸਾਰੇ ਸੁਨੇਹੇ ਭੇਜੇ ਕਿ ਜਲਦੀ ਆਓ ਸਾਰੀਆਂ। ਇਤਿਹਾਸ 'ਚ ਲਿਖਿਆ ਹੈ ਕਿ ਕੋਈ ਦਰਖਤ ਦੇ ਉਤੇ ਬੈਠ ਗਈ, ਕੋਈ ਅੱਗ ਦੇ ਵਿਚ ਬੈਠੀ ਆਉਂਦੀ ਹੈ, ਕੋਈ ਹਵਾ 'ਚ ਉਡੀ ਆਉਂਦੀ ਹੈ, ਕੋਈ ਕਿਸੇ ਤਰੀਕੇ ਨਾ, ਕੋਈ ਡਰਾਉਣੀਆਂ ਚੀਜ਼ਾਂ ਹੇਠਾਂ ਰੱਖੀਂ ਆ ਰਹੀ ਹੈ।

ਕਹਿੰਦੇ, ਆਹ ਜਿਹੜੇ ਖੜ੍ਹੇ ਨੇ ਘੜਾ ਤਾਰ ਇਨ੍ਹਾਂ ਨੂੰ ਕਾਬੂ ਕਰੋ। ਉਸ ਵੇਲੇ ਸਾਰੀਆਂ ਹੀ ਹਾਰ ਗਈਆਂ, ਗੁਰੂ ਨਾਨਕ ਦੇ ਉਤੇ ਜਿਹੜੀ ਤ੍ਰਾਟਕ ਕਰਨ ਲਗਦੀ ਹੈ, ਦੜੰਮ ਕਰਕੇ ਥੱਲੇ ਗਿਰ ਜਾਂਦੀ ਹੈ। ਅਖੀਰ ਨੂਰਸ਼ਾਹ ਨੇ, ਪੂਰੇ ਸਾਜੋ ਸਮਾਨ ਨਾਲ ਉਠੀ ਕਿ ਹੈਂ ਇਹ ਤਾਂ ਮੈਨੂੰ ਹੀ ਕਰਨਾ ਪੈਣਾ ਹੈ।

ਗੁਰੂ ਨਾਨਕ ਪਾਤਸ਼ਾਹ ਨੇ ਦੋਵੇਂ ਸ਼ਬਦ ਉਚਾਰੇ। ਉਸ ਨੇ ਕਿਹਾ ਕਿ ਜਾਦੂ ਕਰ ਰਿਹਾ ਹੈ ਮੇਰੇ ਤੇ। ਮੈਂ ਨਹੀਂ ਸੁਣਦੀ ਕੰਨਾਂ ਦੇ ਨਾਲ। ਗੁਰੂ ਨਾਨਕ ਵਲ ਤ੍ਰਾਟਕ ਕਰਨ ਲੱਗ ਗਈ, ਬੇਅੰਤ ਜਾਦੂ ਦੇ ਤਰੀਕੇ ਕਰੇ, ਲੇਕਿਨ ਅਖੀਰ ਹੋਇਆ ਕੀ, ਟੁੱਟ ਗਈ। ਜਿਵੇਂ ਬੰਦਾ ਬਹਾਦਰ, ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਗਏ ਨੇ ਉਥੇ। ਪਲੰਘ ਤੇ ਬੈਠ ਗਏ ਤੇ ਉਸ ਵੇਲੇ ਉਹਦੇ ਚੇਲਿਆਂ ਨੇ ਜਾ ਕੇ ਦੱਸਿਆ ਕਿ ਕੋਈ ਐਸਾ ਆਇਆ ਹੈ, ਪਲੰਘ ਦੇ ਉਤੇ ਬੈਠ ਗਿਆ, ਜਿਸ ਦੇ ਉਤੇ ਕੋਈ ਬੈਠ ਨਹੀਂ ਸਕਦਾ। ਕਹਿਣ ਲੱਗਿਆ, ਹੈਂ, ਤੁਸੀਂ ਹਟਾਇਆ ਨਹੀਂ? ਕਹਿੰਦੇ, ਜੀ ਉਹ ਤਾਂ ਸ਼ਸਤਰਧਾਰੀ ਹੈ। ਉਹ ਤਾਂ ਬਹੁਤ ਸ਼ਕਤੀਆਂ ਵਾਲੇ ਨੇ ਸਾਡਾ ਨਹੀਂ ਚਲਦੇ ਨੇ, ਅਸੀਂ ਤਾਂ ਦੇਖ ਕੇ ਹੀ ਕੰਬਣੇ ਸ਼ੁਰੂ ਹੋ ਗਏ ਹਾਂ ਉਨ੍ਹਾਂ ਨੂੰ। ਪਤਾ ਨਹੀਂ ਕਿੰਨਾ ਕੁ ਜਲਾਲ ਹੈ ਉਨ੍ਹਾਂ ਵਿਚ। ਉਨ੍ਹਾਂ ਦੇ ਸਿੰਘਾਂ 'ਚ ਹੀ ਬੇਅੰਤ ਜਲਾਲ ਹੈ। ਉਸ ਵੇਲੇ ਬੰਦੇ ਬਹਾਦਰ ਨ ਉਥੇ ਹੀ ਖੜ੍ਹੇ ਨੇ ਤ੍ਰਾਟਕ ਕਰਨਾ ਸ਼ੁਰੂ ਕਰ ਦਿਤਾ। ਬੀਰ ਭੇਜੇ ਉਸੇ ਵੇਲੇ ਚਾਰੇ ਪੰਜੇ ਕਿ ਜਾਓ ਜਾ ਕੇ ਮੰਜਾ ਉਲਟਾ ਦਿਓ। ਜਦੋਂ ਮੰਜਾ ਚੁੱਕਣ ਲੱਗੇ ਮਹਾਰਾਜ ਜੀ ਦਾ ਥੋੜ੍ਹਾ ਜਿਹਾ ਹਿੱਲਿਆ। ਮਹਾਰਾਜ ਜੀ ਆਪ ਤਾਂ ਦੂਜੇ ਤੇ ਬੈਠ ਗਏ ਤੇ ਉਹਦੇ ਉਤੇ ਆਪਣਾ ਤੀਰ ਰੱਖ ਦਿਤਾ। ਨਾਲ ਖੜ੍ਹਾ ਦਿਤਾ ਮੰਜੇ ਤੇ ਉਤੇ ਨਹੀਂ ਰੱਖਿਆ, ਬਰਾਬਰ ਖੜ੍ਹਾ ਕਰ ਦਿਤਾ। ਉਸ ਵੇਲੇ ਫੇਰ ਗਏ ਜਾ ਕੇ ਕਹਿਣ ਲੱਗੇ ਗੁਰੂ ਜੀ! ਉਹ ਆਪ ਨਹੀਂ ਬੈਠਾ ਉਹਨੇ ਤੀਰ ਰੱਖਿਆ ਹੋਇਆ ਹੈ, ਨਾਲ ਖੜ੍ਹਾ ਕੀਤਾ ਹੋਇਆ ਹੈ। ਕਹਿੰਦੇ, ਮੰਜਾ ਤਾਂ ਭੋਰਾ ਜਿੰਨਾ ਵੀ ਨਹੀਂ ਹਿਲਿਆ। ਕਹਿੰਦਾ, ਫੇਰ ਮੈਂ ਧਰਤੀ 'ਚ ਗਰਕ ਕਰ ਦਿੰਦਾ ਹਾਂ। ਬੀਰਾਂ ਨੂੰ ਕਹਿੰਦਾ, ਦੱਬ ਦਿਓ ਧਰਤੀ 'ਚ। ਹੁਣ ਧਰਤੀ 'ਚ ਨਹੀਂ ਜਾ ਰਿਹਾ, ਬਰਾਬਰ ਤੀਰ ਖੜ੍ਹਾ ਹੈ। ਉਸ ਵੇਲੇ ਗੁਰੂ ਸਾਹਿਬ ਦੇ ਉਤੇ ਤ੍ਰਾਟਕ ਕਰਦਾ ਹੈ, ਅਖੀਰ ਐਨਾ ਟੁੱਟ ਗਿਆ ਕਿ ਦੜੰਮ ਕਰਕੇ ਧਰਤੀ ਤੇ ਡਿੱਗ ਪਿਆ। ਬੇਹੋਸ਼ ਹੋ ਗਿਆ, ਚੁੱਕ ਕੇ ਲਿਆਂਦਾ ਤੇ ਮਹਾਰਾਜ ਜੀ ਦੇ ਸਾਮ੍ਹਣੇ ਆ ਕੇ ਹੈਰਾਨ ਹੋ ਗਿਆ ਤੇ ਚਰਨਾਂ ਤੇ ਢਹਿ ਪਿਆ ਕਿਉਂਕਿ ਤ੍ਰਾਟਕ ਚੱਲ ਨਾ ਸਕਿਆ। ਇਕ ਪਾਸੇ ਨਾਮ ਹੈ, ਇਕ ਪਾਸੇ ਜਾਦੂ ਹੈ ਸਾਧਸੰਗਤ ਜੀ! ਦੋਹਾਂ ਦਾ ਮੁਕਾਬਲਾ ਹੈ। ਗੁਰੂ ਨਾਨਕ ਪਾਤਸ਼ਾਹ ਤੇ ਤ੍ਰਾਟਕ ਕਰਦੀ ਦੜੰਮ ਕਰਕੇ ਥੱਲੇ ਡਿਗ ਗਈ। ਉਸ ਵੇਲੇ ਜਦੋਂ ਉਸਨੂੰ ਹੋਸ਼ ਆਈ ਤਾਂ ਮਹਾਰਾਜ ਜੀ ਦੇ ਚਰਨ ਫੜ ਲਏ ਉਸਨੇ। ਕਹਿਣ ਲੱਗੀ, ਪਾਤਸ਼ਾਹ! ਤੁਸੀਂ ਕੋਈ ਬਹੁਤ ਵੱਡੇ ਆ ਗਏ ਹੋਂ। ਅੱਜ ਤੱਕ ਤਾਂ ਕੋਈ ਪੀਰ, ਫਕੀਰ ਸਾਡੇ ਕੋਲੋਂ ਨਹੀਂ ਬਚ ਕੇ ਗਿਆ। ਬਹੁਤ ਸਾਰੇ ਵੱਡੇ ਨਾਮੀ-ਨਾਮੀ ਫਕੀਰ ਅਸੀਂ, ਕੋਈ ਪਸ਼ੂ ਬਣਾਇਆ ਹੋਇਆ ਹੈ, ਕੋਈ ਪੰਛੀ ਬਣਾਇਆ ਹੋਇਆ ਹੈ, ਕੋਈ ਬਾਂਦਰ ਬਣਾ ਕੇ ਰੱਖਿਆ ਹੋਇਆ, ਇਥੇ ਬੈਠੇ ਨੇ ਸਾਰੇ। ਇਕ ਤੁਸੀਂ ਆਏ ਹੋਂ ਜਿਹਦੇ ਅੱਗੇ ਸਾਡਾ ਕੋਈ ਜ਼ੋਰ ਨਹੀਂ ਚਲਦਾ। ਹੁਣ ਕ੍ਰਿਪਾ ਕਰੋ ਆਪ, ਅਸੀਂ ਬਹੁਤ ਪਛਤਾਉਂਦੀਆਂ ਹਾਂ ਕਿ ਤੁਹਾਡੇ ਬੰਦੇ ਨੂੰ ਇਹਨੇ ਭੇਡੂ ਬਣਾ ਲਿਆ ਤੇ ਹੁਣ ਇਹ ਘੜਾ ਨਹੀਂ ਲੈਹਿੰਦਾ ਕਿਸੇ ਤਰੀਕੇ ਘੜਾ ਲਾਹੋ।

ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ, ਬੀਬੀਓ! ਕਿੰਨੀਆਂ ਗਲਤ ਰਾਹ ਪਈਆਂ ਹੋਈਆਂ ਹੋਂ ਤੁਸੀਂ। ਕਿੱਡੇ-ਕਿੱਡੇ ਜਾਦੂ ਟੂਣੇ ਸਿੱਖੇ ਨੇ ਆਪਣਾ ਜਨਮ ਤੁਸੀਂ ਬਰਬਾਦ ਕਰ ਦਿਤਾ ਤੇ ਤੁਸੀਂ ਪ੍ਰਮੇਸ਼ਰ ਦੇ ਲੜ ਨਹੀਂ ਲੱਗੀਆਂ। ਪ੍ਰਮੇਸ਼ਰ ਦੇ ਨਾਮ ਦੀ ਮਹਿਮਾ ਦਾ ਤੁਹਾਨੂੰ ਪਤਾ ਨਹੀਂ ਲੱਗਿਆ। ਨਾਮ ਦਾ ਕੋਈ ਮੁੱਲ ਨਹੀਂ ਸੰਸਾਰ 'ਚ ਪਾ ਸਕਿਆ ਤੇ ਉਸ ਨਾਮ ਨੂੰ ਵਿਸਾਰ ਕੇ ਤੁਸੀਂ ਝੂਠੇ ਜਾਦੂਆਂ ਵਿਚ ਪਈਆਂ ਹੋਈਆਂ ਹੋਂ। ਉਹਦੀ ਕਦਰ, ਕੀਮਤ ਪਾਓ ਓਹਦੀ। ਕਿਉਂ ਜਿਹੜੇ ਦਾ ਕੋਈ ਮੁੱਲ ਨਹੀਂ ਹੈ -

***ਧਾਰਨਾ - ਨਾਮ ਅਮੋਲਾ ਜੀ, ਮੇਰਾ ਸਾਹਿਬ ਦਾ।***

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥***
***ਜਿਨਾ ਭਾਗ ਮਥਾਹਿ ਸੇ***
***ਨਾਨਕ ਹਰਿ ਰੰਗੁ ਮਾਣਦੋ॥ ਅੰਗ - ੮੧***

ਕਹਿਣ ਲੱਗੇ, ਬੱਚੀਓ! ਕਿੰਨਾ ਗਲਤ ਤੁਸੀਂ ਆਪਣਾ ਜੀਵਨ ਬਣਾਇਆ ਹੈ। ਮੰਤ੍ਰ, ਜੰਤ੍ਰ, ਤੰਤ੍ਰ 'ਚ ਪੈ ਕੇ ਨਰਕਾਂ ਦੀਆਂ ਭਾਗੀ ਬਣੀਆਂ ਹੋ। ਪ੍ਰਮੇਸ਼ਰ ਦੇ ਨਾਮ ਦੀ ਮਹਿਮਾ ਨੂੰ ਜਾਣੋ, ਜਿਸਦਾ ਕੋਈ ਮੁੱਲ ਨਹੀਂ ਜਾਣਦਾ। ਜਿਹਦੇ ਮੁਕਾਬਲੇ ਤੇ ਹੋਰ ਕੋਈ ਸ਼ਕਤੀ ਦੁਨੀਆਂ ਦੀ ਪਹੁੰਚ ਨਹੀਂ ਸਕਦੀ। ਕੋਈ ਰਿੱਧੀ, ਸਿੱਧੀ, ਨਾ ਕੋਈ ਨਾਟਕ ਨਾ ਕੋਈ ਚੇਟਕ।

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਉਨ੍ਹਾਂ ਨੇ ਬੇਨਤੀ ਕੀਤੀ ਤੇ ਨਾਮ ਦੀ ਮਹਿਮਾ ਜਨਾਉਣ ਵਾਸਤੇ ਗੁਰੂ ਨਾਨਕ ਪਾਤਸ਼ਾਹ ਨੇ -

***ਯੌਂ ਸੁਨਿਕੈ ਤਿਨ ਕੀ ਬਿਨਤੀ***
***ਪੁਨ ਸ਼੍ਰੀ ਗੁਰ ਆਨਨ ਬੈਨ ਅਲਾਯੋ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 545***

ਉਨ੍ਹਾਂ ਦੀ ਬੇਨਤੀ ਸੁਣ ਕੇ ਮਹਾਰਾਜ ਨੇ ਬਚਨ ਕੀਤਾ। ਕਹਿੰਦੇ ਹੁਣ ਤੁਸੀਂ ਜਿਹੜਾ ਸਾਰਿਆਂ ਮੰਤਰਾਂ ਤੋਂ ਵੱਡਾ ਮੰਤਰ ਹੈ ਉਹ ਅਸੀਂ ਤੁਹਾਨੂੰ ਦੱਸਦੇ ਹਾਂ, ਜਿਹਦੇ ਮੁਕਾਬਲੇ ਤੇ ਸੰਸਾਰ ਦੇ ਅੰਦਰ ਹੋਰ ਕੋਈ ਮੰਤਰ, ਜੰਤਰ ਹੈ ਨਹੀਂ। ਉਹ ਹੈ 'ਵਾਹਿਗੁਰੂ'। ਕਹਿੰਦੇ -

***'ਵਾਹਿਗੁਰੂ, ਕਹਿ ਲੇਉ ਉਤਾਰ........।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 545***

ਜਾਓ ਵਾਹਿਗੁਰੂ ਕਹੋ। ਤੁਹਾਡੇ ਮੰਤਰ ਨਹੀਂ ਇਥੇ ਚਲ ਸਕਦੇ। ਇਥੇ ਮੰਤਰ ਵਾਹਿਗੁਰੂ ਦਾ ਚਲਣਾ ਹੈ। ਉਸ

ਵੇਲੇ ਇਕ ਜਣੀ ਉਠੀ ਜਾ ਕੇ ਘੜੇ ਨੂੰ ਹੱਥ ਲਾਇਆ ਤੇ ਨਾਲ ਬੋਲੀ 'ਵਾਹਿਗੁਰੂ'। ਵਾਹਿਗੁਰੂ ਕਹਿੰਦੇ ਸਾਰ ਇਕ ਦਮ ਘੜਾ ਸਿਰ ਦੇ ਨਾਲੋਂ ਅੱਡ ਹੋ ਗਿਆ।

ਸਾਰੀਆਂ ਹੈਰਾਨ ਹੋ ਗਈਆਂ ਕਿ ਕਿੱਡਾ ਵੱਡਾ ਮੰਤਰ ਹੈ, ਅਸੀਂ ਤਾਂ ਵੱਡੇ-ਵੱਡੇ ਮੰਤਰ ਕਰ ਹਾਰੇ ਹਾਂ। ਬੜਾ ਜਫਰ ਜਾਲਿਆ ਹੈ, ਇਹ ਤਾਂ ਮੰਤਰ ਹੀ ਚਾਰ ਅੱਖਰਾਂ ਦਾ ਹੈ। ਇਹ ਮੰਤਰ ਨੂੰ ਕੀ ਕਹਿੰਦੇ ਨੇ, ਗੁਰਮੰਤਰ ਕਹਿੰਦੇ ਨੇ। ਜਿਹਨੂੰ ਇਹ ਪ੍ਰਾਪਤ ਨਹੀਂ ਨਾ ਹੋਇਆ -

***ਗੁਰ ਮੰਤ੍ਰ ਹੀਣਸੵ ਜੋ ਪ੍ਰਾਣੀ***
***ਧ੍ਰਿਗੰਤ ਜਨਮ ਭ੍ਰਸਟਣਹ॥ ਅੰਗ - ੧੩੫੬***

ਧਿਰਕਾਰ ਹੈ ਉਹਦਾ। ਭ੍ਰਿਸ਼ਟਿਆ ਹੋਇਆ ਬੰਦਾ ਹੈ ਜਿਹਨੂੰ ਇਹ ਗੁਰਮੰਤਰ ਪ੍ਰਾਪਤ ਨਹੀਂ ਹੋਇਆ।

***ਕੂਕਰਹ ਸੂਕਰਹ ਗਰਧਭਹ***
***ਕਾਕਹ ਸਰਪਨਹ ਤੁਲਿ ਖਲਹ ॥ ਅੰਗ - ੧੩੫੬***

ਕੁੱਤਾ, ਬਿੱਲਾ, ਸੂਰ, ਸੱਪ ਤੇ ਗਧੇ ਦੇ ਬਰਾਬਰ ਹੈ ਉਹ ਬੰਦਾ, ਜਿਹਨੂੰ ਏਸ ਮੰਤਰ ਦੀ ਪ੍ਰਾਪਤੀ ਨਹੀਂ ਹੋਈ। ਐਨਾ ਸ਼ਕਤੀ ਵਾਲਾ ਮੰਤਰ ਜਦੋਂ ਕਮਾਇਆ ਜਾਵੇ ਕੋਈ ਚੀਜ਼ ਇਹਦੇ ਮੁਕਾਬਲੇ ਤੇ ਨਹੀਂ ਆ ਸਕਦੀ।

ਇਕ ਵਾਰੀ ਬੀਬੀ ਜੀ ਦੇ ਪਿਤਾ ਜੀ (ਬੀਬੀ ਰਣਜੀਤ ਕੌਰ ਜੀ) ਆਪਣੇ ਪਿੰਡ ਜਾ ਰਹੇ ਨੇ, ਉਨ੍ਹਾਂ ਦੀ ਚਾਚੀ ਦੇ ਘਰ ਉਨ੍ਹਾਂ ਦੀ ਨੂੰਹ ਦੇ ਵਿਚ ਭੂਤਨੀ ਆਈ ਹੋਈ ਸੀ। ਜਦੋਂ ਬਾਪੂ ਜੀ ਗਲੀ ਵਿਚ ਤੁਰੀ ਜਾਂਦੇ ਨੇ ਗਲੀ ਵਿਚ ਤਾਂ ਉਹ ਹਾਕਾਂ ਮਾਰਨ ਲੱਗ ਗਈ ਕਿ ਹੀਰਾ ਸਿੰਆਂ! ਮੈਂ ਜਾਨੀ ਆਂ, ਮੈਂ ਜਾਨੀ ਆਂ। ਚੀਕਾਂ ਮਾਰਦੀ ਨੱਠ ਗਈ।

ਕਿਉਂਕਿ ਪਿਤਾ ਜੀ ਹਰ ਵਕਤ ਨਾਮ ਜਪਦੇ ਸੀ, ਕਦੇ ਕੋਈ ਸ੍ਵਾਸ ਨਹੀਂ ਸੀ ਉਨ੍ਹਾਂ ਦਾ ਜਿਹੜਾ ਨਾਮ ਤੋਂ ਬਗੈਰ ਜਾਵੇ। ਉਹ ਨਾਮ ਦੀ ਐਡੀ ਮਹਿਮਾ, ਜਪਦੇ ਤਾਂ ਜਾਂਦੇ ਨੇ ਗਲੀ ਵਿਚ ਤੇ ਉਹਦਾ ਅਸਰ ਕਿੱਥੇ ਪੈ ਗਿਆ, ਅੰਦਰ ਪਈ ਭੂਤਨੀ ਦੈ। ਉਹ ਚਾਚੀ ਦੌੜੀ ਆਈ ਉਨ੍ਹਾਂ ਕੋਲ, ਕਹਿਣ ਲੱਗੀ ਵੇ ਹੀਰਾ ਸਿੰਆਂ! ਉਰ੍ਹੇ ਆ। ਅੰਦਰ ਲੈ ਗਈ, ਕਹਿੰਦੀ ਆਹ ਬਹੂ ਬੀਮਾਰ ਪਈ ਹੈ, ਤੂੰ ਜਦੋਂ ਗਲੀ ਵਿਚੋਂ ਲੰਘੀ ਜਾਂਦਾ ਹੈਂ ਉਹ ਚੀਕਾਂ ਮਾਰ ਕੇ ਨੱਠ ਗਈ ਭੂਤਨੀ। ਬਾਪੂ ਜੀ ਨੂੰ ਤਰਸ ਆ ਗਿਆ, ਕਹਿੰਦੇ ਬੀਬੀ ਇਥੇ ਕੋਈ ਕਲਮ ਦੁਆਤ ਹੈ। ਉਹਨੇ ਲਿਆ ਦਿਤੀ, ਕਾਗਜ਼ ਪਾੜ੍ਹਿਆ ਉਹਦੇ ਉਤੇ ਆਪ ਨੇ ਵਾਹਿਗੁਰੂ ਲਿਖ ਦਿਤਾ, ਕਹਿੰਦੇ ਆਹ ਦਿਖਾ ਦੇਈਂ ਜਦ ਫੇਰ ਆਉਗੀ। ਜਦੋਂ ਫੇਰ ਆਈ, ਵਾਹਿਗੁਰੂ ਜਦੋਂ ਕਾਗਜ਼ ਖੋਲ੍ਹ ਕੇ ਦਿਖਾਇਆ, ਉਹਨੂੰ ਅੱਗ ਲੱਗ ਗਈ ਉਥੇ ਹੀ ਖਤਮ ਹੋ ਗਈ। ਮੁਕਤੀ ਹੀ ਹੋ ਗਈ ਉਹਦੀ ਅੱਖਰ ਦੇਖਦੇ ਸਾਰ। ਕਮਾਏ ਹੋਏ ਨਾਮ ਦਾ ਫਰਕ ਹੈ। ਵਾਹਿਗੂਰੂ ਦਾ ਨਾਮ ਹੈ ਕੋਈ ਕਮਾ ਲਓ। ਮੰਤ੍ਰ-ਜੰਤ੍ਰ ਕਮਾਉਂਦੇ ਨੇ, ਪਾਣੀਆਂ 'ਚ ਬੈਠਦੇ ਨੇ, ਚਿਲ੍ਹੇ ਕੱਟਦੇ ਨੇ, ਮਸਾਣ ਜਗਾਉਂਦੇ ਨੇ, ਬੇਅੰਤ ਤਰੀਕੇ ਕਰਦੇ ਨੇ, ਵਾਹਿਗੁਰੂ ਨਹੀਂ ਕਮਾ ਹੁੰਦਾ? ਜਿਹੜਾ ਵਾਹਿਗੁਰੂ ਕਮਾ ਲੈਂਦਾ ਹੈ, ਇਕ ਵਾਰੀ ਹੀ ਵਾਹਿਗੁਰੂ ਕਿਹਾ ਹੋਇਆ ਬਹੁਤ ਹੈ।

ਸੰਤ ਮਹਾਰਾਜ ਜੀ ਰਾੜੇ ਸਾਹਿਬ ਇਕ ਬੀਬੀ ਆਇਆ ਕਰਦੀ ਸੀ, ਉਹਦੀ ਕੋਈ ਸਹੇਲੀ ਸੀ ਉਹ ਮਰ ਗਈ। ਉਹ ਪਾਠ ਕਰਦੀ ਸੀ, ਵਿਚ ਤਾਂ ਆਇਆ ਨਾ ਕਰੇ, ਸਾਮ੍ਹਣੇ ਦਿਸੀ ਜਾਇਆ ਕਰੇ। ਇਕ ਦਿਨ ਉਹਨੇ ਬੇਨਤੀ ਕਰੀ ਕਿ ਮਹਾਰਾਜ! ਐਸ ਤਰ੍ਹਾਂ ਮੇਰੀ ਇਕ ਸਹੇਲੀ ਚੜ੍ਹਾਈ ਕਰ ਗਈ ਮੇਰੇ ਨਾਲ ਆਉਂਦੀ ਹੈ, ਲੇਕਿਨ ਜਿੱਥੇ ਆਪ ਦੀ ਹੱਦ ਸ਼ੁਰੂ ਹੁੰਦੀ ਹੈ ਉਸ ਤੋਂ ਬਾਹਰ ਠਹਿਰ ਜਾਂਦੀ ਹੈ। ਸਿੰਘ ਸੀਗੇ ਸਾਡੇ ਨਾਲ ਦੇ ਉਹ ਡੰਡੇ ਲੈ ਕੇ ਚਲੇ ਗਏ, ਕਹਿੰਦੇ ਬੀਬੀ ਸਾਨੂੰ ਦੱਸ। ਉਹ ਕਹਿੰਦੀ ਆਹ ਖੜ੍ਹੀ ਹੈ, ਉਹ ਡੰਡੇ ਮਾਰੀ ਜਾਣ, ਕਹਿੰਦੀ ਡੰਡੇ ਇਹਦੇ ਲਗਦੇ ਨਹੀਂ ਹੈਗੇ। ਦੂਜੇ ਦਿਨ ਮਹਾਰਾਜ ਜੀ ਕੋਲ ਫੇਰ ਬੇਨਤੀ ਕਰੀ। ਸਿੰਘਾਂ ਨੇ ਵੀ ਕਿਹਾ। ਮਹਾਰਾਜ ਜੀ ਨੇ ਚਾਰ ਅੱਖਰ ਲਿਖ ਦਿਤੇ ਕਹਿੰਦੇ ਲੈ ਬੀਬੀ! ਆਹ ਦਿਖਾ ਦੇਈਂ, ਜਦੋਂ ਦੂਸਰੇ ਦਿਨ ਆਈ ਨਾਲ ਤੁਰੀ, ਉਹਨੇ ਚਾਰੇ ਅੱਖਰ ਦਿਖਾ ਦਿਤੇ। ਮਹਾਰਾਜ ਜੀ ਨੂੰ ਦੱਸਿਆ ਕਿ ਉਹਦਾ ਤਾਂ ਭਭੂਕਾ ਜਿਹਾ ਬਣ ਕੇ ਖਤਮ ਹੋ ਗਈ। ਮਹਾਰਾਜ ਕਹਿੰਦੇ ਭਾਈ! ਉਹਦੀ ਦੇਹੀ ਪਲਟ ਗਈ ਤੇ ਹੁਣ ਏਸ ਪ੍ਰੇਤ ਪਿੰਜਰ 'ਚੋਂ ਨਿਕਲ ਗਈ। ਸੋ ਇਹ ਕਮਾਏ ਹੋਏ ਨਾਮ ਦੀ ਗੱਲ ਹੈ। ਸੋ ਮਹਾਰਾਜ ਨੇ ਉਸਨੂੰ ਕਹਿ ਦਿਤਾ। ਮਹਾਰਾਜ ਦੇ ਮੁਖਾਰਬਿੰਦ ਤੋਂ ਸੁਣਿਆ ਹੋਇਆ ਵਾਹਿਗੁਰੂ ਮੰਤਰ ਕਿੰਨਾ ਸ਼ਕਤੀਸ਼ਾਲ ਹੋ ਗਿਆ ਕਿ ਇਕੋ ਵਾਰੀ ਕਿਹਾ-

***'ਵਾਹਿਗੁਰੂ, ਕਹਿ ਲੇਉ ਉਤਾਰ'***
***ਉਠੀ ਤਤਕਾਲਕ ਬਾਲ ਹਿਲਾਯੋ।***
***ਨਾਮ ਉਚਾਰਤਿ ਹੀ ਉਤਰਾ ਘਟ,***
***ਤੀਯ ਅਚੰਭ ਸਭੈ ਉਰ ਪਾਯੋ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 545***

ਸਾਰੀਆਂ ਹੈਰਾਨ ਹੋ ਗਈਆਂ ਕਿ ਕਿੱਡਾ ਵੱਡਾ ਮੰਤਰ ਹੈ।

***ਆਨਿ ਉਪਾਇਨ ਭੂਰ ਧਰੀ,***
***ਮੁਕਤਾ ਸਭਿ ਹੀਰ ਤੇ ਚੀਰ ਮੰਗਾਯੋ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 545***

ਉਸ ਵੇਲੇ ਕਹਿਣ ਲੱਗੀਆਂ ਕਿ ਇਹ ਤਾਂ ਰੱਬ ਦਾ ਰੂਪ ਹੀ ਆ ਗਏ ਜਿਹੜਾ ਰੱਬ ਸੁਣਦੇ ਸੀ ਓਹੀ ਆ ਗਿਆ। ਛੇਤੀ ਕਰੋ ਉਸੇ ਵੇਲੇ ਘਰਾਂ ਦੇ ਵਿਚ ਜਾਂਦੀਆਂ ਨੇ ਬੇਅੰਤ ਵਸਤਰ, ਬੇਅੰਤ ਧਨ ਇਹ ਨੂਰਸ਼ਾਹ

ਜਿਹੜੀ ਇਥੇ ਦੀ ਮਾਲਕ ਸੀ, ਹੀਰੇ ਜਵਾਹਰਾਤ ਦੇ ਨਾਲ ਥਾਲ ਭਰ ਕੇ ਮਹਾਰਾਜ ਕੋਲ ਲੈ ਆਈ। ਬੇਨਤੀਆਂ ਕਰਦੀਆਂ ਨੇ ਕਿ ਮਹਾਰਾਜ! ਸਾਡੀ ਭੁੱਲ ਬਖਸ਼ ਦਿਓ। ਉਸ ਵੇਲੇ ਮਹਾਰਾਜ ਜੀ ਨੇ ਆਹ ਸ਼ਬਦ ਦਾ ਉਚਾਰਨ ਕੀਤਾ –

*ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ ॥*
*ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥*
*ਰੀਸਾ ਕਰਿਹ ਤਿਨਾੜੀਆ*
*ਜੋ ਸੇਵਹਿ ਦਰੁ ਖੜੀਆਹ॥*
*ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥*
*ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥*
*ਨਾਨਕ ਜਨਮੁ ਸਕਾਰਥਾ*
*ਜੇ ਤਿਨ ਕੈ ਸੰਗਿ ਮਿਲਾਹ॥ ਅੰਗ – ੮੫*

ਜਦੋਂ ਸ਼ਬਦ ਦਾ ਉਚਾਰਨ ਹੋਇਆ, ਮਤਲਬ ਸਮਝਿਆ ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਜੇ ਚਰਨਾਂ ਤੇ ਢਹਿ ਪਈਆਂ। ਪਾਤਸ਼ਾਹ! ਬਖਸ਼ ਲਓ, ਸਾਡੇ ਤੋਂ ਬੜੀ ਭਾਰੀ ਭੁੱਲ ਹੋ ਗਈ। ਨੂਰਸ਼ਾਹ ਨੇ ਆ ਕੇ ਦਰਵਾਜ਼ੇ ਖੋਲ੍ਹ ਦਿਤੇ, ਹੋਕਾ ਦੇ ਦਿਤਾ ਸ਼ਹਿਰ ਵਿਚ ਕਿ ਮੇਰਾ ਘਰ ਲੁੱਟ ਲਓ। ਇਹ ਪਾਪ ਦੀ ਕਮਾਈ ਨਾਲ ਭਰਿਆ ਹੋਇਆ ਘਰ ਲੁੱਟ ਲਓ। ਜਿੰਨੇ ਕਾਬੂ ਕੀਤੇ ਸੀ ਸਭ ਛੱਡ ਦਿਤੇ। ਸਾਰੇ ਗੁਰੂ ਨਾਨਕ ਦੇ ਚਰਨਾਂ 'ਚ ਪੀਰ, ਫਕੀਰ, ਸਾਧੂ, ਮਹਾਤਮਾ ਇਕੱਠੇ ਹੋ ਕੇ ਆਏ ਜਾਂਦੇ ਨੇ। ਪਾਤਸ਼ਾਹ! ਤੁਸੀਂ ਇਹ ਕੁਫਰ ਦਾ ਗੜ੍ਹ ਤੋੜ ਦਿਤਾ, ਚਰਨਾਂ ਤੇ ਢਹਿ ਪਈਆਂ ਤੇ ਨਾਮ ਦੀ ਮੰਗ ਕੀਤੀ, ਪਾਤਸ਼ਾਹ! ਸਾਨੂੰ ਨਾਮ ਦੇ, ਉਸ ਵੇਲੇ ਦੀਨ ਹੋ ਕੇ ਬੇਨਤੀਆਂ ਕਰਦੀਆਂ ਅਨੇਕ ਪ੍ਰਕਾਰ ਦੀਆਂ। ਮਹਾਰਾਜ ਜੀ ਨੂੰ ਤਰਸ ਆਇਆ ਤੇ ਆਪ ਨੇ ਚਰਨ ਪਾਹੁਲ ਦੇ ਕੇ, ਵਾਹਿਗੁਰੂ ਮੰਤਰ ਦਾ ਜਾਪ ਦੇ ਕੇ ਇਸ ਕੁਫਰਗੜ੍ਹ ਨੂੰ ਤੋੜ ਦਿਤਾ। ਨਾਮ ਵਲ ਲਾ ਦਿਤਾ ਤੇ ਜਦੋਂ ਮਹਾਰਾਜ ਜਾਣ ਲੱਗੇ ਉਸ ਵੇਲੇ ਕਹਿਣ ਲੱਗੀਆਂ, ਪਾਤਸ਼ਾਹ! ਸਾਨੂੰ ਕੋਈ ਨਿਸ਼ਾਨੀ ਦੇ ਕੇ ਜਾਓ, ਤਾਂ ਕਿ ਅਸੀਂ ਤੁਹਾਨੂੰ ਯਾਦ ਰੱਖੀਏ। ਮਹਾਰਾਜ ਜੀ ਦੇ ਹੱਥ ਵਿਚ ਬਰਛਾ ਸੀ, ਮਹਾਰਾਜ! ਕਹਿੰਦੇ ਲਓ ਬੀਬੀ ਆਹ ਬਰਛਾ ਰੱਖੋ ਤੇ ਪ੍ਰਮੇਸ਼ਰ ਨਾ ਭੁੱਲਣਾ। ਉਸ ਵੇਲੇ ਉਨ੍ਹਾਂ ਅਸਥਾਨ ਬਣਾਇਆ, ਅੱਜ ਉਸ ਅਸਥਾਨ ਦਾ ਨਾਮ ਗੁਰਦੁਆਰਾ ਬਰਛਾ ਸਾਹਿਬ। ਆਸਾਮ ਵਿਚ ਹੈ। ਜਿਥੇ-ਜਿਥੇ ਮਹਾਰਾਜ ਗਏ ਨੇ, ਨਾਮ ਦੀ ਮਹਿਮਾ ਦੇ ਬਾਰੇ ਦਸਦੇ ਸੀ ਕਿ ਨਾਟਕ, ਚੇਟਕ, ਰਿੱਧੀਆਂ-ਸਿੱਧੀਆਂ, ਟੂਣੇ, ਜਾਦੂ ਕੁਛ ਨਹੀਂ ਹੈਗਾ।

ਬੇਅੰਤ ਆਉਂਦੇ ਨੇ ਕਿ ਆਹ ਜੀ, ਜਾਦੂ ਹੋ ਗਿਆ, ਖਲਾ ਦਿਤਾ। ਮੈਂ ਕਿਹਾ ਤੁਸੀਂ ਨਾਮ ਜਪੋ। ਜਿਸ ਹਿਰਦੇ 'ਚ ਗੁਰੂ ਨਾਨਕ ਵਸ ਜਾਵੇ, ਜਿਥੇ ਗੁਰੂ ਨਾਨਕ ਦੇ ਚਰਨ ਪੈ ਜਾਣ ਨਾ ਜਿਸ ਮਸਤਕ ਦੇ ਵਿਚ, ਉਥੇ ਕੋਈ ਜਾਦੂ ਟੂਣਾ ਨੇੜੇ ਨਹੀਂ ਆ ਸਕਦਾ। ਮਾੜੀ ਜਿਹੀ ਗੱਲ ਹੈ ਲੇਕਿਨ ਜਾ ਕਿਉਂ ਰਹੀ ਹੈ ਕਿ ਨਾਮ ਦੀ ਮਹਿਮਾ ਦਾ ਨਹੀਂ ਪਤਾ ਹੈ ਕਿ ਨਾਮ ਐਡੀ ਵੱਡੀ ਚੀਜ਼ ਹੈ।

ਗੁਰੂ ਦਸਵੇਂ ਪਾਤਸ਼ਾਹ ਨੂੰ ਬੇਨਤੀ ਕਰੀ ਕਿ ਪਾਤਸ਼ਾਹ! ਜਾਦੂਗਰ ਜਾਦੂ ਕਰਦੇ ਨੇ ਕੋਈ ਟੂਣੇ ਕਰਦਾ ਹੈ, ਕੋਈ ਕੁਛ ਕਰਦਾ ਹੈ, ਗੁਰਸਿੱਖਾਂ ਦਾ ਬਚਾਅ ਵੀ ਹੈ ਕੋਈ? ਸਾਨੂੰ ਤਾਂ ਆਪ ਨੇ ਦੱਸਿਆ ਨਹੀਂ ਹੈ। ਆਪ ਕ੍ਰਿਪਾ ਕਰਕੇ ਦੱਸੋ ਸਾਨੂੰ ਕਿ ਕੋਈ ਐਸਾ ਮੰਤਰ ਹੈ ਜਿਹਨੂੰ ਪੜ੍ਹ ਕੇ ਅਸੀਂ ਇਨ੍ਹਾਂ ਬਲਾਵਾਂ ਤੋਂ ਬਚ ਰਹੀਏ? ਮਹਾਰਾਜ ਕਹਿਣ ਲੱਗੇ –

***ਸੁਨਿ ਕਲਗੀਧਰ ਉਚਰਯੋ ਨੀਕੋ।***
***ਜਾਨਹੁ ਪਰਮਮੰਤ੍ਰ ਜਪੁਜੀ ਕੋ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5571***

ਸਾਰਿਆਂ ਨਾਲੋਂ ਵੱਡਾ ਮੰਤਰ ਹੈ ਨਾ ਜੋ ਉਹ ਜਪੁਜੀ ਸਾਹਿਬ ਹੈ।

***ਅਹੈਂ ਮਾਨਸੀ ਪੰਚੀ ਅੱਛਰ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ- 5571***

ਜਿਹੜੇ ਪੱਚੀ ਅੱਖਰ ਨੇ ਨਾ –

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ਜਪੁ ॥***
***ਬਾਂਛਤਿ ਦੇ ਸਿਮਰਯੋ ਜਿਨ ਰਿਦ ਧਰਿ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ-5571***

ਜੋ ਚਿੱਤ 'ਚ ਇੱਛਿਆ ਹੋਏਗੀ, ਉਹ ਮਿਲ ਜਾਏਗੀ ਜਿਹੜਾ ਹਿਰਦੇ ਵਿਚ ਪਿਆਰ ਧਰ ਕੇ ਇਹਦਾ ਸਿਮਰਨ ਕਰੇਗਾ।

***ਭੂਤ, ਕਿ ਪ੍ਰੇਤ, ਡਾਕਨੀ ਡੀਠਿ।***
***ਸਹਿਤ ਪ੍ਰਤੀਤ ਪਠਹਿ ਦਿਢ ਨੀਠ।***
***ਬਾਂਛਤਿ ਦੇ ਸਿਮਰਯੋ ਜਿਨ ਰਿਦ ਧਰਿ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ-5571***

ਜਿਹੜਾ ਪ੍ਰਤੀਤ ਦੇ ਨਾਲ ਦ੍ਰਿੜ੍ਹ ਹੋ ਕੇ ਪੜ੍ਹਦਾ ਹੈ ਨਾ, ਉਹਦੇ ਨੇੜੇ ਨਹੀਂ ਆ ਕਦੇ।

***ਦਸਮੇ ਪਾਤਸ਼ਾਹੁ ਗੁਰ ਸਾਚੇ।***
***ਲਿਖਵਾਏ ਸ਼੍ਰੀ ਬਚਨ ਉਬਾਚੇ।***
***ਬਾਂਛਤਿ ਦੇ ਸਿਮਰਯੋ ਜਿਨ ਰਿਦ ਧਰਿ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ-5572***

ਕਹਿੰਦੇ ਲਿਖ ਲਓ ਅਸੀਂ ਜਿਹੜੇ ਬਚਨ ਕਹਿੰਦੇ ਹਾਂ। ਸੋ ਜਿਹੜਾ ਐਡੇ ਵੱਡੇ ਮੰਤਰ ਨੂੰ ਯਾਦ ਨਹੀਂ ਕਰਦਾ। ਮੈਂ ਕਿੰਨਿਆਂ ਨੂੰ ਪੁੱਛਦਾ ਹਾਂ। ਮੇਰੇ ਕੋਲ ਆਉਂਦੇ ਨੇ ਕਿ ਜੀ ਮੈਂ ਬਿਮਾਰ ਹਾਂ। ਬਈ ਤੇਰੇ ਜਪੁਜੀ ਸਾਹਿਬ ਯਾਦ ਹੈ? ਕਹਿੰਦਾ ਨਾ। ਕਾਲਾ ਤੇਰੇ ਸਾਫਾ

ਬੰਨ੍ਹਿਆ ਹੋਇਆ ਹੈ, ਕਿਰਪਾਨ ਵੀ ਪਾਈ ਹੋਈ, ਜਪੁਜੀ ਸਾਹਿਬ ਨਹੀਂ ਤੂੰ ਯਾਦ ਕਰਿਆ? ਗੁਰੂ ਦਾ ਮਤ ਕੀ ਕਹਿੰਦਾ ਹੈ ਇਹਦੇ ਬਾਰੇ?

ਜੋ ਰਹਿਤਨਾਮੇ 'ਚ ਲਿਖੀਆਂ ਹੋਈਆਂ ਨੇ, ਮਹਾਂਪੁਰਸ਼ਾਂ ਨੇ ਜੋ ਅਨੁਭਵ ਦੱਸਿਆ ਹੈ, ਉਹ ਏਸ ਤਰ੍ਹਾਂ ਨਾਲ ਕਹਿੰਦਾ ਹੈ ਪੜ੍ਹੋ ਸਾਰੇ ਪਿਆਰ ਨਾਲ –

***ਧਾਰਨਾ – ਜੇ ਤੈਂ ਜਪੁਜੀ ਕੰਠ ਨਾ ਕੀਤੀ,***
***ਸਿੱਖੀ ਕਿਹੜੇ ਕੰਮ ਹੈ।***

***ਸਿਖ ਗੁਰੂ ਕਾ ਹੋਇ ਗਇਓ***
***ਜਪੁਜੀ ਕੰਠ ਨ ਕੀਨ।***
***ਤੁੰਦਲ ਬਿਨ ਧੁਖ ਕਾਮ ਕੇ ਤੈਸੇ ਸਿਖ ਕੋ ਚੀਨ।***

ਕਹਿੰਦੇ ਜਿਵੇਂ ਛਿਲਕਾ ਹੁੰਦਾ ਹੈ ਨਾ ਚੌਲ ਵਿਚ ਨਾ ਹੋਵੇ, ਐਹੋ ਜਿਹਾ ਸਿੱਖ ਹੁੰਦਾ ਹੈ ਜਿਹਦੇ ਜਪੁਜੀ ਕੰਠ ਨਾ ਹੋਵੇ, ਸਿੱਖ ਬਣ ਕੇ।

***ਅਰਥ ਬਿਚਾਰਿ ਕਰਹਿ ਉਰ ਮਾਂਹੀ।***
***ਮੁਕਤਿ ਹੋਇ ਸੋ ਸੰਸੇ ਨਾਂਹੀ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1206***

ਜਿਹੜਾ ਜਪੁਜੀ ਸਾਹਿਬ ਦੇ ਅਰਥ ਵਿਚਾਰ ਕੇ ਜਪੁਜੀ ਸਾਹਿਬ ਪੜ੍ਹਦਾ ਹੈ, ਕਹਿੰਦੇ ਉਹਦੇ ਮੁਕਤ ਹੋਣ ਦੇ ਵਿਚ ਕੋਈ ਸੰਸਾ ਨਹੀਂ ਰਹਿ ਜਾਂਦਾ।

***ਜਪੁਜੀ ਸੇਵਨ ਪ੍ਰੀਤਿ ਸੁ ਜਾਂਹੀ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1206***

ਗੁਰੂ ਦਸਵੇਂ ਪਾਤਸ਼ਾਹ ਨੇ ਫੁਰਮਾਨ ਕਰਿਆ ਕਿ ਜਿਹੜੇ ਜਪੁਜੀ ਸਾਹਿਬ ਪਿਆਰ ਦੇ ਨਾਲ ਪੜ੍ਹਦੇ ਨੇ ਨਾ–

***ਮਮ ਸਮੀਪ ਪ੍ਰਾਪਤਿ ਹੁਇ ਤਾਂਹੀ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1206***

ਉਹ ਮੇਰੇ ਨੇੜੇ ਆ ਕੇ ਮੇਰੇ ਲੋਕ ਵਿਚ ਵਸਣਗੇ।

***ਧਰਹਿ ਕਾਮਨਾ ਪਢਿ ਹੈ ਇਕ ਮਨ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1206***

ਜੇ ਕੋਈ ਕਾਮਨਾ ਪੈ ਜਾਵੇ, ਕੋਈ ਕੰਮ ਅੜ ਜਾਵੇ, ਕਹਿੰਦੇ ਇਕ ਮਨ ਹੋ ਕੇ ਜਪੁਜੀ ਸਾਹਿਬ ਦਾ ਪਾਠ ਕਰੇ।

***ਹੋਹਿ ਸਪੂਰਨ ਤਿਹ ਕੀ ਤਤਛਿਨ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1206***

ਓਸੇ ਵੇਲੇ ਉਹਦੀ ਜਿਹੜੀ ਇਛਿਆ ਹੈ ਓਹ ਓਸੇ ਵੇਲੇ ਪੂਰੀ ਹੋ ਜਾਏਗੀ।

***ਜੰਤ੍ਰ ਮੰਤ੍ਰ ਪੁਨ ਤੰਤ੍ਰ ਮਹਾਨਾ।***
***ਭੂਤ ਜਿ ਪ੍ਰੇਤ ਦੈਤ ਬਲਵਾਨਾ।***
***ਤਿਹ ਸਮੀਪ ਨਹਿਂ ਆਵੈ ਕੋਈ।***
***ਪਠਨ ਪ੍ਰੀਤਿ ਨਿਤ ਨਰ ਜਿਹ ਹਈ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1206***

ਜੰਤਰ ਮੰਤਰ ਤੰਤਰ, ਭੂਤ, ਪ੍ਰੇਤ, ਦੈਂਤ, ਖਵੀਸ ਉਨ੍ਹਾਂ ਦੇ ਨੇੜੇ ਕਦੇ ਭੁੱਲ ਕੇ ਵੀ ਨਹੀਂ ਆਏਗਾ। ਜਿਹੜਾ ਪਿਆਰ ਦੇ ਨਾਲ ਅਰਥ ਵਿਚਾਰ ਕੇ ਜਪੁਜੀ ਸਾਹਿਬ ਨੂੰ ਪੜ੍ਹਦਾ ਹੈ ਆਹ ਚੀਜ਼ਾਂ ਜਿਹੜੀਆਂ ਕਾਲੀਆਂ ਸ਼ਕਤੀਆਂ ਨੇ ਉਹਦੇ ਪਰਛਾਵੇਂ ਵਿਚ ਵੀ ਨਹੀਂ ਲੰਘਦੀਆਂ।

***ਮਾਨੁਖ ਦੇਹਿ ਜੀਵ ਜਿਨ ਪਾਈ।***
***ਜਪੁ ਬਿਹੀਨ ਹ੍ਵੈ ਬਾਦ ਗਵਾਈ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1206***

ਜਿਹਨੇ ਮਨੁੱਖ ਦੇਹ ਪਾ ਲਈ, ਜਿਹੜਾ ਜਪੁਜੀ ਸਾਹਿਬ ਦਾ ਪਾਠ ਨਹੀਂ ਕਰਦਾ ਉਹਨੇ ਬਿਰਥੀ ਗਵਾ ਦਿਤੀ। ਜਿਹੜਾ ਗੁਰੂ ਦਾ ਮੰਤਰ ਹੈ, ਤਿੰਨ ਮੰਤਰ ਨੇ ਜਿਹੜਾ ਸਿੱਖਾਂ ਦੇ ਵਾਸਤੇ, ਪਹਿਲਾ ਤਾਂ ਹੈ ਗੁਰਮੰਤ੍ਰ ਵਾਹਿਗੁਰੂ, ਦੂਸਰਾ ਹੈ ਮੂਲਮੰਤ੍ਰ (੧ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ਜਪੁ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।) ਤੀਸਰਾ ਹੈ ਮਾਲਾ ਮੰਤਰ, ਇਹ ਜਪੁਜੀ ਸਾਹਿਬ ਨੂੰ ਕਹਿੰਦੇ ਨੇ। ਇਹ ਸਿੱਖਾਂ ਦੇ ਵਾਸਤੇ ਨੇ।

***ਸਿੱਖਨ ਯੋਗ ਮੰਤ੍ਰ ਗੁਰ ਕੇਰਾ।***
***ਇਤ ਉਤ ਨਿਤ ਸੁਖ ਦੇਤਿ ਘਨੇਰਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1207***

ਇਥੇ ਵੀ ਤੇ ਦਰਗਾਹ ਵਿਚ ਰੋਜ਼ ਸੁੱਖ ਦਿੰਦਾ ਹੈ ਇਹ।

***ਹੋਇ ਸਿੱਖ ਜਪੁ ਕੰਠ ਨ ਕੀਨੋ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1207***

ਸਿੱਖ ਹੋ ਗਿਆ, ਕਿਰਪਾਨ ਪਾ ਲਈ, ਕਾਲੇ ਦਸਤਾਰੇ ਬੰਨ੍ਹ ਲਏ, ਕਹਿੰਦੇ ਫੇਰ ਜੇ ਜਪੁਜੀ ਯਾਦ ਨਹੀਂ ਨਾ ਕੀਤੀ –

***ਨਾਊਂ ਧਰੀਕ ਬੇਖ ਧਰਿ ਲੀਨੋ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1207***

ਕਹਿੰਦੇ ਉਹ ਤਾਂ ਨਾਉਂ ਧਰੀਕ ਹੈ, ਪਾਖੰਡੀ ਸਿੱਖ ਹੈ, ਜੇ ਕਹੇ ਕਿ ਮੈਂ ਤਾਂ ਪੜ੍ਹਿਆ ਨਹੀਂ ਹੋਇਆ। ਪੁਰਾਣੇ ਜ਼ਮਾਨਿਆਂ 'ਚ ਪੜ੍ਹੇ ਨਹੀਂ ਸੀ ਹੁੰਦੇ। ਸਾਡਾ ਬਾਬਾ ਪੜ੍ਹਿਆ ਨਹੀਂ ਸੀ ਹੋਇਆ, ਇਕ ਅੱਖਰ ਨਹੀਂ ਸੀ ਜਾਣਦਾ। ਜਪੁਜੀ ਸਾਹਿਬ ਬੜੇ ਪਿਆਰ ਨਾਲ ਪੜ੍ਹਦਾ ਸੀ। ਚਾਚਾ ਸਾਡਾ ਕਿਤੇ ਨਹੀਂ ਸੀ ਪੜ੍ਹਿਆ, ਆਸਾ ਜੀ ਦੀ ਵਾਰ, ਜਪੁਜੀ ਸਾਹਿਬ ਸਭ ਆਉਂਦਾ ਸੀ। ਬੀਬੀ (ਬੀਬੀ ਰਣਜੀਤ ਕੌਰ ਜੀ ਚੇਅਰਪਰਸਨ ਰਤਵਾੜਾ ਸਾਹਿਬ) ਦੀ ਮਾਤਾ ਕੋਈ ਅੱਖਰ ਨਹੀਂ ਸੀ ਜਾਣਦੀ, 2 ਵਜੇ ਉਠਣਾ ਉਹਨੇ, ਦੋ ਵਜੇ ਇਸ਼ਨਾਨ ਕਰਕੇ ਬਹਿ ਜਾਣਾ ਉਹਨੇ, ਬੋਰੀ ਵਿਛਾ ਕੇ, ਜਪੁਜੀ ਸਾਹਿਬ ਪੜ੍ਹਨਾ, ਸ਼ਬਦ ਹਜ਼ਾਰੇ ਪੜ੍ਹੇ, ਸਵੱਈਏ ਦੋਵੇਂ ਪੜ੍ਹਨੇ, ਜਾਪੁ ਸਾਹਿਬ ਪੜ੍ਹਨਾ, ਆਸਾ ਦੀ ਵਾਰ ਪੜ੍ਹਨੀ

ਤੇ ਗੁਰੂ ਨੌਂਵੇਂ ਪਾਤਸ਼ਾਹ ਦੇ ਸਲੋਕ ਗਾ ਗਾ ਰੋਜ਼ ਪੜ੍ਹਨੇ, ਪਤਾ ਨਹੀਂ ਕਿੰਨੀ ਕੁ ਬਾਣੀ ਪੜ੍ਹਦੀ ਸੀ, ਸੁਣ-ਸੁਣ ਕੇ ਸਿੱਖ ਗਈ ਸਾਰੀ। ਜੇ ਮਨ ਵਿਚ ਲਗਨ ਹੋਵੇ ਤਾਂ ਬੰਦਾ ਬਾਣੀ ਯਾਦ ਕਰ ਲੈਂਦਾ ਹੈ। ਜਿਹੜਾ ਕਹੇ ਕਿ ਮੈਂ ਤਾਂ ਪੜ੍ਹਿਆ ਨਹੀਂ, ਮੇਰੇ ਕੋਲ ਕਿੰਨੇ ਆਉਂਦੇ ਨੇ ਕਿ ਬਾਬਾ ਜੀ! ਆਹ ਬਿਮਾਰੀ ਹੈ। ਮੈਂ ਪੁੱਛਦਾ ਹਾਂ ਕਿ ਤੈਨੂੰ ਜਪੁਜੀ ਸਾਹਿਬ ਯਾਦ ਹੈ। ਕਹੇਗਾ ਨਹੀਂ। ਫੇਰ ਮੈਂ ਕਿਹਾ ਮੈਂ ਕੀ ਕਰਾਂ। ਜੇ ਤੇਰੇ ਜਪੁਜੀ ਸਾਹਿਬ ਹੀ ਯਾਦ ਨਹੀਂ ਤੇ ਮੈਂ ਤੈਨੂੰ ਜਪੁਜੀ ਸਾਹਿਬ ਹੀ ਦੱਸਣਾ ਹੈ ਕਿ ਜਪੁਜੀ ਸਾਹਿਬ ਪੜ੍ਹ। ਤੇਰੇ ਯਾਦ ਨਹੀਂ। ਪੜ੍ਹੇ ਲਿਖੇ ਕਹਿੰਦੇ ਨੇ ਕਿ ਜੀ ਮੈਂ ਗੁਟਕੇ ਤੋਂ ਪੜ੍ਹਾਂ ਲਵਾਂਗਾ। ਮੈਂ ਕਿਹਾ ਗੁਟਕੇ ਤੋਂ ਵੀ ਯਾਦ ਕਰਕੇ ਆ ਮੇਰੇ ਕੋਲ। ਕਈ ਤਾਂ ਆਉਂਦੇ ਹੀ ਨਹੀਂ ਕਿਉਂਕਿ ਯਾਦ ਨਹੀਂ ਕਰਦੇ, ਐਈਂ ਸਮਝਦੇ ਨੇ ਕਿ ਬਾਬਾ ਜੀ ਛੂ-ਮੰਤਰ ਕਰਕੇ ਰਾਜ਼ੀ ਕਰ ਦੇਵੇ। ਐਉਂ ਤਾਂ ਗੱਲ ਨਹੀਂ ਬਣਨੀ ਭਾਈ। ਇਹ ਤਾਂ ਗੁਰੂ ਮਹਾਰਾਜ ਨੇ ਸਾਰੀਆਂ ਗੱਲਾਂ ਦੱਸੀਆਂ ਹੋਈਆਂ ਨੇ। ਤਿੰਨ ਚੀਜ਼ਾਂ ਮਹਾਰਾਜ ਨੇ ਦੱਸੀਆਂ ਨੇ ਕਿ ਜਿਹੜਾ ਜਪੁਜੀ ਸਾਹਿਬ ਦਾ ਪਾਠ ਨਿੱਤ ਪਿਆਰ ਦੇ ਨਾਲ, ਚਿੱਤ ਇਕਾਗਰ ਕਰਕੇ ਕਰੇਗਾ, ਉਹਦੇ ਘਰ ਵਿਚ ਕਾਮਧੇਨ ਗਊ ਆ ਜਾਏਗੀ। ਪਦਾਰਥਾਂ ਦੀ ਥੁੜ੍ਹ ਨਹੀਂ ਰਹਿਣੀ, ਚਿੰਤਾਮਨ ਵੱਟੀ ਆ ਜਾਏਗੀ, ਜੋ ਇੱਛਿਆ ਕਰੇਗਾ ਪੂਰੀ ਹੋ ਜਾਏਗੀ। ਕਲਪ ਬ੍ਰਿਛ ਆ ਜਾਏਗੀ।

***ਇਸ ਤੇ ਔਰ ਨ ਕੋ ਬਿਧਿ ਊਚੀ।***
***ਜਪੁ ਸੇਵਨ ਇਕ ਮਨ ਹੁਇ ਸੂਚੀ।***
***ਕਾਮਧੇਨੁ, ਚਿੰਤਾਮਨਿ, ਸੁਰਤਰੁ।***
***ਕਰਿ ਨਹਿੰ ਸਕੇ ਆਧਤਿਲ ਸਮਸਰ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1207***

ਕਹਿੰਦੇ ਜਿਹੜੀਆਂ ਆਹ ਤਿੰਨੇ ਚੀਜ਼ਾਂ ਨੇ ਕਾਮਧੇਨ ਗਊ, ਚਿੰਤਾਮਨ ਵੱਟੀ ਤੇ ਕਲਪ ਬ੍ਰਿਛ ਜਪੁਜੀ ਸਾਹਿਬ ਦੇ ਮੁਕਾਬਲੇ ਤੇ ਐਉਂ ਨੇ ਜਿਵੇਂ ਇਕ ਤਿਲ ਹੋਵੇ ਮਣ ਦੇ ਮੁਕਾਬਲੇ 'ਚ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਫੁਰਮਾਨ ਕਰਿਆ ਕਿ ਪ੍ਰੇਮੀਓ! ਬਾਣੀ ਤੋਂ ਵੱਡੀ ਕੋਈ ਚੀਜ਼ ਨਹੀਂ ਹੈ। ਕੋਈ ਜੰਤਰ, ਮੰਤਰ, ਤੰਤਰ ਸਿੱਖ ਦੇ ਨੇੜੇ ਨਹੀਂ ਆ ਸਕਦਾ, ਕੋਈ ਦੁਖ ਨਹੀਂ ਆ ਸਕਦਾ। ਵੱਡੇ-ਵੱਡੇ ਅਸੀਂ ਤਾਂ ਕਰਕੇ ਦੇਖ ਲਏ –

***ਸਰਬ ਰੋਗ ਕਉ ਅਉਖਧੁ ਨਾਮ॥***

ਕਿੰਨੀਆਂ-ਕਿੰਨੀਆਂ ਬਿਮਾਰੀਆਂ ਠੀਕ ਹੋਈਆਂ ਨੇ। ਡਾਕਟਰਾਂ ਨੇ ਜਵਾਬ ਦਿਤਾ ਮੈਂ ਕੁਛ ਨਹੀਂ ਕਹਿੰਦਾ, ਮੈਂ ਕਹਿੰਦਾ ਹਾਂ ਜਪੁਜੀ ਸਾਹਿਬ ਪੜ੍ਹੋ ਭਾਈ ਬੈਠ ਕੇ, ਦੋ ਚੀਜ਼ਾਂ ਕਰੋ – ਸੇਵਾ ਕਰੋ, ਸਿਮਰਨ ਕਰੋ। ਐਨੇ ਦੇ ਨਾਲ ਤੁਹਾਡੇ ਸਾਰੇ ਕਾਰਜ ਸਿੱਧ ਹੋ ਜਾਣਗੇ। ਕਈ ਪੜ੍ਹਦੇ ਨਹੀਂ ਹਨ, ਉਹ ਤਾਂ ਬੜੀ ਭਾਰੀ ਗਲਤੀ ਹੈ ਸਾਡੀ ਸਾਧਸੰਗਤ ਜੀ! ਜਪੁਜੀ ਸਾਹਿਬ ਨਹੀਂ ਅਸੀਂ ਯਾਦ ਕਰ ਸਕਦੇ? ਕੋਈ ਪੜ੍ਹੇ ਹੋਏ ਤੋਂ ਇਕ ਤੁੱਕ ਪੁਛ ਲਓ। ਤੁਕਾਂ ਪੁੱਛ-ਪੁੱਛ ਕੇ ਹੌਲੀ-ਹੌਲੀ ਯਾਦ ਕਰ ਲਓ। ਦਰਗਾਹ ਦਾ ਨਹੀਂ ਫਿਕਰ ਹੈਗਾ? ਇਥੇ ਦੁਨੀਆਂ ਵਿਚ ਲੱਗੇ ਹੋਏ ਓਂ। ਸਿੱਖੀ ਧਾਰਨ ਕਰੀ ਹੋਈ ਹੈ, ਅੰਮ੍ਰਿਤ ਛਕ ਲਏ, ਬਾਣੀ ਯਾਦ ਨਹੀਂ।

ਸੋ ਮੈਂ ਸਾਰੀ ਬੇਨਤੀ ਇਸ ਕਰਕੇ ਕਰੀ ਹੈ ਕਿ ਇਕ ਪਾਸੇ ਤਾਂ ਦੇਖੋ ਕਿੱਡੇ ਭਿਆਨਕ ਜਾਦੂ, ਮਰਦਾਨੇ ਵਰਗਾ ਵੀ ਮਹਾਂਪੁਰਸ਼ ਜਿਹੜਾ ਉਸਦੇ ਕਾਬੂ ਆ ਗਿਆ ਤੇ ਇਕ ਪਾਸੇ ਕਿੱਡਾ ਵੱਡਾ ਮੰਤਰ ਵਾਹਿਗੁਰੂ ਦਾ। ਇਹ ਜੇ ਮੰਤਰ ਕਮਾ ਲਿਆ ਜਾਵੇ ਨਾ, ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਰਕੇ। ਐਨਾ ਹੀ ਨਹੀਂ ਹੁੰਦਾ? ਚਲੋ ਜੇ ਜਪੁਜੀ ਸਾਹਿਬ ਨਹੀਂ ਤਾਂ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਤਾਂ ਕਰੀ ਜਾਓ। ਜੇ ਉਹ ਨਹੀਂ ਹੁੰਦਾ ਤਾਂ ਮੂਲਮੰਤਰ ਕਰੀ ਜਾਓ। ਐਹਦੇ ਨਾਲ ਹੀ ਸਾਡਾ ਉਧਾਰ ਹੋ ਜਾਏਗਾ। ਕੋਈ ਵਿਘਨ ਨਹੀਂ ਰਹੇਗਾ –

***ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥***
***ਅੰਗ - ੨੬੨***

ਪ੍ਰਭੂ ਦੇ ਸਿਮਰਨ ਨਾਲ ਵਿਘਨ ਖਤਮ ਹੋ ਜਾਣਗੇ।

***ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥***
***ਅੰਗ - ੨੬੨***

ਰਿੱਧੀਆਂ-ਸਿੱਧੀਆਂ, ਨਉਨਿਧੀਆਂ ਘਰ ਵਿਚ ਆ ਜਾਣਗੀਆਂ, ਮਾੜੇ ਕਰਮ ਜਿਨ੍ਹਾਂ ਨੇ ਤਬਾਹ ਤੇ ਬਰਬਾਦ ਕਰ ਦੇਣੇ ਸੀ, ਉਹ ਐਨੇ ਨਰਮ ਹੋ ਜਾਣਗੇ ਕਿ ਸੂਲੀ ਦੀ ਸੂਲ ਬਣ ਜਾਏਗੀ। ਸੋ ਇਸ ਕਰਕੇ ਬਾਣੀ ਵਲ ਆਓ, ਬਾਣੀ ਪੜ੍ਹੋ, ਬਾਣੀ ਨੂੰ ਯਾਦ ਕਰੋ, ਬਾਣੀ ਨੂੰ ਵਿਚਾਰੋ।

***ਇਹ ਬਾਣੀ ਜੋ ਜੀਅਹੁ ਜਾਣੈ***
***ਤਿਸੁ ਅੰਤਰਿ ਰਵੈ ਹਰਿ ਨਾਮਾ ॥ ਅੰਗ-੭੯੭***

ਜਿਹੜਾ ਹਿਰਦੇ 'ਚੋਂ ਇਹ ਬਾਣੀ ਨੂੰ ਜਾਣ ਜਾਂਦਾ ਹੈ ਉਹਦੇ ਅੰਦਰ ਪ੍ਰਮੇਸ਼ਰ ਦਾ ਨਾਮ ਰਮਣਾ ਸ਼ੁਰੂ ਹੋ ਜਾਂਦਾ ਹੈ, ਵਸਣਾ ਸ਼ੁਰੂ ਹੋ ਜਾਂਦਾ ਹੈ। ਜਦੋਂ ਨਾਮ ਦੀ ਕਮਾਈ ਕਰ ਲਈ, ਉਸ ਵੇਲੇ ਸਾਨੂੰ ਸਭ ਚੀਜ਼ਾਂ ਪ੍ਰਾਪਤ ਹੋ ਜਾਂਦੀਆਂ ਨੇ। ਹੁਣ ਸਮਾਂ ਇਜ਼ਾਜ਼ਤ ਨਹੀਂ ਦਿੰਦਾ। ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ।

# ਦੋਸ ਕਰੰਮਾ ਆਪਣਿਆ

ਸ਼ਾਨ .....................................।

*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਇਹੈ ਮਨੋਰਥ ਮੇਰਾ ਪ੍ਰਭ ਜੀ,*
*ਇਹੈ ਮਨੋਰਥ ਮੇਰਾ -2, 4.*

*ਕ੍ਰਿਪਾ ਨਿਧਾਨ ਦਇਆਲ ਮੋਹਿ ਦੀਜੈ*
*ਕਰਿ ਸੰਤਨ ਕਾ ਚੇਰਾ॥*
*ਪ੍ਰਾਤਹਕਾਲ ਲਾਗਉ ਜਨ ਚਰਨੀ*
*ਨਿਸ ਬਾਸੁਰ ਦਰਸੁ ਪਾਵਉ॥*
*ਤਨੁ ਮਨੁ ਅਰਪਿ ਕਰਉ ਜਨ ਸੇਵਾ*
*ਰਸਨਾ ਹਰਿ ਗੁਨ ਗਾਵਉ॥*
*ਸਾਸਿ ਸਾਸਿ ਸਿਮਰਉ ਪ੍ਰਭੁ ਅਪੁਨਾ*
*ਸੰਤਸੰਗਿ ਨਿਤ ਰਹੀਐ॥*
*ਏਕੁ ਅਧਾਰੁ ਨਾਮੁ ਧਨੁ ਮੋਰਾ*
*ਅਨਦੁ ਨਾਨਕ ਇਹੁ ਲਹੀਐ॥ ਅੰਗ - ੫੩੩*

*ਧਾਰਨਾ - ਤੈਨੂੰ ਬਾਰ ਬਾਰ ਨਾ ਮਿਲਣੀ,*
*ਮਾਨਸ ਦੇਹੀ, ਮਾਨਸ ਦੇਹੀ -2, 2.*
*ਬਾਰ ਬਾਰ ਨਾ ਮਿਲਣੀ ਪਿਆਰੇ -2*
*ਤੈਨੂੰ ਬਾਰ ਬਾਰ ਨਾ ਮਿਲਣੀ,.. -2.*

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ*
*ਸਿਮਰਤ ਕਹਾ ਨਹੀ॥ ਅੰਗ - ੬੩੧*

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ।

ਆਪ ਆਪਣੇ ਨਗਰਾਂ ਤੋਂ ਦੂਰ ਦੂਰ ਤੋਂ ਗੁਰੂ ਦਰਬਾਰ ਦੇ ਵਿਚ ਪਹੁੰਚੇ ਹੋ। ਸਤਸੰਗ ਐਵੇਂ ਨਹੀਂ ਪ੍ਰਾਪਤ ਹੋਇਆ ਕਰਦਾ ਕਿ ਆਦਮੀ ਦੇ ਮਨ ਵਿਚ ਆ ਗਿਆ ਤੇ ਸਤਿਸੰਗ ਪ੍ਰਾਪਤ ਹੋ ਜਾਵੇ। ਇਸ ਤਰ੍ਹਾਂ ਨਾਲ ਕੋਈ ਵੀ ਪ੍ਰਾਪਤ ਨਹੀਂ ਕਰ ਸਕਿਆ ਕਰਦਾ। ਗੁਰੂ ਦੀ ਕਿਰਪਾ ਦੇ ਨਾਲ ਸਤਸੰਗ ਦੀ ਪ੍ਰਾਪਤੀ ਹੋਇਆ ਕਰਦੀ ਹੈ। ਜਿਵੇਂ ਪੁਤਾਂ ਧੀਆਂ ਦਾ ਦਾਨ ਮੰਗਦੇ ਹਾਂ, ਮੱਝਾਂ ਗਾਈਆਂ ਦਾ ਮੰਗਦੇ ਹਾਂ, ਸਿਹਤ ਦਾ ਮੰਗਦੇ ਹਾਂ; ਇਹ ਦਾਨ ਮੰਗਣਾ ਪੈਂਦਾ ਹੈ। ਇਹ ਦਾਨ ਪ੍ਰਮੇਸ਼ਰ ਪਾਸੋਂ ਮੰਗਣਾ ਪੈਂਦਾ ਹੈ।

*ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥*
*ਨਾਨਕ ਦਾਸੁ ਇਹੈ ਸੁਖੁ ਮਾਗੈ*
*ਮੋ ਕਉ ਕਰਿ ਸੰਤਨ ਕੀ ਧੂਰੇ॥ ਅੰਗ - ੧੩*

ਸੰਤਾਂ ਦੇ ਦਰਸ਼ਨ, ਤੇ ਸਤਿਸੰਗ ਤਾਂ ਹੀ ਪ੍ਰਾਪਤ ਹੁੰਦਾ ਹੈ ਜੇਕਰ ਪ੍ਰਮੇਸ਼ਰ ਦਇਆਲ ਹੋ ਜਾਵੇ। ਜਿਸ ਦੇ ਉਤੇ ਪ੍ਰਮੇਸ਼ਰ ਪ੍ਰਸੰਨ ਹੋ ਜਾਵੇ ਉਸ ਨੂੰ ਸਤਸੰਗ ਪ੍ਰਾਪਤ ਹੋਇਆ ਕਰਦਾ ਹੈ। ਇਸ ਸ਼ਬਦ ਦੇ ਅੰਦਰ ਵੀ ਆਪਾਂ ਨੇ ਦਾਨ ਮੰਗਿਆ ਹੈ, ਮਨੋਰਥ ਦੱਸਿਆ ਹੈ ਕਿ ਹੇ ਪਾਤਸ਼ਾਹ! ਮੇਰਾ ਮਨੋਰਥ ਇਹੋ ਹੀ ਹੈ ਕਿ ਜੇ ਤੁਸੀਂ ਕਰ ਸਕਦੇ ਹੋ, ਤਾਂ ਤੁਸੀਂ ਕਿਰਪਾ ਦੇ ਖਜਾਨੇ, ਹੱਦ ਤੋਂ ਜਿਆਦਾ ਦਇਆਲੂ, ਮੈਨੂੰ ਸੰਤ ਦਾ ਸੇਵਕ ਬਣਾ ਦਿਓ, ਮੈਨੂੰ ਗੁਰੂ ਦਾ ਸਿਖ ਬਣਾ ਦਿਉ। ਇਹ ਇਕ ਦਾਨ ਹੋਇਆ ਕਰਦੈ ਕਿਉਂਕਿ ਕਰੋੜਾਂ ਜਨਮ ਸਾਨੂੰ ਭਟਕਦਿਆਂ ਨੂੰ ਲੰਘ ਗਏ ਹਨ, ਜੇਕਰ ਗੁਰੂ ਦੇ ਚਰਨੀ ਨਾ ਪਏ ਤਾਂ ਕਰੋੜਾਂ ਹੀ ਹੋਰ ਲੰਘ ਜਾਣਗੇ। ਇਸ ਕਰਕੇ ਅਰਦਾਸ ਕੀਤੀ ਜਾਂਦੀ ਹੈ। ਬਾਕੀ ਚੀਜ਼ਾਂ ਤਾਂ ਮਿਲ ਹੀ ਜਾਣੀਆਂ ਹਨ ਜੋ ਹਰ ਬੰਦੇ ਦੀ ਕਿਸਮਤ ਵਿਚ ਦਰਗਾਹ ਤੋਂ ਲਿਖੀਆਂ ਹੋਈਆਂ ਹਨ। ਜਦੋਂ ਆਦਮੀ ਸੰਸਾਰ ਤੇ ਆਉਂਦਾ ਹੈ ਉਸ ਦੇ ਮੱਥੇ ਉਤੇ ਤਿੰਨ ਲੇਖ ਵੱਡੇ ਲਿਖੇ ਜਾਂਦੇ ਹਨ। ਪਹਿਲਾ ਤਾਂ ਇਹ ਲਿਖਿਆ ਜਾਂਦੈ ਕਿ ਇਹ ਜਿਹੜਾ ਜੀਵ ਅਸੀਂ ਭੇਜ ਰਹੇ ਹਾਂ ਇਹ ਕਿਸ ਤਾਰੀਖ ਨੂੰ ਸਰੀਰ ਧਾਰੇਗਾ ਤੇ ਕਿਸ ਤਾਰੀਖ ਨੂੰ ਇਹ ਵਾਪਸ ਆਏਗਾ। ਕਿਸ ਥਾਂ ਦੇ ਉਤੇ, ਕਿਸ ਸਮੇਂ, ਕਿਸ ਕਾਰਨ ਦੇ ਨਾਲ ਇਹਦੇ ਸਰੀਰ ਦਾ ਅੰਤ ਹੋਵੇਗਾ। ਇਹ ਇਕ ਲੇਖ ਲਿਖ ਦਿਤਾ ਜਾਂਦਾ ਹੈ। ਉਹਦੇ ਮੁਤਾਬਕ ਹੀ ਇਹ ਵਾਪਰਿਆ ਕਰਦਾ ਹੈ। ਆਉਣਾ ਜਾਣਾ ਪ੍ਰਮੇਸ਼ਰ ਨੇ ਆਪਣੇ ਹੱਥ ਵਿਚ ਰੱਖਿਆ ਹੋਇਆ ਹੈ। ਦੂਸਰਾ ਇਹ ਲਿਖਿਆ ਜਾਂਦੈ ਕਿ ਜਿੰਨੀ ਦੇਰ ਇਸ ਨੇ ਸੰਸਾਰ ਤੇ ਰਹਿਣੈ, ਇਸ ਨੂੰ ਤਿੰਨ ਚੀਜ਼ਾਂ ਦੀ ਲੋੜ ਪੈਣੀ ਹੈ, ਇਕ ਕੁੱਲੀ ਦੀ, ਇਕ ਜੁੱਲੀ ਦੀ ਤੇ ਇਕ ਗੁੱਲੀ ਦੀ। ਕੁਲੀ ਰਹਿਣ ਵਾਸਤੇ ਥਾਂ ਮਕਾਨ ਆਦਿ ਨੂੰ ਕਹਿੰਦੇ ਹਨ, ਭਾਵੇਂ ਵੱਡਾ ਹੋਵੇ ਜਾਂ ਛੋਟਾ, ਇਹ ਤਾਂ ਇਕ ਵਹਿਮ ਹੀ ਹੈ ਸਾਧ ਸੰਗਤ ਜੀ! ਮੈਂ ਤਾਂ ਸਭ ਕੁਝ ਦੇਖਿਆ ਹੋਇਐ। ਵੱਡੀਆਂ ਵੱਡੀਆਂ ਕੋਠੀਆਂ ਹੋ ਜਾਣ, ਬਹੁਤ ਵੱਡੇ ਵੱਡੇ ਫਾਰਮ ਹੋ ਜਾਣ, ਵੱਡੇ ਵੱਡੇ ਕਾਰਖਾਨੇ ਲੱਗ ਜਾਣ, ਕੋਈ ਵੀ ਫਰਕ ਨਹੀਂ ਪਿਆ ਕਰਦਾ, ਕੇਵਲ ਦੇਖਣ ਵਾਲਿਆਂ ਨੂੰ ਫਰਕ ਪਿਆ ਕਰਦਾ ਹੈ ਕਿ ਇਸ ਦੇ ਕੋਲ ਬੜਾ ਧਨ ਹੈ। ਪਰ ਉਸ ਨੂੰ ਕੋਈ ਫਰਕ

ਨਹੀਂ ਹੁੰਦਾ, ਉਹ ਤਾਂ ਸਗੋਂ ਔਖਾ ਹੁੰਦੈ ਕਿਉਂਕਿ ਜਦੋਂ ਧਨ ਕਮਾਉਣ ਦੇ ਚਕਰਾਂ ਵਿਚ ਪਵਾਂਗੇ ਤਾਂ ਕਲਪਣਾ ਤੇ ਚਿੰਤਾ ਆਪਣੇ ਆਪ ਹੀ ਆ ਕੇ ਚੰਬੜ ਜਾਣਗੀਆਂ। ਇਕ ਆਦਮੀ ਛੋਟੇ ਜਿਹੇ ਘਰ ਵਿਚ ਰਹਿੰਦੈ, ਐਵੇਂ ਮਾਮੂਲੀ ਸ਼ਤੀਰ ਪਾ ਕੇ ਕੜੀਆਂ ਪਾਈਆਂ ਹੋਈਆਂ ਹਨ, ਉਸ ਦਾ ਜੇ ਮਨ ਠੀਕ ਹੈ ਤੇ ਸੰਤੁਸ਼ਟ ਹੈ ਤਾਂ ਸੁਖ ਦੇ ਹਿਸਾਬ ਨਾਲ ਜਿਆਦਾ ਸੁਖੀ ਹੈ ਅਤੇ ਕੋਠੀ ਵਾਲਾ ਦੁਖੀ ਹੈ ਕਿਉਂਕਿ ਕੋਠੀ ਵਾਲੇ ਦੇ ਟੈਲੀਫੋਨ ਲੱਗਿਐ, ਡਾਕਟਰ ਨੂੰ ਟੈਲੀਫੋਨ ਕਰਦੈ ਕਿ ਮੇਰਾ ਸਿਰ ਦੁਖ ਰਿਹੈ, ਮੈਨੂੰ ਬਲੱਡ ਪਰੈਸ਼ਰ ਹੋ ਗਿਆ, ਮੈਨੂੰ ਆ ਕੇ ਦੇਖੋ ਕੀ ਹੋ ਗਿਆ। ਡਾਕਟਰ ਦੌੜੇ ਫਿਰਦੇ ਹਨ ਕਿਉਂਕਿ ਚਿੰਤਾ ਲੱਗੀ ਹੋਈ ਹੈ। ਕਿਤੇ ਇਨਕਮ ਟੈਕਸ ਦਾ ਕਾਗਜ਼ ਆ ਰਿਹੈ, ਕਿਸੇ ਪਾਸਿਓਂ ਕੁਝ ਆ ਰਿਹੈ, ਕਿਸੇ ਪਾਸਿਓਂ ਕੁਝ ਆ ਰਿਹੈ। ਕਾਰ ਦੇ ਵਿਚ ਬੈਠਾ ਛੇਤੀ ਦੇ ਕੇ ਲੰਘਦਾ ਬਹੁਤ ਸੋਹਣਾ ਲਗਦੈ ਕਿ ਬੜਾ ਅਮੀਰ ਹੈ ਅਤੇ ਬੜਾ ਸੁਖੀ ਹੈ। ਲੇਕਿਨ ਜੇ ਉਸ ਦੇ ਅੰਦਰ ਜਾ ਕੇ ਦੇਖਿਆ ਜਾਵੇ ਤਾਂ ਉਹਦੇ ਵਰਗਾ ਦੁਖੀ ਕੋਈ ਸ਼ਾਇਦ ਹੀ ਹੁੰਦਾ ਹੋਵੇ। ਮਹਾਰਾਜ ਜੀ ਕਹਿੰਦੇ ਹਨ ਕਿ ਸੁਖ ਤਾਂ ਕੇਵਲ ਨਾਮ ਦੇ ਵਿਚ ਹੈ। ਜਿਸ ਦੀ ਬਿਰਤੀ ਨਾਮ ਦੇ ਨਾਲ ਲੱਗ ਗਈ ਉਹ ਸੁਖੀ, ਜਿਸ ਦੀ ਬਿਰਤੀ ਨਾਮ ਨਾਲ ਨਹੀਂ ਲੱਗੀ, ਮਾਇਆ ਨਾਲ ਲੱਗੀ ਹੋਈ ਹੈ ਉਹ ਦੁਖੀ ਹੋਇਆ ਕਰਦੈ ਕਿਉਂਕਿ ਮਾਇਆ ਦੇ ਵਿਚ ਦੋਸ਼ ਹੋਇਆ ਕਰਦਾ ਹੈ। ਪਹਿਲਾਂ ਤਾਂ ਅਤ੍ਰਿਪਤੀ ਹੋਇਆ ਕਰਦੀ ਹੈ। ਅਤ੍ਰਿਪਤੀ ਤੋਂ ਭਾਵ ਹੈ ਕਿ ਇਹ ਰੱਜਿਆ ਨਹੀਂ ਕਰਦਾ। ਆਦਮੀ ਲੱਖ ਜੋੜ ਲਵੇ, ਕਹਿੰਦੈ ਇਹ ਤਾਂ ਥੋੜ੍ਹਾ ਹੀ ਹੈ, ਦੱਸ ਲੱਖ ਚਾਹੀਦੈ। ਦੱਸ ਲੱਖ ਵੀ ਹੋ ਜਾਂਦੈ, ਕਹਿੰਦੈ ਇਹ ਤਾਂ ਕੁਝ ਵੀ ਨਹੀਂ ਹੈ, ਮੇਰੇ ਕੋਲ ਤਾਂ ਪੰਜਾਹ ਲੱਖ ਚਾਹੀਦੈ। ਪੰਜਾਹ ਲੱਖ ਵੀ ਪ੍ਰਮੇਸ਼ਰ ਦੇ ਦਿੰਦੈ ਪਰ ਫੇਰ ਵੀ ਟੀਕੇ ਲਵਾਉਂਦਾ ਰਹਿੰਦੈ, ਚਿੰਤਾ ਲੱਗੀ ਰਹਿੰਦੀ ਹੈ, ਸੋਚਦੈ ਕਿ ਅਜੇ ਮੇਰੇ ਕੋਲ ਕਰੋੜ ਰੁਪਿਆ ਨਹੀਂ ਹੈ। ਮੈਂ ਤਾਂ ਛੋਟਾ ਜਿਹਾ ਹਾਂ, ਮੇਰੇ ਨਾਲੋਂ ਤਾਂ ਵੱਡੇ ਵੱਡੇ ਹੋਰ ਹੈਗੇ ਨੇ। ਇਸ ਨੂੰ ਅਤ੍ਰਿਪਤੀ ਕਹਿੰਦੇ ਹਨ, ਰੱਜ ਨਹੀਂ ਆਇਆ ਕਰਦਾ। ਰੱਜ ਉਸ ਵੇਲੇ ਆਉਂਦਾ ਹੈ ਜਦੋਂ ਇਹ "ਯਥਾ ਲਾਭ ਸੰਤੁਸ਼ਟੇ" ਦੇ ਕਥਨ ਤੇ ਅਮਲ ਕਰੇ। ਮਿਹਨਤ ਕਰੋ ਜੀਅ ਭਰ ਕੇ, ਜਿਹੜਾ ਕੁਛ ਆ ਗਿਆ, ਜੋ ਕੁਛ ਹਾਸਲ ਹੋ ਗਿਆ ਉਸ ਦੇ ਉਤੇ ਸੰਤੁਸ਼ਟ ਹੋ ਜਾਵੇ, ਉਹਦੇ ਨਾਲ ਸਮਝੌਤਾ ਕਰ ਲੈਣਾ ਕਿ ਮੈਂ ਤਾਂ ਬਹੁਤ ਮਿਹਨਤ ਕੀਤੀ ਹੈ, ਖਾਦ ਮੈਂ ਪਾਇਐ, ਪਾਣੀ ਮੈਂ ਦਿਤੈ, ਗੁਡਾਈ ਮੈਂ ਸਮੇਂ ਸਿਰ ਕਰਵਾਉਂਦਾ ਰਿਹਾ ਹਾਂ, ਸਮੇਂ ਸਿਰ ਫਸਲ ਬੀਜੀ ਹੈ, ਸਮੇਂ ਸਿਰ ਪਾਣੀ ਦਿੰਦਾ ਰਿਹਾ ਹਾਂ, ਕੋਈ ਨੁਕਸ ਨਹੀਂ ਪੈਣ ਦਿਤਾ। ਸਾਰੇ ਖਾਦ ਮੈਂ ਦੇਖ ਕੇ ਪਵਾਏ ਹਨ ਕਿ ਸੁਪਰ ਫਾਸਫੇਟ ਕਿੰਨਾ ਪਾਉਣੈ, ਜਿੰਕ ਕਿੰਨਾ ਪਾਉਣੈ, ਨਾਈਟਰੋਜਨ ਕਿੰਨੀ ਪਾਉਣੀ ਹੈ, ਪੋਟਾਸ਼ ਕਿੰਨੀ ਪਾਉਣੀ ਹੈ। ਮੇਰੇ ਵਲੋਂ ਕੋਈ ਗਲਤੀ ਨਹੀਂ ਹੋਈ। ਹੁਣ ਜੇ ਠੰਢੀ ਹਵਾ ਚਲ ਗਈ, ਕਈ ਦਿਨ ਸੂਰਜ ਨਹੀਂ ਨਿਕਲਿਆ, ਇਹ ਤਾਂ ਹੁਣ ਮੇਰੀ ਗਲਤੀ ਨਹੀਂ ਹੈ। ਸੋ ਜੋ ਕੁਝ ਵੀ ਹਾਸਲ ਹੋ ਗਿਆ, ਉਹਦੇ ਨਾਲ ਸਮਝੌਤਾ ਕਰ ਲੈਣਾ ਇਸ ਨੂੰ 'ਯਥਾ ਲਾਭ ਸੰਤੁਸ਼ਟੇ' ਕਹਿੰਦੇ ਹਨ। ਜਿਹੜੇ ਆਦਮੀ ਦਾ ਮਨ ਸਮਝੌਤਾ ਕਰ ਲਵੇ, ਉਹ ਸਹੀ ਹੋਇਆ ਕਰਦਾ ਹੈ। ਜੇ ਸਮਝੌਤਾ ਨਾ ਕਰ ਸਕੇ, ਉਹਦੇ ਕੋਲ ਭਾਵੇਂ ਕਰੋੜ ਰੁਪਿਆ ਹੋਵੇ ਉਹ ਦੁਖੀ ਹੋਇਆ ਕਰਦਾ ਹੈ।

ਸੋ ਸੁਖ ਤੇ ਦੁਖ ਜਿਹੜੇ ਹਨ, ਉਹ ਆਦਮੀ ਦੇ ਆਪਣੇ ਪਸਾਰੇ ਦੇ ਵਿਚ ਹਨ। ਆਦਮੀ ਨੂੰ ਗੁਜ਼ਾਰਾ ਕਰਨ ਵਾਸਤੇ ਰੋਟੀ ਚਾਹੀਦੀ ਹੈ। ਕਈਆਂ ਨੂੰ ਰੋਟੀ ਬਹੁਤ ਜ਼ਿਆਦਾ ਮਿਲਦੀ ਹੈ, ਘਿਓ ਮਿਲਦਾ ਹੈ, ਬੜੇ ਪਦਾਰਥ ਮਿਲਦੇ ਹਨ, ਉਹ ਰੋਗੀ ਹੋ ਜਾਇਆ ਕਰਦੇ ਹਨ।

ਕਈ ਰੁਖੀਆਂ ਰੋਟੀਆਂ ਖਾਂਦੇ ਨੇ, ਉਹਨਾਂ ਦੇ ਅੰਦਰ ਇਹੋ ਜਿਹਾ ਸਿਸਟਮ ਹੁੰਦੈ ਕਿ ਰੁਖੀਆਂ ਰੋਟੀਆਂ ਖੂਨ ਬਣਾਈ ਜਾਂਦੀਆਂ ਹਨ। ਉਹ ਨਾ ਹੀ ਡਾਕਟਰ ਦੇ ਜਾਂਦੇ ਹਨ ਤੇ ਨਾ ਹੀ ਬਿਮਾਰ ਹੁੰਦੇ ਹਨ। ਇਹ ਵੀ ਸਵਾਲ ਗਲਤ ਹੈ ਕਿ ਇਹ ਦਸ ਕੌਲੀਆਂ ਲਾ ਕੇ ਖਾਂਦੈ, ਬੜਾ ਕੁਝ ਹੋਰ ਹੁੰਦਾ ਹੈ, ਬੇਅੰਤ ਕਿਸਮ ਦੇ ਆਚਾਰ ਹਨ, ਇਹ ਸਭ ਫਜ਼ੂਲ ਗੱਲਾਂ ਹਨ। ਆਦਮੀ ਨੂੰ ਬਿਲਕੁਲ ਸਾਦਾ ਭੋਜਨ ਖਾਣਾ ਚਾਹੀਦਾ ਹੈ; ਜਿਹੋ ਜਿਹਾ ਕੁਦਰਤ ਨੇ ਪੈਦਾ ਕੀਤਾ ਹੈ ਉਹੋ ਜਿਹਾ ਸਾਦਾ ਖਾਵੇ, ਉਹਦੇ ਵਿਚ ਸਿਹਤ ਠੀਕ ਰਿਹਾ ਕਰਦੀ ਹੈ।

ਸੋ ਪਹਿਲੀ ਕੁੱਲੀ ਹੁੰਦੀ ਹੈ। ਪ੍ਰਮੇਸ਼ਰ ਰਹਿਣ ਵਾਸਤੇ ਸਭ ਨੂੰ ਦਿੰਦਾ ਹੈ। ਦੂਜੀ ਗੁੱਲੀ ਹੁੰਦੀ ਹੈ – ਪ੍ਰਮੇਸ਼ਰ ਖਾਣ ਵਾਸਤੇ ਰੋਟੀ ਸਭ ਨੂੰ ਦਿੰਦੈ ਅਤੇ ਤੀਜੀ ਜੁੱਲੀ ਹੁੰਦੀ ਹੈ, ਪਹਿਨਣ ਵਾਸਤੇ ਕੱਪੜੇ ਪ੍ਰਮੇਸ਼ਰ ਸਭ ਨੂੰ ਦਿੰਦਾ ਹੈ। ਭਾਵੇਂ 500 ਰੁਪਏ ਮੀਟਰ ਦਾ ਪਾਇਆ ਹੋਇਐ, ਸਾਦਾ ਸਸਤਾ ਖਦਰ ਪਾਇਆ ਹੋਇਐ ਪਰ ਦੋਨਾਂ ਨੇ ਤਨ ਢਕਿਆ ਹੋਇਆ ਹੈ। ਇਹ ਤਿੰਨ ਚੀਜ਼ਾਂ ਪ੍ਰਮੇਸ਼ਰ ਲਿਖਿਆ ਕਰਦੈ, ਕੁੱਲੀ, ਜੁੱਲੀ ਤੇ ਗੁੱਲੀ।

ਆਦਮੀ ਦੇ ਮਨ ਦੇ ਅੰਦਰ ਇਥੇ ਆ ਕੇ ਸ਼ੰਕਾ ਪੈਦਾ ਹੁੰਦਾ ਹੈ। ਇਹਦੇ ਮਨ ਦੇ ਅੰਦਰ ਸ਼ੰਕਾ ਪੈਂਦਾ ਹੈ ਕਿ ਰਿਜ਼ਕ ਦਾ ਪ੍ਰਬੰਧ ਤਾਂ ਕਰਨਾ ਪੈਣਾ ਹੈ ਪਰ ਮਹਾਰਾਜ ਕਹਿੰਦੇ ਹਨ ਕਿ ਤੂੰ ਸ਼ੱਕ ਨਾ ਕਰ, ਇਹ ਪ੍ਰਮੇਸ਼ਰ ਦੀ ਜ਼ੁੰਮੇਵਾਰੀ ਹੈ ਤੈਨੂੰ ਪ੍ਰਸਾਦ ਦੇਣਾ, ਤੈਨੂੰ ਭੁਖਾ ਨਹੀਂ ਮਾਰੇਗਾ।

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ॥***

***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ॥ ਅੰਗ – ੬***

ਰਿਜਕ ਉਨ੍ਹਾਂ ਦੇ ਅੱਗੇ ਕਰਕੇ ਧਰਦੈ। ਜਿਵੇਂ ਸਮੁੰਦਰ ਵਿਚ ਕੋਈ ਦੁਕਾਨ ਨਹੀਂ ਹੈ, ਕੋਈ ਸੌਦਾ ਨਹੀਂ ਮਿਲਦਾ, ਉਥੇ ਖੁਰਾਕ ਐਸੀ ਬਣਾ ਦਿਤੀ ਕਿ ਜੀਵ ਇਕ ਦੂਜੇ ਨੂੰ ਖਾਈ ਜਾਂਦੇ ਹਨ ਤੇ ਰੱਜੀ ਜਾਂਦੇ ਹਨ। ਬਾਹਰਲੇ ਪਾਸੇ ਕਿਸਾਨ ਖੇਤੀ ਕਰਦਾ ਹੈ। ਚਿੜੀਆਂ ਨੇ ਕਦੇ ਹੱਲ ਨਹੀਂ ਵਾਹਿਆ, ਨਾ ਹੀ ਕਬੂਤਰਾਂ ਨੇ ਹਲ ਵਾਹਿਆ, ਨਾ ਹੀ ਘੁਗੀਆਂ ਤੇ ਗੁਟਾਰਾਂ ਨੇ, ਨਾ ਹੀ ਕਾਵਾਂ ਨੇ ਤੇ ਨਾ ਹੀ ਇਨ੍ਹਾਂ ਦਾ ਕੋਈ ਸਟੋਰ ਹੈ। ਅੱਜ ਖਾ ਲਿਆ, ਕੱਲ੍ਹ ਦਾ ਪਤਾ ਨਹੀਂ ਪਰ ਇਹਨਾਂ ਨੂੰ ਪੂਰਾ ਭਰੋਸਾ ਹੈ। ਫਰੀਦ ਸਾਹਿਬ ਇਸੇ ਦ੍ਰਿਸ਼ ਨੂੰ ਜੰਗਲ ਵਿਚ ਬੈਠੇ ਦੇਖ ਰਹੇ ਹਨ ਤੇ ਉਹਨਾਂ ਪੰਛੀਆਂ ਦੇ ਬਲਿਹਾਰ ਜਾਂਦੇ ਹਨ ਕਿ ਇਹਨਾਂ ਨੂੰ ਹਰ ਰੋਜ਼ ਚੁਗਣ ਵਾਸਤੇ ਮਿਲਦਾ ਹੈ ਤੇ ਇਹ ਕੋਈ ਸਟੋਰ ਨਹੀਂ ਬਣਾਉਂਦੇ, ਕੁਝ ਜਮ੍ਹਾਂ ਨਹੀਂ ਕਰਦੇ। ਬਲਿਹਾਰ ਜਾਂਦੇ ਹਨ ਇਹਨਾਂ ਪੰਛੀਆਂ ਤੋਂ, ਇਸ ਤਰ੍ਹਾਂ ਪੜ੍ਹ ਲਵੋ।

***ਧਾਰਨਾ – ਕੰਕਰ ਚੁਗਦੇ ਥਲਾਂ ਦੇ ਵਿਚ ਵਸਦੇ,***
***ਰੱਬ ਦੀ ਨਾ ਆਸ ਛੱਡਦੇ ਪੰਛੀ,***
***ਕੰਕਰ ਚੁਗਦੇ –2, 4.***

***ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ***
***ਜੰਗਲਿ ਜਿੰਨ੍ਾ ਵਾਸੁ॥***
***ਕਕਰੁ ਚੁਗਨਿ ਥਲਿ ਵਸਨਿ***
***ਰਬ ਨ ਛੋਡਨਿ ਪਾਸੁ॥ ਅੰਗ – ੧੩੮੩***

ਪੰਛੀਆਂ ਦਾ ਕੋਈ ਸਟੋਰ ਨਹੀਂ, ਨਾ ਹੀ ਕੋਈ ਉਨ੍ਹਾਂ ਦਾ ਇਤਜ਼ਾਮ ਹੈ ਕਿ ਅਸੀਂ ਕੱਲ ਵਾਸਤੇ ਦਾਨੇ ਬਚਾ ਕੇ ਰੱਖ ਲਈਏ। ਪ੍ਰਮੇਸ਼ਰ ਨੇ ਸਭ ਦੀ ਪਾਲਣਾ ਕੀਤੀ ਹੈ। ਇਹ ਗਰੀਬ ਅਮੀਰ ਕਿਉਂ ਹੋ ਗਏ? ਕੋਈ ਘਟ ਗਿਆ ਕੋਈ ਵਧ ਗਿਆ। ਇਹਦੇ ਵਿਚ ਆਦਮੀ ਦੇ ਪਾਪ ਸ਼ਾਮਲ ਹਨ। ਆਦਮੀ ਪਾਪ ਕਰਦੈ, ਪਾਪ ਕਰਨ ਦੇ ਬੜੇ ਤਰੀਕੇ ਹਨ। ਸਿਰ ਦੇ ਉਤੇ ਸਰਕਾਰ ਹੈ, ਤੁਹਾਡਾ ਭਾਅ ਦਸ ਰੁਪਏ ਘਟਾ ਦਿਤਾ। ਤੁਹਾਡੇ ਕੋਲ ਕਈ ਕਰੋੜ ਕੁਇੰਟਲ ਕਣਕ ਹੁੰਦੀ ਹੈ, ਪੰਜਾਬ ਦੀ ਦਸ ਕਰੋੜ ਕੁਇੰਟਲ ਕਣਕ ਹੁੰਦੀ ਹੈ। ਜੇ ਦਸ ਰੁਪਏ ਘਟਾ ਦਿਤੇ ਤਾਂ ਇਕ ਅਰਬ ਰੁਪਿਆ ਆਰਾਮ ਨਾਲ ਤੁਹਾਡੀ ਜੇਬ ਵਿਚੋਂ ਨਿਕਲ ਗਿਆ। ਜਾਣ ਬੁਝ ਕੇ ਭਾਅ ਘਟਾ ਦਿੰਦੇ ਹਨ। ਜਿੰਨੀ ਮਿਹਨਤ ਕੀਤੀ ਹੁੰਦੀ ਹੈ ਉਨ੍ਹਾਂ ਦੀ ਉਪਜ ਦਾ ਪੂਰਾ ਮੁਲ ਨਹੀਂ ਦਿੰਦੇ। ਇਥੇ ਆ ਕੇ ਆਦਮੀ ਅੜਿਕਾ ਡਾਹੁੰਦੈ ਤੇ ਆਦਮੀ ਪਾਪ ਕਰਦੈ। ਇਸੇ ਤਰ੍ਹਾਂ ਜਮ੍ਹਾ ਕਰ ਲੈਂਦੇ ਹਨ ਜਿਸ ਨੂੰ **hoarding** ਕਹਿੰਦੇ ਹਨ। ਧਨ ਦੇ ਜੋਰ ਨਾਲ ਸੀਮਿੰਟ ਖਰੀਦ ਲਿਆ। ਮਕਾਨ ਬਨਾਉਣ ਲਈ ਹਰ ਇਕ ਨੂੰ ਸੀਮਿੰਟ ਜਰੂਰ ਚਾਹੀਦਾ ਹੈ ਭਾਵੇਂ ਕਿਸੇ ਕੀਮਤ ਤੇ ਮਿਲ ਜਾਵੇ। ਜੇ 60 ਰੁਪਏ ਦਾ ਥੈਲਾ ਹੈ ਤਾਂ 100 ਰੁਪਏ ਨੂੰ ਮਿਲਦੈ ਤੇ ਹੋਰਡਿੰਗ ਕਰਨ ਵਾਲਾ ਇਕ ਥੈਲੇ ਪਿਛੇ 40 ਰੁਪਏ ਖਾ ਗਿਆ। ਇਸ ਤਰ੍ਹਾਂ ਦੇ ਨਾਲ ਜਦੋਂ ਆਦਮੀ ਐਸੀਆਂ ਹਰਕਤਾਂ ਕਰਦੈ, ਨਜਾਇਜ਼ ਤਰੀਕੇ ਨਾਲ ਧਨ ਕਮਾਉਂਦੈ ਤਾਂ ਇਨ੍ਹਾਂ ਚੀਜ਼ਾਂ ਨੂੰ ਪਾਪ ਆਖਿਆ ਜਾਂਦਾ ਹੈ। ਇਸ ਤਰ੍ਹਾਂ ਨਾਲ ਆਦਮੀ ਪਾਪ ਬੀਜਦਾ ਹੈ। ਪ੍ਰਮੇਸ਼ਰ ਦੀ ਜੋ ਵੰਡ ਸਾਰਿਆਂ ਵਾਸਤੇ ਬਣੀ ਸੀ, ਇਸ ਨੇ ਉਸ ਵੰਡ ਨੂੰ ਖਰਾਬ ਕਰ ਦਿਤਾ। ਵਾਹਿਗੁਰੂ ਦਾ ਤਾਂ ਇਸ ਤਰ੍ਹਾਂ ਸੀ ਕਿ ਸਾਰੀ ਸ੍ਰਿਸ਼ਟੀ ਤੇ ਇਕੋ ਹੀ ਰਾਜ ਹੁੰਦਾ, ਕੋਈ ਫੌਜ ਨਾ ਹੁੰਦੀ, ਕੋਈ ਪੁਲੀਸ ਨਾ ਹੁੰਦੀ; ਐਵੇਂ ਜਨਤਾ ਤੇ ਬੋਝ ਪਾਇਆ ਹੋਇਆ ਹੈ। ਕੋਈ ਗੋਹਝ ਨਾ ਹੁੰਦੀ ਤੇ ਨਾ ਹੀ ਕੋਈ ਖੋਹ ਖਿਚ ਹੁੰਦੀ। ਪ੍ਰਸ਼ਾਦ ਪਾਣੀ ਪ੍ਰਮੇਸ਼ਰ ਨੇ ਸਭ ਨੂੰ ਦਿਤਾ ਹੋਇਆ ਸੀ, ਸਾਰੇ ਕਿਰਤ ਕਰਦੇ, ਨਾਮ ਜਪਦੇ ਅਤੇ ਵੰਡ ਕੇ ਛਕੀ ਜਾਂਦੇ। ਇਸ ਤਰ੍ਹਾਂ ਨਾਲ ਕਿਸੇ ਕਿਸਮ ਦਾ ਕੋਈ ਝਗੜਾ ਝਾਟਾ ਨਹੀਂ ਸੀ ਹੋਣਾ। ਲੇਕਿਨ ਮਨੁਖ ਨੇ ਇਸ ਗੱਲ ਨੂੰ ਸਮਝਿਆ ਨਹੀਂ ਕਿਉਂਕਿ ਇਹਦੇ ਵਿਚ ਦੋ ਬੀਮਾਰੀਆਂ ਪੈ ਗਈਆਂ – ਇਕ ਨੂੰ ਹੰਗਤਾ ਕਹਿੰਦੇ ਹਨ ਤੇ ਦੂਜੀ ਨੂੰ ਮਮਤਾ ਕਹਿੰਦੇ ਹਨ।

ਹੰਗਤਾ ਤਾਂ ਇਸ ਤਰ੍ਹਾਂ ਨਾਲ ਬਣਦੀ ਹੈ ਕਿ 'ਮੈਂ' ਹੈਗਾ ਪਰ 'ਤੂੰ' ਇਹ ਹੈਗਾ ਸੀ ਪ੍ਰਮੇਸ਼ਰ ਦੀ ਜੋਤ। ਇਹ 'ਮੈਂ' ਨਹੀਂ ਸਗੋਂ ਇਹ ਵਾਹਿਗੁਰੂ ਦੀ ਅੰਸ ਸੀ। ਇਹਦੇ ਉਤੇ ਭੁਲ ਪੈ ਗਈ, ਪੜਦਾ ਪੈ ਗਿਆ, ਪੜਦਾ ਪੈਣ ਦੇ ਨਾਲ ਇਵੇਂ ਹੋਇਆ ਜਿਵੇਂ ਆਦਮੀ ਸੁਪਨੇ ਵਿਚ ਭੁਲ ਜਾਇਆ ਕਰਦਾ ਹੈ ਕਿ ਮੈਂ ਕੌਣ ਹਾਂ। ਪ੍ਰਮੇਸ਼ਰ ਦੀ ਅੰਸ ਹੁੰਦਾ ਹੋਇਆ ਵੀ ਦੁਖੀ ਹੁੰਦਾ ਰਹਿੰਦਾ ਹੈ। ਜਦੋਂ 'ਮੈਂ' ਬਣ ਗਈ ਫੇਰ 'ਮੇਰੀ' ਵੀ ਨਾਲ ਹੀ ਆ ਗਈ – ਮੇਰੇ ਕੱਪੜੇ, ਮੇਰਾ ਘਰ, ਮੇਰੀ ਜਾਇਦਾਦ, ਮੇਰੀ ਇੱਜ਼ਤ, ਸਾਰਾ ਕੁਛ 'ਮੇਰਾ' ਆ ਗਿਆ। ਉਹਦੇ ਨਾਲ ਮੇਰਾ ਆ ਗਿਆ, ਫੇਰ ਮੇਰੇ ਨੂੰ ਤਕੜਾ ਕਰਨ ਵਾਸਤੇ ਇਸ ਨੇ ਹੱਥ ਪੈਰ ਮਾਰਨੇ ਸ਼ੁਰੂ ਕਰ ਦਿਤੇ। ਗਰੀਬ ਤੋਂ ਖੋਹ ਲਈ, ਤਕੜੇ ਤੋਂ ਆਪ ਲੁਟਿਆ ਗਿਆ। ਇਸ ਤਰ੍ਹਾਂ ਨਾਲ ਇਸ ਨੇ ਪਾਪ ਕਰਨੇ ਸ਼ੁਰੂ ਕਰ ਦਿੱਤੇ। ਇਹ ਵਾਹਿਗੁਰੂ ਦੀ ਦਿਤੀ ਹੋਈ ਜਿੰਦਗੀ ਬੇਸੁਆਦੀ ਕਰ ਦਿਤੀ। ਇਹ ਸੰਸਾਰ ਵੀ ਵਾਹਿਗੁਰੂ ਦਾ ਸੀ।

***ਇਹੁ ਜਗੁ ਸਚੇ ਕੀ ਹੈ ਕੋਠੜੀ***
***ਸਚੇ ਕਾ ਵਿਚਿ ਵਾਸੁ॥ ਅੰਗ – ੪੬੩***

ਵਾਸਾ ਇਸ ਵਿਚ ਵਾਹਿਗੁਰੂ ਦਾ ਸੀ। ਪਰ ਇਹ ਆਪ ਹੀ ਪ੍ਰਮੇਸ਼ਰ ਦੀ ਵੰਡ ਨੂੰ ਆਪਣੇ ਜੋਰ ਨਾਲ ਗਲਤ ਫਲਤ ਕਰਕੇ ਆਪੇ ਹੀ ਦੁਖੀ ਹੋ ਗਿਆ। ਹੁਣ

ਇਲਾਜ ਕੋਈ ਨਹੀਂ ਹੈ। ਇਸਦਾ ਇਲਾਜ ਇਕੋ ਹੀ ਹੈ ਕਿ ਜੇ ਇਸ ਨੂੰ ਬ੍ਰਹਮਗਿਆਨ ਹੋ ਜਾਵੇ ਤਾਂ ਸਾਰੀ ਸ੍ਰਿਸ਼ਟੀ ਇਕੋ ਹੀ ਨਜ਼ਰ ਆਉਣ ਲੱਗ ਪਿਆ ਕਰਦੀ ਹੈ। ਜੇਕਰ ਸਾਰੇ ਹੀ ਇਸ ਗੱਲ ਨੂੰ ਅਪਣਾਅ ਲੈਣ ਤਾਂ ਦੁਖ ਤਾਂ ਮਿੰਟਾਂ ਵਿਚ ਦੂਰ ਹੋ ਜਾਂਦਾ ਹੈ। ਸੋ ਪ੍ਰਮੇਸ਼ਰ ਨੇ ਰਿਜ਼ਕ ਤਾਂ ਸਾਰਿਆਂ ਨੂੰ ਦਿਤਾ ਹੈ। ਜਿਸ ਵਕਤ ਲੇਖ ਲਿਖਿਆ ਹੈ, ਉਸ ਵੇਲੇ ਲਿਖਿਐ ਕਿ ਕਿੰਨੀ ਚੀਜ਼ ਇਹਨੂੰ ਖਾਣ ਪੀਣ ਨੂੰ ਦੇਣੀ ਹੈ। ਤੀਸਰਾ ਲੇਖ ਇਹ ਹੋਇਆ ਕਰਦੈ ਕਿ ਇਸ ਨੇ ਸੰਸਾਰ ਵਿਚ ਜਾਣਾ ਹੈ, ਕਿੰਨੇ ਕਰਮਾਂ ਦਾ ਚੰਗਾ ਫਲ ਪ੍ਰਾਪਤ ਕਰਨੈ ਅਤੇ ਕਿੰਨੇ ਕਰਮਾਂ ਦਾ ਮਾੜਾ ਫਲ ਇਸ ਨੂੰ ਮਿਲਣਾ ਹੈ।

ਸਾਧ ਸੰਗਤ ਜੀ! ਸੰਸਾਰ ਦੇ ਅੰਦਰ ਜੋ ਕੁਝ ਵੀ ਹੋ ਰਿਹਾ ਹੈ ਉਹ ਵਾਹਿਗੁਰੂ ਦੇ ਹੁਕਮ ਅਨੁਸਾਰ ਅਤੇ ਆਪਣੇ ਕਰਮਾਂ ਦੀ ਗਤੀ ਦੇ ਹਿਸਾਬ ਨਾਲ ਹੋ ਰਿਹਾ ਹੈ। ਅਸੀਂ ਦੂਸਰਿਆਂ ਨੂੰ ਦੋਸ਼ ਦਿੰਦੇ ਹਾਂ ਕਿ ਫਲਾਣੇ ਨੇ ਮੇਰੇ ਨਾਲ ਆਹ ਜਿਆਦਤੀ ਕੀਤੀ, ਧਿਮਕੇ ਨੇ ਮੇਰੇ ਨਾਲ ਆਹ ਮਾੜਾ ਕੰਮ ਕੀਤਾ। ਮਹਾਰਾਜ ਜੀ ਕਹਿੰਦੇ ਹਨ ਕਿ ਤੇਰੇ ਨਾਲ ਕਿਸੇ ਨੇ ਕੁਛ ਮਾੜਾ ਨਹੀਂ ਕੀਤਾ ਕਿਉਂਕਿ ਤੂੰ ਬੀਜ ਕੇ ਐਸਾ ਹੀ ਆਇਆ ਹੈਂ। ਜਿਸ ਵਕਤ ਤੂੰ ਕੰਡੇ ਬੀਜ ਰਿਹਾ ਸੀ, ਜਦੋਂ ਤੂੰ ਕੰਡਿਆਈਆਂ ਦੀਆਂ ਮੁੱਠੀਆਂ ਭਰ ਭਰ ਸੁਟਦਾ ਸੀ, ਕਣਕ ਦੇ ਅੰਦਰ ਵਾਧੂ ਮੁੱਠੀਆਂ ਭਰ ਭਰ ਸੁਟਦਾ ਸੀ, ਪਿਆਜੀ ਦੀਆਂ ਮੁੱਠੀਆਂ ਭਰ ਭਰ ਸੁਟਦਾ ਸੀ, ਗੁਲੀ ਡੰਡੇ ਘਾਹ ਦੀਆਂ ਸੁਟਦਾ ਸੀ, ਉਦੋਂ ਤੈਨੂੰ ਨਹੀਂ ਸੀ ਪਤਾ? ਹੁਣ ਤੂੰ ਵੱਢਣ ਵੇਲੇ ਔਖਾ ਹੋ ਰਿਹਾ ਹੈਂ। ਉਦੋਂ ਤੈਨੂੰ ਧਿਆਨ ਦੇਣਾ ਚਾਹੀਦਾ ਸੀ ਕਿ ਮੈਂ ਕੀ ਬੀਜ ਰਿਹਾ ਹਾਂ। ਇਥੇ ਤਾਂ ਆ ਕੇ ਉਹੀ ਚੀਜ਼ ਮਿਲਦੀ ਹੈ ਜਿਹੜੀ ਤੂੰ ਬੀਜ ਕੇ ਆਇਆ ਹੈਂ।

***ਧਾਰਨਾ – ਕਿਥੋਂ ਭਾਲਦੈਂ ਤੂੰ ਦਾਖ ਬਿਜੌਰੀਆਂ***
***ਕਿੱਕਰਾਂ ਦੇ ਬੀਜ ਬੀਜ ਕੇ –2, 2.***

***ਫਰੀਦਾ ਲੋੜੈ ਦਾਖ ਬਿਜਉਰੀਆਂ***
***ਕਿਕਰਿ ਬੀਜੈ ਜਟੁ॥ ਅੰਗ – ੧੩੭੯***

ਕਿਕਰਾਂ ਦੇ ਬੂਟੇ ਬੀਜ ਦਿਤੇ ਤੇ ਕਿਕਰਾਂ ਦੇ ਬੀਜ ਹੱਥ ਵਿਚ ਦੇਖਣ ਨੂੰ ਬਹੁਤ ਸੋਹਣੇ ਲੱਗੇ। ਜਿਹੜਾ ਅੰਗੂਰ ਦਾ ਬੀਜ ਸੀ ਉਹ ਥੋੜ੍ਹਾ ਖੁਰਦਰਾ ਲੱਗਿਆ ਤੇ ਕਿਕਰਾਂ ਦੇ ਬੀਜ ਬੀਜਣ ਵੇਲੇ ਕੂਲੇ ਲੱਗੇ। ਅਖੀਰ ਨਿਕਲਿਆ ਕੀ, ਜੰਮਦਿਆਂ ਨੂੰ ਹੀ ਸੂਲਾਂ ਆ ਗਈਆਂ। ਕਾਫੀ ਸਮਾਂ ਹੋ ਗਿਆ, ਪਾਣੀ ਦਿੰਦਾ ਰਿਹਾ, ਖਾਦ ਪਾਉਂਦਾ ਰਿਹਾ, ਗੁਡਦਾ ਵੀ ਰਿਹਾ ਤੇ ਬੈਠਾ ਦੇਖੀ ਜਾਂਦੈ। ਕਿਸੇ ਨੇ ਪੁਛਿਆ, ਕੀ ਦੇਖੀ ਜਾ ਰਿਹਾ ਹੈਂ? ਕਹਿਣ ਲੱਗਿਆ ਕਿ ਮੈਂ ਅੰਗੂਰਾਂ ਦੇ ਬੀਜ ਬੀਜੇ ਸੀ, ਅੰਗੂਰ ਤਾਂ ਲੱਗੇ ਹੀ ਨਹੀਂ। ਤੈਨੂੰ ਪਹਿਲਾਂ ਦੇਖਣਾ ਚਾਹੀਦਾ ਸੀ ਕਿ ਤੂੰ ਬੀਜਿਆ ਕੀ ਹੈ? ਜੇ ਤੂੰ ਕਿਕਰਾਂ ਦੇ ਬੀਜ ਬੀਜ ਕੇ ਅੰਗੂਰਾਂ ਦੀ ਆਸ ਕਰੇਂ, ਇਹ ਤਾਂ ਮੁੰਮਕਿਨ ਨਹੀਂ। ਜੇਕਰ ਕਿਕਰਾਂ ਦੇ ਬੀਜ ਬੀਜੇ ਹਨ ਤਾਂ ਉਨ੍ਹਾਂ ਨੂੰ ਅੰਗੂਰ ਕਿਵੇਂ ਲਗ ਸਕਦੇ ਹਨ?

***ਫਰੀਦਾ ਲੋੜੈ ਦਾਖ ਬਿਜਉਰੀਆਂ***
***ਕਿਕਰਿ ਬੀਜੈ ਜਟੁ॥***
***ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥***
***ਅੰਗ – ੧੩੭੯***

ਜਿਹੜੀ ਚੀਜ਼ ਚਾਹੀਦੀ ਹੈ ਉਹੀ ਬੀਜਣੀ ਪੈਂਦੀ ਹੈ। ਜੇਕਰ ਦੁਖ ਬੀਜੇਂਗਾ ਤਾਂ ਸੁਖ ਕਿਥੋਂ ਮਿਲ ਸਕਦਾ ਹੈ? ਦੁਖ ਦਾ ਫਲ ਤਾਂ ਦੁਖ ਹੀ ਹੋਇਆ ਕਰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਦੂਜਿਆਂ ਨੂੰ ਦੋਸ਼ ਨਹੀਂ ਦੇਣਾ ਚਾਹੀਦਾ ਕਿਉਂਕਿ ਦੋਸ਼ ਤਾਂ ਆਪਣੇ ਕਰਮਾਂ ਦਾ ਹੀ ਹੋਇਆ ਕਰਦਾ ਹੈ –

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ***
***ਦੋਸੁ ਨ ਦੀਜੈ ਅਵਰ ਜਨਾ॥ ਅੰਗ – ੪੩੩***

ਇਕ ਵਾਰੀ ਗੁਰੂ ਅੰਗਦ ਸਾਹਿਬ ਜੀ ਮਹਾਰਾਜ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਨੂੰ ਬੇਨਤੀ ਕਰਦੇ ਹਨ ਕਿ ਮਹਾਰਾਜ ਜੀ! ਇਹ ਕਰਮਾਂ ਦਾ ਚੱਕਰ ਕਿਸ ਤਰ੍ਹਾਂ ਹੈ? ਕਿਰਪਾ ਕਰਕੇ ਸਮਝਾਉਣ ਦੀ ਕ੍ਰਿਪਾਲਤਾ ਕਰੋ। ਮਹਾਰਾਜ ਜੀ ਕਹਿਣ ਲੱਗੇ, ਪੁਰਖਾ! ਤੂੰ ਚੰਗੀ ਗੱਲ ਸਾਡੇ ਪਾਸੋਂ ਪੁਛੀ ਹੈ ਕਿ ਕਿਸ ਤਰ੍ਹਾਂ ਦੇ ਨਾਲ ਕਰਮਾਂ ਦਾ ਚੱਕਰ ਚਲਦਾ ਹੈ। ਅਸੀਂ ਤੁਹਾਨੂੰ ਇਕ ਸਾਖੀ ਸੁਣਾ ਦਿੰਦੇ ਹਾਂ, ਗੱਲ ਸਮਝ ਵਿਚ ਆ ਜਾਵੇਗੀ। ਤੁਹਾਡਾ ਸਾਰਾ ਜਵਾਬ ਇਸ ਵਿਚ ਮਿਲ ਜਾਵੇਗਾ, ਸਾਰਾ ਤੁਹਾਡਾ ਸ਼ੰਕਾ ਦੂਰ ਹੋ ਜਾਵੇਗਾ ਕਿ ਕਿਸ ਤਰ੍ਹਾਂ ਦੇ ਨਾਲ ਕਰਮਾਂ ਦਾ ਚੱਕਰ ਚਲਦਾ ਹੈ।

ਇਕ ਸੰਤ ਰੋਹੀ (ਉਜਾੜ) ਵਿਚ ਰਿਹਾ ਕਰਦਾ ਸੀ। ਨਾਮ ਜਪਿਆ ਕਰਦੇ ਸੀ ਤੇ ਅਕਾਸ਼ ਬਿਰਤੀ ਦੇ ਸੰਤ ਸੀ। ਸੰਤ ਵੀ ਦੋ ਤਰ੍ਹਾਂ ਦੇ ਹੋਇਆ ਕਰਦੇ ਹਨ, ਇਕ ਤਾਂ ਉਹ ਮਹਾਤਮਾ ਹਨ ਜਿਨ੍ਹਾਂ ਦੇ ਸਕੂਲ ਚਲਦੇ ਹਨ, ਬੱਚਿਆਂ ਨੂੰ ਪੜ੍ਹਾ ਰਹੇ ਹਨ, ਯਾਤਰੂ ਆ ਕੇ ਠਹਿਰਦੇ ਹਨ, ਬੁਢਿਆਂ ਵਾਸਤੇ ਆਸ਼ਰਮ ਬਣਾਏ ਹੋਏ ਹਨ ਅਤੇ ਹੋਰ ਅਨੇਕਾਂ ਸਹੂਲਤਾਂ ਦਿਤੀਆਂ ਹੋਈਆਂ ਹਨ। ਐਸੇ ਜਿਹੜੇ ਮਹਾਤਮਾ ਹਨ, ਉਹਨਾਂ ਨੂੰ ਸਭ ਚੀਜ਼ਾਂ ਦਾ ਪ੍ਰਬੰਧ ਕਰਨਾ ਪਿਆ ਕਰਦੈ, ਪਾਠ ਵਗੈਰਾ ਕਰਨੇ ਪਿਆ ਕਰਦੇ ਹਨ, ਪੈਸਾ ਟਕਾ ਇਕੱਠਾ ਕਰਨਾ ਪੈਂਦਾ ਹੈ। ਪਰ ਸਾਧ ਸੰਗਤ ਜੀ! ਜਿਹੜੇ ਅਸਲੀ ਮਹਾਤਮਾ ਹੁੰਦੇ ਹਨ ਉਹ ਪੈਸਾ ਨਹੀਂ ਇਕੱਠਾ ਕਰਿਆ ਕਰਦੇ ਕਿਉਂਕਿ ਮਾਇਆ ਉਨ੍ਹਾਂ ਦੀ ਦਾਸੀ ਹੋਇਆ ਕਰਦੀ ਹੈ। ਜਿਹੜਾ ਮਹਾਤਮਾ ਪੈਸੇ ਦੇ ਚੱਕਰ ਵਿਚ ਪੈ

ਜਾਵੇ, ਸਮਝ ਲਵੋ ਉਸ ਨੂੰ ਹਾਲੇ ਭਰੋਸਾ ਨਹੀਂ ਆਇਆ ਕਿਉਂਕਿ ਇਹ ਪ੍ਰਬੰਧ ਚਲਾਉਣ ਵਾਲਾ ਬਹੁਤ ਵੱਡੀ ਹਸਤੀ ਹੈ। ਉਸ ਨੇ ਆਪ ਹੀ ਚਲਾਉਣਾ ਹੈ, ਜੇ ਨਹੀਂ ਚਲਦਾ, ਖਹਿੜਾ ਛੱਡੋ, ਜੇ ਉਹਨੂੰ ਮਨਜ਼ੂਰ ਹੈ ਨਹੀਂ ਚਲਾਉਂਦਾ ਨਾ ਸਹੀ, ਮਹਾਤਮਾ ਕਿਉਂ ਲੋਕਾਂ ਅੱਗੇ ਜਾ ਕੇ ਹੱਥ ਅੱਡੇ ਕਿ ਐਨੇ ਪੈਸੇ ਦਿਓ, ਫਲਾਣਾ ਕੰਮ ਚਲਾਉਣਾ ਹੈ। ਐਸੇ ਮਹਾਤਮਾ ਨਾ ਹੀ ਅਪੀਲ ਕਰਿਆ ਕਰਦੇ ਹਨ, ਨਾ ਹੀ ਕੋਈ ਹੋਰ ਯਤਨ ਕਰਦੇ ਹਨ। ਉਹ ਸਹਿਜ ਸੁਭਾਅ ਹੀ ਤੁਰੇ ਫਿਰਦੇ ਹਨ ਤੇ ਉਨ੍ਹਾਂ ਦੇ ਸਾਰੇ ਪ੍ਰਬੰਧ ਚਲਦੇ ਹਨ। ਲੰਗਰ ਵੀ ਚਲਦੇ ਹਨ, ਦੂਸਰੇ ਕੰਮ ਵੀ ਚਲਦੇ ਹਨ। ਜਿਹੜੇ ਪਹਿਲੀ ਕਿਸਮ ਦੇ ਦੱਸੇ ਹਨ ਉਹ ਨਿਰਬਿਰਤੀ ਵਾਲੇ ਹੋਇਆ ਕਰਦੇ ਹਨ, ਉਹ ਕੁਝ ਵੀ ਨਹੀਂ ਕਰਿਆ ਕਰਦੇ, ਉਹ ਹੁੰਦੇ ਤਾਂ ਅਵਸਥਾ ਦੇ ਵਿਚ ਵੱਡੇ ਹਨ ਪਰੰਤੂ ਉਹ ਕਿਸੇ ਦਰਖਤ ਹੇਠਾਂ ਹੀ ਆਰਾਮ ਨਾਲ ਬੈਠੇ ਰਿਹਾ ਕਰਦੇ ਹਨ। ਕੋਈ ਭੇਟਾ ਜਾਂ ਕੋਈ ਚੀਜ਼ ਵੀ ਪਰਵਾਨ ਨਹੀਂ ਕਰਿਆ ਕਰਦੇ ਭਾਵੇਂ ਜਿੰਨਾਂ ਮਰਜੀ ਦੇਈ ਜਾਵੋ, ਨਾ ਹੀ ਉਹ ਕਿਸੇ ਨਾਲ ਮੋਹ ਪਾਉਂਦੇ ਹਨ। ਜੋ ਕੁਝ ਛਕਣ ਵਾਸਤੇ ਆ ਗਿਆ ਠੀਕ ਹੈ, ਨਹੀਂ ਆਇਆ ਨਾ ਸਹੀ, ਨਾ ਹੀ ਕਿਸੇ ਨੂੰ ਮਾੜਾ ਕਹਿੰਦੇ ਹਨ, ਸਭ ਨੂੰ ਚੰਗਾ ਚੰਗਾ ਹੀ ਕਹਿੰਦੇ ਹਨ, ਇਹ ਬਿਰਤੀ ਆਕਾਸ਼ ਬਿਰਤੀ ਕਹਾਇਆ ਕਰਦੀ ਹੈ। ਪਿਛਲੇ ਸਮਿਆਂ ਦੇ ਅੰਦਰ ਐਸੇ ਮਹਾਤਮਾ ਟਾਵੇਂ ਟਾਵੇਂ ਹੋਇਆ ਕਰਦੇ ਸੀ। ਅਜਕਲ ਤਾਂ ਮਹਾਤਮਾ ਬਹੁਤ ਵੱਡਾ ਪਸਾਰਾ ਪਸਾਰ ਲੈਂਦੇ ਹਨ ਜੋ ਕਬੀਲਦਾਰਾਂ ਨਾਲੋਂ ਵੀ ਸੌ ਗੁਣਾ ਜਿਆਦਾ ਹੁੰਦਾ ਹੈ। ਉਹ ਮਹਾਤਮਾ ਅਕਾਸ਼ ਬਿਰਤੀ ਦੇ ਸੀ, ਕਿਸੇ ਕੋਲੋਂ ਮੰਗਦੇ ਨਹੀਂ ਸੀ, ਨਾ ਹੀ ਮੰਗਣ ਜਾਂਦੇ ਸੀ। ਦਿਨ ਰਾਤ ਭਜਨ ਕਰਦੇ ਰਹਿੰਦੇ ਸੀ। ਕਿਸੇ ਨੇ ਪ੍ਰਸ਼ਾਦਾ ਲਿਆ ਕੇ ਦੇ ਦਿਤਾ, ਛਕ ਲੈਂਦੇ ਸੀ, ਇਹ ਕਦੇ ਨਹੀਂ ਦੱਸਦੇ ਸੀ ਕਿ ਸਾਨੂੰ ਅੱਜ ਭੁੱਖੇ ਬੈਠਿਆਂ ਨੂੰ ਪੰਜ ਦਿਨ ਹੋ ਗਏ ਜਾਂ ਦਸ ਦਿਨ ਹੋ ਗਏ ਹਨ। ਐਸੀ ਕੋਈ ਗੱਲ ਨਹੀਂ ਸੀ ਕਰਿਆ ਕਰਦੇ, ਕੇਵਲ ਪ੍ਰਮੇਸ਼ਰ ਨਾਲ ਹੀ ਬਾਤ ਕਰਦੇ ਸੀ। ਜੇ ਕਿਸੇ ਨੇ ਲਿਆ ਕੇ ਵੀ ਦਿਤਾ ਤਾਂ ਵੀ ਇਹੋ ਸਮਝਦੇ ਸੀ ਕਿ ਅੱਜ ਪ੍ਰਮੇਸ਼ਰ ਨੇ ਭੇਜ ਦਿਤਾ ਹੈ।

ਇਹੋ ਜਿਹੀ ਬਿਰਤੀ ਦੇ ਨਾਲ ਵਿਚਰਦੇ ਸੀ। ਉਥੇ ਇਕ ਖੂਹ ਸੀ, ਅੰਮ੍ਰਿਤ ਵੇਲੇ ਦੋ ਵਜੇ ਜਾ ਕੇ ਇਸ਼ਨਾਨ ਕਰਿਆ ਕਰਦੇ ਸੀ। ਉਥੇ ਦਾ ਜਿਹੜਾ ਰਾਜਾ ਸੀ ਉਹ ਇਨ੍ਹਾਂ ਦਾ ਬਹੁਤ ਸ਼ਰਧਾਲੂ ਸੀ। ਕਦੀ ਕਦੀ ਵੇਹਲ ਕੱਢ ਕੇ ਦਰਸ਼ਨ ਕਰਨ ਵਾਸਤੇ ਆ ਜਾਇਆ ਕਰਦਾ ਸੀ। ਉਸ ਰਾਜੇ ਦਾ ਲੜਕਾ ਜਵਾਨ ਹੋ ਗਿਆ, ਉਸ ਨੇ ਸੋਚਿਆ ਕਿ ਹੁਣ ਇਸ ਦੀ ਸ਼ਾਦੀ ਕਰਨੀ ਹੈ, ਇਸ ਕਰਕੇ ਇਹਦੇ ਵਾਸਤੇ ਨਵਾਂ ਮਹਿਲ ਬਣਾਉਣਾ ਚਾਹੀਦਾ ਹੈ। ਜਿਥੇ ਉਹ ਮਹਾਤਮਾ ਰਹਿੰਦੇ ਸੀ ਉਸ ਦੇ ਨੇੜੇ ਹੀ ਖੂਹ ਦੇ ਪਾਸ ਹੀ ਮਹਿਲ ਬਣਵਾ ਦਿਤਾ। ਮਹਿਲ ਤਿਆਰ ਹੋ ਗਿਆ ਅਤੇ ਉਧਰ ਲੜਕੇ ਦੀ ਸ਼ਾਦੀ ਕਰ ਦਿਤੀ। ਸ਼ਾਦੀ ਕਰਨ ਤੋਂ ਬਾਅਦ ਨਵੀਂ ਵਿਆਹੀ ਹੋਈ ਲੜਕੀ ਆ ਗਈ। ਦੋਨਾਂ ਨੂੰ ਇਸ ਮਹਿਲ ਵਿਚ ਭੇਜ ਦਿਤਾ ਗਿਆ। ਪਹਿਲੀ ਰਾਤ ਨੂੰ ਹੀ ਉਸ ਰਾਜਕੁਮਾਰ ਨੂੰ ਜਲਦੀ ਨੀਂਦ ਆ ਗਈ ਤੇ ਰਾਜਕੁਮਾਰੀ ਨੂੰ ਛੇਤੀ ਨੀਂਦ ਨਾ ਆਈ। ਓਪਰਾ ਥਾਂ ਸਮਝ ਕੇ ਇਧਰ ਉਧਰ ਦੇਖਦੀ ਰਹੀ। ਉਸ ਤੋਂ ਬਾਅਦ ਜਦ ਨੀਂਦ ਨਾ ਆਈ ਤਾਂ ਰਾਤ ਦੇ ਗਿਆਰਾਂ ਵਜ ਗਏ। ਉਹ ਉਠ ਕੇ ਰਾਜ ਕੁਮਾਰ ਦੇ ਸ਼ਸਤਰਾਂ ਨੂੰ ਦੇਖਣ ਲਗ ਪਈ। ਕਿਤੇ ਬਰਛਾ ਚੁਕ ਕੇ ਦੇਖਦੀ ਹੈ, ਕਦੇ ਤੀਰ ਕਮਾਨ ਦੇਖਦੀ ਹੈ ਤੇ ਕਰਦੀ ਕਰਦੀ ਨੇ ਢਾਲ ਤੇ ਤਲਵਾਰ ਚੁਕ ਲਈ ਤੇ ਜਿਵੇਂ ਜੁਧ ਕਰੀਦਾ ਹੈ, ਇਸ ਤਰ੍ਹਾਂ ਦੇ ਨਾਲ ਤਲਵਾਰ ਇਧਰ ਉਧਰ ਘੁਮਾਉਣ ਲਗ ਪਈ। ਇਹ ਬਹੁਤ ਹੀ ਤਿਖੀ ਤਲਵਾਰ ਸੀ ਤੇ ਗੱਤਕੇ ਵਾਲੇ ਵਾਂਗੂੰ ਜਿਵੇਂ ਖੇਡਦੇ ਹਨ, ਜੋਰ ਜੋਰ ਦੀ ਘੁਮਾਉਣ ਲਗ ਪਈ, ਇਸ ਤਰ੍ਹਾਂ ਨਾਲ ਕਰਦੀ ਦੇ, ਉਸ ਦੇ ਹੱਥ ਵਿਚੋਂ ਤਲਵਾਰ ਛੁਟ ਗਈ ਤੇ ਰਾਜ ਕੁਮਾਰ ਜੋ ਸੁਤਾ ਪਿਆ ਸੀ ਉਸ ਦੀ ਸਾਹ ਰਗ ਤੇ ਜਾ ਕੇ ਲੱਗੀ। ਉਸਦੀ ਨਾੜ ਕੱਟੀ ਗਈ ਤੇ ਉਹ ਉਸੇ ਵਕਤ ਹੀ ਮਰ ਗਿਆ।

ਜਦੋਂ ਰਾਜਕੁਮਾਰ ਨੂੰ ਮਰਿਆ ਹੋਇਆ ਦੇਖਿਆ ਤਾਂ ਇਸ ਲੜਕੀ ਨੂੰ ਬਹੁਤ ਪਛਤਾਵਾ ਹੋਇਆ ਕਿ ਇਹ ਕੀ ਭਾਣਾ ਵਰਤ ਗਿਆ ਤੇ ਜੇ ਕਿਸੇ ਨੂੰ ਪਤਾ ਲਗ ਗਿਆ ਕਿ ਮੈਂ ਆਪਣੇ ਪਤੀ ਨੂੰ ਮਾਰ ਦਿਤਾ ਹੈ ਤਾਂ ਮੇਰੇ ਮਾਂ ਬਾਪ ਦੀ ਕੀ ਇਜ਼ਤ ਰਹੇਗੀ, ਲੋਕ ਕੀ ਕਹਿਣਗੇ ਕਿ ਦੇਖੋ ਇਹਨਾਂ ਦੀ ਰਾਜਕੁਮਾਰੀ ਨੇ ਆਪਣਾ ਪਤੀ ਰਾਜ ਕੁਮਾਰ ਮਾਰ ਦਿਤਾ। ਸਾਧ ਸੰਗਤ ਜੀ! ਪੁਰਾਣੇ ਜ਼ਮਾਨਿਆਂ ਦੇ ਅੰਦਰ ਲੜਕੀਆਂ ਮਰ ਜਾਂਦੀਆਂ ਸਨ ਪਰ ਮਾਂ ਬਾਪ ਦੀ ਇਜ਼ਤ ਨੂੰ ਧੱਬਾ ਨਹੀਂ ਸੀ ਲਾਇਆ ਕਰਦੀਆਂ, ਸਗੋਂ ਉਚਾ ਕਰਿਆ ਕਰਦੀਆਂ ਸਨ, ਆਪਣੇ ਸਰੀਰ ਤੇ ਦੁਖ ਸਹਿ ਲੈਂਦੀਆਂ ਸਨ। ਜੇ ਮਾਂ ਬਾਪ ਨੇ ਕਹਿ ਦਿਤਾ, ਦੇਖ ਬੇਟੀ! ਭਾਵੇਂ ਔਖੀ ਰਹੀਂ, ਭਾਵੇਂ ਸੌਖੀ ਰਹੀਂ, ਜਦੋਂ ਅਸੀਂ ਤੈਨੂੰ ਸਹੁਰੇ ਘਰੋਂ ਲੈਣ ਆਵਾਂਗੇ ਤਾਂ ਤੂੰ ਸਾਡੇ ਆਉਣਾ ਹੈ, ਆਪਣੇ ਆਪ ਨਹੀਂ ਆਉਣਾ। ਉਥੇ ਜਿਵੇਂ ਵੀ ਤੇਰਾ ਜੀ ਕਰਦਾ ਹੈ ਰਹਿ ਲਵੀਂ। ਕਿਡੀ ਵੱਡੀ ਲੜਕੀਆਂ ਦੀ ਕੁਰਬਾਨੀ ਸੀ। ਇਸ ਤਰ੍ਹਾਂ ਦੀ ਆਗਿਆ ਦਾ ਪਾਲਣ ਸ਼ਾਇਦ ਹੀ ਕੋਈ ਕਰ ਸਕਦਾ ਹੋਵੇ। ਬੱਚੀਆਂ ਦੀ ਬਹੁਤ ਵੱਡੀ ਕੁਰਬਾਨੀ ਹੁੰਦੀ ਹੈ। ਬਿਗਾਨੇ ਘਰ ਵਿਚ ਜਾਣੈ, ਪਤਾ ਨਹੀਂ ਕਿਹੋ ਜਿਹੇ ਪਤੀ ਨਾਲ ਵਾਹ ਪਵੇ। ਇਥੇ ਅਸੀਂ ਇਕ ਬੀਬੀ ਨੂੰ ਅੰਮ੍ਰਿਤ ਛਕਾ ਦਿਤਾ। ਆਹ ਤੁਹਾਡੇ ਨੇੜੇ ਦੇ ਪਿੰਡ ਵਿਚ ਹੀ ਵਿਆਹੀ ਹੋਈ ਹੈ। ਉਹ

ਵਿਆਹੀ ਹੋਈ ਆਪਣੇ ਨਾਲ ਕਕਾਰ ਲੈ ਕੇ ਆ ਗਈ ਤੇ ਜਿਸ ਵਕਤ ਉਸ ਨੂੰ ਡੋਲੀ ਵਿਚੋਂ ਲਾਹਿਆ ਤੇ ਸੱਸ ਨੇ ਤੇਲ ਚੋ ਕੇ ਸਵਾਗਤ ਕੀਤਾ ਤਾਂ ਉਸ ਨੇ ਦੇਖ ਲਿਆ ਕਿ ਇਸ ਨੇ ਤਾਂ ਕਿਰਪਾਨ ਪਾਈ ਹੋਈ ਹੈ। ਉਸ ਦੇ ਮਾਂ ਬਾਪ ਗਰੀਬ ਹੋਣ ਕਰਕੇ ਦੇਣ ਲੈਣ ਥੋੜ੍ਹਾ ਦੇ ਹੋਇਆ। ਗੁੱਸੇ ਤਾਂ ਇਸ ਗੱਲ ਤੋਂ ਸੀ ਕਿ ਇਹ ਤਾਂ ਦਹੇਜ ਨਹੀਂ ਲੈ ਕੇ ਆਈ ਤੇ ਐਵੇਂ ਮਾੜੇ ਮੋਟੇ ਮੰਜੇ ਭਾਂਡੇ ਆਦਿ ਲੈ ਕੇ ਆਈ ਹੈ। ਹੋਰ ਸਾਰੀਆਂ ਬੀਬੀਆਂ ਕਹਿੰਦੀਆਂ ਹਨ ਕਿ ਲੜਕੀ ਤਾਂ ਬਹੁਤ ਸੋਹਣੀ ਸੁਨੱਖੀ ਮਿਲ ਗਈ ਤੇ ਪੜ੍ਹੀ ਲਿਖੀ ਮਿਲ ਗਈ ਪਰ ਸੱਸ ਕਹਿਣ ਲੱਗੀ, ਹੋਰ ਤਾਂ ਸਭ ਠੀਕ ਹੈ ਪਰ ਆਹ ਕਿਰਪਾਨ ਮੈਨੂੰ ਮਾਰਨ ਵਾਸਤੇ ਨਾਲ ਲੈ ਕੇ ਆਈ ਹੈ। ਪਤਾ ਨਹੀਂ ਕਿਹੜੇ ਵੇਲੇ ਮੇਰਾ ਸੁਤੀ ਪਈ ਦਾ ਗਲ ਵੱਢ ਦੇਵੇ। ਕਿੰਨੇ ਦਿਨ ਹੀ ਉਹਦੇ ਪਿਛੇ ਪਈ ਰਹੀ ਤੇ ਉਹਦਾ ਜੀਣਾ ਹਰਾਮ ਕਰ ਦਿੱਤਾ।

ਹੁਣ ਦੱਸੋ ਸਾਧ ਸੰਗਤ ਜੀ! ਜਿਹੜੀ ਬੱਚੀ ਚਾਂਈ ਚਾਂਈ ਨਵੇਂ ਘਰ ਵਿਚ ਆਈ ਹੈ ਤੇ ਉਸ ਨੇ ਇਸ ਘਰ ਨੂੰ ਆਪਣਾ ਘਰ ਬਨਾਉਣਾ ਹੈ ਤੇ ਸੱਸ ਇਸ ਤਰ੍ਹਾਂ ਤਾਂ ਦੇਖਦੀ ਨਹੀਂ ਕਿ ਉਸ ਨੂੰ ਲੜਕੀ ਚਾਹੀਦੀ ਹੈ ਕਿ ਲਕੜਾਂ ਚਾਹੀਦੀਆਂ ਹਨ। ਜੇ ਕਿਸੇ ਨੇ ਦਾਜ ਦਹੇਜ ਦੇ ਵੀ ਦਿਤਾ ਤਾਂ ਉਹਦੇ ਨਾਲ ਕੀ ਫਰਕ ਪੈਂਦਾ ਹੈ ਜਦ ਤੱਕ ਲੜਕੀ ਤੇ ਲੜਕੇ ਦਾ ਘਰ ਪਰਵਾਰ ਸੁਖ ਨਾ ਮਾਣ ਸਕੇ।

ਸਾਧ ਸੰਗਤ ਜੀ! ਸਾਡੇ ਰਿਸ਼ਤੇਦਾਰਾਂ ਦੀ ਗੱਲ ਹੈ ਕਿ ਉਨ੍ਹਾਂ ਦੇ ਟਰੱਕ ਆਦਿ ਹਨ। ਅਸੀਂ ਸ਼ਾਦੀ ਤੇ ਚਲੇ ਗਏ ਤੇ ਬੈਠਕ ਦੇ ਅੰਦਰ ਮੰਜੇ ਪਏ ਸਨ ਤੇ ਸੰਦੂਕ ਤੇ ਉਪਰ ਕੁਰਸੀਆਂ ਦੂਹਰੀਆਂ ਤੀਹਰੀਆਂ ਕਰਕੇ ਸਭ ਕੁਝ ਉਪਰ ਰੱਖਿਆ ਹੋਇਆ ਸੀ ਤੇ ਉਪਰ ਕੱਪੜੇ ਨਾਲ ਢੱਕਿਆ ਪਿਆ ਸੀ। ਉਸ ਚੀਜ਼ ਦਾ ਕੀ ਫਾਇਦਾ ਹੈ ਜਿਹੜੀ ਚੀਜ਼ ਵਰਤੋਂ ਵਿਚ ਨਾ ਆਵੇ। ਆਹ ਹੁਣ ਨਵਾਂ ਰਿਵਾਜ਼ ਚਲਿਐ ਕਿ ਲੋਕੀ ਟੈਲੀਵੀਜ਼ਨ ਦੇ ਦਿੰਦੇ ਹਨ। ਟੀ.ਵੀ. ਜਿਸ ਦੇ ਘਰ ਜਾਏਗਾ ਉਸ ਦੇ ਸਾਰੇ ਬੱਚੇ ਫੇਲ੍ਹ ਹੋ ਜਾਣਗੇ ਕਿਉਂਕਿ ਉਹੀ ਸਮਾਂ ਪੜ੍ਹਨ ਦਾ ਹੁੰਦਾ ਹੈ, ਉਹੀ ਟੀ.ਵੀ. ਦੇਖਣ ਦਾ ਹੁੰਦਾ ਹੈ, ਉਹੀ ਸਮਾਂ ਰਹਿਰਾਸ ਦੇ ਪਾਠ ਕਰਨ ਦਾ ਹੁੰਦਾ ਹੈ, ਉਹੀ ਸਮਾਂ ਟੈਲੀਵੀਜ਼ਨ ਵਾਲੇ ਖਰਾਬ ਕਰ ਦਿੰਦੇ ਹਨ। ਇਹੋ ਜਿਹੀਆਂ ਚੀਜ਼ਾਂ ਲੈਣੀਆਂ ਨਹੀਂ ਚਾਹੀਦੀਆਂ, ਆਦਮੀ ਸਾਰੇ ਪਾਸਿਓਂ ਆਪਣਾ ਨੁਕਸਾਨ ਕਰ ਬੈਠਦਾ ਹੈ। ਇਸ ਤਰ੍ਹਾਂ ਰੈਫਰੀਜਰੇਟਰ ਆ ਗਏ ਤੇ ਹੁਣ ਉਨ੍ਹਾਂ ਦਾ ਪਾਣੀ ਪੀਣਾ ਸ਼ੁਰੂ ਕਰ ਦਿਤਾ ਤੇ ਇਹ ਸਿਹਤ ਨੂੰ ਨੁਕਸਾਨ ਪਹੁੰਚਾਂਦਾ ਹੈ, ਮੇਹਦੇ ਦੀਆਂ ਨਾੜੀਆਂ ਵਿਚ ਗੈਸ ਪੈਦਾ ਕਰ ਦਿੰਦਾ ਹੈ ਤੇ ਬਿਮਾਰੀਆਂ ਲੱਗ ਜਾਂਦੀਆਂ ਹਨ। ਸਗੋਂ ਘੜਿਆਂ ਦਾ ਪਾਣੀ ਪੀਣਾ ਚੰਗਾ ਰਹਿੰਦਾ ਹੈ। ਚੀਜ਼ ਮਿਲੀ ਹੈ ਫਾਇਦੇ ਵਾਸਤੇ ਪਰ ਨੁਕਸਾਨ ਕਰਦੀ ਹੈ। ਚਾਰ ਚਾਰ ਦਿਨ ਦੀਆਂ ਬਾਸੀ ਚੀਜ਼ਾਂ ਵਿਚ ਰੱਖ ਛੱਡਦੇ ਹਨ ਤੇ ਉਹ ਖੁਆ ਦਿੰਦੇ ਹਨ। ਸਾਗ ਬਣਾ ਲਿਆ, ਹਫਤਾ-ਹਫਤਾ ਉਹੀ ਖਾਈ ਜਾਂਦੇ ਹਨ ਤੇ ਕਹਿ ਦਿੰਦੇ ਹਨ ਕਿ ਫਰਿਜ਼ ਵਿਚ ਪਈ ਹੈ। ਦੁਧ ਭੀ ਬਾਸੀ ਕਰ ਦਿੰਦੇ ਹਨ। ਇਹ ਚੀਜ਼ਾਂ ਬਹੁਤਾ ਸੁਖ ਨਹੀਂ ਦਿੰਦੀਆਂ, ਐਵੇਂ ਇਕ ਖਿਆਲ ਹੈ।

ਸ਼ਾਦੀ ਤਾਂ ਬਹੁਤ ਸਾਦਾ ਹੋਣੀ ਚਾਹੀਦੀ ਹੈ। ਹੁਣ ਜਿਵੇਂ ਸਤਸੰਗ ਹੋ ਰਿਹਾ ਹੈ, ਉਹਦੇ ਵਿਚ ਸੰਗਤ ਦੀ ਹਾਜਰੀ ਸਮੇਂ ਹੀ ਅਨੰਦ ਕਾਰਜ ਕਰ ਦੇਣੇ ਚਾਹੀਦੇ ਹਨ। ਜਿਹਨੇ ਪ੍ਰਸ਼ਾਦਾ ਛਕਾਉਣਾ ਹੈ ਉਹ ਲੰਗਰ ਕਰ ਦੇਵੇ। ਅਸੀਂ ਵੀ ਆਪਣੇ ਬੱਚਿਆਂ ਦੀਆਂ ਸ਼ਾਦੀਆਂ ਕੀਤੀਆਂ ਹਨ। ਅਸੀਂ ਇਨ੍ਹਾਂ ਚੀਜ਼ਾਂ ਵਿਚ ਬਿਲਕੁਲ ਨਹੀਂ ਪਏ। ਜੇ ਕੋਈ ਫਰਨੀਚਰ ਆਦਿ ਦਿੰਦਾ ਵੀ ਤਾਂ ਅਸੀਂ ਕੀ ਕਰਨਾ ਸੀ। ਬੱਚੇ ਅਮਰੀਕਾ ਵਿਚ ਹਨ ਅਸੀਂ ਮਗਰੋਂ ਉਨ੍ਹਾਂ ਦੀ ਰਾਖੀ ਖਾਹਮਖਾਹ ਕਰਦੇ ਰਹਿੰਦੇ। ਇਹ ਚੀਜ਼ਾਂ ਫਜ਼ੂਲ ਹੋਇਆ ਕਰਦੀਆਂ ਹਨ। ਆਦਮੀ ਦੁਖ ਆਪ ਪੈਦਾ ਕਰ ਲੈਂਦਾ ਹੈ। ਜਿਹੜੀਆਂ ਚੰਗੀਆਂ ਬੱਚੀਆਂ ਹਨ ਉਨ੍ਹਾਂ ਨੂੰ ਆਪਣਾ ਜੀਵਨ ਬਤੀਤ ਕਰਨਾ ਬਹੁਤ ਹੀ ਔਖਾ ਹੈ। ਕੱਲ ਤੁਹਾਨੂੰ ਬੀਬੀ ਜੀ (ਰਣਜੀਤ ਕੌਰ) ਨੇ ਦੱਸਿਆ ਸੀ ਕਿ ਲੜਕੀਆਂ ਜਿੰਨੀਆਂ ਨੇ ਵੀ ਅੰਮ੍ਰਿਤ ਛਕਿਆ ਹੈ, ਕੋਈ ਅੰਮ੍ਰਿਤ ਤੋਂ ਗਿਰੀ ਨਹੀਂ। ਸਾਰੀਆਂ ਹੀ ਬਾਣੀ ਪੜ੍ਹਦੀਆਂ ਹਨ, ਸਾਰੀਆਂ ਹੀ ਨਾਮ ਜਪਦੀਆਂ ਹਨ। ਇਹਨਾਂ ਨੂੰ ਇਕੋ ਫਿਕਰ ਰਹਿੰਦੈ ਕਿ ਸਾਡਾ ਵਾਹ ਕਿਸੇ ਸ਼ਰਾਬੀ ਨਾਲ ਨਾ ਪੈ ਜਾਵੇ। ਜੇ ਸ਼ਰਾਬੀ ਚੰਗਾ ਹੁੰਦਾ ਤਾਂ ਲੜਕੀਆਂ ਨੂੰ ਡਰਨ ਦੀ ਕੀ ਲੋੜ ਸੀ? ਸ਼ਰਾਬ ਮਾੜੀ ਚੀਜ਼ ਹੈ, ਮਾੜੀਆਂ ਆਦਤਾਂ ਛੱਡ ਕੇ ਚੰਗੀਆਂ ਆਦਤਾਂ ਅਪਨਾਉਣੀਆਂ ਚਾਹੀਦੀਆਂ ਹਨ।

ਮਹਾਰਾਜ ਜੀ ਦਸ਼ਮੇਸ਼ ਪਿਤਾ ਜੀ ਨੇ ਸਿੰਘ ਨੂੰ ਤਾਂ ਬਹੁਤ ਉਚਾ ਬਣਾਇਆ ਸੀ ਤਾਂ ਕਿ ਸਾਰੀ ਦੁਨੀਆਂ ਨੂੰ ਚੰਗਾ ਲੱਗੇ ਪਰ ਨਸ਼ਿਆਂ ਦੇ ਅਧੀਨ ਹੋ ਕੇ ਇਸ ਨੇ ਆਪਣੀ ਸ਼ਕਤੀ, ਆਪਣੀ ਇੱਜ਼ਤ ਗਵਾ ਲਈ ਤੇ ਆਪਣਾ ਵਿਸ਼ਵਾਸ ਵੀ ਗਵਾ ਲਿਆ। ਸ਼ਰਾਬੀ ਬੰਦੇ ਨੂੰ ਕੋਈ ਚੰਗਾ ਨਹੀਂ ਸਮਝਦਾ, ਹਰ ਕੋਈ ਕਹਿ ਦਿੰਦਾ ਹੈ ਕਿ ਉਹਦਾ ਕੀ ਇਤਬਾਰ ਹੈ, ਉਹ ਤਾਂ ਸ਼ਰਾਬੀ ਬੰਦਾ ਹੈ। ਇਸ ਤਰ੍ਹਾਂ ਨਾਲ ਇਨ੍ਹਾਂ ਬੱਚੀਆਂ ਨੂੰ ਇਹੋ ਜਿਹੇ ਪਰਿਵਾਰਾਂ ਵਿਚ ਜਾ ਕੇ ਆਪਣੇ ਆਪ ਨੂੰ ਸਥਿਤੀ ਦੇ ਅਨੁਕੂਲ ਢਾਲਣਾ ਬੜਾ ਔਖਾ ਹੋ ਜਾਂਦਾ ਹੈ। ਇਨ੍ਹਾਂ ਨੂੰ ਬਹੁਤ ਜਦੋ-ਜਹਿਦ ਕਰਨੀ ਪੈਂਦੀ ਹੈ ਤੇ ਕਈ ਵਾਰ ਘਰ ਵਿਚ ਰੌਲਾ ਵੀ ਪੈ ਜਾਂਦਾ ਹੈ। ਇਹ ਸਾਰੇ ਦੁਖ ਆਦਮੀ

ਦੀ ਬੇਸਮਝੀ ਦੇ ਕਾਰਨ ਪੈਦਾ ਹੁੰਦੇ ਹਨ।

ਸੋ ਉਸ ਰਾਜਕੁਮਾਰੀ ਤੋਂ ਤਲਵਾਰ ਅਚਾਨਕ ਰਾਜਕੁਮਾਰ ਦੇ ਗਰਦਨ ਤੇ ਡਿਗ ਪਈ ਤੇ ਉਸ ਦੀ ਮੌਤ ਹੋ ਗਈ। ਉਸ ਦੇ ਮਨ ਵਿਚ ਵੀ ਫਿਕਰ ਹੋ ਗਿਆ ਕਿ ਮੇਰੇ ਪਿਤਾ ਜੀ ਦੀ ਕੀ ਇੱਜ਼ਤ ਰਹਿ ਜਾਏਗੀ? ਬਹੁਤ ਸੋਚਦੀ ਹੈ ਪਰ ਕੋਈ ਹੱਲ ਨਹੀਂ ਲੱਭਦਾ। ਨਾ ਹੀ ਰੋਂਦੀ ਹੈ, ਰੋਂਦੀ ਇਸ ਵਾਸਤੇ ਨਹੀਂ ਕਿ ਪਤਾ ਲੱਗ ਜਾਵੇਗਾ ਕਿ ਸਾਡੇ ਦੋਵਾਂ ਤੋਂ ਬਗੈਰ ਤਾਂ ਇਥੇ ਕੋਈ ਹੈ ਨਹੀਂ, ਰਾਜ ਕੁਮਾਰ ਨੂੰ ਮੈਥੋਂ ਬਿਨਾਂ ਕੌਣ ਮਾਰ ਸਕਦਾ ਹੈ। ਸੋਚਦੀ ਸੋਚਦੀ ਨੂੰ ਰਾਤ ਦੇ ਦੋ ਵੱਜ ਗਏ ਤੇ ਇਕ ਮਹਾਤਮਾ ਖੂਹ ਉਤੇ ਇਸ਼ਨਾਨ ਕਰਨ ਵਾਸਤੇ ਆ ਗਏ ਤੇ ਇਸਨੇ ਖੜਕਾ ਸੁਣ ਲਿਆ ਜਦੋਂ ਉਨ੍ਹਾਂ ਨੇ ਭੌਣੀ ਤੇ ਲੱਜ ਚੜ੍ਹਾ ਕੇ ਖੂਹ ਵਿਚ ਬਾਲਟੀ ਫਹਿਰਾਈ, ਇਹਦੇ ਘਬਰਾਈ ਹੋਈ ਦੇ ਮਨ ਵਿਚ ਇਹ ਖਿਆਲ ਆ ਗਿਆ ਕਿ ਇਹ ਜਿਹੜਾ ਬੰਦਾ ਨਹਾਉਣ ਵਾਸਤੇ ਆਇਐ, ਇਹਦੇ ਸਿਰ ਇਹ ਕਤਲ ਪਾ ਦਿਤਾ ਜਾਵੇ ਪਰ ਇਸ ਨੂੰ ਪਤਾ ਨਹੀਂ ਸੀ ਕਿ ਇਹ ਮਹਾਤਮਾ ਹਨ। ਇਸ ਤਰ੍ਹਾਂ ਨਾਲ ਮੇਰਾ ਬਚਾਉ ਹੋ ਸਕਦਾ ਹੈ। ਜਦੋਂ ਉਹ ਇਸ਼ਨਾਨ ਕਰਕੇ ਵਾਪਸ ਜਾ ਰਹੇ ਸਨ ਤਾਂ ਇਸ ਨੇ ਰੌਲਾ ਪਾ ਦਿਤਾ ਕਿ ਇਕ ਬੰਦਾ ਐਥੋਂ ਛਾਲ ਮਾਰ ਕੇ ਭੱਜ ਗਿਆ। ਜਿਹੜੀ ਫੌਜ ਮਹਿਲ ਦੇ ਅੰਦਰ ਤੇ ਆਲੇ ਦੁਆਲੇ ਖੜ੍ਹੀ ਸੀ, ਉਨ੍ਹਾਂ ਨੇ ਇਕ ਦਮ ਘੇਰਾ ਪਾ ਲਿਆ ਤੇ ਦੇਖਿਆ ਕਿ ਸੰਤਾਂ ਤੋਂ ਬਗੈਰ ਹੋਰ ਕੋਈ ਵੀ ਇਥੋਂ ਦੀ ਨਹੀਂ ਗਿਆ ਤੇ ਉਨ੍ਹਾਂ ਨੇ ਸੰਤਾਂ ਨੂੰ ਗ੍ਰਿਫਤਾਰ ਕਰ ਲਿਆ। ਰਾਜੇ ਨੂੰ ਖਬਰ ਹੋ ਗਈ ਕਿ ਮੇਰਾ ਜੁਆਨ ਲੜਕਾ ਮਾਰਿਆ ਗਿਆ ਤਾਂ ਬਹੁਤ ਉਦਾਸ ਹੋਇਆ। ਜਿਸ ਵਕਤ ਮੁਜਰਮ ਇਨ੍ਹਾਂ ਦੀ ਕਚਿਹਰੀ ਵਿਚ ਪੇਸ਼ ਕੀਤਾ ਤਾਂ ਰਾਜਾ ਬੜਾ ਹੈਰਾਨ ਹੋਇਆ ਕਿ ਇਹ ਤਾਂ ਉਹ ਸੰਤ ਹਨ ਜਿਨ੍ਹਾਂ ਦਾ ਉਹ ਬਹੁਤ ਸਤਿਕਾਰ ਕਰਦਾ ਹੈ। ਬਹੁਤ ਸ਼ਸ਼ੋਪੰਜ ਵਿਚ ਪੈ ਗਿਆ ਕਿ ਕੀ ਕੀਤਾ ਜਾਵੇ। ਇਹ ਕੀ ਭਾਣਾ ਵਰਤ ਗਿਆ। ਰਾਜਕੁਮਾਰੀ ਕਹਿ ਰਹੀ ਹੈ ਕਿ ਇਹੋ ਰਾਜਕੁਮਾਰ ਦਾ ਕਾਤਲ ਹੈ ਕਿਉਂਕਿ ਮੌਕੇ ਦੀ ਗਵਾਹ ਹੈ। ਕਾਨੂੰਨ ਇਹ ਕਹਿੰਦਾ ਹੈ ਕਿ ਜੇ ਮੌਕੇ ਦਾ ਗਵਾਹ ਸਹੀ ਕਹਿੰਦਾ ਹੈ ਤਾਂ ਸਜਾ ਮਿਲਣੀ ਚਾਹੀਦੀ ਹੈ ਭਾਵੇਂ ਕੋਈ ਵੀ ਹੋਵੇ। ਉਸ ਰਾਜੇ ਨੇ ਬਹੁਤ ਸੋਚ ਸੋਚ ਕੇ ਇਹ ਫੈਸਲਾ ਕੀਤਾ ਕਿ ਸੰਤਾਂ ਦਾ ਸਿਰ ਤਾਂ ਨਹੀਂ ਕੱਟਣਾ, ਜਿਹੜੇ ਹੱਥਾਂ ਦੇ ਨਾਲ ਮਾਰਿਆ ਹੈ ਉਹ ਹੱਥ ਇਸ ਦੇ ਕੱਟ ਦਿਤੇ ਜਾਣ। ਇਸੇ ਤਰ੍ਹਾਂ ਹੋਇਆ। ਜਲਾਦਾਂ ਨੇ ਲਿਜਾ ਕੇ ਇਸ ਦੇ ਦੋਵੇਂ ਹੱਥ ਕੱਟ ਦਿਤੇ।

ਬੇਕਸੂਰ ਹੋਣ ਕਰਕੇ, ਇਹ ਸਜਾ ਮਿਲਣ ਤੇ ਉਹ ਸੰਤ ਬਹੁਤ ਨਿਰਾਸ਼ ਹੋ ਗਿਆ। ਉਹ ਅਸਥਾਨ ਛੱਡ ਕੇ ਹਿਮਾਲੀਆ ਪਰਬਤ ਉਤੇ ਚਲਾ ਗਿਆ ਉਥੇ ਜਾ ਕੇ ਬੜੇ ਰਿਸ਼ੀ ਮੁਨੀ ਤੇ ਸਾਧੂਆਂ ਨੂੰ ਮਿਲਿਆ ਤੇ ਸਵਾਲ ਕਰਦਾ ਹੈ ਕਿ ਮੈਂ ਤਾਂ ਰਾਜਕੁਮਾਰ ਦਾ ਕਤਲ ਨਹੀਂ ਕੀਤਾ ਪਰ ਮੈਨੂੰ ਇਹ ਸਜ਼ਾ ਕਿਉਂ ਮਿਲੀ ਹੈ ਕਿ ਮੇਰੇ ਹੱਥ ਕੱਟ ਦਿਤੇ ਗਏ ਹਨ। ਸੰਤ ਕਹਿਣ ਲੱਗੇ ਕਿ ਇਹ ਤਾਂ ਨਹੀਂ ਅਸੀਂ ਦੱਸ ਸਕਦੇ ਪਰ ਹੈ ਤੇਰੇ ਕਰਮਾਂ ਦਾ ਫਲ। ਤੂੰ ਇਸ ਤਰ੍ਹਾਂ ਕਰ ਕਿ ਕਾਸ਼ੀ ਦੇ ਅੰਦਰ ਇਕ ਜੋਤਸ਼ੀ ਹੈ, ਤੂੰ ਉਥੇ ਚਲਿਆ ਜਾਹ ਤੇ ਉਹ ਤੈਨੂੰ ਦੱਸ ਦੇਵੇਗਾ ਕਿ ਤੇਰੇ ਕਿਸ ਕਰਮ ਦਾ ਫਲ ਹੈ ਕਿ ਤੇਰੇ ਹੱਥ ਕੱਟੇ ਗਏ ਹਨ। ਕਾਸ਼ੀ ਪਹੁੰਚ ਕੇ ਪੁਛ ਪੜਤਾਲ ਕਰਦਾ ਉਸ ਜੋਤਸ਼ੀ ਦੇ ਘਰ ਤੱਕ ਪਹੁੰਚ ਜਾਂਦਾ ਹੈ। ਉਥੇ ਜਾ ਕੇ ਦਰਵਾਜਾ ਖਟਖਟਾਇਆ ਤੇ ਪੰਡਤ ਜੀ ਮਹਾਰਾਜ ਕਹਿ ਕੇ ਆਵਾਜ ਦਿਤੀ ਤੇ ਉਸ ਦੀ ਘਰਵਾਲੀ ਬਾਹਰ ਆ ਗਈ। ਉਸ ਦੇ ਗਲ ਪੈ ਗਈ ਕਿ ਤੂੰ ਇਸ ਨੂੰ ਮਿਲਣ ਕਿਉਂ ਆਇਐਂ, ਇਹ ਤਾਂ ਇਕ ਨੰਬਰ ਦਾ ਠੱਗ ਹੈ। ਦੁਨੀਆਂ ਨੂੰ ਠੱਗ ਰਿਹਾ ਹੈ। ਦੁਨੀਆਂ ਭਰ ਦੀਆਂ ਗਾਲ੍ਹਾਂ ਕੱਢ ਕੇ ਬਹੁਤ ਬੁਰਾ ਭਲਾ ਆਪਣੇ ਪਤੀ ਜੋਤਸ਼ੀ ਨੂੰ ਕਹਿੰਦੀ ਹੈ। ਜਦੋਂ ਪੰਡਤ ਜੀ ਨੇ ਰੌਲਾ ਰੱਪਾ ਸੁਣਿਆ ਤਾਂ ਬਾਹਰ ਆ ਗਏ ਤੇ ਉਨ੍ਹਾਂ ਦੇ ਚਿਹਰੇ ਤੇ ਕੋਈ ਗੁੱਸਾ ਗਿਲਾ ਨਹੀਂ ਸੀ ਕਿ ਮੇਰੀ ਘਰਵਾਲੀ ਗਾਲ੍ਹਾਂ ਕੱਢਦੀ ਹੈ। ਉਸੇ ਤਰ੍ਹਾਂ ਚਿਹਰਾ ਖਿੜਿਆ ਹੋਇਆ ਹੈ ਤੇ ਸੰਤ ਜੀ ਨੂੰ ਕਹਿਣ ਲੱਗੇ ਕਿ ਆਪ ਅੰਦਰ ਆ ਜਾਉ। ਸੰਤ ਇਸ ਦੇ ਘਰ ਦਾ ਭੈੜਾ ਵਾਤਾਵਰਨ ਦੇਖ ਕੇ ਹੋਰ ਵੀ ਉਦਾਸ ਹੋ ਗਏ ਕਿ ਘਰਵਾਲੀ ਇੰਨੀਆਂ ਗਾਲ੍ਹਾਂ ਕੱਢ ਰਹੀ ਹੈ ਪਰ ਇਸ ਦਾ ਘਰਵਾਲਾ ਇਹ ਪੰਡਤ ਐਨਾ ਢੀਠ ਹੈ ਕਿ ਇਸ ਤੇ ਕੋਈ ਅਸਰ ਨਹੀਂ ਹੈ। ਉਹ ਅੰਦਰ ਬੈਠ ਜਾਂਦੇ ਹਨ ਤੇ ਜੋਤਸ਼ੀ ਪੁਛਦਾ ਹੈ ਕਿ ਦੱਸੋ ਸੰਤ ਜੀ, ਆਪ ਜੀ ਦਾ ਕਿਸ ਤਰ੍ਹਾਂ ਨਾਲ ਆਉਣਾ ਹੋਇਆ? ਕਹਿਣ ਲੱਗੇ, ਮੈਂ ਤਾਂ ਬਾਦ ਵਿਚ ਦੱਸਾਂਗਾ, ਪਹਿਲਾਂ ਤੁਸੀਂ ਆਪਣਾ ਹਾਲ ਦੱਸੋ ਕਿ ਇਹ ਤੁਹਾਡੇ ਘਰ ਵਿਚ ਕੀ ਵਰਤਾਰਾ ਹੈ। ਬੀਬੀ ਐਨਾ ਬੁਰਾ ਭਲਾ ਤੁਹਾਨੂੰ ਕਹਿ ਰਹੀ ਹੈ, ਤੁਸੀਂ ਚੁਪ ਹੋ, ਸ਼ਾਤ ਚਿਤ ਹੋ, ਇਸ ਦਾ ਕੀ ਕਾਰਨ ਹੈ? ਕਹਿਣ ਲੱਗਿਆ, ਇਹ ਤਾਂ ਮੈਥੋਂ ਸਾਰੇ ਹੀ ਪੁਛਦੇ ਨੇ ਲਉ ਹੁਣ ਤੁਹਾਨੂੰ ਵੀ ਦੱਸ ਦਿੰਦਾ ਹਾਂ। ਪੰਡਤ ਜੀ ਦੱਸਣ ਲੱਗੇ ਕਿ ਮੇਰਾ ਹਾਲ ਇਹ ਹੈ ਕਿ ਮੈਂ ਪਿਛਲੇ ਜਨਮ ਵਿਚ ਕਾਉਂ ਹੁੰਦਾ ਸੀ ਤੇ ਮੇਰੇ ਘਰਵਾਲੀ ਖੋਤੀ ਦੀ ਜੂਨ ਵਿਚ ਸੀ। ਇਸ ਦੀ ਪਿੱਠ ਉਤੇ ਭਾਰ ਲੱਦਣ ਕਰਕੇ ਲਾਗਾ ਲਗਿਆ ਹੋਇਆ ਸੀ ਤੇ ਮੈਂ ਇਸ ਦੇ ਜਖਮਾਂ ਤੇ ਠੂੰਗਾਂ ਮਾਰਦਾ ਰਹਿੰਦਾ ਸੀ। ਇਸ ਨੂੰ ਜਾਣ ਬੁੱਝ ਕੇ ਤੰਗ ਕਰਦਾ ਸੀ ਤੇ ਉਚੇਚੇ ਤੌਰ ਤੇ ਇਸ ਦੇ ਜ਼ਖਮਾਂ ਤੇ ਠੂੰਗਾਂ ਮਾਰਦਾ ਰਹਿੰਦਾ ਸੀ। ਇਹ ਦੁਖੀ ਹੋ ਕੇ ਇਥੋਂ ਨਸ ਗਈ ਤੇ ਬਾਰਾਂ ਮੀਲ ਦੂਰ ਚਲੀ ਗਈ ਤੇ ਬੜੇ ਦਿਨਾਂ ਬਾਅਦ ਜਦੋਂ ਮੈਂ ਅਕਾਸ਼ ਵਿਚ

ਉਡ ਰਿਹਾ ਸੀ, ਇਸ ਤੇ ਨਜ਼ਰ ਪੈ ਗਈ ਤੇ ਮੈਂ ਹੇਠਾਂ ਉਤਰ ਕੇ ਇਸ ਦੇ ਜਖਮਾਂ ਉਤੇ ਇਤਨੀ ਜੋਰ ਦੀ ਟੁੱਭੀ ਮਾਰ ਕੇ ਚੁੰਝ ਮਾਰੀ ਕਿ ਮੇਰੀ ਚੁੰਝ ਇਸ ਦੀ ਹੱਡੀ ਵਿਚ ਖੁੱਭ ਗਈ। ਇਸ ਨੂੰ ਬਹੁਤ ਜਿਆਦਾ ਤਕਲੀਫ ਹੋਈ ਤੇ ਇਹ ਨੱਸ ਪਈ ਤੇ ਮੇਰੀ ਚੁੰਝ ਹੱਡੀ ਵਿਚ ਖੁੱਭੀ ਹੋਈ ਸੀ। ਨੇੜੇ ਇਕ ਮਹਾਂਪੁਰਸ਼ਾਂ ਦਾ ਸਥਾਨ ਸੀ। ਉਥੇ ਪਿਛਲੇ ਪਾਸੇ ਇਕ ਨੀਵੀਂ ਥਾਂ ਤੇ ਉਨ੍ਹਾਂ ਦਾ ਤੇ ਸੰਗਤਾਂ ਦੇ ਇਸ਼ਨਾਨ ਦਾ ਪਾਣੀ ਜਮਾਂ ਹੋ ਜਾਂਦਾ ਸੀ ਉਹ ਬਹੁਤ ਡੂੰਘਾ ਡੁੰਮ ਸੀ ਤੇ ਇਹ ਦੌੜ ਕੇ ਉਸ ਪਾਣੀ ਦੇ ਡੁੰਮ ਵਿਚ ਡੁੱਬ ਗਈ ਤੇ ਨਾਲ ਹੀ ਮੈਂ ਡੁੱਬ ਗਿਆ। ਮਹਾਂਪੁਰਸ਼ਾਂ ਦੇ ਸਰੀਰ ਦੇ ਇਸ਼ਨਾਨ ਵਾਲੇ ਜਲ ਵਿਚ ਡੁੱਬ ਕੇ ਮਰਨ ਦਾ ਇਹ ਫਲ ਲੱਗਿਆ ਕਿ ਮੈਂ ਪੰਡਤ ਹੋ ਗਿਆ ਤੇ ਇਹ ਪੰਡਤਾਣੀ ਹੋ ਗਈ। ਸਾਡੀ ਸ਼ਾਦੀ ਹੋ ਗਈ ਤੇ ਪਿਛਲਾ ਕਰਮ ਸਾਡਾ ਮਿਟਿਆ ਨਹੀਂ ਪਰ ਸਾਨੂੰ ਜਨਮ ਜਰੂਰ ਮਨੁੱਖ ਜੂਨੀ ਵਿਚ ਮਿਲ ਗਿਆ। ਪਿਛਲੀ ਜੂਨ ਵਿਚ ਜਦੋਂ ਮੈਂ ਕਾਉਂ ਸੀ, ਇਸ ਦੇ ਜਖਮਾਂ ਤੇ ਚੁੰਝਾਂ ਮਾਰਿਆ ਕਰਦਾ ਸੀ ਪਰ ਹੁਣ ਇਹ ਮੈਨੂੰ ਕੌੜੇ ਕੁਸੈਲੇ ਬਚਨਾਂ ਦੀਆਂ ਚੁੰਝਾਂ ਮਾਰਦੀ ਹੈ। ਮੈਨੂੰ ਇਸ ਦਾ ਪਤਾ ਹੈ ਤੇ ਮੈਨੂੰ ਇਸ ਤੇ ਗੁੱਸਾ ਨਹੀਂ ਆਉਂਦਾ। ਮੇਰੇ ਧਿਆਨ ਵਿਚ ਰਹਿੰਦਾ ਹੈ ਕਿ ਮੈਂ ਵੀ ਇਸ ਨੂੰ ਬਹੁਤ ਦੁਖ ਦਿਤਾ ਹੈ। ਇਸ ਤਰ੍ਹਾਂ ਨਾਲ ਸੰਤ ਜੀ! ਮੇਰਾ ਹਾਲ ਤਾਂ ਇਹ ਹੈ, ਹੁਣ ਤੁਸੀਂ ਆਪਣਾ ਹਾਲ ਦੱਸੋ।

ਸੰਤ ਆਪਣੇ ਦੋਵੇਂ ਹੱਥ ਅੱਗੇ ਕਰਕੇ ਕਹਿਣ ਲੱਗੇ ਕਿ ਜੋਤਸ਼ੀ ਜੀ! ਇਹ ਦੱਸੋ ਕਿ ਮੇਰੇ ਦੋਵੇਂ ਹੱਥ ਕਿਉਂ ਵੱਢੇ ਗਏ? ਪੰਡਤ ਜੀ ਥੋੜ੍ਹੇ ਚੁਪ ਹੋ ਗਏ ਤੇ ਆਪਣਾ ਹਿਸਾਬ ਕਿਤਾਬ ਕੱਢ ਕੇ ਕਹਿਣ ਲੱਗੇ ਕਿ ਤੁਸੀਂ ਪਿਛਲੇ ਜਨਮ ਵਿਚ ਸੰਤ ਸੀਗੇ ਤੇ ਤੁਸੀਂ ਮੋਨੀ ਸੰਤ ਸੀ, ਕਿਸੇ ਨਾਲ ਬੋਲਿਆ ਨਹੀਂ ਸੀ ਕਰਦੇ। ਇਹ ਜਿਹੜਾ ਰਾਜਕੁਮਾਰ ਹੈ - ਰਾਜੇ ਦਾ ਲੜਕਾ, ਜਿਸ ਦੀ ਮੌਤ ਉਸ ਲੜਕੀ ਦੇ ਹੱਥੋਂ ਹੋਈ ਹੈ ਇਹ ਪਿਛਲੇ ਜਨਮ ਵਿਚ ਕਸਾਈ ਸੀ। ਇਹ ਲੜਕੀ ਜੋ ਕਿ ਰਾਜਕੁਮਾਰੀ ਹੈ ਜਿਸ ਨੇ ਤੁਹਾਡੇ ਤੇ ਇਲਜ਼ਾਮ ਲਾਇਐ, ਇਹ ਪਿਛਲੇ ਜਨਮ ਵਿਚ ਗਊ ਸੀ। ਇਕ ਦਫਾ ਦਾ ਜ਼ਿਕਰ ਹੈ ਕਿ ਇਸ ਗਊ ਨੂੰ ਖਰੀਦ ਕੇ ਕਸਾਈ ਜ਼ਿਬਾਹ (ਮਾਰਨ) ਕਰਨ ਵਾਸਤੇ ਲਈ ਜਾ ਰਿਹਾ ਸੀ ਤੇ ਸੰਤ ਜੀ ਜਿਥੇ ਤੁਸੀਂ ਭਜਨ ਕਰਿਆ ਕਰਦੇ ਸੀ ਉਸ ਤੋਂ ਥੋੜ੍ਹੀ ਦੂਰ ਝਿੜੀ ਸੀ, ਉਥੇ ਲਿਜਾ ਕੇ ਜਦੋਂ ਇਸ ਨੂੰ ਵੱਢਣ ਲੱਗਿਆ ਤਾਂ ਇਹ ਰੱਸਾ ਤੁੜਾ ਕੇ ਭੱਜ ਆਈ। ਤੁਹਾਡੇ ਪਿਛਲੇ ਪਾਸੇ ਇਕ ਡੂੰਘਾ ਸੁੱਕਾ ਟੋਆ ਸੀ। ਇਹ ਗਊ ਤੁਹਾਡੇ ਅੱਗੇ ਦੀ ਲੰਘ ਕੇ ਉਸ ਵਿਚ ਵੜ ਗਈ। ਕਸਾਈ ਗਊ ਦਾ ਪਿਛਾ ਕਰਨ ਲਈ ਦੌੜਿਆ ਜਾ ਰਿਹਾ ਸੀ ਪਰ ਇਸ ਨੂੰ ਕੋਈ ਪਤਾ ਨਹੀਂ ਲੱਗਿਆ ਕਿ ਗਊ ਕਿਥੇ ਗਈ। ਤੁਹਾਡੇ ਕੋਲ ਆ ਕੇ ਇਸ ਨੇ ਤੁਹਾਨੂੰ ਪੁਛਿਆ ਕਿ ਐਥੇ ਗਊ ਤਾਂ ਨਹੀਂ ਆਈ ਤੇ ਹੱਥ ਵਿਚ ਛੁਰਾ ਸੀ ਅਤੇ ਇਹ ਵੀ ਤੁਸੀਂ ਜਾਣਦੇ ਸੀ ਕਿ ਇਹ ਕਸਾਈ ਹੈ। ਪਰੰਤੂ ਤੁਸੀਂ ਬਗੈਰ ਸੋਚੇ ਦੋਵੇਂ ਹੱਥ ਪਿਛੇ ਕਰਕੇ ਇਸ਼ਾਰਾ ਕਰ ਦਿਤਾ ਕਿ ਗਊ ਇਥੇ ਹੈ। ਉਸ ਨੇ ਗਊ ਫੜ ਲਈ ਤੇ ਗਊ ਨੂੰ ਮਾਰਨ ਵਾਸਤੇ ਦਰਿਆ ਦੇ ਕੰਢੇ ਤੇ ਲੈ ਗਿਆ ਤੇ ਉਥੇ ਜਾ ਕੇ ਮਾਰ ਦਿਤੀ ਤੇ ਹਾਲੇ ਗਊ ਦੀ ਖੱਲ ਲਾਹੁਣ ਹੀ ਲਗਿਆ ਸੀ ਕਿ ਜੰਗਲ ਵਿਚੋਂ ਸ਼ੇਰ ਆ ਗਿਆ ਤੇ ਤੈਨੂੰ ਸ਼ੇਰ ਨੇ ਮਾਰ ਦਿੱਤਾ। ਇੰਨੇ ਨੂੰ ਉਸ ਨਦੀ ਵਿਚ ਪਾਣੀ ਚੜ੍ਹ ਗਿਆ ਤੇ ਦੂਜੇ ਪਾਸੇ ਇਕ ਮਹਾਤਮਾ ਇਸ਼ਨਾਨ ਕਰ ਰਹੇ ਸੀ ਤੇ ਉਨ੍ਹਾਂ ਦੀ ਚਰਨ ਧੂੜ ਇਨ੍ਹਾਂ ਦੇ ਮਿਰਤਕ ਸਰੀਰਾਂ ਨੂੰ ਛੁਹ ਗਈ, ਉਸ ਦੇ ਨਾਲ ਇਨ੍ਹਾਂ ਨੂੰ ਮਨੁੱਖ ਦਾ ਜਾਮਾ ਪ੍ਰਾਪਤ ਹੋ ਗਿਆ।

ਉਹ ਰਾਜਕੁਮਾਰ ਬਣ ਗਿਆ, ਇਹ ਰਾਜਕੁਮਾਰੀ ਬਣ ਗਈ। ਹੁਣ ਕਰਮਾਂ ਨੇ ਤੁਸੀਂ ਤਿੰਨੇ ਇਕੱਠੇ ਕਰ ਦਿੱਤੇ। ਤੇਰੀ ਕੁਟੀਆ ਲਾਗੇ ਰਾਜੇ ਨੇ ਰਾਜਕੁਮਾਰ ਦਾ ਮਹਿਲ ਪਾ ਦਿਤਾ ਤੇ ਪਹਿਲੀ ਰਾਤ ਨੂੰ ਇਸ ਨੇ ਬਦਲਾ ਲੈਣਾ ਸੀ। ਇਹਦੇ ਹੱਥੋਂ ਤਲਵਾਰ ਛੁਟ ਕੇ ਰਾਜਕੁਮਾਰ ਦੇ ਲੱਗੀ, ਤੂੰ ਇਸ਼ਨਾਨ ਕਰਕੇ ਜਾ ਰਿਹਾ ਸੀ ਤੇ ਤੂੰ ਫੜਿਆ ਗਿਆ। ਪਿਛਲੇ ਜਨਮ ਦਾ ਤੇਰਾ ਇਹ ਕਸੂਰ ਸੀ ਕਿ ਤੂੰ ਦੋਵਾਂ ਹੱਥਾਂ ਨਾਲ ਇਸ਼ਾਰਾ ਕਰਕੇ ਕਹਿ ਦਿਤਾ ਕਿ ਉਹ ਪਿਛਲੇ ਪਾਸੇ ਗਊ ਹੈ, ਉਸ ਨੇ ਇਸਦਾ ਸਿਰ ਵੱਢਿਆ ਸੀ, ਰਾਜਕੁਮਾਰੀ (ਗਊ) ਨੇ ਇਸ ਦਾ ਵੱਢ ਦਿਤਾ। ਜਿੰਨਾ ਕਸੂਰ ਤੇਰਾ ਸੀ, ਉਸ ਦੀ ਸਜ਼ਾ ਤੈਨੂੰ ਮਿਲਣੀ ਹੀ ਸੀ, ਇਸ ਕਰਕੇ ਤੇਰੇ ਹੱਥ ਵੱਢੇ ਗਏ। ਸੋ ਤੂੰ ਹੁਣ ਫਿਕਰ ਨਾ ਕਰ। ਚਾਹੀਦਾ ਤਾਂ ਤੈਨੂੰ ਇਹ ਸੀ ਕਿ ਤੂੰ ਚੁਪ ਰਹਿੰਦਾ ਤੇ ਬਗੈਰ ਇਸ਼ਾਰਾ ਕੀਤੇ ਮਸਤ ਰਹਿੰਦਾ ਪਰ ਤੂੰ ਸੋਚਿਆ ਕਿ ਮੈਂ ਸੰਤ ਹਾਂ, ਮੈਨੂੰ ਸੱਚ ਬੋਲਣਾ ਚਾਹੀਦਾ ਹੈ। ਤੂੰ ਸੱਚ ਬੋਲ ਦਿਤਾ ਪਰ ਇਹ ਨਹੀਂ ਸੋਚਿਆ ਕਿ ਗਊ ਹੱਤਿਆ ਦਾ ਪਾਪ ਵੀ ਲੱਗੇਗਾ। ਜੇਕਰ ਐਸੇ ਹਾਲਾਤ ਵਿਚ ਚੁਪ ਰਿਹਾ ਜਾਂਦਾ ਤਾਂ ਉਸ ਦੀ ਜਾਨ ਬਚ ਜਾਣੀ ਸੀ ਤੇ ਤੈਨੂੰ ਇਹ ਪਾਪ ਨਹੀਂ ਸੀ ਲੱਗਣਾ। ਸੋ ਇਹ ਸਾਰਾ ਤੇਰੇ ਕਰਮਾਂ ਦਾ ਕਸੂਰ ਹੈ, ਇਸ ਵਿਚ ਰਾਜੇ ਦਾ ਦੋਸ਼ ਨਹੀਂ ਕਿ ਉਸ ਨੇ ਤੈਨੂੰ ਸਜ਼ਾ ਦਿਤੀ ਹੈ। ਸੰਸਾਰ ਵਿਚ ਆ ਕੇ ਹਰ ਇਕ ਆਪਣੇ ਕਰਮਾਂ ਦਾ ਹੀ ਫਲ ਭੋਗਦਾ ਹੈ ਤੇ ਕਰਮਾਂ ਦੀ ਗਤੀ ਬਹੁਤ ਬਲਵਾਨ ਹੈ, ਇਸ ਨੂੰ ਟਾਲਣਾ ਮੁਸ਼ਕਲ ਹੁੰਦਾ ਹੈ -

***ਧਾਰਨਾ - ਫਲ ਦਿਤਿਆਂ ਬਾਝ ਨਾ ਜਾਣਾ,***
***ਤੇਰਿਆਂ ਕਰਮਾਂ ਨੇ ਬੰਦਿਆਂ -2, 2.***

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***

***ਜੋ ਮੈ ਕੀਆ ਸੋ ਮੈ ਪਾਇਆ***
***ਦੋਸੁ ਨ ਦੀਜੈ ਅਵਰ ਜਨਾ॥ ਅੰਗ - ੪੩੩***

ਮਹਾਰਾਜ ਕਹਿਣ ਲੱਗੇ ਗੁਰੂ ਅੰਗਦ ਸਾਹਿਬ ਨੂੰ ਕਿ ਪੁਰਖਾ! ਆਹ ਛੋਟੀ ਜਿਹੀ ਗੱਲ ਤੈਨੂੰ ਦੱਸੀ ਹੈ, ਇਨ੍ਹਾਂ ਕਰਮਾਂ ਦੀ ਗਤੀ ਨੂੰ ਇਸੇ ਤਰ੍ਹਾਂ ਨਾਲ ਸਮਝ ਲਵੋ। ਕਰਮ ਹਜ਼ਾਰ-ਹਜ਼ਾਰ ਸਾਲ ਤੋਂ ਬਾਅਦ ਵੀ ਬਦਲਾ ਲੈਂਦੇ ਹਨ, ਦਸ ਹਜ਼ਾਰ ਸਾਲ ਤੋਂ ਬਾਅਦ ਵੀ ਬਦਲਾ ਲੈਂਦੇ ਹਨ। ਜੇ ਕੋਈ ਨੇਮੀ ਪ੍ਰੇਮੀ ਬੰਦਾ ਗੁਜ਼ਰ ਜਾਵੇ ਤੇ ਉਸ ਦਾ ਅੰਤ ਸਮਾਂ ਚੰਗਾ ਨਾ ਹੋਵੇ ਤਾਂ ਪਿੰਡ ਦੇ ਲੋਕ ਕਹਿ ਦਿਆ ਕਰਦੇ ਹਨ ਕਿ ਦੇਖੋ ਜੀ ਇਹ ਤਾਂ ਪਾਠ ਬਹੁਤ ਕਰਿਆ ਕਰਦਾ ਸੀ, ਅੰਮ੍ਰਿਤ ਵੇਲੇ ਜਾਗਦਾ ਸੀ, ਪੁੰਨ ਦਾਨ ਕਰਦਾ ਸੀ, ਇਸ ਦੇ ਨਾਲ ਤਾਂ ਨਜਾਇਜ਼ ਨਹੀਂ ਸੀ ਹੋਣੀ ਚਾਹੀਦੀ, ਸਾਰੇ ਲੋਕ ਅਫਸੋਸ ਕਰਦੇ ਹਨ ਲੇਕਿਨ ਸਾਧ ਸੰਗਤ ਜੀ! ਪਤਾ ਨਹੀਂ ਹੁੰਦਾ ਕਿ ਕਿਹੜੇ ਕਰਮ ਦੀ ਕਦੋਂ ਵਾਰੀ ਆ ਜਾਵੇ ਪਰੰਤੂ ਇਹ ਗੱਲ ਪ੍ਰਮੇਸ਼ਰ ਦੇ ਪਿਆਰਿਆਂ ਤੇ ਲਾਗੂ ਨਹੀਂ ਹੋਇਆ ਕਰਦੀ, ਉਹ ਆਪਣੀ ਮਰਜ਼ੀ ਨਾਲ ਵੀ ਚਲੇ ਜਾਂਦੇ ਹਨ ਤੇ ਕਈ ਦਫਾ ਸੰਸਾਰ ਦੇ ਦੁਖ ਲੈ ਕੇ ਬੀਮਾਰੀ ਨਾਲ ਵੀ ਚਲੇ ਜਾਇਆ ਕਰਦੇ ਹਨ ਕਿਉਂਕਿ ਉਹ ਸਰੀਰ ਨਹੀਂ ਹੁੰਦੇ। ਸੰਸਾਰ ਨੂੰ ਲਗਦਾ ਹੈ ਕਿ ਉਹ ਦੁਖ ਭੋਗਦੇ ਹਨ ਪਰ ਉਹਨਾਂ ਦਾ ਦੇਹ ਅਧਿਆਸ ਟੁਟਿਆ ਹੁੰਦਾ ਹੈ। ਉਨ੍ਹਾਂ ਵਾਸਤੇ ਦੁਖ ਨਾਮ ਦੀ ਕੋਈ ਪਰੀਭਾਸ਼ਾ ਨਹੀਂ ਹੁੰਦੀ।

ਜਿਸ ਵਕਤ ਮਹਾਂਭਾਰਤ ਦਾ ਯੁਧ ਹੋ ਚੁਕਿਆ ਉਸ ਵੇਲੇ ਕੌਰਵ, ਕਰਨ ਸਮੇਤ ਇਕ ਸੌ ਇਕ ਭਰਾ ਸਨ ਅਤੇ ਸਾਰੇ ਯੁਧ ਵਿਚ ਸ਼ਹੀਦ ਹੋ ਗਏ। ਯੁਧ ਪਾਂਡਵਾਂ ਨੇ ਜਿਤ ਲਿਆ ਤੇ ਕ੍ਰਿਸ਼ਨ ਮਹਾਰਾਜ ਜੀ ਯੁਧਿਸ਼ਟਰ ਨੂੰ ਕਹਿਣ ਲੱਗੇ ਕਿ ਚਲੋ ਆਪਾਂ ਅਫਸੋਸ ਕਰ ਆਈਏ। ਜਿਹੜੇ ਚੰਗੇ ਮਨੁਖ ਹੁੰਦੇ ਹਨ ਉਹ ਵਿਆਹ ਵਿਚ ਜਾਣ ਤੋਂ ਭਾਵੇਂ ਖੁੰਝ ਜਾਣ ਪਰੰਤੂ ਅਫਸੋਸ ਤੇ ਜ਼ਰੂਰ ਪਹੁੰਚ ਜਾਇਆ ਕਰਦੇ ਹਨ। ਇਸ ਨੂੰ ਚੰਗਾ ਸ਼ਿਸ਼ਟਾਚਾਰ ਕਹਿੰਦੇ ਹਨ। ਕ੍ਰਿਸ਼ਨ ਮਹਾਰਾਜ ਜੀ ਨੇ ਯੁਧਿਸ਼ਟਰ, ਸਾਰੇ ਪਾਂਡਵ, ਹੋਰ ਚੰਗੇ ਬੰਦਿਆਂ ਨੂੰ ਨਾਲ ਲਿਆ ਤੇ ਧ੍ਰਿਤਰਾਸ਼ਟਰ ਕੋਲ ਅਫਸੋਸ ਕਰਨ ਚਲੇ ਗਏ। ਧ੍ਰਿਤਰਾਸ਼ਟਰ ਜੋ ਅੱਖਾਂ ਤੋਂ ਅੰਨ੍ਹਾ ਸੀ, ਉਸਨੂੰ ਖਬਰ ਕੀਤੀ ਕਿ ਕ੍ਰਿਸ਼ਨ ਮਹਾਰਾਜ ਆਏ ਹਨ ਤੇ ਨਾਲ ਪਾਂਡਵ ਹਨ। ਅਫਸੋਸ ਵਾਲੇ ਕਮਰੇ ਵਿਚ ਬੈਠਣ ਵਾਸਤੇ ਚਲੇ ਗਏ। ਧ੍ਰਿਤਰਾਸ਼ਟਰ ਨੂੰ ਸੰਬੋਧਨ ਕਰਕੇ ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਰਾਜਨ! ਤੇਰਾ 100 ਪੁੱਤਰ ਸ਼ਹੀਦ ਹੋ ਗਿਆ ਤੇ 101ਵਾਂ ਕਰਣ ਵੀ ਸ਼ਹੀਦ ਹੋ ਗਿਆ, ਸਾਰੇ ਯੁਧ ਵਿਚ ਮਾਰੇ ਗਏ, ਤੇਰੀਆਂ ਨੂੰਹਾਂ ਵਿਧਵਾ ਹੋ ਗਈਆਂ ਤੇ ਤੇਰਾ ਸਾਰਾ ਬਾਲ ਬੱਚਾ, ਖਾਨਦਾਨ ਦੁਖ ਵਿਚ ਹੈ ਕਿਉਂਕਿ ਰਾਜ ਵੀ ਤੁਹਾਡੇ ਹੱਥੋਂ ਜਾਂਦਾ ਰਿਹਾ ਤੇ ਰਾਜ ਭਾਗ ਪਾਂਡਵਾਂ ਪਾਸ ਆ ਗਿਆ। ਇਸ ਸਮੇਂ ਤੂੰ ਬਹੁਤ ਸੰਕਟ ਵਿਚ ਆ ਗਿਆ ਤੇ ਸਾਡੇ ਹਿਰਦੇ ਵਿਚ ਤੇਰਾ ਦੁਖ ਹੈ। ਅਸੀਂ ਆਪਣੇ ਦੁਖੀ ਹਿਰਦੇ ਨਾਲ ਇਸ ਵਿਚ ਸ਼ਾਮਲ ਹੋਣ ਵਾਸਤੇ ਆਏ ਹਾਂ। ਕਾਫੀ ਦੇਰ ਚੁਪ ਕਰ ਰਿਹਾ ਤੇ ਫੇਰ ਕਹਿਣ ਲੱਗਾ, ਮਹਾਰਾਜ! ਮੇਰੇ ਪੁੱਤਰ ਯੁਧ ਦੇ ਅੰਦਰ ਸ਼ਹੀਦ ਹੋਏ ਹਨ, ਉਹਨਾਂ ਨੇ ਵੀਰ ਗਤੀ ਪ੍ਰਾਪਤ ਕੀਤੀ ਹੈ, ਉਹਨਾਂ ਨੇ ਕਿਸੇ ਨੇ ਵੀ ਪਿਠ ਤੇ ਬਾਣ ਨਹੀਂ ਖਾਧਾ। ਯੁਧ ਦੇ ਨਿਯਮ ਅਨੁਸਾਰ ਉਹ ਸਾਰੇ ਸਵਰਗਲੋਕ ਵਿਚ ਚਲੇ ਗਏ ਹਨ। ਇਸ ਵਾਸਤੇ ਉਹਨਾਂ ਦਾ ਮੈਨੂੰ ਐਨਾ ਰੰਜ ਨਹੀਂ ਹੈ। ਬਾਕੀ ਜੋ ਮੇਰੇ ਪੋਤਰੇ ਹਨ, ਉਹਨਾਂ ਦੀ ਕਿਸਮਤ ਜੋ ਪਰਾਲਬਧ ਲਿਖੀ ਹੈ ਉਸ ਦੇ ਮੁਤਾਬਕ ਹੋ ਜਾਏਗਾ, ਇਹ ਵੀ ਕੋਈ ਰੰਜ ਨਹੀਂ, ਪਰ ਇਕ ਰੰਜ ਮੇਰੇ ਮਨ ਵਿਚ ਬੜਾ ਜਬਰਦਸਤ ਹੈ। ਇੰਨਾ ਕਹਿ ਕੇ ਚੁਪ ਕਰ ਗਿਆ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਉਹ ਰੰਜ ਦੱਸੋ ਆਪ ਨੂੰ ਕੀ ਰੰਜ ਹੈ? ਕਹਿਣ ਲੱਗਿਆ ਕਿ ਰੰਜ ਤਾਂ ਮੈਨੂੰ ਇਹ ਹੈ ਕਿ ਰੱਬ ਇਨਸਾਫ ਨਹੀਂ ਕਰਦਾ। ਰੱਬ ਦੇ ਘਰ ਵਿਚ ਵੀ ਬੇਇਨਸਾਫੀ ਹੈ। ਐਨਾ ਕਹਿ ਕੇ ਰੁਕ ਗਿਆ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਕਿ ਇਹ ਕਿਸ ਤਰ੍ਹਾਂ ਹੋ ਸਕਦੈ, ਪ੍ਰਮੇਸ਼ਰ ਦੇ ਘਰ ਵਿਚ ਤਾਂ ਪੂਰਾ ਇਨਸਾਫ ਹੁੰਦਾ ਹੈ, ਉਥੇ ਤਾਂ ਐਸੀ ਤੱਕੜੀ ਲੱਗੀ ਹੋਈ ਹੈ ਕਿ ਰੱਤੀ ਭਰ, ਵਾਲ ਜਿੰਨਾ ਵੀ ਕਿਸੇ ਨਾਲ ਅਨਿਆਂ ਨਹੀ ਹੁੰਦਾ। ਤੇਰੇ ਮਨ ਵਿਚ ਸ਼ੰਕਾ ਕਿਉਂ ਪੈਦਾ ਹੋ ਗਿਆ? ਕਹਿਣ ਲੱਗਿਆ ਮਹਾਰਾਜ! ਮੇਰੇ ਜਮਾਂਦਰੂ ਦੇ ਹੀ ਨੇਤਰ ਨਹੀਂ ਹਨ ਅਤੇ ਮੇਰੀ ਬਿਰਤੀ ਸੁਖਮਨਾ ਨਾੜੀ ਵਿਚ ਟਿਕੀ ਹੋਈ ਹੈ। ਮਾਂ ਦੇ ਪੇਟ ਵਿਚ ਵੀ ਇਸੇ ਤਰ੍ਹਾਂ ਸੀ ਤੇ ਹੁਣ ਵੀ ਇਸੇ ਤਰ੍ਹਾਂ ਹੈ। ਜਿੰਨੇ ਵੀ ਪੈਦਾ ਹੁੰਦੇ ਹਨ ਸਾਰਿਆਂ ਦੀ ਬਿਰਤੀ ਮਾਂ ਦੇ ਪੇਟ ਵਿਚ ਸੁਖਮਨਾ ਨਾੜੀ ਵਿਚ ਟਿਕੀ ਹੁੰਦੀ ਹੈ। ਇਸ ਕਾਰਨ ਆਦਮੀ ਨੂੰ ਪਿਛਲੇ ਲੰਘ ਚੁਕੇ ਸੌ ਜਨਮ ਦਾ ਗਿਆਨ ਹੋਇਆ ਕਰਦਾ ਹੈ ਕਿ ਫਲਾਣੇ ਜਨਮ ਵਿਚ ਇਸ ਤਰ੍ਹਾਂ ਸੀ ਤੇ ਮੇਰਾ ਇਸ ਕਰਕੇ ਜਨਮ ਬਰਬਾਦ ਹੋਇਆ। ਫੇਰ ਤੰਗ ਆ ਕੇ ਪ੍ਰਮੇਸ਼ਰ ਕੋਲ ਪ੍ਰਾਰਥਨਾ ਕਰਦੈ ਕਿ ਹੇ ਪ੍ਰਭੂ! ਮੈਂ ਇਥੋਂ ਤੰਗ ਆ ਗਿਆ ਹਾਂ, ਮੈਨੂੰ ਇਸ ਕੁੰਭੀ ਨਰਕ ਵਿਚੋਂ ਕਢ ਲੈ। ਮੈਂ ਹੁਣ ਨਾਮ ਜਪਾਂਗਾ ਤੇ ਫੇਰ ਇਹ ਗਲਤੀਆਂ ਨਹੀਂ ਕਰਾਂਗਾ। ਉਧਰੋਂ ਆਵਾਜ਼ ਆਉਂਦੀ ਹੈ, ਪ੍ਰੇਮੀਆਂ! ਇਕ ਵਾਰੀ ਨਹੀਂ ਸਗੋਂ ਹਜ਼ਾਰਾਂ ਵਾਰੀ ਤੈਨੂੰ ਮਨੁੱਖ ਬਣਾਇਐ, ਜਦ ਵੀ ਤੂੰ ਸੰਸਾਰ ਤੇ ਜਾਂਦਾ ਹੈਂ, ਉਸੇ ਵੇਲੇ ਤੇਰੇ ਤੇ ਭੁਲ ਪੈ ਜਾਂਦੀ ਹੈ। ਉਸ ਵੇਲੇ ਤੈਨੂੰ ਤ੍ਰਿਸ਼ਨਾ ਦਾ ਰੋਗ ਲੱਗ ਜਾਂਦਾ ਹੈ।

***ਲਿਵ ਛੁੜਕੀ ਲਗੀ ਤ੍ਰਿਸਨਾ***
***ਮਾਇਆ ਅਮਰੁ ਵਰਤਾਇਆ॥ ਅੰਗ - ੯੨੧***

ਇਥੋਂ ਤੂੰ ਵਾਅਦਾ ਕਰਕੇ ਜਾਂਦਾ ਹੈਂ ਕਿ ਮੈਂ

ਨਾਮ ਜਪਾਂਗਾ, ਲੇਕਿਨ ਜਿਸ ਵਕਤ ਤੂੰ ਸੰਸਾਰ ਵਿਚ ਜਾਨੈ ਤੇ ਪਹਿਲੀ ਹਵਾ ਲਗਣ ਦੇ ਨਾਲ ਸਾਰਾ ਕੁਛ ਭੁਲ ਜਾਂਦਾ ਹੈਂ। ਕਹਿੰਦਾ ਹੈਂ ਕਿ ਮਹਾਰਾਜ! ਹੁਣ ਮੈਂ ਨਹੀਂ ਭੁਲਾਂਗਾ, ਹੁਣ ਮੈਨੂੰ ਇਸ ਨਰਕ ਵਿਚੋਂ ਕੱਢੋ, ਮੈਂ ਪੁਠਾ ਲਟਕ ਰਿਹਾ ਹਾਂ। ਸੋ ਇਸ ਤਰ੍ਹਾਂ ਨਾਲ ਧ੍ਰਿਤਰਾਸ਼ਟਰ ਨੇ ਕਿਹਾ ਕਿ ਮੈਨੂੰ ਸੌ ਜਨਮ ਦਾ ਗਿਆਨ ਹੈ। ਸੌ ਜਨਮ ਤੱਕ ਮੈਂ ਕੋਈ ਐਸਾ ਕਰਮ ਨਹੀਂ ਕੀਤਾ ਜਿਸ ਨਾਲ ਮੈਨੂੰ ਇਹ ਸਜ਼ਾ ਮਿਲੇ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਕਿ ਇਸ ਤੋਂ ਪਹਿਲਾਂ ਯਾਦ ਹੈ? ਕਹਿੰਦਾ ਨਹੀਂ ਮਹਾਰਾਜ! ਕਹਿਣ ਲੱਗੇ, 107ਵਾਂ ਜਨਮ ਦੇਖ। ਕੀ ਦੇਖਦੈ, ਉਸ ਜਨਮ ਦੇ ਅੰਦਰ ਇਹ ਇਕ ਬਹੁਤ ਵੱਡਾ ਰਾਜਾ ਹੈ ਤੇ ਮਾਸ ਖਾਣ ਦਾ ਸੁਭਾਅ ਪਿਆ ਹੋਇਆ ਹੈ। ਇਕ ਦਿਨ ਬਾਵਰਚੀਆਂ ਨੂੰ ਕਿਤੋਂ ਮਾਸ ਨਾ ਮਿਲਿਆ। ਇਸ ਨੇ 100 ਹੰਸ ਪਾਲਿਆ ਹੋਇਆ ਸੀ, ਇਕ ਬੱਚਾ ਵੱਢ ਕੇ ਇਸ ਨੂੰ ਖੁਆ ਦਿਤਾ। ਜਿਸ ਵਕਤ ਇਸ ਨੇ ਮਾਸ ਖਾਧਾ, ਕਹਿਣ ਲੱਗਿਆ, ਇਹ ਤਾਂ ਬੜਾ ਸੁਆਦ ਹੈ, ਇਸ ਤਰ੍ਹਾਂ ਨਾਲ ਰੋਜ਼ ਬਣਾਇਆ ਕਰੋ। ਬਾਵਰਚੀਆਂ ਨੂੰ ਬੜਾ ਫਿਕਰ ਪੈ ਗਿਆ ਕਿ ਜੇ ਬਣਾਉਂਦੇ ਹਾਂ ਤਾਂ ਵੀ ਫਸਦੇ ਹਾਂ, ਜੇ ਨਹੀਂ ਬਣਾਉਂਦੇ ਤਾਂ ਵੀ ਫਸਦੇ ਹਾਂ। ਅਖੀਰ ਸਾਰਿਆਂ ਨੇ ਫੈਸਲਾ ਕੀਤਾ ਕਿ ਇਸ ਤਰ੍ਹਾਂ ਕਰੋ ਕਿ 100 ਦਿਨ ਤਾਂ ਕੱਢੋ, ਬਾਕੀ ਫੇਰ ਦੇਖੀ ਜਾਊ, ਜੋ ਹੋਵੇਗਾ, ਓਨੇ ਚਿਰ ਵਿਚ ਕੁਝ ਸੁੱਝ ਜਾਵੇਗਾ ਤੇ ਕੁਝ ਹੋਰ ਤਰਕੀਬ ਯਾਦ ਆ ਜਾਵੇਗੀ। ਰਾਜੇ ਨੂੰ ਕਹਿ ਦਿਆਂਗੇ, ਉਹ ਤਾਂ ਸਾਰੇ ਬੱਚੇ ਮਰ ਗਏ ਸੀ। ਸੌ ਦਿਨ ਇਸ ਨੂੰ ਖਵਾਉਂਦੇ ਰਹੇ। ਉਸ ਤੋਂ ਬਾਅਦ ਬੱਚਿਆਂ ਦੇ ਮਾਂ ਬਾਪ ਹੰਸ ਤੇ ਹੰਸਣੀ ਜਦੋਂ ਮਾਨਸਰੋਵਰ ਝੀਲ ਤੋਂ ਵਾਪਸ ਆਏ, ਉਨ੍ਹਾਂ ਨੂੰ ਜਦੋਂ ਪਤਾ ਲੱਗਿਆ ਕਿ ਸਾਡੇ ਬੱਚੇ ਮਾਰੇ ਗਏ, ਉਸ ਵੇਲੇ ਉਨ੍ਹਾਂ ਨੇ ਰੋ ਰੋ ਕੇ, ਮਹਿਲਾਂ ਦੇ ਦੁਆਲੇ ਘੁੰਮ ਘੁੰਮ ਕੇ ਦੋਨਾਂ ਨੇ ਆਪਣੀ ਜਾਨ ਦੇ ਦਿਤੀ ਤੇ ਤੜਫ ਤੜਫ ਕੇ ਮਰ ਗਏ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਰਾਜਨ! ਆਹ ਦੇਖ ਲਿਆ ਤੂੰ ਕੀ ਕਰਮ ਕੀਤਾ ਸੀ ਤੇ ਇਸ ਦਾ ਫਲ ਤੈਨੂੰ ਦੇਣਾ ਪੈ ਗਿਆ।

ਤੂੰ ਕਿਸੇ ਦੇ ਬੱਚੇ ਖਾਧੇ ਸੀਗੇ, ਤੇਰੇ ਮੌਤ ਨੇ ਖਾ ਲਏ, ਤੇ ਹੁਣ ਸੌ ਪੂਰਾ ਹੋ ਗਿਆ। ਕਹਿਣ ਲਗਿਆ, ਹਾਂ ਜੀ ਠੀਕ ਹੈ। ਤਾਂ ਹੀ ਗੁਰੂ ਗਰੰਥ ਸਾਹਿਬ ਜੀ ਦੇ ਅੰਦਰ ਗੁਰਬਾਣੀ ਫੁਰਮਾਨ ਕਰਦੀ ਹੈ ਕਿ –

***ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ॥***
***ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥***
***ਅੰਗ – ੧੩੭੪***

ਕਹਿੰਦੇ ਹਨ ਕਿ ਸਿੱਧੀ ਸਾਦੀ ਰੋਟੀ ਬਹੁਤ ਚੰਗੀ ਲੱਗਦੀ ਹੈ ਜਿਸ ਵਿਚ ਨਮਕ ਆਦਿ ਪਾਇਆ ਹੁੰਦਾ ਹੈ। ਦੂਜੇ ਪਾਸੇ ਪਹਿਲਾਂ ਸ਼ਿਕਾਰ ਕਰੋ, ਜਾਨਵਰ ਮਾਰੋ, ਫੇਰ ਬਦਲੇ ਦੇਣ ਵਾਸਤੇ ਆਪ ਜਾਨਵਰ ਬਣੋ। ਕੋਈ ਕਰਮ ਫਜ਼ੂਲ ਨਹੀਂ ਜਾਂਦਾ। ਜਿਹੜਾ ਵੀ ਕਰਮ ਕਿਸੇ ਨੇ ਕਰ ਦਿਤਾ ਉਸ ਨੂੰ ਹਰ ਹਾਲਤ ਵਿਚ ਭੁਗਤਣਾ ਪਵੇਗਾ। ਸਾਧ ਸੰਗਤ ਜੀ! ਬਦਲਾ ਦੇਣਾ ਪਵੇਗਾ, ਜੇ ਕਰ ਕਿਸੇ ਦਾ ਗੱਲ ਵਢਾਂਗੇ, ਫੇਰ ਗਲ ਵਢਾਉਣਾ ਵੀ ਪਵੇਗਾ। ਫੇਰ ਕੀ ਕਮਲ ਪਿਐ ਕਿ ਮਾਸ ਦੀਆਂ ਰੋਟੀਆਂ ਖਾਈਏ ਤੇ ਫੇਰ ਗਲਾ ਵਢਾਈਏ? ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਰਾਜਨ! ਦੇਖ ਲੈ ਹੁਣ ਤੇਰੇ ਨਾਲ ਕੋਈ ਨਜ਼ਾਇਜ ਗੱਲ ਤਾਂ ਨਹੀਂ ਹੋਈ। ਕਹਿਣ ਲੱਗਿਆ, ਨਹੀਂ ਮਹਾਰਾਜ। ਧ੍ਰਿਤਰਾਸ਼ਟਰ ਨੇ ਸਵਾਲ ਕੀਤਾ ਕਿ ਮਹਾਰਾਜ! ਇਹ ਵੀ ਦੱਸ ਦਿਓ ਕਿ ਮੈਂ ਜਮਾਂਦਰੂ ਅੰਨ੍ਹਾ ਕਿਉਂ ਹਾਂ। ਕਹਿਣ ਲੱਗੇ, ਹੁਣ 104 ਵਾਂ ਜਨਮ ਦੇਖ। ਕੀ ਦੇਖਦਾ ਹੈ ਕਿ ਪੰਜ ਸਾਲ ਦਾ ਬੱਚਾ ਦੂਸਰਿਆਂ ਬੱਚਿਆਂ ਨਾਲ ਖੇਡਦਾ ਫਿਰ ਰਿਹਾ ਹੈ। ਅੱਕ ਤੋਂ ਇਕ ਟਿਡਾ ਹੱਥ ਵਿਚ ਫੜ ਲਿਆ। ਬਾਕੀ ਬੱਚਿਆਂ ਨੇ ਵੀ ਫੜੇ ਹੋਏ ਹਨ, ਕਿਸੇ ਨੇ ਕੱਚਾ ਧਾਗਾ ਬੰਨ੍ਹ ਦਿਤਾ, ਉਸ ਨੂੰ ਉਡਾ ਕੇ ਖਿਚ ਲੈਂਦੇ ਹਨ ਤੇ ਕੋਈ ਕਿਸ ਤਰ੍ਹਾਂ ਦੀ, ਕੋਈ ਕਿਸ ਤਰ੍ਹਾਂ ਦੀ ਸ਼ਰਾਰਤ ਕਰ ਰਿਹਾ ਹੈ। ਇਸ ਨੂੰ ਅਜੀਬ ਕਿਸਮ ਦੀ ਸ਼ਰਾਰਤ ਸੁੱਝੀ ਕਿ ਕੰਡਿਆਲੀ ਵਾੜ ਤੋਂ ਸੂਲ ਤੋੜ ਲਈ, ਟਿੱਡੇ ਦੀਆਂ ਦੋਹਾਂ ਅੱਖਾਂ ਵਿਚੋਂ ਦੀ ਆਰ ਪਾਰ ਕਰਕੇ ਉਪਰ ਨੂੰ ਛਡ ਦਿਤਾ। ਉਸ ਟਿੱਡੇ ਨੇ ਇਹਦੇ ਸਾਮ੍ਹਣੇ ਤੜਫ ਤੜਫ ਕੇ ਜਾਨ ਦੇ ਦਿਤੀ। ਕ੍ਰਿਸ਼ਨ ਮਹਾਰਾਜ ਕਹਿੰਦੇ, ਰਾਜਨ! ਦੇਖ ਲਿਆ? ਕਹਿਣ ਲੱਗਿਆ ਮਹਾਰਾਜ ਦੇਖ ਲਿਆ। ਮਹਾਰਾਜ ਕਹਿਣ ਲੱਗੇ ਹੁਣ ਤਾਂ ਕਿਸੇ ਦਾ ਦੋਸ਼ ਨਹੀਂ ਹੈ। ਕਹਿਣ ਲੱਗਿਆ, ਮਹਾਰਾਜ ਮੇਰੇ ਕਰਮਾਂ ਦਾ ਹੀ ਦੋਸ਼ ਹੈ।

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ***
***ਦੋਸੁ ਨ ਦੀਜੈ ਅਵਰ ਜਨਾ॥ ਅੰਗ – ੪੩੩***

ਇਸ ਤਰ੍ਹਾਂ ਪ੍ਰਮੇਸ਼ਰ ਜਦੋਂ ਤੀਸਰਾ ਲੇਖ ਲਿਖਦੈ, ਇਸ ਦੇ ਮਸਤਕ ਤੇ ਇਹ ਲਿਖਿਆ ਜਾਂਦਾ ਹੈ ਕਿ ਇਸ ਨੂੰ ਦੁਖ ਕਿਸ ਕਿਸ ਨੇ ਦੇਣਾ ਹੈ, ਰਿਸ਼ਤੇਦਾਰ ਬਣਕੇ, ਪੁਤਰ ਬਣ ਕੇ, ਭਰਾ ਬਣ ਕੇ, ਇਸਤਰੀ ਬਣ ਕੇ ਜਾਂ ਪਤੀ ਬਣਕੇ, ਹੋਰ ਕੋਈ ਪਿੰਡ ਦਾ ਹੀ ਬੰਦਾ ਬਣ ਕੇ ਜਾਂ ਹੋਰ ਕੋਈ ਅਣਜਾਣ ਬਣ ਕੇ, ਇਸ ਨੂੰ ਦੁਖ ਕਿਸ ਨੇ ਦੇਣਾ ਹੈ ਤੇ ਸੁਖ ਕਿਸ ਨੇ ਦੇਣਾ ਹੈ। ਮਨੁੱਖ ਚੰਗੇ ਤੇ ਮਾੜੇ ਲੇਖਾਂ ਦਾ ਕੱਪੜਾ ਪਹਿਨ ਕੇ ਸੰਸਾਰ ਵਿਚ ਆਉਂਦਾ ਹੈ, ਕਰਮਾਂ ਦਾ ਕੱਪੜਾ ਪਹਿਨ ਕੇ ਆਉਂਦਾ ਹੈ।

***ਕਰਮੀ ਆਵੈ ਕਪੜਾ........॥ ਅੰਗ – ੪***

ਕਦੇ ਦੁਖਾਂ ਦਾ ਚੱਕਰ ਚਲ ਪੈਂਦਾ ਹੈ ਕਦੇ ਸੁੱਖਾਂ ਦਾ ਚੱਕਰ ਚਲ ਪੈਂਦਾ ਹੈ। ਧ੍ਰਿਤਰਾਸ਼ਟਰ ਕਹਿਣ

ਲੱਗਿਆ, ਮਹਾਰਾਜ! ਥੋੜ੍ਹਾ ਜਿਹਾ ਮੇਰਾ ਸ਼ੰਕਾ ਹੋਰ ਕੱਢ ਦੇਵੋ ਕਿ 107 ਜਨਮ ਪਹਿਲਾਂ ਮੈਥੋਂ ਬਦਲਾ ਕਿਉਂ ਨਹੀਂ ਲਿਆ, ਹੁਣ ਕਿਉਂ ਲਿਆ? ਉਹ ਕਹਿਣ ਲੱਗੇ, ਰਾਜਨ! ਤੇਰੇ ਪੁੰਨ ਇੰਨੇ ਜ਼ਿਆਦਾ ਸੀ ਕਿ ਤੇਰੇ ਪਾਪਾਂ ਦੀ ਅਜੇ ਵਾਰੀ ਨਹੀਂ ਸੀ ਆਈ। ਹੁਣ ਤੇਰੇ ਪੁੰਨ ਮੁੱਕੇ ਹਨ ਤੇ ਤੇਰੇ ਖਾਨਦਾਨ ਦੀ ਵਾਰੀ ਆਈ ਹੈ ਇਸ ਕਰਕੇ ਯੁਧ ਖੇਤਰ ਵਿਚ ਤੁਹਾਡੇ ਐਨੇ ਬੰਦੇ ਮਾਰੇ ਗਏ। ਸੋ ਮਹਾਰਾਜ ਕਹਿੰਦੇ ਕਿ -

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ***
***ਦੋਸੁ ਨ ਦੀਜੈ ਅਵਰ ਜਨਾ॥ ਅੰਗ - ੪੩੩***

ਸੋ ਇਸ ਤਰ੍ਹਾਂ ਪ੍ਰਮੇਸ਼ਰ ਜੀਵ ਨੂੰ ਲੇਖ ਲਿਖ ਕੇ ਭੇਜਦਾ ਹੈ ਕਿ ਇਸ ਨੂੰ ਕਦੋਂ ਭੇਜਣਾ ਹੈ ਕਿ ਕਦੋਂ ਵਾਪਸ ਬੁਲਾਉਣਾ ਹੈ।

ਦੂਸਰਾ ਇਸ ਨੂੰ ਰਿਜ਼ਕ ਕਿੰਨਾ ਚਾਹੀਦਾ ਹੈ, ਤੀਸਰਾ ਦੁਖ ਤੇ ਸੁਖ ਇਸ ਨੂੰ ਕਿੰਨੇ ਆਉਂਦੇ ਹਨ। ਬਾਕੀ ਸੰਸਾਰ ਵਿਚ ਆ ਕੇ ਇਹ ਕਰਮ ਆਪ ਬੀਜਦਾ ਹੈ। ਉਹ ਇਸ ਨੂੰ ਬੀਜਣ ਦੀ ਖੁਲ੍ਹ ਦਿਤੀ ਹੋਈ ਹੈ ਕਿ ਭਾਵੇਂ ਚੰਗੇ ਬੀਜ ਭਾਵੇਂ ਮਾੜੇ ਬੀਜ। ਜੇਕਰ ਚੰਗੇ ਬੀਜੇਂਗਾ, ਉਸ ਦਾ ਫਲ ਚੰਗਾ ਹੋਵੇਗਾ। ਰੋਜ ਹੀ ਆਪਾਂ ਦੇਖਦੇ ਹਾਂ ਕਿ ਕਣਕ ਨੂੰ ਸੋਧ ਕੇ ਬੀਜੋ, ਬੀਜ ਨੂੰ ਸੋਧ ਕੇ ਬੀਜੋ, ਚੰਗੀ ਤਰ੍ਹਾਂ ਦੇ ਨਾਲ ਪੈਸਟੀਨਾਈਜ਼ ਲਾ ਕੇ, ਦਵਾਈਆਂ ਲਾ ਕੇ ਉਸ ਨੂੰ ਬੀਮਾਰੀਆਂ ਰਹਿਤ ਕਰਕੇ ਬੀਜੋ, ਫਸਲ ਕੁਦਰਤੀ ਤੌਰ ਤੇ ਜ਼ਿਆਦਾ ਹੋ ਜਾਏਗੀ ਕਿਉਂਕਿ ਮੌਕੇ ਦੇ ਉਤੇ ਬੀਜ ਦਿਤੀ ਤੇ ਬੀਜਣ ਵੇਲੇ ਧਿਆਨ ਦਿਤਾ ਹੈ।

ਇਸੇ ਤਰ੍ਹਾਂ ਦੇ ਨਾਲ ਅਸੀਂ ਬੀਜ ਬੀਜਦੇ ਹਾਂ, ਲੋਕੀ ਨਸ਼ੇ ਪੀਂਦੇ ਹਨ, ਤਮਾਕੂ ਪੀਣ ਲੱਗ ਜਾਂਦਾ ਹੈ, ਸ਼ਰਾਬ ਪੀਣ ਲੱਗ ਜਾਂਦਾ ਹੈ, ਵੈਰ ਵਿਰੋਧ ਕਰਦਾ ਹੈ। ਉਸ ਦਾ ਨਤੀਜਾ ਦੁਖ ਕਰਕੇ ਪੈਂਦਾ ਹੈ। ਸੰਸਾਰ ਦੇ ਅੰਦਰ ਦੋ ਵਰਗ ਹਨ। ਇਕ ਉਹ ਹਨ ਜੋ ਸੁਖਾਂ ਦੇ ਰਾਹ ਤੇ ਪੈ ਜਾਂਦੇ ਹਨ, ਇਕ ਉਹ ਹਨ ਜੋ ਦੁਖਾਂ ਦੇ ਰਾਹ ਤੇ ਪੈ ਜਾਂਦੇ ਹਨ। ਸਾਰੀ ਜ਼ਿੰਦਗੀ ਦੁਖ ਦੇ ਰਸਤੇ ਤੇ ਇਸ ਤਰ੍ਹਾਂ ਪਏ ਹੁੰਦੇ ਹਨ ਕਿ ਉਨ੍ਹਾਂ ਨੂੰ ਰੋਕ ਟੋਕ (**brake**) ਨਹੀਂ ਲੱਗਦੀ ਸਗੋਂ ਦੁਖਾਂ ਵੱਲ ਰੁੜ੍ਹੇ ਹੀ ਚਲੇ ਜਾਂਦੇ ਹਨ। ਸਾਰੀ ਜ਼ਿੰਦਗੀ ਦੁਖਾਂ ਦੇ ਵਿਚ ਹੀ ਵਿਆਪਦੀ ਹੈ ਤੇ ਨਤੀਜਾ ਕੀ ਹੁੰਦਾ ਹੈ ਕਿ ਉਸ ਨੂੰ ਦੁਖ ਹੀ ਚਿੰਬੜ ਜਾਂਦਾ ਹੈ ਤੇ ਕਰੋੜਾਂ ਸਾਲ ਵਾਸਤੇ ਦੁਖ ਦੇ ਰਸਤੇ ਤੇ ਪੈ ਜਾਂਦਾ ਹੈ। ਦੁਖੀ ਉਹ ਹੁੰਦਾ ਹੈ ਜੋ ਮਨ ਦੇ ਪਿਛੇ ਲਗਦਾ ਹੈ ਕਿਉਂਕਿ ਮਨ ਦੀ ਕੋਈ ਸੀਮਾ ਨਹੀਂ ਹੁੰਦੀ, ਕਿਸੇ ਪਾਸੇ ਵੀ ਮਨ ਨੂੰ ਇਸ ਤਰ੍ਹਾਂ ਨਹੀਂ ਲੱਗਦਾ ਕਿ ਮੈਂ ਹੁਣ ਰੱਜ ਗਿਆ। ਪਾਪ ਕਰਨ ਲੱਗ ਜਾਵੇ, ਅੱਗੇ ਤੋਂ ਅੱਗੇ ਵਧਦਾ ਰਹਿੰਦਾ ਹੈ। ਉਹ ਰਸਤਾ ਜਿਹੜਾ ਮਨ ਦੇ ਪਿਛੇ ਲੱਗ ਕੇ ਅਪਨਾਅ ਲਿਆ ਉਹ ਦੁਖਾਂ ਦਾ ਰਾਹ ਹੈ ਅਤੇ ਜਿਹੜਾ ਗੁਰੂ ਦੇ ਪਿਛੇ ਲੱਗ ਕੇ ਅਪਨਾਅ ਲਿਆ, ਉਹ ਸੁਖਾਂ ਦਾ ਰਾਹ ਹੋਇਆ ਕਰਦਾ ਹੈ। ਮਹਾਰਾਜ ਜੀ ਦਾ ਫੁਰਮਾਨ ਹੈ - ਜਿਹੜਾ ਮਨ ਦੇ ਪਿਛੇ ਲੱਗਦਾ ਹੈ ਉਸ ਨੂੰ ਮਨਮੁਖ ਆਖਿਆ ਜਾਂਦਾ ਹੈ। ਜਿਹੜਾ ਗੁਰੂ ਦੇ ਪਿਛੇ ਲਗਦੈ ਉਸ ਨੂੰ ਗੁਰਮੁਖ ਆਖਿਆ ਜਾਂਦਾ ਹੈ। ਮਨਮੁਖ ਦਾ ਚਰਿਤਰ ਇਸ ਤਰ੍ਹਾਂ ਵਰਨਣ ਕੀਤਾ ਹੈ।

***ਅੰਤਰਿ ਕਪਟੁ ਮਨਮੁਖ ਅਗਿਆਨੀ***
***ਰਸਨਾ ਝੂਠੁ ਬੋਲਾਇ॥***
***ਕਪਟਿ ਕੀਤੈ ਹਰਿ ਪੁਰਖੁ ਨ ਭੀਜੈ***
***ਨਿਤ ਵੇਖੈ ਸੁਣੈ ਸੁਭਾਇ॥***
***ਦੂਜੈ ਭਾਇ ਜਾਇ ਜਗੁ ਪਰਬੋਧੈ***
***ਬਿਖੁ ਮਾਇਆ ਮੋਹ ਸੁਆਇ॥***
***ਇਤੁ ਕਮਾਣੈ ਸਦਾ ਦੁਖੁ ਪਾਵੈ...............॥***
***ਅੰਗ - ੫੧੨***

ਮਨਮੁਖ ਦੇ ਅੰਦਰ ਕਪਟ ਹੁੰਦਾ ਹੈ ਤੇ ਉਸ ਨੂੰ ਗਿਆਨ ਨਹੀਂ ਹੋਇਆ ਕਰਦਾ, ਅਗਿਆਨੀ ਹੁੰਦਾ ਹੈ, ਰਸਨਾ ਝੂਠ ਬੋਲਦੀ ਰਹਿੰਦੀ ਹੈ, ਫਿਕਾ ਬੋਲਦਾ ਰਹਿੰਦਾ ਹੈ। ਹਉਮੈ ਵਿਚ ਪਿਆ ਹੋਇਆ, ਮਾਇਆ ਵਿਚ ਪਿਆ ਹੋਇਆ ਜਗਤ ਦੇ ਵਿਚ ਚੰਗਾ ਬਣਨ ਦਾ ਯਤਨ ਕਰਦਾ ਹੈ। ਇਹ ਮੋਹ ਦੀ ਵਿਹੁ ਇਕੱਠੀ ਕਰਦਾ ਰਹਿੰਦਾ ਹੈ।

ਜਦੋਂ ਜ਼ਹਿਰ ਬੀਜਾਂਗੇ ਤਾਂ ਜ਼ਹਿਰ ਹੀ ਹੱਥ ਵਿਚ ਆਵੇਗੀ, ਵਿਹੁ ਬੀਜਦਾ ਹੈ, ਹਰ ਵਕਤ ਹੀ ਵਿਹੁ ਬੀਜਦਾ ਹੈ - ਕਦੀ ਨਿੰਦਿਆ ਦੀ, ਕਦੇ ਚੁਗਲੀ ਦੀ। ਨਿੰਦਾ ਕਰਨ ਵਾਲੇ ਨੂੰ ਬਹੁਤ ਔਖਾ ਹੋਣਾ ਪੈਂਦਾ ਹੈ। ਮਹਾਰਾਜ ਜੀ ਦਾ ਫੁਰਮਾਨ ਹੈ।

***ਨਿੰਦਾ ਭਲੀ ਕਿਸੈ ਕੀ ਨਾਹੀ***
***ਮਨਮੁਖ ਮੁਗਧ ਕਰੰਨਿ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥***
***ਅੰਗ - ੭੫੫***

***ਧਾਰਨਾ - ਨਿੰਦਾ ਭਲੀ ਕਿਸੇ ਦੀ ਨਾਹੀ,***
***ਮਨਮੁਖ ਲੋਕੀ ਕਰਦੇ ਨੇ -2, 2.***

ਕਿੰਨੀ ਵੱਡੀ ਸਜ਼ਾ ਮਿਲਦੀ ਹੈ। ਆਹ ਚਾਰ ਉਂਗਲ ਦੀ ਜ਼ੁਬਾਨ ਹੈ, ਗੈਰ ਜ਼ੁੰਮੇਵਾਰੀ ਦੇ ਨਾਲ ਈਰਖਾ ਦੇ ਨਾਲ ਕੀਤੀ ਹੋਈ ਗੱਲ ਦਾ ਬਹੁਤ ਗਲਤ ਫਲ ਮਿਲਦਾ ਹੈ। ਇਸੇ ਤਰ੍ਹਾਂ ਈਰਖਾ ਦੀ ਬੀਮਾਰੀ ਹੈ। ਈਰਖਾ ਆਦਮੀ ਹਮੇਸ਼ਾ ਬਰਾਬਰ ਦੇ ਨਾਲ ਕਰਦਾ ਹੈ ਜਿਥੇ ਇਕੋ ਜਿਹੇ ਹੋਣ। ਭਰਾ ਨੂੰ ਭਰਾ ਨਾਲ ਈਰਖਾ ਹੋ ਜਾਂਦੀ ਹੈ, ਟਰੱਕ ਚਲਾਉਣ ਵਾਲੇ ਹੋਣ, ਦੋਵੇਂ ਟਰਾਂਸਪੋਟਰਾਂ ਦੀ ਹੋ ਜਾਂਦੀ ਹੈ। ਦੋ ਖਿਡਾਰੀ ਹੋਣ, ਉਨ੍ਹਾਂ

ਵਿਚ ਈਰਖਾ ਹੋ ਜਾਂਦੀ ਹੈ। ਜਿਥੇ ਮੁਕਾਬਲੇ ਦਾ ਕੰਮ ਆ ਜਾਵੇ ਉਥੇ ਈਰਖਾ ਪੈਦਾ ਹੋ ਜਾਇਆ ਕਰਦੀ ਹੈ। ਇਵੇਂ ਜਿਵੇਂ ਦੋ ਪਾਠ ਕਰਨ ਵਾਲੇ ਹੋਣ, ਦੋ ਕੀਰਤਨ ਕਰਨ ਵਾਲੇ ਹੋਣ, ਆਪਸ ਵਿਚ ਈਰਖਾ ਬਣ ਜਾਇਆ ਕਰਦੀ ਹੈ। ਈਰਖਾ ਜਿਸਦੇ ਅੰਦਰ ਹੋਵੇ, ਉਹ ਜੋ ਕੁਝ ਕਰਨਾ ਹੈ ਕਰ ਲਵੇ, ਭਾਵੇਂ ਅਖੰਡਪਾਠ ਕਰਵਾਈ ਜਾਵੇ, ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਵੇ, ਦਾਨ ਕਰ ਲਵੇ, ਪਰ ਉਸ ਦਾ ਕਦੇ ਭਲਾ ਨਹੀਂ ਹੋ ਸਕਦਾ ਹੈ। ਮਹਾਰਾਜ ਜੀ ਕਹਿੰਦੇ ਹਨ –

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਦਾ ਕਦੇ ਨ ਹੋਵੀ ਭਲਾ॥ ਅੰਗ – ੩੦੮***

ਕਿੱਡੀ ਵੱਡੀ ਬੀਮਾਰੀ ਹੈ, ਈਰਖਾ ਦੇ ਮਾਰਿਆਂ ਦਾ ਸਾਰੀ ਜ਼ਿੰਦਗੀ ਭਲਾ ਹੀ ਨਹੀਂ ਹੋਣਾ। ਇਹ ਬੀਮਾਰੀ ਬਹੁਤ ਬੁਰੀ ਹੈ। ਦੂਜੇ ਦਾ ਨੁਕਸਾਨ ਦੇਖ ਕੇ ਆਪ ਖੁਸ਼ ਹੋਣਾ, ਇਸ ਨੂੰ ਵਿਹੁ ਇਕੱਠੀ ਕਰਨੀ ਆਖਦੇ ਹਨ। ਨਿੰਦਿਆ ਕਰਨੀ, ਚੁਗਲੀਆਂ ਕਰਨੀਆਂ, ਈਰਖਾ ਕਰਨੀ, ਵੈਰ ਵਿਰੋਧ ਕਰਨਾ, ਅਤੇ ਹੋਰ ਅਨੇਕਾਂ ਗਲਤ ਗੱਲਾਂ ਕਰਨੀਆਂ, ਇਸ ਨੂੰ ਵਿਹੁ ਇਕੱਠੀ ਕਰਨਾ ਆਖਦੇ ਹਨ। ਮਹਾਰਾਜ ਜੀ ਕਹਿੰਦੇ ਹਨ –

***ਇਤੁ ਕਮਾਣੈ ਸਦਾ ਦੁਖੁ ਪਾਵੈ***
***ਜੰਮੈ ਮਰੈ ਫਿਰਿ ਆਵੈ ਜਾਇ॥ ਅੰਗ – ੫੧੨***

ਇਸ ਤਰ੍ਹਾਂ ਕਰਨ ਦਾ ਨਤੀਜਾ ਕੀ ਹੁੰਦਾ ਹੈ ਕਿ ਜੰਮਦਾ ਰਹਿੰਦੈ ਤੇ ਮਰਦਾ ਰਹਿੰਦਾ ਹੈ।

***ਧਾਰਨਾ – ਜੰਮ ਜੰਮ ਮਰਦੇ ਨੇ,***
***ਮਨਮੁਖ ਬੰਦੇ, ਮਨਮੁਖ ਬੰਦੇ –2, 4.***

***ਜੰਮਿ ਜੰਮਿ ਮਰੈ ਮਰੈ ਫਿਰਿ ਜੰਮੈ॥***
***ਬਹੁਤੁ ਸਜਾਇ ਪਇਆ ਦੇਸਿ ਲੰਮੈ॥***
***ਅੰਗ – ੧੦੨੦***

***ਇਸੁ ਪਉੜੀ ਤੇ ਜੋ ਨਰੁ ਚੂਕੈ***
***ਸੋ ਆਇ ਜਾਇ ਦੁਖੁ ਪਾਇਦਾ॥ ਅੰਗ – ੧੦੭੫***

ਜੰਮ ਪੈਂਦੈ, ਮਰ ਜਾਂਦੈ, ਜੰਮ ਪੈਂਦੈ, ਮਰ ਜਾਂਦੈ ਅਰਬਾਂ ਖਰਬਾਂ ਵਾਰੀ ਹੋ ਗਈ ਇਸ ਤਰ੍ਹਾਂ ਨਾਲ ਦੁਖ ਭੋਗਦੇ ਨੂੰ, ਲੇਕਿਨ ਸਿਆਣਾ ਬੰਦਾ ਉਹ ਹੁੰਦੈ ਜਿਹੜਾ ਸੋਚ ਲਵੇ ਕਿ ਹੁਣ ਜਿਹੜਾ ਜਨਮ ਸਾਨੂੰ ਪ੍ਰਾਪਤ ਹੋਇਆ ਹੈ –

***ਫਿਰਤ ਫਿਰਤ ਬਹੁਤੇ ਜੁਗ ਹਾਰਿਓ***
***ਮਾਨਸ ਦੇਹ ਲਹੀ॥***
***ਨਾਨਕ ਕਹਤ ਮਿਲਨ ਕੀ ਬਰੀਆ***
***ਸਿਮਰਤ ਕਹਾ ਨਹੀ॥ ਅੰਗ – ੬੩੧***

ਹੁਣ ਵੇਲਾ ਆਇਆ ਹੋਇਐ ਕਿ ਆਪਾਂ ਇਸ ਚੱਕਰ ਵਿਚੋਂ ਨਿਕਲ ਸਕਦੇ ਹਾਂ।

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥***
***ਸਰੰਜਾਮਿ ਲਾਗੁ ਭਵਜਲ ਤਰਨ ਕੈ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥***
***ਅੰਗ – ੧੨***

ਸੋ ਦੁਖ ਕਮਾਈ ਜਾਂਦੈ, ਦੁਖ ਜਮ੍ਹਾਂ ਕਰੀ ਜਾਂਦੈ, ਕੀ ਪਤੈ ਕਿੰਨੇ ਜਨਮ ਲੰਘ ਜਾਣਗੇ ਦੁਖ ਭੋਗਦੇ ਨੂੰ।

***ਇਤੁ ਕਮਾਣੈ ਸਦਾ ਦੁਖੁ ਪਾਵੈ***
***ਜੰਮੈ ਮਰੈ ਫਿਰਿ ਆਵੈ ਜਾਇ॥***
***ਸਹਸਾ ਮੂਲਿ ਨ ਚੁਕਈ***
***ਵਿਚਿ ਵਿਸਟਾ ਪਚੈ ਪਚਾਇ॥ ਅੰਗ – ੫੧੨***

ਗੰਦਗੀ ਦਾ ਕੀੜਾ ਬਣ ਜਾਂਦਾ ਹੈ।

***ਜਿਸ ਨੋ ਕ੍ਰਿਪਾ ਕਰੇ ਮੇਰਾ ਸੁਆਮੀ***
***ਤਿਸੁ ਗੁਰ ਕੀ ਸਿਖ ਸੁਣਾਇ॥ ਅੰਗ – ੫੧੨***

ਜਿਹੜਾ ਸਤਸੰਗ ਵਿਚ ਆ ਜਾਵੇ ਉਸ ਨੂੰ ਕੱਢ ਲੈਂਦਾ ਹੈ। ਮੈਂ ਬੇਨਤੀ ਕਰਦਾ ਸੀ ਕਿ ਸਤਸੰਗ ਭਾਗਾਂ ਤੋਂ ਬਿਨਾ ਪ੍ਰਾਪਤ ਨਹੀਂ ਹੋਇਆ ਕਰਦਾ।

***ਬਿਨ ਭਾਗਾ ਸਤਸੰਗੁ ਨ ਲਭੈ***
***ਬਿਨੁ ਸੰਗਤਿ ਮੈਲੁ ਭਰੀਜੈ ਜੀਉ॥ ਅੰਗ – ੯੫***

ਇਥੇ ਆ ਕੇ ਧਿਆਨ ਦੇ ਕੇ ਗੁਰੂ ਦੀ ਗੱਲ ਸੁਣ ਲਵੇ, ਸ਼ਰਧਾ ਦੇ ਨਾਲ ਘਰੋਂ ਚਲ ਕੇ ਆਉਂਦਾ ਹੋਵੇ, ਗੁਰੂ ਇਸ ਤੇ ਕਿਰਪਾ ਕਰ ਦੇਵੇ ਤੇ ਉਸ ਦਾ ਫਲ ਬਣ ਜਾਵੇ, ਇਸ ਤਰ੍ਹਾਂ ਨਾਲ ਇਕ ਇਕ ਕਦਮ ਦਾ ਫਲ ਇਕ ਇਕ ਅਸ੍ਵਮੇਧ ਜਗ ਦੇ ਬਰਾਬਰ ਬਣ ਜਾਇਆ ਕਰਦਾ ਹੈ। ਬਾਰ ਬਾਰ ਬੇਨਤੀ ਕਰਦਾ ਹੈ ਕਿ ਸਤਿਗੁਰੂ ਜੀ ਮੈਨੂੰ ਬਖਸ਼ ਲੈ, ਮੈਨੂੰ ਕੱਢ ਲੈ, ਮੈਨੂੰ ਇਸ ਚੱਕਰ ਵਿਚ ਪਏ ਨੂੰ ਬਹੁਤ ਦੇਰ ਹੋ ਗਈ। ਉਹਦੇ ਉਤੇ ਗੁਰੂ ਕਿਰਪਾ ਕਰ ਦਿੰਦਾ ਹੈ। ਉਸਨੂੰ ਸਿਖਿਆ ਦੇ ਕੇ ਆਪਣਾ ਬਣਾ ਲੈਂਦਾ ਹੈ, ਹੋਰ ਫੇਰ ਕੀ ਕਰਦਾ ਹੈ –

***ਹਰਿ ਨਾਮੁ ਧਿਆਵੈ ਹਰਿ ਨਾਮੋ***
***ਗਾਵੈ ਹਰਿ ਨਾਮੋ ਅੰਤਿ ਛਡਾਇ॥ ਅੰਗ – ੫੧੨***

ਉਹ ਹਮੇਸ਼ਾ ਨਾਮ ਨੂੰ ਧਿਆਉਂਦੈ, ਹਰੀ ਦਾ ਜਸ ਗਾਉਂਦੈ, ਅੰਤ ਸਮੇਂ ਇਹ ਦਰਗਾਹ ਦੇ ਵਿਚੋਂ ਛੁਡਾ ਦਿੰਦਾ ਹੈ ਕਿਉਂਕਿ ਉਸ ਦੇ ਪੱਲੇ ਵਿਚ ਪ੍ਰਮੇਸ਼ਰ ਦਾ ਨਾਮ ਆ ਜਾਂਦਾ ਹੈ ਤੇ ਹਿਰਦੇ ਵਿਚ ਵਸ ਜਾਇਆ ਕਰਦਾ ਹੈ, ਸੋ ਉਹ ਜਿਹੜਾ ਨਾਮ ਮੰਨਦੈ, ਉਹ ਗੁਰਮੁਖ ਹੁੰਦਾ ਹੈ ਤੇ ਜਿਹੜਾ ਮੰਨਦਾ ਹੀ ਨਹੀਂ, ਉਸ ਨੂੰ ਮਹਾਰਾਜ ਜੀ ਕਹਿੰਦੇ ਹਨ ਕਿ ਉਹ ਇਨਸਾਨ ਨਹੀਂ ਹੈ, ਉਹ ਦਾ ਸਰੀਰ ਇਨਸਾਨ ਦਾ ਹੈ ਪਰ ਰੂਹ ਅਜੇ

ਜਾਨਵਰ ਦੀ ਹੈ।

***ਧਾਰਨਾ – ਢੋਰ ਗਵਾਰ ਨੇ***
***ਸਤਿਗੁਰੂ ਨਾ ਸੇਵਿਆ ਜਿਨ੍ਹਾਂ ਨੇ–2, 4.***

ਜਿਨ੍ਹਾਂ ਨੇ ਸਤਿਗੁਰ ਦਾ ਉਪਦੇਸ਼ ਨਹੀਂ ਲਿਆ, ਜਿਨ੍ਹਾਂ ਨੇ ਨਾਮ ਨਹੀਂ ਲਿਆ, ਮਹਾਰਾਜ ਜੀ ਦਾ ਫੁਰਮਾਨ ਹੈ ਕਿ ਉਹਨਾਂ ਨੂੰ ਮਨੁੱਖ ਨਹੀਂ ਕਹਿਣਾ ਚਾਹੀਦਾ।

***ਜਿਨਾ ਸਤਿਗੁਰ ਪੁਰਖ ਨ ਸੇਵਿਓ***
***ਸ਼ਬਦਿ ਨ ਕੀਤੋ ਵਿਚਾਰ॥***
***ਓਇ ਮਾਣਸ ਜੂਨਿ ਨ ਆਖੀਅਨਿ***
***ਪਸੂ ਢੋਰ ਗਾਵਾਰ॥ ਅੰਗ – ੧੪੧੮***

ਉਹ ਮਨੁੱਖ ਨਹੀਂ ਹਨ, ਉਹ ਤਾਂ ਢੋਰ ਤੇ ਗਵਾਰ ਹਨ। ਢੋਰ ਖੋਤੇ ਨੂੰ ਆਖਿਆ ਜਾਂਦਾ ਹੈ, ਗਾਵਾਂ ਤੇ ਘੋੜੇ ਤਾਂ ਹਾਲੇ ਅਕਲ ਵਾਲੇ ਹੁੰਦੇ ਹਨ ਤੇ ਜਿਹੜਾ ਗਧਾ ਹੈ ਉਹ ਬਿਲਕੁਲ ਹੀ ਬੇਅਕਲ ਹੁੰਦਾ ਹੈ –

***ਓਨਾ ਅੰਤਰਿ ਗਿਆਨੁ ਨ ਧਿਆਨੁ ਹੈ***
***ਹਰਿ ਸਉ ਪ੍ਰੀਤਿ ਨ ਪਿਆਰੁ॥ ਅੰਗ – ੧੪੧੮***

ਨਾ ਕੋਈ ਗਿਆਨ ਦੀ ਗੱਲ, ਨਾ ਕੋਈ ਧਿਆਨ ਦੀ, ਨਾ ਕੋਈ ਪ੍ਰਮੇਸ਼ਰ ਦੇ ਪਿਆਰ ਦੀ ਗੱਲ; ਠੇਕੇ ਤੋਂ ਬੋਤਲ ਲੈ ਲਈ, ਪੀ ਲਈ, ਜਰਦਾ ਲੈ ਲਿਆ, ਫੱਕਾ ਮਾਰ ਲਿਆ, ਸਿਗਰਟ ਲੈ ਲਈ, ਪੀ ਲਈ; ਇਨ੍ਹਾਂ ਦੀ ਕੋਈ ਜ਼ਿੰਦਗੀ ਨਹੀਂ ਹੈ।

***ਮਨਮੁਖ ਵਿਣੁ ਨਾਵੈ***
***ਕੂੜਿਆਰ ਫਿਰਹਿ ਬੇਤਾਲਿਆ॥ ਅੰਗ – ੧੨੮੪***

ਇਹ ਬੇਤਾਲੇ ਹੁੰਦੇ ਹਨ, ਆਹ ਜਿਵੇਂ ਕੀਰਤਨ ਕਰਦੇ ਹਾਂ, ਜੇ ਥੋੜ੍ਹਾ ਜਿਹਾ ਚਿਮਟਾ ਜਾਂ ਢੋਲਕੀ ਉਲਟ ਪੁਲਟ ਵਜ ਜਾਵੇ ਤਾਂ ਸਾਰੇ ਹੀ ਕੀਰਤਨ ਕਰਨ ਤੋਂ ਰਹਿ ਜਾਵਾਂਗੇ। ਜਿਹਦੀ ਜ਼ਿੰਦਗੀ ਹੀ ਬੇਤਾਲ ਹੋਵੇ ਤਾਂ ਉਹ ਸੁਖ ਕਿਥੋਂ ਭਾਲਦਾ ਹੈ?

***ਪਸੂ ਮਾਣਸ ਚੰਮਿ ਪਲੇਟੇ ਅੰਦਰ ਕਾਲਿਆ॥***
***ਅੰਗ – 1284***

ਉਹ ਤਾਂ ਪਸ਼ੂ ਹਨ, ਮਨੁਖ ਦੇ ਚੰਮ ਵਿਚ ਵਲ੍ਹੇਟੇ ਹੋਏ ਹਨ ਤੇ ਅੰਦਰੋਂ ਕਾਲੇ ਹਨ ਤੇ ਫੇਰ ਨਤੀਜਾ ਕੀ ਹੁੰਦਾ ਹੈ?

***ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ॥***
***ਦੁਖ ਵਿਚ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ॥***
***ਅੰਗ – 947***

ਇਕ ਪਾਸੇ ਤਾਂ ਹੈ ਕਿ ਮਨ ਨੇ ਹਾਲੀ ਕਰਕੇ ਸ਼ੁਭ ਕਰਮਾਂ ਦੀ ਕਿਰਸਾਣੀ ਕਰਨੀ ਹੈ, ਮਿਹਨਤ ਮੁਸ਼ੱਕਤ ਦਾ ਪਾਣੀ ਪਾਉਣਾ ਹੈ ਤੇ ਇਸ ਤਨ ਰੂਪ ਖੇਤ ਵਿਚ ਨਾਮ ਦਾ ਬੀਜ ਬੀਜਣਾ ਹੈ ਅਤੇ ਸੰਤੋਖ ਦਾ ਸੁਹਾਗਾ ਦੇਣਾ ਹੈ ਤੇ ਗਰੀਬੀ ਦੀ ਵਾੜ ਕਰਨੀ ਹੈ।

***ਮਨੁ ਹਾਲੀ ਕਿਰਸਾਣੀ ਕਰਣੀ***
***ਸਰਮੁ ਪਾਣੀ ਤਨੁ ਖੇਤੁ॥***
***ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥***
***ਅੰਗ – 595***

ਇਧਰਲੇ ਪਾਸੇ ਕੀ ਹੈ? ਇਧਰ ਮਨ ਨੇ ਦੁਖਾਂ ਦੀ ਖੇਤੀ ਬੀਜਣੀ ਹੈ, ਦੁਖ ਬੀਜ ਕੇ ਫੇਰ ਦੁਖਾਂ ਦੀ ਹੀ ਇਸ ਦੀ ਖੁਰਾਕ ਹੈ। ਕੰਡੇ ਬੀਜ ਕੇ ਦੁਖਾਂ ਦੀ ਹੀ ਖੇਤੀ ਕਰਦਾ ਹੈ, ਇਸ ਦਾ ਫਲ ਕੀ ਹੁੰਦੈ? ਫੇਰ ਜਨਮਾਂ ਜਨਮਾਂ ਦੇ ਚੱਕਰਾਂ ਵਿਚ ਪਿਆ ਹੋਇਆ ਜੰਮਦਾ ਤੇ ਮਰਦਾ ਰਹਿੰਦਾ ਹੈ। ਹਉਮੈ ਦੇ ਰੋਗ ਤੋਂ ਇਸ ਨੂੰ ਛੁਟਕਾਰਾ ਨਹੀਂ ਮਿਲਦਾ। ਹਰ ਵੇਲੇ ਹਉਂ ਹਉਂ ਤੇ ਮੈਂ ਮੈਂ ਕਰਦਾ ਰਹਿੰਦਾ ਹੈ – ਇਹ ਮੇਰੀ ਜਾਇਦਾਦ ਹੈ, ਇਹ ਮੇਰੇ ਬੱਚੇ ਹਨ, ਇਹ ਮੇਰਾ ਸਰੀਰ ਹੈ ਤੇ ਇਸ ਕਾਰੋਬਾਰ ਵਿਚ ਪਿਆ ਰਹਿੰਦਾ ਹੈ। ਕਦੇ ਭੁਲਕੇ ਵੀ ਇਸ ਨੂੰ ਖਿਆਲ ਨਹੀਂ ਆਉਂਦਾ ਕਿ ਮੈਂ ਅੰਮ੍ਰਿਤ ਛਕ ਲਵਾਂ, ਗੁਰੂ ਦਾ ਸਿਖ ਬਣ ਜਾਵਾਂ, ਵਾਹਿਗੁਰੂ ਨੂੰ ਯਾਦ ਕਰਾਂ, ਚੰਗਿਆਂ ਦੀ ਸੰਗਤ ਕਰਾਂ ਕਿਉਂਕਿ ਪ੍ਰਮੇਸ਼ਰ ਦਾ ਨਾਮ ਇਸ ਨੂੰ ਕੌੜਾ ਲੱਗਦਾ ਹੈ ਤੇ ਜ਼ਹਿਰ ਇਸ ਨੂੰ ਮਿੱਠੀ ਲੱਗਦੀ ਹੈ।

***ਧਾਰਨਾ – ਅੰਮ੍ਰਿਤ ਕੌੜਾ ਜੀ, ਬਿਖਿਆ ਮੀਠੀ,***
***ਬਿਖਿਆ ਮੀਠੀ –2, 4.***

***ਅੰਮ੍ਰਿਤੁ ਕਉਰਾ ਬਿਖਿਆ ਮੀਠੀ॥***
***ਸਾਕਤ ਕੀ ਬਿਧਿ ਨੈਨਹੁ ਡੀਠੀ॥***
***ਅੰਗ – 892***

ਇਹ ਸਾਰਾ ਕੁਝ ਅੱਖਾਂ ਦੇ ਨਾਲ ਦੇਖਿਆ ਹੈ। ਜੇ ਕੋਈ ਇਸ ਨੂੰ ਕਹੇ ਤੂੰ ਅੰਮਿਤ ਛਕ ਲੈ, ਜਵਾਬ ਹੀ ਨਹੀਂ ਦੇਵੇਗਾ, ਦੂਜੇ ਪਾਸੇ ਨੂੰ ਮੂੰਹ ਕਰ ਲੈਂਦਾ ਹੈ। ਜੇ ਉਸ ਨੂੰ ਕਹੋ ਕਿ ਪ੍ਰੇਮੀਆ ਅੰਮ੍ਰਿਤ ਛੱਕ ਲੈ; ਇਹ ਕੌੜਾ ਤਾਂ ਨਹੀਂ ਹੁੰਦਾ, ਮਿੱਠਾ ਹੁੰਦਾ ਹੈ ਤੇ ਉਸ ਦੇ ਵਿਚ ਸ਼ਕਤੀ ਹੁੰਦੀ ਹੈ। ਪੰਜ ਪਿਆਰੇ ਜਿਸ ਵਕਤ ਆਪਣੇ ਨੇਤਰ ਉਸ ਜਲ ਤੇ ਟਿਕਾਉਂਦੇ ਹਨ ਤੇ ਬਾਣੀ ਪੜ੍ਹਦੇ ਹਨ ਤੇ ਖੰਡੇ ਨਾਲ ਬਾਟੇ ਵਿਚ ਰਗੜਦੇ ਹਨ, ਉਸ ਵੇਲੇ ਇਸ ਵਿਚ ਸ਼ਕਤੀ ਵਾਲੀ ਕਰੰਟ ਪੈਦਾ ਹੋ ਜਾਇਆ ਕਰਦੀ ਹੈ ਕਿਉਂਕਿ ਮੰਤਰੇ ਹੋਏ ਜਲ ਵਿਚ ਤਾਕਤ ਹੈ। ਉਹ ਮੰਤਰਿਆ ਹੋਇਆ ਜਲ, ਤੇਰੇ ਹੁਣ ਤਕ ਜਿਹੜੇ ਪਾਪ ਕੀਤੇ ਹਨ, ਉਹਨਾਂ ਪਾਪਾਂ ਦਾ ਨਾਸ਼ ਕਰ ਦੇਵੇਗਾ, ਸਾਰੇ ਪਾਪਾਂ ਦਾ ਨਾਸ਼ ਹੋ ਜਾਵੇਗਾ। ਉਸ ਦੇ ਬਾਅਦ ਜਿਹੜਾ ਅਮੋਲਕ ਨਾਮ ਹੈ, ਜੋ ਹੋਰ ਕਿਤੋਂ ਨਹੀਂ ਮਿਲਦਾ, ਉਹ ਮਿਲ ਜਾਵੇਗਾ। ਨਾਮ ਦਾ ਮੁੱਲ ਤਾਂ ਬਹੁਤ ਹੈ, ਜੇ ਸਿਰ ਦੇ ਕੇ ਵੀ ਮਿਲ ਜਾਵੇ ਤਾਂ ਵੀ ਸਸਤਾ ਹੋਇਆ ਕਰਦਾ ਹੈ। ਉਹ ਤਾਂ ਮਿਠਾ ਜਲ ਪਿਲਾ ਕੇ ਨਾਲ ਨਾਮ ਦਿੰਦੇ ਹਨ। ਫੇਰ ਜਵਾਬ ਦਿੰਦੈ ਕਿ ਇਹ ਤਾਂ

ਔਖਾ ਲੱਗਦਾ ਹੈ। ਜੇ ਉਸ ਨੂੰ ਪੁਛੇ ਕਿ ਪ੍ਰੇਮੀਆਂ! ਇਹਦੇ ਵਿਚ ਕਿਹੜੀ ਔਖੀ ਗੱਲ ਹੈ? ਕਹਿੰਦਾ ਹੈ, ਰਹਿਤਾਂ ਰੱਖਣੀਆਂ ਪੈਣਗੀਆਂ। ਇਹਨਾਂ ਨੇ ਮੈਨੂੰ ਸ਼ਰਾਬ ਪੀਣ ਤੋਂ ਮਨ੍ਹਾ ਕਰ ਦੇਣਾ ਹੈ ਤੇ ਮੈਨੂੰ ਮਾਸ ਆਂਡੇ ਨਹੀਂ ਖਾਣ ਦੇਣੇ। ਇਸ ਨੂੰ ਇਹ ਵਿਹੁ ਮਿਠੀ ਲੱਗਦੀ ਹੈ ਕਿਉਂਕਿ –

***ਅੰਮ੍ਰਿਤੁ ਕਉਰਾ ਬਿਖਿਆ ਮੀਠੀ॥ ਅੰਗ – 892***

ਜੇ ਇਸ ਨੂੰ ਕਹੋ ਕਿ ਸ਼ਰਾਬ ਪੀਣੀ ਹੈ ਤਾਂ ਪੀਈ ਜਾਏਗਾ ਨਾਲੇ ਧੁੜਧੁੜੀਆਂ ਲੈਂਦਾ ਜਾਏਗਾ ਕਿਉਂਕਿ ਇਹ ਕਹਿੰਦੇ ਕੌੜੀ ਹੁੰਦੀ ਹੈ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਹਨ ਕਿ –

***ਸਾਕਤ ਕੀ ਬਿਧਿ ਨੈਨਹੁ ਡੀਠੀ॥ ਅੰਗ – 892***

ਅਸੀਂ ਅੱਖਾਂ ਦੇ ਨਾਲ ਦੇਖਿਆ ਕਿ ਨਸ਼ਿਆਂ ਨਾਲ ਕਿਵੇਂ ਬਰਬਾਦੀ ਹੁੰਦੀ ਹੈ, ਕਿਵੇਂ ਪੰਜੇ ਚੋਰ ਕਾਮ, ਕਰੋਧ, ਲੋਭ, ਮੋਹ, ਅਹੰਕਾਰ ਇਸ ਨੂੰ ਲੁੱਟਦੇ ਹਨ, ਕਿਸ ਤਰ੍ਹਾਂ ਨਾਲ ਰਾਜ ਮਾਲ ਜਾਤ, ਰੂਪ, ਜੋਬਨ ਪੰਜੇ ਠੱਗ ਇਸ ਨੂੰ ਠੱਗ ਰਹੇ ਹਨ ਅਤੇ ਪੰਜਾਂ ਵਿਸ਼ਿਆਂ ਨਾਲ ਇਸ ਦਾ ਕੀ ਮੰਦਾ ਹਾਲ ਹੋ ਰਿਹਾ ਹੈ, ਇਸ ਨੂੰ ਸ਼ਬਦ, ਸਪਰਸ਼, ਰੂਪ, ਰਸ ਗੰਧ ਹਰ ਵੇਲੇ ਲੁੱਟ ਰਹੇ ਨੇ ਪਰ ਇਸ ਨੂੰ ਪਤਾ ਨਹੀਂ ਲਗਦਾ ਕਿ ਮੈਂ ਲੁਟਿਆ ਜਾ ਰਿਹਾ ਹਾਂ। ਜੇ ਇਸ ਨੂੰ ਕਹੋ ਕਿ ਭਾਈ ਪ੍ਰੇਮੀਆਂ! ਸਤਿਸੰਗ ਵਿਚ ਚਲ ਤਾਂ ਜਵਾਬ ਦੇ ਦਿੰਦੈ, ਕਹਿੰਦਾ ਹੈ ਮੈਨੂੰ ਤਾਂ ਬਹੁਤ ਕੰਮ ਹਨ। ਜੇ ਪੱਠੇ ਵੱਢਣੇ ਹਨ ਤਾਂ ਇਹ 2 ਘੰਟੇ ਬਾਅਦ ਵੱਢ ਲਵੀਂ ਕਿਉਂਕਿ ਸਤਸੰਗ ਤਾਂ ਦੋ ਢਾਈ ਘੰਟੇ ਦਾ ਹੁੰਦਾ ਹੈ। ਜਿਸਦੇ ਅੰਦਰ ਸਤਸੰਗ ਦਾ ਉਤਸ਼ਾਹ ਹੁੰਦਾ ਹੈ ਉਹ ਤਾਂ ਸਾਰੇ ਹੀ ਕੰਮ ਨਬੇੜ ਲੈਂਦਾ ਹੈ। ਜਦੋਂ ਅਸੀਂ ਯੂ.ਪੀ. ਵਿਚ ਹੁੰਦੇ ਸੀ ਤਾਂ ਉਥੇ ਪ੍ਰੇਮੀਆਂ ਵਿਚ ਬਹੁਤ ਉਤਸ਼ਾਹ ਸੀ। ਉਹ ਤੜਕੇ ਤੋਂ ਉਠ ਕੇ ਹੀ, ਪੱਠੇ ਵੱਢ ਕੇ ਕੁਤਰਾ ਵਗੈਰਾ ਕਰ ਦਿੰਦੇ ਸਨ। ਬੀਬੀਆਂ ਤੜਕੇ ਤੋਂ ਹੀ ਸਾਗ, ਭਾਜੀ ਵਗੈਰਾ ਬਣਾ ਲਿਆ ਕਰਦੀਆਂ ਸਨ। ਮੈਂ ਪੁਛਦਾ ਕਿ ਭਾਈ ਬੀਬਾ! ਤੁਸੀਂ ਸਵੱਖਤੇ ਹੀ ਆ ਗਏ। ਯੂ.ਪੀ. ਵਿਚ ਆਪਣੇ ਇਥੇ ਵਾਂਗ ਵਸੋਂ ਨੇੜੇ ਨਹੀਂ ਹੈ। ਵੀਹ ਵੀਹ ਮੀਲ ਤੋਂ ਟਰਾਲੀਆਂ ਤੇ ਸੰਗਤ ਆਇਆ ਕਰਦੀ ਸੀ ਤੇ ਫੇਰ ਸਾਰੇ ਇਕੱਠੇ ਹੁੰਦੇ ਸੀ। ਉਥੇ ਖੇਤਾਂ ਵਿਚ ਹੀ ਮਕਾਨ ਪਾ ਕੇ ਰਹਿੰਦੇ ਹਨ ਤੇ ਇਥੇ ਸਾਡੇ ਵਾਂਗ ਪਿੰਡ ਨਹੀਂ ਬਣਾਏ ਹੋਏ। ਮੈਂ ਪੁਛਦਾ ਰਹਿੰਦਾ ਸੀ ਕਿ ਤੁਹਾਡਾ ਬਾਕੀ ਦਾ ਕੰਮ ਕਿਵੇਂ ਚਲਦਾ ਹੈ, ਮੱਝਾਂ, ਗਾਈਆਂ ਦੀਆਂ ਧਾਰਾਂ ਵਗੈਰਾ। ਕਹਿੰਦੇ ਸਨ ਕਿ ਅਸੀਂ ਸਾਰਾ ਕੰਮ ਕਰਕੇ ਹੀ ਆਏ ਹਾਂ। ਧਾਰਾਂ ਵੀ ਕੱਢ ਲਈਆਂ, ਪੱਠੇ ਵੀ ਪਾ ਦਿੱਤੇ, ਨੌਕਰ ਘਰ ਵਿਚ ਹੈ ਉਸ ਨੂੰ ਸਾਰਾ ਕੁਝ ਸੰਭਾਲ ਕੇ ਆ ਗਏ ਹਾਂ। ਦੂਜਾ ਸਾਡੇ ਐਥੇ ਭਾਵੇਂ ਆਹ ਕੋਲ ਹੀ ਹੋਵੇ, ਨਾਲ ਲੱਗਦਾ ਹੀ, ਕਹੇਗਾ ਕਿ ਮੈਨੂੰ ਤਾਂ ਕੰਮ ਹੀ ਬਹੁਤ ਹੈ। ਸਤਸੰਗ ਉਸ ਨੂੰ ਚੰਗਾ ਨਹੀਂ ਲੱਗਿਆ ਕਰਦਾ ਕਿਉਂਕਿ ਮਨਮੁਖ ਦੀ ਰੁਚੀ ਮਾੜੇ ਕੰਮਾਂ ਵਿਚ ਹੋਇਆ ਕਰਦੀ ਹੈ ਅਤੇ ਮਾੜੇ ਕੰਮ ਕਰਨ ਵਾਸਤੇ ਉਸ ਦੀ ਰੁਚੀ ਸ਼ੇਰ ਵਰਗੀ ਹੋਇਆ ਕਰਦੀ ਹੈ ਤੇ ਚੰਗੇ ਕੰਮ ਦੇ ਵਿਚ ਉਹ ਢਿਲਾ ਹੋ ਜਾਇਆ ਕਰਦਾ ਹੈ, ਆਲਸ ਕਰ ਦਿੰਦਾ ਹੈ।

***ਧਾਰਨਾ – ਬੁਰਿਆਂ ਕੰਮਾਂ ਨੂੰ ਸ਼ੇਰ ਬਣ ਜਾਵੇ,***
***ਚੰਗਿਆਂ ਤੋਂ ਆਲਸ ਕਰੇ –2, 2.***

***ਚੰਗਿਆਈ ਆਲਕੁ ਕਰੇ ਬੁਰਿਆਈ ਸੇਰੁ॥***
***ਨਾਨਕ ਅਜੁ ਕਲਿ ਆਵਸੀ ਗਾਫਲ ਫਾਹੀ ਪੇਰੁ॥***
***ਅੰਗ – 518***

ਮਨਮੁਖ ਦਾ ਤੇ ਸਾਕਤ ਦਾ ਸੁਭਾਅ ਹੀ ਇਸ ਤਰ੍ਹਾਂ ਦਾ ਹੈ, ਉਸ ਨੂੰ ਚੰਗੇ ਕੰਮ ਚੰਗੀਆਂ ਗੱਲਾਂ, ਪ੍ਰਮੇਸ਼ਰ ਦਾ ਨਾਮ, ਸਤਸੰਗ ਕੁਝ ਵੀ ਚੰਗਾ ਨਹੀਂ ਲੱਗਦਾ ਉਸ ਤੋਂ ਕੋਹਾਂ ਦੂਰ ਭਜਣ ਦੀ ਕੋਸ਼ਿਸ਼ ਕਰਦਾ ਹੈ ਤੇ ਮਨ ਵਿਚ ਸੋਚਦਾ ਤੇ ਡਰਦਾ ਰਹਿੰਦਾ ਹੈ ਕਿ ਕਿਤੇ ਮੈਨੂੰ ਸ਼ਰਾਬ ਛੱਡਣ ਨੂੰ ਨਾ ਕਹਿ ਦੇਣ, ਮਾਸ ਖਾਣ ਤੋਂ ਨਾ ਹਟਾ ਦੇਣ, ਕਿਤੇ ਸਤਸੰਗ ਵਿਚ ਜਾਣ ਨੂੰ ਨਾ ਕਹਿ ਦੇਣ ਕਿਉਂਕਿ ਇਨ੍ਹਾਂ ਸ਼ੁਭ ਕਰਮਾਂ ਨਾਲ ਉਸ ਦਾ ਕੋਈ ਵਾਸਤਾ ਨਹੀਂ ਹੋਇਆ ਕਰਦਾ। ਦੂਜੇ ਪਾਸੇ ਜੋ ਗੁਰਸਿਖ ਹੁੰਦਾ ਹੈ ਉਹ ਸਾਰੇ ਕੰਮ ਛੱਡ ਕੇ ਸਤਸੰਗ ਵਿਚ ਜਾਂਦਾ ਹੈ –

***ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥***
***ਸਮੁੰਦੁ ਸਾਗਰੁ ਹੋਵੈ ਬਹੁ ਖਾਰਾ***
***ਗੁਰਸਿਖੁ ਲੰਘਿ ਗੁਰ ਪਹਿ ਜਾਈ॥***
***ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ***
***ਤਿਉ ਸਿਖੁ ਗੁਰ ਬਿਨੁ ਮਰਿ ਜਾਈ॥***
***ਅੰਗ – 757***

ਉਹਦੇ ਅੰਦਰ ਤਾਂ ਲਗਨ ਹੋਇਆ ਕਰਦੀ ਹੈ, ਤੀਬਰ ਇੱਛਾ ਹੁੰਦੀ ਕਿ ਮੈਂ ਜਿੰਨਾਂ ਬੀਜ ਸਕਦਾ ਹਾਂ, ਵੱਧ ਤੋਂ ਵੱਧ ਬੀਜ ਲਵਾਂ ਕਿਉਂਕਿ ਹੁਣੇ ਹੀ ਬੀਜਣ ਦਾ ਮੌਕਾ ਹੈ। ਜਵਾਨੀ ਵਿਚ ਸਭ ਤੋਂ ਵੱਧ ਬੀਜਣ ਦਾ ਮੌਕਾ ਹੈ, ਜਿਹੜਾ ਬੀਜ ਗਿਆ, ਬੀਜ ਗਿਆ, ਜਿਹੜਾ ਰਹਿ ਗਿਆ, ਰਹਿ ਗਿਆ। ਬੁਢਾਪੇ ਵਿਚ ਨਹੀਂ ਬੀਜਿਆ ਜਾਇਆ ਕਰਦਾ, ਕਿਉਂਕਿ ਬੁਢਾਪੇ ਵਿਚ ਵੀਹ ਤਰ੍ਹਾਂ ਦੀਆਂ ਬੀਮਾਰੀਆਂ ਲੱਗ ਜਾਂਦੀਆਂ ਹਨ, ਘਰ ਦੀਆਂ ਅਨੇਕਾਂ ਸਮਸਿਆਵਾਂ ਆ ਜਾਂਦੀਆਂ ਹਨ, ਘਰ ਦੀ ਆਰਥਿਕ ਹਾਲਤ ਖਰਾਬ ਹੋ ਜਾਂਦੀ ਹੈ। ਪਿੰਡਾਂ ਵਾਲਿਆਂ ਦੀ ਤਾਂ ਪਹਿਲਾਂ ਹੀ ਖਰਾਬ ਹੈ, ਸਾਡੇ ਪੱਲੇ ਤਾਂ ਚਿੰਤਾ ਹੀ ਚਿੰਤਾ ਹੈ। ਬੁਢਾਪੇ ਵਿਚ ਤਾਂ ਇਹ ਚਿੰਤਾ ਹਟਿਆ ਨਹੀਂ ਕਰਦੀ ਸਗੋਂ ਵਧਦੀ ਤੁਰੀ ਜਾਂਦੀ ਹੈ।

ਇਸ ਤਰ੍ਹਾਂ ਦੀ ਹਾਲਤ ਵਿਚ ਉਹ ਨਾਮ ਕਿਵੇਂ ਜਪੇਗਾ। ਮਨ ਵਿਚ ਚਿੰਤਾ ਹੋਵੇ, ਉਧਰ ਪਾਠ ਭਜਨ ਕਰੇ, ਇਹ ਦੋਵੇਂ ਗੱਲਾਂ ਦਾ ਮੇਲ ਨਹੀਂ ਹੋਇਆ ਕਰਦਾ। ਕੋਈ ਕਰਕੇ ਦੇਖ ਲਵੋ ਕਿਸੇ ਕਿਸਮ ਦੀ ਵੀ ਮਨ ਵਿਚ ਚਿੰਤਾ ਹੋਵੇ, ਪਾਠ ਵਿਚ ਕਦੇ ਵੀ ਚਿੱਤ ਨਹੀਂ ਲਗ ਸਕਿਆ ਕਰਦਾ ਕਿਉਂਕਿ ਜਿਥੇ ਜਾ ਕੇ ਪਾਠ ਨੇ ਨਿਵਾਸ ਕਰਨੈ, ਉਸ ਥਾਂ ਨੂੰ ਤਾਂ ਚਿੰਤਾ ਨੇ ਘੇਰਿਆ ਹੋਇਐ। ਕੋਈ ਸ਼ੰਕਾ ਪਿਐ, ਆਸਾ ਲੱਗੀ ਹੋਈ ਹੈ, ਅੰਦੇਸ਼ਾ ਲੱਗਿਆ ਹੋਇਐ, ਉਥੇ ਫਿਰ ਨਾਮ ਕੀ ਜਪ ਹੋਣੈ। ਇਹ ਨਾਮ ਵੀ ਬਚਪਨ ਵਿਚ ਹੀ ਜਪ ਹੋਇਆ ਕਰਦਾ ਹੈ -

***ਰਾਮ ਜਪਉ ਜੀਅ ਐਸੇ ਐਸੇ॥***
***ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥ ਅੰਗ - 337***

ਜਿਹੜਾ ਬੱਚਾ ਪੰਜ ਸਾਲ ਦਾ ਹੀ ਨਾਮ ਜਪਣ ਲੱਗ ਜਾਵੇ, ਉਹ ਕਿਸੇ ਨੂੰ ਵਾਰੇ ਨਹੀਂ ਆਉਣ ਦਿੰਦਾ ਯਾਨੀ ਉਹਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ, ਉਹ ਦੂਜੇ ਨੂੰ ਰਲਣ ਨਹੀਂ ਦੇਵੇਗਾ, ਨਾਮ ਜਪਣ ਵਿਚ ਸਭ ਤੋਂ ਅੱਗੇ ਲੰਘ ਜਾਵੇਗਾ। ਇਸੇ ਤਰ੍ਹਾਂ ਜਿਹੜਾ ਅੱਠ ਦਸ ਸਾਲ ਦਾ ਨਾਮ ਜਪਣ ਲੱਗ ਜਾਵੇ ਉਹ ਵੀ ਨਹੀਂ ਰਲਣ ਦਿਆ ਕਰਦਾ, ਜੁਆਨੀ ਵਿਚ ਆ ਕੇ ਵੀ ਜਿਹੜਾ ਇਸ ਪਾਸੇ ਲੱਗ ਜਾਵੇ ਉਹ ਵੀ ਲੰਘ ਜਾਂਦਾ ਹੈ। ਪਰ ਬੁਢਾਪਾ ਆਏ ਤੇ ਕੀ ਬਣਨੈ, ਰੱਬ ਦਾ ਉਲਾਂਭਾ ਲਾਹੁਣ ਵਾਲੀ ਗੱਲ ਹੈ।

***ਨਿਕੇ ਹੋਏ ਢੱਗੇ ਚਾਰੇ ਵੱਡੇ ਹੋਏ ਹਲ ਵਾਹਿਆ॥***
***ਬੁਢੇ ਹੋਏ ਫੜ ਲਈ ਮਾਲਾ***
***ਰੱਬ ਦਾ ਉਲਾਂਭਾ ਲਾਹਿਆ॥***

ਲੇਕਿਨ ਮਹਾਰਾਜ ਜੀ ਕਹਿੰਦੇ ਹਨ ਕਿ ਭਾਈ ਹੌਸਲਾ ਨਾ ਛੱਡੋ। ਫਰੀਦ ਜੀ ਨੇ ਕਹਿ ਦਿਤਾ ਸੀ -

***ਫਰੀਦਾ ਕਾਲੀਂ ਜਿਨੀ ਨ ਰਾਵਿਆ***
***ਧਉਲੀ ਰਾਵੈ ਕੋਇ॥***
***ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ॥***
***ਅੰਗ - 1378***

ਮਹਾਰਾਜ ਤੀਸਰੇ ਪਾਤਸ਼ਾਹ ਜੀ ਕਹਿਣ ਲੱਗੇ ਕਿ ਫਰੀਦ ਸਾਹਿਬ! ਇਸ ਤਰ੍ਹਾਂ ਦਿਲ ਨਾ ਤੋੜੋ ਤੇ ਫੁਰਮਾਨ ਕੀਤਾ -

***ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ***
***ਜੇ ਕੋ ਚਿਤਿ ਕਰੇ॥ ਅੰਗ - 1378***

ਬੁਢਾਪੇ ਉਦਾਸ ਨਹੀਂ ਹੋਣਾ ਚਾਹੀਦਾ ਕਿ ਮੈਂ ਹੁਣ ਬੁਢਾ ਹੋ ਗਿਆ, ਮੈਥੋਂ ਨਾਮ ਨਹੀਂ ਜਪਿਆ ਜਾਣਾ। ਕੇਵਲ ਮਨ ਦਾ ਰੁਖ ਬਦਲਣ ਦੀ ਲੋੜ ਹੈ। ਇਹ ਕਦੇ ਵੀ ਬਦਲ ਸਕਦਾ ਹੈ।

***ਆਪਣਾ ਲਾਇਆ ਪਿਰਮੁ ਨ ਲਗਈ***
***ਜੇ ਲੋਚੈ ਸਭੁ ਕੋਇ॥***
***ਏਹੁ ਪਿਰਮ ਪਿਆਲਾ ਖਸਮ ਕਾ***
***ਜੈ ਭਾਵੈ ਤੈ ਦੇਇ॥ ਅੰਗ - 1378***

ਇਹ ਬਿਲਕੁਲ ਠੀਕ ਹੈ ਕਿ ਆਪਣੇ ਆਪ ਇਸ ਪਾਸੇ ਲਗਣਾ ਮੁਸ਼ਕਲ ਹੈ ਲੇਕਿਨ ਅਰਦਾਸ ਤਾਂ ਕਰੇ, ਲਗਨ ਤਾਂ ਪੈਦਾ ਕਰੇ ਕਿ ਮੇਰਾ ਮਨੁਖਾ ਜਨਮ ਲੰਘਦਾ ਜਾ ਰਿਹੈ। ਜਿੰਨੀ ਜਲਦੀ ਇਹ ਸਮਝ ਜਾਵੇ ਉਨਾ ਹੀ ਚੰਗਾ ਹੈ, ਜੇਕਰ ਵਿਚਾਲੇ ਰਹਿ ਜਾਵੇ ਉਸ ਨੂੰ ਯੋਗ-ਭਰਿਸ਼ਟ ਕਹਿੰਦੇ ਹਨ ਕਿ ਇਹ ਸਿਰੇ ਨਹੀਂ ਪਹੁੰਚ ਸਕਿਆ, ਇਸ ਦਾ ਯੋਗ ਵਿਚਾਲੇ ਰਹਿ ਗਿਆ। ਫੇਰ ਹੁੰਦਾ ਕੀ ਹੈ ਕਿ ਇਸ ਨੂੰ ਜਨਮ ਧਾਰਨਾ ਪੈਂਦਾ ਹੈ। ਕੀ ਪਤੈ ਕਿਥੇ ਜਨਮ ਮਿਲ ਜਾਵੇ, ਹੁਣ ਚੰਗੇ ਘਰ ਵਿਚ ਹੈ, ਫੇਰ ਗਰੀਬ ਘਰ ਵਿਚ ਜਨਮ ਮਿਲ ਜਾਵੇ, ਘਾਹ ਖੋਤ ਖੋਤ ਕੇ, ਵੇਚ ਕੇ ਗੁਜ਼ਾਰਾ ਕਰਨਾ ਪੈ ਜਾਵੇ ਤੇ ਦੱਸੋ ਫਿਰ ਗਰੀਬੀ ਦੀ ਹਾਲਤ ਵਿਚ ਰੋਜ਼ੀ ਰੋਟੀ ਕਮਾਏਗਾ ਕਿ ਨਾਮ ਜਪੇਗਾ। ਜਦ ਤਕ ਇਹਦੇ ਕੋਲ ਕੁੱਲੀ, ਜੁੱਲੀ, ਗੁੱਲੀ ਨਹੀਂ ਤਾਂ ਇਸ ਦੀ ਹੀ ਚਿੰਤਾ ਰਿਹਾ ਕਰੇਗੀ। ਨਾ ਹੀ ਇਸ ਨੂੰ ਸਤਸੰਗ ਜਾਣ ਦਾ ਸਮਾਂ ਮਿਲੇ, ਨਾ ਹੀ ਇਸ ਨੂੰ ਕਿਸੇ ਮਹਾਂਪੁਰਸ਼ ਦਾ ਮਿਲਾਪ ਹੋ ਸਕੇਗਾ। ਮਹਾਰਾਜ ਜੀ ਕਹਿੰਦੇ ਹਨ ਕਿ ਜੋ ਕੁਝ ਕਰਨੈ ਤੂੰ ਹੁਣ ਹੀ ਕਰ ਲੈ, ਫੇਰ ਨਹੀਂ ਕਰ ਹੋਣਾ।

***ਜੋ ਕਿਛੁ ਕਰਹਿ ਸੋਈ ਅਬ ਸਾਰੁ॥***
***ਫਿਰਿ ਪਛੁਤਾਹੁ ਨ ਪਾਵਹੁ ਪਾਰੁ॥ ਅੰਗ - 1159***

ਜਿਹੜਾ ਕੁਝ ਕਰਨੈ, ਇਸ ਨਰ-ਨਰਾਇਣੀ ਦੇਹੀ ਨਾਲ ਹੀ ਕਰ ਲੈ, ਇਹਦੇ ਅੰਦਰ ਅੰਦਰ ਹੀ ਕਰ ਲਵੋ। ਇਹ ਵੀ ਕੋਈ ਪਤਾ ਨਹੀਂ ਕਿ ਜੇ ਇਸ ਪੌੜੀ ਦੇ ਡੰਡੇ ਤੋਂ ਹੱਥ ਛੁਟ ਗਿਆ, ਫੇਰ ਕਿਹੜਾ ਮਨੁਖ ਬਣਨ ਦੀ ਕੋਈ ਗਰੰਟੀ ਹੈ। ਸਾਧ ਸੰਗਤ ਜੀ! ਜਿਸ ਨੇ ਹੁਣ ਤੱਕ ਗੁਰੂ ਹੀ ਨਹੀਂ ਧਾਰਿਆ, ਉਹ ਤਾਂ ਬਿਲਕੁਲ ਹੀ ਮਨੁਖ ਨਹੀਂ ਬਣ ਸਕਦਾ। ਜਿਸ ਨੇ ਗੁਰੂ ਧਾਰ ਲਿਆ ਉਸ ਨੂੰ ਇਹ ਮੌਕਾ ਮਿਲ ਜਾਇਆ ਕਰਦੈ ਪਰ ਪਤਾ ਨਹੀਂ ਲਗਦਾ ਕਿ ਕਿਸਮਤ ਕੇਹੋ ਜਿਹੀ ਹੋਵੇ, ਕਿਹੋ ਜਿਹੇ ਕਰਮ ਹੋਣ ਕਿ ਉਸੇ ਘਰ ਦੇ ਅੰਦਰ ਮਜ਼ਦੂਰ ਬਣ ਕੇ ਆ ਜਾਵੇ ਜਿਹੜੇ ਘਰ ਦੀ ਮਾਲਕੀ ਰੱਖੀ ਬੈਠਾ ਹੈ ਤੇ ਬੜਾ ਅਮੀਰ ਬਣਿਆ ਬੈਠਾ ਹੈ। ਸੋ ਜਿੰਨਾਂ ਵੀ ਸਮਾਂ ਕਿਸੇ ਕੋਲ ਹੈ ਉਸ ਨੂੰ ਹੁਣ ਕੱਢ ਲੈਣਾ ਚਾਹੀਦਾ ਹੈ। ਬਾਕੀ ਤਾਂ ਜੇ ਕੋਈ ਕਹੇ ਕਿ ਮੈਨੂੰ ਮਨੁਖ ਦੇਹੀ ਫੇਰ ਵੀ ਪ੍ਰਾਪਤ ਹੋ ਜਾਏਗੀ, ਮਹਾਰਾਜ ਜੀ ਕਹਿੰਦੇ ਹਨ ਕਿ ਬਿਲਕੁਲ ਨਹੀਂ ਹੋ ਸਕਦਾ, ਕਿਉਂਕਿ ਨਿਗੁਰੇ ਨੂੰ ਮਨੁਖ ਦੀ ਜੂਨੀ ਪ੍ਰਾਪਤ ਨਹੀਂ ਹੋਇਆ ਕਰਦੀ। ਨਿਗੁਰੇ ਦਾ ਤਾਂ ਨਾਮ ਵੀ ਲੈਣਾ ਮਾੜਾ ਹੋਇਆ ਕਰਦਾ ਹੈ-

***ਸਤਿਗੁਰ ਬਾਝਹੁ ਗੁਰੁ ਨਹੀ ਕੋਈ***
***ਨਿਗੁਰੇ ਕਾ ਹੈ ਨਾਉ ਬੁਰਾ॥ ਅੰਗ - 435***

ਜਿਥੇ ਨਿਗੁਰਾ ਬੈਠ ਜਾਵੇ ਉਹ ਧਰਤੀ ਭਰਿਸ਼ਟ ਹੋ ਜਾਇਆ ਕਰਦੀ ਹੈ। ਸਵਾ ਗਜ਼ ਲੰਬੀ ਚੌੜੀ ਤੇ ਸਵਾ ਗਜ਼ ਡੂੰਘੀ ਧਰਤੀ ਨਿਗੁਰੇ ਪੁਰਸ਼ ਦੇ ਬੈਠਣ ਨਾਲ ਭਰਿਸ਼ਟ ਹੋ ਜਾਇਆ ਕਰਦੀ ਹੈ। ਜਿਥੇ ਪ੍ਰਭੂ ਦਾ ਪਿਆਰਾ ਬੈਠ ਜਾਵੇ ਉਹ ਧਰਤੀ ਪਵਿੱਤਰ ਹੋ ਜਾਂਦੀ ਹੈ।

***ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥***
***ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ॥***
***ਅੰਗ - 319***

ਉਹ ਸਥਾਨ ਸੁਹਾਵੇ ਅਤੇ ਪੂਜਣ ਯੋਗ ਹੋ ਜਾਇਆ ਕਰਦੇ ਹਨ।

***ਜਿਥੈ ਜਾਇ ਬਹੈ ਮੇਰਾ ਸਤਿਗੁਰੂ***
***ਸੋ ਥਾਨੁ ਸੁਹਾਵਾ ਰਾਮ ਰਾਜੇ॥ ਅੰਗ - 450***

ਬਾਕੀ ਨਿਗੁਰੇ ਦਾ ਤਾਂ ਕਹਿਣਾ ਹੀ ਕੀ ਹੈ, ਉਹ ਤਾਂ ਜਿਥੇ ਵੀ ਬੈਠਦਾ ਹੈ, ਥਾਂ ਭਰਿਸ਼ਟ ਕਰੀ ਜਾਂਦੈ, ਆਪਣੇ ਖਿਆਲਾਂ ਨਾਲ, ਆਪਣੀਆਂ ਦਲੀਲਾਂ ਨਾਲ ਵਾਤਾਵਰਣ ਦੂਸ਼ਤ ਕਰੀ ਜਾ ਰਿਹਾ ਹੈ ਕਿਉਂਕਿ ਉਸ ਨੂੰ ਗੱਲਾਂ ਬਾਤਾਂ ਬਹੁਤ ਆਉਂਦੀਆਂ ਹਨ, ਆਪਣੇ ਨਾਸਤਿਕ ਖਿਆਲਾਂ ਨਾਲ ਦੂਜਿਆਂ ਤੇ ਹਾਵੀ ਹੋਣਾ ਚਾਹੁੰਦਾ ਹੈ-

***ਜਿਉ ਨਿਗੁਰਾ ਬਹੁ ਬਾਤਾ ਜਾਣੈ***
***ਓਹੁ ਹਰਿ ਦਰਗਹ ਹੈ ਭ੍ਰਸਟੀ॥ ਅੰਗ - 528***

ਉਸ ਦੇ ਇਸ ਗਿਆਨ ਨੂੰ ਖਰੜ ਗਿਆਨ ਕਹਿੰਦੇ ਹਨ। ਇਕ ਤੱਤ ਗਿਆਨ ਹੁੰਦਾ ਹੈ ਤੇ ਇਕ ਖਰੜ ਗਿਆਨ ਹੁੰਦਾ ਹੈ। ਖਰੜ ਗਿਆਨ ਕਿਸੇ ਕਿਤਾਬ ਵਿਚ ਨਹੀਂ ਲਿਖਿਆ ਹੁੰਦਾ, ਬਸ ਜਿਹੜਾ ਜੋਰ ਨਾਲ ਬੋਲ ਗਿਆ, ਬੋਲ ਗਿਆ। ਇਹ ਗਿਆਨ ਥੋੜ੍ਹੀ ਸਮਝ ਵਾਲੇ ਬੰਦਿਆਂ ਨੂੰ ਇਸ ਖਰੜ ਗਿਆਨ ਰਾਹੀਂ ਕਾਇਲ ਕਰ ਲੈਂਦੇ ਹਨ। ਕੋਈ ਗੱਲ ਉਸ ਨਾਲ ਕਰੋ, ਆਪਣੇ ਮਨ ਦੀ ਮੱਤ ਨਾਲ ਗੱਲ ਘੜ ਲਵੇਗਾ। ਜੇਕਰ ਉਸ ਨੂੰ ਆਖੋ ਕਿ ਜਿਹੜੀ ਸ਼ਰਾਬ ਹੈ ਇਹ ਸੱਤ ਕੁਲਾਂ ਦਾ ਨਾਸ ਕਰ ਦਿੰਦੀ ਹੈ, ਐਸਾ ਸਿਆਣਿਆਂ ਦਾ ਮਤ ਹੈ।

***ਮਦੁਰਾ ਦਹਿਤੀ ਸਪਤ ਕੁਲ ਭਾਂਗ ਦਹੇ ਤਨ ਏਕ॥***
***ਜਗਤ ਜੂਠ ਛੱਤ ਕੁਲ ਦਹੇ ਨਿੰਦਾ ਦਹੇ ਅਨੇਕ॥***

ਸ਼ਰਾਬ ਜੋ ਹੈ ਖੂਨ ਵਿਚ ਦਾਖਲ ਹੋ ਜਾਂਦੀ ਹੈ ਤੇ ਕੈਂਸਰ ਦਾ ਬੀਜ ਲੈ ਕੇ ਚਲੀ ਜਾਂਦੀ ਹੈ। ਸੱਤਾਂ ਕੁਲਾਂ ਤੱਕ ਕਿਸੇ ਨਾ ਕਿਸੇ ਦੇ ਜਰੂਰ ਕੈਂਸਰ ਹੋ ਜਾਂਦਾ ਹੈ। ਦਰਗਾਹ ਵਿਚ ਵੀ ਧੱਕੇ ਖਾਂਦਾ ਹੈ, ਇਸ ਨੂੰ ਦਰਗਾਹ ਵਿਚ ਥਾਂ ਨਹੀਂ ਮਿਲਿਆ ਕਰਦਾ।

***ਖਸਮੋ ਧੱਕੇ ਖਾਇ॥***

ਭੰਗ ਇਕ ਤਨ ਦਾ ਨਾਸ਼ ਕਰਦੀ ਹੈ ਅਤੇ ਤਮਾਕੂ ਸੌ ਕੁਲ ਦਾ ਨਾਸ਼ ਕਰਦਾ ਹੈ। ਨਿੰਦਾ ਕਰਨ ਵਾਲੇ ਦੀਆਂ ਕੁਲਾਂ ਦੀ ਗਿਣਤੀ ਹੀ ਨਹੀਂ ਹੈ ਕਿ ਕਿੰਨੀਆਂ ਕੁਲਾਂ ਦਾ ਬੇੜਾ ਗਰਕ ਕਰ ਦੇਵੇ। ਐਸੀਆਂ ਮਾੜੀਆਂ ਚੀਜ਼ਾਂ ਵਿਚ ਇਸ ਦਾ ਮਨ ਲਗਦਾ ਹੈ ਕਿਉਂਕਿ ਨਾਮ ਦਾ ਇਸ ਨੂੰ ਪਤਾ ਨਹੀਂ ਹੈ ਤੇ ਨਾ ਹੀ ਬੰਦਗੀ ਦਾ ਪਤਾ ਹੈ। ਸੋ ਮਹਾਰਾਜ ਜੀ ਕਹਿੰਦੇ ਹਨ ਕਿ ਐਸੇ ਮਨੁਖਾਂ ਨੂੰ ਫਿਰ ਦੁਬਾਰਾ ਮਨੁਖ ਦੀ ਜੂਨੀ ਪ੍ਰਾਪਤ ਨਹੀਂ ਹੋਇਆ ਕਰਦੀ, ਉਹ ਤਾਂ ਕਾਵਾਂ ਕੁਤਿਆਂ ਤੇ ਗਧਿਆਂ ਦੀਆਂ ਜੂਨਾਂ ਵਿਚ ਪਿਆ ਕਰਦੇ ਹਨ।

***ਧਾਰਨਾ - ਕਾਵਾਂ ਕੁਤਿਆਂ ਗਧਿਆਂ ਦੀ ਜੂਨੀ ਪੈਣਗੇ,***
***ਜਿਨ੍ਹਾਂ ਨੇ ਗੁਰੂ ਨਹੀਓਂ ਧਾਰਿਆ -2, 4.***

***ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ***
***ਧ੍ਰਿਗੰਤ ਜਨਮ ਭ੍ਰਸਟਣਹ॥ ਅੰਗ - 1356***

ਗੁਰੂ ਮੰਤਰ ਉਸ ਨੂੰ ਕਹਿੰਦੇ ਹਨ ਕਿ ਜਿਹੜਾ ਮੰਤਰ ਗੁਰੂ ਸਿਖ ਬਨਾਉਣ ਵੇਲੇ ਦਿਆ ਕਰਦਾ ਹੈ, ਜਿਹੜਾ ਮੰਤਰ ਪੰਜ ਪਿਆਰੇ, ਸ੍ਰੀ ਗੁਰੂ ਗਰੰਥ ਸਾਹਿਬ ਦੀ ਹਜੂਰੀ ਵਿਚ ਅੰਮ੍ਰਿਤ ਛਕਾਉਣ ਤੋਂ ਬਾਅਦ ਦਿੰਦੇ ਹਨ। ਇਸ ਨਾਲ ਇਸ ਦੀ ਹਉਮੈ ਦੀ ਮੈਲ ਕੱਟ ਜਾਂਦੀ ਹੈ ਅਤੇ ਜੰਮਣ ਮਰਣ ਦਾ ਚੱਕਰ ਕੱਟ ਜਾਂਦਾ ਹੈ। ਦੇਖੋ ਸਾਧ ਸੰਗਤ ਜੀ! ਕਿੱਡੀ ਵੱਡੀ ਚੀਜ਼ ਹੈ, ਸੁਖਾਲੇ ਜਿਹੇ ਅੱਖਰ ਹਨ, 'ਵਾਹਿਗੁਰੂ', ਚਾਰ ਅੱਖਰ ਹਨ, 'ਰਾਮ' ਦੋ ਅੱਖਰ ਹਨ, 'ਅੱਲਾ' ਦੋ ਅੱਖਰ ਹਨ, ਲੇਕਿਨ ਇਹ ਪੂਰਨ ਮਹਾਂਪੁਰਸ਼ ਤੋਂ ਪ੍ਰਾਪਤ ਹੋਏ ਹੋਣ ਜਿਸ ਨੇ ਕਰਨੀ ਕਮਾਈ ਕੀਤੀ ਹੋਈ ਹੋਵੇ। ਜਿੰਨਾ ਚਿਰ ਕਰਨੀ ਕਮਾਈ ਵਾਲੇ ਤੋਂ ਪ੍ਰਾਪਤ ਨਹੀਂ ਹੋਏ ਹੁੰਦੇ, ਉਨਾ ਚਿਰ ਭਾਵੇਂ ਹਜ਼ਾਰ ਸਾਲ ਰਾਮ ਰਾਮ ਕਰੀ ਜਾਵੇ, ਵਾਹਿਗੁਰੂ ਵਾਹਿਗੁਰੂ ਕਰੀ ਜਾਵੇ, ਅੱਲਾ ਅੱਲਾ ਕਰੀ ਜਾਵੇ, ਇਸ ਦਾ ਫਲ ਪ੍ਰਾਪਤ ਨਹੀਂ ਹੋਇਆ ਕਰਦਾ।

***ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥***
***ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥***
***ਅੰਗ - 491***

ਗੁਰੂ ਦੀ ਕਿਰਪਾ ਨਾਲ ਜੇ ਮਨ ਵਿਚ ਵਸ ਜਾਵੇ ਤਾਂ ਫਲ ਮਿਲਦਾ ਹੈ। ਆਹ ਬੋਹੜ ਦੀਆਂ ਗੋਹਲਾਂ ਹੁੰਦੀਆਂ ਹਨ, ਇਹਨਾਂ ਨੂੰ ਜ਼ਮੀਨ ਵਿਚ ਬੀਜ ਕੇ ਦੇਖ ਲਵੋ, ਇਹ ਹਰੀਆਂ ਨਹੀਂ ਹੁੰਦੀਆਂ ਜਦ ਤਕ ਇਸ ਨੂੰ ਪੂਰੀ ਗਰਮੀ ਨਾ ਮਿਲੇ। ਪੰਛੀ ਜਦੋਂ ਇਸ ਨੂੰ ਖਾਂਦੇ ਹਨ ਤਾਂ ਇਹਨਾਂ ਦੇ ਪੇਟ ਵਿਚੋਂ ਦੀ ਹੋ ਕੇ ਜਦੋਂ ਆਉਂਦੀਆਂ ਹਨ ਫੇਰ ਹਰੀਆਂ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਜੋ ਨਾਮ ਹੈ, ਜਿੰਨਾ ਚਿਰ ਕਮਾਈ ਵਾਲੇ ਹਿਰਦੇ ਦੇ ਵਿਚੋਂ ਦੀ ਹੋ ਕੇ ਨਹੀਂ ਬੋਲਿਆ ਜਾਂਦਾ, ਉਨਾ ਚਿਰ ਹਿਰਦੇ ਵਿਚ ਨਾਮ ਦੀ ਜੜ੍ਹ ਨਹੀਂ ਲਗਿਆ ਕਰਦੀ। ਸੋ ਪੰਜ ਪਿਆਰੇ ਇਕੱਠੇ ਹੋ ਕੇ ਉਚੀ ਆਵਾਜ ਵਿਚ ਬੋਲਦੇ ਹਨ। ਅੰਮ੍ਰਿਤ ਛਕਾ ਕੇ ਉਸ ਦੇ ਲਈ ਜਮੀਨ ਤਿਆਰ ਕੀਤੀ ਹੁੰਦੀ ਹੈ, ਫੇਰ ਨਾਮ ਦੀ ਜੜ੍ਹ ਲਗ ਜਾਇਆ ਕਰਦੀ

ਹੈ। ਸੁਣਨ ਨੂੰ ਤਾਂ ਹੋਰ ਵੀ ਸੁਣ ਲਓ, ਸਾਰੇ ਹੀ ਸੁਣ ਸਕਦੇ ਹਨ ਪਰ ਜਿਹਨੇ ਅੰਮ੍ਰਿਤ ਛਕਿਆ ਹੁੰਦਾ ਹੈ ਫਲਦਾਇਕ ਉਸ ਵਾਸਤੇ ਹੀ ਹੋਇਆ ਕਰਦਾ ਹੈ। ਜਿਵੇਂ ਧਾਨ ਬੀਜਣੇ ਹਨ, ਜੇ ਤਾਂ ਜਮੀਨ ਵਿਚ ਕੱਦੂ ਕੀਤਾ ਹੋਇਐ ਫੇਰ ਤਾਂ ਧਾਨਾਂ ਦਾ ਬੂਟਾ ਉਸ ਵਿਚ ਜੜ੍ਹ ਫੜ ਲਵੇਗਾ, ਜੇਕਰ ਬੰਜਰ ਵਿਚ ਲਾਵੋ, ਸੁੱਕੀ ਜ਼ਮੀਨ ਵਿਚ ਲਾਵੋ, ਲਾ ਕੇ ਦੇਖ ਲਵੋ, ਕਦੇ ਵੀ ਹਰਾ ਨਹੀਂ ਹੋਇਆ ਕਰਦਾ। ਉਹ ਤਾਂ ਉਥੇ ਹੀ ਹਰਾ ਹੋਵੇਗਾ ਜਿਥੇ ਅੰਮ੍ਰਿਤ ਨੇ ਹਿਰਦਾ ਸਿੰਜ ਦਿਤਾ ਹੋਵੇ। ਅੰਮ੍ਰਿਤ ਨਾਲ ਸਿੰਜਾਈ ਕਰਨ ਤੋਂ ਬਾਅਦ ਨਾਮ ਰੂਪੀ ਬੂਟਾ ਪੰਜ ਪਿਆਰੇ ਉਸ ਵਿਚ ਲਾ ਦਿੰਦੇ ਹਨ, ਫੇਰ ਉਹ ਵੱਧਦਾ ਫੁਲਦਾ ਰਹਿੰਦਾ ਹੈ। ਉਹ ਤਰੀਕਾ ਸਮਝਾ ਦਿੰਦੇ ਹਨ ਕਿ ਤੂੰ ਇਸ ਤਰ੍ਹਾਂ ਨਾਲ ਜਪਦਾ ਰਹੀਂ ਤੇ ਇਸ ਤਰ੍ਹਾਂ ਸਤਸੰਗ ਕਰਦਾ ਰਹੀਂ ਅਤੇ ਇਸ ਦੇ ਆਲੇ ਦੁਆਲੇ ਰਹਿਤਾਂ ਦੀ ਵਾੜ ਕਰ ਦੇਵੀਂ। ਰਹਿਤਾਂ ਰੂਪੀ ਵਾੜ, ਰੱਖਿਆ ਕਰਦੀ ਹੈ ਜੀਵਨ ਦੇ ਆਲੇ ਦੁਆਲੇ, ਇਸ ਨਾਲ ਨਾ ਤਾਂ ਕੋਈ ਭੂਤ ਪ੍ਰੇਤ ਆਵੇ, ਨਾ ਕੋਈ ਛਨਿਚਰ ਦਾ ਗ੍ਰਹਿ, ਨਾ ਕੋਈ ਵਿਘਨ, ਨਾ ਮੰਗਲ ਦਾ ਗ੍ਰਹਿ ਤੇ ਨਾ ਹੀ ਕਿਸੇ ਜੋਤਸ਼ੀ ਪਾਸ ਜਾਣ ਦੀ ਲੋੜ ਹੈ। ਸਾਰਾ ਕੁਝ ਠੀਕ ਹੋ ਜਾਇਆ ਕਰਦਾ ਹੈ, ਇਸ ਦੇ ਅੰਦਰ ਸ਼ਕਤੀ ਹੋਇਆ ਕਰਦੀ ਹੈ। ਸੋ ਇਸ ਕਰਕੇ ਜਿਸ ਨੂੰ ਇਹੋ ਜਿਹਾ ਸੁਖਾਲਾ ਮਨੁਖ ਦਾ ਜਨਮ ਪ੍ਰਾਪਤ ਹੋ ਜਾਵੇ, ਇਹੋ ਜਿਹਾ ਮੌਕਾ ਮਿਲਿਆ ਹੋਵੇ ਤੇ ਇਸ ਮੌਕੇ ਨੂੰ ਉਹ ਸਾਂਭ ਨਾ ਸਕੇ ਤਾਂ ਮਹਾਰਾਜ ਜੀ ਕਹਿੰਦੇ ਹਨ ਕਿ ਉਸ ਦਾ ਜਨਮ ਭ੍ਰਿਸ਼ਟਿਆ ਹੋਇਆ ਧ੍ਰਿਕਾਰਯੋਗ ਹੈ।

***ਕੂਕਰਹ ਸੂਕਰਹ ਗਰਧਭਹ***
***ਕਾਕਹ ਸਰਪਨਹ ਤੁਲਿ ਖਲਹ॥ ਅੰਗ – 1356***

ਕੂਕਰ ਕੁਤੇ ਨੂੰ ਕਹਿੰਦੇ ਹਨ ਅਤੇ ਸੂਕਰ ਸੂਰ ਨੂੰ ਕਹਿੰਦੇ ਹਨ, ਗਰਧਭਹ ਗਧੇ ਨੂੰ, ਕਾਕੈ, ਕਾਂ ਨੂੰ ਅਤੇ ਸਰਪਨਹ ਸੱਪ ਨੂੰ ਕਹਿੰਦੇ ਹਨ। ਮਹਾਰਾਜ ਜੀ ਦਾ ਫੁਰਮਾਨ ਹੈ ਕਿ ਉਸ ਨੂੰ ਇਹੋ ਜਿਹੀਆਂ ਜੂਨਾਂ ਵਿਚ ਜਾਣਾ ਪਵੇਗਾ। ਚੰਗਾ ਭਲਾ ਮਨੁਖ ਹੈ, ਵਧੀਆ ਦਸਤਾਰ ਬੰਨ੍ਹੀ ਹੋਈ ਹੈ, ਸਾਰੇ ਕਹਿੰਦੇ ਹਨ ਸਰਦਾਰ ਜੀ ਆ ਗਏ, ਕੱਪੜੇ ਵਧੀਆ ਪਾਏ ਹੋਏ ਹਨ, ਪ੍ਰਮੇਸ਼ਰ ਨੇ ਵਧੀਆ ਸਵਾਰੀ ਦਿਤੀ ਹੋਈ ਹੈ ਲੇਕਿਨ ਮਹਾਂਪੁਰਸ਼ਾਂ ਨੂੰ ਨਜ਼ਰ ਆਉਂਦਾ ਹੈ ਕਿ ਇਹ ਤਾਂ ਕੁੱਤਿਆਂ, ਬਿਲਿਆਂ ਵਲ ਨੂੰ ਤੁਰਿਆ ਜਾ ਰਿਹਾ ਹੈ। ਵੈਸੇ ਉਤੋਂ ਉਤੋਂ ਹੀ ਸਰਦਾਰ ਜੀ ਹੈ, ਇਹ ਤਾਂ ਹਰ ਕਦਮ ਦੇ ਉਤੇ ਛੋਟੀਆਂ, ਨੀਵੀਆਂ ਜੂਨਾਂ ਵੱਲ ਨੂੰ ਵੱਧ ਰਿਹਾ ਹੈ। ਇਹ ਤਾਂ ਇਕ ਦਿਨ ਐਥੇ ਹੀ ਕੁਤਾ ਬਣਕੇ, ਲੋਕਾਂ ਦੇ ਡੰਡੇ ਖਾਂਦਾ ਫਿਰੇਗਾ। ਇਸ ਕਰਕੇ ਸਮਝਣਾ ਚਾਹੀਦਾ ਹੈ ਤੇ ਮਹਾਰਾਜ ਜੀ ਬਾਰ ਬਾਰ ਕਹਿੰਦੇ ਹਨ ਕਿ ਭਾਈ ਮੌਕਾ ਹੈ, ਇਸ ਮੌਕੇ ਨੂੰ ਸੰਭਾਲ ਲਵੋ। ਤੁਹਾਨੂੰ ਜਾਗ ਪੈਣਾ ਚਾਹੀਦਾ ਹੈ ਪਰ ਜਿਨ੍ਹਾਂ ਦੇ ਕਿਸਮਤ ਵਿਚ ਨਾ ਹੋਵੇ, ਕਲਜੁਗ ਬੈਠ ਗਿਆ ਹੋਵੇ, ਸ਼ੈਤਾਨ ਬੈਠ ਗਿਆ ਹੋਵੇ, ਉਨ੍ਹਾਂ ਨੂੰ ਸੱਚੀ ਆਵਾਜ਼ ਸੁਣ ਕੇ ਜਾਗ ਹੀ ਨਹੀਂ ਆਉਂਦੀ, ਇਨੀ ਗਾੜ੍ਹੀ ਨੀਂਦ ਵਿਚ ਸੁੱਤੇ ਹੁੰਦੇ ਹਨ।

***ਧਾਰਨਾ – ਭਾਗ ਜਿਨ੍ਹਾਂ ਦੇ ਮੰਦੇ***
***ਦਿਤੀਆਂ ਬਾਂਗਾਂ ਤੋਂ ਨਾ ਜਾਗਦੇ–2, 2.***

***ਫਰੀਦਾ ਕੂਕੇਦਿਆ ਚਾਂਗੇਦਿਆ***
***ਮਤੀ ਦੇਦਿਆ ਨਿਤ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥***
***ਅੰਗ – 1378***

ਚਾਰੇ ਵੇਦ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ, ਗੀਤਾ ਤੇ ਹੋਰ ਅਨੇਕਾਂ ਧਰਮ ਗਰੰਥ ਮੱਤਾਂ ਦੇ ਰਹੇ ਹਨ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਸਮਝਾ ਸਮਝਾ ਕੇ ਕਹਿ ਰਹੇ ਹਨ, ਮਹਾਤਮਾ ਉਚੀ ਉਚੀ ਬੋਲ ਕੇ ਸਮਝਾ ਰਹੇ ਹਨ ਕਿ ਭਾਈ ਹੁਣ ਤੇਰਾ ਮੌਕਾ ਆਇਆ ਹੋਇਐ। ਮੌਕਾ ਨਾ ਸੰਭਾਲਿਆ ਤਾਂ ਪਛਤਾਉਂਦਾ ਰਹੇਂਗਾ। ਇਕ ਚੱਕਰ ਤੋਂ ਦੂਸਰੇ ਚੱਕਰ ਤੱਕ ਮਨੁਖ ਬਣਨ ਨੂੰ ਦਸ ਕਰੋੜ ਸਾਲ ਲੱਗਦੇ ਹਨ, ਕਿੰਨਾ ਲੰਬਾ ਚੌੜਾ ਸਮਾਂ ਹੈ।

***ਫਿਰਤ ਫਿਰਤ ਬਹੁਤੇ ਜੁਗ ਹਾਰਿਓ***
***ਮਾਨਸ ਦੇਹ ਲਹੀ॥***
***ਨਾਨਕ ਕਹਤ ਮਿਲਨ ਕੀ ਬਰੀਆ***
***ਸਿਮਰਤ ਕਹਾ ਨਹੀ॥ ਅੰਗ – 631***

ਬਾਰ ਬਾਰ ਸਮਝਾਉਂਦੇ ਹਨ ਕਿ ਇਹ ਜਿਹੜੀ ਤੇਰੀ ਦੇਹੀ ਹੈ ਇਸ ਨੂੰ ਦੇਵਤਾ ਲੋਕ ਵੀ ਤਰਸਦੇ ਹਨ ਕਿ ਅਸੀਂ ਕਦੋਂ ਮਨੁਖ ਜਾਮਾ ਧਾਰਨ ਕਰੀਏ ਤੇ ਪ੍ਰਮੇਸ਼ਰ ਦਾ ਭਜਨ ਕਰੀਏ। ਪਰ ਅਫਸੋਸ ਹੈ ਕਿ ਜਿਹਦੇ ਅੰਦਰ ਕਲਜੁਗ ਬਹਿ ਗਿਆ, ਜਿਹਦਾ ਮਨ ਆਕੀ ਹੋ ਗਿਆ, ਗੁਰੂ ਤੋਂ ਬੇਮੁਖ ਹੋ ਗਿਆ, ਉਹ ਨਹੀਂ ਜਾਗ ਸਕਿਆ ਕਰਦਾ।

ਮੈਂ ਤਾਂ ਉਹਨਾਂ ਨੂੰ ਕਹਿ ਦਿਆ ਕਰਦਾ ਹਾਂ ਕਿ ਤੁਸੀਂ ਨਾ ਪਾਠ ਕਰਿਓ, ਆਰਾਮ ਨਾਲ ਸੌਂਵੋ, ਖਾਓ, ਪੀਓ, ਮੌਜਾਂ ਕਰੋ ਕਿਉਂਕਿ ਹਾਲੇ ਤੁਹਾਡੀ ਵਾਰੀ ਨਹੀਂ ਆਈ। ਬਰਬਾਦ ਤੁਸੀਂ ਆਪੇ ਹੋਵੋਗੇ, ਹੋਰ ਤਾਂ ਕਿਸੇ ਨੇ ਨਹੀਂ ਹੋਣਾ, ਤੁਹਾਨੂੰ ਹੀ ਨੁਕਸਾਨ ਹੋਣਾ ਹੈ, ਘਾਟਾ ਤੁਹਾਨੂੰ ਹੀ ਪਵੇਗਾ। ਇਕ ਵਾਰੀ ਮੈਨੂੰ ਕਈ ਬੰਦੇ ਕਹਿਣ ਲੱਗੇ ਕਿ ਤੁਹਾਨੂੰ ਕੀ ਹੈ, ਸ਼ਰਾਬ ਅਸੀਂ ਆਪਣੇ ਪੈਸੇ ਨਾਲ ਪੀਂਦੇ ਹਾਂ। ਮੈਂ ਕਿਹਾ ਕਿ ਮੈਨੂੰ ਇਹ ਦੁਖ ਨਹੀਂ ਹੈ ਕਿ ਤੁਸੀਂ ਆਪਣੇ ਪੈਸੇ ਨਾਲ ਪੀਂਦੇ ਹੋ, ਮੈਨੂੰ ਦੁਖ ਇਹ ਹੈ ਕਿ ਤੁਹਾਡੇ ਬੱਚੇ ਖਰਚਾ ਮੰਗਦੇ ਹਨ, ਫੀਸਾਂ ਦੇਣੀਆਂ, ਕਿਤਾਬਾਂ ਲੈਣੀਆਂ, ਹੋਰ ਘਰ ਦੇ ਬਥੇਰੇ ਖਰਚ ਹਨ, ਉਨ੍ਹਾਂ ਨੂੰ ਤੁਸੀਂ ਕਿਉਂ ਸਜ਼ਾ ਦੇ ਰਹੇ ਹੋ। ਇਕ

ਬੰਦਾ ਸੀ, ਉਸ ਦਾ ਬੱਚਾ ਮੇਰੇ ਪਾਸ ਆ ਕੇ ਬਹੁਤ ਰੋਇਆ, ਕਹਿੰਦਾ, ਪਿਤਾ ਜੀ! ਮੈਨੂੰ ਸਕੂਲ ਵਿਚੋਂ ਕੱਢ ਦੇਣਗੇ ਜੇ ਮੈਂ ਕਿਤਾਬਾਂ ਨਾ ਲੈ ਕੇ ਗਿਆ। ਸਾਰਾ ਪਰਵਾਰ ਹੀ ਮੇਰੇ ਪਾਸ ਆਇਆ ਕਰਦਾ ਸੀ। ਕਹਿਣ ਲੱਗੇ ਕਿ ਅਸੀਂ ਬਾਪੂ ਨੂੰ ਪੈਸੇ ਦੇ ਦਿਤੇ ਕਿ ਸ਼ਹਿਰੋਂ ਕਿਤਾਬਾਂ ਲਿਆ ਦੇ, ਉਹ ਉਸ ਰਾਤ ਨੂੰ ਘਰ ਹੀ ਨਾ ਪਰਤਿਆ। ਦੂਜੇ ਦਿਨ ਸਕੂਲ ਜਾਣ ਵਾਲਾ ਬੱਚਾ ਘਰ ਵਿਚ ਕਲੇਸ਼ ਪਾ ਕੇ ਬੈਠ ਗਿਆ। ਕਹਿੰਦਾ, ਹੁਣ ਦੱਸੋ ਮੈਂ ਸਕੂਲ ਕਿਵੇਂ ਜਾਵਾਂ? ਮੇਰੇ ਕੋਲ ਤਾਂ ਕਿਤਾਬਾਂ ਨਹੀਂ ਹਨ। ਨਾਲ ਦੇ ਪੜੌਸੀਆਂ ਨੂੰ ਪਤਾ ਕਰਨ ਭੇਜਿਆ ਕਿ ਪਤਾ ਕਰ ਕੇ ਆਓ ਤੇ ਲੱਭ ਕੇ ਲਿਆਓ। ਜਦੋਂ ਉਹ ਗਏ ਤਾਂ ਦੇਖਿਆ ਬਾਹਰ ਪਿੰਡ ਦੇ, ਕਿਸੇ ਟਿਊਬਵੈਲ ਤੇ ਬੈਠਾ ਹੈ। ਉਨ੍ਹਾਂ ਨੇ ਪੁਛਿਆ ਕਿ ਮੁੰਡੇ ਦੀਆਂ ਕਿਤਾਬਾਂ ਕਿਥੇ ਨੇ? ਬੱਚਾ ਤਾਂ ਤੇਰਾ ਸਕੂਲ ਜਾਣ ਤੋਂ ਬੈਠਾ ਹੈ। ਉਸ ਨੇ ਨੀਵੀਂ ਪਾ ਲਈ ਤੇ ਕਹਿੰਦਾ, ਕਿਤਾਬਾਂ ਦੇ ਪੈਸਿਆਂ ਦੀ ਤਾਂ ਮੈਂ ਸ਼ਰਾਬ ਪੀ ਲਈ। ਜਿਹੜਾ ਬੱਚਿਆਂ ਦਾ ਦੁਖ ਹੈ ਸਾਧ ਸੰਗਤ ਜੀ! ਉਹ ਦੁਖ ਸਾਨੂੰ ਲਗਦਾ ਹੈ ਤੇ ਸਾਡਾ ਮਨ ਦਰਵ ਜਾਂਦਾ ਹੈ। ਕੋਈ ਬੀਬੀ ਹੈ, ਉਹਨੂੰ ਘਰ ਵਿਚ ਕਿਸੇ ਚੀਜ਼ ਦੀ ਲੋੜ ਹੈ ਉਸ ਨੇ ਪੈਸੇ ਦੇ ਕੇ ਭੇਜ ਦਿਤਾ ਤੇ ਉਹ ਸ਼ਰਾਬ ਪੀ ਕੇ ਆ ਜਾਂਦਾ ਹੈ। ਇਸ ਨੂੰ ਜੇ ਪੁਛਿਆ ਜਾਵੇ ਕਿ ਭਾਈ ਤੂੰ ਸਾਰੀ ਸੁਸਾਇਟੀ ਨੂੰ ਕਿਉਂ ਦੁਖ ਦਿੰਦਾ ਹੈਂ? ਜੇ ਤੂੰ ਇਕੱਲਾ ਦੁਖੀ ਹੋਵੇਂ ਤਾਂ ਕੋਈ ਗੱਲ ਨਹੀਂ ਹੈ। ਠੀਕ ਹੈ, ਤੂੰ ਕਰਦਾ ਹੈਂ ਤੇ ਭੁਗਤਦਾ ਹੈਂ। ਤੇਰੀ ਇਸ ਮਾੜੀ ਆਦਤ ਕਰਕੇ ਤੇਰੀ ਕੌਮ ਭੁਗਤਦੀ ਹੈ ਅਤੇ ਸਾਰੇ ਲੋਕ ਸਰਦਾਰਾਂ ਨੂੰ ਸ਼ਰਾਬੀਆਂ ਦੀ ਕੌਮ ਆਖਦੇ ਹਨ।

ਇਕ ਵਾਰੀ ਮੈਂ ਟਰੇਨ ਵਿਚ ਯੂ.ਪੀ. ਜਾ ਰਿਹਾ ਸੀ, ਉਹ ਲੋਕ ਸਿਗਰਟਾਂ ਬਹੁਤ ਪੀਂਦੇ ਹਨ, ਆਪਣੇ ਪੰਜਾਬ ਵਿਚ ਬੱਸਾਂ ਵਿਚ ਪੀਂਦੇ ਨਹੀਂ ਹਨ ਪਰ ਉਥੇ ਬਹੁਤ ਧੂੰਆਂ ਕਰ ਦਿੰਦੇ ਹਨ। ਬੈਠਣ ਵਾਲੇ ਦਾ ਸਾਹ ਘੁਟਣ ਲੱਗ ਜਾਂਦਾ ਹੈ ਤੇ ਸਫਰ ਕਰਨਾ ਬਹੁਤ ਹੀ ਔਖਾ ਹੈ, ਮੂੰਹ ਬੰਨ੍ਹ ਕੇ ਬੈਠਣਾ ਪੈਂਦੈ ਪਰ ਫੇਰ ਵੀ ਜ਼ੁਕਾਮ ਹੋ ਜਾਂਦਾ ਹੈ ਤੇ ਗਲਾ ਖਰਾਬ ਹੋ ਜਾਂਦਾ ਹੈ ਅਤੇ ਧੂੰਏਂ ਨਾਲ ਅੱਖਾਂ ਲਾਲ ਸੁਰਖ ਹੋ ਜਾਂਦੀਆਂ ਹਨ। ਮੈਂ ਉਨ੍ਹਾਂ ਨੂੰ ਕਿਹਾ ਭਾਈ ਤੁਸੀਂ ਥੋੜ੍ਹਾ ਬਹੁਤ ਚਿਰ ਤਾਂ ਸਾਹ ਲੈ ਲਿਆ ਕਰੋ, ਤੁਸੀਂ ਸਿਗਰਟਾਂ ਪੀ ਕੇ ਸਾਨੂੰ ਵੀ ਚੈਨ ਨਾਲ ਨਹੀਂ ਬੈਠਣ ਦਿੰਦੇ। ਮੈਨੂੰ ਨਾਲ ਦੀ ਨਾਲ ਹੀ ਜਵਾਬ ਦਿੱਤਾ ਕਿ ਸਰਦਾਰ ਜੀ! ਤੁਸੀਂ ਵੀ ਤਾਂ ਸ਼ਰਾਬ ਪੀਈ ਜਾਂਦੇ ਹੋ। ਦੱਸੋ ਹੁਣ ਕੀ ਜਵਾਬ ਦੇਈਏ। ਸਾਡੀ ਕੌਮ ਸ਼ਰਾਬੀਆਂ ਦੀ ਕੌਮ ਮਸ਼ਹੂਰ ਹੋਈ ਹੋਈ ਹੈ। ਨਾਲੇ ਤਾਂ ਸਰਕਾਰ ਸ਼ਰਾਬ ਬਣਵਾਉਂਦੀ ਹੈ ਤੇ ਉਸ ਉਤੇ ਟੈਕਸ ਲੈਂਦੀ ਹੈ ਤੇ ਸਾਨੂੰ ਹੀ ਬੇਵਕੂਫ ਬਣਾਈ ਜਾਂਦੀ ਹੈ। ਮੈਨੂੰ ਤਾਂ ਪਤਾ ਨਹੀਂ, ਦੱਸਦੇ ਨੇ ਕਿ ਹੁਣ ਦੇਸੀ ਬੋਤਲ 30 ਰੁਪਏ ਦੀ ਹੈ। 30-30 ਰੁਪਈਆਂ ਦੀਆਂ ਪਤਾ ਨਹੀਂ ਕਿੰਨੀਆਂ ਕੁ ਬੋਤਲਾਂ ਪੀਵੇਗਾ, ਉਨ੍ਹਾਂ ਪੈਸਿਆਂ ਦੀ ਖਾਦ ਪਾ ਲੈ ਖੇਤਾਂ ਵਿਚ, ਬੱਚਿਆਂ ਨੂੰ ਚੰਗੀ ਤਰ੍ਹਾਂ ਦੇ ਨਾਲ ਪੜ੍ਹਾ ਦੇ, ਉਹਨਾਂ ਦੀਆਂ ਲੋੜਾਂ ਪੂਰੀਆਂ ਕਰ ਦੇ, ਆਪਣੇ ਘਰ ਦੀ ਹਾਲਤ ਠੀਕ ਕਰ ਲੈ, ਆਪਣਾ ਜੀਵਨ ਉਚਾ ਕਰ ਲੈ। ਤੇਰੀ ਸਮਾਜ ਵਿਚ ਇਜ਼ਤ ਹੋਵੇ, ਤੂੰ ਦੂਜਿਆਂ ਨੂੰ ਸੁਹਣਾ ਲੱਗੇਂ ਕਿਉਂਕਿ ਇਹ ਗੁਰੂ ਦਸਮੇਸ਼ ਪਿਤਾ ਦਾ ਸਾਜਿਆ ਹੋਇਆ ਖਾਲਸਾ ਹੈ। ਇਸ ਜੀਵਨ ਉਤੇ ਇਸ ਬੰਦੇ ਦਾ ਹੱਕ ਨਹੀਂ, ਇਹ ਸਰੀਰ ਖਾਲਸੇ ਦੀ ਜਾਇਦਾਦ ਹੈ ਕਿਉਂਕਿ ਇਹ ਖਾਲਸਾ ਗੁਰੂ ਦਾ ਹੈ ਅਤੇ ਗੁਰੂ ਦਾ ਹੋਣ ਕਰਕੇ ਸਾਰਿਆਂ ਦਾ ਸਾਂਝਾ ਹੈ।

ਜਦੋਂ ਇਹ ਨੀਵੇਂ ਪਾਸੇ ਵੱਲ ਨੂੰ ਜਾਂਦਾ ਹੈ ਤਾਂ ਸਾਨੂੰ ਔਖ ਲਗਦੀ ਹੈ ਕਿ ਇਹ ਜੀਵਨ ਵਾਲਾ ਪਾਸਾ ਕਿਉਂ ਨੀਵਾਂ ਹੋ ਗਿਆ। ਰੋਪੜ ਜਿਲੇ ਦੇ ਇਕ ਇਕ ਪਿੰਡ ਵਿਚ ਪੰਜ ਪੰਜ ਕਿਲੋ ਜਰਦਾ ਖਾਂਦੇ ਸੀ। ਜੰਡਪੁਰ ਮੈਨੂੰ ਪ੍ਰੇਮੀਆਂ ਨੇ ਦੱਸਿਆ ਕਿ ਸਾਡੇ ਪਿੰਡ ਰੋਜ਼ ਦੁਕਾਨਦਾਰ ਪੰਜ ਕਿਲੋ ਜਰਦੇ ਦੀਆਂ ਪੁੜੀਆਂ ਬਣਾ ਬਣਾ ਵੇਚਦੇ ਹਨ। ਦੇਖ ਲਵੋ ਕਿੰਨਾ ਨੁਕਸਾਨ ਹੁੰਦੈ। ਕਿੰਨੇ ਹੀ ਬੱਚੇ ਮਰਦੇ ਨੇ ਨਸ਼ਿਆਂ ਨਾਲ। ਹੁਣੇ ਜਦੋਂ ਮੈਂ ਘਰੋਂ ਆਇਆ ਤਾਂ ਤੁਰਨ ਤੋਂ ਪਹਿਲਾਂ ਇਕ ਬੱਚਾ ਬੈਠਾ ਸੀ, ਮੈਂ ਉਸ ਨੂੰ ਸਮਝਾਇਆ ਕਿ ਬੇਟਾ ਇਹ ਨਾ ਕਰਿਆ ਕਰ, ਨਸ਼ੇ ਨਹੀਂ ਕਰੀਦੇ, ਸਿਹਤ ਲਈ ਹਾਨੀਕਾਰਕ ਹੁੰਦੇ ਨੇ, ਬੀਮਾਰੀਆਂ ਲੱਗ ਜਾਇਆ ਕਰਦੀਆਂ ਹਨ। ਉਸ ਨੇ ਮੇਰੇ ਕਹਿਣ ਤੇ ਜਰਦਾ ਤਾਂ ਛੱਡ ਦਿਤਾ। ਪੜ੍ਹਨ ਵਾਲਾ ਬੱਚਾ ਸੀ ਤੇ ਕਈ ਦਿਨ ਦਾ ਘਰ ਹੀ ਪਿਆ ਸੀ, ਘਰ ਵਾਲੇ ਬਹੁਤ ਦੁਖੀ ਸਨ। ਡਾਕਟਰ ਦੇ ਲੈ ਕੇ ਗਏ, ਤੁਹਾਡੇ ਬੀਜੀ ਆਪ ਉਸ ਨੂੰ ਡਾਕਟਰ ਦੇ ਲੈ ਕੇ ਗਏ ਤੇ ਦਵਾਈਆਂ ਲੈ ਕੇ ਦਿੱਤੀਆਂ। ਬੱਚਾ ਦੱਸਦੈ ਕਿ ਹੁਣ ਥੋੜ੍ਹੀ ਜਿਹੀ ਢਾਰਸ ਮਿਲੀ ਹੈ, ਫਾਇਦਾ ਹੋ ਗਿਆ ਹੈ, ਸਿਹਤ ਠੀਕ ਹੋ ਰਹੀ ਹੈ। ਉਸ ਬੱਚੇ ਨੇ ਦੇਖੋ! ਆਪਣੇ ਸਰੀਰ ਅੰਦਰ ਕਿੰਨੀ ਜ਼ਹਿਰ ਪਾ ਦਿਤੀ ਤੇ ਸਾਨੂੰ ਉਸ ਦਾ ਕਿੰਨਾ ਦੁਖ ਮਹਿਸੂਸ ਹੋਇਆ ਹੈ। ਸੋ ਇਹ ਜਰਦਾ ਖਾਂਦੇ ਨੇ, ਸੁਰਤ ਮਾਰੀ ਰਹਿੰਦੀ ਹੈ। ਜਿਹੜਾ ਸੁੰਦਰ ਸਰੀਰ ਸੀ, ਨਸ਼ਿਆਂ ਨੇ ਖੋਖਲਾ ਕਰ ਦਿਤਾ ਹੈ। ਸੰਸਾਰ ਭਰ ਵਿਚ ਪੰਜਾਬ ਨੂੰ ਲੋਹੇ ਦੇ ਆਦਮੀਆਂ ਦੀ ਕੰਧ ਕਿਹਾ ਕਰਦੇ ਸੀ ਕਿ ਇਥੋਂ ਕੋਈ ਹਮਲਾਵਰ ਨਹੀਂ ਲੰਘ ਸਕਦਾ। ਜੇਕਰ ਇਸੇ ਤਰ੍ਹਾਂ ਅਸੀਂ ਨਸ਼ਿਆਂ ਵਿਚ ਗਲਤਾਨ ਰਹਿਣਾ ਸ਼ੁਰੂ ਕਰ ਦਿਤਾ, ਫੇਰ ਤਾਂ ਆਪਣੀਆਂ ਬਹੂ-ਬੇਟੀਆਂ ਦੀ ਇਜ਼ਤ ਬਚਾਉਣੀ ਵੀ ਔਖੀ ਹੋ ਜਾਵੇਗੀ, ਅੱਗੇ ਤਾਂ ਅਸੀਂ ਲੋਕਾਂ ਦੀਆਂ ਧੀਆਂ ਭੈਣਾਂ ਦੀ ਇਜ਼ਤ ਬਚਾਉਂਦੇ ਸੀ, ਹੁਣ ਆਪਣੀਆਂ ਦੀ ਇਜ਼ਤ ਬਚਾਉਣੀ ਔਖੀ ਹੋ ਜਾਵੇਗੀ ਕਿਉਂਕਿ ਉਪਰੋਂ ਉਪਰੋਂ ਰਹਿ ਗਿਆ, ਅੰਦਰੋਂ ਸ਼ਕਤੀਸ਼ਾਲੀ ਨਹੀਂ ਰਿਹਾ।

ਦਸ਼ਮੇਸ਼ ਪਿਤਾ ਜੀ ਨੇ ਇਕ ਵਾਰ ਅਨੰਦਪੁਰ ਸਾਹਿਬ ਵਿਖੇ ਸਿੰਘਾਂ ਨੂੰ ਪਰੈਕਟੀਕਲੀ ਸਮਝਾਉਣ ਲਈ

ਇਕ ਸਿੰਘ ਨੂੰ ਕਹਿ ਕੇ ਇਕ ਗਧੇ ਉਤੇ ਸ਼ੇਰ ਦੀ ਖੱਲ ਪਵਾ ਕੇ ਖੇਤਾਂ ਵਿਚ ਛੱਡਵਾ ਦਿੱਤਾ। ਕੋਈ ਬੰਦਾ ਵੀ ਨੇੜੇ ਆਉਣ ਦੀ ਜੁਰੱਅਤ ਨਾ ਕਰੇ ਕਿ ਇੰਨਾ ਭਾਰੀ ਸ਼ੇਰ ਖੇਤਾਂ ਵਿਚ ਖੁਲ੍ਹੇਆਮ ਫਿਰ ਰਿਹਾ ਹੈ। ਸਾਰੇ ਸਿੰਘ ਮਹਾਰਾਜ ਕੋਲ ਆ ਕੇ ਪੁਕਾਰ ਕਰਨ ਲੱਗੇ ਕਿ ਮਹਾਰਾਜ! ਅਸੀਂ ਤਾਂ ਖੇਤਾਂ ਦੀ ਗੁਡਾਈ ਨਹੀਂ ਕੀਤੀ ਤੇ ਪਾਣੀ ਨਹੀਂ ਦਿਤਾ ਅਤੇ ਫਸਲਾਂ ਖਰਾਬ ਹੋ ਰਹੀਆਂ ਹਨ ਅਤੇ ਕਣਕਾਂ ਦੇ ਵਿਚ ਸ਼ੇਰ ਫਿਰ ਰਿਹਾ ਹੈ ਤੇ ਇਥੇ ਖੇਤਾਂ ਵਿਚ ਹੀ ਰਹਿੰਦਾ ਹੈ। ਮਹਾਰਾਜ ਜੀ ਕਹਿਣ ਲੱਗੇ ਕਿ ਤੁਸੀਂ ਐਨੇ ਜਣੇ ਹੋ, ਇਕੱਠੇ ਹੋ ਕੇ ਕੱਢ ਦਿਓ। ਕਹਿਣ ਲੱਗੇ ਮਹਾਰਾਜ! ਉਸ ਤੋਂ ਡਰ ਬੜਾ ਲਗਦੈ, ਉਹ ਤਾਂ ਬਹੁਤ ਭਾਰੀ ਸ਼ੇਰ ਹੈ। ਮਹਾਰਾਜ ਜੀ ਕਹਿਣ ਲੱਗੇ ਕਿ ਅੱਛਾ! ਤੁਸੀਂ ਬਹੁਤ ਡਰਦੇ ਹੋ? ਕਹਿੰਦੇ, ਹਾਂ ਜੀ। ਇਕ ਸਿੰਘ ਨੂੰ ਭੇਜਿਆ, ਕਹਿੰਦੇ ਆਹ ਡੰਡਾ ਲੈ ਜਾ, ਪੰਜ ਸੱਤ ਡੰਡੇ ਮਾਰ। ਜਿਸ ਵਖਤ ਉਸ ਨੇ ਡੰਡੇ ਮਾਰੇ ਤਾਂ ਮੂਹਰੇ ਹੋ ਕੇ ਦੌੜ ਪਿਆ ਤੇ ਗਧਿਆਂ ਦੇ ਵਿਚ ਆ ਕੇ ਰਲ ਗਿਆ। ਉਥੇ ਸੁਆਹ ਪਈ ਸੀ, ਉਹਦੇ ਵਿਚ ਲਿਟਣ ਲੱਗ ਗਿਆ ਅਤੇ ਆਪਣੀ ਬੋਲੀ ਬੋਲਣੀ ਸ਼ੁਰੂ ਕਰ ਦਿੱਤੀ। ਅੰਦਰ ਗੱਧਿਆਂ ਦੇ ਵਾੜੇ ਵਿਚ ਆ ਗਿਆ ਤੇ ਉਹਨੂੰ ਦੇਖ ਕੇ ਦੂਜੇ ਗਧੇ ਰੱਸੇ ਤੁੜਾਉਣ ਲੱਗ ਗਏ। ਘੁਮਾਰ ਨੇ ਝਰੋਖੇ ਥਾਣੀ ਦੇਖ ਲਿਆ ਕਿ ਇਹ ਤਾਂ ਗੱਧਿਆਂ ਵਾਲੀ ਬੋਲੀ ਬੋਲਦੈ ਤੇ ਸੁਆਹ ਵਿਚ ਲਿਟਦੈ ਤਾਂ ਨੱਠ ਕੇ ਆ ਕੇ ਕੰਨ ਤੋਂ ਫੜ ਲਿਆ ਤੇ ਡੰਡੇ ਮਾਰ ਮਾਰ ਕੇ ਕੁੱਟੀ ਜਾਂਦੈ। ਪਹਿਲਾਂ ਜਿਹਨੂੰ ਸ਼ੇਰ ਸਮਝ ਕੇ ਡਰਿਆ ਹੋਇਆ ਸੀ, ਹੁਣ ਸਾਰਾ ਗੁੱਸਾ ਉਸ ਤੇ ਹੀ ਕੱਢ ਦਿਤਾ। ਕਹਿੰਦੇ ਸ਼ੇਰ ਦੀ ਖੱਲ ਪਾ ਕੇ ਤੂੰ ਆਪਣੇ ਆਪ ਨੂੰ ਸ਼ੇਰ ਸਮਝਣ ਲਗ ਪਿਆ ਸੀ ਪਰ ਅਸਲੀਅਤ ਤਾਂ ਤੇਰੀ ਇਹੋ ਹੈ ਕਿ ਤੂੰ ਮੇਰਾ ਹੀ ਗਧਾ ਹੈਂ। ਉਸ ਨੇ ਉਸ ਦੀ ਖੱਲ ਉਤਾਰ ਕੇ ਗੁਰੂ ਮਹਾਰਾਜ ਜੀ ਪਾਸ ਭੇਜ ਦਿਤੀ। ਸਿੰਘਾਂ ਨੇ ਮਹਾਰਾਜ ਜੀ ਨੂੰ ਪੁਛਿਆ ਕਿ ਮਹਾਰਾਜ ਜੀ! ਇਹ ਕੀ ਕੌਤਕ ਹੈ? ਕਹਿਣ ਲੱਗੇ ਕਿ ਸਿੰਘੋ ਯਾਦ ਰੱਖੋ, ਜਿੰਨਾ ਚਿਰ ਤੁਹਾਡੇ ਉਤੇ ਇਹ ਸ਼ੇਰ ਦੀ ਖੱਲ ਹੈ, ਉਨਾ ਚਿਰ ਲੋਕਾਂ ਨੂੰ ਭੁਲੇਖਾ ਰਹਿਣੈ ਤੇ ਤੁਹਾਥੋਂ ਡਰਦੇ ਰਹਿਣਗੇ ਤੇ ਜਿਸ ਦਿਨ ਪਤਾ ਲੱਗ ਗਿਆ ਕਿ ਇਹ ਤਾਂ ਗਧੇ ਉਤੇ ਸ਼ੇਰ ਦੀ ਖੱਲ ਵਾਂਗ ਹੈ ਤਾਂ ਤੁਹਾਡਾ ਵੀ ਇਸੇ ਤਰ੍ਹਾਂ ਤੇਜ ਜਾਂਦਾ ਰਹੇਗਾ। ਫੇਰ ਤੁਹਾਨੂੰ ਕਿਸੇ ਨੇ ਵੀ ਨਹੀਂ ਪੁਛਣਾ। ਇਸ ਕਰਕੇ ਸਾਡੇ ਮਨ ਵਿਚ ਕੁਦਰਤੀ ਗੱਲ ਇਹੋ ਆ ਜਾਂਦੀ ਹੈ ਕਿ ਇਹ ਪਿੰਡਾਂ ਦੇ ਲੋਕ ਵੀ ਸੁਹਣੇ ਬਣ ਜਾਣ, ਨਸ਼ੇ ਛੱਡ ਦੇਣ, ਗੁਰੂ ਦੀ ਸਿਖੀ ਧਾਰਨ ਕਰ ਲੈਣ ਕਿਉਂਕਿ ਮੈਂ ਵੀ ਪਿੰਡ ਦੇ ਰਹਿਣ ਵਾਲਾ ਹੀ ਹਾਂ।

ਦੂਜੀ ਗੱਲ ਇਹ ਹੈ ਕਿ ਨਸ਼ੇ ਪੀ ਕੇ, ਜਰਦੇ ਖਾ ਕੇ ਘਰ ਦੀ ਹਾਲਤ ਖਰਾਬ ਹੁੰਦੀ ਹੈ, ਸਰੀਰ ਨੂੰ ਬੀਮਾਰੀਆਂ ਲਗਦੀਆਂ ਹਨ। ਇਸ ਕਰਕੇ ਮੈਂ ਬਾਰ ਬਾਰ ਬੇਨਤੀ ਕਰਦਾ ਹਾਂ। ਮੈਨੂੰ ਤਾਂ ਹੋਰ ਕੋਈ ਮਤਲਬ ਨਹੀਂ, ਨਾ ਹੀ ਮੈਂ ਤੁਹਾਡੇ ਤੋਂ ਵੋਟਾਂ ਲੈਣੀਆਂ ਹਨ। ਸਾਡੇ ਦੀਵਾਨਾਂ ਵਿਚ ਭਾਵੇਂ ਕਿਸੇ ਪਾਰਟੀ ਦੇ ਬੰਦੇ ਆਉਣ, ਸਾਡੇ ਵਾਸਤੇ ਸਾਰੇ ਹੀ ਚੰਗੇ ਹਨ, ਸਾਨੂੰ ਕਿਸੇ ਨਾਲ ਇਤਰਾਜ਼ ਨਹੀਂ, ਸਿਖੀ ਦੇ ਨਾਤੇ ਸਭ ਬੈਠਦੇ ਹਨ। ਪਰ ਮੈਨੂੰ ਮਤਲਬ ਸਿਰਫ ਐਨਾ ਹੈ ਕਿ ਤੁਹਾਡਾ ਜੀਵਨ ਸੁਥਰਾ ਹੋ ਜਾਵੇ। ਜਿਹੜਾ ਮਨੁਖ ਦਾ ਜਾਮਾ ਮਿਲਿਐ, ਇਸ ਦੀ ਕੀਮਤ ਦਾ ਪਤਾ ਲਗ ਜਾਵੇ, ਇਸ ਦੀ ਕਦਰ ਪਤਾ ਲੱਗ ਜਾਵੇ। ਇਸ ਵਾਸਤੇ ਮੈਂ ਪਿੰਡ ਪਿੰਡ ਤੁਰਿਆ ਫਿਰਦਾ ਹਾਂ। ਮੈਨੂੰ ਇਸ ਦਾ ਕੋਈ ਫਿਕਰ ਨਹੀਂ, ਮੈਨੂੰ ਆਪਣੀ ਬੇਅਰਾਮੀ ਦਾ ਕੋਈ ਨਹੀਂ, ਮੈਨੂੰ ਤਾਂ ਇਹੀ ਹੈ ਕਿ ਘੱਟੋ ਘਟ ਗੁਰੂ ਮਹਾਰਾਜ ਜੀ ਦੇ ਦਰਬਾਰ ਵਿਚ ਹਾਜਰੀ ਲੱਗ ਰਹੀ ਹੈ ਕਿਉਂਕਿ ਗੁਰੂ ਮਹਾਰਾਜ ਜੀ ਕਹਿੰਦੇ ਹਨ –

***ਜਬ ਲਗੁ ਦੁਨੀਆ ਰਹੀਐ ਨਾਨਕ***
***ਕਿਛੁ ਸੁਣੀਐ ਕਿਛੁ ਕਹੀਐ॥ ਅੰਗ – 661***

ਜਿੰਨਾ ਚਿਰ ਰਹਿਣੈ, ਉਨਾ ਚਿਰ ਕੁਛ ਨਾ ਕੁਛ ਕਰਦੇ ਹੀ ਰਹਿਣਾ ਹੈ। ਜਿਨੇ ਕੁ ਆਦਮੀ ਆਵਾਜ਼ ਸੁਣ ਲੈਣਗੇ, ਕਮ-ਸੇ-ਕਮ ਮਹਾਰਾਜ ਜੀ ਤਾਂ ਕਹਿਣਗੇ ਕਿ ਚੰਗਾ ਕੀਤਾ, ਸੰਸਾਰ ਵਿਚ ਜਾ ਕੇ ਗੁਰੂ ਦਾ ਉਪਦੇਸ਼ ਦੱਸ ਕੇ ਆਏ ਹੋ। ਗੁਰੂ ਮਹਾਰਾਜ ਜੀ ਖੁਸ਼ ਹੋ ਜਾਣ ਤਾਂ ਹੋਰ ਕੀ ਚਾਹੀਦਾ ਹੈ। ਉਨ੍ਹਾਂ ਦੀ ਖੁਸ਼ੀ ਸਾਨੂੰ ਇਥੋਂ ਦੇ ਕਰੋੜਾਂ ਰੁਪਿਆਂ ਤੋਂ ਵੀ ਕਿਤੇ ਵੱਧ ਹੈ। ਇਸ ਕਰਕੇ ਅਸੀਂ ਆਵਾਜ਼ ਦਿੰਦੇ ਹਾਂ ਕਿ ਭਾਈ! ਮਹਾਰਾਜ ਜੀ ਦਾ ਇਹ ਫੁਰਮਾਨ ਧਿਆਨ ਨਾਲ ਸੁਣੋ।

***ਗੁਰ ਮੰਤ੍ਰ ਹੀਣਸ੍ ਜੋ ਪ੍ਰਾਣੀ***
***ਧ੍ਰਿਗੰਤ ਜਨਮ ਭ੍ਰਸਟਣਹ॥ ਅੰਗ – 1358***

ਜਿਸ ਨੇ ਗੁਰੂ ਧਾਰ ਕੇ ਗੁਰੂ ਦਾ ਮੰਤਰ ਪ੍ਰਾਪਤ ਨਹੀਂ ਕੀਤਾ ਉਸ ਦਾ ਜਨਮ ਭ੍ਰਿਸ਼ਟਿਆ ਹੋਇਆ ਹੁੰਦਾ ਹੈ ਪਰ ਇਸ ਆਵਾਜ਼ ਨੂੰ ਬਹੁਤ ਘੱਟ ਪ੍ਰੇਮੀ ਗਹੁ ਨਾਲ ਸੁਣਦੇ ਹਨ ਕਿਉਂਕਿ ਜੇ ਇਹ ਨਹੀਂ ਸੁਣਦੇ ਤਾਂ ਇਹ ਜ਼ਿੰਦਗੀ ਦਾ ਦੂਜਾ ਪੱਖ ਹੈ। ਕਿਉਂਕਿ ਮਾੜੇ ਬੀਜ ਬੀਜ ਕੇ ਮਾੜੇ ਕਰਮਾਂ ਵਿਚ ਪੈ ਕੇ ਦੁਖ ਹੀ ਦੁਖ ਹਨ, ਇਹ ਦੋਸ਼ ਆਪਣੇ ਬੀਜੇ ਹੋਏ ਕਰਮਾਂ ਦਾ ਹੈ।

# ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ

ਸ਼ਾਨ ....................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਧਾਰਨਾ - ਵਾਹਿਗੁਰੂ,*
*ਮਹਿਮਾ ਨਾ ਤੇਰੀ ਵੇਦ ਜਾਣਦੇ -2, 2.*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ -2.*

*ਮਹਿਮਾ ਨ ਜਾਨਹਿ ਬੇਦ॥*
*ਬ੍ਰਹਮੇ ਨਹੀ ਜਾਨਹਿ ਭੇਦ॥*
*ਅਵਤਾਰ ਨ ਜਾਨਹਿ ਅੰਤੁ॥*
*ਪਰਮੇਸਰੁ ਪਾਰਬ੍ਰਹਮੁ ਬੇਅੰਤੁ॥*
*ਅਪਨੀ ਗਤਿ ਆਪਿ ਜਾਨੈ॥*
*ਸੁਣਿ ਸੁਣਿ ਅਵਰ ਵਖਾਨੈ॥*
*ਸੰਕਰਾ ਨਹੀ ਜਾਨਹਿ ਭੇਵ॥*
*ਖੋਜਤ ਹਾਰੇ ਦੇਵ॥*
*ਦੇਵੀਆ ਨਹੀ ਜਾਨੈ ਮਰਮ॥*
*ਸਭ ਊਪਰਿ ਅਲਖ ਪਾਰਬ੍ਰਹਮ॥*
*ਅਪਨੈ ਰੰਗਿ ਕਰਤਾ ਕੇਲ॥*
*ਆਪਿ ਬਿਛੋਰੈ ਆਪੇ ਮੇਲ॥*
*ਇਕਿ ਭਰਮੇ ਇਕਿ ਭਗਤੀ ਲਾਏ॥*
*ਅਪਣਾ ਕੀਆ ਆਪਿ ਜਣਾਏ॥*
*ਸੰਤਨ ਕੀ ਸੁਣਿ ਸਾਚੀ ਸਾਖੀ॥*
*ਸੋ ਬੋਲਹਿ ਜੋ ਪੇਖਹਿ ਆਖੀ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ॥*
*ਨਾਨਕ ਕਾ ਪ੍ਰਭੁ ਆਪੇ ਆਪਿ॥ ਅੰਗ - 894*

ਸਾਧ ਸੰਗਤ ਜੀ! ਚਿਤ ਬਿਰਤੀਆਂ ਇਕਾਗਰ ਕਰੋ ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ! ਦੂਰ ਦਰਾਜ਼ ਤੋਂ ਐਨੀ ਠੰਢ ਦੇ ਵਿਚ ਜਦੋਂ ਆਦਮੀ ਸਹਿਜ ਨਾਲ ਹੀ ਘੌਲ ਕਰ ਲੈਂਦਾ ਹੈ, ਤੁਸੀਂ ਚੰਗੇ ਭਾਗਾਂ ਦੇ ਪ੍ਰੇਰੇ ਹੋਏ ਗੁਰੂ ਦੇ ਦਰਬਾਰ ਵਿਚ ਪਹੁੰਚਦੇ ਹੋ। ਬਾਣੀ ਪੜ੍ਹੀ ਹੈ ਕਿ ਹੇ ਵਾਹਿਗੁਰੂ! ਤੇਰਾ ਅੰਤ ਕੋਈ ਨਹੀਂ ਜਾਣਦਾ। ਇਸੇ ਕਰਕੇ ਉਸ ਦਾ ਨਾਉਂ ਬੇਅੰਤ ਹੈ। ਬ੍ਰਹਮਾਂ ਨਹੀਂ ਅੰਤ ਜਾਣਦਾ, ਵੇਦ ਬਣਾਏ ਨੇ ਚਾਰ, ਸ਼ਿਵ ਜੀ ਹਰ ਵਕਤ ਧਿਆਨ ਵਿਚ ਰਹਿੰਦਾ ਹੈ, ਉਹ ਕਹਿੰਦਾ, ਮੈਂ ਵੀ ਨਹੀਂ ਜਾਣਦਾ, ਉਸ ਨੇ ਵੀ ਜਵਾਬ ਦੇ ਦਿੱਤਾ। ਵਿਸ਼ਨੂੰ ਭਗਵਾਨ ਜੋ ਸ੍ਰੇਸ਼ਠ ਨੇ ਦੇਵਤਿਆਂ ਦੇ ਵਿਚੋਂ, ਉਨ੍ਹਾਂ ਨੇ ਕਿਹਾ ਕਿ ਵਾਹਿਗੁਰੂ ਦਾ ਕੋਈ ਅੰਤ ਨਹੀਂ ਪਾ ਸਕਦਾ। ਮਨੁੱਖ ਨੇ ਕਿਹਾ ਕਿ ਮੈਂ ਪਾ ਲਵਾਂਗਾ। ਛੋਟਾ ਜਿਹਾ ਹੈ, ਮਨੁੱਖ ਦੀ ਬੁੱਧੀ ਕੋਈ ਵੱਡੀ ਨਹੀਂ ਹੈ ਬਹੁਤੀ, ਐਵੇਂ ਕੰਪਿਊਟਰ ਬਣਾ ਲਏ, ਇੰਟਰਨੈਟ ਬਣਾ ਲਏ, ਇਸ ਦੇ ਉਤੇ ਹੀ ਇਸ ਨੂੰ ਇਹ ਹੋ ਗਿਆ ਕਿ ਮੈਂ ਬਹੁਤ ਕੁਝ ਕਰ ਲਿਆ। ਡਾਕਟਰ ਸਟੀਫਸਨ ਹੋਏ ਨੇ ਇਕ ਲੰਡਨ (ਇੰਗਲੈਂਡ) ਦੇ। ਸੰਨ 1952-53 ਵਿਚ ਉਸਦਾ ਜਹਾਜ ਗਿਰ ਗਿਆ ਸੀ ਵਿਚਾਰੇ ਦਾ। ਮੈਂ ਅਮਰੀਕਾ ਵਿਚ ਸੀ ਤੇ ਉਥੇ ਉਸ ਦੀ ਇਕ ਕਿਤਾਬ ਪੜ੍ਹੀ **Time & Space** (ਸਮਾਂ ਤੇ ਦੂਰ ਖਲਾਅ। ਉਸ ਦੇ ਵਿਚ ਇਸ ਨੇ ਇਹ ਜਾਨਣ ਦੀ ਕੋਸ਼ਿਸ਼ ਕਰੀ ਕਿ ਵਾਹਿਗੁਰੂ ਕਿੰਨਾ - ਪਸਾਰਾ ਕਰਦਾ ਹੈ। ਉਸ ਦੇ ਗਣਿਤ ਦੇ ਹਿਸਾਬ ਦੇ ਮੁਤਾਬਕ ਸੂਤਰ ਲਏ ਪਰ ਉਹ ਥੱਕ ਗਿਆ। ਜਦੋਂ ਪਸਾਰਾ ਹੋਇਆ....., ਕਿਉਂਕਿ ਸਹੀ ਗੱਲ ਜੇ ਪੁਛਣੀ ਹੈ, ਬਹੁਤੇ ਆਪਾਂ ਭਰਮਾਂ ਵਿਚ ਨਾ ਪਈਏ ਜੇ ਤੁਹਾਡੇ ਯਾਦ ਰਹਿ ਜਾਵੇ ਸਾਰਿਆਂ ਦੇ...., ਬਹੁਤਾ ਰੌਲਾ-ਗੌਲਾ ਨਹੀਂ ਹੈ ਇਥੇ, ਗੱਲ ਇਕ ਦਮ ਮੁੱਕ ਜਾਂਦੀ ਹੈ ਪਰ ਉਹ ਸਾਡੇ ਅੰਦਰੋਂ ਨਹੀਂ ਮੁੱਕਦੀ, ਓਧਰੋਂ ਤਾਂ ਮੁੱਕ ਜਾਂਦੀ ਹੈ। ਉਹ ਇਹ ਹੈ ਕਿ ਇਥੇ ਵਾਹਿਗੁਰੂ ਆਪ ਹੀ ਅਨੇਕ ਰੂਪ ਧਾਰ ਕੇ ਸੰਸਾਰ ਬਣਿਆ ਹੋਇਆ ਹੈ। ਉਹ ਤਾਂ ਨਹੀਂ ਬਣਿਆ ਸੰਸਾਰ ਪਰ ਮਨੁੱਖ ਨੇ ਸੰਸਾਰ ਬਣਾ ਲਿਆ ਵਾਹਿਗੁਰੂ ਨੂੰ -

*ਪਾਰਬ੍ਰਹਮ ਕੇ ਸਗਲੇ ਠਾਉ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥*
*ਆਪੇ ਕਰਨ ਕਰਾਵਨ ਜੋਗੁ॥*
*ਪ੍ਰਭ ਭਾਵੈ ਸੋਈ ਫੁਨਿ ਹੋਗੁ॥*
*ਪਸਰਿਓ ਆਪਿ ਹੋਇ ਅਨਤ ਤਰੰਗ॥*
*ਅੰਗ - 275*

ਫੈਲਿਆ ਹੈ, ਪਸਰਿਆ ਹੈ ਪ੍ਰਮੇਸ਼ਰ ਤੇ ਕਿੰਨਾ ਪਸਰਿਆ ਹੈ? ਇਸ ਦਾ ਕੋਈ ਅੰਤ ਨਹੀਂ ਹੈ -

*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥ ਅੰਗ - 275*

ਗੁਰੂ ਸਾਹਿਬ ਨੇ ਕੋਈ ਲਕੋਅ ਨਹੀਂ ਸਾਥੋਂ ਰੱਖਿਆ ਕਿਸੇ ਕਿਸਮ ਦਾ ਵੀ। ਵੇਦ ਪੜ੍ਹਨ ਲੱਗ ਜਾਓ, ਸਾਸ਼ਤਰ ਪੜ੍ਹਨ ਲੱਗ ਜਾਓ ਉਨ੍ਹਾਂ ਵਿਚ ਹਰ ਗੱਲ ਦੇ ਵਿਚ ਬਹੁਤ ਲਕੋਅ (ਓਲ੍ਹਾ) ਹੈ। ਇਸ਼ਾਰੇ ਕਰੇ ਹੋਏ ਨੇ, ਸਿੱਧਾ ਖੁੱਲ੍ਹ ਕੇ ਨਹੀਂ ਕਿਹਾ। ਉਪਨਿਸ਼ਦਾਂ ਵਿਚ ਤਾਂ ਕਿਹਾ ਹੈ ਪਰ ਵੇਦ ਦੇ ਅਰਥ ਕਰ-ਕਰ ਕੇ ਦੱਸੇ ਤਾਂ

ਕਿਤੇ ਸਮਝ ਵਿਚ ਆਉਂਦੀ ਹੈ, ਨਹੀਂ ਤਾਂ ਸਮਝ ਆਉਂਦੀ ਨਹੀਂ ਹੈ। ਮਹਾਰਾਜ ਜੀ ਨੇ ਆਪਾਂ ਸਾਰਿਆਂ ਨੂੰ ਇਕ ਦਮ ਸਰਲ ਤੇ ਸਿੱਧੀ ਗੱਲ ਦਸ ਦਿੱਤੀ ਕਿ ਸਾਰਾ ਵਹਿਗੁਰੂ ਦਾ ਆਪੇ ਪਸਾਰਾ ਹੈ, ਇਥੇ ਕੋਈ ਪ੍ਰਾਕਿਰਤੀ ਨਹੀਂ ਹੈ, ਆਪੇ ਹੀ ਹੈ, ਉਸ ਨੇ ਆਪਣਾ ਹੀ ਪਸਾਰਾ -

***ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥***
***ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥***
***ਅੰਗ - 537***

ਨਾਲੇ ਤਾਂ ਬੇਅੰਤ ਰੂਪ ਬਣਾ ਲਏ ਤੇ ਨਾਲੇ ਨਿਆਰਾ ਹੈ।

ਕਮਾਲ ਦੀਆਂ ਗੱਲਾਂ ਨੇ। ਇਹੀ ਸਮਝ ਵਿਚ ਨਹੀਂ ਆਉਂਦੀਆਂ ਕਿ ਨਾਲੇ ਨਿਆਰਾ ਹੈ ਤੇ ਨਾਲੇ ਸਾਰਿਆਂ ਦੇ ਵਿਚ ਹੈ। ਉਹ ਕਹਿੰਦੇ ਸਾਰਿਆਂ ਦੇ ਵਿਚ ਵੀ ਕਣ-ਕਣ ਦੇ ਵਿਚ ਹੈ। ਇਸ ਸਰੀਰ ਨੂੰ ਚੌਦਾਂ ਖਰਬ ਸੈਲ ਲੱਗੇ ਹੋਏ ਨੇ ਪਰ ਇਕ ਕਣ ਵੀ ਐਸਾ ਨਹੀਂ ਜਿਸ ਦੇ ਵਿਚ ਪ੍ਰਮੇਸ਼ਰ ਨਹੀਂ ਹੈ-

***ਸੋ ਅੰਤਰਿ ਸੋ ਬਾਹਰਿ ਅਨੰਤ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ॥***
***ਅੰਗ - 293***

ਕੋਈ ਇਉਂ ਨਹੀਂ ਦਸ ਸਕਦਾ ਕਿ ਇਥੇ ਵਾਹਿਗੁਰੂ ਨਹੀਂ ਹੈ। ਦੇਖੋ ਗੱਲ ਕਿੰਨੀ ਸਿੱਧੀ ਹੈ। ਜੇ ਤਾਂ ਅਸੀਂ ਸਮਝ ਲਈਏ, ਇਹ ਗੱਲ ਸਾਡੇ ਅੰਦਰ ਬਹਿ ਜਾਵੇ। ਮੈਂ ਜਿਹੜੀ ਗੱਲ ਕਹਿ ਰਿਹਾ ਹਾਂ ਉਸ ਦੇ ਬਾਰੇ ਭਾਈ ਸਾਹਿਬ ਨੇ ਦੱਸਿਆ ਹੈ ਕਿ ਨਰਕ ਵਿਚ ਨਹੀਂ ਜਾਏਗਾ ਕੋਈ ਵੀ ਜਿਹੜਾ ਸਤਿਸੰਗ ਕਰਦਾ ਹੈ। ਇਹ ਮੈਂ ਹੁਣ ਵੀ ਕਹਿੰਦਾ ਹਾਂ ਕਿਉਂਕਿ ਤੁਹਾਡੇ ਵਾਸਤੇ ਨਰਕ ਨਹੀਂ ਬਣਾਏ ਪ੍ਰਮੇਸ਼ਰ ਨੇ, ਇਹ ਤੁਸੀਂ ਮਨ ਤੋਂ ਬੋਝ ਲਾਹ ਦਿਓ, ਨਾ ਰੱਖੋ ਇਹ ਬੋਝ, ਗੁਰੂ ਦੀ ਬਾਣੀ ਮੰਨ ਲਓ। ਗੁਰੂ ਮਹਾਰਾਜ ਜੀ ਇਹ ਕਹਿੰਦੇ ਨੇ ਕਿ -

***ਧਰਮ ਰਾਇ ਨੋ ਹੁਕਮੁ ਹੈ***
***ਬਹਿ ਸਚਾ ਧਰਮੁ ਬੀਚਾਰਿ॥ ਅੰਗ - 38***

ਕਿ ਤੂੰ ਸੱਚ ਦੇ ਧਰਮ ਦੀ ਵਿਚਾਰ ਕਰਨੀ ਹੈ। ਹੁਣ ਤੇਰੀ ਸ਼ਕਤੀ ਕਿੰਨੀ ਹੈ? ਇਸ ਦੁਨੀਆਂ ਦੇ ਵਿਚੋਂ ਕਿਹੜੀਆਂ ਰੂਹਾਂ ਨੇ ਜਿਹੜੀਆਂ ਤੈਨੂੰ ਮੈਂ ਦਿੰਦਾ ਹਾਂ? ਉਹ ਇਹ ਨੇ -

***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥***
***ਅੰਗ - 38***

ਜਿਹੜੇ ਦੂਏ ਭਾਅ ਦੇ ਵਿਚ ਦ੍ਵੈਤ ਦੇ ਵਿਚ ਨੇ ਤੇ ਦੁਸ਼ਟ ਆਤਮਾ ਨੇ, ਗਲਤ ਚਲਦੇ ਨੇ ਤੇ ਦੂਸਰਿਆਂ ਦਾ ਨੁਕਸਾਨ ਕਰਦੇ ਨੇ, ਤੰਗ ਕਰਦੇ ਨੇ ਈਰਖਾ ਕਰਦੇ ਨੇ, ਅਮਨ ਨਾਲ ਰਹਿਣ ਨਹੀਂ ਦਿੰਦੇ ਇਹ ਤੇਰੇ ਕੋਲ ਆਉਣਗੇ। ਇਨ੍ਹਾਂ ਨੂੰ ਕਰੇਂਗਾ ਕੀ? ਆਪਣੇ ਵਲੋਂ ਤੂੰ ਕੁਝ ਨਹੀਂ ਕਰਨਾ। ਜਿਹੋ-ਜਿਹੇ ਕਰਮ ਕਰਕੇ ਆਏਗਾ ਬੰਦਾ ਓਹੋ ਜਿਹਾ ਦੰਡ ਦੇ ਦੇਣਾ ਹੈ। ਦੰਡਾਵਲੀ, ਜਿਸ ਨੂੰ ਸੰਵਿਧਾਨ ਕਹਿੰਦੇ ਨੇ, 'ਰੂਹਾਨੀ ਸਵਿਧਾਨ' ਬਣਾ ਦਿੱਤਾ ਕਿ ਇਸ ਦਾ ਆਹ ਦੰਡ ਹੈ, ਉਸ ਦਾ ਆਹ ਹੈ। ਧਰਮਰਾਜਾ ਕਹਿੰਦੈ ਮੈਂ ਨਹੀਂ ਕੁਝ ਕਰਦਾ। ਮੇਰੇ ਸਾਹਮਣੇ ਤਾਂ ਨਿਯਮ ਪਏ ਨੇ, ਉਨ੍ਹਾਂ ਨਿਯਮਾਂ ਦੇ ਮੁਤਾਬਿਕ ਆਪਣੇ ਆਪ ਹੀ ਆਦਮੀ ਓਸ ਪਾਸੇ ਨੂੰ ਚਲਿਆ ਜਾਂਦਾ ਹੈ ਜਿਹੋ ਜਿਹਾ ਕਰਮ ਕਰਕੇ ਆਉਂਦਾ ਹੈ। ਫੇਰ ਕਹਿੰਦੇ ਬਾਕੀ ਦੁਨੀਆ? ਕਹਿੰਦੇ ਜਿਹੜੇ ਗੁਰੂ ਵਾਲੇ ਨੇ-

***ਅਧਿਆਤਮੀ ਹਰਿ ਗੁਣ ਤਾਸੁ............॥***
***ਅੰਗ - 38***

ਅਧਿਆਤਮਕ ਕੰਮ ਕਰਦੇ ਨੇ ਅੰਮ੍ਰਿਤ ਵੇਲੇ ਜਾਗਦੇ ਨੇ ਬਾਣੀ ਪੜ੍ਹਦੇ ਨੇ, ਨਾਮ ਜਪਦੇ ਨੇ -

***............ ਮਨਿ ਜਪਹਿ ਏਕੁ ਮੁਰਾਰਿ॥***
***ਅੰਗ - 38***

ਹਰ ਰੋਜ਼ ਅੰਮ੍ਰਿਤ ਵੇਲੇ ਉਠ ਕੇ, ਇਸ਼ਨਾਨ ਕਰਕੇ ਚੌਂਕੜਾ ਮਾਰ ਕੇ ਵਾਹਿਗੁਰੂ-ਵਾਹਿਗੂਰੂ, ਰਾਮ-ਰਾਮ, ਅੱਲਾ-ਅੱਲਾ ਇਹ ਉਸ ਦੇ ਨਾਮ ਨੇ ਸਾਰੇ ਹੀ, ਨਾਮਾਂ ਵਿਚ ਕੋਈ ਰੌਲਾ ਨਹੀਂ ਹੁੰਦਾ। ਗੁਰੂ ਦਸਵੇਂ ਪਾਤਸ਼ਾਹ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਮਸਜਿਦ, ਗੁਰਦੁਆਰਾ, ਮੰਦਰ ਸਭ ਇਕੋ ਚੀਜ਼ ਹੈ ਰੋਲਾ ਨਾ ਪਾਇਆ ਕਰੋ ਇਸ ਦੇ ਵਿਚ। ਸੋ ਉਨ੍ਹਾਂ ਨਾਲ ਧਰਮਰਾਜਾ ਕੀ ਵਰਤਾਓ ਕਰਦਾ ਹੈ? ਮਹਾਰਾਜ ਜੀ ਕਹਿੰਦੇ -

***ਤਿਨ ਕੀ ਸੇਵਾ ਧਰਮ ਰਾਇ ਕਰੈ***
***ਧੰਨੁ ਸਵਾਰਣਹਾਰੁ॥ ਅੰਗ - 39***

ਪਹਿਲਾਂ ਤਾਂ ਉਹ ਜਾਂਦੇ ਹੀ ਨਹੀਂ ਧਰਮਰਾਜ ਦੇ ਲੋਕ ਵਿਚ, ਇਹ ਬੋਝ ਹੈ ਸਾਡੇ ਉਤੇ ਬਹੁਤ ਵੱਡਾ। ਮਹਾਰਾਜ ਜੀ ਨੇ ਨਹੀਂ ਬੋਝ ਰਹਿਣ ਦਿੱਤਾ। ਇਹ ਤੁਸੀਂ ਐਵੇਂ ਡਰਦੇ ਹੋ ਤੇ ਤੁਹਾਨੂੰ ਐਵੇਂ ਹੀ ਡਰਾਈ ਜਾਂਦੇ ਨੇ। ਬੋਝ ਲਾਹ ਦਿਓ ਇਹ। ਗੁਰੂ ਦੀ ਸਿੱਖੀ ਧਾਰਨ ਕਰਕੇ ਗੁਰੂ ਗ੍ਰੰਥ ਸਾਹਿਬ ਦੇ ਵਿਚ ਜੋ ਹੁਕਮ ਨੇ ਉਨ੍ਹਾਂ ਦੇ ਮੁਤਾਬਿਕ ਜੀਵਨ ਧਾਰਨ ਕਰ ਲਓ। ਜਿਹੜੇ ਪਿਛਲੇ ਕਰਮ ਨੇ ਉਹ ਕਿਥੇ ਜਾਣਗੇ? ਉਨ੍ਹਾਂ ਦਾ ਵੀ ਤਾਂ ਲੇਖਾਂ-ਪਤਾ ਦੇਣਾ ਪਏਗਾ। ਬਾਣੀ ਵਿਚ ਆਉਂਦਾ ਹੈ ਕਿ ਨਹੀਂ ਪਿਆਰਿਓ! ਜੇ ਨਾਮ ਪ੍ਰਾਪਤ ਹੋ ਗਿਆ ਤਾਂ -

***ਗੁਰ ਕਾ ਸਬਦੁ ਕਾਟੈ ਕੋਟਿ ਕਰਮ॥***
***ਅੰਗ - 1195***

ਕਰੋੜ ਕਰੋੜ ਕਰਮ ਦਾ ਨਾਸ਼ ਕਰ ਦਏਗਾ। ਕਹਿੰਦੇ ਸਾਰਾ ਖਤਮ ਹੋ ਜਾਏਗਾ ਜਿਵੇਂ ਵੱਡਾ ਸਾਰਾ ਢੇਰ

ਲਕੜੀਆਂ ਦਾ ਪਿਆ ਹੋਵੇ ਉਸ ਦੇ ਵਿਚ ਚੰਗਿਆੜਾ ਅੱਗ ਦਾ ਇਕ ਬਹੁਤ ਹੈ, ਅੱਗ ਲੱਗ ਜਾਵੇ ਮੁੜ ਕੇ ਚਾਹੇ ਅਰਬ ਮਣ ਲਕੜੀ ਹੈ ਚਾਹੇ ਖਰਬ ਮਣ ਹੈ ਸਾਰੀ ਲਕੜੀ ਸੁਆਹ ਬਣ ਜਾਏਗੀ –

***ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ਰੰ ਮਹਾ ਬਿਖੵਾਦੰ॥***
***ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ***
***ਜੈਸੇ ਪਾਵਕ ਕਾਸਟ ਭਸਮੰ ਕਰੋਤਿ॥***

***ਅੰਗ – 1355***

ਜਿਸ ਤਰ੍ਹਾਂ ਅੱਗ ਲਕੜੀ ਨੂੰ ਭਸਮ ਕਰ ਦਿੰਦੀ ਹੈ ਇੰਜ ਜਿਹੜਾ ਪੰਜ ਪਿਆਰੇ ਤੁਹਾਨੂੰ ਮੰਤਰ ਦੇਣਗੇ......, ਵਾਹਿਗੁਰੂ ਮੰਤਰ ਦਿੰਦੇ ਨੇ। ਮੇਰੇ ਕਹੇ ਤੇ ਨਹੀਂ ਮੰਤਰ ਤੁਹਾਡੇ ਕੋਲ ਆਉਂਦਾ ਕਿ ਮੈਨੂੰ ਤਾਂ ਜੀ ਬਾਬਾ ਜੀ ਨੇ ਕਹਿ ਦਿੱਤਾ ਤੇ ਅਸੀਂ ਫੜ ਲਿਆ। ਵਿਧੀ ਹੈ ਉਸ ਦੀ, ਪੂਰੇ ਤਰੀਕੇ ਦੇ ਨਾਲ ਉਹ ਦਾਖਲ ਹੁੰਦੇ ਨੇ ਇਸ ਮੰਡਲ ਦੇ ਵਿਚ। ਉਹ ਮੰਤਰ ਦਿੰਦੇ ਨੇ। ਜਿਹੜਾ ਉਸ ਮੰਤਰ ਦਾ ਜਾਪ ਕਰਦਾ ਹੈ ਉਸ ਦੇ ਜਿਹੜੇ ਪਿਛਲੇ ਕਰਮ ਕੀਤੇ ਹੋਏ ਨੇ ਜਨਮਾਂ-ਜਨਮਾਤਰਾਂ ਦੇ, ਉਹ ਸਾਰੇ ਭਸਮ ਬਣ ਜਾਣਗੇ। ਇਹ ਗੱਲਾਂ ਗੁਰੂ ਮਹਾਰਾਜ ਜੀ ਦਸਦੇ ਨੇ ਬਾਣੀ ਵਿਚ, ਇਨ੍ਹਾਂ ਨੂੰ ਅਸੀਂ ਝੁਠਲਾ ਨਹੀਂ ਸਕਦੇ।

ਹੋਰ ਮੱਤਾਂ ਦੀਆਂ ਗੱਲਾਂ ਲੈ ਕੇ ਆਪਣੇ ਉਤੇ ਬੋਝ ਪਾਈ ਜਾਓ ਕੀ ਫਾਇਦਾ ਹੈ? ਸਾਡੇ ਗੁਰੂ ਜਿਹੜਾ ਕੁਝ ਕਹਿੰਦੇ ਨੇ ਅਸੀਂ ਉਹ ਗੱਲ ਮੰਨਣੀ ਹੈ। ਸੋ ਏਸ ਕਰਕੇ –

***ਤਿਨ ਕੀ ਸੇਵਾ ਧਰਮ ਰਾਇ ਕਰੈ***
***ਧੰਨੁ ਸਵਾਰਣਹਾਰੁ॥*** ***ਅੰਗ – 39***

ਉਹ ਤਾਂ ਉਹ ਜੇ ਮਹਾਂਪੁਰਸ਼ਾਂ ਦੀ ਕੋਈ ਸੰਗਤ ਕਰਦਾ ਹੈ, ਬਚਨ ਸੁਣਦਾ ਹੈ, ਉਨ੍ਹਾਂ ਦੇ ਕਹੇ ਅਨੁਸਾਰ ਜੀਵਨ ਬਤੀਤ ਕਰਦਾ ਹੈ ਜਾਂ ਮਰਨ ਤੋਂ ਬਾਅਦ ਜੇ ਭਲਾ ਉਹ ਭੁਲ ਭੁਲੇਖੇ ਚਲਿਆ ਜਾਵੇ ਧਰਮਰਾਜ ਦੇ, ਗਲਤੀਆਂ ਉਥੇ ਵੀ ਹੋ ਜਾਂਦੀਆਂ ਨੇ। ਬਹੁਤ ਸਾਰੀਆਂ ਗਲਤੀਆਂ ਦਾ ਮੈਨੂੰ ਪਤਾ ਹੈ ਕਿ ਆਹ ਗਲਤੀ ਹੋ ਗਈ, ਫੇਰ ਠੀਕ ਕਰ ਲਈ ਉਨ੍ਹਾਂ ਨੇ। ਇਹ ਹਰੇਕ ਬੰਦਾ ਨਹੀਂ ਸਮਝ ਸਕਦਾ ਕਿ ਧਰਮ ਰਾਜ ਵੀ ਗਲਤੀ ਕਰ ਲੈਂਦਾ ਹੈ? ਭੁਲਣ ਵਾਲੇ ਉਸ ਦੇ ਕੋਲ ਵੀ ਹਨ ਜੋ ਗਲਤੀਆਂ ਕਰ ਦਿੰਦੇ ਨੇ, ਲਿਜਾਣਾ ਕਿਸੇ ਨੂੰ ਹੁੰਦਾ ਹੈ ਤੇ ਲੈ ਕਿਸੇ ਨੂੰ ਜਾਂਦੇ ਨੇ ਤੇ ਉਹ ਚੜ੍ਹਾਈ ਕਰ ਜਾਂਦਾ ਹੈ, ਸੋ ਕਹਿੰਦੇ ਉਨ੍ਹਾਂ ਦੀ ਸੇਵਾ ਧਰਮਰਾਜ ਕਰਦਾ ਹੈ।

ਬਾਬਾ ਸਾਹਿਬ ਸਿੰਘ ਜੀ ਬੇਦੀ ਗੁਰੂ ਨਾਨਕ ਸਾਹਿਬ ਤੋਂ ਗਿਆਰਵੇਂ ਥਾਂ ਹੋਏ ਨੇ, ਬਿੰਦੀ ਔਲਾਦ, ਕਰਨੀ ਕਮਾਈ ਵਾਲੇ ਮਹਾਂਪੁਰਸ਼ ਸਨ ਤੇ ਰਾੜੇ ਸਾਹਿਬ ਦੀ ਸੰਪਰਦਾ ਤੋਂ ਉਪਰਲੇ ਮਹਾਂਪੁਰਸ਼ ਨੇ ਉਹ। ਗੁਰੂ ਦਸਮੇਸ਼ ਪਿਤਾ ਜੀ ਨੇ ਭਾਈ ਦਇਆ ਸਿੰਘ ਜੀ ਦੀ ਸੇਵਾ ਲਾਈ ਸੀ। ਉਨ੍ਹਾਂ ਅੱਗੇ ਬਾਬਾ ਸੋਭਾ ਸਿੰਘ ਜੀ ਨੂੰ ਜਿਵੇਂ ਗੁਰਜ ਫੜਾਉਂਦੇ ਨੇ, ਇਉਂ ਫੜਾਉਂਦੇ ਆਉਂਦੇ ਨੇ ਮਹਾਤਮਾ। ਬੋਲ ਕੇ ਦੇ ਦੇਣ, ਚੁੱਪ ਕਰਕੇ ਦੇ ਦੇਣ, ਸਰੀਰ ਛੱਡਣ ਤੋਂ ਬਾਅਦ ਦੇ ਦੇਣ, ਇਹ ਉਨ੍ਹਾਂ ਵਾਸਤੇ ਕੋਈ ਔਖੀਆਂ ਗੱਲਾਂ ਨਹੀਂ ਹੁੰਦੀਆਂ। ਉਸ ਤੋਂ ਬਾਅਦ ਬਾਬਾ ਸਾਹਿਬ ਸਿੰਘ ਜੀ ਤੀਸਰੇ ਥਾਂ ਤੇ ਹੋਏ, ਬਹੁਤ ਕਰਨੀ-ਕਮਾਈ ਵਾਲੇ ਮਹਾਂਪੁਰਸ਼ ਸਨ। ਸਿੱਖੀ ਦਾ ਬਹੁਤ ਪ੍ਰਚਾਰ ਕਰਿਆ ਉਨ੍ਹਾਂ ਨੇ। ਉਨ੍ਹਾਂ ਦੇ ਲੰਗਰ ਵਿਚ ਇਕ ਭਾਈ ਭਾਗ ਸਿੰਘ ਸੇਵਾ ਕਰਦਾ ਹੁੰਦਾ ਸੀ। ਇਕ ਦਿਨ ਕਹਿਣ ਲੱਗੇ ਕਿ ਬਾਬਾ ਜੀ ਉਸ ਦੀ ਮਾਤਾ ਚੜ੍ਹਾਈ ਕਰ ਗਈ ਅੱਜ। ਬਾਬਾ ਜੀ ਅੰਤਰ ਧਿਆਨ ਹੋਏ ਕਿਉਂਕਿ ਉਨ੍ਹਾਂ ਨੂੰ ਦਰਗਾਹ ਦਾ ਸਾਰਾ ਹੀ ਪਤਾ ਹੁੰਦਾ ਹੈ। ਉਥੇ ਕਹਿ ਵੀ ਦਿੰਦੇ ਨੇ, ਸਿਫਾਰਸ਼ ਵੀ ਲਾ ਦਿੰਦੇ ਨੇ ਮਹਾਂਪੁਰਸ਼, ਐਸੀ ਬਾਤ ਨਹੀਂ ਹੈ। ਕਹਿ ਵੀ ਦਿੰਦੇ ਨੇ ਕਿ ਨਹੀਂ ਇਸ ਨੂੰ ਕੁਝ ਕਹਿਣਾ ਕਿਉਂਕਿ –

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥***

***ਅੰਗ – 186***

ਲੇਖ ਲਿਖਿਆ ਨਹੀਂ ਹੈ ਪਰ ਮਹਾਤਮਾ ਨੇ ਕਹਿ ਦਿੱਤਾ ਕਿ ਤੈਨੂੰ ਮਿਲੇਗਾ, ਕੋਈ ਨਾ, ਤੂੰ ਫਿਕਰ ਨਾ ਕਰ, ਬਹੁਤ ਮਿਲੇਗਾ। ਧਰਮਰਾਜਾ ਵੀ ਮਜਬੂਰ ਹੋ ਜਾਂਦਾ ਹੈ, ਸਾਰੇ ਮਜਬੂਰ ਹੋ ਜਾਂਦੇ ਨੇ ਕਿ ਸੰਤਾਂ ਨੇ ਕਹਿ ਦਿੱਤਾ ਤੇ ਹੁਣ ਅਸੀਂ ਇਸ ਨੂੰ ਬਦਲ ਨਹੀਂ ਸਕਦੇ। ਇਹ ਦੇਣਾ ਹੀ ਪੈਣਾ ਹੈ –

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ***
***ਓਇ ਰਾਮ ਨਾਮ ਰੰਗਿ ਰਾਤੇ॥***
***ਤਿਨ ਕੀ ਸੋਭਾ ਸਭਨੀ ਥਾਇ***
***ਜਿਨ੍ ਪ੍ਰਭ ਕੇ ਚਰਣ ਪਰਾਤੇ॥*** ***ਅੰਗ – 748***

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥***

***ਅੰਗ – 186***

ਸੋ ਕਹਿਣ ਲੱਗੇ ਕਿ ਮਾਤਾ ਨੇ ਵਾਪਸ ਆ ਜਾਣਾ ਹੈ ਉਸ ਦਾ ਸਰੀਰ ਸਮਸ਼ਾਨ ਭੂਮੀ ਵਿਚ ਨਾ ਲਿਜਾਇਓ। ਆਖਰ ਪੰਜ-ਚਾਰ ਘੰਟਿਆਂ ਤੋਂ ਬਾਅਦ ਮਾਤਾ ਜੀਉਂਦੀ ਹੋ ਗਈ। ਬਾਬਾ ਜੀ ਦੇ ਕੋਲ ਆ ਗਏ। ਬਹੁਤ ਸੰਗਤ ਇਕੱਠੀ ਹੋ ਕੇ ਊਨਾ ਸਾਹਿਬ ਦੀ ਵੀ ਚਲੀ ਗਈ। ਉਸ ਵੇਲੇ ਬਾਬਾ ਜੀ ਨੇ ਸਾਰੀ ਸੰਗਤ ਦੇ ਸਾਹਮਣੇ ਪੁਛਿਆ ਕਿ ਮਾਤਾ! ਕਿਵੇਂ ਰਿਹਾ ਤੇਰਾ ਸਫਰ? ਕਹਿਣ ਲੱਗੀ ਕਿ ਬਾਬਾ ਜੀ! ਇਸ ਸਰੀਰ ਵਿਚੋਂ ਮੈਂ ਨਿਕਲ ਗਈ ਸੀ। ਮੈਨੂੰ ਮਾਰਿਆ-ਕੁੱਟਿਆ ਤਾਂ ਨਹੀਂ ਕਿਸੇ ਨੇ ਪਰ ਮੈਨੂੰ ਧਰਮਰਾਜ ਦੇ ਲੈ ਗਏ। ਉਥੇ ਜਦੋਂ

ਮੇਰਾ ਹਿਸਾਬ ਕੱਢਿਆ ਤਾਂ ਨਿਕਲਿਆ ਹੀ ਨਾ।

ਫੇਰ ਕਹਿੰਦੇ, "ਕੀ ਕਰਿਆ ਧਰਮਰਾਜ ਨੇ?"

ਕਹਿਣ ਲੱਗੀ ਕਿ ਮਹਾਰਾਜ! ਪਹਿਲਾਂ ਤਾਂ ਡਰ ਹੀ ਬਹੁਤ ਸੀ ਉਸ ਦਾ, ਫੇਰ ਉਹ ਐਨਾ ਨਰਮ ਹੋ ਗਿਆ, ਸੇਵਾ ਕਰਦਾ ਫਿਰੇ ਤੇ ਹੁਕਮ ਦੇ ਦਿੱਤਾ ਕਿ ਇਸ ਦੀ ਸੇਵਾ ਕਰੋ। ਮੈਂ ਬਹੁਤ ਖੁਸ਼ ਹੋ ਗਈ ਕਿਉਂਕਿ–

***ਸਾਧਸੰਗਿ ਧਰਮ ਰਾਇ ਕਰੇ ਸੇਵਾ॥***
***ਸਾਧ ਕੈ ਸੰਗਿ ਸੋਭਾ ਸੁਰਦੇਵਾ॥ ਅੰਗ – 271***

ਤੁਸੀਂ ਸੰਗਤ ਵਿਚ ਬੈਠੇ ਹੋ ਸਾਰੇ, ਗੁਰੂ ਗ੍ਰੰਥ ਸਾਹਿਬ ਜੀ ਦੀ ਹੈ ਹਜ਼ੂਰੀ। ਹੁਣ ਤੁਹਾਡੀ ਸੋਭਾ ਹੋ ਰਹੀ ਹੈ ਸਵਰਗਾਂ ਵਿਚ, ਦੇਵਤਿਆਂ ਦੇ ਲੋਕ ਵਿਚ, ਮਹਾਰਾਜ ਜੀ ਦੇ ਬਚਨ ਐਵੇਂ ਹੀ ਨਹੀਂ ਹਨ ਕਿ ਐਵੇਂ ਸੁਣਿਆ ਤੇ ਅੱਗੇ ਚਲੇ ਗਏ। ਨਾਂਹ! ਇਹ 'ਸਤਿ' ਦੀ ਬਾਣੀ ਹੈ। ਇਹ ਸਾਰੀ ਨਿਰੰਕਾਰ ਦੀ ਰਚੀ ਹੋਈ ਹੈ –

***ਹਉ ਆਪਹੁ ਬੋਲਿ ਨ ਜਾਣਦਾ***
***ਮੈ ਕਹਿਆ ਸਭੁ ਹੁਕਮਾਉ ਜੀਉ॥ ਅੰਗ – 763***

ਫੇਰ ਮਾਤਾ ਕਹਿਣ ਲੱਗੀ ਕਿ ਮਹਾਰਾਜ! ਫੇਰ ਹਿਸਾਬ ਕਿਤਾਬ ਕਰਨ ਵਾਲੇ ਬੁਲਾਏ ਚਿੱਤਰ ਗੁਪਤ। ਉਨ੍ਹਾਂ ਨੂੰ ਕਿਹਾ ਕਿ ਨਾਉਂ ਕੱਢੋ ਇਸ ਦਾ। ਉਹ ਕਹਿੰਦੇ ਕਿ ਨਾਉਂ ਤਾਂ ਇਸ ਦਾ ਹੈ ਨਹੀਂ। ਕਹਿਣ ਲੱਗੇ ਕਿ ਫੇਰ ਬੜਾ ਮਾੜਾ ਕੰਮ ਕਰਿਆ, ਤੁਸੀਂ ਗਲਤ ਲੈ ਆਂਦਾ ਇਸ ਨੂੰ। ਹੁਣ ਫੌਰਨ ਛੱਡ ਕੇ ਆਓ। ਮਾਤਾ ਕਹਿਣ ਲੱਗੀ ਕਿ ਮੈਂ ਹੁਣ ਕਿਥੇ ਜਾਣਾ ਹੈ? ਤਾਂ ਉਹ ਕਹਿਣ ਲੱਗੇ ਕਿ ਤੂੰ ਜਾਣਾ ਹੈ ਗੁਰੂ ਦੀ ਦਰਗਾਹ ਵਿਚ ਕਿਉਂਕਿ ਜਿਹੜੇ ਗੁਰੂ ਦੇ ਬਣ ਜਾਂਦੇ ਨੇ, ਗੁਰੂ ਨਾਲ ਪਿਆਰ ਕਰਦੇ ਨੇ, ਗੁਰੂ ਦਾ ਨਾਮ ਜਪਦੇ ਨੇ ਉਨ੍ਹਾਂ ਲਈ ਏਸ ਤਰ੍ਹਾਂ ਦਾ ਹੁਕਮ ਹੈ –

***ਧਾਰਨਾ – ਦਰਗਹ ਮਿਲਦੈ ਥਾਉ,***
***ਗੁਰਾਂ ਨਾਲ ਰੱਤਿਆਂ,***
***ਗੁਰਾਂ ਨਾਲ ਰੱਤਿਆਂ –2, 2.***

***ਅੰਤਰਿ ਗੁਰੁ ਅਰਾਧਣਾ ਜਿਹਵਾ ਜਪਿ ਗੁਰ ਨਾਉ॥***
***ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥***
***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥***
***ਅੰਗ – 517***

ਪੰਜ ਗੱਲਾਂ ਕਹੀਆਂ ਨੇ ਇਸ ਦੇ ਵਿਚ, ਪਹਿਲੀ ਹੈ ਜਿਹੜੇ ਗੁਰੂ ਨੂੰ ਅਰਾਧਦੇ ਰਹਿੰਦੇ ਨੇ ਅੰਦਰ, ਯਾਦ ਕਰਦੇ ਰਹਿੰਦੇ ਨੇ ਤੇ ਜਿਹਵਾ ਦੇ ਨਾਲ ਵਾਹਿਗੁਰੂ–ਵਾਹਿਗੁਰੂ ਕਰਦੇ ਰਹਿੰਦੇ ਨੇ, ਨਿੰਦਿਆ ਚੁਗਲੀ ਨਹੀਂ ਕਰਦੇ, ਈਰਖਾ ਨਹੀਂ ਕਰਦੇ, ਕਿਚ-ਪਿਚ ਗੱਲਾਂ ਨਹੀਂ ਕਰਦੇ। ਇਹ ਤਾਂ ਵਾਹਿਗੁਰੂ ਨੇ, ਸਾਧ ਸੰਗਤ ਜੀ! ਕਰਿਆ ਹੀ ਹੋਇਆ ਹੈ ਸਭ ਕੁਝ ਆਦਮੀ ਦੇ ਹੱਥ ਵਿਚ ਕੁਝ ਨਹੀਂ ਹੈ। ਐਵੇਂ ਹੀ ਆਪਾਂ ਪਿਛੇ ਨੱਠਦੇ ਫਿਰਦੇ ਹਾਂ ਕਿ ਫਲਾਣਾ ਇਹ ਕੰਮ ਕਰ ਦਏਗਾ, ਆਹ ਕੰਮ ਕਰ ਦਏਗਾ। ਇਹ ਤਾਂ ਹੋਇਆ ਪਿਆ ਹੈ ਪ੍ਰਮੇਸ਼ਰ ਨੇ ਬੰਦਾ ਪ੍ਰੇਰ ਕੇ ਕੰਮ ਕਰਾ ਦੇਣਾ ਹੈ। ਉਸ ਦੇ ਵਿਚ ਅਸੀਂ ਸਮਾਂ ਬਹੁਤ ਬਰਬਾਦ ਕਰਦੇ ਹਾਂ, ਗੱਲਾਂ ਬਾਤਾਂ ਵਿਚ ਸਮਾਂ ਬਹੁਤ ਬਰਬਾਦ ਕਰ ਦਿੰਦੇ ਹਾਂ। ਮਹਾਰਾਜ ਜੀ ਕਹਿੰਦੇ ਕਿ ਨਹੀਂ! ਜਿਹੜਾ ਗੁਰੂ ਵਾਲਾ ਬਣ ਗਿਆ ਫੇਰ 'ਅੰਤਰਿ' ਗੁਰੂ ਦੀ ਆਰਾਧਨਾ ਕਰਦਾ ਹੈ, ਜਿਹਵਾ ਨਾਲ ਨਾਮ ਜਪਦਾ ਹੈ ਤੇ ਕੰਨਾਂ ਦੇ ਨਾਲ ਬਾਣੀ ਸਰਵਣ ਕਰਦਾ ਹੈ, ਨੇਤਰਾਂ ਦੇ ਨਾਲ ਗੁਰੂ ਨੂੰ ਹਰ ਘਟ ਦੇ ਵਿਚ ਦੇਖਦਾ ਹੈ ਤੇ ਗੁਰੂ ਨਾਲ ਜਿਹੜਾ ਪਿਆਰ ਕਰਦਾ ਹੈ –

***ਸਤਿਗੁਰ ਸੇਤੀ ਰਤਿਆ ਦਰਗਹਿ ਪਾਈਐ ਠਾਉ॥***
***ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ॥***
***ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਇ ਕੇਇ॥***
***ਅੰਗ – 517***

ਇਸ ਦੇ ਵਿਚ ਮਹਾਰਾਜ ਜੀ ਨੇ ਇਕ ਗੱਲ ਕਹਿ ਦਿੱਤੀ ਕਿ ਆਹ ਗੱਲ ਜਿਹੜੀ ਅਸੀਂ ਦੱਸੀ ਹੈ, ਇਸ ਨੂੰ ਸਾਰੇ ਨਹੀਂ ਅਪਣਾਉਂਦੇ ਤੇ ਆਪੇ ਹੀ ਨਰਕਾਂ ਵੱਲ ਨੂੰ ਤੁਰਦੇ ਨੇ। ਜੇ ਅਸੀਂ ਗੁਰੂ ਦੇ ਬਣ ਕੇ ਰਹੀਏ, ਫੇਰ ਕੋਈ ਦੁਨੀਆਂ ਦੀ ਤਾਕਤ ਨਹੀਂ ਜਿਹੜੀ ਸਾਨੂੰ ਨਰਕਾਂ ਵੱਲ ਨੂੰ ਲੈ ਜਾਵੇ। ਜਦੋਂ ਆਦਮੀ ਗੁਰੂ ਦਾ ਬਣ ਜਾਂਦਾ ਹੈ ਤਾਂ ਪਹਿਲੇ ਗੁਰੂ ਕਰਮ ਧੋ ਦਿੰਦਾ ਹੈ। ਕਰਮ ਖਤਮ ਕਰ ਦਿੰਦਾ ਹੈ। ਕੇਵਲ ਗੁਰੂ ਕੋਲ ਰੱਦ ਕਰ ਦੇਣ ਦੀ ਸ਼ਕਤੀ ਹੈ, ਹੋਰ ਕਿਸੇ ਕੋਲ ਨਹੀਂ ਹੈ – ਨਾ ਧਰਮਰਾਜ ਦੇ ਕੋਲ, ਨਾ ਬ੍ਰਹਮਾ ਜੀ ਕੋਲ, ਨਾ ਵਿਸ਼ਨੂੰ ਜੀ ਕੋਲ, ਨਾ ਸ਼ਿਵ ਜੀ ਕੋਲ ਇਹ ਤਾਂ ਮਰਿਆਦਾ ਦੇ ਅਨੁਸਾਰ ਚਲਦੇ ਨੇ। ਜੇ **veto power** (ਰੱਦ ਕਰ ਦੇਣ ਦੀ ਸ਼ਕਤੀ) ਹੈ ਤਾਂ ਸਾਧੂਆਂ ਕੋਲ ਹੈ, ਬੰਦਗੀ ਕਰਨ ਵਾਲੇ ਮਹਾਂਪੁਰਸ਼ਾਂ ਕੋਲ ਹੈ। ਉਹ ਕਹਿ ਦਿੰਦੇ ਨੇ ਕਿ ਜਾਹ! ਤੇਰਾ ਖਤਮ ਹੈ ਸਭ ਕੁਝ, ਚਲ ਏਧਰ। ਸੋ ਏਨੇ ਆਪਾਂ ਸਤਿਸੰਗ ਦੇ ਵਿਚ ਆ ਕੇ, ਇਹੋ ਜਿਹਾ ਗੁਰੂ ਧਾਰਨ ਕਰਕੇ ਬੋਝ ਨਾ ਰੱਖੋ ਦਿਮਾਗ ਦੇ ਉਤੇ ਕਿ ਅਸੀਂ ਨਰਕਾਂ ਨੂੰ ਜਾਵਾਂਗੇ, ਜਮ ਆਉਣਗੇ, ਧਰਮਰਾਜ ਕੋਲ ਲੈ ਜਾਣਗੇ। ਅਸੀਂ ਜਿਹੜੀਆਂ ਗੱਲਾਂ ਕਰਦੇ ਹਾਂ ਉਨ੍ਹਾਂ ਦੀਆਂ ਕਰਦੇ ਨੇ –

***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥***
***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥***
***ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ॥***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ॥***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥***
***ਅੰਗ – 315***

ਇਹ ਉਨ੍ਹਾਂ ਦਾ ਦੋਸ਼ ਪੱਤਰ ਹੈ ਜਿਹੜੇ ਇਥੇ ਆ ਕੇ ਬਦਫੈਲੀਆਂ ਕਰਦੇ ਨੇ, ਮਾੜੇ ਕੰਮ ਕਰਦੇ ਨੇ, ਖੋਹਦੇ ਨੇ, ਡਿਊਟੀਆਂ ਨਹੀਂ ਦਿੰਦੇ, ਲੋਕਾਂ ਤੋਂ ਰਿਸ਼ਵਤਾਂ ਖਾਂਦੇ ਨੇ, ਚਾਹੇ ਉਹ ਕੁਝ ਵੀ ਹੈ ਗੁਰੂ ਦੇ ਮੰਡਲ 'ਚੋਂ ਨਿਕਲ ਜਾਂਦਾ ਹੈ, ਚਾਹੇ ਸਿੱਖੀ ਧਾਰਨ ਕਰੀ ਹੋਈ ਹੈ। ਗੁਰੂ ਰੱਖਣ ਦੀ ਤਾਂ ਕੋਸ਼ਿਸ਼ ਕਰਦਾ ਹੈ ਉਸ ਨੂੰ, ਮਿਸਾਲਾਂ ਨੇ ਜੋਗਾ ਸਿੰਘ ਜਿਸ ਵਕਤ ਨਿਕਲਣ ਲੱਗਿਆ ਗੁਰੂ ਮੰਡਲ 'ਚੋਂ, ਵੇਸ਼ਵਾ ਦੇ ਮੰਡਲ ਵਿਚ ਜਾਣ ਲੱਗਿਆ, ਗੁਰੂ ਨੇ ਸੂਖਸ਼ਮ ਰੂਪ ਧਾਰ ਕੇ ਉਥੇ ਖੜ੍ਹ ਕੇ ਪਹਿਰਾ ਦਿੱਤਾ, ਨਹੀਂ ਜਾਣ ਦਿੱਤਾ। ਬਹੁਤਿਆਂ ਦੇ ਆਵਾਜ਼ ਆਉਂਦੀ ਹੈ ਗੁਰੂ ਦੀ ਕਿ ਨਾਹ! ਇਹ ਕੰਮ ਨਾ ਕਰ, ਇਹ ਮਾੜਾ ਹੈ। ਹੌਲੀ-ਹੌਲੀ ਆਦਮੀ ਜਦੋਂ ਅਣਸੁਣਿਆ ਕਰ ਦਿੰਦਾ ਹੈ, ਫੇਰ ਉਹ ਗੁਰੂ ਦੇ ਮੰਡਲ ਵਿਚੋਂ ਨਿਕਲ ਜਾਂਦਾ ਹੈ। ਉਹ ਫੇਰ ਜਮਦੂਤਾਂ ਦੇ ਮੰਡਲ ਵਿਚ ਦਾਖਲ ਹੋ ਜਾਂਦਾ ਹੈ। ਹੁਣ ਇਹ ਚੋਣ ਤਾਂ ਸਾਡੀ ਹੈ ਕਿ ਥੋੜ੍ਹੇ-ਜਿਹੇ ਸਮੇਂ ਪਿਛੇ ਅਸੀਂ ਕਿਹੜੇ ਮੰਡਲ ਵਿਚ ਰਹਿਣਾ ਹੈ। ਗੁਰੂ-ਮੰਡਲ ਵਿਚ ਰਹਿਣਾ ਹੈ ਜਾਂ ਕਿਥੇ ਰਹਿਣਾ ਹੈ।

ਸੋ ਬਾਬਾ ਜੀ ਕਹਿਣ ਲੱਗੇ ਕਿ ਦੇਖੋ ਸਾਧ ਸੰਗਤ ਜੀ! ਮਾਤਾ ਲੰਗਰ ਵਿਚ ਸੇਵਾ ਕਰਦੀ ਹੈ ਤੇ ਜਮਦੂਤ ਇਸ ਨੂੰ ਧਰਮਰਾਜ ਦੇ ਕੋਲ ਲੈ ਗਏ ਪਰ ਅੱਗੇ ਜਾ ਕੇ ਸੇਵਾ ਕਰੀ, ਫੇਰ ਛੱਡ ਕੇ ਗਏ ਤੇ ਫੇਰ ਦੂਸਰੀ ਮਾਈ ਨੂੰ ਲੈ ਗਏ।

ਆਹ! ਤੁਹਾਡੇ ਮਲੌਦ ਮਹਾਰਾਜ ਜੀ ਦੱਸਿਆ ਕਰਦੇ ਸਨ ਇਹ ਗੱਲ ਕਿ ਇਥੇ ਕੋਈ ਗਰੀਬ ਸਿੰਘ ਸੀ, ਉਹ ਚੜ੍ਹਾਈ ਕਰ ਗਿਆ। ਜਦੋਂ ਧਰਮਰਾਜ ਕੋਲ ਲੈ ਗਏ ਤਾਂ ਉਥੇ ਕਹਿੰਦੇ ਕਿ ਇਹ ਤਾਂ ਲਿਆਉਣਾ ਨਹੀਂ ਸੀ, ਹੋਰ ਬੰਦਾ ਲਿਆਉਣਾ ਸੀ। ਇਸ ਨੂੰ ਛੱਡ ਕੇ ਆਓ। ਉਹ ਜਦੋਂ ਵਾਪਸ ਲਿਆ ਰਹੇ ਸਨ ਤਾਂ ਉਹ ਪੁੱਛਣ ਲੱਗ ਗਿਆ, ਮੰਡਲ ਨੇ ਉਥੇ ਕਈ, ਕੋਈ ਧਰਮਖੰਡ ਹੈ, ਕੋਈ ਸਰਮ ਖੰਡ ਹੈ, ਕੋਈ ਗਿਆਨ ਖੰਡ ਹੈ। ਧਰਮਖੰਡ ਤਾਂ ਇਨ੍ਹਾਂ ਲੋਕਾਂ ਦਾ ਹੈ ਜਿਹੜੇ ਧਰਮਰਾਜ ਕੋਲ ਜਾਂਦੇ ਨੇ, ਸਵਰਗਾਂ ਵਿਚ ਜਾਂਦੇ। ਜਿਹੜਾ ਗਿਆਨ ਖੰਡ ਦਾ ਮੰਡਲ ਹੈ, ਇਥੇ ਮਹਾਰਾਜ ਜੀ ਨੇ ਗਿਣ ਦਿੱਤੇ -

***ਧਰਮ ਖੰਡ ਕਾ ਏਹੋ ਧਰਮੁ ॥***
***ਗਿਆਨ ਖੰਡ ਕਾ ਆਖਹੁ ਕਰਮੁ ॥ ਅੰਗ - 6***

ਉਥੇ ਬੇਅੰਤ, ਜਿੰਨਿਆਂ ਦੇ ਨਾਂ ਨੇ; ਉਹ ਸਾਰੇ ਗਿਆਨ ਖੰਡ ਵਿਚ ਨੇ। ਸਰਮ ਖੰਡ ਵਿਚ ਨਹੀਂ ਜਾਂਦੇ। ਸਰਮਖੰਡ ਭਗਤਾਂ ਦੀ ਥਾਂ ਹੈ। ਉਥੇ ਭਗਤਾਂ ਦੀ 'ਸੁਰਤਿ ਮਤਿ ਮਨਿ ਬੁਧਿ' ਘੜੀ ਜਾਂਦੀ ਹੈ ਜਿਹੜੀ ਪ੍ਰਮੇਸ਼ਰ ਦੇ ਨਾਲ ਇਕ ਮਿਕ ਹੋ ਸਕੇ। ਅਗੇ ਬਖਸ਼ਿਸ਼ ਦਾ ਮੰਡਲ ਹੈ ਜਿਸ ਨੂੰ ਕਰਮਖੰਡ ਕਹਿੰਦੇ ਨੇ। ਉਥੇ ਵੀ ਦੇਵਤਾ ਨਹੀਂ ਪਹੁੰਚਦਾ। ਅੱਗੇ ਫੇਰ 'ਸਚਖੰਡ' ਹੈ। ਉਥੇ ਤਾਂ ਦੇਵਤੇ ਦੀ ਪਹੁੰਚ ਹੀ ਨਹੀਂ ਹੈ। ਦੇਵਤੇ ਤਾਂ ਪ੍ਰਾਕਿਰਤੀ ਦੇ ਆਖਰੀ ਮੰਡਲ ਜਿਸ ਨੂੰ 'ਬੈਕੁੰਠ ਧਾਮ' ਕਹਿੰਦੇ ਨੇ। 'ਬੈਕੁੰਠ ਧਾਮ' ਮਾਇਆ ਦੇ ਚੱਕਰ ਵਿਚ ਹੈ। ਜੇ ਇਥੇ ਜਾਂਦਾ ਹੈ ਕੋਈ ਤਪ ਕਰਕੇ ਤਾਂ ਜਦੋਂ ਉਸ ਦੇ ਤਪ ਦੇ ਦਿਨ ਪੂਰੇ ਹੁੰਦੇ ਨੇ ਫੇਰ ਥੱਲੇ ਆ ਜਾਂਦਾ ਹੈ। ਦੇਵਤੇ ਵੀ ਥੱਲੇ ਆ ਜਾਂਦੇ ਨੇ-

***ਏਕ ਸ਼ਿਵ ਭਏ ਏਕ ਗਏ, ਫੇਰ ਏਕ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ, ਅਵਤਾਰ ਭੀ ਅਨੇਕ ਹੈਂ॥***
***ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,***
***ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥***
***ਤ੍ਵਪ੍ਰਸਾਦਿ ਕਬਿਤ (ਅਕਾਲਿ ਉਸਤਤਿ)***

ਇਕ ਨਹੀਂ, ਇਕ ਸ਼ਿਵ ਜੀ ਖਤਮ ਹੋ ਜਾਂਦਾ ਹੈ ਦੂਜਾ ਆ ਜਾਂਦਾ ਹੈ। ਇਹ ਗੱਲ ਵੱਖਰੀ ਹੈ ਕਿ ਉਨ੍ਹਾਂ ਦੀ ਉਮਰ ਬਹੁਤ ਹੈ। ਬ੍ਰਹਮਾ ਜੀ ਦੀ ਉਮਰ ਸੋਲਾਂ ਲੱਖ ਖਰਬ ਸਾਲ ਹੈ, ਸ਼ਿਵ ਜੀ ਵੀ ਉਮਰ ਸੋਲਾਂ ਕਰੋੜ ਖਰਬ ਸਾਲ ਹੈ, ਵਿਸ਼ਨੂੰ ਜੀ ਦੀ ਉਮਰ ਸੋਲਾਂ ਅਰਬ ਕਰੋੜ ਸਾਲ ਹੈ ਇੰਨੀ ਜ਼ਿਆਦਾ। ਇਨ੍ਹਾਂ ਦੀ ਉਮਰ ਜਦੋਂ ਪੂਰੀ ਹੋਏਗੀ ਇਨ੍ਹਾਂ ਨੇ ਫੇਰ ਆ ਜਾਣਾ ਹੈ ਕਿਉਂ ਮਾਇਆ-ਮੰਡਲ ਦੇ ਚੱਕਰ ਨੇ।

ਸੋ ਮਹਾਰਾਜ ਜੀ ਕਹਿੰਦੇ ਕਿ ਇਨ੍ਹਾਂ ਨੂੰ ਕਾਹਨੂੰ ਮੰਨਦਾ ਹੈਂ? ਇਹ ਤਾਂ ਆਪ ਹੀ ਕਾਲ ਦੇ ਵਸ ਵਿਚ ਨੇ। ਤੂੰ ਅਕਾਲ ਨੂੰ ਮੰਨ, ਵਾਹਿਗੁਰੂ ਨੂੰ ਮੰਨ ਜਿਸ ਨੂੰ ਮੰਨਣ ਦੇ ਨਾਲ ਤੂੰ ਉਸ ਦੇ ਮੰਡਲ ਵਿਚ ਪਹੁੰਚ ਜਾਵੇਂ। ਗੁਰਸਿੱਖਾਂ ਨੂੰ ਮਹਾਰਾਜ ਜੀ ਨੇ ਬਹੁਤ ਹੀ ਰਿਆਇਤਾਂ ਦਿੱਤੀਆਂ ਹੋਈਆਂ ਹਨ ਪਰ ਜੇ ਗੁਰੂ ਦਾ ਬਚਨ ਮੰਨ ਲੈਣ, ਜੇ ਨਹੀਂ ਬਚਨ ਮੰਨਦੇ ਫੇਰ ਤਾਂ ਬਾਗੀ ਨੇ ਇਹ।

ਸੋ ਮੈਂ ਜਿਹੜੀ ਪਹਿਲਾਂ ਬੇਨਤੀ ਕਰਦਾ ਸੀ ਕਿ ਵਾਹਿਗੁਰੂ ਦਾ ਕੋਈ ਅੰਤ ਨਹੀਂ ਹੈ। ਮਨੁੱਖ ਨੇ ਕਿਹਾ ਕਿ ਮੈਂ ਪਾ ਲਵਾਂਗਾ। ਲੰਡਨ ਦਾ ਡਾ. ਸਟੀਫਸਨ ਸੀ ਸਾਇੰਸਦਾਨ ਉਹ ਗਿਣਨ ਲੱਗ ਗਿਆ ਕਿ ਬ੍ਰਹਿਮੰਡ ਕਿੰਨੇ ਨੇ। ਹੁਣ ਪੜ੍ਹੇ ਲਿਖੇ ਤਾਂ ਸਮਝ ਜਾਣਗੇ ਕਿ ਏਕਾ ਲਾ ਕੇ ਸਿਫਰਾਂ ਲਾਉਣ ਲੱਗ ਗਿਆ ਜਦੋਂ ਅਸੀਂ ਸਿਫਰਾਂ ਲਾ ਦਿੱਤੀਆਂ ਉਸ ਨੇ..., ਇਕਾਈ, ਦਹਾਈ, ਸੈਂਕੜਾ, ਹਜ਼ਾਰ ਤੋਂ ਲੈ ਕੇ ਪਦਮ, ਦਹ-ਪਦਮ ਬੱਸ ਹੁਣ ਅੱਗੇ ਤਾਂ ਗਿਣਤੀ ਸਾਨੂੰ ਵੀ ਨਹੀਂ ਆਉਂਦੀ। ਫੇਰ 'ਅਰਬਦ-ਨਪਬਦ ਧੁਦੂੰਕਾਰਾ' ਆ ਜਾਂਦਾ ਹੈ, ਪਚਵੰਜਾ ਸਿਫਰਾਂ ਵਾਲਾ। ਉਸ ਤੋਂ ਬਾਅਦ ਅੱਸੀ ਸਿਫਰਾਂ ਲਾ ਦਿੱਤੀਆਂ ਉਸ ਨੇ ਤੇ ਫੇਰ ਰੁਕ ਗਿਆ ਕਿਉਂਕਿ ਸਿਫਰਾਂ ਲੱਗਣ ਤੋਂ ਹੱਟਣ ਹੀ ਨਾ, ਉਸ ਨੇ ਅੱਗੇ ਲਿਖ ਦਿੱਤਾ **infinite** (ਅਨੰਤ, ਬੇਅੰਤ, ਅਣਗਿਣਤ)। ਇਸ ਦਾ ਮਤਲਬ ਹੈ ਬੇਅੰਤ। ਕਿ ਨਹੀਂ, ਇਹ ਨਹੀਂ ਗਿਣਿਆ ਜਾ ਸਕਦਾ, ਚਾਹੇ ਕਰੋੜ ਸਾਲ ਸਿਫਰਾਂ ਲਾਈ ਜਾਓ

ਏਕੇ ਨਾਲ, ਨਹੀਂ ਵਾਹਿਗੁਰੂ ਦਾ ਅੰਤ। ਫੇਰ ਉਸ ਨੇ ਸੋਚਿਆ ਕਿ ਦੇਖਾਂ ਛੋਟੇ ਤੋਂ ਛੋਟਾ ਹੋ ਕੇ ਕਿੰਨਾ ਹੁੰਦਾ ਹੈ –

***ਜਬ ਉਦਕਰਖ ਕਰਾ ਕਰਤਾਰਾ॥***
***ਪ੍ਰਜਾ ਧਰਤ ਤਬ ਦੇਹ ਅਪਾਰਾ॥***
***ਜਬ ਆਕਰਖ ਕਰਤ ਹੋ ਕਬਹੂੰ॥***
***ਤੁਮ ਮੈਂ ਮਿਲਤ ਦੇਹ ਧਰ ਸਭਹੂੰ॥ (ਚੌਪਈ)***

ਜਦੋਂ ਆਕਰਸ਼ਣ ਸ਼ਕਤੀ, ਖਿੱਚ ਸ਼ਕਤੀ ਕਰ ਲੈਂਦਾ ਹੈ ਤਾਂ ਕੋਈ ਬ੍ਰਹਿਮੰਡ ਨਹੀਂ ਰਹਿੰਦਾ, ਕੁਝ ਵੀ ਨਹੀਂ ਰਹਿੰਦਾ ਤੇ ਫੇਰ ਉਹ ਕਿੱਡਾ-ਕੁ ਰਹਿ ਜਾਂਦਾ ਹੈ। ਉਸ ਦੀ ਵੀ ਗਿਣਤੀ ਲਾਉਣ ਲੱਗ ਗਿਆ **point** (ਦਸ਼ਮਲਵ, ਅਸ਼ਾਰੀਆ) ਲਾ ਲਿਆ ਪਹਿਲਾਂ ਫੇਰ ਸਿਫਰ ਸਿਫਰ ਲਾਉਂਦੇ ਅੱਸੀ ਤੱਕ ਪਹੁੰਚ ਕੇ ਇਕ ਲਿਖ ਦਿੱਤਾ। ਉੱਤੇ ਲਿਖ ਦਿਤਾ **infinite** (ਬੇਅੰਤ, ਅਣਗਿਣਤ) ਕਿ ਇਹ ਵੀ ਨਹੀਂ ਹੋ ਸਕਦਾ। ਹੁਣ ਗੁਰੂ ਮਹਾਰਾਜ ਜੀ ਨੇ ਇਸ ਦਾ ਨਿਰਣਾ ਕੀਤਾ ਹੋਇਆ ਹੈ, ਸ਼ਬਦ-ਹਜਾਰੇ ਵਿਚ ਗੁਰੂ ਦਸਵੇਂ ਪਾਤਿਸ਼ਾਹ ਜੀ ਨੇ –

***ਸੂਛਮ ਤੇ ਸੂਛਮ ਕਰ ਚੀਨੇ ਬ੍ਰਿਧਨ ਬ੍ਰਿਧ ਬਤਾਏ॥***
***(ਸ਼ਬਦ ਹਜ਼ਾਰੇ ਪਾ: ੧੦)***

ਸੂਖਮ ਤੋਂ ਸੂਖਮ, ਹੋਰ ਸੂਖਮ ਅੰਤ ਹੀ ਨਹੀਂ ਹੈ ਕੋਈ ਕਿ ਕਿੰਨਾ-ਕੁ ਸੂਖਮ ਹੈ –

***............ ਬ੍ਰਿਧਨ ਬ੍ਰਿਧ ਬਤਾਏ॥***
***(ਸ਼ਬਦ ਹਜ਼ਾਰੇ ਪਾ: ੧੦)***

ਜਦੋਂ ਫੈਲਿਆ ਤਾਂ ਉਹ ਅੱਗੇ ਤੋਂ ਅੱਗੇ ਮਹਾਰਾਜ ਜੀ ਕਹਿੰਦੇ –

***ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥***
***ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥***
***ਅੰਗ – 4***

***ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥***
***ਓੜਕ ਓੜਕ ਭਾਲਿ ਥਕੇ***
***ਵੇਦ ਕਹਨਿ ਇਕ ਵਾਤ॥***
***ਸਹਸ ਅਠਾਰਹ ਕਹਨਿ ਕਤੇਬਾ ...........॥***
***ਅੰਗ – 5***

ਕਹਿੰਦੇ ਜੇ ਲੇਖਾ ਹੋਵੇ ਤਾਂ ਗੱਲ ਕਰੀਏ –

***ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥***
***ਅੰਗ – 5***

ਇਸ ਦਾ ਲੇਖਾ ਹੀ ਨਹੀਂ ਹੈ ਕੋਈ। ਹੁਣ ਗੱਲ ਕਿਥੇ ਚਲੀ ਗਈ? ਮਹਾਰਾਜ ਜੀ ਕਹਿੰਦੇ ਕਿ –

***ਸੂਛਮ ਤੇ ਸੂਛਮ ਕਰ ਚੀਨੇ ਬ੍ਰਿਧਨ ਬ੍ਰਿਧ ਬਤਾਏ॥***
***ਭੂਮ ਅਕਾਸ ਪਤਾਲ ਸਭੈ ਸਜਿ ਏਕ ਅਨੇਕ ਸਦਾਏ॥***
***(ਸ਼ਬਦ ਹਜ਼ਾਰੇ ਪਾ: ੧੦)***

ਆਪੇ ਹੀ ਵਾਹਿਗੁਰੂ ਪਾਤਾਲ ਬਣਿਆ ਹੋਇਆ ਹੈ, ਆਪੇ ਅਸਮਾਨ ਬਣਿਆ ਹੋਇਆ ਹੈ ਤੇ ਇਸ ਦਾ ਕੋਈ ਅੰਤ ਨਹੀਂ ਇਸੇ ਕਰਕੇ –

***ਮਹਿਮਾ ਨ ਜਾਨਹਿ ਬੇਦ॥***
***ਬ੍ਰਹਮੇ ਨਹੀ ਜਾਨਹਿ ਭੇਦ॥***
***ਅਵਤਾਰ ਨ ਜਾਨਹਿ ਅੰਤੁ॥***
***ਪਰਮੇਸਰੁ ਪਾਰਬ੍ਰਹਮੁ ਬੇਅੰਤ॥***
***ਅਪਨੀ ਗਤਿ ਆਪਿ ਜਾਨੈ॥***
***ਸੁਣਿ ਸੁਣਿ ਅਵਰ ਵਖਾਨੈ॥ ਅੰਗ – 894***

ਜੇ ਕਿਤੇ ਇਹ ਖਿਆਲ ਸਮਾਧੀ ਵੇਲੇ ਆ ਜਾਵੇ ਤਾਂ ਕੁਝ ਕਿਹਾ ਹੀ ਨਹੀਂ ਜਾਂਦਾ, ਐਨਾ ਵਜਦ ਦੇ ਵਿਚ ਆ ਜਾਂਦਾ ਹੈ ਕਿ ਹੈਂ! ਵਾਹਿਗੁਰੂ ਐਨਾ ਵੱਡਾ! ਸੋ ਏਸ ਕਰਕੇ ਅਸੀਂ ਉਸ ਨੂੰ ਮਿਲ ਤਾਂ ਸਕਦੇ ਹਾਂ ਪਰ ਉਸ ਦਾ ਪਾਰਾਵਾਰ ਕੋਈ ਨਹੀਂ ਪਾ ਸਕਦਾ। ਕਹਿੰਦੇ ਫੇਰ ਕੋਈ ਜਾਣਦਾ ਵੀ ਹੈ? ਮਹਾਰਾਜ ਜੀ ਕਹਿੰਦੇ –

***ਅਪਨੀ ਗਤਿ ਆਪਿ ਜਾਨੈ॥***
***ਸੁਣਿ ਸੁਣਿ ਅਵਰ ਵਖਾਨੈ॥ ਅੰਗ – 894***

ਬਾਕੀ ਤਾਂ ਸੁਣ-ਸੁਣ ਕੇ ਗੱਲਾਂ ਕਰਦੇ ਨੇ, ਆਪਣੀ 'ਗਤਿ' ਆਪ ਹੀ ਜਾਣਦਾ ਹੈ।

***ਜੇਵਡੁ ਆਪਿ ਜਾਣੈ ਆਪਿ ਆਪਿ॥ ਅੰਗ – 5***

ਜਿੱਡਾ ਆਪ ਹੈ ਉਹ ਆਪ ਹੀ ਜਾਣਦਾ ਹੈ ਆਪਣੇ ਆਪ ਨੂੰ। ਹੁਣ ਸਾਡੇ ਵਾਸਤੇ ਹੁਕਮ ਹੈ ਕਿ ਪਿਆਰਿਓ! ਚੌਰਾਸੀ ਲੱਖ ਜੂਨਾਂ ਵਿਚ ਤੁਸੀਂ ਘੁੰਮਦੇ-ਘੁੰਮਦੇ ਮਨੁੱਖ ਦੀ ਦੇਹੀ ਵਿਚ ਆ ਗਏ। ਜੇ ਤਾਂ ਗਿਆਨ ਹੋ ਜਾਵੇ, ਜਿਹੜਾ ਮੈਂ ਕਿਹਾ ਹੈ, ਹੁਣੇ ਹੋ ਜਾਵੇ, ਪ੍ਰਪੱਕ ਹੋ ਜਾਵੇ ਗੱਲਾਂ ਨਾਲ ਨਹੀਂ –

***ਗਿਆਨ ਨ ਗਲੀਈ ਢੂਢੀਐ***
***ਕਥਨਾ ਕਰੜਾ ਸਾਰੁ॥ ਅੰਗ – 465***

ਜੇ ਮੈਂ ਕਿਹਾ ਕਿ ਇਥੇ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਨਹੀਂ ਹੈ, ਇਸ ਨੂੰ ਸੱਚੇ ਦਿਲ ਨਾਲ ਮੰਨ ਲਓ, ਫੇਰ ਉਸ ਦੇ ਮੁਤਾਬਕ ਜੀਵਨ ਬਿਤਾਓ –

***ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥***
***ਅੰਗ – 62***

ਫੇਰ ਤਾਂ ਸੰਸਾਰ ਤੁਹਾਡਾ ਹੋ ਗਿਆ ਆਪਣਾ ਦੂਜਾ ਇਥੇ ਰਿਹਾ ਹੀ ਕੋਈ ਨਾ –

***ਮਨਿ ਸਾਚਾ ਮੁਖਿ ਸਾਚਾ ਸੋਇ॥***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥***
***ਅੰਗ – 272***

ਦੂਜਾ ਨਜ਼ਰ ਹੀ ਨਹੀਂ ਆਉਂਦਾ। ਇਉਂ ਪੜ੍ਹ ਲਓ –

*ਧਾਰਨਾ - ਦੂਜਾ ਨ ਦੇਖਦੇ,*
*ਪ੍ਰਭ ਜੀ ਬਿਨ ਬ੍ਰਹਮਗਿਆਨੀ -2, 2.*

ਬਾਬਾ ਭਾਗ ਸਿੰਘ, ਬਾਬਾ ਸਾਹਿਬ ਸਿੰਘ ਜੀ ਤੋਂ ਬਾਅਦ ਮਹਾਤਮਾ ਹੋਏ ਹਨ, ਇਹ ਵੀ ਰਾੜੇ ਸਾਹਿਬ ਦੀ ਸੰਪਰਦਾ 'ਚੋਂ ਹੀ ਸਨ। ਬਾਈ ਸਾਲ ਦੇ ਸਨ ਇਹ ਜਦੋਂ ਬਹੁਤ ਜ਼ਿਆਦਾ ਇਨ੍ਹਾਂ ਵਿਚ ਸ਼ਕਤੀਆਂ ਆ ਗਈਆਂ ਸਨ। ਆਪ ਕੁਰ੍ਹੀ ਰਾਵਲਪਿੰਡੀ ਦੇ ਨੇੜੇ ਦੇ ਰਹਿਣ ਵਾਲੇ ਸਨ ਤੇ ਅਚਾਨਕ ਹੀ ਵੇਸ਼ਵਾ ਦੇ ਘਰ ਚਲੇ ਗਏ। ਵੇਸ਼ਵਾ ਨੇ ਦੇਖਿਆ ਕਿ ਲਟਬੌਰਾ ਜਿਹਾ ਬੰਦਾ ਹੈ, ਚੋਲਾ ਪਾਇਆ ਹੋਇਆ ਹੈ, ਵਿੰਗਾ ਜਿਹਾ ਸਾਫਾ, ਊਈਂ ਬੰਨ੍ਹਿਆ ਹੋਇਆ ਹੈ ਅੰਟ-ਸੰਟ ਤੇ ਏਥੇ ਮੇਰੇ ਕੋਲ ਕੀ ਕਰਨ ਆਇਆ ਹੈ। ਜਦੋਂ ਉਨ੍ਹਾਂ ਨੇ ਦੇਖਿਆ ਵੇਸ਼ਵਾ ਵੱਲ ਤੇ ਦੋਹਾਂ ਦੀ ਨਿਗ੍ਹਾ ਰਲੀ ਤਾਂ ਇਕ ਦਮ ਉਸ ਦਾ ਮਨ ਸ਼ਾਂਤ ਹੋ ਗਿਆ ਤੇ ਪਾਪ ਵਿਚੋਂ ਨਿਕਲ ਹੀ ਗਏ। ਉਸ ਨੇ ਸੋਚਿਆ ਕਿ ਇਹ ਤਾਂ ਕੋਈ ਬਹੁਤ ਵੱਡੇ ਮਹਾਤਮਾ ਆ ਗਏ ਜਿਨ੍ਹਾਂ ਨੇ ਮੇਰੀ ਚੰਚਲ ਬਿਰਤੀ, ਮੇਰੇ ਪਾਰ, ਮੇਰੇ ਮਨ ਦਾ ਖਿੰਡਾਓ ਸਾਰਾ ਹੀ ਦੂਰ ਕਰ ਦਿੱਤਾ। ਉਸ ਵੇਲੇ ਜਾ ਕੇ ਚਰਨਾਂ ਤੇ ਮੱਥਾ ਟੇਕਿਆ। ਕਹਿਣ ਲੱਗੀ ਕਿ ਮਹਾਂਪੁਰਸ਼ੋਂ! ਖੜ੍ਹੋ! ਉਹ ਕਹਿਣ ਲੱਗੇ, "ਬੀਬਾ! ਇਹ ਜਨਮ ਮਸਾਂ ਮਿਲਿਆ ਹੈ, ਸੰਭਾਲ ਲੈ ਜੇ ਸੰਭਾਲਿਆ ਜਾਂਦਾ ਹੈ।" ਕਹਿੰਦੀ, "ਮਹਾਰਾਜ! ਮੈਂ ਹੁਣੇ ਆਈ।" ਅੰਦਰ ਗਈ, ਰੁਪਈਏ ਹੁੰਦੇ ਸੀ ਚਾਂਦੀ ਦੇ, ਥਾਲ ਭਰ ਲਿਆ, ਉਤੇ ਬਸਤ੍ਰ ਰੱਖ ਲਏ। ਮਹਾਂਪੁਰਸ਼ ਐਨੀ ਗੱਲ ਕਹਿ ਕੇ ਤੁਰ ਗਏ। ਐਨਾ ਅਸਰ ਹੋਇਆ ਕਿ ਉਸੇ ਵੇਲੇ ਘਰ ਉਸੇ ਤਰ੍ਹਾਂ ਖੁੱਲ੍ਹਾ ਛੱਡ ਕੇ ਪਿੱਛੇ ਨੱਠੀ ਜਾਂਦੀ ਹੈ, ਪੁੱਛਦੀ ਜਾਂਦੀ ਹੈ ਕਿ ਏਧਰ ਕੋਈ ਸੰਤ ਗਿਆ ਛੋਟੀ ਜਿਹੀ ਉਮਰ ਦਾ। ਐਨੇ ਨੂੰ ਉਹ ਇਕ ਅੱਧਾ ਮੀਲ ਬਾਹਰ ਨਿਕਲ ਗਏ, ਉਥੇ ਜਾ ਕੇ ਉਹ ਵੀ ਰਲ ਗਈ ਤੇ ਬੋਲਦੀ ਆ ਰਹੀ ਹੈ, "ਬਾਬਾ ਜੀ! ਠਹਿਰ ਜਾਓ! ਬਾਬਾ ਜੀ ਠਹਿਰ ਜਾਓ!!"

ਉਹ ਵੇਸ਼ਵਾ ਰਹੀ ਹੀ ਨਾ, ਇਕ ਨਿਗ੍ਹਾ ਵਿਚ ਹੀ ਸਾਫ ਕਰ ਦਿੱਤੀ। ਉਸ ਵੇਲੇ ਜਾ ਕੇ ਉਹ ਥਾਲ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਰੱਖ ਦਿੱਤਾ।

ਮਹਾਂਪੁਰਸ਼ ਕਹਿਣ ਲੱਗੇ, "ਬੀਬਾ! ਇਹ ਅਜੇ ਨਹੀਂ ਅਸੀਂ ਲੈਣਾ, ਲਵਾਂਗੇ, ਰੱਖ ਅਮਾਨਤ ਹੈ ਸਾਡੀ, ਜਦੋਂ ਸੁੱਧ ਹੋ ਜਾਏਗਾ ਉਦੋਂ ਲਵਾਂਗੇ, ਅਜੇ ਮੈਲਾ ਹੈ ਇਹ।"

ਆਪ ਨੇ ਥਾਲ ਮੋੜ ਦਿੱਤਾ ਤੇ ਹਜ਼ੂਰ ਸਾਹਿਬ ਨੂੰ ਜਾ ਰਹੇ ਸੀ ਇਕੱਲੇ ਹੀ। ਜਦੋਂ ਵਿਧਿਆਂਚਲ ਪਰਬਤ ਤੇ ਪਹੁੰਚੇ, ਮੱਧ ਪ੍ਰਦੇਸ਼ ਵਿਚ ਉਥੋਂ ਦੇ ਸ਼ੇਰ (ਆਦਮਖੋਰ) ਸਨ। ਸ਼ੇਰ ਹੁਣ ਵੀ ਉਥੇ ਬਹੁਤ ਰਹਿੰਦੇ ਨੇ। ਸ਼ਾਮ ਹੋ ਰਹੀ ਸੀ, ਪਹਾੜੀਏ ਨੇੜੇ-ਤੇੜੇ ਦੇ ਪਿੰਡਾਂ ਵਾਲੇ ਨੱਠੇ ਜਾ ਰਹੇ ਸੀ, ਸਿਰਾਂ ਤੇ ਬੋਝੇ ਚੁੱਕੇ ਹੋਏ ਸੀ। ਇਨ੍ਹਾਂ ਨੂੰ ਵੀ ਕਹਿੰਦੇ ਕਿ ਬਾਲ-ਯੋਗੀ ਛੇਤੀ ਚਲੋ ਇਥੋ। ਏਨੇ ਨੂੰ ਇਨ੍ਹਾਂ ਨੂੰ ਪਾਣੀ ਨਜ਼ਰ ਆ ਗਿਆ, ਥੋੜ੍ਹਾ ਜਿਹਾ ਪਾਣੀ ਸੀ ਪਹਾੜੀ ਵਿਚ ਘਿਰਿਆ ਹੋਇਆ।

ਕਹਿੰਦੇ, "ਅਸੀਂ ਤਾਂ ਏਥੇ ਹੀ ਰਹਾਂਗੇ।"

ਪਿੰਡ ਵਾਲੇ ਕਹਿਣ ਲੱਗੇ, "ਗਲਤੀ ਨਾ ਕਰੋ, ਇਥੇ ਹਰ ਤਰ੍ਹਾਂ ਦਾ ਸ਼ੇਰ ਹੈ ਤੇ ਆਦਮਖੋਰ ਵੀ ਨੇ। ਉਹ ਤੁਹਾਡਾ ਕੋਈ ਜਾਨੀ ਨੁਕਸਾਨ ਕਰ ਦੇਣਗੇ। ਸਾਡੇ ਨਾਲ ਚਲੋ, ਅਸੀਂ ਤਾਂ ਰਾਤ ਨੂੰ ਅੱਗ ਜਾਲਦੇ ਹਾਂ ਸਾਰੀਆਂ ਗਲੀਆਂ ਵਿਚ, ਤਾਂ ਅਸੀਂ ਬਚਦੇ ਹਾਂ ਤੇ ਸੂਰਜ ਛਿਪਣ ਵਾਲਾ ਹੈ, ਹੁਣੇ ਨਿਕਲ ਆਉਣਗੇ ਸਾਰੇ ਹੀ।"

ਮਹਾਂਪੁਰਸ਼ ਕਹਿਣ ਲੱਗੇ, "ਕੋਈ ਨਾ।"

ਰਾਤ ਭਰ ਸਮਾਧੀ ਲਾਈ ਉਥੇ ਬਹਿ ਕੇ ਪਾਣੀ ਦੇ ਕੰਢੇ, ਪਿੰਡ ਵਾਲੇ ਸਵੇਰੇ ਦਿਨ ਚੜ੍ਹੇ ਆਏ ਤੇ ਆਪਸ ਵਿਚ ਕਹਿਣ ਲੱਗੇ ਕਿ ਚਲੋ! ਉਸ ਬਾਲ ਯੋਗੀ ਦਾ ਹਾਲ ਦੇਖੀਏ, ਖਾ ਗਏ ਹੋਣਗੇ ਸ਼ੇਰ ਉਸ ਨੂੰ ਤਾਂ। ਉਥੇ ਆਏ ਤਾਂ ਦੇਖਿਆ ਬਾਲ ਯੋਗੀ ਉਵੇਂ ਜਿਵੇਂ ਸਮਾਧੀ ਵਿਚ ਬੈਠੇ ਨੇ ਤੇ ਆਲੇ ਦੁਆਲੇ ਸ਼ੇਰਾਂ ਦੀਆਂ ਪੈੜਾਂ ਪਈਆਂ ਹੋਈਆਂ ਨੇ। ਪੈੜੂ ਕਹਿੰਦੇ ਕਿ ਸੁੰਘਿਆ ਹੋਇਆ ਹੈ ਇਨ੍ਹਾਂ ਨੂੰ। ਨੇੜੇ ਆ ਗਏ ਤੇ ਕਹਿਣ ਲੱਗੇ ਕਿ ਬਾਬਾ ਜੀ! ਤੁਹਾਨੂੰ ਤਾਂ ਕੁਝ ਨਹੀਂ ਕਿਹਾ ਸ਼ੇਰਾਂ ਨੇ। ਕੀ ਗੱਲ ਹੈ? ਕਿਹੜੀ ਵਜ੍ਹਾ ਹੈ ਜਿਸ ਕਰਕੇ ਤੁਹਾਨੂੰ ਸ਼ੇਰਾਂ ਨੇ ਕੁਝ ਨਹੀਂ ਕਿਹਾ? ਉਹ ਤਾਂ ਖਾ ਜਾਂਦੇ ਨੇ।

ਮਹਾਂਪੁਰਸ਼ ਕਹਿੰਦੇ, "ਭਾਈ! ਜੇ ਤੁਹਾਨੂੰ ਭੁੱਖ ਲੱਗੀ ਹੋਵੇ ਤਾਂ ਤੁਸੀਂ ਆਪਣੀ ਬਾਂਹ ਖਾ ਜਾਓਗੇ? ਪੱਟ ਖਾ ਜਾਓਗੇ?"

ਉਹ ਕਹਿੰਦੇ, "ਨਹੀਂ, ਮਹਾਰਾਜ!"

ਕਹਿਣ ਲੱਗੇ, "ਆਹੀ ਗੱਲ ਹੈ ਫੇਰ। ਇਹ ਤੁਹਾਡੀ ਸਮਝ ਵਿਚ ਨਹੀਂ ਆਉਣੀ। ਸਾਨੂੰ ਪ੍ਰਮੇਸ਼ਰ ਤੋਂ ਬਗੈਰ ਹੋਰ ਕੋਈ ਨਜ਼ਰ ਹੀ ਨਹੀਂ ਆਉਂਦਾ।" ਇਹ 'ਸਤਿ' ਹੈ, ਇਹ ਕੋਈ ਐਵੇਂ ਹੀ ਬਾਤ ਨਹੀਂ ਹੈ ਕਿ ਆਪਾਂ ਫਰਜ਼ ਕਰ ਲੇਈਏ। ਇਹ ਤਾਂ ਹੈ 'ਸਤਿ' ਤੇ ਜਿਹੜਾ ਕੁਝ ਅਸੀਂ ਦੇਖਦੇ ਹਾਂ ਇਹ 'ਅਸਿਤ' ਹੈ, ਝੂਠੀ ਨਿਗ੍ਹਾ ਹੈ ਸਾਡੀ। ਹੈ ਇਕ ਹੀ।

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***
***(ਤ੍ਵਪ੍ਰਸਾਦਿ ਸ੍ਵਯੇ)***

ਉਹ ਆਪੇ ਹੀ ਆਪਣੀ ਖੇਲ੍ਹ ਕਰਕੇ ਸੰਸਾਰ ਬਣ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜਦੋਂ ਗੋਰਖਨਾਥ ਨੂੰ ਮਿਲੇ। ਉਥੇ ਉਸ ਨੇ ਮਹਾਰਾਜ ਜੀ ਤੇ ਬੜੇ ਸਵਾਲ ਕਰੇ। ਉਹ ਕਹਿਣ ਲੱਗੇ ਕਿ ਹੇ ਨਾਨਕ! ਤੇਰਾ ਮੱਤ ਇਹ

ਹੈ ਕਿ ਇਥੇ 'ਏਕੰਕਾਰ' ਤੋਂ ਬਗੈਰ ਹੋਰ ਕੋਈ ਹੈ ਹੀ ਨਹੀਂ।

ਮਹਾਰਾਜ ਜੀ ਕਹਿੰਦੇ, "ਠੀਕ ਹੈ, ਹੋਰ ਕੁਝ ਹੈ ਹੀ ਨਹੀਂ।"

ਉਨ੍ਹਾਂ ਦਾ ਮੱਤ ਇਹ ਸੀ ਕਿ ਇਥੇ ਪ੍ਰਾਕਿਰਤੀ ਵੀ ਹੈ ਤੇ ਚੇਤਨ ਤੱਤ ਵੀ ਹੈ। ਦੋ ਮੰਨਦੇ ਸਨ ਤੇ ਤੀਸਰਾ ਮੰਨਦੇ ਸਨ ਕਿ ਜੀਵ ਵੀ ਹੈ। ਰੌਲਾ ਪਿਆ ਹੋਇਆ ਸੀ ਕਿ ਇਕ ਜੀਵ ਹੈ, ਇਕ ਪ੍ਰਾਕਿਰਤੀ ਹੈ ਤੇ ਇਕ ਪ੍ਰਮੇਸ਼ਰ ਹੈ, ਪ੍ਰਮੇਸ਼ਰ ਨੂੰ 'ਚੇਤਨ ਤੱਤ' ਕਹਿੰਦੇ ਨੇ। ਮਹਾਰਾਜ ਜੀ ਕਹਿੰਦੇ ਕਿ ਨਹੀਂ ਇਥੇ ਕੇਵਲ ਇਕੋ ਹੀ ਹੈ, ਆਪੇ ਹੀ ਆਪ ਹੈ ਹੋਰ ਕੋਈ ਨਹੀਂ ਹੈ, ਆਪਣੇ ਆਪ ਹੀ ਹੈ ਉਹ।

ਉਹ ਕਹਿਣ ਲੱਗੇ ਕਿ ਫੇਰ ਸੰਸਾਰ ਕਿਥੋਂ ਬਣ ਗਿਆ? ਇਕ ਗੱਲ ਸਾਨੂੰ ਦੱਸੋ ਨਿਰਣਾ ਕਰਕੇ ਕਿ ਵਾਹਿਗੁਰੂ ਹੈ ਕੀ? ਮਹਾਰਾਜ ਜੀ ਕਹਿੰਦੇ ਕਿ ਸਤਿ-ਚਿਤ-ਅਨੰਦ-ਪ੍ਰਿਆ। ਪਿਆਰ ਕਰਨ ਵਾਲਾ ਹੈ ਉਹ, ਦਇਆਲ ਹੈ, ਸਤਿ ਹੈ, ਚੇਤਨ ਹੈ ਤੇ ਅਨੰਦ ਹੈ ਬਿਲਕੁਲ ਉਹ।

ਕਹਿਣ ਲੱਗੇ ਕਿ ਫੇਰ ਦੁਖ ਕਿਥੋਂ ਆ ਗਿਆ? ਜੇ ਰੱਬ ਹੀ ਹੈ ਸਾਰੇ ਤਾਂ ਫੇਰ ਇਹ ਦੁਖੀ ਦੁਨੀਆਂ ਹਾਏ! ਹਾਏ!! ਕਿਉਂ ਕਰਦੀ ਫਿਰਦੀ ਹੈ?

ਮਹਾਰਾਜ ਜੀ ਕਹਿੰਦੇ ਕਿ ਦੁੱਖ ਪ੍ਰਮੇਸ਼ਰ ਨੇ ਪੈਦਾ ਨਹੀਂ ਕਰਿਆ, ਇਹ ਜਿਹੜੇ ਜੀਵ ਬਣੇ ਨੇ, ਇਨ੍ਹਾਂ ਦਾ ਰੂਪ ਤਾਂ ਸਾਰਾ ਇਕੋ ਹੀ ਹੈ ਪਰ ਇਹ ਜੀਵ ਸਮੱਸ਼ਟ ਤੋਂ ਵਿਅਸ਼ਟ ਹੋ ਗਿਆ। ਸਮਅਸ਼ਟ ਕਹਿੰਦੇ ਨੇ, ਸਮੁੱਚਾ ਤੇ ਇਸ ਵਿਚੋਂ ਵੱਖਰਾ-ਵੱਖਰਾ ਹੋ ਕੇ ਇਕੱਲਤਾ ਆ ਗਈ। ਉਹ ਕਿਉਂ ਆ ਗਈ? ਕਹਿੰਦੇ 'ਹਉਮੈ' ਤੱਤ ਨੇ ਲਿਆ ਦਿੱਤੀ। ਜਿਸ ਕਰਕੇ ਇਹ ਆਦਮੀ 'ਮੈ' ਬਣ ਗਿਆ, 'ਮੈਂ' ਤੋਂ ਫੇਰ 'ਮੇਰਾ' ਬਣ ਗਿਆ। 'ਮੈ' ਤੇ 'ਮੇਰਾ' ਸਾਡੇ ਜੰਮਦਿਆਂ ਦੇ ਹੀ ਆ ਜਾਂਦਾ ਹੈ। ਮਾਤਾ ਦੇ ਗਰਭ ਵਿਚ ਕੁਝ ਸ਼ੁੱਧਤਾ ਹੁੰਦੀ ਹੈ, ਉਥੇ ਅਸੀਂ ਬੇਨਤੀਆਂ ਵੀ ਕਰਦੇ ਹਾਂ ਕਿ ਹੁਣ ਮੈਂ ਨਾਮ ਜਪਾਂਗਾ ਤੇ ਹੁਣ ਮੈਨੂੰ ਸਮਝ ਆ ਗਈ।

ਅਵਾਜ਼ ਆਉਂਦੀ ਹੈ ਕਿ ਨਹੀਂ! ਤੂੰ ਨਾਮ ਨਹੀਂ ਜਪ ਸਕਦਾ, ਉਥੇ ਮਾਇਆ ਬੜੀ ਪ੍ਰਬਲ ਹੈ -

***ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥***
***ਮਾਇਆ ਅਗਨਿ ਸਭ ਇਕੋ ਜੇਹੀ***
***ਕਰਤੈ ਖੇਲੁ ਰਚਾਇਆ॥***
***ਜਾ ਤਿਸੁ ਭਾਣਾ ਤਾ ਜੰਮਿਆ***
***ਪਰਵਾਰਿ ਭਲਾ ਭਾਇਆ॥***
***ਲਿਵ ਛੁੜਕੀ ਲਗੀ ਤ੍ਰਿਸਨਾ***
***ਮਾਇਆ ਅਮਰੁ ਵਰਤਾਇਆ॥ ਅੰਗ - 921***

ਪਹਿਲਾਂ ਹੀ ਦੇਖਦਾ ਕੀ ਹੈ ਕਿ ਮੈਨੂੰ ਦੁੱਧ ਦਿੱਤਾ ਹੈ ਇਸ ਨੇ -

***ਪਹਿਲੈ ਪਿਆਰਿ ਲਗਾ ਥਣ ਦੁਧਿ॥***
***ਦੂਜੈ ਮਾਇ ਬਾਪ ਕੀ ਸੁਧਿ॥***
***ਤੀਜੈ ਭਯਾ ਭਾਭੀ ਬੇਬ॥***
***ਚਉਥੈ ਪਿਆਰਿ ਉਪੰਨੀ ਖੇਡ॥ ਅੰਗ - 137***

ਇਸ ਦੇ ਵਿਚ ਹੀ ਭੁੱਲ ਜਾਂਦਾ ਹੈ ਆਦਮੀ। ਇਹ ਸਾਰੀ ਹਉਮੈਂ ਦੀ ਖੇਡ ਹੈ। ਮਹਾਰਾਜ ਜੀ ਕਹਿਣ ਲੱਗੇ ਕਿ ਹਉਮੈਂ ਕਰਕੇ ਹੀ ਸੰਸਾਰ ਦੇ ਵਿਚ ਦੁੱਖ ਨੇ, ਜੇ ਹਉਮੈ ਨਾ ਹੋਵੇ ਤਾਂ ਦੁਖ ਹੋਵੇ ਹੀ ਨਾ।

ਉਸ ਨੇ ਸੁਆਲ ਕਰਿਆ -

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
***ਕਿਤੁ ਕਿਤੁ ਦੁਖਿ ਬਿਨਸਿ ਜਾਈ॥ ਅੰਗ - 946***

ਕਿਹੜਾ ਤਰੀਕਾ ਹੈ ਜਿਸ ਦੇ ਨਾਲ ਸੰਸਾਰ ਦਾ ਦੁੱਖ ਖਤਮ ਹੋ ਜਾਏਗਾ? ਕਿਉਂ ਇਹ ਸੰਸਾਰ ਬਣਿਆ?

ਮਹਾਰਾਜ ਜੀ ਕਹਿੰਦੇ -

***ਹਉਮੈ ਵਿਚਿ ਜਗੁ ਉਪਜੈ ਪੁਰਖਾ ...............॥***
***ਅੰਗ - 946***

'ਹਉਮੈ' ਕਰਕੇ ਸੰਸਾਰ ਬਣ ਗਿਆ। ਹਉਮੈ ਅਭਿਮਾਨ ਨੂੰ ਨਹੀਂ ਕਹਿੰਦੇ, ਹਉਮੈ ਕਹਿੰਦੇ ਨੇ 'ਮੈਂ' ਤੇ 'ਮੇਰੇ' ਦਾ ਭਾਵ, ਆਪਣੇ ਆਪ ਨੂੰ ਵੱਖਰਾ ਸਮਝ ਲੈਣਾ। ਇਹ ਅਭਿਮਾਨ ਨਹੀਂ ਹੁੰਦਾ। ਇਹ ਜੀਵ ਅਭਿਮਾਨ ਆਪਣੇ-ਆਪ ਨੂੰ ਜੀਵ ਬਣਾ ਲੈਂਦਾ ਹੈ ਪ੍ਰਮੇਸ਼ਰ ਤੋਂ। ਕਹਿੰਦੇ ਇਸ ਦੇ ਵਿਚ ਸੰਸਾਰ ਬਣਦਾ ਹੈ ਤੇ ਜਦੋਂ ਇਹ ਭੁੱਲ ਜਾਂਦਾ ਹੈ ਗਿਆਨ ਨੂੰ, ਉਸ ਵੇਲੇ ਦੁੱਖ ਸ਼ੁਰੂ ਹੋ ਜਾਂਦਾ ਹੈ। ਜੇ ਦੁਖ ਦਾ ਦੁਨੀਆਂ ਵਿਚ ਕੋਈ ਇਲਾਜ ਹੈ ਉਹ ਪ੍ਰਮੇਸ਼ਰ ਦਾ ਨਾਮ ਹੈ। ਜਿਸ ਦੇ ਅੰਦਰ ਨਾਮ ਰਵ ਜਾਏਗਾ ਉਹ ਦੁਖੀ ਨਹੀਂ ਹੁੰਦਾ ਚਾਹੇ ਉਸ ਦੀ ਖੋਪਰੀ ਲਹਿ ਰਹੀ ਹੈ, ਚਾਹੇ ਉਹ ਸੂਲੀ ਤੇ ਚੜ੍ਹ ਰਿਹਾ ਹੈ, ਚਾਹੇ ਉਸ ਨੂੰ ਫੱਟਿਆਂ ਵਿਚ ਬੰਨ੍ਹ ਕੇ ਚੀਰ ਰਹੇ ਨੇ, ਐਸੀਆਂ ਮਿਸਾਲਾਂ ਆਉਂਦੀਆਂ ਨੇ ਕਿ ਪਾਣੀ ਵਿਚ ਉਬਾਲ ਰਹੇ ਨੇ। ਉਹ ਪਾਣੀ ਨੂੰ ਵੀ ਦੇਖ ਰਹੇ ਨੇ -

***ਆਪੇ ਪਾਵਕੁ ਆਪੇ ਪਵਨਾ॥***
***ਜਾਰੈ ਖਸਮੁ ਤ ਰਾਖੈ ਕਵਨਾ॥ ਅੰਗ - 329***

ਸੋ ਏਸ ਤਰ੍ਹਾਂ ਦੇ ਨਾਲ ਜਿਹੜੀ ਮੈਂ ਬੇਨਤੀ ਕਰੀ ਹੈ ਕਿ ਜੇ ਤਾਂ ਇਹ ਗੱਲ ਸਮਝ ਵਿਚ ਆ ਜਾਵੇ, ਉਸ ਤੇ ਅਸੀਂ ਚੱਲ ਸਕੀਏ ਫੇਰ ਤਾਂ ਹੈ ਸਾਡਾ ਪੰਛੀ ਮਾਰਗ। ਆਹ ਦਰਖਤ ਦੇ ਸਿਰੇ ਤੇ ਕੋਈ ਫਲ ਲੱਗਿਆ ਹੋਇਆ ਹੈ। ਹੁਣ ਦੋ ਰਸਤੇ ਨੇ। ਇਕ ਤਾਂ ਪੰਛੀ ਨੇ ਦੇਖ ਲਿਆ

ਕਿ ਫਲ ਲੱਗਿਆ ਹੋਇਆ ਹੈ, ਉਡਾਰੀ ਮਾਰੀ ਤੇ ਸਿੱਧਾ ਹੀ ਉਥੇ ਜਾਏਗਾ। ਦੂਸਰਾ ਹੈ ਕੀੜੀ ਮਾਰਗ, ਕੀੜੀ ਨੂੰ ਵੀ ਸੁਗੰਧੀ ਆ ਜਾਂਦੀ ਹੈ। ਕੀੜੀ ਹੌਲੀ-ਹੌਲੀ ਤੁਰੀ ਜਾਂਦੀ ਹੈ। ਇਥੇ ਸਾਡੇ ਪੈਰਾਂ ਥੱਲੇ ਹੀ ਆ ਜਾਏਗੀ, ਉਸ ਤੋਂ ਲੰਘ ਹੀ ਨਹੀਂ ਹੋਣਾ। ਉਸ ਨੂੰ ਕਿਹੜਾ ਪਤਾ ਹੈ ਕਿ ਏਧਰ ਰਾਹ ਖੁੱਲ੍ਹਾ ਹੈ। ਜੇ ਏਥੋਂ ਵੀ ਬਚ ਗਈ ਤਾਂ ਅੱਗੇ ਪਾਣੀ ਹੋਇਆ ਤਾਂ ਉਥੇ ਹੀ ਡੁੱਬ ਜਾਏਗੀ। ਜੇ ਉਥੋਂ ਵੀ ਬਚ ਗਈ ਤਾਂ ਫੇਰ ਕਿਤੇ ਦਰਖਤ ਤੇ ਚੜ੍ਹ ਸਕੇਗੀ। ਯਾਨੀ ਇਹ ਹੱਦ ਤੋਂ ਔਖਾ ਰਾਹ ਹੈ। ਜਿਹੜਾ ਪਹਿਲਾ ਰਾਹ ਹੈ ਇਹ ਸੁਖਾਲਾ ਹੈ ਪਰ ਇਹ ਪੂਰੇ, ਸਮਰੱਥ ਗੁਰੂ ਤੋਂ ਬਗੈਰ ਪ੍ਰਗਟ ਨਹੀਂ ਹੋਇਆ ਕਰਦਾ, ਫੰਗ (ਖੰਭ) ਨਹੀਂ ਮਿਲਦੇ ਉਡਣ ਦੇ ਜਿੰਨਾ ਚਿਰ ਸਮਰੱਥ ਗੁਰੂ ਨਾ ਮਿਲੇ। ਇਸ ਕਰਕੇ ਇਹ ਵੀ ਔਖਾ ਹੈ। ਗੁਰਬਾਣੀ ਤਾਂ ਦੱਸੀ ਜਾਂਦੀ ਹੈ ਕਿ -

***ਕਬੀਰ ਸਾਚਾ ਸਤਿਗੁਰੁ ਕਿਆ ਕਰੈ***
***ਜਉ ਸਿਖਾ ਮਹਿ ਚੂਕ॥ ਅੰਗ - 1372***

ਸਿੱਖ ਮੰਨਦੇ ਹੀ ਨਹੀਂ ਸਤਿਗੁਰੂ ਕੀ ਕਰੇ, ਸਤਿਗੁਰੂ ਤਾਂ ਰਾਹ ਪਾਉਂਦਾ ਹੈ। ਸੋ ਏਸ ਕਰਕੇ ਸਾਡਾ ਇਹ ਜਿਹੜਾ ਜਨਮ ਹੋਇਆ ਹੈ ਸਾਧ ਸੰਗਤ ਜੀ! ਇਹ ਤ੍ਰਾਸੀ ਲੱਖ ਨੜ੍ਹਿਨਵੇਂ ਹਜ਼ਾਰ ਨੌਂ ਸੌ ਨੜ੍ਹਿਨਵੇਂ ਸਰੀਰਾਂ ਦੇ ਵਿਚ ਇਹ ਰੂਹ ਘੁੰਮਦੀ-ਘੁੰਮਦੀ ਇਹ ਮਨੁੱਖ ਦੇ ਜਾਮੇ ਵਿਚ ਆ ਗਈ। ਇਹ ਐਵੇਂ ਹੀ ਨਹੀਂ ਹੈ, ਇਹ ਅਮੁੱਲ ਹੈ, ਜਿਹੜਾ ਸਰੀਰ ਹੈ -

***ਕਬੀਰ ਮਾਨਸ ਜਨਮੁ ਦੁਲੰਭੁ ਹੈ***
***ਹੋਇ ਨ ਬਾਰੈ ਬਾਰ॥ ਅੰਗ - 1366***

ਇਹ ਵਾਰ ਵਾਰ ਨਹੀਂ ਹੋਣਾ। ਇਕ ਵਾਰੀ ਮਿਲ ਕੇ ਹੱਥੋਂ ਛੁਟ ਗਿਆ ਤਾਂ ਗਿਆ ਫੇਰ। ਅਸੀਂ ਫੇਰ ਕੰਮ ਕੀ ਕਰਨਾ ਹੈ? ਮਹਾਰਾਜ ਜੀ ਕਹਿੰਦੇ ਰੋਜ਼ ਕਹੋ। ਕਹਿੰਦੇ ਮਹਾਰਾਜ! ਇਕ ਵਾਰੀ ਗੱਲ ਕਹੀ ਹੋਈ ਸਮਝ ਆ ਜਾਂਦੀ ਹੈ ਰੋਜ਼ ਕੀ ਕਹਿਨਾ ਹੈ। ਮਹਾਰਾਜ ਜੀ ਕਹਿੰਦੇ ਕਿ ਤੁਹਾਡੇ ਯਾਦ ਹੀ ਨਹੀਂ ਰਹਿੰਦਾ-

***ਧਾਰਨਾ - ਏਹੋ ਤੇਰੀ ਵਾਰੀ ਐ,***
***ਗੋਬਿੰਦ ਮਿਲਣੇ ਕੀ -2, 2.***

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅੰਗ - 12***

ਕਿਹੜਾ ਸਿੰਘ ਹੈ ਜਿਹੜਾ ਇਸ ਨੂੰ ਰੋਜ ਨਹੀਂ ਪੜ੍ਹਦਾ? ਵਾਰੀ ਤਾਂ ਲੰਘੀ ਜਾ ਰਹੀ ਹੈ। ਜਿਮੀਦਾਰ ਨੂੰ ਇਹ ਗੱਲ ਛੇਤੀ ਸਮਝ ਵਿਚ ਆ ਜਾਂਦੀ ਹੈ ਜਿਹੜੇ ਨਹਿਰਾਂ ਤੇ ਖੇਤੀ ਕਰਦੇ ਨੇ। ਨਹਿਰਾਂ ਚਲਦੀਆਂ ਨੇ, ਮੋਘੇ ਤੇ ਜਿੰਨੇ ਖੇਤ ਹੁੰਦੇ ਨੇ ਉਨੇ ਏਕੜਾਂ ਤੇ ਹਫਤੇ ਭਰ ਦੀਆਂ ਵਾਰੀਆਂ ਬਣਾ ਕੇ ਵੰਡ ਲੈਂਦੇ ਨੇ ਕਿ ਮੇਰੇ ਐਨੇ ਮਿੰਟ, ਤੇਰੇ ਐਨੇ ਮਿੰਟ, ਜ਼ਿਆਦਾ ਜ਼ਮੀਨ ਵਾਲੇ ਨੂੰ ਜ਼ਿਆਦਾ ਸਮਾਂ ਤੇ ਥੋੜ੍ਹੀ ਵਾਲੇ ਨੂੰ ਥੋੜ੍ਹਾ ਸਮਾਂ ਮਿਲਦਾ ਹੈ। ਹੁਣ ਪਹਿਲਾਂ ਹੀ ਤਿਆਰੀ ਕਰਦਾ ਹੈ ਆਦਮੀ। ਇਕ ਬੰਦੇ ਨੂੰ ਪਤਾ ਲੱਗ ਗਿਆ ਕਿ ਧਾਨ ਸੁੱਕੇ ਪਏ ਨੇ ਤੇ ਵਾਰੀ ਆਉਣ ਵਾਲੀ ਹੈ ਖਾਲਾਂ ਵਗੈਰਾ ਸਾਫ ਕਰ ਲਈਏ ਕਿਤੇ ਪਾਣੀ ਲੀਕ ਨਾ ਕਰ ਜਾਵੇ, ਪੂਰਾ ਪਾਣੀ ਖੇਤ ਵਿਚ ਜਾਣਾ ਚਾਹੀਦਾ ਹੈ। ਪਾਣੀ ਨਾਲ ਵਾਲੇ ਦੇ ਪੈ ਰਿਹਾ ਹੈ। ਏਧਰ ਦੋ ਚਾਰ ਨੌਕਰ ਨੇ, ਜਾ ਕੇ ਸ਼ਰਾਬ ਦੀਆਂ ਬੋਤਲਾਂ ਲੈ ਗਿਆ, ਪੀਣੀ ਸ਼ੁਰੂ ਕਰ ਦਿੱਤੀ। ਬੈਠੇ ਪੀਈ ਗਏ। ਸ਼ਰਾਬੀ ਦਾ ਇਹ ਹੁੰਦਾ ਹੈ ਕਿ ਜਿੰਨੀ ਪੀਏਗਾ ਉਹ ਇਹ ਕਹੇਗਾ ਕਿ ਮੈਨੂੰ ਤਾਂ ਨਸ਼ਾ ਹੀ ਨਹੀਂ ਚੜ੍ਹਦਾ। ਦੂਜੇ ਕਹੀ ਜਾਣਗੇ ਕਿ ਤੈਨੂੰ ਨਸ਼ਾ ਹੋ ਗਿਆ ਜ਼ਿਆਦਾ ਨਾ ਪੀ। ਉਹ ਕਹਿੰਦਾ ਮੈਨੂੰ ਨਹੀਂ ਚੜ੍ਹਦਾ ਹੋਰ ਪੀ ਲਏਗਾ। ਅਖੀਰ ਪੀ ਕੇ ਪਏ ਰਹੇ। ਜਿਹੜਾ ਪਾਣੀ ਲਾਉਂਦਾ ਸੀ ਉਸ ਨੇ ਪਾਣੀ ਆਪਣੇ ਖੇਤਾਂ ਨੂੰ ਲਾ ਕੇ ਨੱਕਾ ਕੱਟ ਦਿੱਤਾ। ਜਿਹੜਾ ਉਨ੍ਹਾਂ ਤੋਂ ਬਾਅਦ ਵਾਲਾ ਸੀ ਸ਼ਰਾਬੀਆਂ ਤੋਂ, ਯਾਨੀ ਤੀਸਰੇ ਨੰਬਰ ਵਾਲਾ ਉਸ ਨੇ ਸੋਚਿਆ ਕਿ ਇਹ ਤਾਂ ਮਸਤ ਪਏ ਨੇ, ਇਸ ਦਾ ਨੱਕਾ ਕੱਟ ਦਿਓ ਆਪੇ ਪਾਣੀ ਆਈ ਜਾਏਗਾ, ਮਾੜਾ ਮੋਟਾ ਇਸ ਦੇ ਖੇਤ ਵਿਚ ਵੀ ਜਾਂਦਾ ਰਹੇਗਾ ਤੇ ਨਾਲ ਰੌਲਾ ਨਹੀਂ ਪਾਏਗਾ। ਜਦੋ ਹੋਸ਼ ਆਈ ਉਦੋਂ ਤੱਕ ਵਾਰੀ ਲੰਘ ਗਈ। ਫੇਰ ਨੱਠਿਆ ਫਿਰਦਾ ਹੈ ਕਿ ਮੇਰੀ ਵਾਰੀ ਕਿਸ ਨੇ ਲੈ ਲਈ। ਪਹਿਲਾ ਕਹਿੰਦਾ ਕਿ ਮੈਂ ਤਾਂ ਨੱਕਾ ਕੱਟ ਦਿੱਤਾ ਸੀ, ਦੂਜਾ ਕਹਿੰਦਾ ਮੈਂ ਤਾਂ ਉਡੀਕ ਰਿਹਾ ਹਾਂ ਕਿ ਪਾਣੀ ਆਏਗਾ ਤਾਂ ਲਾਵਾਂਗਾ। ਤੇਰਾ ਨੱਕਾ ਟੁੱਟ ਗਿਆ ਹੋਏਗਾ ਤਾਂ ਮੇਰੇ ਖੇਤ ਵਿਚ ਆਈ ਗਿਆ। ਸਿੱਧੀ ਗੱਲ ਹੈ ਇਹ ਕਿ ਸਾਨੂੰ ਇਹ ਵਾਰੀ ਮਿਲੀ ਹੈ, ਗਿਣ ਕੇ ਸੁਆਸ ਦਿੱਤੇ ਹੋਏ ਨੇ।

***ਛਨਿ ਘਾਲੇ ਸਭ ਦਿਵਸ ਸਾਸ***
***ਨਹ ਬਢਨ ਘਟਨ ਤਿਲੁ ਸਾਰ॥ ਅੰਗ - 254***

ਇਕ ਤਿਲ ਜਿੰਨਾ ਵਧਣਾ ਨਹੀਂ ਹੈ ਤਿਲ ਜਿੰਨਾ ਘਟਣਾ ਨਹੀਂ ਹੈ ਇਉਂ ਗਿਣ ਕੇ ਭੇਜੇ ਹੋਏ ਨੇ-

***ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ॥***
***ਅੰਗ - 254***

ਫੇਰ ਕਹਿੰਦਾ ਕਿ ਇਨ੍ਹਾਂ ਗਿਣੇ ਹੋਏ ਸੁਆਸਾਂ ਤੋਂ ਬਾਅਦ ਮੈਨੂੰ ਹੋਰ ਮਿਲ ਜਾਣ। ਮਹਾਰਾਜ ਜੀ ਕਹਿੰਦੇ ਗਵਾਰ ਹੈ ਤੂੰ ਤਾਂ। ਇਹ ਤਾਂ ਸਾਰਾ ਮਿਥਿਆ ਹੋਇਆ ਪ੍ਰੋਗਰਾਮ ਚੱਲ ਰਿਹਾ ਹੈ। ਜਿਥੇ ਤੂੰ ਅੱਗੇ ਜਾਣਾ ਹੈ ਉਹ ਸੁਆਸ ਵੀ ਗਿਣ ਦਿੱਤੇ ਗਏ ਨੇ। ਉਸ ਤੋਂ ਅੱਗੇ ਜਿਥੇ ਜਾਣਾ ਹੈ ਉਸ ਦੇ ਵੀ ਗਿਣ ਦਿੱਤੇ ਗਏ ਨੇ। ਇਹ ਘਟਣੇ ਵਧਣੇ ਨਹੀਂ ਹਨ ਕਦੇ ਵੀ। ਲੰਘ ਜਾਣਾ ਹੈ

ਸਮਾਂ। ਲੰਘਦਾ ਵੀ ਕਿੰਨਾ ਹੈ? ਚੌਵੀ ਹਜ਼ਾਰ ਸੁਆਸ ਹਰ ਰੋਜ਼ ਲੰਘਦਾ ਹੈ, ਕਿਸ ਲੇਖੇ ਵਿਚ ਲਗਦਾ ਹੈ –

***ਬੈਰ ਬਿਰੋਧ ਕਾਮ ਕ੍ਰੋਧ ਮੋਹ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ॥***
***ਅੰਗ – 267***

ਕਈ ਵਾਰੀ ਮਨੁਖ ਬਣਿਆ। ਇਸੇ ਤਰ੍ਹਾਂ ਸਾਡੇ ਨਾਲ ਫੇਰ ਧੋਖਾ ਹੋ ਜਾਂਦਾ ਹੈ। ਕਹਿੰਦੇ ਹੁੰਦਾ ਕੀ ਹੈ? ਮਾਇਆ ਪ੍ਰਬਲ ਹੈ ਇਥੇ ਪ੍ਰਮੇਸ਼ਰ ਦੀ –

***ਲਿਵ ਛੁੜਕੀ ਲਗੀ ਤ੍ਰਿਸਨਾ***
***ਮਾਇਆ ਅਮਰੁ ਵਰਤਾਇਆ॥***
***ਏਹ ਮਾਇਆ ਜਿਤੁ ਹਰਿ ਵਿਸਰੈ***
***ਮੋਹੁ ਉਪਜੈ ਭਾਉ ਦੂਜਾ ਲਾਇਆ॥ ਅੰਗ – 921***

ਹੁਣ ਮਿਲਣ ਦਾ ਕੀ ਤਰੀਕਾ ਹੈ? ਪਹਿਲਾਂ ਤਾਂ ਮਿਲਣ ਦਾ ਪਤਾ ਹੋਣਾ ਚਾਹੀਦਾ ਹੈ ਕਿ ਮਿਲਨਾ ਕਿਸ ਨੂੰ ਹੈ? ਦੋ ਮਿਲ ਸਕਦੇ ਨੇ, ਇਕ ਗੁਰੂ ਮਿਲ ਸਕਦਾ ਹੈ ਦੂਜਾ ਰੱਬ। ਕੱਲ੍ਹ ਮੈਂ ਦੱਸਿਆ ਸੀ ਕਿ ਗੁਰੂ ਤੇ ਰੱਬ ਦੇ ਵਿਚ ਕੋਈ ਫਰਕ ਹੀ ਨਹੀਂ ਹੁੰਦਾ –

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ॥ ਅੰਗ – 442***

ਗੁਰੂ ਪ੍ਰਮੇਸ਼ਰ ਦਾ ਸਾਕਾਰ ਰੂਪ ਹੋ ਕੇ ਸੰਸਾਰ ਵਿਚ ਉਪਦੇਸ਼ ਦੇ ਰਿਹਾ ਹੁੰਦਾ ਹੈ, ਹੁੰਦਾ ਪ੍ਰਮੇਸ਼ਰ ਹੀ ਹੈ ਉਹ।

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥***
***ਅੰਗ – 273***

ਛੋਟੇ ਛੋਟੇ ਵਾਕ ਸਮਝਣ ਵਾਲੇ ਹਨ। ਸਾਡੇ ਜਾਂ ਤਾਂ ਗੁਰੂ ਮਿਲ ਸਕਦਾ ਹੈ, ਗੁਰੂ ਵੀ ਉਸੇ ਸਰੀਰ ਵਿਚ ਨਹੀਂ ਮਿਲਦਾ। ਉਹ ਤਾਂ ਸਰੀਰ ਕਿਸੇ ਨੇ ਜਲ ਪਰਵਾਹ ਕਰ ਦਿੱਤਾ, ਕਿਸੇ ਨੇ ਸਸਕਾਰ ਕਰ ਦਿੱਤਾ, ਉਹ ਸਰੀਰ ਕਿਥੋਂ ਆ ਜਾਏਗਾ? ਹੁਣ ਜਿਹੜੀ ਅਸਲੀ ਚੀਜ਼ ਹੈ ਉਹ ਹੈ ਜੋਤ, ਜੋਤ ਨੂੰ ਕਹਿੰਦੇ ਨੇ ਸ਼ਬਦ –

***ਸਬਦ ਮਿਲਾਵਾ ਹੋਤ ਹੈ ਦੇਹ ਮਿਲਾਵਾ ਨਾਹਿ॥***

ਇਹ ਹੋਏਗਾ ਤਾਂ ਜੇ ਇਹ ਆਪ ਖਤਮ ਹੋਏਗਾ। ਜਦੋਂ ਖਤਮ ਹੋਇਆ ਫੇਰ ਇਹ ਪ੍ਰਮੇਸ਼ਰ ਹੋ ਜਾਂਦਾ ਹੈ। ਇਕ ਮਹਾਂਪੁਰਸ਼ਾਂ ਕੋਲ ਜੋ ਸੂਫੀ ਫਕੀਰ ਸਨ ਇਕ ਮੁਸਲਮਾਨ ਆਇਆ ਪ੍ਰੇਮੀ। ਉਸ ਨੇ ਆਖਿਆ ਕਿ ਪੀਰ ਜੀ! ਮੈਂ ਖੁਦਾ ਨੂੰ ਮਿਲਣਾ ਹੈ, ਮੈਨੂੰ ਮਿਲਾ ਦਿਓ। ਉਹ ਕਹਿਣ ਲੱਗੇ ਕਿ ਦੇਖ ਭਾਈ! ਖੁਦਾ ਨੂੰ ਮਿਲਣ ਵਾਸਤੇ ਪਹਿਲਾਂ ਤਾਂ ਜਗਿਆਸੂ ਬਣਨਾ ਪੈਂਦਾ ਹੈ, ਫੇਰ ਸੇਵਾ ਕਰਨੀ ਪੈਂਦੀ ਹੈ, ਫੇਰ ਉਹ ਗੁਣ ਧਾਰਨੇ ਪੈਂਦੇ ਨੇ ਜਿਨ੍ਹਾਂ ਦੇ ਨਾਲ ਪਰਮੇਸ਼ਰ ਮਿਲਦਾ ਹੈ। ਐਨੀ ਛੇਤੀ ਤਾਂ ਮਿਲਦਾ ਨਹੀਂ।

ਕਹਿੰਦਾ, "ਨਹੀ ਜੀ! ਤੁਸੀਂ ਤਾਂ ਸਮਰੱਥ ਪੁਰਸ਼ ਹੋ। ਤੁਹਾਡੀ ਮੈਂ ਬੜੀ ਮਹਿਮਾ ਸੁਣੀ ਹੈ, ਤੁਸੀਂ ਤਾਂ ਆਉਂਦਿਆਂ ਨੂੰ ਮਿਲਾ ਦਿੰਦੇ ਹੋ।"

ਉਹ ਕਹਿੰਦੇ, "ਇਉਂ ਤਾਂ ਨਹੀਂ ਹੁੰਦਾ।"

ਕਹਿੰਦਾ, "ਨਹੀਂ ਜੀ! ਮੈਂ ਤਾਂ ਆਇਆ ਹੀ ਬੜੀ ਆਸ ਨਾਲ ਹਾਂ।"

ਮਹਾਤਮਾ ਕਹਿੰਦੇ, "ਚੰਗਾ! ਜੇ ਆਇਆ ਹੈ ਤਾਂ ਦਰਖਤ ਤੇ ਚੜ੍ਹ ਜਾਹ।"

ਉਹ ਦਰਖਤ ਤੇ ਚੜ੍ਹ ਗਿਆ, ਖਜੂਰ ਸੀ।

ਕਹਿੰਦਾ, "ਪੀਰ ਜੀ! ਹੁਣ ਕੀ ਹੁਕਮ ਹੈ?"

ਕਹਿੰਦੇ, "ਉਤੋਂ ਛਾਲ ਮਾਰ।"

ਜਦੋਂ ਛਾਲ ਮਾਰੀ ਵਿਚਾਲੇ ਹੀ ਕਹਿੰਦਾ, "ਹਉ ਮੂਆ।"

ਕਹਿੰਦੇ, "ਫੇਰ 'ਖੁਦਾ ਹੂਆ।"

ਰੌਲਾ ਹੀ 'ਮੈ' ਦਾ ਹੈ। 'ਮੈ' ਤੇ 'ਤੂੰ' ਦੋ ਚੱਲ ਰਹੇ ਨੇ –

***ਜਬ ਹਮ ਹੋਤੇ ਤਬ ਤੂ ਨਾਹੀ***
***ਅਬ ਤੂਹੀ ਮੈ ਨਾਹੀ॥ ਅੰਗ – 657***

ਜਦੋਂ 'ਤੂੰ' ਹੋ ਗਿਆ ਤਾਂ 'ਮੈ' ਖਤਮ ਹੋ ਗਿਆ। ਉਹ ਮਿਲ ਗਿਆ, ਉਹ ਮਿਲਿਆ ਹੋਇਆ ਹੀ ਹੈ ਪਹਿਲਾਂ, ਜਦੋਂ ਗਿਆਨ ਆ ਜਾਂਦਾ ਹੈ ਤਾਂ ਉਹ ਵੱਖਰਾਪਣ ਨਹੀਂ ਰਹਿੰਦਾ ਕਿਸੇ ਦਾ। ਇਹ ਚੀਜ਼ ਹੈ ਜਿਹੜੀ ਜ਼ਿੰਦਗੀ ਦੇ ਅੰਦਰ ਹਾਸਲ ਕਰਨੀ ਹੈ।

ਇਕ ਪ੍ਰੇਮੀ ਸੀ ਲਾਹੌਰ ਦੇ ਰਹਿਣ ਵਾਲਾ, ਬਹੁਤ ਅਮੀਰ ਸੀ। ਕਾਰੋਬਾਰ ਬਹੁਤ ਵਧੀਆ ਚਲਦਾ ਸੀ, ਹਕੀਮ ਸੀ ਬਹੁਤ ਜਬਰਦਸਤ। ਇਤਿਹਾਸ ਵਿਚ ਉਸ ਦਾ ਨਾਮ ਸੁਜਾਨ ਰਾਇ ਲਿਖਿਆ ਮਿਲਦਾ ਹੈ। ਉਸ ਦਾ ਇਕ ਮਿਤਰ ਗੁਰੂ ਮਹਾਰਾਜ ਜੀ ਦਾ ਅੰਨਿਨ ਭਗਤ ਸੀ, ਪੂਰੀ ਸ਼ਰਧਾ ਰਖਦਾ ਸੀ। ਨਾਮ ਜਪਦਾ ਸੀ, ਸ਼ਾਂਤ ਚਿੱਤ ਸੀ। ਇਕ ਦਿਨ ਸੁਜਾਨ ਰਾਇ ਉਸ ਪਾਸ ਆ ਕੇ ਕਹਿਣ ਲੱਗਾ, ਪਿਆਰੇ ਮਿਤਰ, ਮੈਨੂੰ ਸਾਰੇ ਸੁਖ ਦੁਨੀਆਂ ਦੇ ਮਿਲੇ ਹੋਏ ਨੇ। ਮੇਰੇ ਦੋ ਲੜਕੇ ਨੇ, ਬਹੁਤ ਸੁੰਦਰ, ਘਰਵਾਲੀ ਹੈ, ਬਹੁਤ ਸੁਸ਼ੀਲ ਹੈ, ਪੈਸੇ ਦਾ ਕੋਈ ਹਿਸਾਬ ਕਿਤਾਬ ਨਹੀਂ, ਇੱਜ਼ਤ ਮੇਰੀ ਬਹੁਤ ਹੈ ਪਰ ਮੈਨੂੰ ਇਹ ਨਹੀਂ ਪਤਾ ਲਗਦਾ ਕਿ ਮੇਰੇ ਮਨ ਦੇ ਵਿਚ ਸ਼ਾਂਤੀ ਕਿਉਂ ਨਹੀਂ ਹੈ? ਦੁਨੀਆਂ ਦੀ ਕੋਈ ਚੀਜ਼ ਨਹੀਂ ਜਿਹੜੀ ਮੇਰੇ ਕੋਲ ਨਾ ਹੋਵੇ। ਉਹ ਕਹਿੰਦੇ ਕਿ ਗੁਰੂ ਸਾਹਿਬ ਦਾ ਅਸੀਂ ਸਤਿਸੰਗ ਕਰਦੇ ਹਾਂ ਤੇ ਉਸ ਦੇ ਵਿਚ ਉਹ ਦਸਦੇ ਨੇ ਕਿ ਸ਼ਾਂਤੀ ਤਾਂ ਆਉਂਦੀ ਹੈ ਜੇ ਪ੍ਰਮੇਸ਼ਰ ਦੀ ਪ੍ਰਾਪਤੀ

ਹੋ ਜਾਵੇ। ਨਾਮ ਤੋਂ ਬਗੈਰ ਸਾਂਤੀ ਨਹੀਂ ਹੈ। ਉਹ ਕਹਿਣ ਲੱਗਿਆ ਕਿ ਰੱਬ ਦੇ ਮਿਲਣ ਦਾ ਕੋਈ ਰਾਹ ਵੀ ਹੈ? ਓਹੀ ਗੱਲ ਮੈਂ ਕਰਦਾ ਹਾਂ ਕਿ ਪਹਿਲਾਂ ਸਾਨੂੰ ਇਹ ਨਹੀਂ ਪਤਾ ਹੈ ਕਿ ਜਿਸ ਨੂੰ ਮਿਲਣਾ ਹੈ ਓਹ ਕਿਹੜੀ ਕੋਠੀ ਵਿਚ ਰਹਿੰਦਾ ਹੈ। ਚੰਡੀਗੜ੍ਹ ਚਲੇ ਜਾਓ ਜੇ ਕੋਠੀ ਦਾ ਨੰਬਰ ਨਾ ਹੋਵੇ ਤਾਂ ਫਿਰੀ ਜਾਓ। ਓਹੋ-ਜਿਹੇ ਹੀ ਘਰ ਨੇ, ਓਹੋ ਜਿਹੀਆਂ ਗਲੀਆਂ ਨੇ, ਇਕੋ ਜਹੀਆਂ ਸੜਕਾਂ ਨੇ। ਪਤਾ ਹੀ ਨਹੀਂ ਲਗਦਾ ਕਿ ਮੈਂ ਕਿਹੜੀ ਵਿਚ ਗਿਆ ਸੀ ਕਿਹੜੀ ਵਿਚ ਨਹੀਂ। ਜੇ ਇਕ ਵਾਰੀ ਗਿਆ ਵੀ ਹੈ ਤਾਂ ਦੂਜੀ ਵਾਰੀ ਭੁੱਲ ਜਾਂਦਾ ਹੈ। ਫੇਰ ਨੰਬਰ ਨਹੀਂ ਪਤਾ ਟੈਲੀਫੋਨ ਦਾ ਘੁਮਾਈ ਜਾਹ! ਟੈਲੀਫੋਨ ਜਿੰਨਾ ਜੀਅ ਕਰਦਾ ਹੈ ਉਥੇ ਪਹੁੰਚਣਾ ਹੀ ਨਹੀਂ। ਉਥੇ ਤਾਂ ਪਹੁੰਚੇਗਾ ਜਦੋਂ ਸਹੀ ਨੰਬਰ ਘੁਮਾਏਂਗਾ। ਹੁਣ ਉਸ ਦਾ ਸਹੀ ਪਤਾ ਪੁਛਣਾ ਪੈਂਦਾ ਹੈ। ਜਿਸ ਨੂੰ ਮੈਂ ਮਿਲਣਾ ਹੈ। ਏਸ ਤਰ੍ਹਾਂ ਦੇ ਨਾਲ ਪੜ੍ਹ ਲਓ -

***ਧਾਰਨਾ - ਮੈਨੂੰ ਦੱਸਿਓ ਪਿਆਰਿਓ,***
***ਕਿਵੇਂ ਰਾਮ ਮਿਲਦਾ -2, 2.***

ਸੁਆਲ ਕਰਿਆ ਕਿ ਚਲੋ ਮੈਂ 100% ਇਹ ਗੱਲ ਮੰਨ ਲਈ ਕਿ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥***
***ਸਰੰਜਾਮਿ ਲਾਗੁ ਭਵਜਲ ਤਰਨ ਕੈ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥***
***ਅੰਗ - 12***

ਜਿਸ ਨੂੰ ਪਸਾਉ ਕਹਿੰਦੇ ਨੇ -

***ਕੀਤਾ ਪਸਾਉ ਏਕੋ ਕਵਾਉ॥ ਅੰਗ - 4***

'ਕਵਾਉ' ਕਹਿੰਦੇ ਨੇ ਸ਼ਬਦ ਨੂੰ।

***ਤਿਸ ਤੇ ਹੋਏ ਲਖ ਦਰੀਆਉ॥ ਅੰਗ - 4***

ਸਿਰਫ ਇਕ ਵਾਰੀ ਸ਼ਬਦ ਕਰ ਦਿੱਤਾ ਹੁਣ ਤੱਕ ਧੁਨ ਉਸ ਦੀ ਚੱਲ ਰਹੀ ਹੈ। ਗੁਰੂ ਦਸਵੇਂ ਪਾਤਿਸ਼ਾਹ ਕਹਿੰਦੇ ਨੇ-

***ਪ੍ਰਥਮ ਓਅੰਕਾਰ ਤਿਨ ਕਹਾ***
***ਸੋ ਧੁਨ ਪੂਰ ਜਗਤ ਮੋ ਰਹਾ॥ ਦਸਮ ਗ੍ਰੰਥ***

ਇਹ 'ਓਅੰਕਾਰ' ਦੀ ਧੁਨ ਹੋਈ -

***ਏਕੰਕਾਰਹੁ ਸਬਦ ਧੁਨਿ***
***ਓਅੰਕਾਰ ਅਕਾਰੁ ਬਣਾਇਆ॥***
***ਭਾਈ ਗੁਰਦਾਸ ਜੀ ਦੀ ਵਾਰ 23/2***

ਉਸ ਸ਼ਬਦ ਧੁਨ ਦੇ ਨਾਲ ਸਾਰੀ ਸ੍ਰਿਸ਼ਟੀ ਕਰੋੜਾਂ ਹੀ ਬ੍ਰਹਿਮੰਡ ਕੁਝ ਮਿੰਟਾਂ ਸਕਿੰਟਾਂ ਵਿਚ ਹੀ ਬਣ ਗਏ, ਕੋਈ ਦੇਰ ਨਹੀਂ ਲੱਗੀ। ਸਾਇੰਸਦਾਨ ਤਾਂ ਕਹਿੰਦੇ ਕਿ ਹੌਲੀ-ਹੌਲੀ ਬਣਦਾ ਚਲਦਾ ਜਾ ਰਿਹਾ ਹੈ। ਇਨ੍ਹਾਂ ਦੇ ਆਪਣੇ ਹਿਸਾਬ ਨੇ। ਅਸੀਂ ਤਾਂ ਗੁਰੂ ਮਹਾਰਾਜ ਜੀ ਦੀ ਬਾਣੀ ਮੰਨਣੀ ਹੈ ਚਾਹੇ ਸਾਇੰਸ ਵਾਲੇ ਕੁਝ ਵੀ ਕਹੀ ਜਾਣ ਜਾਂ ਕੋਈ ਹੋਰ ਕੁਝ ਕਹੀ ਜਾਵੇ। ਗੁਰੂ ਮਹਾਰਾਜ ਜੀ ਕਹਿੰਦੇ ਕਿ ਇਕ ਕਵਾਉ ਤੇ ਹੀ ਸਾਰਾ ਕੁਝ ਹੋ ਗਿਆ, ਇਕ ਸ਼ਬਦ ਤੋਂ ਹੀ ਸਭ ਕੁਝ ਉਤਪੰਨ ਹੋ ਗਿਆ -

***ਏਕ ਕਵਾਵੈ ਤੇ ਸਭਿ ਹੋਆ॥ ਅੰਗ - 1003***

ਇਕ ਸ਼ਬਦ ਨਾਲ ਉਤਪਤੀ ਹੋ ਗਈ, ਹੁਣ ਹੋਇਆ ਕੀ? ਸਭ ਤੋਂ ਪਹਿਲਾਂ 'ਮੈ' ਤੱਤ ਬਣਿਆ ਜਿਸ ਨੂੰ **awareness** (ਚੇਤੰਨਤਾ) ਕਹਿੰਦੇ ਨੇ ਯਾਨੀ ਸੁਰਤ ਜਿਹੀ ਆ ਗਈ। ਉਸ ਸੁਰਤ ਨੇ ਆਪਣੇ ਆਪ ਨੂੰ ਪ੍ਰਕਿਰਤੀ ਨੂੰ ਪ੍ਰਮੇਸ਼ਰ ਨੇ ਦੂਜੇ ਨੰਬਰ ਤੇ ਰੱਖ ਦਿੱਤਾ। ਪ੍ਰਾਕਿਰਤੀ ਵਿਚ ਅਰਬਾਂ ਚਿੱਤ ਸਨ 'ਚੇਤਨ'। ਜਦੋਂ ਉਸ ਦੇ ਨਾਲ ਉਹ ਚੇਤਨ ਤੱਤ ਟੱਕਰਿਆ, ਫੇਰ ਉਹ 'ਮੈ' ਬਣ ਗਿਆ, ਹਰੇਕ 'ਮੈ' ਬਣ ਗਿਆ ਜਿੰਨੇ ਵੀ ਸਨ। ਸੀ ਤਾਂ ਸਮੁੱਚੇ ਰੂਪ ਵਿਚ ਵਾਹਿਗੁਰੂ। ਜੇ ਮੈਂ ਪੁੱਛਾਂ ਕਿ ਦਰਖਤ ਕੀ ਹੁੰਦਾ ਹੈ? ਮੈਨੂੰ ਹੱਥ ਲਾ ਕੇ ਦੱਸੋ। ਕਹਿਣਗੇ ਇਹ ਵੀ ਕੋਈ ਸੁਆਲ ਹੈ ਕਿ ਹੱਥ ਲਾ ਕੇ ਦੱਸੋ ਕਿ ਦਰਖਤ ਕੀ ਹੁੰਦਾ ਹੈ। ਕਰਕੇ ਦੇਖ ਲਓ, ਤੁਸੀਂ ਹੱਥ ਲਾਓ ਪੱਤੇ ਨੂੰ ਤੇ ਕਹੋ ਕਿ ਇਹ ਦਰਖਤ ਹੈ। ਦੂਜਾ ਕਹੇਗਾ ਬਿਲਕੁਲ ਨਹੀਂ, ਇਹ ਪੱਤਾ ਹੈ। ਟਾਹਣੀ ਨੂੰ ਹੱਥ ਲਾ ਦਿੱਤਾ ਕਿ ਇਹ ਹੈ ਦਰਖਤ। ਮੈਂ ਕਿਹਾ ਇਹ ਟਾਹਣੀ ਹੈ। ਤੁਸੀਂ ਆ ਕੇ ਤਣੇ ਨੂੰ ਹੱਥ ਲਾ ਦਿਤਾ ਕਿ ਆਹ ਦਰਖਤ ਹੈ। ਮੈਂ ਕਹਾਂਗਾ ਕਿ ਇਹ ਤਣਾ ਹੈ। ਤੁਸੀਂ ਹੋਰ ਅੱਗੇ ਵਧੇ ਤੇ ਉਲਝ ਹੀ ਗਏ ਕਿ ਦਰਖਤ ਦਾ ਹੀ ਨਹੀਂ ਪਤਾ ਲਗਦਾ। ਤੁਸੀਂ ਜੜ੍ਹਾਂ ਨੂੰ ਹੱਥ ਲਾ ਦਿੱਤਾ। ਮੈਂ ਕਿਹਾ ਕਿ ਇਹ ਤਾਂ ਜੜ੍ਹਾਂ ਨੇ। ਕਹਿੰਦੇ ਹੈ ਤਾਂ ਇਹ ਦਰਖਤ। ਮੈਂ ਕਿਹਾ ਕਿ ਤੁਸੀਂ ਤਾਂ ਹੱਥ ਨਹੀਂ ਨਾ ਲਾਇਆ ਦਰਖਤ ਨੂੰ। ਕਹਿੰਦੇ ਫੇਰ ਕੀ ਹੋਇਆ ਦਰਖਤ? ਮੈਂ ਕਿਹਾ ਕਿ ਉਰੇ ਆ। ਜਿਹੜਾ ਆਹ ਸਾਰਾ ਦਿਸਦਾ ਹੈ ਨਾ ਸਮੁੱਚਾ ਇਸ ਨੂੰ ਦਰਖਤ ਕਹਿੰਦੇ ਨੇ। ਆਹੀ ਹਾਲ ਸਾਡਾ ਹੋਇਆ। ਇਹ ਸਮੱਚਾ ਜਿਹੜਾ ਸੰਸਾਰ ਹੈ ਕਰੋੜਾਂ ਬ੍ਰਹਿਮੰਡਾਂ ਦਾ ਰਚਿਆ ਹੋਇਆ, ਇਹ ਹੈ ਤਾਂ ਵਾਹਿਗੁਰੂ ਸਾਰਾ ਹੀ ਪਰ ਇਸ ਦੇ ਵਿਚ ਜਿਵੇਂ ਪੱਤੇ ਹੋ ਗਏ ਦਰਖਤ ਦੇ, ਟਾਹਣੇ ਹੋ ਗਏ ਇਸੇ ਤਰ੍ਹਾਂ ਅਸੀਂ ਬਣ ਗਏ ਕਿ ਅਸੀਂ ਮਨੁਖ ਹਾਂ ਤੇ ਇਹ ਚੌਰਾਸੀ ਲੱਖ ਜੂਨ ਹੈ। ਇਹ ਤਾਂ ਇਕ ਖੇਡ ਹੋ ਰਹੀ ਹੈ ਨਿਰੰਕਾਰ ਦੀ। ਇਸ ਹਉਮੈ ਨੇ ਵੱਖਰਾ-ਵੱਖਰਾ ਕਰ ਦਿੱਤਾ। ਸੀ ਸਾਰਿਆਂ ਦੇ ਅੰਦਰ ਪਰਮੇਸ਼ਰ। ਹੁਣ ਵੀ ਹੈ, ਕਿਤੇ ਗਿਆ ਨਹੀਂ ਹੈ ਪਰ ਜਿਸ ਤੱਤ ਨੇ ਭੁਲਾਇਆ ਇਸ ਨੂੰ ਉਸ ਨੂੰ 'ਮਾਇਆ' ਵੀ ਕਹਿੰਦੇ ਨੇ, ਹਉਮੈ ਵੀ ਕਹਿੰਦੇ ਨੇ-

***ਏਹ ਮਾਇਆ ਜਿਤੁ ਹਰਿ ਵਿਸਰੈ***
***ਮੋਹੁ ਉਪਜੈ ਭਾਉ ਦੂਜਾ ਲਾਇਆ॥ ਅੰਗ - 921***

ਸੋ ਹਉਮੈ ਤੱਤ ਨੇ ਸਾਰਾ ਰੌਲਾ ਪਾ ਦਿੱਤਾ, ਸਾਰਾ ਝਗੜਾ ਹਉਮੈ ਦਾ ਹੈ ਤੇ ਹਉਮੈ ਦਾ ਇਲਾਜ ਵੀ ਵਾਹਿਗੁਰੂ ਨੇ ਇਸ ਸਰੀਰ ਦੇ ਅੰਦਰ ਹੀ ਰੱਖ ਦਿੱਤਾ। ਉਹ ਹੈ ਕੀ? ਉਹ ਹੈ ਪ੍ਰਮੇਸ਼ਰ ਦਾ ਨਾਮ। ਨਾ ਸਾਨੂੰ ਪਤਾ ਹੈ ਕਿ ਹਉਮੈ ਕਿਥੇ ਰਹਿੰਦੀ ਹੈ ਤੇ ਨਾ ਨਾਮ ਦੇ ਬਾਰੇ ਪਤਾ ਹੈ। ਸਰੀਰ ਸਾਡਾ ਹੈ ਪਰ ਅਸੀਂ ਸਰੀਰ ਦੇ ਬਾਰੇ ਤਾਂ ਜਾਣਦੇ ਨਹੀਂ। ਜੇ ਮਾੜੀ ਜਿਹੀ ਗੱਲ ਹੋ ਜਾਵੇ ਤਾਂ ਡਾਕਟਰ ਦੇ ਜਾਂਦੇ ਹਾਂ। ਉਹ ਦੱਸ ਦਿੰਦਾ ਹੈ ਕਿ ਤੇਰੇ ਮਿਹਦੇ ਵਿਚ ਨੁਕਸ ਪੈ ਗਿਆ, ਤੇਰੀ ਫਲਾਣੀ ਨਾੜੀ ਖਰਾਬ ਹੋਈ ਹੋਈ ਹੈ, ਤੇਰੇ ਦਿਲ ਦੀਆਂ ਨਾੜੀਆਂ ਰੁਕ ਗਈਆਂ ਨੇ। ਸਾਨੂੰ ਆਪਣੇ ਆਪ ਤਾਂ ਨਹੀਂ ਨਾ ਪਤਾ ਲਗਦਾ। ਸੋ ਹੁਣ ਸਾਨੂੰ ਨਹੀਂ ਪਤਾ ਲਗਦਾ ਕਿ ਉਹ ਅਸਰ ਕੀ ਕਰ ਰਹੀ ਹੈ? ਕਿਥੇ ਹੈ ਸਰੀਰ ਵਿਚ ਹਉਮੈ, ਕਿਥੇ ਹੈ ਸਰੀਰ ਵਿਚ ਨਾਮ। ਮਹਾਰਾਜ ਜੀ ਕਹਿੰਦੇ ਕਿ ਹਉਮੈ ਤਾਂ ਤੇਰੀ ਮੱਤ ਵਿਚ ਹੈ, ਤੇਰੀ ਜਿਹੜੀ ਭਾਵਨਾ ਬਣੀ ਹੋਈ ਹੈ, ਸਮਝ ਬਣੀ ਹੋਈ ਹੈ 'ਮੈ' ਦੀ ਉਹ ਹਉਮੈ ਨੇ ਕਰੀ ਹੋਈ ਹੈ ਤੇ ਉਸੇ ਨੂੰ ਹਉਮੈ ਕਹਿੰਦੇ ਨੇ। ਨਾਮ ਕੀ ਹੈ? ਜਿਥੇ ਗਿਆਨ ਹੈ। ਗਿਆਨ ਦੇ ਵਿਚ ਕੀ ਹੈ? ਕਹਿੰਦੇ ਨਿਸ਼ਾਨੀਆਂ ਨੇ ਪ੍ਰੇਮੀਆ-

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸਰਾਮ॥ ਅੰਗ - 293***

ਹੈ ਕਿਥੇ? ਕਹਿੰਦੇ -

***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥***
***ਅੰਗ - 293***

ਐਨਾ ਅਨੰਦ ਹੈ ਕਿ ਦੱਸਿਆ ਨਹੀਂ ਜਾਂਦਾ। ਤੇਰੇ ਅੰਦਰ ਨਾਮ ਹੈ। ਸਾਰੇ ਪਰੀਪੂਰਨ ਹੈ ਨਾਮ, ਕੋਈ ਥਾਂ ਐਸਾ ਨਹੀਂ ਜਿਥੇ ਪ੍ਰਮੇਸ਼ਰ ਦਾ ਨਾਮ ਨਹੀਂ।

***ਨਾਮ ਕੇ ਧਾਰੇ ਸਗਲੇ ਜੰਤ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ॥ ਅੰਗ - 284***

ਉਸ ਨਾਮ ਸ਼ਕਤੀ ਨੇ ਹੀ ਸਾਰਾ ਆਹ ਰਚਨ ਰਚਿਆ ਹੋਇਆ ਹੈ। ਉਹ ਨਾਮ ਸ਼ਕਤੀ ਜੇ ਪ੍ਰਗਟ ਹੋ ਜਾਵੇ ਤਾਂ। ਇਨ੍ਹਾਂ ਦੋਹਾਂ ਦਾ ਹਉਮੈ ਅਤੇ ਨਾਮ ਆਪਸ ਵਿਚ ਵਿਰੋਧ ਹੈ -

***ਹਉਮੈ ਨਾਵੈ ਨਾਲਿ ਵਿਰੋਧੁ ਹੈ***
***ਦੁਇ ਨ ਵਸਹਿ ਇਕ ਠਾਇ॥ ਅੰਗ - 560***

ਜਾਂ ਤਾਂ 'ਮੈ' ਭਾਵ ਰਹੇਗਾ ਜਾਂ ਵਾਹਿਗੁਰੂ ਰਹੇਗਾ। ਸੋ ਇਸ 'ਮੈ' ਭਾਵ ਨੂੰ ਖਤਮ ਕਰਨਾ ਪੈਂਦਾ ਹੈ। ਸੋ ਉਹ ਕਹਿਣ ਲੱਗਿਆ ਕਿ ਪਿਆਰਿਆ!

***ਅੰਤਰਿ ਅਲਖੁ ਨ ਜਾਈ ਲਖਿਆ..........॥***
***ਅੰਗ - 205***

ਹੈ ਤਾਂ ਅੰਦਰ ਹੀ। ਫਰੀਦ ਜੀ ਨੇ ਤਨ ਸੁਕਾ ਲਿਆ। ਉਸ ਨੇ ਦੱਸਿਆ ਕਿ ਮੇਰਾ ਆਹ ਹਾਲ ਹੋ ਰਿਹਾ ਹੈ। ਮੇਰੇ ਹੱਡ ਬਲ ਰਹੇ ਨੇ, ਤਨ ਜਲ ਰਿਹਾ ਹੈ ਪਰ ਮੇਰੀ ਲੋਚਾ ਨਹੀਂ ਖਤਮ ਹੋਈ, ਮੈਂ ਰੱਬ ਨੂੰ ਮਿਲਣਾ ਚਾਹੁੰਦਾ ਹਾਂ। ਤੇ ਜੇ ਮੈਂ ਥੱਕ ਗਿਆ ਤਾਂ ਮੈਂ ਸਿਰ ਦੇ ਭਾਰ ਚੱਲਣਾ ਸ਼ੁਰੂ ਕਰ ਦੇਵਾਂਗਾ। ਮਹਾਰਾਜ ਜੀ ਕਹਿੰਦੇ ਕਿ ਕਿਉਂ ਇਹੋ ਜਿਹੀਆਂ ਗੱਲਾਂ ਕਰਦਾ ਹੈ ਫਰੀਦਾ!

***ਤਨ ਨ ਤਪਾਇ ਤਨੂਰ ਜਿਉ***
***ਬਾਲਣੁ ਹਡ ਨ ਬਾਲਿ॥***
***ਸਿਰਿ ਪੈਰੀ ਕਿਆ ਫੇੜਿਆ***
***ਅੰਦਰਿ ਪਿਰੀ ਨਿਹਾਲਿ॥ ਅੰਗ - 1385***

ਤੇਰੇ ਤਾਂ ਅੰਦਰ ਹੈ, ਬਾਹਰੋਂ ਕਾਹਨੂੰ ਟੋਲ੍ਹਦਾ ਫਿਰਦਾ ਹੈ? ਜਿਸ ਨੂੰ ਤੂੰ ਮਿਲਣਾ ਹੈ ਉਹ ਤੇਰੇ ਅੰਦਰ ਬੈਠਾ ਹੈ, ਉਸ ਨੂੰ ਮਿਲ -

***ਧਾਰਨਾ - ਫਰੀਦਾ ਜੰਗਲਾਂ ਦੇ ਵਿਚ ਕਾਹਨੂੰ***
***ਢੂੰਡਦੈਂ, ਖੋਜ ਮਨ ਆਪਣੇ ਨੂੰ-2, 2.***

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ***
***ਵਣਿ ਕੰਡਾ ਮੋੜੇਹਿ॥***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥***
***ਅੰਗ - 1378***

ਕਾਹਨੂੰ ਢੂੰਡਦਾ ਫਿਰਦਾ ਹੈ ਪ੍ਰਮੇਸ਼ਰ ਨੂੰ ਬਾਹਰ। ਉਹ ਤਾਂ ਤੇਰੇ ਹਰ ਵਕਤ ਨਾਲ ਰਹਿੰਦਾ ਹੈ। ਤੂੰ ਸੌਂ ਜਾਂਦਾ ਹੈ ਉਹ ਤੈਨੂੰ ਦੇਖਦਾ ਹੈ, ਤੂੰ ਗਲਤ ਕੰਮ ਕਰਦਾ ਹੈ ਤਾਂ ਉਹ ਤੈਨੂੰ ਦੇਖਦਾ ਹੈ-

***ਪੇਖਤ ਸੁਨਤ ਸਦਾ ਹੈ ਸੰਗੇ***
***ਮੈ ਮੂਰਖ ਜਾਨਿਆ ਦੂਰੀ ਰੇ॥ ਅੰਗ - 612***

ਨਾ ਭਾਲ ਬਾਹਰ -

***ਅੰਤਰਿ ਅਲਖੁ ਨ ਜਾਈ ਲਖਿਆ***
***ਵਿਚਿ ਪੜਦਾ ਹਉਮੈ ਪਾਈ॥ ਅੰਗ - 205***

ਕਹਿੰਦੇ ਫੇਰ ਰੌਲਾ ਕਿਹੜੀ ਗੱਲ ਦਾ ਪੈ ਗਿਆ? ਕਹਿੰਦੇ ਉਹ ਦਿਸਦਾ ਨਹੀਂ ਹੈ ਕਿਉਂਕਿ ਇਕ ਪੜਦਾ ਪੈ ਗਿਆ। ਹਉਮੈਂ ਦਾ ਪੜਦਾ ਪੈ ਗਿਆ, ਇਸ ਨੂੰ 'ਕੰਧ' ਵੀ ਕਹਿੰਦੇ ਨੇ -

***ਹਉ ਹਉ ਭੀਤਿ ਭਇਓ ਹੈ ਬੀਚੋ***
***ਸੁਨਤ ਦੇਸਿ ਨਿਕਟਾਇਓ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥***
***ਅੰਗ - 624***

ਜਿੰਨਾ 'ਭੰਬੀਰੀ' ਦਾ ਫੰਗ (ਖੰਭ) ਹੁੰਦਾ ਹੈ

ਪਤਲਾ ਜਿਹਾ, ਪਲਾਸਟਿਕ ਦਾ ਬਹੁਤ ਪਤਲਾ ਜਿਹਾ ਕਾਗਜ਼, ਐਨਾ ਕੁ ਫਰਕ ਹੈ ਆਪਣਾ ਤੇ ਰੱਬ ਦਾ ਇਸ ਸਰੀਰ ਦੇ ਵਿਚ ਹੀ-

***ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ..........॥***
***ਅੰਗ - 205***

ਕਹਿੰਦੇ -

ਅੰਤਰ ਅਲਖ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ॥

***ਮਾਇਆ ਮੋਹਿ ਸਭੋ ਜਗੁ ਸੋਇਆ...........॥***
***ਅੰਗ - 205***

ਇਕ, ਦੋ, ਚਾਰ, ਦਸ ਨਹੀਂ ਸਾਰੇ ਹੀ ਅਸੀਂ ਮੋਹੇ ਗਏ ਮਾਇਆ ਦੇ ਮੋਹ ਵਿਚ ਕਿਉਂਕਿ ਮਾਇਆ ਨਾਲ ਸਾਡਾ ਵਾਹ ਪਿਆ ਪਹਿਲਾ ਹੀ ਜੰਮਦਿਆਂ ਦਾ ਹੀ -

***ਪਹਿਲੈ ਪਿਆਰਿ ਲਗਾ ਥਣ ਦੁਧਿ॥***
***ਦੂਜੈ ਮਾਇ ਬਾਪ ਕੀ ਸੁਧਿ॥***
***ਤੀਜੈ ਭਯਾ ਭਾਭੀ ਬੇਬ॥***
***ਚਉਥੈ ਪਿਆਰਿ ਉਪੰਨੀ ਖੇਡ॥***
***ਪੰਜਵੈ ਖਾਣ ਪੀਅਣ ਕੀ ਧਾਤੁ॥***
***ਛਿਵੈ ਕਾਮੁ ਨ ਪੁਛੈ ਜਾਤਿ॥***
***ਸਤਵੈ ਸੰਜਿ ਕੀਆ ਘਰ ਵਾਸੁ॥***
***ਅਠਵੈ ਕ੍ਰੋਧ ਹੋਆ ਤਨ ਨਾਸੁ॥ ਅੰਗ - 137***

ਇਕ ਵਾਰੀ ਕ੍ਰਿਸ਼ਨ ਮਹਾਰਾਜ ਤੇ ਅਰਜਨ ਜਾ ਰਹੇ ਸਨ। ਸਹਿਜ ਨਾਲ ਹੀ ਉਨ੍ਹਾਂ ਨੇ ਬਚਨ ਕਰ ਦਿੱਤਾ ਕਿ ਅਰਜਨ! ਮੇਰੀ ਤ੍ਰਿਗੁਣੀ ਮਾਇਆ ਦੇ ਓਹਲੇ ਮੈਂ ਸਾਰਾ ਕੰਮ ਕਰ ਰਿਹਾ ਹਾਂ ਸੰਸਾਰ ਦਾ ਤੇ ਸੰਸਾਰ ਨੂੰ ਨਹੀਂ ਪਤਾ ਲਗਦਾ ਕਿ ਪ੍ਰਮੇਸ਼ਰ ਕਰ ਰਿਹਾ ਹੈ। ਉਹ ਕਹਿੰਦਾ ਹੈ ਕਿ 'ਮੈਂ' (ਮਨੁਖ ਆਪ) ਕਰ ਰਿਹਾ ਹਾਂ ਜਦੋਂ ਕਿ 'ਮੈਂ' (ਪ੍ਰਮੇਸ਼ਰ) ਕਰਦਾ ਹਾਂ।

***ਇਸ ਕਾ ਬਲੁ ਨਾਹੀ ਇਸੁ ਹਾਥ॥***
***ਕਰਨ ਕਰਾਵਨ ਸਰਬ ਕੋ ਨਾਥ॥***
***ਆਗਿਆਕਾਰੀ ਬਪੁਰਾ ਜੀਉ॥***
***ਜੋ ਤਿਸੁ ਭਾਵੈ ਸੋਈ ਫੁਨਿ ਥੀਉ॥ ਅੰਗ - 277***

ਪਰ ਇਹ 'ਮੈਂ-ਮੈਂ' ਕਰਕੇ ਹੀ ਫਸ ਜਾਂਦਾ ਹੈ।

ਮੇਰੀ ਤ੍ਰਿਗੁਣੀ ਮਾਇਆ ਨੇ ਸਾਰਾ ਸੰਸਾਰ ਭੁਲਾਇਆ ਹੋਇਆ ਹੈ ਯਾਨੀ ਸਾਰਾ ਸੰਸਾਰ ਭੁਲਾ ਦਿੱਤਾ। ਅਰਜਨ ਕਹਿਣ ਲੱਗਿਆ ਕਿ ਮਹਾਰਾਜ! ਮੈਂ ਵੀ ਭੁੱਲ ਸਕਦਾ ਹਾਂ?

ਕ੍ਰਿਸ਼ਨ ਮਹਾਰਾਜ ਕਹਿੰਦੇ, "ਤੇਰੀ ਕੀ ਤਾਕਤ ਹੈ ਮਾਇਆ ਅੱਗੇ?"

ਕਹਿੰਦਾ, "ਮਹਾਰਾਜ! ਦਿਖਾ ਤਾਂ ਦਿਓ, ਮੈਂ ਦੇਖਣਾ ਚਾਹੁੰਦਾ ਹਾਂ।"

ਕਹਿਣ ਲੱਗੇ, "ਐਵੇਂ ਦੁਖੀ ਹੋਏਂਗਾ, ਰੋਏਂਗਾ, ਕਲਪੇਂਗਾ, ਕੀ ਫਾਇਦਾ ਮਾਇਆ ਦੇਖ ਕੇ? ਪ੍ਰਭੂ ਦੀ ਮਾਇਆ ਬੇਅੰਤ ਹੈ। ਇਹ ਸਭ ਨੂੰ ਭੁਲਾਉਂਦੀ ਹੈ।"

***ਏਹ ਮਾਇਆ ਜਿਤੁ ਹਰਿ ਵਿਸਰੈ***
***ਮੋਹੁ ਉਪਜੈ ਭਾਉ ਦੂਜਾ ਲਾਇਆ॥ ਅੰਗ - 921***

ਮਾਇਆ ਕਹਿੰਦੇ ਹੀ ਓਸ ਨੂੰ ਨੇ ਜਿਹੜੀ ਪ੍ਰਭੂ ਨੂੰ ਭੁਲਾ ਦੇਵੇ। ਉਹ ਹਾਜ਼ਰ ਨਾਜ਼ਰ ਹੈ, ਸਭ ਦੇ ਅੰਦਰ ਹੈ, ਬਾਹਰ ਹੈ। ਸਾਰਾ ਕੰਮ ਕਰਦਾ ਹੈ, ਸਾਰੀ ਸ਼ਕਤੀ ਦਿੰਦਾ ਹੈ, ਉਸ ਨੂੰ ਅਸੀਂ ਭੁਲੇ ਰਹਿੰਦੇ ਹਾਂ। ਚਲੋ ਭਲਾ ਆਕਸੀਜਨ ਨਾਲ ਅਸੀਂ ਜੀਉਂਦੇ ਹਾਂ। ਆਕਸੀਜਨ ਨੂੰ ਤਾਂ ਭੁੱਲ ਜਾਓ ਉਹ ਨਿਰਜਿੰਦ ਚੀਜ਼ ਹੈ ਪਰ ਪ੍ਰਭੂ ਤਾਂ ਪਿਆਰ ਕਰਨ ਵਾਲਾ ਹੈ। ਸਾਡੇ ਨਾਲ ਗੱਲਾਂ ਕਰ ਸਕਦਾ ਹੈ, ਸਾਡਾ ਕਿਹਾ ਹੋਇਆ ਮੰਨ ਲੈਂਦਾ ਹੈ -

***ਜੋ ਮਾਗਹਿ ਠਾਕੁਰ ਆਪੁਨੇ ਤੇ ਸੋਈ ਸੋਈ ਦੇਵੈ॥***
***ਅੰਗ - 681***

ਤੇ ਐਸੇ ਪ੍ਰਭੂ ਨੂੰ ਜਿਹੜਾ ਮਿੱਤਰ ਹੀ ਹੈ ਉਸ ਨੂੰ ਭੁੱਲੇ ਰਹਿਣਾ, ਇਹ ਤਾਂ ਗੱਲ ਬੜੀ ਮਾੜੀ ਹੈ। ਕਹਿੰਦੇ ਮਾਇਆ ਭੁਲਾਉਂਦੀ ਹੈ।

ਅਰਜਨ ਕਹਿੰਦਾ, "ਮੈਨੂੰ ਦਿਖਾਓ ਮਹਾਰਾਜ! ਮਾਇਆ।"

ਕਹਿੰਦੇ, "ਕੀ ਲੈਣਾ ਹੈ?" ਅਖੀਰ ਜਦੋਂ ਨਾ ਹੀ ਹਟਿਆ ਤਾਂ ਮਹਾਰਾਜ ਕਹਿੰਦੇ ਪਾਣੀ ਲਿਆ, ਅਸੀਂ ਦਾਤਣ ਕਰਨੀ ਹੈ। ਸਾਹਮਣੇ ਤਲਾਬ ਸੀ, ਜੰਗਲ ਵਿਚ ਬੈਠੇ ਸਨ। ਜਦੋਂ ਪਾਣੀ ਵਿਚ ਪੈਰ ਰਖਿਆ ਤੇ ਝੁਕ ਕੇ ਗੜਵੀ ਪਾਣੀ ਵਿਚੋਂ ਭਰਨ ਲੱਗਿਆ ਤਾਂ ਏਨੇ ਵਿਚ ਹੀ ਉਸ ਤੇ ਮਾਇਆ ਪਾ ਦਿੱਤੀ। ਕੀ ਦੇਖਦਾ ਹੈ, ਨਾ ਉਥੇ ਕ੍ਰਿਸ਼ਨ ਮਹਾਰਾਜ, ਨਾ ਤਲਾਓ, ਨਾ ਕੋਈ ਗੜਵੀ ਹੱਥ ਵਿਚ, ਨਾ ਰੱਥ ਤੇ ਨਾ ਇਸ ਦਾ 'ਗੰਡੀਵ' ਧਨੁਸ਼। ਹੈਰਾਨ ਹੋ ਗਿਆ ਕਿ ਕਿਥੇ ਚਲੇ ਗਏ? ਉਧਰੋਂ ਸ਼ੇਰ ਆ ਰਹੇ ਨੇ, ਵੱਡੇ-ਵੱਡੇ ਸੱਪ ਆ ਰਹੇ ਨੇ। ਇਸ ਨੇ ਸੋਚਿਆ ਕਿ ਇਹ ਤਾਂ ਖਾ ਜਾਣਗੇ ਮੈਨੂੰ; ਆਵਾਜ਼ਾਂ ਮਾਰਦਾ ਹੈ ਕ੍ਰਿਸ਼ਨ ਮਹਾਰਾਜ! ਕ੍ਰਿਸ਼ਨ ਮਹਾਰਾਜ!! ਕਿਥੇ ਗਏ ਆਪ? ਆਲੇ ਦੁਆਲੇ ਦੇਖਿਆ ਕਿਤੇ ਵੀ ਨਜ਼ਰ ਨਾ ਆਏ। ਕਹਿੰਦਾ ਹੁਣੇ ਇਥੇ ਸਨ ਪਤਾ ਨਹੀਂ ਕੀ ਛਾਈਂ-ਮਾਈਂ ਹੋ ਗਿਆ। ਤਿੰਨ ਦਿਨ, ਤਿੰਨ ਰਾਤਾਂ ਉਸ ਜੰਗਲ ਵਿਚ ਰੋਂਦਾ ਫਿਰੀ ਗਿਆ। ਚੌਥੇ ਦਿਨ ਜੰਗਲ 'ਚੋਂ ਬਾਹਰ ਨਿਕਲਿਆ, ਬੁਰਾ ਹਾਲ ਹੋਇਆ ਹੋਇਆ ਹੈ। ਕੇਸ ਖਿੰਡੇ ਹੋਏ ਨੇ ਤੇ ਰੋਈ ਜਾਂਦਾ ਹੈ। ਇਕ ਪ੍ਰੇਮੀ ਨੇ ਕਿਹਾ, "ਕੀ ਗੱਲ ਹੈ ਪਰਦੇਸੀਆ! ਆਹ ਹਾਲ ਬਣਾਇਆ ਹੈ ਤੂੰ?"

ਕਹਿਣ ਲੱਗਿਆ, "ਮੇਰੇ ਨਾਲ ਕ੍ਰਿਸ਼ਨ ਮਹਾਰਾਜ ਜੀ ਸਨ, ਉਹ ਪਤਾ ਨਹੀਂ ਕਿਥੇ ਚਲੇ ਗਏ?"

ਉਹ ਕਹਿੰਦਾ, "ਤੇਰੀ ਮੱਤ ਮਾਰੀ ਹੋਈ ਹੈ?

ਕ੍ਰਿਸ਼ਨ ਮਹਾਰਾਜ ਨੂੰ ਹੋਇਆਂ ਤਿੰਨ ਸੌ ਸਾਲ ਹੋ ਚੁੱਕੇ ਨੇ।"

ਕਹਿੰਦਾ, "ਹੈਂ! ਉਹ ਤਾਂ ਮੇਰੇ ਨਾਲ ਹੁਣੇ ਸਨ।"

ਉਹ ਕਹਿਣ ਲੱਗਿਆ, "ਜੇ ਹੁਣ ਤੇਰੇ ਨਾਲ ਸਨ ਤਾਂ ਦੇਖ ਲੈ, ਟੋਲ੍ਹ ਲੈ। ਜੇ ਤੈਨੂੰ ਮੇਰੇ ਤੇ ਯਕੀਨ ਨਹੀਂ ਆਉਂਦਾ ਤਾਂ ਧਰਮਸਾਲਾ ਵਿਚ ਚੱਲ, ਉਥੇ ਸਾਡੇ ਕਥਾ ਹੋ ਰਹੀ ਹੈ। ਕੋਈ ਵਿਦਵਾਨ ਪੁਰਸ਼ ਆਏ ਹੋਏ ਨੇ ਕਥਾ ਕਰਨ।"

ਉਥੇ ਚਲਿਆ ਗਿਆ ਤੇ ਉਥੇ ਕਥਾ ਹੋ ਰਹੀ ਹੈ ਕਿ ਪਾਂਡਵਾਂ ਨੇ ਮਹਾਂਭਾਰਤ ਦਾ ਯੁੱਧ ਜਿੱਤ ਲਿਆ ਤੇ ਰਾਜ ਕਾਇਮ ਕਰਿਆ। ਉਸ ਵੇਲੇ ਉਨ੍ਹਾਂ ਦਾ ਚਿੱਤ ਨਾ ਲੱਗਿਆ ਕਿਉਂਕਿ ਬਹੁਤ ਕਤਲ ਹੋ ਚੁੱਕੇ ਸਨ, ਰਿਸ਼ਤੇਦਾਰ ਹੀ ਮਾਰ ਦਿੱਤੇ ਸਨ। ਦੂਸਰਾ ਉਸ ਵੇਲੇ ਕਲਜੁਗ ਆ ਗਿਆ ਤੇ ਕਲਜੁਗ ਦਾ ਜਦੋਂ ਜਲਵਾ ਦੇਖਿਆ ਤਾਂ ਕਹਿੰਦੇ ਕਿ ਇਸ ਜੁਗ ਵਿਚ ਤਾਂ ਅਸੀਂ ਰਹਿਣਾ ਨਹੀਂ ਹੈ। ਉਹ ਫੇਰ ਏਧਰ ਜਿਥੇ ਹੇਮਕੁੰਟ ਸਾਹਿਬ ਹੈ ਇਸ ਪਾਸੇ ਨੂੰ ਚਲੇ ਗਏ ਪਹਾੜਾਂ ਵਿਚ, ਬਰਫਾਂ ਵਿਚ, ਫੇਰ ਉਨ੍ਹਾਂ ਦਾ ਕੋਈ ਪਤਾ ਨਹੀਂ ਤੇ ਬਰਫਾਂ ਵਿਚ ਹੀ ਗਲ ਗਏ। ਅੱਗੇ ਦੀ ਕਹਾਣੀ ਸੱਚੀ ਹੈ ਜਾਂ ਝੂਠੀ, ਵਾਹਿਗੁਰੂ ਜਾਣੇ ਤੇ ਸਾਨੂੰ ਤਾਂ ਇਥੋਂ ਤੱਕ ਹੀ ਪਤਾ ਹੈ ਕਿ ਉਹ ਬਰਫਾਂ ਵਿਚ ਚਲੇ ਗਏ। ਸੋ ਉਸ ਨੇ ਵੀ ਉਹ ਸੁਣਾ ਦਿੱਤੀ। ਫੇਰ ਰਾਜ ਅਭਿਮਨਿਊ ਦੇ ਲੜਕੇ ਪ੍ਰੀਸ਼ਦ ਨੇ ਸਾਂਭਿਆ। ਰੋਜ ਕਥਾ ਸੁਣਦਾ ਹੈ ਉਸ ਨੇ ਆਪਣੇ ਕੋਲ ਰੱਖ ਲਿਆ ਕਿ ਤੂੰ ਮੇਰੇ ਕੋਲ ਰਹਿ। ਉਸ ਨੇ ਫੇਰ ਪ੍ਰੀਸ਼ਦ ਦੀ ਕਥਾ ਸੁਣੀ ਕਿ ਕਲਜੁਗ ਨੂੰ ਉਸ ਨੇ ਕਿਹਾ ਕਿ ਮੇਰੇ ਰਾਜ ਵਿਚ ਨਾ ਵੜੀਂ। ਉਸ ਨੇ ਪੁਛਿਆ ਕਿ ਮੈਂ ਰਹਾਂ ਕਿਥੇ? ਉਸ ਨੇ ਛੇ ਚੀਜ਼ਾਂ ਪੇਸ਼ ਕਰੀਆਂ ਤੇ ਅਖੀਰ ਉਸ ਨੇ ਕਹਿ ਦਿੱਤਾ ਕਿ ਸੋਨੇ ਵਿਚ ਰਹਿ ਲੈ ਫੇਰ। ਕਿਉਂਕਿ ਬਾਕੀ ਦੀਆਂ ਚੀਜ਼ਾਂ ਉਸ ਨੇ ਕਿਹਾ ਕਿ ਸ਼ਰਾਬਖਾਨੇ ਵਿਚ ਰਹਾਂਗਾ ਜਿਥੇ ਸ਼ਰਾਬ ਕੱਢਦੇ ਨੇ, ਵੇਚਦੇ ਨੇ। ਉਹ ਕਹਿੰਦਾ ਕਿ ਇਹ ਥਾਂ ਤਾਂ ਹੈ ਹੀ ਨਹੀਂ ਮੇਰੇ ਰਾਜ ਵਿਚ। ਜੂਏਬਾਜਾਂ ਦੇ ਰਹਾਂਗਾ, ਕਹਿੰਦਾ ਜੂਆ ਖੇਲ੍ਹਣ ਹੀ ਨਹੀਂ ਦਿੰਦੇ ਅਸੀਂ। ਡਾਕੂ- ਚੋਰਾਂ ਦੇ ਅੱਡੇ ਵਿਚ ਰਹਾਂਗਾ। ਕਹਿੰਦਾ ਡਾਕੂ-ਚੋਰ ਹੈ ਹੀ ਨਹੀਂ ਮੇਰੇ ਰਾਜ ਵਿਚ ਕੋਈ। ਅਖੀਰ ਕਹਿਣ ਲੱਗਿਆ ਕਿ ਸੋਨੇ ਵਿਚ ਰਹਾਂਗਾ। ਕਹਿੰਦਾ, "ਹਾਂ ਸੋਨਾ ਹੈ ਤੇ ਤੂੰ ਸੋਨੇ ਵਿਚ ਰਹਿ ਲੈ। ਉਸ ਦਾ ਮੁਕਟ ਸੋਨੇ ਦਾ ਸੀ, ਉਹ ਪਾ ਕੇ ਜਦੋਂ ਸ਼ਿਕਾਰ ਖੇਡਣ ਗਿਆ ਤਾਂ ਬੁੱਧੀ ਭ੍ਰਿਸ਼ਟ ਹੋ ਗਈ, ਕਲਜੁਗ ਨੇ ਕਰ ਦਿੱਤੀ। ਇਕ ਮਹਾਤਮਾ ਸਮਾਧੀ ਵਿਚ ਬੈਠੇ ਸੀ, ਇਸ ਨੂੰ ਬੁਲਾਇਆ ਪਰ ਉਹ ਬੋਲੇ ਨਹੀਂ। ਗੁੱਸੇ ਵਿਚ ਆ ਕੇ ਇਸ ਨੇ ਮਹਾਤਮਾ ਦੇ ਗਲ ਵਿਚ ਮਰਿਆ ਹੋਇਆ ਸੱਪ ਪਾ ਦਿੱਤਾ। ਉਸ ਦੇ ਚੇਲੇ ਨੇ ਸਰਾਪ ਦੇ ਦਿੱਤਾ ਕਿ ਜਿਸ ਨੇ ਵੀ ਇਹ ਸੱਪ ਮੇਰੇ ਗੁਰੂਦੇਵ ਦੇ ਗਲੇ ਵਿਚ ਪਾਇਆ ਹੈ, ਅੱਠਾਂ ਦਿਨਾਂ ਵਿਚ ਉਹ ਇਸੇ ਵੰਸ਼ ਦੇ ਸੱਪ ਦੇ ਡੱਸਣ ਨਾਲ ਮਰੇਗਾ। ਉਹ ਅੱਠਾਂ ਦਿਨਾਂ ਵਿਚ ਚੜ੍ਹਾਈ ਕਰ ਗਿਆ। ਉਸ ਦਾ ਲੜਕਾ ਜਨਮੇਜਾ ਸੀ, ਫੇਰ ਉਸ ਨੂੰ ਤਖਤ ਤੇ ਬਿਠਾ ਦਿੱਤਾ। ਜਨਮੇਜੇ ਨੇ ਡੇਢ ਸੌ ਸਾਲ ਰਾਜ ਕਰਿਆ। ਉਸ ਦੀ ਕਥਾ ਸੁਣੀ। ਫੇਰ ਜਨਮੇਜਾ ਕੋਹੜੀ ਹੋ ਕੇ ਮਰ ਗਿਆ ਤੇ ਉਸ ਤੋਂ ਅੱਗੇ ਉਸ ਦੇ ਲੜਕੇ ਦਾ ਹੁਣ ਰਾਜ ਚੱਲ ਰਿਹਾ ਹੈ। ਉਹ ਸੋਚਦਾ ਹੈ ਕਿ ਫੇਰ ਸਾਡੇ ਵਾਲਾ ਮਾਮਲਾ ਕਿਥੇ ਚਲਿਆ ਗਿਆ? ਮੈਂ ਤਾਂ ਚੰਗਾ ਭਲਾ ਹਾਂ। ਭਰਮ ਪੈ ਗਿਆ ਕਿ ਮੈਂ ਅਰਜਨ ਨਹੀਂ ਹਾਂ। ਮੈਨੂੰ ਕੋਈ ਸੁਪਨਾ ਆਇਆ ਹੋਏਗਾ ਪਹਿਲੀ ਜਿੰਦਗੀ ਦਾ ਤੇ ਉਹ ਮੇਰੇ ਯਾਦ ਆਈ ਜਾਂਦਾ ਹੈ ਕਿ ਮੇਰੇ ਬੱਚੇ ਨੇ। ਇਨ੍ਹਾਂ ਸਭ ਗੱਲਾਂ ਨੂੰ ਤਾਂ ਤਿੰਨ ਸੌ ਸਾਲ ਹੋ ਗਏ, ਕ੍ਰਿਸ਼ਨ ਮਹਾਰਾਜ ਨੂੰ ਵੀ। ਉਹ ਸੀ ਬਹੁਤ ਬਹਾਦਰ। ਰਾਜੇ ਨੂੰ ਪਤਾ ਲੱਗਿਆ ਤਾਂ ਉਸ ਨੇ ਫੌਜਾਂ ਦਾ ਜਰਨੈਲ ਬਣਾ ਲਿਆ ਤੇ ਆਪਣੀ ਲੜਕੀ ਨਾਲ ਵਿਆਹ ਦਿੱਤਾ। ਵਿਆਹ ਤੋਂ ਬਾਅਦ ਬੱਚੇ ਹੋਏ ਤੇ ਉਹ ਲੜਕੀ ਚੜ੍ਹਾਈ ਕਰ ਗਈ। ਪਿਆਰ ਬਹੁਤਾ ਕਰਦਾ ਸੀ, ਕਰਮ ਕਾਂਡ ਭੁੱਲ ਗਿਆ, ਪ੍ਰਮੇਸ਼ਰ ਦਾ ਨਾਮ ਭੁੱਲ ਗਿਆ। ਜੇ ਕੋਈ ਕ੍ਰਿਸ਼ਨ ਦਾ ਨਾਉਂ ਲੈਂਦਾ ਹੈ, ਉਸ ਨੂੰ ਸਜਾ ਦਿੰਦਾ ਹੈ।

ਸੋ ਜਦੋਂ ਇਸ ਦੀ ਘਰਵਾਲੀ ਚੜ੍ਹਾਈ ਕਰ ਗਈ ਤਾਂ ਕਹਿੰਦਾ ਕਿ ਮੈਂ ਇਸ ਦੇ ਨਾਲ ਹੀ 'ਸਤੀ' ਹੋਣਾ ਹੈ। ਉਹ ਕਹਿੰਦੇ ਬੀਬੀਆਂ ਤਾਂ ਹੁੰਦੀਆਂ ਆਈਆਂ ਨੇ ਤੇ ਭਾਈ ਤਾਂ ਕਦੇ ਹੁੰਦੇ ਨਹੀਂ 'ਸਤੀ'। ਅਖੀਰ ਜਦੋਂ ਹਠ ਨਾ ਛੱਡਿਆ ਤਾਂ ਬ੍ਰਾਹਮਣ ਕਹਿਣ ਲੱਗੇ ਕਿ ਚੰਗਾ, ਜਾਹ ਇਸ਼ਨਾਨ ਕਰ ਆ। ਕ੍ਰਿਸ਼ਨ ਮਹਾਰਾਜ ਜੀ ਨੇ ਊਧੋ ਨੂੰ ਭੇਜ ਦਿੱਤਾ ਕਿ ਜਾ ਕੇ ਇਸ ਨੂੰ ਸਮਝਾ। ਉਹ ਜਦੋਂ ਸਮਝਾਉਣ ਲੱਗਿਆ ਤਾਂ ਕਹਿੰਦਾ, "ਤੂੰ ਕੌਣ ਹੈਂ?

ਉਹ ਕਹਿੰਦਾ, "ਮੈਂ ਊਧੋ ਹਾਂ।"

ਕਹਿਣ ਲੱਗਿਆ, "ਜਾਹ-ਜਾਹ! ਤਿੰਨ ਸੌ ਸਾਲ ਹੋ ਗਿਆ ਉਨ੍ਹਾਂ ਨੂੰ।"

ਏਨੇ ਨੂੰ ਕ੍ਰਿਸ਼ਨ ਮਹਾਰਾਜ ਜੀ ਆ ਗਏ ਤੇ ਕਹਿਣ ਲੱਗੇ ਕਿ ਆਹ ਕੀ ਕਰਨ ਲੱਗਿਆ ਹੈਂ ਤੂੰ?"

ਕਹਿੰਦਾ, "ਤੂੰ ਕੌਣ ਹੈਂ?"

ਮਹਾਰਾਜ ਕਹਿੰਦੇ, "ਮੈਂ ਕ੍ਰਿਸ਼ਨ ਹਾਂ।"

ਕਹਿੰਦਾ, "ਕ੍ਰਿਸ਼ਨ ਹੋਏ ਨੂੰ ਤਿੰਨ ਸੌ ਸਾਲ ਹੋ ਗਏ। ਕੋਈ ਨਕਲੀ ਬੰਦਾ ਫਿਰਦਾ ਹੈਂ ਤੂੰ ਕ੍ਰਿਸ਼ਨ ਬਣਿਆ ਹੋਇਆ। ਅਰਜਨ ਵਗੈਰਾ ਸਭ ਮਰ ਗਏ, ਬਰਫਾਂ ਵਿਚ ਗਲ ਗਏ, ਕ੍ਰਿਸ਼ਨ ਮਹਾਰਾਜ ਨੂੰ ਹੋਇਆਂ ਵੀ ਤਿੰਨ ਸੌ ਸਾਲ ਹੋ ਗਏ।"

ਯਾਨੀ ਐਨਾ ਜਬਰਦਸਤ ਭਰਮ ਪੈ ਗਿਆ ਕਿ ਇਹ ਆਪਣੇ ਆਪ ਨੂੰ ਵੀ ਭੁਲ ਗਿਆ।

ਉਸ ਵੇਲੇ ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, "ਅਰਜਨ! ਤੈਨੂੰ

ਮਾਇਆ ਦਿਖਾਈ ਹੈ ਮੈਂ ਤੇ ਉਹ ਐਨੀ ਪ੍ਰਬਲ ਹੈ।"

ਉਨ੍ਹਾਂ ਨੇ ਹਲਕਾ ਜਿਹਾ ਮੂੰਹ ਤੇ ਥੱਪੜ ਮਾਰਿਆ, ਮਾਇਆ ਲਹਿ ਗਈ ਤੇ ਕੀ ਦੇਖਦਾ ਹੈ ਕਿ ਤਲਾਅ ਤੋਂ ਪਾਣੀ ਲੈਣ ਆਇਆ ਸੀ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਕਿ ਤੂੰ ਪਾਣੀ ਲੈ ਕੇ ਕਿਉਂ ਨਹੀਂ ਆਇਆ ਹੁਣ ਤੱਕ। ਹੈਰਾਨ ਹੋਈ ਜਾਂਦਾ ਹੈ ਤੇ ਕਹਿਣ ਲੱਗਿਆ ਕਿ ਮੇਰੀ ਇਸਤ੍ਰੀ ਕਿਥੇ ਗਈ? ਮੇਰਾ ਘਰ ਕਿਥੇ ਗਿਆ? ਇਸ ਨੂੰ ਮਾਇਆ ਕਹਿੰਦੇ ਨੇ –

***ਇਨਿ ਮਾਇਆ ਜਗਦੀਸ ਗੁਸਾਈ***
***ਤੁਮ੍ਰੇ ਚਰਨ ਬਿਸਾਰੇ॥***
***ਕਿੰਚਤ ਪ੍ਰੀਤਿ ਨ ਉਪਜੈ ਜਨ ਕਉ***
***ਜਨ ਕਹਾ ਕਰਹਿ ਬੇਚਾਰੇ॥ ਅੰਗ – 857***

ਇਸ ਨੂੰ **illusion** (ਧੋਖਾ, ਛਲ) ਕਹਿੰਦੇ ਨੇ ਅੰਗਰੇਜ਼ੀ ਵਿਚ **Ignorance** (ਅਗਿਆਨ) ਕਹਿੰਦੇ ਨੇ, ਉਸ ਦੇ ਥੱਲੇ ਦਿਮਾਗ ਆਇਆ ਹੋਇਆ ਹੈ ਸਾਡਾ। 'ਸਤਿ' ਦਾ ਉਪਦੇਸ਼ ਗੁਰੂ ਕਰੀ ਜਾਂਦਾ ਹੈ ਅਸੀਂ ਸੁਣਦੇ ਹੀ ਨਹੀਂ। ਮਹਾਰਾਜ ਜੀ ਕਹਿੰਦੇ –

***ਅੰਤਰਿ ਅਲਖੁ ਨ ਜਾਈ ਲਖਿਆ***
***ਵਿਚਿ ਪੜਦਾ ਹਉਮੈ ਪਾਈ॥***
***ਮਾਇਆ ਮੋਹਿ ਸਭੋ ਜਗੁ ਸੋਇਆ***
***ਇਹੁ ਭਰਮੁ ਕਹਹੁ ਕਿਉ ਜਾਈ॥ ਅੰਗ – 205***

ਇਹ ਜਿਹੜਾ ਭਰਮ ਪੈ ਗਿਆ ਇਹ ਜਾਵੇ ਕਿਵੇਂ?

***ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ............॥***
***ਅੰਗ – 205***

ਇਕੱਠੇ ਰਹਿੰਦੇ ਨੇ ਵਾਹਿਗੁਰੂ ਤੇ ਜੀਵ ਆਤਮਾ –

***.............. ਮਿਲਿ ਬਾਤ ਨ ਕਰਤੇ ਭਾਈ॥***
***ਏਕ ਬਸਤੁ ਬਿਨੁ ਪੰਚ ਦੁਹੇਲੇ***
***ਓਹ ਬਸਤੁ ਅਗੋਚਰ ਠਾਈ॥ ਅੰਗ – 205***

ਅੰਤਸ਼ਕਰਨ ਵਿਚ ਵਾਹਿਗੁਰੂ ਜੀ ਦੀ ਜੋਤ ਜਗਮਗ-ਜਗਮਗ ਕਰ ਰਹੀ ਹੈ। ਇਹ ਜੀਵ ਉਸ ਉੱਤੇ ਅਮੰਨਾ (ਭਰੋਸਾ) ਹੀ ਨਹੀਂ ਲਿਆਉਂਦਾ ਤੇ ਹੋਰ ਹੀ ਪਾਸੇ ਤੁਰਿਆ ਫਿਰਦਾ ਹੈ –

***ਨਉ ਘਰਿ ਦੇਖਿ ਜੁ ਕਾਮਨਿ ਭੂਲੀ***
***ਬਸਤੁ ਅਨੂਪ ਨ ਪਾਈ॥ ਅੰਗ – 339***

ਜਿਹੜੀ ਅੰਦਰ ਚੀਜ਼ ਸੀ ਉਹ ਤਾਂ ਨਹੀਂ ਫੜ ਸਕਿਆ, ਬਾਹਰ ਘੁੰਮਦਾ ਫਿਰਦਾ ਹੈ। ਐਸੇ ਬਚਨ ਸੁਣ ਕੇ ਸੁਜਾਨ ਰਾਏ ਕਹਿਣ ਲੱਗਿਆ ਕਿ ਅਣੀਰਾਏ ਜੀ! ਫੇਰ ਕੀ ਕਰਿਆ ਜਾਵੇ? ਮੈਂ ਵੀ ਅੱਖਾਂ ਮੀਚ-ਮੀਚ ਦੇਖਦਾ ਹਾਂ, ਨਹੀਂ ਦਿਸਦਾ ਅੰਦਰ। ਕੋਈ ਤਰੀਕਾ ਹੈ?

ਉਹ ਕਹਿੰਦੇ, "ਪਿਆਰਿਆ! ਤੇਰੇ ਅੰਦਰ ਜਿਥੇ ਉਹ ਰਹਿੰਦਾ ਹੈ ਉਸ ਦੇ ਅੱਗੇ ਬੱਜਰ ਕਪਾਟ ਲੱਗੇ ਹੋਏ ਨੇ।"

***ਕਾਇਆ ਨਗਰੁ ਨਗਰ ਗੜ ਅੰਦਰਿ॥***
***ਸਾਚਾ ਵਾਸਾ ਪੁਰਿ ਗਗਨੰਦਰਿ॥ ਅੰਗ – 1033***

ਏਸ ਸਰੀਰ ਨੂੰ ਮਹਾਰਾਜ ਜੀ ਨੇ ਗੜ੍ਹ ਕਿਹਾ ਹੈ। ਇਸ ਦੇ ਵਿਚ ਸੱਚਾ ਵਸਦਾ ਹੈ।

***ਅਸਥਿਰੁ ਥਾਨੁ ਸਦਾ ਨਿਰਮਾਇਲੁ***
***ਆਪੇ ਆਪੁ ਉਪਾਇਦਾ॥ ਅੰਗ – 1033***

ਉਸ ਨੇ ਆਪਣਾ ਘਰ ਆਪੇ ਹੀ ਬਣਾਇਆ ਹੋਇਆ ਹੈ ਸਰੀਰ ਦੇ ਅੰਦਰ। ਰਹਿੰਦਾ ਕਿਥੇ ਹੈ? ਕਹਿੰਦੇ 'ਗਗਨੰਦਰ'। ਗਗਨੰਦਰ ਕਹਿੰਦੇ ਨੇ ਦਸਵੇਂ ਦੁਆਰ ਨੂੰ। ਦਸਵੇਂ ਦੁਆਰ ਵਿਚ ਪ੍ਰਮੇਸ਼ਰ ਦਾ ਵਾਸਾ ਹੈ। ਜੇ ਦਸਵਾਂ ਦੁਆਰ ਕਹੀਏ ਤਾਂ ਆਪਾਂ ਗਲਤੀ ਖਾ ਜਾਵਾਂਗੇ। ਇਹ ਏਸ ਤਰ੍ਹਾਂ ਨਹੀਂ ਹੈ ਜਿਵੇਂ ਅਸੀਂ ਸਮਝਦੇ ਹਾਂ, ਇਹ ਯੋਗੀਆਂ ਦਾ ਦਸਵਾਂ-ਦੁਆਰ ਹੈ, ਜਿਸ ਦੀਆਂ ਅਸੀਂ ਗੱਲਾਂ ਬਾਤਾਂ ਕਰਦੇ ਹਾਂ। ਜਿਹੜਾ ਸਾਡਾ ਅਨੁਭਵ ਦਾ ਦੁਆਰਾ ਹੈ ਤੇ ਇਥੇ ਉਹ ਰਹਿੰਦਾ ਹੈ ਤੇ ਉਥੇ ਹੈ ਕੀ? ਕਹਿੰਦੇ ਬਜਰ ਕਪਾਟ ਜੜੇ ਹੋਏ ਨੇ –

***ਅੰਦਰਿ ਕੋਟ ਛਜੇ ਹਟਨਾਲੇ॥***
***ਆਪੇ ਲੇਵੈ ਵਸਤੁ ਸਮਾਲੇ॥***
***ਬਜਰ ਕਪਾਟ ਜੜੇ ਜੜਿ ਜਾਣੈ***
***ਗੁਰ ਸਬਦੀ ਖੁਲਾਇਦਾ॥ ਅੰਗ – 1033***

ਸੋ ਕਹਿਣ ਲੱਗੇ ਕਿ ਸੁਜਾਨ ਰਾਏ ਜੀ! ਗੁਰੂ ਦੇ ਸ਼ਬਦ ਨਾਲ ਖੁਲ੍ਹਣਾ ਹੈ ਉਹ ਦਰਵਾਜ਼ਾ, ਉਂਜ ਨਹੀਂ ਖੁਲ੍ਹਦਾ। ਜਿਹੜਾ ਗੁਰੂ ਦਾ ਸ਼ਬਦ ਹੈ ਉਸ ਨੂੰ ਅਸੀਂ ਚਾਬੀ ਕਹਿੰਦੇ ਹਾਂ, ਜਿਹੜਾ ਭਰਮ ਪੈ ਗਿਆ ਉਸ ਨੂੰ ਤਾਲਾ ਕਹਿੰਦੇ ਹਾਂ।

..... ਇਕੱਠੇ ਰਹਿੰਦੇ ਹੋ, ਇਕ ਸੇਜ ਤੇ ਰਹਿੰਦੇ ਹੋ –

***ਧਨ ਪਿਰ ਕਾ ਇਕ ਹੀ ਸੰਗਿ ਵਾਸਾ***
***ਵਿਚਿ ਹਉਮੈ ਭੀਤਿ ਕਰਾਰੀ॥ ਅੰਗ – 1263***

ਇਕੱਠੇ ਇਕ ਮੰਜੇ ਤੇ ਪੈਂਦੇ ਨੇ ਪਰ ਹਉਮੈ ਦਾ ਵਾਸਾ ਹੋਣ ਕਰਕੇ ਜੀਵ ਨੂੰ ਨਹੀਂ ਪਤਾ ਕਿ ਰੱਬ ਮੇਰੇ ਨਾਲ ਹੀ ਹੈ। ਰੱਬ ਨੂੰ ਸਾਰਾ ਪਤਾ ਹੈ ਕਿ ਆਹ! ਭੁੱਲਿਆ ਫਿਰਦਾ ਹੈ। ਦੇਖੋ! ਅਜੀਬ ਬਾਤ ਹੈ, ਉਸ ਨੂੰ ਸਾਰਾ ਪਤਾ ਹੈ ਕਿ ਇਹ ਜੀਵ ਭੁੱਲ ਗਿਆ, ਭਟਕ ਗਿਆ। ਉਸ ਦੇ ਵਾਸਤੇ ਹੀ ਮਹਾਂਪੁਰਸ਼ਾਂ ਨੂੰ ਭੇਜਦਾ ਹੈ ਵਾਰ-ਵਾਰ ਕਿ ਜਾਓ, ਜਾ ਕੇ ਹੋਕਾ ਦਿਓ ਤੇ ਉਨ੍ਹਾਂ ਨੂੰ ਸਮਝਾਓ। ਦੁਖੀ ਹੋ ਰਿਹਾ ਹੈ ਸੰਸਾਰ।

ਸੋ ਕਹਿਣ ਲਗਿਆ ਕਿ ਇਸ ਦੀ ਚਾਬੀ ਗੁਰੂ ਦੇ ਕੋਲ ਹੈ ਤੇ ਗੁਰੂ ਤੋਂ ਬਗੈਰ ਤਾਲਾ ਖੁਲ੍ਹਦਾ ਨਹੀਂ ਹੈ–

***ਧਾਰਨਾ – ਬਿਨਾ ਕੁੰਜੀਓਂ ਨਾ ਖੁਲ੍ਹਦੇ ਤਾਲੇ,***
***ਚਾਬੀ ਹੱਥ ਸਤਿਗੁਰ ਦੇ –2, 2.***

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ***
***ਕੁੰਜੀ ਗੁਰ ਸਉਪਾਈ॥ ਅੰਗ - 205***

ਵਾਹਿਗੁਰੂ ਨੇ ਆਪਣੇ ਘਰ, ਜਿਹੜਾ ਇਸ ਸਰੀਰ ਵਿਚ ਹੈ-

***ਨਉ ਦਰਵਾਜੇ ਕਾਇਆ ਕੋਟੁ ਹੈ***
***ਦਸਵੈ ਗੁਪਤੁ ਰਖੀਜੈ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥***
***ਅੰਗ - 954***

ਜਦੋਂ ਖੁੱਲ੍ਹ ਗਿਆ ਫੇਰ ਨਿਸ਼ਾਨੀ ਕੀ ਹੈ? ਕਹਿੰਦੇ -

***ਅਨਹਦ ਵਾਜੇ ਧੁਨਿ ਵਜਦੇ***
***ਗੁਰ ਸਬਦਿ ਸੁਣੀਜੈ॥ ਅੰਗ - 954***

ਉਥੇ ਝਣਕਾਰ ਪੈਂਦੀ ਹੈ ਵਾਜਿਆਂ ਦੀ। ਗਾਉਂਦਾ ਕੌਣ ਹੈ? 'ਸੋ ਦਰੁ' ਦੀ ਪਉੜੀ ਪੜ੍ਹ ਲਓ, ਮਹਾਰਾਜ ਜੀ ਕਹਿੰਦੇ ਕਿ ਹੋਰ ਬੇਅੰਤ ਗਾ ਰਹੇ ਨੇ, ਮੈਂ ਕਹਿ ਨਹੀਂ ਸਕਦਾ, ਚਿੱਤ ਨਹੀਂ ਆ ਰਹੇ ਪਰ ਤੇਰੇ ਦਰਵਾਜੇ ਤੇ ਹਰ ਵਕਤ ਕੀਰਤਨ ਹੋ ਰਿਹਾ ਹੈ, ਹਰ ਵਕਤ ਸੰਗੀਤ ਹੋ ਰਿਹਾ ਹੈ। ਸਭ ਗਾ ਰਹੇ ਨੇ, ਪ੍ਰਕਿਰਤੀ ਵੀ ਗਾ ਰਹੀ ਹੈ, ਦੇਵੀ-ਦੇਵਤੇ ਗਾ ਰਹੇ ਨੇ, ਪੌਣ-ਪਾਣੀ ਗਾ ਰਹੇ ਨੇ। ਰੋਜ਼ 'ਸੋ ਦਰੁ' ਦੀ ਪਉੜੀ ਆਪਾਂ ਪੜ੍ਹਦੇ ਹਾਂ ਸਵੇਰੇ ਵੀ, ਸ਼ਾਮ ਨੂੰ ਵੀ। ਕਹਿੰਦੇ ਉਹ ਦਰਵਾਜਾ ਖੁੱਲ੍ਹਦਾ ਨਹੀਂ ਹੈ -

***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥***
***ਅੰਗ - 954***

ਜਦੋਂ ਖੁੱਲ੍ਹਿਆ ਤਾਂ ਕੀ ਸੁਣਿਆ?

***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥***
***ਅੰਗ - 954***

ਹਨ੍ਹੇਰਾ ਹੈ ਉਥੇ? ਕਹਿੰਦੇ ਨਹੀਂ, ਹਨ੍ਹੇਰਾ ਨਹੀਂ, ਉਥੇ ਗਿਆਨ ਦਾ ਪ੍ਰਕਾਸ਼ ਹੈ -

***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥***
***ਅੰਗ - 954***

ਚਾਨਣੇ ਵਿਚ ਦਿਸਦਾ ਵੀ ਹੈ ਕੁਝ? ਕਹਿੰਦੇ ਹਾਂ!

***ਸਭ ਮਹਿ ਏਕੁ ਵਰਤਦਾ***
***ਜਿਨਿ ਆਪੇ ਰਚਨ ਰਚਾਈ॥ ਅੰਗ - 954***
***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥***
***ਅੰਗ - 947***

ਉਹ ਜਿਹੜਾ ਵਾਹਿਗੁਰੂ ਸੀ, ਸਾਰਿਆਂ ਵਿਚ ਵਰਤਣ ਵਾਲਾ, ਉਹ ਦਿਸ ਗਿਆ। ਚਾਬੀ ਲੱਗ ਗਈ, ਤਾਲਾ ਖੁੱਲ੍ਹ ਗਿਆ। ਹੁਣ ਚਾਬੀ ਕਿਥੋਂ ਮਿਲਦੀ ਹੈ? ਕਹਿੰਦੇ ਇਸ ਦੀ ਚਾਬੀ ਗੁਰੂ ਕੋਲ ਹੈ। ਬੜੇ ਤਰੀਕਿਆਂ ਨਾਲ ਇਹ ਗੱਲ ਕਹੀ ਜਾਂਦੀ ਹੈ। ਪੰਜ ਭਰਮ ਨੇ, ਭਰਮਾਂ ਵਿਚ ਪਿਆ ਹੋਇਆ ਬੰਦਾ ਰੁਲਦਾ ਫਿਰਦਾ ਹੈ - ਭੇਦ ਭਰਮ ਹੈ, ਕਰਤੱਤੂ ਭਰਮ ਹੈ, ਸੰਗ ਭਰਮ ਹੈ, ਵਿਕਾਰ ਭਰਮ ਹੈ, ਬ੍ਰਹਮਇਤ੍ਰ ਜਗਤ ਭਰਮ ਹੈ। ਬੜੀ ਲੰਮੀ ਫਿਲਾਸਫੀ ਹੈ ਇਹ, ਦੋ ਚਾਰ ਘੰਟਿਆਂ ਜਾਂ ਇਕ-ਦੋ ਦਿਨਾਂ ਵਿਚ ਦੱਸਣ ਵਾਲੀ ਬਾਤ ਨਹੀਂ ਹੈ ਇਹ। ਜੇ ਮੈਂ ਦੱਸਾਂ ਵੀ ਤਾਂ ਉਹ ਫੜ ਨਹੀਂ ਹੋਣੀ। ਸੋ ਆਪਾਂ ਕੰਮ ਦੀ ਹੀ ਗੱਲ ਕਰਾਂਗੇ ਜਿਹੜੀ ਯਾਦ ਰਹਿ ਜਾਵੇ। ਕਹਿੰਦੇ ਗੁਰੂ ਤੋਂ ਬਗੈਰ ਨਹੀਂ ਹੋਣਾ, ਜੋ ਕਰਨਾ ਹੈ ਕਰ ਲੈ, ਜਿੰਨਾ ਤਪ ਕਰਨਾ ਹੈ ਕਰ ਲੈ, ਦਾਨ ਜਿੰਨਾ ਕਰਨਾ ਹੈ ਕਰ ਲੈ, ਬਰਫਾਂ ਵਿਚ ਜਾ ਕੇ ਗਲ ਜਾਹ, ਹਉਮੈ ਨਹੀਂ ਜਾਣੀ ਕਦੇ ਵੀ, ਹਉਮੈ ਗੁਰੂ ਦੇ ਉਪਦੇਸ਼ ਨਾਲ ਜਾਣੀ ਹੈ।

ਇਕ ਮਹਾਂਪੁਰਸ਼ ਹੋਏ ਨੇ ਭਾਰਤਵਰਸ਼ ਵਿਚ, ਮਸ਼ਹੂਰ ਪੁਰਸ਼ ਨੇ ਦੁਆਪਰ ਯੁੱਗ ਦੇ। ਉਹ ਵੇਦ-ਵਿਆਸ ਜੀ ਦੇ ਲੜਕੇ ਸਨ। ਉਸਨੂੰ ਮਾਤਾ ਦੇ ਗਰਭ ਵਿਚ ਸੌ ਜਨਮ ਯਾਦ ਸੀ ਕਿ ਕਿਵੇਂ-ਕਿਵੇਂ ਕੱਟਿਆ ਹੈ। ਸਾਡੇ ਤਾਂ ਯਾਦ ਨਹੀਂ ਨਾ ਰਿਹਾ, ਦੇਖਿਆ ਤਾਂ ਅਸੀਂ ਵੀ ਹੈ ਸਾਰਿਆਂ ਨੇ। ਕਿਸੇ ਦੇ ਇਕ ਜਨਮ ਯਾਦ ਹੈ - ਭਾਗਾਂ ਵਾਲੇ ਦੇ, ਕਿਸੇ ਦੇ ਦੋ ਜਨਮ ਯਾਦ ਨੇ ਵੱਧ ਨਹੀਂ ਹੁੰਦੇ। ਬੰਦਗੀ ਕਰਕੇ ਹੋ ਜਾਂਦਾ ਹੈ ਸੈਂਕੜੇ ਜਨਮਾਂ ਦਾ ਗਿਆਨ ਪਰ ਦੇਖਣ ਤੋਂ ਹਟ ਜਾਂਦਾ ਹੈ ਕਿ ਕੀ ਫਜ਼ੂਲ ਗੱਲ ਦੇਖਣੀ ਹੈ ਕਿ ਬਥੇਰੇ ਜਨਮ ਦੇਖ ਲਏ -

***ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥***
***ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥***
***ਅੰਗ - 156***

ਮੌਲਾਨਾ ਰੂਮ ਹੋਇਆ ਹੈ ਇਕ, ਇਹ ਸਮਸ਼ਤਬਰੇਜ਼ ਦਾ ਮੁਰੀਦ ਸੀ। ਬੰਦਗੀ ਕਰਕੇ ਉਸ ਦੇ ਅੰਦਰ ਦਾ ਗਿਆਨ ਖੁੱਲ੍ਹ ਗਿਆ ਤੇ ਉਹ ਅੰਦਰ ਦੇਖਣ ਲੱਗ ਗਿਆ। ਉਹ ਲਿਖਦਾ ਹੈ ਕਿ ਮੈਂ ਕਿੰਨੇ ਹੀ ਜਨਮ ਪੱਥਰ ਬਣੀ ਗਿਆ, ਕਿੰਨੀ ਵਾਰੀ ਮੈਂ ਪੌਦੇ ਬਣੀ ਗਿਆ, ਦਰਖਤ ਬਣੀ ਗਿਆ, ਪੰਛੀ ਬਣੀ ਗਿਆ। ਕਹਿੰਦਾ ਥੱਕ ਗਿਆ ਮੈਂ ਦੇਖਦਾ ਦੇਖਦਾ ਵੀ, ਚੌਰਾਸੀ ਲੱਖ ਹੁਣ ਦੇਖਿਆ ਜਾਂਦਾ ਹੈ ਕਿਸੇ ਤੋਂ? ਆਪਾਂ ਤਾਂ ਮੰਨ ਹੀ ਲਓ, ਆਪਾਂ ਕਾਹਨੂੰ ਦੇਖਣਾ ਹੈ? ਇਸ ਖਲਜਗਣ ਵਿਚ ਪੈਣਾ ਹੈ? ਮੰਨ ਲਓ ਕਿ ਬੇਅੰਤ ਜਨਮ ਅਸੀਂ ਘੁੰਮਦੇ ਆਏ ਹਾਂ -

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥***
***ਮਿਲੁ ਜਗਦੀਸ ਮਿਲਨ ਕੀ ਬਰੀਆ॥***
***ਚਿਰੰਕਾਲ ਇਹ ਦੇਹ ਸੰਜਰੀਆ॥ ਅੰਗ - 176***

ਉਸ ਦੇ ਯਾਦ ਸੀ ਸਾਰੇ ਤੇ ਬਚਪਨ ਵਿਚ ਹੀ ਆਪਣੇ ਪਿਤਾ ਵਿਆਸ ਨੂੰ ਇਹ ਕਹਿਣ ਲੱਗ ਗਿਆ

ਕਿ ਮੈਂ ਤਾਂ ਬੰਦਗੀ ਕਰਨੀ ਹੈ ਤੇ ਪਿਛਲੇ ਜਨਮ ਮੇਰੇ ਯਾਦ ਨੇ। ਉਸ ਨੇ ਇਕ ਜਨਮ ਸੁਣਾ ਦਿਤਾ ਪਿਤਾ ਨੂੰ ਤੇ ਫੇਰ ਉਸ ਨੂੰ ਵੀ ਭਰੋਸਾ ਹੋ ਗਿਆ ਕਿ ਹਾਂ, ਏਸ ਨੂੰ ਪਤਾ ਹੈ। ਕਹਿੰਦਾ, "ਬੇਟਾ! ਫੇਰ ਮੈਂ ਨਹੀਂ ਰੋਕਦਾ।" ਉਹ ਪੰਜ ਸਾਲ ਦਾ ਹੀ ਬੰਦਗੀ ਕਰਨ ਵਾਸਤੇ ਚਲਾ ਗਿਆ। ਛੱਤੀ ਸਾਲਾਂ ਵਿਚ ਐਡੀ ਵੱਡੀ ਤਰੱਕੀ ਕਰ ਲਈ ਕਿ ਉਹ ਛੇ-ਛੇ ਮਹੀਨੇ ਸਮਾਧੀ ਲਾ ਕੇ ਹੀ ਬੈਠਾ ਰਹਿੰਦਾ ਸੀ। ਜਟਾਵਾਂ ਉਸ ਦੀਆਂ ਧਰਤੀ ਤੇ ਲਗਦੀਆਂ ਸਨ ਅਤੇ ਉਨ੍ਹਾਂ ਵਿਚ ਪੰਛੀ ਆਲ੍ਹਣੇ ਪਾ ਲੈਂਦੇ ਸਨ। ਜਦੋਂ ਸਮਾਧੀ ਖੋਲ੍ਹਦਾ ਸੀ, ਉਦੋਂ ਸ਼ਾਂਤੀ ਨਹੀਂ ਸੀ ਆਉਂਦੀ। ਉਸ ਨੇ ਸੋਚਿਆ ਕਿ ਚਲੋ! ਆਪਣੇ ਪਿਤਾ ਵਿਆਸ ਜੀ ਨੂੰ ਪੁਛਦੇ ਹਾਂ ਕਿ ਮੇਰਾ ਮਨ ਸ਼ਾਂਤ ਕਿਉਂ ਨਹੀਂ ਹੁੰਦਾ। ਕਿਉਂਕਿ ਮਨ ਕਿਸੇ ਤਰੀਕੇ ਨਾਲ ਸ਼ਾਂਤ ਨਹੀਂ ਹੁੰਦਾ, ਨਾ ਦੌਲਤ ਨਾਲ ਹੁੰਦਾ ਹੈ। ਤੁਸੀਂ ਕਰਕੇ ਦੇਖ ਲਓ। ਜਿਨ੍ਹਾਂ ਕੋਲ ਹੈ ਉਨ੍ਹਾਂ ਨੂੰ ਪੁਛ ਲਓ। ਜੇ ਮਕਾਨ ਵੀ ਸੋਨੇ ਦਾ ਬਣਾਇਆ ਹੋਇਆ ਹੋਵੇ, ਫੁਹਾਰੇ ਚਲਦੇ ਹੋਣ, ਪੈਸੇ ਦਾ ਕੋਈ ਅੰਤ ਹੀ ਨਾ ਹੋਵੇ ਤਾਂ ਪੁਛ ਲਓ ਉਸ ਨੂੰ! ਜੇ ਕਦੇ ਖੁਸ਼ੀ ਹੋਵੇ ਕਿਉਂਕਿ ਖੁਸ਼ੀ ਦਾ ਸਬੰਧ ਮਨ ਨਾਲ ਹੈ ਤੇ ਮਨ ਦਾ ਸੰਬੰਧ ਨਾਮ ਨਾਲ ਹੈ ਤੇ ਨਾਮ ਤੋਂ ਬਗੈਰ ਕਦੇ ਖੁਸ਼ੀ ਨਹੀਂ ਆਉਂਦੀ -

***ਧਾਰਨਾ - ਕਿਤ ਬਿਧ ਮਨ ਧੀਰੇ ਜੀ -2, 2.***
***ਬਿਨ ਹਰਿ ਨਾਮ ਨ ਸ਼ਾਂਤ ਹੋਇ -2, 4.***

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥***
***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥***
***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥***
***ਬਿਨੁ ਹਰਿ ਨਾਮ ਨ ਸਾਂਤਿ ਹੋਇ***
***ਕਿਤੁ ਬਿਧਿ ਮਨੁ ਧੀਰੇ॥*** ***ਅੰਗ - 707***

ਤਪ ਕਰ ਲੈ, ਜਪ ਕਰ ਲੈ, ਕਿੰਨਾ ਹੀ ਧਨ ਇਕੱਠਾ ਕਰ ਲੈ ਪਰ ਮਨ ਕਦੇ ਵੀ ਸ਼ਾਂਤ ਨਹੀਂ ਹੋਏਗਾ। ਮਨ ਸ਼ਾਂਤ ਉਸ ਦਾ ਹੁੰਦਾ ਹੈ ਜਿਸ ਦੇ ਹਿਰਦੇ ਵਿਚ ਨਾਮ ਵਸ ਗਿਆ ਕਿਉਂਕਿ ਨਾਮ 'ਠਾਰ ਗੜਾ' ਹੈ। ਚਾਹੇ ਉਸ ਦੀ ਦੁਨਿਆਵੀ ਹਾਲਤ ਮਾੜੀ ਹੈ, ਮਹਾਰਾਜ ਜੀ ਗਿਣਦੇ ਨੇ ਕਿ -

***ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥***
***ਅੰਗ - 707***

ਨਾਮ ਵਾਲੇ ਦੀ ਗੱਲ ਦਸਦੇ ਨੇ ਕਿ ਝੌਂਪੜੀ ਵਿਚ ਰਹਿੰਦਾ ਹੈ - ਟੁੱਟੀ ਹੋਈ ਵਿਚ, ਕੱਪੜੇ ਪਾਟੇ ਹੋਏ ਨੇ-

***ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥***
***ਅੰਗ - 707***

ਕੋਈ ਆਦਰ ਨਹੀਂ ਦਿੰਦਾ ਗਰੀਬ ਜਾਣ ਕੇ, ਜੰਗਲ ਵਿਚ ਘੁੰਮਦਾ ਰਹਿੰਦਾ ਹੈ।

***ਮਿਤ੍ਰ ਨ ਇਠ ਧਨ ਰੂਪਹੀਣ***
***ਕਿਛੁ ਸਾਕੁ ਨ ਸਿੰਨਾ॥*** ***ਅੰਗ - 707***

ਨਾ ਕੋਈ ਮਿੱਤਰ ਬਣਦਾ ਹੈ, ਕੋਈ ਸਾਕ ਵੀ ਨਹੀਂ ਕਹਿੰਦਾ ਕਿ ਇਹ ਸਾਡਾ ਹੈ। ਕਹਿੰਦੇ ਹਾਂ ਸੁਣਿਆ ਤਾਂ ਹੈ ਕਿ ਸਾਡੇ ਨਾਲ ਇਸ ਦਾ ਕੋਈ ਰਿਸ਼ਤਾ ਹੈ। ਮਹਾਰਾਜ ਜੀ ਕਹਿੰਦੇ ਜੇ ਪ੍ਰਮੇਸ਼ਰ ਦਾ ਨਾਮ ਉਸ ਦੇ ਹਿਰਦੇ ਵਿਚ ਵਸਿਆ ਹੋਇਆ ਹੈ ਤਾਂ ਉਸ ਦੀ ਪਦਵੀ ਦੇ ਮੁਕਾਬਲੇ ਤੇ ਕੋਈ ਪਹੁੰਚ ਹੀ ਨਹੀਂ ਸਕਦਾ -

***ਧਾਰਨਾ - ਚਿੱਤ ਹਰੀ ਦੇ ਨਾਮ ਨਾਲ ਲੱਗਿਆ,***
***ਰਾਜਾ ਸਾਰੀ ਦੁਨੀਆਂ ਦਾ -2, 2.***

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥***
***ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥***
***ਅੰਗ - 707***

ਜਿਸ ਦੇ ਅੰਦਰ ਨਾਮ ਚਲਦਾ ਹੈ -

***ਜਿਸ ਨਾਮੁ ਰਿਦੈ ਸੋਈ ਵਡ ਰਾਜਾ॥***
***ਅੰਗ - 1155***

ਉਹ ਤਾਂ ਵੱਡੇ-ਵੱਡੇ ਰਾਜਿਆਂ ਨੂੰ ਰਾਜ ਦੇਣ ਦੀ ਸਮਰੱਥਾ ਰੱਖਦਾ ਹੈ। ਸੋ ਬੰਦਗੀ ਕਰਨ ਵਾਲਾ ਤੇ ਇਕ ਪਾਸੇ ਮਾਇਆ ਦਾ ਵੀ ਮਾਲਕ ਹੁੰਦਾ ਹੈ ਤੇ ਸ਼ਾਂਤੀ ਦਾ ਸਾਗਰ -

***ਬਿਨੁ ਹਰਿ ਨਾਮ ਨ ਸਾਂਤਿ ਹੋਇ***
***ਕਿਤੁ ਬਿਧਿ ਮਨੁ ਧੀਰੇ॥*** ***ਅੰਗ - 707***

ਇਹ ਸੁਖਦੇਵ ਛੱਤੀ ਸਾਲ ਦੀ ਤਪੱਸਿਆ ਕਰਕੇ ਪਿਤਾ ਕੋਲ ਆ ਗਿਆ। ਦੇਖਿਆ ਪਿਤਾ ਨੇ ਤੇ ਪੁਛਿਆ ਹਾਲ ਚਾਲ ਕਿ ਬੇਟਾ! ਕਿਵੇਂ ਹੈ? ਕਹਿਣ ਲੱਗਿਆ ਕਿ ਪਿਤਾ ਜੀ! ਮਨ ਸ਼ਾਂਤ ਨਹੀਂ ਹੋਇਆ। ਪਿਤਾ ਕਹਿੰਦੇ ਕਿ ਮਨ ਨਹੀਂ ਸ਼ਾਂਤ ਹੁੰਦਾ ਜਿੰਨਾ ਚਿਰ ਬ੍ਰਹਮਗਿਆਨੀ ਨਹੀਂ ਹੁੰਦਾ, ਨਾਮ ਦਾ ਅੰਦਰ ਪ੍ਰਕਾਸ਼ ਨਹੀਂ ਹੁੰਦਾ। ਹੁਣ ਨਾਮ ਕੀ ਹੁੰਦਾ ਹੈ? ਅਸੀਂ ਤਾਂ ਕਹਿੰਦੇ ਹਾਂ ਕਿ ਵਾਹਿਗੁਰੂ ਨਾਮ ਹੁੰਦਾ ਹੈ, ਫਲਾਣੇ ਤੋਂ ਮੈਂ ਲਿਆ ਹੈ। ਇਹ ਤਾਂ ਮੰਤਰ ਨੇ। ਨਾਮ ਤਾਂ ਸਾਡੇ ਅੰਦਰ ਹੈ, ਲੈਣਾ ਦੇਣਾ ਨਹੀਂ ਹੈ ਕਿਤੋਂ ਵੀ। ਇਹ ਤਾਂ ਸਰੀਰ ਦੇ ਅੰਦਰ ਪਿਆ ਹੈ। ਇਹ ਪ੍ਰਗਟ ਹੁੰਦਾ ਹੈ ਪਰ ਹੁੰਦਾ ਤਾਂ ਹੈ ਜੇ ਚਾਬੀ ਲੱਗ ਕੇ ਤਾਲਾ ਖੁੱਲ੍ਹ ਜਾਵੇ। ਸਮਰੱਥ ਗੁਰੂ ਤੋਂ ਬਗੈਰ ਨਾਮ ਦੀ ਦਾਤ ਪ੍ਰਾਪਤ ਨਹੀਂ ਹੁੰਦੀ ਕਿਉਂਕਿ ਨਾਮ ਤਾਂ ਹੈ ਹੀ ਗੁਰੂ ਦੇ ਪਾਸ, ਹੋਰ ਥਾਂ ਤੋਂ ਇਹ ਮਿਲਦਾ ਹੀ ਨਹੀਂ।

ਸੋ ਏਸ ਤਰ੍ਹਾਂ ਦੇ ਨਾਲ ਜਦੋਂ ਸੁਖਦੇਵ ਨੇ ਗੱਲ ਕਰੀ ਤਾਂ ਉਸ ਦਾ ਪਿਤਾ ਕਹਿਣ ਲੱਗਿਆ ਕਿ ਬੇਟਾ! ਤੈਨੂੰ ਗਿਆਨ ਦੀ ਪ੍ਰਾਪਤੀ ਨਹੀਂ ਹੋਈ। ਤੇਰੇ ਅੰਦਰ ਤਪ ਕਰਨ ਨਾਲ ਰਿੱਧੀਆਂ-ਸਿਧੀਆਂ ਬੇਅੰਤ ਸ਼ਕਤੀਆਂ ਵਧ

ਗਈਆਂ ਹਨ ਪਰ ਜੇ ਤੂੰ ਸ਼ਾਂਤੀ ਚਾਹੁੰਦਾ ਹੈਂ ਤਾਂ ਰਾਜਾ ਜਨਕ ਨੂੰ ਗੁਰੂ ਧਾਰਨ ਕਰ। ਗੁਰੂ ਧਾਰਨ ਕਰਨ ਤੋਂ ਬਗੈਰ ਇਹ ਗੱਲ ਬਣਿਆ ਨਹੀਂ ਕਰਦੀ ਕਿਉਂਕਿ ਗੁਰੂ ਤੋਂ ਬਗੈਰ ਮੁਕਤੀ ਨਹੀਂ ਹੁੰਦੀ। ਜਿੰਨਾ ਚਿਰ ਗੁਰੂ ਗਿਆਨ ਨਹੀਂ ਦਿੰਦਾ, ਓਨਾ ਚਿਰ ਮੁਕਤ ਨਹੀਂ ਹੁੰਦਾ। ਆਏਂ ਪੜ੍ਹ ਲਓ –

***ਧਾਰਨਾ –    ਬਿਨਾਂ ਗੁਰਾਂ ਤੋਂ ਮੁਕਤ ਨਾ ਹੋਵੇ,***
***ਪੁਛੋ ਬ੍ਰਹਮੇ ਨਾਰਦੇ ਨੂੰ –2, 4.***

***ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥***
***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥***

***ਅੰਗ – 59***

ਸੋ ਏਸ ਤਰ੍ਹਾਂ ਰਾਜੇ ਜਨਕ ਬਾਰੇ ਦੱਸਿਆ ਕਿ ਉਸ ਦੇ ਕੋਲ ਜਾਹ। ਕਹਿਣ ਲੱਗਿਆ ਕਿ ਤੁਸੀਂ ਦੇ ਦਿਓ ਉਪਦੇਸ਼। ਵੇਦ-ਵਿਆਸ ਜੀ ਕਹਿਣ ਲੱਗੇ ਕਿ ਮੈਂ ਤੇਰਾ ਪਿਤਾ ਹਾਂ, ਜਦੋਂ ਤੱਕ ਗੁਰੂ ਭਾਵਨਾ ਨਹੀਂ ਆਉਂਦੀ, ਉਨਾ ਚਿਰ ਉਪਦੇਸ਼ ਨਹੀਂ ਫਲਿਆ ਕਰਦਾ। ਜਦੋਂ ਹਠ ਕਰਿਆ ਤਾਂ ਉਨ੍ਹਾਂ ਨੇ ਉਪਦੇਸ਼ ਦੇ ਦਿੱਤਾ। ਕਹਿਣ ਲੱਗਿਆ ਕਿ ਪਿਤਾ ਜੀ! ਇਹ ਤਾਂ ਮੈਂ ਪਹਿਲਾਂ ਹੀ ਚੰਗੀ ਤਰ੍ਹਾਂ ਜਾਣਦਾ ਹਾਂ। ਜੇ ਸਾਨੂੰ ਕੋਈ ਉਪਦੇਸ਼ ਦੇਵੇ ਕਿ ਇਥੇ ਵਾਹਿਗੁਰੂ ਹੈ ਸਾਰੇ, ਇਹ ਤਾਂ ਅਸੀਂ ਸੁਣਿਆ ਹੋਇਆ ਹੈ ਸਤਿਸੰਗ 'ਚੋਂ, ਇਹ ਕਾਹਦਾ ਉਪਦੇਸ਼ ਹੈ। ਗੁਰੂ ਦੀ ਬਾਤ ਹੋਰ ਹੁੰਦੀ ਹੈ। ਰਾਜੇ ਜਨਕ ਦੇ ਕੋਲ ਚਲਿਆ ਗਿਆ। ਬੜਾ ਅਭਿਮਾਨ ਹੈ ਮਨ ਵਿਚ ਕਿ ਮੈਂ ਛੱਤੀ ਸਾਲ ਘੋਰ ਤਪ ਕਰਿਆ। ਅੱਗੇ ਦੇਖਿਆ ਤਾਂ ਉਹ ਕੁਰਸੀ ਤੇ ਬੈਠਾ ਹੈ, ਇਨਸਾਫ ਦੀ ਕੁਰਸੀ ਹੈ। ਇਕ ਮੁਕੱਦਮਾ ਚੱਲ ਰਿਹਾ ਹੈ। ਡਾਕਾ ਮਾਰਿਆ ਡਾਕੂਆਂ ਨੇ, ਬਹੁਤ ਬੇਰਹਿਮੀ ਨਾਲ ਦੁਨੀਆਂ ਮਾਰ ਦਿੱਤੀ, ਅੱਗਾਂ ਲਾ ਦਿੱਤੀਆਂ। ਰਾਜੇ ਜਨਕ ਨੇ ਫੈਸਲਾ ਸੁਣਾਇਆ ਕਿ ਇਨ੍ਹਾਂ ਸੌ ਬੰਦਿਆਂ ਨੂੰ ਫਾਂਸੀ ਚਾੜ੍ਹ ਦਿਓ। ਸੁਖਦੇਵ ਨੇ ਮਨ ਵਿਚ ਸੋਚਿਆ ਕਿ ਹੈਂ! ਇਸ ਨੂੰ ਮੈਂ ਗੁਰੂ ਧਾਰਨ ਕਰਾਂ? ਇਹ ਤਾਂ ਹਿੰਸਕ ਰਾਜਾ ਹੈ। ਤਰਕ ਕਰ ਦਿੱਤੀ ਤੇ ਵਾਪਸ ਮੁੜ ਆਇਆ। ਰਸਤੇ ਵਿਚ ਨਾਰਦ ਮੁਨੀ ਮਿਲ ਗਏ ਤੇ ਪੁੱਛਣ ਲੱਗੇ ਕਿ ਕੀ ਗੱਲ ਸੁਖਦੇਵ! ਤੇਰਾ ਚਿਹਰਾ ਨਹੀਂ ਖਿੜਿਆ ਹੋਇਆ? ਕਿਥੋਂ ਆਇਆ ਹੈਂ?

ਕਹਿੰਦਾ, "ਕੀ ਦੱਸਾਂ! ਮੈਂ ਆਪਣੇ ਪਿਤਾ ਨੂੰ ਦੱਸਿਆ ਕਿ ਮੇਰੇ ਮਨ ਨੂੰ ਸ਼ਾਂਤੀ ਨਹੀਂ ਆਉਂਦੀ ਤੇ ਉਨ੍ਹਾਂ ਨੇ ਰਾਜੇ ਜਨਕ ਕੋਲ ਭੇਜ ਦਿੱਤਾ।"

ਕਹਿੰਦੇ, "ਫੇਰ ਅੱਗੇ ਕੀ ਹੋਇਆ?"

ਕਹਿੰਦਾ, "ਉਹ ਤਾਂ ਹਿੰਸਕ ਰਾਜਾ ਹੈ, ਮੇਰੇ ਸਾਹਮਣੇ ਸੌ ਬੰਦਿਆਂ ਨੂੰ ਫਾਂਸੀ ਚਾੜ੍ਹਨ ਦਾ ਹੁਕਮ ਦੇ ਦਿੱਤਾ।"

ਨਾਰਦ ਜੀ ਕਹਿਣ ਲੱਗੇ, "ਉਹ ਇਨਸਾਫ ਦੀ ਕੁਰਸੀ ਤੇ ਬੈਠਾ ਹੈ ਤੇ ਉਥੇ ਬੈਠ ਕੇ ਉਸ ਨੇ ਇਨਸਾਫ ਹੀ ਕਰਨਾ ਹੈ। ਡਾਕੂਆਂ ਨੇ ਡਾਕੇ ਮਾਰੇ ਨੇ, ਦੁਨੀਆਂ ਮਾਰੀ ਹੈ ਤੇ ਉਨ੍ਹਾਂ ਦਾ ਉਹ ਫਲ ਭੁਗਤਾ ਰਿਹਾ ਹੈ।"

ਕਹਿੰਦਾ, "ਨਾ ਨਾ! ਮੈਂ ਨਹੀਂ ਇਹ ਗੱਲ ਮੰਨਦਾ।"

ਨਾਰਦ ਨੇ ਸੋਚਿਆ ਕਿ ਇਸ ਦਾ ਤਾਂ ਸਾਰਾ ਤਪ ਖਤਮ ਹੋ ਗਿਆ ਕਿਉਂਕਿ ਇਸ ਨੇ ਬ੍ਰਹਮਗਿਆਨੀ ਤੇ ਤਰਕ ਕਰ ਦਿੱਤੀ। ਰਸਤੇ ਵਿਚ ਅੱਗੇ ਜਾ ਕੇ ਆਪਣਾ ਭੇਸ ਬਦਲ ਕੇ ਬੁੱਢਾ ਬਣ ਗਿਆ ਤੇ ਹੱਥ ਵਿਚ ਇਕ ਟੋਕਰੀ ਲਈ, ਬਰੇਤੀ 'ਚੋਂ ਰੇਤਾ ਭਰ ਕੇ ਦਰਿਆ ਵਿਚ ਸੁੱਟਣਾ ਸ਼ੁਰੂ ਕਰ ਦਿੱਤਾ। ਉਧਰੋਂ ਸੁਖਦੇਵ ਆ ਗਿਆ, ਧੁੱਪ ਜ਼ਿਆਦਾ ਹੋਣ ਕਰਕੇ ਸੁਖਦੇਵ ਕਿਸੇ ਦਰਖਤ ਥੱਲੇ ਬੈਠ ਗਿਆ ਤੇ ਦੇਖੀ ਜਾਂਦਾ ਹੈ। ਘੰਟਾ ਹੋ ਗਿਆ ਤੇ ਮਨ ਵਿਚ ਸੋਚਿਆ ਕਿ ਇਹ ਮੂਰਖ ਬੰਦਾ ਕੀ ਕਰਦਾ ਹੈ? ਬਰੇਤੀ 'ਚੋਂ ਟੋਕਰੀ ਭਰਦਾ ਹੈ ਦਰਿਆ ਵਿਚ ਸੁੱਟ ਦਿੰਦਾ ਹੈ, ਪਹਿਲੀ ਰੁੜ੍ਹ ਜਾਂਦੀ ਹੈ। ਅਖੀਰ ਉਹ ਵੀ ਥੱਕ ਗਿਆ ਤੇ ਦਮ ਲੈਣ ਲਈ ਉਸੇ ਦਰਖਤ ਦੇ ਕੰਢੇ ਆ ਕੇ ਬੈਠ ਗਿਆ। ਗੱਲ ਬਾਤ ਹੋਈ।

ਸੁਖਦੇਵ ਕਹਿੰਦਾ, "ਬਾਬਾ! ਕੀ ਕਰਦਾ ਹੈਂ ਤੂੰ?"

ਕਹਿੰਦਾ, "ਬੇਟਾ! ਮੈਂ ਪਾਰ ਲੰਘਣਾ ਹੈ। ਪਾਣੀ ਵਿਚੋਂ ਤਾਂ ਮੈਥੋਂ ਲੰਘ ਨਹੀਂ ਹੁੰਦਾ, ਮੈਨੂੰ ਤੈਰਨਾ ਨਹੀਂ ਆਉਂਦਾ, ਮੈਂ ਰੁੜ੍ਹ ਜਾਵਾਂਗਾ ਤੇ ਮੈਂ ਸੋਚਿਆ ਕਿ ਪੁਲ ਹੀ ਬਣਾ ਲਵਾਂ।"

ਕਹਿੰਦਾ, "ਤੂੰ ਤਾਂ ਮਹਾਂ ਮੂਰਖ ਹੈਂ। ਦਰਿਆ ਐਨਾ ਤੇਜ਼ ਚਲਦਾ ਹੈ ਜੋ ਰੇਤਾ ਤੂੰ ਪਾਉਂਦਾ ਹੈਂ ਉਹ ਰੁੜ੍ਹ ਜਾਂਦਾ ਹੈ। ਦੱਸ ਤੇਰਾ ਪੁਲ ਕਿਵੇਂ ਬਣ ਜਾਏਗਾ? ਤੇਰੀ ਤਾਂ ਮਿਹਨਤ ਹੀ ਬੇਕਾਰ ਹੈ। ਸੋ ਤੂੰ ਤਾਂ ਮਹਾਂ-ਮੂਰਖ ਹੈਂ।"

ਉਹ ਕਹਿੰਦਾ, "ਮੈਂ ਤਾਂ ਨਹੀਂ ਮਹਾਂ ਮੂਰਖ ਪਰ ਮੇਰੇ ਨਾਲੋਂ ਵੀ ਹਜ਼ਾਰਾਂ ਗੁਣਾਂ ਵੱਡਾ ਮਹਾਂਮੂਰਖ ਸੁਖਦੇਵ ਹੈ।"

ਕਹਿੰਦਾ, "ਸੁਖਦੇਵ ਤਾਂ ਮੈਂ ਹਾਂ। ਮੈਂ ਕਿਹੜੀ ਮੂਰਖਤਾ ਕਰ ਦਿੱਤੀ?"

ਕਹਿਣ ਲੱਗੇ, "ਤੂੰ ਬ੍ਰਹਮਗਿਆਨੀ ਮਹਾਂਪੁਰਸ਼ ਤੇ ਤਰਕ ਕਰ ਦਿੱਤੀ ਜਿਸ ਦੇ ਨਾਲ ਤੇਰੀਆਂ ਛੇ ਕਲਾਂ ਵੈਰਾਗ ਦੀਆਂ ਨਸ਼ਟ ਹੋ ਗਈਆਂ। ਛੱਤੀ ਜਨਮ ਧਾਰ ਕੇ ਦੁੱਖਾਂ ਦੇ ਨਤੀਜੇ ਦੇ ਤੌਰ ਤੇ ਛੇ ਕਲਾਂ ਵੈਰਾਗ ਦੀਆਂ ਬਣਿਆ ਕਰਦੀਆਂ ਨੇ, ਜਿਹੜੀਆਂ ਤੂੰ ਤਰਕ ਨਾਲ

ਨਸ਼ਟ ਕਰ ਦਿੱਤੀਆਂ। ਸੋ ਤੇਰੇ ਨਾਲੋਂ ਵੱਡਾ ਮਹਾਂਮੂਰਖ ਹੋਰ ਕੌਣ ਹੈ?"

ਨਾਲ ਹੀ ਆਪਣਾ ਅਸਲੀ ਰੂਪ ਦਿਖਾ ਦਿੱਤਾ। ਇਹ ਫੇਰ ਚਲਿਆ ਗਿਆ ਤੇ ਜਾ ਕੇ ਤਪੱਸਿਆ ਕਰੀ। ਦੁਬਾਰਾ ਫੇਰ ਪਿਤਾ ਨੇ ਕਿਹਾ ਕਿ ਤੂੰ ਉਨ੍ਹਾਂ ਕੋਲ ਹੀ ਜਾਹ, ਤੇਰਾ ਉਥੋਂ ਹੀ ਛੁਟਕਾਰਾ ਹੋਏਗਾ। ਮਨ ਵਿਚ ਆ ਗਿਆ ਕਿ ਮੈਂ ਤਿਆਗੀ ਤੇ ਉਹ ਰਾਜਾ, ਗ੍ਰਿਹਸਤੀ ਹੈ ਉਹ। ਸੰਤਾਂ ਨੂੰ ਇਹ ਆਮ ਹੀ ਹੁੰਦਾ ਹੈ ਜਿਹੜੇ ਬਿਹੰਗਮ ਨੇ। ਆਪਣੇ ਵਰਗਿਆਂ ਨੂੰ ਇਉਂ ਕਹਿ ਦਿੰਦੇ ਨੇ ਕਿ ਇਹ ਗ੍ਰਿਹਸਤੀ ਨੇ, ਇਹ ਤਾਂ ਕੁਝ ਨਹੀਂ ਹਨ ਕਿਉਂਕਿ ਐਸੀਆਂ ਧਾਰਨਾਂ ਬਣੀਆਂ ਹੋਈਆਂ ਨੇ ਪੁਰਾਣੀਆਂ ਪਰ ਗੁਰੂ ਘਰ ਵਿਚ ਨਹੀਂ ਹੈ ਇਹ ਗੱਲ। ਗੁਰੂ ਘਰ ਵਿਚ ਤਾਂ ਕਿਰਤ ਕਰੋ, ਨਾਮ ਜਪੋ ਤੇ ਵੰਡ ਕੇ ਛਕੋ। ਗ੍ਰਿਹਸਤ ਨੂੰ ਬੁਰਾ ਨਹੀਂ ਕਿਹਾ। ਉਸ ਨੂੰ ਬੁਰਾ ਕਿਹਾ ਹੈ ਜਿਹੜਾ ਮਾਇਆ ਵਿਚ ਫਸਦਾ ਹੈ -

***ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ***
***ਨਾਹੀ ਤ ਕਰੁ ਬੈਰਾਗੁ॥***
***ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ॥***
***ਅੰਗ - 1378***

ਜੇ ਸਾਧੂ ਬਣ ਕੇ ਡੇਰਿਆਂ ਵਿਚ ਫਸਦਾ ਹੈ ਕਿ ਮੇਰਾ ਡੇਰਾ ਹੈ। ਕਹਿੰਦੇ ਉਸ ਦੇ ਨਾਲੋਂ ਮਾੜੇ ਭਾਗ ਤਾਂ ਕਿਸੇ ਦੇ ਵੀ ਨਹੀਂ ਹਨ। ਘਰ-ਬਾਰ ਵੀ ਛੱਡਿਆ ਤੇ ਫੇਰ ਫਸ ਗਿਆ ਡੇਰੇ ਵਿਚ। ਗ੍ਰਿਹਸਤੀ ਜਿਹੜਾ ਧਰਮ ਦੀ ਕਿਰਤ ਕਰਦਾ ਹੈ, ਦਸਵੰਧ ਕੱਢਦਾ ਹੈ ਤੇ ਕੱਪੜੇ ਵਾਲੇ ਨੂੰ ਕੱਪੜਾ ਦਿੰਦਾ ਹੈ, ਯਥਾਸ਼ਕਤ ਵਰਤਦਾ ਹੈ ਉਸ ਦਾ ਮੁਕਾਬਲਾ ਕੌਣ ਕਰ ਸਕਦਾ ਹੈ? ਸਾਧੂਆਂ ਦੀ ਅੱਧੀ ਤਪੱਸਿਆ ਤਾਂ ਉਹ ਲੰਗਰ ਚਲਾ ਕੇ ਹੀ ਲੈ ਲੈਂਦਾ ਹੈ। ਸੋ ਗ੍ਰਿਹਸਤ ਨੂੰ ਮਾੜਾ ਨਹੀਂ ਸਗੋਂ ਉਚਾ ਕਿਹਾ ਹੈ ਪਰ ਉਸ ਦੇ ਮਨ ਵਿਚ ਸੀ ਕਿ ਇਹ ਰਾਜਾ ਗ੍ਰਿਹਸਤੀ ਸੀ। ਜਦੋਂ ਦੂਸਰੀ ਵਾਰੀ ਗਿਆ ਤਾਂ ਚੋਬਦਾਰ ਕਹਿਣ ਲੱਗੇ ਕਿ ਮਹਾਰਾਜ! ਉਹ ਸੁਆਮੀ ਪਹਿਲਾਂ ਵੀ ਆਇਆ ਸੀ ਤੇ ਹੁਣ ਫੇਰ ਆਇਆ ਹੈ। ਬੜਾ ਅਵਧੂਤ ਹੈ। ਰਾਜਾ ਕਹਿਣ ਲੱਗਿਆ, "ਲਿਆਓ! ਪੁੱਛੋ ਕੀ ਗੱਲ ਹੈ?"

ਕਹਿਣ ਲੱਗਿਆ ਕਿ ਮੈਂ ਬਚਨ ਕਰਨੇ ਨੇ ਕੁਝ ਇਨ੍ਹਾਂ ਨਾਲ। ਆਪਣੀ ਪਛਾਣ ਦੱਸੀ ਕਿ ਮੈਂ ਮਹਾਂਰਿਸ਼ੀ ਹਾਂ, ਸੁਖਦੇਵ ਮੇਰਾ ਨਾਮ ਹੈ, ਮੈਂ ਮਹਾਂ-ਤਿਆਗੀ ਹਾਂ, ਵਿਆਸ ਜੀ ਦਾ ਪੁੱਤਰ।

ਸਭ ਕੁਝ ਸੁਣ ਕੇ ਉਨ੍ਹਾਂ ਨੇ ਸੋਚਿਆ ਕਿ ਇਸ ਦੇ ਅੰਦਰ ਤਾਂ ਅਭਿਮਾਨ ਹੀ ਬਹੁਤ ਹੈ, ਤਿਆਗਪੁਣੇ ਦਾ ਹੀ ਅਭਿਮਾਨ ਹੈ। ਸੋ ਆਪ ਨੇ ਕਿਹਾ ਕਿ ਆਉਣ ਦਿਓ। ਜਦੋਂ ਅੰਦਰ ਜਾਣ ਲੱਗਿਆ ਤਾਂ ਇਸ ਨੇ ਸਿੰਘ ਦੁਆਰ ਤੇ ਜਿਥੋਂ ਦਾਖਲ ਹੋਈਦੈ ਉਥੇ ਆਪਣੀ ਤੂੰਬੀ ਤੇ ਇਕ ਕਪੀਨ ਰੱਖ ਦਿੱਤੀ, ਵਾਧੂ ਸੀ ਇਸ ਦੇ ਕੋਲ। ਰੱਖ ਕੇ ਅੰਦਰ ਚਲਿਆ ਗਿਆ। ਇਸ ਦੀ ਕੁਰਸੀ ਤੇ ਰਾਜੇ ਜਨਕ ਨੇ ਇਕ ਤਲਵਾਰ ਕੱਚੇ ਧਾਗੇ ਨਾਲ ਲਟਕਾ ਦਿੱਤੀ, ਇਸ ਨੇ ਦੇਖ ਲਈ। ਇਸ ਦੀ ਕੁਰਸੀ ਸੀ ਉਸ ਦੇ ਥੱਲੇ। ਉਹ ਬਚਨ ਕਰਨ ਤੇ ਇਹ ਉਪਰ ਨੂੰ ਦੇਖੇ। ਅਖੀਰ ਉਨ੍ਹਾਂ ਨੇ ਕਿਹਾ ਕਿ ਸੁਖਦੇਵ! ਮਨ ਇਕਾਗਰ ਕਰ। ਏਨੇ ਨੂੰ ਚੋਬਦਾਰਾਂ ਨੇ ਖਬਰ ਦੇ ਦਿੱਤੀ ਕਿ ਮਹਾਰਾਜ! ਅੱਗ ਲੱਗ ਗਈ ਮਹੱਲਾਂ ਵਿਚ। ਥੋੜ੍ਹੀ-ਥੋੜ੍ਹੀ ਦੇਰ ਬਾਅਦ ਆ ਕੇ ਦਸਦੇ ਨੇ ਕਿ ਹੁਣ ਫਲਾਣੇ ਥਾਂ ਆ ਗਈ। ਇਹ ਕਹਿ ਦਿਆ ਕਰੇ ਕਿ ਬੁਝਾ ਦਿਓ ਪਰ ਬਚਨ ਕਰੀ ਗਿਆ। ਜਦੋਂ ਅੱਗ 'ਸਿੰਘ ਦੁਆਰ' ਤੇ ਆਈ ਜਿਥੇ ਇਸ ਨੇ ਆਪਣੀ ਚਿੱਪੀ ਤੇ ਲੰਗੋਟੀ ਰੱਖੀ ਸੀ ਤੇ ਚੋਬਦਾਰ ਨੇ ਆ ਕੇ ਜਦੋਂ ਕਿਹਾ ਕਿ 'ਸਿੰਘ ਦੁਆਰ' ਨੂੰ ਅੱਗ ਲੱਗ ਗਈ ਹੈ ਤਾਂ ਸੁਖਦੇਵ ਉਠ ਕੇ ਦੌੜ ਲਿਆ ਤੇ ਜਾ ਕੇ ਆਪਣੀ ਚਿੱਪੀ ਤੇ ਲੰਗੋਟੀ ਚੁੱਕ ਲਈ। ਜਦੋਂ ਵਾਪਸ ਆਇਆ ਤਾਂ ਉਹ ਪੁੱਛਣ ਲੱਗੇ ਕਿ ਸੁਖਦੇਵ! ਕੀ ਗੱਲ, ਤੂੰ ਦੌੜਿਆ ਕਿਉਂ ਸੀ? ਕਹਿਣ ਲੱਗਿਆ ਕਿ ਮੇਰੀ ਚਿਪੀ ਤੇ ਲੰਗੋਟੀ ਉਥੇ ਪਈ ਸੀ। ਉਹ ਕਹਿਣ ਲੱਗੇ ਕਿ ਤੇਰੇ ਨਾਲੋਂ ਵੱਡਾ ਤਾਂ ਕੋਈ ਗ੍ਰਿਹਸਤੀ ਨਹੀਂ ਹੈ। ਆਹ ਆਨੇ ਦੀ ਚੀਜ਼ ਤੇ ਏਧਰ ਮਹੱਲ ਸੜ ਰਹੇ ਨੇ, ਘੋੜਿਆਂ ਦੇ ਤਬੇਲਿਆਂ ਨੂੰ ਅੱਗ ਲੱਗ ਗਈ, ਸਭ ਕੁਝ ਸੜ ਕੇ ਸੁਆਹ ਹੋ ਰਿਹਾ ਹੈ ਤੇ ਮੈਂ ਤੇਰੇ ਨਾਲ ਪ੍ਰਮਾਰਥਕ ਬਚਨ ਕਰ ਰਿਹਾ ਹਾਂ ਤੇ ਤੂੰ ਤਾਂ ਇਕ ਧੇਲੇ ਦੀ ਚੀਜ਼ ਤੇ ਹੀ ਨੱਠ ਗਿਆ। ਜਾਹ! ਵੱਡਾ ਗ੍ਰਿਹਸਤੀ ਹੈਂ ਤੂੰ - ਮਾਇਆ ਦੇ ਵਿਚ ਫਸਿਆ ਹੋਇਆ। ਪਹਿਲਾਂ ਆਪਣੇ-ਆਪ ਨੂੰ ਸਾਫ ਕਰਕੇ ਆ। ਬੜੀ ਝਾੜ ਪਈ। ਉਸ ਤੋਂ ਬਾਅਦ ਕਈ ਸਾਲ ਫੇਰ ਤਪੱਸਿਆ ਕਰਕੇ ਜਦੋਂ ਤੀਸਰੀ ਵਾਰੀ ਜਾਂਦਾ ਹੈ ਤਾਂ ਪਿਤਾ ਨੇ ਕਿਹਾ ਕਿ ਤੂੰ ਸ਼ਰਧਾ-ਭਾਵਨਾ ਨਾਲ ਜਾਹ। ਇਹ ਚੀਜ਼ ਇੰਜ ਨਹੀਂ ਮਿਲਦੀ ਜਿਵੇਂ ਤੂੰ ਭਾਲਦਾ ਹੈਂ। ਇਹ ਗਿਆਨ ਦੀ ਚੀਜ਼ ਬੜੀ ਅਮੁੱਲ ਹੈ, ਇਹ ਇੰਜ ਨਹੀਂ ਮਿਲਦੀ ਕਿ ਤੁਰਿਆ ਜਾਂਦਾ ਆਦਮੀ ਕਹੇ ਕਿ ਮੈਨੂੰ ਗਿਆਨ ਕਰਾ ਦਿਓ-

***ਧਾਰਨਾ - ਜਿਥੇ ਮਿਲੇ ਨਾ ਸੁਦਾਗਰ ਪੂਰਾ,***
***ਗਠੜੀ ਨਾ ਖੋਲ੍ਹੀਂ ਨਾਮ ਦੀ -2, 2.***

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥***
***ਅੰਗ - 1365***

ਜਿੰਨਾ ਚਿਰ ਪੂਰਾ ਮੁੱਲ ਨਾ ਦੇਣ ਵਾਲਾ ਹੋਵੇ, ਕਹਿੰਦੇ ਨਾਮ ਦੀ ਗੰਢ ਨਾ ਖੋਲ੍ਹੀਂ ਕਿਉਂਕਿ ਉਹ

ਅਧਿਕਾਰੀ ਨਹੀਂ ਹੈ, ਕੁਝ ਨਹੀਂ ਉਸ ਦੇ ਪੱਲੇ ਪੈਣਾ। ਇਸ ਦੇ ਵਾਸਤੇ -

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਅੰਗ - 1102***

ਜਦੋਂ ਤੀਸਰੀ ਵਾਰੀ ਗਿਆ ਤਾਂ ਰਾਜਾ ਜਨਕ ਨੇ ਕਿਹਾ ਕਿ ਇਸ ਨੂੰ ਧੱਕੇ ਮਾਰਿਓ ਆਏ ਨੂੰ। ਆਇਆ ਤਾਂ ਧੱਕੇ ਮਾਰ ਕੇ ਪਰ੍ਹੇ ਹਟਾ ਦਿੱਤਾ ਕਿ ਤੈਨੂੰ ਇਜਾਜ਼ਤ ਨਹੀਂ ਹੈ ਮਿਲਣ ਦੀ, ਦੋ ਵਾਰੀ ਤੂੰ ਪਹਿਲਾਂ ਆ ਚੁਕਿਆ ਹੈਂ। ਉਸ ਵੇਲੇ ਪੂਰਾ ਸ਼ਰਧਾਲੂ, ਜਗਿਆਸੂ ਬਣ ਕੇ ਆਇਆ ਸੀ, ਗਾਹਕ ਬਣ ਕੇ ਆਇਆ ਸੀ। ਉਸ ਵੇਲੇ ਰਾਜਾ ਜਨਕ ਜੱਗ ਕਰ ਰਿਹਾ ਸੀ। ਜੱਗ ਦੀਆਂ ਜੂਠੀਆਂ ਪੱਤਲਾਂ ਆਪਣੇ ਨਿਜ ਮਹੱਲ ਦੀ ਖਿੜਕੀ ਤੋਂ ਹੇਠਾਂ ਸੁੱਟ ਰਿਹਾ ਸੀ ਆਪ। ਇਹ ਥੱਲੇ ਜਾ ਕੇ ਬੈਠ ਗਿਆ ਕਿ ਜਦੋਂ ਉਹ ਪੱਤਲ ਸੁੱਟਣ ਆਉਣਗੇ ਤਾਂ ਮੈਂ ਉਨ੍ਹਾਂ ਦੀ ਨਿਗ੍ਹਾ ਵਿਚ ਆ ਜਾਵਾਂਗਾ। ਮਹਾਰਾਜ ਜੀ ਕਹਿੰਦੇ-

***ਜੂਠਨ ਜੂਠਿ ਪਈ ਸਿਰ ਊਪਰਿ***
***ਖਿਨੁ ਮਨੂਆ ਤਿਲੁ ਨ ਡੁਲਾਵੈਗੋ॥ ਅੰਗ-1309***

ਇਸ ਦਾ ਤਿਲ ਜਿੰਨਾ ਵੀ ਮਨ ਨਾ ਡੋਲਿਆ, ਵਿਚ ਆ ਗਿਆ ਢੇਰ ਦੇ। ਦਾਲਾਂ ਵਗੈਰਾ ਵਿਚ ਪੈ ਗਈਆਂ ਸਿਰ ਦੇ, ਜਟਾਵਾਂ ਭਰ ਗਈਆਂ। ਜਦੋਂ ਜੱਗ ਕਰ ਹਟਿਆ ਤਾਂ ਪੁਛਿਆ ਸੇਵਾਦਾਰਾਂ ਨੂੰ ਕਿ ਇਥੇ ਇਕ ਸੰਨਿਆਸੀ ਆਇਆ ਸੀ। ਉਹ ਕਹਿਣ ਲੱਗੇ ਕਿ ਉਹ ਤਾਂ ਖਿੜਕੀ ਥੱਲੇ ਬਹਿ ਗਿਆ ਸੀ ਜਿਥੇ ਤੁਸੀਂ ਪੱਤਲਾਂ ਸੁੱਟਦੇ ਸੀ, ਉਸ ਦੇ ਥੱਲੇ ਹੀ ਹੋਏਗਾ।

ਕਹਿੰਦੇ, "ਕੱਢੋ ਉਸ ਨੂੰ।"

ਕੱਢ ਕੇ ਲਿਆਂਦਾ ਢੇਰ ਵਿਚੋਂ। ਹੁਲੀਆ ਵਿਗੜਿਆ ਪਿਆ ਸੀ, ਦਾਲ ਵਗੈਰਾ ਸਿਰ ਉਪਰ ਪਿਆ ਹੋਇਆ ਸੀ ਸਭ ਕੁਝ। ਕਹਿਣ ਲੱਗੇ ਕਿ ਇਸ਼ਨਾਨ ਕਰਾਓ ਇਸ ਦਾ। ਇਸ਼ਨਾਨ ਵਗੈਰਾ ਕਰ ਕੇ ਜਦੋਂ ਆਇਆ ਤਾਂ ਕਹਿਣ ਲੱਗੇ ਕਿ ਹਾਂ! ਹੁਣ ਦੱਸ ਕਿਵੇਂ ਆਇਆ ਹੈਂ?

ਕਹਿਣ ਲੱਗਿਆ, "ਜੀ! ਮੇਰੇ ਮਨ ਨੂੰ ਸ਼ਾਂਤੀ ਨਹੀਂ ਆਉਂਦੀ।"

ਕਹਿੰਦੇ, "ਇਹ ਤਾਂ ਵਸਤੂ ਬਹੁਤ ਮਹਿੰਗੀ ਹੈ, ਪ੍ਰੀਖਿਆ ਦੇਣੀ ਪੈਣੀ ਹੈ, ਫੇਰ ਗੱਲ ਕਰਾਂਗੇ।"

ਕਹਿੰਦਾ, "ਦੱਸੋ ਮਹਾਰਾਜ!"

ਕਹਿਣ ਲੱਗੇ, "ਸ਼ਹਿਰ ਦੇ ਦੁਆਲੇ ਪੂਰਾ ਚੱਕਰ ਕੱਟਣਾ ਹੈ, ਹੱਥ ਵਿਚ ਤੇਰੇ ਦਿੰਦੇ ਹਾਂ ਛੰਨਾ ਤੇਲ ਦਾ ਭਰਿਆ ਹੋਇਆ। ਦੋ ਸਿਪਾਹੀ ਨੰਗੀ ਤਲਵਾਰ ਵਾਲੇ ਤੇਰੇ ਪਿਛੇ ਹੋਣਗੇ। ਜੇ ਇਕ ਕਤਰਾ ਤੇਲ ਦਾ ਡੁੱਲ੍ਹ ਗਿਆ ਤਾਂ ਨਾਲ ਦੀ ਨਾਲ ਤੇਰਾ ਸਿਰ ਕੱਟ ਦਿੱਤਾ ਜਾਏਗਾ।"

ਏਧਰ ਰਾਜੇ ਨੇ ਹੁਕਮ ਕਰ ਦਿਤਾ ਕਿ ਨਗਰ ਦੀ ਮੁੱਖ ਸੜਕ ਦੇ ਆਲੇ ਦੁਆਲੇ ਨਾਚ, ਗਾਣੇ, ਖੇਲ੍ਹਾਂ ਬੇਅੰਤ ਮੇਲੇ-ਰੌਣਕ ਆਦਿ ਸ਼ੁਰੂ ਕਰਵਾ ਦਿਓ। ਢੋਲ-ਢਮਕੇ ਵੱਜਣ ਲੱਗ ਗਏ, ਵਾਜੇ ਵੱਜਣ ਲੱਗ ਗਏ, ਖੇਡਾਂ ਆਦਿ ਸ਼ੁਰੂ ਹੋ ਗਈਆਂ। ਇਹ ਤੇਲ ਦਾ ਛੰਨਾ ਹੱਥ ਵਿਚ ਲੈ ਕੇ ਜਾ ਰਿਹਾ ਹੈ ਪਰ ਸੁਰਤ ਕਿਥੇ ਹੈ? ਧਿਆਨ ਹੈ ਕਿ ਮੇਰਾ ਤੇਲ ਦਾ ਕਤਰਾ ਨਾ ਡੁੱਲ੍ਹ ਜਾਵੇ ਜਾਂ ਇਹ ਹੈ ਕਿ ਪਿਛੇ ਸਿਪਾਹੀ ਆਉਂਦੇ ਨੇ, ਕਿਤੇ ਗਲ ਹੀ ਨਾ ਵੱਢ ਦੇਣ। ਸਾਰੇ ਸ਼ਹਿਰ ਦਾ ਗੇੜਾ ਕੱਢ ਕੇ ਛੰਨਾ ਬਿਨਾ ਤੇਲ ਡੋਲ੍ਹੇ ਵਾਪਸ ਫੜਾ ਦਿੱਤਾ। ਉਨ੍ਹਾਂ ਨੇ ਪੁਛਿਆ ਕਿ ਸੜਕ ਦੇ ਕਿਨਾਰੇ ਗੀਤ-ਸੰਗੀਤ, ਖੇਡਾਂ ਆਦਿ ਹੋ ਰਹੀਆਂ ਸਨ। ਉਹ ਕਹਿਣ ਲੱਗਿਆ ਕਿ ਮਹਾਰਾਜ! ਮੈਨੂੰ ਕੁਝ ਨਹੀਂ ਪਤਾ। ਮੈਨੂੰ ਤਾਂ ਐਨਾ ਹੀ ਪਤਾ ਸੀ ਕਿ ਇਸ ਦੇ ਵਿਚੋਂ ਤੇਲ ਨਾ ਡੁੱਲ੍ਹ ਜਾਵੇ। ਉਸ ਵੇਲੇ ਅਧਿਕਾਰੀ ਦੇਖ ਕੇ ਉਨ੍ਹਾਂ ਨੇ ਗਿਆਨ ਦਾ ਭੰਡਾਰਾ ਉਸ ਦੇ ਹਵਾਲੇ ਕਰ ਦਿੱਤਾ ਤੇ ਉਹ ਰਿਸ਼ੀ ਮਸ਼ਹੂਰ ਹੋਇਆ ਸੁਖਦੇਵ ਰਿਸ਼ੀ ਜਿਸ ਨੇ ਰਾਜੇ ਪ੍ਰੀਸ਼ਦ ਨੂੰ ਅੰਤ ਦੇ ਸਮੇਂ 'ਭਾਗਵਤ' ਦੀ ਕਥਾ ਸੁਣਾਈ ਸੀ।

ਸੋ ਏਸ ਤਰ੍ਹਾਂ ਦੇ ਨਾਲ ਭਾਈ ਅਨੀਰਾਏ ਸੁਜਾਨ ਰਾਏ ਨੂੰ ਕਹਿਣ ਲੱਗਿਆ ਕਿ ਸੁਜਾਨ ਰਾਏ ਜੀ! ਇਹ ਸੌਦਾ ਮਹਿੰਗਾ ਹੈ। ਇਹ ਗੁਰੂ ਤੋਂ ਬਗੈਰ ਨਹੀਂ ਮਿਲਦਾ। ਜਦੋਂ ਤੱਕ ਨਾ ਮਿਲੇ ਸ਼ਾਂਤੀ ਨਹੀਂ ਆਉਂਦੀ। ਕਹਿਣ ਲੱਗਿਆ ਕਿ ਗੁਰੂ ਕਿਥੋਂ ਟੋਲ੍ਹਾਂ? ਕਹਿੰਦਾ ਕਿ ਗੁਰੂ ਅਨੰਦਪੁਰ ਸਾਹਿਬ ਨੇ। ਗੁਰੂ ਦਸਵੇਂ ਪਾਤਿਸ਼ਾਹ ਵਰਗਾ ਕੋਈ ਹੋਰ ਗੁਰੂ ਹੀ ਨਹੀਂ ਹੈ। ਉਹ ਤਾਂ ਗੁਰੂ ਪ੍ਰਮੇਸ਼ਰ ਹੈ। ਗੁਰੂ ਤਾਂ ਬਥੇਰੇ ਨੇ। ਹਿਸਾਬ ਪੜ੍ਹਾਉਣ ਵਾਲਾ ਵੀ ਗੁਰੂ ਹੈ, ਪੰਜਾਬੀ ਪੜ੍ਹਾਉਣ ਵਾਲਾ ਪੰਜਾਬੀ ਦਾ ਗੁਰੂ ਹੈ, ਜਿਹੜਾ ਹਿੰਦੀ ਪੜ੍ਹਾਉਂਦਾ ਹੈ ਉਹ ਹਿੰਦੀ ਦਾ ਗੁਰੂ ਹੈ। ਜਿਸ ਨੇ ਕਾਰ ਚਲਾਉਣੀ ਸਿਖਾ ਦਿੱਤੀ ਉਹ ਕਾਰ ਸਿਖਾਉਣ ਵਾਲਾ ਗੁਰੂ ਹੈ। ਗੁਰੂ ਤਾਂ ਅਸੀਂ ਹਰ ਕਿਸੇ ਨੂੰ ਕਹਿ ਦਿੰਦੇ ਹਾਂ ਜਿਹੜਾ ਕੋਈ ਨਵੀਂ ਗੱਲ ਸੁਣਾਉਂਦਾ ਹੈ ਪਰ ਅਧਿਆਤਮਕ ਗੁਰੂ ਹੋਰ ਹੁੰਦਾ ਹੈ ਤੇ ਉਹ ਤਾਂ ਗੁਰੂ ਪਰਮੇਸ਼ਰ ਨੇ ਆਪ। ਸੋ ਤੂੰ ਉਥੇ ਜਾਹ - ਸ਼ਰਧਾ ਧਾਰ ਕੇ। ਉਸ ਵੇਲੇ ਘਰਵਾਲੀ ਨਾਲ ਗੱਲ ਕਰੀ ਕਿ ਮੈਂ ਗੁਰੂ ਦੇ ਕੋਲ ਜਾਣਾ ਹੈ ਤੇ ਨਾਮ ਦੀ ਦਾਤ ਪ੍ਰਾਪਤ ਕਰਨੀ ਹੈ। ਸਭ ਕੁਝ ਘਰ ਵਿਚ ਹੈ, ਬੱਚੇ ਪੜ੍ਹਦੇ ਨੇ, ਇਨ੍ਹਾਂ ਨੂੰ ਪੜ੍ਹਾਈਂ, ਮੈਨੂੰ ਪਤਾ ਨਹੀਂ ਕਿੰਨਾ-ਕੁ ਚਿਰ ਲੱਗੇਗਾ। ਗੁਰੂ ਦਸਵੇਂ ਪਾਤਿਸ਼ਾਹ ਦੇ ਪਾਸ ਆ ਗਿਆ ਤੇ ਦਰਸ਼ਨ ਕਰਦੀਸਾਰ, ਉਹ ਸੁੰਨ ਮੁੰਨ ਹੋ ਗਿਆ, ਇਕ ਟੱਕ ਦੇਖੀ

ਜਾਂਦਾ ਹੈ। ਸੰਗਤਾਂ ਆਉਂਦੀਆਂ ਨੇ ਮੱਥਾ ਟੇਕ ਕੇ ਜਾਈ ਜਾਂਦੀਆਂ ਨੇ, ਤੇ ਥਾਂ ਦੇਖ ਕੇ ਬੈਠੀ ਜਾਂਦੀਆਂ ਨੇ। ਇਕ ਸਕਿੰਟ ਵਾਸਤੇ ਵੀ ਉਸ ਨੇ ਅੱਖ ਪਰ੍ਹੇ ਨਾ ਕਰੀ। ਦੀਵਾਨ ਦੀ ਸਮਾਪਤੀ ਹੋਈ, ਇਹ ਉਥੇ ਹੀ ਖੜ੍ਹਾ ਹੈ।

ਮਹਾਰਾਜ ਜੀ ਕਹਿੰਦੇ, "ਪ੍ਰੇਮੀਆ! ਉਰੇ ਆ ਜਾ ਸਾਡੇ ਕੋਲ। ਕੀ ਗੱਲ ਹੈ?"

ਕਹਿਣ ਲੱਗਿਆ ਕਿ ਪਾਤਿਸ਼ਾਹ! ਤੁਹਾਡਾ ਕਵੀ ਮੈਨੂੰ ਮਿਲਿਆ ਸੀ ਅਣੀਰਾਏ ਤੇ ਸਾਰੀ ਗੱਲ ਦੱਸ ਦਿੱਤੀ। ਮੈਂ ਤਾਲਾ ਖੁਲ੍ਹਵਾਉਣ ਆਇਆ ਹਾਂ, ਚਾਬੀ ਤੁਹਾਡੇ ਕੋਲ ਹੈ। ਮਹਾਰਾਜ ਜੀ ਕਹਿਣ ਲੱਗੇ ਕਿ ਐਨੀ ਛੇਤੀ ਨਹੀਂ ਖੁਲ੍ਹਿਆ ਕਰਦਾ। ਜਾਹ! ਪਹਿਲਾਂ ਸੇਵਾ ਕਰ ਕਿਉਂਕਿ ਗੁਰੂ ਘਰ ਦੇ ਅੰਦਰ ਜਿਹੜਾ ਸਭ ਤੋਂ ਸੁਖਾਲਾ ਸਾਧਨ ਹੈ, ਇਕ ਤਾਂ ਹੈ ਨਾਮ ਜੱਪਣਾ, ਦੂਸਰਾ ਹੈ ਸੇਵਾ ਕਰਨੀ। ਹੁਣ ਨਾਮ ਜਪਣ ਦੇ ਬਾਰੇ ਬਹੁਤ ਲੰਮੀ ਚੌੜੀ ਗੱਲ ਹੈ ਜੇ ਸਮਝਣੀ ਹੈ ਤਾਂ 'ਆਤਮ ਮਾਰਗ' ਦੇ ਮੈਂਬਰ ਬਣ ਜਾਓ, ਉਸ ਦੇ ਵਿਚ ਨਾਮ ਹੀ ਹੈ, ਹੋਰ ਕੁਝ ਹੈ ਨਹੀਂ। ਇਕ ਪੁਸਤਕ ਹੈ 'ਸੁਰਤਿ ਸ਼ਬਦ ਮਾਰਗ' ਉਸ ਦੇ ਵਿਚ ਕੋਸ਼ਿਸ਼ ਕਰੀ ਗਈ ਹੈ ਕਿ ਨਾਮ ਦੀ ਗੱਲ ਕਰੀਏ ਪਰ ਪੂਰੀ ਨਹੀਂ ਹੈ ਉਹ। ਜੇ ਕੋਈ ਕਹੇ ਕਿ ਐਨੀ ਹੀ ਹੈ। ਇਹ ਤਾਂ ਬੇਅੰਤ ਚੀਜ਼ ਹੈ। ਸੋ ਗੁਰੂ ਮਹਾਰਾਜ ਜੀ ਕਹਿੰਦੇ ਕਿ ਸੇਵਾ ਕਰ ਕਿਉਂਕਿ ਗੁਰੂ ਘਰ ਦੇ ਅੰਦਰ ਦੋ ਚੀਜ਼ਾਂ ਪ੍ਰਧਾਨ ਨੇ, ਇੰਜ ਪੜ੍ਹ ਲਓ –

***ਧਾਰਨਾ – ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦੈ –2, 2.***

ਕਹਿਣ ਲੱਗੇ ਕਿ ਪਿਆਰਿਆ! ਗੁਰੂ ਘਰ ਦੇ ਵਿਚ ਨਾਮ ਜਪਣਾ ਤੇ ਸੇਵਾ ਕਰਨਾ। ਸਮਝ ਲੈ ਜਿਵੇਂ ਜਹਾਜ ਦੇ ਦੋ ਪੰਖ ਹੁੰਦੇ ਨੇ। ਉਡਣ ਵਾਲਾ ਕੋਈ ਪੰਛੀ ਜੇ ਉਸ ਦੇ ਦੋ ਖੰਭ ਹੋਣ ਤਾਂ ਉਡਾਰੀ ਮਾਰਦਾ ਹੈ, ਇਕ ਨਾਲ ਨਹੀਂ ਉਡਾਰੀ ਮਾਰੀ ਜਾਂਦੀ। ਉਸ ਵੇਲੇ ਚਰਨਾਂ ਤੇ ਢਹਿ ਪਿਆ ਕਿ ਮਹਾਰਾਜ! ਕਿਰਪਾ ਕਰੋ ਤੇ ਮੈਨੂੰ ਕੋਈ ਰਾਹ ਦੱਸੋ। ਮਹਾਰਾਜ ਜੀ ਕਹਿੰਦੇ ਕਿ ਨਾਮ ਜੱਪਣ ਲਈ ਪਹਿਲੀ ਜਰੂਰੀ ਗੱਲ, ਜਿਸ ਨੂੰ ਤੂੰ ਹਿਰਦੇ ਵਿਚ ਵਸਾ ਲੈ, ਉਹ ਇਹ ਹੈ ਕਿ ਵਾਹਿਗੁਰੂ ਜੀ ਤੇਰੇ ਅੰਦਰ ਵੀ ਹੈ ਤੇ ਬਾਹਰ ਵੀ ਹੈ। ਦੇਖਿਓ! ਇਹ ਗੱਲ ਯਾਦ ਰੱਖਿਓ ਜਿਹੜੀ ਮੈਂ ਹੁਣ ਕਹਿ ਰਿਹਾ ਹਾਂ..., ਜਿਹੜੇ ਨਾਮ ਜਪਦੇ ਨੇ, ਬਾਣੀ ਪੜ੍ਹਦੇ ਨੇ ਉਹ ਇਸ ਗੱਲ ਨੂੰ ਹਿਰਦੇ ਵਿਚ ਧਾਰ ਲਓ, ਨਹੀਂ ਤਾਂ ਫੇਰ ਫਲ ਨਹੀਂ ਮਿਲਦਾ–

***ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥***
***ਗੁਰ ਪਰਸਾਦੀ ਰਾਮੁ ਮਨਿ ਵਸੈ***
***ਤਾ ਫਲੁ ਪਾਵੈ ਕੋਇ॥ ਅੰਗ – 491***

ਜੇ ਵਾਹਿਗੁਰੂ ਕਹਿਣਾ ਹੈ ਤਾਂ ਵਾਹਿਗੁਰੂ ਨੂੰ ਪਛਾਣ ਕੇ ਕਹਿਣਾ ਹੈ 'ਵਾਹਿਗੁਰੂ'। ਐਵੇਂ ਹੀ ਹਵਾ ਵਿਚ ਸੋਟਾ ਨਾ ਮਾਰੋ। ਵਾਹਿਗੁਰੂ–ਵਾਹਿਗੁਰੂ–ਵਾਹਿਗੁਰੂ ਵਾਹਿਗੁਰੂ – ਫਲ ਤਾਂ ਇਸ ਦਾ ਵੀ ਹੈ ਪਰ ਇਸ ਦੇ ਨਾਲੋਂ ਹਜ਼ਾਰ ਗੁਣਾ ਫਲ ਵੱਧ ਦੀ ਮੈਂ ਗੱਲ ਦਸਦਾ ਹਾਂ। ਉਹ ਇਹ ਹੈ ਕਿ ਵਾਹਿਗੁਰੂ ਨੂੰ ਤੁਸੀਂ ਮਹਿਸੂਸ ਕਰੋ ਕਿ ਚਾਹੇ ਮੈਨੂੰ ਦਿਸਦਾ ਹੈ, ਚਾਹੇ ਨਹੀਂ ਦਿਸਦਾ ਪਰ ਉਹ ਪਿਆਰਾ ਸਭ ਕੁਝ ਜਾਨਣ ਵਾਲਾ ਹੈ –

***ਪੇਖਤ ਸੁਨਤ ਸਦਾ ਹੈ ਸੰਗੇ***
***ਮੈ ਮੂਰਖ ਜਾਨਿਆ ਦੂਰੀ ਰੇ॥ ਅੰਗ – 612***

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥***
***ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥***
***ਅੰਗ – 677***

ਜਿਹੜਾ ਵਿਛੜਦਾ ਹੀ ਨਹੀਂ, ਫੇਰ ਅਸਲੀ ਮਿੱਤਰ ਤਾਂ ਓਹੀ ਹੈ। ਮਹਾਰਾਜ ਜੀ ਕਹਿੰਦੇ ਉਸ ਨੂੰ ਨਾ ਭੁੱਲੀ, ਜਦੋਂ ਵੀ 'ਵਾਹਿਗੁਰੂ' ਕਹਿਣਾ ਹੈ ਤਾਂ ਉਸ ਨੂੰ ਪਛਾਣ ਕੇ ਕਹਿ ਕਿ ਮੈਂ ਉਸ ਨੂੰ ਕਹਿ ਰਿਹਾ ਹਾਂ। ਉਸ ਦੇ ਬਾਰੇ ਯਾਦ ਰੱਖੀਂ ਕਿ ਉਹ ਬਾਹਰ ਵੀ ਤੇ ਅੰਦਰ ਵੀ ਹਰ ਥਾਂ ਤੇ ਹੈ –

***ਕਾਹੇ ਰੇ ਬਨ ਖੋਜਨ ਜਾਈ॥***
***ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥***
***ਪੁਹਪ ਮਧਿ ਜਿਉ ਬਾਸੁ ਬਸਤੁ ਹੈ***
***ਮੁਕਰ ਮਾਹਿ ਜੈਸੇ ਛਾਈ॥ ਅੰਗ – 684***

ਜਿਵੇਂ ਫੁੱਲ ਦੇ ਵਿਚ ਵਾਸ਼ਨਾ ਵਸਦੀ ਹੈ, ਸ਼ੀਸ਼ੇ ਦੇ ਵਿਚ ਆਪਣਾ ਪਰਛਾਵਾਂ (ਅਕਸ, ਪ੍ਰਤੀਬਿੰਬ) ਹੁੰਦਾ ਹੈ–

***ਤੈਸੇ ਹੀ ਹਰਿ ਬਸੇ ਨਿਰੰਤਰਿ***
***ਘਟ ਹੀ ਖੋਜਹੁ ਭਾਈ॥ ਅੰਗ – 684***

ਉਹ ਤੇਰੇ ਅੰਦਰ ਹੈ ਜਿਸ ਨੂੰ ਤੂੰ ਮਿਲਣਾ ਹੈ। ਉਸ ਨੂੰ ਹਾਜਰ ਨਾਜਰ ਜਾਣ ਕੇ ਵਾਹਿਗੁਰੂ ਕਹਿ। ਕਹਿ ਕੇ ਦੇਖ ਲਿਓ ਸਵੇਰੇ, ਕਿੰਨਾ ਫਲ ਹੋਏਗਾ। ਕਿੰਨਾ ਮਨ ਟਿਕੇਗਾ। ਕਿੰਨਾ ਅਨੰਦ ਆਏਗਾ। ਇਕ ਹਜ਼ਾਰ ਗੁਣਾ ਜ਼ਿਆਦਾ ਫਲ ਹੈ। ਹਜ਼ਾਰ ਵਾਰੀ ਵਾਹਿਗੁਰੂ ਵਾਹਿਗੁਰੂ ਕਰੋ ਤੇ ਇਕ ਵਾਰੀ ਮਹਿਸੂਸ ਕਰਕੇ ਵਾਹਿਗੂਰ ਨੂੰ ਵਾਹਿਗੁਰੂ ਕਹਿ ਦਿਓ, ਇਕ ਹਜ਼ਾਰ ਗੁਣਾ ਜਿਆਦਾ ਫਲ ਪ੍ਰਾਪਤ ਹੁੰਦਾ ਹੈ। ਮਹਾਰਾਜ ਜੀ ਦਸਦੇ ਹੁੰਦੇ ਸੀ ਇਹੋ ਜਿਹੇ ਬਚਨ ਪ੍ਰਤਿਆ ਕੇ ਦੇਖੇ ਹੋਏ ਸੀ ਉਨ੍ਹਾਂ ਨੇ। ਸੋ ਏਸ ਤਰ੍ਹਾਂ ਦੇ ਨਾਲ ਕਹਿੰਦੇ –

***ਬਾਹਰਿ ਭੀਤਰਿ ਏਕੋ ਜਾਨਹੁ***
***ਇਹੁ ਗੁਰ ਗਿਆਨੁ ਬਤਾਈ॥***
***ਜਨ ਨਾਨਕ ਬਿਨੁ ਆਪਾ ਚੀਨੈ***
***ਮਿਟੈ ਨ ਭ੍ਰਮ ਕੀ ਕਾਈ॥ ਅੰਗ – 684***

ਇਸ ਨੂੰ ਚੀਨਣਾ ਪੈਂਦਾ ਹੈ ਤੇ ਇਹ ਹੈ ਲੰਮਾ

ਵਿਸ਼ਾ। ਤਿੰਨ ਦੀਵਾਨ ਰਹਿੰਦੇ ਨੇ, ਜੇ ਵਿਚ ਆ ਗਿਆ ਕਿਸੇ ਪ੍ਰਸੰਗ ਦੇ, ਮੈਂ ਗੱਲ ਕਰ ਦਿਆਂਗਾ। ਸੋ ਏਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਉਸ ਨੂੰ ਕਿਹਾ ਕਿ ਤੁਸੀਂ ਐਵੇਂ ਹੀ ਨਹੀਂ ਜਪਣਾ ਕਿ ਵਾਹਿਗੁਰੂ ਹੈ ਜਾਂ ਨਹੀਂ। ਉਹ ਤਾਂ ਜਾਗਰਤ ਜੋਤ ਹੈ –

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨਾ ਘਾਟ ਹੈ ਨ ਬਾਢ ਹੈ,***
***ਨ ਘਾਟਿ ਬਾਢਿ ਹੋਤ ਹੈ॥*** ***(ਅਕਾਲ ਉਸਤਤਿ)***

ਉਹ ਜਪਣਾ ਹੈ –

***ਧਾਰਨਾ – ਜਪੋ ਖਾਲਸਾ***
***ਤੁਸੀਂ ਜਾਗਦੀ ਜੋਤ ਨੂੰ –2, 2.***

***ਜਾਗਤ ਜੋਤਿ ਜਪੈ ਨਿਸ ਬਾਸੁਰ,***
***ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ,***
***ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥***
***ਸਰਬ ਲੋਹ ਗ੍ਰੰਥ 'ਚੋਂ***

ਸਾਰੇ ਪਰੀਪੂਰਨ ਹੈ, ਉਸ ਨੂੰ ਵਾਹਿਗੁਰੂ ਕਹੀਂ। ਸੇਵਾ ਕਰੀਂ ਸਰੀਰ ਨਾਲ। ਸੋ ਪੁੱਛਣ ਲੱਗਿਆ ਕਿ ਮਹਾਰਾਜ ਜੀ ਹੁਕਮ ਕੀ ਹੈ? ਮਹਾਰਾਜ ਜੀ ਕਹਿਣ ਲੱਗੇ ਕਿ ਜਿਧਰ ਨੂੰ ਮੂੰਹ ਹੈ ਚਲਿਆ ਜਾਹ, ਜਿਥੇ ਰੁਕਾਵਟ ਪੈ ਗਈ ਉਥੇ ਰੁਕ ਜਾਈਂ। ਰੋਪੜ ਆ ਗਿਆ ਉਹ। ਰੋਪੜ ਆ ਕੇ ਪੈਰ ਤਿਲ੍ਹਕਿਆ ਤੇ ਉਸ ਨੇ ਸੋਚਿਆ ਕਿ ਲੈ ਬਈ ਇਥੇ ਰੁਕਾਵਟ ਪੈ ਗਈ, ਇਥੇ ਹੀ ਝੌਂਪੜੀ ਪਾਉਂਦੇ ਹਾਂ। ਉਸ ਨੇ ਅਨੰਦਪੁਰ ਸਾਹਿਬ ਦੇ ਰਾਹ ਤੇ ਝੌਂਪੜੀ ਪਾ ਲਈ। ਹਕੀਮ ਸੀ ਬਹੁਤ ਵਧੀਆ, ਦਵਾਈਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ, ਲੋਕ ਰਾਜ਼ੀ ਹੋਣ ਲੱਗ ਗਏ। ਜਿਹੜੀਆਂ ਸੰਗਤਾਂ ਅਨੰਦਪੁਰ ਸਾਹਿਬ ਦਰਸ਼ਨਾਂ ਨੂੰ ਆਉਂਦੀਆਂ ਨੇ, ਉਹ ਵੀ ਦਵਾਈਆਂ ਲੈਂਦੀਆਂ ਨੇ। ਯਥਾ ਸ਼ਕਤ ਸੇਵਾ ਕਰਦਾ ਹੈ, ਆਪਣੇ ਪੱਲਿਓਂ ਖਾਂਦਾ ਹੈ, ਕਿਸੇ ਤੋਂ ਦਵਾਈ ਦਾ ਮੁੱਲ ਨਹੀਂ ਲੈਂਦਾ। ਸੋ ਏਸ ਤਰ੍ਹਾਂ ਕਰਦੇ ਸਮਾਂ ਬੀਤਦਾ ਗਿਆ, ਬਹੁਤ ਸਮਾਂ ਬੀਤ ਗਿਆ। ਮਹਾਰਾਜ ਜੀ ਕੋਲ ਵੀ ਸੰਗਤਾਂ ਆ ਕੇ ਕਹਿੰਦੀਆਂ ਨੇ ਕਿ ਮਹਾਰਾਜ! ਇਹੋ ਜਿਹਾ ਗੁਰਸਿਖ ਤਾਂ ਦੇਖਿਆ ਹੀ ਨਹੀਂ, ਕਿੰਨੀ ਸੇਵਾ ਕਰਦਾ ਹੈ, ਕਿੰਨੀ ਅਧੀਨਗੀ ਹੈ। ਪੱਲਿਓਂ ਦਵਾਈਆਂ ਦਿੰਦਾ ਹੈ ਹਮੇਸ਼ਾ ਹੀ। ਅੱਜ ਪੋਹ ਸੁਦੀ ਸੱਤਵੀਂ ਦਾ ਪ੍ਰਕਾਸ਼ ਉਤਸਵ ਮਨਾ ਰਹੇ ਨੇ। ਗੁਰੂ ਮਹਾਰਾਜ ਜੀ ਤਿਆਰ ਹੋਏ, ਘੋੜੇ ਤੇ ਚੜ੍ਹੇ ਪਰ ਦਿਵਾਨ ਵਿਚ ਨਹੀਂ ਗਏ। ਉਥੋਂ ਚਲ ਪਏ। ਜਿਹੜੇ ਮੁਖੀ ਸੇਵਾਦਾਰ ਸੀ ਉਨ੍ਹਾਂ ਨੇ ਕਿਹਾ ਕਿ ਗੁਰੂ ਮਹਾਰਾਜ ਜੀ ਕਿਧਰ ਬਿਨ ਦੱਸੇ ਜਾ ਰਹੇ ਨੇ, ਘੋੜਾ ਗੈਲਪ ਕਰ ਦਿੱਤਾ। ਉਨ੍ਹਾਂ ਨੇ ਵੀ ਘੋੜੇ ਪਿਛੇ ਲਾ ਲਏ। ਅਖੀਰ ਮਹਾਰਾਜ ਜੀ ਰੋਪੜ ਪਹੁੰਚ ਗਏ ਤੇ ਝੌਂਪੜੀ ਵੱਲ ਨੂੰ ਰੁਖ ਕਰ ਲਿਆ। ਸੁਜਾਨ ਰਾਏ ਦੇਖਦਾ ਹੈ ਕਿ ਗੁਰੂ ਮਹਾਰਾਜ ਜੀ ਆ ਗਏ, ਕਿੰਨੀ ਖੁਸ਼ੀ ਹੋਈ ਉਸ ਦੇ ਮਨ ਵਿਚ ਕਿ ਗੁਰੂ ਮਹਾਰਾਜ ਜੀ ਆ ਗਏ। ਅੱਜ ਗੁਰ ਪੁਰਬ ਹੈ, ਮੈਂ ਤਾਂ ਜਾ ਨਹੀਂ ਸੀ ਸਕਦਾ ਕਿਉਂਕਿ ਮਰੀਜ਼ ਬੜੇ ਗੰਭੀਰ ਬਿਮਾਰ ਨੇ। ਆਹ ਗੱਲ ਅਜੇ ਸੋਚ ਹੀ ਰਿਹਾ ਸੀ ਕਿ ਐਨੇ ਨੂੰ ਇਕ ਮਾਈ ਆਈ ਤੇ ਕਹਿਣ ਲੱਗੀ ਕਿ ਵੈਦ ਜੀ! ਮੇਰੀ ਨੂੰਹ ਪਲਾਂ ਤੇ ਹੈ, ਜੇ ਤੁਸੀਂ ਨਾ ਗਏ ਤਾਂ ਉਸ ਨੇ ਮਰ ਜਾਣਾ ਹੈ। ਦੇਖ ਲਿਆ ਕਿ ਗੁਰੂ ਸਾਹਿਬ ਆ ਰਹੇ ਨੇ, ਉਸੇ ਵੇਲੇ ਪੋਟਲੀ ਚੁਕੀ ਦਵਾਈਆਂ ਦੀ ਤੇ ਉਸ ਦੇ ਨਾਲ ਚੱਲ ਪਏ। ਕਹਿੰਦਾ ਹੁਕਮ ਮੈਨੂੰ ਸੇਵਾ ਦਾ ਹੈ। ਸੋ ਸੇਵਾ ਵਿਚ ਨਾ ਭੰਗਣਾ ਪੈ ਜਾਵੇ। ਉਥੇ ਗਿਆ, ਦਵਾਈ ਦਿੱਤੀ, ਜਦੋਂ ਉਸ ਨੇ ਕਿਹਾ ਕਿ ਮੈਂ ਹੁਣ ਠੀਕ ਹਾਂ, ਉਸ ਵੇਲੇ ਵਾਪਸ ਆਇਆ। ਜਦੋਂ ਆਪਣੀ ਝੌਂਪੜੀ ਕੋਲ ਪਹੁੰਚਿਆ ਤਾਂ ਕੀ ਦੇਖਦਾ ਹੈ ਕਿ ਗੁਰੂ ਦਸਵੇਂ ਪਾਤਿਸ਼ਾਹ ਸਫ ਤੇ ਬੈਠੇ ਨੇ ਜਿਥੇ ਮਰੀਜ ਆ ਕੇ ਬੈਠਦੇ ਸਨ, ਕੋਈ ਮੰਜਾ ਨਹੀਂ ਲਿਆ ਆਪ ਨੇ, ਕੁਝ ਹੋਰ ਨਹੀਂ ਲਿਆ। ਚੁਪ ਕਰੀ ਬੈਠੇ ਨੇ, ਇਕੱਠ ਹੋ ਗਿਆ, ਉਹ ਪਿਛਲੇ ਸਿੰਘ ਵੀ ਆ ਕੇ ਰਲ ਗਏ ਤੇ ਬੇਨਤੀ ਕਰਨ ਲੱਗੇ ਕਿ ਮਹਾਰਾਜ! ਪਲੰਘ ਤੇ ਬੈਠ ਜਾਓ। ਕਹਿਣ ਲੱਗੇ, "ਨਾ! ਆਹ ਹੀ ਠੀਕ ਹੈ।"

ਏਨੇ ਨੂੰ ਸੁਜਾਨ ਰਾਏ ਆ ਗਿਆ। ਦੂਰੋਂ ਦੇਖਿਆ ਕਿ ਮੈਂ ਤਾਂ ਮਹਾਰਾਜ ਜੀ ਦਾ ਆਦਰ ਹੀ ਨਾ ਕਰ ਸਕਿਆ ਤੇ ਕੋਈ 'ਜੀ ਆਇਆਂ' ਵੀ ਨਾ ਕਹਿ ਸਕਿਆ ਤੇ ਭੁੰਜੇ ਹੀ ਬੈਠੇ ਨੇ ਆ ਕੇ ਸਫ ਦੇ ਉੱਤੇ। ਉਸ ਵੇਲੇ ਬਹੁਤ ਵੈਰਾਗ ਵਿਚ ਆ ਗਿਆ ਤੇ ਰੋਣ ਲੱਗ ਪਿਆ। ਨਾਲ ਹੀ ਬੇਨਤੀ ਕਰਦਾ ਹੈ ਕਿ ਪਾਤਿਸ਼ਾਹ! ਮੈਂ ਆਪ ਦਾ ਆਦਰ ਸਤਿਕਾਰ ਨਾ ਕਰ ਸਕਿਆ। ਅੱਜ ਆਪ ਆਏ ਹੋ, ਕਿੰਨੇ ਚਿਰਾਂ ਤੋਂ ਬਾਅਦ ਆਪ ਦੇ ਦਰਸ਼ਨ ਹੋਏ ਨੇ। ਉਸ ਵੇਲੇ ਮਹਾਰਾਜ ਜੀ ਨੇ ਉਠ ਕੇ ਬੁਕੱਲ ਵਿਚ ਲੈ ਲਿਆ ਤੇ ਕਹਿਣ ਲੱਗੇ, "ਸਿੱਖਾ! ਨਿਹਾਲ! ਨਿਹਾਲ!! ਨਿਹਾਲ!!! ਤੂੰ ਗੁਰੂ ਨਾਨਕ ਸਾਹਿਬ ਦੀ ਸਿੱਖੀ ਕਮਾਈ ਹੈ। ਤੂੰ ਮਰੀਜਾਂ ਦੇ ਪੱਟੀਆਂ ਨਹੀਂ ਕੀਤੀਆਂ, ਮੇਰੇ ਕਰਦਾ ਰਿਹਾ ਹੈਂ, ਤੂੰ ਦਵਾਈ ਦੇ ਕੇ ਮਰੀਜ਼ ਨੂੰ ਰਾਜ਼ੀ ਨਹੀਂ ਕਰਿਆ ਸਗੋਂ ਮੈਨੂੰ ਰਾਜ਼ੀ ਕਰਿਆ ਹੈ।" ਉਸ ਵੇਲੇ ਮਹਾਰਾਜ ਜੀ ਨੇ ਬ੍ਰਹਮਗਿਆਨ ਦੀ ਦਾਤ ਦੇ ਦਿੱਤੀ। ਉਸ ਵੇਲੇ ਉਸ ਦੇ ਜੋ ਭਾਵ ਸਨ, ਆਪਾਂ ਪਿਆਰ ਨਾਲ ਪੜ੍ਹੋ –

***ਧਾਰਨਾ – ਵਾਹਵਾ-ਵਾਹਵਾ***
***ਬਈ ਬੰਦ ਮੇਰੇ ਨੈਣ ਖੋਲ੍ਹਤੇ –2, 2.***
***ਮੈਨੂੰ ਸਾਰੀਆਂ ਘਟਾਂ ਵਿਚ ਦਿੱਸਿਆ–2.***

***ਗੁਰਹਿ ਦਿਖਾਇਓ ਲੋਇਨਾ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ॥*** ***ਅੰਗ – 407***

ਹੇ ਪ੍ਰਭੂ! ਮੇਰੇ ਤੇ ਐਨੀ ਕਿਰਪਾ! ਜਿਧਰ ਨੂੰ ਮੈਂ ਦੇਖਦਾ ਹਾਂ ਤੇਰੇ ਹੀ ਦਰਸ਼ਨ ਹੁੰਦੇ ਨੇ। ਆਪ ਨੇ ਜਿਹੜੀ ਗੱਲ ਕਹੀ ਹੈ ਕਿ ਮੇਰੇ ਮਲ੍ਹਮ-ਪੱਟੀਆਂ ਕਰੀਆਂ, ਇਹ ਬਿਲਕੁਲ ਸਹੀ ਹੈ। ਸੋ ਉਸ ਵੇਲੇ ਗੁਰਸਿਖ ਨੂੰ ਪ੍ਰਮੇਸ਼ਰ ਦਾ ਮਿਲਾਪ ਕਰਾ ਦਿੱਤਾ। ਗੁਰੂ ਪ੍ਰਮੇਸ਼ਰ ਹੀ ਹੁੰਦਾ ਹੈ -

***ਗੁਰੁ ਪਰਮੇਸਰੁ ਏਕੋ ਜਾਣੁ॥ ਅੰਗ - 864***

ਬ੍ਰਹਮਗਿਆਨ ਦੀ ਦਾਤ ਦੇ ਦਿੱਤੀ, ਘਟ-ਘਟ ਦੇ ਵਿਚ ਵਿਆਪਕ ਪ੍ਰਮੇਸ਼ਰ ਨਜ਼ਰ ਆਉਣ ਲੱਗ ਪਿਆ। ਸੋ ਆਪਾਂ ਇਹ ਕਿਹਾ ਸੀ ਕਿ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅੰਗ - 12***

ਇਕ ਛੋਟੀ ਜਿਹੀ ਸਾਖੀ ਦੀ ਵਿਚਾਰ ਆਪਾਂ ਨੇ ਕਰੀ ਹੈ - ਬਹੁਤ ਸੰਖੇਪ ਰੂਪ ਦੇ ਅੰਦਰ। ਸੋ ਸਾਡੀ ਵਾਰੀ ਆ ਗਈ। ਏਸ ਵਾਰੀ ਦਾ ਫਾਇਦਾ ਉਠਾਓ ਸਾਧ ਸੰਗਤ ਜੀ! ਵਾਹਿਗੁਰੂ ਅੰਦਰ ਹੈ ਪਰ ਹਉਮੈ ਦਾ ਨਾਸ਼ ਜਿੰਨਾ ਚਿਰ ਨਹੀਂ ਹੁੰਦਾ ਓਨਾ ਚਿਰ ਨਹੀਂ ਦਰਸ਼ਨ ਹੁੰਦੇ -

***ਹਉਮੈ ਨਾਵੈ ਨਾਲਿ ਵਿਰੋਧੁ ਹੈ***
***ਦੁਇ ਨ ਵਸਹਿ ਇਕ ਠਾਇ॥ ਅੰਗ - 560***

ਹਉਮੈ ਦਾ ਨਾਮ ਨਾਲ ਵਿਰੋਧ ਹੈ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਸਾਰੇ ਪ੍ਰੇਮੀ ਅਨੰਦ ਸਾਹਿਬ, ਗੁਰਸਤੋਤਰ, ਅਰਦਾਸ ਵਿਚ ਸ਼ਾਮਲ ਹੋਵੋ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

# ਮਾਨੁਖ ਤਨ ਦਾ ਪ੍ਰਯੋਜਨ
## (1)

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

ਉਹ ਪ੍ਰਮੇਸ਼ਰ ਜਿਸ ਨੂੰ ਮਿਲਣ ਵਾਸਤੇ ਮਾਨਸ ਦੇਹ ਪ੍ਰਾਪਤ ਹੋਈ ਹੈ ਤੇ ਜਿਸਨੂੰ ਮਿਲਣਾ ਮਾਨਸ ਦਾ ਪਰਮ ਫਰਜ਼ ਹੈ, ਸਭ ਤੋਂ ਉਤਮ ਫਰਜ਼ ਹੈ। ਬਾਕੀ ਕੰਮ ਹੋਵੇ ਭਾਵੇਂ ਨਾ ਹੋਵੇ, ਕੋਈ ਮਤਲਬ ਨਹੀਂ ਰੱਖਦੇ। ਪਰ ਜੇ ਪ੍ਰਮੇਸ਼ਰ ਦੀ ਪ੍ਰਾਪਤੀ ਤੋਂ ਬਗੈਰ ਆਦਮੀ ਦਾ ਸਰੀਰ ਬਿਰਥਾ ਚਲਿਆ ਗਿਆ। ਤਾਂ ਉਹ ਕਿਸੇ ਕੰਮ ਨਹੀਂ ਹੋਇਆ ਕਰਦਾ। ਵਕਤ ਗੁਜ਼ਾਰਿਆ ਤੇ ਪਛਤਾਉਂਦਾ ਹੋਇਆ ਸੰਸਾਰ ਤੋਂ ਚਲਿਆ ਜਾਂਦਾ ਹੈ। ਸੋ ਉਹਦੇ ਬਾਰੇ ਵੀਚਾਰ ਕੀਤੀ ਗਈ ਹੈ ਕਿ ਆਹ ਸਰੀਰ, ਇਸ ਦੇਹੀ ਦੇ ਅੰਦਰ ਜੋ ਇਕ ਬਹੁਤ ਵੱਡਾ ਕਾਰਖਾਨਾ ਹੈ। ਇਹਦੇ ਅੰਦਰ ਜੜ੍ਹ ਵੀ ਹੈ ਤੇ ਚੇਤਨ ਵੀ ਹੈ। ਇਹਦੇ ਅੰਦਰ ਰੂਹ ਵੀ ਹੈ ਤੇ ਪ੍ਰਕ੍ਰਿਤੀ ਹੈ। ਪ੍ਰਾਕ੍ਰਿਤੀ ਦੇ ਨਾਲ ਰੂਹ ਦਾ ਏਸ ਸੰਸਾਰ ਦੇ ਨਾਲ ਸਬੰਧ ਜੁੜਦਾ ਹੈ। ਅੱਖਾਂ ਨਾਲ ਦੇਖਦਾ ਹੈ, ਕੰਨਾਂ ਨਾਲ ਸੁਣਦੀ ਹੈ ਰੂਹ, ਜ਼ੁਬਾਨ ਦੇ ਨਾਲ ਸੁਆਦ ਲੈਂਦੀ ਹੈ, ਚਮੜੀ ਦੇ ਨਾਲ ਸਪਰਸ਼ ਕਰਦੀ ਹੈ, ਨਾਸਕਾ ਦੇ ਨਾਲ ਸੁੰਘਦੀ ਮਨ ਦੇ ਨਾਲ ਫੁਰਨਾ ਕੀਤਾ ਜਾਂਦਾ ਹੈ, ਬੁੱਧੀ ਦੇ ਨਾਲ ਨਿਰਣਾ ਕੀਤਾ ਜਾਂਦਾ ਹੈ, ਚਿੱਤ ਦੇ ਨਾਲ ਮਹਿਸੂਸ ਕੀਤਾ ਜਾਂਦਾ ਹੈ। ਅਹੰਭਾਵ ਦੇ ਆਸਰੇ ਅਗਿਆਨ ਦਾ ਸਹਾਰਾ ਲੈ ਕੇ ਇਹ ਜੀਵ ਆਤਮਾ ਬਣ ਕੇ ਸੰਸਾਰ ਦੇ ਅੰਦਰ ਚੰਗੇ ਤੇ ਮੰਦੇ ਕੰਮ ਕਰਦਾ ਹੈ ਤੇ ਜੋ ਰੂਹ ਹੈ ਉਹ ਬਿਲਕੁਲ ਪਾਕ ਤੇ ਸਾਫ, ਪਵਿੱਤਰ, ਨਿਰਮਲ; ਉਹਨੂੰ ਆਤਮਾ ਆਖਦੇ ਨੇ। ਸੋ ਆਤਮਾ ਪ੍ਰਕ੍ਰਿਤੀ ਦੇ ਨਾਲ ਰਲ ਕੇ ਬਹੁਤ ਨੀਵੀਂ ਆ ਗਈ। ਗੁਰੂ ਮਹਾਰਾਜ ਸੱਚੇ ਪਾਤਸ਼ਾਹ, ਸਾਧੂ ਸੰਤ, ਅਨੁਭਵੀ ਮਹਾਂਪੁਰਸ਼, ਪੀਰ-ਪੈਗੰਬਰ, ਆਉਲੀਏ, ਜੋ ਵੀ ਪ੍ਰਮੇਸ਼ਰ ਵਲੋਂ ਐਸ **planet** ਤੇ ਭੇਜੇ ਜਾਂਦੇ ਨੇ, ਉਹ ਆ ਕੇ ਦਸਦੇ ਨੇ ਕਿ ਭਾਈ! ਤੈਨੂੰ ਬੜੀ ਦੇਰ ਤੋਂ ਬਾਅਦ 83 ਲੱਖ, 99 ਹਜ਼ਾਰ, 9 ਸੌ 99 ਜੂਨਾਂ ਭੋਗਣ ਤੋਂ ਬਾਅਦ ਇਹ ਮਾਨਸ ਦੇਹੀ ਪ੍ਰਾਪਤੀ ਹੋਈ ਤੇ ਇਹਦਾ ਜੋ ਪਰਮ ਮਨੋਰਥ ਹੈ ਉਹ ਵਾਹਿਗੁਰੂ ਦੀ ਪ੍ਰਾਪਤੀ ਹੈ। ਉਹਨੂੰ ਮਿਲਣਾ ਹੈ। ਉਹ ਕਿੱਥੇ ਰਹਿੰਦਾ ਹੈ?

ਗੁਰੂ ਨੌਵੇਂ ਪਾਤਸ਼ਾਹ ਇਸੇ ਸਬੰਧ ਵਿਚ ਫੁਰਮਾਉਂਦੇ ਨੇ-

*ਕਾਹੇ ਰੇ ਬਨ ਖੋਜਨ ਜਾਈ ॥*
*ਸਰਬ ਨਿਵਾਸੀ ਸਦਾ ਅਲੇਪਾ*
*ਤੋਹੀ ਸੰਗਿ ਸਮਾਈ ॥ ੧ ॥ ਰਹਾਉ ॥*
*ਪੁਹਪ ਮਧਿ ਜਿਉ ਬਾਸੁ ਬਸਤੁ ਹੈ*
*ਮੁਕਰ ਮਾਹਿ ਜੈਸੇ ਛਾਈ ॥*
*ਤੈਸੇ ਹੀ ਹਰਿ ਬਸੇ ਨਿਰੰਤਰਿ*
*ਘਟ ਹੀ ਖੋਜਹੁ ਭਾਈ ॥ ੧ ॥*
*ਬਾਹਰਿ ਭੀਤਰਿ ਏਕੋ ਜਾਨਹੁ*
*ਇਹੁ ਗੁਰ ਗਿਆਨੁ ਬਤਾਈ ॥*
*ਜਨ ਨਾਨਕ ਬਿਨੁ ਆਪਾ ਚੀਨੈ*
*ਮਿਟੈ ਨ ਭ੍ਰਮ ਕੀ ਕਾਈ ॥ ਅੰਗ - ੬੮੪*

ਜਿਸ ਤਰ੍ਹਾਂ ਫੁੱਲਾਂ ਵਿਚ ਵਾਸ਼ਨਾ ਹੁੰਦੀ ਹੈ ਤੇ ਸ਼ੀਸ਼ੇ ਵਿਚ ਜਿਵੇਂ ਆਪਣਾ ਪਰਛਾਵਾਂ ਹੁੰਦਾ ਹੈ, ਇਸੇ ਤਰ੍ਹਾਂ ਨਾਲ ਦੇ ਨਾਲ ਵਾਹਿਗੁਰੂ ਆਹ ਦੇਹੀ ਦੇ ਅੰਦਰ ਵਸ ਰਿਹਾ ਹੈ ਤੇ ਕਹਿੰਦੇ ਅੰਦਰ ਹੈ, ਬਾਹਰ ਨਹੀਂ ਹੈ, ਮਹਾਰਾਜ ਕਹਿੰਦੇ ਸਾਰੇ ਹੀ ਹੈ।

***ਜਿਮੀ ਜਮਾਨ ਕੇ ਬਿਖੈ ਸਮਸਤਿ ਏਕ ਜੋਤ ਹੈ***
***ਨ ਘਾਟ ਹੈ ਨ ਬਾਢ ਹੈ ਨ ਬਾਢ ਘਾਟ ਹੋਤ ਹੈ***

ਸੋ ਐਸੇ ਜੋ ਗੁਰੂ ਮਹਾਰਾਜ ਦੇ ਫੁਰਮਾਨ ਹਨ ਇਹਦੇ ਉਤੇ ਸਭ ਤੋਂ ਪਹਿਲਾਂ ਜੋ ਆਦਮੀ ਦਾ ਫਰਜ਼ ਹੈ, ਉਹ ਹੈ ਕਿ ਸਾਵਧਾਨ ਹੋ ਕੇ, ਪੂਰੀ ਸਾਵਧਾਨੀ ਦੇ ਨਾਲ, ਜਿਸ ਤਰ੍ਹਾਂ ਪਿਛੇ ਦੱਸਿਆ ਗਿਆ ਹੈ ਕਿ ਸਾਵਧਾਨ ਹੋ ਕੇ ਸਤਿਸੰਗ ਕਰੋ। ਉਹਦੇ ਨਾਲ ਸਰਵਣ ਕਰੇ, ਸੁਣੇ ਏਸ ਨੂੰ, 100% ਮਨ ਨੂੰ ਇਕਾਗਰ ਕਰਕੇ। ਆਮ ਤੌਰ ਤੇ ਦੇਖਿਆ ਗਿਆ ਹੈ ਕਿ ਸਤਿਸੰਗ ਹੋ ਰਿਹਾ ਹੈ, ਮਹਾਂਪੁਰਸ਼ਾਂ ਦੇ ਪ੍ਰਵਚਨ ਸਤਿਸੰਗ ਦੇ ਰੂਪ ਵਿਚ ਹੋ ਰਹੇ ਨੇ, ਰਿਕਾਰਡ ਕੀਤੇ ਜਾ ਰਹੇ ਨੇ, ਟੈਲੀਵੀਜ਼ਨ ਤੇ ਵੀਡੀਓ ਕੈਸਟਾਂ ਦੇ ਨਾਲ ਹੋ ਰਹੇ ਨੇ। ਲੇਕਿਨ ਸੁਣਨ ਦੀ ਕਿੰਨੀ ਕੁ ਮਹੱਤਤਾ ਹੈ, ਕਿੰਨੇ ਕੁ ਆਦਮੀ ਦੇ ਅੰਦਰ ਸੁਣਨ ਦੇ ਖਿਆਲ ਹਨ ਕਿ ਮੈਂ ਸੁਣਾਂ। ਉਹ ਥੋੜ੍ਹੇ % ਦੇ ਨਾਲ ਸੁਣਦਾ ਹੈ, 3-4% ਧਿਆਨ ਦਿੰਦਾ ਹੈ, ਬਾਕੀ 97 ਪ੍ਰਤੀਸ਼ਤ ਬਾਹਰ ਦੌੜਦਾ ਹੈ। ਇਸ ਕਰਕੇ ਧਰਮ ਵਰਗੀ ਅਤਿ ਕੀਮਤੀ ਤੇ ਵਿਲੱਖਣ ਵਸਤੂ ਨੂੰ ਇਹ ਹਿਰਦੇ ਤੋਂ ਅਪਣਾਉਂਦਾ ਨਹੀਂ ਕਿਉਂਕਿ ਸੁਣਦਾ ਨਹੀਂ। ਬਾਰ-ਬਾਰ ਮਹਾਰਾਜ ਫੁਰਮਾਨ ਕਰਦੇ ਨੇ, ਗੁਰੂ, ਪੀਰ, ਪੈਗੰਬਰ, ਆਉਲੀਏ, ਹਾਕਾਂ ਮਾਰ-ਮਾਰ ਕੇ ਦੱਸਦੇ ਨੇ -

*ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥*
*ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥*
*ਅੰਗ - ੭੬੧*

ਉਹ ਜੋ ਨਾਮ ਹੈ ਤੇਰੇ ਅੰਦਰ ਵਸਦਾ ਹੈ, ਉਹ ਪ੍ਰਮੇਸ਼ਰ ਵੀ ਤੇਰੇ ਅੰਦਰ ਵਸਦਾ ਹੈ, ਬਾਹਰ ਵੀ ਵਸਦਾ ਹੈ ਬਾਹਰੋਂ ਤੈਨੂੰ ਪਿਛੋਂ ਲੱਭੇਗਾ ਪਹਿਲਾਂ ਅੰਦਰੋਂ ਲੱਭੇਗਾ।

ਸੋ ਉਹਦੇ ਬਾਰੇ ਸਾਰਾ ਕੁਛ ਆਹ ਸਰੀਰ ਦੇ ਅੰਦਰ ਪਾਇਆ ਹੋਇਆ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਅੰਗ - ੨੯੩*

*ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥*
*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥*
*ਅੰਗ - ੯੫੪*

ਸੋ ਵਾਹਿਗੁਰੂ ਜੀ ਨੇ ਆਹ ਸਰੀਰ ਦੇ ਅੰਦਰ 'ਨਾਮ' ਪਾ ਦਿਤਾ। ਨਾਮ ਜਦੋਂ ਪ੍ਰਾਪਤ ਹੋ ਜਾਂਦਾ ਹੈ ਫੇਰ ਵਾਹਿਗੁਰੂ ਦੇ ਦਰਸ਼ਨ ਹੋ ਜਾਂਦੇ ਨੇ। ਇਹ ਵਣਜ ਕਰਦੇ ਨੇ ਵਣਜਾਰੇ। ਸੋ ਮਹਾਰਾਜ ਦਾ ਫੁਰਮਾਨ ਹੈ-

*ਮੇਰੈ ਕਰਤੈ ਇਕ ਬਣਤ ਬਣਾਈ ॥*
*ਇਸੁ ਦੇਹੀ ਵਿਚਿ ਸਭ ਵਥੁ ਪਾਈ ॥*
*ਅੰਗ - ੧੦੬੪*

ਸਭ ਚੀਜ਼ਾਂ ਪਾ ਦਿਤੀਆਂ ਇਹਦੇ ਵਿਚ, ਇਹਦੇ ਵਿਚ ਵੱਡੇ ਤੋਂ ਵੱਡੇ ਪਾਪ ਕਰਨ ਵਾਲੀਆਂ ਚੀਜ਼ਾਂ ਰਹਿੰਦੀਆਂ ਨੇ, ਆਦਮੀ ਨੂੰ ਨਰਕਾਂ ਵਿਚ ਲਿਜਾਣ ਵਾਲੇ ਜਜ਼ਬੇ ਇਹਦੇ ਵਿਚ ਹੀ ਰਹਿੰਦੇ ਨੇ। ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ, ਪੰਜ ਠੱਗ, ਪੰਜ ਵਿਸ਼ੇ ਆਦਿ ਤੇ ਇਹਦੇ ਵਿਚ ਦੈਵੀ ਸੰਪਰਦਾਵਾਂ ਸਤਿ, ਸੰਤੋਖ, ਦਇਆ, ਧਰਮ, ਖਿਮਾ, ਅਹਿੰਸਾ ਇਹ ਸਾਰੀਆਂ ਰਹਿੰਦੀਆਂ ਨੇ ਤੇ ਇਹਦੇ ਵਿਚ ਪ੍ਰਮੇਸ਼ਰ ਦਾ ਨਾਮ ਰਹਿੰਦਾ ਹੈ। ਉਹ ਸ਼ਬਦ ਰਹਿੰਦਾ ਹੈ, ਜਿਸ ਸ਼ਬਦ ਦੇ ਨਾਲ ਸਾਰਾ ਸੰਸਾਰ ਕਾਇਮ ਹੈ ਜੋ ਵਾਹਿਗੁਰੂ ਦਾ ਸਾਕਾਰ ਰੂਪ ਹੈ। ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ ਵਿਰਲੇ-ਵਿਰਲੇ ਹਨ ਬੰਦੇ ਜਿਹੜੇ ਸੁਣਦੇ ਨੇ, ਸੁਣ ਕੇ ਫੇਰ ਮੰਨਦੇ ਨੇ। ਉਹ ਫੇਰ ਵਣਜ ਕਰਦੇ ਨੇ, ਖੱਟਦੇ ਨੇ, ਨਿਧਿਆਸਣ ਕਰਦੇ ਨੇ -

*ਨਾਨਕ ਨਾਮੁ ਵਣਜਹਿ ਰੰਗਿ ਰਾਤੇ*
*ਗੁਰਮੁਖਿ ਕੋ ਨਾਮੁ ਪਾਇਦਾ ॥ ਅੰਗ - ੧੦੬੪*

ਕੋਈ-ਕੋਈ ਪ੍ਰੇਮੀ ਹੈ ਜਿਹੜਾ ਗੁਰੂ ਤੋਂ ਫੇਰ 'ਨਾਮ' ਦੀ ਪ੍ਰਾਪਤੀ ਕਰਦਾ ਹੈ। ਸੋ ਇਹ ਜੋ ਸੰਸਾਰ ਹੈ ਸਾਰਾ -

*ਜਗਤੁ ਉਪਾਇ ਖੇਲੁ ਰਚਾਇਆ ॥*
*ਪਵਣੈ ਪਾਣੀ ਅਗਨੀ ਜੀਉ ਪਾਇਆ ॥*
*ਅੰਗ - ੧੦੩੧*

ਅਕਾਸ਼ ਬਣਾ ਦਿਤੀ, ਪਵਨ ਬਣਾ ਦਿਤੀ, ਅਗਨੀ, ਪਾਣੀ ਬਣਾ ਦਿਤਾ, ਮਿੱਟੀ ਬਣਾ ਦਿੱਤੀ, ਦੂਸਰੇ ਪਾਸੇ ਚੇਤਨ ਵਸਤੂ ਨੂੰ ਜੀਵ ਆਤਮਾ ਕਹਿੰਦੇ ਨੇ -

*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥*
*ਅੰਗ - ੧*

ਉਹ ਵੀ ਇਹਦੇ ਵਿਚ ਹੀ ਪਸਾਰਾ ਕਰ ਦਿਤਾ।

*ਦੇਹੀ ਨਗਰੀ ਨਉ ਦਰਵਾਜੇ*
*ਸੋ ਦਸਵਾ ਗੁਪਤੁ ਰਹਾਤਾ ਹੇ ॥ ਅੰਗ - ੧੦੩੧*

ਜਿਸ ਥਾਂ ਤੇ ਇਹ ਵਾਹਿਗੁਰੂ ਪ੍ਰਗਟ ਹੁੰਦਾ ਹੈ ਤੇ ਦਿਬਯ ਨੈਣ ਉਸਦੇ ਦਰਸ਼ਨ ਕਰਦੇ ਨੇ, ਦਿਬਯ ਨੇਤਰ ਉਸਦੇ ਨਾਦ ਨੂੰ ਸਰਵਣ ਕਰਦੇ ਨੇ, ਦਿਬਯ ਜਿਹਭਾ ਉਸ ਦੇ ਰਸ ਨੂੰ ਅਨੁਭਵ ਕਰਦੀ ਹੈ, ਅੰਮ੍ਰਿਤ ਚਖਦੀ ਹੈ ਤੇ ਦਿਬਯ ਨਾਸਕਾ ਉਸਦੀ ਸੁਗੰਧੀ ਲੈਂਦੀ ਹੈ ਤੇ ਦਿਬਯ ਸਪਰਸ਼ ਦੇਹੀ ਉਸ ਦੇ ਸਪਰਸ਼ ਨੂੰ ਅਨੁਭਵ ਕਰਦੀ ਹੈ ਜੋ ਸਹਿਨ ਤੋਂ ਬਾਹਰ ਹੈ। ਸੋ ਇਹਦੇ ਵਿਚ ਹੀ ਹੈ ਤੇ ਇਹਦੇ ਵਿਚ ਹੀ ਦਰਵਾਜ਼ਾ, ਥਾਂ ਰੱਖ ਦਿਤਾ ਜਿਸਨੂੰ ਦਸਵਾ ਆਖਿਆ ਗਿਆ, ਨੌਂ ਤਾਂ ਪ੍ਰਗਟ ਹੋ ਗਏ।

*ਦੇਹੀ ਨਗਰੀ ਨਉ ਦਰਵਾਜੇ ॥*
*ਸਿਰਿ ਸਿਰਿ ਕਰਣੈਹਾਰੈ ਸਾਜੇ ॥*
*ਦਸਵੈ ਪੁਰਖੁ ਅਤੀਤੁ ਨਿਰਾਲਾ*
*ਆਪੇ ਅਲਖੁ ਲਖਾਇਆ ॥ ਅੰਗ -੧੦੩੯*

ਇਹ ਨਹੀਂ ਕਿ ਗੁਪਤ ਹੋ ਗਿਆ, ਉਹਨੇ ਅੱਖਾਂ ਵੀ ਬਖਸ਼ ਦਿਤੀਆਂ ਕਿ ਜੇ ਦੇਖਣਾ ਹੈ ਤਾਂ ਤੇਰੇ ਅੰਦਰ ਅੱਖ ਹੈਗੀ ਉਹ ਖੋਲ੍ਹ ਲੈ। ਗੁਰੂ ਮਹਾਰਾਜ ਓਸ ਨੂੰ ਬਿਅੰਨ ਅੱਖੜੀਆ ਆਖਦੇ ਨੇ। ਉਹ ਇਕ ਐਸੀ ਅੱਖ ਹੈ, ਐਸੀ ਸੋਝੀ ਹੈ ਕਿ ਅਨੁਭਵ ਦਾ ਕੋਈ ਪ੍ਰਕਾਸ਼ ਹੈ, ਜਿਸਨੂੰ ਤੀਸਰਾ ਤਿਲ, ਸ਼ਿਵ ਨੇਤਰ, ਤੀਸਰੀ ਅੱਖ ਆਦਿ ਨਾਵਾਂ ਨਾਲ ਅਨੇਕਾਂ ਮਹਾਤਮਾ ਸਮਝਾਉਣ ਦਾ ਯਤਨ ਕਰਦੇ ਨੇ। ਉਥੇ ਪੁਰਖ ਅਤੀਤ ਜਿਹੜਾ ਵਾਹਿਗੁਰੂ ਹੈ, ਉਥੇ ਜਿਹੜਾ ਅਲਖ ਹੈ ਲਖਿਆ ਜਾਂਦਾ ਹੈ। ਜਾਣਿਆ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਉਥੇ ਨਿਸ਼ਾਨੀਆਂ ਵੀ ਨੇ -

*ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ*
*ਨਿਜ ਘਰਿ ਵਸਿਆ ਆਏ ॥ ਅੰਗ - ੪੪੦*

ਜਿੰਨੇ ਮਨ ਦੇ ਫੁਰਨੇ, ਜਿੰਨੀਆਂ ਮਨ ਦੀਆਂ ਵਾਸ਼ਨਾਵਾਂ, ਜਿੰਨਾ ਮਨ ਦੌੜਦਾ ਸੀ, ਇਹ ਜਦੋਂ ਸਮਾਧੀ ਦੀ ਅਵਸਥਾ 'ਚ ਗਿਆ, ਉਸ ਵੇਲੇ ਪਹਿਲੀ ਸਮਾਧੀ ਜਿਸਨੂੰ ਸੰਪਰ ਗਿਆਤ ਸਮਾਧੀ ਆਖਦੇ ਨੇ ਜਾਂ ਸਾ ਵਿਕਲਪ ਸਮਾਧੀ ਆਖਦੇ ਨੇ ਇਹਦੇ ਵਿਚ ਅਜੇ ਫੁਰਨਾ ਹੁੰਦਾ ਹੈ। ਇਸ ਦੇ ਉਤੇ ਜਦੋਂ ਫੁਰਨਾ ਬੰਦ ਹੋ ਜਾਂਦਾ ਹੈ ਤਾਂ ਨਿਰਵਿਕਲਪ ਸਮਾਧੀ ਅਸੰਪਰਗਿਆਤ ਸਮਾਧੀ ਦੇ

ਅੰਦਰ ਜਾ ਕੇ ਉਸ ਵੇਲੇ ਮਨ ਜਿਹੜਾ ਹੈ ਧਾਂਵਦਾ ਹੋਇਆ ਥੰਮਿਆ ਜਾਂਦਾ ਹੈ। ਥੰਮ ਤਾਂ ਹੁੰਦਾ ਹੈ ਜੇ ਸਤਿਗੁਰੂ ਮਿਲ ਜਾਵੇ। ਗੁਰੂ ਤੋਂ ਬਗੈਰ ਨਹੀਂ ਥੰਮਿਆ ਜਾਂਦਾ ਚਾਹੇ ਜਿੰਨਾ ਜੀਅ ਕਰਦਾ ਹੈ, ਜ਼ੋਰ ਲਾ ਲਵੇ, ਨਾਮ ਦੀ ਪ੍ਰਾਪਤੀ ਨਹੀਂ ਹੋਏਗੀ, ਇਸ ਅਵਸਥਾ ਦੀ ਪ੍ਰਾਪਤੀ ਨੂੰ ਮਹਾਰਾਜ ਨੇ ਨਾਮ ਦੀ ਪ੍ਰਾਪਤੀ ਕਿਹਾ ਹੈ।

*ਬਿਨੁ ਸਤਿਗੁਰ ਨਾਉ ਨ ਪਾਈਐ*
*ਬੁਝਹੁ ਕਰਿ ਵੀਚਾਰੁ ॥*
*ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ*
*ਸੁਖੁ ਪਾਏ ਜੁਗ ਚਾਰਿ ॥ ਅੰਗ - ੬੪੯*

ਗੁਰੂ ਮਿਲਦਾ ਨਹੀਂ ਜਿੰਨਾ ਚਿਰ ਪੂਰਾ ਭਾਗ ਨਾ ਹੋਏ। ਸੋ ਗੁਰੂ ਦੇ ਮਿਲਣ ਤੇ ਮਨ ਥੰਮ ਹੋ ਜਾਂਦਾ ਹੈ, ਜਦੋਂ ਥੰਮਿਆ ਗਿਆ ਤਾਂ ਅੰਦਰਲੇ ਪ੍ਰਕਾਸ਼ 'ਚ ਦਾਖਲ ਹੋ ਜਾਂਦਾ ਹੈ।

*ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ*
*ਦਸਵਾ ਦੁਆਰੁ ਪਾਇਆ ॥*
*ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ*
*ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥*
*ਅੰਗ - ੪੪੧*

ਦੋ ਚੀਜ਼ਾਂ ਦੀ ਨਿਸ਼ਾਨੀ ਦਿਤੀ ਹੈ। ਇਕ ਤਾਂ ਅੰਮ੍ਰਿਤ ਦੀ ਵਰਖਾ ਹੋ ਰਹੀ ਹੈ। ਐਸਾ ਸੁਆਦ ਹੈ ਜਿਹੜਾ ਵਰਣਨ ਹੀ ਨਹੀਂ ਕੀਤਾ ਜਾ ਸਕਦਾ। ਕਿਉਂਕਿ ਇਸ ਤਰ੍ਹਾਂ ਪਾਣੀ ਦੀਆਂ ਘੁੱਟਾਂ ਨਹੀਂ ਹਨ ਕਿ ਅੰਦਰ ਆ ਰਹੀਆਂ ਨੇ। ਉਹ ਦਿਬਜ ਅੰਮ੍ਰਿਤ ਹੁੰਦਾ, ਉਹ ਮਹਿਸੂਸ ਹੁੰਦਾ ਹੈ। ਸੋ ਉਥੇ ਅੰਮ੍ਰਿਤ ਦੀ ਵਰਸ਼ਾ ਹੁੰਦੀ ਹੈ ਤੇ ਉਹ ਭੋਜਨ ਰੂਹ ਦਾ ਭੋਜਨ ਹੈ ਅੰਮ੍ਰਿਤ, ਸਰੀਰ ਦਾ ਭੋਜਨ ਜੋ ਹੈ ਇਹ ਅੰਨ ਹੋਇਆ ਕਰਦਾ ਹੈ, ਪਾਣੀ ਹੋਇਆ ਕਰਦਾ ਹੈ। ਰੂਹ ਨੂੰ ਜੋ ਭੋਜਨ ਚਾਹੀਦਾ ਹੈ ਉਹ ਉਥੇ ਪ੍ਰਾਪਤ ਹੋ ਜਾਂਦਾ ਹੈ।

*ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ*
*ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥*
*ਅੰਗ - ੪੪੧*

ਉਹ ਸ਼ਬਦ ਜਿਹੜਾ ਵਾਹਿਗੁਰੂ ਨੇ, ਨਿਰੰਕਾਰ ਜਦੋਂ ਸਾਕਾਰ ਹੋਇਆ ਓਅੰਕਾਰ ਦੇ ਸਰੂਪ 'ਚ, 'ਏਕ ਕਵਾਵੈ ਤੇ ਸਭ ਹੋਆ' ਉਹ ਸ਼ਬਦ ਜਿਸਦੇ ਹੋਣ ਕਰਕੇ ਸਾਰੀ ਸ੍ਰਿਸ਼ਟੀ ਦੀ ਹੋਂਦ ਕਾਇਮ ਹੈ, ਉਹ ਹੁਣ ਉਸੇ ਤਰ੍ਹਾਂ ਕਾਇਮ ਹੈ ਸ਼ਬਦ। ਕਿਉਂਕਿ ਉਹ ਪ੍ਰਮੇਸ਼ਰ ਦਾ ਆਪਣਾ ਨਿਜ ਸਰੂਪ ਹੈ। ਸੋ ਧੁਨ ਉਠਣੀ ਸ਼ੁਰੂ ਹੋ ਜਾਂਦੀ ਹੈ। ਉਹ ਸ਼ਬਦ ਜਿਸ ਸ਼ਬਦ ਦੇ ਨਾਲ ਜਗਤ ਨੂੰ ਥੰਮ ਕੇ ਕਾਇਮ ਕੀਤਾ ਹੋਇਆ ਹੈ ਵਾਹਿਗੁਰੂ ਜੀ ਨੇ ਤੇ ਉਹ ਸ਼ਬਦ ਦੀ ਪ੍ਰਾਪਤੀ ਉਥੇ ਹੋ ਜਾਂਦੀ ਹੈ। ਦਸਵੇਂ ਦੁਆਰ ਦੇ ਵਿਚ ਜਾ ਕੇ। ਮਹਾਰਾਜ ਇਕ ਥਾਂ ਹੋਰ ਫੁਰਮਾਉਂਦੇ ਨੇ ਕਿ -

*ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥*
*ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥*
*ਤਹ ਅਨਹਦ ਸਬਦ ਵਜਹਿ ਧੁਨਿ ਬਾਣੀ*
*ਸਹਜੇ ਸਹਜਿ ਸਮਾਈ ਹੇ ॥ ਅੰਗ - ੧੦੬੯*

ਅਨਹਦ ਸ਼ਬਦ ਦੀ ਸਹਿਜ ਬਾਣੀ ਵਜ ਰਹੀ ਹੈ ਉਥੇ। ਇਹ ਪੰਜ ਅਵਸਥਾ 'ਚ ਬਦਲਦਾ ਹੈ। ਪੰਜ ਸ਼ਬਦ ਜਿਸਨੂੰ ਆਖਿਆ ਜਾਂਦਾ ਹੈ, ਪੰਜਾਂ ਤੋਂ ਬਾਅਦ ਜਿਹੜਾ ਅਨਹਦ ਹੈ ਤੇ ਜਦੋਂ ਉਹ ਪ੍ਰਗਟ ਹੁੰਦਾ ਹੈ ਤੇ ਸਰੀਰ ਤੋਂ ਉਹ ਸਹਿ ਨਹੀਂ ਹੋਇਆ ਕਰਦਾ। ਐਸਾ ਦਿਬਜ ਸ਼ਬਦ ਹੈ, ਐਸਾ ਦਿਬਜ ਰਾਗ ਹੈ। ਓਸ ਦੀ ਧੁਨ ਉਥੇ ਉਪਜਦੀ ਹੀ ਰਹਿੰਦੀ ਹੈ।

*ਤਹ ਅਨਹਦ ਸਬਦ ਵਜਹਿ ਧੁਨਿ ਬਾਣੀ*
*ਸਹਜੇ ਸਹਜਿ ਸਮਾਈ ਹੇ ॥ ਅੰਗ - ੧੦੬੯*

ਸੋ ਇਸ ਤਰ੍ਹਾਂ ਜਦੋਂ ਤੱਕ ਨੌਂ ਦਰਵਾਜ਼ਿਆਂ ਨੂੰ ਠਾਕਿਆ ਨਹੀਂ ਜਾਂਦਾ ਮੰਤਰ ਦੇ ਨਾਲ ਓਨੀਂ ਦੇਰ ਤੱਕ ਮਨ ਨੇ ਬਾਹਰ ਨੂੰ ਦੌੜਨਾ ਹੈ, ਜਦੋਂ ਠਾਕ ਦਿਤਾ ਫੇਰ ਮਨ ਦੀ ਸ਼ਕਤੀ ਨਹੀਂ ਹੈ ਕਿ ਉਹ ਬਾਹਰ ਨੂੰ ਦੌੜੇ ਕਿਉਂਕਿ ਉਹ ਤਾਂ ਠਾਕ ਦਿਤੇ, ਬੰਨ੍ਹ ਦਿਤੇ। ਮਨ ਨਹੀਂ ਇਧਰ ਆਉਂਦਾ, ਫੇਰ ਅੰਦਰ ਨੂੰ ਜਾਂਦਾ ਹੈ -

*ਨਉ ਦਰ ਠਾਕੇ ਧਾਵਤੁ ਰਹਾਏ ॥*
*ਦਸਵੈ ਨਿਜ ਘਰਿ ਵਾਸਾ ਪਾਏ ॥*
*ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ*
*ਗੁਰਮਤੀ ਸਬਦਿ ਸੁਣਾਵਣਿਆ ॥ ਅੰਗ - ੧੨੪*

ਗੁਰੂ ਦੀ ਮਤ ਧਾਰਨ ਕਰਨ ਦੇ ਨਾਲ, ਉਹ ਸ਼ਬਦ ਓਸ ਥਾਂ ਦੇ ਉਤੇ ਸੁਣਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਉਹ ਵਾਹਿਗੁਰੂ ਜੀ ਜਿਹੜੇ ਜਿਨ੍ਹਾਂ ਦਾ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ ਭੇਖ ਨਹੀਂ, ਚੱਕਰ ਨਹੀਂ, ਚਿਹਨ ਨਹੀਂ। ਉਨ੍ਹਾਂ ਦਾ ਉਥੇ ਪ੍ਰਗਟ ਹੋਣਾ ਮਹਾਰਾਜ ਨੇ ਫੁਰਮਾਇਆ ਹੈ ਸੋ ਆਹ ਦੇਹੀ ਮਿਲੀ ਇਸ ਵਾਸਤੇ ਹੈ ਕਿ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅੰਗ - ੧੨*

ਸੋ ਹੁਣ ਉਥੇ ਜਾਇਆ ਕਿਵੇਂ ਜਾਵੇ, ਸਾਨੂੰ ਤਾਂ ਪਤਾ ਹੀ ਨਹੀਂ ਅੰਦਰਲਾ। ਜੇ ਮੈਡੀਕਲ ਸਾਇੰਸ ਵਾਲੇ ਨਾ ਦਸਦੇ ਸਾਨੂੰ ਕੋਈ ਪਤਾ ਨਹੀਂ ਕਿ ਰੋਟੀ ਕਿਥੇ ਹਜ਼ਮ ਹੁੰਦੀ ਤੇ ਕਿਵੇਂ ਜਾ ਕੇ ਐਸਿਡ ਸਪਰੇਅ ਕਰਦੇ ਨੇ, ਤੇ ਉਹ ਭੋਜਨ ਨੂੰ ਕਿਵੇਂ ਪਚਾਉਂਦੇ ਹਨ। ਕਿਵੇਂ ਓਸ ਤੋਂ ਫੇਰ ਜਿਗਰ ਜਾ ਕੇ ਵੱਖਰੇ-ਵੱਖਰੇ ਤੱਤ ਕੱਢ ਕੇ ਵੱਖਰੇ-ਵੱਖਰੇ ਥਾਵਾਂ ਨੂੰ, ਕੋਈ ਕਿਸੇ ਥਾਂ ਨੂੰ, ਕੋਈ ਕਿਸੇ ਥਾਂ ਨੂੰ ਭੇਜਦਾ ਹੈ ਤੇ ਸਰੀਰ ਦਾ ਸੰਤੁਲਨ ਕਾਇਮ ਰੱਖਦਾ ਹੈ। ਸੋ ਖੂਨ ਕਿਵੇਂ ਹਰਕਤ ਕਰਦਾ ਹੈ ਦਿਲ ਦੇ ਵਿਚੋਂ ਕਿੰਨਾ ਖੂਨ ਆਦਮੀ ਦਾ ਹਰ ਵਕਤ ਆਦਮੀ ਦਾ ਇਕ ਮਿੰਟ ਦੇ ਅੰਦਰ ਗੇੜਾ ਖਾਂਦਾ ਹੈ। ਇਹ ਮੈਡੀਕਲ ਸਾਇੰਸ

ਵਾਲਿਆਂ ਨੇ ਦੱਸ ਦਿਤਾ। ਅਸੀਂ ਉਹਦੇ ਤੇ ਵਿਸ਼ਵਾਸ਼ ਕਰਦੇ ਹਾਂ। ਜੇ ਪ੍ਰਤੱਖ ਦੇਖਣਾ ਹੈ ਤਾਂ ਮੈਡੀਕਲ ਕਾਲਜ ਵਿਚ ਜਾਣਾ ਪਏਗਾ। ਇਸੇ ਤਰ੍ਹਾਂ ਇੰਜਨੀਅਰ ਨੇ, ਇੰਜਨੀਰਿੰਗ ਦੀ ਕੋਈ ਸਮਝ ਨਹੀਂ ਆਉਂਦੀ ਕਿਤਾਬਾਂ ਪੜ੍ਹਨ ਤੋਂ, ਬਹੁਤ ਮੁਸ਼ਕਲ ਨਾਲ ਸ਼ਾਇਦ ਇਕ ਅੱਧ ਵਿਦਿਆਰਥੀ ਹੋ ਜਾਵੇ ਪਾਸ ਤਾਂ ਹੋ ਜਾਵੇ, ਲੇਕਿਨ ਮੁਸ਼ਕਲ ਹੈ। ਸੋ ਉਹਦੇ ਵਾਸਤੇ ਦੁਨੀਆਂਦਾਰਾਂ ਨੇ ਕਾਲਜ ਬਣਾ ਦਿਤੇ। ਸਾਇੰਸ ਵਰਗੀ ਸੂਖਸ਼ਮ ਚੀਜ਼ ਜਦ ਤੱਕ ਜਾ ਕੇ ਯੂਨੀਵਰਸਿਟੀਆਂ ਦੇ ਅੰਦਰ ਤਜਰਬੇ ਨਹੀਂ ਕਰਦਾ, ਖੋਜ ਨਹੀਂ ਕਰਦਾ ਓਨਾਂ ਚਿਰ ਸਾਇੰਸ ਦਾ ਨਹੀਂ ਪਤਾ ਲਗਦਾ। ਖੇਤੀ ਵਰਗੀ ਮੋਟੀ ਚੀਜ਼ ਜਦੋਂ ਤੱਕ ਖੇਤ ਵਿਚ ਜਾ ਕੇ ਕਿਸੇ ਬਜ਼ੁਰਗ ਤੋਂ, ਕਿਸੇ ਜਾਣਕਾਰ ਬੰਦੇ ਤੋਂ, ਕਿਸੇ ਮਹਿਕਮੇ ਵਾਲਿਆਂ ਤੋਂ ਨਹੀਂ ਪੁਛਦਾ ਪਤਾ ਨਹੀਂ ਲਗਦਾ ਕਿਉਂਕਿ ਪਤਾ ਹੀ ਨਹੀਂ ਲਗਦਾ ਕਿ ਕਿਹੜਾ ਖਾਦ ਕਿੰਨਾ ਪਾਉਣਾ ਹੈ, ਕਿਹੜਾ ਕਿੰਨਾ ਪਾਉਣਾ ਹੈ। ਹਾਲਾਂਕਿ ਬੜੀ ਮੋਟੀ ਚੀਜ਼ ਹੈ। ਸੋ ਇਸੇ ਤਰ੍ਹਾਂ ਦੇ ਨਾਲ ਜੋ ਰੂਹਾਨੀ ਵਿਦਿਆ ਹੈ, ਉਹਦਾ ਪਤਾ ਨਹੀਂ ਲਗਦਾ ਜਦੋਂ ਤੱਕ ਰੂਹਾਨੀ ਵਿਦਿਆ ਨੂੰ ਜਾਨਣ ਵਾਲਾ, ਪੂਰਨ ਅਨੁਭਵੀ ਪੁਰਸ਼ ਨਾ ਪ੍ਰਾਪਤ ਹੋਵੇ। ਓਸ ਨੂੰ ਗੁਰੂ ਆਖਦੇ ਨੇ। ਓਸਦੀਆਂ ਕਿਸਮਾਂ ਹੁੰਦੀਆਂ ਨੇ। ਕਿਉਂਕਿ ਗੁਰੂ ਦਾ ਪੇਸ਼ਾ ਜਿਹੜਾ ਹੈ ਬੜਾ ਹੀ ਫਾਇਦੇਵਾਲਾ ਹੈ ਸੰਸਾਰ ਦੀ ਨਿਗ੍ਹਾ 'ਚ, ਲੇਕਿਨ ਗੁਰੂ ਜਿਹੜਾ ਅਕਾਲਪੁਰਖ ਵਲੋਂ ਹੈ, ਉਹਦੀ ਕੋਈ ਅਵਸਥਾ ਹੋਰ ਹੁੰਦੀ ਹੈ ਤੇ ਬਾਕੀ ਜਿਹੜੇ ਨੇ ਉਹਦੇ ਨਾਲ ਜੀਵ ਭਟਕ ਜਾਂਦਾ ਹੈ, ਫਸ ਜਾਂਦਾ ਹੈ। ਉਨ੍ਹਾਂ ਦੀਆਂ ਕਿਸਮਾਂ 12 ਨੇ। ਇਕ ਤਾਂ ਅੰਨਾ ਗੁਰੂ ਕਿਹਾ ਹੈ ਇਕ ਕੱਚਾ ਗੁਰੂ ਕਿਹਾ ਹੈ। ਕੱਚਾ ਗੁਰੂ ਤਾਂ ਮੁਕਤ ਕਦੇ ਕਰ ਹੀ ਨਹੀਂ ਸਕਦਾ। ਕਿਉਂਕਿ ਉਹ ਆਪ ਤੈਰਨਾ ਨਹੀਂ ਜਾਣਦਾ। ਆਪ ਡੁੱਬ ਜਾਂਦਾ ਹੈ ਭਵਜਲ ਦੇ ਅੰਦਰ ਤੇ ਦੂਸਰੇ ਨੂੰ ਕਿਵੇਂ ਤਾਰ ਦਏਗਾ? ਤਾਰੇਗਾ ਤਾਂ ਓਹੀ ਜਿਹੜਾ ਆਪ ਤਰਨ ਜਾਣਦਾ ਹੈ, ਕਹਿੰਦੇ ਮਹਾਰਾਜ ਦਾ ਫੁਰਮਾਨ ਹੈ-

*ਜੋ ਡੁਬੰਦੋ ਆਪਿ ਸੋ ਤਰਾਏ ਕਿਨ੍ ਖੇ ॥*
*ਤਾਰੇਦੜੋ ਭੀ ਤਾਰਿ ਨਾਨਕ ਪਿਰ ਸਿਉ ਰਤਿਆ॥*
*ਅੰਗ - ੧੧੦੧*

ਜਿਹੜੇ ਆਰ-ਪਾਰ ਪੱਤਣਾਂ ਦੇ ਭੇਤੀ ਨੇ ਉਹ ਲੈ ਜਾਂਦੇ ਨੇ। ਮੋਢੇ ਤੇ ਹੱਥ ਧਰਾ ਕੇ ਵੀ ਲੈ ਜਾਂਦੇ ਨੇ। ਕਿਸ਼ਤੀ ਚਲਾ ਕੇ ਲੈ ਜਾਂਦੇ ਨੇ, ਜਹਾਜ਼ ਚਲਾ ਕੇ ਲੈ ਜਾਂਦੇ ਨੇ। ਸੋ ਬਾਕੀ ਜੋ ਹੈ ਅਨੁਭਵ ਤੋਂ ਵਿਹੂਣਾ ਮਹਾਰਾਜ ਕਹਿੰਦੇ ਉਹ ਅੰਨਾ ਹੋਇਆ ਕਰਦਾ ਹੈ।

*ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥*
*ਅੰਗ - ੫੮*

ਗੁਰੂ ਅੰਨ੍ਹਾ ਹੈ, ਚੇਲਾ ਕਿਥੋਂ ਭਾਲਦਾ ਹੈ ਕਿ ਮੈਂ ਮੰਜ਼ਲੇ-ਏ-ਮਕਸੂਦ ਤੇ ਪਹੁੰਚ ਜਾਵਾਂਗਾ। ਉਹ ਤਾਂ ਆਪ ਵੀ ਲੁਟਿਆ ਜਾਏਗਾ, ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ, ਆਦਿ ਦੇ ਗਲਤ ਜਜ਼ਬੇ ਨਾਲ। ਜਿਹੜੇ ਉਨ੍ਹਾਂ ਦੇ ਪਿਛੇ ਲੱਗੇ ਨੇ ਓਹ ਵੀ ਲੁੱਟੇ ਜਾਣਗੇ। ਫੁਰਮਾਨ ਹੈ ਐਸਾ -

*ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥*
*ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ॥*
*ਅੰਗ - ੭੬੭*

ਹੋਛੀ ਮਤ ਹੋਣ ਕਰਕੇ ਆਪ ਵੀ ਲੁੱਟਿਆ ਜਾਂਦਾ ਹੈ ਤੇ ਰਾਹ ਦੀ ਪਛਾਣ ਨਹੀਂ ਹੁੰਦੀ। ਸੋ ਐਸਾ ਜੋ ਹੈ -

*ਨਾਨਕ ਅੰਧਾ ਹੋਇ ਕੈ ਦਸੇ ਰਾਹੈ*
*ਸਭਸੁ ਮੁਹਾਏ ਸਾਥੈ ॥ ਅੰਗ - ੧੪੦*

ਸਾਰਾ ਸਾਥ ਹੀ ਲੁੱਟਿਆ ਜਾਂਦਾ ਹੈ। ਕਿਉਂਕਿ ਆਪ ਅੰਨ੍ਹਾ ਹੈ, ਪਤਾ ਨਹੀਂ ਹੈ।

*ਅਗੈ ਗਇਆ ਮੁਹੇ ਮੁਹਿ ਪਾਹਿ*
*ਸੁ ਐਸਾ ਆਗੂ ਜਾਪੈ ॥ ਅੰਗ - ੧੪੦*

ਦਰਗਾਹ ਦੇ ਵਿਚ ਉਹਦੇ ਨਾਲ ਕੀ ਬਣਦਾ ਹੈ, ਜੁੱਤੀਆਂ ਪੈਂਦੀਆਂ ਨੇ ਉਹਦੇ ਮੂੰਹ ਤੇ। ਐਹੋ ਜਿਹਾ ਆਗੂ, ਝੂਠ ਬੋਲਦਾ ਹੈ, ਦੂਜਿਆਂ ਦੀ ਕਮਾਈ ਖਾਂਦਾ ਹੈ, ਉਨ੍ਹਾਂ ਦਾ ਧਨ ਆਪ ਖਾਂਦਾ ਹੈ। ਮੌਜਾਂ ਉਡਾਓ ਤੇ ਉਨ੍ਹਾਂ ਨੂੰ ਸਮਝਾਉਣ ਜਾਂਦਾ ਹੈ। ਆਪ ਤਾਂ ਲੁੱਟਿਆ ਹੋਇਆ ਹੈ ਦੂਜਿਆਂ ਨੂੰ ਉਪਦੇਸ਼ ਦਿੰਦਾ ਹੈ।

*ਕੂੜੁ ਬੋਲਿ ਮੁਰਦਾਰੁ ਖਾਇ ॥*
*ਅਵਰੀ ਨੋ ਸਮਝਾਵਣਿ ਜਾਇ ॥*
*ਮੁਠਾ ਆਪਿ ਮੁਹਾਏ ਸਾਥੈ ॥*
*ਨਾਨਕ ਐਸਾ ਆਗੂ ਜਾਪੈ ॥ ਅੰਗ - ੧੪੦*

ਆਪ ਵੀ ਲੁਟਿਆ ਗਿਆ ਤੇ ਨਾਲ ਦੇ ਵੀ ਲੁੱਟੇ ਗਏ। ਸੋ ਐਸੇ ਤਰ੍ਹਾਂ ਜੋ ਅੰਨ੍ਹਾ ਗੁਰੂ ਹੁੰਦਾ ਹੈ ਉਹਨੂੰ ਨਹੀਂ ਪਤਾ ਕਿ ਭਰਮ ਜੋ ਪੈ ਗਿਆ -

*ਬਾਹਰਿ ਭੀਤਰਿ ਏਕੋ ਜਾਨਹੁ*
*ਇਹੁ ਗੁਰ ਗਿਆਨੁ ਬਤਾਈ ॥*
*ਜਨ ਨਾਨਕ ਬਿਨੁ ਆਪਾ ਚੀਨੈ*
*ਮਿਟੈ ਨ ਭ੍ਰਮ ਕੀ ਕਾਈ ॥ ਅੰਗ - ੬੮੪*

ਕਿਵੇਂ ਆਪਾ ਚੀਨਣਾ ਹੈ, ਕਿਸ ਤਰੀਕੇ ਦੇ ਨਾਲ ਭਰਮ ਦੀ ਜੋ ਕਾਲਖ ਪੈ ਗਈ, ਕਾਈ ਪੈ ਗਈ, ਉਹ ਕਿਵਾਂ ਮਿਟਦੀ ਹੈ, ਮਿਟਦੀ ਨਹੀਂ।

*ਅੰਧੇ ਗੁਰੂ ਤੇ ਭਰਮੁ ਨ ਜਾਈ ॥*
*ਮੂਲੁ ਛੋਡਿ ਲਾਗੇ ਦੂਜੈ ਭਾਈ ॥*
*ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥*
*ਅੰਗ - ੨੩੨*

ਉਹ ਤਾਂ ਮਾਇਆ ਦਾ ਮਤਿਆ ਹੋਇਆ, ਜ਼ਹਿਰ

ਦਾ, ਜ਼ਹਿਰ ਤੇ ਹੀ ਆਪ ਰਹੇਗਾ, ਜ਼ਹਿਰ ਦੇ ਵਿਚ ਹੀ ਆਪਣੇ ਚੇਲਿਆਂ ਨੂੰ ਲੈ ਜਾਏਗਾ। ਫੁਰਮਾਨ ਹੈ –

***ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥***
***ਅੰਗ – ੫੮***

ਅੰਨ੍ਹੇ ਗੁਰੂ ਦੇ ਜਿਹੜੇ ਚੇਲੇ ਨੇ, ਗੁਰੂਆਂ ਦਾ ਕੋਈ ਅੰਤ ਹੈ, ਪ੍ਰਚਾਰਕਾਂ ਦਾ ਕੋਈ ਅੰਤ ਹੈ। ਉਪਦੇਸ਼ਕਾਂ ਦਾ ਕੋਈ ਅੰਤ ਹੈ, ਅੰਨ੍ਹੇ ਆਪ ਨੇ ਤੇ ਸੰਸਾਰ ਨੂੰ ਹਨ੍ਹੇਰਾ ਦੱਸੀ ਜਾਂਦੇ ਨੇ ਤੇ ਉਹਦੇ ਨਾਲ ਹੁੰਦਾ ਕੀ ਹੈ ਜਿਹੜੇ ਉਨ੍ਹਾਂ ਦੇ ਨਾਲ ਲਗਦੇ ਨੇ ਉਹ ਵੀ ਅੰਨ੍ਹੇ ਕੰਮ ਕਰਨ ਲੱਗ ਜਾਂਦੇ ਨੇ। ਪ੍ਰਕਾਸ਼ ਵਾਲੇ ਕੰਮ ਨਹੀਂ ਕਰਦੇ, ਹਨ੍ਹੇਰੇ ਵਾਲੇ ਕੰਮ ਕਰਦੇ ਨੇ, ਆਪ ਹਨ੍ਹੇਰੇ 'ਚ ਸੰਸਾਰ ਨੂੰ ਵੀ ਹਨ੍ਹੇਰੇ 'ਚ ਪਾ ਦਿੰਦੇ ਨੇ।

***ਗੁਰੂ ਜਿਨ੍ਹਾਂ ਕਾ ਅੰਧੁਲਾ***
***ਸਿਖ ਭੀ ਅੰਨ੍ਹੇ ਕੰਮ ਕਰੇਨਿ॥***
***ਓਇ ਭਾਣੇ ਚਲਣ ਆਪਣੇ***
***ਨਿਤ ਝੂਠੋ ਝੂਠ ਬੁਲੇਨਿ॥***

ਉਹ ਮਰਜ਼ੀ 'ਚ ਚਲਦੇ ਨੇ, ਕਿਉਂਕਿ ਗੁਰੂ ਨਹੀਂ ਮਿਲਿਆ ਜਦੋਂ ਗੁਰੂ ਮਿਲ ਜਾਂਦਾ ਹੈ ਉਸ ਵੇਲੇ ਤਾਂ ਸਿੱਖ ਗੁਰੂ ਦੀ ਮਰਜ਼ੀ ਵਿਚ ਚਲਦਾ ਹੈ।

***ਸੋ ਸਿਖੁ ਸਦਾ ਬੰਧਪੁ ਹੈ ਭਾਈ***
***ਜਿ ਗੁਰ ਕੇ ਭਾਣੇ ਵਿਚਿ ਆਵੈ ॥***
***ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥***
***ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ***
***ਫਿਰਿ ਫਿਰਿ ਪਛੋਤਾਵੈ ॥ ਅੰਗ – ੬੦੧***

ਆਪਣੀ ਮਰਜ਼ੀ ਨਹੀਂ ਕਰ ਸਕਦਾ, ਗੁਰੂ ਨੂੰ ਆਪਣਾ ਆਪ ਦੇਣਾ ਹੈ। ਉਹਦੀ ਮਰਜ਼ੀ ਦੇ ਮੁਤਾਬਿਕ ਚਲਣਾ ਪੈਂਦਾ ਹੈ।

ਪਹਿਲਾ ਹੁੰਦਾ ਹੈ ਕੱਚਾ ਗੁਰੂ ਤੇ ਦੂਜਾ ਹੁੰਦਾ ਹੈ ਅੰਨ੍ਹਾ ਗੁਰੂ, ਤੀਸਰੀ ਕਿਸਮ ਹੁੰਦੀ ਹੈ, ਪੜ੍ਹਿਆ ਲਿਖਿਆ ਗੁਰੂ। ਪੜ੍ਹੇ ਲਿਖੇ ਗੁਰੂ ਦੇ ਵਿਚ ਇਹ ਫਰਕ ਹੁੰਦਾ ਹੈ ਕਿ ਉਹ ਗੱਲਾਂ ਬਹੁਤ ਜਾਣਦਾ ਹੈ ਕਿਉਂਕਿ ਉਸ ਨੇ ਸਾਰੀਆਂ ਵਿਦਿਆ ਪੜ੍ਹੀਆਂ ਹੁੰਦੀਆਂ ਨੇ, ਤਸੱਲੀ ਵੀ ਕਰ ਦਿੰਦਾ ਹੈ, ਲੇਕਿਨ ਉਹਦੇ ਵਿਚ ਸ਼ਕਤੀ ਨਹੀਂ ਹੁੰਦੀ। ਸੋ ਜਿਹੜਾ ਪੜ੍ਹਿਆ ਲਿਖਿਆ ਹੁੰਦਾ ਹੈ ਲੱਛੇਦਾਰ ਲੈਕਚਰ ਦੇ ਕੇ, ਬੇਅੰਤ ਮਿਸਾਲਾਂ ਦੇ ਬੰਦੇ ਨੂੰ ਘਾਇਲ ਤਾਂ ਕਰ ਦਿੰਦਾ ਹੈ, ਪਰ ਉਹਦੇ ਕੋਲ ਅਥਾਰਿਟੀ ਨਹੀਂ ਹੁੰਦੀ, ਓਸ ਤਰ੍ਹਾਂ ਦੇ ਨਾਲ ਜਿਵੇਂ ਇਕ ਨਾਟਕ ਹੋ ਰਿਹਾ ਹੈ। ਇਕ ਰਾਜਾ ਬਣ ਗਿਆ, ਇਕ ਪੁਲਿਸ ਬਣ ਗਈ, ਇਕ ਜੱਜ ਬਣ ਗਿਆ, ਇਕ ਚੋਰ ਬਣ ਗਿਆ। ਚੋਰ ਨੂੰ ਪੁਲਿਸ ਫੜ ਲੈਂਦੀ ਹੈ, ਜੱਜ ਦੇ ਪਾਸ ਜਾਂਦੀ ਹੈ। ਜੱਜ ਸਜ਼ਾ ਦਿੰਦਾ ਹੈ ਕਿ ਇਸਨੂੰ ਫਾਂਸੀ ਦੇ ਦਿਓ, ਰਾਜੇ ਕੋਲ ਜਾਂਦੀ ਹੈ ਰਾਜਾ ਕਹਿੰਦਾ ਹੈ ਕਿ ਹੁਣੇ ਦੇ ਦਿਓ ਓਸ ਨੂੰ ਫਾਂਸੀ, ਫਾਂਸੀ ਜੇ ਦੇ ਦੇਣਗੇ, ਕੀ ਹੋਏਗਾ ਆਪ ਸਾਰੇ ਹੀ ਮਰ ਜਾਣਗੇ, ਕਿਉਂਕਿ ਨਾਟਕ ਹੈ। ਉਹਦੇ ਕੋਲ ਅਥਾਰਿਟੀ ਨਹੀਂ ਹੈ। ਇਸੇ ਤਰ੍ਹਾਂ ਜੋ ਵਿਦਵਾਨ ਗੁਰੂ ਹੈ ਉਹਦੇ ਕੋਲ ਪ੍ਰਮੇਸ਼ਰ ਦੇ ਦਰਵਾਜ਼ੇ 'ਚ ਦਾਖਲ ਕਰਾਉਣ ਦੀ ਸ਼ਕਤੀ ਨਹੀਂ ਹੈ, ਉਹਦਾ ਦਿਤਾ ਹੋਇਆ ਪਾਸ ਪ੍ਰਮੇਸ਼ਰ ਦੇ ਦਰਵਾਜ਼ੇ ਉਤੇ ਖੋਟਾ ਸਿੱਕਾ ਹੈ। ਕਿਉਂਕਿ ਉਹ ਆਪ ਨਹੀਂ ਗਿਆ ਹੋਇਆ। ਆਪ ਅਕਲ ਦੇ ਨਾਲ ਗੱਲਾਂ ਕਰਦਾ ਹੈ। ਸੋ ਗੁਰੂ ਗ੍ਰੰਥ ਸਾਹਿਬ ਅੰਦਰ ਬਾਣੀ ਆਉਂਦੀ ਹੈ, ਕਬੀਰ ਸਾਹਿਬ ਫੁਰਮਾਉਂਦੇ ਨੇ ਕਿ ਐਹੋ ਜਿਹਾ ਤਾਂ ਜਗਤ ਦਾ ਗੁਰੂ ਹੋ ਸਕਦਾ ਹੈ, ਪ੍ਰਮੇਸ਼ਰ ਦੇ ਰਸਤੇ ਤੇ ਜਾਣਾ ਵਾਲਾ ਨਹੀਂ ਹੋ ਸਕਦਾ।

***ਕਬੀਰ ਬਾਮਨੁ ਗੁਰੂ ਹੈ ਜਗਤ ਕਾ***
***ਭਗਤਨ ਕਾ ਗੁਰੁ ਨਾਹਿ ॥***
***ਅਰਝਿ ਉਰਝਿ ਕੈ ਪਚਿ***
***ਮੂਆ ਚਾਰਉ ਬੇਦਹੁ ਮਾਹਿ ॥ ਅੰਗ – ੧੩੭੭***

ਉਹ ਤਾਂ ਕਿਤਾਬਾਂ 'ਚ ਹੀ ਖਤਮ ਹੋ ਗਿਆ, ਇਸ ਤੋਂ ਅੱਗੇ ਉਹੀ ਜਾਣਕਾਰੀ ਨਹੀਂ ਹੋਇਆ ਕਰਦੀ। ਸੋ ਇਸ ਤੋਂ ਅੱਗੇ ਹੋਇਆ ਕਰਦਾ ਹੈ ਅਨੁਭਵੀ ਗੁਰੂ। ਗੁਰੂ ਕਹਾਉਂਦਾ ਹੈ, ਮਾਨਤਾ ਵੀ ਹੈ ਲੇਕਿਨ ਸਮਰੱਥ ਨਹੀਂ ਹੈ। ਥੋੜ੍ਹਾ ਬਹੁਤਾ ਰਸਤੇ ਪਾਉਂਦਾ ਹੈ, ਪਰ ਪੂਰੀ ਤਰ੍ਹਾਂ ਪਾਰ ਨਹੀਂ ਕਰ ਸਕਦਾ। ਸੋ ਉਹਨੂੰ ਅਲਪੱਗ ਗੁਰੂ ਕਹਿੰਦੇ ਨੇ। ਉਹਦੇ ਕੋਲ ਜਾ ਕੇ ਆਦਮੀ ਲੰਘਦਾ ਨਹੀਂ ਹੈ, ਉਹ ਇਕ ਛੱਪੜੀ ਹੋਇਆ ਕਰਦੀ ਹੈ ਛੋਟੀ ਜਿਹੀ ਜਿਥੇ ਨਾਹੁੰਣ ਦੇ ਨਾਲ ਮੈਲ ਲਗ ਜਾਂਦੀ ਹੈ। ਸੋ ਮਹਾਰਾਜ ਕਹਿੰਦੇ ਕਿਉਂ ਅਲਪੱਗ ਗੁਰੂਆਂ ਦੇ ਪਿਛੇ ਲੱਗਿਆ ਫਿਰਦਾ ਹੈਂ।

***ਫਰੀਦਾ ਸੋਈ ਸਰਵਰੁ ਢੂਢਿ ਲਹੁ***
***ਜਿਥਹੁ ਲਭੀ ਵਥੁ॥ ਅੰਗ – ੧੩੮੦***

ਐਹੋ ਜਿਹਾ ਸਰੋਵਰ ਢੂੰਡ ਲੈ ਗੁਰੂ ਦਾ, ਜਿਥੋਂ ਤੈਨੂੰ ਮਿਲ ਜਾਵੇ ਅੰਨਿਨ ਵਸਤੂ।

***ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ ॥***
***ਅੰਗ – ੧੩੮੦***

ਸੋ ਐਸਾ ਜੋ ਅਲਪੱਗ ਹੈ, ਅੰਦਰ ਤਾਂ ਮਾਇਆ-ਮਾਇਆ ਹੋ ਰਹੀ ਹੈ ਬਾਹਰੋਂ ਅੰਮ੍ਰਿਤ ਰੂਪੀ ਬਚਨ ਸੁਣਾ ਰਿਹਾ ਹੈ। ਉਹਦੇ ਲੜ ਲਗਣ ਵਾਲਾ ਜਮਾਂ ਦੀ ਮਾਰ ਖਾਏਗਾ।

***ਬਿਰਥੀ ਸਾਕਤ ਕੀ ਆਰਜਾ ॥***
***ਸਾਚ ਬਿਨਾ ਕਹ ਹੋਵਤ ਸੂਚਾ ॥***
***ਬਿਰਥਾ ਨਾਮ ਬਿਨਾ ਤਨੁ ਅੰਧ ॥***
***ਮੁਖਿ ਆਵਤ ਤਾ ਕੈ ਦੁਰਗੰਧ ॥***
***ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ ॥***
***ਮੇਘ ਬਿਨਾ ਜਿਉ ਖੇਤੀ ਜਾਇ ॥***

*ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ ॥*
*ਜਿਉ ਕਿਰਪਨ ਕੇ ਨਿਰਾਰਥ ਦਾਮ ॥*
*ਧੰਨਿ ਧੰਨਿ ਤੇ ਜਨ*
*ਜਿਹ ਘਟਿ ਬਸਿਓ ਹਰਿ ਨਾਉ॥*
*ਨਾਨਕ ਤਾ ਕੈ ਬਲਿ ਬਲਿ ਜਾਉ ॥ ੬ ॥*
*ਰਹਤ ਅਵਰ ਕਛੁ ਅਵਰ ਕਮਾਵਤ ॥*
*ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥*
*ਜਾਨਨਹਾਰ ਪ੍ਰਭੂ ਪਰਬੀਨ ॥*
*ਬਾਹਰਿ ਭੇਖ ਨ ਕਾਹੂ ਭੀਨ ॥*
*ਅਵਰ ਉਪਦੇਸੈ ਆਪਿ ਨ ਕਰੈ ॥*
*ਆਵਤ ਜਾਵਤ ਜਨਮੈ ਮਰੈ ॥ ਅੰਗ - ੨੬੯*

ਦੂਜਿਆਂ ਨੂੰ ਉਪਦੇਸ਼ ਦਿੰਦਾ ਹੈ, ਆਪ ਨਹੀਂ ਕਰ ਰਿਹਾ। ਤੇ ਫੇਰ ਹੁੰਦਾ ਕੀ ਹੈ, ਜੰਮਦਾ ਰਹਿੰਦਾ ਹੈ, ਮਰਦਾ ਰਹਿੰਦਾ ਹੈ ਆਪ ਵੀ ਤੇ ਪਿਛੇ ਲੱਗਣ ਵਾਲੇ ਵੀ। ਕਹਿੰਦੇ ਕੀ ਕਹੀਏ ਇਨ੍ਹਾਂ ਲੋਕਾਂ ਨੂੰ, ਕਿੰਨਾ ਕੁ ਉਪਦੇਸ਼ ਦੇਈਏ, ਸਮਝਣ ਵਾਲੇ ਨੇ? ਭੁੱਲੇ ਹੋਏ ਬੰਦੇ ਦਾ ਉਧਾਰ ਹੋ ਸਕਦਾ ਹੈ, ਪਾਖੰਡੀ ਦਾ ਨਹੀਂ ਹੋ ਸਕਦਾ, ਕਿਉਂਕਿ ਉਹ ਜਾਣਦਾ ਹੈ, ਸਭ ਗੱਲ ਜਾਣ ਕੇ ਫੇਰ ਬਾਗੀ ਹੋਇਆ ਹੋਇਆ ਹੈ।

*ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ॥*
*ਬਿਨੁ ਗੁਰ ਪੰਥੁ ਨ ਸੂਝਈ*
*ਕਿਤੁ ਬਿਧਿ ਨਿਰਬਹੀਐ॥ ਅੰਗ - ੨੨੯*

ਗੁਰੂ ਤੋਂ ਬਗੈਰ ਰਸਤਾ ਕਿਵੇਂ ਲੱਭ ਜਾਏਗਾ ਭਾਈ ਤੈਨੂੰ? ਲੱਭਣਾ ਨਹੀਂ ਹੈ ਕਿਉਂਕਿ ਅੰਨ੍ਹੇ ਦੇ ਪਿਛੇ ਲੱਗਿਆ ਹੋਇਆ ਹੈਂ।

*ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥*
*ਅੰਗ - ੯੫੪*

ਅੰਨ੍ਹਾ ਤਾਂ ਅੰਨ੍ਹੇ ਰਾਹ ਤੇ ਤੁਰੇਗਾ, ਸੁਜਾਖਾ ਹੋ ਕੇ ਕਿਉਂ ਉਝੜ ਪਏਗਾ।

*ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ ॥*
*ਅੰਗ - ੯੫੪*

ਸੋ ਇਸ ਤਰ੍ਹਾਂ ਦੇ ਨਾਲ ਐਸ ਗੁਰੂ ਦਾ ਕੀ ਕਰਿਆ ਜਾਵੇ? ਕਬੀਰ ਸਾਹਿਬ ਕਹਿੰਦੇ ਨੇ ਕਿ ਐਸੇ ਗੁਰੂ ਦੀ ਮਾਂ ਹੈ ਨਾ ਜਿਹੜੀ ਉਹਦਾ ਸਿਰ ਮੁੰਨ ਦਿਓ। ਕਿਉਂਕਿ ਉਹਨੇ ਐਹੋ ਜਿਹਾ ਅਗਿਆਨੀ ਗੁਰੂ ਪੈਦਾ ਕਰਿਆ ਹੈ।

*ਕਬੀਰ ਮਾਇ ਮੂੰਡਉ ਤਿਹ ਗੁਰੂ ਕੀ*
*ਜਾ ਤੇ ਭਰਮੁ ਨ ਜਾਇ ॥*
*ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥*
*ਅੰਗ - ੧੩੭੦*

ਆਪ ਤਾਂ ਚਾਰੇ ਵੇਦਾਂ 'ਚ ਡੁੱਬ ਗਿਆ ਤੇ ਚੇਲੇ ਜਿਹੜੇ ਸੀ ਉਹ ਰੁੜ੍ਹ ਗਏ ਸਾਰੇ। ਸੋ ਇਸ ਤਰ੍ਹਾਂ ਦੇ ਨਾਲ ਗੁਰੂਆਂ ਦਾ ਦਰਜਾ ਹੋਇਆ ਕਰਦਾ ਹੈ। ਫੇਰ ਸਵਾਲ ਆਉਂਦਾ ਹੈ ਕਿ ਗੁਰੂ ਤੋਂ ਬਗੈਰ ਨਹੀਂ ਕੰਮ ਚਲਦਾ? ਨਾ, ਇਹ ਫੈਸਲਾ ਹੈ ਜਿਸ ਦਾ ਘਰ ਹੈ ਉਸਨੇ ਫੈਸਲਾ ਕਰ ਲਿਆ ਕਿ ਜਦੋਂ ਤੱਕ ਸਮਰੱਥ ਗੁਰੂ ਨਹੀਂ ਮਿਲਦਾ ਓਨੀਂ ਦੇਰ ਤੱਕ ਨਹੀਂ ਕੰਮ ਬਣਨਾ।

ਇਕ ਮਿਸਾਲ ਦੇ ਨਾਲ ਗੱਲ ਸਮਝ ਆ ਜਾਏਗੀ। ਇਕ ਰਾਜਾ ਸੀ ਕੋਈ, ਉਸ ਰਾਜੇ ਦੇ ਉਲਾਦ ਨਾ ਹੋਣ ਕਰਕੇ ਉਸ ਨੇ ਐਲਾਨ ਕਰ ਦਿਤਾ ਕਿ ਫਲਾਨੇ ਦਿਨ ਦੱਸ ਵਜੇ ਤੋਂ ਚਾਰ ਵਜੇ ਤੱਕ ਜੋ ਵੱਡੀ ਸੈਰਗਾਹ ਹੈ, 25-30 ਮੀਲ ਲੰਬੀ ਚੌੜੀ ਤੇ ਉਸਦਾ ਦਰਵਾਜ਼ਾ ਖੁਲ੍ਹੇਗਾ। ਜਿਹੜਾ ਛੇ ਘੰਟਿਆਂ ਦੇ ਅੰਦਰ ਰਾਜੇ ਦੀ ਤਲਾਸ਼ ਕਰ ਲਏਗਾ ਉਹ ਰਾਜੇ ਦਾ ਵਾਰਿਸ ਬਣ ਕੇ ਤਖਤ ਤੇ ਬੈਠ ਜਾਏਗਾ। ਸਾਰਿਆਂ ਦੇ ਅੰਦਰ ਚਾਓ ਹੋਇਆ। ਅੰਦਰ ਕੀ ਸੀ ਇਕ ਤਾਂ ਭੁੱਲ ਭੁਲਾਈਆਂ ਸੀ, ਸੈਂਕੜਿਆਂ ਦੇ ਹਿਸਾਬ ਨਾਲ। ਇਕ ਵਾਰੀ ਬੰਦਾ ਅੰਦਰ ਚਲਿਆ ਜਾਵੇ ਮੁੜ ਕੇ ਨਹੀਂ ਨਿਕਲਦਾ। ਇਕ ਵੱਡੀ ਝੀਲ ਸੀ ਝੀਲ ਦੇ ਵਿਚ ਬੜੇ ਸੁੰਦਰ ਥਾਂ ਬਣੇ ਹੋਏ ਸੀ ਰਹਿਣ ਬਣੇ ਹੋਏ ਸੀ, ਕਿਸ਼ਤੀਆਂ ਸੀ। ਦੂਜਾ ਉਸ ਨੇ ਪ੍ਰਬੰਧ ਕਰ ਦਿਤਾ ਕਿ ਸ਼ਰਾਬ, ਕਬਾਬ, ਨਾਦ, ਮੁਜਰੇ, ਗਾਣੇ, ਖੇਲ੍ਹਾਂ ਬੇਅੰਤ ਚੀਜ਼ਾਂ ਬੜੇ ਡਰਾਮੇ ਤੇ ਬੇਅੰਤ ਚੀਜ਼ਾਂ ਹੋਰ ਅਨੇਕਾਂ ਕਿਸਮ ਦੀਆਂ ਨੁਮਾਇਸ਼ ਦੀਆਂ ਚੀਜ਼ਾਂ ਉਹਦੇ ਵਿਚ ਲਗਵਾ ਦਿਤੀਆਂ। ਹਜ਼ਾਰਾਂ ਦੀ ਤਾਦਾਦ ਵਿਚ ਬੰਦੇ ਅੰਦਰ ਚਲੇ ਗਏ। ਕੋਈ ਭੁਲ ਭੁਲਾਈਆਂ ਵਲ ਨੂੰ ਗਿਆ ਕਿ ਇਥੇ ਲੁਕਿਆ ਹੋਏਗਾ, ਸੈਂਕੜੇ ਉਥੇ ਟੋਲ੍ਹਣ ਲਗ ਗਏ, ਸੈਂਕੜੇ ਝੀਲ ਵਲ ਨੂੰ ਚਲੇ ਗਏ ਕਿ ਕਿਤੇ ਇਥੇ ਹੋਣਾ ਕਿਸੇ ਮਕਾਨ 'ਚ ਬੈਠਾ। ਸੈਂਕੜੇ ਹੀ ਜੰਗਲ 'ਚ ਚਲੇ ਗਏ। ਹਜ਼ਾਰਾਂ ਹੀ ਜਿਹੜੇ ਸੀ ਉਹ ਖੋਜ ਛੱਡ ਕੇ ਖਾਣ ਪੀਣ ਲੱਗ ਗਏ, ਨਸ਼ਿਆਂ 'ਚ ਪੈ ਗਏ, ਸ਼ਰਾਬ ਪੀ ਲਈ ਬੇਅੰਤ ਹੀ। ਉਥੇ ਹੀ ਵਿਸ਼ੇ-ਵਿਕਾਰ ਭੋਗਣੇ ਸ਼ੁਰੂ ਕਰ ਦਿਤੇ। ਉਥੇ ਹੀ ਮਦਰਾ ਮਾਸ ਖਾ ਪੀ ਕੇ ਉਥੇ ਹੀ ਉਹ ਤਾਂ ਖਤਮ ਹੋ ਗਏ ਤੇ ਕੁਝ ਜਿਹੜੇ ਸੀ ਉਹ ਰੰਗ ਤਮਾਸ਼ਿਆਂ 'ਚ ਲੱਗ ਗਏ, ਖੇਲ੍ਹਾਂ 'ਚ ਲਗ ਗਏ, ਕੁਛ ਨਾਟਕਾਂ ਚੇਟਕਾਂ 'ਚ ਲੱਗ ਗਏ, ਕੁਛ ਜੋ ਨੁਮਾਇਸ਼ ਦੇ ਅੰਦਰ ਬੇਅੰਤ ਚੀਜ਼ਾਂ ਆਈਆਂ ਸੀ ਉਹਨੂੰ ਦੇਖਣ ਲਗ ਗਏ। ਬਹੁਤ ਸਾਰੇ ਭੁੱਲ ਗਏ ਕਿ ਅਸੀਂ ਕਾਹਦੇ ਵਾਸਤੇ ਆਏ ਹਾਂ ਇਥੇ।

ਇਕ ਕੋਈ ਸੋਝੀਵਾਨ ਪ੍ਰੇਮੀ ਜੋ ਬਾਗ ਦਾ ਮੈਨੇਜਰ ਸੀ, ਸੈਰਗਾਹ ਦਾ, ਉਹਦੇ ਦਰਵਾਜ਼ੇ ਮੂਹਰੇ ਜਾ ਕੇ ਬਹਿ ਗਿਆ, ਦਫਤਰ ਸੀ ਬਹੁਤ ਵੱਡਾ। ਜੋ ਹੁਕਮ ਕਰਨ ਉਹ ਕਰੀ ਜਾਵੇ, ਅਖੀਰ ਜਦੋਂ ਸਮਾਂ ਨੇੜੇ ਆਇਆ, ਉਸ ਨੇ ਪੁਛਿਆ ਕਿ ਪ੍ਰੇਮੀਆ! ਸਾਰਾ ਸੰਸਾਰ ਟੋਲ੍ਹਦਾ ਫਿਰਦਾ ਹੈ, ਤੂੰ ਨਹੀਂ ਟੋਲ੍ਹਦਾ? ਜੇ ਰਾਜੇ ਨੂੰ ਟੋਲ੍ਹ ਤਾਂ ਤਖਤ ਦਾ ਵਾਰਿਸ ਬਣ ਜਾਏਂਗਾ। ਕਹਿਣ

ਲੱਗਿਆ, ਮਹਾਰਾਜ! ਭੇਤੀ ਤੋਂ ਬਗੈਰ ਨਹੀਂ ਪਤਾ ਲਗਣਾ। ਇਹ 25-30 ਮੀਲ ਲੰਮਾ ਚੌੜਾ ਥਾਂ ਹੈ, ਜਿਹਦੇ 'ਚ ਜੰਗਲ ਨੇ, ਉਚੇ ਨੀਵੇਂ ਪਰਬਤ ਬਣਾਏ ਹੋਏ ਨੇ, ਭੁੱਲ-ਭੁਲਾਈਆਂ ਬਣਾਈਆਂ ਹੋਈਆਂ ਨੇ, ਅਨੇਕਾਂ ਸੈਰ ਸਪਾਟੇ ਦੀਅਂ ਚੀਜ਼ਾਂ, ਖੇਲ੍ਹਾਂ, ਅੱਖਾਂ ਦੇ ਸਾਰੇ ਵਿਸ਼ੇ, ਸਰੀਰ ਦੇ ਸਾਰੇ ਭੋਗ ਇਥੇ ਪ੍ਰਾਪਤ ਨੇ ਤੇ ਮਹਾਰਾਜ ਰੁਲ ਜਾਂਦਾ ਹੈ ਬੰਦਾ ਇਨ੍ਹਾਂ ਵਿਚ। ਭੇਤੀ ਤੋਂ ਬਗੈਰ ਨਹੀਂ ਦੱਸ ਸਕਦਾ। ਆਪ ਮੇਰੇ ਤੇ ਤਰੁੱਠੋਂ ਓਂ ਤਾਂ ਕ੍ਰਿਪਾ ਕਰੋ, ਬਾਰ-ਬਾਰ ਬੇਨਤੀਆਂ ਕਰਦਾ ਰਿਹਾ, ਅਖੀਰ ਉਸ ਨੇ ਕਿਹਾ ਕਿ ਲੈ ਪ੍ਰੇਮੀਆ! ਮੈਨੂੰ ਅਥਾਰਿਟੀ ਦਿਤੀ ਸੀ ਮਹਾਰਾਜ ਨੇ ਬਈ ਜੇ ਕੋਈ ਖਹਿੜੇ ਹੀ ਪੈ ਜਾਵੇ ਤਾਂ ਉਹਨੂੰ ਚਾਬੀ ਦੇ ਦੇਵੀਂ। ਨਾਲੇ ਮੇਰਾ ਦੱਸ ਦੇਈਂ ਭੇਤ। ਕਹਿਣ ਲੱਗੇ, ਆਹ ਜਿਹੜਾ ਦਫਤਰ ਹੈ ਇਹਦੇ ਪਿਛਲੇ ਪਾਸੇ ਇਕ ਮਿੱਟੀ ਦੀ ਢੇਰੀ ਹੈ ਉਹਦੇ ਵਿਚ ਇਕ ਦਰਵਾਜ਼ਾ ਹੈ ਮੂਹਰੇ ਬੋਰੀ ਪਈ ਹੈ। ਬੋਰੀ ਪਰ੍ਹੇ ਕਰ ਦੇਈਂ। ਓਸ ਦਰਵਾਜ਼ੇ 'ਚੋਂ ਵੜ ਜਾਈਂ ਤੇ ਹੌਲੀ-ਹੌਲੀ ਜਦੋਂ ਤੂੰ ਅੱਗੇ ਜਾਏਂਗਾ ਤੇ ਉਥੇ ਛੇ ਦਰਵਾਜ਼ੇ ਹੋਰ ਆਉਣਗੇ। ਜਦੋਂ ਛੇਵੇਂ 'ਚ ਪਹੁੰਚੇਗਾ ਉਥੇ ਤੈਨੂੰ ਆਵਾਜ਼ ਆਉਣੀ ਸ਼ੁਰੂ ਹੋ ਜਾਏਗੀ। ਧੁਨ ਉਹ ਆ ਜਾਏਗੀ, ਪ੍ਰਕਾਸ਼ ਵੀ ਆ ਜਾਏਗਾ, ਉਥੇ ਹੋਰ ਵੀ ਬਹੁਤ ਸਾਰੀਆਂ ਚੀਜ਼ਾਂ ਮਿਲਣਗੀਆਂ ਤੈਨੂੰ, ਲੁਭਾਉਣ ਵਾਲੀਆਂ ਉਨ੍ਹਾਂ ਦਾ ਧਿਆਨ ਛੱਡ ਦੇਈਂ ਤੇ ਆਵਾਜ਼ ਫੜ ਕੇ ਤੁਰਿਆ ਜਾਈਂ, ਅਖੀਰ ਦਰਵਾਜ਼ੇ ਟਪਦਾ ਜਾਈਂ ਤੇ ਦਸਵਾਂ ਜਦੋਂ ਦਰਵਾਜ਼ਾ ਆਏਗਾ ਉਥੇ ਉਹ ਬੈਠਾ ਹੋਏਗਾ। ਉਥੇ ਜਾ ਕੇ ਨਮਸਕਾਰ ਕਰੀਂ। ਸੋ ਇਸੇ ਤਰ੍ਹਾਂ ਕੀਤਾ ਗਿਆ, ਦਰਵਾਜ਼ੇ ਲੰਘਦਾ ਗਿਆ ਹੇਠ ਤੋਂ ਉਪਰ, ਅਖੀਰ ਉਹ ਦਰਵਾਜ਼ਾ ਆ ਗਿਆ ਜਿਥੇ ਸ਼ਬਦ ਧੁਨ ਉਪਜਦੀ ਹੈ, ਪ੍ਰਕਾਸ਼ ਆ ਗਿਆ ਜਿਹੜਾ ਦੇਖਿਆ ਹੀ ਨਹੀਂ ਜਾਂਦਾ ਐਨਾ ਪ੍ਰਕਾਸ਼, ਲੇਕਿਨ ਹੈ ਮਿੱਠਾ ਕੋਈ ਨੁਕਸਾਨ ਨਹੀਂ ਦੇ ਰਿਹਾ। ਸ਼ਬਦ ਦੀ ਧੁਨ ਮਸਤ ਕਰਦੀ ਜਾ ਰਹੀ ਹੈ, ਉਹਦੇ ਨਾਲ-ਨਾਲ ਤੁਰਿਆ ਜਾਂਦਾ ਹੈ, ਧੁਨ ਬਦਲ ਗਈ ਹੋਰ ਆ ਗਈ, ਫੇਰ ਧੁਨ ਬਦਲ ਗਈ ਹੋਰ ਆ ਗਈ। ਕਰਦੇ-ਕਰਦੇ ਉਹ ਦਰਵਾਜ਼ਾ ਆ ਗਿਆ ਜਿਥੇ ਜਾ ਕੇ ਖੜ੍ਹ ਕੇ ਦਸਤਕ ਦੇਣੀ ਸ਼ੁਰੂ ਕਰੀ। ਖੜ੍ਹਕਾਉਂਦਾ ਹੈ ਦਰਵਾਜ਼ੇ ਨੂੰ। ਦਸ ਦਿਤਾ ਸੀ ਕਿ ਖੜਕਾਉਂਦਾ ਜਾਈਂ ਦਰਵਾਜ਼ੇ ਨੂੰ, ਹਟੀਂ ਨਾ ਖੜ੍ਹਕਾਉਣ ਤੋਂ, ਝੁੰਝਲਾਈਂ ਨਾ, ਥੱਕੀਂ ਨਾ। ਸੋ ਇਸੇ ਤਰ੍ਹਾਂ ਉਸ ਨੇ ਦਰਵਾਜ਼ਾ ਖੋਲ੍ਹਿਆ ਤੇ ਬੁੱਕਲ 'ਚ ਲੈ ਲਿਆ, ਜੱਫੀ ਪਾ ਲਈ।

ਕਹਿੰਦੇ ਧੰਨ ਹੈਂ ਪੁਰਖਾ! ਤੂੰ ਸਾਰੀਆਂ ਚੀਜ਼ਾਂ ਛੱਡ ਕੇ ਕੇਵਲ ਮੈਨੂੰ ਤਲਾਸ਼ ਕਰਨ ਵਾਸਤੇ ਆਇਆ ਹੈਂ। ਬੈਠ ਮੇਰੇ ਬਰਾਬਰ ਹੁਣ ਇਸੇ ਪਲੰਘ ਦੇ ਉਤੇ। ਸੋ ਸਾਰੇ ਵੱਜ ਗਿਆ, ਸਾਈਰਨ ਕਿ ਟੋਲ੍ਹ ਲਿਆ ਬਾਦਸ਼ਾਹ। ਜਸ਼ਨ ਹੋਏ, ਉਸ ਤੋਂ ਬਾਅਦ ਉਹਨੇ ਉਸ ਆਪਣੇ ਤਖਤ ਦਾ ਵਾਰਿਸ ਬਣਾ ਕੇ ਤਖਤ ਦੇ ਉਤੇ ਬਿਠਾ ਲਿਆ।

ਸੋ ਕਿੱਡੀ ਵੱਡੀ ਪਦਵੀ ਨੂੰ ਪਹੁੰਚ ਗਿਆ। ਸੋ ਇਹ ਇਕ ਦ੍ਰਿਸ਼ਟਾਂਤ ਹੈ ਗੱਲ ਸਮਝਾਉਣ ਵਾਸਤੇ। ਇਹਦਾ ਮਤਲਬ ਹੋਰ ਕੀ ਹੈ ਕਿ ਆਹ ਜੋ ਸਰੀਰ ਹੈ ਇਹਦਾ ਛੇਵਾਂ ਚੱਕਰ ਆਗਿਆ ਚੱਕਰ ਹੈ, ਪਹਿਲਾਂ ਮੂਲਧਾਰ ਚੱਕਰ ਹੈ, ਫੇਰ ਵਿਸ਼ੁੱਧ ਚੱਕਰ ਹੈ, ਹਿਰਦਾ ਚੱਕਰ ਹੈ, ਕੰਠ ਚੱਕਰ ਹੈ, ਉਸ ਤੋਂ ਉਤੇ ਆਗਿਆ ਚੱਕਰ ਹੈ, ਆਗਿਆ ਚੱਕਰ ਤੋਂ ਉਤੇ ਸਹੰਸਰਾਰ ਦਲ ਚੱਕਰ ਹੈ, ਫੇਰ ਤ੍ਰਿਕੁਟੀ ਦਾ ਚੱਕਰ, ਫੇਰ ਇਸੇ ਤਰ੍ਹਾਂ ਇਕ ਹੋਰ ਚੱਕਰ ਲੰਘਣ ਤੋਂ ਬਾਅਦ ਦਸਵੇਂ ਦੁਆਰ ਦਾ ਚੱਕਰ ਆ ਜਾਂਦਾ ਹੈ। ਚੱਕਰ ਮਤਲਬ ਥਾਂ ਹੈ ਉਥੇ, **stay** ਹੈ ਉਥੇ ਜਿਥੋਂ ਥਾਂ ਬਦਲਦਾ ਹੈ। ਸੋ ਛੇਵੇਂ ਚੱਕਰ ਆਗਿਆ ਚੱਕਰ 'ਚ ਜਾ ਕੇ ਸ਼ਬਦ ਧੁਨ ਉਪਜਦੀ, ਉਥੇ ਪ੍ਰਕਾਸ਼ ਹੋ ਜਾਂਦਾ ਹੈ, ਉਥੇ ਗੁਰੂ ਨਾਲ ਚਲਦੇ ਨੇ ਤੇ ਰਿਧੀ ਸਿੱਧੀ ਦਾ ਮੰਡਲ ਆਉਂਦਾ ਹੈ ਸਹੰਸਰਾਰ ਦਲ ਚੱਕਰ 'ਚ, ਉਥੋਂ ਗੁਰੂ ਬਚਾ ਦਿੰਦਾ ਹੈ ਕਿ ਲੰਘ ਜਾਹ ਅੱਗੇ ਇਹ ਐਵੇਂ ਤੈਨੂੰ ਭੁਲਾਉਣ ਦੀਆਂ ਗੱਲਾਂ ਨੇ, ਲੋਕਾਂ ਦੇ ਦਿਲਾਂ ਦੀਆਂ ਗੱਲਾਂ ਜਾਣ ਜਾਏਂਗਾ, ਲੋਕ ਤੇਰੀ ਇਜ਼ਤ ਕਰਨਗੇ। ਯਾਦ ਕਰਨ ਤੇ ਉਨ੍ਹਾਂ ਕੋਲ ਪਹੁੰਚ ਜਾਏਂਗਾ। ਪੈਸਾ ਦੇਣਗੇ, ਇਜ਼ਤ ਕਰਨਗੇ ਤੇਰੀ। ਉਡ ਜਾਏਂਗਾ ਤੇਰੀ ਮਾਨਤਾ ਹੋਏਗੀ, ਦੁਨੀਆਂ 'ਚ ਤੇਰੀ ਮਾਨਤਾ ਵਧ ਜਾਏਗੀ, ਲੱਖਾਂ ਬੰਦੇ ਤੇਰੇ ਦੁਆਲੇ ਇਕੱਠੇ ਹੋ ਜਾਏਂਗਾ। ਗੁਪਤ ਹੋ ਜਾਏਂਗਾ, ਪ੍ਰਗਟ ਹੋ ਜਾਏਂਗਾ।

*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*
*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ ॥ ਅੰਗ - ੧੪*

ਚੱਲ ਅੱਗੇ, ਤ੍ਰਿਕੁਟੀ ਆ ਗਈ, ਪਹਿਲੀ ਆ ਗਈ ਧਿਆਤਾ, ਧਿਆਨ, ਧੇਅ ਦੀ; ਦੂਸਰੀ ਆ ਗਈ ਗਿਆਤਾ, ਗਿਆਨ, ਗੇਅ ਦੀ। ਛੇਵਾਂ ਦਰਵਾਜ਼ਾ ਲੰਘ ਗਿਆ ਆਗਿਆ ਚੱਕਰ ਦਾ, ਸੱਤਵਾਂ ਸਹੰਸਰਾਰ ਦਲ ਦਾ ਲੰਘ ਗਿਆ ਅਤੇ ਅੱਠਵੇਂ ਦੇ ਵਿਚ ਤ੍ਰਿਕੁਟੀ ਆ ਗਈ ਧਿਆਨ ਦੀ। ਧਿਆਨ ਧਰਦਾ ਹੈ ਗੁਰੂ ਦਾ, ਗੁਰੂ ਦਾ ਰੂਪ ਹੋ ਜਾਂਦਾ ਹੈ, ਤ੍ਰਿਕੁਟੀ ਟੁੱਟ ਜਾਂਦੀ ਹੈ। ਫੇਰ ਗਿਆਨ ਦੇ ਵਿਚ ਜਾਂਦਾ ਹੈ ਕਿ ਮੈਂ ਵਾਹਿਗੁਰੂ ਨੂੰ ਜਾਣ ਲਵਾਂ। ਉਹ ਵੀ ਤ੍ਰਿਕੁਟੀ ਜਦੋਂ ਟੁੱਟਦੀ ਹੈ ਤਾਂ ਦਸਵਾਂ ਦੁਆਰ ਆ ਜਾਂਦਾ ਹੈ। ਉਥੇ ਫੇਰ ਵਾਹਿਗੁਰੂ ਜੀ ਫੁਰਮਾਨ ਕਰਦੇ ਨੇ ਕਿ ਉਥੇ ਪ੍ਰਗਟ -

*ਹਰਿ ਜੀਉ ਗੁਫਾ ਅੰਦਰਿ ਰਖਿ ਕੈ*
*ਵਾਜਾ ਪਵਣੁ ਵਜਾਇਆ ॥*
*ਵਜਾਇਆ ਵਾਜਾ ਪਉਣ*
*ਨਉ ਦੁਆਰੇ ਪਰਗਟੁ ਕੀਏ*
*ਦਸਵਾ ਗੁਪਤੁ ਰਖਾਇਆ ॥*
*ਗੁਰਦੁਆਰੈ ਲਾਇ ਭਾਵਨੀ*
*ਇਕਨਾ ਦਸਵਾ ਦੁਆਰੁ ਦਿਖਾਇਆ ॥*
*ਤਹ ਅਨੇਕ ਰੂਪ ਨਾਉ ਨਵ ਨਿਧਿ*
*ਤਿਸ ਦਾ ਅੰਤੁ ਨ ਜਾਈ ਪਾਇਆ ॥*

*ਕਹੈ ਨਾਨਕੁ ਹਰਿ ਪਿਆਰੈ ਜੀਉ*
*ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ॥*
*ਅੰਗ - ੯੨੨*

ਇਸ ਕਰਕੇ ਫੁਰਮਾਨ ਹੈ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ ॥ ਅੰਗ - ੨੦੫*

ਕਹਿੰਦੇ ਕਰ ਲੈ ਜਿੰਨਾ ਕਰਨਾ ਹੈ, ਸੋ ਏਸ ਕਰਕੇ ਗੁਰੂ ਤੋਂ ਬਗੈਰ ਨਹੀਂ ਪ੍ਰਾਪਤੀ ਹੋਣੀ। ਸੋ ਮਹਾਰਾਜ ਨੇ ਤਾਂ ਨਿਗੁਰੇ ਨੂੰ -

*ਨਿਗੁਰੇ ਕਾ ਹੈ ਨਾਉ ਬੁਰਾ।*

ਨਾਉ ਲੈਣਾ ਹੀ ਬੁਰਾ ਹੈ ਜਿਥੇ ਨਿਗੁਰਾ ਬੈਠ ਜਾਵੇ। ਸਵਾ ਗਜ ਧਰਤੀ ਭ੍ਰਿਸ਼ਟ ਹੋ ਜਾਂਦੀ ਹੈ। ਇਕ ਤਾਂ ਮਹਾਰਾਜ ਨੇ ਫੁਰਮਾਨ ਕੀਤਾ ਹੈ -

*ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥*
*ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥*
*ਅੰਗ - ੫੯*

ਕਹਿੰਦੇ, ਪੁੱਛੋ ਤਾਂ ਬ੍ਰਹਮਾ ਨੂੰ। ਬਿਆਸ ਜੀ ਨੂੰ ਪੁੱਛੋ, ਨਾਰਦ ਜੀ ਨੂੰ ਪੁੱਛੋ। ਨਾਰਦ ਨੂੰ ਬ੍ਰਹਮਾ ਦਾ ਪੁੱਤਰ ਆਖਦੇ ਨੇ ਤੇ ਉਹਦੇ ਵਿਚ ਇਹ ਸ਼ਕਤੀ ਹੈ ਕਿ ਜਿਥੇ ਵੀ ਉਹ ਜਾਣਾ ਚਾਹੇ ਉਥੇ ਉਹ ਜਾ ਸਕਦਾ ਹੈ। ਕੋਈ ਸਪੇਸ ਦੀ ਦੂਰੀ ਉਸ ਵਾਸਤੇ ਨਹੀਂ ਹੈ, ਇਧਰੋਂ ਫੁਰਨਾ ਕਰਿਆ ਉਥੇ ਪਹੁੰਚ ਜਾਂਦਾ ਹੈ।

ਇਕ ਵਾਰੀ ਦੇਵਤਿਆਂ ਦੀ ਸਭਾ ਲੱਗੀ ਹੋਈ ਸੀ ਤੇ ਉਥੇ ਵਿਚਾਰਾਂ ਹੁੰਦੀਆਂ ਨੇ। ਆਸਣ ਸਭ ਨੂੰ ਅਲਾਟ ਕਰੇ ਹੋਏ ਸੀ। ਇਕ ਦਿਨ ਨਾਰਦ ਜਲਦੀ ਆਇਆ, ਕੀ ਦੇਖਦਾ ਹੈ ਕਿ ਉਥੇ ਮਿੱਟੀ ਪੁੱਟੀ ਜਾ ਰਹੀ ਹੈ ਟੋਆ ਗਜ਼ ਡੂੰਘਾ, ਸਵਾ ਗਜ਼ ਚੌੜਾ, ਉਸ ਤੋਂ ਬਾਅਦ ਉਹਦੇ ਵਿਚ ਨਵੀਂ ਮਿੱਟੀ ਪਾਈ। ਪੁੱਛਣ ਲੱਗਿਆ ਕਿ ਇਹ ਤੁਸੀਂ ਕੀ ਕਰਦੇ ਓਂ, ਪਹਿਲਾਂ ਮਿੱਟੀ ਪੁੱਟਦੇ ਸੀ ਹੁਣ ਭਰ ਰਹੇ ਓਂ? ਕਹਿਣ ਲੱਗੇ, ਮਹਾਰਾਜ! ਸਾਨੂੰ ਤਾਂ ਪਤਾ ਨਹੀਂ ਹੈ ਅਸੀਂ ਤਾਂ ਰੋਜ਼ ਹੀ ਕਰਦੇ ਹਾਂ, ਮਹੀਨਾ ਹੋ ਗਿਆ। ਕਹਿੰਦੇ ਕਿਉਂ ਕਰਦੇ ਓਂ? ਕਹਿੰਦੇ, ਸਾਨੂੰ ਐਉਂ ਲੱਗਿਆ ਹੈ ਪਤਾ ਕਿ ਇਥੇ ਇਕ ਨਾਰਦ ਨਾਮ ਦਾ ਮੁਨੀ ਆਉਂਦਾ ਹੈ, ਉਹ ਨਿਗੁਰਾ ਹੈ ਤੇ ਸਵਾ ਗਜ਼ ਧਰਤੀ ਰੋਜ਼ ਭਰਿਸ਼ਟ ਕਰ ਦਿੰਦਾ ਹੈ। ਇਥੇ ਰੂਹਾਨੀ ਵਿਚਾਰ ਚੱਲ ਰਹੀ ਹੈ, ਏਸ ਕਰਕੇ ਇਹ ਮਿੱਟੀ ਅਸੀਂ ਹਰ ਰੋਜ਼ ਨਵੀਂ ਪਾਉਂਦੇ ਹਾਂ। ਬੜਾ ਨਰਾਜ਼ ਹੋਇਆ, ਪਿਤਾ ਕੋਲ ਗਿਆ, ਬ੍ਰਹਮਾ ਜੀ ਕੋਲ। ਕਹਿਣ ਲੱਗਿਆ, ਮੈਂ ਐਨਾ ਇਲਮ ਜਾਣਦਾ ਹਾਂ, ਐਨੀ ਮੇਰੇ ਵਿਚ ਤਾਕਤ ਹੈ, ਫੇਰ ਵੀ ਮੇਰੇ ਤੇ ਇਹ ਦੋਸ਼ ਹੈ ਕਿ ਮੈਂ ਸਵਾ ਗਜ਼ ਧਰਤੀ ਭਰਿਸ਼ਟ ਕਰਦਾ ਹਾਂ। ਕਹਿੰਦੇ ਹਾਂ ਨਾਰਦ ਕਿਉਂਕਿ ਤੂੰ ਨਿਗੁਰਾ ਹੈਂ। ਗੁਰੂ ਵਾਲਾ ਜਿੱਥੇ ਬੈਠ ਜਾਵੇ ਉਹ ਧਰਤੀ ਪਵਿੱਤਰ ਹੋ ਜਾਇਆ ਕਰਦੀ ਹੈ। ਸੋ ਏਸ ਕਰਕੇ ਇਹ ਤਾਂ ਮਾੜੀ ਜਿਹੀ ਗੱਲ ਹੈ। ਇਸ ਤੋਂ ਵੀ ਅੱਗੇ ਤੈਨੂੰ ਗੱਲ ਦਸਦੇ ਹਾਂ -

*ਜਿਨ ਕੈ ਹਿਰਦੈ ਨਾਹਿ ਹਰਿ ਸੁਆਮੀ*
*ਤੇ ਬਿਗੜ ਰੂਪ ਬੇਰਕਟੀ ॥*
*ਜਿਉ ਨਿਗੁਰਾ ਬਹੁ ਬਾਤਾ ਜਾਣੈ*
*ਓਹੁ ਹਰਿ ਦਰਗਹ ਹੈ ਭ੍ਰਸਟੀ ॥ ਅੰਗ - ੫੩੯*

ਗੁਰੂ ਧਾਰਨ ਨਹੀਂ ਕਰਿਆ, ਵੱਡੀਆਂ-ਵੱਡੀਆਂ ਗੱਲਾਂ ਕਰਦਾ ਹੈ, ਕਿਤਾਬਾਂ ਲਿਖਦਾ ਹੈ, ਕਹਿੰਦੇ ਓ ਪ੍ਰੇਮੀਆਂ! ਦਰਗਾਹ ਵਿਚ ਤਾਂ ਤੂੰ ਭਰਿਸ਼ਟਿਆ ਹੋਇਆ ਬੰਦਾ ਕਹਾਵੇਂਗਾ। ਨਿਗੁਰੇ ਨੂੰ ਸਜ਼ਾ ਮਿਲਦੀ ਹੈ -

*ਸੋ ਨਿਗੁਰਾ ਜੋ ਮਰਿ ਮਰਿ ਜੰਮੈ*
*ਨਿਗੁਰੇ ਆਵਣ ਜਾਵਣਿਆ ॥ ਅੰਗ - ੧੧੭*

ਉਹ ਤਾਂ ਆਉਂਦਾ ਜਾਂਦਾ ਰਹੇਗਾ -

*ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ*
*ਧ੍ਰਿਗੰਤ ਜਨਮ ਭ੍ਰਸਟਣਹ ॥ ਅੰਗ - ੧੩੫੬*

ਕਹਿੰਦੇ ਜੇ ਮੰਤਰ ਹੀ ਨਹੀਂ ਗੁਰੂ ਤੋਂ ਲਿਆ ਵਿਧੀਪੂਰਵਕ, ਕਹਿੰਦੇ ਉਹਦਾ ਜਨਮ ਭਰਿਸ਼ਟਿਆ ਹੋਇਆ ਹੈ। ਪੀ.ਐਚ.ਡੀ ਹੋਵੇ, ਡਾਕਟਰ ਹੋਵੇ, ਇੰਜਨੀਅਰ ਹੋਵੇ, ਸਾਇੰਸਦਾਨ ਹੋਵੇ, ਵੱਡਾ ਵਾਪਾਰੀ ਹੋਵੇ, ਉਹਦਾ ਵੀ ਜਨਮ ਧਿਰਕਾਰਯੋਗ ਹੈ? ਕਹਿੰਦੇ ਇਕੱਲਾ ਧਿਰਕਾਰਯੋਗ ਨਹੀਂ ਹੈ -

*ਕੂਕਰਹ ਸੂਕਰਹ ਗਰਧਭਹ*
*ਕਾਕਹ ਸਰਪਨਹ ਤੁਲਿ ਖਲਹ॥ ਅੰਗ - ੧੩੫੬*

ਕਹਿੰਦੇ, ਉਹ ਮੂਰਖ ਬੰਦਾ ਕੁੱਤੇ, ਸੂਰ, ਸੱਪ, ਗਧੇ ਤੇ ਕਾਉਂ ਦੀ ਬਰਾਬਰ ਹੈ, ਕਿਉਂਕਿ ਮੰਤਰ ਨਹੀਂ ਉਸਨੂੰ ਮਿਲਿਆ, ਉਹਨੇ ਤਾਂ ਜਨਮ ਗਵਾ ਲਿਆ -

*ਧ੍ਰਿਗੁ ਧ੍ਰਿਗੁ ਮਨਮੁਖਿ ਜਨਮੁ ਗਵਾਇਆ ॥*
*ਪੂਰੇ ਗੁਰ ਕੀ ਸੇਵ ਨ ਕੀਨੀ*
*ਹਰਿ ਕਾ ਨਾਮੁ ਨ ਭਾਇਆ ॥ ਅੰਗ - ੧੧੩੦*

ਸੋ ਏਸ ਤਰ੍ਹਾਂ ਦੇ ਨਾਲ ਗੁਰੂ ਤੋਂ ਬਗੈਰ ਗੱਲ ਬਣਿਆ ਨਹੀਂ ਕਰਦੀ। ਕਿੰਨਾ ਹੀ ਕਰ ਲਏ, ਸੁੱਖ ਨਹੀਂ ਪ੍ਰਾਪਤ ਹੁੰਦਾ ਭੋਗਾਂ ਦੇ ਅੰਦਰ-

*ਜੇ ਲਖ ਇਸਤਰੀਆ ਭੋਗ ਕਰਹਿ*
*ਨਵ ਖੰਡ ਰਾਜੁ ਕਮਾਹਿ ॥*
*ਬਿਨੁ ਸਤਿਗੁਰ ਸੁਖੁ ਨ ਪਾਵਈ*
*ਫਿਰਿ ਫਿਰਿ ਜੋਨੀ ਪਾਹਿ ॥ ਅੰਗ - ੨੬*

ਸਾਰੇ **playnet** ਦਾ ਰਾਜਾ ਹੋ ਕੇ, ਲੱਖਾਂ ਇਸਤ੍ਰੀਆਂ ਭੋਗ ਕਰਨ ਨੂੰ ਮਿਲਣ, ਲੱਖਾਂ ਹੀ ਭੋਗ ਭੋਗ ਸਕਦਾ ਹੋਵੇ-

*ਬਿਨੁ ਸਤਿਗੁਰ ਸੁਖੁ ਨ ਪਾਵਈ*
*ਫਿਰਿ ਫਿਰਿ ਜੋਨੀ ਪਾਹਿ ॥ ਅੰਗ - ੨੬*

ਜੂਨਾਂ 'ਚ ਘੁੰਮਦਾ ਰਹੇਗਾ, ਕਿਉਂਕਿ ਗੁਰੂ ਤੋਂ

ਮਿਲੇ ਬਗੈਰ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਸੋ ਏਸ ਕਰਕੇ ਕਿਤਾਬਾਂ ਪੜ੍ਹਨ ਦੇ ਨਾਲ ਨਹੀਂ ਸਮਝ 'ਚ ਆਇਆ ਕਰਦੀ –

*ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ ॥*
*ਵਾਦੁ ਵਖਾਣਹਿ ਤਤੁ ਨ ਜਾਣਾ॥ ਅੰਗ-੧੦੩੨*

ਝਗੜੇ ਕਰਦਾ ਹੈ ਕੁਟੇਸ਼ਨਾਂ ਦੇ ਦੇ ਕੇ। ਉਹ ਤੱਤ ਦਾ ਨਹੀਂ ਪਤਾ ਕਿ ਵਾਹਿਗੁਰੂ ਕਿੱਥੇ ਰਹਿੰਦਾ ਹੈ, ਕਿਹੋ ਜਿਹਾ ਹੈ, ਉਹਨੂੰ ਪਛਾਣ ਨਹੀਂ ਸਕਿਆ, ਮਹਿਸੂਸ ਨਹੀਂ ਕਰ ਸਕਿਆ–

*ਵਿਣੁ ਗੁਰ ਪੂਰੇ ਤਤੁ ਨ ਪਾਈਐ*
*ਸਚ ਸੂਚੇ ਸਚੁ ਰਾਹਾ ਹੇ ॥ ਅੰਗ - ੧੦੩੨*

ਪੂਰੇ ਗੁਰੂ ਤੋਂ ਬਗੈਰ ਸੱਚ ਦੀ ਪ੍ਰਾਪਤੀ ਅੰਦਰੋਂ ਨਹੀਂ ਹੋਇਆ ਕਰਦੀ। ਜੇ ਨਹੀਂ ਹੁੰਦੀ, ਗੁਰੂ ਨਹੀਂ ਪ੍ਰਾਪਤ ਹੋਇਆ ਤਾਂ –

*ਜਿਨਾ ਸਤਿਗੁਰੁ ਪੁਰਖੁ ਨ ਭੇਟਿਓ*
*ਸੇ ਭਾਗਹੀਣ ਵਸਿ ਕਾਲ ॥*
*ਓਇ ਫਿਰਿ ਫਿਰਿ ਜੋਨਿ ਭਵਾਈਅਹਿ*
*ਵਿਚਿ ਵਿਸਟਾ ਕਰਿ ਵਿਕਰਾਲ ॥ ਅੰਗ - ੪੦*

ਵਿਕਰਾਲ ਸਰੂਪ ਬਣਾ ਕੇ ਵਿਸ਼ਟਾ ਦੇ ਕੀੜੇ ਬਣ ਜਾਂਦੇ ਨੇ। ਸੋ ਏਸ ਕਰਕੇ ਉਹ ਤਾਂ ਭਾਗਹੀਣ ਨੇ ਭਾਈ –

*ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ*
*ਤੇ ਭਾਗਹੀਣ ਜਮ ਪਾਸਿ ॥ ਅੰਗ - ੧੦*

ਧਿਰਕਾਰ ਹੈ ਉਹਦੇ ਜਨਮ ਨੂੰ, ਸੌ ਵਾਰੀ ਫਿੱਟੇਮੂੰਹ ਕਹੋ। ਸੌ ਵਾਰੀ ਫਿੱਟੇਮੂੰਹ ਕਹੋ, ਇਕ ਵਾਰੀ ਧਿਰਕਾਰ ਕਹੋ ਬਰਾਬਰ ਹੋ ਜਾਂਦਾ ਹੈ। ਉਹਦਾ ਜੀਉਣਾ ਵੀ ਧਿਰਕਾਰ ਹੈ ਤੇ ਉਹਦਾ ਜੀਵਨ ਵੀ ਧਿਰਕਾਰ ਹੈ। ਕਿਉਂਕਿ ਗੁਰੂ ਤੋਂ ਬਗੈਰ ਨਹੀਂ ਪਤਾ ਲਗਦਾ –

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥*
*ਅੰਗ - ੪੬੩*

ਗੁਰੂ ਤੋਂ ਬਗੈਰ ਮਨ ਦਾ ਹਨ੍ਹੇਰਾ ਨਹੀਂ ਜਾਂਦਾ, ਕੋਲ ਰਹਿੰਦਾ ਵਾਹਿਗੁਰੂ, ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ, ਕ੍ਰੋੜਾਂ ਸੂਰਜਾਂ ਦੀ ਰੋਸ਼ਨੀ ਤੋਂ ਵੀ ਵੱਧ ਰੋਸ਼ਨੀ ਵਾਲਾ ਅੰਦਰ ਨਹੀਂ ਪਤਾ ਲਗਦਾ। ਕਿਉਂਕਿ ਹਨ੍ਹੇਰਾ ਪਿਆ ਹੈ ਅੰਦਰ –

*ਗੁਰ ਬਿਨੁ ਘੋਰੁ ਅੰਧਾਰੁ*
*ਗੁਰੂ ਬਿਨੁ ਸਮਝ ਨ ਆਵੈ॥*
*ਗੁਰ ਬਿਨੁ ਸੁਰਤਿ ਨ ਸਿਧਿ*
*ਗੁਰੂ ਬਿਨੁ ਮੁਕਤਿ ਨ ਪਾਵੈ ॥ ਅੰਗ - ੧੩੯੯*

ਘੋਰ ਅੰਧਾਰਾ ਅੰਦਰ ਰਹਿੰਦਾ ਹੈ ਗੁਰੂ ਤੋਂ ਬਗੈਰ।

*ਬਾਝੁ ਗੁਰੂ ਹੈ ਅੰਧ ਗੁਬਾਰਾ ॥*
*ਅਗਿਆਨੀ ਅੰਧਾ ਅੰਧੁ ਅੰਧਾਰਾ ॥*
*ਬਿਸਟਾ ਕੇ ਕੀੜੇ ਬਿਸਟਾ ਕਮਾਵਹਿ*
*ਫਿਰਿ ਬਿਸਟਾ ਮਾਹਿ ਪਚਾਵਣਿਆ ॥*
*ਅੰਗ - ੧੧੬*

ਉਹ ਤਾਂ ਗੰਦਗੀ ਦਾ ਕੀੜਾ ਗੰਦਗੀ ਕਮਾ ਕੇ, ਗੰਦਗੀ ਫੈਲਾ ਕੇ ਮੁੜ ਕੇ ਫੇਰ ਗੰਦਗੀ 'ਚ ਜਾ ਰਲਦਾ ਹੈ। ਸੋ ਏਸ ਕਰਕੇ ਗੁਰੂ ਦੀ ਬਹੁਤ ਲੋੜ ਹੈ ਸਾਧਸੰਗਤ ਜੀ! ਐਵੇਂ ਏਸ ਗਲਤ ਮਸਲੇ ਨੂੰ ਐਉਂ ਨਹੀਂ ਹੁੰਦਾ, ਕਹਿੰਦਾ ਜੀ ਮੈਂ ਤਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦਾ ਹਾਂ। ਮੈਂ ਤਾਂ ਗੁਰੂ ਨਾਨਕ ਸਾਹਿਬ ਨੂੰ ਗੁਰੂ ਮੰਨਦਾ ਹਾਂ। ਤੂੰ ਮੰਤਰ ਲਿਆ ਹੈ? ਜਦੋਂ ਤੱਕ ਵਿਧੀਪੂਰਵਕ ਕਿਸੇ ਤੋਂ ਮੰਤਰ ਨਾ ਲਿਆ ਜਾਵੇ, ਓਨੀਂ ਦੇਰ ਤੱਕ ਉਹ ਆਦਮੀ ਨਿਗੁਰਾ ਹੈ। ਫੇਰ ਉਹਦੇ ਜਿਹੜੇ ਚੰਗੇ ਕਰਮ ਨੇ ਉਹ ਕਿੱਥੇ ਜਾਂਦੇ ਨੇ? ਕਹਿੰਦੇ ਉਹ ਕਰਮ ਉਹਨੂੰ ਹੇਠਲੇ ਲੋਕਾਂ 'ਚ ਮਿਲਦੇ ਨੇ। ਬਹੁਤ ਜ਼ਿਆਦਾ ਨੇ ਤਾਂ ਸਵਰਗ 'ਚ ਗੇੜਾ ਖਾ ਆਏਗਾ, ਲੇਕਿਨ ਮੁੜ ਕੇ ਕਿੱਥੇ ਜਾਏਗਾ, ਛੋਟੀਆਂ ਜੂਨਾਂ 'ਚ ਚਲਿਆ ਜਾਏਗਾ। ਉਥੇ ਭੁਗਤੇਗਾ ਉਹਦਾ ਫਲ। ਸੋ ਇਸ ਕਰਕੇ ਕਰਮਾਂ ਦਾ ਫਲ ਤਾਂ ਉਹਨੂੰ ਜ਼ਰੂਰ ਮਿਲੇਗਾ ਨੇਕ ਕਰਮਾਂ ਦਾ। ਲੇਕਿਨ ਮਨੁੱਖ ਦੀ ਜੂਨੀ ਬੜੀ ਔਖੀ ਹੈ ਉਸਨੂੰ ਪ੍ਰਾਪਤ ਹੋਣੀ। ਕਿਉਂਕਿ ਨਿਗੁਰਾ ਰਹਿ ਗਿਆ ਆਪਣੇ ਜੀਵਨ ਦੇ ਅੰਦਰ। ਸੋ ਏਸ ਤਰ੍ਹਾਂ ਦੇ ਨਾਲ ਗੁਰੂ ਦੀ ਆਵਸ਼ਕਤਾ ਤੇ ਮਹਾਰਾਜ ਨੇ ਬਹੁਤ ਜ਼ੋਰ ਦਿਤਾ ਹੈ –

*ਨਾਨਕ ਬਿਨੁ ਸਤਿਗੁਰ ਭੇਟੇ ਜਗੁ ਅੰਧੁ ਹੈ*
*ਅੰਧੇ ਕਰਮ ਕਮਾਇ ॥*
*ਸਬਦੈ ਸਿਉ ਚਿਤੁ ਨ ਲਾਵਈ*
*ਜਿਤੁ ਸੁਖੁ ਵਸੈ ਮਨਿ ਆਇ ॥ ਅੰਗ - ੫੫੪*

ਸ਼ਬਦ ਦੇ ਨਾਲ ਚਿੱਤ ਨਹੀਂ ਉਹ ਲਾਉਂਦਾ। ਸੋ ਇਸ ਤਰ੍ਹਾਂ ਦੇ ਨਾਲ ਤਾਲਾ ਅੰਦਰਲਾ ਨਹੀਂ ਖੁਲ੍ਹਦਾ। ਸੋਝੀ ਨਹੀਂ ਪੈਂਦੀ –

*ਬਿਨੁ ਸਤਿਗੁਰ ਸੋਝੀ ਨਾ ਪਵੈ*
*ਅਹੰਕਾਰੁ ਨ ਵਿਚਹੁ ਜਾਇ ॥*
*ਅਹੰਕਾਰੀਆ ਨੋ ਦੁਖ ਭੁਖ ਹੈ*
*ਹਥੁ ਤਡਹਿ ਘਰਿ ਘਰਿ ਮੰਗਾਇ ॥*
*ਅੰਗ - ੩੦੩*

*ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥*
*ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ*
*ਅਵਰ ਨ ਕੁੰਜੀ ਹਥਿ ॥ ਅੰਗ - ੧੨੩੭*

ਸੋ ਏਸ ਤਰ੍ਹਾਂ ਗੁਰੂ ਤੋਂ ਬਗੈਰ ਕਿਸੇ ਚੀਜ਼ ਦੀ ਸਮਝ ਨਹੀਂ ਆਉਂਦੀ –

*ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ ॥*
*ਵਾਦੁ ਵਖਾਣਹਿ ਤਤੁ ਨ ਜਾਣਾ॥ ਅੰਗ-੧੦੩੨*

ਪੜ੍ਹ ਕੇ ਕੀ ਕਰੇਗਾ, ਲੜਾਈ ਝਗੜੇ, ਬਹਿਸਣ ਵਾਸਤੇ ਕਰੀ ਹੈ। ਤੱਤ ਦਾ ਤਾਂ ਪਤਾ ਨਹੀਂ ਲੱਗਿਆ। ਜੋਤੀ ਦਾ ਅੰਦਰ ਪ੍ਰਕਾਸ਼ ਨਹੀਂ ਹੋਇਆ।

*ਵਿਣੁ ਗੁਰ ਪੂਰੇ ਤਤੁ ਨ ਪਾਈਐ*
*ਸਚ ਸੁਚੇ ਸਚੁ ਰਾਹਾ ਹੇ ॥ ਅੰਗ - ੧੦੩੨*

*ਸਤਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ॥*
*ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ॥*
*ਅੰਗ - ੩੪*

ਇਸ਼ਨਾਨ ਵੀ ਕਰਦਾ ਹੈ, ਤੀਰਥਾਂ ਤੇ ਵੀ ਨਾਹੁੰਦਾ ਹੈ, ਦਾਨ ਵੀ ਕਰਦਾ ਹੈ, ਪਰ ਦ੍ਵੈਤ ਦੇ ਵਿਚ ਖੁਆਰ ਹੋ ਜਾਂਦਾ ਹੈ। ਜੰਮਣ ਮਰਣਾ ਗਲੋਂ ਨਹੀਂ ਲਹਿਆ ਕਰਦਾ। ਸੋ ਹੈ ਤਾਂ ਅੰਦਰ ਹੀ ਜਿੰਨਾ ਚਿਰ ਜੁਗਤ ਨਹੀਂ ਪੁਛਦਾ ਗੁਰੂ ਤੋਂ, ਪ੍ਰਗਟ ਨਹੀਂ ਹੁੰਦਾ ਵਾਹਿਗੁਰੂ।

*ਜਿਉ ਬੈਸੰਤਰੁ ਕਾਸਟ ਮਝਾਰਿ*
*ਬਿਨੁ ਸੰਜਮ ਨਹੀ ਕਾਰਜ ਸਾਰਿ ॥*
*ਬਿਨੁ ਗੁਰ ਨ ਪਾਵੈਗੋ ਹਰਿ ਜੀ ਕੋ ਦੁਆਰ ॥*
*ਅੰਗ - ੫੩੫*

ਲੱਕੜੀ 'ਚ ਅੱਗ ਤਾਂ ਹੈਗੀ, ਪਰ ਜਿੰਨਾਂ ਚਿਰ ਸੰਜਮ ਦੇ ਨਾਲ ਬਾਹਰੋਂ ਅੱਗ ਦੇ ਕੇ ਅੰਦਰਲੀ ਅੱਗ ਨੂੰ ਪ੍ਰਗਟ ਨਹੀਂ ਕਰਦਾ, ਓਨੀਂ ਦੇਰ ਤੱਕ ਅੰਦਰਲੀ ਅੱਗ ਪ੍ਰਗਟ ਨਹੀਂ ਹੋਇਆ ਕਰਦੀ।

*ਬਿਨੁ ਗੁਰ ਨ ਪਾਵੈਗੋ ਹਰਿ ਜੀ ਕੋ ਦੁਆਰ ॥*
*ਅੰਗ - ੫੩੫*

ਸੋ ਇਹ ਜੋ ਮਹਾਰਾਜ ਜੀ ਦੇ ਪ੍ਰਵਚਨ ਹਨ, ਬਹੁਤ ਵੱਡੀ ਚੀਜ਼ ਹੈ ਸਾਧਸੰਗਤ ਜੀ। ਇਨ੍ਹਾਂ ਦੇ ਉਤੇ ਵਿਸ਼ਵਾਸ਼ ਲਿਆਓ। ਕਿਉਂਕਿ ਗੁਰੂ ਤੋਂ ਬਗੈਰ ਨਹੀਂ ਮਿਲਣਾ, ਪੁਛ ਲਓ ਵੱਡੇ-ਵੱਡਿਆਂ ਨੂੰ, ਜਿਹੜੇ ਵੱਡੇ-ਵੱਡੇ ਮਹਾਂਪੁਰਸ਼ ਹੋਏ ਨੇ ਉਨ੍ਹਾਂ ਤੋਂ ਪੁੱਛ ਲਓ। ਸੁਕਦੇਵ ਮੁਨੀ ਤੋਂ ਪੁਛ ਲਓ। ਨਾਰਦ ਤੋਂ ਪੁੱਛ ਲਓ, ਬਿਆਸ ਤੋਂ ਪੁਛ ਲਓ, ਜਨਕ ਰਾਜੇ ਤੋਂ ਪੁੱਛ ਲਓ, ਗੁਰਮਿਤ ਦੇ ਵਿਚ ਬੜੇ ਪ੍ਰਮਾਣ ਨੇ, ਡੱਲਾ ਤਲਵੰਡੀ ਦਾ ਮਾਲਕ ਤਿੰਨ ਚਾਰ ਸੌ ਫੌਜੀ ਰੱਖਿਆ ਕਰਦਾ ਸੀ, ਗੁਰੂ ਦਸਵੇਂ ਪਾਤਸ਼ਾਹ ਆਪ ਦੇ ਪਾਸ ਪਹੁੰਚੇ ਸਾਰੇ ਯੁੱਧ ਕਰਨ ਤੋਂ ਬਾਅਦ ਖਦਰਾਣੇ ਦੀ ਢਾਬ ਦਾ ਮੁਕਤਸਰ ਦਾ ਯੁੱਧ ਕਰਨ ਤੋਂ ਬਾਅਦ, ਡੱਲੇ ਦੇ ਪਾਸ ਪਹੁੰਚੇ, ਡੱਲੇ ਨੇ ਬਹੁਤ ਹਮਦਰਦੀ ਦਿਖਾਈ, ਬੜੀ ਸੇਵਾ ਕਰਦੀ, ਇਥੇ ਤੱਕ ਕਿ ਮਹਾਰਾਜ ਜੇ ਮੈਨੂੰ ਸੁਨੇਹਾ ਵੀ ਭੇਜ ਦਿੰਦੇ ਫੇਰ ਪਰਿੰਦੇ ਦੇ ਹੱਥ ਵੀ ਤਾਂ ਵੀ ਮੈਂ ਆਪਣੇ ਜੁਆਨ ਲੈ ਕੇ ਪਹੁੰਚ ਜਾਂਦਾ। ਦੇਖੋ ਛੇ=ਛੇ ਫੁੱਟ ਤੋਂ ਵੀ ਉਚੇ ਜੁਆਨ ਨੇ। 45-45 ਇੰਚ ਦੀਆਂ ਛਾਤੀਆਂ ਨੇ। ਦੇਖੋ ਕਿੱਡੇ ਭਾਰੇ ਡੋਲਿਆਂ ਵਾਲੇ ਨੇ। ਜਦੋਂ ਖੰਡਾ ਚਲਾਉਂਦੇ ਨੇ ਦੋਹਾਂ ਹੱਥਾਂ ਦੇ ਨਾਲ ਕਹਿੰਦੇ ਸਣੇ ਸਵਾਰ ਘੋੜੇ ਦੇ ਧਰਤੀ 'ਚ ਚਲਿਆ ਜਾਂਦਾ ਹੈ। ਐਹੋ ਜਿਹੇ ਤਾਕਤਵਾਰ ਨੇ। ਇਹ ਤਾਂ ਮਹਾਰਾਜ ਬੜੇ ਕੰਮ ਆਉਣਗੇ। ਸੇਵਾ ਕਰਦਾ ਹੈ ਮਹਾਰਾਜ ਪ੍ਰਸੰਨ ਨੇ ਉਸ ਤੇ। ਉਸ ਦੀਆਂ ਭੁੱਲਾਂ ਠੀਕ ਕਰਦੇ ਜਾਂਦੇ ਨੇ।

ਇਕ ਦਿਨ ਮਹਾਰਾਜ ਦੇ ਪਹਿਰੇ ਤੇ, ਮਹਾਰਾਜ ਨੇ ਆਵਾਜ਼ ਦਿਤੀ ਕਿ ਕੌਣ ਹੈ ਪਹਿਰੇ ਤੇ, ਕਹਿੰਦਾ ਜੀ ਮੈਂ ਡੱਲਾ, ਫੇਰ ਦੂਜੀ ਵਾਰ ਘੰਟੇ-ਦੋ ਘੰਟੇ ਬਾਅਦ ਪੁਛਿਆ ਕਿ ਕੌਮ ਹੈ? ਕਹਿੰਦੇ ਡੱਲਾ। ਤੀਸਰੀ ਵਾਰ ਮਹਾਰਾਜ ਨੇ ਫੇਰ ਪੁਕਾਰਿਆ ਕਿ ਕੌਣ ਹੈ ਭਾਈ? ਕਹਿੰਦਾ ਜੀ, ਮੈਂ ਡੱਲਾ। ਸਾਰੀ ਰਾਤ ਪਹਿਰਾ ਦਿੰਦਾ ਰਿਹਾ। ਮਹਾਰਾਜ ਬਹੁਤ ਪ੍ਰਸੰਨ ਹੋਏ ਕਹਿੰਦੇ ਡੱਲ੍ਹਿਆ ਮੰਗ ਜੋ ਕੁਛ ਮੰਗਣਾ ਹੈ ਤੈਨੂੰ ਗੁਰੂ ਨਾਨਕ ਕੋਲੋਂ ਦਵਾਈਏ। ਸੋਚਣ ਲੱਗ ਗਿਆ ਕਿ ਮਹਾਰਾਜ! ਮੈਂ ਮੰਗਣਾ ਹੈ। ਮੇਰੇ ਕੋਲ ਸਭ ਕੁਛ ਹੈ। ਮੈਨੂੰ ਇਕ ਚੀਜ਼ ਦੇ ਦਿਓ, ਆਪਣੀ ਦਰਗਾਹ 'ਚ ਪੀੜ੍ਹੀ ਜੋਗਾ ਥਾਉਂ ਦੇ ਦਿਓ। ਮਹਾਰਾਜ ਚੁੱਪ ਕਰ ਗਏ। ਕਹਿੰਦੇ, ਦੁਨੀਆਂ ਮੰਗ ਲੈ, ਇਹ ਨਾ ਮੰਗ ਸਾਡੇ ਤੋਂ। ਕਹਿੰਦਾ ਮਹਾਰਾਜ! ਦੁਨੀਆਂ ਕੀ ਹੈ? ਕਹਿੰਦੇ, ਦਿੱਲੀ ਦਾ ਰਾਜ ਦਿਵਾ ਦਿੰਦੇ ਹਾਂ ਤੈਨੂੰ। ਭਾਰਤ ਵਰਸ਼ ਦਾ ਰਾਜ ਦਿਵਾ ਦਿੰਦੇ ਹਾਂ। ਕੋਈ ਗੱਲ ਨਹੀਂ, ਤੂੰ ਫੁਰਨਾ ਕਰਨਾ ਹੈ ਤੇ ਤੂੰ ਬਾਦਸ਼ਾਹ ਬਣ ਜਾਏਂਗਾ। ਰਿੱਧੀਆਂ-ਸਿੱਧੀਆਂ ਬੇਅੰਤ ਚੀਜ਼ਾਂ ਤੇ ਘਰ 'ਚ ਦਿਵਾ ਦਿੰਦੇ ਹਾਂ। ਕਹਿੰਦਾ, ਮਹਾਰਾਜ ਦਰਗਾਹ 'ਚ ਥਾਂ ਚਾਹੀਦਾ ਹੈ। ਕਹਿੰਦੇ, ਇਹ ਕਿਸੇ ਸਿੱਖ ਨਾਲ ਗੱਲ ਕਰੀਂ।

ਨਿਰਾਸ ਹੋ ਕੇ ਆ ਗਿਆ, ਕਹਿੰਦੇ, ਡੱਲ੍ਹਿਆ! ਉਦਾਸ ਹੈਂ ਕੁੱਛ ਗੁਰਸਿੱਖ ਨੇ ਪੁਛਿਆ। ਕਹਿਣ ਲੱਗਿਆ, ਆਹ ਗੱਲ ਮਹਾਰਾਜ ਜੀ ਨੂੰ ਕਹੀ ਸੀ। ਦਰਗਾਹ 'ਚ ਥਾਂ ਦੇ ਦਿਓ। ਕਹਿੰਦਾ ਤੇਰਾ ਤਾਂ ਅਜੇ ਸਬੰਧ ਹੀ ਨਹੀਂ ਜੁੜਿਆ। ਕਹਿੰਦਾ, ਮੈਂ ਐਨੀ ਤਾਂ ਸੇਵਾ ਕਰਦਾ ਹਾਂ, ਮੇਰਾ ਪਿਓ ਸਿੱਖ ਸੀ, ਮੇਰਾ ਦਾਦਾ ਸਿੱਖ ਸੀ, ਮੈਂ ਸਿੱਖ ਹਾਂ, ਕਹਿੰਦੇ ਨਾ ਤੂੰ ਅਜੇ ਸਿੱਖ ਨਹੀਂ ਹੈਂ, ਸੇਵਾ ਕਰਦਾ ਹੈਂ ਉਹਦਾ ਤੈਨੂੰ ਫਲ ਮਿਲੀ ਜਾਂਦਾ ਹੈ ਨਾਲ ਦੀ ਨਾਲ। ਦਰਗਾਹ 'ਚ ਵੀ ਮਿਲ ਜਾਏਗਾ, ਪਰ ਗੁਰੂ ਦੀ ਦਰਗਾਹ ਤਾਂ ਤੈਨੂੰ ਮਿਲਣੀ ਨਹੀਂ ਕਿਉਂਕਿ ਤੂੰ ਗੁਰੂ ਨਾਲ ਅਜੇ ਜੁੜਿਆ ਨਹੀਂ ਹੈਂ। ਕਹਿੰਦਾ ਹੋਰ ਕਿਵੇਂ ਜੁੜੀਦਾ ਹੈ? ਕਹਿੰਦੇ, ਗੁਰੂ ਦੇ ਨਾਲ ਤਾਂ ਜੁੜੀਦਾ ਹੈ, ਗੁਰੂ ਤੋਂ ਨਾਮ ਲਈਦਾ ਹੈ। ਜਦੋਂ ਤੱਕ ਨਾਮ ਲਓ ਉਹਦਾ ਨਹੀਂ ਬਣਦਾ, ਕਿਸੇ ਮਹਾਤਮਾ ਦੀ ਇੱਜ਼ਤ ਕਰਨੀ ਹੋਰ ਚੀਜ਼ ਹੈ।

ਚੰਗੇ ਬੰਦਿਆਂ ਦੀ ਇਜ਼ਤ ਕਰਨਾ ਆਦਮੀ ਦਾ ਮੁਖ ਫਰਜ਼ ਹੈ ਪਰ ਨਾਲ ਪਿਓਂਦ ਹੋਣਾ, ਜਦੋਂ ਤੱਕ ਉਹ ਗੁਰਮੰਤ੍ਰ, ਮੂਲਮੰਤ੍ਰ ਗੁਰੂ ਨਹੀਂ ਦਿੰਦਾ ਵਿਧੀ ਪੂਰਵਕ, ਉਦੋਂ ਤੱਕ ਨਹੀਂ ਕੁਛ ਬਣਦਾ। ਕਹਿੰਦੇ, ਡੱਲਿਆ! ਗੁਰੂ ਸਾਹਿਬ ਨੇ ਅੰਮ੍ਰਿਤ ਦਾ ਬਾਟਾ ਤਿਆਰ ਕਰਕੇ ਮੰਤਰ ਦਿਤਾ ਹੈ। ਸੋ ਤੂੰ ਜਦੋਂ ਤੱਕ ਅੰਮ੍ਰਿਤ ਨਹੀਂ ਛਕਦਾ, ਓਨੀਂ ਦੇਰ ਤੱਕ ਤੇਰਾ ਗੁਰੂ ਦੇ ਨਾਲ ਸਬੰਧ ਨਹੀਂ ਜੁੜ ਸਕਦਾ। ਕਿਉਂਕਿ ਸਬੰਧ ਤਾਂ ਹੋਏਗਾ -

*ਅੰਤਰਿ ਗੁਰੁ ਆਰਾਧਣਾਜਿਹਵਾ ਜਪਿ ਗੁਰ ਨਾਉ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥*

***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥***
***ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ॥***
***ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ॥***
***ਅੰਗ - ੫੧੭***

ਫੇਰ ਪੀੜ੍ਹੀ ਜੋਗਾ ਥਾਉਂ ਕੀ ਮੰਗੇਗਾ, ਫੇਰ ਥਾਉਂ ਤੇਰੇ ਆਲੇ-ਦੁਆਲੇ ਘੁੰਮੇਗਾ। ਸੋ ਏਸ ਕਰਕੇ ਡੱਲ੍ਹਿਆ ਨਿਗੁਰੇ ਨੂੰ ਦਰਗਾਹ ਵਿਚ ਥਾਂ ਨਹੀਂ ਮਿਲਿਆ ਕਰਦਾ। ਇਸ ਤਰ੍ਹਾਂ ਦਿਆਲ ਦਾਸ ਦੀ ਸਾਖੀ ਹੈ ਜੋ ਭਾਈ ਗਉਰੇ ਦਾ ਪੁੱਤਰ ਸੀ, ਭਾਈ ਭਗਤੂ ਦਾ ਪੋਤਰਾ ਸੀ, ਗੁਰੂ ਘਰ ਦਾ ਮਸੰਦ ਸੀ। ਗੁਰੂ ਮਹਾਰਾਜ ਨੂੰ ਪ੍ਰਸ਼ਾਦਾ ਵਰਜ ਦਿਤਾ। ਗੁਰੂ ਮਹਾਰਾਜ ਸਿੰਘਾਂ ਸਮੇਤ ਆਏ, ਜਦੋਂ ਨੇੜੇ ਆਏ, ਘੋੜੇ ਨੂੰ ਪਿਆਸ ਲੱਗੀ, ਢਾਬ 'ਚ ਪਾਣੀ ਪਿਲਾਉਣ ਲੈ ਗਏ, ਘੋੜਾ ਢਾਬ 'ਚ ਵੜ ਗਿਆ, ਸੁੰਘ ਲੈਂਦਾ ਹੈ ਹਟ ਜਾਂਦਾ ਹੈ ਸਿੱਖ ਨੇ ਕਿਹਾ ਮਹਾਰਾਜ! ਪਾਣੀ ਨਹੀਂ ਪੀਂਦਾ? ਮਹਾਰਾਜ ਕਹਿੰਦੇ, ਪਾਣੀ 'ਚ ਬਦਬੂ ਹੈ ਭਾਈ। ਊਂਜਲ ਭਰ ਕੇ ਨੱਕ ਨਾਲ ਲਾਇਆ ਕਹਿੰਦਾ ਨਹੀਂ ਮਹਾਰਾਜ ਪਾਣੀ ਤਾਂ ਸਾਫ ਹੈ? ਕਹਿੰਦੇ, ਤੈਨੂੰ ਨਹੀਂ ਆਉਂਦੀ, ਸਾਡੇ ਘੋੜੇ ਨੂੰ ਸਾਡੀ ਸਵਾਰੀ ਕਰਨ ਦੇ ਸਦਕੇ ਅੰਦਰਲਾ ਗਿਆਨ ਹੋ ਗਿਆ। ਇਹਨੂੰ ਪਤਾ ਹੈ, ਇਹਨੂੰ ਦੁਰਗੰਧ ਆਉਂਦੀ ਹੈ। ਕਹਿੰਦੇ ਕਾਹਦੀ ਮਹਾਰਾਜ? ਕਹਿੰਦੇ, ਆਹ ਦਿਆਲ ਦਾਸ ਨਿਗੁਰਾ ਹੈ, ਇਹ ਨਿਗੁਰੇ ਦਾ ਪਿੰਡ ਹੈ। ਇਸ ਕਰਕੇ ਚਲੋ ਭਾਈ, ਘੋੜਾ ਨਹੀਂ ਪਾਣੀ ਪੀਂਦਾ ਆਪਾਂ ਇਹਦਾ ਪ੍ਰਸ਼ਾਦਾ ਕਿਉਂ ਛਕਣਾ ਹੈ। ਚਲੋ ਇਥੋਂ ਸਾਰੇ।

ਇਕ ਜੁਗਤ ਦੇ ਨਾਲ ਸਿੰਘਾਂ ਨੂੰ ਸਮਝਾ ਦਿਤਾ। ਭਾਈ ਦਿਆਲ ਦਾਸ ਨੂੰ ਪਤਾ ਲੱਗਿਆ, ਇੰਤਜ਼ਾਰ ਕਰ ਰਿਹਾ ਹੈ, ਸੰਗਤਾਂ ਖੜ੍ਹੀਆਂ ਨੇ। ਕਹਿੰਦੇ, ਗੁਰੂ ਸਾਹਿਬ ਤਾਂ ਮੁੜ ਗਏ। ਪਿਛੇ ਘੋੜੇ ਨਠਾਉਂਦਾ ਹੈ, ਉਹਦੇ ਭਰਾ ਰਾਮ ਸਿੰਘ ਓਹਨੀਂ ਨਾਲ ਨੇ, ਕਹਿਣ ਲੱਗੇ, ਮਹਾਰਾਜ ਸੱਚੇ ਪਾਤਸ਼ਾਹ! ਪ੍ਰਸ਼ਾਦਾ ਤਿਆਰ ਹੈ। ਦਿਆਲ ਦਾਸ ਨੂੰ ਕਿਹਾ ਗੱਡਿਆਂ ਤੇ ਲੱਦ ਕੇ ਲੈ ਆ। ਅਸੀਂ ਚਲਦੇ ਹਾਂ ਗੁਰੂ ਸਾਹਿਬ ਨਾਲ ਗੱਲ ਕਰੀਏ, ਰੋਕੀਏ।

ਮਹਾਰਾਜ! ਪ੍ਰਸ਼ਾਦਾ ਤਿਆਰ ਹੈ?

ਕਹਿੰਦੇ, ਰਾਮ ਸਿੰਆਂ! ਨਿਗੁਰੇ ਦਾ ਪ੍ਰਸ਼ਾਦਾ ਨਹੀਂ ਅਸੀਂ ਛਕਣਾ, ਸਾਡੇ ਘੋੜੇ ਨੇ ਤਾਂ ਪਾਣੀ ਨਹੀਂ ਪੀਤਾ ਉਸ ਢਾਬ ਦਾ। ਕਿਹਾ, ਦਿਆਲਦਾਸ ਤੂੰ ਗੁਰੂ ਧਾਰਨ ਕਰ ਲੈ। ਕਹਿੰਦਾ, ਮੈਂ ਤਾਂ ਹਾਂ ਹੀ ਸਿੱਖੀ ਮਸੰਦ ਹਾਂ, ਸਾਰਾ ਇੰਤਜ਼ਾਮ ਕਰਦਾ ਹਾਂ ਇਲਾਕੇ ਦਾ। ਕਹਿੰਦੇ, ਪਰ ਤੂੰ ਨਾਮ ਨਹੀਂ ਨਾ ਲਿਆ ਗੁਰੂ ਤੋਂ, ਓਨਾਂ ਚਿਰ ਤੂੰ ਨਿਗੁਰਾ ਹੈਂ। ਸੋ ਏਸ ਤਰ੍ਹਾਂ ਦੇ ਨਾਲ ਨਿਗੁਰਾ ਪੁਰਸ਼ ਜੋ ਹੈ 'ਨਿਗੁਰੇ ਕਾ ਹੈ ਨਾਉ ਬੁਰਾ'। ਸੋ ਇਹ ਚੀਜ਼ਾਂ ਅੰਦਰਲੀਆਂ ਨਹੀਂ ਪਤਾ ਲਗਦੀਆਂ ਜਦੋਂ ਤੱਕ ਗੁਰੂ ਧਾਰਨ ਨਹੀਂ ਕਰਦਾ। ਸੋ ਗੁਰੂ ਦੇ ਵਿਚ ਇਹ ਸਿਫਤ ਹੁੰਦੀ ਹੈ ਕਿ ਅੰਦਰਲੀ ਚੀਜ਼ ਪ੍ਰਗਟ ਕਰ ਦਿੰਦਾ ਹੈ।

ਹੁਣ ਸਵਾਲ ਉਠਦਾ ਹੈ ਕਿ ਗੁਰੂ ਫੇਰ ਹੋਇਆ ਕੌਣ? ਸਮਰੱਥ ਗੁਰੂ ਕੀ ਹੋਇਆ? ਭਾਈ ਗੁਰਦਾਸ ਜੀ ਲਿਖਦੇ ਨੇ ਲੱਛਣ -

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।***
***ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।***
***ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।***
***ਭਾਈ ਗੁਰਦਾਸ ਜੀ, ਵਾਰ 34/1***

ਕਹਿੰਦੇ ਉਹ ਤਾਂ ਧਰਤੀ ਹੋਇਆ ਕਰਦੀ ਹੈ ਧਰਮ ਦੀ। ਨਿਰਵੈਰ ਹੁੰਦਾ ਹੈ, ਚੋਜ ਨਿਰਾਲੇ ਹੁੰਦੇ ਨੇ ਤੇ ਉਹਦੇ ਵਿਚ ਸ਼ਕਤੀ ਹੋਇਆ ਕਰਦੀ ਹੈ ਕਿ ਅੰਦਰਲੀ ਖੇਡ ਪ੍ਰਗਟ ਕਰ ਦੇਵੇ, ਅੰਦਰਲੀ ਬਾਤ ਦੱਸ ਦੇਵੇ। ਤੇ ਨਿਸ਼ਾਨੀ ਹੈ ਉਹਦੀ -

***ਜਿਸੁ ਮਿਲਿਐ ਮਨਿ ਹੋਇ ਅਨੰਦੁ***
***ਸੋ ਸਤਿਗੁਰੁ ਕਹੀਐ ॥***
***ਮਨ ਕੀ ਦੁਬਿਧਾ ਬਿਨਸਿ ਜਾਇ***
***ਹਰਿ ਪਰਮ ਪਦੁ ਲਹੀਐ ॥ ਅੰਗ - ੧੬੮***

ਪਰਮ ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ, ਉਹ ਸਤਿਗੁਰੂ ਹੁੰਦਾ ਹੈ ਤੇ ਮਨ ਦੇ ਵਿਚੋਂ ਦ੍ਵੈਤ ਖਤਮ ਹੋ ਜਾਵੇ। ਮੇਰਾ ਤੇਰਾ ਖਤਮ ਹੋ ਜਾਵੇ, ਮੈਂ ਤੂੰ ਖਤਮ ਹੋ ਜਾਵੇ। ਇਕੋ ਪ੍ਰਮੇਸ਼ਰ ਰਹਿ ਜਾਵੇ, ਉਹ ਸਫਲ ਮੂਰਤ ਹੋਇਆ ਕਰਦੀ ਹੈ, ਪਾਰਬ੍ਰਹਮ ਦੀ।

***ਸਫਲ ਮੂਰਤਿ ਗੁਰਦੇਉ ਸੁਆਮੀ***
***ਸਰਬ ਕਲਾ ਭਰਪੂਰੇ ॥***
***ਨਾਨਕ ਗੁਰੁ ਪਾਰਬ੍ਰਹਮੁ ਪਰਮੇਸਰੁ***
***ਸਦਾ ਸਦਾ ਹਜੂਰੇ॥ ਅੰਗ - ੮੦੨***

ਸੋ ਅੰਦਰਲੀ ਚੀਜ਼ ਨੂੰ ਪ੍ਰਗਟ ਕਰਨ ਵਾਲਾ, ਗੁਰੂ ਕਹਾਉਂਦਾ ਹੈ।

***ਘਰਿ ਰਤਨ ਲਾਲ ਬਹੁ ਮਾਣਕ ਲਾਦੇ..........***
***ਅੰਗ - ੧੧੭੯***

ਆਹ ਸਰੀਰ ਦੇ ਅੰਦਰ ਵੈਰਾਗ, ਖਿਮਾ, ਗਿਆਨ ਦੇ ਰਤਨ ਪਏ ਨੇ। ਸੇਵਾ, ਸਿਮਰਨ ਆਦਿ ਬੇਅੰਤ ਕੀਮਤੀ ਚੀਜ਼ਾਂ ਪਈਆਂ ਨੇ। ਸੋ ਇਹਦੇ ਵਿਚ ਭਰਿਆ ਪਿਆ ਹੈ।

***.........ਮਨੁ ਭੂਮਿਆ ਲਹਿ ਨ ਸਕਾਈਐ ॥***
***ਅੰਗ - ੧੧੭੯***

ਲੇਕਿਨ ਪਤਾ ਨਹੀਂ ਲਗਦਾ ਆਤਮ ਵਸਤੂ ਦਾ, ਪਤਾ ਨਹੀਂ ਲਗਦਾ ਵਾਹਿਗੁਰੂ ਦਾ। ਪਰ ਜਦੋਂ ਗੁਰੂ ਮਿਲਦਾ ਹੈ ਉਹ ਦੱਸ ਦਿੰਦਾ ਹੈ। ਕਹਿੰਦੇ ਕਿਵੇਂ?

ਮਹਾਰਾਜ ਨੇ ਇਕ ਮਿਸਾਲ ਦਿਤੀ ਹੈ,

ਬੱਕਰੀਆਂ ਵਾਲੇ ਬੱਕਰੀਆਂ ਚਾਰਦੇ ਹੁੰਦੇ ਨੇ। ਉਨ੍ਹਾਂ ਨੂੰ ਓਡ ਕਹਿੰਦੇ ਨੇ, ਉਨ੍ਹਾਂ ਨੂੰ ਲੋਕ ਕਹਿੰਦੇ ਨੇ ਕਿ ਸਾਡੇ ਬਜ਼ੁਰਗਾਂ ਨੇ ਇਥੇ ਖੂਹ ਲਾਇਆ ਸੀ, ਇਹ ਮਿਟੀ ਦੇ ਹੇਠਾਂ ਆ ਕੇ ਦਬ ਗਿਆ, ਰੇਤੇ ਦੇ। ਉਡਾਰ ਪੈ ਗਿਆ। ਸਾਨੂੰ ਹੁਣ ਪਤਾ ਨਹੀਂ ਲਗਦਾ ਕਿ ਕਿਥੇ ਕੁ ਹੋਏਗਾ, ਕਿਉਂਕਿ ਜੰਗਲ ਖੜ੍ਹਿਆ ਹੈ, ਸਾਨੂੰ ਲੋੜ ਨਹੀਂ ਪਈ। ਸਾਡਾ ਖੂਹ ਦੱਸੋ। ਉਹ ਫੇਰ ਬੱਕਰੀਆਂ ਉਥੇ ਛੱਡ ਦਿੰਦੇ ਨੇ। ਬੱਕਰੀ ਨੂੰ ਪਤਾ ਹੁੰਦਾ ਹੈ ਕਿ ਹੇਠਾਂ ਖੂਹ ਹੈ, ਉਥੇ ਉਹ ਘੇਰਾ ਬਣਾ ਲੈਂਦੀਆਂ ਨੇ। ਬਾਰ-ਬਾਰ ਛੱਡਦਾ ਹੈ, ਬਾਰ-ਬਾਰ ਜਦੋਂ ਘੇਰਾ ਬਣਾਉਂਦੀਆਂ ਨੇ। ਉਨ੍ਹਾਂ ਦੀਆਂ ਪੈੜਾਂ ਦਾ ਘੇਰਾ ਬਣ ਜਾਂਦਾ ਹੈ, ਉਥੇ ਪੁੱਟਦੇ ਨੇ ਤੇ ਖੂਹ ਗੁਪਤ ਹੋਇਆ ਨਿਕਲ ਆਉਂਦਾ ਹੈ। ਸੋ ਇਸੇ ਤਰ੍ਹਾਂ ਆਹ ਸਰੀਰ ਰੂਪੀ ਘਰ ਦੇ ਵਿਚ ਰਤਨ ਲਾਲ, ਮਾਣਕ, ਗਿਆਨ ਦੇ ਰਤਨ, ਵੈਰਾਗ ਦੇ ਰਤਨ, ਆਤਮ ਵਸਤੂ ਦੇ ਰਤਨ, ਵਾਹਿਗੁਰੂ ਦੇ ਰਤਨ ਇਹ ਭਰਮ ਸਭ ਪਏ ਨੇ -

*ਜਿਉ ਓਡਾ ਕੂਪੁ ਗੁਹਜ ਖਿਨ ਕਾਢੈ*
*ਤਿਉ ਸਤਿਗੁਰਿ ਵਸਤੁ ਲਹਾਈਐ ॥ ੨ ॥*
*ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ*
*ਤੇ ਧ੍ਰਿਗੁ ਧ੍ਰਿਗੁ ਨਰ ਜੀਵਾਈਐ ॥*
*ਅੰਗ - ੧੧੭੯*

ਐਸੇ ਤਰ੍ਹਾਂ ਦੇ ਨਾਲ ਸਤਿਗੁਰੂ ਮਿਲ ਜਾਵੇ ਤਾਂ ਉਹ ਅੰਦਰਲੀ ਚੀਜ਼ ਨੂੰ ਦੱਸ ਦਿੰਦਾ ਹੈ। ਸੋ ਉਹਨੂੰ ਗੁਰੂ ਕਹਿੰਦੇ ਨੇ -

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ - ੧੨੯੧*

ਜਿਹੜਾ ਐਹ ਸਰੀਰ ਦੇ ਵਿਚ ਆਤਮ ਘਰ ਦਿਖਾ ਦੇਵੇ। ਆਤਮ ਮੰਡਲ ਦੇ ਦਰਸ਼ਨ ਕਰਾ ਦੇਵੇ, ਵਾਹਿਗੁਰੂ ਦੇ ਦਰਸ਼ਨ ਕਰਾ ਦੇਵੇ, ਉਹ ਸਤਿਗੁਰੂ ਹੋਇਆ ਕਰਦਾ ਹੈ। ਉਥੇ ਕੋਈ ਨਿਸ਼ਾਨੀ ਵੀ ਹੋਏਗੀ? ਕਹਿੰਦੇ, ਗੱਲਾਂ ਨਾਲ ਨਹੀਂ ਉਥੇ ਨਿਸ਼ਾਨੀਆਂ ਨੇ।

*ਪੰਚ ਸਬਦ ਧੁਨਿਕਾਰ ਧੁਨਿ*
*ਤਹ ਬਾਜੈ ਸਬਦੁ ਨੀਸਾਣੁ ॥ ਅੰਗ - ੧੨੯੧*

ਉਥੇ ਪੰਜ ਸ਼ਬਦ ਵੱਜ ਰਹੇ ਨੇ, ਧੁਨ ਚਲ ਰਹੀ ਹੈ ਸ਼ਬਦਾਂ ਦੀ।

*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਅੰਗ - ੧੨੯੧*

ਉਥੇ ਵਿਸਮਾਦ ਹੀ ਵਿਸਮਾਦ ਹੈ। ਆਪੇ ਹੀ ਹੋ ਰਿਹਾ ਹੈ ਵਾਹਿਗੁਰੂ-ਵਾਹਿਗੁਰੂ।

*ਤਾਰ ਘੋਰ ਬਾਜਿੰਤ੍ਰ ਤਹ*
*ਸਾਚਿ ਤਖਤਿ ਸੁਲਤਾਨੁ ॥ ਅੰਗ - ੧੨੯੧*

ਸੱਚੇ ਤਖਤ ਤੇ ਸੁਲਤਾਨ ਹੈ, ਉਥੇ ਸਾਜ ਵੱਜ ਰਹੇ ਨੇ। ਉਹ ਸੁਖਮਨ ਦਾ ਜਿਹੜਾ ਘਰ ਹੈ ਈੜਾ, ਪਿੰਗਲਾ, ਸੁਖਮਨਾ, ਦਸਵੇਂ ਦੁਆਰ ਦਾ ਓਸਨੂੰ ਘਰ ਕਹਿੰਦੇ ਨੇ।

*ਸੁਖਮਨ ਕੈ ਘਰਿ ਰਾਗੁ ਸੁਨਿ*
*ਸੁੰਨਿ ਮੰਡਲਿ ਲਿਵ ਲਾਇ ॥ ਅੰਗ - ੧੨੯੧*

ਅਫੁਰ ਅਵਸਥਾ 'ਚ ਜਾ ਕੇ, ਫੁਰਨਾ ਨਾ ਕੋਈ ਵੀ ਰਹੇ। ਅਸੰਪਰਗਿਆਤ ਸਮਾਧੀ ਨੇ ਨਿਰਵਿਕਲਪ ਸਮਾਧੀ 'ਚ ਜਾ ਕੇ ਲਿਵ ਲਾ ਕੇ ਉਥੇ ਕੀ ਹੋਏਗਾ? ਉਥੇ ਰਾਗ ਸੁਣੇਗਾ, ਮਿਊਜ਼ਿਕ ਕੁਦਰਤੀ ਮਿਊਜ਼ਿਕ। ਜਿਹੜੀ ਕਥਾ ਨੂੰ ਜਾਣਦੇ ਨਹੀਂ ਉਹ ਉਥੇ ਵਿਚਾਰ ਹੋ ਜਾਂਦੀ ਹੈ।

*ਅਕਥ ਕਥਾ ਬੀਚਾਰੀਐ*
*ਮਨਸਾ ਮਨਹਿ ਸਮਾਇ ॥ ਅੰਗ - ੧੨੯੧*

ਫੇਰ ਹੋਏਗਾ ਕੀ ਜਿਹੜਾ ਮੁਰਝਾਇਆ ਹੋਇਆ ਕੌਲ ਹੈ, ਇਹ ਉਲਟ ਕੇ ਅੰਮ੍ਰਿਤ ਨਾਲ ਭਰ ਜਾਏਗਾ।

*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ ॥ ਅੰਗ - ੧੨੯੧*

ਫੇਰ ਨਹੀਂ ਮਨ ਕਿਤੇ ਜਾਏਗਾ ਜਦੋਂ ਅੰਮ੍ਰਿਤ ਨਾਲ ਭਰ ਗਿਆ।

*ਅਜਪਾ ਜਾਪੁ ਨ ਵੀਸਰੈ*
*ਆਦਿ ਜੁਗਾਦਿ ਸਮਾਇ ॥ ਅੰਗ - ੧੨੯੧*

ਫੇਰ ਬਿਨਾਂ ਜਪੇ ਭੀ ਵਾਹਿਗੁਰੂ ਨਹੀਂ ਵਿਸਰਨਾ। ਆਪੇ ਹੀ ਨਾਮ ਧੁਨ ਅੰਦਰ ਚਲੇਗੀ।

*ਸਭਿ ਸਖੀਆ ਪੰਚੇ ਮਿਲੇ*
*ਗੁਰਮੁਖਿ ਨਿਜ ਘਰਿ ਵਾਸੁ॥ ਅੰਗ - ੧੨੯੧*

ਪੰਜੇ ਗਿਆਨ ਇੰਦਰੇ ਇਕੱਠੇ ਹੋ ਕੇ ਨਿਜ ਘਰ ਦੇ ਵਿਚ ਵਾਸਾ ਪਾ ਕੇ ਮਿਲ ਜਾਂਦੇ ਹਨ। ਸੋ ਇਹ ਫੇਰ ਹੁੰਦਾ ਕਿਵੇਂ ਹੈ, ਸ਼ਬਦ ਨੂੰ ਖੋਜਣਾ ਪੈਂਦਾ ਹੈ।

*ਸਬਦੁ ਖੋਜਿ ਇਹੁ ਘਰੁ ਲਹੈ*
*ਨਾਨਕੁ ਤਾ ਕਾ ਦਾਸੁ॥ ਅੰਗ - ੧੨੯੧*

ਸੋ ਇਹ ਗੁਰੂ ਪੂਰੇ ਦੀ ਨਿਸ਼ਾਨੀ ਹੈ। ਗੁਰੂ ਪੂਰਾ ਨਾਮ ਦਿੰਦਾ ਹੈ। ਸੋ ਨਾਮ ਜਪਣ ਵਾਲੇ ਦੀਆਂ ਕੀ ਅਵਸਥਾ ਹੁੰਦੀਆਂ ਨੇ, ਇਹ ਫੇਰ ਵਿਚਾਰ ਕਰਾਂਗੇ।

# ਮਾਨੁਖ ਤਨ ਦਾ ਪ੍ਰਯੋਜਨ
# (2)

**ਸਤਿਨਾਮ ਵਾਹਿਗੁਰੂ**

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥***
***॥ ਜਪੁ ॥***
***ਆਦਿ ਸਚੁ ਜੁਗਾਦਿ ਸਚੁ ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥***

***ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥***
***ਕਿਉ ਨ ਮਰੀਜੈ ਰੋਇ***
***ਜਾ ਲਗੁ ਚਿਤਿ ਨ ਆਵਹੀ॥ ਅੰਗ - ੭੯੨***
***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥***
***ਅੰਗ - ੨੮੯***

ਸੋ ਵਿਚਾਰ ਚੱਲ ਰਹੀ ਸੀ ਕਿ ਆਤਮ ਮਾਰਗ ਆਪਣੇ ਆਤਮ ਸਰੂਪ ਨੂੰ ਪਹੁੰਚਣ ਵਾਲਾ ਰਸਤਾ ਹੈ। ਵਾਹਿਗੁਰੂ ਸਰੂਪ ਦੇ ਅੰਦਰ ਲੀਨਤਾ ਦਾ ਰਸਤਾ ਕਿਸ ਤਰ੍ਹਾਂ ਹੈ ਇਹਦੇ ਬਾਰੇ ਬਹੁਤ ਸਾਰੀਆਂ ਵਿਚਾਰਾਂ ਹੋਈਆਂ। ਪਹਿਲਾਂ ਦੱਸਿਆ ਗਿਆ ਕਿ ਵਾਹਿਗੁਰੂ ਦੇ ਉਤੇ ਵਿਸ਼ਵਾਸ਼ ਲਿਆਓ। ਜਿਸ ਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਫੇਰ ਸਤਿਸੰਗ ਜੋ ਉਸਦਾ ਮੁੱਖ ਦੁਆਰ ਹੈ, ਵਾਹਿਗੁਰੂ ਨੂੰ ਮਿਲਣ ਦਾ ਜੋ ਵੱਡਾ ਦਰਵਾਜ਼ਾ ਹੈ ਉਸ ਵਿਚ ਕਿਵੇਂ ਦਾਖਲ ਹੋਈਏ, ਇਹਦੀ ਬਹੁਤ ਵਿਸਥਾਰ ਦੇ ਨਾਲ ਵਿਚਾਰ ਹੋਈ ਕਿ ਸ਼ਰਧਾ, ਨਿਮਰਤਾ, ਇਕਾਗਰਤਾ, ਨਮਸਕਾਰ, ਭਰੋਸਾ; ਇਨ੍ਹਾਂ ਸਾਰੀਆਂ ਚੀਜ਼ਾਂ ਦੇ ਉਤੇ ਵਿਸਥਾਰ ਹੋਣ ਤੋਂ ਪਿਛੋਂ ਇਹ ਵਿਚਾਰਿਆ ਗਿਆ ਕਿ ਗੁਰੂ ਦੀ ਲੋੜ ਹੈ, ਗੁਰੂ ਤੋਂ ਬਗੈਰ ਇਹ ਰਸਤਾ ਤਹਿ ਨਹੀਂ ਹੋਇਆ ਕਰਦਾ। ਸੋ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਸੰਤਾਂ ਦੇ ਪਾਸ ਭੇਜਦੇ ਨੇ। ਸੋ ਗੁਰੂ ਘਰ ਦੇ ਅੰਦਰ ਜੋ ਗੁਰੂ ਧਾਰਨ ਦੀ ਵਿਧੀ ਸੀ, ਹੁਣ ਹੈ, ਉਹਦੇ ਉਤੇ ਵਿਚਾਰ ਕੀਤੀ ਗਈ। ਨੌਆਂ ਪਾਤਸ਼ਾਹੀਆਂ ਤੱਕ ਗੁਰੂ ਮਹਾਰਾਜ ਚਰਨਾਂ ਅੰਮ੍ਰਿਤ ਦਿਆ ਕਰਦੇ ਸੀ ਤੇ ਦਸ਼ਮੇਸ਼ ਪਿਤਾ ਦੇ ਮੌਕੇ ਦੇ ਉਪਰ ਖੰਡੇ ਦਾ ਅੰਮ੍ਰਿਤ ਪ੍ਰਚਲਤ ਹੋਇਆ ਜੋ ਪੰਜ ਸਿੰਘ ਗੁਰੂ ਦੇ ਨੁਮਾਇੰਦੇ ਬਣ ਕੇ ਪੰਜ ਪਿਆਰੇ ਜਿਨ੍ਹਾਂ ਨੂੰ ਆਖਿਆ ਜਾਂਦਾ ਹੈ ਤੇ ਮਾਇਆ ਦੇ ਪਿਆਰੇ ਨਹੀਂ ਗੁਰੂ ਦੇ ਪਿਆਰੇ। ਉਹ ਅੰਮ੍ਰਿਤ ਦੀ ਦਾਤ ਦਿੰਦੇ ਹਨ। ਭਾਈ ਗੁਰਦਾਸ ਦੂਜੇ ਇਸ ਦੇ ਬਾਰੇ ਫੁਰਮਾਨ ਕਰਦੇ ਹਨ –

***ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।***
***ਗੁਰ ਸਿਮਰਿ ਮਨਾਈ ਕਾਲਕਾ ਖੰਡ ਕੀ ਵੇਲਾ॥***
***ਭਾਈ ਗੁਰਦਾਸ ਜੀ***

ਵਾਹਿਗੁਰੂ ਜੀ ਕਾਲ ਦਾ ਵੀ ਕਾਲ ਹੈ, ਉਸਨੂੰ ਮਨਾਇਆ ਤੇ ਦੇਖਿਆ ਕਿ ਹੁਣ ਸ਼ਕਤੀ ਦਾ ਮੌਕਾ ਆ ਗਿਆ ਤੇ ਪਾਹੁਲ ਤਿਆਰ ਕੀਤੀ ਗਈ ਤੇ ਹੁਕਮ ਕੀਤਾ ਗਿਆ –

***ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।***
***ਭਾਈ ਗੁਰਦਾਸ ਜੀ***

ਪਹਿਲਾਂ ਸੰਗਤ ਦੋ ਕਿਸਮ ਦੀ ਸੀ, ਇਕ ਸੰਗਤ ਦਾ ਨਾਉਂ ਖਾਲਸਾ ਸੀ, ਜੋ ਸਿੱਧੇ ਗੁਰੂ ਮਹਾਰਾਜ ਤੋਂ ਨਾਮ ਦੀ ਦਾਤ ਪ੍ਰਾਪਤ ਕਰਦੇ ਸੀ। ਇਕਨਾਂ ਨੂੰ ਗੁਰੂ ਕੇ ਆਖਿਆ ਜਾਂਦਾ ਸੀ ਜਿਹੜੇ ਗੁਰੂ ਦੇ ਨਿਯੁਕਤ ਕੀਤੇ ਹੋਏ ਸਾਧੂ, ਸੰਤਾਂ, ਮਹਾਂਪੁਰਸ਼ਾਂ ਤੋਂ ਨਾਮ ਦੀ ਦਾਤ ਪ੍ਰਾਪਤ ਕਰਦੇ ਸੀ। ਸੋ ਗੁਰੂ ਮਹਾਰਾਜ ਨੇ ਦੋਵੇਂ ਚੀਜ਼ਾਂ ਬੰਦ ਕਰਕੇ ਸਾਰਿਆਂ ਨੂੰ ਖਾਲਸਾ ਬਣਾ ਦਿਤਾ ਤੇ ਨਾਲ ਪਾਹੁਲ ਦੀ ਰੀਤ ਚਲਾ ਦਿਤੀ।

***ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ॥***
***ਭਾਈ ਗੁਰਦਾਸ ਜੀ***

ਸੋ ਉਹਦੇ ਬਾਰੇ ਫੁਰਮਾਨ ਰਹਿਤਨਾਮਿਆਂ ਦੇ ਅੰਦਰ ਬਹੁਤ ਤਰੀਕਿਆਂ ਦੇ ਨਾਲ ਗੁਰਸਿੱਖ ਦੀ ਰਹਿਣੀ ਵਾਸਤੇ ਆਉਂਦਾ ਹੈ ਤੇ ਫੁਰਮਾਨ ਕਰਦੇ ਨੇ –

***ਰਹਿਣੀ ਰਹੇ ਸੋਈ ਸਿਖ ਮੇਰਾ।***
***ਓਹੁ ਸਾਹਿਬ ਮੈ ਉਸ ਕਾ ਚੇਰਾ।***
***ਰਹਿਤ ਬਿਨਾਂ ਨਹਿ ਸਿੱਖ ਕਹਾਵੈ।***
***ਰਹਿਤ ਬਿਨਾਂ ਦਰ ਚੋਟਾਂ ਖਾਵੈ।***
***ਰਹਿਤ ਬਿਨਾਂ ਸੁਖ ਕਬਹੂੰ ਨ ਲਹੈ।***

ਤਾਂ ਤੇ ਰਹਿਤ ਸੁ ਦ੍ਰਿੜ ਕਰ ਰਹੈ। ਰਹਿਤਨਾਮਾ ਭਾਈ ਦੇਸਾ ਸਿੰਘ ਜੀ

***ਪ੍ਰਥਮ ਰਹਿਤ ਯਹਿ ਜਾਨ, ਖੰਡੇ ਕੀ ਪਾਹੁਲ ਛਕੇ।***
***ਸੋਈ ਸਿੰਘ ਪ੍ਰਧਾਨ, ਅਵਰ ਨ ਪਾਹੁਲ ਜੋ ਲਏ।***
***ਪਾਂਚ ਸਿੰਘ ਅੰਮ੍ਰਿਤ ਜੋ ਦੇਵੈਂ,***
***ਤਾਂ ਕੋ ਸਿਰ ਧਰ ਛਕ ਪੁਨ ਲੇਵੈ।***
***ਪੁਨ ਮਿਲ ਪਾਂਚੋ ਰਹਿਤ ਜੋ ਭਾਖੈਂ***
***ਤਾਂ ਕੋ ਮਨ ਮੇ ਦ੍ਰਿੜ੍ਹ ਕਰ ਰਾਖੈ॥***
***ਰਹਿਤਨਾਮਾ ਭਾਈ ਦੇਸਾ ਸਿੰਘ***

ਰਿਸ਼ਵਤ ਦਾ ਧਨ, ਪੂਜਾ ਦਾ ਧਨ, ਕਿਸੇ ਹੋਰ ਵਿੰਗੇ ਟੇਡੇ ਤਰੀਕੇ ਦੇ ਨਾਲ ਆਇਆ ਧਨ ਮਹਾਰਾਜ ਕਹਿੰਦੇ ਸਿੱਖ ਵਾਸਤੇ ਜਾਇਜ਼ ਨਹੀਂ ਹੈ।

ਭੁੱਲ ਕੇ ਵੀ ਪੂਜਾ ਦਾ ਧਾਨ ਗੁਰਸਿੱਖ ਨਾ ਲਏ, ਕਿਉਂਕਿ ਭਾਈ ਮਨੀ ਸਿੰਘ ਜੀ ਬਚਨ ਕੀਤਾ ਕਿ

ਜਿਹੜੀ ਗੁਰਦੁਆਰੇ ਦੀ ਕਉਡੀ ਹੈ ਸੋ ਬਿਹੁ ਵਰਗੀ ਹੈ, ਉਹ ਕਿਸੇ ਨੂੰ ਨਹੀਂ ਪਚਦੀ। ਉਹ ਅੱਠੇ ਪਹਿਰ ਪ੍ਰਮੇਸ਼ਰ ਦਾ ਭਜਨ ਕਰੇ ਅਤੇ ਭੋਜਨ ਥੋੜ੍ਹਾ ਖਾਵੇ, ਤਾਂ ਉਸਨੂੰ ਪਚਦੀ ਹੈ ਬਹੁਤੀ ਪੂਜਾ ਵਿਹੁ ਹੈਸ਼ ਸੋ ਇਸ ਤਰ੍ਹਾਂ ਦੇ ਨਾਲ ਵਿਚਾਰ ਕਰਦੇ ਸੀ ਕਿ ਜਦੋਂ ਤੱਕ ਗੁਰੂ ਧਾਰ ਕੇ ਉਹਦੀ ਰਹਿਤ ਤੇ ਨਹੀਂ ਚਲਦਾ ਓਨੀਂ ਦੇਰ ਤੱਕ ਗੱਲ ਨਹੀਂ ਬਣਿਆ ਕਰਦੀ। ਸੋ ਉਹਦੇ ਬਾਰੇ ਵਿਚਾਰ ਕੀਤੀ ਜਾ ਰਹੀ ਸੀ ਕਿ ਪਹਿਲਾਂ ਸਤਿਸੰਗੀ ਬਣਦਾ ਹੈ, ਜਿਸਨੂੰ ਗੁਣ ਧਾਰਨੇ ਪੈਂਦੇ ਨੇ, ਸਤਿਸੰਗ ਪ੍ਰੀਤੀ, ਸਾਧੂ ਸੇਵਾ, ਪ੍ਰੇਮ, ਪਦਾਰਥ ਗਿਲਾਨੀ, ਵਾਹਿਗੁਰੂ ਨੂੰ ਪਹਿਲੇ ਨੰਬਰ ਤੇ ਸਮਝਣਾ, ਪਦਾਰਥ ਨੂੰ ਦੂਸਰੇ ਨੰਬਰ ਤੇ ਪ੍ਰਭੂ ਦਾ ਪ੍ਰੇਮ ਸ਼ਰਧਾ, ਕਰਮ ਨਿਸ਼ਕਾਮ ਇਹਦੇ ਨਾਲ ਫਲ ਕੀ ਹੁੰਦਾ ਹੈ ਅੰਤਸ਼ਕਰਣ ਦੀ ਮੈਲ ਲਹਿ ਜਾਇਆ ਕਰਦੀ ਹੈ। ਜਦੋਂ ਸਤਿਸੰਗੀ ਬਣ ਗਿਆ ਫੇਰ ਉਹਦੇ ਮਨ 'ਚ ਜਗਿਆਸਾ ਉਠਦੀ ਹੈ ਕਿ ਵਾਹਿਗੁਰੂ ਨੂੰ ਮਿਲਿਆ ਜਾਵੇ। ਵਾਹਿਗੁਰੂ ਦਾ ਰਸਤਾ ਜਾਣਿਆ ਜਾਵੇ, ਫੇਰ ਉਸਨੂੰ ਜਗਿਆਸੂ ਕਹਿੰਦੇ ਨੇ ਉਹਦੇ ਵਿਚ ਸ਼ਕਤੀ ਹੁੰਦੀ ਹੈ ਇਕ ਤਾਂ ਸਰਵਣ ਦੀ ਧਿਆਨ ਦੇ ਨਾਲ ਸੁਣੇ ਤੇ ਫੇਰ 100% ਮੰਨੇ। ਫੇਰ ਇਹ ਕਹਿਣਾ ਕਿ ਆਤਮਾ ਸੱਚ ਹੈ, ਜਗਤ ਨਹੀਂ ਸੱਚ। ਇਸ ਜਗਤ ਦੇ ਪਦਾਰਥ ਸਬੰਧੀ ਸਭ ਮਿਥਿਆ ਨੇ ਇਹ ਰਹਿਣ ਵਾਲੇ ਨਹੀਂ ਹਨ ਤੇ ਜਗ ਦੀ ਜੋ ਆਸਥਾ ਹੈ ਕਿ ਜਗ ਹੈ ਪੱਕੀ ਹੀ ਚੀਜ਼ ਹੈ, ਉਹਨੂੰ ਤਿਆਗ ਕਰ ਦੇਣਾ। ਆਤਮ ਵਸਤੂ ਦੇ ਵਿਚ ਦ੍ਰਿੜ੍ਹਤਾ ਪੈਦਾ ਕਰਨੀ, ਫਲ ਕੀ ਹੋਏਗਾ, ਸ਼ੰਕੇ ਦੀ ਨਵਿਰਤੀ ਹੋ ਜਾਏਗੀ ਤੇ ਕੋਈ ਵੀ ਸ਼ੰਕਾ ਮਨ ਵਿਚ ਨਹੀਂ ਆਏਗਾ ਤੇ ਜਦੋਂ ਇਹ ਅਵਸਥਾ ਹੋ ਜਾਵੇ ਉਸ ਵੇਲੇ ਸਿੱਖ ਦੀ ਪਦਵੀ ਪ੍ਰਾਪਤ ਹੋਇਆ ਕਰਦੀ ਹੈ। ਸਿੱਖ ਦੇ ਬਾਰੇ ਬੇਨਤੀ ਕੀਤੀ ਗਈ ਹੈ ਤੇ ਉਹਦੇ ਬਾਰੇ ਵਿਚਾਰ ਚੱਲ ਰਹੀ ਸੀ ਕਿ ਕੁਝ ਕਰਮ ਹਨ, ਰਹਿਤਾਂ ਹਨ ਸਿੱਖ ਦੀਆਂ ਜੋ ਬਾਹਰਲੀਆਂ ਰਹਿਤਾਂ ਦੇ ਨਾਲ ਅੰਦਰ ਵੀ ਧਾਰਨ ਕਰਨੀਆਂ ਪੈਂਦੀਆਂ ਹਨ। ਸੁਖਮਨੀ ਸਾਹਿਬ ਪੜ੍ਹ ਲਿਆ ਜਾਵੇ ਉਹਦੇ ਵਿਚ ਬਹੁਤ ਵਿਸਥਾਰ ਦੇ ਨਾਲ ਰਹਿਤਾਂ ਦਾ ਜ਼ਿਕਰ ਕੀਤਾ ਗਿਆ ਹੈ। ਗੁਰੂ ਦਸਵੇਂ ਪਾਤਸ਼ਾਹ ਨੇ 'ਰੇ ਮਨ ਐਸੋ ਕਰ ਸੰਨਿਆਸਾ' ਵਿਚ ਵੀ ਰਹਿਤਾਂ ਦਾ ਜ਼ਿਕਰ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਕਿਸਮ ਦੀ ਰਹਿਤ ਦਾ ਜ਼ਿਕਰ ਬਾਰ-ਬਾਰ ਆਉਂਦਾ ਹੈ। ਕਿਉਂਕਿ ਆਪ ਦਾ ਫੁਰਮਾਨ ਸੀ ਜਿਸ ਵਿਚ ਗੁਰਸਿਖਾਂ ਨੇ ਪੁਛਿਆ ਗੁਰੂ ਪੰਜਵੇਂ ਪਾਤਸ਼ਾਹ ਨੂੰ ਕਿ ਮਹਾਰਾਜ! ਧਰਮ ਕਿਹੜਾ ਸਭ ਤੋਂ ਸ੍ਰੇਸ਼ਟ ਹੈ। ਸਾਰੇ ਹੀ ਕਹਿੰਦੇ ਨੇ, ਜੋ ਜੰਞੂ ਪਹਿਨਦੇ ਹਨ ਉਹ ਕਹਿੰਦੇ ਨੇ ਕਿ ਜਦੋਂ ਤੱਕ ਆਦਮੀ ਜੰਞੂ ਨਹੀਂ ਪਹਿਨਦਾ, ਉਸ ਵੇਲੇ ਤੱਕ ਉਹ ਨਰਕਾਂ ਨੂੰ ਜਾਂਦਾ ਹੈ। ਇਸਲਾਮ ਵਾਲੇ ਕਹਿੰਦੇ ਹਨ ਕਿ ਜਦੋਂ ਤੱਕ ਕਲਮਾਂ ਨਹੀਂ ਲੈਂਦਾ ਉਹਦਾ ਕੋਈ ਵਾਲੀਵਾਰਸ ਨਹੀਂ ਹੁੰਦਾ। ਇਸੇ ਤਰ੍ਹਾਂ ਬੋਧੀ ਤੇ ਜੈਨੀ ਵੀ ਕਹਿੰਦੇ ਨੇ, ਇਵੇਂ ਸੰਨਿਆਸ ਵਾਲੇ ਯੋਗੀ ਕਹਿੰਦੇ ਨੇ, ਸੰਨਿਆਸੀ ਕਹਿੰਦੇ ਨੇ, ਪੈਗੰਬਰ ਕਹਿੰਦੇ ਨੇ, ਕ੍ਰਿਪਾ ਕਰਕੇ ਆਪ ਫੁਰਮਾਨ ਕਰੋ ਕਿ ਸਾਰਿਆਂ ਨਾਲੋਂ ਕਿਹੜਾ ਧਰਮ ਚੰਗਾ ਹੈ। ਜੋ ਧਾਰਨ ਦੇ ਕਾਬਲ ਹੈ। ਮਹਾਰਾਜ ਨੇ ਕਿਹਾ ਕਿ ਧਰਮ ਤਾਂ ਇਕੋ ਚੀਜ਼ ਹੋਇਆ ਕਰਦੀ ਹੈ ਪ੍ਰੇਮੀਓ!

*ਸਰਬ ਧਰਮ ਮਹਿ ਸ੍ਰੇਸਟ ਧਰਮੁ ॥*
*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥*

*ਅੰਗ - ੨੬੬*

ਨਾਮ ਦਾ ਜਾਪ ਕਰਨਾ ਤੇ ਕਰਮ ਨਿਰਮਲ ਹੋਣੇ ਚਾਹੀਦੇ ਨੇ। ਕਰਮ ਦੇ ਅੰਦਰ ਬੜੀ ਮੈਲ ਹੈ, ਨਿੰਦਿਆ, ਚੁਗਲੀ, ਈਰਖਾ, ਵਖੀਲੀ, ਝੂਠ, ਕਪਟ, ਛਲ, ਚੋਰੀ ਸੋ ਉਹਦੇ ਬਾਰੇ ਵਿਚਾਰ ਕਰਦੇ ਸੀ ਕਿ ਇਹ ਰਹਿਤਾਂ ਨਿਰਮਲ ਕਰਮ ਵਾਸਤੇ ਸਭ ਤੋਂ ਪਹਿਲਾਂ ਅਹਿੰਸਾ, ਪੰਜ ਕਿਸਮ ਦੀ ਅਹਿੰਸਾ ਦੀ ਵਿਚਾਰ ਕੀਤੀ ਸੀ ਉਹ ਜ਼ਰੂਰੀ ਹੈ। ਫੇਰ ਝੂਠ ਦਾ ਤਿਆਗ, ਚੋਰੀ ਦਾ ਤਿਆਗ ਕਿੰਨੇ ਕਿਸਮ ਦੀ ਚੋਰੀ ਹੈ। ਪਰਾਇਆ ਧਨ ਕੱਢ ਲੈਣਾ, ਚਾਹੇ ਰਿਸ਼ਵਤ ਲੈ ਕੇ ਕਰਦਾ ਹੈ, ਚਾਹੇ ਕਿਸੇ ਹੋਰ ਤਰੀਕੇ ਨਾਲ ਸੰਨ ਲਾ ਕੇ ਚੋਰੀ ਕਰਦਾ ਹੈ। ਚਾਹੇ ਕਿਸੇ ਦੀ ਲਿਖੀ ਹੋਈ ਪੁਸਤਕ ਦੇ ਉਤੇ ਆਪਣਾ ਨਾਉਂ ਲਾ ਕੇ, ਚਾਹੇ ਕਿਸੇ ਦੀ ਕਵਿਤਾ ਲਿਖੀ ਹੋਈ ਦਾ ਖਿਆਲ ਲੈ ਕੇ ਆਪਣੀ ਬਣਾ ਕੇ, ਚਾਹੇ ਕਿਸੇ ਦੀ ਹੋਰ ਖਿਆਲ ਦੀ, ਦਵਾਈਆਂ ਆਦਿ। ਉਹ ਸਭ ਚੋਰੀ ਕਹਾਉਂਦੀ ਹੈ ਜੋ ਦੂਸਰੇ ਦੀ ਕਿਰਤ ਨੂੰ ਚੋਰੀ ਕਰ ਲੈਣਾ। ਸੋ ਇਹਦਾ ਤਿਆਗ। ਫੇਰ ਅੰਦਰ ਚੋਰੀ ਹੁੰਦੀ ਹੈ, ਬਾਹਰੋਂ ਬਹੁਤ ਸੋਹਣਾ ਆਦਮੀ ਕਹਾਉਂਦਾ ਹੈ, ਪਰ ਅੰਦਰ ਵਿਕਾਰ ਚਲ ਰਹੇ ਨੇ। ਪ੍ਰਗਟ ਨਹੀਂ ਕਰ ਰਿਹਾ ਸਾਮ੍ਹਣੇ। ਜੇ ਪ੍ਰਗਟ ਕਰ ਦੇਵੇ ਤਾਂ ਸਭ ਦੇ ਅੰਦਰ ਖਿਆਲ ਆਏਗਾ ਕਿ ਇਹ ਤਾਂ ਬੜਾ ਗੰਦਾ ਬੰਦਾ ਹੈ। ਜਦੋਂ ਅੰਦਰੋਂ ਤੇ ਬਾਹਰੋਂ ਇਕ ਹੋ ਜਾਵੇ ਤਾਂ ਉਸਨੂੰ ਸਤਿ ਦਾ ਜੀਵਨ ਕਹਿੰਦੇ ਨੇ। ਕਈ-ਕਈ ਚਿਹਰੇ ਨਹੀਂ ਹੋਇਆ ਕਰਦੇ, ਇਕੋ ਚਿਹਰਾ ਹੋਇਆ ਕਰਦਾ ਹੈ, ਚਾਹੇ ਕੋਈ ਚੰਗਾ ਕਹੀ ਜਾਏ, ਚਾਹੇ ਕੋਈ ਮਾੜਾ ਕਹੀ ਜਾਏ। ਪਰ ਸਤਿ ਦਾ ਜੀਵਨ ਸਤਿ ਦੇ ਉਤੇ ਆਧਾਰਿਤ ਹੁੰਦਾ ਹੈ। ਵਾਹਿਗੁਰੂ ਦੇ ਅਸੂਲਾਂ ਦੇ ਉਤੇ ਆਧਾਰਿਤ ਹੁੰਦਾ ਹੈ, ਪਰ ਅਸਤਿ ਦਾ ਜੋ ਜੀਵਨ ਹੈ ਉਹ ਵਿਸ਼ੇ ਵਿਕਾਰਾਂ ਭੋਗਾਂ ਤੇ ਆਧਾਰਿਤ ਹੁੰਦਾ ਹੈ। ਸੋ ਇਸ ਤੋਂ ਬਾਅਦ ਜਤ ਧਾਰਨੀ। ਸਤਿ ਤੇ ਜਤ ਜੀਵਨ ਦੇ ਦੋ ਪਹਿਲੂ ਨੇ, ਜਿਹੜੇ ਬੜੇ ਹੀ ਜ਼ਰੂਰੀ ਨੇ। ਜਦੋਂ ਅਸੀਂ ਜਤ ਦਾ ਵਿਚਾਰ ਕਰਦੇ ਹਾਂ, ਕਈ ਕਿਸਮ ਦੇ ਵਿਚਾਰ ਸਾਡੇ ਅੰਦਰ ਹੋ ਜਾਂਦੇ ਨੇ। ਮਹਾਰਾਜ ਨੇ ਫੁਰਮਾਨ ਕੀਤਾ ਹੈ -

***ਏਕਾ ਨਾਰੀ ਜਤੀ ਹੋਇ ਪਰਨਾਰੀ ਧੀ ਭੈਣ ਵਖਾਣੈ॥***

ਦੂਸਰਾ ਹੈ ਜ਼ੁਬਾਨ ਦਾ ਜਤ। ਜ਼ੁਬਾਨ ਦੇ ਨਾਲ ਝੂਠ ਨਾ ਬੋਲਣਾ, ਅੱਖਾਂ ਦਾ ਜਤ ਹੈ ਅੱਖਾਂ ਦੇ ਨਾਲ-

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਅੰਗ - ੨੭੪***

ਕੰਨਾਂ ਦਾ ਜਤ ਹੈ -

***ਕਰਨ ਨ ਸੁਨੈ ਕਾਹੂ ਕੀ ਨਿੰਦਾ॥ ਅੰਗ - ੨੭੪***

ਹੱਥਾਂ ਦਾ ਜਤ ਹੈ ਕਿ ਹੱਥਾਂ ਦੇ ਨਾਲ ਕੋਈ ਬੁਰਾ ਕਰਮ ਨਾ ਕਰੇ। ਮਨ ਦਾ ਜਤ ਹੈ ਕਿ ਮਨ ਦੇ ਵਿਚ ਕੋਈ ਬੁਰਾ ਖਿਆਲ ਨਾ ਆਉਣ ਦੇਵੋ। ਬੁਧੀ ਦਾ ਜਤ ਹੈ ਕਿ ਕਿਸੇ ਮਾੜੇ ਖਿਆਲਾਂ ਦੀ ਵਿਚਾਰ ਨਾ ਕਰੇ। ਸੋ ਇਸ ਤੋਂ ਅੱਗੇ ਧੀਰਜ ਜ਼ਰੂਰੀ ਹੋਇਆ ਕਰਦਾ ਹੈ। ਇਕ ਕਾਹਲਾ ਹੁੰਦਾ ਹੈ ਇਕ ਧੀਰਜੀ ਹੋਇਆ ਕਰਦਾ ਹੈ। ਕਾਹਲਾ ਜੋ ਪੁਰਸ਼ ਹੋਇਆ ਕਰਦਾ ਹੈ ਉਹ ਬੜਾ ਨੁਕਸਾਨ ਕਰ ਲਿਆ ਕਰਦਾ ਹੈ ਆਪਣਾ। ਹਰ ਵਕਤ ਨੁਕਸਾਨ 'ਚ ਰਹਿੰਦਾ ਹੈ ਕਿਉਂਕਿ ਬੋਲਣ ਵੇਲੇ ਉਸਨੂੰ ਪਤਾ ਨਹੀਂ, ਕੰਟਰੋਲ ਨਹੀਂ ਕੋਈ ਹੈ। ਕੋਈ ਕੰਮ ਕਰਨ ਲੱਗਿਆਂ ਕੋਈ ਕੰਟਰੋਲ ਨਹੀਂ। ਪੈਸਾ ਟਕਾ ਖਰਚਣ ਲੱਗਿਆਂ ਕੋਈ ਕੰਟਰੋਲ ਨਹੀਂ। ਕਾਹਲਾ ਹੈ, ਕਿਉਂਕਿ ਉਹਦੇ ਅੰਦਰ ਕਾਹਲ ਹੈ। ਜ਼ਿੰਦਗੀ ਦੇ ਹਰ ਥਾਂ ਦੇ ਉਤੇ ਧੋਖਾ ਖਾਂਦਾ ਹੈ। ਆਪਣੀ ਕਾਹਲ ਦੀ ਵਜ੍ਹਾ ਦੇ ਨਾਲ। ਕਾਹਲੇ ਆਦਮੀ ਦਾ ਮਨ ਇਕਾਗਰ ਨਹੀਂ ਹੋ ਸਕਦਾ। ਕਿਉਂਕਿ ਕਾਹਲ ਦੇ ਵਿਚ ਫਿਰਦਾ ਹੈ ਤੇ ਉਸਦੇ ਵਿਪਰੀਤ ਧੀਰਜ ਹੈ, ਧੀਰਜਵਾਨ ਜੋ ਪੁਰਸ਼ ਹੋਇਆ ਕਰਦੇ ਨੇ, ਉਹ ਬਹੁਤ ਸਾਰੇ ਸੰਕਟਾਂ ਤੋਂ ਬਚ ਜਾਇਆ ਕਰਦੇ ਨੇ।

ਇਕ ਵਾਰੀ ਐਸੀ ਗੱਲ ਦਸਦੇ ਨੇ ਕਿ ਕੋਈ ਰਾਜਾ ਸੀ, ਕਿਸੇ ਮਹਾਤਮਾ ਦੀ ਸੰਗਤ ਹੋਈ ਉਸਨੂੰ ਇਹ ਕਿਹਾ ਕਿ ਰਾਜਨ! ਕੋਈ ਕੰਮ ਵੀ ਕਾਹਲ 'ਚ ਨਾ ਕਰੀਂ ਪਹਿਲਾਂ ਗੱਲ ਦਾ ਨਿਰਣਾ ਕਰੀਂ, ਫੇਰ ਗੱਲ ਕਰੀਂ। ਇਕ ਵਾਰੀ ਐਸਾ ਹੋਇਆ ਕਿ ਉਸਦਾ ਪੁੱਤਰ ਯੁੱਧ ਵਿਚ ਗਿਆ ਹੋਇਆ ਸੀ, ਜੁਆਨ ਪੁੱਤਰ ਸੀ 18 ਸਾਲ ਦਾ। ਉਹ ਰਾਤ ਨੂੰ ਮਾਂ-ਬਾਪ ਨੂੰ ਮਿਲਣ ਵਾਸਤੇ ਆ ਗਿਆ, ਕਿਉਂਕਿ ਉਸ ਦਿਨ ਕੋਈ ਐਸੀ ਸਕੀਮ ਨਹੀਂ ਸੀ ਕਿ ਅੱਜ ਹਮਲਾ ਕਰਨਾ ਹੈ ਜਾਂ ਕੋਈ ਹੋਰ ਕੰਮ ਕਰਨਾ ਹੈ। ਬੜੀ ਦੇਰ ਤੋਂ ਘਮਸਾਨ ਦੇ ਯੁੱਧ ਹੋ ਰਹੇ ਸੀ, ਹਾਰ ਜਿੱਤ ਕੋਈ ਹੋ ਨਹੀਂ ਸੀ ਰਹੀ ਤੇ ਜਦੋਂ ਮਹਿਲਾਂ 'ਚ ਆਇਆ ਰਾਜਕੁਮਾਰ, ਰਾਜ ਮਹਿਲਾਂ 'ਚ ਚਲਿਆ ਗਿਆ। ਰਾਜਾ ਜੋ ਸੀ ਉਸ ਦਿਨ ਕਿਤੇ ਬਾਹਰ ਗਿਆ ਹੋਇਆ ਸੀ ਤੇ ਉਹ ਚਾਰ-ਪੰਜ ਵਜੇ ਵਾਪਸ ਆਉਂਦਾ ਹੈ। ਰਾਜਕੁਮਾਰ ਆਪਣੀ ਮਾਤਾ ਦੇ ਕੋਲ ਗਿਆ, ਮਾਤਾ ਨੇ ਪਿਆਰ ਕੀਤਾ ਕਹਿਣ ਲੱਗੀ ਬੇਟਾ! ਇਸੇ ਪਲੰਘ ਤੇ ਸੌਂ ਜਾ, ਤੇਰੇ ਪਿਤਾ ਨੇ ਅੱਜ ਦੇਰ ਨਾਲ ਆਉਣਾ ਹੈ। ਸੋ ਉਥੇ ਹੀ ਸੌਂ ਗਿਆ। ਕੱਪੜਾ ਲੈ ਲਿਆ, ਨੀਂਦ ਆ ਗਈ। ਮਾਤਾ ਨੂੰ ਵੀ ਨੀਂਦ ਆਈ ਹੋਈ ਸੀ, ਦੋਵੇਂ ਪਏ ਨੇ। ਜਿਸ ਵਕਤ ਰਾਜਾ ਆਇਆ, ਦਰਵਾਨਾਂ ਨੇ ਨਹੀਂ ਦੱਸਿਆ ਕਿ ਅੰਦਰ ਰਾਜਕੁਮਾਰ ਹੈ। ਜਦ ਆਪਣੇ ਮਹੱਲ ਦੇ ਅੰਦਰ ਬੈਡਰੂਮ 'ਚ ਦਾਖਲ ਹੋਇਆ, ਕੀ ਦੇਖਦਾ ਹੈ ਕਿ ਰਾਣੀ ਵੀ ਸੁੱਤੀ ਪਈ ਹੈ ਤੇ ਕੋਲ ਇਕ ਮਰਦ ਪਿਆ ਹੈ ਸੁੱਤਾ। ਬਹੁਤ ਕ੍ਰੋਧ ਆਇਆ, ਤਲਵਾਰ ਖਿੱਚ ਲਈ ਕਿ ਦੋਹਾਂ ਦਾ ਖਾਤਮਾ ਕਰ ਦੇਵਾਂ। ਸੰਤਾਂ ਦਾ ਬਚਨ ਯਾਦ ਆ ਗਿਆ ਕਿ ਰਾਜਨ! ਪਹਿਲਾਂ ਗੱਲ ਦੀ ਪੜਤਾਲ ਕਰ ਤੇ ਫੇਰ ਉਸ ਤੋਂ ਬਾਅਦ **action** ਲਈਂ। ਕਹਿਣ ਲੱਗਿਆ ਕੋਈ ਨਹੀਂ, ਪਹਿਰੇ ਨੇ ਲੱਗੇ ਹੋਏ, ਪੜਤਾਲ ਕਰ ਲੈਂਦੇ ਹਾਂ ਕੌਣ ਹੈ? ਤਲਵਾਰ ਮਿਆਨ ਵਿਚ ਪਾ ਲਈ ਤੇ ਉਸ ਤੋਂ ਬਾਅਦ ਰਾਣੀ ਨੂੰ ਜਗਾਇਆ, ਕੌਣ ਪਿਆ। ਕਹਿਣ ਲੱਗੀ ਤੇਰੀ ਲੜਕਾ ਹੈ, ਰਾਤ ਆਇਆ ਸੀ, ਤੁਸੀਂ ਅੱਜ ਆਉਣਾ ਨਹੀਂ ਸੀ, ਸੋ ਇਥੇ ਹੀ ਸੌਂ ਗਿਆ, ਬੜੀ ਦੇਰ ਤੱਕ ਅਸੀਂ ਗੱਲਾਂ ਕਰਦੇ ਰਹੇ, ਸੋ ਇਹਨੇ ਅੰਮ੍ਰਿਤ ਵੇਲੇ ਹੀ ਵਾਪਸ ਜਾਣਾ ਸੀ, ਮੈਂ ਇਹਨੂੰ ਕਿਹਾ ਕਿ ਜਦੋਂ ਵੀ ਆਉਣਗੇ, ਤੂੰ ਇਥੇ ਹੀ ਪੈ ਜਾ, ਇਥੋਂ ਹੀ ਮਿਲ ਕੇ ਚਲਿਆ ਜਾਈਂ। ਸੋ ਰਾਜਕੁਮਾਰ ਨੂੰ ਜਗਾਇਆ। ਜੇ ਕਾਹਲ ਪਾਉਂਦਾ ਕਿੱਡਾ ਨੁਕਸਾਨ ਕਰ ਲੈਂਦਾ, ਰਾਣੀ ਵੀ ਮਾਰ ਦੇਣੀ ਸੀ ਤੇ ਆਪਣਾ ਪੁੱਤਰ ਵੀ ਮਾਰ ਦੇਣਾ ਸੀ। ਸੋ ਇਸੇ ਤਰ੍ਹਾਂ ਧੀਰਜ ਜੋ ਹੈ ਬਹੁਤ ਭਾਰਾ ਗੁਣ ਹੁੰਦਾ ਹੈ, ਧੀਰਜੀ ਪੁਰਸ਼ ਹਰ ਥਾਂ ਦੇ ਉਤੇ ਜਿੱਤ ਹਾਸਲ ਕਰਿਆ ਕਰਦਾ ਹੈ।

ਸੋ ਉਸ ਤੋਂ ਅੱਗੇ ਹੁੰਦਾ ਹੈ ਕਿ ਹਿਰਦੇ 'ਚ ਖਿਮਾ ਧਾਰਨੀ ਚਾਹੀਦੀ ਹੈ। ਖਿਮਾ ਦਾ ਬਹੁਤ ਵੱਡਾ ਗੁਣ ਹੋਇਆ ਕਰਦਾ ਹੈ, ਮਹਾਰਾਜਾ ਰਣਜੀਤ ਸਿੰਘ ਜਾ ਰਹੇ ਨੇ ਤੇ ਬੱਚੇ ਬੇਰ ਝਾੜਦੇ ਨੇ, ਇਕ ਬੱਚੇ ਨੇ ਇੱਟ ਮਾਰੀ ਤੇ ਮਹਾਰਾਜ ਰਣਜੀਤ ਸਿੰਘ ਦੇ ਮੋਢੇ ਤੇ ਲੱਗੀ। ਅੰਗ ਰਖਿਅਕ ਨੱਠ ਕੇ ਗਏ, ਜਾ ਕੇ ਛੋਟੇ ਜਿਹੇ ਬੱਚੇ ਨੂੰ ਫੜ ਲਿਆਏ। ਬਾਹਾਂ ਨੂੰ ਵਟੇ ਦਿਤੇ ਹੋਏ ਨੇ ਤੇ ਧੱਕੀਂ ਆਉਂਦੇ ਨੇ ਕਿ ਕੀ ਗੱਲ ਤੁਸੀਂ ਬੱਚੇ ਨੂੰ ਕਿਉਂ ਮਾਰਿਆ। ਕਹਿਣ ਲੱਗੇ ਕਿ ਮਹਾਰਾਜ! ਇਹਨੇ ਇੱਟ ਮਾਰੀ ਹੈ। ਪੁਛਿਆ ਕਿ ਕਿਉਂ ਬੇਟਾ ਤੂੰ ਇੱਟ ਮਾਰੀ ਹੈ ਕਹਿੰਦੇ ਹਾਂ।

ਮੇਰੇ ਮਾਰੀ ਹੈ?

ਕਹਿੰਦਾ, ਨਹੀਂ ਮਹਾਰਾਜ! ਮੈਂ ਤਾਂ ਬੇਰੀ ਦੇ ਮਾਰੀ ਸੀ।

ਕਿਉਂ ਮਾਰੀ ਸੀ?

ਕਹਿਣ ਲੱਗਿਆ ਕਿ ਅਸੀਂ ਇੱਟ ਮਾਰਦੇ ਹਾਂ ਪੰਜ ਸੱਤ ਬੇਰ ਝੜ ਜਾਂਦੇ ਨੇ। ਉਹ ਅਸੀਂ ਖਾ ਲੈਂਦੇ ਹਾਂ, ਬੱਚੇ ਹਾਂ ਬੇਰੀ ਤੇ ਚੜ੍ਹ ਨਹੀਂ ਹੁੰਦਾ, ਹਲੂਣਾ ਸਾਡੇ ਤੋਂ ਦੇ ਨਹੀਂ ਹੁੰਦਾ। ਕਹਿੰਦੇ, ਬੇਰੀ ਇੱਟ ਮਾਰਨ ਤੇ ਪੰਜ ਸੱਤ

ਬੇਰ ਦਿੰਦੀ ਹੈ, ਰਾਜੇ ਨੂੰ ਕੀ ਦੇਣਾ ਚਾਹੀਦਾ ਹੈ। ਉਸੇ ਵੇਲੇ ਰੈਵੀਨਿਊ ਆਫੀਸਰ ਨਾਲ ਸੀ ਕਹਿਣ ਲੱਗੀ, ਬੁੱਢਣਵਾਲ ਤੇ ਇਕ ਹੋਰ ਪਿੰਡ ਇਹ ਬੱਚੇ ਦੇ ਨਾਉਂ ਲਿਖ ਦਿਓ। ਕਹਿੰਦੇ, ਬੇਟਾ! ਫੇਰ ਨਾ ਮਾਰੀਂ, ਜਾਣ ਕੇ ਨਾ ਮਾਰੀਂ।

ਕਿੰਨੀ ਵੱਡੀ ਖਿਮਾ ਮਨ ਦੇ ਅੰਦਰ। ਸੋ ਇਹ ਇਕ ਵੱਡਾ ਗੁਣ ਹੋਇਆ ਕਰਦਾ ਹੈ ਉਸ ਤੋਂ ਅੱਗੇ ਦਇਆ ਹੋਇਆ ਕਰਦੀ ਹੈ। ਦਇਆ ਜੋ ਹੈ ਉਹ ਧਰਮ ਦੀ ਮਾਂ ਹੋਇਆ ਕਰਦੀ ਹੈ। ਖਿਮਾ ਧਰਮ ਦੀ ਧੀ ਹੋਇਆ ਕਰਦੀ ਹੈ। 'ਧੌਲ ਧਰਮ ਦਇਆ ਕਾ ਪੂਤ।' ਸੋ ਵੱਡੀਆਂ-ਵੱਡੀਆਂ ਮਿਸਾਲਾਂ ਨੇ ਜਿੱਥੇ ਦਇਆ ਕੀਤੀ ਤੇ ਪ੍ਰਮੇਸ਼ਰ ਪ੍ਰਸੰਨ ਹੋ ਗਿਆ।

ਇਕ ਸੁਬਕਤਦੀਨ ਨਾਮ ਦਾ ਰਾਜਾ ਹੋਇਆ ਹੈ ਖਾਨਦਾਨ ਗੁਲਾਮਾਂ ਦਾ। ਉਹ ਸ਼ਿਕਾਰ ਗਿਆ ਉਸਨੇ ਹਿਰਨੀ ਦਾ ਬੱਚਾ ਜੀਉਂਦਾ ਫੜ ਲਿਆ। ਉਹ ਲਿਖਦਾ ਹੈ ਆਪਣੀ ਸ਼ਾਨ-ਏ-ਉਮਰੀ 'ਚ ਬਾਈਓਗਰਾਫੀ 'ਚ ਕਿ ਜਦੋਂ ਮੈਂ ਛੇ ਮੀਲ ਆ ਗਿਆ, ਉਹ ਹਿਰਨੀ ਮੇਰੇ ਪਿੱਛੇ-ਪਿੱਛੇ ਆਉਂਦੀ ਹੈ, ਜਿੱਥੇ ਮੈਂ ਖੜ੍ਹ ਜਾਵਾਂ ਉਥੇ ਉਹ ਖੜ੍ਹ ਜਾਵੇ, ਅਖੀਰ ਮੇਰੇ ਮਨ 'ਚ ਆਇਆ ਕਿ ਮਾਂ ਹੈ ਇਹ, ਬੱਚੇ ਦੀ ਮਮਤਾ 'ਚ ਤੁਰੀ ਆਉਂਦੀ ਹੈ, ਮੈਨੂੰ ਆਪਣਾ ਬੱਚਾ ਯਾਦ ਆ ਗਿਆ, ਆਪਣੀ ਘਰਵਾਲੀ ਯਾਦ ਆ ਗਈ, ਬੱਚੇ ਨੂੰ ਮੈਂ ਪਲੋਸਿਆ, ਰੱਸੇ ਖੋਲ੍ਹ ਦਿਤੇ, ਘੋੜੇ ਦੇ ਹੰਨੇ ਤੋਂ ਛੱਡ ਦਿਤਾ। ਮਾਂ ਨੂੰ ਮਿਲਿਆ ਜਾ ਕੇ, ਮਾਂ ਨੇ ਸੁੰਘਿਆ, ਉਪਰ ਨੂੰ ਮੂੰਹ ਕਰਿਆ ਜਿਵੇਂ ਖੁਦਾਵੰਦ ਤਾਲਾ ਦੇ ਵਾਰ-ਏ-ਗਾਹ ਖੁਦਾ ਦੇ ਵਿਚ ਦੁਆ ਕਰ ਰਹੀ ਹੈ। ਰਾਤ ਨੂੰ ਮੈਨੂੰ ਸੁਪਨਾ ਆਇਆ, ਫਰਿਸ਼ਤੇ ਆਏ ਕਹਿੰਦੇ ਸੁਬਕਤਦੀਨ ਤੂੰ ਅੱਜ ਇਕ ਦਇਆ ਦਾ ਕੰਮ ਕਰਿਆ ਹੈ। ਉਸੇ ਦੇ ਬਦਲੇ ਤੈਨੂੰ ਹਿੰਦੋਸਤਾਨ ਦੀ ਬਾਦਸ਼ਾਹੀ ਬਖਸ਼ ਦਿਤੀ। ਕਹਿਣ ਲੱਗਿਆ, ਬਾਦਸ਼ਾਹੀ ਮੈਨੂੰ ਅੱਲਾਹ ਤਾਲਾ ਦੀ ਮਿਹਰ ਦੇ ਸਦਕੇ ਪ੍ਰਾਪਤ ਹੋਈ ਹੈ ਕਿਉਂਕਿ ਇਕ ਜੀਵ ਦੇ ਉਤੇ ਮੈਂ ਦਇਆ ਕੀਤੀ ਸੀ। ਸੋ ਮਹਾਰਾਜ ਦਾ ਫੁਰਮਾਨ ਹੈ -

***ਅਠਸਠਿ ਤੀਰਥ ਸਗਲ ਪੁੰਨ***
***ਜੀਅ ਦਇਆ ਪਰਵਾਨੁ॥ ਅੰਗ - ੧੩੬***

68 ਤੀਰਥਾਂ ਦਾ ਪੁੰਨ ਮਿਲ ਜਾਏਗਾ ਇਕ ਜੀਵ ਉਤੇ ਦਇਆ ਕਰਨ ਦੇ ਨਾਲ। ਸੋ ਇਹ ਦਇਆ ਦਾ ਜਜ਼ਬਾ ਜਦੋਂ ਤੱਕ ਨਹੀਂ ਆਉਂਦਾ ਉਦੋਂ ਤੱਕ ਆਦਮੀ ਹਿੰਸਕ ਰਹਿੰਦਾ ਹੈ। ਇਸ ਤੋਂ ਅੱਗੇ ਹੋਇਆ ਕਰਦੀ ਹੈ ਕੋਮਲਤਾ। ਦਿਲੋਂ ਵੀ ਕੋਮਲ ਮੁਖ ਦੇ ਬਚਨ ਵੀ ਕੋਮਲ, ਵਰਤਾਵਾ ਵੀ ਕੋਮਲ। ਫੇਰ ਉਸ ਤੋਂ ਅੱਗੇ ਹੋਇਆ ਕਰਦੀ ਹੈ ਜੀਵਨ ਦੇ ਅੰਦਰ ਮਰਿਆਦਾ, ਸੰਜਮ ਜਿਸਨੂੰ ਆਖਦੇ ਨੇ। ਆਪ-ਹੁਦਰਾ ਜੀਵਨ ਨਾ ਹੋਵੇ, ਹਰ ਗੱਲ ਵਿਚ ਮਰਿਆਦਾ ਹੋਵੇ, 'ਅਲਪ ਆਹਾਰ ਸੁਲਪ ਸੀ ਨਿੰਦ੍ਰਾ ਦਇਆ ਛਿਮਾ ਤਨ ਪ੍ਰੀਤ' ਖਾਣਾ ਵੀ ਥੋੜ੍ਹਾ, ਸੌਣਾ ਵੀ ਹਿਸਾਬ ਦਾ, ਬੋਲਣਾ ਵੀ ਹਿਸਾਬ ਦਾ, ਚੁੱਪ ਕਰਨਾ ਵੀ ਹਿਸਾਬ ਦਾ, ਸਾਰੀ ਜੀਵਨ ਦੀ ਜਿੰਨੀ ਵਰਤੋਂ ਹੈ ਸਾਰੀ ਮਰਿਆਦਾ ਦੇ ਅੰਦਰ ਹੋਵੇ, ਬੇ-ਮਰਿਆਦਾ ਨਾ ਹੋਵੇ, ਆਪ-ਹੁਦਰਾਪਨ ਨਾ ਹੋਵੇ, ਸੋ ਇਸ ਤੋਂ ਬਾਅਦ ਪਵਿਤਰਤਾ ਹੋਇਆ ਕਰਦੀ ਹੈ, ਪਵਿੱਤਰਤਾ ਦੇ ਅੰਦਰ ਘਰ ਦੀ ਪਵਿੱਤਰਤਾ, ਵਸਤਰਾਂ ਦੀ ਪਵਿੱਤਰਤਾ, ਤਨ ਦੀ ਪਵਿੱਤਰਤਾ, ਇਸ਼ਨਾਨ ਕਰਕੇ ਬਚਨ ਦੀ ਪਵਿੱਤਰਤਾ, ਮਿੱਠਾ ਬੋਲ ਕੇ, ਰਸਨਾ ਦੀ ਪਵਿੱਤਰਤਾ, ਬੰਦਗੀ ਕਰਕੇ ਨਾਮ ਜਪ ਕੇ, ਬਾਣੀ ਪੜ੍ਹ ਕੇ। ਮਨ ਦੀ ਪਵਿੱਤਰਤਾ, ਮਨ ਦੇ ਨਾਲ ਸਰਬੱਤ ਦਾ ਭਲਾ ਮੰਨ ਕੇ। ਬੁੱਧੀ ਦੀ ਪਵਿੱਤਰਤਾ, ਬੁੱਧੀ ਦੇ ਨਾਲ ਨੇਕ ਕੰਮ ਚਿਤਵ ਕੇ ਪਰਉਪਕਾਰ ਦੇ ਕੰਮ ਚਿਤਵਣੇ। ਚਿੱਤ ਦੀ ਪਵਿੱਤਰਤਾ, ਚਿੱਤ ਦੇ ਅੰਦਰ ਹਰੀ ਦਾ ਜਸ ਸਮਾਉਣ ਦੇ ਨਾਲ, ਚਿੱਤ ਦੀ ਪਵਿੱਤਰਤਾ ਤੇ ਮੈਂ ਦੀ ਪਵਿੱਤਰਤਾ, ਨਿਰਮਲ ਕਰਮਾਂ ਦੇ ਨਾਲ। ਸੋ ਇਸ ਤਰ੍ਹਾਂ ਇਹ ਚੀਜ਼ਾਂ ਕੋਈ 11 ਹੋਇਆ ਕਰਦੀਆਂ ਨੇ। ਉਸ ਤੋਂ ਬਾਅਦ ਹੋਇਆ ਕਰਦੀਆਂ ਨੇ ਕੁਝ ਚੀਜ਼ਾਂ ਉਨ੍ਹਾਂ ਨੂੰ ਕਹਿੰਦੇ ਨੇ ਪਹਿਲਾ ਸੰਤੋਖ ਹੋਇਆ ਕਰਦਾ ਹੈ, ਯਥਾਲਾਭ ਸੰਤੁਸ਼ਟੇ' ਮਿਹਨਤ ਕਰੋ ਜੀਅ ਭਰ ਕੇ। ਜੋ ਕੁਛ ਪ੍ਰਾਪਤ ਹੋ ਗਿਆ ਉਸ ਉਤੇ ਸੰਤੁਸ਼ਟ ਰਹਿਣਾ। ਫੇਰ ਆਸਤਕਾਂ ਹੋਇਆ ਕਰਦੀ ਹੈ, ਨਾਸਤਕ ਖਿਆਲ ਨਹੀਂ ਹੁੰਦੇ। ਮਹਾਂਪੁਰਸ਼ਾਂ ਨੂੰ ਗੁਰੂ ਨੇ ਜੋ ਬਚਨ ਕਹੇ ਨੇ, ਇਨ੍ਹਾਂ ਨੂੰ ਵੇਦ ਵਾਕ ਸਮਝ ਕੇ ਰੱਬ ਦੇ ਵਾਕ ਸਮਝ ਕੇ, ਇਨ੍ਹਾਂ ਦੇ ਉਤੇ ਪੂਰੀ ਤਰ੍ਹਾਂ ਦੇ ਨਾਲ ਪਹਿਰਾ ਦੇਣਾ ਤੇ ਆਪਣੀ ਮਨ ਮਤ ਧਾਰਨ ਕਰਕੇ, **reject** ਨਾ ਕਰਨੇ, ਕੁਛ ਕੋਈ ਲਿਖੀ ਜਾਵੇ ਤੇ ਸਭ ਤੋਂ ਉਤਮ ਗੁਰੂ ਦੀ ਮਤ ਨੂੰ ਸਮਝਣਾ ਤੇ ਉਹਦੇ ਉਤੇ ਆਸਤਕ ਭਾਵਨਾ ਲਿਆਉਣੀ। ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਸਮਝਣਾ, ਫੇਰ ਦਾਨ ਹੋਇਆ ਕਰਦਾ ਹੈ। ਸਰੀਰਕ ਦਾਨ - ਦੂਸਰੇ ਦੀ ਮਦਦ ਕਰਨੀ, ਸੇਵਾ ਕਰਨੀ। ਮਾਇਆ ਦਾ ਦਾਨ - ਆਪਣੀ ਕਮਾਈ ਦੇ ਵਿਚੋਂ, ਬੱਚਤ ਵਿਚੋਂ ਦਸਵੰਧ ਦੇਣਾ। ਦੇਣਾ ਕਿੱਥੇ, 'ਖੇਤੁ ਪਛਾਣ ਬੀਜੇ ਦਾਨੁ'। ਉਥੇ ਦੇਣਾ ਜਿੱਥੇ ਫਲੀਭੂਤ ਹੁੰਦਾ ਹੈ। ਉਥੇ ਨਾ ਦੇਣਾ ਜਿੱਥੇ ਤਮੋ ਗੁਣ ਤੇ ਰਜੋ ਗੁਣ ਚਲਦੇ ਹੋਣ। ਜਿੱਥੇ ਆਪਣੇ ਵਾਸਤੇ ਖਾਧਾ ਪੀਤਾ ਜਾ ਰਿਹਾ ਹੈ, ਜਿਸ **purpose** ਕੋਈ ਨਹੀਂ ਹਾਸਲ ਹੋ ਰਿਹਾ। ਸੋ ਇਸ ਤੋਂ ਬਾਅਦ ਜ਼ੁਬਾਨ ਦਾ ਦਾਨ - ਮਿੱਠੇ ਬਚਨ ਕਰਨੇ। ਦੂਜੇ ਨੂੰ ਧੀਰਜ ਦੇਣੀ ਦਿਲਾਸਾ ਦੇਣਾ। ਮਨ ਦਾ ਦਾਨ, ਮਨ ਦੇ ਨਾਲ ਦੂਸਰੇ ਦਾ ਭਲਾ ਹੀ ਚਿਤਵਦੇ ਰਹਿਣਾ, ਬੁੱਧੀ ਦੇ ਨਾਲ ਉਸਦੇ ਸੰਕਟ ਦੂਰ ਕਰਨੇ। ਆਤਮ ਦਾਨ ਸੰਤ ਕਰਦੇ ਨੇ।

*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥ ਅੰਗ - ੭੪੯*

ਆਪਣੀ ਸ਼ਕਤੀ ਦੇ ਨਾਲ ਦੂਸਰੇ ਦਾ ਕਾਂਟਾ ਬਦਲ ਦੇਣਾ, ਨਰਕਾਂ ਨੂੰ ਜਾਂਦੇ-ਜਾਂਦੇ ਦਾ ਬੈਕੁੰਠ ਧਾਮ ਵਲ ਨੂੰ ਮੂੰਹ ਕਰ ਦੇਣਾ, ਸੱਚਖੰਡ ਵਲ। ਫੇਰ ਆਪਣੀ ਸ਼ਕਤੀ ਦੇ ਨਾਲ ਉਸ ਦਾ ਨਾਮ ਚਲਾਉਣਾ। ਉਸਨੂੰ ਨੇਕੀ ਵਿਚ ਪ੍ਰਵਿਰਤ ਕਰਨਾ। ਫੇਰ ਪੂਜਾ ਹੋਇਆ ਕਰਦੀ ਹੈ ਉਪਾਸਨਾ। ਉਪਾਸਨਾ ਗੁਰੂ ਦਾ ਧਿਆਨ। ਗੁਰੂ ਦੀ ਧਿਆਨ ਵਿਚ ਉਪਾਸਨਾ, ਬਾਹਰ ਉਪਾਸਨਾ। ਬਾਹਰੀ ਉਪਾਸਨਾ ਹੋਇਆ ਕਰਦੀ ਹੈ ਇਕ ਮਾਨਸਿਕ ਉਪਾਸਨਾ ਹੋਇਆ ਕਰਦੀ ਹੈ। ਮਹਾਂਪੁਰਸ਼ਾਂ ਤੋਂ ਇਹਦੀ ਜੁਗਤੀ ਦਾ ਪਤਾ ਲਗ ਜਾਂਦਾ ਹੈ ਕਿ ਕਿਸ ਤਰ੍ਹਾਂ ਦੇ ਨਾਲ ਉਪਾਸਨਾ ਕਰਨੀ ਚਾਹੀਦੀ ਹੈ। ਜਿਸ ਨੇ ਵੀ ਕੀਤੀ ਹੈ ਵੱਡੀਆਂ-ਵੱਡੀਆਂ ਪਦਵੀਆਂ ਪ੍ਰਾਪਤ ਕੀਤੀਆਂ ਨੇ। ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਧਿਆਨ ਧਰਨਾ ਤਾਂ ਇਕ ਬੁੱਤ ਪ੍ਰਸਤੀ ਹੈ, ਬੁੱਤ ਤਾਂ ਭਾਈ ਸਾਰੇ ਹੀ ਨੇ। ਸਾਰਾ ਦਿਨ ਬੁੱਤ ਪ੍ਰਸਤੀ ਕਰਦਾ ਹੈਂ, ਕਦੇ ਪੈਸਾ ਤੈਨੂੰ ਯਾਦ ਆਉਂਦਾ ਹੈ, ਕਦੇ ਘਰ ਯਾਦ ਆਉਂਦਾ ਹੈ, ਕਦੇ ਬੱਚੇ ਯਾਦ ਆਉਂਦੇ ਨੇ, ਕਦੇ ਪਤਨੀ ਯਾਦ ਆਉਂਦੀ ਹੈ, ਕਦੇ ਪਿਤਾ ਆਉਂਦਾ ਹੈ, ਕਦੇ ਮਾਤਾ ਆਉਂਦੀ ਹੈ। ਜੇ ਸਾਰਿਆਂ ਨੂੰ ਛੱਡ ਕੇ ਗੁਰੂ ਦੀ ਯਾਦ ਪੱਕੀ ਕਰ ਲਵੇਂ, ਤਾਂ ਕੁਛ ਤਰੱਕੀ ਹੋ ਸਕਦੀ ਹੈ ਕਿਉਂਕਿ ਗੁਰੂ ਜਿਹੜਾ ਹੈ ਉਹ ਕਿਤੇ ਜਾਂਦਾ ਨਹੀਂ, ਹਾਜ਼ਰ ਨਾਜ਼ਰ ਹੈ।

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥*
*ਸਿਮਰਿ ਸਿਮਰਿ ਤਿਸੁ ਸਦਾ ਸਮੑਾਲੇ ॥*
*ਅੰਗ - ੩੯੪*

*ਅਕਾਲ ਮੂਰਤਿ ਹੈ ਸਾਧ ਸੰਤਨ ਕੀ*
*ਠਾਹਰ ਨੀਕੀ ਧਿਆਨ ਕਉ ॥ ਅੰਗ - ੧੨੦੮*
*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥*
*ਅੰਗ - ੮੬੪*

ਸੋ ਉਪਾਸਨਾ ਹੋਇਆ ਕਰਦੀ ਹੈ, ਫਲ ਕਿੰਨਾ ਹੁੰਦਾ ਹੈ-

ਇਕ ਵਾਰੀ ਭਾਈ ਗੋਂਦਾ ਜੀ ਗੁਰੂ ਸਤਵੇਂ ਪਾਤਸ਼ਾਹ ਵੇਲੇ ਅੰਮ੍ਰਿਤ ਵੇਲੇ ਉਠਿਆ, ਕਾਬਲ ਕੰਧਾਰ ਦੇ ਅੰਦਰ। ਇਸ਼ਨਾਨ ਕਰਕੇ ਇਕਾਂਤ ਥਾਂ ਤੇ ਬੈਠ ਗਿਆ। ਲਿਵ ਲੱਗ ਗਈ, ਗੁਰੂ ਸਤਵੇਂ ਪਾਤਸ਼ਾਹ ਦੇ ਚਰਨਾਂ ਦਾ ਧਿਆਨ ਧਰ ਕੇ, ਨਿਮਰਤਾ ਦੇ ਨਾਲ ਚਰਨ ਫੜ ਲਏ। ਇਧਰ ਗੁਰੂ ਮਹਾਰਾਜ ਗੁਰੂ ਸਤਵੇਂ ਪਾਤਸ਼ਾਹ ਕੀਰਤਪੁਰ ਸਾਹਿਬ ਬੈਠੇ ਨੇ। ਅੱਜ ਦੀਵਾਨ ਦੀ ਸਮਾਪਤੀ ਹੋਈ ਆਪ ਉਠੇ, ਸਮਾਂ ਲੰਘਦਾ ਗਿਆ, ਚਾਰ ਵੱਜ ਗਏ। ਸੰਗਤ ਨੇ ਪ੍ਰਸ਼ਾਦਾ ਨਹੀਂ ਛਕਿਆ, ਲੰਗਰ ਨਹੀਂ ਵਰਤਿਆ। ਚਾਰ ਵਜੇ ਮਹਾਰਾਜ ਨੇ ਨੇਤਰ ਖੋਲ੍ਹ ਕੇ ਕਿਹਾ ਕਿ ਧੰਨ ਸਿੱਖੀ-ਧੰਨ ਸਿੱਖੀ-ਧੰਨ ਸਿੱਖੀ। ਪੁੱਛਿਆ, ਮਹਾਰਾਜ! ਕੀ ਗੱਲ? ਕਹਿਣ ਲੱਗੇ, ਭਾਈ ਗੁਰਮੁਖੋ! ਭਾਈ ਗੋਂਦੇ ਨੇ ਅੱਜ ਐਸੇ ਚਰਨ ਫੜੇ, ਐਸਾ ਜੱਫਾ ਮਾਰਿਆ ਕਿ ਅਸੀਂ ਚਰਨ ਨਾ ਹਿਲਾਏ ਕਿ ਉਹਨੂੰ ਕਿਤੇ ਤਕਲੀਫ ਨਾ ਹੋਵੇ। ਵਿਸਾਖੀ ਦੇ ਦੀਵਾਨ ਦੇ ਉਤੇ ਸੰਗਤ ਦੇ ਨਾਲ ਭਾਈ ਗੋਂਦਾ ਵੀ ਆਇਆ, ਗੁਰਸਿੱਖਾਂ ਨੇ ਪੁਛਿਆ ਕਿ ਕੋਈ ਦਿਨ ਐਸਾ ਵੀ ਹੈ ਫਲਾਣੇ ਦਿਨ, ਫਲਾਣੇ ਵੇਲੇ ਭਾਈ ਗੋਂਦਾ ਬੈਠਾ ਰਿਹਾ ਹੋਵੇ। ਕਹਿੰਦੇ, ਹਾਂ ਜੀ! ਉਸ ਦਿਨ ਚਾਰ ਵਜੇ ਤੱਕ ਬੈਠੇ ਰਹੇ। ਸੋ ਇਹ ਧਿਆਨ ਸ਼ਕਤੀ ਦੇ ਨਾਲ ਗੁਰੂ ਦੇ ਨਾਲ ਸਬੰਧ ਜੁੜ ਜਾਂਦਾ ਹੈ।

ਕੱਛੂ ਜੋ ਹੈ ਆਂਡੇ ਬਾਹਰ ਦਿੰਦਾ ਹੈ, ਰਹਿੰਦਾ ਪਾਣੀ 'ਚ ਹੈ। ਧਿਆਨ ਸ਼ਕਤੀ ਦੇ ਨਾਲ ਪਾਲਦਾ ਹੈ। ਕੂੰਜ ਜੋ ਹੈ ਆਂਡੇ ਦੇ ਆਉਂਦੀ ਹੈ ਤੇ ਸਿਮਰਨ ਸ਼ਕਤੀ ਦੇ ਨਾਲ ਪਾਲਦੀ ਹੈ, ਯਾਦ ਸ਼ਕਤੀ ਦੇ ਨਾਲ। ਸੋ ਇਹ ਧਿਆਨ ਕਹਾਉਂਦਾ ਹੈ ਉਪਾਸ਼ਨਾ ਕਹਾਉਂਦੀ ਹੈ। ਚਾਰ ਕਿਸਮ ਦੀ ਉਪਾਸਨਾ ਹੁੰਦੀ ਹੈ, ਸਾਕਾਰ ਦੀ ਉਪਾਸਨਾ, ਸ਼ਬਦ ਦੀ ਉਪਾਸਨਾ, ਜੋਤੀ ਦੀ ਉਪਾਸਨਾ ਤੇ ਨਿਰਾਕਾਰ ਵਾਹਿਗੁਰੂ ਪਰੀਪੂਰਨ ਦੀ ਉਪਾਸਨਾ। ਉਹਨੂੰ ਧਿਆਨ ਨਹੀਂ ਕਹਿੰਦੇ ਉਹ ਗਿਆਨ ਹੋਇਆ ਕਰਦਾ ਹੈ। ਸੋ ਇਸ ਤਰ੍ਹਾਂ ਨਿਤ ਕਰਮ ਕਰਨੇ। ਜੋ ਨਿਤਨੇਮ ਕਰਨਾ ਹੈ, ਪੰਜ ਬਾਣੀਆਂ ਦਾ, ਗਾਇਤ੍ਰੀ ਦਾ, ਪੰਜ ਨਮਾਜ਼ਾਂ ਦਾ ਉਹ ਕਰਨਾ ਹੀ ਜ਼ਰੂਰੀ ਹੈ ਚਾਹੇ ਕਿੱਡੀਓ ਅਵਸਥਾ ਤੇ ਕਿਉਂ ਨਾ ਪਹੁੰਚ ਜਾਵੇ। ਸੋ ਇਹ ਅਤਿ ਜ਼ਰੂਰੀ ਹੋਇਆ ਕਰਦਾ ਹੈ, ਇਸ ਤੋਂ ਅੱਗੇ ਹੋਇਆ ਕਰਦਾ ਹੈ ਕਿ ਪਾਖੰਡ ਨਹੀਂ ਕਰਨਾ ਕਿਸੇ ਤਰ੍ਹਾਂ ਦਾ ਵੀ। ਅੰਦਰੋਂ ਹੋਰ ਤੇ ਬਾਹਰੋਂ ਹੋਰ ਤੇ ਮਹਾਰਾਜ ਕਹਿੰਦੇ ਸਜ਼ਾ ਮਿਲਦੀ ਹੈ।

***ਭੇਖ ਦਿਖਇਓ ਜਗਤ ਕੋ ਲੋਗਨ ਕੋ ਵਸ ਕੀਨ।***
***ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮੋ ਲੀਨ।***

ਭੇਖ ਦਿਖਾ ਕੇ ਭੇਖ ਦੇ ਬਲ ਨਾਲ। ਕਿਉਂਕਿ ਭੇਖ 'ਚ ਸ਼ਕਤੀ ਹੁੰਦੀ ਹੈ 50% ਅਉਗੁਣ ਇਕੱਲੇ ਭੇਖ ਦੇ ਹੇਠਾਂ ਲੁਕ ਜਾਂਦੇ ਨੇ। ਜੇ 25% ਵੀ ਉਹਨੂੰ ਬੋਲਣਾ ਚਲਣਾ ਆਉਂਦਾ ਹੈ ਤਾਂ ਵੀ 75% ਉਹਦੇ 'ਚ ਗੁਣ ਆ ਗਏ ਤੇ ਸੰਸਾਰ ਵਸ ਹੋ ਜਾਂਦਾ ਹੈ। ਐਸੇ ਆਡੰਬਰ ਰਚਣੇ, ਜਿਹਦੇ ਨਾਲ ਦੂਸਰਿਆਂ ਦੀ ਕਮਾਈ ਆਪਣੇ ਹੱਥ ਵਿਚ ਆ ਜਾਏ। ਸੋ ਇਹ ਆਡੰਬਰ ਤੇ ਪਾਖੰਡ ਤੇ ਪ੍ਰਭਤਾ ਇਨ੍ਹਾਂ ਦਾ ਤਿਆਗ ਕਰਨਾ ਚਾਹੀਦਾ ਹੈ ਕਿ ਲੋਕ ਮੈਨੂੰ ਚੰਗਾ ਕਹਿਣ। ਮੈਂ ਐਸੇ ਕੰਮ ਕਰਾਂ ਕਿ ਮੇਰਾ ਜਸ ਹੋਵੇ। ਮਹਾਰਾਜ! ਕਹਿੰਦੇ ਤੂੰ ਮਾੜੇ ਕੰਮ ਕਰਦਾ ਹੈਂ। ਇਹ ਮਾਣ ਦੇ ਵਿਚੋਂ ਤਾਂ ਅਸੀਂ ਤੈਨੂੰ ਕੱਢਣਾ ਹੈ। ਤੂੰ

ਮਾਇਆ ਛੱਡ ਕੇ ਸਾਧੂ ਬਣ ਗਿਆ ਤੇ ਮਾਣ ਛੱਡਿਆ ਨਹੀਂ ਹੈ।

*ਕਬੀਰ ਮਾਇਆ ਤਜੀ ਤ ਕਿਆ ਭਇਆ*
*ਜਉ ਮਾਨੁ ਤਜਿਆ ਨਹੀ ਜਾਇ ॥*
*ਮਾਨ ਮੁਨੀ ਮੁਨਿਵਰ ਗਲੇ*
*ਮਾਨੁ ਸਭੈ ਕਉ ਖਾਇ॥* *ਅੰਗ - ੧੩੭੨*

ਸੋ ਇਸ ਤਰ੍ਹਾਂ ਦੇ ਨਾਲ ਸਾਂਤਕੀ ਬਿਰਤੀ ਰੱਖਣੀ। ਤਿੰਨ ਕਿਸਮ ਦੀਆਂ ਬਿਰਤੀਆਂ ਹੋਇਆ ਕਰਦੀਆਂ ਨੇ। ਇਕ ਤਮੋ ਗੁਣ ਬਿਰਤੀ ਹੁੰਦੀ ਹੈ ਜਿਹਦੇ ਵਿਚ ਅੰਧਕਾਰ ਹੁੰਦਾ ਹੈ, ਨਾਸਤਕਤਾ ਹੁੰਦੀ ਹੈ, ਗੁਰੂ ਦਾ ਉਪਦੇਸ਼, ਮਹਾਂਪੁਰਸ਼ਾਂ ਦਾ ਬਚਨ ਟਿਕਦਾ ਨਹੀਂ ਓਸ ਹਿਰਦੇ ਦੇ ਅੰਦਰ। ਇਕ ਦਮ ਕੱਟ ਦਿਆ ਕਰਦਾ ਹੈ। ਕਿਉਂਕਿ ਅੰਦਰ ਆਸਤਕਤਾ ਨਹੀਂ ਹੈ, ਚਲਾਕੀ ਦੇ ਨਾਲ ਸੁਣਦਾ ਹੈ ਤੇ ਉਹ ਤਿਲਕ ਜਾਇਆ ਕਰਦਾ ਹੈ, ਇਹਨੂੰ ਤਮੋ ਗੁਣ ਬਿਰਤੀ ਕਹਿੰਦੇ ਨੇ। ਅੰਧਕਾਰ ਦੀ ਬਿਰਤੀ। ਏਸ ਬਿਰਤੀ ਦੇ ਅੰਦਰ ਕੁਛ ਵੀ ਨਹੀਂ ਬਣਿਆ ਕਰਦਾ। ਆਦਮੀ ਹਨ੍ਹੇਰੇ 'ਚ ਰਹਿੰਦਾ ਹੈ। ਇਹ ਬਿਰਤੀ ਪੈਦਾ ਕਿਵੇਂ ਹੁੰਦੀ ਹੈ, ਮਾੜੀਆਂ ਚੀਜ਼ਾਂ ਖਾ ਕੇ, ਗਲਤ ਸੁਸਾਇਟੀ 'ਚ ਬੈਠ ਕੇ ਮਾਸ ਸ਼ਰਾਬ, ਆਂਡੇ, ਹੋਰ ਭੈੜੀਆਂ ਚੀਜ਼ਾਂ ਖਾ ਕੇ ਇਹ ਬਿਰਤੀ ਪੈਦਾ ਹੁੰਦੀ ਹੈ, ਇਸੇ ਤਰ੍ਹਾਂ ਉਹਦੇ ਅੰਦਰ ਨਿਸ਼ਾਨੀਆਂ ਹੁੰਦੀਆਂ ਨੇ। ਆਲਸ ਹੁੰਦਾ ਹੈ, ਕੌੜਾ ਹੁੰਦਾ ਹੈ, ਕਾਹਲਾ ਹੁੰਦਾ ਹੈ। ਸੋ ਇਹ ਬਿਰਤੀ ਜੋ ਹੈ ਇਹ ਭਜਨ ਕਰਨ ਵਾਲੀ ਬਿਰਤੀ ਨਹੀਂ ਹੈ। ਦੂਸਰੀ ਹੁੰਦੀ ਹੈ ਰਜੋ ਗੁਣ ਬਿਰਤੀ, ਰਜੋ ਗੁਣ ਬਿਰਤੀ ਚਟਪਟੀਆਂ ਚੀਜ਼ਾਂ ਦੀ ਖੁਰਾਕ ਹੋਇਆ ਕਰਦੀ ਹੈ ਤੇ ਹਰ ਵਕਤ ਹਿਰਦਾ ਟਿਕ ਕੇ ਨਹੀਂ ਬੈਠਦਾ। ਦੋ ਘੜੀਆਂ ਬੈਠ ਨਹੀਂ ਸਕਦਾ ਕਿਉਂਕਿ ਉਹਦੀ ਬਿਰਤੀ ਨਹੀਂ ਉਸਨੂੰ ਬੈਠਣ ਦਿੰਦੀ ਤੇ ਰਜੋ ਗੁਣ ਬਿਰਤੀ ਹੋਣ ਕਰਕੇ ਹਰ ਵਕਤ ਹਿਲਦਾ ਜੁਲਦਾ ਰਹਿੰਦਾ ਹੈ। ਤੀਸਰੀ ਹੁੰਦੀ ਹੈ ਸਤੋ ਗੁਣ ਬਿਰਤੀ। ਇਹ ਸਤੋਗੁਣੀ ਖੁਰਾਕ ਨਾਲ ਪੈਦਾ ਹੁੰਦੀ ਹੈ, ਸਤੋ ਗੁਣੀ ਸੰਗਤ ਨਾਲ ਪੈਦਾ ਹੁੰਦੀ ਹੈ, ਸਤੋ ਗੁਣ ਪੁਸ਼ਾਕ ਨਾਲ ਪੈਦਾ ਹੁੰਦੀ ਹੈ, ਸਤੋ ਗੁਣੀ ਰਿਹਾਇਸ਼ ਨਾਲ ਪੈਦਾ ਹੁੰਦੀ ਹੈ। ਸੋ ਇਹ ਜੋ ਬਿਰਤੀ ਹੈ ਇਹ ਭਜਨ ਕਰਨ ਦੇ ਕਾਬਲ ਹੋਇਆ ਕਰਦੀ ਹੈ। ਸੋ ਸਤੋ ਗੁਣ ਬਿਰਤੀ ਧਾਰਨ ਕਰਕੇ ਰੱਖਣੀ। ਫੇਰ ਹਿਰਦੇ ਦੇ ਵਿਚ ਨਿਮਰਤਾ ਰੱਖਣੀ। ਆਪਣੇ ਆਪ ਨੂੰ ਉੱਚਾ ਨਹੀਂ ਸਮਝਣਾ ਕਿ ਮੈਂ ਖਾਸ ਬੰਦਾ ਹਾਂ। ਲੋਕ ਮੇਰੀ ਇਜ਼ਤ ਕਰਨ। ਸਾਰੇ ਨਹੀਂ ਇਜ਼ਤ ਕਰਿਆ ਕਰਦੇ। ਜ਼ਰੂਰੀ ਨਹੀਂ ਹੈ ਕਿ ਸਾਰਾ ਸੰਸਾਰ ਕਿਸੇ ਨੂੰ ਚੰਗਾ ਕਹੇ। ਜੇ ਚੰਗੇ ਦਾ ਭਾਵ ਮਨ ਵਿਚ ਆ ਜਾਵੇ ਤੇ ਕੋਈ ਇਕ ਦੋ ਚਾਰ ਮੰਦਾ ਉਸਨੂੰ ਕਹਿ ਜਾਣ ਤਾਂ ਉਹ ਦੁਖੀ ਹੋ ਜਾਂਦਾ ਹੈ ਕਿ ਮੈਨੂੰ ਮੰਦਾ ਕਹਿ ਦਿਤਾ। ਮੈਂ ਤਾਂ ਮੰਦਾ ਨਹੀਂ ਹਾਂ। ਮਹਾਰਾਜ ਕਹਿੰਦੇ ਭੋਲਿਆ! ਹਮ ਨਹੀਂ ਚੰਗੇ ਬੁਰਾ ਨਹੀਂ ਕੋਇ। ਐਉਂ ਸਮਝ ਕਿ ਮੈਂ ਹੀ ਨਹੀਂ ਚੰਗਾ ਤੇ ਸੰਸਾਰ ਤੇ ਬੁਰਾ ਕੋਈ ਨਹੀਂ। ਜਦੋਂ ਤੂੰ ਪਹਿਲਾਂ ਹੀ ਆਖਰੀ ਲਾਈਨ ਤੇ ਆ ਗਿਆ ਫੇਰ ਤਾਂ ਤੇਰੀ ਕੋਈ ਨਿਰਾਦਰੀ ਕਰ ਨਹੀਂ ਸਕਦਾ। ਜੇ ਤੂੰ ਉਪਰ ਬੈਠ ਗਿਆ–

*ਆਪਸ ਕਉ ਜੋ ਭਲਾ ਕਹਾਵੈ ॥*
*ਤਿਸਹਿ ਭਲਾਈ ਨਿਕਟਿ ਨ ਆਵੈ ॥*
*ਅੰਗ - ੨੭੮*

ਜਿਹੜਾ ਕਹੇ ਮੈਂ ਚੰਗਾ ਹਾਂ ਉਹਦੇ ਭਲਾਈ ਨੇੜੇ-ਤੇੜੇ ਨਹੀਂ ਆਉਂਦੀ। ਸੋ ਨਿਮਰਤਾ ਧਾਰਨ ਕਰਕੇ ਰੱਖਣੀ। ਨਿਮਰਤਾ ਬਾਰੇ ਇਕ ਵਾਰੀ ਸੰਤ ਬੁੱਧੂ ਸ਼ਾਹ ਹੋਇਆ ਕਰਦੇ ਸੀ। ਸ਼ਾਹਪੁਰ ਵਲ ਪਾਕਿਸਤਾਨ 'ਚ। ਇਕ ਪਠਾਣ ਆ ਗਿਆ ਮੁਗਲ ਸਿਪਾਹੀ ਤੇ ਓਸ ਨੇ ਕਿਹਾ ਕਿ ਓ ਬੁੱਧੂ! ਰੋਟੀ ਖਿਲਾ ਮੈਨੂੰ। ਸੰਤਾਂ ਨੇ ਇਹ ਕਰਿਆ ਹੋਇਆ ਸੀ ਕਿ ਚੁਰਸਤੇ ਦੇ ਅੰਦਰ ਬਣਾਇਆ ਹੋਇਆ ਸੀ ਤੰਦੂਰ ਉਥੇ ਤਾਜ਼ੇ-ਤਾਜ਼ੇ ਪ੍ਰਸ਼ਾਦੇ ਲਾਹ ਕੇ, ਜਾਣ ਵਾਲੇ ਰਾਹੀਆਂ ਨੂੰ ਆਪ ਛਕਾਇਆ ਕਰਦੇ ਸੀ। ਪ੍ਰਸ਼ਾਦਾ ਜਦੋਂ ਲਾਹਿਆ ਥੋੜ੍ਹਾ ਜਿਹਾ ਸੇਕ ਜ਼ਿਆਦਾ ਲੱਗਣ ਕਰਕੇ, ਕਾਲਸ ਦਾ ਦਾਗ ਆ ਗਿਆ ਤੇ ਇਸਨੇ ਥੱਪੜ ਮਾਰਿਆ। ਆਪ ਗਰਮ ਨਹੀਂ ਹੋਏ, ਸਾਰੀਆਂ ਸ਼ਕਤੀਆਂ ਦੇ ਮਾਲਕ ਸੀ, ਐਡੀ ਦ੍ਰਿਸ਼ਟੀ ਸੀ ਕਿ ਜਿੱਥੇ ਨਿਗ੍ਹਾ ਕਰ ਦੇਣ ਸੋਨਾ ਹੀ ਸੋਨਾ ਬਣਾ ਦੇਣ। ਪੂਰਨ ਮਹਾਤਮਾ ਸੀ। ਕਿੰਨੀ ਨਿਮਰਤਾ ਸੀ ਕਹਿੰਦੇ ਜੀ ਮੇਰਾ ਨਾਂ ਮਾਂ ਨੇ ਬੁੱਧੂ ਰਖਿਆ ਹੈ, ਮੈਂ ਹਾਂ ਵੀ ਬੁੱਧੂ। ਐਧਰਲੇ ਪਾਸੇ ਇਕ ਹੋਰ ਲਾ ਦਿਓ ਤਾਂ ਕਿ ਫੇਰ ਮੈਨੂੰ ਅੱਗੇ ਵਾਸਤੇ ਗਲਤੀ ਕਰਨ ਤੋਂ ਪਹਿਲਾਂ ਸੋਚ ਆ ਜਾਵੇ। ਇਕ ਹੋਰ ਮਾਰ ਦਿਤਾ ਉਸ ਨੇ। ਆਪ ਨੇ ਕਿਹਾ ਕਿ ਹੁਣ ਤੁਸੀਂ ਬੈਠੋ ਮੈਂ ਲਿਆਉਂਦਾ ਹਾਂ ਪ੍ਰਸ਼ਾਦੇ। ਪ੍ਰਸ਼ਾਦਾ ਛਕਾਇਆ। ਇਹ ਮੁਗਲ ਸਿਪਾਹੀ ਪ੍ਰਸ਼ਾਦ ਛਕ ਕੇ ਜਦੋਂ ਤੁਰਿਆ, ਅਜੇ ਸੌ ਗਜ ਨਹੀਂ ਗਿਆ, ਉਥੇ ਘੋੜਾ ਸਿੱਧਾ ਖੜ੍ਹਾ ਹੋ ਗਿਆ ਡਰ ਕੇ ਤੇ ਇਹ ਧਰਤੀ ਤੋਂ ਗਿਰ ਗਿਆ, ਪੱਟ ਟੁੱਟ ਗਿਆ ਗਿਰਦੇ ਦਾ। ਹਾਏ-ਹਾਏ ਕਰੀ ਜਾਂਦਾ ਹੈ, ਸੰਤ ਬੁੱਧੂ ਜੀ ਨੇ ਉਸੇ ਵੇਲੇ ਪਾਲਕੀ ਮੰਗਾਈ ਡੇਰੇ ਲੈ ਗਏ ਆਪ ਪੱਟੀਆਂ ਕਰਕੇ ਲੱਤ ਚੜ੍ਹਵਾਈ। ਕਈ ਮਹੀਨੇ ਸੇਵਾ ਕਰੀ, ਸ਼ਰਮਿੰਦਾ ਹੋਈ ਜਾਵੇ ਕਿ ਮੈਂ ਤਾਂ ਇਹਦੇ ਥੱਪੜ ਮਾਰੇ ਸੀ, ਇਹ ਪ੍ਰੇਮੀ ਸੇਵਾ ਕਰ ਰਿਹਾ ਹੈ ਮੇਰੀ। ਜਦੋਂ ਰਹਿ ਕੇ ਉਥੇ ਦੇਖਿਆ ਕਿ ਇਥੇ ਤਾਂ ਵੱਡੇ-ਵੱਡੇ ਅਫਸਰ ਆ ਰਹੇ, ਵੱਡੇ-ਵੱਡੇ ਮਾਇਆਧਾਰੀ ਆ ਰਹੇ ਨੇ। ਸ਼ਰਮਿੰਦਾ ਹੋ ਗਿਆ, ਦੋ ਤਿੰਨ ਮਹੀਨੇ ਬਾਅਦ ਸੰਤਾਂ ਨੇ ਕਿਹਾ ਕਿ ਪ੍ਰੇਮੀਆ! ਜਾਹ ਹੁਣ ਤੂੰ ਰਾਜ਼ੀ ਹੋ ਗਿਆ। ਕਹਿੰਦਾ, ਮੇਰੀ ਗੁਸਤਾਖੀ ਮਾਫ ਕਰੋ। ਕਹਿੰਦੇ, ਤੂੰ ਕਰਿਆ ਕੀ ਸੀ, ਤੂੰ ਤਾਂ ਮੈਨੂੰ ਅਕਲ ਦਿਤੀ ਸੀ। ਸੋ ਇਸ ਨੂੰ ਨਿਮਰਤਾ ਕਹਿੰਦੇ ਨੇ। ਹਿਰਦੇ

'ਚ ਨਿਮਰਤਾ ਧਾਰਨ ਕਰਨੀ। ਫੇਰ ਮਿੱਠ ਬੋਲਾ ਹੁੰਦਾ ਹੈ, ਫੇਰ ਹੋਇਆ ਕਰਦਾ ਹੈ ਮਾਨਸਿਕ ਮੋਨ। ਬਿਰਤੀਆਂ ਨਾ ਕਿਤੇ ਜਾਣ ਦੇਣੀਆਂ। ਜਦੋਂ ਭਜਨ ਕਰਨਾ ਹੈ ਚਿੱਤ ਨੂੰ ਇਕਾਗਰ ਕਰਕੇ ਕਰਨਾ ਹੈ। ਮਨ ਨੂੰ ਦੌੜਨ ਤੋਂ ਰੋਕਣਾ ਹੈ, ਵਾਸ਼ਨਾਵਾਂ ਤੋਂ ਰੋਕਣਾ ਹੈ। ਫੇਰ ਹੋਮ ਹੋਇਆ ਕਰਦਾ ਹੈ, ਭੁੱਖੇ ਨੂੰ ਪ੍ਰਸ਼ਾਦਾ, ਨੰਗੇ ਨੂੰ ਵਸਤਰ, ਪਿਆਸੇ ਨੂੰ ਪਾਣੀ ਪਿਲਾਉਣਾ।

ਸੋ ਇਹ 14 ਗੁਣ ਧਾਰਨੇ ਪੈਂਦੇ ਨੇ। ਅਉਗਣ ਛੱਡਣੇ ਪੈਂਦੇ ਨੇ। 25 ਹਨ ਕੁੱਲ। ਇਸ ਤੋਂ ਇਲਾਵਾ ਨਿੰਦਿਆ, ਚੁਗਲੀ, ਆਸਾ, ਅੰਦੇਸਾ, ਤ੍ਰਿਸ਼ਨਾ, ਨਫਰਤ, ਕਾਮ ਵਾਸ਼ਨਾ-

***ਦੇਖ ਪਰਾਈਆ ਚੰਗੀ ਮਾਵਾਂ ਧੀਆ ਭੈਣਾਂ ਜਾਣੇ।***
***ਨਿਜ ਨਾਰੀ ਕੇ ਸਾਥ ਨੇਹੁੰ ਤੁਮ ਨਿਤ ਬਡਈਓ***
***ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੀ ਨ ਜੈਯਹੁ॥***
***ਰੂਪ ਕੁਆਰ ਪ੍ਰਥਾਇ, ਪਾ. ੧੦***

ਸੋ ਇਸ ਤਰ੍ਹਾਂ ਦੇ ਨਾਲ ਮੰਦ ਵਾਸ਼ਨਾ ਤਿਆਗਣੀ, ਲਾਲਚ, ਕ੍ਰੋਧ, ਮੋਹ ਦਾ ਤਿਆਗ ਇਹ ਤਕਰੀਬਨ 35 ਕੁ ਰਹਿਤਾਂ ਨੇ ਤੇ ਬਾਕੀ ਹਨ ਜੋ ਪੰਜ ਪਿਆਰੇ ਦਸਦੇ ਨੇ ਪੰਜ ਰਹਿਤਾਂ। ਸੋ ਇਸ ਤਰ੍ਹਾਂ ਦੇ ਨਾਲ ਇਨ੍ਹਾਂ ਦਾ ਤਿਆਗ ਕਰਨਾ ਤੇ ਪੰਜ ਕਿਸਮ ਦੇ ਅਭਿਮਾਨਾਂ ਦਾ ਤਿਆਗ ਕਰਨਾ। ਰਾਜ ਮਾਲ, ਰੂਪ ਜਾਤ, ਜੋਬਨ ਪੰਜੇ ਠੱਗ। ਸੋ ਇਨ੍ਹਾਂ ਦਾ ਤਿਆਗ ਕਰਨ ਤੋਂ ਬਾਅਦ ਫੇਰ ਉਹਨੂੰ ਗੁਰੂ ਨਾਮ ਦਿੰਦਾ ਹੈ। ਫੇਰ ਨਾਮ ਦੀ ਕਮਾਈ ਚਲਦੀ ਹੈ, ਨਾਮ ਦੀ ਕਮਾਈ ਵਾਸਤੇ ਇਕਾਂਤ ਥਾਂ ਜਿਥੇ ਕੋਈ ਰੁਕਾਵਟ ਨਾ ਹੋਵੇ, ਰੌਲਾ ਰੱਪਾ ਨਾ ਹੋਵੇ, ਉਥੇ ਐਸੇ ਆਸਣ ਦੇ ਉਤੇ ਬੈਠਣਾ ਕਿ ਬਾਰ-ਬਾਰ ਲੱਤਾਂ ਨਾ ਹਿਲਾਉਣੀਆਂ ਪੈਣ। ਉਸ ਤੋਂ ਬਾਅਦ ਪ੍ਰਾਣਾਂ ਦੇ ਉਪਰ ਕੰਟਰੋਲ ਕਰਨਾ। ਪ੍ਰਾਣਾਂ ਦਾ ਕੰਟਰੋਲ ਹੁੰਦਾ ਹੈ ਈੜਾ, ਪਿੰਗਲਾ, ਸੁਖਮਨਾ ਤਿੰਨ ਨਾੜੀਆਂ ਹੁੰਦੀਆਂ ਨੇ। ਈੜਾ ਨੂੰ ਸੂਰਜ ਨਾੜੀ ਕਹਿੰਦੇ ਨੇ। ਪਿੰਗਲਾ ਜੋ ਹੁੰਦੀ ਹੈ ਉਹ ਚੰਦਰਮਾ ਨਾੜੀ ਹੁੰਦੀ ਹੈ ਤੇ ਸੁਖਮਨਾ ਸੈਂਟਰ ਦੀ ਨਾੜੀ ਹੋਇਆ ਕਰਦੀ ਹੈ, ਨਿਯਮਤ ਮਰਿਆਦਾ ਦੇ ਨਾਲ ਸੁਆਸ ਅੰਦਰ ਨੂੰ ਲਿਜਾਣਾ ਤੇ ਉਹਦੇ ਨਾਲ ਵਾਹਿਗੁਰੂ ਦਾ ਨਾਮ ਜਪਣਾ। ਫੇਰ ਉਸਨੂੰ ਰੋਕਣਾ ਥੋੜ੍ਹੀ ਦੇਰ ਵਾਸਤੇ, ਫੇਰ ਉਸਨੂੰ ਛੱਡਣਾ ਫੇਰ ਉਹਦੇ ਨਾਲ ਵੀ ਨਾਮ ਜਪਣਾ। ਇਹ ਤਰੀਕਾ ਹੈ ਗੁਰੂ ਘਰ ਦੇ ਅੰਦਰ। ਬੰਦਗੀ ਕਰਨ ਵਾਲਿਆਂ ਨੂੰ ਮਹਾਂਪੁਰਸ਼ ਦਸ ਦਿਆ ਕਰਦੇ ਨੇ ਕਿ ਕਿਸ ਤਰ੍ਹਾਂ ਦੇ ਨਾਲ ਤੂੰ ਮਨ ਦਾ ਵਹਾਓ ਤੇ ਵੇਗ ਰੋਕਣਾ ਹੈ। ਉਸ ਤੋਂ ਬਾਅਦ ਹੋਇਆ ਕਰਦਾ ਹੈ ਬਾਰ-ਬਾਰ ਮਨ ਦੌੜਦਾ ਤੇ ਉਹਨੂੰ ਫੇਰ ਰੋਕਣਾ, ਫੇਰ ਦੌੜਦਾ ਹੈ ਫੇਰ ਰੋਕਣਾ, ਦੌੜਦਾ ਕਾਹਦੇ ਤੇ ਹੈ ਵਾਸ਼ਨਾਵਾਂ ਤੇ ਦੌੜਦਾ ਹੈ, ਪੰਜ ਇਹਦੇ ਵਿਚ ਵਿਸ਼ੇ ਹੁੰਦੇ ਨੇ ਉਨ੍ਹਾਂ ਦੇ ਵਾਸਤੇ ਧਾਈ ਕਰਦਾ ਹੈ। ਵਾਸ਼ਨਾ ਹੁੰਦੀ ਹੈ, ਧਨ ਵਾਸ਼ਨਾ, ਪੁੱਤਰ ਵਾਸ਼ਨਾ, ਲੋਕ ਵਾਸ਼ਨਾ ਤੇ ਹੋਰ ਅਨੇਕਾਂ ਕਿਸਮ ਦੀਆਂ ਵਾਸ਼ਨਾਵਾਂ ਮਨ ਦੌੜਦਾ ਜਾ ਕੇ ਆਪ ਹੀ ਫਿਰੀ ਜਾਂਦਾ ਹੈ। ਸੋ ਇਨ੍ਹਾਂ ਨੂੰ ਬਾਰ-ਬਾਰ ਰੋਕ ਕੇ ਨਾਮ ਵਲ ਲਾਓ। ਫੇਰ ਉਸ ਤੋਂ ਬਾਅਦ ਬਾਰ-ਬਾਰ ਅਭਿਆਸ ਕਰੀ ਜਾਣਾ ਕਿ ਮੈਂ ਦੋ ਮਿੰਟ ਵੀ ਆਪਣਾ ਮਨ ਏਧਰ-ਓਧਰ ਨਹੀਂ ਜਾਣ ਦੇਣਾ। ਫੇਰ ਛੁੱਟੀ ਦੇ ਦਿਤੀ, ਫੇਰ ਬਹਿ ਗਿਆ, ਫੇਰ ਦੋ ਮਿੰਟ ਛੁਟੀ ਦੇ ਦਿਤੀ। ਇਹਨੂੰ ਧਾਰਨਾ ਕਹਿੰਦੇ ਨੇ। ਇਸ ਤੋਂ ਬਾਅਦ ਹੋਇਆ ਕਰਦਾ ਹੈ ਧਿਆਨ। ਧਿਆਨ ਦੇ ਵਿਚ ਫੇਰ ਮਹੱਵ ਹੋ ਜਾਣਾ। 25 ਮਿੰਟ ਤੱਕ ਧਿਆਨ ਲਾਉਣ ਨੂੰ ਛੋਟੀ ਸਮਾਧੀ ਕਹਿੰਦੇ ਨੇ। 3 ਘੰਟੇ ਜੇ ਧਿਆਨ ਲਗ ਜਾਵੇ ਤਾਂ ਇਹਨੂੰ ਸਮਾਧੀ ਕਹਿੰਦੇ ਨੇ। ਸਮਾਧੀਆਂ ਫੇਰ ਦੋ ਕਿਸਮ ਦੀਆਂ ਹੁੰਦੀਆਂ ਨੇ। ਇਕ ਨੂੰ ਸੰਪਰਗਿਆਤ ਤੇ ਦੂਜੀ ਨੂੰ ਅਸੰਪਰਗਿਆਤ ਸਮਾਧੀ ਕਹਿੰਦੇ ਨੇ। ਇਕ ਨੂੰ ਸਾ ਵਿਕਲਪ ਤੇ ਇਕ ਨੂੰ ਨਿਰਵਿਕਲਪ। ਸੋ ਨਿਰਵਿਕਲਪ ਦੇ ਉਤੇ ਸੁੰਨ ਸਮਾਧ ਹੋਇਆ ਕਰਦੀ ਹੈ ਜਿਹਦੇ ਬਾਰੇ ਮਹਾਰਾਜ ਦਾ ਫੁਰਮਾਨ ਹੈ -

***ਅਨਹਤ ਸੁੰਨਿ ਰਤੇ ਸੇ ਕੈਸੇ ॥***
***ਜਿਸ ਤੇ ਉਪਜੇ ਤਿਸ ਹੀ ਜੈਸੇ ॥***
***ਅੰਗ - ੯੪੩***

ਜਿਨ੍ਹਾਂ ਦੀ ਅਨਹਤ ਸੁੰਨ 'ਚ ਸਮਾਧੀ ਲੱਗ ਗਈ ਉਹ ਵਾਹਿਗੁਰੂ ਵਰਗੇ ਹੋ ਜਾਇਆ ਕਰਦੇ ਨੇ। ਸੋ ਇਹ ਚੀਜ਼ਾਂ, ਇਹ ਗੁਣ ਜਿਸ ਵਿਚ ਹੋਣ ਉਹਨੂੰ ਸਿੱਖ ਆਖਿਆ ਜਾਂਦਾ ਹੈ। ਸਿੱਖ ਫੇਰ ਬੰਦਗੀ ਕਰਦਾ-ਕਰਦਾ ਆਪਣੇ ਮਾਰਗ ਤੇ ਹੋਰ ਉਪਰ ਚੜ੍ਹਦਾ ਹੈ। ਉਹ ਸੰਤ ਦੇ ਮਾਰਗ ਤੇ ਗੁਰਮੁਖ ਦੀ ਪਦਵੀ ਤੇ ਪਹੁੰਚਦਾ ਹੈ। ਉਹਦੀ ਰਹਿਤ ਕੀ ਹੋਇਆ ਕਰਦੀ ਹੈ। ਪਤਾ ਕਿਵੇਂ ਲੱਗੇ ਕਿ ਇਹ ਸੰਤ ਹੈ ਕਿ ਅਸੰਤ ਹੈ। ਭੇਖ ਨਾਲ ਤਾਂ ਸੰਤ ਨਹੀਂ ਬਣਦਾ। ਸੋ ਉਹਦੇ ਵਿਚ ਮਹਾਰਾਜ ਫੁਰਮਾਨ ਕਰਦੇ ਨੇ ਕਿ ਉਹਦਾ ਜੋ ਨਿਹਚਾ ਹੋਇਆ ਕਰਦਾ ਹੈ ਉਹ ਹਰ ਵਕਤ ਵਾਹਿਗੁਰੂ ਨੂੰ ਆਪਣੇ ਨਾਲ ਦੇਖਦਾ ਹੈ।

***ਆਠ ਪਹਰ ਨਿਕਟਿ ਕਰਿ ਜਾਨੈ ॥***
***ਪ੍ਰਭ ਕਾ ਕੀਆ ਮੀਠਾ ਮਾਨੈ ॥ ਅੰਗ - ੩੯੨***

ਚੰਗਾ ਹੋ ਗਿਆ ਤਾਂ ਵੀ ਭਲਾ, ਮਾੜਾ ਹੋ ਗਿਆ ਤਾਂ ਵੀ ਭਲਾ। ਕੋਈ ਪਰਿਵਾਰ ਵਿਚ ਜੀਅ ਆ ਕੇ ਰਲ ਗਿਆ ਤਾਂ ਵੀ ਭਲਾ, ਚਲਿਆ ਗਿਆ ਤਾਂ ਵੀ ਭਲਾ। ਸਮਾਨ ਬਿਰਤੀ ਹੁੰਦੀ ਹੈ, ਸਮਾਨ ਬਿਰਤੀ 'ਚ ਰਹਿੰਦੇ ਨੇ।

***ਪ੍ਰਭ ਕੀ ਆਗਿਆ ਆਤਮ ਹਿਤਾਵੈ ॥***
***ਜੀਵਨ ਮੁਕਤਿ ਸੋਊ ਕਹਾਵੈ ॥***

*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*
*ਅੰਗ - ੨੭੫*

ਵਿਹੁ ਤੇ ਅੰਮ੍ਰਿਤ ਨੂੰ ਇਕ ਕਰਕੇ ਜਾਣਨਾ, ਗਰੀਬ ਤੇ ਅਮੀਰ ਵਿਚ ਫਰਕ ਨਾ ਜਾਣਨਾ। ਚਾਹੇ ਬਾਦਸ਼ਾਹ ਆ ਜਾਵੇ, ਚਾਹੇ ਬਿਲਕੁਲ ਗਰੀਬ ਆ ਜਾਵੇ। ਸੋ ਸਮਾਨ ਬਿਰਤੀ ਰੱਖਣੀ। ਸੋ ਗੁਰੂ ਆਗਿਆ ਹਿਤ ਲੱਗੇ, ਪਿਆਰੀ ਲੱਗੇ।

*ਪ੍ਰਭ ਕਾ ਕੀਆ ਮੀਠਾ ਮਾਨੈ ॥ ਅੰਗ - ੩੯੨*

ਤੇ ਉਹਦਾ ਆਧਾਰ ਕੀ ਹੁੰਦਾ ਹੈ, ਸੰਤਾਂ ਦਾ ਕਹਿੰਦੇ ਮਾਨ ਹੁੰਦਾ ਹੈ? ਉਪਮਾ ਹੁੰਦੀ ਹੈ, ਉਸਤਤ ਹੁੰਦੀ ਹੈ, ਵਡਿਆਈ ਹੁੰਦੀ ਹੈ? ਮਹਾਰਾਜ ਕਹਿੰਦੇ, ਨਾ ਪ੍ਰੇਮੀਓ! ਸੰਤਾਂ ਦਾ ਆਧਾਰ ਨਹੀਂ ਹੁੰਦੀਆਂ ਇਹ ਚੀਜ਼ਾਂ। ਵਿਸ਼ੇ ਵਿਕਾਰ, ਪਾਪੀ ਪੁਰਸ਼ਾਂ ਦਾ ਆਧਾਰ ਨਸ਼ੇ ਹੁੰਦੇ, ਸ਼ਰਾਬਾਂ, ਕਬਾਬਾਂ, ਅਨੇਕਾਂ ਕਿਸਮ ਦੇ ਮਨ ਪਰਚਾਵੇ। ਸੰਤਾਂ ਦਾ ਆਧਾਰ ਨਾਮ ਹੁੰਦਾ ਹੈ ਜੋ ਸਭ ਤੋਂ ਉਤਮ ਹੈ।

*ਏਕੁ ਨਾਮੁ ਸੰਤਨ ਆਧਾਰੁ ॥*
*ਹੋਇ ਰਹੇ ਸਭ ਕੀ ਪਗ ਛਾਰੁ॥ ਅੰਗ - ੩੯੨*

ਚਰਨਾਂ ਦੀ ਧੂੜ ਬਣੇ ਰਹਿੰਦੇ ਨੇ ਸਾਰਿਆਂ ਦੀ। ਕੁਛ ਕਰਕੇ ਦਿਖਾਉਂਦੇ ਨਹੀਂ, ਸਾਰੀਆਂ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ। ਸੋ ਇਸ ਤਰ੍ਹਾਂ ਨਾਲ –

*ਸੰਤ ਰਹਤ ਸੁਨਹੁ ਮੇਰੇ ਭਾਈ ॥*
*ਉਆ ਕੀ ਮਹਿਮਾ ਕਥਨੁ ਨ ਜਾਈ ॥੧॥ਰਹਾਉ॥*
*ਵਰਤਨਿ ਜਾ ਕੈ ਕੇਵਲ ਨਾਮ ॥*
*ਅਨਦ ਰੂਪ ਕੀਰਤਨੁ ਬਿਸ੍ਰਾਮ ॥ ਅੰਗ - ੩੯੨*

ਉਥੇ ਵਰਤਣ ਨਾਮ ਦੀ ਚਲਦੀ ਹੈ, ਹਰੀ ਦੇ ਨਾਮ ਦੀ ਚਲਦੀ ਹੈ, ਹਰੀ ਦਾ ਨਾਮ ਚਲਦਾ ਹੈ ਹਰ ਵਕਤ।

*ਮਿਤ੍ਰੁ ਸਤ੍ਰੁ ਜਾ ਕੈ ਏਕ ਸਮਾਨੈ ॥*
*ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥*
*ਅੰਗ - ੩੯੨*

ਚਾਹੇ ਮਿਤਰ ਆ ਗਿਆ, ਚਾਹੇ ਸ਼ਤਰੂ ਆ ਗਿਆ। ਦੋਹਾਂ ਨੂੰ ਇਕ ਕਰਕੇ ਜਾਣਦਾ ਹੈ। ਫਰਕ ਨਹੀਂ ਰਖਦੇ।

ਬਾਬਾ ਆਇਆ ਸਿੰਘ ਜੀ, ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਤੋਂ ਬਾਅਦ, ਆਪ ਨੇ ਡੇਰੇ ਦੀਆਂ ਗਊਆਂ ਨੂੰ ਬਲੋਚਸਤਾਨ ਪਠਾਣਾਂ ਨੇ ਆ ਕੇ ਕੱਢ ਲਿਆ। ਤੇ ਜਦੋਂ ਸਰਹੱਦ ਪਾਰ ਕਰਨ ਲੱਗੇ ਤਾਂ ਉਥੇ ਫੌਜਦਾਰਾਂ ਨੇ ਦੇਖ ਲਿਆ ਕਿ ਆਹ ਤਾਂ ਡੇਰੇ ਦੀਆਂ ਗਊਆਂ ਨੇ। ਕਿਉਂਕਿ ਫੌਜੀ ਉਥੇ ਆਮ ਤੌਰ ਤੇ ਆਉਂਦੇ ਸੀ। ਪਠਾਣ ਫੜ ਲਏ, ਮੁਸਕਾਂ ਦੇ ਦਿਤੀਆਂ ਤੇ ਡੇਰੇ ਲੈ ਆਏ।

ਇਧਰ ਬਾਬਾ ਜੀ ਜਦੋਂ ਅੰਮ੍ਰਿਤ ਵੇਲੇ ਬਾਹਰ ਆਏ। ਸੇਵਾਦਾਰਾਂ ਨੇ ਕਿਹਾ ਕਿ ਮਹਾਰਾਜ! ਅੱਜ ਗਊਆਂ ਤਾਂ ਲੈ ਗਏ ਚੋਰ ਸਾਰੀਆਂ। ਕਹਿੰਦੇ, ਬਛੜੇ? ਕਹਿੰਦੇ, ਉਹ ਛੱਡ ਗਏ। ਕਹਿੰਦੇ, ਜਾਓ ਪਿਛੇ-ਪਿਛੇ ਇਹ ਵੀ ਦੇ ਆਓ। ਇਹ ਬਛੜੇ ਲਈ ਜਾਂਦੇ ਨੇ, ਉਧਰੋਂ ਫੌਜੀ ਗਊਆਂ ਮੋੜੀ ਆਉਂਦੇ ਨੇ। ਰਾਹ 'ਚ ਮਿਲਾਪ ਹੋ ਗਿਆ, ਅਖੀਰ ਮਹਾਰਾਜ ਦੇ ਡੇਰੇ ਆ ਗਏ। ਕਹਿਣ ਲੱਗੇ, ਪ੍ਰੇਮੀਓ! ਤੁਸੀਂ ਸਾਨੂੰ ਦੱਸ ਦਿੰਦੇ ਅਸੀਂ ਆਪ ਆਪਣੇ ਸਿੰਘ ਭੇਜ ਦਿੰਦੇ, ਤੁਸੀਂ ਕਾਹਨੂੰ ਭਾਈ ਇਹ ਰੋਕੇ ਨੇ? ਕਹਿੰਦੇ, ਲੈ ਜਾਓ, ਗਊਆਂ ਵੀ ਨਾਲ ਲੈ ਜਾਓ, ਬਛੜੇ ਵੀ ਲੈ ਜਾਓ। ਹੁਣ ਉਹ ਲਿਜਾਂਦੇ ਨਹੀਂ, ਕਹਿੰਦੇ ਇਹ ਤਾਂ ਅੱਲਾਹ ਤਾਲਾ ਦਾ ਬੰਦਾ ਹੈ। ਇੰਨੇ ਨੂੰ ਪੁਲਿਸ ਆ ਗਈ, ਬਿਆਨ ਲੈਣੇ ਸ਼ੁਰੂ ਹੋ ਗਏ। ਸੰਤ ਮਹਾਰਾਜ ਨੂੰ ਪੁਛਿਆ ਕਿ ਮਹਾਰਾਜ! ਤੁਹਾਡੇ ਡੇਰੇ ਦੀਆਂ ਗਊਆਂ ਨੇ? ਕਹਿੰਦੇ, ਨਾ ਭਾਈ।

ਪੁਛਿਆ, ਇਹ ਚੋਰ ਨੇ?

ਕਹਿੰਦੇ ਨਾ ਇਹ ਚੋਰ ਤਾਂ ਨਹੀਂ, ਇਹ ਤਾਂ ਲੋੜਵੰਦ ਨੇ। ਜਿਨ੍ਹਾਂ ਪ੍ਰੇਮੀਆਂ ਕੋਲ ਫਾਲਤੂ ਹੁੰਦੇ ਨੇ ਉਹ ਬੰਨ੍ਹ ਜਾਂਦੇ ਨੇ ਇਥੇ, ਅਸੀਂ ਸੇਵਾ ਕਰਦੇ ਹਾਂ, ਆਈਆਂ ਸੰਗਤਾਂ ਦੁੱਧ ਪੀਂਦੀਆਂ ਨੇ, ਇਹ ਲੋੜਵੰਦ ਸੀ ਲੈ ਗਏ। ਸੋ ਚੋਰ ਨਾ ਇਨ੍ਹਾਂ ਨੂੰ ਕਹੋ।

ਸੋ ਐਸਾ ਮਿਤ੍ਰ ਦੇ ਨਾਲ ਤੇ ਸ਼ਤਰੂ ਦੇ ਨਾਲ ਇਕ ਵਿਹਾਰ ਕਰਨਾ। 20-20 ਸੇਰ ਨਾਲ ਚੌਲ ਦਿਤੇ ਕਿ ਇਹ ਲੈ ਜਾਓ ਭਾਈ, ਪ੍ਰਸ਼ਾਦੇ ਛਕ ਲਿਆ ਕਰੋ, ਫੇਰ ਲੈ ਜਾਇਆ ਕਰੋ ਸਾਡੇ ਤੋਂ ਆ ਕੇ।

ਕਿਸੇ ਕਿਸਮ ਦਾ ਵੀ ਰੋਗੀ ਆ ਜਾਵੇ, ਮਾਨਸਿਕ ਰੋਗੀ ਆ ਜਾਵੇ, ਸਰੀਰਕ ਰੋਗੀ ਆ ਜਾਵੇ, ਆਰਥਿਕ ਰੋਗੀ ਆ ਜਾਵੇ, ਚਿੰਤਾ ਦਾ ਮਾਰਿਆ ਹੋਇਆ ਰੋਗੀ ਆ ਜਾਵੇ, ਹਉਮੈ ਦਾ ਰੋਗੀ ਆ ਜਾਵੇ, ਸਾਰਿਆਂ ਦਾ ਦੁੱਖ ਦੂਰ ਕਰਦੇ ਨੇ।

ਕਰੋੜਾਂ ਪਾਪਾਂ ਨੂੰ ਦੂਰ ਕਰ ਦਿੰਦੇ ਨੇ। ਦਾਤਾਰ ਹੋਇਆ ਕਰਦੇ ਨੇ। ਸੂਰਬੀਰ ਬਚਨ ਕੇ ਬਲੀ, ਜੋ ਬਚਨ ਮੂੰਹ 'ਚੋਂ ਨਿਕਲ ਗਿਆ ਉਹ ਪੂਰਾ ਹੋ ਜਾਣਾ ਹੈ।

ਇਕ ਵਾਰੀ ਭਾਈ ਗੋਦੜੀਆ ਗੁਰੂ ਸਤਵੇਂ ਪਾਤਸ਼ਾਹ ਵੇਲੇ ਬੜਾ ਅਨਿੰਨ ਗੁਰਸਿੱਖ ਸੀ। ਭਾਈ ਗਉਰੇ ਪਾਸ ਸੀ। ਇਹ ਦਾਨਾ ਪੀਂਹਦੇ ਹੁੰਦੇ ਸੀ ਘੋੜਿਆਂ ਵਾਸਤੇ। ਇਕ ਦਿਨ ਭਾਈ ਗੋਰਾ ਆਪਣੇ ਨਿਜੀ ਸੇਵਕ ਨੂੰ ਮਾਰ ਰਿਹਾ ਸੀ, ਕੋਈ ਗਲਤੀ ਹੋ ਗਈ ਸੀ, ਕੁੱਟ ਰਿਹਾ ਸੀ, ਮੁੱਕੇ ਮਾਰ ਰਿਹਾ ਸੀ। ਭਾਈ ਗੋਦੜੀਆ ਨੇ ਕਿਹਾ ਕਿ ਕਿਉਂ ਮਾਰਦਾ ਹੈਂ? ਕਹਿਣ ਲੱਗਿਆ, ਤੈਨੂੰ ਕੀ ਪਤਾ ਤੂੰ ਆਪਣਾ ਕੰਮ ਕਰ। ਕਹਿੰਦੇ, ਬੜਾ ਆਫਰਿਆ ਹੋਇਆ ਹੈਂ, ਐਨਾ ਕਹਿਣ ਦੀ ਦੇਰ ਸੀ ਚੀਕਾਂ ਮਾਰ ਕੇ ਧਰਤੀ ਤੇ ਗਿਰ ਪਿਆ। ਗੋੜੇ ਖਾਂਦਾ ਫਿਰਦਾ ਹੈ। ਕਹਿੰਦਾ, ਛੇਤੀ ਕਰੋ। ਭਾਈ ਗੋਦੜੀਏ ਤੋਂ ਪੁੱਛਾਂ। ਬੇਨਤੀ ਕੀਤੀ ਗਈ ਕਹਿੰਦੇ ਕੁਛ ਨਹੀਂ ਹੁੰਦਾ, ਲੈ ਉਥੋਂ ਚੁਟਕੀ ਇਕ ਆਟੇ ਦੀ ਦੇ ਦਿਤੀ, ਕਹਿੰਦੇ ਪਾ ਲੈ ਮੂੰਹ 'ਚ ਦਵਾਈ। ਉਹ ਉਥੇ ਹੀ ਠੀਕ ਹੋ ਗਿਆ। ਉਹਨੇ ਕਿਹਾ ਕਿ ਇਹਦਾ ਤਾਂ ਬਚਨ ਬੜਾ ਬਲੀ ਹੈ। ਬੜੇ ਆਦਰ ਸਤਿਕਾਰ ਦੇ ਨਾਲ ਘਰ ਭੇਜ ਦਿਤੇ। ਘਰਦਿਆਂ ਨੂੰ ਪਤਾ ਹੀ ਨਹੀਂ ਸੀ ਕਿ ਸਾਡਾ ਪਿਓ ਕੀ ਹੈ। ਕਹਿੰਦੇ ਓ ਆ ਗਿਆ, ਉਹਦੇ ਘੋੜਿਆਂ ਦਾ ਦਾਨਾ ਪੀਹੀ ਜਾਂਦਾ ਸੀ। ਕੰਮ ਕਰਨ ਲਾ ਲਿਆ ਘਰ ਦੇ ਅੰਦਰ। ਪੰਜ ਚਾਰ ਪੁੱਤਰ ਸੀ ਨੂੰਹਾਂ ਸੀ, ਸਵੇਰੇ ਹੀ ਕੰਮ ਤੇ ਭੇਜ ਦੇਣਾ, ਨਾ ਪਿਛੋਂ ਲੱਸੀ ਭੇਜਣੀ, ਨਾ ਰੋਟੀ ਭੇਜਣੀ। ਕਹਿਣਾ ਘਰ ਆ ਕੇ ਖਾ ਜਾਈਂ। ਬੜੇ ਨਿਰਾਦਰ ਦੀ ਜ਼ਿੰਦਗੀ ਬਤੀਤ ਕਰਦੇ ਰਹੇ।

ਇਕ ਦਿਨ ਦੀ ਗੱਲ ਰੋਹੀ ਦਾ ਖੇਤ ਸੀ, ਰਸਤੇ ਦੇ ਉਤੇ ਸਰੋਂ ਪੁੱਟਣ ਵਾਸਤੇ ਭੇਜ ਦਿਤਾ, ਰੇਤੇ ਵਾਲਾ ਖੇਤ ਸੀ। ਦਾਤੀ ਨਹੀਂ ਦਿਤੀ, ਕਹਿੰਦੇ ਜੜ੍ਹਾਂ ਤੋਂ ਹੀ ਪੁੱਟੀ ਜਾਈਂ। ਸੋ ਇਸ ਤਰ੍ਹਾਂ ਕਰਦੇ-ਕਰਦੇ ਚਾਰ ਵੱਜ ਗਏ, ਨਾ ਕਿਸੇ ਨੇ ਪਾਣੀ ਨਾ ਕਿਸੇ ਨੇ ਲੱਸੀ, ਨਾ ਕਿਸੇ ਨੇ ਰੋਟੀ। ਉਥੇ ਕੋਈ ਜਾਨਣ ਵਾਲੇ ਆ ਗਏ ਕਿ ਹੈਂ ਭਾਈ ਗੋਦੜੀਆ ਐਡਾ ਮਹਾਤਮਾ ਇਹ ਕੀ ਕਰਨ ਲੱਗਿਆ ਹੋਇਆ ਹੈ। ਕਹਿਣ ਲੱਗੇ, ਭਾਈ ਸਾਹਿਬ! ਇਹ ਕੀ ਕਰ ਰਹੇ ਓਂ? ਕਹਿਣਾ ਤਾਂ ਸੀ ਕਿ ਸਰ੍ਹੋਂ ਦੀਆਂ ਜੜ੍ਹਾਂ ਪੁੱਟ ਰਿਹਾ ਹਾਂ। ਇਕ ਹਫਤੇ ਦੇ ਅੰਦਰ-ਅੰਦਰ ਸਾਰੇ ਹੀ ਪੁੱਤ, ਸਾਰੇ ਹੀ ਬੱਚੇ ਸਾਰੀਆਂ ਹੀ ਨੂੰਹਾਂ ਸਭ ਸਫਾਇਆ ਹੋ ਗਿਆ। ਅਫਸੋਸ ਕਰਨ ਆਉਂਦੇ ਨੇ ਕਿ ਤੁਹਾਡੇ ਘਰ ਤੇ ਤਾਂ ਬੜਾ ਗ੍ਰਹਿ ਆ ਗਿਆ। ਕਹਿੰਦੇ ਕੋਈ ਨਹੀਂ, ਮਹਾਰਾਜ ਨੇ ਵਿਹਲੇ ਕਰ ਦਿਤੇ ਹੁਣ ਨਾਮ ਜਪਾਂਗੇ। ਜਾਂਦੇ-ਜਾਂਦੇ ਇਕ ਪਿੰਡ ਚਲੇ ਗਏ, ਉਥੇ ਇਕ ਮਾਈ ਨੇ ਦਹੀਂ ਲਿਆਂਦਾ। ਮਿਰਚਾਂ ਪਾ ਦਿਤੀਆਂ। ਭਾਂਡੇ ਲੈਣ ਆਈ ਕਹਿੰਦੀ, ਸੰਤ ਜੀ! ਦਹੀਂ ਠੀਕ ਸੀਗਾ। ਕਹਿੰਦੇ, ਦਹੀਂ ਤਾਂ ਮਰ ਜਾਣੀਏ ਠੀਕ ਸੀ, ਤੂੰ ਮਿਰਚਾਂ ਬਹੁਤੀਆਂ ਪਾ ਦਿਤੀਆ। ਮਰਜਾਣੀ ਕਹਿ ਹੋ ਗਿਆ। ਘਰ ਆਈ, ਆਉਂਦੀ ਦੇ ਹੀ ਸੱਪ ਲੜ ਗਿਆ। ਸਾਰਾ ਕਹਿਣ ਲੱਗੇ ਕੇ ਭਾਈ ਗੋਦੜੀਏ ਤੋਂ ਬਚ ਕੇ ਰਹੋ, ਕੋਈ ਗੱਲ ਨਾ ਕਹੋ। ਸੋ ਇਹ ਬਚਨ ਦੇ ਬਲੀ ਹੁੰਦੇ ਨੇ।

*ਸੂਰਬੀਰ ਬਚਨ ਕੇ ਬਲੀ ॥*
*ਕਉਲਾ ਬਪੁਰੀ ਸੰਤੀ ਛਲੀ ॥ ਅੰਗ - ੩੯੨*

ਮਾਇਆ ਦਾ ਅਸਰ ਨਹੀਂ ਉਨ੍ਹਾਂ ਤੇ ਹੋਇਆ ਕਰਦਾ। ਤੇ ਉਨ੍ਹਾਂ ਦੀ ਮਹਿਮਾ ਕਿੰਨੀ ਹੁੰਦੀ ਹੈ।

*ਤਾ ਕਾ ਸੰਗੁ ਬਾਛਹਿ ਸੁਰਦੇਵ ॥ ਅੰਗ - ੩੯੨*

ਦੇਵਤੇ ਵੀ ਉਨ੍ਹਾਂ ਦੇ ਦੀਵਾਨ ਵਿਚ ਬਹਿ ਜਾਂਦੇ ਨੇ, ਪ੍ਰਵਚਨ ਸੁਣਨ ਲਗ ਜਾਇਆ ਕਰਦੇ ਨੇ।

*ਮੋਘ ਦਰਸੁ ਸਫਲ ਜਾ ਕੀ ਸੇਵ ॥*
*ਅੰਗ - ੩੯੨*

ਉਹਦੇ ਦਰਸ਼ਨ ਕਰਨ ਨਾਲ ਹੀ ਪਾਪ ਦੂਰ ਹੋ ਜਾਂਦੇ ਨੇ। ਸੇਵਾ ਕਰਨ ਨਾਲ ਬੜੇ ਭਾਰੇ ਵਿਘਨ ਦੂਰ ਹੋ ਜਾਂਦੇ ਨੇ।

*ਕਰ ਜੋੜਿ ਨਾਨਕੁ ਕਰੇ ਅਰਦਾਸਿ ॥*
*ਮੋਹਿ ਸੰਤਹ ਟਹਲ ਦੀਜੈ ਗੁਣਤਾਸਿ ॥*
*ਅੰਗ - ੩੯੨*

ਹੇ ਵਾਹਿਗੁਰੂ ਮੇਰੇ ਤੇ ਵੀ ਤੂੰ ਦਿਆਲੂ ਹੋ ਜਾ, ਮੈਨੂੰ ਐਸੇ ਸੰਤਾਂ ਦੀ ਟਹਿਲ ਦੇ। ਸੋ ਇਹ ਸੰਤਾਂ ਦੀ ਜਦੋਂ ਅਵਸਥਾ ਹੁੰਦੀ ਹੈ ਤਾਂ ਫੇਰ ਉਹ ਹਰ ਵਕਤ ਵਾਹਿਗੁਰੂ ਦਾ ਚਿੰਤਨ ਕਰਦੇ ਨੇ। ਵਾਹਿਗੁਰੂ ਦੀ ਗੱਲ ਕਰਦੇ ਨੇ, ਆਪਸ ਵਿਚ ਵੀ ਜੋ ਵਿਚਾਰ ਕਰਨਗੇ ਉਸ ਵੇਲੇ ਵਾਹਿਗੁਰੂ ਦੀ ਵਿਚਾਰ ਕਰਨਗੇ ਤੇ ਜਦੋਂ ਦੇਖਣਗੇ ਸਭ ਵਿਚ ਹੀ ਵਾਹਿਗੁਰੂ ਦੇਖਣਗੇ ਤੇ ਬ੍ਰਹਮਾਕਾਰ ਬਿਰਤੀ ਹੁੰਦੀ ਹੈ, ਹਰ ਵਕਤ ਦੇਖਦੇ ਨੇ।

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥*
*ਅੰਗ - ੯੨੨*

ਹਰ ਵਕਤ ਪ੍ਰਮੇਸ਼ਰ, ਪ੍ਰਭੂ ਨੂੰ ਦੇਖਦੇ ਨੇ ਸਭ 'ਚ ਤੇ ਪ੍ਰਭੂ ਉਨ੍ਹਾਂ ਕੋਲ ਸਾਖਸ਼ਾਤਕਾਰ ਰਹਿੰਦਾ ਹੈ, ਲੁਕਿਆ ਹੋਇਆ ਨਹੀਂ ਹੁੰਦਾ। ਫਲ ਕੀ ਹੁੰਦਾ ਹੈ ਕਿ ਹਉਮੈ ਦਾ ਨਾਸ਼ ਪੂਰਨ ਤੌਰ ਤੇ ਹੋ ਜਾਇਆ ਕਰਦਾ ਹੈ। ਅਗਿਆਨ ਦੀ ਨਵਿਰਤੀ ਹੋ ਜਾਂਦੀ ਹੈ ਅਤੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ।

*ਗਿਆਨ ਅੰਜਨੁ ਗੁਰਿ ਦੀਆ*
*ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ*
*ਨਾਨਕ ਮਨਿ ਪਰਗਾਸੁ ॥ ਅੰਗ - ੨੯੩*

ਪਰਗਾਸ ਹੋ ਗਿਆ, ਸਥਿਤੀ ਪੱਕ ਗਈ ਤੇ ਅਵਸਥਾ ਇਸ ਤੋਂ ਅੱਗੇ ਚਲੀ ਗਈ। ਉਸ ਤੋਂ ਅੱਗੇ ਅਵਸਥਾ ਕੀਹਦੀ ਹੁੰਦੀ ਹੈ, ਬ੍ਰਹਮਗਿਆਨੀ ਦੀ ਹੋਇਆ ਕਰਦੀ ਹੈ। ਉਨ੍ਹਾਂ ਦੇ ਅੰਦਰ ਉਪਰਾਮਤਾ ਹੁੰਦੀ ਹੈ। ਕਿਤੇ ਦਿਲ ਨਹੀਂ ਲਾਇਆ ਕਰਦੇ ਕਿ ਇਥੇ ਟਿਕ ਕੇ ਬਹਿ ਗਏ, ਦੂਸਰਾ ਪੂਰੀ ਤਰ੍ਹਾਂ ਨਿਰਬਾਨ ਹੁੰਦੇ ਨੇ। ਤੀਸਰਾ ਪ੍ਰਵਿਰਤੀ ਦਾ ਪੂਰੀ ਤਰ੍ਹਾਂ ਅਵਾਨ ਹੁੰਦਾ ਹੈ, ਹੋਵੇ ਤਾਂ ਵੀ ਚੰਗਾ, ਕੱਖ ਵੀ ਨਾ ਹੋਵੇ ਤਾਂ ਵੀ ਚੰਗਾ, ਪ੍ਰਵਿਰਤੀ ਦੇ ਵਿਚ ਲੀਨ ਨਹੀਂ ਹੁੰਦੇ, ਆ ਗਿਆ ਤਾਂ ਵੀ ਠੀਕ ਹੈ, ਨਹੀਂ ਆਇਆ ਤਾਂ ਵੀ ਠੀਕ ਹੈ। ਅਭਾਵ ਹੋਇਆ ਕਰਦਾ ਹੈ ਕਿਸੇ ਚੀਜ਼ ਨਾਲ ਮੋਹ ਨਹੀਂ ਹੋਇਆ ਕਰਦਾ। ਬਾਬਾ ਗੁਰਬਖਸ਼ ਸਿੰਘ ਜੀ ਦਾ ਡੇਰਾ ਅਹਿਮਦਸ਼ਾਹ ਅਬਦਾਲੀ ਨੇ ਲੁੱਟ ਲਿਆ। ਲਾਹੌਰ ਪਤਾ ਲੱਗਿਆ ਕਿ ਉਹ ਤਾਂ ਬੜੇ ਖੁਦਾ ਰਸੀਦਾ ਪੁਰਸ਼ ਨੇ, ਬਾਬਾ ਜੀ ਨੂੰ ਬੁਲਾਇਆ ਕਹਿਣ ਲੱਗੇ, ਤੁਸੀਂ ਚੀਜ਼ਾਂ ਪਛਾਣ ਲਓ ਅਸੀਂ ਵਾਪਸ ਕਰ ਦੇਈਏ। ਐਡੇ-ਐਡੇ ਬਰਤਨ ਚੁੱਕੇ ਗਏ ਧਿਆਨ ਹੀ ਨਹੀਂ ਦਿਤਾ। ਸਭ ਨੇ ਮਸਤਕ ਨਿਵਾ ਦਿਤਾ ਕਿਉਂਕਿ ਪਦਾਰਥ ਅਭਾਵ ਨਹੀਂ ਸੀ ਉਥੇ। ਸੋ ਵਾਦ-ਵਿਵਾਦ 'ਚ ਨਹੀਂ ਪੈਂਦੇ ਸੰਤ ਕਿਸੇ ਵੀ, ਕੋਈ ਝਗੜਾ ਨਹੀਂ ਮੁੱਲ ਲੈਂਦੇ, ਮਾੜੀਆਂ ਗੱਲਾਂ ਕਹੀ ਜਾਵੇ ਕੋਈ ਚੁੱਪ ਕਰ ਰਹਿੰਦੇ ਨੇ, ਕੋਈ ਸ਼ੰਕਾ ਨਵਿਰਤ ਕਰੇ ਫੇਰ ਗੱਲ ਕਰਦੇ ਨੇ, ਨਹੀਂ ਐਵੇਂ ਨਹੀਂ ਗੱਲਾਂ ਕਰਦੇ। ਬੜੇ ਮਹਾਤਮਾ ਦੀਆਂ ਐਸੀਆਂ ਸਾਖੀਆਂ ਨੇ ਕਿ ਬਾਦ-ਵਿਵਾਦ 'ਚ ਨਹੀਂ ਉਹ ਪਏ, ਅਭਾਵ ਹੁੰਦਾ ਹੈ ਉਨ੍ਹਾਂ ਦੇ ਅੰਦਰ ਆਪੇ ਹੀ। ਦੁੱਖ ਦਾ ਵੀ ਅਭਾਵ ਹੁੰਦਾ ਹੈ, ਦੁਖ ਨੂੰ ਵੀ ਸੁੱਖ ਕਰਕੇ ਮੰਨਦੇ ਨੇ।

ਭਾਈ ਮਨੀ ਸਿੰਘ ਦੇ ਬੰਦ-ਬੰਦ ਕੱਟੇ ਜਾ ਰਹੇ ਨੇ। ਜਿਸ ਵਕਤ ਪਹਿਲਾ ਅੰਗ ਕਲਾਈ ਤੋਂ ਕੱਟਣਾ ਸ਼ੁਰੂ ਕਰਿਆ, ਕਹਿਣ ਲੱਗੇ, ਜਲਾਦ ਤੂੰ ਹੁਕਮ ਦੀ ਪਾਲਣਾ ਨਹੀਂ ਕਰ ਰਿਹਾ। ਕਹਿੰਦਾ ਹੁਕਮ ਹੋਇਆ ਹੈ ਬੰਦ ਕੱਟਣ ਦਾ। ਕਹਿੰਦੇ ਬੰਦ ਤਾਂ ਉਂਗਲੀਆਂ ਤੋਂ ਸ਼ੁਰੂ ਹੁੰਦੇ ਨੇ, ਤਿੰਨ ਬੰਦ ਪਹਿਲੀ ਉਂਗਲੀ ਦੇ, ਤਿੰਨ ਚੀਚੀ ਦੇ, 15 ਇਹ ਹੋ ਗਏ ਤੇ ਫੇਰ ਸੋਲ੍ਹਵਾਂ ਆਹ ਮੇਰੀ ਕਲਾਈ ਆਉਂਦੀ ਹੈ, ਤੂੰ ਫਾਹਾ ਵਢਦਾ ਹੈਂ। ਜੇ ਦੁਖ ਦਾ ਪਤਾ ਹੁੰਦਾ ਤਾਂ ਕਿਉਂ ਕਹਿੰਦੇ, ਇਹ ਕਹਿੰਦੇ ਕਿ ਗਰਦਨ ਵੱਢ ਪਹਿਲਾਂ ਪਿਛੋਂ ਵੱਢ ਦੇਈ ਬਾਕੀ। ਅਭਾਵ ਹੁੰਦਾ ਹੈ ਤੇ ਨਿਰਵਾਣ ਅਨੰਦ ਹੁੰਦਾ ਹੈ। ਨਿਰਵਾਣ ਅਨੰਦ ਉਹਨੂੰ ਕਹਿੰਦੇ ਨੇ ਕਿ ਜਿਹੜਾ ਟੁੱਟੇ ਨਾ।

*ਖੋਜਤ ਖੋਜਤ ਤਤੁ ਬੀਚਾਰਿਓ*
*ਦਾਸ ਗੋਵਿੰਦ ਪਰਾਇਣ ॥*
*ਅਬਿਨਾਸੀ ਖੇਮ ਚਾਹਹਿ ਜੇ ਨਾਨਕ*
*ਸਦਾ ਸਿਮਰਿ ਨਾਰਾਇਣ ॥* *ਅੰਗ - ੭੧੪*

ਇਹ ਜੋ ਹੋਇਆ ਕਰਦੀ ਹੈ ਇਹਦਾ ਫਲ ਕੀ ਹੋਇਆ ਕਰਦਾ ਹੈ, ਵਾਸ਼ਨਾਵਾਂ ਪੂਰੀ ਤਰ੍ਹਾਂ ਨਾਲ ਖਤਮ ਹੋ ਜਾਂਦੀਆਂ ਨੇ ਤੇ ਹਰ ਪਾਸੇ ਵਾਹਿਗੁਰੂ ਨਜ਼ਰ ਆਉਂਦਾ ਹੈ।

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥*
*ਅੰਗ - ੨੭੨*

ਸੁਖਮਨੀ ਸਾਹਿਬ ਜੀ ਦੀ ਜੋ ਅਸਟਪਦੀ ਹੈ ਅੱਠਵੀਂ ਉਹਦੇ ਅੰਦਰ ਮਹਾਰਾਜ ਜੀ ਨੇ ਬ੍ਰਹਮਗਿਆਨੀ ਦੇ ਲੱਛਣ ਕਥਨ ਕੀਤੇ ਨੇ। ਵਿਚਾਰ ਵਾਲੇ ਉਥੋਂ ਪੜ੍ਹ ਲਓ ਤੇ ਆਪ ਦਾ ਫੁਰਮਾਨ ਹੈ ਕਿ -

*ਬ੍ਰਹਮ ਗਿਆਨੀ ਸਦਾ ਨਿਰਲੇਪ ॥*
*ਜੈਸੇ ਜਲ ਮਹਿ ਕਮਲ ਅਲੇਪ ॥*
*ਬ੍ਰਹਮ ਗਿਆਨੀ ਸਦਾ ਨਿਰਦੋਖ ॥*
*ਜੈਸੇ ਸੂਰੁ ਸਰਬ ਕਉ ਸੋਖ ॥*
*ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥*
*ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥*
*ਬ੍ਰਹਮ ਗਿਆਨੀ ਕੈ ਧੀਰਜੁ ਏਕ ॥*
*ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥*
*ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥*
*ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥*
*ਅੰਗ - ੨੭੨*

ਕਿੱਡਾ ਦਰਜਾ ਉੱਚਾ ਹੋ ਗਿਆ, ਮਹਾਰਾਜ ਕਹਿੰਦੇ -

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥*
*ਅੰਗ - ੨੭੨*

ਵਾਹਿਗੁਰੂ ਦਾ ਹੀ ਸਰੂਪ ਹੋ ਜਾਇਆ ਕਰਦਾ ਹੈ। ਸੋ ਇਸ ਤਰ੍ਹਾਂ ਹੋਰ ਦਰਜਾ ਜਦੋਂ ਇਸ ਤੋਂ ਵੀ ਪਰਪੱਕ ਹੋ ਜਾਇਆ ਕਰਦਾ ਹੈ ਉਥੇ ਪਦਾਰਥ ਦੀ ਅਭਾਵਨੀ ਹੋ ਜਾਂਦੀ ਹੈ। ਵਾਹਿਗੁਰੂ 'ਚ ਸਥਿਤ ਹੋ ਜਾਂਦਾ ਹੈ, ਸੰਸਾਰ ਅਲੋਪ ਹੋ ਜਾਂਦਾ ਹੈ ਪੂਰੀ ਤਰ੍ਹਾਂ ਦੇ ਨਾਲ। ਨਾ ਕੋਈ ਆਪਣਾ ਰਹਿੰਦਾ ਹੈ ਨਾ ਕੋਈ ਬੇਗਾਨਾ ਰਹਿੰਦਾ ਹੈ। ਨਾ ਕੋਈ ਬੁਰਾ ਰਹਿੰਦਾ ਹੈ, ਨਾ ਕੋਈ ਚੰਗਾ ਰਹਿੰਦਾ ਹੈ, ਕੀ ਦੇਖਦਾ ਹੈ -

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥* *ਅੰਗ - ੪੦੭*

ਇਹ ਤਾਂ ਤੂੰ ਰਹਿ ਗਿਆ, ਇਥੇ ਤਾਂ ਦੂਜਾ ਕੋਈ ਨਹੀਂ ਹੈ।

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ ॥* *ਅੰਗ - ੬੧੦*

ਬ੍ਰਹਮ ਦੀ ਪਛਾਣ, ਬ੍ਰਹਮ ਦਾ ਰੂਪ ਬਣ ਗਿਆ, ਵਾਹਿਗੁਰੂ ਦਾ ਸਰੂਪ ਬਣ ਗਿਆ ਤੇ ਹੁਣ ਬਾਹਰ ਅਸਰ ਕੀ ਹੁੰਦਾ ਹੈ ਕਹਿੰਦੇ ਤਤੂ ਦਾ ਪੂਰਨ ਗਿਆਨ ਹੋ ਗਿਆ, ਇਹ ਨਹੀਂ ਹੈ ਕਿ ਘੰਟਾ ਗਿਆਨ ਰਿਹਾ, ਦੋ ਘੰਟੇ ਗਿਆਨ ਰਿਹਾ, ਸਮਾਂ ਖਤਮ ਹੋ ਜਾਂਦਾ ਹੈ ਉਹਦੇ ਕੋਲ ਤੇ ਮਨੋ ਨਾਸ਼ ਹੋ ਜਾਂਦਾ ਹੈ। ਮਨ ਹੁਣ ਫੁਰਨੇ ਨਹੀਂ ਕਰਦਾ। ਹੁਣ ਹੁੰਦਾ ਕੀ ਹੈ, ਇਥੇ **cosmic** ਮਨ ਕੰਮ ਕਰਦਾ ਹੈ, ਜੀਹਨੂੰ ਹੁਕਮ ਕਹਿੰਦੇ ਨੇ, ਗੁਰੂ ਨਾਨਕ ਨੂੰ ਪੁੱਛਿਆ ਸਿੱਧਾਂ ਨੇ, ਗੋਰਖਨਾਥ ਨੇ ਕਿ ਹੇ ਨਾਨਕ! ਤੂੰ ਜੇ ਇਹ ਕਹਿੰਦਾ ਹੈ ਕਿ ਸੰਸਾਰ ਜਿਹੜਾ ਹੈ ਇਹ ਹਉਮੈ ਤੋਂ ਬਣਿਆ ਹੈ, ਹਉਮੈ ਜਾਵੇ ਕਿਵੇਂ? ਸਵਾਲ ਇਹ ਸੀ –

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥*
*ਅੰਗ – ੯੪੬*

ਮਹਾਰਾਜ ਕਹਿੰਦੇ –

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥ ਅੰਗ – ੯੪੬*

ਕਹਿਣ ਲੱਗੇ, ਫੇਰ ਹਉਮੈ ਜਾਵੇ ਕਿਵੇਂ? ਕਿਵ ਸਚਿਆਰਾ ਹੋਇਐ ਕਿਵ ਕੂੜੈ ਤੁਟੈ ਪਾਲਿ' ਸਵਾਲ ਕਰ ਦਿਤਾ। ਮਹਾਰਾਜ ਕਹਿੰਦੇ –

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥*
*ਅੰਗ – ੧*

ਮਨ ਦਾ ਨਾਸ਼ ਹੋ ਗਿਆ, ਹੁਣ ਮਨ ਫੁਰਨੇ ਨਹੀਂ ਕਰਦਾ। **cosmic** ਮਨ ਸਰੀਰ ਨੂੰ ਚਲਾ ਰਿਹਾ ਹੈ। ਹੁਣ ਜੋ ਸਰੀਰ ਚਲ ਰਿਹਾ ਹੈ ਰੀਮੋਟ ਕੰਟਰੋਲ ਨਾਲ ਚਲ ਰਿਹਾ ਹੈ ਆਪਣੀ ਮਰਜ਼ੀ ਨਾਲ ਨਹੀਂ ਚੱਲ ਰਹੀ। ਓਸ ਪਰਮ ਸੱਤਾ ਦੀ ਮਰਜ਼ੀ ਨਾਲ ਚਲ ਰਹੀ ਹੈ ਜਿਹੜਾ ਸਾਰੇ ਸੰਸਾਰ ਨੂੰ ਚਲਾ ਰਿਹਾ ਹੈ। ਉਹ ਇਸ ਨੂੰ ਵੀ ਚਲਾ ਰਿਹਾ ਹੈ ਕਿਉਂਕਿ ਇਥੇ ਮਨੋਨਾਸ਼ ਹੋ ਗਿਆ ਤੇ ਵਾਸ਼ਨਾ ਖ੍ਹੈ ਹੋ ਗਈ। ਕੋਈ ਵੀ ਵਾਸ਼ਨਾ, ਕਿਸੇ ਕਿਸਮ ਦੀ ਮਨ 'ਚ ਉਠਦੀ ਹੀ ਨਹੀਂ। ਦ੍ਰਿਸ਼ਟੀ ਉਸ ਦੀ ਸਮ ਦ੍ਰਿਸ਼ਟੀ ਹੋ ਗਈ। ਨਾ ਕੋਈ ਦੁਸ਼ਮਨ ਹੈ, ਨਾ ਕੋਈ ਮਿਤਰ ਹੈ, ਨਾ ਕੋਈ ਆਪਣਾ ਹੈ ਨਾ ਕੋਈ ਬੇਗਾਨਾ ਹੈ, ਸਮਦ੍ਰਿਸ਼ਟੀ 'ਚ ਆ ਗਏ। ਇਕੋ ਦ੍ਰਿਸ਼ਟੀ ਸਾਰਿਆਂ ਦੇ ਉਤੇ ਰੱਖ ਦਿਤੀ ਤੇ ਪਰਮ ਚੇਤਨ ਵਾਹਿਗੁਰੂ ਦੇ ਅੰਦਰ ਸਥਿਤੀ ਹੋ ਗਈ ਜੀਉਂਦੇ–ਜੀਉਂਦੇ ਹੀ। ਹੁਣ ਦੋ ਨਹੀਂ ਰਹੇ, ਪੂਰਨ ਤੌਰ ਤੇ ਇਕ ਹੋਇਆ–ਹੋਇਆ ਹੈ ਤੇ ਅਦ੍ਵੈਤ ਦ੍ਰਿਸ਼ਟੀ ਹੋ ਗਈ। ਦ੍ਵੈਤ ਨਹੀਂ ਰਹੀ ਕਿਸੇ ਕਿਸਮ ਦੀ ਤੇ ਪ੍ਰਮੇਸ਼ਰ ਹੀ ਪ੍ਰਮੇਸ਼ਰ ਦੇਖਦਾ ਹੈ ਜਿਧਰ ਨਜ਼ਰ ਆਉਂਦਾ ਹੈ, ਹੋਰ ਕੋਈ ਨਜ਼ਰ ਆਉਂਦਾ ਨਹੀਂ।

ਨਾਮਦੇਵ ਜੀ ਪ੍ਰਸ਼ਾਦੇ ਲਾਹ ਕੇ ਹਟੇ ਚੋਪੜਨ ਵਾਸਤੇ, ਕੋਠੜੀ ਵਿਚੋਂ ਘਿਓ ਦਾ ਬਰਤਨ ਕੱਢਣ ਲੱਗੇ, ਕੁੱਤਾ ਕੋਲ ਬੈਠਾ ਸੀ ਰੋਟੀ ਲੈ ਕੇ ਨੱਠ ਗਿਆ। ਪਿਛੇ–ਪਿਛੇ ਨਾਮਦੇਵ ਜੀ ਹਾਕਾਂ ਮਾਰਦੇ ਜਾਂਦੇ ਨੇ, ਪ੍ਰਭੂ! ਰੁੱਖੜੀ ਨਾ ਖਾਇਓ–ਰੁੱਖੜੀ ਨਾ ਖਾਇਓ। ਲੋਕ ਦੇਖਦੇ ਨੇ ਕਿ ਕੁੱਤਾ ਰੋਟੀਆਂ ਲਈ ਜਾਂਦਾ ਹੈ, ਇਹ ਪ੍ਰਭੂ–ਪ੍ਰਭੂ ਕਰਦਾ ਮਗਰ ਦੌੜਿਆ ਜਾਂਦਾ ਹੈ। ਕੁੱਤਾ ਵੀ ਦੌੜਦਾ ਗਿਆ, ਇਹ ਵੀ ਦੌੜਦੇ ਗਏ। ਹੱਥ ਵਿਚ ਘਿਓ ਦਾ ਬਰਤਨ ਹੈ। ਕੁੱਤੇ ਨੇ ਉਥੇ ਰੋਟੀਆਂ ਰੱਖ ਦਿਤੀਆਂ, ਨਾਮਦੇਵ ਨੀਵੀ ਪਾ ਕੇ ਚੋਪੜੀ ਜਾਂਦੇ ਨੇ, ਕੱਪੜਾ ਵਿਛਾ ਦਿਤਾ ਉਹਦੇ ਉਤੇ ਰੱਖੀ ਜਾਂਦੇ ਨੇ, ਪ੍ਰਭੂ ਐਉਂ ਖਾਣੀ ਸੀ, ਮੇਰੇ ਤੋਂ ਭੁੱਲ ਹੋ ਗਈ। ਥੋੜ੍ਹੀ ਦੇਰ ਤੋਂ ਬਾਅਦ ਕੀ ਦੇਖਦੇ ਨੇ ਕਿ ਉਥੇ ਕੋਈ ਨਾ ਕੋਈ ਕੁੱਤਾ, ਉਥੇ ਉਨ੍ਹਾਂ ਦੀ ਭਾਵਨਾ ਦਾ ਪ੍ਰਮੇਸ਼ਰ ਬੈਠਾ ਹੈ, ਹੱਸ ਰਿਹਾ ਹੈ। ਕਹਿੰਦੇ, ਨਾਮਦੇਵ! ਕੁੱਤਿਆਂ 'ਚ ਵੀ ਦੇਖ ਲਿਆ? ਕਹਿੰਦੇ ਪ੍ਰਭੂ! ਐਉਂ ਦੱਸੋ ਤੁਸੀਂ ਹੈ ਕਿੱਥੇ ਨਹੀਂ? ਤੁਸੀਂ ਹੀ ਹੋਂ ਸਾਰੇ ਸੰਸਾਰ ਦੇ ਅੰਦਰ ਇਥੇ ਦੂਜਾ ਤਾਂ ਕੋਈ ਹੈ ਨਹੀਂ।

*ਜਲ ਤਰੰਗ ਅਰੁ ਫੇਨ ਬੁਦਬੁਦਾ*
*ਜਲ ਤੇ ਭਿੰਨ ਨ ਹੋਈ ॥ ਅੰਗ – ੪੮੫*

*ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥*
*ਰਾਮ ਬਿਨਾ ਕੋ ਬੋਲੈ ਰੇ ॥੧॥ ਰਹਾਉ ॥*
*ਏਕਲ ਮਾਟੀ ਕੁੰਜਰ ਚੀਟੀ*
*ਭਾਜਨ ਹੈਂ ਬਹੁ ਨਾਨਾ ਰੇ ॥ ਅੰਗ – ੯੮੮*

ਅਨੇਕ ਕਿਸਮ ਦੇ ਭਾਂਡੇ ਨੇ ਪਰ ਹੈ ਤਾਂ ਮਿੱਟੀ। ਗਹਿਣੇ ਬੇਅੰਤ ਕਿਸਮ ਦੇ ਨੇ ਪਰ ਹੈ ਸੋਨਾ। ਬਰਤਨਾਂ ਦੇ ਵਿਚ ਸਾਰਿਆਂ ਦੇ ਵਿਚ ਆਕਾਸ਼ ਹੈ ਪਰ ਹੈ ਤਾਂ ਆਕਾਸ਼ ਸਪੇਸ ਹੀ ਹੈ। ਬਿਆਧੀ ਕਰਕੇ ਪ੍ਰਤੀਤ ਦਿੰਦਾ ਹੈ। ਸੋ ਇਹ ਬਿਰਤੀ ਸਮਦ੍ਰਿਸ਼ਟੀ ਦੀ ਤੇ ਅਦ੍ਵੈਤ ਦ੍ਰਿਸ਼ਟੀ ਦੀ ਪੈਦਾ ਹੋ ਜਾਂਦੀ ਹੈ ਤੇ ਪਦਾਰਥ ਅਭਾਵਨੀ ਦੀ ਅਵਸਥਾ ਹੋਇਆ ਕਰਦੀ ਹੈ। ਇਸ ਤੋਂ ਉਪਰ ਪਰਮਪਦ ਸੱਤਵੀਂ ਅਵਸਥਾ ਆ ਜਾਇਆ ਕਰਦੀ ਹੈ। ਜਿਹਨੂੰ ਤੁਰੀਆ ਅਵਸਥਾ, ਨਿਜ ਘਰ ਦੀ ਅਵਸਥਾ, ਪਰਮਪਦ ਦੀ ਅਵਸਥਾ, ਥਿਰ ਘਰ ਦੀ ਅਵਸਥਾ, ਸੋ ਘਰ ਦੀ ਅਵਸਥਾ ਆਖਦੇ ਨੇ। ਇਹਦੇ ਵਿਚ ਸੰਕਲਪ ਪੂਰੀ ਤਰ੍ਹਾਂ ਦੇ ਨਾਲ ਅਭਾਵ ਹੋ ਜਾਂਦਾ ਹੈ। ਸਾਰੀਆਂ ਬਿਰਤੀਆਂ ਦਾ ਖਾਤਮਾ ਹੋ ਜਾਂਦਾ ਹੈ। ਨਾ ਪ੍ਰਮਾਣ ਬਿਰਤੀ ਹੁੰਦੀ ਹੈ, ਪ੍ਰਵਾਣ ਬਿਰਤੀ ਕੀ ਹੁੰਦੀ ਹੈ ਦਿਸਣ ਵਾਲੀਆਂ ਚੀਜ਼ਾਂ 'ਚ ਮਨ ਦਾ ਪਰਚੇ ਰਹਿਣਾ ਖਤਮ ਹੋ ਜਾਂਦਾ ਹੈ। ਬਿਪਰਜੇ ਬਿਰਤੀ ਨਹੀਂ ਰਹਿੰਦੀ, ਜਗਤ ਨੂੰ ਸਤਿ ਮੰਨਣਾ ਤੇ ਬ੍ਰਹਮ ਨੂੰ ਝੂਠ ਮੰਨਣਾ। ਨਿੰਦਰਾ ਬਿਰਤੀ ਨਹੀਂ ਰਹਿੰਦੀ, ਸੁਪਨ, ਸਖੋਪਤ, ਜਾਗ੍ਰਤ ਇਹ ਤਿੰਨੇ ਗੁਣਾਂ ਦੀਆਂ ਬਿਰਤੀਆਂ ਨਿੰਦਰਾ ਬਿਰਤੀ ਕਹਾਉਂਦੀਆਂ ਨੇ।

ਉਹ ਤੁਰੀਆ ਦੇ ਵਿਚ ਸਦਾ ਜਾਗਦੀ ਬਿਰਤੀ 'ਚ ਆ ਜਾਂਦੇ ਨੇ। ਸਿਮ੍ਰਤੀ ਨਹੀਂ ਰਹਿੰਦੀ, ਕੋਈ ਪਿਛਲੀ ਚੀਜ਼ ਯਾਦਦਾਸ਼ਤ 'ਚ ਆ ਕੇ ਤੰਗ ਨਹੀਂ ਕਰਦੀ। ਸੋ ਐਸ ਤਰ੍ਹਾਂ ਸਿਮ੍ਰਤੀ ਖਤਮ ਹੋ ਜਾਂਦੀ ਹੈ। ਬਿਰਤੀ ਇਕਾਗਰ ਨਾ ਹੋਣੀ ਵਿਕਲਪ ਜਿਸਨੂੰ ਆਖਦੇ ਨੇ, ਇਹ ਵੀ ਖਤਮ ਹੋ ਜਾਂਦਾ ਹੈ। ਸੋ ਹਿਰਦੇ ਦੀਆਂ ਜੋ ਗੰਢਾਂ ਪਈਆਂ ਹੋਈਆਂ ਨੇ, ਜੜ੍ਹ ਜੀਵ, ਜੀਵ ਜੜ੍ਹ, ਬ੍ਰਹਮ ਤੇ ਜੀਵ, ਜੀਵ ਤੇ ਬ੍ਰਹਮ ਇਹ ਸਾਰੀਆਂ ਗੰਢਾਂ ਜਿਹੜੀਆਂ ਨੇ ਖਤਮ ਹੋ ਕੇ ਬ੍ਰਹਮਾਕਾਰ ਬਿਰਤੀ ਦਾ ਵੀ ਅਭਾਵ ਹੋ ਜਾਂਦਾ ਹੈ ਤੇ ਓਸ ਵੇਲੇ ਸੰਕਲਪ ਦਾ ਅਭਾਵ ਹੋ ਜਾਂਦਾ ਹੈ। ਸਾਰੀਆਂ ਬਿਰਤੀਆਂ ਦਾ ਅਭਾਵ ਹੋ ਜਾਇਆ ਕਰਦਾ ਹੈ। ਹਿਰਦੇ ਦੀ ਗੰਢ ਖੁਲ੍ਹ ਜਾਂਦੀ ਹੈ, ਬ੍ਰਹਮਾਕਾਰ ਬਿਰਤੀ ਦਾ ਵੀ ਅਭਾਵ ਹੋ ਜਾਂਦਾ ਹੈ ਤੇ ਨਿਰਆਵਰਨ ਅਨੰਦ ਪ੍ਰਾਪਤ ਹੋ ਕੇ –

*ਖੋਜਤ ਖੋਜਤ ਤਤੁ ਬੀਚਾਰਿਓ*
*ਦਾਸ ਗੋਵਿੰਦ ਪਰਾਇਣ॥*
*ਅਬਿਨਾਸੀ ਖੇਮ ਚਾਹਹਿ ਜੇ ਨਾਨਕ*
*ਸਦਾ ਸਿਮਰਿ ਨਾਰਾਇਣ॥ ਅੰਗ – ੭੧੪*

ਸੋ ਚੇਤਨ ਪੂਰੀ ਤਰ੍ਹਾਂ ਚੇਤਨ ਹੋ ਜਾਂਦਾ ਹੈ ਤੇ ਫਲ ਕੀ ਹੋਇਆ ਕਰਦਾ ਹੈ ਕਿ ਉਹ ਸਰੀਰ ਦੇ ਵਿਚ ਰਹਿੰਦਾ ਹੋਇਆ ਵੀ ਵਿਦੇਹ ਮੁਕਤ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ! ਵਾਹਿਗੁਰੂ ਤੱਕ ਪਹੁੰਚ ਜਾਂਦਾ ਹੈ। ਰਸਤੇ ਵਿਚ ਕੀ ਗੱਲਾਂ ਹੁੰਦੀਆਂ ਨੇ ਕੀ ਅਵਸਥਾ ਆਉਂਦੀਆਂ ਨੇ ਇਹਦਾ ਹੁਣ ਸਮਾਂ ਨਹੀਂ ਹੈ। ਇਹਦੇ ਵਾਸਤੇ ਵਾਹਿਗੁਰੂ ਨੇ ਚਾਹਿਆ ਤਾਂ ਫੇਰ ਵੀਚਾਰ ਕੀਤੀ ਜਾਵੇਗੀ। ਕਿਉਂਕਿ ਇਹ ਕੋਈ ਛੋਟੀ ਗੱਲ ਨਹੀਂ ਹੈ ਉਮਰਾਂ ਲੰਘ ਜਾਂਦੀਆਂ ਨੇ, ਜਨਮ ਲੰਘ ਜਾਂਦੇ ਨੇ, ਪਰ ਅਫਸੋਸ ਐਨਾ ਕੁਛ ਹੁੰਦਾ ਹੋਇਆ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਸ ਅਸੀਂ ਇਕ ਭੋਰਾ ਜਿੰਨੀ ਵੀ ਤਰੱਕੀ ਨਹੀਂ ਕੀਤੀ। ਹੇਠਾਂ ਨੂੰ ਗਿਰਦੇ ਜਾਂਦੇ ਹਾਂ। ਹੇਠਾਂ ਨੂੰ ਗਿਰਦੇ ਹੋਏ ਰਸਾਤਲ 'ਚ ਜਾ ਪਹੁੰਚੇ। ਗੁਰੂ ਗ੍ਰੰਥ ਸਾਹਿਬ ਛੱਡ ਦਿਤਾ, ਮਨ ਦੀ ਮਨੌਤ ਕਰਕੇ, ਆਤਮ ਮਾਰਗ ਦੀ ਥਾਂ ਦੇ ਉਤੇ ਮਾਇਆ ਮਾਰਗ ਪ੍ਰਚਲਤ ਹੈ। ਵੈਰ-ਵਿਰੋਧ ਦੇ ਪ੍ਰਚਲਤ ਹੈ ਜਦੋਂ ਤੱਕ ਅਸੀਂ ਆਤਮ ਮਾਰਗ ਦੇ ਉਤੇ ਮਹਾਂਪੁਰਸ਼ਾਂ ਦੀ ਸੰਗਤ ਕਰਕੇ ਸਤਿਸੰਗ ਕਰਕੇ, ਹਰੀ ਦਾ ਜਸ ਸਵਰਣ ਕਰਕੇ ਜਿਸ ਤਰ੍ਹਾਂ ਦੇ ਨਾਲ ਬੇਨਤੀਆਂ ਕੀਤੀਆਂ ਗਈਆਂ ਨੇ ਇਸ ਅਸੀਂ ਆਪਣਾ ਜੀਵਨ ਨਹੀਂ ਬਣਾਉਂਦੇ। ਓਨੀ ਦੇਰ ਤੱਕ ਅਸੀਂ ਕਿਸੇ ਕਿਨਾਰੇ ਨਹੀਂ ਪਹੁੰਚ ਸਕਦੇ, ਮਹਾਰਾਜ ਤਾਂ ਮਾਨਸ ਜਨਮ ਦੀ ਪ੍ਰਾਪਤੀ ਹੋਈ ਹੈ ਤੇ ਇਹ ਫੁਰਮਾਨ ਕਰਦੇ ਨੇ ਕਿ 'ਭਈ ਪਰਾਪਤਿ ਮਾਨੁਖ ਦੇਹੁਰੀਆ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ' ਵਾਰੀ ਆ ਗਈ ਭਾਈ। ਮਿਲ ਲੈ। ਜੇ ਏਸੇ ਤਰੀਕੇ ਨਾਲ ਅਸੀਂ ਮਿਹਨਤ ਕਰੀਏ ਤਾਂ ਇਸੇ ਜਨਮ 'ਚ ਮੇਲ ਹੋ ਸਕਦਾ ਹੈ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

# ਮਾਨੁਖ ਤਨ ਦਾ ਪ੍ਰਯੋਜਨ

## (੩)

***ਸਤਿਨਾਮ ਵਾਹਿਗੁਰੂ***

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*
*॥ ਜਪੁ ॥*
*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥*

ਸਾਧਸੰਗਤ ਜੀ! ਜੋ ਪਿਛੇ ਵਿਚਾਰ ਹੋ ਚੁੱਕੀ ਹੈ, ਉਹ ਬਹੁਤ ਲੰਮੀ ਚੌੜੀ ਵਿਚਾਰ ਏਸ ਗੱਲ ਤੇ ਹੋਈ ਹੈ ਕਿ ਵਾਹਿਗੁਰੂ ਜੋ ਘਟ-ਘਟ ਵਿਚ ਵਿਆਪਕ ਹੈ ਜਿਸਦਾ ਕੋਈ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ, ਚੱਕਰ ਨਹੀਂ, ਚਿਹਨ ਨਹੀਂ; ਓਸ ਨੂੰ ਕਿਸ ਤਰ੍ਹਾਂ ਦੇ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਕਿੱਥੇ ਵਸਦਾ ਹੈ ਤੇ ਕਿਹੜਾ ਤਰੀਕਾ ਹੈ? ਆਪਣੇ ਆਤਮ ਮਾਰਗ ਦਾ ਤੇ ਪ੍ਰਮਾਤਮ ਮਾਰਗ ਦਾ। ਉਹਦੇ ਬਾਰੇ ਲੰਮੀ ਚੌੜੀ ਵਿਚਾਰ ਵਿਚ ਵਿਸਥਾਰ ਦੇ ਨਾਲ ਵਿਚਾਰ ਕੀਤੀ ਹੈ ਕਿ ਜਦ ਤਕ ਆਦਮੀ ਦੇ ਮਨ ਅੰਦਰ ਸਤਿਸੰਗ ਦੀ ਪ੍ਰਤੀਤੀ, ਭਰੋਸਾ, ਨਿਮਰਤਾ ਤੇ ਇਕਾਗਰਤਾ ਪੈਦਾ ਹੋ ਕੇ ਦ੍ਰਿੜ੍ਹ ਲਗਨ ਨਹੀਂ ਲਗਦੀ, ਓਨੀ ਦੇਰ ਤੱਕ ਵਾਹਿਗੁਰੂ ਜੀ ਦੀ ਪ੍ਰਾਪਤੀ ਐਸੀਓ ਗੱਲ ਹੈ ਜਿਸ ਤਰ੍ਹਾਂ ਕਿਸ ਅਣਹੋਈ ਚੀਜ਼ ਨੂੰ ਪ੍ਰਾਪਤ ਕਰਨ ਦਾ ਅਸੀਂ ਜਤਨ ਕਰੀਏ, ਨਹੀਂ ਪ੍ਰਾਪਤ ਹੁੰਦਾ। ਉਹਦੇ ਵਾਸਤੇ ਪਹਿਲਾ ਜੋ ਮੁੱਖ ਦਰਵਾਜ਼ਾ ਹੈ ਉਹ ਸਤਿਸੰਗ ਦਾ ਹੈ। ਦੂਸਰਾ ਸੰਤੋਖ ਦਾ ਹੋਇਆ ਕਰਦਾ ਹੈ, ਤੀਸਰਾ ਸਮਦ੍ਰਿਸ਼ਟੀ ਦਾ ਹੋਇਆ ਕਰਦਾ ਹੈ, ਚੌਥਾ ਵਿਚਾਰ ਦਾ ਹੋਇਆ ਕਰਦਾ ਹੈ। ਸੋ ਇਸ ਤੋਂ ਪਹਿਲਾਂ ਬਾਕੀ ਤਿੰਨ ਦਰਵਾਜ਼ਿਆਂ ਦਾ ਵਿਚਾਰ ਕਰੀਏ। ਕਿਉਂਕਿ ਉਹ ਦਰਵਾਜ਼ੇ ਵਿਚਾਰ ਕਰਨ ਤੋਂ ਪਹਿਲਾਂ ਬਹੁਤ ਕੁਛ ਕਰਨ ਵਾਸਤੇ ਸਾਨੂੰ ਰਹਿ ਜਾਂਦੇ ਨੇ। ਸੋ ਉਹਦੇ ਬਾਰੇ ਵਿਚਾਰ ਹੈ ਕਿ ਆਦਮੀ ਪਹਿਲਾਂ ਦ੍ਰਿੜ੍ਹ ਤੌਰ ਦੇ ਉਤੇ ਇਹ ਨਿਸ਼ਚਾ ਕਰੇ ਕਿ ਸੰਸਾਰ ਵਿਚ ਮੈਂ ਕੀ ਕਰਨ ਵਾਸਤੇ ਆਇਆ ਹਾਂ। ਜਦੋਂ ਉਸਨੂੰ ਨਿਸ਼ਚਾ ਹੋ ਜਾਂਦਾ ਹੈ ਸਤਿਸੰਗ 'ਚ ਆ ਕੇ ਕਿ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥*

*ਅੰਗ - ੧੨*

ਛੇ ਲਾਇਨਾਂ ਹਨ ਇਹ ਜਿਸਦੇ ਅੰਦਰ ਇਕ ਬਹੁਤ ਵੱਡਾ ਸੂਤਰ ਗੁਰੂ ਮਹਾਰਾਜ ਜੀ ਨੇ ਸਿਧਾਂਤ ਬੰਦ ਕਰਕੇ ਰੱਖ ਦਿਤਾ। ਪਹਿਲਾਂ ਤਾਂ ਇਹ ਹੈ ਕਿ ਤੈਨੂੰ ਮਨੁੱਖ ਦਾ ਜਾਮਾ ਪ੍ਰਾਪਤ ਹੋ ਗਿਆ। ਪਿਛੋਂ ਇਹ ਸਵਾਲ ਹੁੰਦਾ ਹੈ ਕਿ ਮਨੁੱਖ ਦਾ ਜਾਮਾ ਕਿਉਂ ਕਿਹਾ ਹੈ? ਪਹਿਲਾਂ ਵੀ ਮੈਂ ਕੁਛ ਸੀਗਾ? ਮਹਾਰਾਜ ਕਹਿੰਦੇ, ਹਾਂ ਬੜੀਆਂ ਜੂਨੀਆਂ ਦੇ ਵਿਚੋਂ ਲੰਘ ਕੇ ਆਇਆ ਹੈਂ, 83 ਲੱਖ 99 ਹਜ਼ਾਰ, 999 ਨਖਿੱਧ ਜੂਨੀਆਂ 'ਚੋਂ ਹੋ ਕੇ ਹੁਣ ਤੈਨੂੰ ਮਨੁੱਖ ਦੀ ਦੇਹ ਮਿਲ ਗਈ।

*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*

*ਅੰਗ - ੧੨*

ਇਹ ਤੈਨੂੰ ਵਾਰੀ ਪ੍ਰਾਪਤ ਹੋ ਗਈ ਪ੍ਰਭੂ ਦੇ ਮਿਲਾਪ ਦੀ, ਮਿਲਣ ਦੀ। ਬਾਕੀ ਵੀ ਤੂੰ ਕੰਮ ਕਰੇਂਗਾ। ਬੇਅੰਤ ਕੰਮ ਨੇ ਸੰਸਾਰ ਦੇ, ਸਾਰਾ ਹੀ ਰੁੱਧਿਆ ਪਿਆ ਹੈ, ਦਿਨ ਰਾਤ ਕੰਮ ਕਰਦਾ ਹੈ, ਕੰਮ ਕੋਈ ਅੱਜ ਤੱਕ ਮੁਕਾ ਨਹੀਂ ਸਕਿਆ, ਖਤਮ ਨਹੀਂ ਕਰ ਸਕਿਆ। ਜਿੰਨਾ ਕੰਮ ਜ਼ਿਆਦਾ ਤੋਂ ਜ਼ਿਆਦਾ ਕਰਦਾ ਹੈ ਓਨਾਂ ਹੀ ਕੰਮ ਅੱਗੇ ਤੋਂ ਅੱਗੇ ਵਧਦਾ ਤੁਰਿਆ ਜਾਂਦਾ ਹੈ। ਮਾਇਆ ਪ੍ਰਾਪਤੀ ਦੇ ਨਾਲ ਕੋਈ ਰੱਜ ਨਹੀਂ ਸਕਿਆ। ਜਾਇਦਾਦ ਬੇਅੰਤ ਲੱਖਾਂ ਏਕੜ ਜ਼ਮੀਨਾਂ, ਵੱਡੇ-ਵੱਡੇ ਰਾਜ ਹਾਸਲ ਕਰਕੇ, ਵੱਡੀਆਂ-ਵੱਡੀਆਂ ਸ਼ਕਤੀਆਂ ਹਾਂਸਲ ਕਰਕੇ, ਆਦਮੀ ਨਹੀਂ ਰੱਜਿਆ ਕਰਦਾ ਕਦੇ ਵੀ ਤੇ ਉਹ ਜੋ ਕੁਛ ਕਰਦਾ ਹੈ, ਉਹ ਜਦੋਂ ਵਿਚਾਰ ਦੀ ਕਸਵੱਟੀ ਤੇ ਆਉਂਦਾ ਹੈ ਤਾਂ ਇਹ ਲਗਦਾ ਹੈ ਕਿ ਸਾਰੇ ਕੰਮ ਜਿਹੜੇ ਨੇ ਜਿਨ੍ਹਾਂ ਦੇ ਵਿਚ ਬੰਦਾ ਹਰ ਵਕਤ ਖੱਚਤ ਹੋ ਕੇ ਰਹਿੰਦਾ ਹੈ। ਇਹ ਕੋਈ ਕੀਮਤ ਨਹੀਂ ਰੱਖਦੇ, **worth-less** ਹਨ। ਮਹਾਰਾਜ ਕਹਿੰਦੇ -

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*

*ਅੰਗ - ੧੨*

ਉਨ੍ਹਾਂ ਦੇ ਵਿਚ ਦਿਨ ਰਾਤ ਲੱਗ ਕੇ ਤੂੰ ਆਪਣਾ ਸਮਾਂ ਗਵਾ ਕੇ ਤਕਰੀਬਨ ਸੱਠ ਕਰੋੜ ਸਾਲ ਘੁੰਮਣ ਤੋਂ ਬਾਅਦ ਤੈਨੂੰ ਇਕ ਥੋੜ੍ਹਾ ਜਿਹਾ ਸਮਾਂ ਪ੍ਰਾਪਤ ਹੋਇਆ ਹੈ ਪ੍ਰਭੂ ਪ੍ਰਾਪਤੀ ਦਾ। ਕਿ ਜੇ ਤੂੰ ਇਹ ਪ੍ਰਾਪਤ ਕਰ ਲਵੇਂ ਤਾਂ ਸਦਾ ਦੇ ਦੁੱਖਾਂ ਤੋਂ ਟੁੱਟ ਸਕਦਾ ਹੈਂ। ਬਾਕੀ ਕੰਮਾਂ 'ਚ ਜੇ ਤੂੰ ਰੁੱਝਿਆ ਰਿਹਾ ਤਾਂ ਕਹਿੰਦੇ ਉਹ ਤਾਂ ਕਿਸੇ ਕੰਮ ਨਹੀਂ ਹਨ। ਉਹ ਤਾਂ ਇਕ ਤਰ੍ਹਾਂ ਦਾ ਬੜਾ ਭਾਰਾ ਭੁਲੇਖਾ ਹੈ। ਮਾਇਆ ਕਮਾ ਲਈ ਬੇਅੰਤ ਕਮਾ ਲਈ। ਡਰ ਲਗਦਾ ਹੈ ਕਿ ਜੇ ਪੈਸਾ ਨਾ ਹੋਇਆ, ਖਾਵਾਂ-ਪੀਵਾਂਗੇ ਕਿੱਥੋਂ। ਮਹਾਰਾਜ ਕਹਿੰਦੇ, ਖਾਣ ਪੀਣ

ਦਾ ਬੰਦੋਬਸਤ ਤੇਰਾ ਨਹੀਂ ਹੈ, ਇਹ ਤਾਂ ਵਾਹਿਗੁਰੂ ਨੇ ਦਿਤਾ ਹੈ। ਪਹਿਲਾਂ ਰਿਜਕ ਦਿੰਦਾ ਹੈ ਤੇ ਪਿੱਛੋਂ ਜੰਤ ਪੈਦਾ ਕਰਦਾ ਹੈ। ਉਹਨੇ ਸਾਰਾ ਇੰਤਜ਼ਾਮ ਕਰਿਆ ਹੋਇਆ ਹੈ, ਤੇਰੇ ਦੇਣ ਦਾ। ਦੂਸਰਾ ਤੈਨੂੰ ਪੂਰਬ ਲਿਖਿਆ ਪ੍ਰਾਪਤ ਹੋ ਰਿਹਾ ਹੈ। ਉਸ ਤੋਂ ਵੱਧ ਨਹੀਂ ਹੋ ਸਕਦਾ। ਤੇਰੇ ਹੱਥ ਵਿਚ ਕੁਛ ਹੈ, ਕੰਮ ਤੇਰੇ ਤੋਂ ਤੇਰੀ ਕਿਰਤ ਕਰਾ ਰਹੀ ਹੈ, ਤੇਰੀ ਪਰਾਲਬਧ ਕਰਾ ਰਹੀ ਹੈ। ਤੂੰ ਕੰਮ ਵੀ ਕਰ, ਸਰੀਰ ਨੇ ਕੁੱਛ ਨਾ ਕੁੱਛ ਕਰਨਾ ਹੈ, ਪਰ ਹੱਥਾਂ ਪੈਰਾਂ ਨਾਲ ਕੰਮ ਕਰਦਾ ਹੋਇਆ, ਪ੍ਰਮੇਸ਼ਰ ਦਾ ਵੀ ਜਾਪ ਕਰ। ਪ੍ਰਮੇਸ਼ਰ ਦਾ ਭਜਨ ਕਰ, ਉਹਦੀ ਯਾਦ ਕਰ ਤੇ ਇਹ ਜਾਚ ਸਿੱਖ, ਪ੍ਰਮੇਸ਼ਰ ਮਿਲਦਾ ਕਿੱਥੋਂ ਹੈਂ? ਸੋ ਮਹਾਰਾਜ ਕਹਿੰਦੇ, ਕਿਹੜੇ ਕੰਮਾਂ ਵਿਚ ਤੂੰ ਪਿਆ ਹੈਂ, **worthless** ਹਨ ਤੇ ਤੂੰ ਸੰਗਤ ਕਰ ਸਾਧੂਆਂ ਦੀ।

***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥***
***ਅੰਗ - ੧੨***

ਸੰਤਾਂ ਦੀ ਸੰਗਤ ਕਰ ਕਿਉਂਕਿ ਗੋਬਿੰਦ ਮਿਲਣ ਦੀ ਵਾਰੀ ਆ ਗਈ ਤੇ ਹੁਣ ਤੂੰ ਸੰਤਾਂ ਦੀ ਸੰਗਤ ਕਰਕੇ ਕੀ ਕਰਨਾ ਹੈ, ਨਾਮ ਭਜ। ਉਹਦੇ ਨਾਲ ਤੈਨੂੰ ਪ੍ਰਮੇਸ਼ਰ ਦੇ ਪ੍ਰਾਪਤੀ ਹੋਏਗੀ। ਲੇਕਿਨ ਏਸ ਤੋਂ ਪਹਿਲਾਂ ਤੂੰ ਏਸ ਰਸਤੇ ਤੇ ਚੱਲੇਂ, ਪੂਰੀ ਤਰ੍ਹਾਂ ਦੇ ਨਾਲ ਗੱਲ ਸਮਝ ਲੈ ਕਿ ਰੱਬ ਹੈ ਕੀ, ਕਿੱਥੇ ਰਹਿੰਦਾ ਹੈ, ਮੈਂ ਕੌਣ ਹਾਂ? ਤੇ ਜਿਹਨੂੰ ਮੈਂ ਕਹਿੰਦਾ ਹਾਂ ਇਹ ਕੀ ਚੀਜ਼ ਹੈ?

ਇਹ ਪੰਜਾਂ ਤੱਤਾਂ ਦੀ ਜੋ ਦੇਹੀ ਤੈਨੂੰ ਪ੍ਰਾਪਤ ਹੋਈ ਹੈ, ਸਾਢੇ ਤਿੰਨ ਹੱਥਾਂ ਦੀ। ਤੇਰੇ ਆਪਣੇ ਸਾਢੇ ਤਿੰਨ ਹੱਥਾਂ ਦੀ ਤੇ ਗਲਤੀ ਦੇ ਨਾਲ ਤੂੰ ਏਸਨੂੰ ਕਹੀ ਜਾਂਦਾ ਹੈਂ ਕਿ ਮੈਂ ਹਾਂ। ਮੈਂ ਹਾਂ। ਇਹ ਨਹੀਂ ਹੈ ਤੂੰ। ਇਹ ਤੇਰਾ ਇਕ ਵਹੀਕਲ ਹੈ, ਇਹਦੇ ਵਿਚ ਪੰਜ ਤੱਤ ਹਨ। ਹਵਾ, ਆਕਾਸ, ਅੱਗ, ਪਾਣੀ ਤੇ ਮਿੱਟੀ ਤੇ ਤੇਰੇ ਸਾਰੇ ਗਿਆਨ ਇੰਦਰ, ਅੱਖਾਂ, ਨੱਕ, ਕੰਨ ਆਦਿ, 25 ਪ੍ਰਕ੍ਰਿਤੀਆਂ ਦੇ ਮਿਲ ਕੇ ਬਣੇ ਹੋਏ ਨੇ। ਪੰਜ ਇਹਦੇ ਵਿਚ ਸ਼ਬਦ ਵਸਦੇ ਹਨ ਤੇ ਪੰਜ ਇਹਦੇ ਅੰਦਰ ਵਿਸ਼ੇ ਹਨ - ਸ਼ਬਦ, ਸਪਰਸ, ਰੂਪ, ਰਸ, ਗੰਧ ਅਤੇ ਪੰਜ ਚੋਰ ਵਸਦੇ ਹਨ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਪੰਜ ਇਹਦੇ ਵਿਚ ਠੱਗ ਵਸਦੇ ਹਨ - ਰਾਜ, ਮਾਲ, ਰੂਪ, ਜਾਤ, ਜੋਬਨ ਤੇ ਈਰਖਾ, ਨਿੰਦਾ, ਚੁਗਲੀ, ਤ੍ਰਿਸ਼ਨਾ, ਆਸਾ, ਅੰਦੇਸਾ, ਮਨਮੁਖਤਾਈ, ਕਠੋਰਤਾ, ਕੁਟਲਤਾ, ਵਲ, ਛਲ ਅਨੇਕਾਂ ਚੀਜ਼ਾਂ ਹਨ ਜਿਹੜੀਆਂ ਇਸੇ ਦੇਹੀ ਦੇ ਅੰਦਰ ਵਸਦੀਆਂ ਹਨ ਤੇ ਇਹਦੇ ਨਾਲ ਹੀ ਇਨ੍ਹਾਂ ਦੇ ਵਿਪਰੀਤ ਦੂਸਰੀਆਂ ਚੀਜ਼ਾਂ ਵੀ ਵਸਦੀਆਂ ਹਨ। ਜੇ ਤੇਰੇ ਕੋਲ ਹਿੰਸਾ ਹੈ ਅਤੇ ਉਹਦੇ ਅਹਿੰਸਾ ਵੀ ਵਸਦੀ ਹੈ। ਜੇ ਤੇਰੇ ਕੋਲ ਕ੍ਰੋਧ ਹੈ ਉਹਦੇ ਮੁਕਾਬਲੇ ਤੇ ਖਿਮਾ ਵੀ ਵਸਦੀ ਹੈ, ਦਇਆ ਵੀ ਵਸਦੀ ਹੈ ਅਨੇਕਾਂ ਸਦਗੁਣ ਇਹਦੇ ਅੰਦਰ ਨਿਵਾਸ ਰੱਖਦੇ ਨੇ। ਸੋ ਉਹ ਸਾਰੀਆਂ ਚੀਜ਼ਾਂ ਨਿਵਾਸ ਰੱਖਦੀਆਂ ਨੇ ਇਸ ਦੇਹੀ ਦੇ ਅੰਦਰ। ਸੋ ਜਦੋਂ ਅਸੀਂ ਇਸ ਦੇਹੀ ਨੂੰ ਸਮਝਦੇ ਹਾਂ ਕਿ ਇਹ ਤਾਂ ਵਹੀਕਲ ਹੈ, ਵੱਡੀ ਕਾਲੋਨੀ ਹੈ ਇਸ ਵਿਚ ਸਾਧੂ ਵੀ ਵਸਦੇ ਨੇ ਤੇ ਦੁਸ਼ਟ ਵੀ ਵਸਦੇ ਨੇ ਤੇ ਜੇ ਦੁਸ਼ਟਾਂ ਦੇ ਵਸ ਹੋ ਜਾਵੇ ਤਾਂ ਕਿੱਡੀ ਵੱਡੀ ਭੁੱਲ ਹੈ। ਮਹਾਰਾਜ ਕਹਿੰਦੇ, ਜਿਹੜੀਆਂ ਚੀਜ਼ਾਂ ਤੈਨੂੰ ਸਹਾਇਤਾ ਦਿੰਦੀਆਂ ਨੇ, ਸੁੱਖ ਦਿੰਦੀਆਂ ਨੇ ਉਨ੍ਹਾਂ ਨਾਲ ਤਾਂ ਤੂੰ ਮਿਤਰਤਾ ਨਹੀਂ ਕਰਦਾ ਜਿਹੜੀਆਂ ਤੈਨੂੰ ਦੁੱਖ ਦਿੰਦੀਆਂ ਨੇ, ਦਿਨ ਰਾਤ ਉਨ੍ਹਾਂ ਦਾ ਨਾਲ ਮਿਤਰਤਾ ਰੱਖਦਾ ਹੈਂ। ਉਹ ਤੇਰੇ ਮਿਤਰ ਨਹੀਂ ਉਹ ਤਾਂ ਤੈਨੂੰ ਠੱਗ ਲੈਣਗੇ।

***ਸੰਗਿ ਸਹਾਈ ਸੁ ਆਵੈ ਨ ਚੀਤਿ ॥***
***ਜੋ ਬੈਰਾਈ ਤਾ ਸਿਉ ਪ੍ਰੀਤਿ ॥ ਅੰਗ - ੨੬੭***

ਜਿਨ੍ਹਾਂ ਨੇ ਨੁਕਸਾਨ ਕਰ ਦੇਣਾ ਹੈ, ਨਰਕਾਂ 'ਚ ਸੁੱਟ ਦੇਣਾ ਹੈ ਤੇ 84 ਲੱਖ ਜੂਨੀਆਂ ਦੇ ਚੱਕਰ 'ਚ ਪਾ ਦੇਣਾ ਹੈ ਉਹ ਮਿੱਤਰ ਲਗਦੇ ਨੇ, ਪਿਆਰੇ ਲਗਦੇ ਨੇ। ਕਹਿੰਦੇ, **expliot** ਕਰ ਲਿਆ ਉਨ੍ਹਾਂ ਨੇ, ਹੁਣ ਕੋਈ ਇਲਾਜ ਨਹੀਂ। ਗੁਰੂ ਇਸ ਨੂੰ ਕਹੀ ਜਾਂਦਾ ਹੈ, ਪਰ ਇਹ ਨਾ ਸਮਝਦਾ ਹੈ, ਨਾ ਗੁਰੂ ਦੀ ਆਵਾਜ਼ ਸੁਣਦਾ ਹੈ, ਸੋ ਏਸ ਕਰਕੇ ਇਹਦਾ ਜਨਮ ਬਿਰਥਾ ਜਾ ਰਿਹਾ ਹੈ -

***ਬੈਰ ਬਿਰੋਧ ਕਾਮ ਕ੍ਰੋਧ ਮੋਹ ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥***
***ਅੰਗ - ੨੬੮***

ਹੇ ਵਾਹਿਗੁਰੂ! ਹੁਣ ਤੂੰ ਰੱਖ ਲੈ, ਬੜੇ ਜਨਮ ਲੰਘ ਗਏ। ਸੋ ਇਹ ਜੋ ਵਾਹਿਗੁਰੂ ਦੀ ਹਨ, ਜਦੋਂ ਅਸੀਂ ਦੇਹੀ ਨੂੰ ਸਮਝ ਲਵਾਂਗੇ ਫੇਰ ਸਾਨੂੰ ਪਤਾ ਲੱਗ ਜਾਏਗਾ। ਐਹ ਦੇਹੀ ਦਾ ਪਹਿਲਾ ਕੋਟ ਜਿਹੜਾ ਹੈ, ਇਹ ਪੰਜ ਭੂਤਕ ਚੋਲਾ ਜਿਹੜਾ ਸਾਨੂੰ ਮਾਤਾ ਦੇ ਪੇਟ 'ਚੋਂ ਪ੍ਰਾਪਤ ਹੋਇਆ ਹੈ ਤੇ ਅਖੀਰ ਇਸ ਨੂੰ ਇਕ ਦਿਨ ਏਸ ਜੀਵ ਆਤਮਾ ਨੇ ਛੱਡ ਜਾਣਾ ਹੈ। ਇਹ ਇਕ ਵਹੀਕਲ ਹੈ ਜਿਹਨੂੰ ਸਥੂਲ ਸਰੀਰ ਆਖਦੇ ਨੇ। ਇਹਦੇ ਅੰਦਰ ਇਕ ਸੂਖਸ਼ਮ ਸਰੀਰ ਹੁੰਦਾ ਹੈ, ਜਿਸਦੇ ਅੰਦਰ ਪੰਜ ਗਿਆਨ ਇੰਦਰੇ, ਪੰਜ ਕਰਮ ਇੰਦਰੇ, ਪੰਜ ਪ੍ਰਾਣ, ਮਨ, ਚਿੱਤ, ਬੁੱਧ ਤੇ ਅਹੰਭਾਵ 19 ਚੀਜ਼ਾਂ ਹੋਇਆ ਕਰਦੀਆਂ ਨੇ, ਇਹ ਮਰਿਆ ਨਹੀਂ ਕਰਦਾ, ਇਹ ਸਕਲ ਜ਼ਰੂਰ ਬਦਲਦਾ ਹੈ। ਪ੍ਰਲੋਕ 'ਚ ਵੀ ਇਹੀ ਜਾਂਦਾ ਹੈ ਤੇ ਇਹਦੇ ਅੰਦਰ ਸੰਸਕਾਰ ਅੰਤਸ਼ਕਰਣ ਦੇ ਵਿਚ ਜਮ੍ਹਾਂ ਹੋ ਜਾਂਦੇ ਨੇ ਤੇ ਉਹਦੇ ਮੁਤਾਬਿਕ ਇਹ ਜੂਨੀਆਂ ਭੋਗਦਾ ਹੈ, ਇਹਨੂੰ ਸੂਖਸ਼ਮ ਸਰੀਰ ਕਹਿੰਦੇ ਨੇ, ਇਹਦੇ ਅੰਦਰ ਇਕ

ਕਾਰਨ ਸਰੀਰ ਹੁੰਦਾ ਹੈ। ਉਹ ਅਗਿਆਨਮਈ ਸਰੀਰ ਹੁੰਦਾ ਹੈ, ਜਿਥੇ ਭੁੱਲ ਪੈਂਦੀ ਹੈ ਅਹੰਭਾਵ ਦੀ। **I am,** ਹੁੰਦਾ ਉਹ ਵੀ ਸੂਖਸ਼ਮ ਹੈ ਕੇਵਲ ਖਿਆਲ ਰੂਪ ਹੁੰਦਾ ਹੈ। ਸੋ ਇਹ ਤਿੰਨੇ ਸਰੀਰ ਜਿਹੜੇ ਹਨ ਇਹ ਸਾਰੇ ਪ੍ਰਾਕ੍ਰਿਤੀ ਦੇ ਬਣੇ ਹੋਏ ਨੇ, ਇਨ੍ਹਾਂ ਦੇ ਵਿਚ ਜਿਹੜੀ ਚੌਥੀ ਸੁਪਰੀਮ ਚੀਜ਼ ਹੈ ਓਸ ਨੂੰ ਆਤਮ ਸਰੀਰ ਆਖਦੇ ਨੇ। ਸਰੀਰ ਕਹਿ ਦਿੰਦੇ ਹਾਂ ਲੇਕਿਨ ਆਤਮਾ ਹੈ। ਉਹਦੇ ਵੀ ਦੋ ਰੂਪ ਨੇ, ਇਕ ਤਾਂ ਪ੍ਰਮੇਸ਼ਰ ਸਰੂਪ ਜਿਥੇ ਕੋਈ ਭਿੰਨ ਭੇਦ ਨਹੀਂ ਹੈ, ਪ੍ਰਮੇਸ਼ਰ ਆਪ ਹੀ ਹੈ, ਇਕ ਉਹ ਹੈ ਜਿਥੇ ਨਿਰਮਲ ਹਉਮੈ ਰਹਿ ਜਾਂਦੀ ਹੈ ਤੇ ਉਚਾ ਪਹੁੰਚ ਜਾਂਦਾ ਹੈ ਬਹੁਤ ਤੇ ਵਾਹਿਗੁਰੂ ਦੇ ਦਰ ਤੇ ਰਹਿੰਦਾ ਹੈ, ਮੁਕਤੀ ਪ੍ਰਾਪਤ ਕਰ ਲੈਂਦਾ ਹੈ, ਆਉਣਾ ਜਾਣਾ ਖਤਮ ਹੋ ਜਾਂਦਾ ਹੈ, ਲੇਕਿਨ ਹੋਂਦ ਕਾਇਮ ਰਹਿੰਦੀ ਹੈ, ਸੋ ਉਹ ਨਿਰਮਲ ਹਉਂ ਵਾਲਾ ਸਰੀਰ ਹੋਇਆ ਕਰਦਾ ਹੈ, ਹੁੰਦਾ ਆਤਮ ਮੰਡਲ ਦੇ ਅੰਦਰ ਹੈ, ਜਿਸਦੇ ਬਾਰੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਅੰਦਰ ਬੜਾ ਜ਼ਿਕਰ ਆਉਂਦਾ ਹੈ ਕਿ ਤੂੰ ਦਰਗਾਹ ਵਿਚ ਸੁਖ ਪਾਵੇਂਗਾ, ਦਰਗਾਹ 'ਚ ਰਹੇਂਗਾ, ਅਕਾਲ ਪੁਰਖ ਦੀ ਦਰਗਾਹ 'ਚ ਓਹੀ ਸਰੀਰ ਰਹਿੰਦਾ ਹੈ, ਉਹ ਮਰਜ਼ੀ ਦੇ ਨਾਲ ਆ ਜਾਂਦਾ ਹੈ, ਮਰਜ਼ੀ ਦੇ ਨਾਲ ਚਲਿਆ ਜਾਂਦਾ ਹੈ, ਦੋਹਾਂ ਦਾ ਫਰਜ਼ ਕੋਈ ਨਹੀਂ ਹੈ, ਇਕ ਤਾਂ ਪ੍ਰਮੇਸ਼ਰ ਹੀ ਬਣ ਜਾਂਦਾ ਹੈ, ਆਪਣੇ ਅਸਲੇ 'ਚ ਸਮਾਅ ਕੇ ਆਪ ਹੀ ਰੱਬ ਬਣ ਜਾਂਦਾ ਹੈ, ਇਕ ਥੋੜ੍ਹਾ ਜਿਹਾ, ਹੁੰਦਾ ਉਹਦਾ ਹੀ ਰੂਪ ਹੈ, ਪਰ ਥੋੜ੍ਹਾ ਜਿਹਾ ਉਹ ਵੱਖਰਾ ਹੈ। ਸੋ ਇਸ ਤਰ੍ਹਾਂ ਦੇ ਨਾਲ ਸਾਡਾ ਜੋ ਅਸਲ ਸਰੂਪ ਹੈ ਉਹ ਆਤਮ ਸਰੂਪ ਹੈ। ਸੋ ਏਸ ਦੇਹੀ ਦੇ ਅੰਦਰ ਆਤਮ ਸਰੂਪ ਦਾ ਪ੍ਰਕਾਸ਼ ਪੈਣ ਕਰਕੇ ਇਹ ਮੈਂ ਬਣ ਗਿਆ, ਮੈਂ ਬਣ ਕੇ ਦੁਖਾਂ 'ਚ ਚਲਿਆ ਗਿਆ। ਸੋ ਮਹਾਰਾਜ ਫੁਰਮਾਉਂਦੇ ਨੇ ਕਿ ਇਹ ਉਹ ਵਾਹਿਗੁਰੂ ਜਿਹੜਾ ਹੈ ਉਹਨੂੰ ਸਮਝੋ, ਉਹ ਕਿੱਥੇ ਰਹਿੰਦਾ ਹੈ ਤੇ ਕਿਸ ਤਰ੍ਹਾਂ ਦੇ ਨਾਲ ਪ੍ਰਾਪਤ ਹੁੰਦਾ ਹੈ ਉਹਦਾ ਜੋ ਪ੍ਰਾਪਤੀ ਦਾ ਇਲਾਜ ਹੈ ਉਹ ਵੀ ਏਸੇ ਸਰੀਰ ਦੇ ਅੰਦਰ ਹੈ। ਇਹ ਜੀਵ ਫਸਿਆ ਕਿਉਂ? ਮਹਾਂਪੁਰਸ਼ ਜੋ ਹਨ ਉਹ ਇਹ ਦਸਦੇ ਨੇ ਕਿ ਫਸਿਆ ਤਾਂ ਨਹੀਂ ਹੈ, ਹੇਠਾਂ ਆ ਗਿਆ। ਉਹਦੇ ਨਾਲ ਸਰਕਲ ਬਣਦੇ ਚਲੇ ਗਏ। ਆਤਮਾ ਤਾਂ ਓਸੇ ਤਰ੍ਹਾਂ ਨਿਰਮਲ ਹੈ, ਉਸੇ ਤਰ੍ਹਾਂ ਉਹਦੇ 'ਚ ਜੋਤ ਹੈ, ਉਸੇ ਤਰ੍ਹਾਂ ਰੋਸ਼ਨੀ ਹੈ, ਉਸੇ ਤਰ੍ਹਾਂ ਪੂਰਾ ਗਿਆਨ ਹੈ। ਫੇਰ ਹੋਇਆ ਕੀ? ਅਗਿਆਨੀ ਕਿਉਂ ਬਣ ਗਿਆ, ਕਿਉਂ ਇਹਦੇ ਸੰਸਕਾਰ ਜਮ੍ਹਾਂ ਹੋ ਗਏ, ਕਿਉਂ ਭਟਕਦਾ ਫਿਰਦਾ ਹੈਂ ਤਾਂ ਕਬੀਰ ਸਾਹਿਬ ਨੇ ਤਾਂ ਪ੍ਰਵਾਨ ਕੀਤਾ ਹੈ ਕਿ –

***ਕਬੀਰ ਨਿਰਮਲ ਬੂੰਦ ਅਕਾਸ ਕੀ***
***ਲੀਨੀ ਭੂਮਿ ਮਿਲਾਇ ॥***
***ਅਨਿਕ ਸਿਆਨੇ ਪਚਿ ਗਏ***
***ਨਾ ਨਿਰਵਾਰੀ ਜਾਇ ॥ ਅੰਗ - ੧੩੭੫***

ਉਹ ਆਹ ਪ੍ਰਕ੍ਰਿਤੀ 'ਚ ਰਲ ਗਈ ਤੇ ਹੋਰ ਅਨੁਭਵੀ ਮਹਾਂਪੁਰਸ਼ਾਂ ਦਾ ਮਤ ਹੈ ਕਿ ਸਭ ਤੋਂ ਪਹਿਲਾਂ ਇਹਨੂੰ ਅਨੰਦ ਦਾ ਸਰਕਲ ਪਿਆ। ਦੋ ਤਰ੍ਹਾਂ ਦਾ ਅਨੰਦ ਹੈ ਇਕ ਤਾਂ ਵਾਹਿਗੁਰੂ ਅਨੰਦ ਸਰੂਪ ਹੈ। ਉਥੇ ਵੱਖਰਾ ਨਹੀਂ ਹੈ, ਵਾਹਿਗੁਰੂ ਦੀ ਜੋਤ ਹੀ ਹੈ, ਵਾਹਿਗੁਰੂ ਜੀ ਜ਼ਾਤ ਹੀ ਹੈ, ਇਕ ਇਹਨੂੰ ਅਹੰ ਦਾ ਅਨੰਦ ਹੋ ਗਿਆ। ਸਭ ਤੋਂ ਪਹਿਲਾ ਸਰਕਲ ਜਿਹੜਾ ਇਹਦੇ 'ਚੋਂ ਨਿਕਲਿਆ ਉਹ ਹਉਮੈ ਦਾ ਨਿਕਲਿਆ। ਦੂਸਰਾ ਸਰਕਲ ਜੋ ਨਿਕਲਿਆ ਉਹ ਬੁੱਧੀ ਦਾ ਨਿਕਲਿਆ। ਬੁੱਧੀ ਆਉਣ ਦੇ ਨਾਲ ਜਿਹੜੀ ਇਹਦੀ ਮੈਂ ਸੀ ਉਹਦੀ **protection** ਵਾਸਤੇ ਏਸ ਦੇ ਅੰਦਰ ਖਿਆਲ ਸ਼ੁਰੂ ਹੋਏ, ਹੋਂਦ ਕਾਇਮ ਰੱਖਣ ਵਾਸਤੇ। ਤੀਸਰਾ ਜੋ ਸਰਕਲ ਨਿਕਲਿਆ ਉਹ ਮਨ ਦਾ ਸਰਕਲ ਨਿਕਲਿਆ। ਫੁਰਨੇ ਕਰਨ ਦਾ। ਹਰ ਵਕਤ **wavering** ਰਹਿਣਾ, ਲਹਿਰਾਂ ਉਠਾਈ ਜਾਣੀਆਂ, ਉਠਾਈ ਜਾਣੀਆਂ ਤੇ ਇਕ ਉਥੱਲ-ਪੁਥੱਲ ਇਹਦੇ ਵਿਚ ਖੜ੍ਹਾ ਕਰ ਦੇਣਾ, ਐਸ ਚੇਤਨ ਮੰਡਲ ਦੇ ਵਿਚ। ਚੌਥਾ ਜੋ ਪਿਆ ਉਹ ਪ੍ਰਾਣਸ਼ਕਤੀ, ਜੋ ਸਰੀਰ ਨੂੰ ਚਲਾ ਰਹੀਆਂ ਨੇ, ਇਲੈਕਟ੍ਰਾਨਿਕਸ ਦੀਆਂ ਮੋਟਰਾਂ, ਸ਼ਕਤੀ ਦਾ ਭੰਡਾਰਾ, ਪੰਜੇ ਪ੍ਰਾਣ, ਉਨ੍ਹਾਂ ਦਾ ਪੈ ਗਿਆ ਤੇ ਪੰਜਵਾਂ ਜੋ ਸਰਕਲ ਪਿਆ ਜਾਂ ਪੜਦਾ ਕਹਿ ਲਓ, ਉਹ ਹੈ ਸਾਢੇ ਤਿੰਨ ਹੱਥ ਦੀ ਦੇਹ, ਪੰਜਾਂ ਤੱਤਾਂ ਦੇ ਸਰੀਰ ਦਾ ਪੈ ਗਿਆ। ਸੋ ਐਸ ਤਰ੍ਹਾਂ ਮਿਸਾਲ ਦੇ ਤੌਰ ਤੇ ਸਮਝੋ ਕਿ ਇਕ ਹਜ਼ਾਰ ਵਾਟ ਦਾ ਬਲਬ ਮਚ ਰਿਹਾ ਹੈ, ਉਹਦੇ ਉਤੇ ਪਹਿਲਾ ਗਲੋਬ ਚਾੜ੍ਹ ਦਿਤਾ ਚਿੱਟਾ, ਪੂਰਾ ਗਲੋਬ ਤੇ ਚਾਨਣੇ ਨੇ ਰੰਗ ਵਟਾ ਲਿਆ ਤੇ ਉਹਦੇ ਵਿਚ ਤੇਜ਼ੀ ਨਾ ਰਹੀ, ਉਹਦੇ 'ਚ ਚਟਿਆਈ ਆ ਗਈ, ਸੋ ਇਸ ਤਰ੍ਹਾਂ ਦੇ ਨਾਲ ਅਨੰਦ ਦਾ ਜੋ ਸਰੀਰ ਹੈ, ਓਸ ਨੇ ਪਹਿਲਾ ਪੜਦਾ ਪਾ ਦਿਤਾ ਤੇ ਉਹਨੂੰ ਅਨੰਦਮਯ ਕੋਸ਼ ਕਹਿੰਦੇ ਨੇ, ਦੂਸਰਾ ਜੋ ਬੁੱਧੀ ਦਾ ਹੈ ਉਹ ਇਸ ਤਰ੍ਹਾਂ ਸਮਝ ਲਓ ਕਿ ਉਥੇ ਉਹਦੇ ਉਤੇ ਕਿਸੇ ਰੰਗ ਦਾ **paint** ਕਰ ਦਿਤਾ, ਉਹ ਰੰਗ ਦਾ ਜੋ **paint** ਹੋਇਆ ਉਹਨੇ ਲਾਈਟ ਬਹੁਤ ਘੱਟ ਕਰ ਦਿਤੀ ਤੇ ਬੁੱਧੀ ਦਾ ਸਰਕਲ ਪੈ ਗਿਆ ਇਹਦੇ 'ਤੇ, ਉਹਨੂੰ ਵਿਗਿਆਨਮਯ ਕੋਸ਼ ਕਹਿੰਦੇ ਨੇ, ਗਲੋਬ ਚੜ੍ਹ ਗਿਆ, ਦੂਸਰਾ ਗਲੋਬ। ਰੋਸ਼ਨੀ ਘਟ ਗਈ। ਤੀਸਰਾ ਜੋ ਗਲੋਬ ਹੈ, ਮਨ ਦਾ, ਫੁਰਨਿਆਂ ਦਾ, ਉਥੱਲ-ਪੁਥੱਲ ਦਾ ਇਹ ਆਪਣੇ ਅੰਦਰ ਨੂੰ ਜਾਣੇ, ਜਾਂਦਾ ਹੀ ਨਹੀਂ ਹੈ, ਉਹਨੇ ਐਸੀ ਦੀਵਾਰ ਖੜ੍ਹੀ ਕਰ ਦਿਤੀ ਮਨ ਨੇ ਫੁਰਨਿਆਂ ਦੀ, ਉਹਨੇ ਰੌਲਾ-ਘਚੋਲਾ ਮਚਾ ਦਿਤਾ–

***ਮਾਇਆਧਾਰੀ ਅਤਿ ਅੰਨਾ ਬੋਲਾ ॥***
***ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥***
***ਅੰਗ - ੩੧੩***

ਉਹ ਅੰਨ੍ਹਾ ਵੀ ਹੋ ਗਿਆ ਤੇ ਬੋਲਾ ਵੀ ਹੋ ਗਿਆ, ਹੁਣ ਸ਼ਬਦ ਨੂੰ ਨਹੀਂ ਸੁਣਨ ਦਿੰਦਾ, ਰੌਲਾ-ਰੱਪਾ ਪੈ ਗਿਆ ਤੇ ਉਹਨੂੰ ਪਾਰ ਕਰਕੇ ਇਹ ਆਪਣੇ **source** ਵਲ ਨੂੰ ਵਾਪਸ ਨਹੀਂ ਜਾ ਸਕਦਾ। ਜਿੰਨਾ ਚਿਰ ਪੂਰਨ ਤੌਰ ਤੇ ਅਭਿਆਸ ਦਾ ਪਤਾ ਨਾ ਹੋਵੇ, ਇਹ **back to source** ਨਹੀਂ ਹੋ ਸਕਦਾ। ਇਹ ਜਾਣ ਨਹੀਂ ਦਿੰਦਾ ਮਨ, ਉਥੱਲ-ਪੁਥੱਲ 'ਚ ਪਾਇਆ ਹੋਇਆ ਹੈ ਇਸਨੂੰ, ਸੋ ਇਸ ਤਰ੍ਹਾਂ ਸਮਝੋ ਕਿ ਉਸੇ ਗਲੋਬ ਦੇ ਉਤੇ, ਕਾਲੇ ਜਾਂ ਨੀਲੇ ਰੰਗ ਦਾ ਰੰਗ ਕਰ ਦਿਤਾ, ਰੋਸ਼ਨੀ ਘਟ ਗਈ, ਨੀਲਾ-ਨੀਲਾ ਜਿਹਾ ਰੰਗ ਹੋ ਗਿਆ, ਪਰ ਰੋਸ਼ਨੀ ਹੈ ਅਜੇ, ਏਸ ਦੇ ਉਤੇ ਹੋਰ ਰੰਗ ਕਰ ਦਿਤਾ, ਲੁੱਕ ਵਰਗੀ ਕਿਸੀ ਚੀਜ਼ ਦਾ ਪੇਂਟ ਕਰ ਦਿਤਾ ਤੇ ਚੌਥਾ ਪੜਦਾ ਪੈ ਗਿਆ ਜਿਸਨੂੰ ਪ੍ਰਾਨਮਈ ਕੋਸ਼ ਕਹਿੰਦੇ ਨੇ। ਜਦੋਂ ਇਹ ਗੱਲ ਹੋ ਗਈ ਉਸ ਵੇਲੇ ਪੰਜਵਾਂ ਪੜਦਾ ਐਉਂ ਸਮਝ ਲਓ ਇਕ ਲਾਈਟ ਦੇ ਚਾਰੋਂ ਪੜਦੇ ਹਨ, ਲੇਕਿਨ ਇਹਦੇ 'ਚ ਐਉਂ ਪਤਾ ਲਗ ਜਾਂਦਾ ਹੈ ਕਿ ਐਥੇ ਹੈ ਕੋਈ ਚੀਜ਼, ਚਮਕ ਅਜੇ ਪੂਰੀ ਤਰ੍ਹਾਂ ਨਹੀਂ ਮਰੀ। ਭਾਵੇਂ ਕਾਲਾ ਹੀ ਪ੍ਰਤੀਬਿੰਬ ਪੈਂਦਾ ਹੈ ਚਮਕ ਦਾ, ਪੇਂਟ ਦਾ ਪਰ ਹੈਗਾ ਕੁਛ ਜ਼ਰੂਰ ਅੰਦਰ। ਅਜੇ ਵੀ ਓਥੇ ਚਮਕ ਹੈ ਰੋਸ਼ਨੀ ਹੈ, ਉਸ ਤੋਂ ਬਾਅਦ ਆਹ ਜਿਹੜਾ ਸਰੀਰ ਪ੍ਰਾਪਤ ਹੋਇਆ ਹੈ ਪੰਜਾਂ ਤੱਤਾਂ ਦਾ, ਓਹ ਐਉਂ ਸਮਝ ਲਓ ਕਿ ਰੋਸ਼ਨੀ ਦੇ ਉਤੇ ਕੋਈ ਲੋਹੇ ਦਾ ਜਾਂ ਮਿੱਟੀ ਦਾ ਬਰਤਨ ਮੂਧਾ ਮਾਰ ਦਿਤਾ ਤੇ ਉਹਦੇ ਵਿਚੋਂ ਹੁਣ ਰੋਸ਼ਨੀ ਪਾਸ ਨਹੀਂ ਹੋ ਰਹੀ, ਸੋ ਇਸੇ ਤਰ੍ਹਾਂ ਦੇ ਨਾਲ ਮਨੁੱਖ ਦੇ ਨਾਲ ਇਹ ਗੱਲ ਹੋਈ ਹੈ ਕਿ ਇਹ ਹੇਠਾਂ ਨੂੰ ਆਉਂਦਾ-ਆਉਂਦਾ ਐਨਾ ਨੀਚੇ ਆ ਗਿਆ ਕਿ ਆਪਣੇ ਵਾਹੀਕਲ ਨੂੰ ਕਹਿੰਦਾ ਹੈ ਕਿ ਮੈਂ ਸਰੀਰ ਹਾਂ, ਮੇਰਾ ਨਾਉਂ ਫਲਾਣਾ ਹੈ, ਮੈਂ ਸਿੱਖ ਹਾਂ, ਮੈਂ ਹਿੰਦੂ ਹਾਂ, ਮੈਂ ਮੁਸਲਮਾਨ ਹਾਂ, ਮੈਂ ਫਲਾਣੇ ਦਾ ਪਿਤਾ ਹਾਂ, ਮੈਂ ਫਲਾਣੇ ਦਾ ਪੁੱਤਰ ਹਾਂ, ਮੈਂ ਦੁਖੀ ਹਾਂ, ਮੈਂ ਸੁਖੀ ਹਾਂ। ਮੈਂ ਪੁੰਨ ਕਰਦਾ ਹਾਂ, ਮੈਂ ਪਾਪ ਕਰਦਾ ਹਾਂ। ਇਹ ਸਾਰੀਆਂ ਚੀਜ਼ਾਂ ਅਗਿਆਨਤਾ ਦੇ ਨਾਲ ਇਹਦੇ ਹਿਰਦੇ ਦੇ ਅੰਦਰ ਪੂਰਾ ਵਿਸ਼ਵਾਸ਼ ਕਰਕੇ ਘਰ ਕਰ ਗਈਆਂ। ਹੁਣ ਇਹ ਆਪਣੇ ਆਪ ਨੂੰ ਆਤਮ ਸਰੂਪ ਨਹੀਂ ਸਮਝਦਾ। ਸੋ ਗੁਰੂ ਮਹਾਰਾਜ ਫੁਰਮਾਉਂਦੇ ਨੇ ਕਿ ਭਾਈ, ਇਹ ਤੂੰ ਸਮਝਣ ਦਾ ਯਤਨ ਕਰ। ਏਸ ਦੇਹੀ 'ਚ ਕੀ ਹੈ ਪਹਿਲਾਂ ਜਦੋਂ ਤੱਕ ਤੇਰੇ ਅੰਦਰ ਸਮਝ ਨਹੀਂ ਆਉਂਦੀ ਓਨੀਂ ਦੇਰ ਤੱਕ ਤੂੰ ਕਿਸੇ ਕਿਨਾਰੇ ਨਹੀਂ ਪਹੁੰਚ ਸਕਦਾ ਤੇ ਏਸ ਨੂੰ ਸਮਝ ਕਿ ਇਹ ਹੈ ਮਾਮਲਾ ਕੀ ਤੇ ਵਾਹਿਗੁਰੂ ਕੀ ਹੈ, ਕਿੱਥੇ ਰਹਿੰਦਾ ਹੈ ਉਹ ਸੱਤਵੇਂ ਅਸਮਾਨ ਵਿਚ ਵੀ ਰਹਿੰਦਾ ਹੈ, ਜਾਂ ਸਾਡੇ ਤੋਂ ਬਿਲਕੁਲ ਅਛੋਹ ਕਿ ਅਸੀਂ ਉਸ ਤੱਕ ਪਹੁੰਚ ਹੀ ਨਹੀਂ ਸਕਦੇ। ਅਸੀਂ ਖੋਜੀਏ ਕਿੱਥੇ? ਓਸਨੂੰ ਟੋਲੀਏ ਕਿੱਥੇ? ਹਿਮਾਲਿਆ ਪਰਬਤ ਦੇ ਵਿਚ ਦੇਖੀਏ, ਸੁਮੇਰ ਪਰਬਤ ਤੇ ਜਾ ਕੇ ਟੋਲੀਏ, ਬਰਫਾਂ ਦੇ ਵਿਚ ਜਾ ਕੇ ਟੋਲੀਏ ਜਾਂ ਸਮੁੰਦਰ ਦੇ ਅੰਦਰ ਖੀਰ ਸਮੁੰਦਰ 'ਚ ਕਹਿੰਦੇ ਨੇ ਨਾਰਾਇਣ, ਉਹਦਾ ਨਾਉਂ ਵੀ ਹੈ, ਨਾਰ ਪਾਣੀ ਨੂੰ ਕਹਿੰਦੇ ਨੇ, ਆਇਣ ਘਰ ਨੂੰ ਕਹਿੰਦੇ ਨੇ। ਜਿਸਦਾ ਘਰ ਪਾਣੀ ਵਿਚ ਹੈ ਓਸ ਸਮੁੰਦਰ 'ਚ ਛਾਲ ਮਾਰੀਏ, ਦਰਿਆ 'ਚ ਮਾਰੀਏ। ਕਿਸੇ ਜਹਾਜ਼ 'ਚ ਬੈਠ ਕੇ ਸਮੁੰਦਰ ਜਿੱਥੇ ਡੂੰਘਾ ਹੈ ਉਥੇ ਮਾਰੀਏ ਤਾਂ ਕਿ ਉਥੇ ਲੱਭ ਜਾਏਗਾ ਪ੍ਰਮੇਸ਼ਰ। ਬਹੁਤ ਸਾਰਿਆਂ ਨੇ ਐਸੀਆਂ ਸਾਖੀਆਂ ਵੀ ਲਿਖ ਦਿਤੀਆਂ। ਇਸ ਤੋਂ ਬੜਾ ਭਾਰਾ ਭੁਲੇਖਾ ਪੈਂਦਾ ਹੈ ਕਿ ਉਹਨੇ ਸਮੁੰਦਰ 'ਚ ਛਾਲ ਮਾਰੀ, ਓਸਨੂੰ ਪ੍ਰਮੇਸ਼ਰ ਨੇ ਕੱਢ ਕੇ ਬਾਹਰ ਮਾਰਿਆ। ਕੋਈ ਕੌਤਕ ਤਾਂ ਹੋ ਸਕਦਾ ਹੈ ਪਰ ਇਹ ਮੰਨ ਲੈਣਾ ਕਿ ਖੀਰ ਸਮੁੰਦਰ ਦੇ ਅੰਦਰ ਵਾਹਿਗੁਰੂ ਰਹਿੰਦੇ ਨੇ ਤੇ ਕਿਸੇ ਖਾਸ ਥਾਂ ਪੰਜ ਮੀਲ ਦੀ ਡੂੰਘਿਆਈ 'ਚ, ਉਥੇ ਆਸਣ ਲੱਗਿਆ ਹੋਇਆ ਹੈ ਇਹ ਇਕ ਬੜਾ ਭਾਰਾ ਭੁਲੇਖਾ ਹੈ ਮਨੁੱਖ ਦਾ, ਅਗਿਆਨਤਾ ਹੈ। ਸੋ ਇਹ ਗੱਲ ਮਹਾਰਾਜ ਕਹਿੰਦੇ ਤੂੰ ਐਉਂ ਨਾ ਕਰ, ਬਾਹਰ ਨਾ ਟੋਲ੍ਹ, ਇਹ ਸਾਰੀਆਂ ਗੱਲਾਂ ਗਲਤ ਨੇ। ਜੇ ਬਾਹਰ ਟੋਲ੍ਹੇਂਗਾ ਤੇਰੇ ਹੱਥ ਕੁਛ ਨਹੀਂ ਆਉਣਾ। ਹਰੀ ਦਾ ਮੰਦਰ ਬਾਹਰ ਨਹੀਂ ਹੈ, ਹਰੀ ਦਾ ਮੰਦਰ ਤਾਂ ਓਹੀ ਹੈ ਜਿਥੋਂ ਵਾਹਿਗੁਰੂ ਦਾ ਪਤਾ ਲਗ ਜਾਵੇ ਕਿ ਕਿੱਥੇ ਹੈ? ਉਹ ਕਹਿੰਦੇ ਹਰੀ ਦਾ ਜੋ ਮੰਦਰ ਹੈ -

***ਹਰਿ ਮੰਦਰੁ ਸੋਈ ਆਖੀਐ***
***ਜਿਥਹੁ ਹਰਿ ਜਾਤਾ ॥***
***ਮਾਨਸ ਦੇਹ ਗੁਰ ਬਚਨੀ ਪਾਇਆ***
***ਸਭੁ ਆਤਮ ਰਾਮੁ ਪਛਾਤਾ ॥*** ***ਅੰਗ - ੯੫੩***

ਹਰੀ ਦਾ ਮੰਦਰ ਓਸੇ ਨੂੰ ਕਹਿੰਦੇ ਨੇ ਜਿਥੇ ਵਾਹਿਗੁਰੂ ਨੂੰ ਜਾਣਿਆ ਜਾਵੇ ਤੇ ਵਾਹਿਗੁਰੂ ਪਤਾ ਲਗ ਜਾਵੇ। ਕਹਿੰਦੇ, ਵਾਹਿਗੁਰੂ ਦਾ ਮੰਦਰ ਜਿਹੜਾ ਹੈ ਉਹ ਭਾਈ ਤੂੰ ਬਾਹਰ ਨਾ ਟੋਲ੍ਹ -

***ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥***
***ਅੰਗ - ੯੫੩***

ਬਾਹਰੋਂ ਛੱਡ ਦੇ ਇਹ ਵਿਸ਼ਵਾਸ਼ ਕਰ ਲੈ ਕਿ ਬਾਹਰ ਨਹੀਂ ਮਿਲਣਾ ਕਿਉਂਕਿ ਬਹੁਤ ਸਾਰੇ ਪ੍ਰੇਮੀਆਂ ਨੇ ਐਸੇ ਆਪਣੇ ਭਾਵਨਾ ਦੇ ਤਜਰਬੇ ਕਰਕੇ ਹਨ੍ਹੇਰੇ 'ਚ ਪਾ ਦਿਤਾ, ਗੁਰੂ ਮਹਾਰਾਜ ਕਹਿੰਦੇ ਹਨ੍ਹੇਰੇ 'ਚ ਨਾ ਪੈ ਪ੍ਰੇਮੀਆ, ਕਿਉਂਕਿ ਐਸੀਆਂ ਸਾਖੀਆਂ ਨੇ ਕਿ ਕੋਈ ਪ੍ਰੇਮੀ ਹਰਿਦੁਆਰ ਗਿਆ ਜਾਂ ਦੁਆਰਕਾ 'ਚ ਗਿਆ ਤੇ ਉਥੇ ਜਾ ਕੇ ਓਸ ਨੇ ਬੜੀ ਪੁਕਾਰ ਕਰੀ ਤੇ ਓਹਨੂੰ ਕ੍ਰਿਸ਼ਨ ਮਹਾਰਾਜ ਨੇ ਦਰਸ਼ਨ ਦਿਤੇ। ਕ੍ਰਿਸ਼ਨ ਮਹਾਰਾਜ ਦੁਆਰਕਾ 'ਚ ਕੈਦ ਨਹੀਂ ਸਾਧਸੰਗਤ ਜੀ! ਏਸੇ ਧਰਤੀ 'ਤੇ, ਇਹ ਤਾਂ ਖਰਬਾਂ-ਖਬਰਾਂ ਧਰਤੀਆਂ ਨੇ। ਕਈ ਪ੍ਰੇਮੀ ਕਹਿੰਦੇ ਨੇ ਕਿ ਹੇਮਕੁੰਟ ਪਰਬਤ ਗਏ ਉਥੇ ਜਾ ਕੇ ਬੜੀਆਂ ਆਵਾਜ਼ਾਂ ਮਾਰੀਆਂ ਗੁਰੂ ਦਸਵੇਂ ਪਾਤਸ਼ਾਹ ਨੇ ਦਰਸ਼ਨ ਦਿਤੇ। ਇਥੇ ਤੱਕ ਵੀ ਕਰ ਦਿੰਦੇ ਨੇ ਅਗਿਆਨਤਾ ਦੀਆਂ ਗੱਲਾਂ ਕਿ ਮੈਂ ਆਵਾਜ਼ ਮਾਰਦਾ ਸੀ ਤੇ ਗੁਰੂ ਮਹਾਰਾਜ ਦੇ ਦਰਸ਼ਨ ਹੋਏ ਮੈਨੂੰ। ਮੈਂ ਕਿਹਾ

ਕਿਸ ਤਰ੍ਹਾਂ ਦੇ ਸੀ? ਕਹਿੰਦਾ ਜੀ, ਸ਼ੇਰ ਦੇ ਰੂਪ ਵਿਚ ਦਰਸ਼ਨ ਦਿਤੇ। ਬੜਾ ਚੰਗਾ ਹੈ ਸ਼ੇਰ ਦਾ ਰੂਪ ਵੀ ਉਨ੍ਹਾਂ ਦਾ ਹੀ ਹੈ। ਉਥੇ ਜਾ ਕੇ ਤੈਨੂੰ ਸਮਝ ਆਈ, ਤੂੰ ਇਥੇ ਸਮਝ ਲੈਂਦਾ ਏਸ ਚੀਜ਼ ਨੂੰ। ਸੋ ਕੋਈ ਕਹਿੰਦਾ ਹੈ ਕਿ ਹਜ਼ੂਰ ਸਾਹਿਬ ਜਾ ਕੇ ਗੁਰੂ ਦਸਵੇਂ ਪਾਤਸ਼ਾਹ ਦੇ ਦਰਸ਼ਨ ਹੋਏ, ਘੋੜੇ ਤੇ ਚੜ੍ਹਿਆਂ ਦੇ, ਕਈਆਂ ਦਾ ਇਹ ਖਿਆਲ ਹੈ ਕਿ ਜੇ ਕਾਹਬੇ ਵਿਚ ਜਾਓ ਉਥੇ ਜਾ ਕੇ ਖੁਦਾ ਦੇ ਦਰਸ਼ਨ ਹੁੰਦੇ ਨੇ। ਕਬੀਰ ਸਾਹਿਬ ਕਹਿੰਦੇ ਮੈਂ ਵੀ ਚਲਿਆ ਗਿਆ –

*ਕਬੀਰ ਹਜ ਕਾਬੇ ਹਉ ਜਾਇ ਥਾ*
*ਆਗੈ ਮਿਲਿਆ ਖੁਦਾਇ ॥*
*ਸਾਂਈ ਮੁਝ ਸਿਉ ਲਰਿ ਪਰਿਆ*
*ਤੁਝੈ ਕਿਨਿ ਫੁਰਮਾਈ ਗਾਇ ॥ ਅੰਗ – ੧੩੭੫*

ਕਹਿੰਦੇ ਮੈਂ ਤੁਰਨ ਲੱਗਿਆ ਕਾਹਬੇ ਨੂੰ, ਕਿਉਂਕਿ ਮੈਨੂੰ ਬਹੁਤ ਸਾਰਿਆਂ ਨੇ ਕਿਹਾ ਕਿ ਭਗਤ ਜੀ! ਚਲੋ ਕਾਹਬੇ ਵੀ ਹੋ ਆਈਏ, ਹੋਰ ਪਾਸੇ ਤੁਸੀਂ ਆਹ ਬਨਾਰਸ ਤਾਂ ਰਹਿੰਦੇ ਹੀ ਹੋਂ ਤੇ ਚਲੋ ਕਾਹਬੇ ਵੀ ਚੱਲੀਏ। ਕਹਿੰਦੇ, ਮੇਰਾ ਖਿਆਲ ਹੋਇਆ ਕਿ ਚੱਲੀਏ। ਕਹਿੰਦੇ ਜਦੋਂ ਮੈਂ ਤੁਰਨ ਲੱਗਿਆ ਮੇਰੇ ਨਾਲ ਰੱਬ ਲੜ ਪਿਆ। ਕਹਿੰਦੇ, ਕਬੀਰ! ਤੈਨੂੰ ਕੀਹਨੇ ਗੱਲ ਦੱਸੀ ਹੈ ਕਿ ਮੈਂ ਉਥੇ ਰਹਿੰਦਾ ਹਾਂ। ਕਹਿੰਦੇ ਮਹਾਰਾਜ! ਤੁਸੀਂ ਰਹਿੰਦੇ ਕਿੱਥੇ ਓਂ? ਕਹਿੰਦੇ ਤੈਨੂੰ ਇਹ ਨਹੀਂ ਪਤਾ ਲੱਗਿਆ ਕਿ ਮੈਂ ਰਹਿੰਦਾ ਕਿੱਥੇ ਹਾਂ। ਕਹਿੰਦਾ ਜੀ ਆਹ ਲੋਕ ਕਹਿੰਦੇ ਨੇ। ਕਹਿੰਦੇ, ਨਾ ਕਬੀਰ ਮੈਂ ਤਾਂ ਸਭ ਦੇ ਘਟ-ਘਟ ਵਿਚ ਵਿਆਪਕ ਹਾਂ। ਮੈਂ ਕਿਤੇ ਇਕ ਥਾਂ ਤੇ ਨਹੀਂ ਹਾਂ। ਸੋ ਬਾਹਰ ਨਾ ਮੈਨੂੰ ਟੋਲ੍ਹ –

*ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥*
*ਅੰਗ – ੯੫੩*

ਓ ਪ੍ਰੇਮੀਆ! ਭੁੱਲ ਕੇ ਵੀ ਨਾ ਬਾਹਰ ਟੋਲ੍ਹੀ ਕਿਉਂਕਿ ਤੇਰੇ ਅੰਦਰ ਹੀ ਰਹਿੰਦਾ ਹੈ, ਕੋਲ ਹੀ ਰਹਿੰਦਾ ਹੈ।

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ ॥ ਅੰਗ – ੧੨੬੩*

ਕਹਿੰਦੇ ਪੂਰੇ ਗੁਰੂ ਨੇ ਹਉਮੈ ਦੀ ਕੰਧ ਤੋੜ ਦਿਤੀ ਤੇ ਕੀ ਦੇਖਿਆ ਕਿ ਉਹ ਤਾਂ ਅੰਦਰ ਹੀ ਰਹਿੰਦਾ ਸੀ, ਮੈਂ ਜਿਥੇ ਰਹਿੰਦਾ ਸੀ ਅੰਦਰ ਹੀ ਉਹ ਰਹਿੰਦਾ ਹੈ। ਦੋਵੇਂ ਅਸੀਂ ਤਾਂ ਇਕ ਥਾਂ ਰਹਿੰਦੇ ਹਾਂ, ਲੇਕਿਨ ਜਿਹੜੇ ਮਨ ਦੇ ਪਿਛੇ ਲਗਣ ਵਾਲੇ ਪ੍ਰੇਮੀ ਨੇ ਉਨ੍ਹਾਂ ਨੂੰ ਇਹ ਗੱਲ ਸਮਝ ਨਹੀਂ ਆਉਂਦੀ ਜੋ ਗੁਰੂ ਕਹਿ ਰਹੇ ਨੇ। ਉਹ ਨਹੀਂ ਸਮਝਦੇ।

*ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ*
*ਤਿਨੀ ਜਨਮੁ ਗਵਾਤਾ ॥*
*ਸਭ ਮਹਿ ਇਕੁ ਵਰਤਦਾ*
*ਗੁਰ ਸਬਦੀ ਪਾਇਆ ਜਾਈ ॥ ਅੰਗ – ੯੫੩*

ਕਮਾਲ ਦੀ ਗੱਲ ਮਹਾਰਾਜ ਨੇ ਫੁਰਮਾਈ ਹੈ ਕਿ ਮਨ ਦੇ ਪਿੱਛੇ ਲੱਗਣ ਵਾਲੇ ਜਿੰਨੇ ਵੀ ਬੰਦੇ ਨੇ, ਇਹ ਨਹੀਂ ਜਾਣਦੇ ਕਿ ਆਹ ਸਰੀਰ ਹਰੀ ਦਾ ਮੰਦਰ ਹੈ। ਆਹ ਸੰਸਾਰ ਸਾਰਾ ਹੀ ਹਰੀ ਦਾ ਮੰਦਰ ਹੈ।

*ਇਹੁ ਜਗੁ ਸਚੈ ਕੀ ਹੈ ਕੋਠੜੀ*
*ਸਚੇ ਕਾ ਵਿਚਿ ਵਾਸੁ ॥*
*ਇਕਨ੍ਹਾ ਹੁਕਮਿ ਸਮਾਇ ਲਏ*
*ਇਕਨ੍ਹਾ ਹੁਕਮੇ ਕਰੇ ਵਿਣਾਸੁ ॥*
*ਇਕਨ੍ਹਾ ਭਾਣੈ ਕਢਿ ਲਏ*
*ਇਕਨ੍ਹਾ ਮਾਇਆ ਵਿਚਿ ਨਿਵਾਸੁ ॥*
*ਅੰਗ – ੪੬੩*

ਇਥੇ ਹੀ ਰਹਿੰਦਾ ਹੈ ਉਹ ਕਿਤੇ ਬਾਹਰ ਨਹੀਂ ਹੈ। ਲੇਕਿਨ ਮਨ ਦੇ ਪਿਛੇ ਲੱਗਣ ਵਾਲੇ ਜਿਹੜੇ ਪ੍ਰੇਮੀ ਨੇ ਉਨ੍ਹਾਂ ਨੇ ਇਹ ਗੱਲ ਸਮਝੀ ਹੀ ਨਹੀਂ ਹੈ, ਆਪਣੀ ਹੀ ਕਹੀ ਜਾਂਦੇ ਨੇ, ਆਪਣੇ ਹੀ ਸੰਸਕਾਰਾਂ ਦੇ ਮੁਤਾਬਿਕ ਨੱਠੇ ਫਿਰਦੇ ਨੇ। ਕੋਈ ਕਿਤੇ ਜਾਂਦਾ ਹੈ, ਕੋਈ ਕਿਤੇ ਜਾਂਦਾ ਹੈ। ਇਹਦੇ 'ਚ ਵੀ ਦੋਸ਼ ਹੋਇਆ ਕਰਦਾ ਹੈ ਉਹ ਇਹ ਹੈ ਜਾਂਦੇ ਓਂ ਜਾਓ, ਤੀਰਥ ਜਾਂਦੇ ਓਂ ਚਲੇ ਜਾਓ, ਕੋਈ ਹਰਜ਼ ਨਹੀਂ ਏਸ ਗੱਲ ਦਾ। ਪਰ ਜੇ ਉਥੇ ਜਾ ਕੇ ਕਹਿੰਦੇ ਓਂ ਕਿ ਰੱਬ ਮਿਲੇਗਾ ਰੱਬ ਨਹੀਂ ਮਿਲਣਾ, ਉਥੇ ਸਾਧੂਆਂ ਦੇ ਦਰਸ਼ਨ ਜ਼ਰੂਰ ਹੋਣਗੇ ਤੇ ਪੂਰਨ ਸਾਧੂਆਂ ਦੀ ਸੰਗਤ ਤੁਹਾਨੂੰ ਪ੍ਰਾਪਤ ਹੋ ਕੇ ਪ੍ਰਮੇਸ਼ਰ ਦਾ ਰਾਹ ਮਿਲ ਜਾਏਗਾ, ਮਿਲਣਾ ਪ੍ਰਮੇਸ਼ਰ ਨੇ ਅੰਦਰੋਂ ਹੀ ਹੈ ਤੇ ਜਿਹੜਾ ਮਨ ਦੇ ਪਿਛੇ ਲੱਗਣ ਵਾਲਾ ਹੈ ਇਹ ਮੰਦਰ ਨੂੰ ਨਹੀਂ ਜਾਣਦਾ। ਜੋ ਮੰਦਰ ਹੁੰਦਾ ਹੈ ਉਹਦੀ ਅਸੀਂ ਕਿੰਨੀ ਪਵਿੱਤਰਤਾ ਰੱਖਦੇ ਹਾਂ, ਗੁਰਦੁਆਰੇ ਦੀ, ਉਥੇ ਲਿਖ ਦਿੰਦੇ ਹਾਂ ਕਿ ਸਿਗਰਟ ਪੀਣ ਵਾਲਾ ਅੰਦਰ ਨਹੀਂ ਜਾ ਸਕਦਾ। ਸ਼ਰਾਬ ਪੀ ਕੇ ਅੰਦਰ ਨਹੀਂ ਜਾ ਸਕਦਾ, ਤਮਾਕੂ ਲੈ ਕੇ ਅੰਦਰ ਨਹੀਂ ਜਾ ਸਕਦਾ ਤੇ ਠੀਕ ਹੈ ਬਾਹਰਲੇ ਮੰਦਰ ਦੀਆਂ ਰਹਿਤਾਂ ਨੇ, ਲੇਕਿਨ ਜਿਥੇ ਵਾਹਿਗੁਰੂ ਰਹਿੰਦਾ ਹੈ, ਉਹ ਕਿੰਨਾ ਕੁ ਉਚਾ ਹੋਣਾ ਹੈ, ਉਹ ਤਾਂ **mitting places** ਨੇ, ਜਿਹਨੂੰ ਅਸੀਂ ਪਵਿੱਤਰ ਰੱਖਣਾ ਚਾਹੁੰਦੇ ਹਾਂ, ਜਿਹਦੇ ਵਿਚ ਹਰ ਵਕਤ ਸਫਾਈ ਰਖਦੇ ਹਾਂ। ਪਰ ਜੇ ਉਸੇ **mitting places** ਦੇ ਵਿਚ ਜਿਹਨੂੰ ਸਤਿਸੰਗ ਘਰ ਕਹਿੰਦੇ ਨੇ, ਗੁਰਦੁਆਰਾ ਸਾਹਿਬ ਕਹਿੰਦੇ ਨੇ, ਮੰਦਰ ਕਹਿੰਦੇ, ਮਸਜਿਦ ਕਹਿੰਦੇ ਨੇ ਉਥੇ ਗੰਦਮੰਦ ਫੈਲਰਿਆ ਹੋਵੇ, ਗੋਹਾ ਪਿਆ ਹੋਵੇ, ਮੱਝਾਂ ਗਾਈਆਂ ਦਾ, ਮਨੁੱਖ ਦਾ ਵਿਸ਼ਟਾ ਪਿਆ ਹੋਵੇ, ਫਲ

ਗਲੇ ਹੋਏ ਵਿਚ ਪਏ ਹੋਣ, ਮੱਖੀਆਂ ਭਿੰਣਨ-ਭਿੰਣਨ ਕਰਦੀਆਂ ਹੋਣ, ਤੇ ਭਰਿੰਡਾਂ ਦੇ ਦੰਦਈਏ ਆ ਕੇ ਉਥੇ ਵਾਸਾ ਕਰ ਲੈਣ ਤੇ ਬਿੱਛੂ ਵਗੈਰਾ, ਕੀੜੇ ਮਕੌੜੇ ਬੇਅੰਤ ਨੱਠਦੇ ਫਿਰਦੇ ਹੋਣ, ਫੇਰ ਦੱਸੋ ਕਿ ਹਰੀ ਮੰਦਰ ਦੀ ਬੇਅਦਬੀ ਹੋ ਰਹੀ ਹੈ ਕਿ ਨਹੀਂ। ਲੜਾਈ ਹੋ ਜਾਂਦੀ ਹੈ ਕਿ ਉਨ੍ਹਾਂ ਨੇ ਸਿਗਰਟਾਂ ਸੁੱਟ ਦਿਤੀਆਂ ਸਰੋਵਰ 'ਚ, ਦੂਜੇ ਕਹਿੰਦੇ ਨੇ ਕਿ ਜੀ ਗਊ ਦਾ ਸਿੰਗ ਸੁੱਟ ਦਿਤਾ, ਕਿੱਡਾ ਝਗੜਾ ਹੁੰਦਾ ਹੈ ਬੰਦੇ ਮਰ ਜਾਂਦੇ ਨੇ। ਅਗਿਆਨਤਾ ਹੀ ਅਗਿਆਨਤਾ ਮਹਾਰਾਜ ਕਹਿੰਦੇ ਤੁਹਾਨੂੰ ਪਤਾ ਨਹੀਂ ਕਿ ਹਰੀ ਦਾ ਮੰਦਰ ਕਿਵੇਂ ਪਵਿੱਤਰ ਰੱਖੀਦਾ ਹੈ, ਕਿੱਥੇ ਹੈਂ? ਕਹਿੰਦੇ ਆਹ ਸਰੀਰ ਦੇ ਅੰਦਰ ਹਰੀ ਦਾ ਮੰਦਰ ਹੈ ਪ੍ਰੇਮੀਓ! ਇਸ ਹਰਿਮੰਦਰ ਨੂੰ ਜਾਣੋ ਤੁਸੀਂ। ਇਸ ਹਰਿਮੰਦਰ ਦੀ ਪਵਿੱਤਰਤਾ ਰੱਖੋ ਤੁਸੀਂ। ਇਹਦੇ 'ਚ ਕਿਉਂ ਗੰਦ ਮੰਦ ਸੁੱਟਿਆ ਹੋਇਆ ਹੈ, ਕਿੰਨੀਆਂ ਚੀਜ਼ਾਂ ਨੇ ਸ਼ਰਾਬਾਂ-ਕਬਾਬਾਂ, ਮਾਸ-ਮੱਛੀ ਆਦਿ ਫੇਰ ਨਿੰਦਾ। ਨਿੰਦਾ ਚੂਹੜੀ। ਕਹਿੰਦੇ ਐਹੋ ਜਿਹੀਆਂ ਚੀਜ਼ਾਂ ਅੰਦਰ ਵਾੜੀਆਂ ਨੇ, ਹਉਮੈ ਦੀ ਮਰੀ ਹੋਈ ਬਿੱਲੀ ਅੰਦਰ ਪਈ ਹੈ ਤੇ ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਦੇ ਕਿਰਮ ਚੱਲ ਰਹੇ ਨੇ। ਸਬਦ, ਸਪਰਸ਼, ਰੂਪ, ਰਸ ਗੰਧ ਦੇ ਦੰਦਈਏ ਫਿਰ ਰਹੇ ਨੇ, ਭਰਿੰਡਾਂ ਫਿਰ ਰਹੀਆਂ ਨੇ, ਕੀੜੇ ਮਕੌੜੇ ਬਿੱਛੂ ਫਿਰ ਰਹੇ ਨੇ ਤੇ ਏਸ ਮੰਦਰ ਦੀ ਤੁਸੀਂ ਸਾਰ ਨਹੀਂ ਜਾਣਦੇ, ਇਹਨੂੰ ਪਵਿੱਤਰ ਰੱਖੋ ਪ੍ਰੇਮੀਓ! ਇਹਦੇ 'ਚ ਵਾਹਿਗੁਰੂ ਵਸਦਾ ਹੈ।

***ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ***
***ਤਿਨੀ ਜਨਮੁ ਗਵਾਤਾ ॥***
***ਸਭ ਮਹਿ ਇਕੁ ਵਰਤਦਾ***
***ਗੁਰ ਸਬਦੀ ਪਾਇਆ ਜਾਈ ॥ ਅੰਗ - ੯੫੩***

ਕੀ ਹੋਇਆ ਫੇਰ? ਕਹਿੰਦੇ, ਜਨਮ ਹੀ ਬ੍ਰਿਥਾ ਚਲਿਆ ਗਿਆ-

***........ਤਿਨੀ ਜਨਮੁ ਗਵਾਤਾ ॥ ਅੰਗ - ੯੫੩***
***ਸਭ ਮਹਿ ਇਕੁ ਵਰਤਦਾ***
***ਗੁਰ ਸਬਦੀ ਪਾਇਆ ਜਾਈ ॥ ਅੰਗ - ੯੫੩***

ਕਹਿੰਦੇ ਇਹ ਵਰਤ ਰਿਹਾ ਹੈ, ਤੇਰੇ ਅੰਦਰ ਸੌਦਾ ਪਿਆ ਨਾਮ ਦਾ, ਸਤਿ ਦਾ, ਸੰਤੋਖ ਦਾ, ਵੈਰਾਗ ਦਾ, ਗਿਆਨ ਦਾ, ਖਿਮਾ ਦਾ, ਦਇਆ ਦਾ, ਸ਼ੀਲ ਦਾ, ਸੌਚ ਦਾ, ਅਹਿੰਸਾ ਦਾ, ਤਪ ਦਾ ਦਾਨ ਦਾ, ਮਿਠਾਸ ਦਾ ਸੌਦਾ ਪਿਆ ਹੈ ਕਰ ਲੈ ਕਹਿੰਦੇ ਸੌਦਾ। ਐਨੀਆਂ ਚੀਜ਼ਾਂ ਪਈਆਂ ਨੇ ਇਨ੍ਹਾਂ ਨੂੰ ਖਰਾਬ ਨਾ ਕਰ। ਕਾਇਆ ਦੇ ਅੰਦਰ ਤਾਂ ਕਿਲ੍ਹਾ ਹੈ ਇਹ।

***ਕਾਇਆ ਕੋਟੁ ਅਪਾਰੁ ਹੈ ਅੰਦਰਿ ਹਟਨਾਲੇ॥***
***ਅੰਗ - ੩੦੯***

ਹੱਟੀਆਂ, ਬਜ਼ਾਰ ਨੇ ਕਹਿੰਦੇ ਅੰਦਰ।

***ਗੁਰਮੁਖਿ ਸਉਦਾ ਜੋ ਕਰੇ ਹਰਿ ਵਸਤੁ ਸਮਾਲੇ ॥***
***ਅੰਗ - ੩੦੯***

ਕਹਿੰਦੇ ਗੁਰੂ ਦੇ ਰਾਹੀਂ ਸੌਦਾ ਕਰੋ, ਤੂੰ ਇਹ ਦੱਸ ਕਿ ਇਹਦੇ 'ਚ ਕੀਮਤੀ ਚੀਜ਼ ਕਿਹੜੀ ਹੈ। ਸਭ ਤੋਂ ਕੀਮਤੀ ਚੀਜ਼ ਇਹਦੇ ਅੰਦਰ ਪਈ ਹੈ।

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥***
***ਅੰਗ - ੨੯੩***

ਐਨੀਆਂ ਵਧੀਆ ਚੀਜ਼ਾਂ ਇਹਦੇ ਵਿਚ ਪਈਆਂ ਨੇ, ਨਾਮ, ਜਿਹਦਾ ਕੋਈ ਮੁੱਲ ਨਹੀਂ ਹੈ, ਸੰਸਾਰ 'ਚ ਦੱਸ ਨਹੀਂ ਸਕਦਾ ਮੁੱਲ, ਐਡਾ ਵੱਡਾ ਮੁੱਲ ਹੈ।

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥***
***ਅੰਗ - ੮੧***

ਅੱਜ ਤੱਕ ਤਾਂ ਸੰਸਾਰ 'ਚ ਕੋਈ ਆਇਆ ਨਹੀਂ, ਜਿਹੜਾ ਏਸ ਨਾਮ ਦੀ ਕੀਮਤ ਜਾਣਦਾ ਹੋਵੇ, ਜੋ ਅੰਦਰ ਪਿਆ ਹੈ ਤੇ ਅੰਦਰ ਰਹਿੰਦਾ ਹੈ, ਉਹ ਨਾਮ ਵੀ ਰਹਿੰਦਾ ਹੈ ਤੇ ਵਾਹਿਗੁਰੂ ਵੀ ਰਹਿੰਦਾ ਹੈ। ਹੁਣ ਸੌਦਾ ਗੁਰਮਤਿ ਦੇ ਨਾਲ ਹੁੰਦਾ ਹੈ, ਕਿੰਨਾ ਨਾਮ ਕੀਮਤੀ ਹੈ ਇਕ ਮਿਸਾਲ ਦੇ ਨਾਲ ਸਮਝ 'ਚ ਆ ਜਾਂਦਾ ਹੈ।

ਗੁਰੂ ਨਾਨਕ ਪਾਤਸ਼ਾਹ ਜਾਂਦੇ-ਜਾਂਦੇ ਜਿਸ ਵਕਤ ਬਿਹਾਰ 'ਚੀਂ ਲੰਘੀ ਜਾਂਦੇ ਨੇ, ਤਾਂ ਉਥੇ ਮਰਦਾਨੇ ਨੇ ਇਕ ਪ੍ਰਸ਼ਨ ਕਰ ਦਿਤਾ। ਕਹਿਣ ਲੱਗਿਆ, ਮਹਾਰਾਜ! ਤੁਸੀਂ ਨਾਮ ਦੀ ਬਾਤ ਕਰਦੇ ਓਂ। ਤੁਸੀਂ ਅੰਦਰ ਜੋਤੀ ਦੀ ਗੱਲ ਕਰਦੇ ਓਂ। ਆਪ ਫੁਰਮਾਨ ਕਰਦੇ ਓਂ ਕਿ ਇਹਦੇ ਵਿਚ ਅਨਹਦ ਸ਼ਬਦ ਵਜਦੇ ਨੇ ਤੇ ਇਹਦੇ ਅੰਦਰ ਪ੍ਰਮੇਸ਼ਰ ਆਪ ਵਸਦਾ ਹੈ। ਪਰ ਮਹਾਰਾਜ ਤੁਸੀਂ ਐਨਾ ਉਪਦੇਸ਼ ਦਿੰਦੇ ਓਂ, ਮੈਂ ਦੇਖਦਾ ਹੁੰਦਾ ਹਾਂ ਕਿ ਸੁਣਦੇ ਤਾਂ ਸਾਰੇ ਨੇ ਪਰ ਨਾਮ ਜਪਦੇ ਥੋੜ੍ਹੇ ਨੇ। ਮਹਾਰਾਜ ਕਹਿੰਦੇ ਮਰਦਾਨਿਆ! ਨਾਮ ਕੀਮਤੀ ਚੀਜ਼ ਹੈ। ਕਹਿੰਦਾ, ਓਹੀ ਤਾਂ ਮਹਾਰਾਜ ਮੈਂ ਕਹਿੰਦਾ ਹਾਂ ਕਿ ਕੀਮਤੀ ਚੀਜ਼ਾਂ ਹੈ, ਕਿਉਂ ਨਹੀਂ ਸੰਸਾਰ ਇਹਦੇ ਵਲ ਧਿਆਨ ਦਿੰਦਾ। ਮਹਾਰਾਜ ਕਹਿੰਦੇ, ਕਦਰਦਾਨ ਨਹੀਂ। ਵਿਸ਼ਿਆਂ ਦਾ ਵਪਾਰੀ ਹੋਵੇ। ਕਉਡੀਆਂ ਦਾ ਵਪਾਰੀ ਹੋਵੇ ਤੇ ਰਤਨਾਂ ਦੀ ਸਾਰ ਕੀ ਜਾਣਦਾ ਹੈ, ਰਤਨ ਕੀ ਹੁੰਦੇ ਨੇ। ਕਿਉਂਕਿ ਉਹਨੇ ਦੇਖਿਆ ਹੀ ਨਹੀਂ ਉਹ ਤਾਂ ਕੌਡੀਆਂ ਦਾ ਵਪਾਰ ਕਰਦਾ ਹੈ। ਕੀ ਸਾਰ ਜਾਣੇ ਰਤਨਾਂ ਦੀ, ਜਿਹੜਾ ਹੈ ਕੌਡੀਆਂ ਦਾ ਵਪਾਰੀ। ਕਹਿੰਦੇ ਐਉਂ ਹੈ ਮਰਦਾਨਿਆ! ਹੋਰ ਗੱਲ ਨਹੀਂ ਹੈ।

ਕਹਿੰਦਾ, ਮਹਾਰਾਜ! ਤੁਸੀਂ ਸਮਝਾਉਂਦੇ ਤਾਂ ਹੈਗੇ, ਮੈਂ ਤਾਂ ਐਉਂ ਕਹਿੰਦਾ ਹਾਂ ਕਿ ਫੇਰ ਵੀ ਕਿਉਂ ਨਹੀਂ ਸਮਝਦੇ। ਪੰਜ-ਸੱਤ ਵਾਰੀ ਕਿਹਾ। ਮਹਾਰਾਜ! ਕਹਿੰਦੇ ਚੰਗਾ ਮਰਦਾਨਿਆਂ ਤੈਨੂੰ ਇਹ ਗੱਲ ਪ੍ਰੈਕਟੀਕਲੀ ਸਮਝਾਵਾਂਗੇ। ਕੋਈ ਨਾ ਤੂੰ ਚੁੱਪ ਰਹਿ।

ਗੁਰੂ ਮਹਾਰਾਜ ਚਲਦੇ-ਚਲਦੇ ਇਕ ਦਿਨ ਇਕ ਵੱਡੇ ਸ਼ਹਿਰ ਦੇ ਨੇੜੇ ਆ ਗਏ। ਕਹਿੰਦੇ, ਮਰਦਾਨਿਆ! ਕੁਛ ਨਜ਼ਰ ਆਉਂਦਾ ਹੈ ਕਹਿੰਦਾ ਹਾਂ ਮਹਾਰਾਜ ਇਹ ਤਾਂ ਮੈਂ ਵੀ ਕਦੋਂ ਦਾ ਦੇਖਦਾ ਹਾਂ, ਇਹ ਤਾਂ ਕੋਈ ਸ਼ਹਿਰ ਹੈ ਉਚੀਆਂ-ਉਚੀਆਂ ਜਿਹੜੀਆਂ ਇਮਾਰਤਾਂ ਨੇ ਉਨ੍ਹਾਂ ਦੀਆਂ ਉਪਰਲੀਆਂ ਮੰਮਟੀਆਂ ਨਜ਼ਰ ਆ ਰਹੀਆਂ ਨੇ। ਕਹਿੰਦੇ ਚੰਗਾ, ਤੂੰ ਐਉਂ ਕਰੀਂ ਅਸੀਂ ਤਾਂ ਬੈਠਾਂਗੇ ਕੋਈ ਸਵੱਛ ਥਾਂ ਦੇ ਉਤੇ ਤੇ ਤੂੰ ਉਥੇ ਜਾ ਆਈਂ ਤੇ ਪ੍ਰਸ਼ਾਦ ਪਾਣੀ ਛਕ ਆਈਂ।

ਮਹਾਰਾਜ ਕਹੀ ਜਾਂਦੇ ਨੇ, ਜਦੋਂ ਮਹਾਰਾਜ ਨੇ ਫੇਰ ਬਚਨ ਕਰਿਆ। ਤੂੰ ਜਾਹ ਪ੍ਰਸ਼ਾਦਾ ਛਕ ਆ ਕਿਉਂਕਿ ਬਾਲ ਸਖਾਈ ਸੀ, ਮਿੱਤਰ ਕੋਈ-ਕੋਈ ਹੁੰਦਾ ਹੈ ਜਿਹਨੂੰ ਵਿਸ਼ਵਾਸ਼ ਆਏ, ਮਹਾਂਪੁਰਸ਼ਾਂ ਤੇ। ਚਾਰ-ਪੰਜ ਕੈਟਾਗਿਰੀਆਂ ਆਦਮੀ ਦੀਆਂ ਐਸੀਆਂ ਹੁੰਦੀਆਂ ਨੇ, ਜਿਨ੍ਹਾਂ ਨੂੰ ਮਹਾਂਪੁਰਸ਼ਾਂ ਦੀ ਵਡੱਤਣ ਦਾ ਪਤਾ ਨਹੀਂ ਲਗਦਾ, ਉਹ ਇਕ ਸਾਧਾਰਣ ਮਨੁੱਖ ਸਮਝਦੇ ਨੇ। ਕੋਈ ਵਿਰਲਾ ਹੋਏਗਾ ਗੁਰੂ ਅਰਜਨ ਸਾਹਿਬ ਵਰਗਾ ਜਿਹਨੂੰ ਪਤਾ ਲੱਗ ਗਿਆ ਸੀ। ਲੇਕਿਨ ਗੁਰੂ ਨਾਨਕ ਸਾਹਿਬ ਦਾ ਪਤਾ ਸ੍ਰੀ ਚੰਦ ਤੇ ਲਖਮੀ ਦਾਸ ਨੂੰ ਸਾਰੀ ਜ਼ਿੰਦਗੀ ਨਹੀਂ ਲਗ ਸਕਿਆ। ਮਹਾਰਾਜ ਨੇ ਜਦੋਂ ਇਕ ਵਾਰੀ ਇਹ ਗੱਲ ਕਹੀ ਕਿ ਭਾਈ! ਬਾਹਰ ਦੇਖੋ ਕੀ ਟਾਈਮ ਹੋ ਗਿਆ। ਉਥੋਂ ਪਿਆਂ ਨੇ ਹੀ ਕਹਿ ਦਿਤਾ ਕਿ ਮਹਾਰਾਜ, ਅਜੇ ਤਾਂ ਅੱਧੀ ਰਾਤ ਵੀ ਨਹੀਂ ਹੋਈ, ਕੋਲ ਪਏ ਸੀ। ਆਵਾਜ਼ ਦਿਤੀ ਸ੍ਰੀ ਚੰਦ ਦੇਖੀ ਤਾਂ ਕੀ ਸਮਾਂ ਹੋ ਗਿਆ, ਅਸੀਂ ਆਹ ਕੱਪੜੇ ਧੁਆਉਣੇ ਨੇ ਸਵੇਰੇ ਜਾਣਾ ਹੈ। ਉਹ ਕਹਿੰਦਾ, ਅੱਧੀ ਰਾਤ ਪਿਤਾ ਜੀ, ਦੂਜੇ ਨੂੰ ਕਿਹਾ, ਉਹ ਜ਼ਰਾ ਤੇਜ਼ ਸੀ ਉਹਦੇ ਨਾਲੋਂ। ਮਹਾਰਾਜ ਨੇ ਕਿ ਭਾਈ ਲਖਮੀ ਦਾਸ ਤੂੰ ਹੀ ਧੋ ਲਿਆ ਵਸਤਰ, ਦੇਖ ਲੈ ਕੀ ਸਮਾਂ ਹੋ ਗਿਆ, ਦਿਨ ਚੜ੍ਹਿਆ ਲਗਦਾ ਹੈ।

ਸੋ ਕਹਿਣ ਲੱਗਿਆ, ਸਤਰੇ-ਬਹੱਤਰੇ ਵਾਲੀ ਗੱਲ ਬੈਠ ਗਈ, ਸੱਤਰ ਸਾਲ ਦੇ ਹੋ ਗਏ ਤੁਸੀਂ। ਤੁਸੀਂ ਸੱਤਰਾਂ ਵਾਲੇ ਨੂੰ ਮਤਹੀਣ ਕਿਹਾ ਹੈ, ਕਿਉਂਕਿ ਉਹ ਅਜੇ ਵੀ ਨਾਮ ਜਪਣ ਨਹੀਂ ਲੱਗਿਆ। ਮਹਾਰਾਜ ਨੇ ਤਾਂ ਐਉਂ ਕਿਹਾ ਸੀ, ਮਤਹੀਣ ਹੈਂ ਹੋਰ ਤੂੰ ਕਿੰਨਾ ਕੁ ਇੰਤਜ਼ਾਰ ਕਰਦਾ ਹੈਂ, ਹੁਣ ਲਗ ਜਾ, ਜੇ ਸਾਰੀ ਜ਼ਿੰਦਗੀ ਨਹੀਂ ਲੱਗਿਆ, ਹੁਣ ਕੀ ਵਿਹਾਰ ਵਿਚ ਪਿਆ ਹੋਇਆ, ਹੁਣ ਤੇਰਾ ਵਿਹਾਰ ਕਰਿਆ ਹੋਇਆ ਕੀ ਕੰਮ ਦੇ ਦਏਗਾ। ਹੁਣ ਤੂੰ ਕੰਮ ਕਰ ਲੈ ਪ੍ਰਮੇਸ਼ਰ ਦੇ ਭਜਨ ਦਾ। ਪਤਾ ਨਹੀਂ ਹੈ ਕਿ ਅੱਜ ਲੱਗ ਜਾਵੇ ਕਾਲ ਦਾ ਗੁਲੇਲਾ ਕਿ ਕੱਲ ਨੂੰ ਲਗ ਜਾਵੇ। ਸੋ ਸੁਣ ਲਿਆ, ਬੱਚੇ ਦੇ ਮਨ ਵਿਚ ਸ਼ਰਧਾ ਨਹੀਂ ਹੈ। ਫੇਰ ਕਿਹਾ, ਇਕ ਵਾਰੀ ਕੌਲ ਗਿਰ ਪਿਆ, ਕਹਿਣ ਲੱਗੇ, ਬੇਟਾ! ਸ੍ਰੀ ਚੰਦ ਆਹ ਕੌਲ ਗਿਰ ਗਿਆ, ਕਹਿੰਦਾ ਮਹਾਰਾਜ! ਸਾਰਾ ਜੂਠਾ ਪਾਣੀ ਇਥੇ ਪੈਂਦਾ ਹੈ, ਚਿੱਕੜ ਹੈ, ਇਹਦੇ ਵਿਚੋਂ ਕੌਲ ਕੀ ਕੱਢਣਾ ਹੈ, ਕੋਈ ਸੇਵਾਦਾਰ ਆ ਜਾਏਗਾ, ਕਢਾ ਲਵਾਂਗੇ। ਨਾ ਕਹਿੰਦੇ, ਤੂੰ ਕੱਢ ਦੇ। ਕਹਿੰਦਾ, ਐਨੀ ਕਿਹੜੀ ਕਾਹਲੀ ਹੈ ਐਨੇ ਭਾਂਡੇ ਪਏ ਨੇ, ਜਵਾਬ ਪਏ ਨੇ। ਦੂਜੇ ਪੁੱਤਰ ਨੂੰ ਕਿਹਾ ਕਿ ਤੂੰ ਕੱਢ ਲੈ। ਉਹਨੇ ਕਿਹਾ ਕਿ ਮੈਂ ਕਿਵੇਂ ਕੱਢ ਲਵਾਂ ਪਿਤਾ ਜੀ, ਤੁਸੀਂ ਤਾਂ ਗੱਲਾਂ ਅਣਹੋਈਆਂ ਕਰਨ ਲੱਗ ਗਏ। ਐਨੇ ਸੇਵਾਦਾਰ ਫਿਰਦੇ ਨੇ ਐਥੇ, ਕਹਿ ਦਓ ਕਿਸੇ ਨੂੰ ਕੱਢ ਦਏਗਾ, ਮੇਰੇ ਤੋਂ ਜ਼ਰੂਰ ਕਢਾਉਣਾ ਹੈ, ਕੱਪੜੇ ਲਾਹਵਾਂਗਾ, ਫੇਰ ਨਾਹੁਣਾ ਪੈਣਾ ਹੈ ਮੈਨੂੰ।

ਗੁਰੂ ਅੰਗਦ ਸਾਹਿਬ ਆ ਗਏ, ਹੱਥ ਬੰਨ੍ਹੇ ਨਮਸਕਾਰ ਕਰੀ, ਮਹਾਰਾਜ ਕਹਿੰਦੇ, ਪੁਰਖਾ! ਇਹਦੇ ਵਿਚ ਕਉਲ ਗਿਰ ਗਿਆ, ਕੱਢ ਦੇ। ਸਣੇ ਕੱਪੜੇ ਛਾਲ ਮਾਰ ਦਿਤੀ। ਕਿਉਂਕਿ ਚੁੱਬਚਾ ਜ਼ਿਆਦਾ ਡੂੰਘਾ ਸੀ, ਪੈਰ ਨਾਲ ਟੋਲ੍ਹ ਕੇ ਕੱਢ ਲਿਆ, ਧੋਤਾ। ਧੰਨ ਭਾਗ ਸਮਝੇ ਕਿ ਮਹਾਰਾਜ ਨੇ ਮੇਰੇ ਤੋਂ ਸੇਵਾ ਲਈ। ਉਹਨੇ ਸਮਝ ਲਿਆ, ਉਹ ਨਹੀਂ ਸਮਝ ਸਕਿਆ। ਗੁਰੂ ਚੌਥੇ ਪਾਤਸ਼ਾਹ ਦਾ ਪੁੱਤਰ ਪ੍ਰਿਥੀ ਚੰਦ ਜਦੋਂ ਗੁਰਿਆਈ ਦੇਣ ਲੱਗੇ, ਕਹਿੰਦੇ, ਬੇਟਾ! ਪ੍ਰਿਥੀ ਚੰਦ ਇਹ ਗੁਰਿਆਈ ਚਤੁਰਤਾ ਦੇ ਨਾਲ ਨਹੀਂ ਮਿਲਿਆ ਕਰਦੀ। ਇਹ ਤਾਂ ਗੁਰੂ ਨਾਨਕ ਦੀ, ਅਕਾਲ ਪੁਰਖ ਦੀ ਅਮਾਨਤ ਹੈ, ਗੁਰੂ ਜੋਤ ਜਿਹਦੇ ਵਿਚ ਪ੍ਰਵੇਸ਼ ਕਰਨੀ ਹੈ ਉਸੇ ਨੇ ਗੁਰਗੱਦੀ ਤੇ ਬੈਠਣਾ ਹੈ। ਕਹਿੰਦਾ, ਪਿਤਾ ਜੀ! ਮੈਂ ਸਭ ਜਾਣਦਾ ਹਾਂ, ਤੁਸੀਂ ਚਾਲਾਂ ਚਲਦੇ ਓਂ, ਗੁਰੂ ਅਰਜਨ ਨੂੰ ਬਣਾਉਣਾ ਹੈ ਤੁਸੀਂ। ਮੈਂ ਤੁਹਾਨੂੰ ਪਤਾ ਹੈ ਸਾਰਾ ਕੰਮ ਸਾਂਭਦਾ ਹਾਂ। ਸਾਰੀ ਸੰਗਤ ਨੂੰ ਸਾਂਭਦਾ ਹਾਂ, ਸਾਰੀ ਖੇਤੀਬਾੜੀ ਕਰਾਉਂਦਾ ਹਾਂ, ਸਾਰਾ ਲੰਗਰ ਦਾ ਕੰਮ ਸਾਂਭਦਾ ਹਾਂ, ਦਿਨ ਰਾਤ ਕੰਮ ਕਰਦਾ ਹਾਂ ਤੇ ਗੁਰਿਆਈ ਵੇਲੇ ਤੁਸੀਂ ਕਹਿ ਦਿਤਾ ਕਿ ਤੈਨੂੰ ਨਹੀਂ ਮਿਲਣੀ। ਤੁਸੀਂ ਪੱਖਪਾਤੀ ਹੋਂ, ਸੁਣ ਲਓ ਕੰਨ ਖੋਲ੍ਹ ਕੇ, ਮੈਂ ਵੀ ਚੈਨ ਨਹੀਂ ਲੈਣ ਦੇਣੀ ਏਸ ਭਰਾ ਨੂੰ। ਸਰਕਾਰੇ ਦਰਬਾਰੇ ਕੈਦ ਕਰਾਉਂਗਾ।

ਮਹਾਰਾਜ ਕਹਿੰਦੇ ਬੜਾ ਮਾੜਾ ਕੰਮ ਹੈ ਪ੍ਰਿਥੀ ਚੰਦ। ਹੇ ਪੁੱਤਰ! ਤੂੰ ਮੇਰੇ ਨਾਲ ਕਿਉਂ ਝਗੜਦਾ ਹੈਂ, ਮੇਰਾ ਹੀ ਪੁੱਤਰ ਹੈਂ ਤੂੰ, ਜਨਮ ਪ੍ਰਾਪਤ ਕਰਿਆ ਹੈ ਅਸੀਂ ਵੱਡੇ-ਵਡੇਰੇ ਹਾਂ ਇਹ ਚੰਗੀ ਨਹੀਂ ਗੱਲ। ਕਹਿੰਦਾ, ਚੰਗੀ ਹੋਵੇ ਮਾੜੀ ਹੋਵੇ ਮੈਂ ਨਹੀਂ ਇਹਨੂੰ ਬੈਠਣ ਦਿੰਦਾ। ਗੁਰੂ ਰਾਮਦਾਸ ਪਾਤਸ਼ਾਹ ਨੂੰ ਅੰਮ੍ਰਿਤਸਰ ਛੱਡ ਕੇ ਗੋਇੰਦਵਾਲ

ਸਾਹਿਬ ਜਾ ਕੇ ਸਰੀਰ ਛੱਡਣਾ ਪਿਆ। ਫੇਰ ਵੀ ਉਸਨੇ ਬੜਾ ਭਾਰਾ ਝਗੜਾ ਪਾਇਆ।

ਇਸੇ ਤਰ੍ਹਾਂ ਦੇ ਨਾਲ ਧੀਰਮੱਲ ਕਰਤਾਰਪੁਰ ਦਾ ਯੁੱਧ ਸ਼ੁਰੂ ਹੋ ਗਿਆ। ਧੀਰਮੱਲ ਨੇ ਸ਼ਾਹਜਹਾਨ ਨੂੰ ਇਕ ਚਿੱਠੀ ਲਿਖੀ, ਕਹਿਣ ਲੱਗੇ, ਬਾਦਸ਼ਾਹ ਸਲਾਮਤ! ਮੇਰਾ ਜਿਹੜਾ ਬਾਬਾ ਹੈ ਗੁਰੂ ਹਰਿਗੋਬਿੰਦ ਸਾਹਿਬ ਇਹ ਝਗੜਾਲੂ ਹੈ, ਪੰਜ ਗੁਰੂ ਪਹਿਲਾਂ ਵੀ ਹੋਏ ਨੇ, ਉਨ੍ਹਾਂ ਨੇ ਕੋਈ ਯੁੱਧ ਨਹੀਂ ਕਰਿਆ। ਪੋਤਰਾ ਲਗਦਾ ਸੀ, ਬਾਬੇ ਗੁਰਦਿੱਤੇ ਦਾ ਲੜਕਾ ਸੀ, ਬਾਬਾ ਗੁਰਦਿੱਤਾ ਗੁਰੂ ਮਹਾਰਾਜ ਦਾ ਲੜਕਾ ਸੀ, ਕਹਿਣ ਲੱਗਿਆ, ਉਨ੍ਹਾਂ ਨੇ ਯੁੱਧ ਨਹੀਂ ਕਰੇ ਹੈਗੇ, ਇਨ੍ਹਾਂ ਨੇ ਫੌਜਾਂ ਰੱਖ ਲਈਆਂ, ਪਹਿਲਵਾਨ ਰੱਖ ਲਏ, ਵੱਡੇ-ਵੱਡੇ ਯੋਧੇ ਰੱਖ ਲਏ, ਸ਼ਿਕਾਰ ਖੇਲ੍ਹਦਾ ਹੈ, ਤਲਵਾਰਾਂ ਚਲਾ ਦਿਤੀਆਂ ਕਹਿੰਦੇ ਗੁਰੂ ਨਾਨਕ ਦੀ ਜਿਹੜੀ ਸਿੱਖੀ ਸੀ, ਉਹਨੂੰ ਕੁਰਾਹੇ ਪਾ ਦਿਤਾ ਕਿ ਜੇ ਤੂੰ ਮੈਨੂੰ ਗੁਰਗੱਦੀ ਤੇ ਬਿਠਾਉਣ ਵਿਚ ਮਦਦ ਦੇ ਦੇਵੇਂ ਮੈਂ ਇਹਨੂੰ ਫੜਾ ਦਿੰਦਾ ਹਾਂ। ਤੁਹਾਡੀਆਂ ਫੌਜਾਂ ਆਈਆਂ ਹੋਈਆਂ ਨੇ, ਤਿਆਰੀਆਂ ਕਰ ਰਹੀਆਂ ਨੇ, ਮੈਂ ਦਰਵਾਜ਼ਾ ਖੋਲ੍ਹ ਦੇਵਾਂਗਾ ਤੇ ਉਥੋਂ ਦੀ ਆ ਜਾਇਓ। ਉਹ ਚਿੱਠੀ ਵਜ਼ੀਰ ਖਾਨ ਨੇ ਫੜ ਲਈ, ਉਹਦਾ ਜੋ ਪਰਾਈਮ ਮਨਿਸਟਰ ਸੀ, ਕੋਲ ਰੱਖ ਲਈ। ਸ਼ਾਹਜਹਾਨ ਨੇ ਪੁੱਛਿਆ, ਕੀ ਹੈ? ਕਹਿਣ ਲੱਗਿਆ, ਮਹਾਰਾਜ ਕਮਲ ਕੁੱਟ ਰਿਹਾ ਹੈ ਉਨ੍ਹਾਂ ਦਾ ਇਕ ਪੋਤਰਾ। ਗੁਰੂ ਤਾਂ ਸਮਰੱਥ ਹੁੰਦਾ ਹੈ, ਪਹਿਲਾਂ ਤਾਂ ਸਾਨੂੰ ਉਨ੍ਹਾਂ ਨਾਲ ਲੜਾਈ ਨਹੀਂ ਕਰਨੀ ਚਾਹੀਦੀ, ਐਉਂ ਕਹਿੰਦਾ ਹੈ। ਪਤਾ ਨਹੀਂ ਕੀ ਜੰਗੀ ਚਾਲ ਹੈ ਇਹਦੇ ਵਿਚ। ਸਾਡੀ ਫੌਜ ਨੂੰ ਅੰਦਰ ਵਾੜ ਕੇ ਮਾਰਨਾ ਚਾਹੁੰਦੇ ਨੇ, ਜਾਂ ਕੀ ਕਰਨਾ ਚਾਹੁੰਦੇ ਨੇ, ਟਾਲ ਦਿਤੀ ਉਸਨੇ ਗੱਲ। ਗੁਰੂ ਮਹਾਰਾਜ ਯੁੱਧ ਜੀਤਣ ਤੋਂ ਬਾਅਦ ਕਰਤਾਰਪੁਰ ਨਹੀਂ ਰਹੇ, ਕੀਰਤਪੁਰ ਸਾਹਿਬ ਨੂੰ ਚੱਲ ਪਏ, ਘਰ 'ਚ ਫੁੱਟ ਪੈ ਗਈ ਤੇ ਜਦੋਂ ਚੱਲੇ ਉਸ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਜਿਹੜੀ ਦੇਹ ਸੀ ਇਹ ਧੀਰ ਮੱਲ ਰੱਖ ਲਈ, ਕਹਿੰਦਾ ਮੈਂ ਨਹੀਂ ਦਿੰਦਾ, ਇਹਦੇ ਨਾਲ ਹੀ ਤੁਸੀਂ ਗੁਰੂ ਬਣੇ ਹੋਏ ਓਂ, ਮੈਂ ਵੀ ਗੁਰੂ ਬਣਾਂਗਾ। ਕਿੱਡੀ ਬੇਸਮਝੀ ਸੀ। ਰਾਮਰਾਇ ਗੁਰੂ ਹਰਿਰਾਇ ਸਾਹਿਬ ਦੇ ਪੁੱਤਰ ਕਹਿਣ ਲੱਗੇ, ਗੁਰਿਆਈ ਤੁਸੀਂ ਗੁਰੂ ਹਰਿਕ੍ਰਿਸ਼ਨ ਨੂੰ ਦੇਣੀ ਹੈ ਮੈਂ ਵੀ ਚੱਲਣ ਨਹੀਂ ਦੇਣੀ। ਕਿੰਨੀਆਂ ਤਕਲੀਫਾਂ ਆਈਆਂ, ਨਹੀਂ ਸਮਝੇ।

ਇਸੇ ਤਰ੍ਹਾਂ ਧੀਆਂ ਪੁੱਤਰ, ਕੁਟੰਬ ਦੇ ਸਬੰਧੀ ਉਹ ਹੀ ਸਮਝਦੇ ਨੇ ਕਿ ਕੋਈ ਪਾਖੰਡ ਦਾ ਆਡੰਬਰ ਰਚਿਆ ਹੋਇਆ ਹੈ ਵਿਚ ਕੁਛ ਨਹੀਂ ਹੈ ਕਿਉਂਕਿ ਉਨ੍ਹਾਂ ਕੋਲ ਉਹ ਅੱਖ ਨਹੀਂ ਹੁੰਦੀ ਜਿਹਦੇ ਨਾਲ ਇਹ ਦੇਖਿਆ ਜਾਵੇ, ਸੋ ਕੋਈ ਕੋਈ ਹੁੰਦਾ ਹੈ ਜੋ ਸਮਝਦਾ ਹੈ, ਇਕ ਭਾਈਚਾਰਾ ਨਹੀਂ ਸਮਝਿਆ ਕਰਦਾ। ਇਕ ਜਿਸ ਨਗਰ 'ਚ ਕੋਈ ਰਹਿੰਦਾ ਹੋਵੇ, ਉਹ ਨਗਰ ਨਹੀਂ ਸਮਝਿਆ ਕਰਦਾ, ਜਿਸ ਬਸਤੀ 'ਚ ਰਹਿੰਦਾ ਹੋਵੇ ਉਹ ਬਸਤੀ ਵਾਲੇ, ਮੁਹੱਲੇ ਵਾਲੇ, ਐਸਾ ਅਕਾਲ ਪੁਰਖ ਦਾ ਆਪਣਾ ਹੀ ਕੋਈ ਕੌਤਕ ਹੈ, ਅੱਖਾਂ ਦੇ ਉਤੇ ਮੋਤੀਆਂਬਿੰਦ ਕਰ ਦਿੰਦਾ ਹੈ, ਨਹੀਂ ਸਮਝ ਸਕਦੇ। ਲੜਦੇ ਹੀ ਰਹੇ ਨੇ। ਕਬੀਰ ਸਾਹਿਬ ਨੂੰ ਕਿੰਨਾ ਤੰਗ ਕਰਿਆ ਪੜੋਸੀਆਂ ਨੇ। ਨਾਮਦੇਵ ਦੇ ਘਰ ਨੂੰ ਅੱਗ ਹੀ ਲਾ ਦਿਤੀ। ਕਬੀਰ ਸਾਹਿਬ ਦੇ ਘਰ ਨੂੰ ਵੇਸਵਾ ਨੇ ਅੱਗ ਲਵਾ ਦਿਤੀ।

ਸੋ ਇਸ ਤਰ੍ਹਾਂ ਦੇ ਨਾਲ ਮਰਦਾਨਾ ਐਸਾ ਮਿਤਰ ਨਹੀਂ ਸੀ, ਸ਼ਰਧਾ ਵੀ ਬਹੁਤ ਰੱਖਦਾ ਸੀ, ਲੇਕਿਨ ਕਦੇ-ਕਦੇ ਖੁਲ੍ਹ ਕੇ ਹਾਸਾ ਮਖੌਲ ਵੀ ਕਰ ਲੈਂਦਾ ਸੀ, ਹੱਸਣ ਲੱਗ ਗਿਆ। ਮਹਾਰਾਜ ਕਹਿੰਦੇ, ਮਰਦਾਨਿਆ! ਕੀ ਗੱਲ ਹੱਸਦਾ ਹੈਂ? ਕਹਿੰਦਾ, ਸੱਚੇ ਪਾਤਸ਼ਾਹ! ਤੁਸੀਂ ਤਾਂ ਐਉਂ ਗੱਲ ਕਰ ਦਿਤੀ ਜਿਵੇਂ ਉਥੇ ਕੋਈ ਰੋਟੀਆਂ ਲਾਈਂ ਬੈਠਾ ਹੁੰਦਾ ਹੈ। ਕਹਿੰਦੇ ਕਿਵੇਂ ਕਰਦਾ ਹੁੰਦਾ ਹੈਂ? ਕਹਿੰਦਾ, ਮਹਾਰਾਜ! ਪਹਿਲਾਂ ਮੈਂ ਸ਼ਹਿਰ ਜਾਂਦਾ ਹਾਂ ਉਥੇ ਮੱਥੇ ਪੜਦਾ ਹਾਂ ਲੋਕਾਂ ਦੇ, ਮੈਨੂੰ ਜਾਂਚ ਆ ਗਈ ਫਿਰਦੇ-ਫਿਰਦੇ ਨੂੰ, ਜੇ ਝੁਲਸੇ ਹੋਏ ਮੱਥੇ ਨੂੰ ਜੇ ਬੁਲਾ ਲਿਆ ਤਾਂ ਇਹਨੇ ਵੱਢ ਖਾਣ ਨੂੰ ਪੈਣਾ ਹੈ ਮੈਨੂੰ। ਮਹਾਰਾਜ ਮੈਂ ਦੇਖਦਾ ਹਾਂ ਕਿ ਖਿੜਿਆ ਹੋਇਆ ਚਿਹਰਾ ਕਿਹੜਾ ਹੈ, ਉਹ ਜਦੋਂ ਮੈਂ ਦੇਖਦਾ ਹਾਂ ਰੌਣਕ ਵਾਲਾ ਚੌੜਾ ਮੱਥਾ, ਬੁੱਲ੍ਹਾਂ ਦੇ ਉਤੇ ਕੋਈ ਮੁਸਕਰਹਾਟ, ਨੈਣਾਂ ਦੇ ਵਿਚ ਕੋਈ ਖਿੱਚ ਹੋਵੇ ਉਥੇ ਮੈਂ ਕਹਿ ਦਿੰਦਾ ਹਾਂ 'ਸਤਿ ਕਰਤਾਰ' ਕਹਿੰਦੇ ਉਹ ਮੈਨੂੰ ਵੀ ਆਪਣੀ ਬੋਲੀ ਵਿਚ ਕਹਿ ਦਿੰਦਾ ਹੈ। ਫੇਰ ਮੈਨੂੰ ਉਹ ਪੁੱਛ ਲੈਂਦਾ ਹੈ ਕਿ ਕਿੱਥੋਂ ਆਇਆ ਹੈਂ, ਕੋਈ ਜਲ ਪਾਣੀ ਦੀ ਸੇਵਾ ਦੱਸ। ਕਹਿੰਦਾ, ਫੇਰ ਮੈਂ ਮਹਾਰਾਜ, ਆਪ ਦੇ ਬਚਨ ਕਰਦਾ ਹਾਂ, ਫੇਰ ਉਹ ਪ੍ਰਸ਼ਾਦਾ ਲਾਹ ਲੈਂਦੇ ਨੇ ਤੇ ਆਪ ਦੇ ਪਾਸ ਵੀ ਆ ਜਾਂਦੇ ਨੇ। ਕਹਿੰਦੇ, ਜੇ ਤੈਨੂੰ ਨਾ ਮਿਲੇ ਐਹੋ ਜਿਹਾ? ਕਹਿੰਦਾ, ਫੇਰ ਜੁੱਤੀਆਂ ਖਾਈ ਦੀਆਂ ਨੇ, ਮਾਈਆਂ ਦੀਆਂ। ਜਦੋਂ ਜਾ ਕੇ ਰੋਟੀ ਮੰਗੀਦੀ ਹੈ, ਤਾਂ ਕਹਿੰਦੀਆਂ ਨੇ ਹੱਟਾ ਕੱਟਾ ਤੁਰਿਆ ਫਿਰਦਾ ਹੈ। ਮਹਾਰਾਜ ਫੇਰ ਬੁਰੀ ਹੁੰਦੀ ਹੈ ਮੇਰੇ ਨਾਲ, ਤੁਹਾਨੂੰ ਵੀ ਗਾਲ੍ਹਾਂ ਤੇ ਮੈਨੂੰ ਵੀ। ਮੈਂ ਦੱਸਦਾਂ ਹਾਂ ਕਿ ਮੈਂ ਗੁਰੂ ਨਾਨਕ ਨਿਰੰਕਾਰੀ ਦਾ ਢਾਡੀ ਹਾਂ, ਕੀਰਤਨੀਆ ਹਾਂ, ਮਹਾਰਾਜ ਤੁਹਾਨੂੰ ਕੋਈ ਬੁਰਾ ਭਲਾ ਕਹਿੰਦਾ ਹੈ ਤੇ ਮੈਨੂੰ ਵੀ ਫੇਰ ਕਹਿੰਦੇ ਰਹਿੰਦੇ ਨੇ। ਫੇਰ ਰੋਟੀ ਉਥੇ ਮੰਗਦੇ-ਮੰਗਦੇ ਕਿਸੇ ਦੇ ਮਨ ਵਿਚ ਦਇਆ ਆ ਗਈ ਤਾਂ ਦੇ ਦੇਵੇ ਤਾਂ ਦੇ ਦੇਵੇ ਨਹੀਂ ਤਾਂ ਭੁੱਖੇ ਵੀ ਆ ਜਾਈਦਾ ਹੈ।

ਮਹਾਰਾਜ ਜਲਾਲ 'ਚ ਆ ਗਏ, ਕਹਿਣ ਲੱਗੇ ਮਰਦਾਨਿਆ! ਨਿਰੰਕਾਰ ਦੇ ਚਾਕਰ ਹੋਈਏ ਤੇ ਸੰਸਾਰ ਦੇ

ਅੱਗੇ ਹੱਥ ਅੱਡੀਏ। ਅੰਗੂਠਾ ਮਾਰਿਆ ਪੈਰ ਦਾ ਜ਼ਮੀਨ 'ਚ ਉਹਦੇ ਵਿਚੋਂ ਇਕ ਲਾਲ ਕੱਢ ਕੇ ਦੇ ਦਿਤਾ, ਕਹਿੰਦੇ ਆਹ ਲੈ ਜਾ ਲਾਲ ਤੇ ਇਹਦੀ ਕੀਮਤ ਵੀ ਪੁੱਛ ਆ ਤੇ ਪ੍ਰਸ਼ਾਦਾ ਵੀ ਛਕ ਆ। ਵੇਚੀਂ ਨਾ।

ਸੋ ਮਰਦਾਨਾ ਚਲਿਆ ਗਿਆ ਜਾਂਦਾ-ਜਾਂਦਾ ਸਬਜ਼ੀ ਫਰੋਸਾਂ ਦੇ ਬਜ਼ਾਰ 'ਚ ਗਿਆ ਉਥੇ ਚੰਗੀ ਦੁਕਾਨ ਦੇਖ ਕੇ ਕਹਿਣ ਲੱਗਿਆ, ਭਾਈ! ਮੈਨੂੰ ਕੁਛ ਖਾਣ ਵਾਸਤੇ ਦੇ ਦੇ ਤੇ ਮੇਰਾ ਆਹ ਬੇਕੀਮਤੀ ਲਾਲ ਹੈ, ਨਾਲੇ ਮੈਨੂੰ ਇਹਦਾ ਮੁੱਲ ਦੱਸ ਦੇ। ਉਹਦੇ ਮਨ ਵਿਚ ਸੀ ਕਿ ਜਦੋਂ ਇਕ ਲਾਲ ਨੂੰ ਮੇਰੇ ਹੱਥ ਵਿਚ ਦੇਖੇਗਾ ਤਾਂ ਐਵੇਂ ਹੀ ਪ੍ਰਭਾਵ ਪੈ ਜਾਏਗਾ ਉਹਦੇ ਉਤੇ ਕਿ ਬੜਾ ਹੀ ਅਮੀਰ ਬੰਦਾ ਹੈ ਇਹ ਤਾਂ। ਉਹਨੇ ਫੜ ਲਿਆ, ਦੇਖ ਕੇ ਕਹਿਣ ਲੱਗਿਆ ਆਹ ਕੀ ਕਰਦਾ ਹੈਂ, ਇਹਦਾ ਕਾਹਦਾ ਮੁੱਲ ਹੈ, ਵੱਟੀ ਹੈ ਜਦੋਂ ਨਾਹੁਣ ਜਾਈਦਾ ਹੈ, ਗੰਗਾ 'ਚ ਉਥੇ ਬੇਅੰਤ ਪਈਆਂ ਨੇ। ਜਿਥੇ ਗਿਆ ਸੀ ਉਹ ਬਿਸ਼ੰਭਰ ਨਗਰ ਪਟਨਾ ਕਹਿੰਦੇ ਨੇ ਅੱਜਕਲ੍ਹ, ਪਾਟਲੀਪੁੱਤਰ, ਉਹ ਸ਼ਹਿਰ ਗੰਗਾ ਦੇ ਕੰਢੇ ਤੇ ਹੈ। ਮਰਦਾਨੇ ਨੂੰ ਕਹਿਣ ਲੱਗਿਆ ਦੇ ਜਾ ਮੈਨੂੰ ਦੋ ਮੂਲੀਆਂ ਲੈ ਜਾ। ਏਸ ਨੇ ਵਾਪਸ ਲੈ ਲਿਆ। ਲੋਕ ਜਿਹੜੇ ਸੌਦਾ ਲੈਂਦੇ ਸੀ ਸਾਰੇ ਹੀ ਹੱਸਣ ਲਗ ਗਏ, ਕਹਿਣ ਲੱਗੇ ਕਿ ਭਾਈ, ਤੇਰੇ ਦਿਮਾਗ ਵਿਚ ਤਾਂ ਨਹੀਂ ਕੋਈ ਖਰਾਬੀ? ਛਿੱਤਾ ਹੋ ਗਿਆ ਮਰਦਾਨਾ। ਫੇਰ ਹਲਵਾਈ ਦੇ ਚਲਿਆ ਗਿਆ ਉਥੇ ਵੀ ਇਹੀ ਗੱਲ ਦੁਹਰਾਈ। ਉਹਨੇ ਕਿਹਾ ਇਹ ਕਾਹਦਾ ਕੀਮਤੀ ਹੈ ਔਹ ਦੇਖ ਕਹਿੰਦਾ ਬਜ਼ਾਰ 'ਚ ਗਿਰੀ ਪਈ ਲਾਲ ਵੱਟੀ, ਇਹਦਾ ਜ਼ਰਾ ਜ਼ਿਆਦਾ ਰੰਗ ਲਾਲ ਹੈ। ਲਿਆ ਕਹਿੰਦਾ ਪਾਸਕੂ ਹੈ ਮੈਂ ਬੰਨ੍ਹ ਲਊਂਗਾ ਇਹਨੂੰ। ਉਹ ਕਹਿੰਦਾ ਅੱਧ ਸੇਰ ਮਠਿਆਈ ਲੈ ਲੈ। ਮਰਦਾਨਾ ਨੇ ਲਾਲ ਵਾਪਸ ਲੈ ਲੈ, ਉਸਨੇ ਦੋ ਗਜ਼ ਕਪੜਾ **offer** ਕਰਿਆ। ਫਿਰਦਾ-ਫਿਰਾਂਦਾ ਜੋਹਰੀਆਂ ਦੇ ਕੋਲ ਚਲਿਆ ਗਿਆ ਜੋਹਰੀ ਬਜ਼ਾਰ 'ਚ, ਉਥੇ ਪਹਿਲੇ ਜੋਹਰੀ ਨੇ ਦੱਸ ਰੁਪਈਏ, ਦੂਸਰੇ ਨੇ ਸੌ ਰੁਪਈਏ ਕਹਿਣ ਲੱਗਿਆ, ਹੋਰ ਵੀ ਹੈ ਕੋਈ ਵੱਡਾ? ਕਹਿੰਦੇ ਹਾਂ ਜੀ, ਸਾਲਸਰਾਇ ਵੱਡਾ ਜੌਹਰੀ ਹੈ। ਸੋ ਉਥੇ ਚਲਿਆ ਗਿਆ। ਉਥੇ ਜਾ ਕੇ ਜਦੋਂ ਉਹ ਦਿਖਾਇਆ, ਉਸ ਵੇਲੇ ਸਾਲਸਰਾਇ, ਉਸ ਦਾ ਮੂੰਹ ਅੱਡਿਆ ਹੀ ਰਹਿ ਗਿਆ, ਛਾਤੀ ਫੈਲ ਗਈ ਤੇ ਕਹਿਣ ਲੱਗਿਆ ਆਪਣੇ ਨੌਕਰ ਨੂੰ ਬੇਟਾ ਅਧਰੱਕਾ! ਤਿਜੌਰੀ 'ਚੋਂ ਸੌ ਰੁਪਿਆ ਕੱਢ ਕੇ ਲਿਆ, ਲਾਲ ਨੂੰ ਦੇਖੀ ਜਾਂਦਾ ਹੈ, ਰੌਸ਼ਨੀ ਦੇ ਮੂਹਰੇ ਕਰ-ਕਰ ਕੇ, ਅਸ਼-ਅਸ਼, ਵਾਹ-ਵਾਹ, ਧੰਨ ਭਾਗ-ਧੰਨ ਭਾਗ, ਸੌ ਰੁਪਿਆ ਕੱਢ ਲਿਆਇਆ, ਮੱਥਾ ਟੇਕਦਾ ਹੈ ਸੌ ਰੁਪਿਆ ਉਤੇ ਰੱਖ ਕੇ। ਪੁਛਿਆ ਮਰਦਾਨੇ ਨੂੰ ਕਿ ਇਹ ਲਾਲ ਤੁਹਾਡਾ ਹੈ? ਮੈਂ ਇਹਦਾ ਮੁੱਲ ਨਹੀਂ ਪਾਇਆ ਭਾਈ ਮਰਦਾਨਾ। ਆਪਣੇ ਨੌਕਰ ਨੂੰ ਕਹਿਣ ਲੱਗਿਆ ਕਿ ਬੇਟਾ ਅਧਰੱਕਾ! ਧੰਨ ਭਾਗ ਨੇ ਆਪਣੇ ਕਿ ਅੱਜ ਏਸ ਲਾਲ ਦੇ ਦਰਸ਼ਨ ਹੋ ਗਏ, ਜਿਹਦੇ ਬਾਰੇ ਸੁਣਦੇ ਸੀਗੇ, ਇਹ ਸੀਗਾ ਕਿ ਗੱਲ ਚਲਦੀ ਹੈ ਪਰ ਐਸਾ ਲਾਲ ਸੰਸਾਰ 'ਚ ਹੈ ਨਹੀਂ। ਬਾਪ, ਦਾਦੇ, ਨਕੜਦਾਦੇ, ਵੱਡੇ-ਵੱਡੇ ਉਸਤਾਦ ਜੌਹਰੀ ਇਹ ਦਸਦੇ ਆਏ ਨੇ ਕਿ ਜੇ ਐਸਾ ਲਾਲ ਜੀਹਦੇ ਵਿਚ ਐਸ ਤਰ੍ਹਾਂ ਦੀਆਂ ਨਿਸ਼ਾਨੀਆਂ ਹੋਣ ਕਦੇ ਦੇਖਣ ਨੂੰ ਮਿਲ ਜਾਵੇ ਤਾਂ ਸੌ ਰੁਪਿਆ ਪਹਿਲਾਂ ਮੱਥਾ ਟੇਕੋ, ਉਸ ਵੇਲੇ ਦਾ ਸੌ ਰੁਪਿਆ, ਫੇਰ ਅਗਲੀ ਗੱਲ ਕਰੋ। ਕਹਿਣ ਲੱਗੇ, ਭਾਈ ਮਰਦਾਨਾ ਅਸੀਂ ਤਾਂ ਧੂਪ ਦੇ ਕੇ ਆਪਣੇ ਉਸਤਾਦਾਂ ਦੀ ਜੋ ਸਿਖਿਆ ਸੀ ਉਹਦੇ ਮੁਤਾਬਿਕ ਅਮਲ ਕਰਿਆ, ਹੁਣ ਗੱਲ ਕਰ, ਇਹ ਲਾਲ ਤੇਰਾ ਹੈ? ਕਹਿੰਦਾ, ਨਾ ਇਹ ਗੁਰੂ ਨਾਨਕ ਪਾਤਸ਼ਾਹ ਦਾ ਹੈ, ਗੁਰੂ ਨਾਨਕ ਨਿਰੰਕਾਰੀ ਜੀ ਦਾ।

ਤੂੰ ਕਿਉਂ ਲੈ ਕੇ ਆਇਆ ਹੈ?

ਕਹਿੰਦਾ, ਮੁੱਲ ਪੁੱਛਣ ਲਈ।

ਕਹਿੰਦੇ, ਮੁੱਲ ਤਾਂ ਇਹਦਾ ਭਾਈ ਮਰਦਾਨੇ ਕੋਈ ਹੈ ਨਹੀਂ। ਜੇ ਵੇਚਣਾ ਹੈ ਤਾਂ ਅੱਠ-ਸੱਤ ਸ਼ਹਿਰਾਂ ਨੂੰ ਚਿੱਠੀਆਂ ਭੇਜਣੀਆਂ ਪੈਣਗੀਆਂ, ਉਹ ਜੌਹਰੀ ਇਕੱਠੇ ਹੋਣਗੇ ਤੇ ਮੁੱਲ ਤਾਂ ਫੇਰ ਵੀ ਕੋਈ ਨਹੀਂ ਪਰ ਫੇਰ ਬੋਰਡ ਪਾਏਗਾ ਜੌਹਰੀਆਂ ਦਾ। ਗੁਰੂ ਨਾਨਕ ਓਹੀ ਤਾਂ ਨਹੀਂ ਜਿਹੜੇ ਸੰਸਾਰ ਦਾ ਉਧਾਰ ਕਰਦੇ ਫਿਰਦੇ ਨੇ।

ਮਰਦਾਨੇ ਨੇ ਕਿਹਾ ਕਿ ਓਹੀ ਨੇ।

ਕਹਿਣ ਲੱਗਿਆ ਕਿ ਚੰਗਾ ਹੋਇਆ ਅੱਜ ਤਾਂ ਦਰਸ਼ਨ ਹੋਣਗੇ, ਧੰਨਭਾਗ।

ਸੋ ਮਰਦਾਨਾ ਸੌ ਰੁਪਿਆ ਲੈ ਕੇ ਗੁਰੂ ਨਾਨਕ ਪਾਤਸ਼ਾਹ ਦੇ ਕੋਲ ਆ ਗਿਆ ਤੇ ਉਧਰੋਂ ਸਾਲਸਰਾਇ ਨੇ ਪ੍ਰਸ਼ਾਦਾ ਤਿਆਰ ਕਰਾਇਆ ਤੇ ਉਹ ਵੀ ਪਿੱਛੇ ਪਹੁੰਚ ਗਏ। ਮਰਦਾਨਾ ਗੱਲਬਾਤ ਕਰਦਾ ਹੈ ਕਿ ਸੱਚੇ ਪਾਤਸ਼ਾਹ! ਇਹ ਲਾਲ ਤਾਂ ਬਹੁਤ ਕੀਮਤੀ ਹੈ ਤੇ ਮੈਂ ਤਾਂ ਹੈਰਾਨ ਹਾਂ ਕਿ ਸਬਜ਼ੀ ਫਿਰੋਸ਼ ਦੋ ਮੂਲੀਆਂ ਮੁੱਲ ਪਾਇਆ, ਹਲਵਾਈ ਨੇ ਅੱਧ ਸੇਰ ਮਠਿਆਈ ਪਾਈ ਤੇ ਬਜਾਜ ਨੇ ਦੋ ਗਜ਼ ਕਪੜਾ ਪਾਇਆ, ਇਕ ਜੌਹਰੀ ਨੇ ਦੱਸ ਰੁਪਈਏ, ਇਕ ਨੇ ਸੌ ਰੁਪਈਏ, ਮਹਾਰਾਜ ਜਿੱਥੇ ਮੈਂ ਗਿਆ ਹਾਂ ਆਹ ਸਾਲਸਰਾਇ ਜੌਹਰੀ ਕੋਲ ਉਹ ਕਹਿੰਦਾ ਇਹਦਾ ਮੁੱਲ ਹੀ ਕੋਈ ਨਹੀਂ ਹੈ। ਇਹਦੀ ਦਰਸ਼ਨੀ ਭੇਟ ਸੌ ਰੁਪਿਆ ਹੈ।

ਮਹਾਰਾਜ ਕਹਿੰਦੇ, ਮਰਦਾਨਿਆ! ਤੂੰ ਉਨ੍ਹਾਂ ਨੂੰ ਸਮਝਾਉਣਾ ਸੀ ਪਹਿਲਿਆਂ ਨੂੰ।

ਕਹਿੰਦਾ, ਮਹਾਰਾਜ! ਮੈਂ ਤਾਂ ਬੜਾ ਸਮਝਾਇਆ,

ਮੈਨੂੰ ਹੀ ਕਮਲਾ ਕਹਿਣ ਲੱਗ ਗਏ। ਕਹਿੰਦੇ, ਮਰਦਾਨਿਆ! ਜਿਸ ਤਰ੍ਹਾਂ ਦੇ ਨਾਲ ਕੀਮਤੀ ਲਾਲਾਂ ਦੀ ਕਦਰ, ਕੀਮਤ ਜੌਹਰੀ ਪਾ ਸਕਦੇ ਨੇ, ਕਦਰਦਾਨ ਤੋਂ ਬਗੈਰ ਕੀਮਤੀ ਚੀਜ਼ਾਂ ਦੀ ਕਦਰ ਨਹੀਂ ਪਿਆ ਕਰਦੀ। ਇਸੇ ਤਰ੍ਹਾਂ ਜੋ ਨਾਮ ਦੀ ਮਹਿਮਾ ਹੈ ਉਹ ਸੰਤਾਂ ਤੋਂ ਬਗੈਰ ਸੰਸਾਰ 'ਚ ਕੋਈ ਨਹੀਂ ਜਾਣਦਾ।

*ਨਾਮ ਕੀ ਮਹਿਮਾ ਸੰਤ ਰਿਦ ਵਸੈ॥*

*ਅੰਗ - ੨੬੫*

ਉਹ ਤਾਂ ਸੰਤਾਂ ਦੇ ਹਿਰਦੇ 'ਚ ਵਸਦੀ ਹੈ, ਨਾਮ ਦੀ ਮਹਿਮਾ। ਸੰਸਾਰ ਕੀ ਜਾਣੇ, ਵਿਸ਼ੇ ਵਿਕਾਰਾਂ ਦਾ ਵਪਾਰੀ। ਕੌਡੀਆਂ ਦਾ ਵਪਾਰ ਕਰਦਾ ਹੈ ਇਹਨੂੰ ਨਾਮ ਦੀ ਕੀਮਤ ਦਾ ਨਹੀਂ ਪਤਾ। ਸੋ ਇਸ ਤਰ੍ਹਾਂ ਦੇ ਨਾਲ-

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*

*ਅੰਗ - ੨੯੩*

ਐਨੀ ਕੀਮਤੀ ਚੀਜ਼ ਐਹ ਸਰੀਰ 'ਚ ਵਸਦੀ ਹੈ -

*ਕਾਇਆ ਕੋਟੁ ਅਪਾਰੁ ਹੈ ਅੰਦਰਿ ਹਟਨਾਲੇ ॥*
*ਗੁਰਮੁਖਿ ਸਉਦਾ ਜੋ ਕਰੇ ਹਰਿ ਵਸਤੁ ਸਮਾਲੇ ॥*

*ਅੰਗ - ੩੦੯*

ਗੁਰੂ ਦੇ ਰਾਹੀਂ ਪੂਰੇ ਵਿਸ਼ਵਾਸ਼ 'ਚ ਆ ਕੇ, ਜਦੋਂ ਸੌਦਾ ਕਰਦਾ ਹੈ ਉਹ ਫੇਰ ਵਸਤੂ ਨਾਮ ਦੀ ਸੰਭਾਲਦਾ ਹੈ।

*ਨਾਮੁ ਨਿਧਾਨੁ ਹਰਿ ਵਣਜੀਐ ਹੀਰੇ ਪਰਵਾਲੇ ॥*
*ਵਿਣੁ ਕਾਇਆ ਜਿ ਹੋਰ ਥੈ ਧਨੁ ਖੋਜਦੇ*
*ਸੇ ਮੂੜ ਬੇਤਾਲੇ ॥*
*ਸੇ ਉਝੜਿ ਭਰਮਿ ਭਵਾਈਅਹਿ*
*ਜਿਉ ਝਾੜ ਮਿਰਗੁ ਭਾਲੇ ॥ ਅੰਗ - ੩੦੯*

ਰਤਨਾਂ ਜਵਾਹਰਾਤਾਂ ਤੋਂ ਵੀ ਮਹਿੰਗਾ ਜੋ ਨਾਮ ਹੈ, ਉਹ ਨਾਮ ਵਪਾਰੀ ਵਪਾਰ ਕਰਦੇ ਨੇ -

*ਕਿਨਹੀ ਬਨਜਿਆ ਕਾਂਸੀ ਤਾਂਬਾ*
*ਕਿਨਹੀ ਲਉਗ ਸੁਪਾਰੀ ॥*
*ਸੰਤਹੁ ਬਨਜਿਆ ਨਾਮੁ ਗੋਬਿਦ ਕਾ*
*ਐਸੀ ਖੇਪ ਹਮਾਰੀ॥ ਅੰਗ - ੧੧੨੩*

ਸੰਤ ਕਹਿੰਦੇ ਵਪਾਰੀ ਹੁੰਦੇ ਨੇ।

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥*

*ਅੰਗ - ੨੮੩*

ਅੱਛਾ ਮਹਾਰਾਜ! ਸੰਤਾਂ ਕੋਲ ਹੁੰਦਾ ਹੈ?

ਕਹਿੰਦੇ ਹਾਂ।

ਮਿਲਦਾ ਕਿਵੇਂ ਹੈ?

ਕਹਿੰਦੇ, ਅਭਿਮਾਨ ਛੱਡ ਦੇ।

*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥ ਅੰਗ-੨੮੩*

ਹਿਰਦੇ ਨਾਲ ਤੋਲ ਕਿ ਰਾਮ ਨਾਮ ਦੀਆਂ ਧੜੀਆਂ ਸੁੱਟ ਅੰਦਰ, ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾਹ-ਅੱਲਾਹ ਕਰ ਕੇ। ਭਰ ਲੈ ਖਜ਼ਾਨੇ, ਭਰ ਲੈ ਗੋਲਾ।

*ਲਾਦਿ ਖੇਪ ਸੰਤਹ ਸੰਗਿ ਚਾਲੁ ॥*
*ਅਵਰ ਤਿਆਗਿ ਬਿਖਿਆ ਜੰਜਾਲ ॥*

*ਅੰਗ - ੨੮੩*

ਆਹ ਜਿਹੜੇ ਕਮ ਤੂੰ ਕਰਦਾ ਹੈਂ, ਨਸ਼ੇ ਪੀਂਦਾ ਹੈਂ, ਸ਼ਰਾਬ ਮਾਸ ਖਾਂਦਾ ਹੈ, ਅਨੇਕਾਂ ਗਲਤ ਚੀਜ਼ਾਂ ਕਰਦਾ ਹੈਂ, ਮੋਹ ਵਿਚ ਲਪਟਿਆ ਪਿਆ ਹੈਂ, ਕ੍ਰੋਧ 'ਚ ਪਿਆ ਹੈਂ, ਕਾਮ ਵਾਸ਼ਨਾ ਤੈਨੂੰ ਸਾਹ ਨਹੀਂ ਲੈਣ ਦਿੰਦੀ, ਛੱਡ ਦੇ ਐਹੋ ਜਿਹੇ ਸੌਦੇ ਨਾ ਕਰ, ਵਿਹੁ ਦੇ ਜੰਜਾਲ ਨੇ ਸਾਰੇ। ਇਹਨੂੰ ਲੱਦ ਲੈ ਤੇ ਸੰਤਾਂ ਦੀ ਸੰਗਤ 'ਚ ਰਹਿ ਕੇ ਚੱਲ। ਕੀ ਹੋਏਗਾ?-

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*

*ਅੰਗ - ੨੮੩*

ਸਭ ਦੁਨੀਆਂ ਧੰਨ-ਧੰਨ ਕਹੇਗੀ, ਐਥੇ ਵੀ ਧੰਨ-ਧੰਨ ਹੋਏਗੀ, ਦਰਗਾਹ ਵਿਚ ਵੀ ਧੰਨ-ਧੰਨ ਹੋਏਗੀ।

*ਰੇ ਰੇ ਦਰਗਹ ਕਹੈ ਨ ਕੋਊ ॥*
*ਆਉ ਬੈਠੁ ਆਦਰੁ ਸੁਭ ਦੇਊ ॥ ਅੰਗ - ੨੫੨*

ਸਭ ਆਦਰ ਕਰਨਗੇ ਦਰਗਾਹ ਦੇ ਅੰਦਰ। ਮਾਣ ਕਰਨਗੇ -

*ਸਾਧਸੰਗਿ ਧਰਮ ਰਾਇ ਕਰੇ ਸੇਵਾ ॥*

*ਅੰਗ - ੨੭੧*

ਦੇਵਤਿਆਂ ਦੇ ਮੰਡਲਾਂ ਵਿਚ ਵੀ ਸੋਭਾ ਹੋਏਗੀ। ਤੂੰ ਸਾਧੂ ਦੀ ਸੰਗਤ 'ਚ ਜਾ ਕੇ ਨਾਮ ਦਾ ਧਨ ਇਕੱਠਾ ਕਰ। ਕਿਉਂਕਿ ਨਾਮ ਦਾ ਜੋ ਧਨ ਇਕੱਠਾ ਕਰਿਆ ਹੋਇਆ, ਉਹ ਦਰਗਾਹ ਦਾ ਸਾਥੀ ਹੋਣਾ ਹੈ ਤੇਰੇ ਨਾਲ ਜਾਣਾ ਹੈ। ਸੋ ਇਸ ਕਰਕੇ-

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*

*ਅੰਗ - ੨੮੩*

ਉਜਲਾ ਮੂੰਹ ਹੋ ਜਾਏਗਾ, ਕਲੰਕ ਨਹੀਂ ਲੱਗਿਆ ਹੋਏਗਾ। ਕਿਉਂਕਿ ਬਾਕੀ ਕੰਮ ਤੇਰੇ ਉਤੇ ਦਾਗ

ਹੋਣਗੇ। ਦਾਗ ਦੋਸ਼ਾਂ ਦੇ ਮੂੰਹ ਤੇ ਠੱਪੇ ਲਾ ਕੇ ਜਾਏਂਗਾ ਦਰਗਾਹ 'ਚ ਕੀ ਹੋਏਗਾ? ਨਿਰਾਦਰ ਹੋਏਗਾ। ਉਥੇ ਕਿਸੇ ਨੇ ਬੈਠਣ ਵੀ ਨਹੀਂ ਦੇਣਾ, ਪੈਰ ਵੀ ਨਹੀਂ ਧਰਨ ਦੇਣਾ।

ਸੋ ਇਸ ਤਰ੍ਹਾਂ ਦੇ ਨਾਲ ਇਹ ਲੱਦ ਲੈ ਤੂੰ, ਤੇਰਾ ਮਾਣ ਹੋਏਗਾ ਪਰ ਮਹਾਰਾਜ ਕਹਿੰਦੇ –

*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ - ੨੮੩*

ਇਹ ਤਾਂ ਵਪਾਰ ਕੋਈ ਵਿਰਲੇ–ਵਿਰਲੇ ਵਪਾਰੀ ਕਰਦੇ ਨੇ, ਸਾਰਿਆਂ ਨੂੰ ਨਹੀਂ ਇਸ ਗੱਲ ਦਾ ਪਤਾ ਚਲਦਾ। ਕਿਉਂਕਿ ਪਤਾ ਹੀ ਨਹੀਂ ਕਿ ਨਾਮ ਐਡਾ ਕੀਮਤੀ ਸਾਡੇ ਅੰਦਰ ਰੱਖਿਆ ਹੋਇਆ, ਬਾਹਰ ਨੱਠੇ ਫਿਰਦੇ ਨੇ –

*ਕਾਇਆ ਕੋਟੁ ਅਪਾਰੁ ਹੈ ਅੰਦਰਿ ਹਟਨਾਲੇ ॥*
*ਗੁਰਮੁਖਿ ਸਉਦਾ ਜੋ ਕਰੇ ਹਰਿ ਵਸਤੁ ਸਮਾਲੇ ॥*
*ਨਾਮੁ ਨਿਧਾਨੁ ਹਰਿ ਵਣਜੀਐ ਹੀਰੇ ਪਰਵਾਲੇ ॥*
*ਵਿਣੁ ਕਾਇਆ ਜਿ ਹੋਰ ਥੈ*
*ਧਨੁ ਖੋਜਦੇ ਸੇ ਮੂੜ ਬੇਤਾਲੇ ॥ ਅੰਗ - ੩੦੯*

ਕਹਿੰਦੇ, ਮੂੜ੍ਹ ਨੇ, ਕਮਲੇ ਬੇਤਾਲੇ ਨੇ। ਤਾਲ ਤੋਂ ਖੁੰਝੇ ਹੋਏ ਨੇ। ਮੂੜ੍ਹ ਹੋਰ ਥਾਂ ਦੇ ਉਤੇ ਧਨ ਖੋਜਦੇ ਨੇ। ਧਨ ਤਾਂ ਤੇਰੇ ਅੰਦਰ ਪਿਆ ਹੈ ਪ੍ਰੇਮੀਆ –

*ਸੇ ਉਝੜਿ ਭਰਮਿ ਭਵਾਈਅਹਿ*
*ਜਿਉ ਝਾੜ ਮਿਰਗੁ ਭਾਲੇ ॥ ਅੰਗ - ੩੦੯*

ਕਹਿੰਦੇ ਉਜਾੜਾਂ 'ਚ ਭਰਮਦਾ ਫਿਰਦਾ ਹੈ। ਅਸਲੀ ਚੀਜ਼ ਨਹੀਂ ਵਿਹਾਜਦਾ, ਵਿਹੁ ਇਕੱਠੀ ਕਰੀ ਜਾਂਦਾ ਹੈ।

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ*
*ਮਨਮੁਖਾ ਸਾਦੁ ਨ ਪਾਇਆ ॥*
*ਜਿਉ ਕਸਤੂਰੀ ਮਿਰਗੁ ਨ ਜਾਣੈ*
*ਭ੍ਰਮਦਾ ਭਰਮਿ ਭੁਲਾਇਆ ॥*
*ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ*
*ਕਰਤੈ ਆਪਿ ਖੁਆਇਆ ॥ ਅੰਗ - ੬੪੪*

ਅੰਮ੍ਰਿਤ ਨੂੰ ਛੱਡ ਕੇ ਵਿਹੁ ਇਕੱਠੀ ਕਰ ਰਿਹਾ ਹੈ ਅੰਦਰੋਂ। ਜਦੋਂ ਹਰਨ ਦੀ ਨਾਭੀ ਦੇ ਅੰਦਰ ਕਸਤੂਰ ਪ੍ਰਗਟ ਹੋ ਜਾਂਦੀ ਹੈ, ਉਹਨੂੰ ਸੁਗੰਧੀ ਆਉਂਦੀ ਹੈ। ਉਸ ਵੇਲੇ ਇਹ ਝਾੜਾਂ 'ਚ ਮੂੰਹ ਦੇ–ਦੇ ਕੇ ਸੁੰਘਦਾ ਹੈ, ਸ਼ਿਕਾਰੀ ਨੂੰ ਪਤਾ ਲਗ ਜਾਂਦਾ ਹੈ। ਉਹ ਸ਼ਿਕਾਰੀ ਉਸਨੂੰ ਫੜ ਕੇ, ਕਸਤੂਰੀ ਕੱਢ ਲੈਂਦਾ ਹੈ ਤੇ ਕੱਢਦਾ ਵੀ ਬਹੁਤ ਦੁਖੀ ਕਰਕੇ ਹੈ। ਭੁੱਖਾ ਮਾਰ ਦਿੰਦਾ, ਸਕੈਲਟਨ ਬਣਾ ਦਿੰਦਾ ਹੈ ਕਿਉਂਕਿ ਜਿੰਨਾ ਭੁੱਖਾ ਮਰੇਗਾ ਓਨੀ ਸੁਗੰਧੀ ਉਹਦੇ ਵਿਚ ਜ਼ਿਆਦਾ ਆਉਂਦੀ ਹੈ। ਸੋ ਸੁਗੰਧੀਆਂ ਪਾਪ ਤੋਂ ਬਗੈਰ ਨਹੀਂ ਆਉਂਦੀਆਂ ਇਸੇ ਕਰਕੇ ਮਹਾਰਾਜ ਨੇ ਕਿਹਾ ਹੈ ਜਿਹੜੀਆਂ ਵਾਸ਼ਨਾਵਾਂ ਹਨ ਸਬਦ, ਸਪਰਸ, ਰੂਪ, ਰਸ, ਗੰਧ; ਗੰਧ ਵਾਲਾ ਮਾਮਲਾ ਇਹ ਵੀ ਖਤਰਨਾਕ ਹੈ ਭਾਈ। ਸੋ ਉਹ ਫੇਰ ਮਾਰਿਆ ਜਾਂਦਾ ਹੈ। ਐਸੇ ਤਰ੍ਹਾਂ ਦੇ ਨਾਲ ਆਦਮੀ ਦੇ ਅੰਦਰ ਅੰਮ੍ਰਿਤ ਦਾ ਖਜ਼ਾਨਾ ਭਰਿਆ ਪਿਆ ਹੈ, ਸੁਖ ਪਿਆ ਹੈ। ਲੇਕਿਨ ਸਮਝਦਾ ਨਹੀਂ ਹੈ ਕਿ ਹੈ ਕਿੱਥੇ। ਇਹਦੇ ਅੰਦਰ ਕੀ ਚੀਜ਼ਾਂ ਨੇ, ਕਿਸ ਤਰ੍ਹਾਂ ਦੇ ਨਾਲ ਮੈਨੂੰ ਪਤਾ ਲਗ ਸਕਦਾ ਹੈ। ਸੋ ਆਪ ਫੁਰਮਾਉਂਦੇ ਨੇ ਕਿ –

*ਕਾਇਆ ਕੰਚਨ ਕੋਟੁ ਅਪਾਰਾ ॥*
*ਜਿਸੁ ਵਿਚਿ ਰਵਿਆ ਸਬਦੁ ਅਪਾਰਾ ॥*
*ਅੰਗ - ੧੦੫੯*

ਉਹ ਸ਼ਬਦ ਜੋ ਵਾਹਿਗੁਰੂ ਜੀ ਨੇ ਆਦਿ ਦੇ ਵਿਚ ਜੋ ਪ੍ਰਗਟ ਹੋਇਆ ਹੈ, ਜਿਹਨੂੰ ਓਅੰਕਾਰ ਕਹਿੰਦੇ ਨੇ, ਜੋ ਵਾਹਿਗੁਰੂ ਦਾ ਹੀ ਆਪਣਾ ਸਰੂਪ ਹੈ ਸ਼ਬਦ। ਉਹ ਕਹਿੰਦੇ ਏਸ ਕਾਇਆ ਦੇ ਵਿਚ ਹੈ।

*ਗੁਰਮੁਖਿ ਗਾਵੈ ਸਦਾ ਗੁਣ ਸਾਚੇ*
*ਮਿਲਿ ਪ੍ਰੀਤਮ ਸੁਖੁ ਪਾਇਦਾ ॥ ੩ ॥*
*ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ ॥*
*ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ ॥*
*ਗੁਰ ਕੈ ਸਬਦਿ ਵਣਜਨਿ ਵਾਪਾਰੀ*
*ਨਦਰੀ ਆਪਿ ਮਿਲਾਇਦਾ ॥ ਅੰਗ - ੧੦੫੯*

ਸੋ ਗੁਰੂ ਦੇ ਸ਼ਬਦ ਦੀ ਪ੍ਰਾਪਤੀ ਕਰਕੇ ਓਸ ਚੀਜ਼ ਤੱਕ ਅਸੀਂ ਪਹੁੰਚ ਸਕਦੇ ਹਾਂ।

ਸੋ ਇਸ ਤਰ੍ਹਾਂ ਦੇ ਨਾਲ ਆਪਣੀ ਕਾਇਆਂ ਦੀ ਖੋਜ ਕਰੀਏ ਤੇ ਖੋਜ ਕਰਨ ਤੋਂ ਬਾਅਦ ਉਹ ਪ੍ਰਾਪਤੀ ਕਰੀਏ ਜਿਸ ਵਲ ਗੁਰੂ ਮਹਾਰਾਜ ਦਾ ਇਸ਼ਾਰਾ ਹੈ।

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।